ਸ਼ੁਹਿਰਦ ਸੰਤ ਖ਼ਾਲਸਾ



ਸੰਤ ਭਿੰਡਰਾਂਵਾਲੇ

ਲੇਖਕ :

ਸਿੰਘ ਸਾਹਿਬ ਭਾਈ ਜਸਵੀਰ ਸਿੰਘ

(ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ)

Scanned with CamScanner

ਸ਼ਹਿਰਦ ਸੰਤ ਖ਼ਾਲਸਾ

ਲੇਖਕ :
ਸਿੰਘ ਸਾਹਿਬ ਭਾਈ ਜਸਵੀਰ ਸਿੰਘ
(ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ)

ਪ੍ਰਕਾਸ਼ਕ :
ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ
179, ਰਣਜੀਤ ਨਗਰ, ਜਲੰਧਰ - 144001 ਪੰਜਾਬ

Scanned with CamScanner

ਸੁਹਿਰਦ ਸੰਤ ਖ਼ਾਲਸਾ

ਲੇਖਕ :
ਸਿੰਘ ਸਾਹਿਬ ਭਾਈ ਜਸਵੀਰ ਸਿੰਘ
(ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ)

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ

ਪਹਿਲੀ ਵਾਰ : ਨਵੰਬਰ 2019

ਭੇਟਾ : 300 ਰੁਪਏ

ਛਾਪਕ :
ਨਿਊ ਦਸ਼ਮੇਸ਼ ਪ੍ਰਿੰਟਿੰਗ ਪ੍ਰੈਸ
179, ਰਣਜੀਤ ਨਗਰ, ਜਲੰਧਰ - 144001 ਪੰਜਾਬ
ਫੋਨ ਨੰ. : 0181-4626371, ਮੋਬਾਇਲ : 98140-13915
Email: npdpunjab@gmail.com

Scanned with CamScanner



ਦਮਦਮੀ ਟਕਸਾਲ ਦੇ 12ਵੇਂ ਮੁਖੀ ਸੱਚਖੰਡ ਵਾਸੀ ਸੰਤ
ਗਿਆਨੀ ਹਰਚਰਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ।

Scanned with CamScanner



ਦਮਦਮੀ ਟਕਸਾਲ ਦੇ 13ਵੇਂ ਮੁਖੀ ਸੱਚਖੰਡ ਵਾਸੀ ਸੰਤ ਗਿਆਨੀ
ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ।

ਸੁਹਿਰਦ ਸੰਤ ਖ਼ਾਲਸਾ

Scanned with CamScanner



ਸੱਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ।

Scanned with CamScanner



ਸ਼ਹੀਦ ਭਾਈ ਅਮਰੀਕ ਸਿੰਘ



ਸ਼ਹੀਦ ਬਾਬਾ ਥਾਰੂ ਸਿੰਘ



ਸ਼ਹੀਦ ਜਰਨਲ ਸੁਬੇਗ ਸਿੰਘ ਜੀ



ਸ਼ਹੀਦ ਭਾਈ ਰਸ਼ਪਾਲ ਸਿੰਘ (ਪੀ.ਏ)

Scanned with CamScanner

ਤਤਕਰਾ

	ਵਿਰਾਸਤੀ ਪਿਛੋਕੜ	8
1.	ਮੁੱਖ ਬੰਦ	11
2.	ਦੋ ਸ਼ਬਦ	14
3.	ਸਮਰਪਿਤ	15
4.	ਪਰਿਵਾਰ ਸਬੰਧੀ ਜਾਣਕਾਰੀ	21
5.	ਜਨਮ ਅਸਥਾਨ ਅਤੇ ਜਨਮ ਮਿਤੀ	24
6.	ਪਹਿਲੀ ਵਾਰ ਵਿਸ਼ੇਸ਼ ਤੌਰ 'ਤੇ ਸਿਮਰਨ ਅਭਿਆਸ	29
7.	ਟਕਸਾਲ ਵਿੱਚ ਸ਼ਾਮਿਲ ਹੋਣਾ	29
8.	ਗੁਰਦੁਆਰਾ ਨਾਭਾ ਸਾਹਿਬ ਦੀ ਇਤਿਹਾਸਕ ਵਿਲੱਖਣਤਾ	30
9.	ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਵੱਲੋਂ ਭਾਈ ਜਰਨੈਲ ਸਿੰਘ ਨੂੰ ਆਸ਼ੀਰਵਾਦ	32
10.	ਸੰਤਾਂ ਦੀ ਪ੍ਰੇਰਨਾ ਸਦਕਾ ਸਿਮਰਨ	33
11.	ਦੂਜੀ ਵਾਰ ਵਿਸ਼ੇਸ਼ ਸਿਮਰਨ ਅਭਿਆਸ	38
12.	ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਮੰਗਲ ਬਦਲਣ ਨਾਲ ਕੀ ਫ਼ਰਕ ਪੈਂਦਾ ਸੀ	41
13.	ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 300 ਸਾਲਾ ਅਵਤਾਰ ਪੁਰਬ	44
14.	ਸੰਤਾਂ ਦਾ ਅਨੰਦ ਕਾਰਜ	45
15.	ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦਾ ਅਕਾਲ ਚਲਾਣਾ	48
16.	ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਉਸਾਰੀ ਦੇ ਵਿਸ਼ੇਸ਼ ਕਾਰਜ	50
17.	ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਸਮੇਂ ਧਰਮ ਪ੍ਰਚਾਰ ਅਤੇ ਕੁੱਝ ਘਟਨਾਵਾਂ	51
18.	ਕੋਈ ਮੰਤਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਨਹੀਂ	52
19.	ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਵਿਸ਼ੇਸ਼ ਸਿਮਰਨ	57
20.	ਗੁਰਦੁਆਰਾ ਖਡੂਰ ਸਾਹਿਬ ਵਿਖੇ ਵਿਸ਼ੇਸ਼ ਸਿਮਰਨ	59
21.	ਸਹਿਜ ਸੰਪਟ ਪਾਠ ਦੀ ਮਹੱਤਤਾ	61
22.	ਰਹਿਤ ਪਿਆਰੀ ਮੁਝ ਕੋ	63
23.	ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਸੰਗਤਾਂ ਨੂੰ, ਭਾਈ ਜਰਨੈਲ ਸਿੰਘ ਅਭਿਆਸੀ ਪਾਸੋਂ ਕਥਾ ਸੁਣਨ ਲਈ ਪ੍ਰੇਰਨਾ	66
24.	ਸੰਤ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਵੱਲੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਬਾਰੇ ਕਹੇ ਹੋਏ ਬਚਨ	71
25.	ਸੰਤ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਭਾਈ ਜਰਨੈਲ ਸਿੰਘ ਤੋਂ ਸ਼ਸ਼ਤਰ ਦੀ ਪਰਖ ਕਰਵਾਉਣੀ	73
26.	ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਭਾਈ ਜਰਨੈਲ ਸਿੰਘ ਪ੍ਰਤੀ ਸਿੱਖਿਆ ਭਰੇ ਬਚਨ	74
27.	ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਲਕੀਰ ਖਿੱਚ ਕੇ ਭਾਈ ਜਰਨੈਲ ਸਿੰਘ ਨੂੰ ਘਰ ਜਾਂ ਜਥਾ-ਇੱਕ ਪਾਸਾ ਚੁਣਨ ਲਈ ਕਹਿਣਾ	75
28.	ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਭਾਈ ਜਰਨੈਲ ਸਿੰਘ ਅਭਿਆਸੀ ਬਾਰੇ ਵਿਸ਼ੇਸ਼ ਬਚਨ	78
29.	ਸੰਤ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਭਾਈ ਅਭਿਆਸੀ ਨੂੰ ਵੱਡੀ ਸੇਵਾ ਸੌਂਪਣ ਦਾ ਸੰਕੇਤ	79
30.	ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦਾ ਆਪਸੀ ਮਿਲਵਰਤਨ	82
31.	ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਪਿੰਡ ਰੋਡੇ ਵਿਖੇ ਭਾਈ ਜਰਨੈਲ ਸਿੰਘ ਅਭਿਆਸੀ ਨਾਲ ਭਵਿੱਖਤ ਅਤੇ ਆਖਰੀ ਬਚਨ	87
32.	ਸੰਤ ਖ਼ਾਲਸਾ	
ਸੁਹਿਰਦ		

Scanned with CamScanner

33.	ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਅਕਾਲ ਚਲਾਣਾ	88
34.	ਭਾਈ ਜਰਨੈਲ ਸਿੰਘ ਅਭਿਆਸੀ ਦੀ ਟਕਸਾਲ ਮੁਖੀ ਵਜੋਂ ਚੋਣ	97
35.	ਸੰਤਾਂ ਦੇ ਨਜਦੀਕੀ ਸਿੰਘਾਂ ਨਾਲ ਭੇਦ ਭਰੀ ਵਾਰਤਾਲਾਪ	98
36.	ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਦੁਸ਼ਹਿਰੇ ਦਾ ਭੋਗ	100
37.	ਭਾਈ ਅਮਰੀਕ ਸਿੰਘ ਵੱਲੋਂ ਸੰਤਾਂ ਨੂੰ ਸ਼ਰਧਾਂਜਲੀ	101
38.	ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਦੇ ਵਿਚਾਰ	103
39.	ਚੱਲ ਰਹੀ ਲੜੀਵਾਰ ਕਥਾ ਦੀ ਆਰੰਭਤਾ	111
40.	ਸਿੰਘਾਂ ਦੇ ਮਨ ਦੀ ਗੱਲ ਸਮਝ ਕੇ ਉਨ੍ਹਾਂ ਦੇ ਸ਼ੱਕ ਦੂਰ ਕਰਨੇ	118
41.	ਸੰਗਤਾਂ ਵਿੱਚ ਵਿਚਰ ਕੇ ਪ੍ਰਚਾਰ ਕਰਨ ਦੀ ਡਿਊਟੀ ਸੰਭਾਲੀ	120
42.	ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਦੇ ਘਰੋਂ ਦੁੱਧ ਨਾ ਛਕਣਾ	121
43.	ਸਿੱਖਾਂ ਅਤੇ ਨਕਲੀ ਨਿਰੰਕਾਰੀਆਂ ਵਿੱਚ ਆਪਸੀ ਝਗੜਾ ਕਿਉਂ?	125
44.	ਸਮੁੱਚੇ ਜਥੇ ਸਮੇਤ ਵਿਚਰ ਕੇ ਕੀਰਤਨ ਕਥਾ ਕਰਨ ਦਾ ਪ੍ਰੋਗਰਾਮ	139
45.	1978 ਦੀ ਵਿਸਾਖੀ ਨੂੰ 13 ਸਿੰਘਾਂ ਦੀ ਸ਼ਹੀਦੀ	149
46.	ਸ਼ਹੀਦ ਸਿੰਘਾਂ ਦੇ ਦੁਸਹਿਰੇ ਦਾ ਭੋਗ	159
47.	ਸਿੱਖਾਂ ਦੀ ਇੱਕਮੁਠਤਾ ਦਾ ਅਸਰ	160
48.	ਦੰਭੀ ਨਿਰੰਕਾਰੀਆਂ ਵਿਰੁੱਧ ਸਮੁੱਚੇ ਪੰਜਾਬ ਵਿੱਚ ਚੇਤਨਾ ਲਹਿਰ	160
49.	ਬੇਮਿਸਾਲ ਖਾਮੋਸ਼ ਜਲੂਸ	161
50.	ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਿੱਖ ਸੰਪਰਦਾਵਾਂ, ਸਿੱਖ ਵਿਦਵਾਨਾਂ ਦੀ ਵਿਸ਼ੇਸ਼ ਕਾਨਫਰੰਸ	162
51.	ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ	163
52.	ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਭਾਈ ਹਰਨਾਮ ਸਿੰਘ ਨੂੰ ਜੱਥੇ ਵਿੱਚ ਲਿਆਉਣਾ	167
53.	ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਦੀ ਪਹਿਲੀ ਬਰਸੀ	167
54.	ਬਾਬਾ ਬਕਾਲਾ ਸਾਹਿਬ ਵਿਖੇ ਮੇਲਾ ਰੱਖੜ ਪੁੰਨਿਆ	168
55.	ਨਕਲੀ ਨਿਰੰਕਾਰੀਆਂ ਦੇ ਭਵਨ ਬੰਦ ਕਰਵਾਉਣ ਲਈ ਮਾਰਚ	169
56.	ਅਕਾਲੀ ਲੀਡਰਾਂ ਦੀ ਸਰਦਾਰ ਕਪੂਰ ਸਿੰਘ ਨਾਲ ਮਿਲਣੀ	171
57.	ਸੰਤਾਂ ਵੱਲੋਂ ਪੰਜਾਬ ਤੇ ਕੇਂਦਰ ਸਰਕਾਰ ਨੂੰ ਯਾਦ ਪੱਤਰ	173
58.	ਦੀਵਾਨ ਹਾਲ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਵਿਸ਼ੇਸ਼ ਇਕੱਠ	
59.	ਇਲਾਹਾਬਾਦ, ਆਜਮਗੜ੍ਹ, ਵਾਰਾਨਸੀ ਵਿਖੇ ਸਿੱਖਾਂ ਨੇ ਨਿਰੰਕਾਰੀਆਂ ਦੇ ਜਲਸੇ ਨਾ ਹੋਣ ਦਿੱਤੇ	175
60.	ਕਾਨਪੁਰ ਵਿਖੇ ਨਕਲੀ ਨਿਰੰਕਾਰੀਆਂ ਵੱਲੋਂ ਸਿੱਖਾਂ ਦਾ ਕਤਲੇਆਮ	175
61.	ਅਕਤੂਬਰ 1978 ਦੀ ਲੁਧਿਆਣਾ ਵਿਖੇ ਸਰਬਹਿੰਦ ਅਕਾਲੀ ਦਲ ਕਾਨਫਰੰਸ	177
62.	ਦਿੱਲੀ ਦੇ ਸਿੱਖਾਂ ਵੱਲੋਂ ਨਕਲੀ ਨਿਰੰਕਾਰੀਆਂ ਦੇ ਜਲਸੇ ਨੂੰ ਰੋਕਣ ਲਈ ਰੋਸ ਮਾਰਚ	180
63.	ਸੰਤ ਭਿੰਡਰਾਂਵਾਲਿਆਂ ਦਾ ਪੰਜਾਬ ਤੋਂ ਬਾਹਰ ਧਰਮ ਪ੍ਰਚਾਰ ਪ੍ਰੋਗਰਾਮ	181
64.	ਸੰਤਾਂ ਵੱਲੋਂ ਚੋਣਾਂ ਲੜਨ ਸਬੰਧੀ ਸਥਿਤੀ ਸਪੱਸ਼ਟ ਕਰਨਾ	185
65.	ਸੰਤਾਂ ਵੱਲੋਂ ਪਿੰਡਾਂ ਵਿੱਚ ਕਥਾ ਕੀਰਤਨ ਦੇ ਪ੍ਰੋਗਰਾਮ	188
66.	ਨਕਲੀ ਨਿਰੰਕਾਰੀਆਂ ਵੱਲੋਂ ਵਿਸਾਖੀ ਕਾਂਡ ਦਾ ਮੁਕੱਦਮਾ ਪੰਜਾਬ ਤੋਂ ਬਦਲ ਕੇ ਹਰਿਆਣੇ ਲਿਆਂਦਾ	190
67.	ਬਾਬਾ ਜੋਗਲ ਸਿੰਘ ਉਰਫ਼ ਰੱਬ ਦਾ ਕੁੱਤਾ	192
68.	ਸੰਤ ਭਿੰਡਰਾਂਵਾਲੇ ਪਿੰਡ ਸਰਹਾਲੀ ਵਿਖੇ ਸੰਤ ਬਾਬਾ ਤਾਰਾ ਸਿੰਘ ਜੀ ਦੀ ਮਾਤਾ ਦੇ ਭੋਗ 'ਤੇ ਗਏ	195
69.	ਸੰਤਾਂ ਵੱਲੋਂ ਮਾਤਾ ਭਜਨ ਕੌਰ ਦਾ ਹਾਲ ਪੁੱਛਣ ਹਸਪਤਾਲ ਜਾਣਾ	197
70.	ਲੁਧਿਆਣਾ ਵਿਖੇ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਟਰੱਸਟ ਵਿਖੇ ਸੰਤਾਂ ਦਾ ਪ੍ਰੋਗਰਾਮ	200
71.	ਨਕਲੀ ਨਿਰੰਕਾਰੀ ਬਾਕੀ ਮੁਲਜ਼ਮਾਂ ਸਮੇਤ ਅਦਾਲਤ ਵਿੱਚੋਂ ਬਰੀ	202
72.	ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਸ਼ਹੀਦਾਂ ਦੇ ਡੁੱਲੇ ਖ਼ੂਨ ਦਾ ਬਦਲਾ ਲੈਣ ਦਾ ਐਲਾਨ	203
73.	ਅਵਤਾਰ ਸਿੰਘ ਦੁਰਗਾ ਵੱਲੋਂ ਨਕਲੀ ਨਿਰੰਕਾਰੀ ਉੱਪਰ ਹਮਲਾ	204

Scanned with CamScanner

74.	ਅਵਤਾਰ ਸਿੰਘ ਅਤੇ ਸੁੱਚਾ ਸਿੰਘ ਰਿਹਾਈ ਉਪਰੰਤ ਦੂਰਗ ਦੇ ਬਾਕੀ ਸਿੰਘਾਂ ਸਮੇਤ ਸੰਤਾਂ ਨੂੰ ਮਿਲੇ	207
75.	ਭਾਈ ਰਣਜੀਤ ਸਿੰਘ ਦਾ ਸੰਤ ਭਿੰਡਰਾਂਵਾਲਿਆਂ ਨਾਲ ਮਿਲਾਪ	208
76.	ਦੂਜੀ ਨਿਰੰਕਾਰੀ ਗੁਰਬਚਨ ਸਿੰਘ ਦਾ ਕਤਲ	210
77.	ਭਾਰਤੀ ਹਕੂਮਤ ਵੱਲੋਂ ਨਿਰੰਕਾਰੀ ਕਤਲ ਕਾਂਡ ਦੇ ਸ਼ੱਕ ਦੀ ਸੂਈ ਸੰਤ ਭਿੰਡਰਾਂਵਾਲਿਆਂ 'ਤੇ	213
78.	ਸੰਤਾਂ ਵੱਲੋਂ 7 ਮੈਂਬਰੀ ਕਮੇਟੀ ਦਾ ਗਠਨ	214
79.	ਜਥੇਦਾਰ ਟੌਹੜਾ ਨੇ ਆਪਣੀ ਗਲਤੀ ਲਈ ਸੰਤਾਂ ਤੋਂ ਖਿਮਾ ਮੰਗੀ	215
80.	ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ	218
81.	ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਦੀ ਲਹਿਰ	220
82.	ਲਾਲਾ ਜਗਤ ਨਰਾਇਣ ਦੀਆਂ ਸਿੱਖੀ ਵਿਰੋਧੀ ਗਤੀਵਿਧੀਆਂ	222
83.	ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਬਾਬਾ ਠਾਕੁਰ ਸਿੰਘ ਜੀ ਬਾਰੇ ਅਹਿਮ ਬਚਨ	224
84.	ਲਾਲਾ ਜਗਤ ਨਰਾਇਣ ਦਾ ਕਤਲ	225
85.	ਹਰਿਆਣਾ ਵਿਖੇ ਚੰਦੋਕਲਾਂ ਦੀ ਘਟਨਾ	227
86.	ਪੰਜਾਬ ਪੁਲਿਸ ਵੱਲੋਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀ ਘੇਰਾਬੰਦੀ	230
87.	ਧਾਰਮਿਕ ਅਤੇ ਰਾਜਨੀਤਿਕ ਆਗੂਆਂ ਦੀਆਂ ਸੰਤਾਂ ਨਾਲ ਅਹਿਮ ਵਿਚਾਰਾਂ	231
88.	ਗ੍ਰਿਫ਼ਤਾਰੀ ਸਮੇਂ ਸੰਗਤਾਂ ਦਾ ਹੜ੍ਹ	234
89.	ਸੰਤਾਂ ਦੀ ਗ੍ਰਿਫ਼ਤਾਰੀ ਸਮੇਂ ਵੱਖ-ਵੱਖ ਸਿੱਖ ਆਗੂਆਂ ਵੱਲੋਂ ਦਿੱਤੇ ਗਏ ਭਾਸ਼ਣ	234
90.	ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਾ ਭਾਸ਼ਣ	236
91.	ਜਸਟਿਸ ਗੁਰਦਰਸ਼ਨ ਕੁਮਾਰ ਰਾਏ (ਜੀ.ਕੇ.ਰਾਏ) ਦੀ ਅਦਾਲਤ ਵਿਖੇ ਸੁਣਵਾਈ	247
92.	ਸੀ. ਬੀ. ਆਈ. ਵੱਲੋਂ ਸੰਤਾਂ ਤੋਂ ਪੁੱਛਗਿੱਛ	248
93.	ਸਤੰਬਰ ਨੂੰ ਗਰੀ ਰੈਸਟ ਹਾਊਸ ਵਿਖੇ ਲੱਗੀ ਅਦਾਲਤ	254
94.	ਸੰਤਾਂ ਦਾ ਫਿਰੋਜ਼ਪੁਰ ਜੇਲ੍ਹ ਸਫ਼ਰ	256
95.	ਦਲ ਖ਼ਾਲਸਾ ਵੱਲੋਂ ਇੰਡੀਅਨ ਏਅਰ ਲਾਈਨਜ਼ ਦਾ ਹਵਾਈ ਜਹਾਜ਼ ਅਗਵਾ	258
96.	ਫਿਰੋਜ਼ਪੁਰ ਜੇਲ੍ਹ ਦੀ ਇੱਕ ਅਹਿਮ ਘਟਨਾ	259
97.	ਸਿੱਧਵਾਂ ਬੇਟ ਕੈਨਾਲ ਰੈਸਟ ਹਾਊਸ ਵਿਖੇ ਵਿਸ਼ੇਸ਼ ਅਦਾਲਤ	262
98.	ਸੰਤਾਂ ਦੀ ਫਿਰੋਜ਼ਪੁਰ ਜੇਲ੍ਹ 'ਚੋਂ ਰਿਹਾਈ	264
99.	ਪੰਜਾਬ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ ਦੀ ਨਵੀਂ ਚਾਲ	266
100.	ਸੰਤਾਂ ਵੱਲੋਂ ਸ਼ਹੀਦ ਪਰਿਵਾਰਾਂ ਦੇ ਨਾਲ ਮੇਲ-ਮਿਲਾਪ	268
101.	ਦੇਸ਼ੀ ਅਤੇ ਵਿਦੇਸ਼ੀ ਪ੍ਰੈਸ ਦੀਆਂ ਨਜ਼ਰਾਂ ਚੌਕ ਮਹਿਤਾ ਵਿਖੇ ਸੰਤਾਂ 'ਤੇ	268
102.	ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਸੰਗਤਾਂ ਵੱਲੋਂ ਸੰਤਾਂ ਦੇ ਪ੍ਰੋਗਰਾਮ ਦੀ ਮੰਗ	270
103.	ਸੰਤ ਭਿੰਡਰਾਂਵਾਲਿਆਂ ਦਾ ਪੰਜਾਬ ਅੰਦਰ ਧੰਨਵਾਦੀ ਦੌਰਾ ਬਨਾਮ ਜਾਗਰਤੀ ਲਹਿਰ	270
104.	ਦਰਬਾਰ ਸਰਕਾਰ ਵੱਲੋਂ ਸਿੱਖਾਂ 'ਤੇ ਦਮਨਕਾਰੀ ਚੱਕਰ	273
105.	ਜਥੇਦਾਰ ਸੰਤੋਖ ਸਿੰਘ ਦਿੱਲੀ ਵਾਲਿਆਂ ਦਾ ਭੋਗ	274
106.	ਸੰਤ ਭਿੰਡਰਾਂਵਾਲੇ ਜਥੇਦਾਰ ਭਲਵੰਡੀ ਨੂੰ ਤਿਹਾੜ ਜੇਲ੍ਹ 'ਚ ਮਿਲਣ ਗਏ	276
107.	ਲਾਲ ਕਿਲ੍ਹੇ 'ਤੇ ਝੰਡਾ ਝੁਲਾਉਣ ਬਾਰੇ ਬਚਨ	276
108.	ਬੱਲ ਰਹੀ ਲੜਾਈ ਕਥਾ ਦਾ ਭੋਗ	280
109.	ਸਿੱਖ ਸਾਹਿਬ ਗੁਰਦਿਆਲ ਸਿੰਘ ਅਜਨੋਹਾ ਵੱਲੋਂ ਕਥਾ ਦੇ ਭੋਗ ਦੀ ਅਰਦਾਸ	281
110.	ਦੋ ਸਿੱਖ ਜਰਨੈਲਾਂ ਦਾ ਮਿਲਾਪ	282
111.	ਸਿੱਖ ਸਾਹਿਬ ਗੁਰਦਿਆਲ ਸਿੰਘ ਅਜਨੋਹਾ ਦਾ ਅਕਾਲ ਚਲਾਣਾ	283
112.	ਕਾਮਰੇਡਾਂ ਦੇ ਗਹੁ ਤੋੜਨ ਲਈ ਨੌਜਵਾਨਾਂ ਦੀਆਂ ਕਾਨਫਰੰਸਾਂ	284
113.	ਸੰਤਾਂ ਵੱਲੋਂ ਅਖ਼ਬਾਰ ਕੱਢਣ ਲਈ ਵਿਚਾਰਾਂ	288
114.	ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਪ੍ਰੋਗਰਾਮ	289
115.	ਦਿੱਲੀ ਦਾ ਧਰਮ ਪ੍ਰਚਾਰ ਪ੍ਰੋਗਰਾਮ	289

Scanned with CamScanner

116. ਸੰਤਾਂ ਦਾ ਬੰਬੇ ਵਿਖੇ ਧਰਮ ਪ੍ਰਚਾਰ ਪ੍ਰੋਗਰਾਮ 290
117. ਦਰਬਾਰਾ ਸਰਕਾਰ ਦੀ ਇੱਕ ਹੋਰ ਕੁਟਲ ਚਾਲ 291
118. ਭਾਈ ਅਮਰੀਕ ਸਿੰਘ ਅਤੇ ਬਾਬਾ ਠਾਰਾ ਸਿੰਘ ਸਮੇਤ ਜਥੇ ਦੇ ਸਿੰਘਾਂ ਦੀ ਗ੍ਰਿਫਤਾਰੀ 298
119. ਸੰਤ ਭਿੰਡਰਾਂਵਾਲਿਆਂ ਵੱਲੋਂ ਮੋਰਚਾ ਆਰੰਭ 299
120. ਸਿੰਘਾਂ ਦੀ ਨਜਾਇਜ਼ ਫੜ੍ਹੋ-ਫੜ੍ਹੀ 300
121. ਅਕਾਲੀ ਲੀਡਰਾਂ ਦੀ ਭਿੰਡਰਾਂਵਾਲੇ ਸੰਤਾਂ ਨਾਲ ਮੀਟਿੰਗ 302
122. ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਇਜਲਾਸ 302
123. ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਮ ਯੁਧ ਮੋਰਚੇ ਵਿੱਚ ਸ਼ਮੂਲੀਅਤ 304
124. ਸੰਤਾਂ ਵੱਲੋਂ ਜਥੇਦਾਰ ਤੁਲਵੰਡੀ ਨੂੰ ਧਰਮਯੁੱਧ ਮੋਰਚੇ ਵਿੱਚ ਸ਼ਾਮਿਲ ਲਈ ਕਹਿਣਾ 306
125. ਮੋਰਚੇ ਦੀ ਚੜ੍ਹਤ ਨਾਲ ਦਰਬਾਰਾ ਸਿੰਘ ਦੀ ਪ੍ਰੇਸ਼ਾਨੀ 308
126. ਭਾਈ ਅਮਰੀਕ ਸਿੰਘ ਅਤੇ ਬਾਬਾ ਥਾਰਾ ਸਿੰਘ ਜੁਰਾਂ ਦੀ ਰਿਹਾਈ 308
127. ਇੱਕ ਹੋਰ ਹਵਾਈ ਜਹਾਜ਼ ਅਗਵਾ 311
128. ਸੰਤ ਭਿੰਡਰਾਂਵਾਲੇ ਹਿੰਦੂਆਂ ਦੇ ਵਿਰੁੱਧ ਨਹੀਂ ਸਨ 312
129. ਸ਼ਾਜਿਸ਼ ਅਧੀਨ ਕਰਵਾਇਆ ਗਿਆ ਰੇਲ-ਬੱਸ ਹਾਦਸਾ 316
130. ਸੰਨ 1982 ਦੀਆਂ ਏਸ਼ੀਅਨ ਖੇਡਾਂ 319
131. ਸਾਬਕਾ ਸਿੱਖ ਫੌਜੀਆਂ ਦੀ ਕਨਵੈਨਸ਼ਨ 321
132. ਸਿੱਖ ਬੁੱਧੀਜੀਵੀ ਕਨਵੈਨਸ਼ਨ 323
133. ਸੰਤਾਂ ਵੱਲੋਂ ਇੰਦਰਾ ਗਾਂਧੀ ਨੂੰ ਪੱਤਰ 327
134. ਮਾਨਾਂਵਾਲਾ ਕਾਂਡ 332
135. ਪੰਡਤ ਅਸ਼ੋਕ ਕੁਮਾਰ ਉਰਫ ਹਰਦੇਵ ਸਿੰਘ ਦੀ ਸ਼ਹੀਦੀ ਦਾਸਤਾਨ 333
136. ਸੰਤ ਭਿੰਡਰਾਂਵਾਲੇ ਅਤੇ ਸੰਤ ਲੌਂਗੋਵਾਲ ਵਿਚਕਾਰ ਗੰਭੀਰ ਵਿਚਾਰਾਂ 334
137. ਪੰਥਕ ਆਗੂਆਂ ਵੱਲੋਂ ਰਸਤਾ ਰੋਕੂ ਪ੍ਰੋਗਰਾਮ 337
138. ਡੀ. ਆਈ. ਜੀ. ਅਵਤਾਰ ਸਿੰਘ ਅਟਵਾਲ ਦਾ ਕਤਲ 338
139. ਜਥੇ ਦੇ ਸਿੰਘਾਂ ਨੂੰ ਗੁਰਬਾਣੀ ਅਤੇ ਕਥਾ ਦੇ ਅਰਥ ਪੜ੍ਹਾਉਣੇ ਨਿਰੰਤਰ ਜਾਰੀ 339
140. 1983 ਦੀਆਂ ਨਗਰ ਪੰਚਾਇਤ ਚੋਣਾਂ 340
141. ਸੰਤਾਂ ਦੇ ਭਤੀਜੇ ਭਾਈ ਸਵਰਨ ਸਿੰਘ ਦੀ ਰਿਹਾਈ 340
142. ਗੁਰੂ ਸਾਹਿਬਾਨ ਦੀ ਨਿਰਾਦਰੀ ਦਾ ਸਖਤ ਵਿਰੋਧ 341
143. ਮੰਜੀ ਸਾਹਿਬ ਦੀਵਾਨ ਹਾਲ ਤੋਂ ਭਿੰਡਰਾਂਵਾਲਿਆਂ ਦਾ ਸੰਬੋਧਨ ਰੋਕਣ ਦੀ ਚਰਚਾ 342
144. ਸੰਤ ਭਿੰਡਰਾਂਵਾਲਿਆਂ ਵੱਲੋਂ ਕੁੱਝ ਚੋਣਵੇ ਸਿੱਖਾਂ ਦੀ ਕਨਵੈਨਸ਼ਨ 345
145. ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਕਨਵੈਨਸ਼ਨ 347
146. ਧਮਕੀ ਭਰੀਆਂ ਚਿੱਠੀਆਂ ਦਾ ਖੰਡਨ 352
147. ਸੰਤ ਭਿੰਡਰਾਂਵਾਲਿਆਂ ਵੱਲੋਂ ਅੰਮ੍ਰਿਤ ਸਰੋਵਰ ਦੀ ਪ੍ਰਤੱਖ ਸ਼ਕਤੀ ਦਾ ਪ੍ਰਮਾਣ 352
148. ਸੰਤਾਂ ਵੱਲੋਂ ਗੁਰੂ ਨਾਨਕ ਨਿਵਾਸ ਛੱਡਣਾ 354
149. ਬਾਬਾ ਸ਼ੀਸਾ ਸਿੰਘ ਜੀ ਦੇ ਸਿੰਘਾਂ ਦਾ ਧਰਮਯੁੱਧ ਲਈ ਸੰਤਾਂ ਕੋਲ ਪਹੁੰਚਣਾ 355
150. ਕੇਂਦਰ ਸਰਕਾਰ ਵੱਲੋਂ ਅਕਾਲੀ ਲੀਡਰਾਂ ਨੂੰ ਗੱਲਬਾਤ ਦਾ ਸੱਦਾ 356
151. ਹਰਿਆਣਾ ਵਿਖੇ ਭਜਨ ਲਾਲ ਵੱਲੋਂ ਸਿੱਖਾਂ ਵਿਰੁੱਧ ਜ਼ੁਲਮੀ ਦਾਸਤਾਨ 357
152. ਬਿਨ੍ਹਾਂ ਕਾਰਨ ਹੀ ਸ਼ੀ. ਆਰ. ਪੀ. ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਫਾਇਰਿੰਗ 357
153. ਸੰਤਾਂ ਵੱਲੋਂ ਇੰਟਰਨੈਸ਼ਨਲ ਪੱਧਰ 'ਤੇ ਸਿੱਖ ਨੌਜਵਾਨ ਜਥੇਬੰਦੀ ਬਣਾਉਣ ਦੀ ਤਜਵੀਜ਼ 358
154. ਨਿਸ਼ਚੇਦਾਚਕ ਸਿੱਖ ਵੱਖਰੀ ਕੌਮ ਹੈ 360
155. ਸਰਦਾਰ ਕਪੂਰ ਸਿੰਘ ਦਾ ਪਾਰਲੀਮੈਂਟ ਵਿੱਚ ਦਿੱਤਾ ਗਿਆ ਭਾਸ਼ਣ 365
156. ਸਿੱਖ ਕੌਮ ਗੁਲਾਮ ਕਿਵੇਂ ਹੈ: ਸੰਤ ਭਿੰਡਰਾਂਵਾਲੇ 373
157. ਭਾਈ ਸੁਰਿੰਦਰ ਸਿੰਘ ਸੋਢੀ ਦਾ ਕਤਲ 382
158. ਸੰਤਾਂ ਨਾਲ ਮੁਲਾਕਾਤ ਕਰਨ ਆਏ ਵਿਸ਼ੇਸ਼ ਆਗੂ 389

Scanned with CamScanner

159.	ਇਹ ਪੰਛੀ ਇਕੱਲਾ ਹੈ, ਇਸਦੇ ਮਗਰ ਸ਼ਿਕਾਰੀ ਬਹੁਤੇ	397
160.	ਸਿੱਖ ਫੌਜੀ ਅਫਸਰ ਅਕਸਰ ਹੀ ਸੰਤਾਂ ਨਾਲ ਮੀਟਿੰਗਾਂ ਕਰਦੇ ਰਹਿੰਦੇ ਸਨ	401
161.	ਮੋਗੇ ਦੇ ਗੁਰਦੁਆਰਿਆਂ ਵਿਖੇ ਗੋਲੀਬਾਂਡ	402
162.	ਸੰਤ ਭਿੰਡਰਾਂਵਾਲਿਆਂ ਦੀ ਬਾਬਾ ਠਾਕੁਰ ਸਿੰਘ ਜੀ ਨਾਲ ਅਹਿਮ ਮੀਟਿੰਗ	404
163.	ਸੰਤਾਂ ਵੱਲੋਂ ਦੋਵੇਂ ਪੁੱਤਰਾਂ ਅਤੇ ਪਤਨੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਸੱਦਣਾ	404
164.	ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਉਪਰ ਹਮਲਾ ਕਰਨ ਦੀ ਯੋਜਨਾ ਪਹਿਲਾਂ ਹੀ ਬਣਾ ਲਈ ਸੀ	405
165.	ਜਨਰਲ ਹਰਬਖਸ਼ ਸਿੰਘ ਵੱਲੋਂ 1965 ਭਾਰਤ-ਪਾਕਿ ਜੰਗ ਦੇ ਸਮੇਂ ਹਿੰਦੂ ਜਰਨੈਲਾਂ ਦੇ ਸਿੱਖਾਂ ਪ੍ਰਤੀ ਮਾੜੇ ਮਨਸੂਬਿਆਂ ਦਾ ਪਰਦਾ ਫਾਸ਼	407
166.	ਹਮਲਾ ਕਰਨ ਤੋਂ ਪਹਿਲਾਂ ਫੌਜੀ ਅਫਸਰਾਂ ਦੀਆਂ ਮੀਟਿੰਗਾਂ	410
167.	ਹਿੰਦ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ	416
168.	1 ਜੂਨ 1984	417
169.	2 ਜੂਨ, 1984	421
170.	ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਰਾਸ਼ਟਰ ਨੂੰ ਸੰਬੋਧਨ	426
171.	ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ	427
172.	3 ਜੂਨ, 1984	429
173.	4 ਜੂਨ, 1984	435
174.	5 ਜੂਨ, 1984	439
175.	ਵਰ੍ਹਦੀਆਂ ਗੋਲੀਆਂ ਵਿੱਚ ਵੀ ਸਿੰਘ ਸਾਹਿਬਾਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾਈ	442
176.	ਜਨਰਲ ਸ. ਸੁਬੇਗ ਸਿੰਘ ਦੀ ਸ਼ਹੀਦੀ	443
177.	6 ਜੂਨ, 1984	450
178.	ਫੌਜ ਵੱਲੋਂ ਅਕਾਲੀ ਲੀਡਰਾਂ ਨੂੰ ਸੁਰੱਖਿਅਤ ਬਾਹਰ ਕੱਢਣਾ	451
179.	7 ਜੂਨ, 1984	458
180.	ਦੁਨੀਆਂ ਭਰ ਵਿੱਚ ਵੱਸਦੇ ਸਿੱਖਾਂ ਦਾ ਦਰਬਾਰ ਸਾਹਿਬ ਉੱਪਰ ਹਮਲੇ ਦਾ ਦਰਦ	460
181.	ਫੌਜ ਵੱਲੋਂ 7 ਜੂਨ ਨੂੰ ਸਿੱਖ ਰੈਫਰੈਂਸ ਲਾਇਬ੍ਰੇਰੀ ਲੁੱਟ ਕੇ ਸਾੜੀ ਗਈ	461
182.	8, ਜੂਨ 1984, ਰਾਸ਼ਟਰਪਤੀ ਜੈਲ ਸਿੰਘ 'ਤੇ ਚੱਲੀਆਂ ਗੋਲੀਆਂ	462
183.	ਸਿੱਖ ਫੌਜੀਆਂ ਵੱਲੋਂ ਫੌਜ ਵਿੱਚੋਂ ਬਗਾਵਤ	463
184.	ਜੂਨ 84 ਦੇ ਘੱਲੂਘਾਰੇ ਦਾ ਸਿੱਖ ਮਨਾਂ ਦਾ ਰੋਸ ਅਤੇ ਪ੍ਰਤੀਕਰਮ	464
185.	ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ	466
186.	ਭਾਰਤੀ ਫੌਜ ਦੇ ਮੁਖੀ ਜਨਰਲ ਵੈਦਿਆ ਦਾ ਕਤਲ	469
187.	ਬੁੱਢਾ ਦਲ ਦੇ ਮੁਖੀ ਨਿਹੰਗ ਬਾਬਾ ਸੰਤਾ ਸਿੰਘ ਨੂੰ ਪੰਥ 'ਚੋਂ ਛੇਕਿਆ	470
188.	1973 ਵਿੱਚ ਪਾਸ ਕੀਤਾ ਆਨੰਦਪੁਰ ਦਾ ਮਤਾ	471
189.	ਬਾਬਾ ਠਾਕੁਰ ਸਿੰਘ ਜੀ ਨੇ ਟਕਸਾਲ ਨੂੰ ਫਿਰ ਤੋਂ ਸੰਗਠਤ ਤੇ ਸਰਗਰਮ ਕੀਤਾ	474
190.	ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਦੀਆਂ ਸੇਵਾਵਾਂ	475
191.	ਦਰਬਾਰ ਸਾਹਿਬ 'ਤੇ ਹਮਲਾ ਕਿਉਂ?	477
192.	ਸੰਤ ਭਿੰਡਰਾਂਵਾਲਿਆਂ 'ਤੇ ਕੋਈ ਵੀ ਐੱਫ. ਆਈ.ਆਰ. ਦਰਜ ਨਹੀਂ ਸੀ	479

Scanned with CamScanner

ਸੰਤ ਭਿੰਡਰਾਂਵਾਲਿਆਂ ਦਾ ਵਿਰਾਸਤੀ ਪਿਛੋਕੜ

ਬੈਰਾੜ ਕੌਮ ਦੇ ਪਿਛੋਕੜ ਦਾ ਬਹੁਤ ਵੱਡਾ ਇਤਿਹਾਸ ਹੈ। ਜਿਸ ਬਾਰੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਇੱਥੇ ਅਸੀਂ ਸੰਖੇਪ ਵਿੱਚ ਕੇਵਲ ਬੈਰਾੜ ਵੰਸ਼ ਦਾ ਹੀ ਕੁੱਝ ਕੁ ਹਾਲ ਲਿਖਾਂਗੇ। ਸਦੀਆਂ ਪੁਰਾਣੇ ਇਤਿਹਾਸ ਨੂੰ ਵਾਚੀਏ ਤਾਂ ਸੰਮਤ 200 ਤੱਕ ਇਸ ਪਿਛੋਕੜ ਨੂੰ ਵੇਖਿਆ ਜਾ ਸਕਦਾ ਹੈ। ਰਾਜੇ ਸਲਵਾਨ ਤੋਂ ਲੈ ਕੇ ਰਾਜਾ ਰਸਾਲੂ, ਰਾਜਾ ਬੁਲੰਦ, ਰਾਜਾ ਮਹਾਰਾਜ ਭੱਟੀ, ਮਹਾਰਾਜਾ ਦੇਵਰਾਜ, ਰਾਵਲ ਜੈਸਲ ਰਾਓ, ਰਾਜਾ ਰਾਓ ਹੋਮ, ਰਾਓ ਜੂੰਧਰ, ਰਾਓ ਬਟੇ ਰਾਇ, ਰਾਓ ਮੰਗਲ ਰਾਇ ਅਨੰਦ ਅਤੇ ਰਾਇ ਖੀਵਾ ਆਦਿ ਵਰਨਣਯੋਗ ਹਨ। ਖੀਵਾ ਰਾਇ ਦੇ ਘਰ ਸਿੱਧੂ ਰਾਇ ਨਾਮ ਦਾ ਪੁੱਤਰ ਪੈਦਾ ਹੋਇਆ। ਇਹ ਬਹੁਤ ਨਾਮਵਰ ਮਹਾਬਲੀ ਯੋਧਾ ਸੀ।

ਪੰਦਰਵੀਂ ਸਦੀ ਦੌਰਾਨ ਸਿੱਧੂ ਰਾਇ ਦੀ ਦਸਵੀਂ ਪੁਸ਼ਤ ਵਿੱਚ ਸ. ਹਮੀਰਾ ਰਾਇ ਦੇ ਘਰ ਵਿੱਚ ਰਾਇ ਬੈਰਾੜ ਪੈਦਾ ਹੋਇਆ। ਇਸ ਨੇ ਆਪਣੀ ਸਿਆਣਪ ਅਤੇ ਤਾਕਤ ਦੇ ਕਿਸ਼ਮੇ ਵਿਖਾ ਕੇ ਸੰਨ 1399 ਵਿੱਚ ਕਈ ਲੜਾਈਆਂ ਜਿੱਤ ਕੇ ਆਪਣੀ ਜੱਦੀ ਰਾਜਧਾਨੀ ਬਠਿੰਡੇ 'ਤੇ ਕਬਜਾ ਕਰ ਲਿਆ। ਇਸੇ ਦੌਰਾਨ ਰਾਇ ਬੈਰਾੜ ਵਿਰੁੱਧ ਭਟਿਨੇਰ ਵਾਲੇ ਰਾਈਸ ਭੱਟੀ ਨੇ ਬਾਦਸ਼ਾਹ ਮਹਿਮੂਦ ਤੁਗਲਕ ਤੋਂ ਮਦਦ ਲੈ ਕੇ ਹਮਲਾ ਕਰ ਦਿੱਤਾ। ਭਿਆਨਕ ਯੁੱਧ ਹੋਇਆ ਤੇ ਕਈ ਦਿਨ ਚੱਲਦਾ ਰਿਹਾ। ਇਸ ਪ੍ਰਚੰਡ ਯੁੱਧ ਨੂੰ ਵੇਖ ਕੇ ਬਾਦਸ਼ਾਹ ਮਹਿਮੂਦ ਤੁਗਲਕ ਵਾਪਸ ਦਿੱਲੀ ਪਰਤ ਗਿਆ। ਮਗਰੋਂ ਰਾਇ ਬੈਰਾੜ ਨੇ ਆਪਣੇ ਦੁਸ਼ਮਣਾਂ ਦਾ ਖੁਰਾਖੋਜ ਮਿਟਾਉਣ ਤੱਕ ਪਿੱਛਾ ਕੀਤਾ ਤੇ ਬਹੁਤ ਦੰਡ ਦਿੱਤੇ। ਉਸ ਸਮੇਂ ਬਰਾੜ ਦਾ ਨਾਮ ਦੇਸ਼ ਵਿੱਚ ਇੱਕ ਹਊਆ ਬਣ ਗਿਆ ਜਿਸਦਾ ਨਾਮ ਸੁਣ ਕੇ ਦੁਸ਼ਮਣ ਕੰਬ ਉਠਦੇ ਸਨ। 'ਤਾਰੀਖ ਰਾਜ ਖ਼ਾਲਸਾ ਗੁਰਮੁਖੀ' ਵਿੱਚ ਲਿਖਿਆ ਹੋਇਆ ਹੈ ਕਿ ਰਾਇ ਬਰਾੜ ਕਈ ਬਾਦਸ਼ਾਹਾਂ ਨਾਲ ਲੜਦਾ ਰਿਹਾ ਅਤੇ ਜਿੱਤਾਂ ਪ੍ਰਾਪਤ ਕਰਦਾ ਰਿਹਾ। (ਦੇਖੋ ਤਾਰੀਖ ਰਾਜ ਖ਼ਾਲਸਾ, ਸਫਾ 123) ਰਾਇ ਬੈਰਾੜ ਨੇ ਆਪਣੇ ਨਾਮ ਦੀਆਂ ਖੂਬ ਧੁੰਮਾਂ ਪਾਈਆਂ, ਅਖੀਰ ਸੰਮਤ 1472 ਬਿਕਰਮੀ ਨੂੰ ਉਸਦੀ ਮੌਤ ਹੋ ਗਈ।

ਰਾਇ ਬੈਰਾੜ ਦੇ ਪੁੱਤਰਾਂ ਵਿੱਚੋਂ ਰਾਇ ਪੰਡ ਤੇ ਰਾਇ ਦੁੱਲ ਮਸ਼ਹੂਰ ਹੋਏ ਹਨ। ਇਨ੍ਹਾਂ ਵਿੱਚੋਂ ਰਾਇ ਦੁੱਲ ਬਠਿੰਡੇ 'ਤੇ ਕਾਬਜ ਹੋਇਆ ਤੇ ਰਾਇ ਪੰਡ ਬੱਦੋਵਾਲੀ 'ਤੇ। ਦੁੱਲ ਦੀ ਵੰਸ਼ ਫਰੀਦਕੋਟੀਏ ਸੰਘਰਕੇ ਆਦਿ ਹੋਏ ਹਨ ਅਤੇ ਪੰਡ ਦੀ ਵੰਸ਼ ਵਿੱਚੋਂ ਫੂਲਕੇ, ਮਹਿਰਾਜਕੇ ਆਦਿ ਹੋਏ ਹਨ। ਰਾਇ ਦੁੱਲ ਦੇ ਪੁੱਤਰਾਂ ਵਿੱਚੋਂ ਰਾਇ ਸੰਘਰ ਬਹੁਤ ਪ੍ਰਸਿੱਧ ਯੋਧਾ ਹੋਇਆ ਅਤੇ ਇਸਦੇ ਪੁੱਤਰਾਂ ਵਿੱਚੋਂ ਰਾਇ ਭੱਲਣ ਮਸ਼ਹੂਰ ਯੋਧਾ ਸੀ।

ਭੱਟੀਆਂ, ਮਰਹੱਟਿਆਂ ਨੇ ਬਾਦਸ਼ਾਹ ਇਬਰਾਹੀਮ ਲੋਧੀ ਦੀ ਮਦਦ ਨਾਲ ਬੈਰਾੜਾਂ ਨੂੰ ਬਠਿੰਡੇ ਦੀ ਰਾਜਧਾਨੀ ਤੋਂ ਖਦੇੜ ਦਿੱਤਾ ਸੀ ਤੇ ਕਾਫੀ ਸਮਾਂ ਇਹ ਗੁਪਤਵਾਸ ਰਹਿ ਕੇ ਯੁੱਧ ਨੀਤੀ ਅਪਣਾਉਂਦੇ ਰਹੇ। ਅਖੀਰ ਸੰਮਤ 1578 ਵਿੱਚ ਬਾਦਸ਼ਾਹ ਬਾਬਰ ਨੇ ਕਾਬਲ ਤੋਂ ਚੜ੍ਹਾਈ ਕਰਕੇ ਬਾਦਸ਼ਾਹ ਇਬਰਾਹੀਮ ਲੋਧੀ ਤੋਂ ਦਿੱਲੀ ਦਾ ਤਖ਼ਤ ਖਾਲੀ ਕਰਵਾਉਣ ਲਈ ਹਮਲਾ ਕਰ ਦਿੱਤਾ ਤਾਂ ਉਸ ਸਮੇਂ ਵੀ ਮਰਹੱਟੇ ਬਾਦਸ਼ਾਹ ਇਬਰਾਹੀਮ ਲੋਧੀ ਦੀ ਮਦਦ 'ਤੇ ਸਨ। ਇਸ ਸਮੇਂ ਨੂੰ ਗਨੀਮਤ ਸਮਝ ਕੇ ਰਾਇ ਸੰਘਰ ਨੇ ਮਰਹੱਟਿਆਂ ਤੋਂ ਬਦਲਾ ਲੈਣ ਲਈ ਆਪਣੇ ਹਜ਼ਾਰਾਂ ਸੂਰਬੀਰ ਯੋਧਿਆਂ ਸਮੇਤ ਬਾਦਸ਼ਾਹ ਬਾਬਰ ਦੀ ਮਦਦ ਕੀਤੀ ਤੇ ਬਹਾਦਰੀ ਨਾਲ ਯੁੱਧ ਲੜਿਆ ਜਿਸ ਨੂੰ ਵੇਖ ਕੇ ਬਾਦਸ਼ਾਹ ਬਾਬਰ ਦੰਗ ਰਹਿ ਗਿਆ ਕਿ ਬੈਰਾੜ ਬਹੁਤ ਬਹਾਦਰ ਕੌਮ ਹੈ। ਯੁੱਧ ਲੜਦਿਆਂ ਹੋਇਆਂ ਪਾਣੀਪਤ ਦੇ ਮੈਦਾਨ ਵਿੱਚ ਰਾਇ ਸੰਘਰ ਵੀ ਸ਼ਹੀਦ ਹੋ ਗਿਆ। ਪਰ ਇਸ ਯੁੱਧ ਵਿੱਚ ਇਬਰਾਹੀਮ ਲੋਧੀ ਸਮੇਤ ਮਰਹੱਟਿਆਂ ਅਤੇ ਭੱਟੀਆਂ ਨੂੰ ਭਾਰੀ ਹਾਰ ਹੋਈ ਤੇ ਬਾਦਸ਼ਾਹ ਬਾਬਰ ਦਿੱਲੀ ਦੇ ਤਖ਼ਤ 'ਤੇ ਕਾਬਜ ਹੋ ਗਿਆ। ਇਸ ਉਪਰੰਤ ਬੈਰਾੜਾਂ ਨੇ ਮਾਲਵੇ ਦੀ ਰਾਜਧਾਨੀ ਬਠਿੰਡੇ 'ਤੇ ਫਿਰ ਕਬਜਾ ਕਰ ਲਿਆ।

ਰਾਇ ਸੰਘਰ ਦੀ ਮੌਤ ਤੋਂ ਉਪਰੰਤ ਉਸਦਾ ਵੱਡਾ ਪੁੱਤਰ ਰਾਇ ਭੱਲਣ ਰਿਆਸਤ ਦਾ ਚੌਧਰੀ ਬਣਿਆ। ਇਸਦਾ ਦੂਜਾ ਪੁੱਤਰ ਰਾਇ ਲਾਲਾ (ਇਸਦਾ ਪੁੱਤਰ ਚੌਧਰੀ ਕਪੂਰਾ ਸੀ, ਜਿਸ ਨੇ ਆਪਣੇ ਨਾਮ 'ਤੇ ਕੋਟਕਪੂਰਾ ਸ਼ਹਿਰ ਵਸਾਇਆ ਤੇ ਕਿਲਾ ਵੀ ਬਣਾਇਆ। ਰਾਇ ਸੰਘਰ ਦਾ ਤੀਸਰਾ ਪੁੱਤਰ ਰਾਇ ਜੋਧ ਸੀ ਜੋ ਭਾਉ ਭਗਤੀ ਵਾਲਾ ਵੀ

Scanned with CamScanner

ਸੀ ਅਤੇ ਸੂਰਬੀਰ ਯੋਧਾ ਵੀ। ਇਸ ਤਰ੍ਹਾਂ ਰਾਇ ਸੰਘਰ ਦੇ ਬਾਕੀ ਪੁੱਤਰ ਵੀ ਵੱਖ-ਵੱਖ ਥਾਈਂ ਅਬਾਦ ਹੋਏ।

ਸਿੱਧੂ ਅਤੇ ਬੈਰਾੜਾਂ ਨੇ ਗੁਰੂ ਘਰ ਦੀ ਸੇਵਾ ਵਿੱਚ ਅਹਿਮ ਯੋਗਦਾਨ ਪਾਏ ਹਨ। ਗੁਰੂ ਛੇਵੇਂ ਪਾਤਿਸ਼ਾਹ ਸਮੇਂ ਮਹਿਰਾਜ ਦੇ ਯੁੱਧ ਵਿੱਚ ਵੀ ਇਨ੍ਹਾਂ ਨੇ ਪੂਰਾ ਸਾਥ ਨਿਭਾਇਆ ਫਿਰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿਦ ਸਿੰਘ ਜੀ ਜਦੋਂ ਮਾਲਵੇ ਵਿੱਚ ਆਏ ਤਾਂ ਦੀਨਾ ਕਾਂਗੜ ਵਿਖੇ ਬੈਰਾੜਾਂ ਨੇ ਸਤਿਗੁਰੂ ਦੇ ਚਰਨਾਂ ਵਿੱਚ ਆਪਣੀਆਂ ਸੇਵਾਵਾਂ ਅਰਪਣ ਕੀਤੀਆਂ ਅਤੇ ਸਤਿਗੁਰੂ ਦੀਆਂ ਅਸੀਸਾਂ ਅਤੇ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ। ਉਸ ਸਮੇਂ ਭਾਈ ਡੱਲਾ, ਭਾਈ ਦਾਨ ਸਿੰਘ, ਭਾਈ ਰਾਮੂ, ਭਾਈ ਤਰਲੋਕਾ, ਭਾਈ ਜੋਧ ਰਾਇ, ਚੌਧਰੀ ਕਪੂਰਾ ਅਤੇ ਹੋਰ ਪ੍ਰਮੁੱਖ ਬੈਰਾੜ ਗੁਰੂ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਸਤਿਗੁਰੂ ਦੀ ਆਗਿਆ ਅਨੁਸਾਰ ਇਨ੍ਹਾਂ ਨੇ ਖੰਡੇ ਦੀ ਪਾਹੁਲ ਛਕ ਕੇ ਆਪਣੇ ਆਪ ਨੂੰ ਸੋਧਿਆ, ਸੰਵਾਰਿਆ ਅਤੇ ਸੰਗਠਿਤ ਕੌਂਤਾ, ਜਿਸਦੇ ਚੰਗੇ ਨਤੀਜੇ ਹਾਸਲ ਹੋਏ। ਕਿਉਂਕਿ ਗੁਰੂ ਸਾਹਿਬ ਦੀ ਸੰਗਤ ਤੋਂ ਪਹਿਲਾਂ ਇਹ ਲੋਕ ਕਿਸੇ ਜ਼ਾਬਤੇ ਵਿੱਚ ਨਹੀਂ ਸਨ ਤੇ ਕੇਵਲ ਲੜਣ ਭਿੜਣ ਵਿੱਚ ਹੀ ਰੁੱਝ ਰਹਿੰਦੇ ਸਨ। ਗੁਰੂ ਸਾਹਿਬਾਨ ਨੇ ਇਨ੍ਹਾਂ ਦੀ ਅੰਦਰਲੀ ਸ਼ਕਤੀ ਪਰਖਦਿਆ ਸਿੱਖੀ ਵੱਲ ਲਾਇਆ ਅਤੇ ਇਨ੍ਹਾਂ ਵਿੱਚ ਕੌਮੀ ਜਜਬਾ ਪੈਦਾ ਕੀਤਾ।

ਇਸ ਲਈ ਸਤਿਗੁਰੂ ਸ੍ਰੀ ਗੁਰੂ ਗੋਬਿਦ ਸਿੰਘ ਜੀ ਨੇ ਮਾਲਵੇ ਦੀ ਧਰਤੀ ਦੀਨਾ ਕਾਂਗੜ ਤੋਂ ਬਾਦਸ਼ਾਹ ਔਰੰਗਜੇਬ ਨੂੰ ਜੋ ਜ਼ਫਰਨਾਮਾ ਲਿਖਿਆ ਉਸ ਵਿੱਚ ਬੈਰਾੜ ਕੌਮ ਦੀ ਬਾਬਤ ਇਸ ਤਰ੍ਹਾਂ ਅੰਕਿਤ ਹੈ।

ਨ ਜ਼ਰੰਹ ਦਰੀਂ ਖਤਰਹ ਤੁਰਾਸਤ॥ ਹਮਹ ਕੌਮਿ ਬੈਰਾੜ ਹੁਕਮਿ ਮਰਾਸਤ॥ ੫੬॥

(ਹੇ ਬਾਦਸ਼ਾਹ!) ਤੈਨੂੰ ਇਸ ਰਾਹ 'ਤੇ ਆਉਣ ਵਿੱਚ ਜ਼ਰਾ ਜਿੰਨਾ ਵੀ ਖ਼ਤਰਾ ਨਹੀਂ (ਕਿਉਂਕਿ) ਸਾਰੀ ਬਰਾੜ ਕੌਮ ਮੇਰੇ ਹੁਕਮ ਵਿੱਚ ਹੈ। ੫੬॥

ਬਿਯਾ ਤਾ ਬਮਨ ਖੁਦ ਜ਼ੁਬਾਨੀ ਕੁਨੇਮ॥ ਬਰੂਏ ਸ਼ੁਮਾ ਮੇਹਰਬਾਨੀ ਕੁਨੇਮ॥੬੦॥

(ਇਥੇ) ਆ ਤਾਂ ਜੋ ਖੁਦ ਜ਼ੁਬਾਨੀ ਗੱਲਬਾਤ ਕਰੀਏ ਅਤੇ ਮੈਂ ਤੇਰੇ ਮੂੰਹ ਉੱਤੇ ਮਿਹਰਬਾਨੀ ਕਰਾਂ।

18ਵੀਂ ਸਦੀ ਦੇ ਬਿਖੜੇ ਸਮੇਂ ਵੀ ਕ੍ਰਾਂਤੀਕਾਰੀ ਸਿੰਘਾਂ ਦੀ ਪਨਾਹਗਾਹ ਮਾਲਵੇ ਦੇ ਜੰਗਲ ਹੀ ਸਨ। ਜਿੱਥੇ ਸਤਿਗੁਰੂ ਤੋਂ ਵਰਸਾਏ ਹੋਏ ਸਿੱਧੂ ਬੈਰਾੜਾਂ ਨੇ ਇਨ੍ਹਾਂ ਕ੍ਰਾਂਤੀਕਾਰੀ ਸਿੰਘਾਂ ਦੀ ਹਰ ਤਰ੍ਹਾਂ ਨਾਲ ਬਹੁਤ ਮਦਦ ਕੀਤੀ। ਅਸਲ ਵਿੱਚ ਮਾਲਵੇ ਦਾ ਸਾਰਾ ਮਾਣ ਅਤੇ ਗੌਰਵ "ਗੁਰੂ ਦੀ ਬਖਸ਼ਿਸ਼" ਹੈ ਇਸ ਲਈ ਇਸ ਨੂੰ "ਗੁਰੂ ਕਾ ਮਾਲਵਾ" ਕਿਹਾ ਜਾਂਦਾ ਹੈ। ਕਿਉਂਕਿ ਇਥੇ ਸਤਿਗੁਰੂ ਜੀ ਨੇ ਖਿਦਰਾਣੇ ਦੀ ਢਾਬ ਦਾ ਯੁੱਧ ਲੜਿਆ ਤੇ ਉਸ ਅਸਥਾਨ ਨੂੰ 'ਸ੍ਰੀ ਮੁਕਤਸਰ ਸਾਹਿਬ' ਭਾਵ ਮੁਕਤੀ ਦਾ ਸਰ ਬਣਾ ਦਿੱਤਾ। ਜੋ ਗੁਰੂ ਕਲਗੀਧਰ ਜੀ ਨੇ ਤਲਵੰਡੀ ਸਾਬੋ ਵਿਖੇ ਕੁੱਝ ਸਮਾਂ ਧਰਤੀ ਨੂੰ ਭਾਗ ਲਾਏ ਤਾਂ ਇਸ ਨੂੰ ਗੁਰੂ ਕਾਂਸ਼ੀ ਬਣਾ ਦਿੱਤਾ ਤੇ ਨਾਲ ਇਸੇ ਹੀ ਅਸਥਾਨ ਨੂੰ ਤਖਤ ਹੋਣ ਦਾ ਮਾਣ ਬਖਸ਼ ਦਿੱਤਾ ਜਿਸ ਨੂੰ ਸਿੱਖਾਂ ਦਾ ਪੰਜਵਾਂ ਤਖਤ ਸ੍ਰੀ ਦਮਦਮਾ ਸਾਹਿਬ ਕਿਹਾ ਜਾਂਦਾ ਹੈ। ਇਤਿ ਆਦਿਕ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ ਹਨ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਤਿਗੁਰੂ ਜੀ ਨੇ ਇਸ ਧਰਤੀ ਤੇ ਬੈਰਾੜ ਕੌਮ ਨੂੰ ਵੀ ਬੇਅੰਤ ਵਰ ਬਖਸ਼ੇ।

ਇਸ ਤੋਂ ਉਪਰੰਤ ਬੈਰਾੜ ਕੌਮ ਦਾ ਇਸ ਧਰਤੀ 'ਤੇ ਬਹੁਤ ਵਿਸਥਾਰ ਹੋਇਆ ਪਰ ਸੰਖੇਪ ਵਿੱਚ ਅਸੀਂ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਸਿਜਰਾ (ਕੁਰਸੀਨਾਮਾ) ਦਰਸਾਉਣ ਲਈ ਪਿਤਾ ਪੁਰਖੀ ਪੀੜ੍ਹੀ ਦਾ ਜ਼ਿਕਰ ਕਰ ਰਹੇ ਹਾਂ ਨਾ ਕਿ ਰਾਇ ਜੋਧ ਦੀ ਸਮੁੱਚੀ ਵੰਸ਼ ਦਾ। ਇਸ ਤਰ੍ਹਾਂ ਨਾਲ ਰਾਇ ਜੋਧ ਦੇ ਪੁੱਤਰਾਂ ਵਿੱਚ ਸਰਜਾ ਸਿੰਘ ਹੋਏ ਉਸਦੇ ਪੁੱਤਰਾਂ ਵਿੱਚ ਰੂਪਾ ਸਿੰਘ ਤੇ ਉਸਦੀ ਔਲਾਦ ਵਿੱਚ ਭਾਗ ਸਿੰਘ ਅੱਗੇ ਇਨ੍ਹਾਂ ਦੇ ਘਰ ਖੰਡਾ ਸਿੰਘ ਤੇ ਉਸਦੇ ਅੱਗੇ ਇਸੇ ਵੰਸ਼ ਵਿੱਚ ਦੁੱਲਾ ਸਿੰਘ ਫਿਰ ਇਸਦਾ ਪੁੱਤਰ ਸੰਧੂਰਾ ਸਿੰਘ ਤੇ ਸੰਧੂਰੇ ਦੇ ਘਰ ਸ. ਵਸਾਵਾ ਸਿੰਘ ਅੱਗੇ ਇਸਦਾ ਪੁੱਤਰ ਸ. ਹਰਨਾਮ ਸਿੰਘ ਪਿੰਡ ਰੋਡੇ ਵਿੱਚ ਪੈਦਾ ਹੋਇਆ, ਜੋ ਦਮਦਮੀ ਟਕਸਾਲ ਦੇ 11ਵੇਂ ਮੁਖੀ ਸੰਤ ਗਿਆਨੀ ਸੁੰਦਰ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਿਸ਼ੇਸ਼ ਨਜ਼ਦੀਕੀਆਂ ਵਿੱਚੋਂ ਸਨ ਅਤੇ ਉਨ੍ਹਾਂ ਤੋਂ ਹੀ ਅੰਮ੍ਰਿਤਪਾਨ ਕੀਤਾ ਸੀ। ਅੱਗੇ ਇਨ੍ਹਾਂ ਦੇ ਘਰ ਜੋ ਪੁੱਤਰ ਪੈਦਾ ਹੋਇਆ ਉਹ ਸਮਾਂ ਪਾ ਕੇ ਬਾਬਾ ਜੋਗਿੰਦਰ ਸਿੰਘ ਦੇ ਨਾਮ ਨਾਲ ਮਸ਼ਹੂਰ ਹੋਏ। ਇਹ ਵੀ ਦਮਦਮੀ ਟਕਸਾਲ ਦੇ ਅਨਿੰਨ ਸ਼ਰਧਾਲੂ ਸਨ ਅਤੇ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਉਨ੍ਹਾਂ ਤੋਂ ਬਾਅਦ 13ਵੇਂ ਮੁਖੀ ਸੰਤ ਗਿਆਨੀ

Scanned with CamScanner

ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਿਸ਼ਵਾਸ਼ਪਾਤਰ ਰਹੇ। ਇਨ੍ਹਾਂ ਨੇ ਸਮੇਂ-ਸਮੇਂ ਪੰਥਕ ਕਾਰਜਾਂ ਲਈ ਅਕਾਲੀ ਮੋਰਚਿਆਂ ਵਿੱਚ ਅਨੇਕਾਂ ਵਾਰ ਜੇਲ੍ਹ ਯਾਤਰਾ ਕੀਤੀ। ਬਾਬਾ ਜੋਗਿੰਦਰ ਸਿੰਘ ਜੀ ਦੇ ਸੱਤ ਪੁੱਤਰ ਹੋਏ ਜਿਨ੍ਹਾਂ ਵਿੱਚ ਸ. ਜਗੀਰ ਸਿੰਘ, ਸ. ਜਗਜੀਤ ਸਿੰਘ, ਸ. ਹਰਚਰਨ ਸਿੰਘ, ਸ. ਵੀਰ ਸਿੰਘ, ਸ. ਜੁਗਰਾਜ ਸਿੰਘ, ਸ. ਹਰਜੀਤ ਸਿੰਘ ਅਤੇ ਸਭ ਤੋਂ ਛੋਟੇ 20ਵੀਂ ਸਦੀ ਦੇ ਮਹਾਨ ਯੋਧੇ, ਸਿੱਖ ਦਿਲਾਂ ਦੀ ਧੜਕਣ, ਕਹਿਣੀ ਕਰਣੀ ਦੇ ਪੂਰੇ, ਮਹਾਨ ਤਪੱਸਵੀ ਅਤੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਪੈਦਾ ਹੋਏ ਜਿਨ੍ਹਾਂ ਦੇ ਜੀਵਨ ਸਫ਼ਰ ਦੀਆਂ ਪੈੜਾਂ ਦਾ ਸੁਨਹਿਰੀ ਇਤਿਹਾਸ ਬਣ ਗਿਆ।

○○○

Scanned with CamScanner

ਮੁੱਖ ਬੰਦ

ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਹੋਣ ਦੇ ਨਾਲ-ਨਾਲ ਸੇਵਾ, ਸਿਮਰਨ, ਨਿਮਰਤਾ, ਸਾਦਗੀ, ਦ੍ਰਿੜ੍ਹਤਾ, ਨਿਰਭੈਤਾ, ਨਿਰਵੈਰਤਾ, ਸੰਕੋਚਤਾ, ਕਹਿਣੀ-ਕਰਣੀ ਦਾ ਸੁਮੇਲ ਤੇ ਸਪੱਸ਼ਟਤਾ, ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਦਮਦਮੀ ਟਕਸਾਲ ਰਾਹੀਂ ਸੀਨਾ-ਬਸੀਨਾ ਚੱਲੀ ਆ ਰਹੀ ਗੁਰਮਰਿਆਦਾ ਦੀ ਪ੍ਰਪੱਕਤਾ, ਸਭਨਾ ਧਰਮਾਂ ਦਾ ਮਾਣ-ਸਨਮਾਨ, ਜਬਰ-ਜ਼ੁਲਮ ਦਾ ਵਿਰੋਧ, ਮਜਲੂਮ ਨਿਮਾਣੇ ਦੀ ਸਹਾਇਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕਾਬਲੇ ਦੇਹਧਾਰੀ, ਭੇਖੀ, ਦੇਂਭੀ, ਪਖੰਡੀ ਅਤੇ ਅਖੌਤੀ ਗੁਰੂਆਂ ਨੂੰ ਕਦਾਚਿਤ ਬਰਦਾਸ਼ਤ ਨਾ ਕਰਨਾ, ਸਿੱਖ ਵੱਖਰੀ ਤੇ ਮੁਕੰਮਲ ਕੌਮ ਦੀ ਪ੍ਰਭੂਤਾ, ਸਿੱਖ ਹੱਕਾਂ ਦੀ ਪ੍ਰਾਪਤੀ ਪ੍ਰਤੀ ਵਚਨਬੱਧਤਾ, ਕੋਈ ਵੀ ਰਾਜਨੀਤਿਕ ਅਹੁਦਾ ਲਏ ਬਿਨਾਂ ਨਿਰਸਵਾਰਥ ਪੰਥ ਦੀ ਸੇਵਾ ਕਰਨ ਦਾ ਨਿਰਣਾ ਅਤੇ ਸਮੁੱਚੇ ਪੰਥ ਦੀ ਏਕਤਾ ਲਈ ਯਤਨਸ਼ੀਲ ਰਹਿਣਾ। ਅਕਾਲ ਪੁਰਖ ਦੀ ਕ੍ਰਿਪਾ ਸਦਕਾ ਅਜਿਹੇ ਵਿਲੱਖਣ ਗੁਣਾਂ ਦੇ ਬਾਵਜੂਦ ਉਹ ਇੱਕ ਸਾਧਾਰਨ ਵਿਅਕਤੀ ਦੀ ਤਰ੍ਹਾਂ ਵਿਚਰਦੇ ਸਨ ਜਿਸ ਕਾਰਨ ਕੌਮ ਪ੍ਰਤੀ ਵੱਖ-ਵੱਖ ਪਹਿਲੂਆਂ ਬਾਰੇ ਉਨ੍ਹਾਂ ਦੇ ਦਿਲ ਵਿੱਚ ਸਮੋਏ ਜਜ਼ਬਿਆਂ ਨੂੰ ਉਜਾਗਰ ਕਰਨਾ ਬਹੁਤ ਕਠਿਨ ਕਾਰਜ ਹੈ।

ਭਾਵੇਂ ਉਨ੍ਹਾਂ ਦੇ ਜੀਵਨ ਬਾਰੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ ਪਰ ਜ਼ਿਆਦਾਤਰ ਲੇਖਕ ਉਨ੍ਹਾਂ ਦੇ ਮੁੱਢਲੇ ਜੀਵਨ ਬਾਰੇ ਜਾਣਕਾਰੀ ਨਹੀਂ ਰੱਖਦੇ ਅਤੇ ਕੁੱਝ ਕੁ ਨੇ ਈਰਖਾ ਅਤੇ ਨਫ਼ਰਤ ਵੱਸ ਹੋ ਕੇ ਤੱਥ ਹੀਣ ਹੀ ਲਿਖਿਆ ਜਾਂ ਉਨ੍ਹਾਂ ਦਾ ਨਾਮ ਵਰਤ ਕੇ ਆਪਣੇ ਆਪ ਨੂੰ ਮਹਾਨ ਦਰਸਾਇਆ, ਦੂਜੇ ਪਾਸੇ ਅਖ਼ਬਾਰਾਂ, ਟੀ. ਵੀ. ਚੈਨਲਾਂ, ਮੈਗਜ਼ੀਨਾਂ ਤੇ ਪ੍ਰਚਾਰ ਦੇ ਸਭ ਸਾਧਨਾਂ ਰਾਹੀਂ ਸਿੱਖ ਵਿਰੋਧੀ ਸ਼ਕਤੀਆਂ ਅਤੇ ਸਮੇਂ ਦੀਆਂ ਸਰਕਾਰਾਂ ਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਖਲਨਾਇਕ ਸਿੱਧ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਪਰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਹ ਤਾਕਤਾਂ ਧੂੰਏਂ ਦੇ ਬੱਦਲ ਬਣ ਕੇ ਰਹਿ ਗਈਆਂ ਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਜੀਵਨ ਦੀ ਅਸਲ ਰੁਸ਼ਨਾਈ ਸੱਤ ਸਮੁੰਦਰਾਂ ਤੋਂ ਪਾਰ ਤੱਕ ਪਹੁੰਚ ਗਈ।

ਸਰਕਾਰਾਂ ਜਾਂ ਚਾਹੁੰਦੀਆਂ ਹੀ ਹੁੰਦੀਆਂ ਹਨ ਕਿ 'ਸੰਤ' ਜੰਗਲ ਬੀਆਬਾਨਾਂ ਵਿੱਚ ਟੁੱਟੀਆਂ ਝੁੱਗੀਆਂ ਵਿੱਚ, ਨੰਗੇ ਭੁੱਖੇ ਤੇ ਤ੍ਰਿਆਗੀ ਵੈਰਾਗੀ ਬਣ ਕੇ ਜੀਵਨ ਬਸਰ ਕਰਨ ਪਰ ਸਰਕਾਰ ਦੇ ਜਬਰ ਜ਼ੁਲਮ ਤੇ ਬੇਇਨਸਾਫੀ ਵਿਰੁੱਧ ਆਵਾਜ਼ ਬੁਲੰਦ ਨਾ ਕਰਨ ਪਰ ਐਸਾ ਸੰਤ ਜੋ ਸਿੱਖ ਕੌਮ ਦੀ ਅਗਵਾਈ ਕਰਦਿਆਂ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਡਟ ਜਾਵੇ, ਜਬਰ ਅਤੇ ਜ਼ੁਲਮ ਕਰਨ ਵਾਲੇ ਨੂੰ ਜਾਬਰ ਕਹੇ, ਸਿੱਖਾਂ ਪ੍ਰਤੀ ਦੇਸ਼ ਦੇ ਦੋਹਰੇ ਕਾਨੂੰਨੀ ਮਾਪਦੰਡਾਂ ਦਾ ਪਰਦਾਫਾਸ਼ ਕਰੇ, ਬਰਾਬਰ ਦੇ ਸ਼ਹਿਰੀ ਬਣ ਕੇ ਰਹਿਣ ਲਈ ਕੌਮ ਨੂੰ ਜਾਗ੍ਰਿਤ ਕਰੇ, 1947 ਸਮੇਂ ਭਾਰਤੀ ਹੁਕਮਰਾਨਾਂ ਵੱਲੋਂ ਸਿੱਖ ਕੌਮ ਨਾਲ ਕੀਤੇ ਵਾਅਦੇ ਪੂਰੇ ਕਰਵਾਉਣ ਲਈ ਦ੍ਰਿੜ੍ਹ ਹੋਵੇ, ਸਿੱਖ ਹੱਕਾਂ ਦੀ ਪ੍ਰਾਪਤੀ ਲਈ ਸਮੁੱਚੀ ਕੌਮ ਨੂੰ ਸੁਚੇਤ ਕਰੇ ਅਤੇ ਕੌਮੀ ਹੱਕ ਪ੍ਰਾਪਤ ਕਰਨ ਲਈ ਸਿੱਧੀ ਅਸੂਲਾਂ ਮੁਤਾਬਕ ਹਰ ਢੰਗ ਤਰੀਕਾ ਵਰਤਣ ਦਾ ਸੰਦੇਸ਼ ਦੇਵੇ ਅਜਿਹਾ 'ਸੰਤ' ਜਾਬਰ ਹੁਕਮਰਾਨਾਂ ਨੂੰ ਬਰਦਾਸ਼ਤ ਨਹੀਂ ਹੋਇਆ ਕਰਦਾ।

ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੱਗਰ ਮਿਸ਼ਨ ਦੇ ਪਾਂਧੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜਿਨ੍ਹਾਂ ਦੀਆਂ ਖੁੱਲ੍ਹਮ ਖੁੱਲ੍ਹੀਆਂ ਵਿਚਾਰਾਂ ਸੁਣ ਕੇ ਭਾਰਤ ਦੀਆਂ ਵੱਖ-ਵੱਖ ਸ਼ਖ਼ਸ਼ੀਅਤਾਂ ਨੇ ਸੰਤਾਂ ਦੇ ਉਦੇਸ਼ ਨਾਲ ਸਹਿਮਤੀ ਪ੍ਰਗਟਾਈ। ਇਨ੍ਹਾਂ ਸਖ਼ਸ਼ੀਅਤਾਂ ਵਿੱਚ ਉਸ ਸਮੇਂ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਡਾ. ਫਾਰੂਖ਼ ਅਬਦੁੱਲਾ, ਸਰਦਾਰ ਕਪੂਰ ਸਿੰਘ ਆਈ. ਸੀ. ਐੱਸ., ਭਾਰਤੀ ਸੁਪਰੀਮ ਕੋਰਟ ਦੇ ਉੱਘੇ ਵਕੀਲ ਸ੍ਰੀ ਰਾਮ ਜੇਠਮਲਾਨੀ, ਭਾਰਤੀ ਪਾਰਲੀਮੈਂਟ ਦੇ ਮੈਂਬਰ ਡਾ. ਸੁਬਰਾਮਨੀਅਮ ਸਵਾਮੀ, ਭਾਰਤ ਵਿੱਚ ਮੁਸਲਮਾਨ ਕੌਮ ਦੇ ਧਾਰਮਿਕ ਆਗੂ ਸ਼ਾਹੀ ਇਮਾਮ

Scanned with CamScanner

ਸ੍ਰੀ ਅਬਦੁੱਲ ਬੁਖਾਰੀ, ਸਵਾਮੀ ਵਿਸ਼ਨੂੰ ਦੇਵਾਨੰਦ, ਅਮਰੀਕਾ ਨਿਵਾਸੀ ਯੋਗੀ ਹਰਭਜਨ ਸਿੰਘ ਆਦਿ ਵਰਗੇ ਅਨੇਕਾਂ ਨਾਮਵਰ ਆਗੂ ਸੰਤਾਂ ਨਾਲ ਇੱਕ ਮਿਲਣੀ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਵਾਰ ਮਿਲੇ ਤੇ ਉਨ੍ਹਾਂ ਨੇ ਸੰਤਾਂ ਦੇ ਉਦੇਸ਼ ਨਾਲ ਕੇਵਲ ਸਹਿਮਤੀ ਹੀ ਨਹੀਂ ਪ੍ਰਗਟਾਈ ਬਲਕਿ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।

'ਅਜਿਹੇ ਸੰਤ ਸਿਪਾਹੀ ਨੂੰ' ਸਿੱਖਾਂ ਪ੍ਰਤੀ ਬਦਨੀਅਤ ਸਰਕਾਰ ਕਿਵੇਂ ਬਰਦਾਸ਼ਤ ਕਰ ਸਕਦੀ ਸੀ। ਇਸ ਲਈ ਉਨ੍ਹਾਂ ਨੂੰ ਖਤਮ ਕਰਨ ਲਈ ਪਹਿਲਾਂ ਤੋਂ ਹੀ ਯਤਨਸ਼ੀਲ ਸਰਕਾਰ ਨੇ ਕਦੇ ਚੰਦੋਕਲਾਂ ਵਿਖੇ ਗੈਰ ਕਾਨੂੰਨੀ ਢੰਗ ਨਾਲ ਹਮਲਾ ਕੀਤਾ, ਕਦੇ ਝੂਠੇ ਕਤਲ ਕੇਸ ਪਾ ਕੇ ਜੇਲ੍ਹ 'ਚ ਬੰਦ ਕੀਤਾ ਅਤੇ ਕਦੇ ਮੁੰਬਈ (ਮਹਾਰਾਸ਼ਟਰ) ਵਰਗੇ ਸ਼ਹਿਰ ਵਿੱਚ ਘੇਰਾ ਪਾ ਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ। ਫਿਰ ਉਨ੍ਹਾਂ ਦੇ ਅੰਤਿ ਨਜ਼ਦੀਕੀ ਭਾਈ ਅਮਰੀਕ ਸਿੰਘ, ਭਾਈ ਥਾਰਾ ਸਿੰਘ, ਭਾਈ ਨਰਿੰਦਰ ਸਿੰਘ ਨੰਦੂ, ਭਾਈ ਜਗੀਰ ਸਿੰਘ, ਭਾਈ ਅਜੈਬ ਸਿੰਘ ਮਹਿਤਾ ਆਦਿ ਸਿੰਘਾਂ ਨੂੰ ਬਿਨ੍ਹਾਂ ਕਾਰਨ ਹੀ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਸੁੱਟ ਦਿੱਤਾ। ਭਾਈ ਅਮਰੀਕ ਸਿੰਘ ਹੋਰਾਂ ਦੀ ਗ੍ਰਿਫਤਾਰੀ ਵਾਲੇ ਦਿਨ ਤੋਂ ਹੀ ਸਿੰਘਾਂ ਦੀ ਰਿਹਾਈ ਲਈ ਸੰਤਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਮੋਰਚਾ ਆਰੰਭ ਕਰ ਦਿੱਤਾ ਤੇ ਇਹੀ ਮੋਰਚਾ 1973 ਵਿੱਚ ਸਿੱਖ ਪੰਥ ਵੱਲੋਂ ਪਾਸ ਕੀਤੇ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਲਾਏ ਧਰਮ ਯੁੱਧ ਮੋਰਚੇ ਦਾ ਪ੍ਰਚੰਡ ਰੂਪ ਧਾਰਨ ਕਰ ਗਿਆ ਤੇ ਸਿੱਖਾਂ ਦੀਆਂ ਧਾਰਮਿਕ ਤੇ ਰਾਜਨੀਤਿਕ ਜਥੇਬੰਦੀਆਂ, ਸਿੱਖ ਸੰਪ੍ਰਦਾਵਾਂ, ਫੈਡਰੇਸ਼ਨ ਸਮੇਤ ਸਿੱਖ ਨੌਜਵਾਨ, ਪੜ੍ਹੇ-ਲਿਖੇ ਸਿੱਖੀ ਪ੍ਰਤੀ ਚੇਤਨ ਵੱਖ-ਵੱਖ ਮਹਿਕਮਿਆਂ ਵਿੱਚ ਸੇਵਾ ਕਰ ਰਹੇ ਤੇ ਸੇਵਾ ਮੁਕਤ ਸਿੱਖ ਅਫਸਰ, ਸਿੱਖ ਫੌਜੀ ਜਰਨੈਲ ਤੇ ਦੇਸ਼ ਵਿਦੇਸ਼ ਦੇ ਸਿੱਖ, ਭਾਵਨਾਤਮਿਕ ਤੌਰ 'ਤੇ ਇਸ ਮੋਰਚੇ ਨਾਲ ਜੁੜ ਗਏ ਤੇ ਮੋਰਚਾ 'ਸਮੁੱਚੀ ਸਿੱਖ ਕੌਮ ਦੀ ਆਜ਼ਾਦੀ ਲਈ' ਮਾਰਗ ਦਰਸ਼ਨ ਬਣ ਗਿਆ। ਇਸੇ ਦੌਰਾਨ ਸੰਤਾਂ ਨੇ ਸਿੱਖ ਕੌਮ ਦੇ ਸਿਰ 'ਤੇ ਮੰਡਰਾ ਰਹੇ ਖ਼ਤਰਿਆਂ ਬਾਰੇ ਤੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਕੋਝੀਆਂ ਸਾਜਿਸ਼ਾਂ ਬਾਰੇ ਸਿੱਖ ਕੌਮ ਨੂੰ ਦਿੜ੍ਹਤਾ ਨਾਲ ਦੱਸਿਆ। ਉਨ੍ਹਾਂ ਬੜੀ ਗੰਭੀਰਤਾ ਨਾਲ ਕਈ ਵਾਰ ਇਹ ਵੀ ਸਪੱਸ਼ਟ ਰੂਪ ਵਿੱਚ ਕਿਹਾ ਕਿ ਭਾਰਤ ਦੀ ਕਾਂਗਰਸ ਸਰਕਾਰ ਸਿੱਖਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਇ ਕਿਸੇ ਸਮੇਂ ਵੀ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲਾ ਕਰ ਸਕਦੀ ਹੈ। ਪਰ ਇਨ੍ਹਾਂ ਬੇਹੱਦ ਸਨਸਨੀਖੇਜ ਵਿਚਾਰਾਂ ਵੱਲ ਅਕਾਲੀ ਲੀਡਰਾਂ ਨੇ ਉੱਕਾ ਹੀ ਧਿਆਨ ਨਾ ਦਿੱਤਾ। ਸਗੋਂ ਕੇਂਦਰ ਸਰਕਾਰ ਦੇ ਸੱਦੇ 'ਤੇ ਮੀਟਿੰਗਾਂ ਦਰ ਮੀਟਿੰਗਾਂ ਕਰਦੇ ਰਹੇ।

ਉੱਧਰ ਇੰਦਰਾ ਗਾਂਧੀ ਦੀ ਕੇਂਦਰ ਸਰਕਾਰ ਨੇ ਰਾਜਸੱਤਾ ਦੇ ਹੰਕਾਰ ਵਿੱਚ ਆਪਣੀ ਕੂਟਨੀਤੀ ਤਹਿਤ ਇੱਕ ਪਾਸੇ ਅਕਾਲੀ ਲੀਡਰਾਂ ਨਾਲ ਮੀਟਿੰਗਾਂ ਕਰਕੇ ਪੰਜਾਬ ਮਸਲਾ ਹੱਲ ਕਰਨ ਦਾ ਝੂਠਾ ਢਕਵੰਜ ਰੱਚ ਕੇ ਇਨ੍ਹਾਂ ਲੀਡਰਾਂ ਨੂੰ ਜ਼ਲੀਲ ਕੀਤਾ ਤੇ ਦੂਜੇ ਪਾਸੇ ਸਿੱਖ ਕੌਮ ਵੱਲੋਂ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਬੁਲੰਦ ਹੋ ਚੁੱਕੀ ਆਵਾਜ਼ ਨੂੰ ਹਮੇਸ਼ਾ ਵਾਸਤੇ ਬੰਦ ਕਰਨ ਦੇ ਭਰਮ ਪਾਲੀ ਬੈਠੀ ਹਿੰਦ ਸਰਕਾਰ ਨੇ ਘਿਨਾਉਣੀ ਸਾਜਿਸ਼ ਤਹਿਤ ਸ੍ਰੀ ਹਰਿਮੰਦਰ ਸਾਹਿਬ ਉੱਪਰ ਤੋਪਾਂ ਤੇ ਟੈਂਕਾਂ ਨਾਲ ਫੌਜੀ ਹਮਲਾ ਕਰ ਦਿੱਤਾ। ਇਸ ਅਣਸੁਖਾਵੀਂ ਜੰਗ ਵਿੱਚ "ਭਾਉ ਭਗਤੀ ਵਿੱਚ ਰੰਗੇ, ਹਠੀ, ਜਪੀ, ਤਪੀ, ਧਰਮੀ, ਸਿਰਲੱਥ, ਬਹਾਦਰ ਮੁੱਠੀ ਭਰ ਸਿਖਾਂ ਨੇ" ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਹਮਲਾਵਰ ਫੌਜਾਂ ਦਾ ਜਿਸ ਢੰਗ ਨਾਲ ਮੂੰਹ ਤੋੜਵਾਂ ਜਵਾਬ ਦਿੱਤਾ ਉਸਦਾ ਜ਼ਿਕਰ ਵੀ ਇਸ ਕਿਤਾਬ ਵਿੱਚ ਦਿੱਤਾ ਗਿਆ ਹੈ।

ਇਸ ਘੱਲੂਘਾਰੇ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ, ਹੈੱਡ ਗ੍ਰੰਥੀ, ਯੁੱਧ ਲੜਦਿਆਂ ਜ਼ਖਮੀ ਹੋ ਕੇ ਲੰਮਾ ਸਮਾਂ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬਿਤਾਉਣ ਉਪਰੰਤ ਬੰਦ ਖ਼ਲਾਸ ਹੋ ਕੇ ਵਾਪਸ ਪਰਤੇ ਚਸ਼ਮਦੀਦ ਸਿੰਘਾਂ ਤੋਂ ਅਤੇ ਹਮਲੇ ਸਮੇਂ ਕੁੱਝ ਜ਼ਿੰਮੇਵਾਰ ਸਿੱਖ ਅਫਸਰ ਜਿਨ੍ਹਾਂ ਨੇ ਕੁਲਦੀਪ ਬਰਾੜ ਅਤੇ ਹੋਰ ਫੌਜੀ ਜਰਨੈਲਾਂ ਨਾਲ ਵਿਸ਼ੇਸ਼ ਮੀਟਿੰਗਾਂ ਦੌਰਾਨ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਬਜਾਇ ਇਸਦਾ ਬਦਲਵਾਂ ਢੰਗ ਲੱਭਣ ਦੀ ਸਲਾਹ ਦਿੱਤੀ ਸੀ। ਪਰ ਇਨ੍ਹਾਂ ਦੀਆਂ ਸਲਾਹਾਂ ਨੂੰ ਨਜ਼ਰ ਅੰਦਾਜ ਕਰਕੇ ਭਾਰਤੀ ਫੌਜ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਜਿਸ ਕਾਰਨ ਸਾਕਾ ਨੀਲਾ ਤਾਰਾ ਦਾ ਦੁਖਦਾਈ ਘੱਲੂਘਾਰਾ ਵਾਪਰਿਆ। ਉਪਰੋਕਤ ਇਨ੍ਹਾਂ ਹੀ ਸਿੱਖ ਫੌਜੀ ਅਫਸਰਾਂ ਤੋਂ ਵੀ ਕਾਫੀ ਜਾਣਕਾਰੀ ਹਾਸਲ ਹੋਈ ਜਿਸ ਮੁਤਾਬਕ "ਅਕਾਲ ਪੁਰਖ" ਦੀ ਕ੍ਰਿਪਾ ਸਦਕਾ ਵਾਸਤਵਿਕ ਤੱਥਾਂ ਨੂੰ ਕਲਮਬੰਦ ਕਰਨ ਦਾ ਯਤਨ ਕੀਤਾ ਹੈ। ਫਿਰ ਵੀ ਬਹੁਤ ਕੁੱਝ ਅਜਿਹਾ ਲਿਖਣ ਤੋਂ ਬਾਕੀ ਰਹਿ ਗਿਆ ਹੋਵੇਗਾ ਜੋ ਮੇਰੀ ਪਹੁੰਚ ਸ਼ਕਤੀ, ਸਮਰੱਥਾ ਤੋਂ ਪਰੇ ਹੈ। ਉਸ ਲਈ ਖਿਮਾ ਦਾ ਜਾਚਕ ਹਾਂ।

Scanned with CamScanner

ਦਾਸ ਦੇਸ਼-ਵਿਦੇਸ਼ ਵਿੱਚ ਵਸਦੇ ਉਨ੍ਹਾਂ ਸਭ ਗੁਰੂ ਪਿਆਰਿਆਂ ਦਾ ਤਹਿ ਦਿਲੋਂ ਧੰਨਵਾਦੀ ਹੈ ਜੋ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨਾਲ ਹਮਸਫਰ ਅਤੇ ਸਹਿਯੋਗੀ ਰਹੇ, ਜਿਨ੍ਹਾਂ ਨੇ ਇਸ ਕਾਰਜ ਲਈ ਕੁੱਝ ਘਟਨਾਵਾਂ ਬਾਰੇ ਭਰਪੂਰ ਜਾਣਕਾਰੀ ਅਤੇ ਹੌਸਲਾ ਵੀ ਦਿੱਤਾ।

ਦਾਸ:
ਜਸਵੀਰ ਸਿੰਘ ਖ਼ਾਲਸਾ,
(ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ)

ooo

Scanned with CamScanner

ਦੋ ਸ਼ਬਦ

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖ਼ਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਜੀਵਨ ਬਾਰੇ ਵੱਡੇ ਅਕਾਰ ਵਾਲੀ ਜੀਵਨੀ ਲਿਖੀ ਗਈ ਹੈ। ਭਾਈ ਜਸਵੀਰ ਸਿੰਘ ਜੀ ਭਾਵੇਂ ਸਾਹਿਤਕਾਰ ਨਹੀਂ ਹਨ ਅਤੇ ਇਹ ਉਨ੍ਹਾਂ ਦੀ ਪਹਿਲੀ ਕਿਤਾਬ ਹੈ, ਮੈਂ ਇਹ ਖਰੜਾ ਪੜ੍ਹਿਆ ਵੀ ਨਹੀਂ ਹੈ, ਫਿਰ ਵੀ ਮੈਂ ਇਹ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਉਨ੍ਹਾਂ ਵੱਲੋਂ ਸੰਤਾਂ ਦੀ ਜੀਵਨੀ ਸਬੰਧੀ ਲਿਖੀ ਕਿਤਾਬ ਸੰਤਾਂ ਦੇ ਜੀਵਨ ਦੇ ਕਈ ਪੱਖ ਜਿਹੜੇ ਅੱਜ ਤੱਕ ਲਿਖੀਆਂ ਵੱਖ-ਵੱਖ ਜੀਵਨੀਆਂ ਅਤੇ ਸੰਘਰਸ਼ ਸਬੰਧੀ ਲਿਖਤਾਂ ਵਿੱਚ ਸਾਹਮਣੇ ਨਹੀਂ ਆਈ, ਉਹ ਜ਼ਰੂਰ ਸਾਹਮਣੇ ਆਉਣਗੇ। ਕਿਸੇ ਵੀ ਵੱਡੀ ਸ਼ਖਸੀਅਤ ਸਬੰਧੀ ਲਿਖਣਾ ਔਖਾ ਕਾਰਜ ਹੈ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਸਿੱਖ ਇਤਿਹਾਸ ਦੀ ਬਾਬਾ ਬੰਦਾ ਸਿੰਘ ਬਹਾਦਰ ਵਾਂਗ ਇੱਕ ਵੱਡੀ ਸ਼ਖਸੀਅਤ ਹਨ। ਉਨ੍ਹਾਂ ਸਮਿਆਂ ਨਾਲੋਂ ਇੱਕ ਵਖਰੇਵਾਂ ਹੈ ਕਿ ਅੱਜ ਇੰਟਰਨੈੱਟ ਅਤੇ ਬਿਜਲਈ ਸਾਧਨਾਂ ਰਾਹੀਂ ਉਨ੍ਹਾਂ ਦੇ ਵਿਚਰਨ, ਵਿਚਾਰਾਂ ਅਤੇ ਸ਼ਖਸੀਅਤ ਦੇ ਬਹੁਤ ਪੱਖਾਂ ਨੂੰ ਉਨ੍ਹਾਂ ਤੋਂ ਖੁਦ ਸੁਣਿਆ ਅਤੇ ਵੇਖਿਆ ਜਾ ਸਕਦਾ ਹੈ। ਖ਼ਾਲਸਾ ਪੰਥ ਦਾ ਇੱਕ ਵਿਲੱਖਣ ਤਪ-ਤੇਜ ਹੈ, ਜਿਸ ਨੂੰ ਕਿਸੇ ਲਫ਼ਜਾਂ ਵਿੱਚ ਬੰਨਣਾ ਅਸੰਭਵ ਹੈ। ਇਸਦਾ ਕਾਰਨ ਇਹ ਹੈ ਕਿ ਖ਼ਾਲਸਾ ਪੰਥ ਵਿੱਚ ਗੁਰੂ ਦਾ ਤੇਜ ਪ੍ਰਤਾਪ ਵਿਚਰਦਾ ਹੈ। ਖ਼ਾਲਸਾ ਪੰਥ ਦੇ ਤਪ-ਤੇਜ ਨੂੰ ਜੇਕਰ 20ਵੀਂ ਸਦੀ ਦੇ ਅਖਰੀਲੇ ਦਹਾਕਿਆਂ ਵਿੱਚ ਕਿਸੇ ਸ਼ਖਸੀਅਤ ਵਿੱਚ ਵੇਖਿਆ ਜਾ ਸਕਦਾ ਹੈ ਤਾਂ ਸੰਤ ਜਰਨੈਲ ਸਿੰਘ ਖ਼ਾਲਸਾ ਉਸ ਤਪ-ਤੇਜ ਦੀ ਜ਼ਾਹਿਰਾ ਉਦਾਹਰਣ ਸਨ। ਮੈਂ ਸਮਝਦਾ ਹਾਂ ਕਿ ਵੱਡੀ ਸ਼ਖਸੀਅਤ ਦੀ ਜੀਵਨੀ ਸਬੰਧੀ ਭਾਈ ਜਸਵੀਰ ਸਿੰਘ ਖ਼ਾਲਸਾ ਦੀ ਲਿਖਤ ਜ਼ਰੂਰ ਇਨਸਾਫ ਕਰੇਗੀ। ਦੁਨਿਆਵੀ ਅਤੇ ਪਰਿਵਾਰਕ ਸਬੰਧਾਂ ਅਤੇ ਸੰਯੋਗਾਂ ਵਿੱਚ ਬਹੁਤ ਵਾਰ ਜਨਮਾਂ ਦੇ ਸਬੰਧ ਵੀ ਹੁੰਦੇ ਹਨ, ਜਿਹੜੇ ਸਾਡੀ ਸਮਝ ਤੋਂ ਬਾਹਰੇ ਹੁੰਦੇ ਹਨ। ਸੰਤਾਂ ਦੇ, ਭਾਈ ਜਸਵੀਰ ਸਿੰਘ ਖ਼ਾਲਸਾ ਨਾਲ ਪਰਿਵਾਰਕ ਸਬੰਧਾਂ ਦੇ ਨਾਲ-ਨਾਲ ਆਤਮਿਕ ਸਬੰਧ ਵੀ ਜੁੜੇ ਹੋਏ ਸਨ। ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਸਿੱਖ ਜਗਤ ਵਿੱਚ ਦਮਦਮੀ ਟਕਸਾਲ ਦੇ ਮੁਖੀ ਅਤੇ ਸਿੱਖ ਸੰਘਰਸ਼ ਦੇ ਆਗੂ ਦੇ ਤੌਰ 'ਤੇ ਵਿਚਰਨ ਦਾ ਬਹੁਤ ਘੱਟ ਸਮਾਂ ਮਿਲਿਆ। ਸੰਤਾਂ ਸਬੰਧੀ ਲਿਖੀਆਂ ਗਈਆਂ ਲਿਖਤਾਂ ਦਾ ਸਬੰਧ ਉਨ੍ਹਾਂ ਦੇ ਉਸ ਸਮੇਂ ਨਾਲ ਹੀ ਹੈ ਪ੍ਰੰਤੂ ਭਾਈ ਜਸਵੀਰ ਸਿੰਘ ਖ਼ਾਲਸਾ ਵੱਲੋਂ ਲਿਖੀ ਲਿਖਤ ਉਨ੍ਹਾਂ ਦੇ ਬਚਪਨ ਤੋਂ ਲੈ ਕੇ ਜੂਨ 1984 ਦੇ ਘੱਲੂਘਾਰੇ ਤੱਕ ਜੀਵਨ ਦੇ ਹਰ ਪੱਖ ਨਾਲ ਸਬੰਧਤ ਹੈ। ਮੈਂ ਇਹ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਇਹ ਲਿਖਤ ਸਿੱਖ ਜਗਤ ਵਿੱਚ ਪੜ੍ਹੀ ਜਾਵੇਗੀ ਤੇ ਬਹੁਤ ਪੱਖਾਂ ਤੋਂ ਸਾਨੂੰ ਪ੍ਰੇਰਨਾ ਦੇਣ ਵਿੱਚ ਸਹਾਈ ਹੋਵੇਗੀ। ਭਾਈ ਜਸਵੀਰ ਸਿੰਘ ਖ਼ਾਲਸਾ ਦੇ ਨਾਲ ਕਿਸੇ ਦੇ ਵੀ ਰਾਜਸੀ ਵਖਰੇਵੇਂ ਹੋ ਸਕਦੇ ਹਨ, ਪ੍ਰੰਤੂ ਉਨ੍ਹਾਂ ਦੇ ਬਾਣੀ, ਬਾਣੇ ਪ੍ਰਤੀ ਦ੍ਰਿੜ੍ਹਤਾ, ਸ਼ਰਧਾ, ਵਿਸ਼ਵਾਸ ਬਾਰੇ ਕਿਸੇ ਨੂੰ ਵੀ ਕੋਈ ਭੁਲੇਖਾ ਨਹੀਂ ਹੈ। ਸੰਤ ਜਰਨੈਲ ਸਿੰਘ ਖ਼ਾਲਸਾ ਨਾਲ ਪਰਿਵਾਰਕ ਸਬੰਧ, ਸਿੱਖ ਸੰਘਰਸ਼ ਨਾਲ ਲੰਮੇ ਸਮੇਂ ਤੋਂ ਨੇੜੇ ਅਤੇ ਨਿੱਜੀ ਤੌਰ 'ਤੇ ਜੁੜੇ ਹੋਣ ਕਰਕੇ, ਉਨ੍ਹਾਂ ਦਾ ਵਿਸ਼ਾਲ ਤਜਰਬਾ, ਉਨ੍ਹਾਂ ਦਾ ਸਹਿਜ ਵਾਲਾ ਸੁਭਾਅ, ਸ਼ਹਿਣਸ਼ਕਤੀ ਅਤੇ ਨਿਮਰਤਾ ਵਾਲੇ ਗੁਣਾਂ ਕਾਰਨ ਸੰਤਾਂ ਦੇ ਜੀਵਨ ਸਬੰਧੀ ਲਿਖੀ ਜੀਵਨੀ ਸਾਡੇ ਸਾਰਿਆਂ ਲਈ ਨਵੀਆਂ ਜਾਣਕਾਰੀਆਂ ਸਹਿਤ ਪ੍ਰੇਰਨਾਮਈ ਹੋਵੇਗੀ।

- ਗੁਰਦੀਪ ਸਿੰਘ,
ਸਾਬਕਾ ਸੰਪਾਦਕ ਰੋਜ਼ਾਨਾ ਅੱਜ ਦੀ ਆਵਾਜ਼ ਜਲੰਧਰ

Scanned with CamScanner

ਸਮਰਪਿਤ

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਅਵਤਾਰ ਪੁਰਬ ਮੌਕੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੀ ਸੇਵਾ ਚਿੱਤ

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੰਗੀ॥

ਜਦੋਂ ਸੰਸਾਰ ਵਿੱਚ ਪਾਪ, ਜ਼ੁਲਮ, ਪਾਖੰਡ, ਵਹਿਮ-ਭਰਮ, ਕਰਮ-ਕਾਂਡ, ਜਾਤ ਵੰਡ ਆਦਿ ਦੀ ਅੰਧਤਾਈ ਦੇ ਜਾਲ ਦਾ ਪਸਾਰਾ ਪਸਰਿਆ ਹੋਇਆ ਸੀ। ਧਰਮ ਦੇ ਨਾਂ 'ਤੇ ਜ਼ੁਲਮ ਹੋ ਰਿਹਾ ਸੀ, ਬ੍ਰਾਹਮਣ ਲੋਕਾਂ ਵੱਲੋਂ ਆਮ ਜਨਤਾ ਉੱਪਰ ਪ੍ਰਮਾਤਮਾ ਦੀ ਅਰਾਧਨਾ ਕਰਨ 'ਤੇ ਪਾਬੰਦੀਆਂ ਲਗਾ ਰੱਖੀਆਂ ਸਨ। ਇਸਤਰੀ ਜਾਤੀ ਦੇ ਸਭ ਧਰਮ ਨਾਲ ਖਿਲਵਾੜ ਹੋ ਰਿਹਾ ਸੀ ਤਾਂ ਇਸ ਤ੍ਰਾਸਦੀ ਵਿੱਚ ਦੁਖੀ ਆਤਮਾਵਾਂ ਦੀ ਕੋਈ ਸੁਣਵਾਈ ਕਰਨ ਵਾਲਾ ਨਹੀਂ ਸੀ। ਸਿਰਫ ਅਕਾਲ ਪੁਰਖ ਦਾ ਹੀ ਆਸਰਾ ਬਚਿਆ ਸੀ ਜਿਸਦੇ ਸਨਮੁੱਖ ਇਨ੍ਹਾਂ ਦੁਖੀ ਹਿਰਦਿਆਂ ਨੇ ਪੁਕਾਰ ਕੀਤੀ ਕਿ ਸਾਨੂੰ ਇਸ ਘੋਰ ਸੰਕਟ ਵਿੱਚੋਂ ਬਚਾਇਆ ਜਾਵੇ। ਜਦ ਅਜਿਹੀ ਫਰਿਆਦੀ ਆਵਾਜ਼ ਪ੍ਰਭੂ ਦੇ ਦਰ 'ਤੇ ਪ੍ਰਵਾਨ ਹੋਈ ਤਾਂ ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥

ਜਗਤ ਜਲੰਦੇ ਨੂੰ ਤਾਰਨ ਲਈ ਪ੍ਰਮਾਤਮਾ ਆਪ ਹੀ ਸਤਿਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ ਸੰਸਾਰ ਅੰਦਰ ਪ੍ਰਗਟ ਹੋਏ। ਕਿਉਂਕਿ ਜਿੱਥੇ ਰਾਜੇ ਜ਼ੁਲਮੀ ਹੋ ਕੇ ਪਾਪ ਕਰਨ ਲੱਗ ਪਏ ਸਨ, ਸਿੱਧ ਕਰਾਮਾਤਾਂ ਦੀਆਂ ਸ਼ਕਤੀਆਂ ਵਿੱਚ ਉਲਝ ਚੁੱਕੇ ਸਨ, ਬ੍ਰਾਹਮਣ ਸੁੱਚ ਧਰਮ ਨੂੰ ਤਿਆਗ ਕੇ ਮਲੇਸ਼ ਬਣ ਚੁੱਕੇ ਸਨ, ਕਾਜ਼ੀ-ਮੁੱਲਾਂ ਰਿਸ਼ਵਤੀ ਹੋ ਚੁੱਕੇ ਸਨ ਤੇ ਇਹ ਸਭ ਆਪੋ ਆਪਣੀ ਜਗ੍ਹਾ ਸਵੈ ਪ੍ਰਸਿੱਧੀ ਲਈ ਸ਼ਕਤੀਆਂ ਦਾ ਪ੍ਰਗਟਾਵਾ ਕਰ ਰਹੇ ਸਨ। ਇਨ੍ਹਾਂ ਮਲੇਸ਼ ਹੋ ਚੁੱਕੀਆਂ ਸ਼ਕਤੀਆਂ ਨੂੰ ਸੋਧਣ ਤੇ ਸਿੱਧੇ ਰਾਹ ਪਾਉਣ ਲਈ ਇਸ ਧਰਾਤਲ 'ਤੇ ਇੱਕ ਮਹਾਂ ਸ਼ਕਤੀ ਦੀ ਜ਼ਰੂਰਤ ਸੀ। ਇਸ ਲਈ

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥

ਇਸ ਤਰ੍ਹਾਂ ਕਲਿਯੁੱਗ ਨੂੰ ਨਾਮ ਦਾ ਆਸਰਾ ਦੇ ਕੇ ਤਾਰਨ ਲਈ ਕੱਤਕ ਦੀ ਪੂਰਨਮਾਸ਼ੀ ਸੰਮਤ 1526 (1469 ਈਸਵੀ) ਨੂੰ ਬਾਬਾ ਸ੍ਰੀ ਕਲਿਆਣ ਚੰਦ ਜੀ ਤੇ ਮਾਤਾ ਤ੍ਰਿਪਤਾ ਜੀ ਦੇ ਗ੍ਰਿਹ ਵਿਖੇ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਆਗਮਨ ਹੋਇਆ, ਅਥਵਾ:

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥

ਅਥਵਾ

ਕਲਿ ਤਾਰਣ ਗੁਰੁ ਨਾਨਕ ਆਇਆ॥

ਇਸ ਇਲਾਹੀ ਜੋਤ ਦੇ ਪ੍ਰਗਟ ਹੁੰਦਿਆਂ ਹੀ ਕੁਦਰਤ ਦੇ ਐਸੇ ਝਲਕਾਰੇ ਪੈਣੇ ਆਰੰਭ ਹੋਏ ਜਿਸ ਤੋਂ ਪ੍ਰਤੀਤ ਹੋਣ ਲੱਗਾ ਕਿ ਹੁਣ ਉਸ ਖੁਦਾ ਦੀ ਖ਼ਲਕਤ ਜ਼ੁਲਮਾਂ ਦੀ ਅੰਧਤਾਈ ਵਿੱਚੋਂ ਨਿਕਲ ਕੇ ਨਾਮ ਦੀ ਰੁਸ਼ਨਾਈ ਦਾ ਸੁਭਾਗ ਪ੍ਰਾਪਤ ਕਰ ਸਕੇਗੀ। ਸਭ ਤੋਂ ਪਹਿਲਾ ਇਹ ਅਨੁਭਵ ਦਾਈ ਦੌਲਤਾਂ ਨੂੰ ਪ੍ਰਤੀਤ ਹੋਇਆ। ਫਿਰ ਬੇਬੇ ਨਾਨਕੀ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਰੱਬ ਦਾ ਰੂਪ ਨਜ਼ਰੀਂ ਆਏ। ਫਿਰ ਅਨੇਕਾਂ ਹੋਰ ਵੀ ਕੌਤਕ ਵਾਪਰੇ ਜਿਵੇਂ ਵਿੰਦਿਆ ਪੜ੍ਹਾਉਣ ਵਾਲੇ ਗੋਪਾਲ ਪਾਂਧੇ ਨੂੰ ਅਦਭੁੱਤ ਭੇਦ ਦੱਸਣੇ। ਫਿਰ ਹਰਦਿਆਲ ਪੰਡਿਤ ਨੂੰ ਜਨੇਊ ਪਾਉਣ ਤੋਂ ਰੋਕ ਦੇਣਾ ਤੇ ਉਸ ਨੂੰ ਅਸਲੀ ਜਨੇਊ ਦੇ ਅਰਥ ਸਮਝਾ ਕੇ ਨਿਹਾਲ ਕਰ ਦੇਣਾ:

Scanned with CamScanner

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਥੀ ਤ ਪਾਡੇ ਘਤੁ॥

ਪਿਤਾ ਜੀ ਦੇ ਹੁਕਮਾਂ ਅਨੁਸਾਰ ਸੱਚਾ ਸੌਦਾ ਕਰਨਾ ਭਾਵ ਕਈ ਦਿਨਾਂ ਤੋਂ ਭੁੱਖੇ ਸਾਧੂਆਂ ਨੂੰ 20 ਰੁਪਏ ਦਾ ਲੰਗਰ ਛਕਾਉਣਾ, ਇਹ ਇੱਕ ਐਸੀ ਕਲਾ ਸੀ ਕਿ ਉਨ੍ਹਾਂ 20 ਰੁਪਇਆਂ ਦਾ ਲੰਗਰ ਦੁਨੀਆਂ ਭਰ ਦੇ ਗੁਰੂ ਘਰਾਂ ਤੇ ਸਿੱਖ ਸੰਗਤਾਂ ਵਿੱਚ ਹਮੇਸ਼ਾ ਲਈ ਅਤੁੱਟ ਵਰਤ ਰਿਹਾ ਹੈ। ਫਿਰ ਸ੍ਰੀ ਸੁਲਤਾਨਪੁਰ ਵਿਖੇ ਤੇਰਾਂ-ਤੇਰਾਂ ਦੀ ਧੁਨ ਨਾਲ ਗਰੀਬਾਂ ਦੀਆਂ ਝੋਲੀਆਂ ਭਰਨੀਆਂ ਤੇ ਮੋਦੀ ਖਾਨੇ ਦੇ ਹਿਸਾਬ ਵਿੱਚ ਵੀ ਫਰਕ ਨਾ ਪੈਣ ਦੇਣਾ। ਫਿਰ ਇਸੇ ਹੀ ਅਸਥਾਨ 'ਤੇ ਗੁਰਦੁਆਰਾ ਸੰਤ ਘਾਟ ਵਾਲੀ ਜਗ੍ਹਾ 'ਤੋਂ ਵੇਈਂ ਨਦੀ ਰਾਹੀਂ ਜਲ ਪ੍ਰਵੇਸ਼ ਕਰਕੇ ਸੱਚਖੰਡ ਜਾਣਾ, ਅਕਾਲ ਪੁਰਖ ਨੂੰ ਗੁਰੂ ਧਾਰਨ ਕਰਨਾ ਤੇ ਗੁਰਮੰਤਰ ਪ੍ਰਾਪਤ ਕਰਨਾ ਤੇ ਤੀਸਰੇ ਦਿਨ ਇਸੇ ਹੀ ਸਥਾਨ 'ਤੋਂ ਵੇਈਂ ਨਦੀ ਵਿੱਚੋਂ ਪ੍ਰਗਟ ਹੋ ਕੇ ਉਨ੍ਹਾਂ ਤਮਾਮ ਲੋਕਾਂ ਦੇ ਸ਼ੱਕ ਨਵਿਰਤ ਕਰ ਦੇਣੇ ਜੋ ਬੇਬੇ ਨਾਨਕੀ ਜੀ ਨੂੰ ਕਹਿ ਰਹੇ ਸਨ ਕਿ ਗੁਰੂ ਨਾਨਕ ਜੀ ਨਦੀ ਵਿੱਚ ਡੁੱਬ ਚੁੱਕੇ ਹਨ। ਫਿਰ ਸੱਚਖੰਡ ਤੋਂ ਪ੍ਰਾਪਤ ਹੋਏ ਮੂਲ ਮੰਤਰ ਦੀ ਬਖਸ਼ਿਸ਼ ਕਰਨੀ:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

ਫਿਰ ਆਪਣੇ ਸੱਚਖੰਡ ਜਾਣ ਦਾ ਭੇਦ ਖੋਲ੍ਹਿਆ ਕਿ ਅਸੀਂ ਅਕਾਲ ਪੁਰਖ ਤੋਂ ਇਹ ਮੂਲ ਮੰਤਰ ਪ੍ਰਾਪਤ ਕਰਕੇ ਆਏ ਹਾਂ ਜੋ ਸਭ ਜੀਆਂ ਨੂੰ ਤਾਰਨਹਾਰ ਹੈ। ਜੋ ਆਦਿ ਜੁਗਾਦਿ ਤੋਂ ਸੱਚਾ ਆਸਰਾ ਹੈ ਅਤੇ ਸਮੁੱਚੀ ਮਾਨਵਤਾ ਲਈ ਕਲਿਆਣਕਾਰੀ ਸਾਧਨ ਹੈ। ਇਹ ਧਰਮ ਦੇ ਖੇਤਰ ਵਿੱਚ ਆਜ਼ਾਦੀ ਦਾ ਸਭ ਤੋਂ ਪਹਿਲਾ ਕ੍ਰਿਸ਼ਮਾ ਸੀ।

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ

ਹਰ ਤਰ੍ਹਾਂ ਦੇ ਬੰਧਨ ਕੱਟ ਕੇ 'ਸਿੱਖੀ' ਨੂੰ ਕੌਮੀ ਹੈਸੀਅਤ ਵਿੱਚ ਸਥਾਪਤ ਕਰਨ ਲਈ ਨਵੀਆਂ ਪਿਰਤਾਂ ਪਾਈਆਂ। ਸਤਿਗੁਰੂ ਜੀ ਨੇ ਆਪਣੇ ਵਿਆਹ ਸਮੇਂ ਅੱਗ ਦੇ ਦੁਆਲੇ ਫੇਰੇ ਲੈਣ ਦੀ ਬਜਾਇ, ਮੰਜੀ ਸਾਹਿਬ ਉੱਪਰ ਮੂਲ ਮੰਤਰ ਦੀ ਲਿਖਤ ਨੂੰ ਸੁਸ਼ੋਭਿਤ ਕਰਕੇ ਪ੍ਰਕਰਮਾ ਕਰਦਿਆਂ ਲਾਵਾਂ ਲਈਆਂ। ਇਹ ਲਾਵਾਂ ਦੀ ਮੁੱਢਲੀ ਰੀਤ ਸੀ ਜਿਸਦਾ ਕੁੱਝ ਬੇਦ ਰੀਤੀ ਦੇ ਭਰਮ ਜਾਲ ਵਿੱਚ ਗ੍ਰਸੇ ਹੋਏ ਲੋਕਾਂ ਨੇ ਵਿਰੋਧ ਵੀ ਕੀਤਾ ਤੇ ਗੁਰੂ ਸਾਹਿਬ ਉੱਪਰ ਕੰਧ ਨੂੰ ਧੱਕਾ ਦੇ ਕੇ ਸੁੱਟਣ ਦੀ ਕੋਸ਼ਿਸ਼ ਕੀਤੀ। ਪਰ ਧੰਨ ਸਮਰੱਥ ਗੁਰੂ ਜਿਨ੍ਹਾਂ ਨੇ ਉਸ ਡਿਗੀ ਜਾਣ ਵਾਲੀ ਕੰਧ ਨੂੰ ਵੀ ਜੁੱਗਾਂ ਤੱਕ ਇਸਥਿਤ ਰਹਿਣ ਦਾ ਵਰ ਦਿੱਤਾ। ਜੋ ਅੱਜ ਵੀ ਬਟਾਲੇ ਸ਼ਹਿਰ ਵਿੱਚ 'ਗੁਰਦੁਆਰਾ ਕੰਧ ਸਾਹਿਬ' ਦੇ ਰੂਪ ਵਿੱਚ ਸੁਸ਼ੋਭਿਤ ਹੈ।

ਫਿਰ ਸ਼ਬਦ ਗੁਰੂ ਦੇ ਉਪਦੇਸ਼ ਅਤੇ ਪ੍ਰਚਾਰ ਲਈ ਚਾਰ ਉਦਾਸੀਆਂ ਕੀਤੀਆਂ। ਜਿਸ ਵਿੱਚ ਕਈ ਹਜ਼ਾਰ ਮੀਲਾਂ ਦਾ ਪੈਂਡਾ ਤੈਅ ਕਰਕੇ ਅਨੇਕਾਂ ਕੌਤਕ ਵਰਤਾਏ ਜਿਥੇ ਸਿੱਧਾਂ ਨੂੰ ਉਪਦੇਸ਼ ਦਿੰਦਿਆਂ ਸਤਿਗੁਰੂ ਜੀ ਨੇ ਉਨ੍ਹਾਂ ਦੀਆਂ ਲੰਮੀਆਂ ਉਮਰਾਂ ਅਤੇ ਰਿੱਧੀਆਂ-ਸਿੱਧੀਆਂ ਦੇ ਬਲ ਦਾ ਅਭਿਮਾਨ ਤੋੜਿਆ, ਉੱਥੇ ਪ੍ਰਭੂ ਮਿਲਾਪ ਦੀਆਂ ਜੁਗਤੀਆਂ ਵੀ ਸਮਝਾਈਆਂ। ਮਨ ਦੀ ਹਾਲਤ, ਮਨ ਦਾ ਟਿਕਾਉ, ਮਨ ਦਾ ਭੋਜਨ ਅਤੇ ਭਜਨ ਦੀਆਂ ਭੂਮਿਕਾਵਾਂ ਦੇ ਅੰਦਰੂਨੀ ਭੇਦ ਦੱਸ ਕੇ ਇਨ੍ਹਾਂ ਸਿੱਧਾਂ ਦੇ ਮਨਾਂ ਦੇ ਅਨੇਕਾਂ ਭਰਮ ਦੂਰ ਕੀਤੇ ਅਤੇ 'ਸ਼ਬਦ ਗੁਰੂ' ਦੀ ਮਹਾਨਤਾ ਤੋਂ ਜਾਣੂ ਕਰਵਾ ਕੇ ਵਾਹਿਗੁਰੂ ਨਾਲ ਜੋੜਿਆ ਅਤੇ ਦੱਸਿਆ ਕਿ ਗੁਰੂ ਕੇਵਲ ਗੁਰ ਦੱਸਣ ਵਾਲਾ, ਗਿਆਨ ਦੇਣ ਵਾਲਾ ਜਾਂ ਗੁਰ ਦੀਖਿਆ ਦੇਣ ਵਾਲਾ ਹੀ ਨਹੀਂ ਬਲਕਿ ਸ਼ਬਦ ਗੁਰੂ ਇੱਕ ਐਸੀ ਸ਼ਕਤੀ ਹੈ ਜੋ ਮੁਰਦਾ ਹੋ ਚੁੱਕੀ ਜੀਵ ਆਤਮਾ ਨੂੰ ਕਈ ਜਨਮਾਂ ਦੇ ਵਿਸ਼ੇ ਵਕਾਰਾਂ ਦੀ ਮੈਲ ਲਾਹ ਕੇ ਹਰਿਆ-ਭਰਿਆ ਤੇ ਅਮਰ ਕਰ ਦਿੰਦੀ ਹੈ:

ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ।
ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ॥

ਅਥਵਾ

ਵਡਭਾਗੀ ਗੁਰੁ ਪਾਇਆ ਮੇਰੀ ਜਿੰਦੁੜੀਏ ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ॥
ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ ਫਿਰਿ ਮਰਦਾ ਬਹੁੜਿ ਜੀਵਾਇਆ ਰਾਮ॥

ਇਸੇ ਤਰ੍ਹਾਂ ਜਿੱਥੇ ਕੌਡਾ ਰਾਕਸ਼, ਸੱਜਣ ਠੱਗ, ਵਲੀ ਕੰਧਾਰੀ ਵਰਗਿਆਂ ਦੇ ਝੂਠੇ ਅਭਿਮਾਨ ਨੂੰ ਮਿਟਾ ਕੇ

Scanned with CamScanner

ਸਿੱਧੇ ਰਸਤੇ ਪਾਇਆ ਉੱਥੇ ਉਨ੍ਹਾਂ ਲੋਕਾਂ ਨੂੰ ਵੀ ਛਾਤੀ ਨਾਲ ਲਾਇਆ ਜਿਨ੍ਹਾਂ ਨੂੰ ਪੱਛੜੇ, ਨੀਚ, ਲਿਤਾੜੇ ਤੇ ਸ਼ੂਦਰ ਆਦਿ ਕਹਿ ਕੇ ਦੁਰਕਾਰਿਆ ਗਿਆ ਸੀ। ਜਿਵੇਂ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਭਾਈ ਲਾਲੋ ਦੇ ਘਰ ਜਾ ਕੇ ਉਸ ਨੂੰ ਨਿਵਾਜਣਾ ਤੇ ਮਲਕ ਭਾਗੋ ਜੋ ਜ਼ੋਰ ਜਬਰਦਸਤੀ ਨਾਲ ਮਾਇਆਧਾਰੀ ਬਣਿਆ ਸੀ ਉਸ ਨੂੰ ਮੂੰਹ ਨਾ ਲਾਉਣਾ ਤੇ ਫਿਰ ਉੱਤਮ ਉਪਦੇਸ਼ ਰਾਹੀਂ ਉਸ ਨੂੰ ਵੀ ਸਿੱਧੇ ਰਾਹ ਪਾਉਣਾ ਅਤੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਉਪਦੇਸ਼ ਦੇਣਾ। ਉਪਰੰਤ ਸਵਰਨ ਜਾਤੀ ਬ੍ਰਾਹਮਣ ਲੋਕ ਜੋ ਸਿਰਫ ਆਪਣੇ ਆਪ ਨੂੰ ਹੀ ਧਰਮ ਕਮਾਉਣ ਦੇ ਦਾਅਵੇਦਾਰ ਮੰਨਦੇ ਸਨ ਪਰ ਅੰਦਰੋਂ ਦੰਡੀ ਤੇ ਪਾਖੰਡੀ ਸਨ, ਉਨ੍ਹਾਂ ਸਮੇਤ ਸਭ ਨੂੰ ਉਪਦੇਸ਼ ਦਿੱਤਾ ਕਿ ਪ੍ਰਮਾਤਮਾ ਦੇ ਦਰ 'ਤੇ ਕੋਈ ਉੱਚਾ ਜਾਂ ਨੀਵਾਂ ਨਹੀਂ ਬਲਕਿ ਪ੍ਰਭੂ ਭਗਤੀ ਕਰਨ ਵਾਲਾ ਹੀ ਉਸਦੇ ਨੇੜੇ ਹੈ ਅਥਵਾ ਪ੍ਰਮਾਤਮਾ ਗਰੀਬੀ ਗਦਾ ਵਿੱਚ ਜੀਵਨ ਬਸਰ ਕਰਨ ਵਾਲਿਆਂ ਨੂੰ ਵੱਧ ਪਿਆਰ ਕਰਦਾ ਹੈ

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਹੋਰ ਅਨੇਕਾਂ ਇਤਿਹਾਸਕ ਪ੍ਰਮਾਣ ਹਨ ਜਿਸ ਦੁਆਰਾ ਗੁਰੂ ਸਾਹਿਬ ਨੇ ਵੱਡੇ-ਵੱਡੇ ਹੰਕਾਰੀਆਂ ਦਾ ਅਭਿਮਾਨ ਤੋੜਿਆ ਤੇ ਨਿਮਾਣਿਆਂ, ਨਿਆਸਰਿਆਂ ਤੇ ਨਿਤਾਣਿਆਂ ਨੂੰ ਬਖਸ਼ਿਸ਼ਾਂ ਕੀਤੀਆਂ।

ਰਾਜੇ ਦਾ ਧਰਮ ਪਰਜਾ ਦੀ ਹਿਫਾਜ਼ਤ ਕਰਨਾ ਹੁੰਦਾ ਹੈ, ਪਰ ਰਾਜੇ ਆਪ ਹੀ ਜ਼ੁਲਮ ਕਮਾਉਣ ਲੱਗੇ, ਜਿਵੇਂ ਭਾਈ ਗੁਰਦਾਸ ਜੀ ਨੇ ਵਰਨਣ ਕੀਤਾ ਹੈ 'ਰਾਜੇ ਪਾਪ ਕਮਾਵਦੇ ਢੁਲਟੀ ਵਾੜ ਖੇਤ ਕਉ ਖਾਈ' ਜਿਨ੍ਹਾਂ ਦੇ ਜ਼ੁਲਮ ਤੋਂ ਪਰਜਾ ਦੁਖੀ ਹੋ ਕੇ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਸੀ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਜ਼ੁਲਮੀ ਰਾਜਿਆਂ ਨੂੰ ਪਾਪ ਜ਼ੁਲਮ ਤੋਂ ਵਰਜਣ ਲਈ ਇਉਂ ਫੁਰਮਾਇਆ:

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

ਭਾਵੇਂ ਵੱਡੇ-ਵੱਡੇ ਸਿੱਧ, ਜੋਗੀ, ਜਤੀ, ਪੀਰ ਆਪੋ ਆਪਣੀ ਮੰਨਤਾ-ਮਨੌਤ ਵਿੱਚ ਮਗਨ ਸਨ, ਪਰ ਮੌਕੇ ਦੇ ਰਾਜਿਆਂ ਵੱਲੋਂ ਕੀਤੇ ਜਾ ਰਹੇ ਪਾਪ ਜ਼ੁਲਮ ਵਿਰੁੱਧ ਕੋਈ ਆਵਾਜ਼ ਕੱਢਣ ਦੀ ਜੁਰਅਤ ਨਹੀਂ ਸੀ ਕਰਦਾ ਤੇ ਦੂਜੇ ਪਾਸੇ ਪੰਨ ਗੁਰੂ ਨਾਨਕ ਸਾਹਿਬ ਜੀ ਨੇ ਰਾਜ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਉਂਦਿਆਂ ਬਾਦਸ਼ਾਹ ਬਾਬਰ ਨੂੰ 'ਜਾਬਰ' ਕਹਿ ਕੇ ਨਿਰਭੈਤਾ ਨਾਲ ਇਹ ਬਚਨ ਉਚਾਰੇ ਸਨ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥

ਪਾਪ ਜ਼ੁਲਮ ਦੇ ਵਿਰੁੱਧ ਸਮੇਂ ਦੇ ਰਾਜਿਆਂ ਤੱਕ ਨੂੰ ਕੁੱਤਿਆਂ ਦੀ ਬਿਰਤੀ ਨਾਲ ਤੁਲਨਾ ਕਰਨੀ, ਇਹ ਜਿੱਥੇ ਗੁਰੂ ਸਾਹਿਬ ਦੀ ਨਿਰਭੈਤਾ ਸੀ ਉੱਥੇ ਪ੍ਰਮਾਤਮਾ ਦੇ ਰੱਬੀ ਹੁਕਮ ਨੂੰ ਪ੍ਰਗਟਾਉਣ ਦਾ ਦਿਲਾਹੀ ਵਰਤਾਰਾ ਵੀ ਸੀ। ਵੱਡੇ ਸਮਾਜਿਕ ਤੇ ਧਾਰਮਿਕ ਪਰਿਵਰਤਨ ਕਰਨ ਲਈ ਭਾਵੇਂ ਸਤਿਗੁਰੂ ਜੀ ਨੂੰ ਜੇਲ੍ਹ ਵੀ ਜਾਣਾ ਪਿਆ। ਕੁੱਝ ਭੁੱਲੜ ਲੋਕਾਂ ਵੱਲੋਂ ਕੁਰਾਹੀਆ ਵੀ ਕਿਹਾ ਗਿਆ। ਹੋਰ ਕਈ ਤਰ੍ਹਾਂ ਦੇ ਅਪਸ਼ਬਦ ਕਹੇ ਗਏ ਪਰ ਜੋ ਸਮੁੱਚੇ ਜਗਤ ਜਲੰਦੇ ਦੇ ਬੰਧਨ ਕੱਟਣ ਲਈ ਸੰਸਾਰ ਵਿੱਚ ਆਏ ਸਨ ਉਨ੍ਹਾਂ ਲਈ ਜੇਲ੍ਹ ਦੇ ਵਕਤੀ ਬੰਧਨ 'ਗੁਰਮੁਖ ਗਾਡੀ ਰਾਹ' ਵਿੱਚ ਰੁਕਾਵਟ ਕਿਵੇਂ ਬਣ ਸਕਦੇ ਸਨ? ਫਿਰ ਸਤਿਗੁਰੂ ਜੀ ਨੇ ਹਰ ਜਾਤ, ਧਰਮ ਦੇ ਮੁਖੀਆਂ ਨੂੰ ਧਰਮ ਦੀ ਅਸਲੀਅਤ ਤੋਂ ਜਾਣੂੰ ਕਰਵਾਇਆ। ਭਾਵੇਂ ਗੰਗਾ ਨਦੀ ਵਿੱਚ ਪਿਤਰਾਂ ਨੂੰ ਪਾਣੀ ਦੇਣ ਵਾਲੇ ਪੰਡਿਤ ਸਨ ਜਿਨ੍ਹਾਂ ਦੇ ਵਹਿਮ-ਭਰਮ ਦੀ ਨਵਿਰਤੀ ਕਰਕੇ ਅਸਲੀਅਤ ਤੋਂ ਜਾਣੂੰ ਕਰਵਾਇਆ। ਸੁਲਤਾਨਪੁਰ ਵਿਖੇ ਹੀ ਕਾਜੀ ਅਤੇ ਨਵਾਬ ਆਦਿ ਨੂੰ ਮਸੀਤ ਵਿੱਚ ਨਮਾਜ ਪੜ੍ਹਦਿਆਂ ਨੂੰ ਦਰਸਾਇਆ ਕਿ ਖੁਦਾ ਦੇ ਭੇਦ ਨੂੰ ਸਮਝਣ ਲਈ ਨਮਾਜ ਸਮੇਂ ਖੁਦਾ ਵਿੱਚ ਬਿਰਤੀ ਟਿਕਾਉਣੀ ਚਾਹੀਦੀ ਹੈ ਨਾ ਕਿ ਘਰੇਲੂ ਕੰਮਾਂ ਜਾਂ ਵਪਾਰਾਂ ਵਿੱਚ ਤੇ ਅੱਲ੍ਹਾ ਦੇ ਇਲਾਹੀ ਭੇਦ ਸਮਝਾਏ:

Scanned with CamScanner

ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ ॥
ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ ॥

ਇਸ ਤਰ੍ਹਾਂ ਦੇ ਹੋਰ ਵੀ ਰੱਬੀ ਉਪਦੇਸ਼ ਦਿੱਤੇ ਜਿਸ ਕਾਰਨ ਵੱਡੇ-ਵੱਡੇ ਕਾਜੀ, ਸਾਂਈ ਫਕੀਰ ਗੁਰੂ ਸਾਹਿਬ ਦੇ ਸ਼ਰਧਾਲੂ ਬਣੇ। ਇਸੇ ਤਰ੍ਹਾਂ ਬ੍ਰਾਹਮਣ ਲੋਕਾਂ ਨੂੰ ਉਪਦੇਸ਼ ਦਿੰਦਿਆਂ ਸਤਿਗੁਰੂ ਜੀ ਨੇ ਫੁਰਮਾਇਆ:

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ਜਪੁ ਤਪੁ ਸੰਜਮੁ ਕਮਾਵੈ ਕਰਮੁ ॥
ਸੀਲ ਸੰਤੋਖ ਕਾ ਰਖੈ ਧਰਮੁ ਬੰਧਨ ਤੋੜੈ ਹੋਵੈ ਮੁਕਤੁ ॥
ਸੋਈ ਬ੍ਰਹਮਣੁ ਪੂਜਣ ਜੁਗਤੁ ॥

ਇਸ ਤਰ੍ਹਾਂ ਬੇਅੰਤ ਉਪਦੇਸ਼ ਬਖਸ਼ ਕੇ ਪੰਡਿਤ ਲੋਕਾਂ ਨੂੰ ਜਾਤੀ ਅਭਿਮਾਨ ਵਿੱਚੋਂ ਕੱਢ ਕੇ ਪ੍ਰਭੂ ਸਿਮਰਨ ਨਾਲ ਜੋੜਿਆ ਅਤੇ ਦੁਨਿਆਵੀ ਪ੍ਰੇਮ ਪ੍ਰੀਤੀਆਂ ਨਾਲੋਂ ਪ੍ਰਭੂ ਦੀ ਪ੍ਰੇਮਾ ਭਗਤੀ ਦਾ ਵਰਨਣ ਕਰਦਿਆਂ ਉਪਦੇਸ਼ ਦਿੱਤਾ ਕਿ ਪ੍ਰਮਾਤਮਾ ਨਾਲ ਪ੍ਰੇਮ ਦੀ ਖੇਡ ਖੇਡਣ ਲਈ ਉਸਦੀ ਪ੍ਰਤੀਤ ਦੇ ਪਾਤਰ ਬਨਣਾ ਜ਼ਰੂਰੀ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਦਾ ਉਪਦੇਸ਼ ਬਖਸ਼ਿਆ ਫਿਰ ਆਪ ਸਰਬ ਸ਼ਕਤੀਮਾਨ ਹੋਣ ਦੇ ਬਾਵਜੂਦ ਅਤਿ ਨਿਮਰਤਾ ਅਤੇ ਸਾਧਾਰਨ ਕਿਸਮ ਦੇ ਵਿਵਹਾਰ ਦੁਆਰਾ ਵੀ ਅਨੇਕਾਂ ਉਪਦੇਸ਼ ਬਖਸ਼ੇ। ਜਿਵੇਂ ਦੂਸਰੇ ਪਾਤਿਸ਼ਾਹ ਭਾਈ ਲਹਿਣਾ ਦੇ ਰੂਪ ਵਿੱਚ ਆਪ ਜੀ ਪਾਸ ਆਏ ਅਤੇ ਆਪ ਜੀ ਨੂੰ ਹੀ ਪੁੱਛਿਆ ਕਿ ਅਸੀਂ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨੇ ਹਨ ਤਾਂ ਸਮਰੱਥ ਗੁਰੂ, ਭਾਈ ਲਹਿਣੇ ਦੀ ਘੋੜੀ ਦੀ ਵਾਗ ਫੜ੍ਹ ਕੇ ਅੱਗੇ-ਅੱਗੇ ਤੁਰ ਪਏ ਤੇ ਕਰਤਾਰਪੁਰ ਸਾਹਿਬ ਅਸਥਾਨ 'ਤੇ ਪੁੱਜ ਕੇ ਭਾਈ ਲਹਿਣੇ ਨੂੰ ਪਤਾ ਲੱਗਾ ਕਿ ਇਹ ਤਾਂ ਆਪ ਹੀ ਗੁਰੂ ਨਾਨਕ ਸਾਹਿਬ ਹਨ। ਹੁਣ ਭਾਈ ਲਹਿਣਾ ਜੀ ਸਤਿਗੁਰੂ ਜੀ ਦੇ ਦਰਸ਼ਨ ਵੀ ਕਰ ਰਹੇ ਹਨ ਅਤੇ ਮਨ ਹੀ ਮਨ ਵਿੱਚ ਗਦ-ਗਦ ਹਨ ਕਿ ਐਸੇ ਗੁਰੂ ਤਾਂ ਬਹੁਤ ਵੱਡਿਆਂ ਭਾਗਾਂ ਨਾਲ ਹੀ ਪ੍ਰਾਪਤ ਹੋ ਸਕਦੇ ਹਨ। ਬੱਸ ਫਿਰ ਭਾਈ ਲਹਿਣਾ ਹਮੇਸ਼ਾ ਲਈ ਗੁਰੂ ਦੇ ਸੇਵਕ ਬਣ ਗਏ। ਕੇਵਲ ਸੇਵਕ ਹੀ ਨਹੀਂ ਬਲਕਿ ਉਨ੍ਹਾਂ ਦਾ ਰੂਪ ਗੁਰੂ ਅੰਗਦ ਬਣ ਗਏ।

ਸਤਿਗੁਰੂ ਜੀ ਵੱਲੋਂ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਅਧਿਆਤਮਿਕ ਖੇਤਰ ਵਿੱਚ ਇਨਕਲਾਬੀ ਤਬਦੀਲੀਆਂ ਤਾਂ ਪ੍ਰਤੱਖ ਹੀ ਸਨ ਅਤੇ ਨਾਲ ਹੀ ਹਰ ਧਰਮ ਨੂੰ ਮਨੁੱਖਾ ਜਨਮ ਦੀ ਮਹੱਤਤਾ, ਉਨ੍ਹਾਂ ਦੇ ਹੀ ਧਰਮ ਦੁਆਰਾ ਪ੍ਰਭੂ ਮਿਲਾਪ ਦੀ ਜੁਗਤੀ ਦੇ ਨਿਰਾਲੇ ਢੰਗ ਤਰੀਕੇ ਸਮਝਾ ਦੇਣੇ, ਇਹ ਸਤਿਗੁਰੂ ਜੀ ਦੀ ਵਿਲੱਖਣਤਾ ਹੈ। ਫਿਰ ਗੁਰੂ ਸਾਹਿਬ ਨੇ ਇਸ 'ਨਿਰਮਲ ਪੰਥ' ਤੋਂ 'ਖ਼ਾਲਸਾ ਪੰਥ' ਦੇ ਸਫਰ ਤੱਕ ਦਸ ਸਰੂਪ ਧਾਰਨ ਕੀਤੇ ਜਿਸ-ਦੌਰਾਨ ਇਲਾਹੀ ਬਾਣੀ ਦੀ ਲਿਖਤ ਲਈ ਗੁਰਮੁਖੀ ਅੱਖਰ ਤੇ ਸਮੁੱਚੀ ਭਾਸ਼ਾ ਆਪ ਤਿਆਰ ਕਰਨੀ, ਹੱਥੀਂ ਸੇਵਾ ਕਰਕੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੀ ਉਸਾਰੀ ਕਰਨੀ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅੰਮ੍ਰਿਤ ਸਰੋਵਰ ਤਿਆਰ ਕਰਵਾਉਣਾ, ਇਸੇ ਅੰਮ੍ਰਿਤ ਸਰੋਵਰ ਵਿੱਚ ਸੱਚਖੰਡ ਸ੍ਰੀ ਦਰਬਾਰ ਸਾਹਿਬ ਸਥਾਪਤ ਕਰ ਦੇਣਾ ਤੇ ਖੰਡਾਂ ਬ੍ਰਹਮੰਡਾਂ ਵਿੱਚੋਂ ਇਸਦੀ ਵਿਲੱਖਣਤਾ ਜ਼ਾਹਿਰ ਕਰਦਿਆਂ, ਇਹ ਫੁਰਮਾਇਆ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥

ਇਸ ਅੰਮ੍ਰਿਤ ਸਰੋਵਰ ਦੁਆਰਾ ਬੇਅੰਤ ਸਰੀਰਕ ਤੇ ਮਾਨਸਿਕ ਰੋਗੀਆਂ ਨੂੰ ਰੋਗ ਰਹਿਤ ਕਰ ਦੇਣਾ ਤੇ ਗੁਰਬਾਣੀ ਲਿਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਦਾ ਪ੍ਰਕਾਸ਼ ਕਰਨ ਉਪਰੰਤ ਆਪ ਸੰਗਤ ਵਿੱਚ ਸਜ ਜਾਣਾ ਤੇ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ੫ ॥

ਧਰਮ, ਹੱਕ-ਸੱਚ ਦੀ ਖਾਤਿਰ ਸ਼ਾਂਤਮਈ ਸ਼ਹਾਦਤ ਦੇਣੀ, ਫਿਰ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਮੀਰੀ-ਪੀਰੀ ਦਾ ਸਿਧਾਂਤ ਦ੍ਰਿੜ੍ਹ ਕਰਵਾਉਣਾ, ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਹੋ ਜਾਣਾ, 'ਬੰਦੀ ਛੋੜ ਦਾਤਾ' ਬਣ ਲੰਮੇ ਸਮੇਂ ਤੋਂ ਕੈਦ ਕੀਤੇ ਹੋਏ ਹਿੰਦੂ ਰਾਜਿਆਂ ਨੂੰ ਰਿਹਾ ਕਰਵਾ ਕੇ ਸਮੇਂ ਦੇ ਹਾਕਮਾਂ ਦੀ ਰਾਜ ਸੱਤਾ ਦਾ

Scanned with CamScanner

ਅਭਿਮਾਨ ਤੋੜਿਆ, ਜ਼ੁਲਮ ਦੇ ਵਿਰੁੱਧ ਯੁੱਧ ਲੜਨਾ, ਵੱਡੇ-ਵੱਡੇ ਜ਼ਾਲਮ ਜਰਨੈਲਾਂ ਨੂੰ ਲੋਹੇ ਦੇ ਚਨੇ ਚਬਾਉਣੇ, ਜ਼ਾਲਮ ਲੋਕਾਂ ਦੇ ਨੱਕ ਵਿੱਚ ਨਕੇਲਾਂ ਪਾ ਦੇਣੀਆਂ ਇਸੇ ਮਿਸ਼ਨ ਨੂੰ ਅੱਗੇ ਤੋਰਦਿਆਂ ਗੁਰਬਾਣੀ ਦਾ ਪੂਰਨ ਸਤਿਕਾਰ ਕਰਨਾ ਗੁਰਬਾਣੀ ਦਾ ਇੱਕ ਹੀ ਅੱਖਰ ਬਦਲਣ 'ਤੇ ਆਪਣੇ ਹੀ ਪੁੱਤਰ ਰਾਮਰਾਏ ਨਾਲੋਂ ਗੁਰੂ ਘਰ ਦਾ ਨਾਤਾ ਤੋੜ ਲੈਣਾ ਤੇ ਉਸ ਨੂੰ ਮੂੰਹ ਨਾ ਲਾਉਣਾ। ਇਹ ਭਵਿੱਖ ਲਈ ਸਭ ਸਿੱਖਾਂ ਵਾਸਤੇ ਅਨਮੋਲ ਸਿੱਖਿਆ ਹੈ ਕਿ ਗੁਰਬਾਣੀ ਪੂਰੀ ਤਰ੍ਹਾਂ ਸ਼ੁੱਧ ਹੈ ਇਸ ਲਈ ਕੋਈ ਵੀ ਵਿਅਕਤੀ ਗੁਰਬਾਣੀ ਉੱਪਰ ਕਲਮ ਚੁੱਕਣ ਦੀ ਗਲਤੀ ਨਾ ਕਰੇ। ਫਿਰ ਬਾਲਕ ਅਵਸਥਾ ਵਿੱਚ ਗੁਰੂ ਪਦਵੀ ਗ੍ਰਹਿਣ ਕਰਕੇ ਗੂੰਗੇ ਅਤੇ ਬੋਲੇ ਵਿਅਕਤੀ ਤੋਂ ਗੀਤਾ ਦੇ ਅਰਥ ਕਰਵਾ ਕਰਵਾ ਕੇ ਵਿੱਦਿਆ ਅਭਿਮਾਨੀਆਂ ਦਾ ਹੰਕਾਰ ਤੋੜਨਾ, ਰੋਗੀਆਂ ਦੀ ਹੱਥੀਂ ਸੇਵਾ ਕਰਨੀ ਤੇ ਜਾਬਰ ਬਾਦਸ਼ਾਹ ਦੇ ਮੱਥੇ ਨਾ ਲੱਗਣ ਦਾ ਪ੍ਰਣ ਨਿਭਾਉਣਾ। ਨਿਆਰੀ ਸਿੱਖ ਕੌਮ ਦੇ ਸਹਿਬਰ ਹੁੰਦਿਆਂ ਕਿਸੇ ਦੂਜੇ ਧਰਮ ਦੇ ਧਾਰਮਿਕ ਚਿੰਨ੍ਹ ਤਿਲਕ ਜੰਞੂ ਦੀ ਰਾਖੀ ਦਾ ਪਰਉਪਕਾਰ ਕਰਦੇ ਹੋਏ ਜ਼ੁਲਮੀ ਰਾਜ ਦੇ ਵਿਰੁੱਧ ਆਪਣੇ ਸਰੀਰ ਦਾ ਠੀਕਰਾ ਭੇਨ ਦੇਣਾ

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥ .....
ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥ .....
ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ॥
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ॥੧੫॥

ਦੁਨੀਆਂ ਵਿੱਚ ਕਿਧਰੇ ਵੀ ਐਸੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਦੂਸਰੇ ਧਰਮ ਦੀ ਖਾਤਰ ਕਿਸੇ ਪੀਰ-ਪੈਗੰਬਰ, ਅਵਤਾਰ ਨੇ ਆਪਣੀ ਸ਼ਹਾਦਤ ਦਿੱਤੀ ਹੋਵੇ। ਇਹ ਕੇਵਲ ਤੇ ਕੇਵਲ ਗੁਰੂ ਨਾਨਕ ਸਾਹਿਬ ਦਾ ਹੀ ਮਿਸ਼ਨ ਹੈ ਕਿ ਦੂਸਰੇ ਧਰਮ ਦੀ ਰਾਖੀ ਕਰਦਿਆਂ ਆਪਣੇ ਆਪ ਨੂੰ ਕੁਰਬਾਨ ਕਰ ਦੇਣਾ, ਫਿਰ ਇਸ 'ਨਿਰਮਲ ਪੰਥ' ਨੂੰ 'ਖ਼ਾਲਸਾ ਪੰਥ' ਵਿੱਚ ਤਬਦੀਲ ਕਰਨ ਲਈ ਇਲਾਹੀ ਕੌਤਕ ਵਰਤਾਉਣੇ। ਲੱਖਾਂ ਸੰਗਤਾਂ ਵਿੱਚ ਪੰਜ ਸਿੱਖਾਂ ਦੇ ਸਿਰ ਮੰਗਣੇ ਤੇ ਇਕੱਲੇ-ਇਕੱਲੇ ਦਾ ਸਿਰ ਧੜ ਨਾਲੋਂ ਅਲੱਗ ਕਰ ਦੇਣਾ ਤੇ ਫਿਰ ਉਨ੍ਹਾਂ ਨੂੰ ਜੋੜ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣਾ ਤੇ ਉਨ੍ਹਾਂ ਨੂੰ 'ਪੰਜਾਂ ਪਿਆਰਿਆਂ' ਦਾ ਖਿਤਾਬ ਦੇਣਾ, ਚਰਨਾਮ੍ਰਿਤ ਦੀ ਰੀਤ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਮਰਿਆਦਾ ਵਿੱਚ ਤਬਦੀਲ ਕਰਕੇ ਹਮੇਸ਼ਾ ਲਈ ਗੁਰੂ ਧਾਰਨ ਕਰਨ ਦਾ ਢੰਗ ਸਿਖਾ ਦੇਣਾ। ਧਰਮ ਦੀ ਖਾਤਰ ਯੁੱਧ ਲੜਨੇ, ਚਾਰੇ ਸਹਿਬਜ਼ਾਦਿਆਂ ਸਮੇਤ ਸਮੁੱਚਾ ਪਰਿਵਾਰ ਕੁਰਬਾਨ ਕਰਕੇ ਪੰਥ ਦੀ ਵਿਲੱਖਣਤਾ ਪ੍ਰਗਟਾਉਂਦਿਆਂ ਇਹ ਬਚਨ ਕਹਿ ਦੇਣੇ "ਪੰਥ ਵਸੈ ਮੈਂ ਉਜੜਾਂ, ਮਨ ਚਾਉ ਘਨੇਰਾ" ਆਪਣੀ ਰਸਨਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ '੧ਓ ਤੋਂ ਅਠਾਰਹ ਦਸ ਬੀਸ' ਤੱਕ ਆਪ ਲਿਖਵਾਉਣੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇ ਕੇ ਫਿਰ ਸਭ ਸਿੱਖਾਂ ਨੂੰ ਹੁਕਮ ਕਰ ਦੇਣਾ:

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਫਿਰ ਧੰਨ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਤੱਕ ਜੋ ਸਿਧਾਂਤ, ਗੁਰਮਤਿ, ਰਹਿਤ, ਗੁਰਬਾਣੀ ਦਾ ਸ਼ੁੱਧ ਉਚਾਰਣ, ਅਰਥ ਬੋਧ ਤੇ ਗੁਰਤਾ ਗੱਦੀ ਦੇਣ ਸਮੇਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ ਨੂੰ ਹੂ-ਬ-ਹੂ ਸਰੂਪ ਵਿੱਚ ਰੱਖ ਕੇ ਗੁਰਸਿੱਖ ਸੰਗਤਾਂ ਨੂੰ ਗੁਰੂ ਸਿਧਾਂਤ ਦੇ ਉਪਦੇਸ਼ ਦੀ ਸੇਵਾ ਲਈ ਦਮਦਮੀ ਟਕਸਾਲ ਦੀ ਸਥਾਪਨਾ ਕੀਤੀ। ਬਾਬਾ ਦੀਪ ਸਿੰਘ ਜੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਜਥੇਦਾਰ ਥਾਪ ਕੇ ਗੁਰਬਾਣੀ ਦੇ ਪ੍ਰਚਾਰ ਹਿੱਤ ਸੇਵਾ ਸੌਂਪੀ ਤੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਥਾਪ ਕੇ ਗੁਰਬਾਣੀ ਦੇ ਅਰਥ ਬੋਧ ਪੜ੍ਹਾਉਣ ਦੀ ਸੇਵਾ ਸੌਂਪੀ।

ਗੁਰੂ ਸਾਹਿਬ ਵੱਲੋਂ ਸਥਾਪਤ ਕੀਤੀ ਇਸ ਦਮਦਮੀ ਟਕਸਾਲ ਦੇ ਮੁਖੀ ਮਹਾਂਪੁਰਖਾਂ ਨੇ ਇਸ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ। ਜਿਵੇਂ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਜਿੱਥੇ ਗੁਰਬਾਣੀ ਦੇ ਸਰੂਪ ਹੱਥੀਂ ਲਿਖ ਕੇ ਸੇਵਾ ਕੀਤੀ, ਉੱਥੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਨਾ ਸਹਾਰਦਿਆਂ ਹੋਇਆਂ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾਵਰ ਹੁਕਮਰਾਨਾਂ ਨਾਲ ਯੁੱਧ ਲੜਿਆ। ਇਤਿਹਾਸ ਗਵਾਹ ਹੈ ਕਿ ਯੁੱਧ ਲੜਦਿਆਂ ਸੀਸ ਧੜ ਨਾਲੋਂ ਅਲੱਗ ਹੋ ਜਾਣ ਦੇ ਬਾਵਜੂਦ ਵੀ ਖੱਬੇ ਹੱਥ ਦੀ ਤਲੀ 'ਤੇ ਸੀਸ ਰੱਖ ਕੇ ਕਈ ਮੀਲਾਂ ਤੱਕ ਖੰਡਾ ਵਾਹੁੰਦਿਆਂ ਹੋਇਆ ਯੁੱਧ ਲੜਿਆ ਤੇ

Scanned with CamScanner

ਗੁਰੂ ਚਰਨਾਂ ਵਿੱਚ ਕੀਤੀ ਅਰਦਾਸ ਪੂਰੀ ਹੋਈ, ਜਦੋਂ ਬਾਬਾ ਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਆਪਣਾ ਸੀਸ ਭੇਟ ਕਰਕੇ ਫਰਿਹ ਖ਼ੁਲਾਈ ਤੇ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ। ਇਸੇ ਤਰ੍ਹਾਂ ਟਕਸਾਲ ਦੇ ਦੂਸਰੇ ਮੁਖੀ ਸਿੰਘ ਸਾਹਿਬ ਬਾਬਾ ਗੁਰਬਖਸ਼ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿਰਫ 30 ਸਿੰਘਾਂ ਸਮੇਤ ਕਈ ਹਜ਼ਾਰ ਮੁਗਲੀਆ ਫੌਜਾਂ ਨਾਲ ਸੈਂਕੜੇ ਭੀਰ ਵੱਜਣ ਦੇ ਬਾਵਜੂਦ ਵੀ ਯੁੱਧ ਲੜਿਆ ਅਤੇ ਸ਼ਹਾਦਤ ਦਿੱਤੀ ਤੇ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ। ਇਸੇ ਤਰ੍ਹਾਂ ਵੱਖ-ਵੱਖ ਸਮੇਂ ਗੁਰੂ ਸਿਧਾਂਤ ਮੁਤਾਬਕ ਗੁਰਮਤਿ ਪ੍ਰਚਾਰ ਕਰਦਿਆਂ, ਜੇਕਰ ਕਿਸੇ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਤ ਜਾਂ ਤਰਤੀਬ ਵਿੱਚ ਤਬਦੀਲੀ ਕੀਤੀ ਤਾਂ ਟਕਸਾਲ ਦੇ ਮੁਖੀ ਮਹਾਂਪੁਰਖਾਂ ਨੇ ਉਨ੍ਹਾਂ ਨੂੰ ਦਲੀਲ ਸਹਿਤ ਸਮਝਾ ਕੇ ਅਜਿਹੀ ਕੁਤਾਹੀ ਤੋਂ ਵਰਜਿਆ ਤੇ ਗੁਰਬਾਣੀ ਦੇ ਅਦਬ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਸੇਵਾ ਨਿਭਾਈ।

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥

ਸਿੱਖ ਸਿਧਾਂਤਾਂ ਨੂੰ ਮੁੱਖ ਰੱਖਦਿਆਂ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੱਚੀਆਂ ਤੇ ਸਪੱਸ਼ਟ ਗੱਲਾਂ ਮੂੰਹ 'ਤੇ ਕਹਿ ਕੇ ਝੰਜੋੜ ਦੇਣਾ ਟਕਸਾਲ ਦੇ ਮੁਖੀ ਮਹਾਪੁਰਖਾਂ ਦੇ ਹਿੱਸੇ ਹੀ ਆਇਆ ਹੈ। ਇਸੇ ਤਰ੍ਹਾਂ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਦੇ ਪਾਂਧੀ ਬਣ ਕੇ ਕਲਗੀਧਰ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਧਰਮ ਪ੍ਰਚਾਰ ਕੀਤਾ, ਅੰਮ੍ਰਿਤ ਸੰਚਾਰ ਦੀ ਲਹਿਰ ਚਲਾਈ, ਸਮੇਂ ਦੀ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਝੂਠੀ ਇਲਜ਼ਾਮਬਾਜ਼ੀ ਨੂੰ ਦੁਨੀਆਂ ਵਿੱਚ ਬੇਪਰਦ ਕਰਨ ਲਈ ਜੇਲ੍ਹ ਯਾਤਰਾ ਵੀ ਕੀਤੀ। ਜੇਲ੍ਹ ਵਿੱਚੋਂ ਬਾ-ਇੱਜ਼ਤ ਬਰੀ ਹੋ ਕੇ ਹੱਕ, ਸੱਚ ਤੇ ਗੌਰਵ ਨਾਲ ਆਜ਼ਾਦ ਜ਼ਿੰਦਗੀ ਜਿਉਣ ਲਈ ਸਿੱਖ ਕੌਮ ਨੂੰ ਹਲੂਣਾ ਦਿੱਤਾ। ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਪੱਤਰ ਲਿਖ ਕੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਬਾਰੇ ਨਿਰਭੈਤਾ ਨਾਲ ਸਪੱਸ਼ਟ ਕਰਨਾ ਤੇ ਅਖੀਰ ਭਾਰਤੀ ਫੌਜ ਵੱਲੋਂ ਬਿਨ੍ਹਾਂ ਕਾਰਨ ਹੀ ਸ੍ਰੀ ਦਰਬਾਰ ਸਾਹਿਬ ਉੱਪਰ 1984 ਵਿੱਚ ਕੀਤੇ ਗਏ ਹਮਲੇ ਵਿਰੁੱਧ ਉਸੇ ਤਰ੍ਹਾਂ ਯੁੱਧ ਲੜਿਆ, ਜਿਵੇਂ ਗੁਰੂ ਸਾਹਿਬ ਵੱਲੋਂ ਸਥਾਪਤ ਦਮਦਮੀ ਟਕਸਾਲ ਦੇ ਪਹਿਲੇ ਮੁਖੀਆਂ ਸ਼ਹੀਦ ਬਾਬਾ ਦੀਪ ਸਿੰਘ ਤੇ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਨੇ ਯੁੱਧ ਦੀ ਰੀਤ ਨਿਭਾਈ ਸੀ।

ਇਹ ਧੰਨ ਗੁਰੂ ਨਾਨਕ ਸਾਹਿਬ ਦੀ ਕ੍ਰਿਪਾ ਹੈ ਕਿ ਉਨ੍ਹਾਂ ਵੱਲੋਂ ਚਲਾਏ ਮਿਸ਼ਨ ਨੂੰ ਜਾਰੀ ਰੱਖਣ ਲਈ, ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਲਈ, ਉਨ੍ਹਾਂ ਦੀ ਆਪਣੀ ਹੀ ਕਲਾ ਵਾਪਰ ਰਹੀ ਹੈ। ਇਸ ਲਈ ਅੱਜ ਧੰਨ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਅਵਤਾਰ ਪੁਰਬ ਮੌਕੇ ਸਮੂਹ ਨਾਮਲੇਵਾ ਸੰਗਤਾਂ ਨੂੰ ਇਹ ਕਿਤਾਬ ਸਮਰਪਿਤ ਕੀਤੀ ਜਾ ਰਹੀ ਹੈ। ਗੁਰੂ ਸਾਹਿਬ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਉਹ ਆਪਣੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਇਸ ਲੇਖਣੀ ਵਿੱਚ ਹੋਈਆਂ ਭੁੱਲਾਂ ਗਲਤੀਆਂ ਨੂੰ ਖਿਮਾ ਕਰ ਦੇਣ।

ooo

Scanned with CamScanner

ਪਰਿਵਾਰ ਸਬੰਧੀ ਜਾਣਕਾਰੀ

ਪੰਜਾਬ ਦੇ ਲਗਭਗ ਵਿਚਕਾਰ ਪੈਂਦੇ ਸ਼ਹਿਰ ਮੋਗਾ ਤੋਂ ਕੋਟਕਪੂਰਾ ਰੋਡ 'ਤੇ ਮੋਗਾ ਤੋਂ ਕਰੀਬ 30 ਕਿਲੋਮੀਟਰ ਦੀ ਦੂਰੀ ਤੇ ਪੈਂਦੇ ਪਿੰਡ ਰੋਡੇ ਦੇ ਵਸਨੀਕ ਸ. ਹਰਨਾਮ ਸਿੰਘ ਅਤੇ ਸ. ਜਵਾਲਾ ਸਿੰਘ ਦੋ ਭਰਾ ਸਨ। ਨਗਰ ਰੋਡੇ ਵਿੱਚ ਹੀ ਸੰਤ ਹਰੀ ਸਿੰਘ ਜੀ ਹੋਏ ਹਨ ਜੋ ਅੰਮ੍ਰਿਤਧਾਰੀ ਨਿੱਤ ਨੇਮੀ ਰਹਿਤਵਾਨ ਮਹਾਂਪੁਰਖ ਸਨ। ਇਸੇ ਹੀ ਪਿੰਡ ਦੇ ਸੰਤ ਕ੍ਰਿਪਾਲ ਸਿੰਘ ਜੀ ਹੋਏ ਹਨ ਉਹ ਵੀ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਭਜਨ ਬੰਦਗੀ ਵਾਲੇ ਸਨ। ਇਨ੍ਹਾਂ ਸੰਤਾਂ ਨਾਲ ਸ. ਹਰਨਾਮ ਸਿੰਘ ਅਤੇ ਭਾਈ ਜਵਾਲਾ ਸਿੰਘ ਦਾ ਚੰਗਾ ਸਹਿਚਾਰ ਸੀ। ਭਾਈ ਜਵਾਲਾ ਸਿੰਘ ਜੀ ਚੰਗੇ ਸੰਤ ਸੇਵੀ ਸਨ। ਇਨ੍ਹਾਂ ਨੇ ਗ੍ਰਹਿਸਥ ਜੀਵਨ ਧਾਰਨ ਨਹੀਂ ਸੀ ਕੀਤਾ ਅਤੇ ਭਾਈ ਹਰਨਾਮ ਸਿੰਘ ਦਾ ਆਨੰਦ ਕਾਰਜ ਪਿੰਡ ਹੇਰਾਂ (ਮੋਗਾ) ਨਿਵਾਸੀ ਬੀਬੀ ਨੰਦ ਕੌਰ ਨਾਲ ਹੋਇਆ। ਭਾਈ ਹਰਨਾਮ ਸਿੰਘ ਜੀ ਦੇ ਪਹਿਲੇ ਦੋ ਪੁੱਤਰਾਂ ਦੀ ਜਨਮ ਸਮੇਂ ਹੀ ਮੌਤ ਹੋ ਗਈ ਸੀ। ਫਿਰ ਤੀਸਰਾ ਪੁੱਤਰ ਸੱਜਣ ਸਿੰਘ, ਚੌਥਾ ਜੋਗਿੰਦਰ ਸਿੰਘ, ਪੰਜਵਾਂ ਨਰਿੰਦਰ ਸਿੰਘ ਅਤੇ ਦੋ ਧੀਆਂ ਹਰ ਕੌਰ ਅਤੇ ਜਸਪਾਲ ਕੌਰ ਪੈਦਾ ਹੋਈਆਂ।

ਸ. ਹਰਨਾਮ ਸਿੰਘ ਨੇ ਆਪਣੇ ਦੋ ਪੁੱਤਰਾਂ ਦੀ ਕੁੜਮਾਈ ਕਰ ਦਿੱਤੀ। ਭਾਈ ਸੱਜਣ ਸਿੰਘ ਦੀ ਕੁੜਮਾਈ ਪਿੰਡ ਗਾਲਬ ਕਲਾਂ ਸੂਬੇਦਾਰ ਬਚਨ ਸਿੰਘ ਦੀ ਪੁੱਤਰੀ ਬੀਬੀ ਨਿਹਾਲ ਕੌਰ ਨਾਲ ਹੋਈ ਅਤੇ ਭਾਈ ਜੋਗਿੰਦਰ ਸਿੰਘ ਦੀ ਕੁੜਮਾਈ ਪਿੰਡ ਡਾਲਾ ਦੇ ਸ. ਅਰਜਨ ਸਿੰਘ ਦੀ ਪੁੱਤਰੀ ਬੀਬੀ ਧੰਨ ਕੌਰ ਨਾਲ ਹੋਈ। ਇਸੇ ਦੌਰਾਨ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਪਲੇਗ ਦੀ ਬਿਮਾਰੀ ਫੈਲ ਗਈ ਜਿਸ ਨਾਲ ਬਹੁਤ ਮਨੁੱਖੀ ਜਾਨਾਂ ਗਈਆਂ ਅਤੇ ਮਾਲ ਡੰਗਰ ਦਾ ਵੀ ਭਾਰੀ ਨੁਕਸਾਨ ਹੋਇਆ। ਇਸ ਬਿਮਾਰੀ ਦੌਰਾਨ ਇੱਕ ਹੀ ਦਿਨ ਵਿੱਚ ਸ. ਹਰਨਾਮ ਸਿੰਘ, ਉਨ੍ਹਾਂ ਦੇ ਭਰਾ ਭਾਈ ਜਵਾਲਾ ਸਿੰਘ ਅਤੇ ਸ. ਹਰਨਾਮ ਸਿੰਘ ਦੇ ਦੋ ਪੁੱਤਰ ਭਾਈ ਨਰਿੰਦਰ ਸਿੰਘ ਅਤੇ ਭਾਈ ਸੱਜਣ ਸਿੰਘ ਵੀ ਸਵਰਗਵਾਸ ਹੋ ਗਏ। ਘਰ ਵਿੱਚ ਇੱਕ ਹੀ ਦਿਨ ਚਾਰ ਮੌਤਾਂ ਹੋ ਜਾਣ ਕਾਰਨ ਮਾਤਾ ਨੰਦ ਕੌਰ ਦੇ ਮਨ ਨੂੰ ਭਾਰੀ ਸਦਮਾ ਪਹੁੰਚਿਆ ਪਰ ਪ੍ਰਮਾਤਮਾ ਦਾ ਭਾਣਾ ਮੰਨਦਿਆਂ ਉਸਦੀ ਰਜ਼ਾ ਵਿੱਚ ਵੈਰਾਗ ਸਹਿਤ ਵਾਹਿਗੁਰੂ ਸਿਮਰਨ ਕਰਨ ਲੱਗੀ। ਇੱਕ ਦਿਨ ਨਗਰ ਦੇ ਸੰਤ ਹਰੀ ਸਿੰਘ ਜੀ ਘਰ ਆਏ ਉਨ੍ਹਾਂ ਮਾਤਾ ਨੰਦ ਕੌਰ ਨੂੰ ਦਿਲਾਸਾ ਦਿੱਤਾ ਕਿ ਇਸ ਭਿਆਨਕ ਬਿਮਾਰੀ ਨਾਲ ਹੋਰ ਵੀ ਬਹੁਤ ਸਾਰੇ ਲੋਕ ਅਕਾਲ ਚਲਾਣਾ ਕਰ ਚੁੱਕੇ ਹਨ, ਇਹ ਪ੍ਰਮਾਤਮਾ ਦੀ ਖੇਡ ਹੈ ਜਿਸ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ। ਇਸ ਲਈ ਤੂੰ ਜ਼ਿਆਦਾ ਵੈਰਾਗ ਨਾ ਕਰਿਆ ਕਰ ਮੂਲਮੰਤਰ ਦਾ ਪਾਠ ਕਰਿਆ ਕਰ। ਮਾਤਾ ਇਸੇ ਤਰ੍ਹਾਂ ਨਿਯਮ ਸਹਿਤ ਸਿਮਰਨ ਕਰਨ ਲੱਗ ਪਈ।

ਇਸ ਤਰ੍ਹਾਂ ਸਮਾਂ ਬੀਤਦਾ ਗਿਆ ਤੇ ਸੰਨ 1930 ਵਿੱਚ ਮਾਤਾ ਨੰਦ ਕੌਰ ਨੇ ਆਪਣੇ ਪੁੱਤਰ ਜੋਗਿੰਦਰ ਸਿੰਘ ਦਾ ਵਿਆਹ ਕਰ ਲਿਆ। ਘਰ ਵਿੱਚ ਨੂੰਹ ਧੰਨ ਕੌਰ ਆ ਗਈ। ਇਸ ਤੋਂ ਕੁੱਝ ਸਮਾਂ ਬਾਅਦ ਪਿੰਡ ਗਾਲਬ ਕਲਾਂ ਤੋਂ ਸੂਬੇਦਾਰ ਬਚਨ ਸਿੰਘ ਜਿਸਦੀ ਪੁੱਤਰੀ ਨਿਹਾਲ ਕੌਰ ਦੀ ਕੁੜਮਾਈ ਭਾਈ ਸੱਜਣ ਸਿੰਘ ਨਾਲ ਹੋਈ ਸੀ। ਉਸ ਨੇ ਨਗਰ ਦੇ ਕੁੱਝ ਪਤਵੰਤੇ ਵਿਅਕਤੀਆਂ ਨੂੰ ਨਾਲ ਲਿਆ ਕੇ ਰੋਡਿਆਂ ਵਾਲੇ ਸੰਤ ਬਾਬਾ ਕਿਰਪਾਲ ਸਿੰਘ ਪਾਸ ਬੇਨਤੀ ਕੀਤੀ ਕਿ ਸਾਡੀ ਲੜਕੀ ਦੀ ਕੁੜਮਾਈ ਸ੍. ਹਰਨਾਮ ਸਿੰਘ ਦੇ ਪੁੱਤਰ ਸੱਜਣ ਸਿੰਘ ਨਾਲ ਹੋਈ ਸੀ ਜੋ ਕਿ ਪਲੇਗ ਦੀ ਬਿਮਾਰੀ ਕਾਰਨ ਸਵਰਗਵਾਸ ਹੋ ਚੁੱਕੇ ਹਨ ਅਤੇ ਅਸੀਂ ਚਾਹੁੰਦੇ ਹਾਂ ਕਿ ਸਾਡੀ ਪੁੱਤਰੀ ਨਿਹਾਲ ਕੌਰ ਨੂੰ ਇਸੇ ਹੀ ਘਰੇ ਵਸਾਇਆ ਜਾਵੇ, ਭਾਵੇਂ ਕਿ ਸ. ਹਰਨਾਮ ਸਿੰਘ ਦਾ ਇੱਕੋ ਇੱਕ ਪੁੱਤਰ ਭਾਈ ਜੋਗਿੰਦਰ ਸਿੰਘ ਬਚਿਆ ਹੈ ਅਤੇ ਉਹ ਵੀ ਵਿਆਹਿਆ ਹੋਇਆ ਹੈ ਪਰ ਅਸੀਂ ਚਾਹੁੰਦੇ ਹਾਂ ਜੇਕਰ ਸਾਡੀ ਪੁੱਤਰੀ ਦੀ ਕੁੜਮਾਈ ਦੀ ਅਰਦਾਸ ਇਸ ਘਰ ਹੋਈ ਹੈ ਤਾਂ ਵਿਆਹ ਵੀ ਇਸੇ ਘਰ ਹੋਵੇ। ਇਸ ਲਈ ਤੁਸੀਂ ਸ. ਹਰਨਾਮ ਸਿੰਘ ਦੀ ਪਤਨੀ ਬੀਬੀ ਨੰਦ ਕੌਰ ਨੂੰ ਕਹੋ ਕਿ ਉਹ ਆਪਣੇ ਪੁੱਤਰ ਜੋਗਿੰਦਰ ਸਿੰਘ ਦਾ ਇੱਕ ਹੋਰ ਵਿਆਹ ਕਰ ਲੈਣ ਉਹ ਤੁਹਾਡੀ ਗੱਲ ਜ਼ਰੂਰ ਮੰਨ ਲੈਣਗੇ। ਇਹ ਗੱਲ ਸੁਣ ਕੇ ਸੰਤ ਬਾਬਾ ਕਿਰਪਾਲ ਸਿੰਘ ਜੀ ਨੇ ਕਿਹਾ ਕਿ ਅਸੀਂ ਉਨ੍ਹਾਂ ਨਾਲ ਵਿਚਾਰ ਕਰਕੇ ਤੁਹਾਨੂੰ ਦੱਸਾਂਗੇ।'ਉਪਰੰਤ ਸੰਤ ਕਿਰਪਾਲ ਸਿੰਘ ਜੀ ਨੇ ਇਸ ਗੱਲਬਾਤ ਲਈ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਸਲਾਹ ਮਸ਼ਵਰਾ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਮੇਰੇ ਵੱਲੋਂ ਬੀਬੀ ਨੰਦ ਕੌਰ ਨੂੰ ਕਹੋ ਕਿ ਉਹ ਗਾਲਬ ਵਾਲੇ ਸਿੰਘਾਂ ਦੀ ਗੱਲ ਮੰਨ ਲੈਣ। ਇਸ ਤਰ੍ਹਾਂ ਮਾਤਾ ਨੰਦ ਕੌਰ ਨੇ ਆਪਣੇ ਪੁੱਤਰ ਦਾ ਦੂਸਰਾ ਵਿਆਹ ਕਰਨਾ ਪ੍ਰਵਾਨ ਕਰ

Scanned with CamScanner

ਲਿਆ ਅਤੇ ਸੰਨ 1934 ਵਿੱਚ ਸੂਬੇਦਾਰ ਬਚਨ ਸਿੰਘ ਗਾਲਬ ਕਲਾਂ ਵਾਲਿਆਂ ਦੀ ਪੁੱਤਰੀ ਬੀਬੀ ਨਿਹਾਲ ਕੌਰ ਦਾ ਅਨੰਦ ਕਾਰਜ ਵੀ ਇਸੇ ਘਰ ਹੋਇਆ। ਇਸ ਤਰ੍ਹਾਂ ਬਾਬਾ ਜੋਗਿੰਦਰ ਸਿੰਘ ਦੇ ਦੋ ਵਿਆਹ ਹੋਏ ਸਨ।

ਬਾਬਾ ਜੋਗਿੰਦਰ ਸਿੰਘ ਨੂੰ ਛੋਟੇ ਹੁੰਦਿਆਂ ਤੋਂ ਹੀ ਨਗਰ ਦੇ ਸੰਤ ਬਾਬਾ ਕ੍ਰਿਪਾਲ ਸਿੰਘ ਜੀ ਦੀ ਸੰਗਤ ਪ੍ਰਾਪਤ ਹੋ ਗਈ ਸੀ ਤੇ ਉਹ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਕੇ ਗੁਰਬਾਣੀ ਦੇ ਨਿੱਤਨੇਮੀ ਬਣ ਗਏ। ਇਸ ਤਰ੍ਹਾਂ ਸਵੇਰ ਦੀਆਂ ਪੰਜ ਬਾਣੀਆਂ, ਸ਼ਾਮ ਨੂੰ ਰਹਿਰਾਸ ਤੇ ਕੀਰਤਨ ਸੋਹਿਲੇ ਤੋਂ ਇਲਾਵਾ ਸ੍ਰੀ ਸੁਖਮਨੀ ਸਾਹਿਬ, ਸ੍ਰੀ ਆਸਾ ਜੀ ਦੀ ਵਾਰ ਦੇ ਪੱਕੇ ਨਿਯਮੀ ਸਨ ਅਤੇ ਅਰਥਾਂ ਸਮੇਤ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਵਿੱਦਿਆ ਪ੍ਰਾਪਤ ਕੀਤੀ ਅਤੇ ਨਾਲ ਹੀ ਸ੍ਰੀ ਦਸਮ ਗ੍ਰੰਥ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼ ਆਦਿ ਗ੍ਰੰਥਾਂ ਦੀ ਅਰਥਾਂ ਸਮੇਤ ਸੰਥਿਆ ਵੀ ਸੰਤ ਬਾਬਾ ਕ੍ਰਿਪਾਲ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ। ਬਾਬਾ ਜੋਗਿੰਦਰ ਸਿੰਘ ਜੀ ਨਗਰ ਵਿੱਚ ਇਤਿਹਾਸ ਦੀ ਲੜੀਵਾਰ ਕਥਾ ਆਰੰਭ ਰੱਖਦੇ ਅਤੇ ਕਥਾ ਸੰਪੂਰਨ ਹੋਣ ਤੋਂ ਬਾਅਦ ਦੁਬਾਰਾ ਆਰੰਭ ਕਰ ਲੈਂਦੇ ਸਨ। ਇਸੇ ਤਰ੍ਹਾਂ ਕਈ ਵਾਰ ਇਤਿਹਾਸ ਦੀ ਕਥਾ ਦੇ ਭੋਗ ਪਾਏ। ਬਾਬਾ ਜੋਗਿੰਦਰ ਸਿੰਘ ਨੇ ਪੰਥ ਵੱਲੋਂ ਲਾਏ ਵੱਖ-ਵੱਖ ਮੋਰਚਿਆਂ ਸਮੇਂ ਬਹੁਤ ਵਾਰ ਜੇਲ੍ਹ ਯਾਤਰਾ ਕੀਤੀ ਅਤੇ ਉਹ ਜੇਲ੍ਹ ਵਿੱਚ ਵੀ ਕਥਾ ਦਾ ਪ੍ਰਵਾਹ ਜਾਰੀ ਰੱਖਦੇ ਸਨ। ਬਾਬਾ ਜੀ ਨੇ ਆਪਣੇ ਸਮੇਂ ਵਿੱਚ ਪੰਥ ਵੱਲੋਂ ਲਾਏ ਗਏ ਸਾਰੇ ਮੋਰਚਿਆਂ ਪੰਜਾਬੀ ਸੂਬੇ ਦਾ ਮੋਰਚਾ, ਐਮਰਜੈਂਸੀ ਦਾ ਮੋਰਚਾ, ਧਰਮਯੁੱਧ ਮੋਰਚਾ ਆਦਿ ਦੌਰਾਨ ਜੇਲ੍ਹ ਯਾਤਰਾ ਕੀਤੀ।

ਜੂਨ 1984 ਸਮੇਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਬਹੁਤ ਸਾਰੇ ਇਤਿਹਾਸਕ ਗੁਰਧਾਮਾਂ ਉਪਰ ਭਾਰਤੀ ਫੌਜ ਵੱਲੋਂ ਹਮਲੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ, ਟੈਂਕਾਂ ਦਾ ਨਿਸ਼ਾਨਾ ਬਣਾਇਆ ਗਿਆ, ਜੋ ਭਾਰਤ ਸਰਕਾਰ ਵੱਲੋਂ ਸਿੱਖਾਂ ਉਪਰ ਸਿੱਧੇ ਤੌਰ 'ਤੇ ਜ਼ੁਲਮ ਦੀ ਇੰਤਹਾ ਸੀ ਜਿਸ ਦੀ ਮਿਸਾਲ ਸੰਸਾਰ ਭਰ ਵਿੱਚ ਕਿਧਰੇ ਵੀ ਨਹੀਂ ਮਿਲਦੀ।

ਇਸ ਦੁਖਾਂਤ ਤੋਂ ਬਾਅਦ ਸਮੁੱਚੇ ਸਿੱਖ ਜਗਤ ਅੰਦਰ ਰੋਸ ਅਤੇ ਰੋਹ ਸੀ ਕਿ ਸਾਡੇ ਨਾਲ ਅਜਿਹਾ ਕਿਉਂ ਹੋਇਆ? ਇਸ ਦੇ ਨਾਲ ਹੀ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਅਕਾਲੀ ਦਲ ਦੇ ਸਿਰਕੱਢ ਆਗੂ ਪੰਜਾਬ ਤੋਂ ਦੂਰ ਦੁਰੇਡੇ ਦੀਆਂ ਜੇਲ੍ਹਾਂ ਵਿੱਚ ਨਜ਼ਰਬੰਦ ਕਰ ਦਿੱਤੇ ਗਏ ਸਨ। ਬੜਾ ਭਿਆਨਕ ਅਤੇ ਬਿਖੜਾ ਸਮਾਂ ਸਿੱਖ ਕੌਮ ਦੇ ਸਿਰ 'ਤੇ ਮੰਡਰਾ ਰਿਹਾ ਸੀ ਅਤੇ ਪੰਥਕ ਪਾਰਟੀ ਵੱਲੋਂ ਜਾਣੇ ਜਾਂਦੇ ਅਕਾਲੀ ਦਲ ਦੀ ਰਵਾਇਤੀ ਲੀਡਰਸ਼ਿਪ ਤੋਂ ਸਿੱਖ ਸੰਗਤਾਂ ਦਾ ਵਿਸ਼ਵਾਸ਼ ਖਤਮ ਹੋ ਚੁੱਕਿਆ ਸੀ। ਉਸ ਸਮੇਂ ਬਾਬਾ ਜੋਗਿੰਦਰ ਸਿੰਘ ਨੇ ਸੰਗਤਾਂ ਦੀ ਪੁਰਜ਼ੋਰ ਮੰਗ ਨੂੰ ਮੁੱਖ ਰੱਖਦਿਆਂ ਅਕਾਲੀ ਦਲ ਦੀ ਵਾਗਡੋਰ ਸੰਭਾਲੀ ਅਤੇ ਬਹੁਤ ਹੀ ਸਿਦਕਦਿਲੀ ਨਾਲ ਧਰਮ ਪ੍ਰਚਾਰ ਦੀ ਲਹਿਰ ਚਲਾਈ। ਵੱਡੀ ਪੱਧਰ 'ਤੇ ਅੰਮ੍ਰਿਤ ਸੰਚਾਰ ਆਰੰਭ ਕੀਤਾ। ਇੱਥੋਂ ਤੱਕ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਅੰਮ੍ਰਿਤ ਅਭਿਲਾਖੀ ਇੱਕ-ਇੱਕ ਦਿਨ ਵਿੱਚ ਅੰਮ੍ਰਿਤ ਛੱਕਣ ਲੱਗ ਪਏ। ਇੰਨੀ ਵੱਡੀ ਗਿਣਤੀ ਵਿੱਚ ਸਿੱਖਾਂ ਦਾ ਅੰਮ੍ਰਿਤਧਾਰੀ ਹੋ ਕੇ ਤਿਆਰ-ਬਰ-ਤਿਆਰ ਹੋਣਾ ਭਾਰਤੀ ਹਕੂਮਤ ਨੂੰ ਰਾਸ ਨਾ ਆਇਆ। ਜਿਸ ਕਾਰਨ ਕਈ ਵਾਰ ਅੰਮ੍ਰਿਤ ਛਕਾਉਣ ਵਾਲੇ ਜਥਿਆਂ ਸਮੇਤ ਬਾਬਾ ਜੋਗਿੰਦਰ ਸਿੰਘ ਨੂੰ ਜੇਲ੍ਹ ਭੇਜਿਆ ਗਿਆ। ਕਈ ਵਾਰ ਬਾਬਾ ਜੋਗਿੰਦਰ ਸਿੰਘ ਨੂੰ ਉਨ੍ਹਾਂ ਦੇ ਘਰ ਅੰਦਰ ਹੀ ਨਜ਼ਰਬੰਦ ਕਰ ਦਿੱਤਾ ਜਾਂਦਾ ਸੀ ਅਤੇ ਸਿੱਖ ਸੰਗਤਾਂ ਨੂੰ ਮਿਲਣ ਤੋਂ ਮਨ੍ਹਾ ਕਰ ਦਿੱਤਾ ਜਾਂਦਾ। ਲੰਮੀ ਨਜ਼ਰਬੰਦੀ ਖਤਮ ਹੁੰਦਿਆਂ ਹੀ ਬਾਬਾ ਜੀ ਮੁੜ ਧਰਮਪ੍ਰਚਾਰ ਅਤੇ ਪੰਥਕ ਸਰਗਰਮੀਆਂ ਚੜ੍ਹਦੀ ਕਲਾ ਵਿੱਚ ਸ਼ੁਰੂ ਕਰ ਦਿੰਦੇ ਸਨ। ਬਾਬਾ ਜੀ ਦੀ ਨਿਸ਼ਕਾਮ ਸੇਵਾ ਅਤੇ ਸਖਤ ਮਿਹਨਤ ਸਦਕਾ ਜਿਥੇ ਉਨ੍ਹਾਂ ਨੂੰ ਰਾਜਨੀਤਿਕ ਖੇਤਰ ਵਿੱਚ ਵੱਡੀਆਂ ਜਿੱਤਾਂ ਪ੍ਰਾਪਤ ਹੋਈਆਂ ਉਥੇ ਧਰਮਪ੍ਰਚਾਰ ਦੇ ਖੇਤਰ ਵਿੱਚ ਵੀ ਇੰਨੀ ਵੱਡੀ ਸਫਲਤਾ ਮਿਲੀ ਕਿ ਇੱਕ-ਇੱਕ ਦਿਨ ਵਿੱਚ ਪੰਜ-ਪੰਜ ਜਥੇ ਅੰਮ੍ਰਿਤ ਛਕਾਉਣ ਲਈ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਸੰਗਤਾਂ ਨੂੰ ਅੰਮ੍ਰਿਤ ਛਕਾਉਂਦੇ। ਇਸ ਤਰ੍ਹਾਂ ਸਿੱਖ ਸੰਗਤਾਂ ਵਿੱਚ ਭਾਰੀ ਉਤਸ਼ਾਹ ਅਤੇ ਪੰਥਕ ਜਜ਼ਬਾ ਉਭਰਿਆ।

ਇਨ੍ਹਾਂ ਨੂੰ ਪੰਥਕ ਜਜ਼ਬਾ ਵਿਰਾਸਤ ਵਿੱਚੋਂ ਹੀ ਮਿਲਿਆ ਸੀ ਕਿਉਂਕਿ ਬਾਬਾ ਜੋਗਿੰਦਰ ਸਿੰਘ ਦੇ ਪਿਤਾ ਬਾਬਾ ਹਰਨਾਮ ਸਿੰਘ ਦੇ ਮਨ ਵਿੱਚ ਭਾਰੀ ਪੰਥਕ ਪਿਆਰ ਸੀ। ਉਨ੍ਹਾਂ ਦੇ ਸਮੇਂ ਦਮਦਮੀ ਟਕਸਾਲ ਦੇ 11ਵੇਂ ਜਥੇਦਾਰ ਸੰਤ ਬਾਬਾ ਸੁੰਦਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਹਰ ਸਾਲ ਨਗਰ ਵਿੱਚ ਆਇਆ ਕਰਦੇ ਸਨ। ਇੱਕ ਵਾਰ ਸੰਤ ਬਾਬਾ ਸੁੰਦਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਨਗਰ ਨਿਵਾਸੀਆਂ ਦੀ ਬੇਨਤੀ 'ਤੇ ਪਿੰਡ ਵਿੱਚ 101 ਸ੍ਰੀ

Scanned with CamScanner

ਅਖੰਡ ਪਾਠਾਂ ਦੀ ਇਕੋਤਰੀ ਅਰੰਭ ਕੀਤੀ ਅਤੇ ਇੱਕ ਮਹੀਨਾ ਇਨ੍ਹਾਂ ਪਾਠਾਂ ਦੀ ਲੜੀ ਨਗਰ ਵਿੱਚ ਚੱਲਦੀ ਰਹੀ। ਉਸ ਸਮੇਂ ਆਟਾ ਪੀਸਣ ਵਾਲੀਆਂ ਬਿਜਲਈ ਮਸ਼ੀਨੀ ਚੱਕੀਆਂ ਨਹੀਂ ਸਨ। ਘਰਾਂ ਵਿੱਚ ਹੱਥ ਵਾਲੀਆਂ ਚੱਕੀਆਂ ਸਨ ਜਾਂ ਫਿਰ ਸਭ ਤੋਂ ਚੰਗਾ ਸਾਧਨ ਖਰਾਸ ਹੋਇਆ ਕਰਦਾ ਸੀ। ਪਿੰਡ ਦੇ ਕੁੱਝ ਪਤਵੰਤਿਆਂ ਨੇ ਸਲਾਹ ਮਸ਼ਵਰਾ ਕੀਤਾ ਕਿ ਜਥੇ, ਸੰਗਤ ਅਤੇ ਪਾਠੀ ਸਿੰਘਾਂ ਵਾਸਤੇ ਲੰਗਰ ਦਾ ਪ੍ਰਬੰਧ ਕਰਨ ਲਈ ਸਾਰੀ ਸੇਵਾ ਸਾਨੂੰ ਹੱਥੀਂ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਬਾਬਾ ਹਰਨਾਮ ਸਿੰਘ ਅਤੇ ਪਿੰਡ ਦੇ ਹੋਰ ਸਿੰਘਾਂ ਨੇ ਮਿਲ ਕੇ ਉੱਦਮ ਕੀਤਾ, ਖਰਾਸ ਤੋਂ ਆਟਾ ਪੀਸਣ ਵਾਸਤੇ ਊਠ ਜਾਂ ਬਲਦਾਂ ਨੂੰ ਜੋੜਣ ਦੀ ਥਾਂ ਬਾਬਾ ਹਰਨਾਮ ਸਿੰਘ ਸਮੇਤ ਵਾਰੀ-ਵਾਰੀ ਦੋ-ਦੋ ਸਿੰਘ ਖਰਾਸ ਅੱਗੇ ਜੁੜ ਜਾਂਦੇ ਅਤੇ ਰੋਜ਼ਾਨਾ ਜਥੇ ਅਤੇ ਸੰਗਤ ਵਾਸਤੇ ਤਾਜ਼ਾ ਆਟਾ ਤਿਆਰ ਕਰ ਲੈਂਦੇ। ਇਸ ਤਰ੍ਹਾਂ ਦੀ ਹੋਰ ਵੀ ਸੇਵਾ ਜਿਵੇਂ ਖੂਹਾਂ ਵਿੱਚੋਂ ਪਾਣੀ ਕੱਢ ਕੇ ਗਲੀਆਂ ਵਿੱਚ ਛਿੜਕਣਾ ਅਤੇ ਜਿੱਥੇ ਸੰਤ ਬਾਬਾ ਸੁੰਦਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਕਥਾ ਕਰਨੀ ਹੁੰਦੀ, ਉਸ ਥਾਂ ਦੀ ਸਫਾਈ ਕਰਨੀ, ਦਰੀਆਂ ਵਿਛਾਉਣੀਆਂ ਆਦਿ ਸੇਵਾ ਬੜੇ ਪ੍ਰੇਮ ਨਾਲ ਕਰਦੇ ਸਨ। ਇਸ ਲਈ ਬਾਬਾ ਜੋਗਿੰਦਰ ਸਿੰਘ ਨੂੰ ਦਮਦਮੀ ਟਕਸਾਲ ਨਾਲ ਜੁੜਣ ਦਾ ਸੁਭਾਗ ਵਿਰਾਸਤ ਵਿੱਚੋਂ ਹੀ ਪ੍ਰਾਪਤ ਹੋ ਗਿਆ ਸੀ। ਜਿਸ ਕਾਰਨ ਛੋਟੇ ਹੁੰਦਿਆਂ ਧਾਰਮਿਕ ਸਰਗਰਮੀਆਂ ਵਿਚ ਹਿੱਸਾ ਲੈਣ ਦੀ ਰੁਚੀ ਪੈਦਾ ਹੋਈ।

ਜਦੋਂ 1921 ਵਿੱਚ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ ਤਾਂ ਉਸ ਤੋਂ ਬਾਅਦ ਸਮੁੱਚੇ ਪੰਥ ਵਿਚ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਦੀ ਲਹਿਰ ਪੈਦਾ ਹੋਈ, ਇਸੇ ਦੌਰਾਨ ਬਾਬਾ ਜੋਗਿੰਦਰ ਸਿੰਘ ਨੇ ਨਗਰ ਰੋਡਿਆਂ ਦੀ ਜੱਥੇਬੰਦੀ ਦੇ ਸਿੰਘਾਂ ਨਾਲ ਮਿਲ ਕੇ ਸੰਤ ਬਾਬਾ ਕਿਰਪਾਲ ਸਿੰਘ ਜੀ ਦੀ ਅਗਵਾਈ ਵਿਚ ਜੱਥੇਦਾਰ ਸੁੱਚਾ ਸਿੰਘ ਰੋਡੇ, ਜਥੇਦਾਰ ਦੁੱਲਾ ਸਿੰਘ ਰੋਡੇ, ਭਾਈ ਬੱਗਾ ਸਿੰਘ ਰੋਡੇ, ਭਾਈ ਈਸ਼ਰ ਸਿੰਘ ਮਾਣੂੰਕੇ ਅਤੇ ਇਲਾਕੇ ਦੇ ਕੁੱਝ ਹੋਰ ਮੋਹਤਬਰ ਸਿੰਘਾਂ ਨਾਲ ਮਿਲ ਕੇ, ਗੁਰਦੁਆਰਾ ਦੀਨਾ ਸਾਹਿਬ (ਜਿਥੋਂ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਸੀ। ਇਸ ਇਤਿਹਾਸਕ ਗੁਰਦੁਆਰਾ ਦੀਨਾ-ਕਾਂਗੜ ਸਾਹਿਬ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ ਸੀ)। ਇਸੇ ਤਰ੍ਹਾਂ ਜੈਤੋ ਦੇ ਮੋਰਚੇ ਦੌਰਾਨ ਸੰਤ ਬਾਬਾ ਕਿਰਪਾਲ ਸਿੰਘ ਰੋਡਿਆਂ ਵਾਲਿਆਂ ਨੇ ਗੁਰਮਤਾ ਪਕਾਇਆ ਕਿ ਜੈਤੋ ਦੇ ਮੋਰਚੇ ਲਈ ਗ੍ਰਿਫਤਾਰੀਆਂ ਦੇ ਕੇ ਆਉਣ ਵਾਲੇ ਜੱਥਿਆਂ ਦੇ ਲੰਗਰ ਦਾ ਪ੍ਰਬੰਧ ਕੀਤਾ ਜਾਵੇ। ਇਸ ਕੰਮ ਲਈ ਬਾਬਾ ਜੋਗਿੰਦਰ ਸਿੰਘ, ਬਾਬਾ ਬੱਗਾ ਸਿੰਘ, ਬਾਬਾ ਬਲਵੰਤ ਸਿੰਘ, ਬਾਬਾ ਲਛਮਣ ਸਿੰਘ ਅਤੇ ਹੋਰ ਬਹੁਤ ਸਾਰੇ ਇਲਾਕੇ ਦੇ ਸਿੰਘ ਨੇੜਲੇ ਪਿੰਡਾਂ ਵਿਚੋਂ ਲੰਗਰ ਦੀ ਰਸਦ-ਆਟਾ, ਦਾਲਾਂ, ਘਿਓ, ਖੰਡ, ਗੁੜ ਆਦਿ ਸਮੱਗਰੀ ਪਿੰਡ ਸਮਾਲਸਰ ਵਿਖੇ ਇਕੱਤਰ ਕਰਦੇ। ਸੰਤ ਕਿਰਪਾਲ ਸਿੰਘ ਰੋਡੇ, ਬਾਬਾ ਦੁੱਲਾ ਸਿੰਘ ਰੋਡੇ, ਬਾਬਾ ਸੁੱਚਾ ਸਿੰਘ ਰੋਡੇ ਅਤੇ ਕੁੱਝ ਹੋਰ ਸਿੰਘ ਮਿਲ ਕੇ ਸਮਾਲਸਰ ਤੋਂ ਅੱਗੇ ਗੱਡਿਆਂ ਰਾਹੀਂ ਗੁਰਦੁਆਰਾ ਗੰਗਸਰ ਜੈਤੋ ਵਿਖੇ ਪਹੁੰਚਾ ਆਉਂਦੇ। ਕਈ ਵਾਰ ਭਾਰੀ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ, ਅੰਗਰੇਜ਼ ਸਰਕਾਰ ਦੀ ਪੁਲਿਸ ਨਾਲ ਝੜਪਾਂ ਹੋ ਜਾਂਦੀਆਂ, ਪਰ ਇਹ ਜੱਥਾ ਭਾਰੀ ਮੁਸ਼ਕਲਾਂ ਦੇ ਬਾਵਜੂਦ ਇਸ ਸੇਵਾ ਨੂੰ ਨਿਰੰਤਰ ਨਿਭਾਉਂਦਾ ਰਿਹਾ।

ਬਾਬਾ ਜੋਗਿੰਦਰ ਸਿੰਘ ਸੰਨ 1945 ਤੋਂ ਪਿੰਡ ਦੇ ਸਰਪੰਚ ਰਹੇ। ਉਨ੍ਹਾਂ ਨੇ ਪਿੰਡ ਦੇ ਨੇੜੇ ਹੀ ਇੱਟਾਂ ਦਾ ਭੱਠਾ ਵੀ ਲਗਾਇਆ। ਖੇਤੀ ਕਰਨ ਵਿਚ ਵੀ ਬਹੁਤ ਦਿਲਸਚਪੀ ਰੱਖਦੇ ਸਨ। ਪੰਜਾਬ ਵਿਚ ਮਸ਼ੀਨਰੀ ਯੁੱਗ ਦੇ ਸ਼ੁਰੂ ਹੁੰਦਿਆਂ ਹੀ ਸੰਨ 1955 ਵਿਚ ਬਾਬਾ ਜੀ ਨੇ ਗਸ਼ੀਅਨ ਟਰੈਕਟਰ ਖਰੀਦਿਆ ਜਿਸ ਸਦਕਾ ਖੇਤੀ ਕਰਨੀ ਕੁਝ ਸੌਖੀ ਹੋਈ ਅਤੇ ਖੇਤੀ ਦੀ ਖੁਸ਼ਹਾਲੀ ਵੀ ਨਜ਼ਰ ਆਉਣ ਲੱਗੀ।

ਬਾਬਾ ਜੋਗਿੰਦਰ ਸਿੰਘ ਦਾ ਗ੍ਰਹਿਸਥ ਜੀਵਨ ਪ੍ਰਫੁਲਤ ਹੋਇਆ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੰਗਤ ਸਦਕਾ ਘਰ ਵਿੱਚ ਹਮੇਸ਼ਾ ਆਪਸੀ ਪ੍ਰੇਮ ਅਤੇ ਸਦਭਾਵਨਾ ਵਾਲਾ ਮਾਹੌਲ ਬਣਿਆ ਰਿਹਾ। ਬਾਬਾ ਜੋਗਿੰਦਰ ਸਿੰਘ ਦੇ ਘਰ ਸੱਤ ਪੁੱਤਰ ਅਤੇ ਇੱਕ ਪੁੱਤਰੀ ਪੈਦਾ ਹੋਏ ਜਿਨ੍ਹਾਂ ਵਿੱਚੋਂ ਭਾਈ ਜਗੀਰ ਸਿੰਘ, ਭਾਈ ਜਗਜੀਤ ਸਿੰਘ, ਭਾਈ ਹਰਚਰਨ ਸਿੰਘ, ਭਾਈ ਜੁਗਰਾਜ ਸਿੰਘ ਅਤੇ ਭਾਈ ਹਰਜੀਤ ਸਿੰਘ, ਭਾਈ ਵੀਰ ਸਿੰਘ, ਭਾਈ ਜਰਨੈਲ ਸਿੰਘ (ਸੰਤ ਭਿੰਡਰਾਂਵਾਲੇ) ਅਤੇ ਬੀਬੀ ਇੰਦਰਜੀਤ ਕੌਰ ਨੇ ਜਨਮ ਲਿਆ। ਭਾਈ ਜਰਨੈਲ ਸਿੰਘ ਆਪਣੇ ਭੈਣ ਭਰਾਵਾਂ ਵਿੱਚੋਂ ਉਮਰ ਵਿੱਚ ਸਭ ਤੋਂ ਛੋਟੇ ਸਨ।

ooo

Scanned with CamScanner

ਜਨਮ ਅਸਥਾਨ ਅਤੇ ਜਨਮ ਮਿਤੀ

ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ॥ (੧੧੩੫)

ਮੋਗੇ ਤੋਂ ਕਸਬਾ ਬਾਘਾਪੁਰਾਣਾ ਲੰਘ ਕੇ ਮੁੱਖ ਸੜਕ ਦੇ ਉਪਰ ਗੁਰੂ ਨਾਨਕ ਕਾਲਜ ਅਤੇ ਪੋਲੀਟੈਕਨਿਕ ਕਾਲਜ ਗੁਰੂ ਤੇਗ ਬਹਾਦਰ ਗੜ੍ਹ ਆਉਂਦਾ ਹੈ। ਇੱਥੋਂ ਸੱਜੇ ਪਾਸੇ ਮੁੜ ਕੇ 2 ਕਿਲੋਮੀਟਰ 'ਤੇ ਪਿੰਡ ਰੋਡੇ ਸਥਿਤ ਹੈ। ਇਥੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਮੁਬਾਰਕ ਚਰਨ ਪਾਏ ਸਨ। ਸ਼ੁਰੂ ਤੋਂ ਹੀ ਇਹ ਨਗਰ ਪੰਥਕ ਸਰਗਰਮੀਆਂ ਨਾਲ ਜੁੜਿਆ ਹੋਇਆ ਹੈ।

ਇਸ ਨਗਰ ਵਿੱਚ ਹੀ 20ਵੀਂ ਸਦੀ ਦੇ ਮਹਾਨ ਸਿੱਖ, ਦਮਦਮੀ ਟਕਸਾਲ ਦੇ 14ਵੇਂ ਮੁਖੀ, ਸਿੱਖ ਦਿਲਾਂ ਦੀ ਧੜਕਣ, ਕਹਿਣੀ-ਕਰਨੀ ਦੇ ਪੂਰੇ, ਮਹਾਨ ਸੂਰਬੀਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਾ ਜਨਮ 2, ਜੂਨ ਸੰਨ 1947 ਨੂੰ ਬਾਬਾ ਜੋਗਿੰਦਰ ਸਿੰਘ ਜੀ ਦੇ ਘਰ, ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਹੋਇਆ। ਜਨਮ ਸਮੇਂ ਤੋਂ ਪਹਿਲਾਂ ਹੀ ਘਰ 'ਚ ਗੁਰਸਿੱਖੀ ਅਸੂਲ ਅਤੇ ਪੰਥਕ ਮਰਿਆਦਾ ਪ੍ਰਚਲਿਤ ਸੀ। ਜਿਸ ਕਾਰਨ ਜਨਮ ਸੰਸਕਾਰ ਨੂੰ ਸਿੱਖੀ ਅਸੂਲਾਂ ਅਨੁਸਾਰ ਅਪਣਾਇਆ ਗਿਆ। ਬਾਬਾ ਜੋਗਿੰਦਰ ਸਿੰਘ ਨੇ ਸਰਬ-ਲੋਹ ਦੇ ਬਾਟੇ ਵਿੱਚ ਥੋੜ੍ਹਾ ਜਿਹਾ ਜਲ ਲਿਆ, ਉਸ ਵਿੱਚ ਪੰਜ ਪਤਾਸੇ ਪਾ ਕੇ ਉਸ ਨੂੰ ਛੋਟੀ ਕਿਰਪਾਨ ਦੀ ਨੋਕ ਨਾਲ ਹਿਲਾਉਂਦਿਆਂ ਹੋਇਆਂ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਸੰਪੂਰਨ ਕੀਤਾ ਅਤੇ ਇਸੇ ਕਿਰਪਾਨ ਦੀ ਨੋਕ ਨਾਲ ਬੱਚੇ ਨੂੰ ਅੰਮ੍ਰਿਤ ਦੀ ਗੁੜ੍ਹਤੀ ਦਿੱਤੀ ਗਈ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲਏ ਗਏ ਸ੍ਰੀ ਮੁੱਖਵਾਕ

ਧਨਾਸਰੀ ਮਹਲਾ ੫॥

ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ॥ (੬੭੧)

ਅਨੁਸਾਰ ਆਪ ਜੀ ਦਾ ਨਾਮ ਜਰਨੈਲ ਸਿੰਘ ਰੱਖਿਆ ਗਿਆ।

ਹਾਲੇ ਆਪ ਕੁੱਝ ਹੀ ਦਿਨਾਂ ਦੇ ਸਨ, ਜਦੋਂ ਬਾਬਾ ਜੋਗਿੰਦਰ ਸਿੰਘ ਜੀ ਨੇ ਬਾਹਰੋਂ ਆਉਂਦਿਆਂ ਵੇਖਿਆ ਕਿ ਬੱਚੇ ਦੇ ਖੱਬੇ ਪੈਰ ਵਿੱਚ ਕੋਈ ਚਮਕੀਲਾ ਨਿਸ਼ਾਨ ਹੈ ਤਾਂ ਬਾਬਾ ਜੀ ਨੇ ਕੋਲ ਬੈਠ ਕੇ ਚੰਗੀ ਤਰ੍ਹਾਂ ਗਹੁ ਨਾਲ ਵੇਖਿਆ। ਖਾਮੋਸ਼ ਹੀ ਉੱਠ ਕੇ ਜਾਣ ਲੱਗੇ ਤਾਂ ਮਾਤਾ ਨਿਹਾਲ ਕੌਰ ਨੇ ਉਨ੍ਹਾਂ ਨੂੰ ਪੁੱਛਿਆ ਕਿ ਕੀ ਕਾਰਨ ਹੈ ਤੁਸੀਂ ਬੱਚੇ ਦੇ ਪੈਰਾਂ ਨੂੰ ਬੜੀ ਗਹੁ ਨਾਲ ਤੱਕਿਆ ਹੈ ਤਾਂ ਉਨ੍ਹਾਂ ਆਖਿਆ ਕਿ ਕੋਈ ਗੱਲ ਨਹੀਂ, ਮੈਂ ਤਾਂ ਸੁਭਾਵਿਕ ਹੀ ਵੇਖਿਆ ਹੈ। ਜਦੋਂ ਮਾਤਾ ਜੀ ਨੇ ਜ਼ੋਰ ਦੇ ਕੇ ਪੁੱਛਿਆ ਕਿ ਜ਼ਰੂਰ ਕੋਈ ਗੱਲ ਹੈ, ਜਿਸ ਕਾਰਨ ਤੁਸੀਂ ਬਾਹਰੋਂ ਆਉਂਦਿਆਂ ਹੀ ਬੱਚੇ ਦਾ ਪੈਰ ਫੜ੍ਹ ਕੇ ਕਾਫ਼ੀ ਸਮਾਂ ਗਹੁ ਨਾਲ ਤੱਕਦੇ ਰਹੇ ਹੋ ਤਾਂ ਬਾਬਾ ਜੀ ਨੇ ਦੱਸਿਆ ਕਿ ਭੁਝੰਗੀ ਦੇ ਖੱਬੇ ਪੈਰ ਵਿੱਚ 'ਭਾਰੇ ਵਰਗਾ ਚਮਕੀਲਾ ਪਦਨ ਦਾ ਚਿਨ੍ਹ ਹੈ' ਜੋ ਕਿ ਹੋਣਹਾਰ ਵਿਰਲੇ ਵਿਅਕਤੀਆਂ ਦੇ ਅਜਿਹਾ ਪਦਚਿੰਨ੍ਹ ਹੁੰਦਾ ਹੈ। (ਬਾਅਦ ਵਿੱਚ ਵੀ ਇਹ ਨਿਸ਼ਾਨ ਉਨ੍ਹਾਂ ਦੇ ਪੈਰ ਵਿੱਚ ਕਈ ਸਿੰਘਾਂ ਨੇ ਵੇਖਿਆ ਅਤੇ ਇਸ ਬਾਰੇ ਸੰਤਾਂ ਨੂੰ ਪੁੱਛਿਆ ਵੀ, ਪਰ ਉਹ ਹਮੇਸ਼ਾਂ ਹੀ ਖਾਮੋਸ਼ ਰਹਿੰਦੇ, ਇਸ ਭੇਦ ਨੂੰ ਕਦੇ ਕਿਸੇ ਨਾਲ ਸਾਂਝਾ ਕਰਨ ਦੀ ਬਜਾਇ ਇਸ ਗੱਲ ਨੂੰ ਮੁਸਕਰਾ ਕੇ ਟਾਲ ਦਿੰਦੇ।)

ਬਚਪਨ ਤੋਂ ਹੀ ਆਪ ਦਾ ਸੁਭਾਅ ਆਮ ਬੱਚਿਆਂ ਵਰਗਾ ਨਹੀਂ ਸੀ। ਬਲਕਿ ਘੱਟ ਬੋਲਣਾ, ਘੱਟ ਖੇਡਣਾ ਪਰ ਖਾਣ-ਪੀਣ ਆਮ ਬੱਚਿਆਂ ਵਰਗਾ ਹੀ ਸੀ। ਤਿੰਨ ਕੁ ਸਾਲ ਦੀ ਉਮਰ ਵਿੱਚ ਹੀ ਆਪ ਦੀ ਦਾਦੀ ਮਾਤਾ ਨੰਦ ਕੌਰ ਨੇ ਮੂਲ ਮੰਤਰ ਦਾ ਪਾਠ ਜ਼ੁਬਾਨੀ ਯਾਦ ਕਰਵਾ ਦਿੱਤਾ ਅਤੇ ਆਪਣੇ ਕੋਲ ਬਿਠਾ ਕੇ ਲੰਮਾ ਸਮਾਂ ਮੂਲ ਮੰਤਰ ਦਾ ਪਾਠ ਸੁਣਦੇ ਰਹਿੰਦੇ ਸਨ। ਜਦੋਂ ਉਨ੍ਹਾਂ ਦੀ ਉਮਰ 6 ਕੁ ਸਾਲਾਂ ਦੀ ਹੋਈ ਤਾਂ ਆਪ ਨੂੰ ਭਾਈ ਹਰਜੀਤ ਸਿੰਘ ਜੋ ਆਪ ਤੋਂ ਉਮਰ ਵਿੱਚ ਕੁੱਝ ਵੱਡੇ ਸਨ ਦੇ ਨਾਲ ਹੀ ਪਿੰਡ ਰੋਡੇ ਦੇ ਸਕੂਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਉਸ ਸਮੇਂ ਚੌਥੀ ਜਮਾਤ ਤੱਕ ਹੀ ਵਿੱਦਿਆ ਪ੍ਰਾਪਤੀ ਦਾ ਪ੍ਰਬੰਧ ਸੀ। ਸਕੂਲ ਵਿੱਚ (ਵੱਡੇ ਭਰਾ ਹਰਜੀਤ ਸਿੰਘ, ਸੂਬੇਦਾਰ ਬਲਵੰਤ ਸਿੰਘ, ਸ਼ੇਰ ਸਿੰਘ ਪੁੱਤਰ ਬੱਗਾ ਸਿੰਘ, ਗੁਰਚਰਨ ਸਿੰਘ ਪੁੱਤਰ ਲਾਲ ਸਿੰਘ, ਯੁਵਰਾਜ ਸਿੰਘ ਪੁੱਤਰ ਹਾਕਮ ਸਿੰਘ, ਜਗਰੂਪ ਸਿੰਘ ਪੁੱਤਰ ਪਾਖਰ ਸਿੰਘ, ਪ੍ਰੀਤਮ ਸਿੰਘ ਪੁੱਤਰ ਬਲਬੀਰ ਸਿੰਘ, ਸ. ਸੁਦਾਗਰ ਸਿੰਘ ਪੁੱਤਰ ਮੇਲਾ ਸਿੰਘ ਆਦਿ) ਉਨ੍ਹਾਂ ਦੇ ਹਮ ਜਮਾਤੀ ਵਿਦਿਆਰਥੀ ਸਨ। ਆਪ ਜੀ ਜਮਾਤ ਦੇ ਬੱਚਿਆਂ ਨਾਲ ਬਹੁਤ ਘੱਟ ਬੋਲਦੇ ਜਾਂ ਹੱਸਦੇ-ਖੇਡਦੇ ਪਰ ਅਧਿਆਪਕਾਂ ਵੱਲੋਂ ਜੋ ਵੀ ਪੜ੍ਹਾਈ ਕਰਾਈ ਜਾਂਦੀ ਉਸ ਨੂੰ ਬੜੇ ਧਿਆਨ ਨਾਲ ਪੜ੍ਹਦੇ ਅਤੇ

Scanned with CamScanner

ਤੀਖਣ ਬੁੱਧੀ ਦੇ ਮਾਲਕ ਹੋਣ ਕਰਕੇ ਬਹੁਤ ਜਲਦੀ ਦਿੱਤੇ ਹੋਏ ਸਬਕ ਨੂੰ ਯਾਦ ਕਰ ਲੈਂਦੇ। ਪਹਿਲੀ ਜਮਾਤ ਵਿੱਚ ਪੜ੍ਹਾਉਣ ਵਾਲੇ ਅਧਿਆਪਕ ਕਰਮਚੰਦ ਬਾਘਾਪੁਰਾਣਾ ਸਨ। ਦੂਜੀ ਜਮਾਤ ਨੂੰ ਪੜ੍ਹਾਉਣ ਵਾਲੇ ਅਧਿਆਪਕ ਕਿਰਪਾਲ ਸਿੰਘ ਪਿੰਡ ਨੱਥੋਵਾਲਾ, ਤੀਜੀ ਜਮਾਤ ਨੂੰ ਪੜ੍ਹਾਉਣ ਵਾਲੇ ਸ੍ਰੀ ਭਾਗ ਰਾਮ ਪਿੰਡ ਲੰਡੇਆਣਾ, ਚੌਥੀ ਜਮਾਤ ਨੂੰ ਪੜ੍ਹਾਉਣ ਵਾਲੇ ਅਧਿਆਪਕ ਸ੍ਰੀ ਹੇਮ ਰਾਜ ਬਾਘਾਪੁਰਾਣਾ ਜੋ ਕਿ ਇਸ ਸਕੂਲ ਦੇ ਮੁੱਖ ਅਧਿਆਪਕ ਸਨ, ਆਪ ਨੂੰ ਪੜ੍ਹਾਉਂਦੇ ਰਹੇ। ਆਪ ਹਰ ਜਮਾਤ ਵਿੱਚ ਹੀ ਆਪਣੇ ਜਮਾਤੀਆਂ ਨਾਲੋਂ ਪੜ੍ਹਣ ਵਿੱਚ ਹੁਸ਼ਿਆਰ ਸਨ। ਉਸ ਸਮੇਂ ਸਾਰੇ ਬੱਚੇ ਲੱਕੜ ਦੀਆਂ ਫੱਟੀਆਂ ਉਪਰ ਲਿਖ ਕੇ ਪੜ੍ਹਨਾ ਸਿੱਖਦੇ ਸਨ। ਸਕੂਲ ਦੀ ਅੱਧੀ ਛੁੱਟੀ ਸਮੇਂ ਕਈ ਵਾਰ ਭਾਈ ਜਰਨੈਲ ਸਿੰਘ ਦੂਸਰੇ ਵਿਦਿਆਰਥੀਆਂ ਨਾਲ ਫੱਟੀ ਭਿੜਾਉਣ ਲਈ ਸ਼ਰਤ ਲਾ ਲੈਂਦੇ। ਜਿਸ ਕਾਰਨ ਜਾਂ ਤਾਂ ਉਨ੍ਹਾਂ ਦੀ ਆਪਣੀ ਫੱਟੀ ਟੁੱਟ ਜਾਂਦੀ ਤੇ ਜਾਂ ਦੂਸਰੇ ਵਿਦਿਆਰਥੀ ਦੀ ਫੱਟੀ ਤੋੜ ਦਿੰਦੇ। ਸਕੂਲ ਵਿੱਚ ਇਹ ਹੀ ਉਨ੍ਹਾਂ ਦੀ ਮਨ-ਭਾਉਂਦੀ ਖੇਡ ਸੀ। ਜਦੋਂ ਕਈ ਵਾਰ ਇਸ ਤਰ੍ਹਾਂ ਖੇਡਦਿਆਂ ਉਨ੍ਹਾਂ ਦੀ ਫੱਟੀ ਟੁੱਟ ਗਈ ਤਾਂ ਉਨ੍ਹਾਂ ਨੇ ਹੱਟੀ ਤੋਂ ਫੱਟੀ ਖਰੀਦਣ ਦੀ ਥਾਂ ਪਿੰਡ ਦੇ ਮਿਸਤਰੀ ਤੋਂ ਹੀ ਇੱਕ ਮੋਟੀ ਅਤੇ ਮਜ਼ਬੂਤ ਲੱਕੜ ਦੀ ਫੱਟੀ ਬਣਾ ਲਈ ਤਾਂ ਕਿ ਖੇਡਣ ਸਮੇਂ ਟੁੱਟ ਨਾ ਸਕੇ। ਇਸ ਉਪਰੰਤ ਦੂਸਰੇ ਵਿਦਿਆਰਥੀ ਇਨ੍ਹਾਂ ਨਾਲ ਫੱਟੀ ਭਿੜਾਉਣ ਤੋਂ ਕੰਨੀ ਕਤਰਾਉਣ ਲੱਗ ਪਏ।

ਇਸ ਤਰ੍ਹਾਂ 4 ਸਾਲਾਂ ਦੇ ਵਿੱਚ ਉਨ੍ਹਾਂ ਨੇ 4 ਜਮਾਤਾਂ ਪਾਸ ਕਰ ਲਈਆਂ। ਪਿੰਡ ਦਾ ਸਕੂਲ ਇਥੋਂ ਤੱਕ ਹੀ ਸੀਮਿਤ ਸੀ। ਇਸ ਤੋਂ ਉਪਰੰਤ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਗੜ੍ਹ ਮਿਡਲ ਸਕੂਲ (ਜੋ ਮੋਗਾ-ਕੋਟਕਪੂਰਾ ਸੜਕ 'ਤੇ ਸਥਿਤ ਹੈ) ਵਿੱਚ ਦਾਖਲਾ ਲਿਆ। ਇੱਥੇ ਪੰਜਵੀਂ ਜਮਾਤ ਪਾਸ ਕਰਕੇ ਛੇਵੀਂ ਕਲਾਸ ਵਿੱਚ ਵੀ ਦਾਖਲਾ ਲੈ ਲਿਆ ਉਸ ਸਮੇਂ ਸਕੂਲ ਦੇ ਅਧਿਆਪਕਾਂ ਨੇ ਦੱਸਿਆ ਕਿ ਛੇਵੀਂ ਕਲਾਸ ਦੇ ਬੱਚੇ ਕੁੰਵੇ ਤੱਪੜ ਉੱਪਰ ਨਹੀਂ ਬੈਠਦੇ, ਬਲਕਿ ਉਨ੍ਹਾਂ ਬੱਚਿਆਂ ਵਾਸਤੇ ਬੈਠਣ ਲਈ ਬੈਂਚ ਬਣੇ ਹੋਏ ਹਨ। ਭਾਈ ਜਰਨੈਲ ਸਿੰਘ ਨੇ ਘਰ ਆ ਕੇ ਵੀ ਦੱਸਿਆ ਕੇ ਅਸੀਂ ਹੁਣ ਬੈਂਚਾਂ ਉਪਰ ਬੈਠ ਕੇ ਪੜ੍ਹਾਈ ਕਰਿਆ ਕਰਾਂਗੇ। ਛੇਵੀਂ ਜਮਾਤ ਆਰੰਭ ਹੋਣ ਦਰਮਿਆਨ ਕੁੱਝ ਦਿਨਾਂ ਦੀਆਂ ਛੁੱਟੀਆਂ ਹੋਈਆਂ ਤਾਂ ਇੱਕ ਦਿਨ ਆਪ ਜੀ ਦੇ ਪਿਤਾ ਜੀ ਨੇ ਕਿਹਾ ਕਿ ਤੁਸੀਂ ਸਾਰਾ ਦਿਨ ਵਿਹਲੇ ਖੇਡਦੇ ਰਹਿੰਦੇ ਹੋ ਇਸ ਲਈ ਤੁਸੀ ਮੂਲ ਮੰਤਰ ਦਾ ਪਾਠ ਕਰਿਆ ਕਰੋ। ਉਸ ਦਿਨ ਤੋਂ ਹੀ ਮੂਲ ਮੰਤਰ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਸਹਿਜੇ-ਸਹਿਜੇ ਐਸਾ ਵੈਰਾਗ ਪੈਦਾ ਹੋਇਆ ਕੇ ਲੰਮਾ ਸਮਾਂ ਪਾਠ ਹੀ ਕਰੀ ਜਾਇਆ ਕਰਨ। ਕੁੱਝ ਦਿਨਾਂ ਵਿੱਚ ਹੀ ਨਾਮ ਸਿਮਰਨ ਦੇ ਰਸ ਕਾਰਨ ਭਾਵਨਾ ਐਸੀ ਬਣੀ ਕਿ ਮਨ ਵਿੱਚ ਪੱਕਾ ਇਰਾਦਾ ਕਰ ਲਿਆ ਕਿ ਹੁਣ ਪਾਠ ਹੀ ਕਰਨਾ ਹੈ ਅੱਗੇ ਪੜ੍ਹਾਈ ਨਹੀਂ ਕਰਨੀ। ਉਨ੍ਹਾਂ ਨੇ ਇੱਥੇ ਹੀ ਸਕੂਲੀ ਵਿੱਦਿਆ ਨੂੰ ਤਿਆਗਣ ਦਾ ਮਨ ਬਣਾ ਲਿਆ। ਇਸ ਸਬੰਧੀ ਉਨ੍ਹਾਂ ਨੇ ਆਪਣੇ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਨੂੰ ਦੱਸਿਆ ਕਿ ਮੈਂ ਸਕੂਲ ਵਿੱਚ ਹੋਰ ਅੱਗੇ ਨਹੀਂ ਪੜ੍ਹਨਾ ਚਾਹੁੰਦਾ। ਇਸ ਤੋਂ ਅੱਗੇ ਮੈਂ ਗੁਰਬਾਣੀ ਪੜ੍ਹਨੀ ਚਾਹੁੰਦਾ ਹਾਂ। ਇਸ ਕਰਕੇ ਮੇਰੇ ਲਈ ਗੁਰਬਾਣੀ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ। ਬਾਬਾ ਜੋਗਿੰਦਰ ਸਿੰਘ ਜੀ ਪਹਿਲਾਂ ਹੀ ਗੁਰਮਤਿ ਦੇ ਧਾਰਨੀ ਹੋਣ ਕਾਰਨ ਸੰਸਾਰੀ ਵਿੱਦਿਆ ਨਾਲੋਂ ਗੁਰਮਤਿ ਵਿਦਿਆ ਨੂੰ ਸ੍ਰੇਸ਼ਠ ਸਮਝਦੇ ਸਨ ਤਾਂ ਇਸ ਲਈ ਉਨ੍ਹਾਂ ਨੇ ਭਾਈ ਜਰਨੈਲ ਸਿੰਘ ਨੂੰ ਆਪ ਗੁਰਮਤਿ ਵਿਦਿਆ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਸਭ ਤੋਂ ਪਹਿਲਾਂ ਗੁਰਮੁਖੀ ਦੀ ਮੁਹਾਰਨੀ ਪੜ੍ਹਾਈ, ਉਪਰੰਤ ਸ੍ਰੀ ਜਪੁਜੀ ਸਾਹਿਬ ਜੀ ਦੀ ਸੰਥਿਆ ਪੜ੍ਹਾਉਣੀ ਆਰੰਭ ਕੀਤੀ, ਪਰ ਰੋਜ਼ਾਨਾ ਉਨੀ ਹੀ ਸੰਥਿਆ ਪੜ੍ਹਾਈ ਜਾਂਦੀ ਜਿੰਨੀ ਉਹ ਅਸਾਨੀ ਨਾਲ ਜ਼ੁਬਾਨੀ ਯਾਦ ਕਰ ਲੈਂਦੇ। ਇਸ ਤਰ੍ਹਾਂ ਸੰਥਿਆ ਦੇ ਨਾਲ-ਨਾਲ ਉਨ੍ਹਾਂ ਨੇ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਜ਼ੁਬਾਨੀ ਯਾਦ ਵੀ ਕਰ ਲਿਆ।

ਦੂਜੇ ਪਾਸੇ ਜਦੋਂ ਆਪ ਕਈ ਦਿਨ ਸਕੂਲ ਨਾ ਗਏ ਤਾਂ ਸਕੂਲ ਦੇ ਅਧਿਆਪਕ ਸ. ਨਿਰਮਲ ਸਿੰਘ ਬੁੱਧ ਸਿੰਘ ਵਾਲਾ ਜਿਨ੍ਹਾਂ ਨੇ ਉਨ੍ਹਾਂ ਨੂੰ ਪੰਜਵੀਂ ਜਮਾਤ ਪੜ੍ਹਾਈ ਸੀ ਅਤੇ ਅਧਿਆਪਕ ਸ. ਕਰਤਾਰ ਸਿੰਘ ਸਮਾਲਸਰ ਜੋ ਕਿ ਇਸ ਮਿਡਲ ਸਕੂਲ ਦੇ ਮੁੱਖ ਅਧਿਆਪਕ ਸਨ, ਨੇ ਬਾਬਾ ਜੋਗਿੰਦਰ ਸਿੰਘ ਨੂੰ ਪਿੰਡ ਆ ਕੇ ਇਸ ਬਾਰੇ ਪੁੱਛਿਆ ਕਿ ਕੀ ਕਾਰਨ ਹੈ ਤੁਸੀਂ ਜਰਨੈਲ ਸਿੰਘ ਨੂੰ ਪੜ੍ਹਾਈ ਤੋਂ ਹਟਾ ਲਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਰਨੈਲ ਸਿੰਘ ਬਹੁਤ ਚੇਤੰਨ ਦਿਮਾਗ ਹੈ। ਇਹ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਹੈ ਅਤੇ ਉਚ ਵਿੱਦਿਆ ਪ੍ਰਾਪਤ ਕਰ ਸਕਦਾ ਹੈ। ਇਸ ਲਈ ਇਸ ਨੂੰ ਪੜ੍ਹਨ ਤੋਂ ਨਾ ਹਟਾਇਆ ਜਾਵੇ ਤਾਂ ਬਾਬਾ ਜੋਗਿੰਦਰ ਸਿੰਘ ਨੇ ਅਧਿਆਪਕਾਂ ਨੂੰ ਬਹੁਤ ਹੀ ਪ੍ਰੇਮ ਨਾਲ

Scanned with CamScanner

ਦੱਸਿਆ ਕਿ ਇਸ ਨੂੰ ਪੜ੍ਹਣ ਤੋਂ ਅਸੀਂ ਨਹੀਂ ਰੋਕਿਆ। ਬਲਕਿ ਇਹ ਖ਼ੁਦ ਹੀ ਸੰਸਾਰੀ ਵਿੱਦਿਆ ਵੱਲੋਂ ਹਟ ਕੇ ਗੁਰਮਤਿ ਵਿੱਦਿਆ ਪ੍ਰਾਪਤ ਕਰਨੀ ਚਾਹੁੰਦਾ ਹੈ ਅਤੇ ਅਜਿਹੇ ਸੰਸਕਾਰ ਕਿਸੇ ਭਾਗਾਂ ਵਾਲੇ ਬੱਚੇ ਦੇ ਮਨ ਵਿੱਚ ਹੀ ਪੈਦਾ ਹੁੰਦੇ ਹਨ। ਇਸ ਗੱਲ 'ਤੇ ਅਧਿਆਪਕਾਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਇੰਨੇ ਹੁਸ਼ਿਆਰ ਅਤੇ ਸਮਝਦਾਰ ਬੱਚੇ ਨੂੰ ਵਿੱਦਿਆ ਤੋਂ ਰੋਕਣਾ ਉੱਚਿਤ ਨਹੀਂ। ਪਰ ਬਾਬਾ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਗੁਰਮਤਿ ਵਿਦਿਆ ਪ੍ਰਾਪਤ ਕਰਨ ਲਈ ਵੀ ਸਿਆਣਪ ਅਤੇ ਉਜਲ ਬੁੱਧੀ ਦੀ ਜ਼ਰੂਰਤ ਹੁੰਦੀ ਹੈ। ਫਿਰ ਜੇਕਰ ਇਹ ਬੱਚਾ ਆਪਣੇ ਆਪ ਹੀ ਗੁਰਮਤਿ ਦੀ ਵਿਦਿਆ ਵੱਲ ਨੂੰ ਪ੍ਰੇਰਿਤ ਹੋਇਆ ਹੈ ਤਾਂ ਇਹ ਅਕਾਲ ਪੁਰਖ ਦੀ ਮਹਾਨ ਕਿਰਪਾ ਸਮਝੋ। ਬੱਸ ਇੱਥੇ ਹੀ ਸੰਸਾਰੀ ਵਿੱਦਿਆ ਨੂੰ ਅਲਵਿਦਾ ਕਹਿ ਕੇ ਗੁਰਮਤਿ ਦੀ ਵਿੱਦਿਆ ਆਰੰਭ ਕਰਨ ਦਾ ਮਨ ਬਣਾ ਲਿਆ। ਇਸ ਤਰ੍ਹਾਂ ਬਚਪਨ ਵਿੱਚ ਹੀ ਪਿਤਾ ਜੀ ਪਾਸੋਂ ਗੁਰ ਇਤਿਹਾਸ ਦੇ ਨਾਲ-ਨਾਲ ਪੁਰਤਾਨ ਸਿੰਘਾਂ ਸਿੰਘਣੀਆਂ ਦੀਆਂ ਸੇਵਾ, ਸਿਮਰਨ ਅਤੇ ਕੁਰਬਾਨੀਆਂ ਭਰੀਆਂ ਸਾਖੀਆਂ ਅਤੇ ਸ਼ਹੀਦ ਸਿੰਘਾਂ ਦਾ ਇਤਿਹਾਸ ਸੁਣਿਆ ਕਰਦੇ।

ਰੋਡੇ ਨਗਰ ਵਿੱਚ ਦਮਦਮੀ ਟਕਸਾਲ ਦਾ ਜਥਾ ਹਰ ਸਾਲ ਆਉਂਦਾ ਅਤੇ ਲਗਭਗ ਇੱਕ ਮਹੀਨਾ ਪਿੰਡ ਵਿੱਚ ਰਹਿ ਕੇ ਕਥਾ-ਕੀਰਤਨ ਅਤੇ ਗੁਰਬਾਣੀ ਦੀ ਸੰਥਿਆ ਦਾ ਪ੍ਰਵਾਹ ਚਲਾਉਂਦਾ। ਇਸ ਦੌਰਾਨ ਕਥਾ ਦੇ ਸਮੇਂ ਨੇੜਲੇ ਪਿੰਡਾਂ ਦੇ ਸ਼ਰਧਾਲੂ ਸਿੱਖ ਵੀ ਆ ਕੇ ਕਥਾ ਸੁਣਦੇ। ਜਥੇ ਦੇ ਠਹਿਰਨ ਵਾਸਤੇ ਪੂਰਾ ਪ੍ਰਬੰਧ ਕਰਨ ਲਈ ਨਗਰ ਵਿੱਚ ਸੰਤ ਬਾਬਾ ਕਿਰਪਾਲ ਸਿੰਘ ਜੀ ਦੀ ਅਗਵਾਈ ਵਿੱਚ ਨਗਰ ਦੇ ਮੁਖੀ ਸਿੰਘਾਂ, ਜਿਨ੍ਹਾਂ ਵਿੱਚ ਸੰਤਾਂ ਦੇ ਪਿਤਾ ਜੱਥੇਦਾਰ ਜੋਗਿੰਦਰ ਸਿੰਘ, ਭਾਈ ਲਛਮਣ ਸਿੰਘ, ਭਾਈ ਬੱਗਾ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਮਾਨ ਸਿੰਘ, ਭਾਈ ਬਖਤੌਰ ਸਿੰਘ, ਭਾਈ ਹਜ਼ਾਰਾ ਸਿੰਘ, ਭਾਈ ਅਜੀਤ ਸਿੰਘ ਵਹਿਮੀ, ਭਾਈ ਬਲਵੰਤ ਸਿੰਘ, ਭਾਈ ਉਜਾਗਰ ਸਿੰਘ, ਭਾਈ ਬਸੰਤ ਸਿੰਘ, ਭਾਈ ਭਗਵਾਨ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਬਘੇਲ ਸਿੰਘ, ਭਾਈ ਗੁਰਦਿੱਤ ਸਿੰਘ, ਭਾਈ ਸ਼ਾਮ ਸਿੰਘ ਚੱਕੀਵਾਲਾ, ਭਾਈ ਚੈਨ ਸਿੰਘ, ਭਾਈ ਕੰਧਾਰ ਸਿੰਘ, ਮਾਸਟਰ ਤਾਰਾ ਸਿੰਘ, ਭਾਈ ਭਾਨ ਸਿੰਘ, ਭਾਈ ਸੰਤਾ ਸਿੰਘ ਮਿਸਤਰੀ, ਭਾਈ ਗੁਰਬਚਨ ਸਿੰਘ ਆਦਿ ਸਿੰਘ ਸੰਗਤਾਂ ਨੂੰ ਨਾਲ ਲੈ ਕੇ ਬਹੁਤ ਹੀ ਚਾਅ ਨਾਲ ਪੂਰੀ ਤਿਆਰੀ ਕਰਦੇ ਅਤੇ ਜਿਸ ਦਿਨ ਜੱਥੇ ਨੇ ਆਉਣਾ ਹੁੰਦਾ ਤਾਂ ਨਗਰ ਵਿੱਚੋਂ ਟਰੈਕਟਰ-ਟਰਾਲੀਆਂ ਰਾਹੀਂ ਜੱਥੇ ਦੇ ਸਿੰਘਾਂ ਨੂੰ ਲਿਆਉਣ ਦਾ ਇੰਤਜ਼ਾਮ ਕੀਤਾ ਜਾਂਦਾ। ਬਹੁਤ ਸਾਰੀਆਂ ਸੰਗਤਾਂ ਬੇਸਬਰੀ ਨਾਲ ਭਿੰਡਰਾਂ ਵਾਲੇ ਜੱਥੇ ਦੇ ਪਹੁੰਚਣ ਦੀ ਉਡੀਕ ਕਰਦੀਆਂ। ਉਸ ਸਮੇਂ ਭਾਈ ਜਰਨੈਲ ਸਿੰਘ ਛੋਟੀ ਉਮਰ ਤੋਂ ਹੀ ਨਗਰ ਦੀ ਸੰਗਤ ਨਾਲ ਮਿਲ ਕੇ ਜੱਥੇ ਦੇ ਸੇਵਾ ਪ੍ਰਬੰਧ ਵਿੱਚ ਮਗਨ ਰਹਿੰਦੇ, ਪੂਰਾ ਮਹੀਨਾ ਸੇਵਾ ਵੀ ਕਰਦੇ ਅਤੇ ਭਿੰਡਰਾਂਵਾਲੇ ਸੰਤਾਂ ਪਾਸੋਂ ਕਥਾ ਵੀ ਸੁਣਦੇ।

ਕਥਾ ਦੌਰਾਨ ਇਕ ਦਿਨ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਨੇ ਗੁਰੂ ਘਰ ਦੇ ਅਨਿੰਨ ਸੇਵਕ ਭਾਈ ਗੋਦੜੀਏ ਦੀ ਸਾਖੀ ਸੁਣਾਈ ਕਿ ਉਹ ਕਿਰਤ ਕਰਦਿਆਂ 21 ਪਾਠ ਸ੍ਰੀ ਜਪੁਜੀ ਸਾਹਿਬ ਜੀ ਦੇ ਕਰਿਆ ਕਰਦਾ ਸੀ, ਗੁਰਬਾਣੀ ਉਪਰ ਬਹੁਤ ਸ਼ਰਧਾ ਭਾਵਨਾ ਰੱਖਦਾ ਸੀ। ਮਨ ਲਾ ਕੇ ਬਾਣੀ ਪੜ੍ਹਦਿਆਂ ਭਾਈ ਗੋਦੜੀਏ ਨੂੰ ਪਹਿਲਾਂ ਸ਼ਬਦ ਸਿੱਧੀ ਪ੍ਰਾਪਤ ਹੋਈ ਫਿਰ ਸਤਿਗੁਰ ਦੀ ਕ੍ਰਿਪਾ ਨਾਲ ਚੜ੍ਹਦੀ ਕਲਾ ਵਾਲਾ ਜੀਵਨ ਬਣਿਆ। ਇਹੀ ਭਾਈ ਗੋਦੜੀਆ ਬ੍ਰਹਮਗਿਆਨ ਦੀ ਅਵਸਥਾ ਤੱਕ ਪਹੁੰਚ ਗਿਆ। ਇਸ ਸਾਖੀ ਦਾ ਭਾਈ ਜਰਨੈਲ ਸਿੰਘ ਉਪਰ ਏਨਾ ਡੂੰਘਾ ਅਸਰ ਹੋਇਆ ਕਿ ਉੱਥੇ ਬੈਠਿਆਂ ਹੀ ਮਨ ਵਿੱਚ ਸੰਕਲਪ ਕਰ ਲਿਆ ਕਿ ਹਰ ਰੋਜ਼ 21 ਪਾਠ ਸ੍ਰੀ ਜਪੁਜੀ ਸਾਹਿਬ ਜੀ ਦੇ ਕਰਿਆ ਕਰਨੇ ਹਨ। ਜਦ ਇਸ ਬਾਰੇ ਘਰ ਪਹੁੰਚ ਕੇ ਉਨ੍ਹਾਂ ਆਪਣੇ ਪਿਤਾ ਜੀ ਨਾਲ ਗੱਲ ਕੀਤੀ ਕਿ ਭਾਈ ਗੋਦੜੀਏ ਵਾਂਗ ਮੈਂ ਵੀ 21 ਪਾਠ ਜਪੁਜੀ ਸਾਹਿਬ ਜੀ ਦੇ ਰੋਜ਼ਾਨਾ ਕਰਨੇ ਹਨ ਪਿਤਾ ਜੀ ਬਹੁਤ ਪ੍ਰਸੰਨ ਹੋਏ ਅਤੇ ਪ੍ਰੇਰਨਾ ਦਿੱਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਕੇ ਇਹ ਨਿਯਮ ਆਰੰਭ ਕਰੋ। ਇਵੇਂ ਹੀ ਕੀਤਾ ਗਿਆ। ਉਸ ਦਿਨ ਤੋਂ ਰੋਜ਼ਾਨਾ 21 ਪਾਠ ਜਪੁਜੀ ਸਾਹਿਬ ਜੀ ਦੇ ਆਰੰਭ ਕਰ ਦਿੱਤੇ। ਉਸ ਸਮੇਂ ਭਾਈ ਜਰਨੈਲ ਸਿੰਘ ਦੀ ਉਮਰ 13 ਸਾਲ ਦੀ ਸੀ। ਉਹ ਦਿਨ ਭਰ ਖੇਤੀ ਦਾ ਕੰਮ ਕਰਦੇ, ਮੱਝਾਂ ਚਾਰਦੇ ਅਤੇ ਨਾਲ-ਨਾਲ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕਰੀ ਜਾਂਦੇ। ਕਈ ਵਾਰ ਉਹ 21 ਤੋਂ ਵੱਧ ਪਾਠ ਵੀ ਕਰ ਲੈਂਦੇ ਪਰ ਇਸ ਬਾਰੇ ਕਦੇ ਕਿਸੇ ਨਾਲ ਵੀ ਗੱਲ ਸਾਂਝੀ ਨਾ ਕਰਦੇ। ਉਹ ਆਮ ਤੌਰ 'ਤੇ ਬਹੁਤ ਘੱਟ ਬੋਲਦੇ ਸਨ ਤਾਂ ਕਿ ਫਾਲਤੂ ਗੱਲਾਂ ਵਿੱਚ ਸਮਾਂ ਅਜਾਈਂ ਨਾ ਜਾਵੇ ਬਲਕਿ ਬਾਣੀ ਪੜ੍ਹਦਿਆਂ ਵੱਧ ਤੋਂ ਵੱਧ ਸਮਾਂ ਸਫਲਾ ਕੀਤਾ ਜਾਵੇ। ਸਤਿਗੁਰੂ ਜੀ ਦੀ

Scanned with CamScanner

ਬਾਣੀ ਦਾ ਐਸਾ ਪ੍ਰਭਾਵ ਪਿਆ ਕਿ ਉਹ ਕਈ ਵਾਰ ਖਾਣਾ-ਪੀਣਾ ਵੀ ਭੁੱਲ ਜਾਂਦੇ। ਬੱਚਿਆਂ ਨਾਲ ਮਿਲ ਕੇ ਗੁੱਲੀ-ਡੰਡਾ ਜਾਂ ਖੁੱਦੋ ਖੂੰਡੀ ਖੇਡਣਾ ਤਾਂ ਬਹੁਤ ਦੂਰ ਦੀ ਗੱਲ ਰਹਿ ਗਈ ਸੀ। ਦਿਨੋਂ ਦਿਨ ਬਾਣੀ ਦੀ ਅਜਿਹੀ ਰੰਗਤ ਚੜ੍ਹਦੀ ਗਈ ਕਿ ਆਪ ਇਸ ਰੰਗਤ ਵਿੱਚ ਹੋਰ ਵੀ ਮਸਤ ਹੁੰਦੇ ਗਏ।

22 ਫਰਵਰੀ 1960 ਨੂੰ ਭਾਈ ਜਰਨੈਲ ਸਿੰਘ ਦਾ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕੋਲੋਂ ਅੰਮ੍ਰਿਤਪਾਨ ਕਰਨਾ

ਇੱਕ ਵਾਰ ਸੰਤ ਭਿੰਡਰਾਂਵਾਲੇ ਜਥੇ ਸਮੇਤ ਇੱਕ ਮਹੀਨੇ ਲਈ ਪਿੰਡ ਆਏ ਤਾਂ ਪ੍ਰੋਗਰਾਮ ਦੇ ਅਖੀਰ ਵਿੱਚ ਜਦ 22 ਫਰਵਰੀ 1960 ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ ਤਾਂ ਭਾਈ ਜਰਨੈਲ ਸਿੰਘ ਅਤੇ ਭਾਈ ਹਰਜੀਤ ਸਿੰਘ ਦੋਵਾਂ ਭਰਾਵਾਂ ਨੇ ਨਗਰ ਦੀਆਂ ਹੋਰ ਸੰਗਤਾਂ ਸਮੇਤ ਅੰਮ੍ਰਿਤਪਾਨ ਕਰ ਲਿਆ। ਅੰਮ੍ਰਿਤ ਛਕਣ ਵੇਲੇ ਪੰਜਾਂ ਪਿਆਰਿਆਂ ਤੋਂ ਮਿਲੀ ਸਿੱਖਿਆ ਨੇ ਮਨ ਵਿੱਚ ਹੋਰ ਵੀ ਪ੍ਰਪੱਕਤਾ ਪੈਦਾ ਕੀਤੀ। ਅੰਮ੍ਰਿਤ ਵੇਲੇ ਉੱਠਣਾ, ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਨਿੱਤਨੇਮ ਕਰਨਾ ਅਤੇ ਫਿਰ ਘਰ ਦੇ ਕੰਮਕਾਜ ਕਰਦਿਆਂ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਲਗਾਤਾਰ ਕਰੀ ਜਾਣਾ, ਉਨ੍ਹਾਂ ਦਾ ਰੋਜ਼ਾਨਾ ਦਾ ਨਿਯਮ ਬਣ ਗਿਆ। ਇੱਕ ਮਹੀਨੇ ਬਾਅਦ ਜਦੋਂ ਦਮਦਮੀ ਟਕਸਾਲ ਦਾ ਜੱਥਾ ਨਗਰ ਰੋਡੇ ਵਿੱਚੋਂ ਅਗਲੇ ਨਗਰਾਂ ਵਿੱਚ ਚਲਾ ਜਾਂਦਾ ਤਾਂ ਆਪ ਕਈ ਕਈ ਮੀਲ ਤੱਕ ਨੇੜਲੇ ਪਿੰਡਾਂ ਵਿੱਚ ਉਹਨਾਂ ਦੀ ਕਥਾ ਸੁਣਨ ਵਾਸਤੇ ਚਲੇ ਜਾਇਆ ਕਰਦੇ। ਜਦੋਂ ਸੰਤ-ਮਹਾਂਪੁਰਖ ਪੰਡਾਲ ਵਿੱਚ ਕਥਾ ਕਰਦੇ ਤਾਂ ਸਿੱਖ ਸੰਗਤਾਂ ਬਹੁਤ ਸ਼ਰਧਾ ਨਾਲ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਕਥਾ ਵਖਿਆਨ ਨੂੰ ਧਿਆਨ ਨਾਲ ਸੁਣਦੀਆਂ। ਇੱਥੋਂ ਤੱਕ ਕਿ ਸਮੁੱਚੇ ਪੰਡਾਲ ਵਿੱਚ ਕੋਈ ਉੱਚੀ ਸਾਹ ਵੀ ਨਹੀਂ ਸੀ ਕੱਢਦਾ। ਮਹਾਂਪੁਰਖਾਂ ਦੀ ਨਾਮ ਸਿਮਰਨ ਦੀ ਕਮਾਈ, ਅਨੁਭਵੀ ਵਿਦਵਤਾ, ਬਹੁਤ ਹੀ ਸਾਦੇ ਅਤੇ ਗੰਭੀਰ ਢੰਗ ਨਾਲ ਗੁਰ-ਇਤਿਹਾਸ, ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਕੀਤੀ ਜਾਂਦੀ ਵਿਲੱਖਣ ਕਥਾ ਦਾ ਸਿੱਖ ਸੰਗਤਾਂ ਦੇ ਮਨਾਂ ਵਿੱਚ ਡੂੰਘਾ ਅਸਰ ਪੈਂਦਾ।

ਘਰ ਵਿੱਚ ਖੇਤੀਬਾੜੀ ਦਾ ਕੰਮ ਕਰਦਿਆਂ ਉਹ ਜ਼ੋਰ ਵਾਲਾ ਕੰਮ ਕਰਨ ਨੂੰ ਪਹਿਲ ਦਿੰਦੇ ਸਨ ਤਾਂ ਕਿ ਸਰੀਰ ਦੀ ਵੱਧ ਤੋਂ ਵੱਧ ਕਸਰਤ ਹੋ ਸਕੇ ਅਤੇ ਖਾਧੀ ਹੋਈ ਖੁਰਾਕ ਹਜ਼ਮ ਹੋ ਸਕੇ, ਘਰ ਵਿੱਚ ਮੱਝਾਂ ਆਦਿਕ ਬਹੁਤ ਸਨ ਅਤੇ ਦੁੱਧ ਘਿਓ ਵੀ ਖੁੱਲ੍ਹਾ ਡੁੱਲਾ ਸੀ। ਭਾਈ ਜਰਨੈਲ ਸਿੰਘ ਜੀ ਡੀਲ ਡੌਲ ਖੁੱਲ੍ਹੀ ਹੋਣ ਕਾਰਨ ਚੰਗੀ ਖੁਰਾਕ ਖਾ ਲੈਂਦੇ ਸਨ। ਘਰ ਵਿੱਚ ਪਸ਼ੂਆਂ ਦਾ ਚਾਰਾ ਕੁਤਰਨ ਵਾਲੀ ਬਲਦਾਂ ਵਾਲੀ ਮਸ਼ੀਨ ਸੀ ਪਰ ਅਕਸਰ ਹੀ ਉਹ ਹੱਥੀਂ ਚਾਰਾ ਕੁਤਰਦੇ ਅਤੇ ਨਾਲ-ਨਾਲ ਸਿਮਰਨ ਜਾਰੀ ਰੱਖਦੇ। ਤਾਜ਼ਾ ਚੋਇਆ ਦੁੱਧ ਪੀਣਾ, ਗੁੜ ਖਾਣਾ ਅਤੇ ਗੰਨੇ ਚੂਪਣੇ ਉਨ੍ਹਾਂ ਦੀ ਮਨ ਭਾਉਂਦੀ ਖੁਰਾਕ ਸੀ। "ਹਰਿ ਕਾ ਭਗਤੁ ਪ੍ਰਗਟ ਨਹੀ ਛਪੈ" ਦੇ ਗੁਰਬਾਣੀ ਵਾਕ ਅਨੁਸਾਰ ਭਾਈ ਜਰਨੈਲ ਸਿੰਘ ਦੀ ਰੋਜ਼ ਦੀ ਰਹਿਣੀ ਅਤੇ ਹਰ ਸਮੇਂ ਬਾਣੀ ਪੜ੍ਹੇ ਜਾਣ ਦਾ ਆਂਢ ਗੁਆਂਢ ਵਿੱਚ ਵੀ ਪਤਾ ਲੱਗ ਗਿਆ। ਇਸ ਲਈ ਖੇਤਾਂ ਵਿੱਚ ਕੰਮ ਕਰਦਿਆਂ ਵੀ ਆਮ ਤੌਰ 'ਤੇ ਉਨ੍ਹਾਂ ਨੂੰ ਕੋਈ ਹਾਸਾ ਮਜ਼ਾਕ ਆਦਿਕ ਨਹੀਂ ਸੀ ਕਰਦਾ। ਜਦੋਂ ਕਦੇ ਉਹ ਖੇਤ ਤੋਂ ਘਰੇ ਜਾਂ ਘਰ ਤੋਂ ਖੇਤ ਨੂੰ ਜਾਂਦੇ ਤਾਂ ਰਸਤੇ ਵਿੱਚ ਮਿਲਣ ਵਾਲੇ ਨਗਰ ਦੇ ਇਸਤਰੀ-ਪੁਰਸ਼ ਵੀ ਸਤਿਕਾਰ ਵਜੋਂ ਖਾਮੋਸ਼ ਹੋ ਕੇ ਉਨ੍ਹਾਂ ਦੇ ਕੋਲ ਦੀ ਲੰਘ ਜਾਂਦੇ। ਉਹ ਸੋਚਦੇ ਕਿ ਭਾਈ ਜਰਨੈਲ ਸਿੰਘ ਪਾਠ ਕਰਦਾ ਹੋਵੇਗਾ। ਵੈਸੇ ਵੀ ਪਿੰਡ ਦੇ ਗੁਰਦੁਆਰੇ ਵਿੱਚ ਗੁਰਪੁਰਬ ਜਾਂ ਕੋਈ ਹੋਰ ਵਿਸ਼ੇਸ਼ ਧਾਰਮਿਕ ਸਮਾਗਮ ਹੁੰਦਾ ਤਾਂ ਹਮੇਸ਼ਾ ਹੀ ਬੜੇ ਚਾਅ ਨਾਲ ਸੇਵਾ ਕਰਦੇ ਅਤੇ ਦੀਵਾਨ ਵਿੱਚ ਸਜ ਕੇ ਗੁਰਮਤਿ ਵਿਚਾਰਾਂ ਸੁਣਦੇ।

ਭਾਈ ਜਰਨੈਲ ਸਿੰਘ ਅਤੇ ਭਾਈ ਹਰਜੀਤ ਸਿੰਘ ਦੋਵੇਂ ਭਰਾ ਬਲਦਾਂ ਵਾਲੀ ਹਵੇਲੀ ਵਿੱਚ ਸੌਂਇਆ ਕਰਦੇ ਸਨ। ਇੱਕ ਵਾਰੀ ਰਾਤ ਸਮੇਂ ਕੰਘਾ ਕਰਦਿਆਂ ਭਾਈ ਜਰਨੈਲ ਸਿੰਘ ਦਾ ਕੰਘਾ ਹੇਠਾਂ ਡਿੱਗ ਪਿਆ। ਹਨੇਰਾ ਹੋਣ ਕਾਰਨ ਕੰਘਾ ਲੱਭਿਆ ਨਾ। ਥੋੜ੍ਹੀ ਦੇਰ ਜਦ ਕੰਘਾ ਨਾ ਮਿਲਿਆ ਤਾਂ ਉਹ ਨੇੜੇ ਹੀ ਦੌਲਤ ਰਾਮ ਦੀ ਹੱਟੀ 'ਤੇ ਗਏ ਜੋ ਕਿ ਇਸ ਪਸ਼ੂਆਂ ਵਾਲੀ ਹਵੇਲੀ ਦੇ ਨਾਲ ਹੀ ਲੱਗਦੀ ਸੀ, ਉਨ੍ਹਾਂ ਨੇ ਆਵਾਜ਼ ਮਾਰ ਕੇ ਦੁਕਾਨ ਦੇ ਮਾਲਕ ਦੌਲਤ ਰਾਮ ਨੂੰ ਦੱਸਿਆ ਕਿ ਮੇਰਾ ਕੰਘਾ ਡਿੱਗ ਪਿਆ ਹੈ ਇਸ ਲਈ ਮੈਨੂੰ ਨਵਾਂ ਕੰਘਾ ਦੇ ਦਿਓ। ਦੌਲਤ ਰਾਮ ਉਸ ਸਮੇਂ ਆਪਣੇ ਮਕਾਨ ਦੀ ਛੱਤ ਉਪਰ ਸੌਂ ਰਿਹਾ ਸੀ। ਉਸ ਨੇ ਉੱਥੋਂ ਹੀ ਆਵਾਜ਼ ਦੇ ਕੇ ਕਿਹਾ ਕਿ ਸਵੇਰੇ ਦੇ ਦੇਵਾਂਗਾ। ਹੁਣ

Scanned with CamScanner

ਤੁਸੀਂ ਘਰ ਨੂੰ ਜਾਵੋ ਅਤੇ ਸਵੇਰੇ ਆ ਕੇ ਕੰਘਾ ਲੈ ਜਾਇਓ, ਪਰ ਉਹ ਆਪਣੀ ਗੱਲ 'ਤੇ ਅੜੇ ਰਹੇ ਕਿ ਸਾਨੂੰ ਇਸੇ ਵੇਲੇ ਕੰਘਾ ਚਾਹੀਦਾ ਹੈ। ਜਦ ਦੌਲਤ ਰਾਮ ਆਪਣੇ ਮਕਾਨ ਤੋਂ ਥੱਲੇ ਨਾ ਉਤਰਿਆ ਤਾਂ ਭਾਈ ਹਰਜੀਤ ਸਿੰਘ ਅਤੇ ਜਰਨੈਲ ਸਿੰਘ ਆਪਣੇ ਘਰ ਵਾਪਸ ਚਲੇ ਗਏ ਅਤੇ ਇਸ ਗੱਲ ਨੂੰ ਭਾਈ ਜਰਨੈਲ ਸਿੰਘ ਨੇ ਆਪਣੇ ਮਨ ਵਿੱਚ ਰੱਖਿਆ ਕਿ ਸੇਠ ਨੇ ਸਾਡੀ ਗੱਲ ਨਹੀਂ ਮੰਨੀ ਪਰ ਉਹ ਸਾਰੀ ਰਾਤ ਸੌਂ ਵੀ ਨਹੀਂ ਸਕੇ ਕਿਉਂਕਿ ਮਰਿਆਦਾ ਅਨੁਸਾਰ ਅੰਮ੍ਰਿਤਧਾਰੀ ਸਿੰਘ ਲਈ ਪੰਜ ਕਕਾਰ ਧਾਰਨ ਕਰਕੇ ਰੱਖਣੇ ਜ਼ਰੂਰੀ ਹਨ। ਪੰਜਾਂ ਕਕਾਰਾਂ ਵਿੱਚੋਂ ਇੱਕ ਕਕਾਰ ਕੰਘਾ ਵਿੱਸਰ ਚੁੱਕਾ ਸੀ ਇਸ ਲਈ ਉਨ੍ਹਾਂ ਨੇ ਸਵੇਰ ਵੇਲੇ ਜਲ-ਪਾਣੀ ਵੀ ਨਾ ਛਕਿਆ ਥੋੜ੍ਹਾ ਜਿਹਾ ਦਿਨ ਚੜਨ 'ਤੇ ਕੰਘਾ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਕੰਘਾ ਲੱਭ ਗਿਆ। ਫਿਰ ਭਾਈ ਜਰਨੈਲ ਸਿੰਘ ਨੇ ਕੰਘਾ ਧੋ ਕੇ ਕੇਸਾਂ ਵਿੱਚ ਰੱਖਿਆ, ਜਪੁਜੀ ਸਾਹਿਬ ਜੀ ਦੇ ਪਾਠ ਉਪਰੰਤ ਅਰਦਾਸ ਕੀਤੀ ਅਤੇ ਫਿਰ ਜਲ-ਪਾਣੀ ਛਕਿਆ।

ਦਿਨ ਚੜ੍ਹਦਿਆਂ ਰੋਜ਼ਾਨਾ ਦੀ ਤਰ੍ਹਾਂ ਪਸ਼ੂਆਂ ਖਾਤਰ ਚਾਰਾ ਲਿਆਉਣ ਲਈ ਗੱਡਾ ਜੋੜ ਕੇ ਖੇਤ ਨੂੰ ਜਾਣ ਵਾਸਤੇ ਤਿਆਰ ਹੋਏ। ਪਿੰਡ ਦੀ ਨਿਆਈਂ ਵਿੱਚ ਖੇਤ ਹੋਣ ਕਾਰਨ ਛੇਤੀ ਹੀ ਗੱਡਾ ਖੇਤ ਪਹੁੰਚ ਗਿਆ। ਪਹੁੰਚਦਿਆਂ ਹੀ ਵੇਖਿਆ ਕਿ ਸੇਠ ਦੌਲਤ ਰਾਮ ਸਾਹਮਣੇ ਆ ਰਿਹਾ ਹੈ ਉਸ ਨਾਲ ਇਸ ਗੱਲ 'ਤੇ ਥੋੜ੍ਹੀ ਗਰਮਾ ਗਰਮੀ ਹੋਈ ਕਿ ਤੂੰ ਰਾਤ ਸਾਨੂੰ ਕੰਘਾ ਕਿਉਂ ਨਹੀਂ ਦਿੱਤਾ ਤਾਂ ਦੌਲਤ ਰਾਮ ਨੇ ਕਿਹਾ ਕਿ ਭਾਈ ਜਰਨੈਲ ਸਿੰਘ ਮੈਥੋਂ ਗਲਤੀ ਹੋ ਗਈ ਅੱਗੇ ਤੋਂ ਤੈਨੂੰ ਕਿਸੇ ਵਸਤੂ ਲਈ ਮੈਂ ਜਵਾਬ ਨਹੀਂ ਦੇਵਾਂਗਾ ਤਾਂ ਭਾਈ ਜਰਨੈਲ ਸਿੰਘ ਨੇ ਕਿਹਾ ਸੇਠ ਜੀ ਗੱਲ ਕਿਸੇ ਵਸਤੂ ਦੀ ਨਹੀਂ, ਗਾਤੀਂ ਮੇਰਾ ਕੰਘਾ ਗੁੰਮ ਹੋ ਗਿਆ ਸੀ ਜੋ ਕਿ ਪੰਜਾਂ ਕਕਾਰਾਂ ਵਿੱਚੋਂ ਇੱਕ ਹੈ ਇਸ ਲਈ ਬਹੁਤ ਜ਼ਰੂਰੀ ਸੀ ਕਿ ਜਿਥੋਂ ਵੀ ਮਿਲੇ ਮੈਂ ਕੰਘਾ ਪ੍ਰਾਪਤ ਕਰਾਂ, ਪਰ ਤੁਹਾਡੇ ਕੋਲ ਇਹ ਕੰਘਾ ਹੁੰਦਿਆਂ ਹੋਇਆਂ ਵੀ ਤੁਸੀਂ ਸਾਨੂੰ ਦੇਣ ਤੋਂ ਜਵਾਬ ਦਿੱਤਾ ਹੈ ਇਸ ਲਈ ਅੱਗੇ ਤੋਂ ਮੈਂ ਤੁਹਾਡੀ ਦੁਕਾਨ 'ਤੇ ਨਹੀਂ ਆਵਾਂਗਾ। ਦੌਲਤ ਰਾਮ ਜਾਂਦਿਆਂ ਹੀ ਇਨ੍ਹਾਂ ਦੇ ਪਿਤਾ ਪਾਸ ਪਹੁੰਚਿਆ ਜੋ ਉਸ ਸਮੇਂ ਨਗਰ ਦੇ ਸਰਪੰਚ ਵੀ ਸਨ। ਉਨ੍ਹਾਂ ਨੂੰ ਸਾਰੀ ਗੱਲ ਦੱਸੀ ਕਿ ਤੁਹਾਡੇ ਮੁੰਡਿਆਂ ਨੇ ਮੇਰੇ ਨਾਲ ਖਾਹ-ਮਖਾਹ ਹੀ ਝਗੜਾ ਕੀਤਾ ਹੈ। ਸੇਠ ਦੀ ਸਾਰੀ ਗੱਲ ਸੁਣ ਕੇ ਬਾਬਾ ਜੋਗਿੰਦਰ ਸਿੰਘ ਨੇ ਭਾਈ ਜਰਨੈਲ ਸਿੰਘ ਨੂੰ ਕੋਲ ਸੱਦਿਆ ਅਤੇ ਪੁੱਛਿਆ ਕਿ ਕੀ ਗੱਲ ਹੋਈ ਸੀ? ਸੇਠ ਦੌਲਤ ਰਾਮ ਨਾਲ ਝਗੜਾ ਕਿਸ ਗੱਲ ਦਾ ਹੈ ਤਾਂ ਉਨ੍ਹਾਂ ਰਾਤ ਵਾਲੀ ਸਾਰੀ ਗੱਲ ਦੱਸੀ। ਇਸ ਤੋਂ ਬਾਅਦ ਬਾਬਾ ਜੋਗਿੰਦਰ ਸਿੰਘ ਨੇ ਸੇਠ ਨੂੰ ਕਕਾਰਾਂ ਦੀ ਮਹੱਤਤਾ ਬਾਰੇ ਸਮਝਾਇਆ ਕਿ ਜੋ ਗੱਲ ਜਰਨੈਲ ਸਿੰਘ ਨੇ ਦੱਸੀ ਹੈ ਉਸ ਮੁਤਾਬਕ ਇਹ ਸੱਚਾ ਹੈ, ਫਿਰ ਦੋਵਾਂ ਨੂੰ ਸਮਝਾ ਕੇ ਆਪਸ ਵਿੱਚ ਸੁਲਾਹ ਕਰਵਾ ਦਿੱਤੀ। ਉਪੋਰਕਤ ਘਟਨਾ ਤੋਂ ਸਾਬਤ ਹੁੰਦਾ ਹੈ ਕਿ ਭਾਈ ਜਰਨੈਲ ਸਿੰਘ ਦੇ ਮਨ ਵਿੱਚ ਸਿੱਖੀ ਅਸੂਲਾਂ ਪ੍ਰਤੀ ਸੁਚੇਤਤਾ ਅਤੇ ਦ੍ਰਿੜ੍ਹਤਾ ਰੋਮ-ਰੋਮ ਵਿੱਚ ਰਚੀ ਹੋਈ ਸੀ। ਇਸ ਲਈ ਅਜਿਹੀ ਘਟਨਾ ਨੂੰ ਕੱਟੜਤਾ ਜਾਂ ਈਰਖਾ ਭਰਪੂਰ ਬਿਲਕੁਲ ਨਹੀਂ ਸਮਝਣਾ ਚਾਹੀਦਾ। ਉਨ੍ਹਾਂ ਦੇ ਮਨ ਵਿੱਚ ਕਿੰਨੀ ਹਲੀਮੀ ਅਤੇ ਨਿਮਰਤਾ ਸੀ ਇਸ ਬਾਰੇ ਵੀ ਉਨ੍ਹਾਂ ਨਾਲ ਜੁੜਿਆ ਹੋਇਆ ਇੱਕ ਅਹਿਮ ਵਿਰਤਾਂਤ ਇਸ ਤਰ੍ਹਾਂ ਹੈ:-

ਹਿੰਦੂ ਪਰਿਵਾਰ ਨਾਲ ਸਨੇਹ ਭਰੀ ਵਾਰਤਾ

ਮੰਡੀ ਬਾਘਾਪੁਰਾਣਾ ਦਾ ਇੱਕ ਮਸ਼ਹੂਰ ਆੜ੍ਹਤੀਆ ਸੇਠ ਗੁਰਦਿੱਤਾ ਮੱਲ ਸੀ ਜਿਸ ਦੀ ਕੱਪੜੇ ਦੀ ਦੁਕਾਨ ਵੀ ਸੀ। ਬਾਬਾ ਜੀ ਦਾ ਪਰਿਵਾਰ ਇਸੇ ਆੜ੍ਹਤੀਏ ਕੋਲ ਆਪਣੀ ਹਾੜ੍ਹੀ ਸਾਉਣੀ ਦੀ ਫਸਲ ਵੇਚਦਾ ਸੀ ਅਤੇ ਘਰ ਵਿੱਚ ਲੋੜ ਪੈਣ ਤੇ ਜਾਂ ਵਿਆਹ ਸ਼ਾਦੀਆਂ ਦੇ ਸਮੇਂ ਲੀੜਾ ਕੱਪੜਾ ਵੀ ਇਸੇ ਦੀ ਦੁਕਾਨ ਤੋਂ ਖਰੀਦਦੇ ਸਨ। ਇੱਕ ਵਾਰ ਭਾਈ ਜਰਨੈਲ ਸਿੰਘ ਕਣਕ ਵੇਚਣ ਲਈ ਟਰਾਲੀ ਭਰ ਕੇ ਗੁਰਦਿੱਤਾ ਮੱਲ ਦੀ ਆੜ੍ਹਤ 'ਤੇ ਗਏ। ਆਮ ਤੌਰ 'ਤੇ ਆਉਣ ਜਾਣ ਕਾਰਨ ਗੁਰਦਿੱਤਾ ਮੱਲ ਵੀ ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਸੁਣਿਆ ਵੀ ਹੋਇਆ ਸੀ ਕਿ ਜਰਨੈਲ ਸਿੰਘ ਭਜਨ ਬੰਦਗੀ ਵਾਲਾ ਨੌਜਵਾਨ ਹੈ। ਇਸ ਲਈ ਗੁਰਦਿੱਤਾ ਮੱਲ ਨੇ ਭਾਈ ਜਰਨੈਲ ਸਿੰਘ ਨੂੰ ਆਪਣੀ ਆੜ੍ਹਤ ਵਾਲੀ ਗੱਦੀ 'ਤੇ ਬਿਠਾਇਆ ਅਤੇ ਗੱਲਾਂ ਬਾਤਾਂ ਕਰਦਿਆਂ ਉਨ੍ਹਾਂ ਨੂੰ ਕਿਹਾ ਕਿ ਕੁੱਝ ਹੀ ਦਿਨਾਂ ਬਾਅਦ ਮੇਰੀ ਪੁੱਤਰੀ ਦਾ ਵਿਆਹ ਹੈ ਜੇ ਹੋ ਸਕੇ ਤਾਂ ਦੁੱਧ ਦੀਆਂ ਇੱਕ ਦੋ ਗਾਗਰਾਂ ਭੋਜਣ ਦੀ ਖੇਚਲ ਕਰਨੀ। ਇਹ ਗੱਲ ਸੁਣ ਕੇ ਭਾਈ ਜਰਨੈਲ ਸਿੰਘ ਨੇ ਕਿਹਾ ਕਿ ਮੈਂ ਜ਼ਰੂਰ ਦੁੱਧ ਪਹੁੰਚਦਾ ਕਰਾਂਗਾ। ਇਹ ਕਹਿ ਕੇ ਗੁਰਦਿੱਤਾ ਮੱਲ ਤੋਂ ਵਿਆਹ ਦਾ ਦਿਨ ਅਤੇ ਤਰੀਕ ਲਿਖ ਲਈ। ਹਾੜ੍ਹ ਦੇ ਦਿਨਾਂ ਵਿੱਚ ਹੀ ਇਹ ਵਿਆਹ ਸੀ, ਵਿਆਹ ਵਾਲੇ ਦਿਨ ਘਰ ਦੀਆਂ ਮੱਝਾਂ

Scanned with CamScanner

ਦਾ ਦੁੱਧ ਇਕੱਠਾ ਕਰਕੇ ਇੱਕ ਵੱਡੀ ਗਾਗਰ ਵਿੱਚ ਭਰ ਲਿਆ ਪਰ ਦੁੱਧ ਲਿਜਾਣ ਲਈ ਘਰੋ ਕੋਈ ਸਾਧਨ ਨਹੀਂ ਸੀ ਕਿਉਂਕਿ ਟਰੈਕਟਰ ਖੇਤ ਵਿੱਚ ਸੀ ਅਤੇ ਘਰ ਦੇ ਸਾਈਕਲ ਸਕੂਲ ਵਿੱਚ ਪੜ੍ਹਣ ਵਾਲੇ ਬੱਚੇ ਲੈ ਕੇ ਗਏ ਹੋਏ ਸਨ। ਬੀਬੀ ਦੇ ਵਿਆਹ ਲਈ ਸਮੇਂ ਸਿਰ ਦੁੱਧ ਪਹੁੰਚਾਉਣ ਵਾਸਤੇ ਉਨ੍ਹਾਂ ਨੇ ਦੁੱਧ ਵਾਲੀ ਗਾਗਰ ਨੂੰ ਆਪਣੇ ਸਿਰ 'ਤੇ ਚੁੱਕਿਆ ਅਤੇ ਲਗਭਗ ਸੱਤ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਗੁਰਦਿੱਤਾ ਮੱਲ ਦੇ ਘਰ ਪਹੁੰਚੇ, ਜਿੱਥੇ ਵਿਆਹ ਦੀਆਂ ਰੌਣਕਾਂ ਸਨ। ਗੁਰਦਿੱਤਾ ਮੱਲ ਨੇ ਜਦ ਵੇਖਿਆ ਕਿ ਜਰਨੈਲ ਸਿੰਘ ਦੁੱਧ ਵਾਲੀ ਗਾਗਰ ਸਿਰ 'ਤੇ ਹੀ ਚੁੱਕ ਕੇ ਲਿਆਇਆ ਹੈ ਤਾਂ ਹੈਰਾਨ ਰਹਿ ਗਿਆ। ਉਸ ਨੇ ਕਿਹਾ ਕਿ ਤੂੰ ਏਨਾ ਰਸਤਾ ਪੈਦਲ ਹੀ ਸਿਰ 'ਤੇ ਦੁੱਧ ਚੁੱਕ ਕੇ ਲੈ ਕੇ ਆਇਆ ਹੈਂ? ਏਨੀ ਖੇਚਲ ਕਿਉਂ ਕੀਤੀ? ਸੇਠ ਨੇ ਹੱਥ ਜੋੜ ਕੇ ਨਿਮਰਤਾ ਸਹਿਤ ਕਿਹਾ ਕਿ ਜਰਨੈਲ ਸਿੰਘਾ ਤੇਰਾ ਇਹ ਦੇਣ ਮੈਂ ਕਿੱਥੇ ਦੇਵਾਂਗਾ! ਇਸ 'ਤੇ ਭਾਈ ਜਰਨੈਲ ਸਿੰਘ ਨੇ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ ਮੈਂ ਤੁਹਾਡੇ ਨਾਲ ਬਚਨ ਕੀਤਾ ਸੀ ਕਿ ਵਿਆਹ ਵਾਲੇ ਦਿਨ ਦੁੱਧ ਜ਼ਰੂਰ ਪਹੁੰਚਦਾ ਕਰਾਂਗਾ। ਕੋਈ ਸਾਧਨ ਨਾ ਹੋਣ ਕਾਰਨ ਮੈਂ ਸੋਚਿਆ ਕਿ ਗਰਮੀ ਦਾ ਮੌਸਮ ਹੈ ਕਿਤੇ ਦੁੱਧ ਪਿਆ ਹੀ ਖਰਾਬ ਨਾ ਹੋ ਜਾਵੇ। ਇਸ ਲਈ ਮੈਂ ਸਿਰ 'ਤੇ ਹੀ ਚੁੱਕ ਕੇ ਲੈ ਆਇਆ ਹਾਂ। ਇਹ ਸੁਣ ਕੇ ਗੁਰਦਿੱਤਾ ਮੱਲ ਨੇ ਭਾਈ ਜਰਨੈਲ ਸਿੰਘ ਦਾ ਬਹੁਤ ਧੰਨਵਾਦ ਕੀਤਾ।

ਪਹਿਲੀ ਵਾਰ ਵਿਸ਼ੇਸ਼ ਤੌਰ 'ਤੇ ਸਿਮਰਨ ਅਭਿਆਸ

ਸੰਨ 1963 ਵਿੱਚ ਜਦ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਇੱਕ ਮਹੀਨੇ ਲਈ ਰੋਡੇ ਨਗਰ ਵਿਖੇ ਕਥਾ ਕੀਰਤਨ ਦਾ ਪ੍ਰਵਾਹ ਰੱਖਿਆ ਸੀ। ਉਨ੍ਹਾਂ ਮਹਾਂਪੁਰਖਾਂ ਦੀ ਕਰਨੀ ਕਮਾਈ ਰਹਿਤ ਮਰਿਆਦਾ ਦੀ ਪ੍ਰਪੱਕਤਾ, ਸੱਚ ਅਤੇ ਸੁੱਚ ਦਾ ਪਹਿਰਾ, ਗੁਰਮਤਿ ਵਿੱਦਿਆ ਦੇ ਭੰਡਾਰ ਅਤੇ ਕਲਗੀਧਰ ਪਾਤਿਸ਼ਾਹ ਦੀ ਵਿਸ਼ੇਸ਼ ਕ੍ਰਿਪਾ ਕਾਰਨ ਉਨ੍ਹਾਂ ਦੇ ਬਚਨਾਂ ਵਿੱਚ ਐਸੀ ਮਨ ਨੂੰ ਖਿੱਚਣ ਵਾਲੀ ਸ਼ਕਤੀ ਸੀ ਕਿ ਕਥਾ ਕਰਦੇ ਸਮੇਂ ਉਹ ਸਰੋਤਿਆਂ ਦੇ ਮਨ ਨੂੰ ਕੀਲ ਲੈਂਦੇ ਸਨ। ਸੰਗਤ ਇਕਾਗਰਚਿੱਤ ਕਥਾ ਵਿੱਚ ਏਨੀ ਮਗਨ ਹੋ ਜਾਂਦੀ ਕਿ ਉਨ੍ਹਾਂ ਨੂੰ ਦੁਨੀਆਂ ਦੀ ਸੁੱਧ-ਬੁੱਧ ਹੀ ਭੁੱਲ ਜਾਂਦੀ। ਕਥਾ ਸੁਣਦਿਆਂ-ਸੁਣਦਿਆਂ ਭਾਈ ਜਰਨੈਲ ਸਿੰਘ ਦੇ ਮਨ 'ਤੇ ਵੀ ਅਜਿਹਾ ਅਸਰ ਹੋਇਆ ਕਿ ਵਿਸ਼ੇਸ਼ ਤੌਰ 'ਤੇ ਸਿਮਰਨ ਅਭਿਆਸ ਕਰਨਾ ਚਾਹੀਦਾ ਹੈ। ਇਸੇ ਹੀ ਸਾਲ ਕਣਕ ਦੀ ਬਿਜਾਈ ਤੋਂ ਬਾਅਦ ਉਨ੍ਹਾਂ ਨੇ ਘਰਦਿਆਂ ਨਾਲ ਸਲਾਹ ਮਸ਼ਵਰਾ ਕਰਕੇ ਸੰਤ ਬਾਬਾ ਕਿਰਪਾਲ ਸਿੰਘ ਜੀ ਵਾਲੇ ਗੁਰਦੁਆਰੇ ਵਿਸ਼ੇਸ਼ ਸਿਮਰਨ ਕਰਨ ਦਾ ਮਨ ਬਣਾਇਆ। ਉਹ ਸਵੇਰੇ ਅੰਮ੍ਰਿਤ ਵੇਲੇ ਹੀ ਲਗਭਗ 2 ਕੁ ਵਜੇ ਇਸ਼ਨਾਨ ਕਰਨ ਉਪਰੰਤ ਗੁਰਦੁਆਰਾ ਸਾਹਿਬ ਚਲੇ ਜਾਂਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਗੁਰਦੁਆਰਾ ਸਾਹਿਬ ਦੀ ਉਪਰਲੀ ਮੰਜਿਲ 'ਤੇ ਜਾ ਕੇ ਵਾਹਿਗੁਰੂ ਮੰਤਰ ਅਤੇ ਮੂਲ ਮੰਤਰ, ੧ੴ ਤੋਂ ਲੈ ਕੇ ਨਾਨਕ ਹੋਸੀ ਭੀ ਸਚੁ ਤੱਕ ਦਾ ਜਾਪ ਕਰਦੇ। ਉਹ 15-16 ਘੰਟੇ ਦੇ ਜਾਪ ਦੌਰਾਨ ਕਿਸੇ ਨਾਲ ਵੀ ਗੱਲਬਾਤ ਨਹੀਂ ਸੀ ਕਰਦੇ ਅਤੇ ਰਾਤ ਦੇਰ ਗਏ ਘਰ ਵਾਪਸ ਆ ਜਾਇਆ ਕਰਦੇ ਸਨ। ਦਿਨ ਵਿੱਚ ਕੇਵਲ ਇੱਕੋ ਵਾਰ ਪ੍ਰਸ਼ਾਦਾ ਛਕਦੇ। ਇਸ ਤਰ੍ਹਾਂ ਉਨ੍ਹਾਂ ਨੇ 42 ਦਿਨ ਦਾ ਇਹ ਅਭਿਆਸ ਪੂਰਾ ਕੀਤਾ। ਉਸ ਸਮੇਂ ਉਨ੍ਹਾਂ ਦੀ ਉਮਰ 16 ਸਾਲ ਦੀ ਸੀ, ਜਿੱਥੇ ਨਾਮ ਸਿਮਰਨ ਅਭਿਆਸ ਦੀ ਅਰੰਭਤਾ ਕੀਤੀ ਗਈ ਇਸ ਅਸਥਾਨ ਨੂੰ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮੁਬਾਰਕ ਚਰਨਾਂ ਦੀ ਛੋਹ ਪ੍ਰਾਪਤ ਹੈ। ਇਸ ਤੋਂ ਅੱਗੇ ਸਤਿਗੁਰੂ ਜੀ ਨੇ ਇਸ ਸਿਮਰਨ ਅਭਿਆਸ ਦੀ ਐਸੀ ਕ੍ਰਿਪਾ ਕੀਤੀ ਜਿਸ ਦੁਆਰਾ ਆਤਮ ਰੰਗ ਵਿੱਚ ਰੰਗੇ ਗਏ। ਗੁਰੂ ਸਾਹਿਬ ਦਾ ਹੁਕਮ ਹੈ :

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥ (੮੦੬)

ਟਕਸਾਲ ਵਿੱਚ ਸ਼ਾਮਿਲ ਹੋਣ ਦੀ ਗਾਥਾ

ਸੰਨ 1965 ਵਿੱਚ ਬ੍ਰਹਮ ਗਿਆਨੀ ਸ੍ਰੀਮਾਨ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਹਰ ਸਾਲ ਦੀ ਤਰ੍ਹਾਂ ਰੋਡੇ ਨਗਰ ਵਿੱਚ ਇਕ ਮਹੀਨੇ ਦੇ ਦੀਵਾਨ ਸਜਾਉਣ ਲਈ ਪਹੁੰਚੇ ਤਾਂ ਹਮੇਸ਼ਾ ਵਾਂਗ ਹੀ ਨਗਰ ਦੀਆਂ ਸਿੱਖ ਸੰਗਤਾਂ ਨੇ ਜਥੇ ਦੇ ਆਉਣ ਦੀ ਤਿਆਰੀ ਵਿੱਚ ਨਗਰ ਦੀ ਸਫ਼ਾਈ ਅਤੇ ਜੱਥੇ ਦੇ ਸਿੰਘਾਂ ਦੇ ਰਹਿਣ ਦਾ ਪ੍ਰਬੰਧ

Scanned with CamScanner

ਬੜੇ ਚਾਅ ਨਾਲ ਕੀਤਾ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜੱਥੇ ਦੇ ਨਗਰ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਜੱਥੇ ਦੇ ਲੰਗਰ ਦਾ ਸਮਾਂ ਨਿਯਤ ਹੋ ਜਾਂਦਾ ਸੀ ਕਿ ਕਿਹੜੇ ਘਰ ਵਿੱਚ ਜੱਥੇ ਨੇ ਸਵੇਰ ਦਾ ਪ੍ਰਸ਼ਾਦਾ ਛਕਣਾ ਹੈ ਅਤੇ ਕਿਹੜੇ ਘਰ ਵਿੱਚ ਸ਼ਾਮ ਦਾ। ਲੰਗਰ ਵਿੱਚ ਆਮ ਪ੍ਰਚਲਿਤ ਨਿਯਮ ਅਨੁਸਾਰ ਜੱਥੇ ਦੇ ਛਕਣ ਲਈ ਖੀਰ, ਮਾਲ੍ਹ-ਪੂੜੇ ਜਾਂ ਜੋ ਜੱਥੇ ਦੇ ਸਿੰਘਾਂ ਦੀ ਇੱਛਾ ਹੁੰਦੀ ਕਈ ਵਾਰ ਸਰ੍ਹੋਂ ਦਾ ਸਾਗ, ਮੱਕੀ ਦੇ ਪ੍ਰਸ਼ਾਦੇ ਤਿਆਰ ਕੀਤੇ ਜਾਂਦੇ ਅਤੇ ਕਦੇ-ਕਦੇ ਪੱਕੇ ਭੰਡਾਰੇ ਦੇ ਰੂਪ ਵਿੱਚ ਜਲੇਬੀਆਂ ਆਦਿ ਦਾ ਲੰਗਰ ਤਿਆਰ ਕੀਤਾ ਜਾਂਦਾ। ਕਈ ਵਾਰ ਲੰਗਰ ਛਕਾਉਣ ਵਾਲੇ ਸੇਵਕ ਪਰਿਵਾਰਾਂ ਦੀ ਗਿਣਤੀ ਵੱਧ ਜਾਂਦੀ ਤਾਂ ਦੋ-ਤਿੰਨ ਘਰਾਂ ਨੇ ਮਿਲ ਕੇ ਸਾਂਝੇ ਤੌਰ 'ਤੇ ਗੁਰਦੁਆਰਾ ਸਾਹਿਬ ਵਿਖੇ ਹੀ ਲੰਗਰ ਤਿਆਰ ਕਰਕੇ ਸੰਗਤਾਂ ਨੂੰ ਛਕਾਉਣਾ। ਜਦੋਂ ਸਾਰਾ ਜਥਾ ਲੰਗਰ ਵਾਲੇ ਘਰ ਨੂੰ ਜਾਂਦਾ ਤਾਂ ਗਲੀਆਂ ਵਿੱਚ ਦੀ ਉੱਚੀ ਆਵਾਜ਼ ਵਿੱਚ ਗੁਰਬਾਣੀ ਦੇ ਸ਼ਬਦ ਜਥੇ ਦੇ ਸਿੰਘ ਅਤੇ ਪਿੰਡ ਦੀ ਸੰਗਤ ਰਲ ਕੇ ਪੜ੍ਹਦੇ, ਇਸ ਸਮੇਂ ਦਾ ਵੀ ਅਨੋਖਾ ਹੀ ਅਨੰਦ ਹੁੰਦਾ ਸੀ।

ਇਸ ਵਾਰ ਜਦੋਂ ਸਮੁੱਚਾ ਜੱਥਾ ਲੰਗਰ ਛਕਣ ਲਈ ਬਾਬਾ ਜੋਗਿੰਦਰ ਸਿੰਘ ਜੀ ਦੇ ਘਰ ਪਹੁੰਚਿਆ ਤਾਂ ਸਾਰੇ ਸਿੰਘਾਂ ਦੇ ਲੰਗਰ ਛਕਣ ਉਪਰੰਤ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਬਾਬਾ ਜੋਗਿੰਦਰ ਸਿੰਘ ਜੀ ਨੂੰ ਆਪਣੇ ਕੋਲ ਬੁਲਾ ਕੇ ਪੁੱਛਿਆ ਕਿ ਤੁਹਾਡੇ ਕਿੰਨੇ ਭੁਝੰਗੀ ਹਨ ਤਾਂ ਉਨ੍ਹਾਂ ਨੇ ਆਖਿਆ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ 7 ਭੁਝੰਗੀ ਹਨ ਤਾਂ ਮਹਾਂਪੁਰਖਾਂ ਨੇ ਕਿਹਾ ਕਿ ਭਾਈ ਇੱਕ ਭੁਝੰਗੀ ਸਾਨੂੰ ਦੇ ਦਿਓ। ਅਸੀਂ ਉਸ ਨੂੰ ਜੱਥੇ ਵਿੱਚ ਰੱਖ ਕੇ ਗੁਰਮਤਿ ਦੀ ਵਿੱਦਿਆ ਸਿਖਾਵਾਂਗੇ। ਉਸ ਦਿਨ ਘਰ ਵਿੱਚ ਜੱਥੇ ਦੇ ਸਿੰਘਾਂ ਦਾ ਲੰਗਰ ਭੰਡਾਰਾ ਹੋਣ ਕਰਕੇ ਬਾਬਾ ਜੀ ਦੇ ਸਾਰੇ ਪੁੱਤਰ ਘਰ ਵਿੱਚ ਹੀ ਸਨ ਅਤੇ ਬਾਹੋਂ ਬਾਦੀਂ ਸੇਵਾ ਵਿੱਚ ਲੱਗੇ ਹੋਏ ਸਨ। ਮਹਾਂਪੁਰਖਾਂ ਦਾ ਬਚਨ ਸੁਣਦਿਆਂ ਹੀ ਬਾਬਾ ਜੀ ਨੇ ਆਪਣੇ ਸਾਰੇ ਪੁੱਤਰਾਂ ਨੂੰ ਮਹਾਂਪੁਰਖਾਂ ਦੇ ਕੋਲ ਬੁਲਾਇਆ ਅਤੇ ਹੱਥ ਜੋੜ ਕੇ ਸੰਤਾਂ-ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਆਪ ਜੀ ਜਿਸਨੂੰ ਵੀ ਚਾਹੋ ਉਸਨੂੰ ਆਪਣੇ ਜੱਥੇ ਵਿਚ ਸ਼ਾਮਲ ਕਰ ਲਵੋ। ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਨੇ ਬਹੁਤ ਹੀ ਗੰਭੀਰਤਾ ਨਾਲ ਬਾਬਾ ਜੀ ਦੇ ਸਾਰੇ ਹੀ ਪੁੱਤਰਾਂ ਵੱਲ ਤੱਕਿਆ ਅਤੇ ਅਖ਼ੀਰ ਵਿਚ ਸਭ ਤੋਂ ਛੋਟੀ ਉਮਰ ਦੇ ਭੁਝੰਗੀ ਜਰਨੈਲ ਸਿੰਘ ਉਪਰ ਆ ਕੇ ਉਨ੍ਹਾਂ ਦੀ ਨਜ਼ਰ ਰੁਕ ਗਈ ਉਨ੍ਹਾਂ ਨੇ ਕਿਹਾ ਕਿ ਆਹ ਭੁਝੰਗੀ ਜੱਥੇ ਦੀ ਸੇਵਾ ਵਿੱਚ ਦੇ ਦੇਵੋ। (ਉਸੇ ਦਿਨ ਹੀ ਬ੍ਰਹਮ ਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਨੇ ਅੰਤਰ ਦ੍ਰਿਸ਼ਟੀ ਨਾਲ ਦੇਖ ਲਿਆ ਸੀ ਕਿ ਇਹ ਅਨਮੋਲ ਹੀਰਾ ਸਿੱਖ ਪੰਥ ਦੀ ਸੇਵਾ ਕਰੇਗਾ ਪਰ ਪਰਿਵਾਰ ਸਮੇਤ ਆਮ ਸੰਗਤਾਂ ਨੂੰ ਨਹੀਂ ਪਤਾ ਸੀ ਕਿ ਇਹੀ ਭਾਈ ਜਰਨੈਲ ਸਿੰਘ ਸਿੱਖ ਕੌਮ ਦੀ ਬੇਮਿਸਾਲ ਸੇਵਾ ਕਰੇਗਾ) ਬਾਬਾ ਜੀ ਨੇ ਸਤਿਬਚਨ ਕਹਿ ਕੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਇਸ ਨੂੰ ਅਸੀਂ ਜਲਦੀ ਹੀ ਜੱਥੇ ਵਿੱਚ ਛੱਡ ਆਵਾਂਗੇ। ਕਿਉਂਕਿ ਇਸੇ ਸਾਲ ਅਸੀਂ ਆਪਣੀ ਪੁੱਤਰੀ ਬੀਬੀ ਇੰਦਰਜੀਤ ਕੌਰ ਦਾ ਵਿਆਹ ਰੱਖਿਆ ਹੋਇਆ ਹੈ, ਵਿਆਹ ਉਪਰੰਤ ਭਾਈ ਜਰਨੈਲ ਸਿੰਘ ਆਪ ਜੀ ਪਾਸ ਆ ਜਾਵੇਗਾ।

ਬੀਬੀ ਇੰਦਰਜੀਤ ਕੌਰ ਦਾ ਵਿਆਹ ਪਿੰਡ ਕੋਕਰੀ ਫੂਲਾ ਸਿੰਘ ਦੇ ਸ. ਅਮਰਜੀਤ ਸਿੰਘ ਨਾਲ ਹੋਇਆ। ਵਿਆਹ ਤੋਂ ਬਾਅਦ ਉਸੇ ਸਾਲ ਹੀ ਭਾਈ ਜਰਨੈਲ ਸਿੰਘ ਦਮਦਮੀ ਟਕਸਾਲ ਦੇ ਜੱਥੇ ਵਿੱਚ ਸ਼ਾਮਲ ਹੋ ਗਏ। ਉਸ ਸਮੇਂ ਭਿੰਡਰਾਂਵਾਲੀ ਟਕਸਾਲ ਦਾ ਜਥਾ ਕਥਾ ਪ੍ਰਚਾਰ ਲਈ ਗੁਰਦੁਆਰਾ ਸ੍ਰੀ ਨਾਭਾ ਸਾਹਿਬ ਪਾਤਸ਼ਾਹੀ ਨੌਵੀਂ ਜੋ ਕਿ ਜ਼ੀਰਕਪੁਰ ਰਾਜਪੁਰਾ ਰੋਡ 'ਤੇ ਜ਼ੀਰਕਪੁਰ ਤੋਂ ਪੰਜ ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਵਿਖੇ ਠਹਿਰਿਆ ਹੋਇਆ ਸੀ। ਇੱਥੇ ਪਹੁੰਚ ਕੇ ਭਾਈ ਜਰਨੈਲ ਸਿੰਘ ਨੇ ਸੰਤਾਂ ਮਹਾਂਪੁਰਖਾਂ ਨੂੰ ਮਿਲ ਕੇ ਨਮਸਕਾਰ ਕੀਤੀ, ਫ਼ਤਿਹ ਬੁਲਾਈ, ਮਹਾਂਪੁਰਖਾਂ ਨੇ ਰਾਜ਼ੀ-ਖ਼ੁਸ਼ੀ ਪੁੱਛਣ ਉਪਰੰਤ ਉਸੇ ਦਿਨ ਤੋਂ ਹੀ ਗੁਰਬਾਣੀ ਦੀ ਸੰਥਿਆ ਪੜ੍ਹਾਉਣ ਲਈ ਭਾਈ ਕਰਤਾਰ ਸਿੰਘ ਪ੍ਰੇਮੀ ਜੀ ਦੀ ਡਿਊਟੀ ਲਗਾਈ ਕਿ ਇਸ ਭੁਝੰਗੀ ਨੂੰ ਤੁਸੀਂ ਆਪਣੀ ਨਿਗਰਾਨੀ ਹੇਠ ਗੁਰਮਤਿ ਵਿੱਦਿਆ ਪੜ੍ਹਾਉਣੀ ਹੈ। ਇਸ ਤਰ੍ਹਾਂ ਉਸੇ ਦਿਨ ਤੋਂ ਹੀ ਉਨ੍ਹਾਂ ਦੀ ਗੁਰਬਾਣੀ ਦੀ ਸੰਥਿਆ ਆਰੰਭ ਕਰ ਦਿੱਤੀ ਗਈ।

ਗੁਰਦੁਆਰਾ ਨਾਭਾ ਸਾਹਿਬ ਦੀ ਇਤਿਹਾਸਕ ਵਿਲੱਖਣਤਾ

ਇਹ ਉਹੀ ਸਥਾਨ ਹੈ ਜਿਥੇ ਭਾਈ ਜੈਤਾ ਜੀ ਦਿੱਲੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲੈ ਕੇ ਆਉਂਦਿਆਂ ਰਾਤ ਦੇ ਵਿਸ਼ਰਾਮ ਲਈ ਰੁਕੇ ਸਨ ਅਤੇ ਦੁਸ਼ਮਣਾਂ ਤੋਂ ਬਚਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਸਨ। ਇੱਥੇ

Scanned with CamScanner

ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲਾ ਪੜਾਅ ਕੀਤਾ ਸੀ ਜਦੋਂ ਉਸ ਨੂੰ ਸ੍ਰੀ ਹਜ਼ੂਰ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੂਬਾ ਸਰਹੰਦ ਦੇ ਜ਼ੁਲਮਾਂ ਨੂੰ ਖਤਮ ਕਰਨ ਦੀ ਸੇਵਾ ਲਾ ਕੇ ਪੰਜਾਬ ਭੇਜਿਆ ਸੀ। ਇਸੇ ਸਥਾਨ 'ਤੇ ਹੀ ਸਿੱਖਾਂ ਦੇ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਫ਼ਤਿਹ ਕਰਨ ਦੀ ਵਿਉਂਤਬੰਦੀ ਬਣਾਈ ਸੀ। ਉਪਰੰਤ ਹੋਰ ਸਿੱਖ ਜਰਨੈਲਾਂ ਦੀ ਮਦਦ ਨਾਲ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਸੂਬਾ ਸਰਹੰਦ ਨੂੰ ਉਸ ਦੇ ਕੀਤੇ ਜ਼ੁਲਮਾਂ ਦੀ ਸਜ਼ਾ ਦੇਣ ਵਿੱਚ ਭਾਰੀ ਸਫਲਤਾ ਪ੍ਰਾਪਤ ਕੀਤੀ ਸੀ। ਇਹ ਇੱਕ ਕੁਦਰਤੀ ਸੰਯੋਗ ਸਮਝੋ ਕਿ ਉਸੇ ਹੀ ਅਸਥਾਨ 'ਤੇ ਸਿੱਖਾਂ ਦਾ ਇੱਕ ਹੋਰ ਜਰਨੈਲ ਆਉਣ ਵਾਲੇ ਸਮੇਂ ਵਿੱਚ ਪੰਥ ਦੀ ਸੇਵਾ ਹਿਤ ਤਿਆਗੀਆਂ ਦਾ ਮੁੱਢ ਬੰਨਣ ਲਈ ਕਲਗੀਧਰ ਵੱਲੋਂ ਚਲਾਈ ਗਈ ਸੰਸਥਾ ਦਮਦਮੀ ਟਕਸ਼ਾਲ ਦੀ ਸ਼ਰਨ ਵਿੱਚ 18 ਹਾੜ 1965 ਨੂੰ ਪਹੁੰਚਿਆ। ਉਸੇ ਦਿਨ ਸ਼ਾਮ ਨੂੰ 4.00 ਵਜੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਆਪ ਸੰਥਿਆ ਆਰੰਭ ਕਰਵਾਈ।

ਗੁਰਬਾਣੀ, ਗੁਰ ਇਤਿਹਾਸ ਆਦਿ ਵਿੱਦਿਆ ਦਾ ਆਰੰਭ

ਇਸੇ ਹੀ ਅਸਥਾਨ 'ਤੇ ਇੱਕ ਦਿਨ ਸ਼ਾਮ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕੁੱਝ ਸਿੰਘਾਂ ਸਮੇਤ ਪੈਦਲ ਹੀ ਗੁਰਦੁਆਰਾ ਲੋਹਗੜ੍ਹ ਦੇ ਦਰਸ਼ਨ ਕਰਨ ਗਏ ਜੋ ਕਿ ਗੁਰਦੁਆਰਾ ਨਾਭਾ ਸਾਹਿਬ ਤੋਂ ਤਿੰਨ ਕੁ ਕਿਲੋਮੀਟਰ ਦੀ ਦੂਰੀ 'ਤੇ ਹੈ। ਉਸ ਸਮੇਂ ਭਾਈ ਜਰਨੈਲ ਸਿੰਘ ਵੀ ਗੁਰਦੁਆਰਾ ਲੋਹਗੜ੍ਹ ਸਾਹਿਬ ਦੇ ਦਰਸ਼ਨ ਕਰਨ ਲਈ ਮਹਾਂਪੁਰਖਾਂ ਨਾਲ ਜਾ ਰਹੇ ਸਨ ਤਾਂ ਰਸਤੇ ਵਿੱਚ ਸੰਤਾਂ-ਮਹਾਂਪੁਰਖਾਂ ਨੇ ਇਸ ਭੁਝੰਗੀ ਦੇ ਮੋਢੇ ਉਪਰ ਹੱਥ ਰੱਖ ਕੇ ਕਿਹਾ ਕਿ ਭੁਝੰਗੀਆ ਜਪੁਜੀ ਸਾਹਿਬ ਜੀ ਦਾ ਪਾਠ ਸੁਣਾ। ਭਾਈ ਜਰਨੈਲ ਸਿੰਘ ਜੀ ਨੇ ਉੱਚੀ ਬੋਲ ਕੇ ਪੂਰੇ ਜਾਂਦਿਆਂ ਜਪੁਜੀ ਸਾਹਿਬ ਜੀ ਦਾ ਪਾਠ ਸੁਣਾਇਆ ਤਾਂ ਮਹਾਂਪੁਰਖਾਂ ਨੇ ਕਿਹਾ ਕਿ ਇੱਕ ਪਾਠ ਹੋਰ ਜਲਦੀ-ਜਲਦੀ ਸੁਣਾ। ਇੱਕ ਹੋਰ ਪਾਠ ਜਿੰਨੀ ਜਲਦੀ ਉਚਾਰ ਸਕਦੇ ਸਨ, ਭਾਈ ਜਰਨੈਲ ਸਿੰਘ ਜੀ ਨੇ ਸੁਣਾਇਆ। ਇਸ ਤੋਂ ਬਾਅਦ ਮਹਾਂਪੁਰਖਾਂ ਨੇ ਕਿਹਾ ਕਿ ਭੁਝੰਗੀਆ ਇੱਕ ਪਾਠ ਹੋਰ ਸੁਣਾ ਪਰ ਬਹੁਤ ਸਹਿਜੇ-ਸਹਿਜੇ ਸੁਣਾਉਣਾ ਹੈ। ਫਿਰ ਭਾਈ ਜਰਨੈਲ ਸਿੰਘ ਨੇ ਜਪੁਜੀ ਸਾਹਿਬ ਜੀ ਦਾ ਇੱਕ ਹੋਰ ਪਾਠ ਬਹੁਤ ਹੀ ਮਧੁਰ ਲੈਅ ਵਿੱਚ ਸੁਣਾਇਆ। ਪਾਠ ਸੰਪੂਰਨ ਹੋਣ 'ਤੇ ਮਹਾਂਪੁਰਖ ਬਹੁਤ ਪ੍ਰਸੰਨ ਹੋਏ। ਉਸ ਉਪਰੰਤ ਗੁਰਦੁਆਰਾ ਸ੍ਰੀ ਲੋਹਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਪੈਦਲ ਹੀ ਗੁਰਦੁਆਰਾ ਸ੍ਰੀ ਨਾਭਾ ਸਾਹਿਬ ਵਿਖੇ ਵਾਪਸ ਪਹੁੰਚ ਗਏ। ਉਸੇ ਦਿਨ ਹੀ ਮਹਾਂਪੁਰਖਾਂ ਨੇ ਕਿਹਾ ਕਿ ਭਾਈ ਸਵੇਰੇ-ਸ਼ਾਮ ਕਥਾ ਜ਼ਰੂਰ ਸੁਣਨੀ ਹੈ। ਬਾਣੀ ਦੀ ਸੰਥਿਆ ਪੜ੍ਹਨ ਦੇ ਨਾਲ ਨਾਲ ਵੱਧ ਤੋਂ ਵੱਧ ਲੰਗਰ ਬਣਾਉਣ, ਲੰਗਰ ਵਰਤਾਉਣ, ਬਰਤਨ ਸਾਫ਼ ਕਰਨ, ਦਰੀਆਂ ਝਾੜਨ ਦੀ ਸੇਵਾ ਵੀ ਕਰਨੀ ਹੈ। ਇਸ ਤਰ੍ਹਾਂ ਮਹਾਂਪੁਰਖਾਂ ਦੇ ਬਚਨਾਂ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਭਾਈ ਜਰਨੈਲ ਸਿੰਘ ਨੇ ਟਕਸਾਲ ਵਿਚਲੇ ਸਫਰ ਦੀ ਅਰੰਭਤਾ ਕੀਤੀ।

ਸੰਤਾਂ ਨੇ ਭਾਈ ਕਰਤਾਰ ਸਿੰਘ ਪ੍ਰੇਮੀ ਜੀ ਤੋਂ ਭਾਈ ਜਰਨੈਲ ਸਿੰਘ ਦੀ ਸੰਥਿਆ ਆਰੰਭ ਕਰ ਦਿੱਤੀ ਅਤੇ ਨਿੱਤ ਪ੍ਰਤੀ ਕੀਤੀ ਹੋਈ ਸੰਥਿਆ ਨੂੰ ਪ੍ਰੇਮੀ ਜੀ ਆਪ ਸੁਣਦੇ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਭਾਈ ਕਰਤਾਰ ਸਿੰਘ ਪ੍ਰੇਮੀ ਬਹੁਤ ਹੀ ਹੋਣਹਾਰ ਉਸਤਾਦ ਸਨ। (ਯਾਦ ਰਹੇ ਕਿ ਪ੍ਰੇਮੀ ਕਰਤਾਰ ਸਿੰਘ ਜੀ ਨੇ 17 ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਜੱਥੇ ਵਿੱਚ ਪੜ੍ਹੀ ਅਤੇ ਫਿਰ ਬਹੁਤ ਲਗਨ ਦੇ ਨਾਲ ਉਹ ਵਿਦਿਆਰਥੀਆਂ ਨੂੰ ਸੰਥਿਆ ਪੜ੍ਹਾਉਣ ਲੱਗੇ।) ਗੁਰਬਾਣੀ ਵਿਚਲੀਆਂ ਗੰਭੀਰ ਜਾਣਕਾਰੀਆਂ ਸਮਝਾਉਂਦੇ ਅਤੇ ਬਾਣੀ ਦੇ ਉਚਾਰਨ ਸਮੇਂ ਲਗਾਂ-ਮਾਤਰਾਂ, ਵਿਸ਼ਰਾਮ, ਜਮਕੀ ਆਦਿ ਦਾ ਢੰਗ ਵੀ ਸਮਝਾਉਂਦੇ ਤਾਂ ਕਿ ਬਾਣੀ ਨੂੰ ਉਚਾਰਨਾ ਸਰਲ ਹੋ ਸਕੇ। ਇਸ ਤਰ੍ਹਾਂ ਭਾਈ ਜਰਨੈਲ ਸਿੰਘ ਨੇ ਬਹੁਤ ਲਗਨ ਅਤੇ ਮਿਹਨਤ ਨਾਲ ਭਾਈ ਪ੍ਰੇਮੀ ਹੁਰਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਪ੍ਰਾਪਤ ਕੀਤੀ ਅਤੇ ਪ੍ਰੇਮੀ ਜੀ ਦੇ ਕਹਿਣ 'ਤੇ ਦੁਬਾਰਾ ਫਿਰ ਸੰਪੂਰਨ ਸੰਥਿਆ ਲਈ। ਪ੍ਰੇਮੀ ਜੀ ਨੇ ਸੁਭਾਵਿਕ ਹੀ ਕਿਹਾ ਕਿ ਭਾਈ ਜਰਨੈਲ ਸਿੰਘਾ ਜੇਕਰ ਗੁਰਬਾਣੀ ਨੂੰ ਸਰਲ ਪੜ੍ਹਣਾ ਸਿੱਖਣਾ ਹੈ ਤਾਂ ਕੁਝ ਸਮੇਂ ਲਈ ਇੱਕ ਮਹੀਨੇ ਵਿੱਚ ਗੁਰਬਾਣੀ ਦਾ ਸਹਿਜ ਪਾਠ ਕਰਿਆ ਕਰ ਤਾਂ ਕਿ ਜਿੰਨੀ ਵੱਧ ਗੁਰਬਾਣੀ ਪੜ੍ਹੇਂਗਾ ਉਨੀ ਹੀ ਸਤਿਗੁਰੂ ਜੀ ਦੀ ਵੱਧ ਕ੍ਰਿਪਾ ਹੋਵੇਗੀ ਅਤੇ ਬਾਣੀ ਦਾ ਉਚਾਰਨ ਸਰਲ ਹੋ ਜਾਵੇਗਾ। ਆਪਣੇ ਉਸਤਾਦ ਭਾਈ ਕਰਤਾਰ ਸਿੰਘ ਪ੍ਰੇਮੀ ਜੀ ਤੋਂ ਇਹ ਬਚਨ ਸੁਣ ਕੇ ਭਾਈ ਜਰਨੈਲ ਸਿੰਘ ਨੇ ਹਰ ਮਹੀਨੇ ਇੱਕ ਸਹਿਜ ਪਾਠ ਕਰਨ ਦਾ ਨਿਯਮ ਬਣਾ ਲਿਆ। ਭਾਈ

Scanned with CamScanner

ਕਰਤਾਰ ਸਿੰਘ ਜੀ ਪ੍ਰੇਮੀ ਕਈ ਵਾਰ ਸੰਤ ਮਹਾਂਪੁਰਖਾਂ ਨੂੰ ਭਾਈ ਜਰਨੈਲ ਸਿੰਘ ਬਾਰੇ ਦੱਸਦੇ ਕਿ ਇਹ ਗੁਝੰਗੀ ਬਹੁਤ ਲਗਨ ਨਾਲ ਪੜ੍ਹਦਾ ਹੈ ਅਤੇ ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਦਾ ਉਚਾਰਨ ਵੀ ਬਹੁਤ ਸ਼ੁੱਧ ਹੈ। ਪ੍ਰੇਮੀ ਜੀ ਤੋਂ ਇਹ ਬਚਨ ਸੁਣ ਕੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਾਈ ਜਰਨੈਲ ਸਿੰਘ ਨੂੰ ਪਿਆਰ ਨਾਲ ਕਹਿੰਦੇ ਕਿ ਗੁਝੰਗੀਆ ਹਾਲੇ ਬਹੁਤ ਮਿਹਨਤ ਕਰਨੀ ਹੈ ਅਤੇ ਪੂਰੀ ਲਗਨ ਨਾਲ ਪ੍ਰੇਮੀ ਜੀ ਪਾਸੋਂ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਨਾਨਕ ਪ੍ਰਕਾਸ਼ ਗ੍ਰੰਥ ਅਤੇ ਕੁਝ ਹੋਰ ਗ੍ਰੰਥਾਂ ਦੀ ਵਿੱਦਿਆ ਵੀ ਪ੍ਰਾਪਤ ਕਰੋ।

ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਵੱਲੋਂ ਭਾਈ ਜਰਨੈਲ ਸਿੰਘ ਨੂੰ ਆਸ਼ੀਰਵਾਦ

ਸੰਨ 1966 ਈਸਵੀ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜੱਥੇ ਸਮੇਤ ਪਿੰਡ ਭਿੰਡਰਾਂ ਵਿਖੇ ਵੱਡੇ ਮਹਾਂਪੁਰਖ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਬਾਬਾ ਖਜ਼ਾਨ ਸਿੰਘ ਜੀ ਦੀ ਬਰਸੀ ਜੋ ਕਿ 27 ਭਾਦੋਂ ਨੂੰ ਹੁੰਦੀ ਹੈ, ਮਨਾ ਚੁੱਕੇ ਸਨ। ਇੱਕ ਦਿਨ ਭਾਈ ਜਰਨੈਲ ਸਿੰਘ ਅਭਿਆਸੀ ਨੇ ਸੰਤਾਂ ਕੋਲ ਬੇਨਤੀ ਕੀਤੀ ਕਿ ਕੁੱਝ ਦਿਨਾਂ ਲਈ ਜ਼ਰੂਰੀ ਕਾਰਜਾਂ ਵਾਸਤੇ ਘਰ ਜਾਣ ਦੀ ਆਗਿਆ ਚਾਹੀਦੀ ਹੈ। ਸੰਤਾਂ ਨੇ ਬਾਬਾ ਠਾਕੁਰ ਸਿੰਘ ਜੀ ਨੂੰ ਕਿ ਹਾ ਕਿ ਭਾਈ ਠਾਕੁਰ ਸਿੰਘ ਇੱਕ ਦਸਤਾਰ ਲੈ ਕੇ ਆਓ। ਬਾਬਾ ਜੀ ਚਿੱਟੇ ਰੰਗ ਦੀ ਮਲਮਲ ਦੀ ਦਸਤਾਰ ਲੈ ਕੇ ਆਏ ਅਤੇ ਸੰਤਾਂ ਨੂੰ ਫੜਾ ਦਿੱਤੀ। ਸੰਤਾਂ ਨੇ ਦਸਤਾਰ ਆਪਣੇ ਹੱਥ ਵਿੱਚ ਫੜ ਕੇ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਕਿਹਾ ਕਿ ਭਾਈ ਜੱਥੇ ਤੋਂ ਘਰ ਜਾਣ ਸਮੇਂ ਵੀ ਰਹਿਤ ਵਿੱਚ ਤਿਆਰ-ਬਰ-ਤਿਆਰ ਰਹਿਣਾ ਹੈ। ਨਿਤਨੇਮ ਵਿੱਚ ਫਰਕ ਨਹੀਂ ਪੈਣ ਦੇਣਾ ਅਤੇ ਆਪਣੇ ਪਿਤਾ ਜਥੇਦਾਰ ਜੋਗਿੰਦਰ ਸਿੰਘ ਨੂੰ ਸਾਡੇ ਵੱਲੋਂ ਫ਼ਤਹਿ ਬੁਲਾਉਣੀ। ਜਿੰਨਾ ਜਲਦੀ ਹੋ ਸਕੇ ਘਰ ਦੇ ਕਾਰਜ ਕਰਕੇ ਜਲਦੀ ਵਾਪਸ ਜੱਥੇ ਵਿੱਚ ਪਰਤਣਾ। ਭਾਈ ਜਰਨੈਲ ਸਿੰਘ ਨੇ ਸਤਿਬਚਨ ਕਹਿ ਕੇ ਸੰਤਾਂ ਨੂੰ ਨਮਸਕਾਰ ਕੀਤੀ। ਇਸੇ ਦੌਰਾਨ ਸੰਤਾਂ ਨੇ ਹੱਥ ਵਿੱਚ ਫੜੀ ਹੋਈ ਦਸਤਾਰ ਭਾਈ ਜਰਨੈਲ ਸਿੰਘ ਦੇ ਸਿਰ 'ਤੇ ਰੱਖ ਦਿੱਤੀ ਅਤੇ ਨਾਲ ਹੀ ਬਚਨ ਕੀਤਾ ਕਿ ਹੋਰ ਵੀ ਸ਼ਰਧਾ ਭਾਵਨਾ ਸਹਿਤ ਵੱਧ ਤੋਂ ਵੱਧ ਬਾਣੀ ਪੜ੍ਹਿਆ ਕਰ। ਸਤਿਗੁਰੂ ਗ੍ਰੰਥ ਸਾਹਿਬ ਜੀ ਸਰਬ ਕਲਾ ਸਮਰਥ ਹਨ ਅਤੇ ਸਭ ਦਾਤਾਂ ਬਖਸ਼ਣ ਵਾਲੇ ਹਨ। ਇਹ ਦ੍ਰਿਸ਼ ਦੇਖ ਕੇ ਬਾਬਾ ਠਾਕੁਰ ਸਿੰਘ ਜੀ ਹੈਰਾਨ ਰਹਿ ਗਏ ਅਤੇ ਅਚੰਭੇ ਵਿੱਚ ਪੈ ਗਏ ਕਿ ਅੱਜ ਤੱਕ ਜੱਥੇ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਵਿੱਦਿਆ ਪ੍ਰਾਪਤ ਕਰਕੇ ਪੰਥ ਦੀਆਂ ਉੱਚੀਆਂ ਪਦਵੀਆਂ 'ਤੇ ਸੇਵਾ ਨਿਭਾ ਰਹੇ ਹਨ। ਸੰਤਾਂ ਨੇ ਬਹੁਤ ਸਾਰੇ ਗਿਆਨੀ ਸਿੰਘਾਂ ਦਾ ਸਮੇਂ-ਸਮੇਂ ਚੁੱਕਵਾਂ ਸਨਮਾਨ ਵੀ ਕੀਤਾ। ਕਈਆਂ ਨੂੰ ਸਮੁੱਚੀ ਕਿਰਿਆ ਦੇ ਵਸਤਰ, ਵੱਡੀ ਸ੍ਰੀ ਸਾਹਿਬ ਤੇ ਕੁੱਝ ਮਾਇਆ ਦੇ ਕੇ ਵੀ ਵਿਦਾਇਗੀ ਦਿੱਤੀ ਹੈ। ਪਰ ਕਿਸੇ ਵੀ ਵਿਦਿਆਰਥੀ ਦੇ ਸੀਸ ਉੱਪਰ ਆਪਣੇ ਹੱਥੀਂ ਦਸਤਾਰ ਨਹੀਂ ਰੱਖੀ। ਬਾਬਾ ਜੀ ਦੇ ਮਨ ਵਿੱਚ ਕਈ ਤਰ੍ਹਾਂ ਦੇ ਵਿਚਾਰ ਆਏ, ਪਰ ਇਹੀ ਸੋਚ ਲਿਆ ਕਿ ਇਹ ਮਹਾਂਪੁਰਖਾਂ ਦੀ ਆਪਣੀ ਮੌਜ ਹੈ, ਇਸ ਭੇਦ ਨੂੰ ਹੋਰ ਕੋਈ ਨਹੀਂ ਜਾਣ ਸਕਦਾ। ਪਰ ਸਮਾਂ ਬੀਤਣ 'ਤੇ ਸੰਤਾਂ ਨੇ ਜੱਥੇਬੰਦੀ ਦਮਦਮੀ ਟਕਸਾਲ ਦੇ ਮੁਖੀ ਦੀ ਸੇਵਾ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜੀ ਨੂੰ ਸੌਂਪ ਦਿੱਤੀ। ਉਨ੍ਹਾਂ ਨਾਲ ਸੇਵਾ ਨਿਭਾਉਂਦਿਆਂ ਵੀ ਬਾਬਾ ਜੀ ਦੇ ਮਨ ਵਿੱਚੋਂ ਇਹ ਘਟਨਾ ਕਦੇ ਨਹੀਂ ਭੁੱਲੀ। ਫਿਰ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਜਦੋਂ ਦਮਦਮੀ ਟਕਸਾਲ ਦੇ ਮੁਖੀ ਦੀ ਸੇਵਾ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਜੀ ਨੂੰ ਦਿੱਤੀ ਗਈ ਤਾਂ ਉਸ ਤੋਂ ਬਾਅਦ ਬਾਬਾ ਜੀ ਨੇ ਇਹ ਬਚਨ ਕੁੱਝ ਸਿੰਘਾਂ ਨਾਲ ਸਾਂਝੇ ਕੀਤੇ ਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਵੱਲੋਂ ਸਾਲ 1966 ਵਿੱਚ ਹੀ ਜੋ ਬਖਸ਼ਿਸ਼ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਆਪਣੇ ਹੱਥੀਂ ਦਸਤਾਰ ਦੇ ਕੇ ਕੀਤੀ ਸੀ, ਉਹ ਸਮਾਂ ਆਉਣ 'ਤੇ ਪ੍ਰਗਟ ਹੋਈ ਹੈ।

ਜੱਥੇ ਦੇ ਵਿੱਚ ਰਹਿੰਦਿਆਂ ਭਾਈ ਜਰਨੈਲ ਸਿੰਘ ਜੀ ਨੇ ਦੇਖਿਆ ਕਿ ਬਹੁਤ ਸਾਰੇ ਅਜਿਹੇ ਸਿੰਘ ਹਨ ਜਿਨ੍ਹਾਂ ਨੂੰ ਬਹੁਤ ਬਾਣੀਆਂ ਜ਼ੁਬਾਨੀ ਯਾਦ ਹਨ ਅਤੇ ਬਹੁਤ ਜ਼ਿਆਦਾ ਨਿੱਤਨੇਮ ਕਰਨ ਵਾਲੇ, ਸੇਵਾ ਕਰਨ ਵਾਲੇ ਦੋਵੇਂ ਸਮੇਂ ਦੇ ਦੀਵਾਨਾਂ ਵਿੱਚ ਕਥਾ ਕੀਰਤਨ ਦੀ ਹਾਜ਼ਰੀ ਭਰਨ ਵਾਲੇ, ਸ੍ਰੀ ਅਖੰਡ ਪਾਠਾਂ ਵਿੱਚ ਰੋਲਾ ਲਾ ਕੇ ਪਾਠ ਕਰਨ ਵਾਲੇ, ਖਾਸ ਕਰਕੇ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਦੇ ਗਤਕਈ ਦੀ ਸੇਵਾ ਕਰਨ ਵਾਲੇ ਭਾਈ ਕਰਤਾਰ ਸਿੰਘ ਜੀ (ਜਿਨ੍ਹਾਂ ਨੂੰ ਬਾਅਦ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਨੇ ਆਪ ਤਖ਼ਤ ਸ੍ਰੀ ਪਟਨਾ

Scanned with CamScanner

ਸਾਹਿਬ ਵਿਖੇ ਦਮਦਮੀ ਟਕਸਾਲ ਦੇ 13ਵੇਂ ਮੁਖੀ ਵਜੋਂ ਸੇਵਾ ਸੌਂਪੀ ਸੀ) ਉਹ ਮਹਾਂਪੁਰਖਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ, ਨਿੱਤਨੇਮ ਸੁਣਾਉਂਦੇ, ਪੰਜਾਹ ਅੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭਾਗਾਂ ਤੋਂ ਬਾਣੀ ਸੁਣਾਉਂਦੇ, ਪੰਜ ਗ੍ਰੰਥੀ ਦਾ ਸੰਪੂਰਨ ਜਾਪ ਜ਼ੁਬਾਨੀ ਸੁਣਾਉਂਦੇ, ਇਸ ਤੋਂ ਉਪਰੰਤ ਸਹਿਸਕ੍ਰਿਤੀ, ਭਗਤ ਕਬੀਰ ਜੀ ਦੇ ਸਲੋਕ, ਭਗਤ ਫਰੀਦ ਜੀ ਦੇ ਸਲੋਕ ਅਤੇ ਸਵੱਈਆਂ ਦੀ ਬਾਣੀ ਜ਼ੁਬਾਨੀ ਸੁਣਾਉਂਦੇ ਸਨ ਅਤੇ ਦੇਵੇਂ ਸਮੇਂ ਕਥਾ ਦਾ ਪਾਠ ਵੀ ਆਪ ਕਰਦੇ ਸਨ ਅਤੇ ਫਿਰ ਮਹਾਂਪੁਰਖਾਂ ਦੀ ਸੇਵਾ ਵਿੱਚ ਵੀ ਹਮੇਸ਼ਾ ਤਤਪਰ ਰਹਿੰਦੇ ਸਨ। ਉਨ੍ਹਾਂ ਦੀ ਸਖਤ ਸੇਵਾ ਘਾਲਣਾ ਦਾ ਭਾਈ ਜਰਨੈਲ ਸਿੰਘ ਜੀ ਦੇ ਮਨ 'ਤੇ ਭਾਰੀ ਸਿੱਖਿਆ ਭਰਪੂਰ ਅਸਰ ਹੋਇਆ। ਇਸ ਤਰ੍ਹਾਂ ਉਹ ਆਪ ਵੀ ਵੱਧ ਤੋਂ ਵੱਧ ਬਾਣੀ ਯਾਦ ਕਰਨ, ਸੰਥਿਆ ਕਰਨ, ਸੇਵਾ ਕਰਨ ਵਿੱਚ ਸਮਾਂ ਲਗਾਉਂਦੇ। ਬਹੁਤ ਘੱਟ ਖਾਂਦੇ ਅਤੇ ਬਹੁਤ ਘੱਟ ਸੌਂਦੇ ਕਿਉਂਕਿ ਹੋਰ ਵੀ ਬਹੁਤ ਸਾਰੇ ਸਿੰਘ ਅਜਿਹੇ ਸਨ ਜੋ ਸਮਝਦੇ ਸਨ ਕਿ ਦਮਦਮੀ ਟਕਸਾਲ ਦੇ ਜੱਥੇ ਵਿੱਚ ਅਸੀਂ ਖਾਣ-ਪਹਿਣਨ ਜਾਂ ਸੌਣ ਨਹੀਂ ਆਏ। ਇਹ ਸਮਾਂ ਭਾਗਾਂ ਨਾਲ ਮਿਲਿਆ ਹੈ ਅਤੇ ਇਸ ਤੋਂ ਲਾਹਾ ਪ੍ਰਾਪਤ ਕਰਕੇ ਵੱਧ ਤੋਂ ਵੱਧ ਵਿੱਦਿਆ ਸਿੱਖਣੀ ਜ਼ਿੰਦਗੀ ਦਾ ਮਨਰੋਥ ਬਣਿਆ ਹੋਇਆ ਸੀ।

ਆਮ ਸੰਗਤਾਂ ਦੀ ਜਾਣਕਾਰੀ ਹਿੱਤ ਇੱਥੇ ਦੱਸਣਾ ਜ਼ਰੂਰੀ ਹੈ ਕਿ ਬਹੁਤ ਸਾਰੇ ਲੋਕ ਸਮਝਦੇ ਹਨ ਕਿ ਦਮਦਮੀ ਟਕਸਾਲ ਵਿੱਚ ਪੜ੍ਹਣ ਵਾਲੇ ਸਭ ਵਿਹਲੇ ਮਨੁੱਖ ਹਨ। ਜਿਨ੍ਹਾਂ ਦਾ ਕੰਮ ਕੇਵਲ ਖਾਣਾ ਪੀਣਾ ਜਾਂ ਅਰਾਮ ਕਰਨਾ ਹੀ ਹੋਵੇਗਾ। ਬਾਹਰੋਂ ਵੇਖਣ ਨੂੰ ਸ਼ਾਇਦ ਅਜਿਹਾ ਹੀ ਪ੍ਰਤੀਤ ਹੁੰਦਾ ਹੋਵੇ। ਪਰ ਜਿਨ੍ਹਾਂ ਗੁਰਸਿੱਖਾਂ ਨੇ ਕੁੱਝ ਸਮਾਂ ਵੀ ਦਮਦਮੀ ਟਕਸਾਲ ਵਿੱਚ ਰਹਿ ਕੇ ਸੇਵਾ ਕੀਤੀ ਜਾਂ ਸੰਗ ਕੀਤਾ ਹੈ ਉਹ ਭਲੀ ਭਾਂਤ ਜਾਣਦੇ ਹਨ ਕਿ ਇਹ ਸਮੁੱਚੇ ਜੱਥੇ ਦੀ ਬਹੁਤ ਭਾਰੀ ਘਾਲਣਾ ਹੈ ਅਤੇ ਸਭ ਵਿਦਿਆਰਥੀ ਕਠਿਨ ਮਿਹਨਤ ਕਰਕੇ ਗੁਰਮਤਿ ਵਿਦਿਆ ਦੇ ਧਾਰਨੀ ਬਣਦੇ ਹਨ। ਇਸੇ ਕਰਕੇ ਹੀ ਜਦੋਂ ਵੀ ਕਿਤੇ ਗੁਰਬਾਣੀ, ਗੁਰ-ਇਤਿਹਾਸ ਜਾਂ ਸਿੱਖ ਇਤਿਹਾਸਕ ਤੱਥਾਂ 'ਤੇ ਬੇਲੋੜਾ ਵਾਦ-ਵਿਵਾਦ ਹੁੰਦਾ ਹੈ ਤਾਂ ਇਹ ਪੰਥ ਦੀ ਸੰਸਥਾ ਸਭ ਭਰਮ ਭੁਲੇਖੇ ਮੇਟ ਕੇ ਹਰ ਸਮੇਂ ਆਪਣਾ ਬਣਦਾ ਰੋਲ ਨਿਭਾਉਂਦੀ ਰਹੀ ਹੈ ਅਤੇ ਅੱਜ ਵੀ ਨਿਭਾਅ ਰਹੀ ਹੈ।

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਦੀ ਪ੍ਰੇਰਨਾ ਸਦਕਾ ਸਿਮਰਨ

ਇੱਕ ਵਾਰੀ ਜਥਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੀ ਤਾਂ ਸ਼ਾਮ ਨੂੰ ਲੰਗਰ ਦੇ ਜੂਠੇ ਬਰਤਨਾਂ ਦੀ ਸੇਵਾ ਤੋਂ ਬਾਅਦ ਭਾਈ ਜਰਨੈਲ ਸਿੰਘ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਕੋਲ ਗਏ ਤਾਂ ਸੁਭਾਵਿਕ ਹੀ ਸੰਤਾਂ ਨੇ ਪੁੱਛਿਆ ਕਿ ਭੁਝੰਗੀਆ ਤੇਰੀ ਕੀ ਇੱਛਾ ਹੈ? ਤਾਂ ਉਸ ਨੇ ਕਿਹਾ ਜੀ ਕ੍ਰਿਪਾ ਕਰੋ ਕਿ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਤੱਖ ਦਰਸ਼ਨ ਹੋ ਜਾਣ ਤਾਂ ਸੰਤਾਂ ਨੇ ਪੁੱਛਿਆ ਕਿੰਨਾ ਨਿੱਤਨੇਮ ਕਰਦਾ ਹੈ ਤਾਂ ਉਨ੍ਹਾਂ ਕਿਹਾ ਜੀ ਨਿੱਤਨੇਮ ਤੇ ਸੰਥਿਆ ਤੋਂ ਇਲਾਵਾ 21 ਪਾਠ ਜਪੁਜੀ ਸਾਹਿਬ ਜੀ ਦੇ ਕਰਦਾ ਹਾਂ ਤਾਂ ਸੰਤਾਂ ਨੇ ਕਿਹਾ ਭਾਈ 51 ਪਾਠ ਜਪੁਜੀ ਸਾਹਿਬ ਜੀ ਦੇ ਕਰਿਆ ਕਰ ਅਤੇ ਸਹਿਜੇ-ਸਹਿਜੇ ਹੋਰ ਵੀ ਵੱਧ ਕਰੀਂ। ਪ੍ਰੇਮ ਸਹਿਤ ਬਾਣੀ ਪੜ੍ਹਣ ਨਾਲ ਗੁਰੂ ਸਾਹਿਬ ਕ੍ਰਿਪਾ ਕਰਨਗੇ ਤਾਂ ਭਾਈ ਜਰਨੈਲ ਸਿੰਘ ਨੇ ਦੋਵੇਂ ਹੱਥ ਜੋੜ ਕੇ ਸਤਿਬਚਨ ਕਿਹਾ।

ਭਾਈ ਜਰਨੈਲ ਸਿੰਘ ਹਾੜ੍ਹੀ-ਸਾਉਣੀ ਦੀਆਂ ਫਸਲਾਂ ਬੀਜਣ, ਸਾਂਭਣ ਲਈ ਮਹਾਂਪੁਰਖਾਂ ਤੋਂ ਆਗਿਆ ਲੈ ਕੇ ਕੁੱਝ ਸਮੇਂ ਲਈ ਘਰ ਆ ਜਾਇਆ ਕਰਦੇ ਅਤੇ ਖੇਤੀਬਾੜੀ ਦੇ ਕੰਮ ਵਿੱਚ ਹੱਥ ਵਟਾਉਂਦੇ। ਪਰ ਉਹ ਘਰ ਆ ਕੇ ਵੀ ਪ੍ਰਮਾਤਮਾ ਦੇ ਅਰੋਮੀ ਰੰਗ ਵਿੱਚ ਰੰਗੇ ਰਹਿੰਦੇ। ਗੁਰਬਾਣੀ ਅਤੇ ਨਾਮ ਸਿਮਰਨ ਵਿੱਚ ਹੀ ਮਗਨ ਰਹਿੰਦੇ। ਘੱਟ ਬੋਲਦੇ, ਜਦੋਂ ਵੀ ਕਿਤੇ ਬੋਲਦੇ ਗੁਰ ਇਤਿਹਾਸ ਦੀਆਂ, ਗੁਰੂ ਘਰਾਂ ਦੇ ਅਨਿੰਨ ਸਿੱਖਾਂ ਦੀਆਂ ਸਾਖੀਆਂ ਸੁਣਾਉਂਦੇ ਜਾਂ ਸੰਤਾਂ ਮਹਾਂਪੁਰਖਾਂ ਬਾਰੇ ਬਚਨ ਬਿਲਾਸ ਦੱਸਦੇ ਕਿ ਕਿਵੇਂ ਨਗਰਾਂ-ਪਿੰਡਾਂ ਵਿੱਚ ਜਾ ਕੇ ਮਹਾਨ ਗੁਰਮਤਿ ਦਾ ਪ੍ਰਚਾਰ ਕਰਦੇ ਹਨ, ਖੰਡੇ ਬਾਟੇ ਦਾ ਅੰਮ੍ਰਿਤ ਛਕਾਉਂਦੇ ਹਨ ਅਤੇ ਸਿੱਖ ਸੰਗਤਾਂ ਮਹਾਂਪੁਰਖਾਂ ਨਾਲ ਅਥਾਹ ਪ੍ਰੇਮ ਕਰਦੀਆਂ ਹਨ ਕਿਉਂਕਿ ਇਹ ਸੰਸਥਾ ਗੁਰਸਿੱਖੀ ਪ੍ਰਚਾਰ ਨੂੰ ਸਮਰਪਿਤ ਹੈ। ਜੱਥੇ ਦੇ ਨਾਮ ਸਿਮਰਨ, ਭਜਨ ਬੰਦਗੀ ਅਤੇ ਮਿਹਨਤੀ ਗੁਰੂ ਕੇ ਸਿੰਘਾਂ ਵੱਲ ਵੇਖ ਕੇ ਭਾਈ ਜਰਨੈਲ ਸਿੰਘ ਨੇ ਵੀ ਨਾਮ ਸਿਮਰਨ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਹਿਲਾਂ ਉਹ 21 ਪਾਠ ਸ੍ਰੀ ਜਪੁਜੀ ਸਾਹਿਬ ਜੀ ਦੇ ਕਰਦੇ ਸਨ। ਭਾਈ ਕਰਤਾਰ ਸਿੰਘ ਪ੍ਰੇਮੀ ਜੀ ਦੀ ਪ੍ਰੇਰਨਾ ਸਦਕਾ ਉਹ ਹਰ ਮਹੀਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਸਹਿਜ ਪਾਠ ਕਰਨ ਲੱਗ ਪਏ ਅਤੇ ਅਤੇ ਸੰਤਾਂ ਦੇ ਹੁਕਮ ਅਨੁਸਾਰ 21

Scanned with CamScanner

ਤੇ ਵਧਿਆ ਕੇ ਹੁਣ ਸ੍ਰੀ ਜਪੁਜੀ ਸਾਹਿਬ ਜੀ ਦੇ 51 ਪਾਠ ਕਰਨੇ ਆਰੰਭ ਕਰ ਦਿੱਤੇ। ਲਗਭਗ ਇਕ ਸਾਲ ਦੇ ਸਮੇਂ ਵਿੱਚ ਉਨ੍ਹਾਂ ਨੂੰ ਲੱਗਿਆ ਕਿ ਮੈਂ ਹੋਰ ਵੀ ਵੱਧ ਪਾਠ ਕਰ ਸਕਦਾ ਹਾਂ ਤਾਂ ਉਨ੍ਹਾਂ ਨੇ ਰੋਜ਼ਾਨਾ ਦੇ ਨਿੱਤਨੇਮ ਨਾਲ ਪੰਜ ਗ੍ਰੰਥੀ ਦਾ ਜਾਪ, 51 ਅੰਗ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਅਤੇ 101 ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਆਰੰਭ ਕਰ ਦਿੱਤੇ। ਜਿਸ ਕਾਰਨ ਉਹ ਸਾਰਾ ਦਿਨ ਹੀ ਖੇਤਾਂ ਵਿੱਚ ਕੰਮ ਕਰਦੇ ਵੀ ਮਗਨ ਰਹਿੰਦੇ ਅਤੇ ਉਨ੍ਹਾਂ ਨੇ ਕਿਸੇ ਨਾਲ ਵੀ ਬੋਲਣਾ-ਚਾਲਣਾ ਲਗਭਗ ਤਿਆਗ ਹੀ ਦਿੱਤਾ। ਉਹ ਕਠਿਨ ਤੋਂ ਕਠਿਨ ਕੰਮ ਵੀ ਕਰਦੇ ਜਿਵੇਂ ਕਹੀ ਨਾਲ ਕਮਾਦ ਜਾਂ ਨਰਮਾ ਗੁੱਡਣਾ ਜਾਂ ਫਸਲਾਂ ਦੀ ਕਟਾਈ ਕਰਨੀ। ਵੈਸੇ ਤਾਂ 1966-67 ਵਿੱਚ ਸਾਰੇ ਕੰਮ ਹੱਥੀਂ ਹੀ ਕਰਨੇ ਪੈਂਦੇ ਸਨ ਕਿਉਂਕਿ ਹਾਲੇ ਮਸ਼ੀਨਰੀ ਯੁੱਗ ਦਾ ਇੰਨਾ ਵਿਸਥਾਰ ਨਹੀਂ ਸੀ ਹੋਇਆ। ਇਸ ਲਈ ਸਾਰਾ ਭਾਰ ਹੱਥੀਂ ਕਰਦੇ ਅਤੇ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਬਾਅਦ ਲਾਲਟੈਨ ਜਾਂ ਲੈਂਪ ਜਗਾ ਕੇ ਰਾਤ ਦੇਰ ਤੱਕ ਧੀਰੀ ਪ੍ਰਕਾਸ਼ ਕਰਕੇ ਸਹਿਜ ਪਾਠ ਕਰਦੇ। ਕਿਉਂਕਿ ਉਸ ਸਮੇਂ ਪਿੰਡਾਂ ਵਿੱਚ ਬਿਜਲੀ ਦਾ ਪ੍ਰਬੰਧ ਨਹੀਂ ਸੀ ਹੋਇਆ। ਇਸ ਲਈ ਕਈ ਵਾਰ ਤਾਂ ਸਰ੍ਹੋਂ ਦੇ ਤੇਲ ਦਾ ਦੀਵਾ ਜਗਾ ਕੇ ਹੀ ਗਈ ਰਾਤ ਤੱਕ ਪਾਠ ਕਰਦੇ। ਉਨ੍ਹਾਂ ਦੇ ਜੀਵਨ ਦਾ ਇਸ ਤਰ੍ਹਾਂ ਦੇ ਸਮੇਂ ਵਿੱਚ ਏਨਾ ਪ੍ਰਭਾਵ ਪਿਆ ਕਿਉਂਕਿ ਜਦੋਂ ਵੀ ਉਹ ਜੱਥੇ ਵਿਚੋਂ ਘਰੇਲੂ ਕਾਰਜਾਂ ਵਾਸਤੇ ਪਿੰਡ ਆਉਂਦੇ ਤਾਂ ਹਰ ਸੰਗਰਾਂਦ ਵਾਲੇ ਦਿਨ ਸਹਿਜ ਪਾਠ ਦਾ ਭੋਗ ਗੁਰਦੁਆਰਾ ਸਾਹਿਬ ਵਿਖੇ ਪਾਉਂਦੇ ਅਤੇ ਮਹੀਨੇ ਦੀ ਕਥਾ ਵੀ ਕਰਦੇ। ਜਿਸ ਵਿੱਚ ਉਹ ਦੱਸਦੇ ਕਿ ਇਸਤ੍ਰੀਆਂ-ਮਾਈਆਂ ਨੂੰ ਘਰੇਲੂ ਕੰਮ ਕਰਦਿਆਂ, ਲੰਗਰ ਤਿਆਰ ਕਰਦਿਆਂ, ਵਾਹਿਗੁਰੂ ਦਾ ਸਿਮਰਨ ਜਾਂ ਮੂਲ ਮੰਤਰ ਦਾ ਜਾਪ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਹਰ ਮਹੀਨੇ ਸੰਗਰਾਂਦ ਵਾਲੇ ਦਿਨ ਦੀਆਂ ਵਿਚਾਰਾਂ ਸੁਣ ਕੇ ਭਾਈ ਜਰਨੈਲ ਸਿੰਘ ਪ੍ਰਤੀ ਸਿੱਖ ਸੰਗਤਾਂ ਵਿੱਚ ਹੋਰ ਵੀ ਪਿਆਰ-ਸਤਿਕਾਰ ਵੱਧ ਗਿਆ।

ਸੇਵਾ ਸਿਮਰਨ ਤੇ ਭਾਉ ਭਗਤੀ ਦਾ ਪ੍ਰਭਾਵ

ਫਿਰ ਘਰ ਵਿੱਚ ਰਹਿੰਦਿਆਂ ਹੀ ਕੁੱਝ ਅਜਿਹੀਆਂ ਘਟਨਾਵਾਂ ਵਾਪਰੀਆਂ। ਜਿਨ੍ਹਾਂ ਕਾਰਨ ਭਾਈ ਜਰਨੈਲ ਸਿੰਘ ਦੀ ਭਾਉ-ਭਗਤੀ ਅਤੇ ਸੇਵਾ+ਸਿਮਰਨ ਦਾ ਦਿਲ ਅੰਦਰ ਛੁਪਿਆ ਹੋਇਆ ਅਸਰ ਸਹਿਜੇ ਹੀ ਪ੍ਰਗਟ ਹੋਣ ਲੱਗ ਪਿਆ। ਸਤਿਗੁਰੂ ਜੀ ਦਾ ਫ਼ੁਰਮਾਨ ਹੈ

ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥ (੩੧੬)

ਅਨੁਸਾਰ ਉਹ ਸਹਿਜੇ ਹੀ ਕੋਈ ਬਚਨ ਕਰਦੇ ਤਾਂ ਸੁਭਾਵਿਕ ਹੀ ਪੂਰਾ ਹੋ ਜਾਂਦਾ। ਇਸ ਤਰ੍ਹਾਂ ਸੰਨ 1967 ਦੀ ਗੱਲ ਹੈ ਉਸ ਸਮੇਂ ਮੈਂ (ਲੇਖਕ) ਛੇਵੀਂ ਜਮਾਤ ਵਿੱਚ ਸਰਕਾਰੀ ਸਕੂਲ ਪਿੰਡ ਲੰਡੇ ਵਿਖੇ ਪੜ੍ਹਦਾ ਸਾਂ। ਸਕੂਲ ਤੋਂ ਵਾਪਸ ਮੁੜਦੇ ਰਸਤੇ ਵਿੱਚ ਸਾਡੇ ਖੇਤ ਪੈਂਦੇ ਹਨ। ਮੈਂ ਬੰਬੀ ਵਾਲੇ ਕਮਰੇ ਵਿੱਚ ਸਾਈਕਲ ਖੜ੍ਹਾ ਕਰਕੇ ਖੇਤ ਵਿੱਚ ਜਿੱਥੇ ਵੀ ਉਹ ਕੰਮ ਕਰਦੇ ਹੁੰਦੇ ਉਨ੍ਹਾਂ ਕੋਲ ਪਹੁੰਚ ਜਾਣਾ ਅਤੇ ਹਮੇਸ਼ਾਂ ਮਨ ਵਿਚ ਤਾਂਘ ਰਹਿਣੀ ਕਿ ਕੋਈ ਗੁਰੂ ਘਰ ਦਾ ਬਚਨ ਜਾਂ ਸਾਖੀ ਸੁਣਾਉਣਗੇ। ਇਸ ਤੋਂ ਵੀ ਅੱਗੇ ਮਨ ਦੀ ਇੱਛਾ ਹੋਣੀ ਕਿ ਕੋਈ ਨਾ ਕੋਈ ਆਉਣ ਵਾਲੇ ਸਮੇਂ ਦੀ ਗੱਲ ਦੱਸਣ। ਇੱਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕੁਦਰਤ ਵੱਲੋਂ ਹੀ ਮੇਰਾ ਉਨ੍ਹਾਂ ਨਾਲ ਸ਼ੁਰੂ ਤੋਂ ਹੀ ਭਾਰੀ ਲਗਾਉ ਸੀ। ਇਸ ਲਈ ਅਸੀਂ ਕਈ ਵਾਰ ਦੇਰ ਰਾਤ ਗਏ ਤੱਕ ਇਕੱਠੇ ਬੈਠ ਕੇ ਬਚਨ-ਬਿਲਾਸ ਕਰਦੇ ਰਹਿੰਦੇ। ਜਿਸ ਦਾ ਮੁੱਖ ਵਿਸ਼ਾ ਗੁਰਮੱਤ ਵਿਚਾਰਾਂ ਹੀ ਹੁੰਦੀਆਂ। ਉਸ ਦਿਨ ਵੀ ਮੈਂ ਵੇਖਿਆ ਕਿ ਉਹ ਟਾਹਲੀ ਥੱਲੇ ਖਾਲ ਵਿੱਚ ਢੋਅ ਲਾ ਕੇ ਬੈਠੇ ਹੋਏ ਸਨ। ਉਨ੍ਹਾਂ ਨੇ ਦੂਰੋਂ ਹੀ ਮੈਨੂੰ ਵੇਖ ਕੇ ਆਵਾਜ਼ ਮਾਰੀ ਕਿ ਨਲਕੇ ਤੋਂ ਪਾਣੀ ਦਾ ਘੜਾ ਭਰ ਕੇ ਲੈ ਕੇ ਆਉਣਾ। ਮੈਂ ਨਲਕਾ ਗੇੜ ਕੇ ਠੰਢਾ ਪਾਣੀ ਕੱਢਿਆ, ਘੜਾ ਭਰਿਆ ਅਤੇ ਸਿਰ 'ਤੇ ਚੁੱਕ ਕੇ ਉਨ੍ਹਾਂ ਪਾਸ ਲੈ ਗਿਆ। ਉਨ੍ਹਾਂ ਪਾਣੀ ਪੀਤਾ ਅਤੇ ਮੈਨੂੰ ਬੈਠਣ ਲਈ ਕਿਹਾ ਪਰ ਕਿਉਂਕਿ ਮੇਰੇ ਸਕੂਲ ਦੀ ਵਰਦੀ ਪਹਿਨੀ ਹੋਈ ਸੀ ਇਸ ਲਈ ਮੈਂ ਥੱਲੇ ਬੈਠਣ ਤੋਂ ਕੁੱਝ ਝਿਜਕ ਗਿਆ। ਪਰ ਉਨ੍ਹਾਂ ਨੇ ਬਾਂਹ ਫੜ੍ਹ ਕੇ ਮੈਨੂੰ ਬਿਠਾ ਲਿਆ ਅਤੇ ਫਿਰ ਮੇਰਾ ਹੱਥ ਆਪਣੇ ਹੱਥਾ ਵਿਚ ਫੜ੍ਹ ਕੇ ਕਹਿਣ ਲੱਗੇ ਕਿ ਮੈਂ ਤੈਨੂੰ ਤੇਰੀ ਜ਼ਿੰਦਗੀ ਦੇ ਭਵਿੱਖ ਬਾਰੇ ਕੁੱਝ ਗੱਲਾਂ ਦੱਸਦਾ ਹਾਂ ਤੂੰ ਪੁੱਛ ਆਪਣੇ ਬਾਰੇ ਕੀ ਪੁੱਛਣਾ ਚਾਹੁੰਦਾ ਹੈ? ਪਰ ਮੈਂ ਚੁੱਪ ਰਿਹਾ ਕਿਉਂਕਿ ਮਨ ਵਿੱਚ ਕੋਈ ਅਜਿਹੀ ਵਿਚਾਰ ਨਹੀਂ ਸੀ। ਫਿਰ ਉਹ ਆਪਣੇ ਹੀ ਖਿਆਲਾਂ ਵਿੱਚ ਮੈਨੂੰ ਦੱਸਣ ਲੱਗ ਪਏ ਅਤੇ ਨਾਲ ਹੀ ਖਿੱਚ ਕੇ ਮੈਨੂੰ ਆਪਣੇ ਪਿੰਡ ਉਪਰ ਬਿਠਾ ਲਿਆ ਅਤੇ ਕਹਿਣ ਲੱਗੇ ਕਿਅੱਜਕੱਲ੍ਹ ਦੇ ਮੁੰਡਿਆਂ ਨੇ ਕੀ ਪੁੱਛਣਾ ਹੁੰਦਾ ਹੈ? ਵੱਧ ਤੋਂ ਵੱਧ ਇਹੀ ਪੁੱਛੇਂਗਾ

Scanned with CamScanner

ਕਿ ਮੇਰਾ ਵਿਆਹ ਕਦੋਂ ਹੋਵੇਗਾ, ਕਿਸ ਨਾਲ ਹੋਵੇਗਾ, ਕਿੱਥੇ ਹੋਵੇਗਾ ਆਦਿ। ਇਹ ਗੱਲ ਸੁਣ ਕੇ ਮੈਂ ਹੱਸ ਪਿਆ ਅਤੇ ਕਿਹਾ ਕਿ ਚਾਚਾ ਹਾਲੇ ਤਾਂ ਤੇਰਾ ਵੀ ਵਿਆਹ ਨਹੀਂ ਹੋਇਆ। ਪਰ ਤੂੰ ਮੇਰੇ ਵਿਆਹ ਬਾਰੇ ਦੱਸਣਾ ਚਾਹੁੰਦਾ ਹੈਂ, ਪਹਿਲਾਂ ਤੂੰ ਆਪਣੇ ਬਾਰੇ ਦੱਸ ਤਾਂ ਉਹ ਕਹਿਣ ਲੱਗੇ ਕਿ ਨਹੀਂ ਪਹਿਲਾਂ ਮੈਂ ਤੇਰੇ ਬਾਰੇ ਦੱਸਾਂਗਾ ਅਤੇ ਬਾਅਦ ਵਿੱਚ ਆਪਣੇ ਬਾਰੇ ਵੀ ਦੱਸ ਦਿਆਂਗਾ। ਏਨਾ ਕਹਿੰਦਿਆਂ ਹੀ ਥੋੜ੍ਹੇ ਜਿਹੇ ਗੰਭੀਰ ਹੋ ਗਏ ਅਤੇ ਕਹਿਣ ਲੱਗੇ ਕਿ ਮੇਰੀ ਗੱਲ ਧਿਆਨ ਨਾਲ ਸੁਣੀਂ ਅਤੇ ਯਾਦ ਰੱਖੀਂ। ਤੇਰਾ ਵਿਆਹ ਮੈਂ ਕਰਾਂਗਾ ਕਿਉਂਕਿ ਤੇਰਾ ਬਾਪੂ ਬਾਈ ਜਗੀਰ ਸਿੰਘ ਤੇਰੇ ਵਿਆਹ ਵਿੱਚ ਸ਼ਾਮਲ ਨਹੀਂ ਹੋ ਸਕੇਗਾ। ਮੈਂ ਸੋਚਿਆ ਕਿ ਸ਼ਾਇਦ ਕਿਸੇ ਕਾਰਨ ਮੇਰੇ ਪਿਤਾ ਜੀ ਮੇਰੇ ਵਿਆਹ ਤੋਂ ਪਹਿਲਾਂ ਅਕਾਲ ਚਲਾਣਾ ਹੀ ਨਾ ਕਰ ਜਾਣ। ਮੇਰੇ ਮਨ ਵਿੱਚ ਅਜਿਹੇ ਖਿਆਲ ਆਉਂਦਿਆਂ ਹੀ ਉਹਨਾਂ ਮੇਰਾ ਹੱਥ ਘੁੱਟ ਕੇ ਕਿਹਾ ਕਿ ਨਹੀਂ, ਅਜਿਹੀ ਕੋਈ ਗੱਲ ਨਹੀਂ। ਉਹ ਠੀਕ-ਠਾਕ ਹੋਣਗੇ ਪਰ ਤੇਰੇ ਵਿਆਹ 'ਤੇ ਨਹੀਂ ਆ ਸਕਣਗੇ। ਮੈਂ ਕਿਹਾ ਕਿ ਅਜਿਹਾ ਨਹੀਂ ਹੋ ਸਕਦਾ ਕਿ ਠੀਕ-ਠਾਕ ਹੁੰਦਿਆਂ ਵੀ ਮੇਰੇ ਵਿਆਹ ਵਿੱਚ ਸ਼ਾਮਲ ਨਾ ਹੋਣ। ਉਨ੍ਹਾਂ ਨੇ ਕਿਹਾ ਕਿ ਅਜਿਹਾ ਹੀ ਹੋਵੇਗਾ। ਪਰ ਤੂੰ ਫ਼ਿਕਰ ਨਾ ਕਰ। ਤੇਰਾ ਵਿਆਹ ਮੈਂ ਕਰਾਂਗਾ ਅਤੇ ਕਰੂੰਗਾ ਵੀ। ਵਧੀਆ। ਇਸ ਤੋਂ ਬਾਅਦ ਉਨ੍ਹਾਂ ਮੇਰਾ ਹੱਥ ਛੱਡ ਦਿੱਤਾ ਅਤੇ ਕਿਹਾ ਕਿ ਤੂੰ ਯਾਦ ਰੱਖੀਂ। ਮੈਂ ਕਿਹਾ ਤੁਸੀਂ ਆਪਣੇ ਬਾਰੇ ਕੁੱਝ ਦੱਸਿਆ ਹੀ ਨਹੀਂ। ਕਹਿਣ ਲੱਗੇ ਕਿ ਫੇਰ ਕਦੀ ਦੱਸਾਂਗਾ ਪਰ ਮੇਰੇ ਜ਼ਿੱਦ ਕਰਨ 'ਤੇ ਉਨ੍ਹਾਂ ਦੱਸਿਆ ਕਿ ਮੇਰੀ ਵਿਆਹ ਕਰਾਉਣ ਦੀ ਬਿਲਕੁਲ ਹੀ ਰੁਚੀ ਨਹੀਂ ਹੈ ਪਰ ਮਹਾਂਪੁਰਖਾਂ ਦੇ ਹੁਕਮ ਮੁਤਾਬਕ ਵਿਆਹ ਕਰਵਾਉਣਾ ਪਵੇਗਾ ਕਿਉਂਕਿ ਉਨ੍ਹਾਂ ਦੱਸਿਆ ਹੈ ਕਿ ਮੇਰੇ ਘਰ ਦੋ ਪੁੱਤਰਾਂ ਨੇ ਜਨਮ ਲੈਣਾ ਹੈ ਇਸ ਲਈ ਮਹਾਂਪੁਰਖਾਂ ਦਾ ਹੁਕਮ ਮੰਨ ਕੇ ਵਿਆਹ ਕਰਵਾਉਣਾ ਹੈ ਪਰ ਮੈਂ ਇਹ ਦੱਸ ਦਿੰਦਾ ਹਾਂ ਕਿ ਜਦੋਂ ਮੇਰੇ ਘਰ ਵਿੱਚ ਦੂਸਰੇ ਪੁੱਤਰ ਦਾ ਜਨਮ ਹੋਵੇਗਾ ਉਸ ਤੋਂ ਬਾਅਦ ਮੈਂ ਪੱਕੇ ਤੌਰ 'ਤੇ ਘਰ-ਬਾਰ ਤਿਆਗ ਕੇ ਭਿੰਡਰਾਂ ਵਾਲੇ ਜੱਥੇ ਵਿੱਚ ਚਲਾ ਜਾਵਾਂਗਾ। ਸ਼ਾਇਦ ਵਿੱਚ ਕਹਿਣ ਲੱਗੇ ਇਸ ਤੋਂ ਵੱਧ ਅੱਜ ਮੈਨੂੰ ਹੋਰ ਕੁੱਝ ਨਾ ਪੁੱਛੀਂ। ਇਹ ਘਟਨਾ ਫਰਵਰੀ 1967 ਦੀ ਹੈ। ਪਰ ਮਹਾਂਪੁਰਖਾਂ ਦੇ ਯਥਾਰਥ ਬਚਨ ਅਜਿਹੇ ਹਨ ਜੋ

ਗਿਰਿ ਬਸੁਧਾ ਜਲ ਪਵਨ ਜਾਇਗੋ
ਇਕਿ ਸਾਧ ਬਚਨ ਅਟਲਾਧਾ (੧੨੦੪)

ਮੁਤਾਬਕ ਪੱਕੇ ਅਤੇ ਸੱਚੇ ਬਚਨ ਹੁੰਦੇ ਹਨ।

ਸਮਾਂ ਆਪਣੀ ਚਾਲ ਚੱਲਦਾ ਗਿਆ, ਕਈ ਘਟਨਾਵਾਂ ਵਾਪਰੀਆਂ ਜਿਸ ਦਾ ਅੱਗੇ ਵਰਨਣ ਕਰਾਂਗਾ। ਪਰ ਇੱਥੇ ਮੈਂ ਇਸ ਬਾਰੇ ਹੀ ਦੱਸਣਾ ਚਾਹੁੰਦਾ ਹਾਂ ਕਿ 1981 ਦਸੰਬਰ ਵਿੱਚ ਮੇਰਾ ਵਿਆਹ ਹੋਇਆ। ਉਦੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਟਕਸਾਲ ਦੇ ਮੁਖੀ ਬਣ ਚੁੱਕੇ ਸਨ। ਇਸ ਸਮੇਂ ਤੱਕ ਦਾਸ ਦੇ ਪਿਤਾ ਜੀ (ਸੰਤਾਂ ਦੇ ਵੱਡੇ ਭਰਾ) ਭਾਈ ਜਗੀਰ ਸਿੰਘ ਰੂਪੋਸ਼ ਹੋ ਚੁੱਕੇ ਸਨ ਕਿਉਂਕਿ 1980 ਵਿੱਚ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਨੂੰ ਸਿੰਘਾਂ ਨੇ ਸੋਧ ਦਿੱਤਾ ਤੇ ਉਸ ਸਮੇਂ ਉਸ ਨੂੰ ਸੋਧਣ ਲਈ ਵਰਤੇ ਗਏ ਹਥਿਆਰਾਂ ਵਿੱਚ ਵਰਤੀ ਗਈ ਕਾਰਬਾਈਨ ਰਾਈਫਲ ਵੀ ਸ਼ਾਮਿਲ ਸੀ ਜੋ ਉਨ੍ਹਾਂ ਦੀ ਸੀ। ਜਿਹੜੀ ਕਿਸੇ ਕਾਰਨ ਉਪਰੋਕਤ ਕੇਸ ਦੀ ਜਾਂਚ ਕਰ ਰਹੀ ਪੁਲਿਸ ਏਜੰਸੀ ਦੇ ਹੱਥ ਲੱਗ ਗਈ ਜਿਸ ਕਰਕੇ ਉਨ੍ਹਾਂ ਨੂੰ ਰੂਪੋਸ਼ ਹੋਣਾ ਪਿਆ। ਇਸੇ ਲਈ ਉਨ੍ਹਾਂ ਦਾ ਮੇਰੇ ਵਿਆਹ ਵਿੱਚ ਸ਼ਾਮਿਲ ਹੋਣਾ ਅਸੰਭਵ ਸੀ। ਇਸ ਲਈ ਸਾਰੇ ਪਰਿਵਾਰ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚ ਕੇ ਮਹਾਂਪੁਰਖਾਂ ਨਾਲ ਸਲਾਹ ਉਪਰੰਤ ਵਿਆਹ ਦੀ ਤਰੀਕ ਪੱਕੀ ਕਰਕੇ ਵਿਆਹ ਦੀਆਂ ਚੁੱਕਵੀਆਂ ਤਿਆਰੀਆਂ ਕੀਤੀਆਂ।

ਪਰ ਵਿਆਹ ਤੋਂ ਹਫਤਾ ਕੁ ਪਹਿਲਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੇ ਲੰਗਰ ਹਾਲ ਵਿਖੇ ਸੰਗਤਾਂ ਦੇ ਲੰਗਰ ਛਕਣ ਤੋਂ ਕੁੱਝ ਹੀ ਸਮਾਂ ਬਾਅਦ ਇੱਕ ਜ਼ੋਰਦਾਰ ਬੰਬ ਧਮਾਕਾ ਹੋਇਆ ਜਿਸ ਨਾਲ ਜੂਠੇ ਬਰਤਨਾਂ ਦੀ ਸੇਵਾ ਕਰ ਰਹੇ ਜਥੇ ਦੇ ਤਿੰਨ ਸਿੰਘ ਭਾਈ ਗੱਜਣ ਸਿੰਘ ਯੂਪੀ ਤੇ ਦੋ ਹੋਰ ਭੁਝੰਗੀ ਸਿੰਘ ਮੌਕੇ 'ਤੇ ਹੀ ਸ਼ਹੀਦ ਹੋ ਗਏ। ਇਸ ਤਰ੍ਹਾਂ ਸਾਰੇ ਜਥੇ ਅੰਦਰ ਸਥਿਤੀ ਕਾਫੀ ਤਣਾਅਪੂਰਵਕ ਬਣ ਗਈ ਸੀ ਕਿਉਂਕਿ ਇਸ ਬੰਬ ਕਾਂਡ ਰਾਹੀਂ ਸੰਤਾਂ ਨੂੰ ਖਤਮ ਕਰਨ ਦੀ ਸਾਜਿਸ਼ ਪ੍ਰਤੱਖ ਨਜ਼ਰ ਆਉਂਦੀ ਸੀ। ਜਿਸ ਦੀਆਂ ਕਈ ਤਰ੍ਹਾਂ ਦੀਆਂ ਕਨਸੋਆਂ ਵੀ ਮਿਲ ਰਹੀਆਂ ਸਨ। ਜੱਥੇ ਦੇ ਪ੍ਰਮੁੱਖ ਜ਼ਿੰਮੇਵਾਰ ਸਿੰਘਾਂ ਨੇ ਇਸ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਲਿਆ ਅਤੇ ਆਪਣੇ ਹੀ ਢੰਗ ਨਾਲ ਇਸ ਦੀ ਤਫਤੀਸ਼ ਕੀਤੀ ਜਿਸ ਨਾਲ ਕਈ ਹੈਰਾਨੀਜਨਕ ਤੱਥ ਸਾਹਮਣੇ ਆਏ। ਬੰਬ ਕਾਂਡ ਤੋਂ ਦੂਸਰੇ

Scanned with CamScanner

ਦਿਨ ਸੰਤ ਮੈਨੂੰ ਕਹਿਣ ਲੱਗੇ ਕਿ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਜਥੇ ਸਮੇਤ ਆਪ ਜਾ ਕੇ ਤੇਰਾ ਅਨੰਦ ਕਾਰਜ ਕਰਨਗੇ। ਪਰ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਕੁੱਝ ਸਮੇਂ ਲਈ ਵਿਆਹ ਦਾ ਪ੍ਰੋਗਰਾਮ ਅੱਗੇ ਪਾ ਦਿਓ ਜੀ ਕਿਉਂਕਿ ਕਿ ਜੱਥੇ ਵਿੱਚ ਹਾਲਾਤ ਕੁਝ ਗਮਗੀਨ ਕਿਸਮ ਦੇ ਬਣੇ ਹੋਏ ਹਨ ਤਾਂ ਸੰਤਾਂ ਨੇ ਵਿਆਹ ਦੀ ਤਾਰੀਖ 10 ਦਿਨ ਅੱਗੇ ਪਾ ਦਿੱਤੀ। ਵਿਆਹ ਦੀ ਤਰੀਕ ਨਜ਼ਦੀਕ ਆਉਣ ਤੇ ਸੰਤਾਂ ਨੇ ਮੈਨੂੰ ਕਿਹਾ ਕਿ ਬਾਈ ਜਗੀਰ ਸਿੰਘ ਨੂੰ ਅਨੰਦ ਕਾਰਜ ਦੇ ਸਮੇਂ ਬੁਲਾ ਲੈਣਾ ਚਾਹੀਦਾ ਹੈ, ਤਾਂ ਮੈਂ ਕਿਹਾ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਉਹ ਅਨੰਦ ਕਾਰਜ ਸਮੇਂ ਨਹੀਂ ਆ ਸਕਦੇ ਨਾਲੇ ਤੁਸੀਂ ਤਾਂ ਇਹ ਸਭ ਕੁਝ 15 ਸਾਲ ਪਹਿਲਾਂ ਹੀ ਮੈਨੂੰ ਦੱਸ ਦਿੱਤਾ ਸੀ ਕਿ ਤੇਰੇ ਪਿਤਾ ਤੇਰੇ ਵਿਆਹ ਵਿੱਚ ਸ਼ਾਮਿਲ ਨਹੀਂ ਹੋ ਸਕਣਗੇ। ਪਰ ਹੁਣ ਤੁਸੀਂ ਕ੍ਰਿਪਾ ਕਰਕੇ ਆਪ ਅਨੰਦ ਕਾਰਜ ਕਰਨ ਦੀ ਖੇਚਲ ਕਰੋ ਤਾਂ ਹੱਸ ਕੇ ਕਹਿਣ ਲੱਗੇ ਕਿ ਮੈਂ ਤਾਂ ਇਹੀ ਵੇਖਣਾ ਸੀ ਕਿ ਤੈਨੂੰ ਕਹੇ ਹੋਏ ਬਚਨ ਯਾਦ ਵੀ ਹਨ ਕਿ ਨਹੀਂ। ਫਿਰ ਆਪ ਜੀ ਨੇ ਜ਼ਿੰਮੇਵਾਰੀ ਨਾਲ ਸਾਰਾ ਕਾਰਜ ਆਪ ਨਿਭਾਇਆ। 25 ਦਸੰਬਰ 1981 ਨੂੰ ਪਿੰਡ ਭਿੰਡਰਾਂ ਕਲਾਂ ਵਿਖੇ ਮੇਰੇ ਅਨੰਦ ਕਾਰਜ ਮੌਕੇ ਉਨ੍ਹਾਂ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਲਾਵਾਂ ਪੜ੍ਹੀਆਂ ਅਰਦਾਸ ਉਪਰੰਤ ਆਏ ਹੋਏ ਸ੍ਰੀ ਮੁੱਖਵਾਕ ਦੀ ਕਥਾ ਕੀਤੀ। ਪਰ ਇਥੇ ਦੱਸਣਯੋਗ ਵਿਸ਼ੇਸ਼ ਗੱਲ ਇਹੀ ਹੈ ਕਿ 1967 ਵਿੱਚ ਕਹੇ ਹੋਏ ਮਹਾਂਪੁਰਖਾਂ ਦੇ ਬਚਨ ਇਨ-ਬਿਨ ਪੂਰੇ ਹੋਏ।

ਇਹ ਗੱਲ ਵੀ ਵਰਨਣਯੋਗ ਹੈ ਕਿ ਵਿਆਹ ਵਾਲੇ ਦਿਨ ਹੀ ਬੰਬੇ ਤੋਂ 15 ਕੁ ਸਿੰਘ ਨਵੀਂ ਬੱਸ ਲੈ ਕੇ ਸੰਤਾਂ ਨੂੰ ਭੇਂਟ ਕਰਨ ਲਈ ਇਥੇ ਭਿੰਡਰਾਂ ਕਲਾਂ ਵਿਖੇ ਪਹੁੰਚੇ ਕਿਉਂਕਿ ਇਨ੍ਹਾਂ ਸਿੰਘਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਜੱਥੇ ਨੂੰ ਪਹਿਲਾਂ ਦਿੱਤੀ ਗਈ ਬੱਸ ਚੰਦ ਕਲਾਂ ਵਿਖੇ ਪੰਜਾਬ ਅਤੇ ਹਰਿਆਣਾ ਸਰਕਾਰ ਦੀ ਮਿਲੀਭੁਗਤ ਨਾਲ ਪੁਲਿਸ ਨੇ ਸਾੜ ਦਿੱਤੀ ਸੀ। ਦੂਸਰੀ ਗੱਲ ਇਹ ਕਿ ਜਦੋਂ ਇਲਾਕੇ ਵਿੱਚ ਸੰਗਤਾਂ ਨੂੰ ਪਤਾ ਲੱਗਾ ਕਿ ਸੰਤ ਭਿੰਡਰਾਂਵਾਲਿਆਂ ਨੇ ਆਪਣੇ ਭਤੀਜੇ ਦਾ ਵਿਆਹ ਕਰਨ ਲਈ ਇਥੇ ਭਿੰਡਰ ਕਲਾਂ ਵਿਖੇ ਪਹੁੰਚਣਾ ਹੈ ਤਾਂ ਇਲਾਕੇ ਦੀਆਂ ਬਹੁਤ ਸਾਰੀਆਂ ਸਿੱਖ ਸੰਗਤਾਂ ਸੰਤਾਂ ਨੂੰ ਮਿਲਣ ਲਈ ਅਤੇ ਆਨੰਦ ਕਾਰਜ ਵੇਖਣ ਲਈ ਸੁਭਾਵਿਕ ਹੀ ਆ ਪਹੁੰਚੀਆਂ ਅਤੇ ਇਹ ਆਨੰਦ ਕਾਰਜ ਭਾਰੀ ਜੋੜ ਮੇਲੇ ਦੀ ਸ਼ਕਲ ਵਿੱਚ ਬਦਲ ਗਿਆ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਸਭ ਸੰਗਤਾਂ ਨੂੰ ਬੇਨਤੀ ਕੀਤੀ ਕਿ ਸਭ ਸੰਗਤਾਂ ਨੇ ਬਰਾਤੀ ਸਿੰਘਾਂ ਨਾਲ ਬੈਠ ਕੇ ਹੀ ਲੰਗਰ ਛੱਕਣਾ ਹੈ। ਸੰਤਾਂ ਵੱਲੋਂ ਕਹੇ ਗਏ ਇਹ ਬਚਨ ਸੁਣ ਕੇ ਲੜਕੀ ਵਾਲਾ ਪਰਿਵਾਰ ਆਪ ਭਾਈ ਦਲਬਾਰਾ ਸਿੰਘ, ਮੋਹਰ ਸਿੰਘ, ਅਮਰਜੀਤ ਸਿੰਘ, ਹਜ਼ੂਰਾ ਸਿੰਘ, ਕਰਨੈਲ ਸਿੰਘ ਆਦਿ ਸਭ ਪ੍ਰਬੰਧਕ ਜਨ ਘਬਰਾ ਗਏ ਕਿ ਲੰਗਰ ਤਾਂ ਸੀਮਤ ਜਿਹੇ ਮਹਿਮਾਨਾਂ ਲਈ ਤਿਆਰ ਕੀਤਾ ਗਿਆ ਹੈ। ਫਿਰ ਇੰਨੇ ਵੱਡੇ ਇਕੱਠ ਨੂੰ ਲੰਗਰ ਪੂਰਾ ਕਿਵੇਂ ਹੋਵੇਗਾ।

ਖਾਵਹਿ ਖਰਚਹਿ ਰਲਿ ਮਿਲ ਭਾਈ॥
ਤੋਟਿ ਨ ਆਵੈ ਵਧਦੋ ਜਾਈ॥

ਸੰਤਾਂ ਨੇ ਉਨ੍ਹਾਂ ਦੀ ਚਿੰਤਾ ਨੂੰ ਸਮਝਦਿਆਂ ਹੋਇਆਂ ਬਹੁਤ ਹੀ ਹਸਮੁੱਖ ਬਚਨ ਕਰਦਿਆਂ ਆਖਿਆ ਕਿ ਤੁਸੀਂ ਫਿਕਰ ਨਾ ਕਰੋ ਅੱਜ ਅਸੀਂ ਵਿਆਹ ਕਰਨ ਆਏ ਹਾਂ ਸਭ ਸੰਗਤਾਂ ਨੂੰ ਪੱਕੇ ਭੰਡਾਰੇ ਵਰਤਾਏ ਜਾਣਗੇ। ਇਹ ਕਹਿੰਦਿਆਂ ਹੀ ਸੰਤ ਆਪ ਵਰਤਾਵੇ ਸਿੰਘਾਂ ਨਾਲ ਲੰਗਰ ਵਰਤਾਉਣ ਲੱਗ ਪਏ। ਪਿੰਡ ਦੀਆਂ ਗਲੀਆਂ ਵਿੱਚ ਦੂਰ ਤੱਕ ਪੰਗਤਾਂ ਲੱਗ ਗਈਆਂ। ਸਾਰਿਆਂ ਨੂੰ ਥਾਲ ਆਦਿਕ ਬਰਤਨ ਵੀ ਪੂਰੇ ਨਾ ਮਿਲ ਸਕੇ। ਪਰ ਸੰਤਾਂ ਨੇ ਦੂਰ ਤੱਕ ਬੈਠੀਆਂ ਸੰਗਤਾਂ ਨੂੰ ਦੋਵਾਂ ਹੱਥਾਂ ਨਾਲ ਬੁੱਕ ਭਰ-ਭਰ ਕੇ ਜਲੇਬ ਵਰਤਾਏ ਬਲਕਿ ਦੁਬਾਰਾ-ਦੁਬਾਰਾ ਸਭ ਸੰਗਤਾਂ ਨੂੰ ਜਲੇਬ ਵਰਤਾਏ ਗਏ ਅਤੇ ਬਾਅਦ ਵਿੱਚ ਦਾਲ ਸਬਜੀ ਪ੍ਰਸ਼ਾਦਾ ਆਦਿ ਵਰਤਾਇਆ ਗਿਆ। ਸਭ ਨੂੰ ਵਰਤਾਉਣ ਉਪਰੰਤ ਸੰਤਾਂ ਨੇ ਘਰ ਵਾਲੇ ਅਤੇ ਨਗਰ ਵਾਲੇ ਮੈਂਬਰਾਂ ਦੀ ਪੰਗਤ ਲਗਵਾਈ। ਉਨ੍ਹਾਂ ਨੂੰ ਵੀ ਲੰਗਰ ਛਕਾਇਆ। ਉਸ ਤੋਂ ਉਪਰੰਤ ਵਰਤਾਵਿਆਂ ਸਮੇਤ ਸੰਤਾਂ ਨੇ ਆਪ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਉਪਰੰਤ ਸੰਤਾਂ ਨੇ ਅਰਦਾਸਾ ਸੋਧਿਆ ਅਤੇ ਭਾਈ ਹਜ਼ੂਰਾ ਸਿੰਘ ਜੋ ਵਿਆਹ ਵਾਲੀ ਲੜਕੀ (ਮੇਰੀ ਸਿੱਘਣੀ) ਦੇ ਦਾਦਾ ਜੀ ਲੱਗਦੇ ਸਨ ਉਨ੍ਹਾਂ ਨੂੰ ਕੋਲ ਸੱਦ ਕੇ ਆਖਿਆ ਕਿ ਜੋ ਲੰਗਰ ਵੱਧ ਜਾਵੇ ਉਹ ਸ਼ਾਮ ਨੂੰ ਗਰੀਬਾਂ ਵਿੱਚ ਵਰਤਾ ਦੇਣਾ। ਇਹ ਸੁਣ ਕੇ ਸਭ ਹੈਰਾਨ ਸਨ ਕਿ ਹਜ਼ਾਰਾਂ ਸੰਗਤਾਂ ਨੂੰ ਲੰਗਰ ਵਰਤਾਉਣ ਤੋਂ ਉਪਰੰਤ ਹੋਰ ਲੰਗਰ ਕਿੱਥੋਂ ਬਚਿਆ ਹੋਣਾ ਹੈ। ਪਰ ਸੰਤਾਂ ਨੇ ਬਚਨ ਕੀਤਾ ਜੇਕਰ ਆਪਾਂ ਲੰਗਰ ਗੁਰੂ ਕਾ ਸਮਝਾਂਗੇ ਤਾਂ ਕਦੇ ਵੀ ਤੋਟ ਨਹੀਂ ਆਵੇਗੀ।

Scanned with CamScanner

ਜਿਨਾ ਪਿਛੈ ਹਉ ਗਈ ਸੇ ਮੈ ਪਿਛੈ ਭੀ ਰਵਿਆਸੁ ॥
ਜਿਨਾ ਕੀ ਮੈ ਆਸੜੀ ਤਿਨਾ ਮਹਿਜੀ ਆਸ ॥ (੧੦੯੭)

ਇਸੇ ਤਰ੍ਹਾਂ ਇਕ ਦਿਨ ਆਪ ਜੀ ਦੇ ਵੱਡੇ ਭਰਾ ਭਾਈ ਵੀਰ ਸਿੰਘ ਦੇ ਸਹੁਰੇ ਘਰ ਵਿੱਚ ਪਿੰਡ ਘਵੱਦੀ (ਜ਼ਿਲ੍ਹਾ ਲੁਧਿਆਣਾ) ਵਿਖੇ, ਖਾਸ ਰਿਸ਼ਤੇਦਾਰ ਦਾ ਵਿਆਹ ਆ ਗਿਆ ਉਥੇ ਜਾਣ ਲਈ ਭਾਈ ਵੀਰ ਸਿੰਘ ਤਿਆਰੀ ਕਰਨ ਲੱਗੇ। ਉਨ੍ਹਾਂ ਭਾਈ ਜਰਨੈਲ ਸਿੰਘ ਨੂੰ ਦੱਸਿਆ ਕਿ ਮੈਂ 2 ਦਿਨ ਲਈ ਆਪਣੇ ਸਹੁਰੇ ਜਾ ਰਿਹਾ ਹਾਂ ਕਿਉਂਕਿ ਮੇਰੇ ਸਨਬੰਧੀ ਦਾ ਵਿਆਹ ਹੈ। ਇਹ ਸੁਣ ਕੇ ਭਾਈ ਜਰਨੈਲ ਸਿੰਘ ਨੇ ਕਿਹਾ ਕਿ ਸੰਗਰਾਂਦ ਆਉਣ ਵਿੱਚ ਸਿਰਫ 3 ਦਿਨ ਬਾਕੀ ਹਨ ਤੇ ਮੈਂ ਸਹਿਜ ਪਾਠ ਵਿੱਚ ਥੋੜ੍ਹਾ ਪਾਠ ਕੀਤਾ ਹੈ ਅਤੇ ਜਿਆਦਾ ਰਹਿੰਦਾ ਹੈ। ਜੇਕਰ ਤੂੰ ਚਲਿਆ ਗਿਆ ਤਾਂ ਮੈਨੂੰ ਪੂਰੀ-ਪੂਰੀ ਰਾਤ ਜਾਗ ਕੇ ਪਾਠ ਕਰਨਾ ਪਵੇਗਾ। ਪਰ ਕੋਈ ਗੱਲ ਨਹੀਂ। ਜੇਕਰ ਜ਼ਰੂਰੀ ਹੈ ਤਾਂ ਤੂੰ ਚਲਿਆ ਜਾ ਮੈਂ ਆਪੇ ਹੀ ਸਾਂਭ ਲਵਾਂਗਾ। ਜੇਕਰ 3-4 ਦਿਨ ਉਨੀਂਦਰਾ ਵੀ ਕੱਟਣਾ ਪਵੇਗਾ ਤਾਂ ਵੀ ਕੋਈ ਗੱਲ ਨਹੀਂ ਸਗੋਂ ਸਰੀਰ ਵਿੱਚ ਅਜਿਹਾ ਸੁਭਾਅ ਪੈਦਾ ਕਰਨਾ ਚਾਹੀਦਾ ਹੈ ਜੇਕਰ ਕਈ-ਕਈ ਦਿਨ ਵੀ ਜਾਗਣਾ ਪਵੇ ਤਾਂ ਕਿਸੇ ਪ੍ਰਕਾਰ ਦੀ ਦਿੱਕਤ ਨਾ ਆਵੇ। ਰਾਤ ਨੂੰ ਅਜਿਹੀਆਂ ਗੱਲਾਂਬਾਤਾਂ ਕਰਦਿਆਂ ਆਰਾਮ ਕਰਨ ਲੱਗ ਗਏ, ਪਰ ਭਾਈ ਵੀਰ ਸਿੰਘ ਡੂੰਘੀਆਂ ਸੋਚ ਵਿਚਾਰਾਂ ਦੀ ਜੱਕੋ ਤੱਕ ਵਿੱਚ ਪੈ ਗਿਆ ਅਤੇ ਸਵੇਰ ਹੁੰਦਿਆਂ ਘਵੱਦੀ ਨਗਰ ਨੂੰ ਚਲਿਆ ਗਿਆ। ਪਰ ਸਾਰੇ ਰਾਹ ਇਹੀ ਸੋਚਦਾ ਗਿਆ ਕਿ ਮੈਨੂੰ ਨਹੀਂ ਆਉਣਾ ਚਾਹੀਦਾ ਸੀ ਭਾਈ ਜਰਨੈਲ ਸਿੰਘ ਨੂੰ ਕਾਫੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇਗਾ। ਇਨ੍ਹਾਂ ਵਿਚਾਰਾਂ ਵਿੱਚ ਹੀ ਉਹ ਘਵੱਦੀ ਪਹੁੰਚ ਗਿਆ। ਦੂਜੇ ਪਾਸੇ ਭਾਈ ਜਰਨੈਲ ਸਿੰਘ ਨੇ ਸਵੇਰੇ ਹੀ ਹਲ਼ ਜੋੜਿਆ ਪੈਲ਼ੀ ਵਾਹੁਣੀ ਸ਼ੁਰੂ ਕਰ ਦਿੱਤੀ। ਐਤਵਾਰ ਦਾ ਦਿਨ ਹੋਣ ਕਾਰਨ ਸਕੂਲੋਂ ਛੁੱਟੀ ਸੀ ਇਸ ਲਈ ਮੈਂ ਉਨ੍ਹਾਂ ਦਾ ਪ੍ਰਸ਼ਾਦਾ ਲੈ ਕੇ ਖੇਤ ਗਿਆ। ਬੰਬੀ ਤੋਂ ਹੱਥ ਧੋ ਕੇ ਉਹ ਪ੍ਰਸ਼ਾਦਾ ਛਕਣ ਲਈ ਬੈਠ ਗਏ। ਪ੍ਰਸ਼ਾਦਾ ਛਕ ਕੇ ਉਹ ਫਿਰ ਬੰਬੀ ਤੋਂ ਹੱਥ ਧੋ ਕੇ ਖੜ੍ਹਿਆਂ ਖੜ੍ਹਿਆਂ ਮੈਨੂੰ ਕਹਿਣ ਲੱਗੇ ਕਿ ਬਾਈ ਵੀਰ ਸਿੰਘ ਨੂੰ ਵਿਆਹ ਵੇਖ ਕੇ ਹੀ ਵਾਪਸ ਪਰਤਣਾ ਚਾਹੀਦਾ ਸੀ। ਇਹ ਗੱਲ ਸੁਣ ਕੇ ਮੈਂ ਉਨ੍ਹਾਂ ਨੂੰ ਪੁੱਛਿਆ ਕੀ ਉਹ ਵਾਪਸ ਆ ਗਏ ਹਨ? ਕਹਿਣ ਲੱਗੇ ਨਹੀਂ ਥੋੜ੍ਹੀ ਦੇਰ ਵਿੱਚ ਆ ਜਾਣਗੇ ਕਿਉਂਕਿ ਉਨ੍ਹਾਂ ਦਾ ਵਿਆਹ ਵੇਖਣ ਵਿੱਚ ਮਨ ਨਹੀਂ ਲੱਗਾ ਇਸ ਲਈ ਵਾਪਸ ਪਰਤ ਆਏ ਹਨ, ਬਸ ਘੰਟੇ ਦੋ ਘੰਟੇ ਵਿੱਚ ਆ ਜਾਣਗੇ ਇਹ ਕਹਿ ਕੇ ਉਨ੍ਹਾਂ ਫਿਰ ਹਲ਼ ਵਾਹੁਣਾ ਸ਼ੁਰੂ ਕਰ ਦਿੱਤਾ ਅਤੇ ਮੈਂ ਸੋਚੀਂ ਪੈ ਗਿਆ ਕਿ ਜੇਕਰ ਚਾਚਾ ਵੀਰ ਸਿੰਘ ਆਪਣੇ ਸਹੁਰੇ ਨਗਰ ਤੋਂ ਵਾਪਸ ਵੀ ਚੱਲ ਪਏ ਹਨ ਤਾਂ ਇਸ ਸੰਬੰਧੀ ਇਨ੍ਹਾਂ ਨੂੰ ਕਿਵੇਂ ਜਾਣਕਾਰੀ ਹੈ? ਕਿਉਂਕਿ ਉਸ ਸਮੇਂ ਟੈਲੀਫੋਨ ਆਦਿ ਦਾ ਕੋਈ ਸਾਧਨ ਨਹੀਂ ਸੀ ਜਿਸ ਸਦਕਾ ਇਕ ਦੂਸਰੇ ਨਾਲ ਸੰਪਰਕ ਕੀਤਾ ਜਾ ਸਕੇ। ਪਰ ਕੁੱਝ ਸਮੇਂ ਬਾਅਦ ਭਾਈ ਜਰਨੈਲ ਸਿੰਘ ਹੋਰਾਂ ਮੈਨੂੰ ਆਵਾਜ਼ ਮਾਰੀ, ਕਹਿਣ ਲੱਗੇ ਉਹ ਵੇਖ ਤੇਰਾ ਚਾਚਾ ਆ ਰਿਹੈ। ਜਦੋਂ ਭਾਈ ਵੀਰ ਸਿੰਘ ਬਿਲਕੁੱਲ ਨਜ਼ਦੀਕ ਆ ਗਏ। ਉਨ੍ਹਾਂ ਨੇ ਫ਼ਤਿਹ ਬੁਲਾਈ ਅਸੀਂ ਦੋਵਾਂ ਨੇ ਵੀ ਜੁਆਬ ਵਿੱਚ ਫ਼ਤਿਹ ਬੁਲਾਈ ਤੇ ਨਾਲ ਹੀ ਭਾਈ ਜਰਨੈਲ ਸਿੰਘ ਜੀ ਥੋੜ੍ਹਾ ਜਿਹਾ ਮੁਸਕਰਾਏ ਅਤੇ ਕਹਿਣ ਲੱਗੇ ਕਿ ਕੀ ਗੱਲ ਬਾਈ ਜੀ! ਸਹੁਰੀਂ ਜਾ ਕੇ ਤੁਹਾਡਾ ਦਿਲ ਨਹੀਂ ਲੱਗਾ? ਉਹ ਵੀ ਸਕੇ ਸਾਲੇ ਦੇ ਵਿਆਹ ਵਿੱਚ? ਇਹ ਗੱਲ ਸੁਣ ਕੇ ਭਾਈ ਵੀਰ ਸਿੰਘ ਕਹਿਣ ਲੱਗੇ ਕਿ ਤੈਨੂੰ ਸਭ ਪਤਾ ਹੈ ਕਿ ਮੈਂ ਕਿਉਂ ਪਰਤ ਆਇਆ ਹਾਂ ਅਤੇ ਇਹ ਵੀ ਤੈਨੂੰ ਪਤਾ ਹੈ ਕਿ ਵਿਆਹ ਵਿੱਚ ਮੇਰਾ ਦਿਲ ਕਿਉਂ ਨਹੀਂ ਲੱਗਾ। ਤੂੰ ਜਾਣ ਬੁੱਝ ਕੇ ਮੇਰੇ ਕੋਲੋਂ ਹੀ ਪੁੱਛ ਰਿਹਾ ਹੈਂ। ਇੰਨਾ ਕਹਿ ਕੇ ਉਹ ਚੁੱਪ ਹੋ ਗਏ। ਛੇਤੀ ਹੀ ਭਾਈ ਵੀਰ ਸਿੰਘ ਨੇ ਉਨ੍ਹਾਂ ਨੂੰ ਕੰਮ ਤੋਂ ਵਿਹਲਾ ਕਰਕੇ ਕਿਹਾ ਕਿ ਜਾਓ, ਪਾਠ ਕਰ ਲਓ ਕਿਉਂਕਿ ਸੰਗਰਾਂਦ ਨਜ਼ਦੀਕ ਹੈ ਤੇ ਤੁਹਾਡੇ ਦੱਸੇ ਮੁਤਾਬਿਕ ਸਹਿਜ ਪਾਠ ਦਾ ਭੋਗ ਪਾਉਣ ਲਈ ਬਹੁਤ ਪਾਠ ਕਰਨ ਵਾਲਾ ਬਾਕੀ ਰਹਿੰਦਾ ਹੈ। ਇਸ ਉਪਰੰਤ ਉਹ ਘਰ ਪਰਤ ਆਏ ਅਤੇ ਪਾਠ ਕਰਨ ਲੱਗ ਪਏ। ਅਜਿਹੀਆਂ ਹੋਰ ਵੀ ਕਈ ਘਟਨਾਵਾਂ ਹਨ ਜਿਨ੍ਹਾਂ ਬਾਰੇ ਸੁਭਾਵਕ ਹੀ ਦੱਸ ਦਿੰਦੇ ਸਨ ਅਤੇ ਬਹੁਤ ਜਲਦੀ ਸੱਚ ਸਾਬਿਤ ਹੋ ਜਾਂਦੀਆਂ ਸੀ।

ਪਰ ਉਸੇ ਦਿਨ ਬਾਬਾ ਜੀ ਨੇ ਭਾਈ ਜਰਨੈਲ ਸਿੰਘ ਨੂੰ ਇਕਾਂਤ ਵਿੱਚ ਸੱਦ ਕੇ ਕਿਹਾ ਕਿ ਜਿਵੇਂ-ਜਿਵੇਂ ਸਿਮਰਨ ਭਜਨ ਦਾ ਪ੍ਰਤਾਪ ਵਧੇਗਾ ਉਵੇਂ ਉਵੇਂ ਤੈਨੂੰ ਆਪਣੀ ਬੋਲ ਬਾਣੀ ਉਪਰ ਵੀ ਕਾਬੂ ਰੱਖਣਾ ਪਵੇਗਾ ਕਿਉਂਕਿ ਨਾਮ ਸਿਮਰਨ ਨਾਲ ਵਾਕਸਿੱਧੀ ਹੋ ਜਾਂਦੀ ਹੈ (ਕਹੀ ਹੋਈ ਗੱਲ ਸੱਚੀ ਹੋ ਜਾਣੀ) ਇਹ ਸਭ ਗੁਰਮੁਖਤਾਈ ਦੇ ਰਸਤੇ ਦੇ ਪੜਾਅ ਹਨ। ਜੇਕਰ ਸਾਵਧਾਨੀ ਨਾ ਵਰਤੀ ਜਾਵੇ ਤਾਂ ਇਹੀ ਪੜਾਅ ਭਾਉ-ਭਗਤੀ ਦੇ ਰਸਤੇ ਵਿੱਚ ਰੁਕਾਵਟ ਸਾਬਤ ਹੋ ਜਾਂਦੇ ਹਨ। ਇਸ ਲਈ ਹਮੇਸ਼ਾਂ ਹੀ ਸੋਚ ਕੇ ਬਚਨ ਕਰਿਆ ਕਰੋ।

Scanned with CamScanner

1967 ਨੂੰ ਘਰ ਵਿੱਚ ਹੀ ਵਿਸ਼ੇਸ਼ ਸਿਮਰਨ ਅਭਿਆਸ

ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ ॥
ਜਨੁ ਨਾਨਕੁ ਮੰਗੈ ਦਾਨੁ ਇਕੁ ਦੇਹੁ ਦਰਸੁ ਮਨਿ ਪਿਆਰੁ (੯੬੦)

ਨਿੱਤਨੇਮ ਦੇ ਨਾਲ ਰੋਜ਼ਾਨਾ ਪੰਜ ਗ੍ਰੰਥੀ, 51 ਅੰਗ ਸਹਿਜ ਪਾਠ ਅਤੇ 101 ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਇਹ ਨਿਯਮ ਨੂੰ ਨਿਭਾਉਂਦਿਆਂ ਕਈ ਵਾਰ 20 ਘੰਟੇ ਤੋਂ ਵੱਧ ਸਮਾਂ ਵੀ ਲੱਗ ਜਾਂਦਾ ਸੀ। ਬਾਕੀ 24 ਘੰਟਿਆਂ ਵਿੱਚੋਂ ਜਿਹੜੇ ਤਿੰਨ ਜਾਂ ਚਾਰ ਘੰਟੇ ਬਚਦੇ, ਉਨ੍ਹਾਂ ਵਿੱਚ ਹੀ ਵਿਸ਼ਰਾਮ ਕਰਨਾ, ਇਸ਼ਨਾਨ ਕਰਨਾ, ਲੋੜ ਪੈਣ ਤੇ ਕਿਸੇ ਨਾਲ ਗੱਲਬਾਤ ਕਰਨੀ, ਪ੍ਰਸ਼ਾਦਾ ਛਕਣਾ ਆਦਿ। ਇਸ ਉਪਰੰਤ ਭਾਈ ਜਰਨੈਲ ਸਿੰਘ ਜੀ ਦੇ ਮਨ ਵਿੱਚ ਨਾਮ ਸਿਮਰਨ ਦਾ ਹੋਰ ਉਮਾਹ ਪੈਦਾ ਹੋਇਆ ਕਿ ਇਸ ਤੋਂ ਵੀ ਵੱਧ ਸਮਾਂ ਸਿਮਰਨ ਭਜਨ ਵਿੱਚ ਲਗਾਉਣਾ ਚਾਹੀਦਾ ਹੈ। ਤਾਂ 1967 ਵਿੱਚ ਉਨ੍ਹਾਂ ਵਿਸ਼ੇਸ਼ ਤੌਰ 'ਤੇ ਸਿਮਰਨ ਕਰਨ ਦਾ ਮਨ ਬਣਾਇਆ। ਘਰ ਦੇ ਹੀ ਇੱਕ ਛੋਟੇ ਜਿਹੇ ਕਮਰੇ ਵਿੱਚ ਪ੍ਰਬੰਧ ਕੀਤਾ ਅਤੇ ਘਰ ਦੇ ਮੈਂਬਰਾਂ ਨੂੰ ਦੱਸ ਦਿੱਤਾ ਕਿ ਮੈਂ 40-45 ਦਿਨ ਇਸ ਕਮਰੇ ਵਿੱਚ ਰਹਿ ਕੇ ਵਾਹਿਗੁਰੂ ਮੰਤਰ ਤੇ ਮੂਲ ਮੰਤਰ ਦਾ ਸਿਮਰਨ ਕਰਨਾ ਹੈ। ਕੋਈ ਵੀ ਮੈਨੂੰ ਮਿਲਣ ਲਈ ਆਵੇ ਤਾਂ ਮਨ੍ਹਾਂ ਕਰ ਦੇਣਾ। ਕੇਵਲ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਆਉਣ ਤਾਂ ਉਨ੍ਹਾਂ ਨੂੰ ਜੀ ਆਇਆਂ ਨੂੰ। ਉਸ ਸਮੇਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ, ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਗੜ੍ਹਵਈ ਦੀ ਸੇਵਾ ਨਿਭਾ ਰਹੇ ਸਨ। ਇਹ ਵੀ ਦੱਸ ਦਿੱਤਾ ਕਿ ਜੇਕਰ ਉਹ ਆਉਣ ਤਾਂ ਇੱਕ ਪਰਚੀ ਉੱਪਰ ਲਿਖ ਕੇ ਦਰਵਾਜ਼ੇ ਦੇ ਥੱਲੇ ਦੀ ਅੰਦਰ ਰੱਖ ਦੇਣੀ। ਇਸ ਦੇ ਨਾਲ ਹੀ ਉਨ੍ਹਾਂ ਨੇ ਰੋਜ਼ਾਨਾ ਖਾਣੇ ਦੇ ਪ੍ਰਬੰਧ ਲਈ ਵੀ ਇਸੇ ਤਰ੍ਹਾਂ ਹੀ ਕੀਤਾ ਕਿ ਦਰਵਾਜ਼ਾ ਬੰਦ ਕਰਕੇ ਉਸ ਦੇ ਬਾਹਰ ਇੱਕ ਖੰਦੜ ਦਾ ਖੇਸ ਬੰਨ੍ਹ ਦਿੱਤਾ ਅਤੇ ਸਮਝਾਇਆ ਕਿ ਇਸ ਪਰਦੇ ਦੇ ਅੰਦਰ ਖਾਣਾ ਰੱਖ ਦੇਣਾ ਹੈ। ਉਹ ਵੀ 24 ਘੰਟਿਆਂ ਵਿੱਚ ਸ਼ਾਮ ਨੂੰ ਇੱਕ ਵਾਰ ਅਤੇ ਸਵੇਰ ਵੇਲੇ ਦੁੱਧ ਦੀ ਇੱਕ ਗੜਵੀ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਵਰਤਣ ਲਈ ਸਰ੍ਹੋਂ ਦੇ ਤੇਲ ਦਾ ਇੱਕ ਪੀਪਾ ਅਤੇ ਰੂੰ ਦੇ ਦੋ ਗੋਹੜੇ ਬਣਾ ਕੇ ਰੱਖੇ ਹੋਏ ਸਨ। ਉਨ੍ਹਾਂ ਨਿਯਮ ਬਣਾਇਆ ਕਿ ਰੋਜ਼ਾਨਾ 22 ਜਾਂ 23 ਘੰਟੇ ਦਾ ਸਮਾਂ ਲਗਾ ਕੇ ਸਿਮਰਨ ਕਰਨਾ ਹੈ। ਸਿਰਫ ਇੱਕ ਘੰਟਾ ਇਸ਼ਨਾਨ ਅਤੇ ਆਰਾਮ ਕਰਨ ਲਈ ਰੱਖਿਆ ਗਿਆ ਸੀ।

ਇਸ ਤਰ੍ਹਾਂ ਕਰਦਿਆਂ ਜਦ ਇੱਕ ਮਹੀਨਾ ਬੀਤ ਗਿਆ ਤਾਂ ਉਨ੍ਹਾਂ ਨੇ ਸਰ੍ਹੋਂ ਦੇ ਤੇਲ ਵਾਲਾ ਖਾਲੀ ਪੀਪਾ ਬਾਹਰ ਰੱਖ ਦਿੱਤਾ, ਪਰਿਵਾਰ ਵਾਲਿਆਂ ਨੇ ਉਸ ਵਿੱਚ ਹੋਰ ਤੇਲ ਭਰ ਕੇ ਉੱਥੇ ਹੀ ਰੱਖ ਦਿੱਤਾ ਕਿਉਂਕਿ ਜੋ ਰੂੰ ਦੇ ਦੋ ਗੋਹੜੇ ਬਣਾਏ ਹੋਏ ਸਨ ਉਨ੍ਹਾਂ ਨੂੰ ਬਦਲ ਬਦਲ ਕੇ ਤੇਲ ਵਿੱਚ ਡੁਬੋ ਕੇ ਆਪਣੇ ਸਿਰ ਉੱਪਰ ਰੱਖ ਲੈਂਦੇ ਸਨ ਅਤੇ ਬਿਲਕੁਲ ਹਲਕਾ ਜਿਹਾ ਪਰਨਾ ਉੱਪਰ ਦੀ ਬੰਨ੍ਹ ਲੈਂਦੇ ਸਨ। ਸਿਮਰਨ ਕਰਦਿਆਂ ਜਾਗਦੇ ਰਹਿੰਦਿਆਂ ਸਰੀਰਕ ਖ਼ੁਸ਼ਕੀ ਇੰਨੀ ਵੱਧ ਚੁੱਕੀ ਸੀ ਕਿ ਸਿਰ ਵਿੱਚ ਰੱਖਿਆ ਹੋਇਆ ਸਰ੍ਹੋਂ ਦੇ ਤੇਲ ਵਾਲਾ ਗੋਹੜਾ ਵੀ ਖ਼ੁਸ਼ਕ ਹੋ ਜਾਂਦਾ ਸੀ। ਜਿਸ ਨੂੰ ਦੁਬਾਰਾ ਬਦਲਣਾ ਪੈਂਦਾ ਸੀ। ਕਈ ਵਾਰ ਖਾਣੇ ਦਾ ਭੋਜਨ ਵੀ ਉਸੇ ਤਰ੍ਹਾਂ ਵਾਪਸ ਕਰ ਦਿੰਦੇ ਸਨ। ਇਸ ਤਰ੍ਹਾਂ ਚੱਲਦਿਆਂ ਟਕਸਾਲ ਦੇ ਸਿੰਘ ਭਾਈ ਰਣਵੀਰ ਸਿੰਘ ਫੌਜੀ ਮਿਲਣ ਵਾਸਤੇ ਆਏ ਪਰ ਉਨ੍ਹਾਂ ਨੂੰ ਵੀ ਦੱਸ ਦਿੱਤਾ ਗਿਆ ਸੀ ਕਿ ਭਾਈ ਜਰਨੈਲ ਸਿੰਘ ਨੇ ਕਿਸੇ ਨੂੰ ਵੀ ਮਿਲਣੋਂ ਮਨ੍ਹਾਂ ਕੀਤਾ ਹੋਇਆ ਹੈ। ਜਦ 40 ਦਿਨ ਬੀਤ ਗਏ ਤਦ ਵੀ ਉਨ੍ਹਾਂ ਨੇ ਆਪਣਾ ਸਿਮਰਨ ਉਸੇ ਤਰ੍ਹਾਂ ਜਾਰੀ ਰੱਖਿਆ ਅਤੇ ਘਰ ਦੇ ਮੈਂਬਰ ਉਡੀਕ ਕਰਨ ਲੱਗੇ ਕਿ ਸ਼ਾਇਦ 40 ਦਿਨ ਹੀ ਇਹ ਵਿਸ਼ੇਸ਼ ਸਿਮਰਨ ਰੱਖਿਆ ਗਿਆ ਹੈ। (ਪਰ ਯਾਦ ਰਹੇ ਕਿ ਉਨ੍ਹਾਂ ਨੇ ਕਦੇ ਵੀ 40 ਦਿਨਾਂ ਦਾ ਚਲੀਸਾ ਨਹੀਂ ਰੱਖਿਆ) ਅਖੀਰ 45ਵੇਂ ਦਿਨ ਉਨ੍ਹਾਂ ਨੇ ਪਰਚੀ ਤੇ ਲਿਖ ਕੇ ਦੱਸਿਆ ਕਿ ਅੱਜ ਗੁਰਦੁਆਰਾ ਸਾਹਿਬ ਵਿਖੇ ਦੇਗ ਤਿਆਰ ਕੀਤੀ ਜਾਵੇ, ਕਿਉਂਕਿ ਮੈਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਕਰਨ ਉਪਰੰਤ ਹੀ ਕਿਸੇ ਨਾਲ ਗੱਲਬਾਤ ਕਰਾਂਗਾ। ਇਸੇ ਤਰ੍ਹਾਂ ਹੀ ਕੀਤਾ ਗਿਆ। ਦੇਗ ਤਿਆਰ ਹੋਈ ਤਾਂ ਦਿਨ ਦੇ 11 ਵਜੇ ਦੇ ਲੱਗਭੱਗ ਉਹ ਗੁਰਦੁਆਰਾ ਸਾਹਿਬ ਪਹੁੰਚੇ। ਅਰਦਾਸ ਕੀਤੀ, ਹੁਕਮਨਾਮਾ ਲਿਆ, ਦੇਗ ਵਰਤਾਈ ਅਤੇ ਸੀਮਤ ਜਿਹੀ ਗੱਲਬਾਤ ਤੋਂ ਬਾਅਦ ਆਪਣੇ ਕਮਰੇ ਵਿੱਚ ਬੈਠ ਗਏ। ਉਸ ਸਮੇਂ ਉਨ੍ਹਾਂ ਦਾ ਸਰੀਰ ਬਹੁਤ ਕਮਜ਼ੋਰ ਹੋ ਚੁੱਕਾ ਸੀ ਅਤੇ ਇਨ੍ਹਾਂ 45 ਦਿਨਾਂ ਵਿੱਚ ਸਰੀਰਕ ਵਜਨ ਵੀ ਕਾਫੀ ਘੱਟ ਚੁੱਕਾ ਸੀ। ਫਿਰ ਕੁੱਝ ਦਿਨਾਂ ਬਾਅਦ ਆਮ ਵਾਂਗ ਖੇਤਾਂ ਵਿੱਚ ਜਾਣਾ ਅਤੇ ਪਹਿਲਾਂ ਵਾਂਗ ਹੀ ਆਪਣਾ ਸਾਰਾ ਸਿਮਰਨ ਅਤੇ ਘਰ ਦਾ ਕੰਮਕਾਜ ਕਰਨਾ ਸ਼ੁਰੂ ਕਰ

Scanned with CamScanner

ਦਿੱਤਾ। ਜਦ ਉਨ੍ਹਾਂ ਨੂੰ ਇਸ ਬਾਰੇ ਪੁੱਛਿਆ ਗਿਆ ਕਿ ਇੰਨੇ ਸਖਤ ਹਠ ਨਾਲ ਸਿਮਰਨ ਕਰਦਿਆਂ ਸਰੀਰ ਵਿੱਚ ਕੋਈ ਨੁਕਸ ਪੈ ਸਕਦਾ ਹੈ ਤਾਂ ਉਨ੍ਹਾਂ ਕਿਹਾ ਕਿ ਕੁੱਝ ਨਹੀਂ ਹੋਣ ਲੱਗਾ, ਸਗੋਂ ਇਸ ਨਾਲ ਤਾਂ ਸਰੀਰ ਦੀ ਬੈਟਰੀ ਚਾਰਜ ਹੁੰਦੀ ਹੈ। ਫਿਰ ਸਰੀਰ ਦਾ ਕੀ ਭਰੋਸਾ ਹੈ ਕਿ ਇਸ ਨੇ ਕਿੰਨਾ ਸਾਥ ਨਿਭਾਉਣਾ ਹੈ ਅਤੇ ਕਦੋਂ ਇਸ ਨੇ ਸਾਥ ਛੱਡ ਜਾਣਾ ਹੈ।

ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ॥

ਇਸ ਲਈ ਇਸ ਤੋਂ ਪੂਰਾ ਕੰਮ ਲੈਣਾ ਚਾਹੀਦਾ ਹੈ। ਯਾਦ ਰਹੇ ਕਿ ਇਹ ਸਭ ਕੁਝ ਉਨ੍ਹਾਂ ਦੇ ਆਨੰਦ ਕਾਰਜ ਤੋਂ ਪਹਿਲਾਂ ਦਾ ਵਰਨਣ ਹੈ।

ਇਸ ਵਿਸ਼ੇਸ਼ ਸਿਮਰਨ ਭਜਨ ਤੋਂ ਬਾਅਦ ਉਹ ਟਕਸਾਲ ਵਿੱਚ ਚਲੇ ਗਏ। ਉੱਥੇ ਬਹੁਤ ਸਾਰੇ ਸਿੰਘਾਂ ਨੂੰ ਇਨ੍ਹਾਂ ਵੱਲੋਂ ਕੀਤੇ ਜਾ ਰਹੇ ਸਿਮਰਨ ਬੰਦਗੀ ਬਾਰੇ ਪਤਾ ਲੱਗ ਚੁੱਕਾ ਸੀ। ਇਸੇ ਲਈ ਇਨ੍ਹਾਂ ਦੇ ਨਾਮ ਨਾਲ 'ਅਭਿਆਸੀ' ਤਖੱਲਸ ਜੁੜ ਗਿਆ। ਭਾਈ ਜਰਨੈਲ ਸਿੰਘ ਨੇ ਜੱਥੇ ਦੇ ਹੋਰ ਵੀ ਬਹੁਤ ਸਾਰੇ ਸਿੰਘਾਂ ਨੂੰ ਪ੍ਰੇਰਣਾ ਕੀਤੀ ਕਿ ਨਿਤਨੇਮ, ਸੋਧਿਆ, ਜੱਥੇ ਦੀਆਂ ਛਿਊਟੀਆਂ ਤੋਂ ਇਲਾਵਾ ਸਾਨੂੰ ਵਿਸ਼ੇਸ਼ ਤੌਰ 'ਤੇ ਵੱਧ ਤੋਂ ਵੱਧ ਸੀ ਜਪੁਜੀ ਸਾਹਿਬ ਜੀ ਦੇ ਪਾਠ ਕਰਨੇ ਚਾਹੀਦੇ ਹਨ। ਇਸੇ ਤਰ੍ਹਾਂ ਕਿਸੇ ਸਿੰਘ ਨੂੰ 11 ਕਿਸੇ ਨੂੰ 21 ਅਤੇ ਕਿਸੇ ਨੂੰ ਇਸ ਤੋਂ ਵੱਧ ਸੀ ਜਪੁਜੀ ਸਾਹਿਬ ਜੀ ਦੇ ਪਾਠ ਕਰਨ ਲਈ ਪ੍ਰੇਰਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਦੀ ਸੁਧਾਈ

ਮੰਗਲ ਕਿਸ ਨੂੰ ਕਹਿੰਦੇ ਹਨ ਪਹਿਲਾਂ ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਦੀ ਅਰੰਭਤਾ ਸਮੇਂ ਜਾਂ ਬਾਣੀ ਵਿੱਚ ਆਏ ਸ਼ਬਦਾਂ ਮੁਤਾਬਿਕ ਅਸ਼ਟਪਦੀਆਂ, ਛੰਤ, ਭਗਤਾਂ ਦੀ ਬਾਣੀ ਜਾਂ ਹੋਰ ਕਈ ਬਾਣੀਆਂ ਦੇ ਆਰੰਭ ਸਮੇਂ ਮੰਗਲ ਲਿਖੇ ਗਏ ਹਨ। ਇਹ ਮੰਗਲ ਇਸ ਤਰ੍ਹਾਂ ਹਨ

ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ੴ ਸਤਿਗੁਰ ਪ੍ਰਸਾਦਿ॥
ੴ ਸਤਿਨਾਮ ਕਰਤਾ ਪੁਰਖ ਗੁਰ ਪ੍ਰਸਾਦਿ॥ ਆਦਿ

ਬਦਲਿਆ ਕੀ ਗਿਆ ਸੀ- ਜਿਵੇਂ ਅਨੰਦੁ ਸਾਹਿਬ ਦਾ ਪਾਠ ਕਰਨ ਲੱਗਿਆ ਗੁਰਬਾਣੀ ਵਿੱਚ ਦਰਜ ਹੈ

ਰਾਮਕਲੀ ਮਹਲਾ ੩ ਅਨੰਦੁ ੴ ਸਤਿਗੁਰ ਪ੍ਰਸਾਦਿ

ਪਰ ਇਸ ਨੂੰ ਬਦਲ ਕੇ ਲਿਖ ਦਿੱਤਾ ਗਿਆ

ੴ ਸਤਿਗੁਰ ਪ੍ਰਸਾਦਿ॥ ਰਾਮਕਲੀ ਮਹਲਾ ੩ ਅਨੰਦੁ॥

ਇਸੇ ਤਰ੍ਹਾਂ ਗੁਰਬਾਣੀ ਵਿੱਚ ਦਰਜ ਹੈ

ਗਉੜੀ ਸੁਖਮਨੀ ਮ: ੫॥ ਸਲੋਕ॥ ੴ ਸਤਿਗੁਰ ਪ੍ਰਸਾਦਿ॥

ਪਰ ਇਸ ਦੀ ਥਾਂ 'ਤੇ ਬਦਲ ਕੇ ਲਿਖ ਦਿੱਤਾ ਗਿਆ॥

ੴ ਸਤਿਗੁਰ ਪ੍ਰਸਾਦਿ॥ ਗਉੜੀ ਸੁਖਮਨੀ ਮ:੫॥

ਇਸੇ ਤਰ੍ਹਾਂ ਰਾਗ ਮਾਝ ਦੀ ਅਰੰਭਤਾ ਸਮੇਂ ਗੁਰਬਾਣੀ ਵਿੱਚ ਦਰਜ ਹੈ

ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪॥ ੴ ਸਤਿਨਾਮੁ ਕਰਤਾ ਪੁਰਖੁ। ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਇਥੇ ਵੀ ਮੰਗਲ ਬਦਲ ਦਿੱਤਾ ਗਿਆ ਭਾਵ ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪॥

ਰਾਗ ਦਾ ਨਾਮ ਬਾਅਦ ਵਿੱਚ ਲਿਖਿਆ। ਇਸੇ ਤਰ੍ਹਾਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਵਿੱਚ

Scanned with CamScanner

ਜਿੱਥੇ ਜਿੱਥੇ ਵੀ ਮੰਗਲ ਆਉਂਦੇ ਸਨ ਉਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਹੀ ਆਰੰਭਤਾ ਵਿੱਚ ਲਿਖ ਦਿੱਤਾ ਗਿਆ। ਇਸ ਤਰ੍ਹਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਮੰਗਲਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁੱਝ ਕੁ ਪ੍ਰਬੰਧਕਾਂ ਵੱਲੋਂ ਫਰਕ ਪਾਇਆ ਗਿਆ ਜਿਸ ਦਾ ਕਿ ਸਾਰੇ ਸਿੱਖ ਜਗਤ ਵਿੱਚ ਵਿਆਪਕ ਰੋਸ ਹੋਇਆ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਵਿੱਚ ਮਨਮਰਜ਼ੀ ਅਨੁਸਾਰ ਅਦਲਾ ਬਦਲੀ ਕੀਤੀ ਉਨ੍ਹਾਂ ਦੀ ਮਨਸ਼ਾ ਸੀ ਕਿ ਇੱਕ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਅਦਲਾ ਬਦਲੀ ਕਰਨ ਦਾ ਰਾਹ ਖੁੱਲ੍ਹ ਜਾਵੇ ਤਾਂ ਕਿ ਅੱਗੇ ਨੂੰ ਇਹ ਲੋਕ ਆਪਣੀ ਮਨ ਮਰਜ਼ੀ ਅਨੁਸਾਰ ਗੁਰਬਾਣੀ ਉਪਰ ਕਲਮ ਚੁੱਕਦੇ ਰਹਿਣ ਭਾਵ ਕਿਸੇ ਵੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਲ ਸਰੂਪ ਵਿੱਚ ਤਬਦੀਲੀ ਕੀਤੀ ਜਾ ਸਕੇ। ਜੇਕਰ ਅਜਿਹਾ ਹੋ ਜਾਂਦਾ ਤਾਂ ਇਸ ਨਾਲ ਸਿੱਖ ਕੌਮ ਦੇ ਉਹ ਗੁਰਸਿੱਖ ਜੋ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਅਥਾਹ ਸ਼ਰਧਾ ਭੱਖਦੇ ਹਨ ਉਨ੍ਹਾਂ ਦੇ ਮਨਾਂ ਨੂੰ ਸਦੀਵ ਕਾਲ ਲਈ ਠੇਸ ਪਹੁੰਚਦੀ ਰਹਿਣੀ ਸੀ।

ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਇਸ ਗਲਤੀ ਨੂੰ ਸੁਧਾਰਨ ਲਈ ਗੁਰੂ ਘਰ ਦੇ ਮਹਾਨ ਵਿਦਵਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਉਦਮ ਨਾਲ ਸੈਂਤਾਂ ਮਹਾਪੁਰਖਾਂ, ਸਿੱਖ ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਨੇ ਰਲ ਕੇ ਇਹ ਬੀੜਾ ਚੁੱਕਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸ਼ਹੀਦ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧੀ ਬਾਣੀ ਲਿਖਵਾਈ ਅਤੇ ਉਸੇ ਸਰੂਪ ਤੋਂ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਚਾਰ ਉਤਾਰੇ ਕੀਤੇ। ਇਹ ਹੱਥ ਲਿਖਤ ਸਰੂਪ ਅੱਜ ਵੀ ਤਖ਼ਤ ਸਾਹਿਬਾਨਾਂ ਤੋਂ ਸੁਸ਼ੋਭਮਾਨ ਹਨ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਦੇ ਕੇ ਗੁਰੂ ਮੰਨਣ ਵਾਸਤੇ ਹੁਕਮ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਮੰਗਲਾਂ ਦੀ ਜੋ ਤਰਤੀਬ ਉਸ ਸਰੂਪ ਵਿੱਚ ਹੈ ਉਸ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ। ਇਸ ਲਈ ਉਸੇ ਤਰ੍ਹਾਂ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਮੰਗਲਾਂ ਦੀ ਤਰਤੀਬ ਬਰਕਰਾਰ ਰਹਿਣੀ ਚਾਹੀਦੀ ਹੈ। ਇਸ 'ਤੇ ਸਾਰੀਆਂ ਸਿੱਖ ਸੰਪ੍ਰਦਾਵਾਂ, ਸੰਤ ਮਹਾਤਮਾ ਸਹਿਮਤ ਸਨ। ਇਸ ਕਾਰਜ ਲਈ ਸਾਰੇ ਮਹਾਤਮਾ, ਬਹੁਤ ਸਾਰੀਆਂ ਸੰਸਥਾਵਾਂ ਤੇ ਜਥੇਬੰਦੀਆਂ ਨੇ ਇੱਕਮੁੱਠ ਹੋ ਕੇ ਕਈ ਥਾਵਾਂ ਤੇ ਇਕੱਤਰਤਾਵਾਂ ਕੀਤੀਆਂ ਜਿਵੇਂ ਸ੍ਰੀ ਅੰਮ੍ਰਿਤਸਰ ਸਾਹਿਬ, ਕਰਤਾਰਪੁਰ ਸਾਹਿਬ, ਰਾੜਾ ਸਾਹਿਬ ਅਤੇ ਸਭ ਤੋਂ ਵੱਡੀ ਇਕੱਤਰਤਾ ਭਿੰਡਰਾਂ ਵਿਖੇ ਹੋਈ, ਜਿਸ ਵਿੱਚ ਭਾਰਤ ਦੇ ਤਕਰੀਬਨ ਸਾਰੇ ਹੀ ਮਹਾਤਮਾ ਇਕੱਠੇ ਹੋਏ। ਇਸ ਮੀਟਿੰਗ ਵਿੱਚ ਸਖਤੀ ਨਾਲ ਸ਼੍ਰੋਮਣੀ ਕਮੇਟੀ ਨੂੰ ਚਿਤਾਵਨੀ ਦਿੱਤੀ ਗਈ ਕਿ ਇਸ ਗਲਤੀ ਨੂੰ ਸੁਧਾਰਿਆ ਜਾਵੇ।

ਇੱਕ ਵਾਰ ਸੰਤ ਫਤਿਹ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਚੰਨਣ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਗੰਗਾ ਨਗਰ ਵਿਖੇ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਨੂੰ ਮਿਲਣ ਵਾਸਤੇ ਉਨ੍ਹਾਂ ਦੀ ਸਿਹਤ ਦਾ ਪਤਾ ਲੈਣ ਲਈ ਆਏ ਕਿਉਂਕਿ ਉਹਨੀਂ ਦਿਨੀਂ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਦੀ ਸਿਹਤ ਠੀਕ ਨਹੀਂ ਸੀ। ਸਾਧਾਰਨ ਗੱਲਬਾਤ ਤੋਂ ਉਪਰੰਤ ਸੰਤ ਫਤਿਹ ਸਿੰਘ ਨੇ ਕਿਹਾ ਕਿ ਆਪ ਵਰਗੇ ਮਹਾਪੁਰਖਾਂ ਦੀ ਕ੍ਰਿਪਾ ਸਦਕਾ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਕਰਨ ਦਾ ਸਾਨੂੰ ਸੁਭਾਗ ਪ੍ਰਾਪਤ ਹੋਇਆ ਹੈ। ਇਸ ਸਬੰਧ ਵਿੱਚ ਕੋਈ ਵੀ ਸੇਵਾ ਹੋਵੇ ਤਾਂ ਅਸੀਂ ਹਾਜ਼ਰ ਹਾਂ ਤਾਂ ਸੰਤਾਂ ਨੇ ਕਿਹਾ ਕਿ ਗੁਰਦੁਆਰਾ ਅੰਬ ਪ੍ਰਕਾਸ਼ ਭਿੰਡਰਾਂ ਵਿਖੇ ਤੁਸੀਂ ਸਾਡੇ ਨਾਲ ਬਚਨ ਕੀਤਾ ਸੀ ਕਿ ਜੇਕਰ ਇਹ ਸੇਵਾ ਸਾਨੂੰ ਪ੍ਰਾਪਤ ਹੋਈ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਵਿੱਚ ਤਬਦੀਲੀ ਕਰਕੇ ਜੋ ਫਰਕ ਪਾਇਆ ਗਿਆ ਹੈ ਉਸ ਨੂੰ ਠੀਕ ਕਰਾਂਗੇ। ਇਸ ਲਈ ਇਹ ਢੁੱਕਵਾਂ ਸਮਾਂ ਹੈ ਅਤੇ ਇਹੀ ਸਭ ਤੋਂ ਵੱਡੀ ਸੇਵਾ ਹੈ ਕਿਉਂਕਿ ਵੱਡੇ ਤੋਂ ਵੱਡਾ ਕੋਈ ਵਿਦਵਾਨ ਸੰਤ ਮਹਾਂਪੁਰਖ ਜਾਂ ਜੱਥੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਾਂ ਬਣਤਰ ਉਪਰ ਕਲਮ ਚੁੱਕਣ ਦੀ ਗੁਸਤਾਖੀ ਨਹੀਂ ਕਰ ਸਕੇਗਾ। ਇਸ ਲਈ ਸਿੱਖ ਪੰਥ ਕੋਲ ਜੋ ਪ੍ਰਵਾਨਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸੁਸ਼ੋਭਿਤ ਹਨ ਜਿਵੇਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ, ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਦੀ ਹੱਥ ਲਿਖਤ ਬੀੜ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਵਾਈ ਗਈ ਦਮਦਮਾ ਸਾਹਿਬ ਵਾਲੀ ਬੀੜ ਆਦਿ ਦਾ ਅਨਮੋਲ ਖਜ਼ਾਨਾ ਹੈ ਉਸ ਮੁਤਾਬਿਕ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਹੋਣੀ ਚਾਹੀਦੀ ਹੈ। ਇਸ ਗੱਲ 'ਤੇ ਸੰਤ ਫਤਿਹ ਸਿੰਘ

Scanned with CamScanner

ਸਟੈਂਡਰਡ ਫ਼ਾ.ਪੀ. ਆਰਡੀ. ਨੰ: 11 —Govt Pre ss. Chd.

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੀ.ਈ.ਈ.ਓ. ਗਰੁ ਜ਼ਿਲ੍ਹਾ ਮੋਗਾ

ਪਸਤਖ ਨੰ: ਉ 24152 19 ਕ੍ਰਮ ਅੰਕ 48

ਸਕੂਲ ਬਦਲੀ ਸਰਟੀਫੀਕੇਟ

ਵਿਦਿਆਰਥੀ ਦਾ ਨਾਂ ਸਰਨੈਲ ਸਿੰਘ | ਜਿਲਦ ਨੰ:

ਜਨਮ ਮਿਤੀ 02-06-1947 ਦੋ ਅਗਸਤ ਨੌ ਸੌ ਸੰਤਾਲੀ | ਫੀਸ ਦੀ ਦਰ

ਦਾਖਲਾ ਰਜਿਸਟਰ ਵਿਚ ਨੰ: 3642 | ਕਲਾਸ ਜਾਂ ਕੋਰ ਕਲਾਸਵਰਕ ਕਲਾਸ 12 (ਜੋਟ ਸਿੰਘ)

ਤਸਦੀਕ ਕੀਤਾ ਜਾਂਦਾ ਹੈ ਕਿ ਜੋਗਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਮਿਤੀ 01-04-1959 ਨੂੰ ਇਸ ਸਕੂਲ ਵਿਚ ਪੜ੍ਹਦਾ ਰਿਹਾ ਹੈ, ਉਸ ਨੇ ਸਕੂਲ ਨੂੰ ਦੇਣ ਯੋਗ ਸਾਰੀਆਂ ਰਕਮਾਂ ਅਦਾ ਕਰ ਦਿੱਤੀਆਂ ਹਨ ਅਤੇ ਉਸ ਨੂੰ ਉਚਤ ਮਿਤੀ ਉਤੇ ਆਪਣਾ ਨਾਂ ਖਾਰਜ ਕਰਵਾਉਣ ਦੀ ਆਗਿਆ ਦਿਤੀ ਗਈ ਹੈ। ਉਹ ਛੇਵੀਂ ਸ਼੍ਰੇਣੀ ਵਿਚਾਰ ਵਿਚ ਪੜ੍ਹ ਰਿਹਾ ਸੀ, ਅਤੇ ਉਹ ਛੇਵੀਂ ਸ਼੍ਰੇਣੀ ਦੀ ਪ੍ਰੀਖਿਆ ਵਿੱਚ ਪਾਸ/ਫੇਲ੍ਹ ਹੋਇਆ ਹੈ।

ਇਸ ਸਕੂਲ ਦੇ ਰਜਿਸਟਰਾਂ ਅਤੇ ਪੜ੍ਹਾਈ-ਸਾਲ ਦੇ ਦੌਰਾਨ ਪਿਛਲੇ ਸਕੂਲਾਂ ਤੋਂ ਪ੍ਰਾਪਤ ਹੋਏ ਸਰਟੀਫੀਕੇਟਾਂ ਅਨੁਸਾਰ ਨਿਮਨ ਲਿਖਤ ਵੇਰਵਿਆਂ ਤੇ ਲੋੜ ਹੋਣ ਦੀ ਤਸਦੀਕ ਕੀਤੀ ਜਾਂਦੀ ਹੈ:—

ਨੰ:	ਸਕੂਲ	ਦਾਖਲ ਹੋਣ ਦੀ ਮਿਤੀ			ਨਾਂ ਕਟਾਉਣ/ਸਰਟੀਫੀਕੇਟ ਦੀ ਮਿਤੀ	ਚਾਲੂ ਪੜ੍ਹਾਈ ਸਾਲ ਦੇ ਦੌਰਾਨ ਹਾਜ਼ਰੀ ਦਾ ਸਮਾਂ		ਚਾਲੂ ਪੜ੍ਹਾਈ-ਸਾਲ ਦੇ ਦੌਰਾਨ ਸੰਭਵ ਹਾਜ਼ਰੀ	ਚਾਲੂ ਪੜ੍ਹਾਈ-ਸਾਲ ਦੇ ਦੌਰਾਨ ਅਸਲ ਹਾਜ਼ਰੀ	ਚਾਲੂ ਪੜ੍ਹਾਈ-ਸਾਲ ਦੇ ਦੌਰਾਨ ਛਟੀ ਗਈ ਛੁੱਟੀ
		(ੳ) ਸਕੂਲ ਵਿਚ	(ਅ) ਵਿਭਾਗ ਵਿਚ	(ਏ) ਸ਼੍ਰੇਣੀ ਵਿਚ		ਤੋਂ	ਤੱਕ			
1	ਇਸ ਸਕੂਲ ਵਿਚ	02-05-1958	02-05-1958	01-04-1959	01-03-2014	—	—	—	—	—
2										
3										
4										

ਨੋਟ ...

G.S.S.

ਹੈਡ ਮਾਸਟਰ (ਮਿਸਟ੍ਰੈਸ)

ਮੁੱਖ ਅਧਿਆਪਕ

ਸਰਟੀਫੀਕੇਟ ਜਾਰੀ ਕਰਨ ਦੀ ਮਿਤੀ 01-03-2014.

P.T.O. ਸ੍ਰ ਕੀ ਕੋ

ਸਕੂਲ ਦੇ ਸਰਟੀਫਿਕੇਟ ਮੁਤਾਬਿਕ ਸੰਤ ਭਿੰਡਰਾਂਵਾਲਿਆਂ ਦੀ ਜਨਮ ਤਰੀਕ 2 ਜੂਨ 1947 ਨੂੰ ਹੈ। ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਇਸ ਮੁਤਾਬਿਕ ਹੀ ਉਨ੍ਹਾਂ ਦਾ ਜਨਮ ਦਿਹਾੜਾ ਮਨਾਉਣ ਚਾਹੀਦਾ ਹੈ।

Scanned with CamScanner



25 ਦਸੰਬਰ 1981 ਨੂੰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਦੇ ਵਿਆਹ ਸਮੇਂ ਮਿਲਣੀ ਦੇ ਸ਼ਬਦ ਪੜ੍ਹਦੇ ਰਾਗੀ ਭਾਈ ਰਾਮ ਸਿੰਘ, ਭਾਈ ਜਗੀਰ ਸਿੰਘ ਮਸਤ ਅਤੇ ਸੰਤ ਭਿੰਡਰਾਂਵਾਲੇ ਮਿਲਣੀ ਦੀ ਅਰਦਾਸ ਕਰਦੇ ਹੋਏ। ਉਨ੍ਹਾਂ ਨਾਲ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਬਾਬਾ ਜੋਗਿੰਦਰ ਸਿੰਘ ਜੀ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਦੇ ਅਨੰਦ ਕਾਰਜ ਸਮੇਂ ਸ਼ਗਨ ਦਿੰਦੇ ਹੋਏ ਸੰਤ ਭਿੰਡਰਾਂਵਾਲੇ।

Scanned with CamScanner

ਅਤੇ ਸੈਂਤ ਚੈਨਣ ਸਿੰਘ ਸਹਿਮਤ ਹੋਏ ਅਤੇ ਉਨ੍ਹਾਂ ਕਿਹਾ ਕਿ ਅਸੀਂ ਕੁੱਝ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਜੀ ਦੀ ਸਹਾਇਤਾ ਲਈ ਦਿੰਦੇ ਹਾਂ ਬਾਕੀ ਤੁਸੀਂ ਆਪਣੇ ਸਿਆਣੇ ਵਿਦਵਾਨ ਸਿੰਘਾਂ ਦੀ ਸੇਵਾ ਲਾ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਉ।

ਇਸ ਤਰ੍ਹਾਂ ਇਹ ਸੇਵਾ 1965 ਈ: ਵਿੱਚ ਅਰੰਭ ਹੋਈ ਜੋ ਕਿ ਸੈਂਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਆਪਣੇ ਜ਼ਿੰਮੇ ਲਈ ਅਤੇ (ਸੈਂਤ) ਕਰਤਾਰ ਸਿੰਘ ਜੀ ਨੂੰ ਇਹ ਸੇਵਾ ਸੌਂਪ ਕੇ ਉਨ੍ਹਾਂ ਨਾਲ ਭਾਈ ਕਰਤਾਰ ਸਿੰਘ ਪ੍ਰੇਮੀ, ਗਿਆਨੀ ਇੰਦਰਜੀਤ ਸਿੰਘ ਜੀ ਰਕਬਾ, ਗਿਆਨੀ ਕ੍ਰਿਪਾਲ ਸਿੰਘ ਜੀ ਬੋਪਾਰਾਏ, ਗਿਆਨੀ ਪਰਮਜੀਤ ਸਿੰਘ ਜੀ ਆਲਪੁਰ, ਭਗਤ ਜਸਵੰਤ ਸਿੰਘ ਜੀ ਦੌਧਰ ਅਤੇ ਭਾਈ ਜਰਨੈਲ ਸਿੰਘ ਅਭਿਆਸੀ ਆਦਿ ਸਿੰਘਾਂ ਸਮੇਤ ਇਸ ਮਹਾਨ ਉੱਚੀ ਸੁੱਚੀ ਸੇਵਾ ਵਾਸਤੇ ਸ੍ਰੀ ਅੰਮ੍ਰਿਤਸਰ ਸਾਹਿਬ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਵਿੱਚ ਭੇਜਿਆ।

ਭਾਈ ਜਰਨੈਲ ਸਿੰਘ ਦੀ ਹੋਰ ਸੇਵਾ ਦੇ ਨਾਲ-ਨਾਲ ਇਨ੍ਹਾਂ 5-6 ਸਿੰਘਾਂ ਦੇ ਲੰਗਰ ਅਤੇ ਜਲ ਪਾਣੀ ਛਕਾਉਣ ਦੀ ਸੇਵਾ ਵੀ ਨਿਭਾਉਂਦੇ ਸਨ। ਇਸ ਸਮੇਂ ਦੌਰਾਨ ਭਾਈ ਜਰਨੈਲ ਸਿੰਘ ਨੂੰ ਸੈਂਤ ਗਿਆਨੀ ਕਰਤਾਰ ਸਿੰਘ ਜੀ ਦੇ ਨੇੜੇ ਰਹਿ ਕੇ ਸੇਵਾ ਕਰਨ ਦਾ ਸਮਾਂ ਮਿਲਿਆ। ਉਨ੍ਹਾਂ ਵਿਚਲੇ ਖ਼ਾਲਸਾਈ ਗੁਣਾਂ ਤੋਂ ਬਹੁਤ ਪ੍ਰਭਾਵਿਤ ਹੋਏ। ਯਾਦ ਰਹੇ ਕਿ ਸੰਨ 1965 ਵਿੱਚ ਉਸ ਸਮੇਂ ਜਦੋਂ ਗੁਰਬਾਣੀ ਦੇ ਮੰਗਲਾਂ ਦੀ ਸੁਧਾਈ ਚੱਲ ਰਹੀ ਸੀ ਤਾਂ ਭਾਰਤ-ਪਾਕਿਸਤਾਨ ਦੀ ਜੰਗ ਲੱਗ ਗਈ। ਸੈਂਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਾ ਨਗਰ ਭੂਰੇ ਕੋਹਨੇ ਪਾਕਿਸਤਾਨ ਬਾਰਡਰ ਤੋਂ ਬਿਲਕੁਲ ਨਜਦੀਕ ਹੈ ਅਤੇ ਖੇਮਕਰਨ ਤੋਂ ਪਾਕਿਸਤਾਨ ਵਾਲੇ ਪਾਸੇ ਹੈ। ਇਸ ਲੜਾਈ ਸਮੇਂ ਬਾਰਡਰ ਦੇ ਪਿੰਡਾਂ ਦਾ ਭਾਰੀ ਨੁਕਸਾਨ ਹੋਇਆ। ਪਰ ਸੈਂਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦਾ ਸੈਂਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਨੂੰ ਹੁਕਮ ਸੀ ਕਿ ਮੰਗਲਾਂ ਦੀ ਸੇਵਾ ਛੱਡ ਕੇ ਆਸੇ-ਪਾਸੇ ਨਹੀਂ ਜਾਣਾ ਨਿਰਵਿਘਨ ਅਤੇ ਨਿਰੰਤਰ ਸੇਵਾ ਜਾਰੀ ਰੱਖਣੀ ਹੈ। ਇਸ ਲਈ ਉਨ੍ਹਾਂ ਦੇ ਬਚਨਾਂ ਤੇ ਭਰੋਸਾ ਰੱਖ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸਰਾ ਤੱਕ ਕੇ ਉਹ ਆਪਣੇ ਪਿੰਡ ਵੀ ਨਹੀਂ ਗਏ ਕਿ ਆਪੇ ਗੁਰੂ ਸਾਹਿਬ ਮਾਲਕ ਹਨ ਉਹ ਹੀ ਰੱਖਿਆ ਕਰਨਗੇ। ਇਸ ਤਰ੍ਹਾਂ ਸਾਰੀ ਸੇਵਾ ਸੰਪੂਰਨ ਕਰਕੇ ਹੀ ਸਾਰੇ ਸਿੰਘ ਸੈਂਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਪਾਸ ਪਿੰਡ ਦੁਸਾਂਝ (ਜੋ ਮੋਗੇ ਦੇ ਨਜਦੀਕ ਹੈ) ਪਹੁੰਚੇ ਕਿਉਂਕਿ ਉਥੇ ਜਥੇ ਦਾ ਧਰਮ ਪ੍ਰਚਾਰ ਪ੍ਰੋਗਰਾਮ ਚੱਲ ਰਿਹਾ ਸੀ। ਇਥੇ ਵੀ ਸੈਂਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਸੈਂਤ ਗਿਆਨੀ ਕਰਤਾਰ ਸਿੰਘ ਜੀ ਨੂੰ ਵਿਸ਼ੇਸ਼ ਕਰਕੇ ਬਹੁਤ ਸ਼ਬਾਸ਼ਿਸ਼ਾਂ ਭਰੇ ਬਚਨ ਕਹੇ ਅਤੇ ਬਾਕੀ ਦੇ ਸਿੰਘਾਂ ਨੂੰ ਵੀ ਸ਼ਾਬਾਸ਼ ਦਿੱਤੀ। ਇਸ ਤਰ੍ਹਾਂ ਭਾਈ ਜਰਨੈਲ ਸਿੰਘ ਸੈਂਤ ਕਰਤਾਰ ਸਿੰਘ ਜੀ ਖ਼ਾਲਸਾ ਜੀ ਤੋਂ ਪ੍ਰਭਾਵਿਤ ਸਨ। ਵੈਸੇ ਵੀ ਜਦੋਂ ਜਥੇ ਤੋਂ ਆਗਿਆ ਲੈ ਕੇ ਪਿੰਡ ਆਉਂਦੇ ਤਾਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਬਾਰੇ ਵੀ ਬਹੁਤ ਸਾਰੀ ਜਾਣਕਾਰੀ ਦਿਆ ਕਰਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਮੰਗਲ ਬਦਲਣ ਨਾਲ ਕੀ ਫਰਕ ਪੈਂਦਾ ਸੀ

ਇੱਕ ਵਾਰ ਸੈਂਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਇੱਕ ਚੰਗੇ ਪੜ੍ਹੇ ਲਿਖੇ ਗੁਰਮੁਖ ਨੇ ਪੁੱਛਿਆ ਕਿ ਗੁਰਬਾਣੀ ਵਿੱਚ ਆਏ ਮੰਗਲਾਂ ਦੀ ਤਰਤੀਬ ਬਦਲਣ ਨਾਲ ਕੀ ਫਰਕ ਪੈਂਦਾ ਸੀ ਤਾਂ ਸੈਂਤਾਂ ਨੇ ਉਸ ਨੂੰ ਪੁੱਛਿਆ ਕਿ ਭਾਈ ਤੇਰੇ ਕੋਲ ਕੋਈ ਮੋਟਰ ਗੱਡੀ ਹੈ? ਤਾਂ ਉਸ ਨੇ ਕਿਹਾ ਮੇਰੇ ਕੋਲ ਫੀਅਟ ਕਾਰ ਹੈ ਤਾਂ ਸੈਂਤਾਂ ਨੇ ਕਿਹਾ ਕਿ ਤੂੰ ਇਸ ਤਰ੍ਹਾਂ ਕਰੀਂ ਕਿ ਆਪਣੀ ਕਾਰ ਵਿਚਲੀ ਬੈਟਰੀ ਦੇ ਟਰਮੀਨਲ ਦੀਆਂ ਤਾਰਾਂ ਲਾਹ ਕੇ ਅਦਲਾ ਬਦਲੀ ਕਰ ਦੇਈਂ ਕਿ ਫਿਰ ਕਾਰ ਚਾਲੂ ਕਰਕੇ ਵੇਖੀਂ ਕੀ ਇੰਜਣ ਚਾਲੂ ਹੋ ਜਾਵੇਗਾ? ਇਹ ਗੱਲ ਸੁਣ ਕੇ ਉਹ ਕਹਿਣ ਲੱਗਾ ਕਿ ਇਸ ਤਰ੍ਹਾਂ ਤਾਂ ਨਹੀਂ ਹੋ ਸਕਦਾ ਤਾਂ ਸੈਂਤਾਂ ਨੇ ਪੁੱਛਿਆ ਕਿ ਭਾਈ ਕੀ ਫਰਕ ਪੈਂਦਾ ਹੈ ਬੈਟਰੀ ਦੀ ਤਾਰ ਹੀ ਹੈ ਨਾ ਜੇ ਇਧਰ ਦੀ ਉਧਰ ਕਰ ਦੇਵਾਂਗੇ ਤਾਂ ਇੰਜਣ ਕਿਉਂ ਨਹੀਂ ਚੱਲੇਗਾ ਤਾਂ ਉਸ ਨੇ ਕਿਹਾ ਕਿ ਜਿਸ ਤਰ੍ਹਾਂ ਕਾਰ ਬਣਾਉਣ ਵਾਲਿਆਂ ਨੇ ਬੈਟਰੀ ਦੀਆਂ ਤਾਰਾਂ ਲਾਈਆਂ ਹਨ ਉਸੇ ਤਰ੍ਹਾਂ ਅਤੇ ਤਰਤੀਬ ਵਿੱਚ ਸਹੀ ਲੱਗੀਆਂ ਰਹਿਣ ਤਾਂ ਹੀ ਇੰਜਣ ਚੱਲ ਸਕਦਾ ਹੈ ਤਾਂ ਸੈਂਤਾਂ ਨੇ ਕਿਹਾ ਭਾਈ ਛੋਟੀ ਜਿਹੀ ਗੱਲ ਦਾ ਇੰਨਾ ਧਿਆਨ ਰੱਖਣਾ ਪੈਂਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤਾਂ ਰੱਬੀ ਬਾਣੀ ਹੈ ਇਸ ਦੀ ਸਿਰਜਣਾ ਰੱਬ ਨੇ ਜਿਸ ਤਰ੍ਹਾਂ ਕੀਤੀ ਹੈ ਜੇ ਅਸੀਂ ਉਸੇ ਤਰ੍ਹਾਂ ਹੀ ਬਾਣੀ ਪੜ੍ਹਾਂਗੇ ਸਰਧਾ ਰੱਖਾਂਗੇ ਤਾਂ ਸਾਡੀ ਆਤਮਿਕ ਅਵਸਥਾ ਇਸ ਗੁਰਬਾਣੀ ਵਿੱਚੋਂ ਅਨੰਦਮਈ ਪ੍ਰਕਾਸ਼ ਲੈ ਸਕਦੀ ਹੈ। ਜੇਕਰ ਅਸੀਂ

Scanned with CamScanner

ਕਿਸੇ ਤਰ੍ਹਾਂ ਦੀ ਜਾਣ-ਬੁੱਝ ਕੇ ਅਦਲਾ ਬਦਲੀ ਕਰਾਂਗੇ ਤਾਂ ਗੁਰਬਾਣੀ ਦੇ ਅਧਿਆਤਮਕ ਗਿਆਨ ਤੋਂ ਵਾਂਝੇ ਰਹਿ ਜਾਵਾਂਗੇ। ਸੰਤਾਂ ਦੀ ਸੁਭਾਵਿਕ ਹੀ ਦਿੱਤੀ ਦਲੀਲ ਤੋਂ ਉਹ ਵਿਦਵਾਨ ਸਿੱਖ ਬਹੁਤ ਪ੍ਰਭਾਵਿਤ ਹੋਇਆ ਇਹ ਸਾਡੇ ਸਭ ਲਈ ਵੀ ਸਿੱਖਿਆਦਾਇਕ ਦਲੀਲ ਹੈ। ਇਸ ਤਰ੍ਹਾਂ ਸੰਤਾਂ ਨੇ ਹੋਰ ਵੀ ਬਹੁਤ ਸਾਰੇ ਪ੍ਰਮਾਣ ਦਿੱਤੇ।

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ (੧੬੬)

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਇਹ ਮੁੱਢਲਾ ਸਿਧਾਂਤ ਅਤੇ ਸੰਦੇਸ਼ ਹੈ ਕਿ "ਕਿਰਤ ਕਰੋ, ਨਾਮ ਜਪੋ, ਵੰਡ ਛਕੋ" ਇਸ ਨੂੰ ਸਮਰੱਥ ਗੁਰੂ ਸਾਹਿਬਾਨਾਂ ਨੇ ਸਾਡੇ ਵਾਸਤੇ ਪੂਰਨੇ ਪਾਉਣ ਲਈ ਆਪ ਵੀ ਨਿਭਾਇਆ ਤੇ ਆਪ ਕਰਕੇ ਵਿਖਾਇਆ। ਬਹੁਤ ਸਾਰੇ ਭਜਨ ਬੰਦਗੀ ਵਾਲੇ ਮਹਾਂਪੁਰਖਾਂ ਨੇ ਸਿਮਰਨ ਦੇ ਨਾਲ-ਨਾਲ ਕਿਰਤ ਨੂੰ ਵੀ ਅਪਣਾਈ ਰੱਖਿਆ। ਇਸੇ ਤਰ੍ਹਾਂ ਹੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਜੀ ਦਾ ਅੱਖੀਂ ਵੇਖਿਆ ਜੀਵਨ ਹੈ। ਉਹ ਖੇਤੀ ਕਰਦਿਆਂ ਆਮ ਹਾਲੀਆਂ ਦੇ ਹਲ਼ ਜੋੜਨ ਸਮੇਂ ਤੱਕ ਅੱਧੇ ਵੱਧ ਕੰਮ ਮੁਕਾ ਚੁੱਕੇ ਹੁੰਦੇ ਸਨ। ਉਹ ਬਹੁਤ ਰਾਤ ਰਹਿੰਦਿਆਂ ਉਠਦੇ, ਨਿੱਤਨੇਮ ਕਰਦੇ, ਸਿਮਰਨ ਕਰਦਿਆਂ ਬਲਦਾਂ ਦੀ ਜੋਗ ਲੈ ਕੇ ਹਲ਼ ਵਾਹੁਣ ਲਈ ਖੇਤ ਚਲੇ ਜਾਂਦੇ। ਇਥੇ ਇਹ ਵੀ ਦੱਸਣਾ ਵਾਜਿਬ ਹੋਵੇਗਾ ਕਿ ਉਹ ਹਲ਼ ਦੀ ਪੰਜਾਲੀ ਵਿੱਚ ਜੁੜਣ ਵਾਲੇ ਬਲਦਾਂ ਦਾ ਬਹੁਤ ਧਿਆਨ ਰੱਖਦੇ ਸਨ। ਉਨ੍ਹਾਂ ਨੂੰ ਰੱਜਵੀਂ ਖੁਰਾਕ ਦੇਣੀ ਉਨ੍ਹਾਂ ਦੀ ਧੁੱਪ-ਛਾਂ ਆਦਿਕ ਦਾ ਹਰ ਤਰ੍ਹਾਂ ਖਿਆਲ ਰੱਖਣਾ। ਇਹੀ ਕਾਰਨ ਸੀ ਕਿ ਕਈ ਵਾਰ ਇਹ ਬਲਦਾਂ ਦੀ ਜੋੜੀ ਸੰਤਾਂ ਨੂੰ ਵੇਖਦਿਆਂ ਹੀ ਖੁਸ਼ੀ ਨਾਲ ਡੁਕਾਰੇ ਮਾਰਦੀ ਜਾਂ ਸਿਰ ਹਿਲਾ ਕੇ ਅਹਿਸਾਸ ਕਰਵਾਉਂਦੀ ਕਿ ਅਸੀਂ ਵੀ ਤੇਰੀ ਕਿਰਤ ਨਾਲ ਸਾਂਝੀਵਾਲ ਹਾਂ, ਜਦੋਂ ਹਲ਼ ਜੋੜਦੇ ਉਨ੍ਹਾਂ ਦਾ ਇੱਕ ਹੱਥ ਹਲ਼ ਦੇ ਮੁੰਨੇ ਉਪਰ ਹੁੰਦਾ ਅਤੇ ਦੂਜੇ ਹੱਥ ਵਿੱਚ ਪਰਾਣੀ ਫੜੀ ਹੁੰਦੀ। ਪਰ ਇਸ ਪਰਾਣੀ ਨਾਲ ਕਦੇ ਵੀ ਉਹ ਬਲਦਾਂ ਨੂੰ ਨਹੀਂ ਮਾਰਦੇ ਸਨ, ਬਲਕਿ ਕੇਵਲ ਹਲ਼ ਚੱਲਦਿਆਂ ਹਲ਼ ਵਿੱਚ ਫਸਣ ਵਾਲੇ ਘਾਹ-ਫੂਸ ਨੂੰ ਹੀ ਦੂਰ ਕਰਦੇ ਸਨ ਅਤੇ ਆਮ ਹਾਲੀਆਂ ਨੇ ਉੱਚੀਆਂ ਹੇਕਾਂ ਵਿੱਚ ਵਾਜਾਂ ਲਾਉਣੀਆਂ ਜਾਂ ਬਲਦਾਂ ਨੂੰ ਤੇਜ਼ ਚਲਾਉਣ ਲਈ ਉੱਚੀ-ਉੱਚੀ ਗਾਲਾਂ ਵੀ ਕੱਢ ਦੇਣੀਆਂ ਇਸ ਸਭ ਕੁੱਝ ਤੋਂ ਉਲਟ ਸੰਤ ਜੀ ਹਮੇਸ਼ਾ ਪ੍ਰਭੂ ਰੰਗ ਵਿੱਚ ਹਲ਼ ਵੀ ਵਾਹੁੰਦੇ ਅਤੇ ਆਪਣੀ ਰਸਨਾ ਨਾਲ ਜਪੁਜੀ ਸਾਹਿਬ ਜੀ ਦੇ ਪਾਠ ਕਰਿਆ ਕਰਦੇ।

ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ
ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜਿ ਸਮਝਿ ਸੁਣੇਹੀ॥ (ਭਾਈ ਗੁਰਦਾਸ ਜੀ)

ਵੱਡੇ ਸੰਤਾਂ ਦੀ ਨਿੰਦਾ ਨਾ ਸਹਾਰਨੀ

ਇੱਕ ਵਾਰੀ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗਿਆਨੀ ਗੁਰਬਚਨ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਪ੍ਰੋਗਰਾਮ ਪਿੰਡ ਰੰਡੇ ਵਿਖੇ ਸੀ। ਸੰਤ ਜੀ ਲਗਭਗ ਡੇਢ ਸੌ ਸਿੰਘਾਂ ਦੇ ਸਮੇਤ ਪੈਦਲ ਹੀ ਪਿੰਡ ਡੇਮਰੂ ਵਿੱਚ ਦੀ ਰੰਡੇ ਪਿੰਡ ਨੂੰ ਜਾ ਰਹੇ ਸਨ ਤਾਂ ਡੇਮਰੂ ਦੇ ਪ੍ਰਾਇਮਰੀ ਸਕੂਲ ਵਿਖੇ ਪੜ੍ਹਾਉਂਦੇ ਅਧਿਆਪਕ ਸਦਾਗਰ ਸਿੰਘ ਜੋ ਕਿ ਪੱਕੇ ਕਾਮਰੇਡ ਖਿਆਲਾਂ ਦੇ ਸਨ ਉਨ੍ਹਾਂ ਨੇ ਬਹੁਤ ਹੀ ਮਜ਼ਾਕੀਆ ਲਹਿਜੇ ਵਿੱਚ ਕਿਹਾ ਕਿ ਇਹ ਵਿਹਲੜ ਲੋਕਾਂ ਦਾ ਜੱਥਾ ਮਿਹਨਤਕਸ਼ ਲੋਕਾਂ ਦੇ ਸਿਰ ਉਪਰ ਬੋਝ ਹੈ। ਲੋਕ ਬਹੁਤ ਹੱਡ ਭੰਨਵੀਂ ਮਿਹਨਤ ਕਰਦੇ ਹਨ ਅਤੇ ਅੰਧ ਵਿਸ਼ਵਾਸ਼ ਵਿੱਚ ਪੈ ਕੇ ਇਨ੍ਹਾਂ ਸਾਧਾਂ ਨੂੰ ਤਰ੍ਹਾਂ-ਤਰ੍ਹਾਂ ਦੇ ਭੋਜਨ ਖਵਾਉਂਦੇ ਹਨ ਅਤੇ ਧਨ ਬਸਤਰ ਇਨ੍ਹਾਂ ਨੂੰ ਅਰਪਣ ਕਰਦੇ ਹਨ ਜੋ ਕਿ ਸਾਰਾ ਦਿਨ ਵਿਹਲੇ ਰਹਿੰਦੇ ਹਨ ਅਤੇ ਕਿਸੇ ਕਿਸਮ ਦਾ ਕੋਈ ਕਾਰ ਵਿਹਾਰ ਨਹੀਂ ਕਰਦੇ। ਇਹ ਸਭ ਗੱਲਾਂ ਅਧਿਆਪਕ ਸਦਾਗਰ ਸਿੰਘ ਨੇ ਮੈਨੂੰ (ਲੇਖਕ ਨੂੰ) ਸੁਣਾ ਕੇ ਕਹੀਆਂ। ਸ਼ਾਮ ਨੂੰ ਘਰੇ ਪਹੁੰਚ ਕੇ ਇਹ ਸਭ ਗੱਲਾਂ ਮੈਂ ਭਾਈ ਜਰਨੈਲ ਸਿੰਘ ਅਭਿਆਸੀ ਨਾਲ ਸਾਂਝੀਆਂ ਕੀਤੀਆਂ ਤਾਂ ਉਹ ਇੱਕਦਮ ਬੀਰ ਰਸ ਵਿੱਚ ਆ ਗਏ ਅਤੇ ਨਾਲ ਹੀ ਕਿਹਾ ਸਿੱਖ ਸੰਗਤਾਂ ਸ਼ਰਧਾ ਭਾਵਨਾ ਨਾਲ ਮਹਾਂਪੁਰਖਾਂ ਦਾ ਸਤਿਕਾਰ ਕਰਦੀਆਂ ਹਨ। ਸੰਤ ਜੀ ਕਿਸੇ ਕੋਲੋਂ ਕੋਈ ਵੀ ਵਸਤੂ ਮੰਗ ਕੇ ਨਹੀਂ ਲੈਂਦੇ ਫਿਰ ਸਦਾਗਰ ਸਿੰਘ ਵਰਗੇ ਮਨਮੁੱਖ ਨਿਰਸ਼ਰਧਕ ਲੋਕ ਸੰਤਾਂ 'ਤੇ ਕਿੰਤੂ-ਪ੍ਰੰਤੂ ਕਰਨ ਦਾ ਕੀ ਅਧਿਕਾਰ ਰੱਖਦੇ ਹਨ। ਜਦੋਂ ਇਹ ਸੰਤਾਂ ਅਤੇ ਜਥੇ ਦੇ ਸਿੰਘਾਂ ਦੇ ਜੀਵਨ ਬਾਰੇ ਕੁੱਝ ਵੀ ਜਾਣਦਾ ਨਹੀਂ ਅਤੇ ਨਾ ਹੀ ਇਸ ਨੇ ਕਦੇ ਵੀ ਜਥੇ ਦੇ ਖ਼ਰਚ ਲਈ ਕੋਈ ਪੈਸਾ ਦਿੱਤਾ ਹੈ। ਗੁਰਸਿੱਖ ਸੰਗਤਾਂ ਦੀ ਸ਼ਰਧਾ ਵੇਖ ਕੇ ਇਸ ਦੇ ਕੀ ਪੇਟ ਦਰਦ ਹੁੰਦਾ ਹੈ। ਅਸੀਂ ਸਭ ਜਣੇ ਕਥਾ ਸੁਣਨ ਲਈ ਦੀਵਾਨ ਵਿਖੇ ਪਹੁੰਚ ਗਏ। ਕਥਾ ਦੀ ਸਮਾਪਤੀ

Scanned with CamScanner

ਉਪਰੰਤ ਘਰ ਨੂੰ ਵਾਪਸ ਆਉਂਦਿਆਂ ਭਾਈ ਜਰਨੈਲ ਸਿੰਘ ਨੇ ਇਹੀ ਗੱਲਾਂ ਫਿਰ ਦੁਹਰਾਈਆਂ ਕਿ ਨਿੰਦਕ ਲੋਕ ਮਹਾਂਪੁਰਖਾਂ ਦੀ ਵਡਿਆਈ ਨਹੀਂ ਸਮਝ ਸਕਦੇ ਪਰ ਜਦੋਂ ਨਿੰਦਾ ਦਾ ਫਲ ਭੁਗਤਣਾ ਪੈਂਦਾ ਹੈ ਫਿਰ ਪਤਾ ਲੱਗਦਾ ਹੈ।

ਉਧਰ ਸਕੂਲ ਵਿੱਚ ਛੁੱਟੀ ਹੋਣ ਤੋਂ ਉਪਰੰਤ ਸਭ ਬੱਚੇ ਅਤੇ ਅਧਿਆਪਕ ਆਪੋ ਆਪਣੇ ਘਰ ਪਰਤ ਗਏ। ਅਧਿਆਪਕ ਸਦਾਗਰ ਸਿੰਘ ਪਿੰਡ ਲੰਡੇ ਦਾ ਵਸਨੀਕ ਸੀ, ਜੋ ਪਿੰਡ ਡੇਮਰੂ ਤੋਂ ਥੋੜ੍ਹੀ ਦੂਰ ਹੈ। ਰਾਤ ਦੀ ਰੋਟੀ ਖਾਣ ਉਪਰੰਤ ਸਦਾਗਰ ਸਿੰਘ ਦੇ ਪੇਟ ਵਿੱਚ ਦਰਦ ਹੋਣਾ ਸ਼ੁਰੂ ਹੋ ਗਿਆ। ਉਸ ਨੇ ਪਿੰਡ ਵਿੱਚੋਂ ਹੀ ਡਾਕਟਰ ਤੋਂ ਪੇਟ ਦਰਦ ਦੀ ਦਵਾਈ ਲਈ ਅਤੇ ਇਸ ਗੱਲ ਨੂੰ ਸਾਧਾਰਨ ਸਮਝ ਕੇ ਘਰ ਪਰਤ ਆਇਆ। ਆਮ ਵਾਂਗ ਰਾਤ ਨੂੰ ਸੌਣ ਲੱਗਿਆ ਤਾਂ ਮਨ ਵਿੱਚ ਤਰ੍ਹਾਂ-ਤਰ੍ਹਾਂ ਦੇ ਖਿਆਲ ਆਏ ਅਤੇ ਦਰਦ ਵੀ ਵਧਦਾ ਗਿਆ। ਕਦੇ ਸੋਚਦਾ ਕਿ ਇਹ ਸਾਧਾਰਨ ਗੱਲ ਹੈ ਅਤੇ ਕਦੇ ਮਨ ਵਿੱਚ ਫਿਰ ਖਿਆਲ ਆਉਂਦਾ ਕਿ ਭਿੰਡਰਾਂਵਾਲੇ ਸੰਤਾਂ ਨੂੰ ਅਪਸ਼ਬਦ ਕਹਿਣ ਕਾਰਨ ਮੇਰੇ ਨਾਲ ਅਜਿਹਾ ਵਾਪਰ ਰਿਹਾ ਹੈ। ਖਾਸ ਗੱਲ ਇਹ ਵੀ ਸੀ ਕਿ ਉਹ ਭਾਈ ਜਰਨੈਲ ਸਿੰਘ ਅਭਿਆਸੀ ਬਾਰੇ ਜਾਣਦਾ ਸੀ ਕਿ ਉਹ ਸੰਤਾਂ ਤੇ ਅਥਾਹ ਸ਼ਰਧਾ ਰੱਖਦਾ ਹੈ ਅਤੇ ਬਹੁਤ ਬਾਣੀ ਪੜ੍ਹਦਾ ਹੈ ਪਰ ਸਦਾਗਰ ਸਿੰਘ ਭਾਈ ਜਰਨੈਲ ਸਿੰਘ ਨੂੰ ਵੀ ਇਕ ਵਿਹਲੜ ਇਨਸਾਨ ਹੀ ਸਮਝਦਾ ਸੀ। ਜਿਵੇਂ-ਜਿਵੇਂ ਰਾਤ ਬੀਤਦੀ ਗਈ ਤਿਵੇਂ-ਤਿਵੇਂ ਸਦਾਗਰ ਸਿੰਘ ਦੇ ਸਰੀਰ ਦੀ ਹਾਲਤ ਦਰਦ ਕਾਰਨ ਗੰਭੀਰ ਹੁੰਦੀ ਗਈ। ਉਹ ਸਾਰੀ ਰਾਤ ਸੌਂ ਨਹੀਂ ਸਕਿਆ। ਅਗਲੇ ਦਿਨ ਉਸੇ ਹੀ ਹਾਲਤ ਵਿੱਚ ਉਹ ਸਕੂਲ ਪਹੁੰਚਿਆ। ਉਸ ਨੇ ਮੈਨੂੰ ਪੁੱਛਿਆ ਕਿ ਜੋ ਗੱਲਾਂ ਭਿੰਡਰਾਂਵਾਲੇ ਸੰਤਾਂ ਬਾਰੇ ਮੈਂ ਕਹੀਆਂ ਸਨ ਉਹ ਕਿਸੇ ਨੂੰ ਦੱਸੀਆਂ ਤਾਂ ਨਹੀਂ? ਤਾਂ ਮੈਂ ਕਿਹਾ ਕਿ ਮੈਂ ਆਪਣੇ ਚਾਚਾ ਜਰਨੈਲ ਸਿੰਘ ਨੂੰ ਸਾਰੀਆਂ ਗੱਲਾਂ ਦੱਸੀਆਂ ਹਨ ਅਤੇ ਇਹ ਵੀ ਦੱਸਿਆ ਕਿ ਤੁਹਾਡੇ ਵੱਲੋਂ ਕਹੀਆਂ ਗੱਲਾਂ ਕਾਰਨ ਚਾਚਾ ਜੀ ਬਹੁਤ ਗੁੱਸੇ ਹੋਏ ਸਨ ਅਤੇ ਉਨ੍ਹਾਂ ਇਹ ਵੀ ਕਿਹਾ ਕਿ ਸੰਤਾਂ ਦੀ ਨਿੰਦਾ ਕਰਨ ਦਾ ਉਸ ਨੂੰ ਆਪੇ ਪਤਾ ਲੱਗ ਜਾਵੇਗਾ। ਅਗਲੇ ਦਿਨ ਸਕੂਲ ਦੀ ਅੱਧੀ ਛੁੱਟੀ ਵੇਲੇ ਹੀ ਅਧਿਆਪਕ ਸਦਾਗਰ ਸਿੰਘ ਸਕੂਲ ਤੋਂ ਘਰ ਪਰਤ ਗਏ।

ਜਦੋਂ ਵੇਖਿਆ ਕਿ ਕਿਸੇ ਤਰ੍ਹਾਂ ਵੀ ਦਵਾਈ ਨਾਲ ਦਰਦ ਨੂੰ ਫਰਕ ਨਹੀਂ ਪੈ ਰਿਹਾ ਤਾਂ ਅਖੀਰ ਇਹ ਸੋਚ ਕਿ ਕੇ ਮੈਂ ਆਪਣੇ ਵੱਲੋਂ ਕਹੇ ਅਪਸ਼ਬਦਾਂ ਦੀ ਖਿਮਾ ਮੰਗ ਲੈਂਦਾ ਹਾਂ ਇਸ ਲਈ ਉਸ ਸ਼ਾਮ ਨੂੰ ਸਾਡੇ ਘਰ ਪਹੁੰਚ ਗਿਆ ਅਤੇ ਭਾਈ ਜਰਨੈਲ ਸਿੰਘ ਨੂੰ ਮਿਲ ਕੇ ਕਹਿਣ ਲੱਗਾ ਕਿ ਮੈਂ ਬਿਨਾ ਸੋਚੇ ਸਮਝੇ ਹੀ ਭਿੰਡਰਾਂਵਾਲੇ ਸੰਤਾਂ ਬਾਰੇ ਅਜਿਹੀਆਂ ਗੱਲਾਂ ਕਹਿ ਦਿੱਤੀਆਂ ਸਨ ਜਿਸ ਦਾ ਤੁਸੀਂ ਗੁੱਸਾ ਕੀਤਾ ਤਾਂ ਭਾਈ ਜਰਨੈਲ ਸਿੰਘ ਨੇ ਕਿਹਾ ਕਿ ਤੂੰ ਜੋ ਕੁੱਝ ਵੀ ਕਿਹਾ ਹੈ ਉਹ ਸੰਤਾਂ ਨੂੰ ਕਿਹਾ ਹੈ ਮੈਨੂੰ ਤਾਂ ਕੁੱਝ ਨਹੀਂ ਕਿਹਾ ਫਿਰ ਇਹ ਸਭ ਕੁਝ ਮੇਰੇ ਕੋਲ ਕਿਉਂ ਦੱਸ ਰਿਹਾ ਹੈ? ਤਾਂ ਉਸ ਨੇ ਆਪਣੀ ਸਾਰੀ ਵਿਥਿਆ ਦੱਸੀ ਕਿ ਮੇਰੇ ਨਾਲ ਇਸ ਤਰ੍ਹਾਂ ਵਾਪਰਿਆ ਹੈ ਅਤੇ ਇਸ ਸਮੇਂ ਵੀ ਮੈਂ ਦਰਦ ਤੋਂ ਪੀੜਤ ਹਾਂ। ਭਾਈ ਜਰਨੈਲ ਸਿੰਘ ਨੇ ਕਿਹਾ ਕਿ ਮੈਂ ਕੀ ਕਰ ਸਕਦਾ ਹਾਂ। ਪਰ ਜੇ ਤੂੰ ਚਾਹੇ ਤਾਂ ਤੈਨੂੰ ਸੰਤਾਂ ਪਾਸ ਲਿਜਾ ਸਕਦਾ ਹਾਂ। ਉਹ ਚਾਹੁਣ ਤਾਂ ਤੈਨੂੰ ਖਿਮਾ ਕਰ ਸਕਦੇ ਹਨ। ਇਸ ਉਪਰੰਤ ਉਹ ਸਦਾਗਰ ਸਿੰਘ ਨੂੰ ਲੈ ਕੇ ਸੰਤਾਂ ਪਾਸ ਚਲੇ ਗਏ ਅਤੇ ਸਾਰੀ ਗੱਲ ਸੰਤਾਂ ਨੂੰ ਦੱਸੀ। ਸਾਰੀ ਵਿਥਿਆ ਸੁਣਨ ਤੋਂ ਬਾਅਦ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਭਾਈ ਜਰਨੈਲ ਸਿੰਘ ਨੂੰ ਕਿਹਾ ਕਿ ਅਜਿਹੇ ਹਜ਼ਾਰਾਂ ਹੀ ਲੋਕ ਹਨ ਜੋ ਗੁਰਮਤਿ ਨੂੰ ਨਹੀਂ ਸਮਝਦੇ, ਗੁਰਬਾਣੀ ਨਹੀਂ ਪੜ੍ਹਦੇ ਅਤੇ ਗੁਰੂ ਕੀ ਸੰਗਤ ਤੋਂ ਵੀ ਦੂਰ ਰਹਿੰਦੇ ਹਨ। ਇਸ ਲਈ ਇਹ ਕੁੱਝ ਵੀ ਬੋਲਦੇ ਰਹਿਣ ਆਪਾਂ ਨੂੰ ਕਿਸੇ ਕਿਸਮ ਦਾ ਗੁੱਸਾ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਕੋਈ ਬਚਨ ਕਹਿਣਾ ਚਾਹੀਦਾ ਹੈ ਅਤੇ ਨਾਲ ਹੀ ਭਾਈ ਸਦਾਗਰ ਸਿੰਘ ਨੂੰ ਕਿਹਾ ਕਿ ਜਾ ਭਾਈ ਅੱਗੇ, ਤੂੰ ਸੰਗਤ ਅਤੇ ਕਿਸੇ ਦੀ ਵੀ ਨਿੰਦਾ ਨਾ ਕਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਚਲਿਆ ਜਾ। ਮਹਾਰਾਜ ਭਲਾ ਕਰਨਗੇ। ਉਸ ਨੇ ਇਸੇ ਤਰ੍ਹਾਂ ਹੀ ਕੀਤਾ ਅਤੇ ਆਪਣੇ ਘਰ ਚਲਿਆ ਗਿਆ। ਬਾਅਦ ਵਿੱਚ ਸੰਤਾਂ ਨੇ ਭਾਈ ਜਰਨੈਲ ਸਿੰਘ ਨੂੰ ਕਿਹਾ ਕਿ ਹਮੇਸ਼ਾ ਸਹਿਜ ਵਿੱਚ ਰਹਿਣਾ ਚਾਹੀਦਾ ਹੈ। ਇਸ ਜਗਤ ਤਮਾਸ਼ੇ ਵਿੱਚ ਤਰ੍ਹਾਂ-ਤਰ੍ਹਾਂ ਦੀ ਦੁਨੀਆਂ ਹੈ, ਤਾਂ ਭਾਈ ਜਰਨੈਲ ਸਿੰਘ ਨੇ ਬਹੁਤ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਆਪ ਜੀ ਬਾਰੇ ਨਿੰਦਿਆ ਭਰੇ ਸ਼ਬਦ ਸੁਣ ਕੇ ਮੈਂ ਬਰਦਾਸ਼ਤ ਨਹੀਂ ਕਰ ਸਕਿਆ ਮਨ ਵਿੱਚ ਭਾਰੀ ਗੁੱਸਾ ਭਰ ਗਿਆ ਸੀ। ਇਸ ਲਈ ਦਾਸ ਨੂੰ ਖਿਮਾ ਕਰ ਦੇਣਾ। ਇਸ ਗੱਲ ਦਾ ਜਥੇ ਦੇ ਕਈ ਸਿੰਘਾਂ ਨੂੰ ਵੀ ਪਤਾ ਲੱਗ ਗਿਆ ਅਤੇ ਕਈ ਸਿੰਘ ਵਿਚਾਰਨ ਲੱਗੇ ਕਿ ਵਿਸ਼ੇਸ਼ ਸਿਮਰਨ ਭਜਨ ਅਤੇ ਸੰਤਾਂ ਦੀ ਖੁਸ਼ੀ ਨਾਲ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਭਾਈ ਜਰਨੈਲ ਸਿੰਘ ਉੱਪਰ ਭਾਰੀ ਕ੍ਰਿਪਾ ਹੈ।

ਸੁਹਿਰਦ ਸੰਤ ਖ਼ਾਲਸਾ

Scanned with CamScanner

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 300 ਸਾਲਾ ਅਵਤਾਰ ਪੁਰਬ

ਇਸ ਦੌਰਾਨ ਸੰਨ 1966 ਵਿਚ ਜਦੋਂ ਦਮਦਮੀ ਟਕਸਾਲ ਦਾ ਸਮੁੱਚਾ ਜਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ 300 ਸਾਲਾ ਅਵਤਾਰ ਪੁਰਬ ਮਨਾਉਣ ਲਈ ਤਖ਼ਤ ਸ੍ਰੀ ਪਟਨਾ ਸਾਹਿਬ ਗਿਆ ਹੋਇਆ ਸੀ ਅਤੇ ਹੋਰ ਵੀ ਸਿੱਖ ਸੰਪਰਦਾਵਾਂ, ਜਥੇਬੰਦੀਆਂ ਅਤੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਪਹੁੰਚੀਆਂ ਹੋਈਆਂ ਸਨ। ਤਖ਼ਤ ਸਾਹਿਬ ਵਿਖੇ ਕਈ ਦਿਨ ਦਮਦਮੀ ਟਕਸਾਲ ਵੱਲੋਂ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕਥਾ ਕੀਰਤਨ ਦਾ ਪ੍ਰਵਾਹ ਚਲਾਉਂਦੇ ਰਹੇ। ਸ਼ਾਮ ਨੂੰ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਅਤੇ ਸਵੇਰ ਨੂੰ ਚੱਲ ਰਹੀ ਗੁਰਬਾਣੀ ਦੀ ਲੜੀਵਾਰ ਕਥਾ ਕੀਤੀ ਜਾਂਦੀ। ਸਿੱਖ ਸੰਗਤਾਂ ਬਹੁਤ ਉਤਸ਼ਾਹ ਅਤੇ ਸ਼ਰਧਾ ਸਹਿਤ ਦੋਵੇਂ ਸਮੇਂ ਕਥਾ ਸੁਣਦੀਆਂ। ਇਥੇ ਦਮਦਮੀ ਟਕਸਾਲ ਦੇ ਇਤਿਹਾਸ ਵਿਚ ਇਕ ਅਹਿਮ ਅਧਿਆਇ ਜੁੜ ਗਿਆ, ਕਿਉਂਕਿ ਗੁਰਪੁਰਬ ਮਨਾਉਣ ਉਪਰੰਤ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਮਹਾਂਪੁਰਖਾਂ ਨੇ ਦਮਦਮੀ ਟਕਸਾਲ ਦੇ 13ਵੇਂ ਮੁਖੀ ਵਜੋਂ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਦੀ ਨਿਯੁਕਤੀ ਕਰਕੇ ਤਖ਼ਤ ਸਾਹਿਬ ਵਿਖੇ ਬਕਾਇਦਾ ਤੌਰ 'ਤੇ ਦਸਤਾਰਬੰਦੀ ਕਰ ਦਿੱਤੀ ਅਤੇ ਇਸ ਖੁਸ਼ੀ ਵਿੱਚ ਜਥੇ ਦੇ ਸਾਰੇ ਸਿੰਘਾਂ ਨੂੰ ਤਖ਼ਤ ਸਾਹਿਬ ਵੱਲੋਂ ਸਿਰੋਪੇ ਬਖਸ਼ਿਸ਼ ਕੀਤੇ ਗਏ ਅਤੇ ਵਿਸ਼ੇਸ਼ ਤੌਰ 'ਤੇ ਸਿੱਖ ਸੰਪ੍ਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਆਪ ਸਿਰੋਪੇ ਦਿੱਤੇ ਅਤੇ ਇਸ ਸਾਰੀ ਕਾਰਵਾਈ ਨੂੰ ਟੇਪ ਰਿਕਾਰਡ ਕੀਤਾ ਗਿਆ ਜੋ ਕਿ ਅੱਜ ਵੀ ਦਮਦਮੀ ਟਕਸਾਲ ਦੇ ਮੁੱਖ ਅਸਥਾਨ ਮਹਿਤਾ ਵਿਖੇ ਮੌਜੂਦ ਹੈ। ਇਸ ਉਪਰੰਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਨਵਨਿਯੁਕਤ ਕੀਤੇ ਗਏ ਟਕਸਾਲ ਮੁਖੀ ਭਾਈ ਕਰਤਾਰ ਸਿੰਘ ਖ਼ਾਲਸਾ ਦੀ ਬਾਂਹ ਫੜ ਕੇ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 13 ਪ੍ਰਕਰਮਾਂ ਕੀਤੀਆਂ। ਯਾਦ ਰਹੇ ਕਿ ਸੰਤ ਜੀ ਹਰ ਰੋਜ਼ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੱਥਾ ਟੇਕ ਕੇ ਪ੍ਰਕਰਮਾ ਤਾਂ ਕਰਦੇ ਸਨ ਪਰ ਪਹਿਲਾਂ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਡੇ ਸੰਤਾਂ ਦਾ ਸਰੀਰ ਢਿੱਲਾ ਹੋਣ ਕਾਰਨ ਉਨ੍ਹਾਂ ਦੀ ਬਾਂਹ ਫੜ ਕੇ ਪ੍ਰਕਰਮਾ ਕਰਵਾਉਂਦੇ ਸਨ। ਪਰ ਅੱਜ ਇਸ ਤੋਂ ਉਲਟ ਸੰਤਾਂ ਨੇ ਭਾਈ ਕਰਤਾਰ ਸਿੰਘ ਦੀ ਬਾਂਹ ਫੜ ਕੇ ਪ੍ਰਕਰਮਾ ਕੀਤੀਆਂ। ਪ੍ਰਕਰਮਾ ਪੂਰੀਆਂ ਹੋਣ ਤੋਂ ਬਾਅਦ ਸੰਤਾਂ ਨੇ ਭਾਈ ਕਰਤਾਰ ਸਿੰਘ ਨੂੰ ਬਹੁਤ ਬਖਸ਼ਿਸ਼ਾਂ ਭਰੇ ਬਚਨ ਕਹੇ। ਇਹ ਵੀ ਕਿਹਾ ਕਿ ਅੱਜ ਤੈਨੂੰ ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਰਨੀਂ ਲਾ ਕੇ ਟਕਸਾਲ ਦੀ ਸੇਵਾ ਸੰਭਾਲੀ ਹੈ। (ਇਨ੍ਹਾਂ ਭੇਦ ਭਰੇ ਸ਼ਬਦਾਂ ਨੂੰ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਨੇ ਕੁੱਝ ਸਿੰਘਾਂ ਨਾਲ ਸਾਂਝਾ ਕਰਦਿਆਂ ਦੱਸਿਆ) ਕਿ ਸੱਚਮੁੱਚ ਪ੍ਰਤੱਖ ਰੂਪ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਨੇ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨੀ ਲਾ ਕੇ ਦਾਸ ਨੂੰ ਇਹ ਸੇਵਾ ਬਖਸ਼ੀ ਹੈ)। ਇਸ ਉਪਰੰਤ ਸੰਤ ਜੀ ਸਾਰੇ ਜਥੇ ਸਮੇਤ ਸਾਲਸਰਾਏ ਜੌਹਰੀ ਧਰਮਸ਼ਾਲਾ ਵਿਖੇ ਆਪਣੇ ਆਸਣਾਂ 'ਤੇ ਪਹੁੰਚ ਗਏ। ਜੋ ਸਿੰਘ ਸਵੇਰੇ ਦਸਤਾਰਬੰਦੀ ਸਮੇਂ ਤਖ਼ਤ ਸਾਹਿਬ ਵਿਖੇ ਹਾਜ਼ਰ ਨਹੀਂ ਸਨ ਉਨ੍ਹਾਂ ਨੇ ਇਸ ਬਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੂੰ ਪੁੱਛ ਕੇ ਤਸੱਲੀ ਕੀਤੀ ਅਤੇ ਮੁਖੀ-ਮੁਖੀ ਸਿੰਘਾਂ ਨੇ ਇਥੇ ਫਿਰ ਗਿਆਨੀ ਕਰਤਾਰ ਸਿੰਘ ਖ਼ਾਲਸਾ ਨੂੰ ਸਿਰੋਪਾਓ ਤੇ ਵਧਾਈਆਂ ਦਿੱਤੀਆਂ, ਜਿਨ੍ਹਾਂ ਵਿੱਚ ਬਾਬਾ ਠਾਕੁਰ ਸਿੰਘ ਜੀ, ਗਿਆਨੀ ਮੋਹਣ ਸਿੰਘ ਜੀ, ਭਾਈ ਕਰਤਾਰ ਸਿੰਘ ਜੀ ਪ੍ਰੇਮੀ, ਭਾਗੀ ਭਾਈ ਬਚਿੱਤਰ ਸਿੰਘ ਜੀ, ਬਾਬਾ ਬੂੜ ਸਿੰਘ, ਬਾਬਾ ਮੱਸਾ ਸਿੰਘ ਅਤੇ ਹੋਰ ਵੀ ਬਹੁਤ ਸਾਰੇ ਸਿੰਘਾਂ ਨੇ ਇਸ ਗੱਲ ਦੀ ਸੰਤਾਂ ਨੂੰ ਵੀ ਵਧਾਈ ਦਿੱਤੀ। ਇਸ ਸਮੇਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਜੀ ਵਿਸ਼ੇਸ਼ ਤੌਰ 'ਤੇ ਸੰਤਾਂ ਨੂੰ ਵਧਾਈ ਦੇਣ ਧਰਮਸ਼ਾਲਾ ਪਹੁੰਚੇ। ਉਨ੍ਹਾਂ ਦੇ ਨਾਲ ਹੀ ਬਾਬਾ ਸੋਹਣ ਸਿੰਘ ਜੀ ਦਲ ਪੰਥ ਬਾਬਾ ਬਿਧੀਚੰਦ ਵਾਲੇ, ਸੰਤ ਬੀਰ ਬਿਕਰਮਾ ਸਿੰਘ ਸ੍ਰੀ ਅੰਮ੍ਰਿਤਸਰ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲੇ, ਸੰਤ ਕਿਰਪਾਲ ਸਿੰਘ ਜੀ ਰੰਡਿਆਂ ਵਾਲੇ ਅਤੇ ਹੋਰ ਬਹੁਤ ਸਾਰੇ ਮਹਾਂਪੁਰਖ ਵੱਖ-ਵੱਖ ਸੰਪ੍ਰਦਾਵਾਂ ਦੇ ਮੁਖੀ ਜੋ ਵਿਸ਼ੇਸ਼ ਤੌਰ 'ਤੇ 300 ਸਾਲਾ ਅਵਤਾਰ ਪੁਰਬ ਮਨਾਉਣ ਲਈ ਪਟਨਾ ਸਾਹਿਬ ਪਹੁੰਚੇ ਹੋਏ ਸਨ। ਸਭ ਨੇ ਸਿਰੋਪਾਓ ਅਤੇ ਵਧਾਈਆਂ ਦਿੱਤੀਆਂ। ਜਥੇ ਵਿੱਚ ਰਹਿਣ ਵਾਲੇ ਸਿੰਘ ਭਾਈ ਕਰਤਾਰ ਸਿੰਘ ਜੀ ਖ਼ਾਲਸਾ ਦੀ ਸੇਵਾ, ਸਿਮਰਨ, ਲਗਨ, ਦ੍ਰਿੜ੍ਹਤਾ ਆਦਿ ਤੋਂ ਪਹਿਲਾਂ ਹੀ ਬਹੁਤ ਪ੍ਰਭਾਵਿਤ ਸਨ। ਇਸੇ ਤਰ੍ਹਾਂ ਭਾਈ ਜਰਨੈਲ ਸਿੰਘ ਨੂੰ ਇਸ ਗੱਲ ਦੀ ਬਹੁਤ ਪ੍ਰਸੰਨਤਾ ਸੀ ਕਿਉਂਕਿ ਦਮਦਮੀ ਟਕਸਾਲ ਦਾ ਅੱਗੋ ਬਣਨ ਵਾਲਾ ਮੁਖੀ ਪੂਰੀ ਤਰ੍ਹਾਂ ਜੋਗ ਗੁਰਮਤਿ ਵਿਚ ਪ੍ਰਪੱਕ, ਰੋਜ਼ਾਨਾ ਬਹੁਤ ਬਾਣੀ

Scanned with CamScanner

ਪੜ੍ਹਨ ਵਾਲੇ ਅਤੇ ਕਥਾ ਕਰਨ ਲਈ ਭਾਰੀ ਵਿਦਵਾਨ ਹਨ। ਵੈਸੇ ਵੀ ਆਪ ਨੂੰ ਉਨ੍ਹਾਂ ਦੇ ਨੇੜੇ ਰਹਿਣ ਦਾ ਬਹੁਤ ਸਮਾਂ ਮਿਲਿਆ ਸੀ, ਜਿਸ ਕਾਰਨ ਉਨ੍ਹਾਂ ਵਿਚਲੇ ਨਿਪੁੰਨਤਾ ਭਰਪੂਰ ਗੁਣਾਂ ਨੂੰ ਆਪ ਚੰਗੀ ਤਰ੍ਹਾਂ ਜਾਣਦੇ ਸਨ।

ਸਾਂਤਿ ਸਹਜ ਸੁਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ॥

ਸੰਨ 1967 ਵਿੱਚ ਗੁਰਦੁਆਰਾ ਪੰਜੋਖਰਾ ਸਾਹਿਬ ਪਾਤਿਸ਼ਾਹੀ ਅੱਠਵੀਂ ਵਿਖੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਇੱਕ ਦਿਨ ਭਾਈ ਜਰਨੈਲ ਸਿੰਘ ਅਭਿਆਸੀ ਜੀ ਪਾਸੋਂ ਪੰਜ ਗ੍ਰੰਥੀ ਦਾ ਪਾਠ ਸੁਣ ਰਹੇ ਸਨ। ਅਭਿਆਸੀ ਜੀ ਪਲੰਘ ਉੱਪਰ ਪੋਥੀ ਪ੍ਰਕਾਸ਼ ਕਰਕੇ ਪਾਠ ਪੜ੍ਹ ਰਹੇ ਸਨ। ਰਾਤ ਦਾ ਸਮਾਂ ਸੀ ਪਾਠ ਕਰਦਿਆਂ-ਕਰਦਿਆਂ ਅਚਾਨਕ ਬਿਜਲੀ ਬੰਦ ਹੋ ਗਈ ਪਰ ਭਾਈ ਅਭਿਆਸੀ ਜੀ ਪਾਠ ਕਰਦੇ ਰਹੇ। ਉਨ੍ਹਾਂ ਨੂੰ ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਸੀ ਕਿ ਪੰਜ ਗ੍ਰੰਥੀ ਪੋਥੀ ਵਿੱਚੋਂ ਹੀ ਪ੍ਰਕਾਸ਼ ਹੋ ਕੇ ਬਾਣੀ ਦੇ ਅੱਖਰ ਦਿਸ ਰਹੇ ਹਨ। ਪੰਜ ਗ੍ਰੰਥੀ ਦਾ ਪਾਠ ਸੰਪੂਰਨ ਕਰਨ ਤੋਂ ਬਾਅਦ ਬਿਜਲੀ ਵੀ ਜਗ ਪਈ। ਭਾਈ ਅਭਿਆਸੀ ਜੀ ਦੇ ਮਨ ਵਿੱਚ ਫੁਰਨਾ ਆਇਆ ਕਿ ਮੈਂ ਇਸ ਕੌਤਕ ਬਾਰੇ ਸੰਤਾਂ ਨਾਲ ਬਚਨ ਸਾਂਝਾ ਕਰਾਂ ਪਰ ਚੁੱਪ ਰਹੇ, ਫਿਰ ਕਈ ਦਿਨ ਜਦੋਂ ਵੀ ਉਹ ਰਾਤ ਦੇ ਸਮੇਂ ਪੰਜ ਗ੍ਰੰਥੀ ਦਾ ਪਾਠ ਕਰਦੇ ਤਾਂ ਹਨ੍ਹੇਰੇ ਵਿੱਚ ਵੀ ਉਨ੍ਹਾਂ ਨੂੰ ਪੋਥੀ ਵਿੱਚੋਂ ਉਸੇ ਤਰ੍ਹਾਂ ਪ੍ਰਕਾਸ਼ ਹੋ ਕੇ ਬਾਣੀ ਦੇ ਅੱਖਰ ਦਿਸਦੇ ਰਹੇ। ਫਿਰ ਉਨ੍ਹਾਂ ਨੇ ਇਸ ਬਾਰੇ ਸੰਤਾਂ ਨੂੰ ਬੇਨਤੀ ਕੀਤੀ ਕਿ ਇਸ ਤਰ੍ਹਾਂ ਦਾ ਵਰਤਾਰਾ ਵਰਤ ਰਿਹਾ ਹੈ ਕਿ ਰਾਤ ਸਮੇਂ ਜਦੋਂ ਵੀ ਪੋਥੀ ਪ੍ਰਕਾਸ਼ ਕਰਕੇ ਬਾਣੀ ਪੜ੍ਹਦਾ ਹਾਂ ਤਾਂ ਬਿਨ੍ਹਾਂ ਬਿਜਲੀ ਜਗਾਇਆ ਹੀ ਪੋਥੀ ਵਿੱਚੋਂ ਪ੍ਰਕਾਸ਼ ਹੁੰਦਾ ਹੈ ਅਤੇ ਗੁਰਬਾਣੀ ਦੇ ਅੱਖਰਾਂ ਦੇ ਸਾਫ ਦਰਸ਼ਨ ਹੁੰਦੇ ਹਨ ਤਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਕਿਹਾ ਕਿ ਇਸ ਅਜਰ ਵਸਤੂ ਨੂੰ ਜਰਨ ਦਾ ਸੁਭਾਅ ਬਣਾਉ। ਅੱਜ ਤੇਨੂੰ ਬਿਜਲੀ ਦੀ ਰੌਸ਼ਨੀ ਵਾਂਗ ਪ੍ਰਕਾਸ਼ ਪ੍ਰਤੀਤ ਹੁੰਦਾ ਹੈ ਪਰ ਗੁਰਬਾਣੀ ਦੇ ਅਭਿਆਸ, ਵਾਹਿਗੁਰੂ ਮੰਤਰ ਦੇ ਸਿਮਰਨ ਨਾਲ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਪ੍ਰਗਟ ਹੋ ਸਕਦਾ ਹੈ। ਸਤਿਗੁਰੂ ਜੀ ਬਾਣੀ ਵਿੱਚ ਫਰਮਾਉਂਦੇ ਹਨ "**ਸਾਂਤਿ ਸਹਜ ਸੁਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ**" ਭਾਵ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਵੀ ਨਾਮ ਦੇ ਪ੍ਰਕਾਸ਼ ਦੇ ਬਰਾਬਰ ਨਹੀਂ ਪੁੱਜ ਸਕਦਾ। ਸੂਰਜ ਦਾ ਪ੍ਰਕਾਸ਼ ਮਨੁੱਖ ਦੀ ਨਜ਼ਰ ਦੀ ਸੀਮਾ ਤੱਕ ਪ੍ਰਤੀਤ ਹੁੰਦਾ ਹੈ ਅਤੇ ਦਿਖਾਈ ਦੇ ਸਕਦਾ ਹੈ ਪਰ ਨਾਮ ਦਾ ਪ੍ਰਕਾਸ਼ ਖੰਡਾਂ ਬ੍ਰਹਿਮੰਡਾਂ ਤੱਕ ਹੋ ਰਹੀ ਪ੍ਰਕਿਆ ਨੂੰ ਵੇਖਣ ਦੀ ਸਮਰੱਥਾ ਦੇ ਸਕਦਾ ਹੈ। ਇਸ ਲਈ ਵਾਹਿਗੁਰੂ ਦੀ ਖੇਡ ਨਿਰਾਲੀ ਅਤੇ ਬੇਅੰਤ ਹੈ ਉਸ ਨੂੰ ਜਰਨ ਲਈ, ਬਰਦਾਸ਼ਤ ਕਰਨ ਲਈ ਅਤੇ ਸਾਂਭਣ ਲਈ ਅਕਾਲ ਪੁਰਖ ਅੱਗੇ ਹਮੇਸ਼ਾ ਅਰਦਾਸ ਕਰਨੀ ਚਾਹੀਦੀ ਹੈ।

ਸੰਤਾਂ ਦਾ ਅਨੰਦ ਕਾਰਜ

ਸੰਨ 1968 ਵਿਚ ਹਾੜ੍ਹੀ ਦੀ ਫਸਲ ਸਾਂਭ ਕੇ ਅੱਧ ਹਾੜ੍ਹ ਵਿਚ ਭਾਈ ਜਰਨੈਲ ਸਿੰਘ ਦੇ ਵਿਆਹ ਦੀ ਤਿਆਰੀ ਹੋਈ। ਮਿੱਥੀ ਹੋਈ ਤਰੀਕ 'ਤੇ ਰਿਸ਼ਤੇਦਾਰ ਸਾਕ ਸ਼ਬੰਧੀ ਪਹੁੰਚ ਚੁੱਕੇ ਸਨ, ਬਰਾਤ ਜਾਣ ਲਈ 30 ਕੁ ਸੀਟਾਂ ਵਾਲੀ ਇਕ ਬੱਸ ਕਿਰਾਏ 'ਤੇ ਕੀਤੀ ਗਈ ਅਤੇ ਟਰੈਕਟਰ ਟਰਾਲੀ ਵੀ ਤਿਆਰ ਕਰ ਲਿਆ ਗਿਆ। ਲਗਭਗ 50 ਕੁ ਬਰਾਤੀਆਂ ਦੀ ਤਿਆਰੀ ਹੋਈ, ਜਿਨ੍ਹਾਂ ਵਿਚ ਖਾਸ ਤੌਰ 'ਤੇ ਨਗਰ ਦੇ ਮਹਾਂਪੁਰਖ ਸੰਤ ਬਾਬਾ ਕਿਰਪਾਲ ਸਿੰਘ ਜੀ ਨੂੰ ਵੀ ਨਾਲ ਜਾਣ ਲਈ ਬੇਨਤੀ ਕੀਤੀ ਗਈ। ਭਾਈ ਜਰਨੈਲ ਸਿੰਘ ਜੀ ਦੇ ਭਰਾਵਾਂ ਭਤੀਜਿਆਂ ਤੋਂ ਇਲਾਵਾ ਮਾਮੇ, ਭੂਆ ਦੇ ਪੁੱਤਰ ਬਰਾਤ ਲਈ ਤਿਆਰ ਹੋਏ ਅਤੇ ਸਭ ਨੂੰ ਸਵੇਰੇ ਜਲਦੀ ਚੱਲਣ ਲਈ ਕਹਿ ਦਿੱਤਾ ਗਿਆ। ਸਵੇਰ ਹੁੰਦਿਆਂ ਹੀ ਸਭ ਆਪੋ ਆਪਣੇ ਢੰਗ ਨਾਲ ਬਰਾਤ ਜਾਣ ਲਈ ਤਿਆਰ ਹੋ ਗਏ ਤੇ ਰੋਜ਼ ਦੀ ਤਰ੍ਹਾਂ ਆਮ ਸਾਧਾਰਨ ਢੰਗ ਨਾਲ ਭਾਈ ਜਰਨੈਲ ਸਿੰਘ ਨੇ ਵੀ ਇਸ਼ਨਾਨ ਕਰਕੇ ਕੁੜਤਾ ਪਜਾਮਾ ਪਹਿਨਿਆ ਅਤੇ ਆਪਣੇ ਹੀ ਅੰਦਾਜ਼ ਵਿਚ ਸਿੱਧੀ ਸਾਧੀ ਦਸਤਾਰ ਸਜਾ ਲਈ। ਬਾਅਦ ਵਿਚ ਉਨ੍ਹਾਂ ਦੇ ਭਰਾਵਾਂ ਅਤੇ ਮਾਮੇ ਭੂਆ ਦੇ ਪੁੱਤਰਾਂ ਨੇ ਕਿਹਾ ਕਿ ਤੂੰ ਦਸਤਾਰ ਦੁਬਾਰਾ ਚੰਗੀ ਤਰ੍ਹਾਂ ਸਜਾਉਣੀ ਕਰ ਕਿਉਂਕਿ ਅੱਜ ਤੂੰ ਲਾੜੇ ਦੇ ਰੂਪ ਵਿਚ ਵਿਆਂਦੜ ਬਣ ਕੇ ਜਾਣਾ ਹੈ ਪਰ ਸਭ ਦੇ ਜ਼ੋਰ ਲਗਾਉਣ ਦੇ ਬਾਵਜੂਦ ਵੀ ਭਾਈ ਜਰਨੈਲ ਸਿੰਘ ਨੇ ਕਿਹਾ ਕਿ ਮੈਂ ਰੋਜ਼ ਇਸੇ ਤਰ੍ਹਾਂ ਹੀ ਦਸਤਾਰ ਬੰਨ੍ਹਦਾ ਹਾਂ ਤੇ ਅੱਜ ਵੀ ਇਸੇ ਤਰ੍ਹਾਂ ਠੀਕ ਹੈ, ਇਸਦੇ ਵਿਚ ਕਿਸੇ ਤਰਾਂ ਦੀ ਕੋਈ ਤਬਦੀਲੀ ਨਹੀਂ ਕਰਨੀ, ਫਿਰ ਸਭ ਬਰਾਤੀਆਂ ਨੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਅਰਦਾਸ ਕੀਤੀ ਅਤੇ ਬਰਾਤ ਰਵਾਨਾ ਹੋ ਗਈ।

ਦੂਜੇ ਪਾਸੇ ਪਿੰਡ ਬਿਲਾਸਪੁਰ ਜੋ ਕਿ ਮੋਗਾ-ਬਰਨਾਲਾ ਰੋਡ 'ਤੇ ਲਗਭਗ ਅੱਧ ਵਿਚ ਸਥਿੱਤ ਹੈ। ਇਥੇ

Scanned with CamScanner

ਜਥੇਦਾਰ ਸੁੱਚਾ ਸਿੰਘ ਦੇ ਘਰ ਪੁੱਤਰੀ ਦੇ ਵਿਆਹ ਦੀਆਂ ਤਿਆਰੀਆਂ ਹੋ ਚੁੱਕੀਆਂ ਸਨ। ਵਿਆਹ ਵਾਲੇ ਦਿਨ ਸਵੇਰ ਤੋਂ ਹੀ ਬਰਾਤ ਦੀ ਉਡੀਕ ਹੋ ਰਹੀ ਸੀ 10 ਕੁ ਵਜੇ ਬਰਾਤ ਪਿੰਡ ਬਿਲਾਸਪੁਰ ਪਹੁੰਚੀ। ਰਸਮ ਅਨੁਸਾਰ ਮਿਲਣੀ ਦੀ ਅਰਦਾਸ ਹੋਈ ਅਤੇ ਨਗਰ ਦੀ ਧਰਮਸ਼ਾਲਾ ਵਿਚ ਬਰਾਤ ਦਾ ਉਤਾਰਾ ਕਰ ਦਿੱਤਾ ਗਿਆ। ਕੁੱਝ ਹੀ ਸਮੇਂ ਬਾਅਦ ਬਰਾਤ ਲਈ ਚਾਹ-ਪਾਣੀ ਦਾ ਸੱਦਾ ਆਇਆ, ਸਭ ਬਰਾਤੀਆਂ ਨੇ ਜਲ ਪਾਣੀ ਚਾਹ ਪਾਣੀ ਛਕਿਆ ਅਤੇ ਨਾਲ ਹੀ ਆਨੰਦ ਕਾਰਜ ਲਈ ਘਰ ਦੇ ਵਿਹੜੇ ਵਿਚ ਹੀ ਪੰਡਾਲ ਦੀ ਤਿਆਰੀ ਸੀ, ਜਿਥੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਰਾਗੀ ਜੱਥੇ ਨੇ ਕੀਰਤਨ ਆਰੰਭ ਕੀਤਾ। ਸਭ ਬਰਾਤੀ ਮੱਥਾ ਟੇਕ ਕੇ ਪੰਡਾਲ ਦੇ ਇਕ ਪਾਸੇ ਬੈਠ ਗਏ ਅਤੇ ਦੂਜੇ ਪਾਸੇ ਜਥੇਦਾਰ ਬਾਬਾ ਸੁੱਚਾ ਸਿੰਘ ਦੇ ਰਿਸ਼ਤੇਦਾਰ ਅਤੇ ਬਿਲਾਸਪੁਰ ਨਗਰ ਦੀ ਪੰਚਾਇਤ ਬੈਠੇ ਸਨ। ਭਾਈ ਜਰਨੈਲ ਸਿੰਘ ਨੂੰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਬੈਠਣ ਲਈ ਕਿਹਾ ਗਿਆ, ਜਦ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਸਾਹਮਣੇ ਬੈਠ ਗਏ ਤਾਂ ਜਥੇਦਾਰ ਭਾਈ ਸੁੱਚਾ ਸਿੰਘ ਦੀ ਸਪੁੱਤਰੀ ਬੀਬੀ ਪ੍ਰੀਤਮ ਕੌਰ ਜਿਸਦਾ ਆਨੰਦ ਕਾਰਜ ਭਾਈ ਜਰਨੈਲ ਸਿੰਘ ਨਾਲ ਹੋਣਾ ਸੀ, ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਬੈਠ ਗਏ। ਰਾਗੀ ਸਿੰਘਾਂ ਨੇ ਸ਼ਬਦ ਕੀਰਤਨ ਦੀ ਸਮਾਪਤੀ ਕੀਤੀ ਅਤੇ ਗ੍ਰੰਥੀ ਸਿੰਘ ਵੱਲੋਂ ਆਨੰਦ ਕਾਰਜ ਆਰੰਭਤਾ ਦੀ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮਨਾਮਾ ਲਿਆ ਅਤੇ ਲਗਾਤਾਰ ਹੀ ਚਾਰੇ ਲਾਵਾਂ ਦਾ ਪਾਠ ਪੜ੍ਹ ਦਿੱਤਾ ਗਿਆ। ਇਸਤੇ ਭਾਈ ਜਰਨੈਲ ਸਿੰਘ ਨੇ ਪਿੱਛੇ ਬੈਠੇ ਸੰਤ ਬਾਬਾ ਕਿਰਪਾਲ ਸਿੰਘ ਜੀ ਅਤੇ ਸੰਤਾਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਵੱਲ ਵੇਖਿਆ ਅਤੇ ਫਿਰ ਇਹਨਾਂ ਨੇ ਗ੍ਰੰਥੀ ਸਿੰਘ ਨੂੰ ਬੇਨਤੀ ਕੀਤੀ ਕਿ ਅਨੰਦ ਕਾਰਜ ਇਸ ਤਰ੍ਹਾਂ ਨਹੀਂ ਹੋਵੇਗਾ ਬਲਕਿ ਪੂਰੀ ਗੁਰਮਤਿ ਮਰਿਯਾਦਾ ਅਨੁਸਾਰ ਅਨੰਦ ਕਾਰਜ ਦੀ ਰੀਤ ਅਪਣਾਈ ਜਾਵੇ। ਇਸ ਪਿੱਛੋਂ ਸੰਤ ਕਿਰਪਾਲ ਸਿੰਘ ਨੇ ਖੜ੍ਹੇ ਹੋ ਕੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਵਿਆਹ ਵਾਲਾ ਸਿੰਘ ਦਮਦਮੀ ਟਕਸਾਲ ਦਾ ਵਿਦਿਆਰਥੀ ਹੈ ਇਸਦਾ ਆਨੰਦ ਕਾਰਜ ਪੂਰੀ ਗੁਰਮਤਿ ਅਨੁਸਾਰ ਹੀ ਹੋ ਸਕਦਾ ਹੈ। ਇਹ ਗੱਲ ਸੁਣਦਿਆਂ ਹੀ ਨਗਰ ਨਿਵਾਸੀ ਪੰਚਾਇਤੀਆਂ ਅਤੇ ਮੇਲੀਆਂ ਵਿਚ ਸੰਨਾਟਾ ਜਿਹਾ ਛਾ ਗਿਆ ਕਿ ਸ਼ਾਇਦ ਇਹ ਵਿਆਹ ਅੱਧ ਵਿਚਾਲੇ ਹੀ ਟੁੱਟ ਜਾਵੇਗਾ ਸਭ ਸੋਚਣ ਲੱਗੇ ਕਿ ਅਜਿਹਾ ਕਿਹੜਾ ਕਾਰਨ ਹੋ ਸਕਦਾ ਹੈ ਕਿ ਆਨੰਦ ਕਾਰਜ ਦੀ ਸੰਪੂਰਨਤਾ ਤੋਂ ਪਹਿਲਾਂ ਹੀ ਲਾੜੇ ਸਮੇਤ ਬਰਾਤੀ ਹੋਰ ਢੰਗ ਨਾਲ ਆਨੰਦ ਕਾਰਜ ਕਰਨਾ ਚਾਹੁੰਦੇ ਹਨ। ਦੂਜੇ ਪਾਸੇ ਸੰਤ ਬਾਬਾ ਕਿਰਪਾਲ ਸਿੰਘ ਜੀ ਨੇ ਗ੍ਰੰਥੀ ਸਿੰਘ ਨੂੰ ਕਿਹਾ ਕਿ ਹਰ ਲਾਂਵ ਪੜ੍ਹੀ ਜਾਣ ਤੋਂ ਬਾਅਦ ਉਸੇ ਲਾਂਵ ਦਾ ਰਾਗੀ ਜੱਥੇ ਵੱਲੋਂ ਕੀਰਤਨ ਹੋਵੇਗਾ ਅਤੇ ਵਿਆਹ ਵਾਲੀ ਜੋੜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਿਕਰਮਾ ਕੀਤੀ ਜਾਵੇਗੀ। ਇਸੇ ਤਰ੍ਹਾਂ ਚਾਰ ਲਾਵਾਂ ਵਾਰੀ-ਵਾਰੀ ਪੜ੍ਹੀਆਂ ਜਾਣਗੀਆਂ, ਹਰ ਲਾਵ ਦਾ ਕੀਰਤਨ ਹੋਵੇਗਾ ਤੇ ਸੁਭਾਗੀ ਜੋੜੀ ਸ੍ਰੀ ਗੁਰੂ ਸਾਹਿਬ ਜੀ ਨੂੰ ਸੱਜੇ ਹੱਥ ਰੱਖ ਕੇ ਪ੍ਰਕਰਮਾ ਕਰੇਗੀ। ਇਸਤੇ ਗ੍ਰੰਥੀ ਸਿੰਘ ਨੇ ਕਿਹਾ ਕਿ ਲਾਵਾਂ ਦਾ ਪਾਠ ਤਾਂ ਹੋ ਚੁਕਾ ਹੈ ਕੀ ਹੁਣ ਦੁਬਾਰਾ ਫਿਰ ਲਾਂਵਾਂ ਦਾ ਪਾਠ ਕਰਨਾ ਚਾਹੀਦਾ ਹੈ? ਇਸ ਤਰ੍ਹਾਂ ਅਪਸ਼ਗਨ ਨਹੀਂ ਹੋ ਜਾਵੇਗਾ? ਇਸ ਗੱਲ ਤੇ ਬਾਬਾ ਜੋਗਿੰਦਰ ਸਿੰਘ ਨੇ ਗ੍ਰੰਥੀ ਸਿੰਘ ਨੂੰ ਸਮਝਾਇਆ ਕਿ ਭਾਈ ਨਾਲੇ ਤਾਂ ਗੁਰੂ ਸਾਹਿਬ ਦੀ ਬਾਣੀ ਦਾ ਪਾਠ (ਲਾਂਵਾਂ) ਸੰਗਤਾਂ ਦੁਬਾਰਾ ਸੁਣ ਲੈਣਗੀਆਂ ਅਤੇ ਨਾਲੇ ਗੁਰਮਤਿ ਮਰਿਯਾਦਾ ਦੀ ਵੀ ਪਾਲਣਾ ਹੋ ਜਾਵੇਗੀ। ਇਸ ਤਰ੍ਹਾਂ ਦੁਬਾਰਾ ਲਾਂਵਾਂ ਦਾ ਪਾਠ ਆਰੰਭ ਹੋਇਆ ਅਤੇ ਰਾਗੀ ਜੱਥੇ ਵੱਲੋਂ ਲਾਂਵ ਦਾ ਕੀਰਤਨ ਕਰਦਿਆਂ ਭਾਈ ਜਰਨੈਲ ਸਿੰਘ ਅਤੇ ਬੀਬੀ ਪ੍ਰੀਤਮ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਕੀਤੀ। ਇਸੇ ਤਰ੍ਹਾਂ ਚਾਰ ਵਾਰੋ ਵਾਰੀ ਲਾਂਵਾਂ ਦਾ ਪਾਠ ਹੋਇਆ ਅਤੇ ਚਾਰੇ ਵਾਰ ਸ਼ਬਦ ਕੀਰਤਨ ਸਮੇਂ ਪਰਿਕਰਮਾ ਕਰਦਿਆਂ ਆਨੰਦ ਕਾਰਜ ਦੀ ਸੰਪੂਰਨਤਾ ਹੋਈ ਉਪਰੰਤ ਅਰਦਾਸ ਕੀਤੀ ਗਈ। ਕੜਾਹ ਪ੍ਰਸ਼ਾਦ ਵਰਤਣ ਉਪਰੰਤ ਬਰਾਤੀ ਸੱਜਣ ਵਾਪਸ ਧਰਮਸ਼ਾਲਾ ਵਿਖੇ ਚਲੇ ਗਏ। ਦੁਪਹਿਰ ਦਾ ਭੋਜਨ ਛਕਣ ਸਮੇਂ ਕਈ ਤਰ੍ਹਾਂ ਦਾ ਹਾਸਾ ਮਜ਼ਾਕ ਵੀ ਹੋਇਆ, ਕਿ ਇਹ ਪਹਿਲਾ ਵਿਆਹ ਦੇਖਿਆ ਹੈ ਜਿਥੇ ਆਨੰਦ ਕਾਰਜ ਦੀ ਦੁਹਰ ਪਾਈ ਗਈ ਹੈ। ਕਈ ਬੀਬੀਆਂ ਨੂੰ ਇਹ ਕਹਿੰਦਿਆਂ ਵੀ ਸੁਣਿਆ ਕਿ ਅੱਜ ਪਤਾ ਲੱਗਾ ਹੈ ਕਿ ਅਕਾਲੀਆਂ ਦਾ ਵਿਆਹ ਐਨਾ ਪੱਕਾ ਹੁੰਦਾ ਹੈ। ਇਹ ਲਾਵਾਂ ਵੀ ਦੋ ਵਾਰੀ ਪੜ੍ਹਦੇ ਹਨ ਇਤਿਆਦਿਕ ਹਾਸੇ ਮਜ਼ਾਕ ਦੌਰਾਨ ਭੋਜਨ ਦੀ ਸਮਾਪਤੀ ਹੋਈ ਅਤੇ ਸ਼ਾਮ ਨੂੰ ਡੋਲੀ ਵਿਆਹ ਕੇ ਸਮੁੱਚੀ ਬਰਾਤ ਵਾਪਸ ਰੋਡੇ ਪਿੰਡ ਪਰਤ ਆਈ।

ਬਹੁਤ ਸਾਰੇ ਘਰ ਦੇ ਰਿਸ਼ਤੇਦਾਰ ਅਤੇ ਨਗਰ ਦੇ ਬੱਚੇ ਇਕੱਠੇ ਹੋ ਕੇ ਵਿਆਹ ਦੀਆਂ ਖੁਸ਼ੀਆਂ ਮਨਾ ਰਹੇ ਸਨ।

Scanned with CamScanner

ਇੱਧਰੋਂ ਉੱਧਰ ਦੌੜ ਰਹੇ ਸਨ। ਮੈਂ ਵੀ ਉਨ੍ਹਾਂ ਬੱਚਿਆਂ ਵਿਚ ਹੀ ਖੇਡ ਰਿਹਾ ਸੀ। ਇਸੇ ਦੌਰਾਨ ਭਾਈ ਜਰਨੈਲ ਸਿੰਘ ਨੇ ਮੇਰੀ ਬਾਂਹ ਫੜ੍ਹੀ ਅਤੇ ਮੈਨੂੰ ਬੱਚਿਆਂ ਤੋਂ ਪਾਸੇ ਲੈ ਗਏ, ਕਹਿਣ ਲੱਗੇ ਮੇਰੀ ਗੱਲ ਧਿਆਨ ਨਾਲ ਸੁਣ ਅਤੇ ਨਾਲ ਹੀ ਉਨ੍ਹਾਂ ਆਪਣੀ ਗੱਲ ਕਹਿਣੀ ਸ਼ੁਰੂ ਕਰ ਦਿੱਤੀ, ਕਹਿੰਦੇ, ਤੈਨੂੰ ਪਤਾ ਹੈ ਕਿ ਮੈਂ ਅੱਜ ਬਹੁਤ ਖੁਸ਼ੀ ਮਹਿਸੂਸ ਕਰ ਰਿਹਾ ਹਾਂ, ਇਹ ਗੱਲ ਸੁਣ ਕੇ ਮੈਂ ਹੱਸ ਪਿਆ ਅਤੇ ਕਿਹਾ ਕਿ ਚਾਚਾ ਵਿਆਹ ਵਾਲੇ ਦਿਨ ਹਰ ਕੋਈ ਖੁਸ਼ ਹੀ ਹੁੰਦਾ ਹੈ ਤੇ ਤੇਰਾ ਵੀ ਅੱਜ ਵਿਆਹ ਹੋਇਆ ਹੈ ਇਸ ਲਈ ਤੂੰ ਵੀ ਅੱਜ ਖੁਸ਼ ਹੈ। ਇਹ ਕੋਈ ਦੁਨੀਆਂ ਨਾਲੋਂ ਵੱਖਰੀ ਗੱਲ ਨਹੀਂ। ਕਹਿਣ ਲੱਗੇ, ਇਹ ਗੱਲ ਨਹੀਂ ਤੂੰ ਨਾ ਮੇਰੀ ਗੱਲ ਸੁਣੀ ਹੈ ਅਤੇ ਨਾ ਹੀ ਸਮਝੀ ਹੈ। ਇਹ ਗੱਲ ਸੁਣ ਕੇ ਮੈਂ ਵੀ ਚੁੱਪ ਹੋ ਗਿਆ ਫਿਰ ਕਹਿਣ ਲੱਗੇ ਅੱਜ ਮੇਰਾ ਵਿਆਹ ਹੋਣ ਕਰਕੇ ਮੈਨੂੰ ਫਿਕਰ ਸੀ ਕਿ ਜੇ ਮੈਂ ਨਿੱਤਨੇਮ ਦੇ ਨਾਲ 101 ਪਾਠ ਸ੍ਰੀ ਜਪੁਜੀ ਸਾਹਿਬ ਜੀ ਦਾ ਰੋਜ਼ਾਨਾ ਕਰਦਾ ਹਾਂ ਸ਼ਾਇਦ ਉਹ ਨਹੀਂ ਹੋ ਸਕੇਗਾ ਕਿਉਂਕਿ ਸਭ ਰਿਸ਼ਤੇਦਾਰ ਆਏ ਹੋਏ ਹੋਣ ਕਾਰਨ ਸਭ ਕੋਲ ਮੈਨੂੰ ਬੈਠਣਾ ਪਵੇਗਾ ਅਤੇ ਇਸ ਢੰਗ ਨਾਲ ਬਹੁਤ ਸਾਰਾ ਸਮਾਂ ਇਸ ਪਾਸੇ ਹੀ ਲੱਗ ਜਾਵੇਗਾ ਪਰ ਸਤਿਗੁਰੂ ਕਲਗੀਧਰ ਪਾਤਸ਼ਾਹ ਦੀ ਬਹੁਤ ਕ੍ਰਿਪਾ ਹੋਈ ਕਿ ਸਵੇਰੇ ਬਰਾਤ ਚੜ੍ਹਨ ਸਮੇਂ ਤੋਂ ਲੈਕੇ ਹੀ ਮੈਂ ਇਸ ਕੋਸ਼ਿਸ਼ ਵਿਚ ਰਿਹਾ ਕਿ ਜਿੰਨੇ ਵੀ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਹੋ ਸਕਣ ਕਰੀਂ ਜਾਵਾਂ ਅਤੇ ਮੈਨੂੰ ਹੁਣ ਇਸ ਗੱਲ ਦੀ ਹੀ ਵਿਆਹ ਨਾਲੋਂ ਵੀ ਵੱਧ ਪ੍ਰਸੰਨਤਾ ਹੈ ਕਿ ਮੈਂ ਸਮੇਂ ਸਿਰ ਹੀ 101 ਪਾਠ ਸ੍ਰੀ ਜਪੁਜੀ ਸਾਹਿਬ ਜੀ ਦੇ ਕਰ ਲਏ ਹਨ। ਅੱਜ ਤੱਕ ਵੀ ਮੈਨੂੰ ਜਦੋਂ ਇਹ ਘਟਨਾ ਯਾਦ ਆਉਂਦੀ ਹੈ ਤਾਂ ਉਨ੍ਹਾਂ ਦੀ ਨਿਤਨੇਮ ਪ੍ਰਤੀ ਦ੍ਰਿੜ੍ਹਤਾ ਨੂੰ ਦੇਖ ਕੇ ਸਿਰ ਝੁਕ ਜਾਂਦਾ ਹੈ ਅਤੇ ਇਹ ਵੀ ਮਹਿਸੂਸ ਹੁੰਦਾ ਹੈ ਕਿ ਸਮੁੱਚੀ ਸਿੱਖ ਕੌਮ ਵਿਚ ਗਿਣਤੀ ਦੇ ਹੀ ਅਜਿਹੇ ਗੁਰੂ ਨੂੰ ਪਿਆਰੇ ਸਿੱਖ ਹੋਣਗੇ ਜਿਨ੍ਹਾਂ ਨੂੰ ਆਪਣੇ ਵਿਆਹ ਵਾਲੇ ਦਿਨ ਵੀ ਨਿਯਮ ਨਾਲ ਨਿੱਤਨੇਮ ਕਰਨ ਵਿਚ ਪੂਰੀ ਆਸਥਾ ਹੈ ਅਤੇ ਨਿੱਤਨੇਮ ਦੀ ਸੰਪੂਰਨਤਾ ਦੀ ਵਿਆਹ ਨਾਲੋਂ ਵੀ ਵੱਧ ਪ੍ਰਸੰਨਤਾ ਹੋਵੇਗੀ। ਅਸਲ ਵਿੱਚ ਸਤਿਗੁਰੂ ਦੀ ਬਾਣੀ ਦਾ ਪਾਠ ਕਰਦਿਆਂ ਅਤੇ ਵਾਹਿਗੁਰੂ ਦਾ ਸਿਮਰਨ ਕਰਦਿਆਂ ਉਨ੍ਹਾਂ ਦਾ ਜੀਵਨ ਇਸ ਤਰ੍ਹਾਂ ਬਣ ਚੁੱਕਿਆ ਸੀ

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ।। (੭੫੬)

ਵਿਆਹ ਦੇ ਸਬੰਧ ਨਾਲ ਜੁੜੀ ਹੋਈ ਇਕ ਹੋਰ ਅਹਿਮ ਘਟਨਾ ਹੈ ਜੋ ਕਿ ਇੱਕ ਮਿਸਾਲ ਹੈ ਤੇ ਇਸ ਦੀ ਉਦਾਹਰਣ ਸ਼ਾਇਦ ਹੀ ਕਿਧਰੇ ਹੋਰ ਮਿਲ ਸਕੇਗੀ। ਉਹ ਇਸ ਤਰ੍ਹਾਂ ਕਿ ਵਿਆਹ ਸਮੇਂ ਭਾਈ ਜਰਨੈਲ ਸਿੰਘ ਜੀ ਦੀ ਧਰਮ ਸੁਪਤਨੀ ਬੀਬੀ ਪ੍ਰੀਤਮ ਕੌਰ ਨੇ ਅੰਮ੍ਰਿਤਪਾਨ ਨਹੀਂ ਕੀਤਾ ਹੋਇਆ ਸੀ ਕਿਉਂਕਿ ਉਸ ਸਮੇਂ ਰਿਸ਼ਤੇ ਦੀ ਜਾਣਕਾਰੀ ਵਿਚੋਲਿਆਂ ਦੇ ਰਾਹੀਂ ਹੀ ਹੁੰਦੀ ਸੀ, ਸਿੱਧੇ ਤੌਰ 'ਤੇ ਪਰਿਵਾਰਾਂ ਦਾ ਆਪਸੀ ਮੇਲ ਮਿਲਾਪ ਬਹੁਤ ਘੱਟ ਹੁੰਦਾ ਸੀ। ਇਸ ਕਾਰਨ ਇਸ ਗੱਲ ਲਈ ਅਦਾਨ ਪ੍ਰਦਾਨ ਦੀ ਘਾਟ ਰਹਿ ਗਈ ਸੀ ਪਰ ਭਾਈ ਜਰਨੈਲ ਸਿੰਘ ਅਭਿਆਸੀ ਪੰਜਾਂ ਪਿਆਰਿਆਂ ਵੱਲੋਂ ਮਿਲੀ ਸਿੱਖਿਆ ਤੋਂ ਰਤਾ ਭਰ ਵੀ ਢਿੱਲ ਦੇਣ ਨੂੰ ਤਿਆਰ ਨਹੀਂ ਸਨ, ਇਸ ਲਈ ਉਨ੍ਹਾਂ ਘਰ ਦੇ ਸਿਆਣੇ ਮੈਂਬਰਾਂ ਨੂੰ ਇਸ ਬਾਰੇ ਦੱਸ ਦਿੱਤਾ ਕਿ ਜਦ ਤੱਕ ਪ੍ਰੀਤਮ ਕੌਰ ਅੰਮ੍ਰਿਤ ਛਕ ਕੇ ਪੰਜਾਂ ਕਕਾਰਾਂ ਦੀ ਰਹਿਤ ਵਿਚ ਤਿਆਰ ਬਰ ਤਿਆਰ ਨਹੀਂ ਹੋ ਜਾਂਦੀ ਤਦ ਤੱਕ ਸਾਡੇ ਵਿਚ ਗ੍ਰਹਿਸਥੀ ਜੀਵਨ ਦੀ (ਸਰੀਰਕ ਸਬੰਧਾਂ ਦੀ) ਦੂਰੀ ਬਣੀ ਰਹੇਗੀ। ਇਸ ਗੱਲ ਦਾ ਜਦੋਂ ਬੀਬੀ ਪ੍ਰੀਤਮ ਕੌਰ ਨੂੰ ਪਤਾ ਲੱਗਾ ਤਾਂ ਉਸ ਨੇ ਕਿਹਾ ਜੇਕਰ ਪਹਿਲਾਂ ਹੀ ਇਨ੍ਹਾਂ ਧਾਰਮਿਕ ਅਸੂਲਾਂ ਬਾਰੇ ਦੱਸ ਦਿੱਤਾ ਜਾਂਦਾ ਤਾਂ ਮੈਂ ਅਨੰਦ ਕਾਰਜ ਤੋਂ ਪਹਿਲਾਂ ਹੀ ਅੰਮ੍ਰਿਤ ਛਕ ਲੈਣਾ ਸੀ। ਇਸ ਉਪਰੰਤ ਬੀਬੀ ਪ੍ਰੀਤਮ ਕੌਰ ਨੇ ਵਿਆਹ ਤੋਂ ਚਾਰ ਦਿਨ ਪਿੱਛੋਂ ਪੰਜਾਂ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਅਤੇ ਤਿਆਰ-ਬਰ-ਤਿਆਰ ਪੰਜ ਕਕਾਰਾਂ ਦੀ ਧਾਰਨੀ ਬਣ ਗਈ। ਇਸ ਉਪਰੰਤ ਹੀ ਉਨ੍ਹਾਂ ਦਾ ਗ੍ਰਹਿਸਥ ਜੀਵਨ ਆਰੰਭ ਹੋ ਸਕਿਆ ਸੀ। ਇਹ ਘਟਨਾ ਨੂੰ ਵੀ ਇਸ ਲਈ ਲਿਖਿਆ ਗਿਆ ਹੈ ਕਿ ਅਸੀਂ ਸਮਝ ਸਕੀਏ ਕਿ ਭਾਈ ਜਰਨੈਲ ਸਿੰਘ ਨੇ ਕਾਮ, ਕ੍ਰੋਧ ਆਦਿ ਵਿਕਾਰਾਂ ਉਪਰ ਵੀ ਪੂਰੀ ਤਰ੍ਹਾਂ ਫ਼ਤਿਹ ਪਾਈ ਹੋਈ ਸੀ ਅਤੇ ਖ਼ਾਲਸਾਈ ਨਿਯਮਾਂ ਦੇ ਪੂਰੇ ਪੱਕੇ ਸਨ।

ਅੱਜ ਜੇਕਰ ਸਮੁੱਚੇ ਸਿੱਖ ਜਗਤ ਅੰਦਰ ਨਜ਼ਰ ਮਾਰ ਕੇ ਵੇਖਿਆ ਜਾਵੇ ਤਾਂ ਕਿੰਨੇ ਕੁ ਅਜਿਹੇ ਗੁਰਸਿੱਖ ਹਨ ਜੋ ਪੰਜਾਂ ਪਿਆਰਿਆਂ ਦੇ ਦੱਸੇ ਅਸੂਲਾਂ ਮੁਤਾਬਿਕ ਇਸ ਢੰਗ ਨਾਲ ਪੂਰਾ ਨਿਭ ਸਕਦੇ ਹਨ ਜਿਵੇਂ ਉਪਰ ਦੱਸੇ ਮੁਤਾਬਿਕ ਸੰਤ ਬਾਬਾ ਜਰਨੈਲ ਸਿੰਘ ਜੀ ਅਭਿਆਸੀ ਨਿਭੇ ਹਨ। ਇਹ ਵੀ ਉਨ੍ਹਾਂ ਦੇ ਜੀਵਨ ਦੇ ਸਿਦਕ ਦੀ ਅਨਮੋਲ ਮਿਸਾਲ ਅਤੇ ਸਿੱਖ ਨੌਜਵਾਨਾਂ ਪ੍ਰਤੀ ਮਹਾਨ ਸਿੱਖਿਆ ਹੈ।

Scanned with CamScanner

ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦਾ ਅਕਾਲ ਚਲਾਣਾ

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥ (੮੪੬)

ਸੰਨ 1969 ਵਿਚ ਸ੍ਰੀਮਾਨ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਮੁਖੀ ਦਮਦਮੀ ਟਕਸਾਲ, ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਮਹਿਤਾ ਵਿਖੇ ਕਥਾ ਕੀਰਤਨ ਅਤੇ ਧਰਮ ਪ੍ਰਚਾਰ ਲਈ ਠਹਿਰੇ ਹੋਏ ਸਨ ਤੇ ਅਚਾਨਕ ਇਸੇ ਨਗਰ ਵਿਚ ਹੀ ਅਕਾਲ ਚਲਾਣਾ ਕਰ ਗਏ, ਉਨ੍ਹਾਂ ਦੇ ਅਕਾਲ ਚਲਾਣੇ ਦੀ ਹਿਰਦੇ ਵੇਧਕ ਖ਼ਬਰ ਪੂਰੀ ਦੁਨੀਆਂ ਵਿਚ ਫੈਲ ਗਈ। ਉਨ੍ਹਾਂ ਦਾ ਪੰਜ ਭੂਤਕ ਸਰੀਰ ਪਿੰਡ ਮਹਿਤੇ ਤੋਂ ਭਿੰਡਰ ਕਲਾਂ ਲਿਆਂਦਾ ਗਿਆ ਅਤੇ ਇਥੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਜਾ ਕੇ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਗਿਆ, ਜਿਥੇ ਦਮਦਮੀ ਟਕਸਾਲ ਦੇ ਜੱਥੇ ਤੋਂ ਬਿਨਾਂ ਤਖ਼ਤ ਸਾਹਿਬਾਨਾਂ ਦੇ ਸਾਰੇ ਸਿੰਘ ਸਾਹਿਬਾਨਾਂ ਅਤੇ ਪੰਥ ਦੀਆਂ ਨਾਮਵਰ ਸਖਸ਼ੀਅਤਾਂ ਵੀ ਪਹੁੰਚੀਆਂ ਹੋਈਆਂ ਸਨ (ਇਸਦਾ ਵੇਰਵੇ ਸਹਿਤ ਵਰਨਣ 'ਖ਼ਾਲਸਾ ਜੀਵਨ' ਪੁਸਤਕ ਵਿਚ ਦਰਜ ਹੈ)। ਇਸ ਉਪਰੰਤ ਉਨ੍ਹਾਂ ਦੇ ਦੁਸਹਿਰੇ ਦੇ ਭੋਗ ਪਾਏ ਗਏ ਅਤੇ ਨਾਲ ਹੀ ਦਮਦਮੀ ਟਕਸਾਲ ਦੇ 13ਵੇਂ ਜਥੇਦਾਰ ਵਜੋਂ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਦਸਤਾਰਬੰਦੀ ਕੀਤੀ ਗਈ, ਭਾਂਵੇ ਕਿ ਮੌਕੇ ਦੀ ਅਕਾਲੀ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੇ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਲਏ ਫੈਸਲੇ ਦੀ ਮਹੱਤਤਾ ਨੂੰ ਨਾ ਸਮਝਦਿਆਂ ਹੋਇਆਂ ਦੁਸਹਿਰੇ ਦੇ ਭੋਗ ਸਮੇਂ ਬੇਲੋੜਾ ਵਿਵਾਦ ਖੜ੍ਹਾ ਕਰਕੇ ਸ੍ਰੀਮਾਨ ਗਿਆਨੀ ਮੋਹਣ ਸਿੰਘ ਜੀ ਨੂੰ ਦਸਤਾਰਬੰਦੀ ਕੀਤੀ। ਇਹ ਸਭ ਕੁਝ ਭਿੰਡਰਾਂ ਨਗਰ ਦੇ ਹੀ ਰਾਜਨੀਤਿਕ ਆਗੂ ਮੋਹਣ ਸਿੰਘ ਬਾਸੀ ਦੇ ਕਹਿਣ 'ਤੇ ਕੀਤਾ ਗਿਆ ਸੀ। ਭਾਵੇਂ ਸ੍ਰੀਮਾਨ ਗਿਆਨੀ ਮੋਹਣ ਸਿੰਘ ਜੀ ਵੀ ਬਹੁਤ ਭਜਨ ਬੰਦਗੀ ਅਤੇ ਵਿੱਦਿਆ ਭਰਪੂਰ ਸਖਸ਼ੀਅਤ ਹਨ ਪਰ ਇਹ ਜਗ ਜਾਹਰ ਸੀ ਕਿ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਅਗਲੇ ਮੁਖੀ ਵਜੋਂ ਜੋ ਚੋਣ ਕੀਤੀ ਸੀ ਉਹ ਕੇਵਲ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਵਾਲਿਆਂ ਦੀ ਹੀ ਸੀ ਜਿਸ ਨੂੰ ਗਿਆਨੀ ਮੋਹਣ ਸਿੰਘ ਜੀ ਵੀ ਭਲੀਭਾਂਤੀ ਜਾਣਦੇ ਸਨ। ਇਸ ਲਈ ਉਨ੍ਹਾਂ ਨੇ ਦਸਤਾਰਬੰਦੀ ਸਮੇਂ ਹੀ ਸਟੇਜ ਤੋਂ ਇਹ ਬਚਨ ਕਹਿ ਦਿੱਤੇ ਸਨ ਕਿ ਵੱਡੇ ਮਹਾਪੁਰਖਾਂ ਨੇ ਜੱਥੇ ਦੀ ਸੇਵਾ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜੀ ਨੂੰ ਬਖਸ਼ੀ ਹੈ। ਮੈਨੂੰ ਨਗਰ ਨਿਵਾਸੀ ਅਤੇ ਹੋਰ ਪੰਥਕ ਸਖਸ਼ੀਅਤਾਂ ਜੋ ਸੇਵਾ ਲਾ ਰਹੀਆਂ ਹਨ ਉਸ ਨੂੰ ਨਿਸ਼ਕਾਮਤਾ ਅਤੇ ਸੇਵਾ ਭਾਵਨਾ ਨਾਲ ਨਿਭਾਉਂਦਾ ਰਹਾਂਗਾ। ਉਹ ਅੱਜ ਵੀ ਬਹੁਤ ਨਾਮ ਸਿਮਰਨ ਵਿੱਚ ਜੁੜੇ ਹੋਏ ਹਨ ਅਤੇ ਵੱਡੇ ਸੰਤਾਂ ਦੇ ਸੱਚਖੰਡ ਜਾਣ ਤੋਂ ਬਾਅਦ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰਾਂ ਵਿਖੇ ਰਹਿ ਕੇ ਹੀ ਸੇਵਾ ਸਿਮਰਨ ਕਰਦੇ ਹਨ।

ਓਧਰ ਸਿੱਖ ਪੰਥ ਦੀਆਂ ਸੰਪ੍ਰਦਾਵਾਂ ਅਤੇ ਸੰਤ ਮਹਾਂਪੁਰਖ ਜਿਨ੍ਹਾਂ ਵਿੱਚ ਸੰਤ ਬਾਬਾ ਮੋਹਣ ਸਿੰਘ ਜੀ ਦਲ ਪੰਥ ਬਿਧੀਚੰਦ, ਬਾਬਾ ਖੜਕ ਸਿੰਘ ਜੀ ਕਾਰਸੇਵਾ ਵਾਲੇ, ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲੇ, ਸੰਤ ਬਾਬਾ ਬਿਸ਼ਨ ਸਿੰਘ ਜੀ ਬਾਬੇ ਬਕਾਲੇ ਵਾਲੇ, ਬਾਬਾ ਊਤਮ ਸਿੰਘ ਜੀ ਖਡੂਰ ਸਾਹਿਬ ਵਾਲੇ, ਸੰਤ ਕ੍ਰਿਪਾਲ ਸਿੰਘ ਰੋਡਿਆਂ ਵਾਲੇ ਅਤੇ ਹੋਰ ਵੀ ਸੰਤ ਮਹਾਂਪੁਰਖ ਜਿਨ੍ਹਾਂ ਨੇ ਮਿਲ ਕੇ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰਾਂ ਕਲਾਂ ਵਿਖੇ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਨੂੰ ਦਮਦਮੀ ਟਕਸਾਲ ਦੇ 13ਵੇਂ ਮੁਖੀ ਵਜੋਂ ਦਸਤਾਰਬੰਦੀ ਕਰਕੇ ਦਸਤਾਰਾਂ ਸਜਾਈਆਂ ਅਤੇ ਅਰਦਾਸਾ ਸੋਧ ਕੇ ਬਕਾਇਦਾ ਤੌਰ 'ਤੇ ਜੈਕਾਰਿਆਂ ਦੀ ਗੂੰਜ ਵਿੱਚ ਰਸਮ ਪੂਰੀ ਕੀਤੀ ਗਈ।

ਯਾਦ ਰਹੇ ਕਿ ਸੱਚਖੰਡ ਵਾਸੀ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਵੱਲੋਂ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਅਗਲਾ ਮੁਖੀ ਥਾਪਣ ਬਾਰੇ ਸਭ ਕੁਝ ਰਿਕਾਰਡ ਕਰ ਦਿੱਤਾ ਗਿਆ ਸੀ, ਜਿਸਦੀਆਂ ਟੇਪਾਂ ਜਥੇ ਦੇ ਸਿੰਘਾਂ ਕੋਲ ਹਨ ਅਤੇ ਦਮਦਮੀ ਟਕਸਾਲ ਦੀਆਂ ਸਹਿਯੋਗੀ ਸਿੱਖ ਸੰਗਤਾਂ ਨੂੰ ਵੀ ਇਸ ਬਾਰੇ ਭਲੀਭਾਂਤ ਪਤਾ ਸੀ, ਪਰ ਹਾਲਾਤ ਨੂੰ ਮੁੱਖ ਰੱਖਦਿਆਂ ਕਿ ਟਕਸਾਲ ਦੇ ਸਿੰਘਾਂ 'ਚ ਕਿਸੇ ਵੀ ਤਰ੍ਹਾਂ ਦਾ ਟਕਰਾਅ ਪੈਦਾ ਨਾ ਹੋਵੇ ਇਸ ਲਈ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਜੀ ਨੇ ਦੁਸਹਿਰੇ ਵਾਲੇ ਦਿਨ ਹੀ ਭੋਗ ਦੀ ਅਤੇ ਦਸਤਾਰਬੰਦੀ ਦੀ ਰਸਮ ਤੋਂ ਬਾਅਦ ਫੈਸਲਾ ਲਿਆ ਕਿ ਅੱਜ ਹੀ ਉਹ ਭਿੰਡਰ ਨਗਰ ਛੱਡ ਕੇ ਮਹਿਤੇ ਚਲੇ ਜਾਣਗੇ ਜਿਥੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਆਪਣਾ ਪੰਜ ਭੂਤਕ ਸਰੀਰ ਤਿਆਗਿਆ ਸੀ। ਉਨ੍ਹਾਂ ਇਹ ਵੀ ਕਿਹਾ ਕਿ ਜੋ ਸਿੱਖ ਇਥੇ ਗਿਆਨੀ ਮੋਹਣ ਸਿੰਘ ਪਾਸ ਰਹਿ ਕੇ ਵਿੱਦਿਆ ਪ੍ਰਾਪਤ ਕਰਨੀ ਚਾਹੁੰਦੇ ਹਨ ਉਹ ਆਪਣੀ ਖ਼ੁਸ਼ੀ ਨਾਲ

Scanned with CamScanner

ਸੰਤ ਗਿਆਨੀ ਗੁਰਬਚਨ ਸਿੰਘ ਜੀ ਆਲਮ ਦੇ ਅੰਤਿਮ ਸਸਕਾਰ ਦੇ ਦਰਸ਼ਨ। ਤਸਵੀਰ ਵਿੱਚ ਖੱਬੇ ਪਾਸਿਓਂ ਗਿਆਨੀ ਸੁਰਜੀਤ ਸਿੰਘ ਜੀ ਸੇਠੀ, ਸੰਤ ਗਿਆਨੀ ਕਰਨੈਲ ਸਿੰਘ ਜੀ ਆਲਮ, ਸਰਦਾਰ ਸ੍ਰੀ ਰਜਿੰਦਰ ਸਾਹਿਬ ਦੇ ਨੌਜਵਾਨ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ, ਸੰਤ ਬਾਬਾ ਅਜੈਬ ਸਿੰਘ ਜੀ ਭੋਮਾਵਾਲੇ ਵਾਲੇ, ਮੁੱਖ ਗ੍ਰੰਥੀ ਗਿਆਨੀ ਸੁੰਦਰ ਸਿੰਘ ਜੀ ਆਲਮ ਗਿੰਡਕਾਂਵਾਲਿਆਂ ਦੇ ਭਰਾ ਸੰਤ ਬਾਬਾ ਇੰਦਰ ਸਿੰਘ ਜੀ, ਸੰਤ ਬਾਬਾ ਹਰਨਾਮ ਸਿੰਘ ਜੀ ਧਾਰਸਾਧ ਜੋਗੇਵਾਲ ਵਾਲੇ ਅਤੇ ਗਿਆਨੀ ਪ੍ਰੀਤਮ ਸਿੰਘ ਜੀ ਖਿਦਾਨੀ।

Scanned with CamScanner

ਰਹਿ ਸਕਦੇ ਹਨ ਜੋ ਮੇਰੇ ਨਾਲ ਜਾਣਾ ਚਾਹੁੰਦੇ ਹਨ ਉਹ ਫੁਰੰਤ ਆਪਣਾ ਸਮਾਨ ਟਰੱਕ ਵਿੱਚ ਰੱਖ ਲੈਣ ਅਤੇ ਫੁਰੰਤ ਤਿਆਰੀ ਕਰ ਲੈਣ। ਇਸ ਸਮੇਂ ਟਕਸਾਲ ਵਿੱਚ ਵਿੱਦਿਆ ਪੜ੍ਹਾਉਣ ਵਾਲੇ ਚਾਰ-ਪੰਜ ਉਸਤਾਦ ਜੋ ਸੰਥਿਆ ਪੜ੍ਹਾਉਂਦੇ ਸਨ ਉਨ੍ਹਾਂ ਵਿੱਚ ਹੀ ਭਾਈ ਕਰਤਾਰ ਸਿੰਘ ਜੀ ਪ੍ਰੇਮੀ ਵੀ ਭਿੰਡਰਾਂ ਵਿਖੇ ਹੀ ਗਿਆਨੀ ਮੋਹਣ ਸਿੰਘ ਜੀ ਪਾਸ ਹੀ ਰੁਕ ਗਏ। ਇਸ ਸਮੇਂ ਬਾਬਾ ਠਾਕੁਰ ਸਿੰਘ, ਭਗਤ ਜਸਵੰਤ ਸਿੰਘ, ਰਾਗੀ ਸੋਹਣ ਸਿੰਘ, ਰਾਗੀ ਰਾਮ ਸਿੰਘ, ਗਿਆਨੀ ਸੁਰਜੀਤ ਸਿੰਘ ਸੋਧੀ, ਭਾਈ ਹਰੀ ਸਿੰਘ ਢਿੱਲੋਂ, ਬਾਬਾ ਮੱਸਾ ਸਿੰਘ, ਬਾਬਾ ਬੂੜਾ ਸਿੰਘ, ਬਾਬਾ ਬਾਰਾ ਸਿੰਘ, ਭਾਈ ਜਰਨੈਲ ਸਿੰਘ ਅਭਿਆਸੀ ਸਮੇਤ 60 ਸਿੰਘ ਭਿੰਡਰਾਂ ਤੋਂ ਰਵਾਨਾ ਹੋ ਕੇ ਮਹਿਤੇ ਪਹੁੰਚ ਗਏ। ਜਿਥੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਬਹੁਤ ਸਖ਼ਤ ਮਿਹਨਤ ਨਾਲ ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਦੀ ਯਾਦ ਵਿਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਉਸਾਰੀ ਕਰਵਾਈ, ਗੁਰਮਤਿ ਕੀਰਤਨ ਵਿਦਿਆਲਾ, ਲੰਗਰ ਅਤੇ ਰਿਹਾਇਸ਼ ਲਈ ਕਈ ਕਮਰੇ ਬਣਵਾਏ, ਜੋ ਕਿ ਅੱਜ ਦਮਦਮੀ ਟਕਸਾਲ ਦਾ ਕੇਂਦਰੀ ਸਥਾਨ ਹੈ।

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਉਸਾਰੀ ਦੇ ਵਿਸ਼ੇਸ਼ ਕਾਰਜ

ਪਿੰਡ ਮਹਿਤੇ ਵਿਖੇ ਜਿਸ ਅਸਥਾਨ 'ਤੇ ਦਮਦਮੀ ਟਕਸਾਲ ਦੇ 12ਵੇਂ ਮੁਖੀ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਆਪਣਾ ਸਰੀਰ ਤਿਆਗਿਆ ਸੀ ਉਸ ਅਸਥਾਨ ਦੇ ਨੇੜੇ ਬਹੁਤ ਵੱਡਾ ਛੱਪੜ ਸੀ। ਇੱਥੇ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਦੀ ਸਲਾਹ ਨਾਲ ਸੰਤਾਂ ਦੀ ਯਾਦ ਵਿੱਚ ਗੁਰਦੁਆਰਾ ਉਸਾਰਿਆ ਜਾਣਾ ਸੀ ਤਾਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਇਸ ਛੱਪੜ ਨੂੰ ਭਰਨ ਲਈ ਤਿਆਗੀ ਕੀਤੀ। ਜਿਸ ਲਈ ਜਥੇ ਦੇ ਵੱਖ-ਵੱਖ ਇਲਾਕਿਆਂ ਨਾਲ ਸਬੰਧਤ ਜ਼ਿੰਮੇਵਾਰ ਸਿੰਘਾਂ ਦੀ ਡਿਊਟੀ ਲਾਈ ਕਿ ਉਹ ਟਰੈਕਟਰ ਟਰਾਲੀਆਂ ਅਤੇ ਸੰਗਤਾਂ ਲੈ ਕੇ ਆਉਣ। ਪੂਰੇ ਪੰਜਾਬ ਭਰ ਵਿੱਚੋਂ ਸੈਂਕੜੇ ਟਰਾਲੀਆਂ ਅਤੇ ਹਜ਼ਾਰਾਂ ਸੇਵਾਦਾਰ ਸਿੰਘ ਮਹਿਤੇ ਪਹੁੰਚ ਗਏ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਵੱਖ-ਵੱਖ ਸਿੰਘਾਂ ਦੀਆਂ ਡਿਊਟੀਆਂ ਲਾਈਆਂ ਕਿਸੇ ਦੀ ਮਿੱਟੀ ਲਾਹੁਣ ਵਾਲੀ ਥਾਂ ਤੇ, ਬਾਬਾ ਬਾਰਾ ਸਿੰਘ ਦੀ ਡਿਊਟੀ ਲਗਾਈ ਕਿ ਉਹ ਟਰੈਕਟਰਾਂ ਦੇ ਤੇਲ ਅਤੇ ਦੇਖ-ਰੇਖ ਦਾ ਧਿਆਨ ਰੱਖਣ, ਫੌਜੀ ਭਾਈ ਰਣਬੀਰ ਸਿੰਘ ਦੀ ਸਭ ਸੰਗਤਾਂ ਦੇ ਲੰਗਰ ਪਾਣੀ ਦੇ ਇੰਤਜ਼ਾਮ ਦੀ ਡਿਊਟੀ ਲਗਾਈ, ਭਾਈ ਜਰਨੈਲ ਸਿੰਘ ਅਭਿਆਸੀ ਦੀ ਮਿੱਟੀ ਲੱਦਣ ਵਾਲੀ ਥਾਂ 'ਤੇ ਸੇਵਾ ਲੱਗੀ। ਸੰਤ ਆਪ ਸਮੇਂ-ਸਮੇਂ ਸਭ ਪਾਸੇ ਜਾ ਕੇ ਸੰਗਤਾਂ ਨੂੰ ਹੱਲਾਸ਼ੇਰੀ ਵੀ ਦਿੰਦੇ ਅਤੇ ਨਿਗਰਾਨੀ ਵੀ ਰੱਖਦੇ। ਸੰਗਤਾਂ ਦਾ ਜੋਸ਼ ਵੇਖਣ ਹੀ ਵਾਲਾ ਸੀ। ਭਾਈ ਜਰਨੈਲ ਸਿੰਘ ਅਭਿਆਸੀ ਨੇ ਇਸ ਢੰਗ ਦੀ ਤਰਤੀਬ ਬਣਾਈ ਕਿ ਇੱਕ ਪਾਸਿਓਂ ਟਰੈਕਟਰ ਟਰਾਲੀਆਂ ਆ ਰਹੇ ਸਨ ਅਤੇ ਦੂਜੇ ਪਾਸੇ ਦੀ ਮਿੱਟੀ ਭਰ ਕੇ ਕੱਢੇ ਜਾ ਰਹੇ ਸਨ। ਜਿੱਥੋਂ ਦੀ ਟਰੈਕਟਰ ਆ ਰਹੇ ਸਨ ਉਸ ਰਸਤੇ ਦੇ ਦੋਵੇਂ ਪਾਸੇ ਭਾਈ ਜਰਨੈਲ ਸਿੰਘ ਅਭਿਆਸੀ ਨੇ ਸੰਗਤਾਂ ਨੂੰ ਇਸ ਢੰਗ ਨਾਲ ਲਾਈਨ ਬਣਾਉਣ ਲਈ ਕਿਹਾ ਕਿ ਆਪੋ ਆਪਣੇ ਤਸਲੇ, ਟੋਕਰੀਆਂ ਮਿੱਟੀ ਨਾਲ ਭਰ ਕੇ ਤਿਆਰ ਰਹੋ ਜਦੋਂ ਵੀ ਟਰਾਲੀ ਇਥੇ ਪਹੁੰਚੇ ਤਾਂ ਉਸ ਨੂੰ ਰੋਕਿਆ ਨਹੀਂ ਜਾਵੇਗਾ ਬਲਕਿ ਸਹਿਜੇ-ਸਹਿਜੇ ਚਲਦਿਆਂ ਹੀ ਆਪੋ ਆਪਣੇ ਟੋਕਰੇ, ਤਸਲਿਆਂ ਦੀ ਮਿੱਟੀ ਟਰਾਲੀ ਵਿੱਚ ਸੁੱਟਣੀ ਹੈ ਅਤੇ ਨਾਲ-ਨਾਲ ਉੱਚੀ ਆਵਾਜ਼ ਵਿੱਚ ਵਾਹਿਗੁਰੂ ਦਾ ਜਾਪ ਕਰਨਾ ਹੈ। ਇਸ ਨਾਲ ਜਦੋਂ ਸੈਂਕੜੇ ਸੇਵਾਦਾਰ ਸਿੰਘ ਆਪੋ ਆਪਣੀਆਂ ਟੋਕਰੀਆਂ, ਕੜਾਹੀਆਂ ਦੀ ਮਿੱਟੀ ਟਰਾਲੀ ਵਿੱਚ ਸੁੱਟਦੇ ਤਾਂ ਚੱਲਦੇ-ਚੱਲਦੇ ਹੀ ਟਰਾਲੀ ਨੱਕੋ ਨੱਕ ਭਰ ਜਾਂਦੀ। ਇਸੇ ਤਰ੍ਹਾਂ ਦੂਸਰੀ ਟਰਾਲੀ ਆਉਂਦੀ ਉਸ ਨੂੰ ਵੀ ਚੱਲਦਿਆਂ-ਚੱਲਦਿਆਂ ਭਰ ਦਿੱਤਾ ਜਾਂਦਾ ਇਹ ਲੜੀ ਬਣੀ ਰਹਿੰਦੀ। ਦੂਸਰੇ ਪਾਸੇ ਜਿਥੇ ਛੱਪੜ ਵਿੱਚ ਮਿੱਟੀ ਉਤਾਰੀ ਜਾ ਰਹੀ ਸੀ ਉੱਥੇ ਵੀ ਸੰਗਤਾਂ ਵਿੱਚ ਭਾਰੀ ਉਤਸ਼ਾਹ ਸੀ। ਨਾਲੋਂ-ਨਾਲ ਟਰਾਲੀਆਂ ਖਾਲੀ ਕਰਕੇ ਵਾਪਸ ਭੇਜੀਆਂ ਜਾ ਰਹੀਆਂ ਸਨ। ਇਸ ਤਰ੍ਹਾਂ ਕੁੱਝ ਹੀ ਦਿਨਾਂ ਵਿੱਚ ਬਹੁਤ ਵੱਡੇ ਛੱਪੜ ਪੂਰ ਦਿੱਤੇ ਗਏ। ਇਸੇ ਦੌਰਾਨ ਸੇਵਾ ਚਲਦਿਆਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਸ਼ਾਮ ਨੂੰ ਇਤਿਹਾਸ ਦੀ ਕਥਾ ਵੀ ਕਰਦੇ। ਸਭ ਸੇਵਾਦਾਰ ਸੰਗਤਾਂ ਹਾਜ਼ਰੀ ਭਰਦੀਆਂ, ਸੰਤ ਜੀ ਕਥਾ ਦੇ ਦੌਰਾਨ ਸੇਵਾ ਦੀ ਮਹੱਤਤਾ ਦਾ ਵਿਸ਼ੇਸ਼ ਜ਼ਿਕਰ ਕਰਦੇ।

ਇਸੇ ਤਰ੍ਹਾਂ ਗੁਰਦੁਆਰਾ ਸਾਹਿਬ ਦੀ ਉਸਾਰੀ ਸਮੇਂ ਸੀਮਿੰਟ ਵਿੱਚ ਵਰਤਣ ਵਾਲੀ ਰੇਤ ਦਾ ਪ੍ਰਬੰਧ ਕਰਨਾ ਹੁੰਦਾ ਤਦ ਵੀ ਇਸੇ ਤਰ੍ਹਾਂ ਦਾ ਹੰਭਲਾ ਮਾਰਿਆ ਜਾਂਦਾ ਜਾਂ ਫਿਰ ਲੰਗਰ ਵਾਸਤੇ ਬਾਲਣ ਆਦਿ ਦਾ ਪ੍ਰਬੰਧ ਕਰਨਾ ਹੁੰਦਾ ਤਾਂ ਵੀ

Scanned with CamScanner

ਜਥੇ ਦੇ ਸਿਘ ਬਹੁਤ ਚੜ੍ਹਦੀ ਕਲਾ ਨਾਲ ਸੇਵਾ ਨਿਭਾਉਂਦੇ। ਹੱਥੀਂ ਨੀਹਾਂ ਪੁੱਟਣੀਆਂ, ਟੋਕਰੀਆਂ ਨਾਲ ਇੱਟਾਂ ਢੋਣੀਆਂ, ਮਿਸਤਰੀਆਂ ਨੂੰ ਸੀਮਿੰਟ, ਮਸਾਲਾ ਆਦਿ ਦੇਣਾ, ਬੱਜਰੀ ਰਲਾਉਣੀ ਆਦਿ ਅਜਿਹੀ ਵਿਸ਼ੇਸ਼ ਸੇਵਾ ਸਮੇਂ ਭਾਈ ਜਰਨੈਲ ਸਿਘ ਅਭਿਆਸੀ ਜ਼ਿੰਮੇਵਾਰ ਸੇਵਾਦਾਰਾਂ ਨਾਲ ਸੇਵਾ ਨਿਭਾਉਣ ਵਿੱਚ ਮੋਹਰੀ ਰੋਲ ਨਿਭਾਉਂਦੇ ਸਨ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਸਮੇਂ ਧਰਮ ਪ੍ਰਚਾਰ ਅਤੇ ਕੁੱਝ ਘਟਨਾਵਾਂ

ਦੇਖੈ ਭਾਈ ਗ੍ਯਾਨ ਕੀ ਆਈ ਆਂਧੀ॥
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨਾ ਮਾਇਆ ਬਾਂਧੀ॥ (੩੩੨)

ਸੰਨ 1969 ਤੋਂ ਲੈ ਕੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਟਕਸਾਲ ਦੇ ਮੁਖੀ ਦੀ ਸੇਵਾ ਸੰਭਾਲਦਿਆਂ ਹੀ ਗੁਰਮਤਿ ਗਿਆਨ, ਧਰਮ ਪ੍ਰਚਾਰ, ਕਥਾ ਕੀਰਤਨ ਦੀ ਐਸੀ ਹਨੇਰੀ ਝੁਲਾਈ ਜਿਸ ਵਿੱਚ ਕਈ ਦੇਹਧਾਰੀ ਪਾਖੰਡੀਆਂ ਦੇ ਕੂੜ ਦਾ ਝੂਠਾ ਪਰਪੰਚ ਡਗਮਗਾ ਗਿਆ। ਉਸ ਸਮੇਂ ਦੇ ਪ੍ਰਚਾਰ ਦੀਆਂ ਕੁੱਝ ਝਲਕੀਆਂ ਇਸ ਤਰ੍ਹਾਂ ਹਨ ਕਿ 8 ਕੁ ਸਾਲ ਦੇ ਥੋੜ੍ਹੇ ਸਮੇਂ ਦੌਰਾਨ ਗੁਰਬਾਣੀ ਦੀ ਕਥਾ ਅਤੇ ਅੰਮ੍ਰਿਤ-ਸੰਚਾਰ ਦਾ ਪ੍ਰਵਾਹ ਚਲਾਇਆ, ਦੇਹਧਾਰੀ ਗੁਰੂਆਂ ਦਾ ਡੱਟ ਕੇ ਵਿਰੋਧ ਕੀਤਾ ਤੇ ਸਿੱਖ ਸੰਗਤਾਂ ਨੂੰ ਸ਼ਬਦ ਗੁਰੂ ਪ੍ਰਤੀ ਸੁਚੇਤ ਕੀਤਾ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ 126 ਸ੍ਰੀ ਅਖੰਡ ਪਾਠ ਸਾਹਿਬ ਕਰਵਾਏ। ਆਪ ਜੀ ਨੇ ਅਨੇਕਾਂ ਨਗਰ ਕੀਰਤਨ ਕਰਵਾਏ ਤਾਂ ਕਿ ਧਰਮ ਪ੍ਰਚਾਰ ਵੱਧ ਤੋਂ ਵੱਧ ਹੋ ਸਕੇ ਅਤੇ ਲੋਕ ਸਿੱਖੀ ਦੇ ਧਾਰਨੀ ਬਣ ਸਕਣ। ਇਸੇ ਪ੍ਰਚਾਰ ਸਦਕਾ ਵੱਡੀ ਗਿਣਤੀ ਵਿੱਚ ਸਿੱਖ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ।

ਆਪ ਦਿਨ ਵਿੱਚ ਜਿੰਨੇ ਵਾਰੀ ਜਿਆਦਾ ਕਥਾ ਕਰਦੇ ਉਨਾ ਹੀ ਵੱਧ ਖੁਸ਼, ਤੰਦਰੁਸਤ ਪ੍ਰਤੀਤ ਹੁੰਦੇ। ਸਫ਼ਰ ਕਰਦਿਆਂ ਬੱਸ ਵਿੱਚ ਬਣੇ ਬੈਂਡ ਉਪਰ ਲੰਮੇ ਪੈ ਕੇ ਕੁੱਝ ਕੁ ਆਰਾਮ ਕਰਦੇ ਸਨ। ਕਈ ਵਾਰ ਸਰੀਰ ਢਿੱਲਾ ਹੋਣ ਦੇ ਬਾਵਜੂਦ ਵੀ ਪ੍ਰਚਾਰ ਜਾਰੀ ਰੱਖਦੇ ਸਨ। ਇੱਕ ਵਾਰ ਗੁਰਦੁਆਰਾ ਨਾਭਾ ਸਾਹਿਬ ਵਿਖੇ ਸੰਤਾਂ ਦੀ ਸਿਹਤ ਬਹੁਤ ਢਿੱਲੀ ਹੋਣ ਕਾਰਨ ਸਿੰਘਾਂ ਨੇ ਫੜ੍ਹ ਕੇ ਪੰਡੀਆਂ ਚੜ੍ਹਾਇਆ, ਪੰਤੂ ਰਾਤ ਦੇ ਦਸ ਵਜੇ ਜਦੋਂ ਚੰਡੀਗੜ੍ਹ ਦੀ ਸੰਗਤ ਨੇ ਆ ਕੇ ਕਿਹਾ ਕਿ ਮਹਾਂਪੁਰਸ਼ੋ ਦੀਵਾਨ ਸਜਿਆ ਹੈ ਆਪ ਜੀ ਜ਼ਰੂਰ ਚੱਲੋ ਭਾਵੇਂ ਦਸ ਮਿੰਟ ਹੀ ਬੋਲੋ, ਸਾਰੀ ਸੰਗਤ ਉਡੀਕ ਰਹੀ ਹੈ। ਜਥੇ ਦੇ ਸਿਘਾਂ ਦੇ ਰੋਕਣ ਤੇ ਵੀ ਆਪ ਜੀ ਨਾ ਰੁਕੇ ਤੇ ਚੰਡੀਗੜ੍ਹ ਸੈਕਟਰ 19 ਡੀ ਵਿੱਚ ਗੱਜ-ਵੱਜ ਕੇ ਦੋ ਘੰਟੇ ਕਥਾ ਕੀਤੀ। ਇਸੇ ਤਰ੍ਹਾਂ ਕਈ ਵਾਰੀ ਇੱਕ ਦਿਨ ਵਿੱਚ ਵੱਖ-ਵੱਖ ਥਾਂਵਾਂ 'ਤੇ ਕਥਾ ਕਰਦੇ, ਆਰਾਮ ਕਰਨ ਦਾ ਨਾਂਅ ਵੀ ਨਹੀਂ ਲੈਣ ਦਿੰਦੇ ਸਨ। ਜਿਆਦਾ ਬੇਨਤੀਆਂ ਕਰਨ ਤੇ ਕਹਿੰਦੇ, "ਸਿੰਘੋ! ਸਰੀਰਾਂ ਦਾ ਕੋਈ ਪਤਾ ਨਹੀਂ, ਰੱਜ-ਰੱਜ ਕੇ ਕੌਮ ਦੀ ਪ੍ਰਚਾਰ ਰਾਹੀਂ ਸੇਵਾ ਕਰਨੀ ਚਾਹੀਦੀ ਹੈ। ਦਸਵੇਂ ਪਾਤਿਸ਼ਾਹ ਦੀ ਕ੍ਰਿਪਾ ਨਾਲ ਪ੍ਰਚਾਰ ਕਰਨ ਦੀ ਸੇਵਾ ਮਿਲੀ ਹੈ ਜੇ ਆਪਾਂ ਸੌਂ ਕੇ ਰਾਤਾਂ ਲੰਘਾ ਦੇਈਏ ਤਾਂ ਕੀ ਆਪਾਂ ਨੂੰ ਕਲਗੀਧਰ ਪਾਤਿਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਹੋ ਸਕਦੀਆਂ ਹਨ? ਆਪ ਜੀ ਦਾ ਕਹਿਣਾ ਸੀ ਕਿ ਸਿੱਖੀ ਦੀ ਪ੍ਰਫੁੱਲਤਾ ਲਈ ਪ੍ਰਚਾਰਕਾਂ ਦਾ ਜੀਵਨ ਆਦਰਸ਼ਮਈ ਤੇ ਪੂਰਨ ਰਹਿਤਵਾਨ ਹੋਣਾ ਜ਼ਰੂਰੀ ਹੈ ਆਪ ਜੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਗੁਰੂ ਕੀ ਸਟੇਜ ਤੋਂ ਬੋਲਣ ਵਾਲਾ ਪ੍ਰਚਾਰਕ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਆਪ ਜੀ ਦੀ ਪ੍ਰੇਰਨਾ ਸਦਕਾ ਕੁੱਝ ਹੀ ਸਮੇਂ ਵਿੱਚ 36 ਢਾਡੀ ਜੱਥਿਆਂ ਅਤੇ ਕਈ ਪ੍ਰਚਾਰਕਾਂ ਨੇ ਅੰਮ੍ਰਿਤ-ਪਾਨ ਕੀਤਾ। ਆਪ ਜੀ ਨੇ ਪ੍ਰਸੰਨ ਹੋ ਕੇ ਉਪਰੋਕਤ ਜੱਥਿਆਂ ਨੂੰ ਸਿਰੋਪਾਓ ਦਿੱਤੇ।

7 ਅਕਤੂਬਰ 1976 ਈਸਵੀ ਨੂੰ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਅਸਥਾਨ ਤੇ ਮਾਤਾ ਗੰਗਾ ਜੀ ਦੇ ਵਰ ਮੰਗਣ ਵਾਲੇ ਦਿਨ ਢਾਈ ਲੱਖ ਸੰਗਤ ਦੇ ਇਕੱਠ ਵਿੱਚ ਆਪ ਜੀ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਸ਼ਹੀਦ ਸਿੱਖਾਂ ਦਾ ਇਤਿਹਾਸ ਸੁਣਾਇਆ। ਇਹ ਪ੍ਰਚਾਰ ਸੁਣ ਕੇ ਸੰਗਤਾਂ ਵਿੱਚੋਂ ਹਜ਼ਾਰਾਂ ਪ੍ਰਾਣੀਆਂ ਨੇ ਖੜ੍ਹੇ ਹੋ ਕੇ ਪ੍ਰਣ ਕੀਤਾ ਕਿ ਅਸੀਂ ਅੱਜ ਤੋਂ ਸ਼ਰਾਬ ਨਹੀਂ ਪੀਵਾਂਗੇ, ਕੇਸ ਦਾੜ੍ਹਾ ਨਹੀਂ ਮੁਨਾਵਾਂਗੇ। ਇੱਥੇ ਹੀ ਇੱਕੋ ਸਮੇਂ ਪੰਜ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।

ਜਦੋਂ ਵੀ ਆਪ ਜੀ ਨੂੰ ਕੋਈ ਆਪਣੇ ਘਰ ਬੁਲਾਉਂਦਾ ਜੇਕਰ ਉਹ ਪਤਿਤ ਹੋਣ ਦਾੜ੍ਹੀ ਕੇਸ ਕਟਦੇ ਹੋਣ

Scanned with CamScanner

ਸ਼ਰਾਬ ਆਦਿ ਦੀ ਵਰਤੋਂ ਕਰਦੇ ਹੋਣ, ਜਿੰਨਾ ਚਿਰ ਉਹ ਪ੍ਰਣ ਨਾ ਕਰਦੇ ਕਿ ਅਸੀਂ ਦਾੜ੍ਹਾ ਕੇਸ ਰੱਖਾਂਗੇ, ਸ਼ਰਾਬ ਛੱਡਾਂਗੇ, ਤਦ ਤੱਕ ਉਨ੍ਹਾਂ ਦੇ ਘਰ ਨਾ ਜਾਂਦੇ ਨਾ ਹੀ ਘਰੋਂ ਚੀਜ਼ ਵਸਤ ਛਕਦੇ। ਇਸੇ ਪ੍ਰਕਾਰ ਅਨੇਕਾਂ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਸ਼ਰਾਬ ਛੁਡਾ ਕੇ ਦਾੜ੍ਹੇ-ਕੇਸ ਰਖਾ ਕੇ ਉਨ੍ਹਾਂ ਦੇ ਜੀਵਨ ਨੂੰ ਸਿੱਖੀ ਮਾਰਗ ਦੇ ਅਨੁਕੂਲ ਬਣਾਇਆ ਅਤੇ ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ।

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 300 ਸਾਲਾ ਸ਼ਹੀਦੀ ਦਿਵਸ ਦੇ ਸਬੰਧ ਵਿੱਚ ਕਈ ਸੰਸਥਾਵਾਂ ਨੇ ਕਾਲਜ, ਗੁਰਦੁਆਰੇ, ਹਸਪਤਾਲ, ਵੱਡੀਆਂ-ਵੱਡੀਆਂ ਇਮਾਰਤਾਂ ਬਣਾਈਆਂ ਪਰ ਸੰਤਾਂ ਨੇ ਕਿਹਾ ਕਿ ਸਿੱਖ ਧਰਮ ਵਿੱਚ ਪ੍ਰਚਾਰ ਦੀ ਬਹੁਤ ਘਾਟ ਹੈ। ਇਸ ਸਬੰਧ ਵਿੱਚ ਐਮਰਜੈਂਸੀ ਦੌਰਾਨ ਵੀ 37 ਮਹਾਨ ਜਲੂਸ ਵੱਖ-ਵੱਖ ਥਾਵਾਂ ਤੋਂ ਕੱਢੇ ਜਿਨ੍ਹਾਂ ਵਿੱਚੋਂ ਪਿੰਡ ਰੋਡੇ, ਜਲਾਲਾਬਾਦ, ਕਾਦੀਆਂ, ਸਲਾਲਾ, ਨਾਰੰਗਵਾਲ, ਫਿਰੋਜਪੁਰ, ਧਰਮਕੋਟ, ਬਾਘਾ ਪੁਰਾਣਾ, ਮੁਲਤਾਨਪੁਰ, ਖਡੂਰ ਸਾਹਿਬ, ਕਾਲੇਕੇ, ਪਾਨਾਗੜ੍ਹ, ਹੁਸ਼ਿਆਰਪੁਰ, ਬਲਾਚੌਰ, ਰਾਮਪੁਰ ਖੇੜਾ, ਗੁਰਦਾਸਪੁਰ ਤੇ ਫਰੀਦਕੋਟ, ਖੇਮਕਰਨ, ਪੱਟੀ, ਮਲਸੀਆਂ ਆਦਿ।

ਮਹਾਂਪੁਰਸ਼ਾਂ ਨੇ ਜੋ 37 ਜਲੂਸ ਕੱਢੇ ਅਤੇ ਉਨ੍ਹਾਂ ਵਿੱਚ ਜੋ ਸਫਲਤਾ ਪ੍ਰਾਪਤ ਹੋਈ ਉਹ ਕਹਿਣ ਤੋਂ ਪਰ੍ਹੇ ਹੈ। ਇੱਕ-ਇੱਕ ਜਲੂਸ ਵਿੱਚ ਘੱਟ ਤੋਂ ਘੱਟ 300 ਤੋਂ ਕਈਆਂ ਵਿੱਚ 400 ਤੋਂ ਵੀ ਵੱਧ ਟਰੱਕ, ਬੱਸਾਂ, ਕਾਰਾਂ, ਜੀਪਾਂ, ਟਰੈਕਟਰ-ਟਰਾਲੀਆਂ ਸ਼ਾਮਲ ਹੁੰਦੇ ਸਨ। ਕੁਝ ਥਾਈਂ ਜਲੂਸਾਂ ਵਿੱਚ ਹਵਾਈ ਜਹਾਜ਼ ਫੁੱਲਾਂ ਦੀ ਵਰਖਾ ਕਰਦਾ ਸੀ। ਲੱਖਾ ਦੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੁੰਦੀਆਂ ਸਨ। ਹਰ ਜਲੂਸ ਦਾ ਰੂਟ ਤਕਰੀਬਨ 100 ਕਿਲੋਮੀਟਰ ਲੰਮਾ ਹੁੰਦਾ ਜੋ ਕਿ 60-70 ਪਿੰਡਾਂ ਵਿੱਚੋਂ ਦੀ ਲੰਘਦਾ ਸੀ। ਹਰ ਪਿੰਡ ਵਿੱਚ ਸਵਾਗਤੀ ਗੇਟ ਬਣਾ ਕੇ ਸੰਗਤਾਂ ਨਗਰ ਕੀਰਤਨ ਦੇ ਪਹੁੰਚਣ ਤੋਂ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਇਕੱਠੀਆਂ ਹੁੰਦੀਆਂ ਸਨ। ਸੰਤ ਜੀ ਹਰ ਪਿੰਡ ਵਿੱਚ ਕੁੱਝ ਹੀ ਮਿੰਟ ਪ੍ਰਚਾਰ ਕਰਦੇ ਪਰ ਬਹੁਤ ਹੀ ਪ੍ਰਭਾਵਸ਼ਾਲੀ ਪ੍ਰਚਾਰ ਹੁੰਦਾ ਜਿਸਦਾ ਸੰਗਤਾਂ ਬਹੁਤ ਅਸਰ ਕਬੂਲਦੀਆਂ ਅਤੇ ਫਿਰ ਅੱਗੇ ਚਲਦੇ। ਸੰਗਤਾਂ ਪਾਸੋਂ ਬਾਹਵਾਂ ਖੜ੍ਹੀਆਂ ਕਰਵਾ ਕੇ ਇਹ ਪ੍ਰਣ ਕਰਵਾਇਆ ਜਾਂਦਾ ਕਿ ਅੱਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਗੁਰੂ ਨਹੀਂ ਮੰਨਣਾ, ਦਾੜ੍ਹਾ ਕੇਸ ਨਹੀਂ ਮੁੰਨਣੇ ਤੇ ਸ਼ਰਾਬ ਛੱਡਣ ਦੇ ਹਜ਼ਾਰਾਂ ਪ੍ਰਾਣੀਆਂ ਤੋਂ ਪ੍ਰਣ ਕਰਵਾਏ ਜਾਂਦੇ। ਸੰਤ ਜੀ 15-15 ਘੰਟੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਖੜ੍ਹੇ ਹੋ ਕੇ ਪ੍ਰਚਾਰ ਕਰਦੇ। ਹਰ ਪਿੰਡ ਦੀ ਸੰਗਤ ਪਾਸੋਂ ਇਹ ਨਾਹਰਾ ਲਵਾਇਆ ਜਾਂਦਾ:-

'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ'

ਜੋ ਕਿ ਸੰਗਤਾਂ ਗੱਜ ਵੱਜ ਕੇ ਬੜੀ ਚੜ੍ਹਦੀ ਕਲਾ ਵਿੱਚ ਪੜ੍ਹਦੀਆਂ, 300 ਸਾਲਾ ਸ਼ਹੀਦੀ ਗੁਰਪੁਰਬ ਦੇ ਸਬੰਧ ਵਿੱਚ ਕੱਢੇ ਇਨ੍ਹਾਂ ਜਲੂਸਾਂ ਨੇ ਸਿੱਖ ਸੰਗਤਾਂ ਨੂੰ ਹਲੂਣ ਕੇ ਰੱਖ ਦਿੱਤਾ। ਅਖੀਰ 300 ਸਾਲਾ ਸ਼ਹੀਦੀ ਗੁਰਪੁਰਬ ਦੀ ਸਮਾਪਤੀ ਤੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਬਾਬਾ ਬਕਾਲਾ ਅਤੇ ਹੋਰ ਬਹੁਤ ਸਾਰੇ ਸੰਤ ਮਹਾਂਪੁਰਖਾਂ ਨੇ ਮਿਲ ਕੇ ਗੁਰਦੁਆਰਾ ਬਾਬਾ ਬਕਾਲਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ (ਰਸਤਾ ਗੋਇੰਦਵਾਲ, ਤਰਨਤਾਰਨ) ਸ੍ਰੀ ਨਨਕਾਣਾ ਸਾਹਿਬ ਵਾਲੀ ਮਹਾਨ ਪਵਿੱਤਰ ਸ਼ਹੀਦੀ ਬੀੜ ਦੀ ਛਤਰ ਛਾਇਆ ਹੇਠ ਪੈਨਵਾਦੀ ਜਲੂਸ ਕੱਢਿਆ।

ਕੋਈ ਮੰਤਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਨਹੀਂ

ਗੁਰਦਾਸਪੁਰ ਵਿਖੇ ਡੀ. ਸੀ. ਨਿਰੰਜਣ ਸਿੰਘ ਨਕਲੀ ਨਿਰੰਕਾਰੀਆਂ ਦਾ ਚੇਲਾ ਸੀ ਜਿਸ ਕਾਰਨ ਉਸ ਨੇ ਸਿੰਘਾਂ ਵਿੱਚ ਕਾਫੀ ਦਹਿਸ਼ਤ ਫੈਲਾਈ। ਸੰਤਾਂ ਨੇ ਉੱਥੇ ਉਚੇਚਾ ਜਲੂਸ ਕੱਢਣ ਦਾ ਪ੍ਰੋਗਰਾਮ ਬਣਾਇਆ। ਜਲੂਸ ਤੋਂ ਪਹਿਲੀ ਰਾਤ 10 ਵਜੇ ਇੱਕ ਪੁਲਿਸ ਅਫਸਰ ਸੰਤਾਂ ਪਾਸ ਇੱਕ ਸਰਕਾਰੀ ਖ਼ਤ ਲੈ ਕੇ ਆਇਆ ਕਿ ਸਵੇਰੇ 9 ਵਜੇ ਵੱਡੀ ਸੜਕ ਵਿਹਲੀ ਹੋਣੀ ਚਾਹੀਦੀ ਹੈ। ਜਲੂਸ ਪਹਿਲਾਂ ਪਹਿਲਾਂ ਲੰਘਾ ਲਉ, ਕਿਉਂਕਿ ਕੇਂਦਰ ਦੇ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਆ ਰਹੇ ਹਨ ਤਾਂ ਮਹਾਂਪੁਰਸ਼ਾਂ ਨੇ ਉੱਤਰ ਦਿੱਤਾ ਕਿ ਦੋਹਾਂ ਮੰਤਰੀਆਂ ਨੂੰ ਕਹਿ ਦੇਵੋ ਕਿ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿੱਚ ਮਹਾਨ ਜਲੂਸ ਆ ਰਿਹਾ ਹੈ ਅਤੇ ਮੰਤਰੀ ਸੜਕ ਦੇ ਕਿਨਾਰੇ ਹੋ ਕੇ ਜੇੜਾ ਪਿਛਲੇ ਪਾਸੇ ਲਾਹ ਕੇ ਦੋਵੇਂ ਹੱਥ ਜੋੜਕੇ ਖਲੋ ਜਾਣ ਅਤੇ ਸੜਕ ਖਾਲੀ ਕਰ ਦੇਣ ਕਿਉਂਕਿ ਕੋਈ

Scanned with CamScanner

ਦੁਨਿਆਵੀ ਮੰਤਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਹਿਨਸ਼ਾਹ ਤੋਂ ਵੱਡਾ ਨਹੀਂ ਇਸੇ ਤਰ੍ਹਾਂ ਹੀ ਹੋਇਆ। ਬਿਨਾਂ ਕਿਸੇ ਸਰਕਾਰੀ ਹੁਕਮ ਦੀ ਪ੍ਰਵਾਹ ਕੀਤਿਆਂ ਜਲੂਸ ਆਪਣੇ ਮਿਥੇ ਹੋਏ ਸਮੇਂ ਮੁਤਾਬਿਕ ਅਰੰਭ ਹੋਇਆ ਅਤੇ ਉਲੀਕੇ ਗਏ ਮਾਰਗ ਰਾਹੀਂ ਹੀ ਨਗਰ ਕੀਰਤਨ ਲੰਘਿਆ। ਜਿਸ ਤੋਂ ਭਾਵੇਂ ਨਿਰੰਕਾਰੀ ਡੀ. ਸੀ. ਨਿਰੰਜਣ ਸਿੰਘ ਅਤੇ ਉਸਦੇ ਸਹਿਯੋਗੀ ਅੰਦਰ ਹੀ ਅੰਦਰ ਦੁਖੀ ਹੋਏ ਅਤੇ ਆਉਣ ਵਾਲੇ ਸਮੇਂ ਦੀ ਤਾਕ ਵਿੱਚ ਸਬਰ ਕਰ ਲਿਆ।

ਇੱਕ ਵਾਰ ਦੀ ਗੱਲ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੈਰੀਟੇਬਲ ਹਸਪਤਾਲ ਦਾ ਨੀਂਹ ਪੱਥਰ ਰੱਖਣ ਲਈ ਸੰਤਾਂ ਨੂੰ ਮਾਡਲ ਟਾਊਨ ਲੁਧਿਆਣਾ ਵਿਖੇ ਬੁਲਾਇਆ ਗਿਆ। ਮਹਾਂਪੁਰਸ਼ ਜਦ ਉਥੇ ਪਹੁੰਚੇ ਤਾਂ 15-20 ਪ੍ਰਬੰਧਕ ਸੱਜਣ ਦੀਵਾਨ ਵਿੱਚੋਂ ਉਠ ਕੇ ਸਿਹਰੇ ਲੈ ਕੇ ਸਵਾਗਤ ਕਰਨ ਲਈ ਆਏ ਤਾਂ ਮਹਾਂਪੁਰਸ਼ ਬੱਸ ਵਿੱਚੋਂ ਉੱਤਰੇ ਤੇ ਪਿਛਾਂਹ ਵੱਲ ਮੁੜ ਗਏ। ਮਗਰ ਜਾ ਕੇ ਪ੍ਰਬੰਧਕਾਂ ਨੇ ਜਦ ਕਾਰਨ ਪੁੱਛਿਆ ਤਾਂ ਸੰਤਾਂ ਨੇ ਉੱਤਰ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚੋਂ ਉਠ ਕੇ ਕਿਸੇ ਇੱਕ ਵਿਅਕਤੀ ਦਾ ਸਤਿਕਾਰ ਕਰਨਾ ਸੱਚੇ ਪਾਤਿਸ਼ਾਹ ਜੀ ਦੇ ਸਤਿਕਾਰ ਵਿੱਚ ਬਹੁਤ ਵੱਡਾ ਫਰਕ ਪਾਉਣ ਵਾਲੀ ਗੱਲ ਹੈ ਤਾਂ ਸਾਡੇ ਪ੍ਰਬੰਧਕ ਗੁਰਮੁਖਾਂ ਨੇ ਮੁਆਫੀ ਮੰਗੀ ਅਤੇ ਮਹਾਂਪੁਰਸ਼ਾਂ ਨੇ ਉਹਨਾਂ ਸਾਰਿਆਂ ਨੂੰ ਦੀਵਾਨ ਵਿੱਚ ਵਾਪਸ ਭੇਜਿਆ। ਆਪ ਇਕੱਲੇ ਹੀ ਬਾਅਦ ਵਿੱਚ ਮੱਥਾ ਟੇਕਣ ਗਏ। ਆਪ ਜੀ ਨੇ ਦੀਵਾਨ ਵਿੱਚ ਸਾਰੀ ਸੰਗਤ ਨੂੰ ਦੱਸਿਆ ਕਿ ਅੱਗੇ ਵਾਸਤੇ ਭਾਵੇਂ ਕਿੱਡਾ ਵੀ ਵੱਡਾ ਕੋਈ ਮਹਾਤਮਾ ਜਾਂ ਲੀਡਰ ਕਿਉਂ ਨਾ ਆ ਜਾਵੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚੋਂ ਉਠ ਕੇ ਉਸਦਾ ਸਤਿਕਾਰ ਨਹੀਂ ਕਰਨਾ ਕਿਉਂਕਿ ਇਹ ਗੁਰਮੱਤ ਦੇ ਉਲਟ ਹੈ। ਸੰਤਾਂ ਵੱਲੋਂ ਦਿੱਤੇ ਗਏ ਇਸ ਉਪਦੇਸ਼ ਦਾ ਗੁਰਸਿੱਖਾਂ ਉਪਰ ਬਹੁਤ ਭਾਰੀ ਅਸਰ ਹੋਇਆ।

ਇੱਥੇ ਇਹ ਲਿਖਣਾ ਵੀ ਜ਼ਰੂਰੀ ਹੈ ਕਿ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਇੱਕ ਸ਼ਰੀਦੀ ਨਗਰ ਕੀਰਤਨ, ਸ੍ਰੀ ਆਨੰਦਪੁਰ ਸਾਹਿਬ ਤੋਂ ਦਿੱਲੀ ਤੱਕ ਕੱਢਿਆ ਗਿਆ ਸੀ। ਜਿਸ ਵਿੱਚ ਪੰਜਾਬ ਦੀਆਂ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਆਮ ਸਿੱਖ ਸੰਗਤਾਂ ਸ਼ਾਮਲ ਸਨ ਅਤੇ ਉਸ ਵਿੱਚ ਸੰਤ ਬਾਬਾ ਕਰਤਾਰ ਸਿੰਘ ਜੀ ਖਾਲਸਾ ਜੀ ਜੱਥੇ ਦੇ ਕੁੱਝ ਸਿੰਘਾਂ ਸਮੇਤ ਸ਼ਾਮਲ ਸਨ। ਜਦੋਂ ਇਹ ਨਗਰ ਕੀਰਤਨ ਦਿੱਲੀ ਦੇ ਰਾਮ ਲੀਲਾ ਗਰਾਊਂਡ ਵਿਖੇ, 7 ਦਸੰਬਰ 1975 ਵਾਲੇ ਦਿਨ ਪੁੱਜਾ ਤਾਂ ਲੱਖਾਂ ਦੇ ਇਕੱਠ ਵਿੱਚ ਜਦੋਂ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸਟੇਜ 'ਤੇ ਆਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਭ ਨੇ ਸਟੇਜ ਤੋਂ ਉੱਠ ਕੇ ਉਸ ਦਾ ਸਵਾਗਤ ਕੀਤਾ। ਇਕੱਲੇ ਸੰਤ ਕਰਤਾਰ ਸਿੰਘ ਜੀ ਅਤੇ ਉਨ੍ਹਾਂ ਦੇ ਨਾਲ ਜੱਥੇ ਦੇ ਸਿੰਘ ਹੀ ਸਟੇਜ ਤੇ ਬੈਠੇ ਰਹੇ। ਇੰਦਰਾ ਗਾਂਧੀ ਦੇ ਚਾਪਲੂਸ ਗਿਆਨੀ ਜੈਲ ਸਿੰਘ ਵਰਗੇ ਆਗੂਆਂ ਨੇ ਸਟੇਜ ਤੋਂ ਬੋਲਦਿਆਂ ਇਥੋਂ ਤੱਕ ਕਹਿ ਦਿੱਤਾ ਕਿ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਪੰਜਾਬ ਵਿੱਚ ਰਿਸ਼ਤੇਦਾਰੀ ਪਾਈ ਹੈ ਜਿਸ ਦਾ ਅਸੀਂ ਫ਼ਖਰ ਮਹਿਸੂਸ ਕਰਦੇ ਹਾਂ ਅਤੇ ਇਸ ਤਰ੍ਹਾਂ ਦੇ ਹੋਰ ਕਈ ਚਾਪਲੂਸੀ ਭਰੇ ਸ਼ਬਦ ਬੋਲ ਕੇ ਇੰਦਰਾ ਗਾਂਧੀ ਨੂੰ ਸੰਬੋਧਨ ਕਰਨ ਲਈ ਬੇਨਤੀ ਕੀਤੀ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਬੋਲਦੇ ਹੋਏ ਕਿਹਾ ਕਿ ਜੇ ਦਿੱਲੀ ਦਾ ਤਖਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕਤਲ ਕਰਨ ਲਈ ਫਤਵੇ ਜਾਰੀ ਕਰਦਾ ਸੀ ਉਹੀ ਦਿੱਲੀ ਦਾ ਤਖਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਨਮਸਕਾਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋਇਆ ਹੈ। ਇੰਦਰਾ ਗਾਂਧੀ ਤੋਂ ਅਜਿਹੇ ਸ਼ਬਦ ਸੁਣ ਕੇ ਕੁਝ ਲੋਕਾਂ ਨੇ ਤਾੜੀਆਂ ਵਜਾਈਆਂ ਅਤੇ ਕੁੱਝ ਨੇ ਜੈਕਾਰੇ ਵੀ ਛੱਡੇ। ਇਸ ਤਰ੍ਹਾਂ ਦੇਸ਼ ਦੀ ਪ੍ਰਧਾਨ ਮੰਤਰੀ ਨੇ ਕੁੱਝ ਸਮਾਂ ਇਸ ਸਟੇਜ ਤੋਂ ਸੰਬੋਧਨ ਕੀਤਾ।

ਸੰਤਾਂ ਦੇ ਬੋਲਣ ਦਾ ਸਮਾਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਤੋਂ ਬਾਅਦ ਸੀ।

'ਸਿਰ ਜਾਵੇ ਤਾਂ ਜਾਵੇ ਮੇਰਾ ਸਿਖੀ ਸਿਦਕ ਨਾ ਜਾਵੇ'

ਇਸ ਨਾਹਰੇ ਤੋਂ ਪਰਚਾਰ ਸ਼ੁਰੂ ਕੀਤਾ। ਪਹਿਲਾਂ ਰਾਜਪੂਤ ਰਾਜੇ ਧੀਆਂ ਦੇ ਕੇ ਚੌਧਰਾਂ ਪ੍ਰਾਪਤ ਕਰਦੇ ਸਨ, ਅੱਜ ਸਾਨੂੰ ਸਿੱਖਾਂ ਨੂੰ ਲਾਹਣਤ ਹੈ ਜੇ ਅਸੀਂ ਉਹਨਾਂ ਦੀ ਰੀਸ ਕਰੀਏ। ਇਸ ਲਈ ਮੈਨੂੰ ਪਤਿਤ ਵੱਲ ਕਿਸੇ ਸਿੱਖ ਨੂੰ ਬੀਬੀ ਦਾ ਰਿਸ਼ਤਾ ਨਹੀਂ ਕਰਨਾ ਚਾਹੀਦਾ ਇਸ ਤਰ੍ਹਾਂ ਸਿੱਖੀ ਤੋਂ ਕੋਰੇ ਚਾਪਲੂਸਾਂ ਨੂੰ ਚੰਗੀ ਝਾੜ ਪਾਈ ਅਤੇ ਰਹਿਤਨਾਮੇ ਦੇ ਬਚਨ ਕਹੇ:

'ਕੰਨਿਆ ਦੇਵੈ ਸਿਖ ਕਉ, ਨਹ ਲੇਵਹਿ ਨਹਿ ਕਿਛੁ ਦਾਮ।

Scanned with CamScanner

ਸੋਈ ਮੇਰਾ ਸਿਖ ਹੁਇ ਲੈ ਪਹੁੰਚੇ ਮਮਧਾਮ।"

ਦੂਸਰੀ ਰੱਲ ਦਾ ਉੱਤਰ ਦਿੰਦੇ ਹੋਏ ਸੰਤਾਂ ਨੇ ਕਿਹਾ, ਅਸੀਂ ਦੇਸ਼ ਦੀ ਪ੍ਰਧਾਨ ਮੰਤਰੀ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਤੁਹਾਨੂੰ ਦਿੱਲੀ ਦਾ ਤਖ਼ਤ ਦੁਆਇਆ ਕਿਸ ਨੇ ਹੈ? ਜੇਕਰ ਤੁਸੀਂ ਗੁਰੂ ਤੇਗ ਬਹਾਦਰ ਜੀ ਨੂੰ ਸੀਸ ਨਿਵਾਉਣ ਆਏ ਹੋ ਤਾਂ ਤੁਸੀਂ ਕੋਈ ਅਹਿਸਾਨ ਨਹੀਂ ਕੀਤਾ। ਜੇਕਰ ਗੁਰੂ ਸਾਹਿਬ ਸ਼ਹਾਦਤ ਨਾ ਦਿੰਦੇ ਤਾਂ ਇਸ ਤਖ਼ਤ ਦਾ ਮਾਲਕ ਕੋਈ ਸੁੰਨਤ ਵਾਲਾ ਹੋਣਾ ਸੀ, ਸਾਰੇ ਪਾਸੇ ਸਲਾਮਾਲੇਕਮ ਹੋਣੀ ਸੀ ਅਤੇ ਦੇਸ਼ 'ਤੇ ਹੈਦਰੀ ਨਿਸ਼ਾਨ ਝੁੱਲਦਾ ਨਜ਼ਰ ਆਉਣਾ ਸੀ। ਇਸ ਲਈ ਜਿਤਨੇ ਸਰੀਰ ਉਪਰ ਰੋਮ ਹਨ ਪ੍ਰਧਾਨ ਮੰਤਰੀ ਉਤਨੀ ਵਾਰੀ ਡੰਡਉਤ ਨਮਸਕਾਰਾਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਝੁਕਾਉਂਦਿਆਂ ਹੋਇਆਂ ਸੰਤੁਸ਼ਟਾਵ ਕਰਨ ਤਾਂ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦਾ ਕਰਜ਼ਾ ਨਹੀਂ ਉਤਾਰ ਸਕਦੇ। ਅੱਗੋਂ ਪ੍ਰਬੰਧਕਾਂ ਅਤੇ ਰਾਜਨੀਤਿਕ ਆਗੂਆਂ ਨੂੰ ਸੰਬੋਧਨ ਕਰਦੇ ਹੋਏ ਸੰਤਾਂ ਨੇ ਆਖਿਆ ਕਿ ਕੋਈ ਕਿੰਨਾ ਵੀ ਵੱਡਾ ਆਗੂ ਆਵੇ ਜਾਂ ਪ੍ਰਧਾਨ ਮੰਤਰੀ ਵੀ ਕਿਉਂ ਨਾ ਹੋਵੇ ਉਹ ਸਾਡੇ ਗੁਰੂ ਸਾਹਿਬ ਤੋਂ ਵੱਡਾ ਨਹੀਂ ਬਲਕਿ ਉਹ ਜਗਦੀ-ਜੋਤਿ ਦਸਾਂ ਪਾਤਸ਼ਾਹੀਆਂ ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਨਿਵਾਵੇ, ਨਾ ਕਿ ਮਹਾਰਾਜ ਸਾਹਿਬ ਜੀ ਦੀ ਹਜ਼ੂਰੀ ਵਿੱਚ ਆਪਾ ਉੱਚਾ ਕਰੇ ਉਸ ਦਾ ਸੁਆਗਤ ਕਰੀਏ। ਸੰਤਾਂ ਦੇ ਇਹ ਬਚਨ ਸੁਣ ਕੇ ਸਾਡੇ ਪਾਸੇ 'ਬਲੇ ਸੋ ਨਿਹਾਲ' ਦੇ ਜੈਕਾਰੇ ਗੂੰਜ ਉੱਠੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਵਿਰੁੱਧ ਜੇ ਕੋਈ ਪ੍ਰਚਾਰ ਕਰਦਾ ਤਾਂ ਆਪ ਜੀ ਬਰਦਾਸ਼ਤ ਨਹੀਂ ਸਨ ਕਰਦੇ। ਨਕਲੀ ਨਿਰੰਕਾਰੀਆਂ ਵੱਲੋਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਕੁੱਝ ਕੌੜੇ ਲਫਜ਼ ਵਰਤਣ 'ਤੇ ਉਨ੍ਹਾਂ ਦੇ ਦੱਭੀ-ਪਧੰਡੀ ਗੁਰੂ ਗੁਰਬਚਨ ਸਿੰਘ ਨੂੰ ਖੁਆਣ (ਜਿਲ੍ਹਾ ਗੁਰਦਾਸਪੁਰ) ਨਾ ਆਉਣ ਦਿੱਤਾ ਗਿਆ। ਜਦੋਂ ਸੰਤਾਂ ਨੇ ਹੁਸ਼ਿਆਰਪੁਰ ਨਗਰ ਕੀਰਤਨ ਕੱਢਿਆ ਤਾਂ ਇਸ ਜਲੂਸ ਵਿੱਚ ਇੱਕ ਮੰਤਰੀ ਜੋ ਆਪਣੀ ਕਾਰ ਅੱਗੇ ਲਾਉਣਾ ਚਾਹੁੰਦਾ ਸੀ ਆਪ ਜੀ ਨੇ ਉਸ ਨੂੰ ਜ਼ੋਰਦਾਰ ਸ਼ਬਦਾਂ ਵਿੱਚ ਤਾੜਨਾ ਕੀਤੀ ਅਤੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਤੋਂ ਪਿੱਛੇ ਮਹਾਤਮਾ ਦੀਆਂ ਕਾਰਾਂ ਅਤੇ ਉਸ ਤੋਂ ਬਾਅਦ ਵਿੱਚ ਦੂਜੀਆਂ ਕਾਰਾਂ ਲੱਗਣਗੀਆਂ। ਆਪ ਜੀ ਵਿੱਚ ਇਤਨੀ ਨਿਡਰਤਾ ਤੇ ਨਿਰਭੈਤਾ ਸੀ।

ਇਸੇ ਭਰਾਂ ਨਰਕਧਾਰੀਆਂ ਨੇ 1972 ਈਸਵੀ ਨੂੰ ਇੱਕ ਸਮਾਗਮ ਪੱਟੀ ਜਿਲ੍ਹਾ ਅੰਮ੍ਰਿਤਸਰ ਵਿੱਚ ਕੀਤਾ ਜਿਥੇ ਪੱਟੀ ਦੇ ਨਿਰੰਕਾਰੀ ਮੰਡਲ ਦਾ ਮੁਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਾਂਗ ਬਾਣਾ ਪਾ ਕੇ ਸਿਰ ਤੇ ਛਤਰ ਝੁਲਵਾ ਕੇ ਸੁਨਹਿਰੀ ਪਾਲਕੀ ਵਿੱਚ ਬੈਠਾ, ਨਾਲ ਹੀ ਉਸ ਨੇ ਆਪਣੇ ਪੰਜ ਚੇਲਿਆਂ ਨੂੰ ਜੋ ਦਾੜ੍ਹੀ ਕੇਸਾਂ ਦੀ ਬੇ-ਅਦਬੀ ਕਰਦੇ ਸਨ ਪੰਜ ਪਿਆਰੇ ਕਹਿ ਕੇ ਸਨਮਾਨਿਆ। ਇਸ ਸਮੇਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਪੱਟੀ ਦੇ ਗੁਰਦੁਆਰਾ ਭੱਠ ਸਾਹਿਬ ਵਿੱਚ ਠਹਿਰੇ ਹੋਏ ਸਨ। ਸੰਤਾਂ ਨੂੰ ਜਦ ਇਸ ਘਟਨਾ ਦਾ ਪਤਾ ਲੱਗਾ ਤਾਂ ਆਪ ਨੇ ਜੱਥੇ ਦੇ ਸਿੰਘਾਂ ਨੂੰ ਕਿਹਾ ਕਿ ਉਸ ਪਾਖੰਡੀ ਨਰਕਧਾਰੀਏ ਨੂੰ ਚੁੱਕ ਲਿਆਉ। ਜਦੋਂ ਸਿੰਘਾਂ ਨੇ ਇਸ ਬਹੁਰੂਪੀਏ ਨੂੰ ਚੁੱਕ ਕੇ ਸੰਤਾਂ ਦੇ ਸਾਹਮਣੇ ਪੇਸ਼ ਕੀਤਾ ਤਾਂ ਉਸ ਨੇ ਮੰਨਿਆ ਕਿ ਮੈਨੂੰ ਨਕਲੀ ਨਿਰੰਕਾਰੀ ਮੰਡਲ ਦੇ ਮੁਖੀ ਗੁਰਬਚਨ ਸਿੰਘ ਨੇ ਇਹ ਸਮਾਗਮ ਕਰਨ ਲਈ ਪੰਜ ਹਜ਼ਾਰ ਰੁਪਏ ਦਿੱਤੇ ਸਨ ਅਤੇ ਇਤਨੇ ਹੀ ਪੈਸੇ ਹੋਰ ਦੇਣ ਲਈ ਵਾਅਦਾ ਕੀਤਾ ਸੀ। ਇਸ ਸਮਾਗਮ ਵਿੱਚ ਉਸ ਨੇ ਆਪ ਆਉਣਾ ਸੀ ਜਦੋਂ ਉਸ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਡਰਦਾ ਰਸਤੇ ਵਿੱਚੋਂ ਹੀ ਮੁੜ ਗਿਆ। ਇਸ ਨਕਲੀ ਬੁਹਰੂਪੀਏ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਰਾਬਰੀ ਕਰਨ ਦੇ ਦੋਸ਼ ਵਿੱਚ ਸੰਗਤਾਂ ਦੇ ਸਾਹਮਣੇ ਉਸ ਦਾ ਮੂੰਹ ਕਾਲਾ ਕੀਤਾ ਗਿਆ। ਸੁਨਹਿਰੀ ਪਾਲਕੀ, ਚੌਰ ਅਤੇ ਛਤਰ ਗੁਰਦੁਆਰਾ ਭੱਠ ਸਾਹਿਬ ਭੇਟ ਕਰ ਦਿੱਤੇ ਗਏ। ਨਰਕਧਾਰੀਆਂ ਵਿੱਚ ਭਿਭਰਾਂ ਵਾਲੇ ਜੱਥੇ ਦੀ ਇਸ ਦਲੇਰੀ ਭਰਪੂਰ ਕਾਰਵਾਈ ਨਾਲ ਬਹੁਤ ਘਬਰਾਹਟ ਫੈਲ ਗਈ।

ਪਿਛਲੇ ਜਨਮਾਂ ਦੇ ਸਬੰਧਾਂ ਕਾਰਨ ਭਾਈ ਦਲਬੀਰ ਸਿੰਘ ਨੂੰ ਜੱਥੇ ਵਿੱਚ ਸ਼ਾਮਿਲ ਕਰਨਾ

ਸੰਨ 1974 ਵਿੱਚ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਦਾ ਸ੍ਰੀ ਮੁਕਤਸਰ ਸਾਹਿਬ ਵਿਖੇ ਸੱਤ ਦਿਨ ਦਾ ਕਥਾ ਕੀਰਤਨ ਪ੍ਰੋਗਰਾਮ ਬਣਿਆ ਹੋਇਆ ਸੀ। ਗੁਰਦੁਆਰਾ ਤੰਬੂ ਸਾਹਿਬ ਵਿਖੇ ਸ਼ਾਮ ਦੇ ਦੀਵਾਨ ਅੱਤੇ

Scanned with CamScanner

ਗੁਰਦੁਆਰਾ ਟੁੱਟੀ ਗੰਢੀ ਸਾਹਿਬ ਸਵੇਰ ਦੇ ਦੀਵਾਨ ਸਜਦੇ ਸਨ। ਇਲਾਕੇ ਦੀਆਂ ਸੰਗਤਾਂ ਟਰਾਲੀਆਂ ਭਰ ਕੇ ਦੂਰ-ਦੂਰ ਦੇ ਪਿੰਡਾਂ ਤੋਂ ਕਥਾ ਸੁਣਨ ਲਈ ਪਹੁੰਚਦੀਆਂ ਸਨ। ਇੱਕ ਦਿਨ ਸ਼ਾਮ ਦੀ ਕਥਾ ਵੇਲੇ ਸੰਤ ਮਹਾਂਪੁਰਖ, ਭਾਈ ਮਹਾਂ ਸਿੰਘ ਦੀ ਸਾਖੀ ਅਤੇ 40 ਮੁਕਤਿਆਂ ਦਾ ਇਤਿਹਾਸ ਸੁਣਾ ਰਹੇ ਸਨ। ਸੰਤਾਂ ਦੀ ਕਰਨੀ ਕਮਾਈ, ਵਿਦਵਤਾ ਅਤੇ ਅਸਰਦਾਇਕ ਸ਼ਬਦ ਹਰ ਇੱਕ ਗੁਰਸਿੱਖ ਲਈ ਸਿੱਖਿਆ ਭਰਪੂਰ ਸਨ। ਦਮਦਮੀ ਟਕਸਾਲ ਦਾ ਲਗਭਗ 150 ਸਿੰਘਾਂ ਦਾ ਜਥਾ ਇਤਿਹਾਸ ਦੀ ਕਥਾ ਸੁਣ ਰਿਹਾ ਸੀ ਅਤੇ ਇਲਾਕੇ ਭਰ ਦੀਆਂ ਸੰਗਤਾਂ ਦਾ ਇਕੱਠ ਕਥਾ ਦਾ ਅਨੰਦ ਮਾਣ ਰਿਹਾ ਸੀ। ਇਥੇ 20 ਕੁ ਸਾਲ ਦਾ ਇੱਕ ਨੌਜਵਾਨ ਜੋ ਕਿ ਭੈਣੀ ਸੰਗਤ ਹੋਣ ਕਾਰਨ ਸਿੱਖੀ ਤੋਂ ਪਤਿਤ ਸੀ ਅਤੇ ਜਿਸਦਾ ਰੋਜ਼ਾਨਾ ਦਾ ਕਿਰਤ ਕਾਰਜ ਵੀ ਸਿੱਖੀ ਅਸੂਲਾਂ ਮੁਤਾਬਿਕ ਨਹੀਂ ਸੀ। ਉਹ ਸ੍ਰੀ ਮੁਕਤਸਰ ਸਾਹਿਬ ਵਿਖੇ ਦਰਸ਼ਨਾਂ ਲਈ ਆਇਆ ਜਿਵੇਂ ਹੀ ਉਸ ਨੇ ਸਰੋਵਰ ਦੀ ਪਰਿਕਰਮਾ ਵਿੱਚ ਪ੍ਰਵੇਸ਼ ਕੀਤਾ ਤਾਂ ਉਸ ਦੇ ਕੰਨਾਂ ਵਿੱਚ ਦਿਲ ਖਿੱਚਵੀ ਆਵਾਜ਼ ਪਈ ਉਥੇ ਹੀ ਖੜ੍ਹ ਕੇ ਉਸ ਨੇ ਚੱਲ ਰਹੀ ਕਥਾ ਵਿੱਚੋਂ ਭਾਈ ਮਹਾਂ ਸਿੰਘ ਦੀ ਸਾਖੀ ਸੁਣੀ। ਸੰਤ ਜੀ ਕਹਿ ਰਹੇ ਸਨ ਕਿ ਪੁਰਾਤਨ ਗੁਰਸਿੱਖਾਂ ਨੇ ਸ਼ਹਾਦਤਾਂ ਦੇ ਕੇ ਬਹੁਤ ਵੱਡੀਆਂ ਕੁਰਬਾਨੀਆਂ ਸਦਕਾ ਹੱਥੀਂ ਲਿਖਿਆ ਬੇਦਾਵਾ ਪੜਵਾਇਆ ਅਤੇ ਸਤਿਗੁਰੂ ਕਲਗੀਧਰ ਪਾਤਸ਼ਾਹ ਪਾਸੋਂ ਟੁੱਟੀਆ ਗੰਢਾਈਆਂ। ਭਾਵ ਜੋ ਬੇਦਾਵਾ ਦੇ ਕੇ ਗੁਰੂ ਅਤੇ ਸਿੱਖ ਦਾ ਸਬੰਧ ਤੋੜ ਲਿਆ ਸੀ ਉਹ "ਗੁਰੂ ਅਤੇ ਸਿੱਖ" ਦਾ ਸਬੰਧ ਵਾਪਸ ਗੰਢਵਾ ਲਿਆ। ਇਸੇ ਕਰਕੇ ਹੀ ਇਸ ਸ਼ਬਾਨ ਦਾ ਨਾਮ 'ਟੁੱਟੀ ਗੰਢੀ' ਹੈ, ਉਨ੍ਹਾਂ ਦੱਸਿਆ ਕਿ ਕਿਵੇਂ ਮੁੱਠੀ ਭਰ ਸਿੰਘਾ ਨੇ 10 ਹਜਾਰ ਮੁਗਲੀਆ ਫੌਜਾਂ ਦਾ ਮੂੰਹ ਤੋੜਵਾਂ ਜਵਾਬ ਦਿੰਦਿਆਂ ਸ਼ਹਾਦਤਾਂ ਪ੍ਰਾਪਤ ਕੀਤੀਆਂ ਅਤੇ ਸਹਿਕਦੇ ਹੋਏ ਭਾਈ ਮਹਾਂ ਸਿੰਘ ਪਾਸ ਆਪ ਸਤਿਗੁਰੂ ਜੀ ਚੱਲ ਕੇ ਗਏ ਅਤੇ ਬਹੁਤ ਬਖਸ਼ਿਸ਼ਾਂ ਕੀਤੀਆਂ। ਭਾਈ ਮਹਾਂ ਸਿੰਘ ਨੂੰ ਕਿਹਾ ਕਿ ਜੇਕਰ ਤੂੰ ਚਾਹੇ ਤੇਰੀ ਉਮਰ ਲੰਮੀ ਕਰ ਦਿੰਦੇ ਹਾਂ ਅਤੇ ਸਿੱਖ ਫੌਜਾਂ ਦਾ ਜਰਨੈਲ ਥਾਪਦੇ ਹਾਂ, ਤੈਨੂੰ ਰਾਜਭਾਗ ਦਾ ਮਾਲਕ ਬਣਾ ਦਿਆਂਗੇ। ਪਰ ਭਾਈ ਮਹਾਂ ਸਿੰਘ ਨੇ ਜੋ ਕਿ ਅੰਤਿਮ ਸੁਆਸਾਂ 'ਤੇ ਸਨ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਡੀਆਂ ਭੁੱਲਾਂ ਬਖਸ਼ ਦੇਵੋ ਅਤੇ ਸਾਡਾ ਬੇਦਾਵਾ ਪਾੜ ਦੇਵੋ ਸਤਿਗੁਰੂ ਜੀ ਨੇ ਭਾਈ ਮਹਾਂ ਸਿੰਘ ਦੇ ਸਾਹਮਣੇ ਬੇਦਾਵਾ ਪਾੜਿਆ ਅਤੇ ਸਤਿਗੁਰੂ ਜੀ ਦੀ ਗੋਦ ਵਿੱਚ ਹੀ ਭਾਈ ਮਹਾਂ ਸਿੰਘ ਜੀ ਸ਼ਹਾਦਤ ਪਾ ਗਏ।

ਸੰਤਾਂ ਨੇ ਬਹੁਤ ਹੀ ਗੰਭੀਰਤਾ ਨਾਲ ਸੰਗਤਾਂ ਨੂੰ ਬੇਨਤੀ ਕੀਤੀ ਕਿ ਅੱਜ ਅਸੀਂ ਜਾਣੇ ਜਾਂ ਅਣਜਾਣੇ ਵਿੱਚ ਸਿੱਖੀ ਤੋਂ ਪਤਿਤ ਹੋ ਕੇ ਗੁਰੂ ਦੇ ਬੇਦਾਵੀਏ ਬਣ ਰਹੇ ਹਾਂ ਸਾਨੂੰ ਸਭ ਗੁਰਸਿੱਖ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਕਲਗਧੀਰ ਦੇ ਪੁੱਤਰ ਪੁੱਤਰੀਆਂ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਨੁੱਖਾ ਜੀਵਨ ਕਿਤੇ ਭੈੜੇ ਕੰਮਾਂ ਅਤੇ ਵਿਸ਼ਿਆਂ ਵਿਕਾਰਾਂ ਵਿੱਚ ਹੀ ਨਾ ਬੀਤ ਜਾਵੇ। ਇਹ ਅਨਮੋਲ ਜਨਮ ਸਤਿਗੁਰੂ ਦੇ ਸੰਦੇਸ਼ ਮੁਤਾਬਿਕ ਸਫਲਾ ਕਰਨਾ ਚਾਹੀਦਾ ਹੈ। ਅਜਿਹੇ ਹੋਰ ਵੀ ਸਿੱਖਿਆ ਭਰਪੂਰ ਵਿਖਿਆਨ ਕੀਤੇ ਗਏ ਜਿਸ ਦਾ ਇਸ ਨੌਜਵਾਨ ਉਪਰ ਭਾਰੀ ਅਸਰ ਹੋਇਆ। ਉਸ ਨੇ ਆਸੇ ਪਾਸੇ ਤੋਂ ਪਤਾ ਕੀਤਾ ਕਿ ਇਹ ਕਥਾ ਕਰਨ ਵਾਲਾ ਕੌਣ ਹੈ? ਤਾਂ ਉਸ ਨੂੰ ਪਤਾ ਲੱਗਾ ਕਿ ਇਹ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਹਨ। ਕਥਾ ਦੀ ਸਮਾਪਤੀ ਹੋਈ। ਉਸੇ ਦਿਨ ਹੀ ਜਥੇ ਨੇ ਸ੍ਰੀ ਗੰਗਾ ਨਗਰ ਵਿਖੇ ਸੱਤ ਦਿਨ ਦੇ ਧਾਰਮਿਕ ਪ੍ਰੋਗਰਾਮ ਲਈ ਰਵਾਨਾ ਹੋਣਾ ਸੀ। ਜਦੋਂ ਸੰਗਤਾਂ ਤੋਂ ਵਿਦਾਇਗੀ ਲੈ ਕੇ ਜਥੇ ਦੇ ਸਿੰਘ ਬੱਸਾਂ ਵਿੱਚ ਸਵਾਰ ਹੋ ਕੇ ਇਥੋਂ ਚੱਲੇ ਤਾਂ ਉਹ ਨੌਜਵਾਨ ਵੀ ਕੋਸ਼ਿਸ਼ ਕਰਦਾ ਰਿਹਾ ਕਿ ਜਥੇ ਦੇ ਸਿੰਘਾਂ ਦੀ ਬੱਸ ਵਿੱਚ ਚੜ੍ਹ ਜਾਵੇ, ਪਰ ਪਤਿਤ, ਘੋਨਾ-ਮੋਨਾ ਅਤੇ ਜਾਣ ਪਛਾਣ ਨਾ ਹੋਣ ਕਾਰਨ ਜਥੇ ਦੇ ਸਿੰਘਾਂ ਨੇ ਬੱਸ ਵਿੱਚ ਨਾ ਚੜ੍ਹਨ ਦਿੱਤਾ, ਪਰ ਉਹ ਚੱਲਦੀ ਬੱਸ ਦੇ ਪਿੱਛੇ ਪੌੜੀਆਂ 'ਤੇ ਚੜ੍ਹ ਗਿਆ ਅਤੇ ਬੱਸ ਦੀ ਛੱਤ 'ਤੇ ਬੈਠ ਕੇ ਜਥੇ ਦੇ ਨਾਲ ਹੀ ਸ੍ਰੀ ਗੰਗਾ ਨਗਰ ਵਿਖੇ ਪਹੁੰਚ ਗਿਆ। ਉਥੇ ਲਾਇਲਪੁਰੀ ਸਰਦਾਰਾਂ ਦੇ ਬਾਗ ਵਿੱਚ ਜਥਾ ਸੰਗਤ ਦਾ ਉਤਾਰਾ ਸੀ। ਜਥੇ ਦੇ ਪਹੁੰਚਣ ਤੱਕ ਕਾਫੀ ਹਨੇਰਾ ਹੋ ਚੁੱਕਾ ਸੀ। ਅਗਲੇ ਸਵੇਰ ਦੇ ਦੀਵਾਨ ਦੀ ਕਥਾ ਤੋਂ ਬਾਅਦ ਇਸ ਨੌਜਵਾਨ ਨੇ ਕਈ ਸਿੰਘਾਂ ਨੂੰ ਪੁੱਛਿਆ ਕਿ ਮੈਂ ਇਸ ਜਥੇ ਵਿੱਚ ਸ਼ਾਮਿਲ ਹੋ ਸਕਦਾਂ? ਪਰ ਕਿਸੇ ਨੇ ਹਾਂ ਨਾ ਭਰੀ। ਅਖੀਰ ਕੁੱਝ ਸਿੰਘਾਂ ਨੇ ਉਸ ਨੂੰ ਭਾਈ ਜਰਨੈਲ ਸਿੰਘ ਅਭਿਆਸੀ ਨਾਲ ਗੱਲ ਕਰਨ ਲਈ ਕਿਹਾ ਜੋ ਕਿ ਬਾਹਰ ਬਾਗ ਵਿੱਚ ਵਿਦਿਆਰਥੀ ਸਿੰਘਾਂ ਨੂੰ ਸੰਥਿਆ ਪੜ੍ਹਾ ਰਹੇ ਸਨ। ਜਦੋਂ ਤੱਕ ਉਹ ਸਿੰਘਾਂ ਨੂੰ ਸੰਥਿਆ ਪੜ੍ਹਾਉਂਦੇ ਰਹੇ ਤਾਂ ਇਹ ਨੌਜਵਾਨ ਵੀ ਉੱਥੇ ਬੈਠ ਕੇ ਬਾਣੀ ਸੁਣਦਾ ਰਿਹਾ। ਜਦੋਂ ਸੰਥਿਆ ਕਰਵਾ ਕੇ ਭਾਈ ਜਰਨੈਲ ਸਿੰਘ ਅਭਿਆਸੀ ਉੱਥੋਂ ਉੱਠੇ ਤਾਂ ਉਸ ਨੌਜਵਾਨ

Scanned with CamScanner

ਨੇ ਪੁੱਛਿਆ ਕਿ ਮੈਂ ਇਸ ਜਥੇ ਵਿੱਚ ਰਹਿ ਕੇ ਬਾਣੀ ਸਿੱਖਣਾ ਚਾਹੁੰਦਾ ਹਾਂ ਤਾਂ ਉਨ੍ਹਾਂ ਪੁੱਛਿਆ ਭਾਈ ਤੇਰਾ ਕਿਹੜਾ ਪਿੰਡ ਹੈ ਅਤੇ ਤੇਰਾ ਕੀ ਨਾਮ ਹੈ? ਤਾਂ ਉਸ ਨੇ ਦੱਸਿਆ ਕਿ ਮੇਰਾ ਨਾਮ ਦਲਬੀਰ ਸਿੰਘ ਹੈ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਨੇੜੇ ਹੀ ਮੇਰਾ ਪਿੰਡ ਧਿਗਾਣਾ ਹੈ। ਉਸ ਦੀ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਭਾਈ ਜਰਨੈਲ ਸਿੰਘ ਅਭਿਆਸੀ ਨੇ ਕਿਹਾ ਕਿ ਸੰਤਾਂ ਨੂੰ ਬੇਨਤੀ ਕਰ ਲੈਂਦੇ ਹਾਂ ਜੇਕਰ ਉਨ੍ਹਾਂ ਆਗਿਆ ਦਿੱਤੀ ਤਾਂ ਤੂੰ ਜਥੇ ਵਿੱਚ ਰਹਿ ਸਕਦਾ ਹੈਂ, ਉਨ੍ਹਾਂ ਦੀ ਆਗਿਆ ਤੋਂ ਬਿਨਾਂ ਨਹੀਂ। ਤਾਂ ਉਸ ਨੇ ਕਿਹਾ ਭੁਸੀਂ ਮੈਨੂੰ ਸੰਤਾਂ ਨੂੰ ਮਿਲਾਉ ਅਤੇ ਮੇਰੇ ਲਈ ਸੰਤਾਂ ਨੂੰ ਬੇਨਤੀ ਵੀ ਕਰੋ।

ਉਸ ਸਮੇਂ ਸੰਤ ਜੀ ਵੀ ਕੁੱਝ ਸਿੰਘਾਂ ਨਾਲ ਬਾਗ ਵਿੱਚ ਦੀ ਲੰਘ ਰਹੇ ਸੂਏ (ਛੋਟੀ ਨਹਿਰ) ਦੇ ਕੰਢੇ ਚੱਲਦੇ ਫਿਰਦੇ ਬਾਣੀ ਸੁਣ ਰਹੇ ਸਨ ਤਾਂ ਦਲਬੀਰ ਸਿੰਘ ਦੀ ਸੁਭਾਵਿਕ ਹੀ ਬਾਂਹ ਫੜਕੇ ਭਾਈ ਜਰਨੈਲ ਸਿੰਘ ਜੀ ਸੰਤਾਂ ਵੱਲ ਨੂੰ ਤੁਰ ਪਏ। ਜਦੋਂ ਸੰਤਾਂ ਦੇ ਨੇੜੇ ਪਹੁੰਚੇ ਤਾਂ ਸੰਤਾਂ ਨੇ ਬਹੁਤ ਹੀ ਗੰਭੀਰਤਾ ਨਾਲ ਦੋਵਾਂ ਵੱਲ ਤੱਕਿਆ ਅਤੇ ਇਹ ਬਚਨ ਕਹੇ, "ਅਭਿਆਸੀ ਜੀਓ। ਜਿਵੇਂ ਕੂੰਜਾਂ ਆਪਣੇ ਬੱਚੇ ਬਹੁਤ ਦੂਰ ਦੁਰਾਡੇ ਛੱਡ ਆਉਂਦੀਆਂ ਹਨ ਪਰ ਉਹ ਸਮੇਂ ਅਨੁਸਾਰ ਆਪਣੇ ਪਰਿਵਾਰ ਵਿੱਚ ਮਿਲ ਹੀ ਪੈਂਦੇ ਹਨ। ਇਸੇ ਤਰ੍ਹਾਂ ਇਸ ਨੌਜਵਾਨ ਦਾ ਵੀ ਆਪਣੇ ਨਾਲ ਪੁਰਾਣਾ ਸਬੰਧ ਹੈ। ਸਮੇਂ ਅਤੇ ਕਰਮਾਂ ਅਨੁਸਾਰ ਇਹ ਸਿੱਖੀ ਤੋਂ ਦੂਰ ਹੋ ਚੁੱਕਾ ਸੀ ਹੁਣ ਕਲਗੀਧਰ ਮਹਾਰਾਜ ਆਪ ਹੀ ਕ੍ਰਿਪਾ ਕਰਨਗੇ ਅਤੇ ਨਾਲ ਹੀ ਕਿਹਾ ਜਿਵੇਂ ਤੂੰ ਇਸ ਦੀ ਬਾਂਹ ਫੜੀ ਹੈ ਇਸੇ ਤਰ੍ਹਾਂ ਸਦਾ ਫੜ੍ਹ ਕੇ ਰੱਖੀਂ, ਅਤੇ ਇਸ ਨੂੰ ਅੰਮ੍ਰਿਤ ਛਕਾ ਕੇ ਤਿਆਰ-ਬਰ-ਤਿਆਰ ਕਰੇ ਅਤੇ ਇਸ ਦੀ ਸੰਥਿਆ ਵੀ ਆਰੰਭ ਕਰਵਾਉ।" ਨਾਲ ਹੀ ਇਹ ਬਚਨ ਵੀ ਕਹੇ ਕਿ ਅਭਿਆਸੀਆ ਪੂਰਾ ਧਿਆਨ ਰੱਖੀਂ ਇਹ ਸਿੰਘ ਸਿੱਖੀ ਸਿਧਾਂਤਾਂ ਲਈ ਕੰਮ ਆਵੇਗਾ। ਜਿਸ ਦਿਨ ਸ੍ਰੀ ਗੰਗਾ ਨਗਰ ਵਿਖੇ ਅੰਮ੍ਰਿਤ ਸੰਚਾਰ ਹੋਇਆ ਤਾਂ ਭਾਈ ਦਲਬੀਰ ਸਿੰਘ ਤਿਆਰ-ਬਰ-ਤਿਆਰ ਸਿੰਘ ਸਜ ਗਿਆ ਅਤੇ ਇਸ ਦੀ ਗੁਰਬਾਣੀ ਸਿੱਖਣ ਦੀ, ਸੰਥਿਆ ਪੜ੍ਹਾਉਣ ਦੀ ਜ਼ਿੰਮੇਵਾਰੀ ਵੀ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਹੀ ਸੌਂਪੀ ਗਈ। ਉਹ ਸੰਥਿਆ ਵੀ ਪੜ੍ਹਦਾ ਅਤੇ ਜਥੇ ਵਿੱਚ ਰਹਿਣ ਵਾਲੇ ਸਿੰਘਾਂ ਤੋਂ ਅਤੇ ਖਾਸ ਕਰਕੇ ਭਾਈ ਜਰਨੈਲ ਸਿੰਘ ਜੀ ਦੇ ਜੀਵਨ ਤੋਂ ਬਹੁਤ ਪ੍ਰਭਾਵਿਤ ਹੋਇਆ ਚੁੱਪ ਚਪੀਤੇ ਸੰਥਿਆ ਦੇ ਨਾਲ-ਨਾਲ ਪਹਿਲਾਂ ਮੂਲ ਮੰਤਰ ਅਤੇ ਜਪੁਜੀ ਸਾਹਿਬ ਜੀ ਦੀ ਸੰਥਿਆ ਪੂਰੀ ਹੋਣ ਉਪਰੰਤ ਦਿਨ ਭਰ ਜਦੋਂ ਵੀ ਸਮਾਂ ਮਿਲੇ ਉਹ ਜਪੁਜੀ ਸਾਹਿਬ ਦੇ ਪਾਠ ਕਰਦਾ ਰਹਿੰਦਾ। ਕੁੱਝ ਸਮੇਂ ਵਿੱਚ ਉਸ ਨੇ ਪੰਜ ਬਾਣੀਆਂ ਯਾਦ ਕਰ ਲਈਆਂ ਅਤੇ ਸਾਲ ਕੁ ਜਥੇ ਵਿੱਚ ਰਹਿੰਦਿਆਂ ਜਥੇ ਦੇ ਨਿਯਮ ਸਿੱਖ ਗਿਆ ਅਤੇ ਇਸ ਉਪਰੰਤ ਪੰਜਾਂ ਪਿਆਰਿਆਂ ਦੀ ਸੇਵਾ ਵਿੱਚ ਲੱਗ ਕੇ ਸੇਵਾ ਨਿਭਾਉਂਦਾ ਰਿਹਾ। ਸਮੇਂ ਸਮੇਂ ਭਾਈ ਜਰਨੈਲ ਸਿੰਘ ਜੀ, ਭਾਈ ਦਲਬੀਰ ਸਿੰਘ ਅੱਗੇ ਸ਼ਹੀਦ ਸਿੰਘਾਂ ਦੀਆਂ ਸਾਖੀਆਂ ਅਤੇ ਨਾਮ ਅਭਿਆਸ ਦਾ ਜਿਕਰ ਕਰਦੇ ਰਹਿੰਦੇ ਕਿ ਕਿਵੇਂ ਪੁਰਾਤਨ ਸਿੰਘ ਨਾਮ ਅਭਿਆਸੀ ਸਨ, ਗੁਰਬਾਣੀ ਦਾ ਸਤਿਕਾਰ ਕਰਦੇ ਸਨ ਅਤੇ ਸਮਾਂ ਆਉਣ 'ਤੇ ਧੌਂਸ ਲਈ ਆਪਾ ਵਾਰਨ ਲਈ ਤਤਪਰ ਰਹਿੰਦੇ ਸਨ। ਇਸ ਸਿੱਖਿਆ ਦਾ ਵੀ ਭਾਈ ਦਲਬੀਰ ਸਿੰਘ 'ਤੇ ਭਾਰੀ ਅਸਰ ਸੀ ਅਤੇ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਤੋਂ ਕਥਾ ਸੁਣਦਿਆਂ ਜਾਂ ਸੰਤਾਂ ਦੇ ਨੇੜੇ ਰਹਿੰਦਿਆਂ ਉਨ੍ਹਾਂ ਦੇ ਨਿਤਾਪ੍ਰਤੀ ਦੇ ਕ੍ਰਿਤੱਵਿਆਂ, ਉਨ੍ਹਾਂ ਦਾ ਨਾਮ ਸਿਮਰਨ, ਨਿੱਤਨੇਮ ਵੇਖ ਕੇ ਭਾਈ ਦਲਬੀਰ ਸਿੰਘ ਆਤਮਿਕ ਤੌਰ 'ਤੇ ਭਾਰੀ ਪ੍ਰਸੰਨਤਾ ਪ੍ਰਾਪਤ ਕਰ ਚੁੱਕਾ ਸੀ।

ਜਦੋਂ ਭਾਈ ਜਰਨੈਲ ਸਿੰਘ ਜੀ ਅਭਿਆਸੀ ਦਮਦਮੀ ਟਕਸਾਲ ਦੇ ਮੁਖੀ ਬਣੇ ਉਦੋਂ ਤੱਕ ਭਾਈ ਦਲਬੀਰ ਸਿੰਘ ਦੇ ਨਾਮ ਅਭਿਆਸ ਦਾ ਜਥੇ ਦੇ ਸਿੰਘਾਂ ਨੂੰ ਪਤਾ ਲੱਗ ਚੁੱਕਾ ਸੀ। ਇਸ ਲਈ ਇਸ ਦਾ ਨਾਮ ਵੀ 'ਅਭਿਆਸੀ' ਪੈ ਗਿਆ। ਇਹ ਉਹੀ ਦਲਬੀਰ ਸਿੰਘ ਹੈ ਜਿਸ ਨੇ ਗੁਰੂ ਸਾਹਿਬਾਂ ਅਤੇ ਗੁਰਬਾਣੀ ਦਾ ਨਿਰਾਦਰ ਨਾ ਝੱਲਦਿਆਂ ਹੋਇਆਂ ਹਿੰਦ ਸਮਾਚਾਰ ਸਮੂਹ ਦੇ ਮਾਲਕ ਲਾਲਾ ਜਗਤ ਨਾਰਾਇਣ ਨੂੰ ਆਪਣੇ ਸਾਥੀ ਸਿੰਘਾਂ ਦੀ ਮਦਦ ਨਾਲ ਸੋਧ ਦਿੱਤਾ ਸੀ। ਬਾਅਦ ਵਿੱਚ ਗੁਰਬਾਣੀ ਦੇ ਨਿੰਦਕਾਂ ਨੂੰ ਸਬਕ ਸਿਖਾਉਂਦਾ ਰਿਹਾ। ਅਖੀਰ ਜਦੋਂ ਧਰਮਯੁੱਧ ਮੋਰਚਾ ਲੱਗਾ ਤਾਂ ਇਸ ਨੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਤੋਂ ਪ੍ਰਭਾਵਿਤ ਹੋ ਕੇ ਗੁਰੂਧਾਮਾਂ ਪ੍ਰਤੀ ਪੂਰੀ ਦ੍ਰਿੜ੍ਹਤਾ ਨਾਲ ਵਫਾਦਾਰੀ ਨਿਭਾਈ ਅਤੇ ਪੁਰਾਤਨ ਸਿੰਘਾਂ ਵਾਂਗ ਆਪਣਾ ਜਨਮ ਸਫਲਾ ਕੀਤਾ। ਉਹ ਬਹੁਤ ਘੱਟ ਸੌਂਦਾ ਅਤੇ ਬਹੁਤ ਘੱਟ ਬੋਲਦਾ। ਕਈ ਵਾਰ ਸਾਰੀ ਸਾਰੀ ਰਾਤ ਪਵਿੱਤਰ ਸਰੋਵਰ ਵਿੱਚ ਖੜ੍ਹਾ ਹੋ ਕੇ ਜਾਪ ਕਰਦਾ ਰਹਿੰਦਾ ਅਤੇ ਕਈ ਵਾਰ ਪਰਿਕਰਮਾ ਵਿੱਚ ਬੈਠ ਕੇ ਸਿਮਰਨ ਭਜਨ ਵਿੱਚ ਲੀਨ ਰਹਿੰਦਾ। ਉਹ ਨਾਮ ਅਭਿਆਸ ਵਿੱਚ ਇੰਨਾ ਕੁ ਪ੍ਰਪੱਕ ਹੋ

Scanned with CamScanner

ਚੁੱਕਾ ਸੀ ਕਿ ਉਸ ਦਾ ਜੀਵਨ ਨਾਲ ਦੇ ਸਿੰਘਾਂ ਲਈ ਵੀ ਸਿੱਖਿਆਦਾਇਕ ਬਣ ਗਿਆ ਸੀ। ਅਖੀਰ ਜੂਨ 1984 ਦੇ ਘੱਲੂਘਾਰੇ ਸਮੇਂ ਗੁਰੂ ਘਰ 'ਤੇ ਹਮਲਾਵਰ ਹੋ ਕੇ ਆਈਆਂ ਫੌਜਾਂ ਦਾ ਮੂੰਹ ਤੋੜਵਾਂ ਜਵਾਬ ਦਿੰਦਿਆਂ ਹੋਇਆਂ ਉਥੇ ਹੀ ਟਕਸਾਲ ਦੇ ਸਾਥੀ ਸਿੰਘਾਂ ਨਾਲ ਸ਼ਹਾਦਤ ਦਾ ਜਾਮ ਪੀ ਗਿਆ।

ਵਰਨਣਯੋਗ ਹੈ ਕਿ ਜਿਵੇਂ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਨੇ ਭਾਈ ਦਲਬੀਰ ਸਿੰਘ ਨੂੰ ਵੇਖਦਿਆਂ ਹੀ ਉਸ ਦਾ ਪਿਛਲਾ ਅਤੇ ਭਵਿੱਖ ਦਾ ਸਾਰਾ ਜੀਵਨ ਜਾਂਚ ਲਿਆ ਸੀ। ਇਸੇ ਤਰ੍ਹਾਂ ਹੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਜੀ ਨੇ ਵੀ ਉਸ ਦੇ ਜੀਵਨ 'ਤੇ ਡੂੰਘੀ ਝਾਤ ਮਾਰਦਿਆਂ ਉਸ ਨੂੰ ਜਥੇ ਵਿੱਚ ਰਹਿਣ ਲਈ ਸੰਤ ਬਾਬਾ ਕਰਤਾਰ ਸਿੰਘ ਜੀ ਪਾਸ ਲੈ ਕੇ ਗਏ ਸਨ।

ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਵਿਸ਼ੇਸ਼ ਸਿਮਰਨ

ਪਹਿਲਾਂ ਦੀ ਤਰ੍ਹਾਂ ਹੀ ਸਮੁੱਚੇ ਜੱਥੇ ਦਾ ਪ੍ਰੋਗਰਾਮ ਪੰਜਾਬ ਤੋਂ ਬਾਹਰ ਬੰਬੇ, ਕਲਕੱਤੇ, ਭਲਾਈ ਨਗਰ, ਦੁਰਗ, ਨਾਗਪੁਰ, ਸ੍ਰੀ ਪਟਨਾ ਸਾਹਿਬ, ਸ੍ਰੀ ਹਜ਼ੂਰ ਸਾਹਿਬ ਦਾ ਬਣਿਆ। ਇਹ ਲਗਭਗ ਤਿੰਨ ਮਹੀਨੇ ਦਾ ਧਰਮ ਪ੍ਰਚਾਰ ਦਾ ਦੌਰਾ ਸੀ, ਕਥਾ ਕੀਰਤਨ ਕਰਦਿਆਂ ਅਤੇ ਅੰਮ੍ਰਿਤ ਛਕਾਉਂਦਿਆਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਦਿਆਂ ਸਿੱਖੀ ਦੀਆਂ ਮੁੱਢਲੀਆਂ ਸਿੱਖਿਆਵਾਂ ਦਿੰਦਿਆਂ, ਸੰਤ ਕਰਤਾਰ ਸਿੰਘ ਜੀ ਖ਼ਾਲਸਾ ਜਥੇ ਸਮੇਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਪਹੁੰਚੇ। ਇੱਥੇ ਦਸ ਦਿਨ ਦਾ ਪ੍ਰੋਗਰਾਮ ਸੀ ਅਤੇ ਰੋਜ਼ਾਨਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਕਥਾ ਕਰਿਆ ਕਰਦੇ ਸਨ। ਦੂਰ ਦੁਰੇਡੇ ਤੋਂ ਜੋ ਸੰਗਤਾਂ ਤਖ਼ਤ ਸਾਹਿਬ ਦੇ ਦਰਸ਼ਨਾਂ ਵਾਸਤੇ ਇੱਥੇ ਪਹੁੰਚੀਆਂ ਹੋਈਆਂ ਸਨ, ਉਹ ਵੀ ਵਿਸ਼ੇਸ਼ ਤੌਰ 'ਤੇ ਕਥਾ ਦੀ ਹਾਜ਼ਰੀ ਭਰਦੀਆਂ। ਇੱਕ ਦਿਨ ਕਥਾ ਕਰਦਿਆਂ ਮਹਾਂਪੁਰਖਾਂ ਨੇ ਦੱਸਿਆ ਕਿ ਇਹ ਅਸਥਾਨ ਕਲਗੀਧਰ ਪਾਤਸ਼ਾਹ ਵੱਲੋਂ ਵਰੋਸਾਇਆ ਹੋਇਆ ਹੈ। ਅਜਿਹੇ ਥਾਵਾਂ 'ਤੇ ਕੀਤਾ ਹੋਇਆ ਸਿਮਰਨ ਭਜਨ ਹੋਰ ਵੀ ਵੱਧ ਲਾਭਦਾਇਕ ਹੁੰਦਾ ਹੈ ਅਤੇ ਆਤਮਿਕ ਅਵਸਥਾ ਪ੍ਰਪੱਕ ਹੁੰਦੀ ਹੈ। ਇਹ ਬਚਨ ਸੁਣਦਿਆਂ ਹੀ ਭਾਈ ਜਰਨੈਲ ਸਿੰਘ ਅਭਿਆਸੀ ਨੇ ਮਨ ਬਣਾਇਆ ਕਿ ਕੁੱਝ ਸਮਾਂ ਇਸ ਅਸਥਾਨ 'ਤੇ ਰਹਿ ਕੇ ਵਿਸ਼ੇਸ਼ ਤੌਰ 'ਤੇ ਸਿਮਰਨ ਬੰਦਗੀ ਕੀਤੀ ਜਾਵੇ। ਇਸ ਪ੍ਰਤੀ ਉਨ੍ਹਾਂ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਤੋਂ ਆਗਿਆ ਲਈ। ਸੰਤਾਂ ਨੇ ਖ਼ੁਸ਼ੀ ਨਾਲ ਕਿਹਾ ਕਿ ਭਾਈ ਹੋਰ ਵੀ ਕੋਈ ਸਿੰਘ ਭਾਈ ਅਭਿਆਸੀ ਨਾਲ ਇੱਥੇ ਰਹਿ ਕੇ ਭਜਨ ਬੰਦਗੀ ਕਰਨਾ ਚਾਹੁੰਦਾ ਹੈ ਤਾਂ ਉਹ ਰਹਿ ਸਕਦਾ ਹੈ ਅਤੇ ਜੱਥੇ ਨੇ ਪੰਜ ਦਿਨ ਹੋਰ ਇੱਥੇ ਰੁਕਣਾ ਹੈ। ਉਦੋਂ ਤੱਕ ਜੋ ਵੀ ਗੁਰਮਤਾ ਬਣੇ ਉਹ ਸਾਨੂੰ ਦੱਸ ਦੇਣਾ। ਇਸ ਤਰ੍ਹਾਂ ਵਿਚਾਰਾਂ ਕਰਦਿਆਂ 10 ਕੁ ਸਿੰਘ ਭਾਈ ਜਰਨੈਲ ਸਿੰਘ ਅਭਿਆਸੀ ਨਾਲ ਇੱਥੇ ਰਹਿ ਕੇ ਸਿਮਰਨ ਭਜਨ ਕਰਨ ਲਈ ਤਿਆਰ ਹੋ ਗਏ, ਜਿਨ੍ਹਾਂ ਵਿੱਚ ਰਾਗੀ ਰਾਮ ਸਿੰਘ, ਭਾਈ ਦਲਬੀਰ ਸਿੰਘ, ਭਾਈ ਸਵਰਨ ਸਿੰਘ, ਭਾਈ ਠਾਕੁਰ ਸਿੰਘ ਪਟਿਆਲਾ, ਭਾਈ ਜਰਨੈਲ ਸਿੰਘ ਬਹਿਲਾ, ਭਾਈ ਗੁਰਦੇਵ ਸਿੰਘ ਅਸਮਾਨ ਵਾਲਾ, ਭਾਈ ਹੀਰਾ ਸਿੰਘ ਅਤੇ ਦਾਸ (ਭਾਈ ਜਸਵੀਰ ਸਿੰਘ) ਸ਼ਾਮਿਲ ਸਨ। ਜੱਥੇ ਦੀ ਰਵਾਨਗੀ ਤੋਂ ਉਪਰੰਤ ਸਾਰੇ ਸਿੰਘਾਂ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਅਰਦਾਸ ਕਰਕੇ ਵਿਸ਼ੇਸ਼ ਸਿਮਰਨ ਭਜਨ ਦੀ ਆਰੰਭਤਾ ਕੀਤੀ।

ਯਾਦ ਰਹੇ ਕਿ ਹਰ ਇੱਕ ਸਿੰਘ ਦੀ ਦਿਲੀ ਇੱਛਾ ਸੀ ਕਿ ਘੱਟੋ ਘੱਟ ਸ੍ਰੀ ਜਪੁਜੀ ਸਾਹਿਬ ਜੀ ਦਾ 101 ਪਾਠ ਰੋਜ਼ਾਨਾ ਜਾਂ ਚਾਲੀ ਦਿਨਾਂ ਵਿੱਚ ਸਵਾ ਲੱਖ ਮੂਲ ਮੰਤਰ (ੴ ਤੋਂ ਨਾਨਕ ਹੋਸੀ ਭੀ ਸਚੁ ਤੱਕ ਕੀਤਾ ਜਾਵੇ। ਇਸ ਤਰ੍ਹਾਂ ਸਭ ਸਿੰਘ ਦਿਨ ਰਾਤ ਆਪੋ-ਆਪਣੇ ਹਿਸਾਬ ਨਾਲ ਸਿਮਰਨ ਵਿੱਚ ਜੁੱਟ ਗਏ, ਪਰ ਕਈ ਸਿੰਘਾਂ ਦਾ ਇੰਨਾ ਸਮਾਂ ਸਿਮਰਨ ਕਰਨ ਦਾ ਅਭਿਆਸ ਨਹੀਂ ਸੀ। ਇਸ ਲਈ ਉਨ੍ਹਾਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ, ਪਰ ਫਿਰ ਵੀ ਆਪਣੇ ਅਕੀਦੇ ਉੱਪਰ ਦ੍ਰਿੜ ਰਹਿ ਕੇ ਸਿਮਰਨ ਭਜਨ ਲਈ ਡਟੇ ਰਹੇ। ਇਨ੍ਹਾਂ 40 ਦਿਨਾਂ ਵਿੱਚ ਸਾਡੇ ਸਾਰਿਆਂ ਵਿੱਚੋਂ ਕਿਸੇ ਨੇ ਵੀ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਅਰਾਮ ਕਰਦਿਆਂ ਨਹੀਂ ਵੇਖਿਆ, ਬਲਕਿ ਉਹ ਸਭ ਨੂੰ ਹੌਸਲਾ ਦਿੰਦੇ ਰਹੇ ਕਿ ਇਹ ਜ਼ਿੰਦਗੀਆਂ ਅਤੇ ਜਵਾਨੀਆਂ ਵਾਰ-ਵਾਰ ਹਾਸਲ ਨਹੀਂ ਹੋਣੀਆਂ। ਇਸ ਲਈ ਦ੍ਰਿੜ੍ਹਤਾ ਨਾਲ ਲਏ ਹੋਏ ਫੈਸਲੇ 'ਤੇ ਖ਼ੁਸ਼ੀ-ਖ਼ੁਸ਼ੀ ਪਹਿਰਾ ਦੇਣਾ ਚਾਹੀਦਾ ਹੈ। ਜਦੋਂ 40 ਦਿਨ ਪੂਰੇ ਹੋਏ ਤਾਂ ਭਾਈ ਜਰਨੈਲ ਸਿੰਘ ਅਭਿਆਸੀ ਨੇ ਸਾਰੇ ਸਿੰਘਾਂ ਨੂੰ ਨਾਲ ਲੈ ਕੇ ਕਿਹਾ ਕਿ ਕੁਝ ਦਿਨ ਮਾਤਾ ਸਾਹਿਬ ਕੌਰ ਦੇ ਅਸਥਾਨ 'ਤੇ ਵੀ ਸਿਮਰਨ

Scanned with CamScanner

ਭਜਨ ਕਰਨਾ ਚਾਹੀਦਾ ਹੈ ਤਾਂ ਸਭ ਸਿੰਘ ਮਾਤਾ ਸਾਹਿਬ ਕੌਰ ਦੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਉਸੇ ਤਰ੍ਹਾਂ ਹੀ ਸਿਮਰਨ ਭਜਨ ਕਰਦੇ ਰਹੇ। ਲਗਭਗ ਇੱਕ ਹਫਤਾ ਇੱਥੇ ਰਹਿ ਕੇ ਸਭਨਾਂ ਨੇ ਇਹ ਨਿਯਮ ਨਿਭਾਇਆ। ਇਸੇ ਤਰ੍ਹਾਂ ਇੱਕ ਦਿਨ ਗੁਰਦੁਆਰਾ ਸਾਹਿਬ ਦੇ ਬਾਹਰ ਨਦੀ ਦੇ ਕਿਨਾਰੇ ਬੈਠਿਆਂ ਸੁਭਾਵਕ ਹੀ ਭਾਈ ਜਰਨੈਲ ਸਿੰਘ ਅਭਿਆਸੀ ਨੇ ਕਿਹਾ ਕਿ ਜੋ ਰਾਤ ਦੇ ਲੰਗਰ ਸਮੇਂ ਮਾਤਾ ਸਾਹਿਬ ਦੇਵ ਕੌਰ ਜੀ ਵੱਲੋਂ ਲੰਗਰ ਵਿੱਚ ਐਸੀ ਕਲਾ ਵਰਤਾਈ ਕਿ ਲੰਗਰ ਛਕ ਕੇ ਐਸਾ ਆਨੰਦ ਆਇਆ ਜੋ ਜਿੰਦਗੀ ਵਿੱਚ ਕਦੇ ਵੀ ਨਹੀਂ ਆਇਆ। ਜਦ ਸਿੰਘਾਂ ਨੇ ਇਸ ਬਾਰੇ ਦੁਬਾਰਾ ਪੁੱਛਿਆ ਤਾਂ ਉਹ ਉਸ ਨੂੰ ਟਾਲ ਗਏ। ਕਹਿਣ ਲੱਗੇ ਕਿ ਸਾਰਾ ਲੰਗਰ ਮਾਤਾ ਜੀ ਦਾ ਹੀ ਹੈ। ਜੋ ਵੀ ਸੰਗਤਾਂ ਇੱਥੇ ਲੰਗਰ ਛਕਦੀਆਂ ਹਨ, ਉਹ ਮਾਤਾ ਜੀ ਦੇ ਲੰਗਰ ਵਿੱਚੋਂ ਹੀ ਛੱਕਦੀਆਂ ਹਨ, ਪਰ ਨਾਲ ਦੇ ਸਿੰਘ ਉਪਰੋਕਤ ਕਹੇ ਬਚਨਾਂ ਵਿੱਚੋਂ ਬਹੁਤ ਕੁੱਝ ਸਮਝ ਚੁੱਕੇ ਸਨ ਅਤੇ ਇਹ ਵੀ ਜਾਣਦੇ ਸਨ ਕਿ ਭਾਈ ਜਰਨੈਲ ਸਿੰਘ ਹੁਣ ਸਾਰੀ ਗੱਲ ਨੂੰ ਹੀ ਟਾਲ ਰਹੇ ਹਨ। ਇਸੇ ਤਰ੍ਹਾਂ ਇੱਕ ਵਾਰ ਰਾਤ ਵੇਲੇ ਇਸੇ ਹੀ ਅਸਥਾਨ ਡੇਰਾ ਸਾਹਿਬ ਵਿਖੇ ਭਾਈ ਜਰਨੈਲ ਸਿੰਘ ਅਭਿਆਸੀ, ਭਾਈ ਗੁਰਦੇਵ ਸਿੰਘ ਅਸਮਾਨ ਵਾਲਾ ਅਤੇ ਦੋ ਤਿੰਨ ਸਿੰਘ ਹੋਰ ਸਿਮਰਨ ਕਰ ਰਹੇ ਸਨ। ਬਾਕੀ ਦੇ ਸਿੰਘ ਬਾਹਰ ਗੋਦਾਵਰੀ ਦੇ ਕੰਢੇ 'ਤੇ ਸਿਮਰਨ ਕਰ ਰਹੇ ਸਨ। ਡੇਰੇ ਵਿੱਚ ਸਿਰਫ ਅਭਿਆਸੀ ਅਤੇ ਭਾਈ ਅਸਮਾਨ ਵਾਲਾ ਹੀ ਰਹਿ ਗਏ। ਸਿਮਰਨ ਕਰਦਿਆਂ ਕਾਫੀ ਰਾਤ ਬੀਤ ਗਈ ਤਾਂ ਭਾਈ ਗੁਰਦੇਵ ਸਿੰਘ ਅਸਮਾਨ ਵਾਲਾ ਨੇ ਭਾਈ ਅਭਿਆਸੀ ਨੂੰ ਸਮਾਂ ਪੁੱਛਣਾ ਚਾਹਿਆ (ਕਿਉਂਕਿ ਇਨ੍ਹਾਂ ਸਾਰੇ ਸਿੰਘਾਂ ਵਿੱਚੋਂ ਉਨ੍ਹਾਂ ਕੋਲ ਹੀ ਜੇਬ ਵਾਲੀ ਘੜੀ ਸੀ)। ਪਰ ਉਹ ਪੂਰੇ ਟਿਕਾਅ ਵਿੱਚ ਬੈਠੇ ਹੋਏ ਸਨ ਇਸ ਲਈ ਭਾਈ ਅਸਮਾਨ ਵਾਲਾ ਨੇ ਉਨ੍ਹਾਂ ਨੂੰ ਬੁਲਾਉਣਾ ਠੀਕ ਨਾ ਸਮਝਿਆ। ਇਸ ਤਰ੍ਹਾਂ ਲਗਭਗ ਇੱਕ ਘੰਟਾ ਹੋਰ ਬੀਤ ਗਿਆ ਤਾਂ ਭਾਈ ਅਸਮਾਨ ਵਾਲਾ ਨੇ ਅਚਾਨਕ ਹੀ ਪੁੱਛਿਆ ਅਭਿਆਸੀ ਜੀ ਕਿੰਨਾ ਟਾਈਮ ਹੋ ਗਿਆ। ਉਹ ਕੁਝ ਨਾ ਬੋਲੇ ਪਰ ਆਪਣੀ ਜੇਬ ਵਾਲੀ ਘੜੀ ਭਾਈ ਅਸਮਾਨ ਵਾਲਾ ਨੂੰ ਦੇ ਦਿੱਤੀ। ਇਸ ਤੋਂ ਬਾਅਦ ਦੇ ਤਿੰਨ ਦਿਨ ਭਾਈ ਅਭਿਆਸੀ ਕਿਸੇ ਸਿੰਘ ਨਾਲ ਵੀ ਨਹੀਂ ਬੋਲੇ। ਵੈਸੇ ਵੀ ਦੁਪਹਿਰ ਦੇ ਲੰਗਰ ਸਮੇਂ ਅਸੀਂ ਸਾਰੇ ਸਿੰਘ ਇੱਕ ਦੂਸਰੇ ਨਾਲ ਸਿਰਫ ਅੱਧਾ ਘੰਟਾ ਗੱਲਬਾਤ ਕਰ ਸਕਦੇ ਸਾਂ। ਬਾਕੀ ਸਮੇਂ ਵਿੱਚ ਇੱਕ ਦੂਸਰੇ ਨੂੰ ਬੁਲਾਉਂਦੇ ਤੱਕ ਨਹੀ ਸੀ। ਦੁਪਹਿਰ ਦੇ ਲੰਗਰ ਸਮੇਂ ਹੀ ਭਾਈ ਅਸਮਾਨ ਵਾਲਾ ਨੇ ਭਾਈ ਅਭਿਆਸੀ ਨੂੰ ਪੁੱਛਿਆ ਕਿ ਤੁਸੀਂ ਮੇਰੇ ਨਾਲ ਨਾਰਾਜ਼ ਹੋ? ਤਾਂ ਉਨ੍ਹਾਂ ਨੇ ਇਕਦਮ ਭਾਈ ਅਸਮਾਨ ਵਾਲਾ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਅਤੇ ਕਿਹਾ ਮੈਂ ਨਾਰਾਜ਼ ਕਿਉਂ ਹੋਵਾਂਗਾ? ਤਾਂ ਉਨ੍ਹਾਂ ਨੇ ਕਈ ਦਿਨ ਪਹਿਲਾਂ ਦੀ ਰਾਤ ਨੂੰ ਵਾਪਰੀ ਘਟਨਾ ਬਾਰੇ ਦੱਸਿਆ ਕਿ ਮੈਂ ਤਾਂ ਅਚਾਨਕ ਹੀ ਸਮਾਂ ਪੁੱਛਿਆ ਸੀ ਪਰ ਉਸ ਤੋਂ ਬਾਅਦ ਤੁਸੀਂ ਕਿਸੇ ਨਾਲ ਵੀ ਬੋਲੇ ਨਹੀਂ ਤਾਂ ਉਨ੍ਹਾਂ ਕਿਹਾ ਅਸਲ ਵਿੱਚ ਮੈਂ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਨਮੁੱਖ ਬੇਨਤੀ ਕਰ ਰਿਹਾ ਸਾਂ ਕਿ ਸਿਮਰਨ ਕਰਨ ਵਾਲੇ ਸਾਰੇ ਹੀ ਸਿੰਘਾਂ ਨੂੰ ਸ਼ਬਦਿਆਤ ਦਰਸ਼ਨ ਬਖਸ਼ਿਸ਼ ਕਰੋ। ਇਸ ਦੇ ਵਿੱਚ ਹੀ ਤੁਸੀਂ ਮੈਨੂੰ ਬੁਲਾ ਲਿਆ ਅਤੇ ਇਹ ਲੜੀ ਟੁੱਟ ਗਈ। ਚੱਲੋ ਆਪਣੇ ਕਰਮਾਂ ਦਾ ਹੀ ਹਾਲੇ ਫਰਕ ਹੈ, ਇਸ ਲਈ ਇਕਾਗਰਚਿਤ ਸਿਮਰਨ ਵਿੱਚ ਜੁੜੇ ਇੰਨਾ ਕਹਿ ਕੇ ਚੁੱਪ ਹੋ ਗਏ। ਇਸ ਤਰ੍ਹਾਂ ਡੇਢ ਕੁ ਮਹੀਨੇ ਦਾ ਵਿਸ਼ੇਸ਼ ਸਿਮਰਨ ਭਜਨ ਕਰਨ ਉਪਰੰਤ ਇਹ ਕੁੱਝ ਕੁ ਸਿੰਘਾਂ ਦਾ ਜੱਥਾ ਭਾਈ ਜਰਨੈਲ ਸਿੰਘ ਸਮੇਤ ਟਕਸਾਲ ਦੇ ਕੇਂਦਰੀ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚ ਕੇ ਸੰਤਾਂ ਨਾਲ ਆ ਮਿਲਿਆ।

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥ (੫੯੪)

ਇਸੇ ਦੌਰਾਨ ਇੱਕ ਦਿਨ ਗੁਰਦੁਆਰਾ ਹੀਰਾਘਾਟ ਵਿਖੇ ਰਾਤ ਸਮੇਂ ਸਿਮਰਨ ਕਰਦਿਆਂ ਭਾਈ ਜਰਨੈਲ ਸਿੰਘ ਅਭਿਆਸੀ ਦੇ ਮਨ ਵਿੱਚ ਅਚਾਨਕ ਫੁਰਨਾ ਆਇਆ ਕਿ ਸਿਮਰਨ ਕਰਨ ਵਾਲੇ ਸਤਿਪੁਰਖਾਂ ਨੂੰ ਰਿੱਧੀਆਂ ਸਿੱਧੀਆਂ ਵੀ ਪ੍ਰਾਪਤ ਹੋ ਜਾਂਦੀਆਂ ਹਨ। ਅਨੇਕਾਂ ਨਾਮ ਸਿਮਰਨ ਵਾਲੇ ਮਹਾਪੁਰਖਾਂ ਦੀਆਂ ਸਾਖੀਆਂ ਮਨ ਵਿੱਚ ਯਾਦ ਆਈਆਂ। ਬੱਸ ਏਨਾ ਸੋਚਦਿਆਂ ਹੀ ਉਹ ਫੁਰਨਾ ਇਥੇ ਹੀ ਛੱਡ ਦਿੱਤਾ। ਪਰ ਜਦੋਂ ਸਿਮਰਨ ਵਿੱਚੋਂ ਉੱਠੇ ਤਾਂ ਰਿੱਧੀਆਂ ਸਿੱਧੀਆਂ ਨੇ ਜੋ ਉਸ ਸਮੇਂ ਸੁੰਦਰ ਸਰੂਪ ਅਤੇ ਇਸਤਰੀ ਜਾਮੇ ਵਿੱਚ ਸਨ ਭਾਈ ਅਭਿਆਸੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਾਨੂੰ ਰੱਬੀ ਹੁਕਮ ਹੈ ਕਿ ਅਸੀਂ ਆਪ ਜੀ ਦੀ ਸੇਵਾ ਲਈ ਹਾਜ਼ਰ ਹੋਈਏ, ਤੁਸੀਂ ਜੋ ਵੀ ਹੁਕਮ ਕਰੋ ਅਸੀਂ ਹਾਜ਼ਰ ਹਾਂ। ਪਰ ਅਭਿਆਸੀ ਜੀ ਕੁੱਝ ਨਾ ਬੋਲੇ ਅਤੇ ਬਾਕੀ ਸਿੰਘਾਂ ਨਾਲ ਵਾਪਸ ਪਰਤ ਆਏ। ਇਸ਼ਨਾਨ ਕੀਤਾ ਅਤੇ ਤਖ਼ਤ ਸਾਹਿਬ ਵਿਖੇ ਮੱਥਾ ਟੇਕਣ ਗਏ ਅਰਦਾਸ ਕੀਤੀ ਅਤੇ ਵਾਪਸ ਹੀਰਾਘਾਟ ਆ ਕੇ ਸਿਮਰਨ ਵਿੱਚ ਲੱਗ

Scanned with CamScanner

ਗਏ ਪਰ ਕੋਸ਼ਿਸ਼ ਕਰਨ 'ਤੇ ਵੀ ਮਨ ਵਾਹਿਗੁਰੂ ਸਿਮਰਨ ਵਿੱਚ ਨਾ ਲੱਗੇ ਤਾਂ ਭਾਈ ਜਰਨੈਲ ਸਿੰਘ ਅਭਿਆਸੀ ਮਨ ਹੀ ਮਨ ਵਿੱਚ ਪ੍ਰੇਸ਼ਾਨ ਹੋ ਗਏ ਕਿ ਰਿੱਧੀਆਂ ਸਿੱਧੀਆਂ ਵਾਲਾ ਫੁਰਨਾ ਮਨ ਵਿੱਚ ਕਿਵੇਂ ਆ ਗਿਆ? ਹੁਣ ਜਿਵੇਂ-ਜਿਵੇਂ ਸਿਮਰਨ ਕਰਦੇ ਹਨ ਤਿਵੇਂ-ਤਿਵੇਂ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਯਾਦ ਆਉਂਦੀ ਹੈ ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਕੀਤੀ ਕਿ ਮਨ ਵਿੱਚ ਨਾਮ ਦਾ ਵਾਸਾ ਹੋਵੇ ਅਤੇ ਰਿੱਧੀਆਂ ਸਿੱਧੀਆਂ ਰੁਕਾਵਟਾਂ ਤੋਂ ਸਤਿਗੁਰੂ ਜੀ ਕ੍ਰਿਪਾ ਕਰਕੇ ਬਚਾ ਲੈਣ। ਇਹੀ ਅਰਦਾਸ ਸੱਚਖੰਡ ਤਖਤ ਸਾਹਿਬ ਵਿਖੇ ਜਾ ਕੇ ਕੀਤੀ ਤਾਂ ਕੁਝ ਦਿਨਾਂ ਬਾਅਦ ਪਹਿਲਾਂ ਵਾਲਾ ਅਨੰਦ ਮਨ ਵਿੱਚ ਪ੍ਰਗਟ ਹੋਇਆ। ਫਿਰ ਉਨ੍ਹਾਂ ਨੇ ਨਾਲ ਦੇ ਸਿੰਘਾਂ ਨੂੰ ਵੀ ਇਸ ਗੱਲੋਂ ਸੁਚੇਤ ਕੀਤਾ ਕਿ ਨਾਮ ਬਾਣੀ ਦਾ ਸਿਮਰਨ ਕਰਦਿਆਂ ਕਿਸੇ ਕਿਸਮ ਦਾ ਫੁਰਨਾ ਨਹੀਂ ਕਰਨਾ। ਸਿਰਫ ਬਾਣੀ ਦਾ ਹੀ ਧਿਆਨ ਕਰਨਾ ਹੈ ਅਤੇ ਨਾਮ ਬਾਣੀ ਵਿੱਚ ਹੀ ਸਾਰੀਆਂ ਬਰਕਤਾਂ ਹਨ। ਇਸ ਤਰ੍ਹਾਂ ਕਈ ਅਨੰਦਤ ਕ੍ਰਿਸ਼ਮੇ ਹੋਏ ਜਿਸ ਦੀਆਂ ਝਲਕੀਆਂ, ਨਾਲ ਸਿਮਰਨ ਕਰਨ ਵਾਲੇ ਸਿੰਘਾਂ ਨੂੰ ਵੀ ਵੇਖਣ ਨੂੰ ਮਿਲੀਆਂ।

ਗੁਰਦੁਆਰਾ ਖਡੂਰ ਸਾਹਿਬ ਵਿਖੇ ਵਿਸ਼ੇਸ਼ ਸਿਮਰਨ

ਇੱਕ ਵਾਰ ਮਹਾਪੁਰਖ ਜੱਥੇ ਸਮੇਤ ਸ੍ਰੀ ਖਡੂਰ ਸਾਹਿਬ ਵਿਖੇ ਕਥਾ ਕੀਰਤਨ ਦਾ ਪ੍ਰਵਾਹ ਚਲਾ ਰਹੇ ਸਨ। ਉਨ੍ਹਾਂ ਨੇ ਜੱਥੇ ਦੇ ਸਿੰਘਾਂ ਨੂੰ ਕਿਹਾ ਕਿ ਇੱਥੋਂ ਨੇੜੇ ਹੀ ਗੋਇੰਦਵਾਲ ਸਾਹਿਬ ਸਤਿਗੁਰੂ ਦਾ ਵਸਾਇਆ ਹੋਇਆ ਨਗਰ ਹੈ। ਜਿੱਥੇ ਗੁਰਦੁਆਰਾ ਬਾਉਲੀ ਸਾਹਿਬ ਹੈ, ਜਿੱਥੇ 84 ਲੱਖ ਜੂਨਾਂ ਦਾ ਚੱਕਰ ਖਤਮ ਕਰਨ ਲਈ ਸਤਿਗੁਰੂ ਜੀ ਨੇ ਵਰਦਾਨ ਦਿੱਤਾ ਹੋਇਆ ਹੈ। ਇਸ ਲਈ ਵੱਧ ਤੋਂ ਵੱਧ ਸਿੰਘ ਗੋਇੰਦਵਾਲ ਸਾਹਿਬ ਜਾਉ ਅਤੇ ਮਰਿਯਾਦਾ ਅਨੁਸਾਰ ਬਾਉਲੀ ਸਾਹਿਬ ਵਿੱਚ ਇਸ਼ਨਾਨ ਕਰਕੇ ਆਓ। ਇਸ ਬਾਉਲੀ ਸਾਹਿਬ ਦੇ ਥੱਲੇ ਉਤਰਨ ਲਈ 84 ਪੌੜਿਆਂ ਵਾਲੀ ਪੱਕੀ ਪੌੜੀ ਹੈ। ਨਿਯਮ ਅਨੁਸਾਰ ਗੁਰੂ ਕੇ ਸਿੱਖ ਹਰ ਇੱਕ ਪੌੜੇ ਉੱਪਰ ਇੱਕ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਕੇ ਬਾਉਲੀ ਸਾਹਿਬ ਵਿੱਚ ਇਸ਼ਨਾਨ ਕਰਦੇ ਹਨ ਅਤੇ ਫਿਰ ਦੂਸਰੇ ਪੌੜੇ ਉੱਪਰ ਜਪੁਜੀ ਸਾਹਿਬ ਦਾ ਪਾਠ ਕਰਕੇ ਫਿਰ ਬਾਉਲੀ ਸਾਹਿਬ ਵਿੱਚ ਜਾ ਕੇ ਇਸ਼ਨਾਨ ਕਰਦੇ ਹਨ। ਇਸੇ ਤਰ੍ਹਾਂ ਹੀ ਹਰ ਪੌੜੇ ਉੱਪਰ ਸ੍ਰੀ ਜਪੁਜੀ ਸਾਹਿਬ ਜੀ ਦਾ ਸੰਪੂਰਨ ਪਾਠ ਕਰਕੇ ਬਾਉਲੀ ਸਾਹਿਬ ਵਿੱਚ ਇਸ਼ਨਾਨ ਕਰਨਾ, ਇਹ ਨਿਯਮ ਹੈ। ਸਤਿਗੁਰੂ ਜੀ ਦਾ ਵਰ ਹੈ ਕਿ ਇਸ ਤਰ੍ਹਾਂ ਕਰਨ ਨਾਲ 84 ਲੱਖ ਜੂਨਾਂ ਦਾ ਚੱਕਰ ਖਤਮ ਹੋ ਜਾਂਦਾ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ 84 ਲੱਖ ਜੂਨਾਂ ਦਾ ਚੱਕਰ ਮੇਟਣ ਲਈ ਬਹੁਤ ਸਾਰੇ ਧਰਮਾਂ ਨੇ ਆਪੋ ਆਪਣੇ ਢੰਗ ਨਾਲ ਕਹਣੇ ਅਤੇ ਲੰਬੇ ਸਮੇਂ ਦੇ ਸਾਧਨ ਦੱਸੇ ਹਨ। ਪਰ ਸਤਿਗੁਰੂ ਜੀ ਨੇ 20 ਤੋਂ 24 ਘੰਟਿਆਂ ਦੇ ਸਮੇਂ ਵਿੱਚ ਹੀ 84 ਦਾ ਚੱਕਰ ਮੇਟਣ ਲਈ ਬਖਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਬਹੁਤ ਸਾਰੇ ਸਿੰਘ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਵਿੱਚ ਉਪਰੋਕਤ ਦੱਸੇ ਨਿਯਮ ਅਨੁਸਾਰ ਇਸ਼ਨਾਨ ਕਰਨ ਲਈ ਗਏ। ਉਸੇ ਦਿਨ ਖਡੂਰ ਸਾਹਿਬ ਵਿਖੇ ਅੰਮ੍ਰਿਤ ਅਭਿਲਾਖੀ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਜਾਣਾ ਸੀ ਅਤੇ ਅੰਮ੍ਰਿਤ ਛਕਾਉਣ ਲਈ ਪੰਜਾਂ ਪਿਆਰਿਆਂ ਦੀ ਸੇਵਾ ਵਿੱਚ ਭਾਈ ਜਰਨੈਲ ਸਿੰਘ ਅਤੇ ਕੁੱਝ ਹੋਰ ਸਿੰਘ ਸਨ ਜਿਨ੍ਹਾਂ ਵਿੱਚ ਦੇਗ ਬਣਾਉਣ ਵਾਲੇ, ਪਹਿਰੇਦਾਰ ਆਦਿ ਸ਼ਾਮਲ ਸਨ। ਅੰਮ੍ਰਿਤ ਛਕਾਉਣ ਤੋਂ ਉਪਰੰਤ ਪਤਾ ਲੱਗਾ ਕਿ ਜੱਥੇ ਦੇ ਬਹੁਤ ਸਾਰੇ ਸਿੰਘ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਵਿੱਚ ਇਸ਼ਨਾਨ ਕਰਨ ਲਈ ਗਏ ਹੋਏ ਹਨ ਤਾਂ ਸੁਭਾਵਕ ਹੀ ਭਾਈ ਜਰਨੈਲ ਸਿੰਘ ਨੇ ਨਾਲ ਦੇ ਸਿੰਘਾਂ ਨੂੰ ਕਿਹਾ ਕਿ ਆਪਾਂ ਉਨ੍ਹਾਂ ਸਿੰਘਾਂ ਨਾਲ ਸ੍ਰੀ ਗੋਇੰਦਵਾਲ ਸਾਹਿਬ ਤਾਂ ਨਹੀਂ ਜਾ ਸਕੇ, ਪਰ ਆਪਾਂ ਇੱਥੇ ਹੀ ਦੂਸਰੇ ਪਾਤਸ਼ਾਹ ਦੇ ਅਸਥਾਨ ਗੁਰਦੁਆਰਾ ਤਪਿਆਣਾ ਸਾਹਿਬ ਦੇ ਸਰੋਵਰ ਵਿੱਚ ਇਸ਼ਨਾਨ ਕਰ ਲੈਂਦੇ ਹਾਂ। ਸਾਰੇ ਸਿੰਘਾਂ ਨੂੰ ਨਾਲ ਲਾ ਕੇ ਇੱਥੇ ਵੀ ਉਸੇ ਤਰ੍ਹਾਂ ਹੀ ਇਸ਼ਨਾਨ ਕੀਤਾ ਗਿਆ, ਭਾਵ 84 ਵਾਰ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕਰਕੇ ਹਰ ਪਾਠ ਨਾਲ ਸ੍ਰੀ ਤਪਿਆਣਾ ਸਾਹਿਬ ਦੇ ਸਰੋਵਰ ਵਿੱਚ ਇਸ਼ਨਾਨ ਕਰਨਾ। ਜਦੋਂ ਇਸ ਗੱਲ ਦਾ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਨੂੰ ਪਤਾ ਲੱਗਾ ਤਾਂ ਉਨ੍ਹਾਂ ਬੜੀ ਪ੍ਰਸੰਨਤਾ ਨਾਲ ਕਿਹਾ ਕਿ ਭਾਈ ਤੁਸੀਂ ਪੰਜਾਂ ਪਿਆਰਿਆਂ ਦੀ ਸੇਵਾ ਨਿਭਾਉਣ ਕਰਕੇ ਭਾਵੇਂ ਗੋਇੰਦਵਾਲ ਸਾਹਿਬ ਤਾਂ ਨਹੀਂ ਜਾ ਸਕੇ, ਪਰ ਤੁਸੀਂ ਸਾਰਿਆਂ ਨੇ ਉੱਦਮ ਕੀਤਾ ਹੈ ਇਸ ਲਈ ਤੁਹਾਨੂੰ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਇੱਥੋਂ ਹੀ ਬਖਸ਼ਿਸ਼ਾਂ ਦੇ ਦੇਣਗੇ। ਉਪਰੰਤ ਉਨ੍ਹਾਂ ਕਿਹਾ ਕਿ ਇਹ ਨਾਲ ਦੇ

Scanned with CamScanner

ਸਿੰਘਾਂ ਲਈ ਸਿੱਖਿਆਦਾਇਕ ਉਪਰਾਲਾ ਹੈ, ਕਿਉਂਕਿ ਜੋ ਸਿੰਘ ਪੰਜਾਂ ਪਿਆਰਿਆਂ ਦੀ ਸੇਵਾ ਵਿੱਚ ਲੱਗੇ ਸਨ, ਉਨ੍ਹਾਂ ਨੂੰ ਬਹੁਤ ਸਮਾਂ ਇਹ ਸੇਵਾ ਨਿਭਾਉਂਦਿਆਂ ਬੀਤ ਗਿਆ ਸੀ, ਪਰ ਜੇਕਰ ਸੋਚਦੇ ਕਿ ਅਸੀਂ ਤਾਂ ਗੋਇੰਦਵਾਲ ਸਾਹਿਬ ਨੂੰ ਬਹੁਤ ਸਮਾਂ ਇਹ ਸੇਵਾ ਨਿਭਾਉਂਦਿਆਂ ਬੀਤ ਗਿਆ ਸੀ, ਪਰ ਜੇਕਰ ਸੋਚਦੇ ਕਿ ਅਸੀਂ ਤਾਂ ਗੋਇੰਦਵਾਲ ਸਾਹਿਬ ਨੂੰ ਜਾਣ ਤੋਂ ਰਹਿ ਗਏ ਹਾਂ ਅਤੇ ਇਸ ਗੱਲ ਨੂੰ ਇੱਥੇ ਹੀ ਛੱਡ ਦਿੰਦੇ ਜਾਂ ਅਰਾਮ ਕਰਨ ਲੱਗ ਜਾਂਦੇ ਜਾਂ ਥੋੜ੍ਹਾ ਜਿਹਾ ਵੀ ਆਲਸ ਕਰ ਜਾਂਦੇ ਤਾਂ ਆਹ ਬਖਸ਼ਿਸ਼ਾਂ ਪ੍ਰਾਪਤ ਨਹੀਂ ਸਨ ਹੋਣੀਆਂ। ਇਸ ਲਈ ਸਤਿਗੁਰੂ ਨੇ ਸਾਨੂੰ ਜੋ ਮਨੁੱਖਾ ਜਨਮ ਦਾ ਸਮਾਂ ਬਖਸ਼ਿਆ ਹੈ ਅਤੇ ਆਹ ਜੋਬਨ ਜਵਾਨੀਆਂ ਬਖਸ਼ੀਆਂ ਹਨ, ਇਹ ਸਿਰਫ ਖਾਣ-ਪੀਣ, ਪਹਿਨਣ ਹੰਢਾਉਣ ਲਈ ਹੀ ਨਹੀਂ ਦਿੱਤੀਆਂ। ਇਸ ਲਈ ਇਨ੍ਹਾਂ ਨੂੰ ਅਜਾਈਂ ਨਹੀਂ ਗਵਾਉਣਾ ਚਾਹੀਦਾ, ਬਲਕਿ ਹਰ ਸਮੇਂ ਉੱਦਮ ਕਰਨ ਦੀ ਤਾਂਘ ਵਿੱਚ ਰਹਿਣਾ ਚਾਹੀਦਾ ਹੈ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥ (੫੨੩)

ਚਮਕੌਰ ਸਾਹਿਬ ਵਿਖੇ ਸਿਮਰਨ ਅਤੇ ਸ਼ਹੀਦੀਆਂ ਦਾ ਵਰਨਣ

ਇਸੇ ਤਰ੍ਹਾਂ ਇੱਕ ਵਾਰ ਭਾਈ ਜਰਨੈਲ ਸਿੰਘ ਅਭਿਆਸੀ ਦੋ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਦੇ ਦਰਸ਼ਨ ਕਰਨ ਚਲੇ ਗਏ। ਸ਼ਾਮ ਦੇ ਸਮੇਂ ਗੁਰਦੁਆਰਾ ਤਾੜੀ ਸਾਹਿਬ ਵਾਲੇ ਸਥਾਨ ਤੇ ਸਾਰਿਆਂ ਨੇ ਮਿਲ ਕੇ ਰਹਿਰਾਸ ਦਾ ਪਾਠ ਕੀਤਾ, ਅਰਦਾਸ ਕੀਤੀ। ਉਪਰੰਤ ਭਾਈ ਜਰਨੈਲ ਸਿੰਘ ਨੇ ਕਿਹਾ ਕਿ ਮੇਰਾ ਮਨ ਕਰਦਾ ਹੈ ਕਿ ਕੁੱਝ ਸਮਾਂ ਇਸੇ ਸਥਾਨ ਤੇ ਕਲਗੀਧਰ ਪਾਤਸ਼ਾਹ ਦੀ ਯਾਦ ਵਿੱਚ ਸਿਮਰਨ ਕੀਤਾ ਜਾਵੇ ਅਤੇ ਨਾਲ ਹੀ ਦੱਸ ਦਿੱਤਾ ਕਿ ਜਦੋਂ ਤੱਕ ਸਤਿਗੁਰੂ ਜੀ ਚਾਹੁੰਣਗੇ ਰਜ਼ਾਨਾ ਇੱਥੇ ਖਲੋ ਕੇ ਮੈਂ ਸਿਮਰਨ ਕਰਨਾ ਹੈ। ਤੁਸੀਂ ਚਾਹੋ ਤਾਂ ਇੱਥੇ ਰਹਿ ਸਕਦੇ ਹੋ, ਜੇ ਇੱਛਾ ਹੋਵੇ ਤਾਂ ਚਮਕੌਰ ਸਾਹਿਬ ਗੁਰਦੁਆਰਾ ਸਾਹਿਬ ਚਲੇ ਜਾਉ, ਪਰ ਸ਼ਾਮ ਨੂੰ ਸ੍ਰੀ ਰਹਿਰਾਸ ਦਾ ਪਾਠ ਸਾਰੇ ਮਿਲ ਕੇ ਹੀ ਕਰਿਆ ਕਰਾਂਗੇ। ਇਸ ਉਪਰੰਤ ਉਹ ਉੱਥੇ ਹੀ ਹੱਥ ਜੋੜ ਕੇ ਖੜ੍ਹੇ ਹੋ ਗਏ ਅਤੇ ਮੂਲ ਮੰਤਰ ਦਾ ਸਿਮਰਨ ਆਰੰਭ ਕਰ ਦਿੱਤਾ। ਅਸੀਂ ਤਿੰਨੇ ਜਣੇ ਦਾਸ, ਭਾਈ ਸ਼ਿਗਾਰਾ ਸਿੰਘ, ਭਾਈ ਸਵਰਨ ਸਿੰਘ, ਵਾਰੀ-ਵਾਰੀ ਉਨ੍ਹਾਂ ਕੋਲ ਬੈਠੇ ਰਹਿੰਦੇ ਅਤੇ ਸ਼ਾਮ ਪੈਣ ਤੇ ਇਕੱਠੇ ਹੋ ਜਾਂਦੇ ਅਤੇ ਰਹਿਰਾਸ ਦਾ ਪਾਠ ਕਰਦੇ। ਪਾਠ ਤੋਂ ਉਪਰੰਤ ਵੀ ਭਾਈ ਜਰਨੈਲ ਸਿੰਘ ਖੜ੍ਹੇ ਹੋ ਕੇ ਫਿਰ ਉਸੇ ਤਰ੍ਹਾਂ ਹੀ ਹੱਥ ਜੋੜ ਕੇ ਮੂਲ ਮੰਤਰ ਦਾ ਪਾਠ ਕਰਨ ਲੱਗ ਪੈਂਦੇ।

ਲੱਗਭਗ 21 ਦਿਨ ਲਗਾਤਾਰ ਇਸੇ ਤਰ੍ਹਾਂ ਹੀ ਉਹ ਮੂਲ ਮੰਤਰ ਦਾ ਜਾਪ ਕਰਦੇ ਰਹੇ। ਫਿਰ ਗੁਰਦੁਆਰਾ ਚਮਕੌਰ ਸਾਹਿਬ ਵਿਖੇ ਪਹੁੰਚ ਕੇ ਇੱਕ ਦਿਨ ਹੋਰ ਠਹਿਰੇ ਅਤੇ ਉਸ ਸ਼ਾਮ ਨੂੰ ਸਾਨੂੰ ਨਾਲ ਲੈ ਕੇ ਉਹ ਸਭ ਜਗ੍ਹਾ ਵਿਖਾਈ ਜਿੱਥੇ ਗੁਰੂ ਦੇ ਸੂਰਬੀਰ ਬਹਾਦਰ ਸਿੰਘ ਅਤੇ ਸਾਹਿਬਜ਼ਾਦਿਆਂ ਨੇ ਘਮਸਾਨ ਦਾ ਯੁੱਧ ਲੜਿਆ ਸੀ। ਸ਼ਾਮ ਨੂੰ ਚਮਕੌਰ ਸਾਹਿਬ ਦੇ ਨੇੜੇ ਵਿਚਰਦਿਆਂ ਉਹ ਬਚਨ ਕਰਦੇ ਰਹੇ ਕਿ ਇਸ ਥਾਂ ਤੇ ਪੰਜਾਂ ਪਿਆਰਿਆਂ ਵਿੱਚ ਭਾਈ ਹਿੰਮਤ ਸਿੰਘ ਜੀ ਨੇ ਲੱਖਾਂ ਵੈਰੀਆਂ ਦਾ ਮੁਕਾਬਲਾ ਕਰਦਿਆਂ ਸ਼ਹਾਦਤ ਦਿੱਤੀ। ਥੋੜ੍ਹਾ ਹਟਵਾਂ ਜਾ ਕੇ ਦੱਸਿਆ ਕਿ ਇਸ ਥਾਂ ਤੇ ਪਿਆਰੇ ਭਾਈ ਮੋਹਕਮ ਸਿੰਘ ਨੇ ਇੱਥੇ ਘਮਸਾਨ ਦਾ ਯੁੱਧ ਲੜਿਆ ਅਤੇ ਦੁਸ਼ਮਣ ਦਲਾਂ ਨੂੰ ਬਹੁਗਿਣਤੀ ਵਿੱਚ ਮਾਰ ਮੁਕਾਇਆ ਅਤੇ ਸਰੀਰ ਦੇ ਛਨਣੀ-ਛਨਣੀ ਹੋ ਜਾਣ ਤੱਕ ਨੇਜੇ ਬਰਛੇ, ਤੀਰਾਂ-ਤਲਵਾਰਾਂ ਦੀ ਮਾਰ ਝੱਲ ਕੇ ਸ਼ਹਾਦਤ ਦਾ ਜਾਮ ਪੀਤਾ ਸੀ। ਨੇੜੇ ਹੀ ਜਾਂਦਿਆਂ ਦੱਸਿਆ ਕਿ ਇੱਥੇ ਹੀ ਪਿਆਰੇ ਸਾਹਿਬ ਸਿੰਘ ਜੀ ਦੁਸ਼ਮਣ ਦਲਾਂ ਨਾਲ ਲੜਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀ ਗਏ ਸਨ ਅਤੇ ਫਿਰ ਗੁਰਦੁਆਰਾ ਸਾਹਿਬ ਦੇ ਨੇੜੇ ਜਾ ਕੇ ਦੱਸਿਆ, ਇਸੇ ਥਾਂ ਤੇ ਸਾਹਿਬਜ਼ਾਦਾ ਅਜੀਤ ਸਿੰਘ ਨੇ ਲੱਖਾਂ ਦੁਸ਼ਮਣ ਦਲਾਂ ਨਾਲ ਘਮਸਾਨ ਦਾ ਯੁੱਧ ਲੜਦਿਆਂ ਅਨੇਕਾਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹਾਦਤ ਪਾਈ। ਇਸਦੇ ਨੇੜੇ ਹੀ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਵੀ ਦੁਸ਼ਮਣ ਦਲਾਂ ਦਾ ਮੁਕਾਬਲਾ ਕਰਦਿਆਂ ਵੈਰੀਆਂ ਦੇ ਆਹੂ ਲਾਹੁੰਦਿਆਂ ਸਰੀਰ ਦੇ ਛਨਣੀ-ਛਨਣੀ ਹੋਣ ਤੱਕ ਜੂਝਦਿਆਂ ਸ਼ਹਾਦਤ ਦਾ ਜਾਮ ਪੀਤਾ। ਜਿਨ੍ਹਾਂ ਨੇ ਦੁਨੀਆਂ ਵਿੱਚ ਯੁੱਧ ਦੀ ਮਿਸਾਲ ਪੈਦਾ ਕੀਤੀ। ਗਿਣਤੀ ਪੱਖੋਂ ਇਕੱਲਿਆਂ ਨੇ ਲੱਖਾਂ ਨਾਲ ਲੜਣਾ, ਦ੍ਰਿੜ੍ਹਤਾ ਦਲੇਰੀ ਪੱਖੋਂ ਇੱਕ ਕਦਮ ਵੀ ਪਿੱਛੇ ਨਾ ਹਟਣਾ, ਯੁੱਧ ਨੀਤੀ ਅਤੇ ਸ਼ਸ਼ਤਰ ਵਿੱਦਿਆ ਪੱਖੋਂ ਕਮਾਲ, ਉਮਰ ਪੱਖੋਂ ਹਲਕੀ ਉਮਰ ਦੇ ਬਹਾਦਰੀ ਪੱਖੋਂ ਵੱਡੇ-ਵੱਡੇ ਖੱਬੀ ਖਾਨ ਕਹਾਉਣ ਵਾਲਿਆਂ ਨੂੰ ਸਦਾ ਦੀ ਨੀਂਦ ਸੁਲਾ ਦੇਣਾ ਇਹ ਸਭ ਕੁਝ ਵੇਖ ਕੇ ਦੁਸ਼ਮਣ ਜਰਨੈਲਾਂ ਨੂੰ ਮੂੰਹ ਵਿੱਚ ਉਂਗਲਾਂ ਪਾ ਕੇ ਸੋਚਣ ਲਈ ਮਜਬੂਰ ਕਰਕੇ ਦੁਨੀਆਂ ਵਿੱਚ ਵਿਲੱਖਣ ਇਤਿਹਾਸ ਸਿਰਜ ਗਏ। ਜਿਸ ਉਪਰੰਤ ਅੱਜ ਸਾਹਮਣੇ ਗੁਰਦੁਆਰਾ ਸਾਹਿਬ ਵਾਲੀ ਜਗ੍ਹਾ

Scanned with CamScanner

ਛਿਖੇ ਕੱਚੀ ਗੜ੍ਹੀ ਉੱਪਰੋਂ ਦਸ਼ਮੇਸ਼ ਪਿਤਾ ਨੇ ਜੈਕਾਰੇ ਛੱਡਦਿਆਂ ਹੋਇਆਂ ਬੀਰ ਰਸ ਵਿੱਚ ਤੀਰਾਂ ਦੀ ਵਰਖਾ ਕੀਤੀ ਸੀ। ਇੰਨੇ ਬਚਨ ਕਰਦਿਆਂ ਅਸੀਂ ਪੁੱਛਿਆ ਕਿ ਤੁਸੀਂ ਇਸ ਢੰਗ ਨਾਲ ਵਰਨਣ ਕਰ ਰਹੇ ਹੋ ਜਿਵੇਂ ਤੁਸੀਂ ਸਭ ਕੁੱਝ ਅੱਖੀਂ ਵੇਖਿਆ ਹੋਵੇ? ਹੋ ਸਕਦਾ ਹੈ ਕਿ ਤੁਸੀਂ ਉਦੋਂ ਵੀ ਗੁਰੂ ਕਲਗੀਧਰ ਮਹਾਰਾਜ ਦੇ ਸਿੰਘਾਂ ਵਿੱਚ ਸ਼ਾਮਲ ਹੋਵੋ ਤਾਂ ਉਹ ਸਾਰੀ ਗੱਲ ਨੂੰ ਇੱਕ ਦਮ ਬਦਲ ਗਏ। ਉਨ੍ਹਾਂ ਕਿਹਾ ਕਿ ਮੈਂ ਇਸ ਬਾਰੇ ਬਹੁਤ ਕੁੱਝ ਵੱਡੇ ਮਹਾਂਪੁਰਖਾਂ ਤੋਂ ਸੁਣਿਆ ਹੈ। ਉਨ੍ਹਾਂ ਦੇ ਦੱਸੇ ਮੁਤਾਬਕ ਹੀ ਤੁਹਾਡੇ ਨਾਲ ਸਾਂਝਾ ਕੀਤਾ ਹੈ, ਪਰ ਜਿਸ ਢੰਗ ਨਾਲ ਵੱਖ-ਵੱਖ ਥਾਵਾਂ ਤੇ ਜਾ ਕੇ ਵੱਖ-ਵੱਖ ਸਿੰਘਾਂ ਦੇ ਸ਼ਹੀਦੀ ਪਾਉਣ ਦੇ ਸਥਾਨ ਬਾਰੇ ਬੜੀ ਗੰਭੀਰਤਾ ਨਾਲ ਉਨ੍ਹਾਂ ਦੱਸਿਆ ਸੀ, ਇਸ ਨੂੰ ਨਾਲ ਦੇ ਸਿੰਘਾਂ ਨੇ ਅਰਥ ਭਰਪੂਰ ਧਿਆਨ ਨਾਲ ਸੁਣਿਆ। ਉਹ ਇਹ ਵੀ ਸਮਝ ਚੁੱਕੇ ਸਨ ਕਿ ਹੁਣ ਭਾਈ ਜਰਨੈਲ ਸਿੰਘ ਅਭਿਆਸੀ ਸਾਰੀ ਘਟਨਾ ਦੇ ਵਰਨਣ ਨੂੰ ਜਾਣ ਬੁੱਝ ਕੇ ਛੁਪਾ ਰਹੇ ਹਨ।

ਕੁੱਝ ਸਮਾਂ ਫਿਰ ਜੱਥੇ ਵਿੱਚ ਸੰਤਾਂ ਨਾਲ ਵਿਚਰਦਿਆਂ ਸੇਵਾ-ਕਰਦਿਆਂ ਬੀਤਿਆ। ਇਸੇ ਦੌਰਾਨ ਭਾਈ ਜਰਨੈਲ ਸਿੰਘ ਲੋੜ ਅਨੁਸਾਰ ਮਹਾਂਪੁਰਖਾਂ ਤੋਂ ਆਗਿਆ ਲੈ ਕੇ ਘਰ ਵੀ ਚਲੇ ਜਾਇਆ ਕਰਦੇ ਸਨ। 12 ਫਰਵਰੀ ਸੰਨ 1970 ਨੂੰ ਭਾਈ ਜਰਨੈਲ ਸਿੰਘ ਦੇ ਘਰ ਭੁਝੰਗੀ ਈਸ਼ਰ ਸਿੰਘ ਦਾ ਜਨਮ ਹੋਇਆ ਤਾਂ ਨਗਰ ਨਿਵਾਸੀਆਂ ਨੇ ਭਾਈ ਜਰਨੈਲ ਸਿੰਘ ਤੋਂ ਭੁਝੰਗੀ ਦੇ ਜਨਮ ਦੀ ਖੁਸ਼ੀ ਵਿੱਚ ਪਾਰਟੀ ਦੇਣ ਨੂੰ ਜ਼ੋਰ ਦਿੱਤਾ ਤਾਂ ਉਨ੍ਹਾਂ ਕਿਹਾ ਕਿ ਸੰਗਰਾਂਦ ਵਾਲੇ ਦਿਨ ਸਾਰੀ ਸੰਗਤ ਨੂੰ ਗੁਰਦੁਆਰਾ ਸਾਹਿਬ ਵਿਖੇ ਪਾਰਟੀ ਦਿੱਤੀ ਜਾਵੇਗੀ। ਇਸੇ ਤਰ੍ਹਾਂ ਹੀ ਕੀਤਾ, ਗੁਰਦੁਆਰਾ ਸਾਹਿਬ ਵਿਖੇ ਹਰ ਮਹੀਨੇ ਦੀ ਤਰ੍ਹਾਂ ਸੰਗਰਾਂਦ ਵਾਲੇ ਦਿਨ ਉਨ੍ਹਾਂ ਨੇ ਸਹਿਜ ਪਾਠ ਦਾ ਭੋਗ ਪਾਇਆ, ਦੇਗ ਵਰਤਾਈ ਅਤੇ ਭੁਝੰਗੀ ਦੀ ਖੁਸ਼ੀ ਵਿੱਚ ਸਭ ਸੰਗਤਾਂ ਨੂੰ ਅੰਬ ਵਰਤਾਏ। ਜਿਸ ਤੇ ਸਭ ਸੰਗਤਾਂ ਨੇ ਭਾਈ ਜਰਨੈਲ ਸਿੰਘ ਨੂੰ ਵਧਾਈਆਂ ਦਿੱਤੀਆਂ।

ਸਹਿਜ ਸੰਪਟ ਪਾਠ ਦੀ ਮਹੱਤਤਾ

ਇਸ ਉਪਰੰਤ ਫਿਰ ਵਿਸ਼ੇਸ਼ ਸਿਮਰਨ ਭਜਨ ਕਰਨ ਦਾ ਮਨ ਵਿੱਚ ਉਮਾਹ ਪੈਦਾ ਹੋਇਆ, ਪਰ ਹੁਣ ਅਵਸਥਾ ਵੀ ਚੰਗੀ ਪ੍ਰਪੱਕ ਹੋ ਚੁੱਕੀ ਸੀ ਅਤੇ ਮਨ ਹੀ ਮਨ ਵਿੱਚ ਸੋਚ ਲਿਆ ਕਿ 40-45 ਦਿਨ ਬਿਲਕੁਲ ਬਿਨਾਂ ਅਰਾਮ ਕੀਤਿਆਂ ਲਗਾਤਾਰ ਵਾਹਿਗੁਰੂ ਦਾ ਸਿਮਰਨ ਕਰਨਾ ਹੈ। ਇੱਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਜਿਵੇਂ ਚੁਨਿਆਵੀਂ ਪੜ੍ਹਾਈ ਕਰਦਿਆਂ ਛੋਟੀਆਂ ਜਮਾਤਾਂ ਦੀ ਪੜ੍ਹਾਈ ਅਸਾਨ ਹੁੰਦੀ ਹੈ, ਜਿਵੇਂ ਜਿਵੇਂ ਵਿਦਿਆਰਥੀ ਵੱਡੀਆਂ ਜਮਾਤਾਂ ਪਾਸ ਕਰਦਾ ਹੈ ਤਾਂ ਪੜ੍ਹਾਈ ਦਾ ਸਿਲੇਬਸ ਵੀ ਕਠਿਨ ਹੁੰਦਾ ਜਾਂਦਾ ਹੈ ਅਤੇ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਜਿਵੇਂ ਕੋਈ ਆਈ ਏ ਐੱਸ., ਆਈ ਪੀ ਐੱਸ. ਡਾਕਟਰ ਜਾਂ ਇੰਜੀਨੀਅਰ ਬਣਦਾ ਹੈ ਤਾਂ ਓਨਾ ਹੀ ਮੁਸ਼ਕਲ ਇਮਤਿਹਾਨ ਚੋਂ ਗੁਜ਼ਰਨਾ ਪੈਂਦਾ ਹੈ। ਇੱਧਰ ਵੀ ਇਸੇ ਤਰ੍ਹਾਂ ਹੀ ਗੁਰਸਿੱਖ ਦੀਆਂ ਆਤਮਿਕ ਅਵਸਥਾ ਹਨ, ਜਿਵੇਂ ਜਿਵੇਂ ਉੱਚ ਅਵਸਥਾ ਵਿੱਚ ਪਹੁੰਚਣ ਲਈ ਉਪਰਾਲਾ ਕੀਤਾ ਜਾਂਦਾ ਹੈ, ਤਿਵੇਂ ਤਿਵੇਂ ਸਖਤ ਤੋਂ ਸਖਤ ਇਮਤਿਹਾਨ ਚੋਂ ਗੁਜ਼ਰਨਾ ਪੈਂਦਾ ਹੈ। ਇਸ ਵਾਰ ਇੱਥੇ ਵੀ ਕੁੱਝ ਅਜਿਹਾ ਹੀ ਵਾਪਰਿਆ। ਜਦੋਂ ਭਾਈ ਜਰਨੈਲ ਸਿੰਘ ਅਭਿਆਸੀ ਨੇ ਸਿਮਰਨ ਆਰੰਭ ਕੀਤਾ ਤਾਂ ਘਰਦਿਆਂ ਨੂੰ ਕਹਿ ਦਿੱਤਾ ਕਿ ਮੇਰੇ ਕਹੇ ਬਿਨਾਂ ਕੋਈ ਭੋਜਨ ਆਦਿਕ ਨਹੀਂ ਤਿਆਰ ਕਰਨਾ ਕੇਵਲ ਪਾਣੀ ਦਾ ਹੀ ਘੜਾ ਰੱਖਿਆ ਹੋਇਆ ਸੀ। ਬਿਨਾ ਕੁੱਝ ਖਾਧਿਆਂ ਸਿਮਰਨ ਕਰਦਿਆਂ ਦਿਨ ਬੀਤਦੇ ਗਏ, ਇਸੇ ਦੌਰਾਨ ਘਰ ਵਿੱਚ ਕੁੱਝ ਅਜਿਹੀਆਂ ਘਟਨਾਵਾਂ ਵਾਪਰਣੀਆਂ ਸ਼ੁਰੂ ਹੋ ਗਈਆਂ, ਜਿਵੇਂ ਘਰ ਦੇ ਪਸ਼ੂ ਮਰਨ ਲੱਗੇ। ਦੋਵੇਂ ਬਲਦ ਮਰ ਗਏ ਦੋ ਮੱਝਾਂ ਮਰ ਗਈਆਂ ਅਤੇ ਜੋ ਕੁੱਝ ਪਸ਼ੂ ਬਚੇ ਸਨ, ਉਹ ਵੀ ਸੁੱਕ ਕੇ ਪਿੰਜਰ ਬਣ ਗਏ, ਪਰ ਇਸ ਸਭ ਕੁੱਝ ਤੋਂ ਬੇਪ੍ਰਵਾਹ ਭਾਈ ਜਰਨੈਲ ਸਿੰਘ ਅਭਿਆਸੀ ਸਿਮਰਨ ਵਿੱਚ ਮਗਨ ਰਹੇ। ਪੂਰੇ 46 ਦਿਨ ਸਿਮਰਨ ਕਰਨ ਉਪਰੰਤ ਪਹਿਲਾਂ ਦੀ ਤਰ੍ਹਾਂ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ ਅਤੇ ਫਿਰ ਘਰ ਵਾਪਸ ਪਰਤੇ। ਫਿਰ ਵੀ ਕਈ ਦਿਨ ਕਿਸੇ ਨਾਲ ਕੋਈ ਗੱਲ ਨਹੀਂ ਕੀਤੀ। ਇਸ ਦੌਰਾਨ ਆਂਢ-ਗਵਾਂਢ ਦੇ ਲੋਕ ਇਹ ਚਰਚਾ ਕਰਦੇ ਸਨ ਕਿ ਭਾਈ ਜਰਨੈਲ ਸਿੰਘ ਅਭਿਆਸੀ ਇੰਨਾ ਸਿਮਰਨ ਭਜਨ ਕਰਦਾ ਹੈ, ਪਰ ਇਸ ਦੇ ਘਰ ਦਾ ਬੁਰਾ ਹਾਲ ਹੋ ਚੁੱਕਾ ਹੈ। ਬਹੁਤ ਸਾਰੇ ਪਸ਼ੂਆਂ ਦਾ ਨੁਕਸਾਨ ਹੋ ਗਿਆ ਹੈ ਅਤੇ ਬਚੇ ਹੋਏ ਪਸ਼ੂ ਵੀ ਖਰਚੇ ਦਾ ਥਾਂ ਬਣੇ ਹੋਏ ਹਨ। ਇਸ ਨੂੰ ਕੋਈ ਉਪਾਅ ਕਰਨਾ ਚਾਹੀਦਾ ਹੈ। ਭਾਵ ਜੋ ਆਮ ਲੋਕਾਂ ਵਿੱਚ ਵਹਿਮ ਭਰ ਹੁੰਦਾ ਹੈ, ਉਸੇ ਤਰ੍ਹਾਂ ਹੀ ਸੋਚਦੇ ਸਨ

Scanned with CamScanner

ਕਿ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਵੀ ਕਿਸੇ ਸਿਆਣੇ ਭੂਤ-ਪ੍ਰੇਤ ਕੱਢਣ ਵਾਲੇ ਵਿਅਕਤੀ ਦੀ ਸਲਾਹ ਲੈਣੀ ਚਾਹੀਦੀ ਹੈ, ਪਰ ਉਨ੍ਹਾਂ ਦੇ ਸੁਭਾਅ ਤੋਂ ਜਾਣੂ ਕੋਈ ਵੀ ਵਿਅਕਤੀ ਉਨ੍ਹਾਂ ਨਾਲ ਅਜਿਹੀ ਗੱਲ ਨਹੀਂ ਸੀ ਕਰਦਾ। ਇਸ ਸਮੇਂ ਹੀ ਭਾਈ ਜਰਨੈਲ ਸਿੰਘ ਨਾਲ ਵੀ ਕੁੱਝ ਅਜਿਹਾ ਵਾਪਰ ਰਿਹਾ ਸੀ, ਜਿਸ ਤੋਂ ਉਹ ਆਪ ਵੀ ਬਹੁਤ ਗੰਭੀਰ ਸਨ। ਰਾਤ ਸਮੇਂ ਬਾਹਰ ਵਿਹੜੇ ਵਿੱਚ ਸੁੱਤਿਆਂ ਕਈ ਵਾਰ ਉਨ੍ਹਾਂ ਦੇ ਬਿਸਤਰੇ ਦੀ ਚਾਦਰ ਖ਼ੂਨ ਦੇ ਛਿੱਟਿਆਂ ਨਾਲ ਭਿੱਜੀ ਹੁੰਦੀ ਸੀ ਅਤੇ ਕਈ ਵਾਰ ਪਸ਼ੂਆਂ ਦੀਆਂ ਖੁਰਲੀਆਂ ਵਿੱਚ ਵੀ ਖ਼ੂਨ ਆਦਿ ਦੇ ਛਿੱਟੇ ਪਏ ਹੁੰਦੇ ਸਨ। ਸਿਵਾਏ ਘਰ ਦੇ ਦੋ ਤਿੰਨ ਮੈਂਬਰਾਂ ਤੋਂ ਬਿਨਾਂ ਇਸ ਬਾਰੇ ਭਾਈ ਜਰਨੈਲ ਸਿੰਘ ਅਭਿਆਸੀ ਨੇ ਹੋਰ ਕਿਸੇ ਨੂੰ ਵੀ ਕੁੱਝ ਨਹੀਂ ਸੀ ਦੱਸਿਆ, ਬਲਕਿ ਸਖ਼ਤੀ ਨਾਲ ਮਨ੍ਹਾ ਕੀਤਾ ਹੋਇਆ ਸੀ ਕਿ ਕਿਸੇ ਨਾਲ ਅਜਿਹੀ ਕੋਈ ਗੱਲ ਨਹੀਂ ਕਰਨੀ, ਕਿਉਂਕਿ ਇਹ ਸਭ ਕੁਝ ਅਕਾਲ ਪੁਰਖ ਦੀ ਰਜ਼ਾ ਵਿੱਚ ਹੀ ਹੋ ਰਿਹਾ ਹੈ। ਇਸ ਤੋਂ ਕਿਸੇ ਵੀ ਤਰ੍ਹਾਂ ਘਬਰਾਉਣ ਦੀ ਜ਼ਰੂਰਤ ਨਹੀਂ। ਸ਼ਾਇਦ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਬਾਰੇ ਪ੍ਰਮਾਤਮਾ ਵੱਲੋਂ ਕੋਈ ਸੰਦੇਸ਼ ਮਿਲਦਾ ਹੋਵੇ, ਪਰ ਸਮੁੱਚੇ ਘਰ ਵਿੱਚ ਇਸ ਗੱਲ ਦੀ ਭਾਰੀ ਚਿੰਤਾ ਸੀ। ਦੁੱਧ ਦੇਣ ਵਾਲੀਆਂ ਮੱਝਾਂ ਦੇ ਮਰ ਜਾਣ ਕਾਰਨ ਘਰੇ ਦੁੱਧ ਦਹੀਂ ਆਦਿਕ ਵੀ ਨਹੀਂ ਸੀ, ਪਰ ਭਾਈ ਜਰਨੈਲ ਸਿੰਘ ਅਭਿਆਸੀ ਰੁੱਖੀ ਸੁੱਕੀ ਰੋਟੀ ਖਾ ਕੇ ਹੀ ਖੇਤ ਨੂੰ ਚਲੇ ਜਾਂਦੇ ਅਤੇ ਨਿਯਮ ਮੁਤਾਬਕ ਆਪਣਾ ਪੂਰਾ ਨਿਤਨੇਮ ਅਤੇ ਸਿਮਰਨ ਕਰਦੇ। ਘਰੇਲੂ ਆਫ਼ਤਾਂ ਭਾਵੇਂ ਵੱਡੀਆਂ ਸਨ, ਪਰ ਭਾਈ ਜਰਨੈਲ ਸਿੰਘ ਦੇ ਸਿਰੜ ਅਤੇ ਦ੍ਰਿੜ੍ਹਤਾ ਦੇ ਸਾਹਮਣੇ ਉਨ੍ਹਾਂ ਦੇ ਸਿਮਰਨ ਭਜਨ ਅਤੇ ਭਾਉ ਭਗਤੀ ਵਿੱਚ ਕਦੇ ਵੀ ਇਹ ਆਫ਼ਤਾਂ ਵਿਘਨਕਾਰੀ ਸਾਬਤ ਨਹੀਂ ਹੋ ਸਕੀਆਂ।

ਕੁੱਝ ਕੁ ਦਿਨ ਇਸ ਤਰ੍ਹਾਂ ਹੀ ਬੀਤੇ ਫਿਰ ਇੱਕ ਦਿਨ ਅਚਾਨਕ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ 14-15 ਸਿੰਘਾਂ ਸਮੇਤ ਘਰ ਆਏ। ਮਿੰਨੀ ਬੱਸ ਵਿੱਚੋਂ ਉੱਤਰੇ ਅਤੇ ਸਿੱਧੇ ਹੀ ਭਾਈ ਜਰਨੈਲ ਸਿੰਘ ਕੋਲ ਗਏ ਪਰ ਉੱਥੇ ਵੀ ਨਾ ਰੁਕੇ। ਸਿੱਧੇ ਪਸ਼ੂਆਂ ਵਾਲੇ ਬਰਾਂਡੇ ਵਿੱਚ ਚੱਲੇ ਗਏ ਜੋ ਕਿ ਗੋਹੇ ਆਦਿਕ ਦੀ ਗੰਦਗੀ ਨਾਲ ਲਥਪਥ ਸੀ। ਇਸ ਦੀ ਪ੍ਰਵਾਹ ਕੀਤੇ ਬਗ਼ੈਰ ਮਹਾਂਪੁਰਖ ਉਸੇ ਤਰ੍ਹਾਂ ਹੀ ਅੰਦਰ ਚਲੇ ਗਏ ਅਤੇ ਤਿੰਨ ਚਾਰ ਮਿੰਟ ਇੱਧਰ-ਉੱਧਰ ਤੱਕਣ ਤੋਂ ਬਾਅਦ ਦੂਸਰੇ ਬਾਹ ਵਿੱਚ ਦੀ ਬਾਹਰ ਨਿਕਲ ਆਏ। ਬਾਹਰ ਭਾਈ ਜਰਨੈਲ ਸਿੰਘ ਜੀ ਹੱਥ ਜੋੜ ਕੇ ਖੜ੍ਹੇ ਸਨ। ਸੰਤਾਂ ਨੇ ਉੱਚੀ ਆਵਾਜ਼ ਵਿੱਚ ਬੜੀ ਗੰਭੀਰਤਾ ਨਾਲ ਕਿਹਾ ਕਿ ਭਾਈ ਜਰਨੈਲ ਸਿੰਘਾ ਤੂੰ ਤਕੜਾ ਰਿਹੈਂ, ਹੋਰ ਕੋਈ ਹੁੰਦਾ ਤਾਂ ਸ਼ਾਇਦ ਖਿੜਕ ਜਾਂਦਾ, ਪਰ ਤੂੰ ਕਾਮਯਾਬ ਰਿਹਾ। ਤੇਰੀ ਕਾਮਯਾਬੀ ਨਾਲ ਹੀ ਤੇਰੀ ਛਤਰਿ ਹੋ ਚੁੱਕੀ ਹੈ। ਫਿਰ ਨਾਲ ਆਏ ਹੋਏ ਸਿੰਘਾਂ ਵਿੱਚੋਂ ਹੀ ਦੋ ਸਿੰਘਾਂ ਦੀ ਭਾਈ ਸੰਤ ਸਿੰਘ ਜੀ ਅਤੇ ਭਾਈ ਗੁਰਦਿਆਲ ਸਿੰਘ ਦਰਵੇਸ਼ ਦੀ ਡਿਊਟੀ ਲਗਾਈ ਕਿ ਤੁਸੀਂ ਅੱਜ ਹੀ ਤਿਆਰੀ ਕਰੋ, ਇੱਥੇ ਭਾਈ ਜਰਨੈਲ ਸਿੰਘ ਦੇ ਗ੍ਰਹਿ ਵਿਖੇ ਸਹਿਜ ਸੰਪਟ ਪਾਠ ਆਰੰਭ ਕਰਨਾ ਹੈ। ਜਲਦੀ ਨਾਲ ਤਿਆਰੀ ਕਰੋ, ਕਿਉਂਕਿ ਅਸੀਂ ਆਰੰਭਤਾ ਕਰਨ ਤੋਂ ਬਾਅਦ ਹੀ ਇੱਥੋਂ ਜਾਣਾ ਹੈ। ਇਸੇ ਤਰ੍ਹਾਂ ਤਿਆਰੀ ਕਰਨ ਉਪਰੰਤ ਮਹਾਂਪੁਰਖਾਂ ਨੇ ਆਪ ਅਰਦਾਸ ਕੀਤੀ, ਸਹਿਜ ਸੰਪਟ ਪਾਠ ਆਰੰਭ ਹੋਇਆ ਅਤੇ ਇਸ ਦੀ ਸਾਰੀ ਵਿਧੀ ਦੱਵਾਂ ਹੀ ਪਾਠੀ ਸਿੰਘਾਂ ਨੂੰ ਸਮਝਾਈ ਅਤੇ ਦੱਸਿਆ ਕਿ 21 ਦਿਨ ਬਾਅਦ ਭੋਗ ਪਵੇਗਾ। ਭੋਗ ਸਮੇਂ ਵੀ ਅਸੀਂ ਆਪ ਆ ਕੇ ਅਰਦਾਸ ਕਰਾਂਗੇ ਅਤੇ ਭਾਈ ਜਰਨੈਲ ਸਿੰਘ ਨੂੰ ਕਿਹਾ ਕਿ ਤੂੰ ਪਾਠੀ ਸਿੰਘਾਂ ਦੀ ਸੇਵਾ ਕਰਨੀ ਅਤੇ ਵੱਧ ਤੋਂ ਵੱਧ ਸਮਾਂ ਸਾਰੇ ਪਰਿਵਾਰ ਨੇ ਪਾਠ ਸੁਣਨਾ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਇਸ ਘਟਨਾ ਬਾਰੇ ਕੁੱਝ ਵੀ ਨਹੀਂ ਸੀ ਦੱਸਿਆ ਗਿਆ। ਇਹ ਉਨ੍ਹਾਂ ਦਾ ਅੰਦਰੋਂ ਹੀ ਭਾਈ ਜਰਨੈਲ ਸਿੰਘ ਨਾਲ ਪਿਆਰ ਸੀ। ਜਿਸ ਕਾਰਨ ਉਹ ਇਸ ਚੱਲ ਰਹੇ ਘਟਨਾਕ੍ਰਮ ਤੋਂ ਬਿਨਾਂ ਦੱਸਿਆਂ ਹੀ ਜਾਣੂੰ ਸਨ। ਇਸੇ ਲਈ ਅਚਾਨਕ ਹੀ ਘਰੇ ਪਹੁੰਚ ਕੇ ਤੁਰੰਤ ਪਸ਼ੂਆਂ ਵਾਲੇ ਕਮਰੇ ਵਿੱਚ ਜਾ ਕੇ ਜਾਇਜ਼ਾ ਲਿਆ ਅਤੇ ਇਸ ਸਮੱਸਿਆ ਦੀ ਨਵਿਰਤੀ ਲਈ ਗੁਰਬਾਣੀ ਦਾ ਓਟ ਆਸਰਾ ਲੈਂਦਿਆਂ ਸਹਿਜ ਸੰਪਟ ਪਾਠ ਆਰੰਭ ਕਰਵਾਇਆ ਅਤੇ ਭਾਈ ਜਰਨੈਲ ਸਿੰਘ ਵੱਲੋਂ ਗੁਰਮਤਿ ਰਹਿਤ ਮਰਿਯਾਦਾ ਦੇ ਅਸੂਲਾਂ ਤੋਂ ਛੁਟੇ ਰਹਿਣ ਕਾਰਨ ਉਨ੍ਹਾਂ ਨੂੰ ਸ਼ਾਬਾਸ਼ ਵੀ ਦਿੱਤੀ ਅਤੇ ਇਸ ਸੰਕਟ ਵਿੱਚੋਂ ਕੱਢਣ ਲਈ ਗੁਰਬਾਣੀ ਦਾ ਆਸਰਾ ਹੀ ਮੁੱਖ ਸਾਧਨ ਦੱਸਿਆ। ਦੱਸੇ ਹੋਏ ਸਮੇਂ ਮੁਤਾਬਕ 21ਵੇਂ ਦਿਨ ਸਹਿਜ ਸੰਪਟ ਪਾਠ ਦਾ ਭੋਗ ਪਿਆ। ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੇ ਆਪ ਅਰਦਾਸ ਕੀਤੀ। ਹੁਕਮਨਾਮਾ ਲਿਆ ਅਤੇ ਹੁਕਮਨਾਮੇ ਦੀ

Scanned with CamScanner

ਵਿਆਖਿਆ ਵੀ ਕੀਤੀ। ਇਸ ਤੋਂ ਉਪਰੰਤ ਘਰ ਵਿੱਚ ਕੋਈ ਅਜਿਹੀ ਵਿਘਨਕਾਰੀ ਘਟਨਾ ਨਹੀਂ ਵਾਪਰੀ, ਬਲਕਿ ਜੋ ਘਰ ਦੇ ਬਚੇ ਹੋਏ ਪਸ਼ੂ ਸੁੱਕ ਕੇ ਪਿੰਜਰ ਬਣ ਚੁੱਕੇ ਸਨ। ਉਹ ਵੀ ਚੰਗੇ ਭਲੇ ਹੋ ਗਏ। ਇੱਥੇ ਇਹ ਵੀ ਦੱਸਣਯੋਗ ਹੈ ਕਿ ਜੋ ਅੱਜ ਦੇ ਪ੍ਰਚਾਰਕ ਜਾਂ ਕੁਝ ਗਿਆਨੀ ਅਕਸਰ ਹੀ ਅਖੰਡ ਸੰਪਟ ਪਾਠ ਜਾਂ ਸਹਿਜ ਸੰਪਟ ਪਾਠ ਉੱਪਰ ਕਿੰਤੂ ਪ੍ਰੰਤੂ ਕਰਦੇ ਹਨ। ਅਸਲ ਵਿੱਚ ਗੁਰਬਾਣੀ ਦੇ ਮੂਲ ਸਿਧਾਂਤਾਂ ਤੋਂ ਅਜਿਹੇ ਲੋਕ ਆਪ ਸੱਖਣੇ ਹਨ ਅਤੇ ਭਜਨ ਬੰਦਗੀ ਤੋਂ ਵੀ ਅਧੂਰੇ ਹਨ, ਉਹ ਆਮ ਸੰਗਤਾਂ ਦੀ ਸ਼ਰਧਾ ਵਿੱਚ ਫ਼ਰਕ ਪਾਉਂਦੇ ਹਨ।

ਰਹਿਤ ਪਿਆਰੀ ਮੁਝ ਕੋ

ਜਿਵੇਂ ਇੱਕ ਵਾਰੀ ਕੰਘਾ ਵਿੱਸਰ ਜਾਣ ਦੀ ਘਟਨਾ ਜੋ ਪਹਿਲਾਂ ਹੀ ਲਿਖੀ ਜਾ ਚੁੱਕੀ ਹੈ ਇਸੇ ਤਰ੍ਹਾਂ ਇਕ ਦਿਨ ਭਾਈ ਜਰਨੈਲ ਸਿੰਘ ਜੀ ਟਰੈਕਟਰ ਨਾਲ ਪੈਲ਼ੀ ਵਾਹ ਰਹੇ ਸਨ, ਜਦੋਂ ਘਰ ਤੋਂ ਪ੍ਰਸ਼ਾਦਾ ਖੇਤ ਪਹੁੰਚਿਆ ਤਾਂ ਅਸੀਂ ਸਾਰੇ ਪ੍ਰਸ਼ਾਦਾ ਛਕਣ ਲਈ ਬੈਠ ਗਏ ਪਰ ਭਾਈ ਜਰਨੈਲ ਸਿੰਘ ਨੂੰ ਅਚਾਨਕ ਹੀ ਪਤਾ ਲੱਗਾ ਕਿ ਉਨ੍ਹਾਂ ਦੀ ਗਾਤਰੇ ਵਾਲੀ ਕਿਰਪਾਨ ਡਿੱਗ ਪਈ ਹੈ। ਟਰੈਕਟਰ ਚਲਾਉਂਦਿਆਂ ਗਾਤਰੇ ਵਾਲੀ ਕਿਰਪਾਨ ਹਿੱਲ ਹਿੱਲ ਕੇ ਗਾਤਰੇ ਵਿਚੋਂ ਨਿਕਲ ਕੇ ਟਰੈਕਟਰ ਤੋਂ ਥੱਲੇ ਡਿੱਗ ਪਈ ਅਤੇ ਪਿੱਛੇ ਚੱਲ ਰਹੇ ਕਲਟੀਵੇਟਰਾਂ ਦੀ ਮਿੱਟੀ ਨਾਲ ਮਿੱਟੀ ਥੱਲੇ ਦੱਬੀ ਗਈ ਸੀ। ਉਨ੍ਹਾਂ ਕਾਫ਼ੀ ਸਮਾਂ ਕਿਰਪਾਨ ਦੀ ਭਾਲ ਕੀਤੀ ਪਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕਿਰਪਾਨ ਨਾ ਮਿਲੀ ਤਾਂ ਉਹ ਕਹਿਣ ਲੱਗੇ ਜਦੋਂ ਤੱਕ ਮੈਂ ਕਿਰਪਾਨ ਹਾਸਲ ਨਹੀਂ ਕਰ ਲੈਂਦਾ ਤਦ ਤੱਕ ਮੈਂ ਪ੍ਰਸ਼ਾਦਾ ਨਹੀਂ ਛਕਾਂਗਾ। ਇਹ ਕਹਿ ਕੇ ਉਹ ਖੇਤੋਂ ਘਰ ਚਲੇ ਗਏ ਅਤੇ ਘਰੋਂ ਹੋਰ ਕਿਰਪਾਨ ਪ੍ਰਾਪਤ ਕੀਤੀ, ਅਚਾਨਕ ਵਿੱਸਰੇ ਕਕਾਰ ਲਈ ਅਰਦਾਸ ਕੀਤੀ ਅਤੇ ਦੁਬਾਰਾ ਖੇਤ ਪਹੁੰਚ ਗਏ, ਫਿਰ ਉਨ੍ਹਾਂ ਨੇ ਪ੍ਰਸ਼ਾਦਾ ਛਕਿਆ ਅਤੇ ਇਸ ਗੱਲ ਨੂੰ ਬਹੁਤ ਮਹਿਸੂਸ ਕੀਤਾ ਕਿ ਕੁਝ ਸਮੇਂ ਲਈ ਵੀ ਕਿਰਪਾਨ ਕਿਉਂ ਵਿੱਸਰ ਗਈ। ਜਦੋਂ ਉਨ੍ਹਾਂ ਨੂੰ ਖੇਤ ਵਿਚ ਕੰਮ ਕਰਨ ਵਾਲੇ ਹੋਰ ਆਦਮੀਆਂ ਵੱਲੋਂ ਪੁੱਛਿਆ ਗਿਆ ਕਿ ਕਿਰਪਾਨ ਵਿੱਸਰ ਜਾਣ 'ਤੇ ਤੁਸੀਂ ਪ੍ਰਸ਼ਾਦਾ ਕਿਉਂ ਨਹੀਂ ਛਕਿਆ? ਉਨ੍ਹਾਂ ਦੱਸਿਆ ਕਿ ਇਹ ਪੰਜਾਂ ਪਿਆਰਿਆਂ ਦਾ ਹੁਕਮ ਹੈ ਕਿ ਪੰਜਾਂ ਕਕਾਰਾਂ ਵਿਚੋਂ ਇਕ ਵੀ ਕਕਾਰ ਵਿਸਰ ਜਾਵੇ ਤਾਂ ਉਸਨੂੰ ਪ੍ਰਾਪਤ ਕੀਤੇ ਬਿਨ੍ਹਾਂ ਅੰਨ ਪਾਣੀ ਨਹੀਂ ਛਕਣਾ। ਉਹ ਗੁਰਮਤਿ ਦੀ ਰਹਿਣੀ, ਰਹਿਤ ਮਰਿਯਾਦਾ ਵਿਚ ਸ਼ੁਰੂ ਤੋਂ ਹੀ ਚੇਤੰਨ ਸਨ ਅਤੇ ਪ੍ਰਪੱਕਤਾ ਨਾਲ ਗੁਰਮਤਿ ਅਸੂਲਾਂ ਦੀ ਪਾਲਣਾ ਕਰਦੇ ਸਨ।

ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥
ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥ (੨੬੦)

ਵੈਸੇ ਤਾਂ ਘਰ ਦੇ ਸਾਰੇ ਕੰਮ ਕਾਜ ਕਰਦਿਆਂ ਭਾਈ ਜਰਨੈਲ ਸਿੰਘ ਅਭਿਆਸੀ ਹਮੇਸ਼ਾ ਹੀ ਸਿਮਰਨ ਭਜਨ ਵਿੱਚ ਲੱਗੇ ਰਹਿੰਦੇ ਸਨ। ਇਸ ਲਈ ਉਹ ਇਕੱਲਿਆਂ ਹੀ ਕੰਮ ਕਰਕੇ ਪ੍ਰਸੰਨ ਰਹਿੰਦੇ ਸਨ। ਜੇਕਰ ਹੋਰ ਪਰਿਵਾਰਕ ਮੈਂਬਰਾਂ ਨਾਲ ਮਿਲ ਕੇ ਕੰਮ ਕਰਦੇ ਤਾਂ ਉਸ ਸਮੇਂ ਵੀ ਉਨ੍ਹਾਂ ਦੇ ਮਨ ਵਿੱਚ ਇਹੀ ਭਾਵਨਾ ਰਹਿੰਦੀ ਕਿ ਮੇਰੇ ਨਾਲ ਕੰਮ ਕਰਨ ਵਾਲਾ ਕੋਈ ਵਿਅਕਤੀ ਇੱਧਰ ਉਧਰ ਦੀਆਂ ਗੱਲਾਂ ਕਰਨ ਨਾਲੋਂ ਵਾਹਿਗੁਰੂ ਜੀ ਦਾ ਸਿਮਰਨ ਕਰੇ। ਇਸ ਲਈ ਉਹ ਜਾਂ ਤਾਂ ਗੁਰੂ ਇਤਿਹਾਸ ਦੀ ਸਾਖੀ ਸੁਣਾਉਣ ਲੱਗ ਪੈਂਦੇ ਅਤੇ ਜਾਂ ਸਭਨਾਂ ਨੂੰ ਹੀ ਸਿਮਰਨ ਕਰਨ ਲਾ ਲੈਂਦੇ। ਜਿਸ ਤਰ੍ਹਾਂ ਇੱਕ ਵਾਰੀ ਹਾੜੀ ਦੇ ਦਾਣੇ ਕੱਢਦਿਆਂ ਖੇਤ ਵਿੱਚ ਹੀ ਹਨੇਰਾ ਹੋ ਗਿਆ ਅਤੇ ਜਦ ਕਣਕ ਦੀ ਭਰੀ ਹੋਈ ਟਰਾਲੀ ਲੈ ਕੇ ਘਰ ਪਹੁੰਚੇ ਤਾਂ ਘਰ ਦੇ ਸਾਰੇ ਹੀ ਇਸਤਰੀ ਮਰਦਾਂ ਨੂੰ ਨਾਲ ਲਾ ਕੇ ਟਰਾਲੀ ਵਿੱਚੋਂ ਕਣਕ ਉਤਾਰਨ ਲੱਗ ਪਏ। ਉਹ ਆਪ ਟਰਾਲੀ ਵਿੱਚ ਚੜ੍ਹ ਗਏ ਅਤੇ ਘਰ ਦੇ ਮੈਂਬਰਾਂ ਨੂੰ ਥੱਠਲ ਚੁਕਾ ਦਿੱਤੇ ਅਤੇ ਸਭ ਨੂੰ ਕਹਿ ਦਿੱਤਾ ਕਿ ਕਣਕ ਦਾ ਥੱਠਲ ਅੰਦਰ ਲਿਜਾਣ ਸਮੇਂ ਅਤੇ ਵਾਪਸ ਆਉਣ ਸਮੇਂ ਮੂਲ ਮੰਤਰ ਦਾ ਜਾਪ ਕਰਨਾ ਹੈ। ਇਸ ਤਰ੍ਹਾਂ ਆਪ ਬਾਲਟੀ ਨਾਲ ਥੱਠਲ ਭਰਦੇ ਆਪ ਵੀ ਮੂਲ ਮੰਤਰ ਦਾ ਜਾਪ ਕਰਦੇ ਰਹੇ ਅਤੇ ਨਾਲ-ਨਾਲ ਧਿਆਨ ਵੀ ਰੱਖਿਆ ਕਿ ਕੋਈ ਵੀ ਪਰਿਵਾਰਿਕ ਮੈਂਬਰ ਮੂਲ ਮੰਤਰ ਦਾ ਜਾਪ ਛੱਡ ਕੇ ਗੱਲਾਂ ਬਾਤਾਂ ਨਾ ਕਰੇ। ਇਸ ਤਰ੍ਹਾਂ ਜਦੋਂ ਸਾਰੀ ਟਰਾਲੀ ਖਾਲੀ ਕਰ ਦਿੱਤੀ ਤਾਂ ਉਨ੍ਹਾਂ ਆਪਣੀ ਸੁਪਤਨੀ (ਬੀਬੀ ਪ੍ਰੀਤਮ ਕੌਰ) ਨੂੰ ਪੁੱਛਿਆ ਕਿ ਤੂੰ ਕਿੰਨੇ ਪਾਠ ਮੂਲ ਮੰਤਰ ਦੇ ਕੀਤੇ ਹਨ ਤਾਂ ਉਨ੍ਹਾਂ ਕਿਹਾ ਕਿ ਮੈਂ ਗਿਣਤੀ ਨਹੀਂ ਕੀਤੀ ਤਾਂ ਉਨ੍ਹਾਂ ਹੋਰ ਪੁੱਛਿਆ ਕਿ ਜਦੋਂ ਇੱਕ ਵਾਰੀ ਦਾਣੇ ਲੈ ਕੇ ਅੰਦਰ ਜਾਂਦੇ ਸੀ ਅਤੇ ਬਾਹਰ ਆਉਂਦੇ ਸੀ, ਆਉਣ ਜਾਣ ਸਮੇਂ ਕਿੰਨੇ ਪਾਠ ਮੂਲ ਮੰਤਰ ਦੇ ਹੋ ਜਾਂਦੇ ਸਨ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਇਹ ਵੀ ਯਾਦ ਨਹੀਂ ਪਰ ਮੈਂ

Scanned with CamScanner

ਲਗਾਤਾਰ ਮੂਲ ਮੰਤਰ ਦਾ ਪਾਠ ਕਰਦੀ ਰਹੀ ਹਾਂ ਤਾਂ ਕਹਿਣ ਲੱਗੇ ਜਦ ਦੂਜੀ ਟਰਾਲੀ ਲਾਹਾਗੇ ਤਾਂ ਤੂੰ ਗਿਣਤੀ ਕਰੀਂ। ਇਸੇ ਤਰ੍ਹਾਂ ਜਦ ਦੂਜੇ ਦਿਨ ਟਰਾਲੀ ਵਿੱਚੋਂ ਕਣਕ ਉਤਾਰਨ ਲੱਗੇ ਤਾਂ ਉਨ੍ਹਾਂ ਫਿਰ ਸਾਰਿਆਂ ਨੂੰ ਕਿਹਾ ਅੱਜ ਫਿਰ ਸਭ ਨੇ ਮੂਲ ਮੰਤਰ ਦਾ ਜਾਪ ਕਰਨਾ, ਸਭ ਆਪੋ ਆਪਣਾ ਜਾਪ ਕਰਨ ਲੱਗੇ ਤਾਂ ਬੀਬੀ ਪ੍ਰੀਤਮ ਕੌਰ ਦਸ ਮੂਲ ਮੰਤਰ ਦੇ ਪਾਠ ਕਰਨ ਬਾਅਦ ਕੱਪ ਉਪਰ ਇੱਕ ਛੋਟੀ ਜਿਹੀ ਲਕੀਰ ਮਾਰ ਦਿੰਦੇ ਸਨ। ਮਕਾਨ ਦੀਆਂ ਕੰਧਾਂ ਕੱਚੀਆਂ ਹੋਣ ਕਾਰਨ ਲਕੀਰ ਸੌਖੀ ਵੱਜ ਜਾਂਦੀ ਸੀ ਤਾਂ ਹੀ ਗਿਣਤੀ ਕਰਨ ਦਾ ਸੌਖਾ ਤਰੀਕਾ ਸਮਝਦਿਆਂ ਅੰਜਿਹਾ ਕਰਦੇ। ਜਦੋਂ ਸਾਰੀ ਕਣਕ ਉਤਾਰੀ ਗਈ ਤਾਂ ਉਸ ਨੇ ਕੱਪ ਉਪਰ ਵੱਜੀਆਂ ਲਕੀਰਾਂ ਦੀ ਗਿਣਤੀ ਕਰਕੇ ਦੱਸਿਆ ਕਿ ਅੱਜ ਇਨੇ ਪਾਠ ਮੂਲ ਮੰਤਰ ਦੇ ਕੀਤੇ ਹਨ ਤਾਂ ਭਾਈ ਸਰਨੈਲ ਸਿੰਘ ਅਭਿਆਸੀ ਆਪਣੇ ਸੁਭਾਅ ਅਨੁਸਾਰ ਹੀ ਬੋਲੇ ਕਿ ਭਾਵੇਂ ਗਿਣਤੀ ਦੀ ਕੋਈ ਗੱਲ ਨਹੀਂ ਪਰ ਇੱਕ ਅਹਿਸਾਸ ਹੋਣਾ ਚਾਹੀਦਾ ਹੈ ਕਿ ਜੇਕਰ ਅੱਧੇ ਘੰਟੇ ਵਿੱਚ ਇਨੇ ਪਾਠ ਮੂਲ ਮੰਤਰ ਦੇ ਕੀਤੇ ਹਨ ਜੇਕਰ ਪੂਰਾ ਦਿਨ ਕਰਨੇ ਹੋਣ ਤਾਂ ਪ੍ਰਮਾਤਮਾ ਦੀ ਕਿੰਨੀ ਵੱਡੀ ਕ੍ਰਿਪਾ ਹੋਵੇਗੀ। ਉਨ੍ਹਾਂ ਦਾ ਅਹਿਸਾਸ ਕਰਵਾਉਣ ਦਾ ਇੱਕ ਆਪਣਾ ਤਰੀਕਾ ਸੀ। ਇਥੋਂ ਤੱਕ ਕਿ ਪਿੰਡ ਵਿੱਚੋਂ ਜੇਕਰ ਕੋਈ ਮਜਦੂਰ ਵੀ ਨਾਲ ਹੁੰਦਾ ਤਾਂ ਉਸ ਨੂੰ ਵੀ ਗੁਰਬਾਣੀ ਦਾ ਕੋਈ ਸ਼ਬਦ ਜ਼ੁਬਾਨੀ ਯਾਦ ਕਰਵਾ ਦਿੰਦੇ ਅਤੇ ਉਸ ਨੂੰ ਕਹਿੰਦੇ ਕਿ ਲੈ ਭਾਈ, ਇਸ ਸ਼ਬਦ ਦਾ ਜਾਪ ਕਰੀ ਚੱਲ ਤਾਂ ਕਿ ਤੇਰਾ ਅੱਜ ਦਾ ਸਾਰਾ ਦਿਨ ਸਫਲਾ ਹੋ ਜਾਵੇ। ਅੱਜ ਵੀ ਉਹ ਬਦੇ ਪਿੰਡ ਵਿੱਚ ਮੌਜੂਦ ਹਨ ਜੋ ਸੰਤਾਂ ਨਾਲ ਕੰਮ ਕਰਦੇ ਰਹੇ ਅਤੇ ਉਨ੍ਹਾਂ ਦੇ ਸਿਖਾਏ ਹੋਏ ਗੁਰਬਾਣੀ ਦੇ ਸ਼ਬਦ ਉਨ੍ਹਾਂ ਨੂੰ ਯਾਦ ਹਨ। ਇਸ ਤਰ੍ਹਾਂ ਘਰੋਂ ਖੇਤ ਨੂੰ ਜਾਂਦਿਆਂ ਅਤੇ ਖੇਤੋਂ ਘਰ ਨੂੰ ਆਉਂਦਿਆਂ ਵੀ ਜੇਕਰ ਤਿੰਨ ਚਾਰ ਜਣੇ ਇਕੱਠੇ ਹੁੰਦੇ ਤਾਂ ਉਨ੍ਹਾਂ ਕੋਲੋਂ ਜਪੁਜੀ ਸਾਹਿਬ ਜੀ ਦਾ ਪਾਠ ਸੁਣਦੇ ਜਾਂ ਸੁਣਾਉਂਦੇ। ਇੱਕ ਤਰ੍ਹਾਂ ਨਾਲ ਉਨ੍ਹਾਂ ਦਾ ਜੀਵਨ ਹੀ ਇਸ ਢੰਗ ਨਾਲ ਢਲ ਚੁੱਕਾ ਸੀ

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥ (੭੫੬)

ਕਦੇ ਕਦੇ ਉਹ ਇਹ ਕਹਿ ਕੇ ਵੀ ਸਿੱਖਿਆ ਦਿੰਦੇ ਕਿ ਜੀਵਨ ਨਿਰਬਾਹ ਲਈ ਕਿਰਤ ਕਰਨਾ ਗੁਰੂ ਦਾ ਹੁਕਮ ਹੈ ਪਰ ਕਿਰਤ ਕਰਦਿਆਂ ਗੁਰੂ ਦੇ ਭਾਣੇ ਵਿੱਚ ਰਹਿਣਾ ਸਿਮਰਨ ਕਰਨਾ ਇਹ ਵੀ ਗੁਰੂ ਦੀ ਸਿੱਖਿਆ ਹੈ।

ਖੇਤੀ ਵਣਜੁ ਸਭੁ ਹੁਕਮੁ ਹੈ ਹੁਕਮੇ ਮੰਨਿ ਵਡਿਆਈ ਰਾਮ (੫੬੬)

ਇਸ ਲਈ ਕੰਮ ਕਰਦਿਆਂ, ਵਪਾਰ ਕਰਦਿਆਂ, ਸਫਰ ਕਰਦਿਆਂ ਜਿੱਥੇ ਵੀ ਹੋ ਸਕੇ ਵੱਧ ਤੋਂ ਵੱਧ ਪ੍ਰਮਾਤਮਾ ਦਾ ਨਾਂ ਜਪਣਾ ਚਾਹੀਦਾ ਹੈ ਅਤੇ ਗੁਰਬਾਣੀ ਨਾਲ ਜੁੜੇ ਰਹਿਣਾ ਚਾਹੀਦਾ ਹੈ। ਜੱਥੇ ਵਿੱਚ ਰਹਿੰਦਿਆਂ ਹੋਇਆਂ ਵੀ ਨਾਲ ਦੇ ਸਹਿਯੋਗੀ ਸਿੰਘਾਂ ਨੂੰ ਬਾਣੀ ਪੜ੍ਹਨ ਵੱਲ ਪ੍ਰੇਰਨਾ ਕਰੀ ਰੱਖਦੇ ਸਨ। ਕਿਸੇ ਨੂੰ ਜਪੁਜੀ ਸਾਹਿਬ ਦੇ ਪਾਠ, ਕਿਸੇ ਨੂੰ ਸਹਿਜ ਪਾਠ ਦੀ ਸੇਵਾ ਅਤੇ ਕਿਸੇ ਨੂੰ ਗੁਰਮੰਤਰ-ਮੂਲਮੰਤਰ ਦਾ ਅਭਿਆਸ ਅਤੇ ਨਾਲ-ਨਾਲ ਜੱਥੇ ਵਿੱਚ ਲੱਗੀਆਂ ਡਿਊਟੀਆਂ ਦੀ ਜ਼ਿੰਮੇਵਾਰੀ ਨਿਭਾਉਣ ਦੀ ਵੀ ਪ੍ਰੇਰਨਾ ਦਿੰਦੇ। ਭਾਵ ਹਰ ਸਮੇਂ ਆਪਣੇ ਅਤੇ ਸਹਿਯੋਗੀਆਂ ਦੇ ਧਿਆਨ ਨੂੰ ਇੱਧਰ-ਉੱਧਰ ਭਟਕਣ ਤੋਂ ਰੋਕਣ ਲਈ ਗੁਰਬਾਣੀ ਨਾਲ ਜੋੜਣ ਦੇ ਤਰੀਕੇ ਨੂੰ ਅਪਣਾਈ ਰੱਖਦੇ।

ਗੁਰੂ ਸਾਹਿਬ ਦੇ ਬਖਸ਼ੇ ਸਿਧਾਂਤ ਉਪਰ ਅਟੱਲ ਵਿਸ਼ਵਾਸ

ਜਹਾ ਮਹਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ
ਕੋਈ ਲਾਗਿ ਨਾ ਸਕੈ ਬਿਨੁ ਹਰਿ ਕਾ ਲਾਇਆ॥ (੧੬੮)

ਅਪ੍ਰੈਲ 1972 ਵਿੱਚ ਭਾਈ ਜਰਨੈਲ ਸਿੰਘ ਅਭਿਆਸੀ ਨੇ ਇਤਿਹਾਸਕ ਗੁਰ ਅਸਥਾਨਾਂ ਦੀ ਯਾਤਰਾ ਕਰਨ ਦਾ ਪ੍ਰੋਗਰਾਮ ਬਣਾਇਆ। ਸਕੂਲੋਂ ਛੁੱਟੀਆਂ ਹੋਣ ਕਾਰਨ ਮੈਨੂੰ ਵੀ ਨਾਲ ਲੈ ਕੇ ਜਾਣ ਲਈ ਤਿਆਰ ਕਰ ਲਿਆ। ਕੁੱਝ ਅਸੀਂ ਚਾਰੇ ਭੈਣ ਭਾਈ ਜਰਨੈਲ ਸਿੰਘ ਉਨ੍ਹਾਂ ਦੀ ਧਰਮ ਸੁਪਤਨੀ ਬੀਬੀ ਪ੍ਰੀਤਮ ਕੌਰ ਦੋ ਕੁ ਸਾਲ ਦਾ ਭੁਝੰਗੀ ਕਾਕਾ ਈਸ਼ਰ ਸਿੰਘ ਅਤੇ ਦਾਸ ਜਸਵੀਰ ਸਿੰਘ। ਪਿੰਡ ਦੇ ਨੇੜਲੇ ਹੀ ਇਤਿਹਾਸਕ ਅਸਥਾਨ ਗੁਰਦੁਆਰਾ ਗੁਰੂਸਰ ਸਾਹਿਬ, ਪਾਤਸ਼ਾਹੀ ਛੇਵੀਂ ਤੋਂ ਯਾਤਰਾ ਆਰੰਭ ਕੀਤੀ। ਇਥੋਂ ਗੁਰਦੁਆਰਾ ਕਲਿਆਣਸਰ ਪਿੰਡ ਲਧਾਈਕੇ, ਗੁਰਦੁਆਰਾ ਦੀਨਾ ਸਾਹਿਬ, ਗੁਰਦੁਆਰਾ ਤਖਤੂਪੁਰਾ ਸਾਹਿਬ, ਗੁਰਦੁਆਰਾ ਭੱਠਾ ਸਾਹਿਬ ਪੱਟੀ, ਤਰਨਤਾਰਨ ਸਾਹਿਬ, ਚੋਹਲਾ ਸਾਹਿਬ, ਖਡੂਰ ਸਾਹਿਬ ਤੋਂ ਹੁੰਦੇ ਹੋਏ ਇੱਕ ਰਾਤ ਲਈ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਠਹਿਰ ਗਏ। ਉਸ ਸਮੇਂ ਯਾਤਰੀ

Scanned with CamScanner

ਸਰਾਂਵਾਂ ਆਦਿ ਦਾ ਬਹੁਤਾ ਪ੍ਰਬੰਧ ਨਹੀਂ ਸੀ ਹੁੰਦਾ। ਇਸ ਲਈ ਰਾਤ ਨੂੰ ਆਰਾਮ ਕਰਨ ਲਈ ਲੰਗਰ ਸਾਹਿਬ ਦੀ ਛੱਤ ਦੇ ਉਪਰ ਦਰੀਆਂ ਵਿਛਾ ਕੇ ਪੈ ਗਏ। ਇੱਥੇ ਹੋਰ ਵੀ ਬਹੁਤ ਸਾਰੇ ਯਾਤਰੂ ਠਹਿਰੇ ਹੋਏ ਸਨ। ਉਹ ਵੀ ਲੰਗਰ ਸਾਹਿਬ ਦੀ ਛੱਤ ਦੇ ਉਪਰ ਹੀ ਆਰਾਮ ਲਈ ਪਏ ਹੋਏ ਸਨ। ਉਸ ਰਾਤ ਕਾਕਾ ਈਸ਼ਰ ਸਿੰਘ ਨੂੰ ਬਹੁਤ ਤੇਜ਼ ਬੁਖਾਰ ਚੜ੍ਹ ਗਿਆ ਅਤੇ ਉਹ ਉੱਚੀ-ਉੱਚੀ ਰੋਣ ਲੱਗਾ। ਚੁੱਪ ਕਰਾਉਣ ਦੇ ਬਾਵਜੂਦ ਵੀ ਉਹ ਚੁਪ ਨਾ ਹੋਇਆ। ਉਸ ਦੇ ਰੋਣ ਨਾਲ ਹੋਰ ਆਰਾਮ ਕਰ ਰਹੇ ਯਾਤਰੀ ਬੇਆਰਾਮ ਹੋ ਰਹੇ ਸਨ। ਉਨ੍ਹਾਂ ਵਿੱਚੋਂ ਕਿਸੇ ਨੇ ਕਿਹਾ ਕਿ ਇਸ ਕਾਕੇ ਨੂੰ ਕੀ ਗੱਲ ਹੈ ਤਾਂ ਦੱਸਿਆ ਕਿ ਇਸ ਨੂੰ ਬਹੁਤ ਤੇਜ਼ ਬੁਖਾਰ ਚੜ੍ਹਿਆ ਹੋਇਆ ਹੈ। ਤਾਂ ਉਨ੍ਹਾਂ ਕਿਹਾ ਕਿ ਤੁਸੀਂ ਇਸ ਬੱਚੇ ਨੂੰ ਕਿਸੇ ਡਾਕਟਰ ਕੋਲ ਲੈ ਕੇ ਜਾਓ ਨਹੀਂ ਤਾ ਬੁਖਾਰ ਨਾਲ ਹੋਰ ਤਕਲੀਫ਼ ਵੱਧ ਸਕਦੀ ਹੈ ਤਾਂ ਭਾਈ ਜਰਨੈਲ ਸਿੰਘ ਅਭਿਆਸੀ ਨੇ ਮੈਨੂੰ ਕਿਹਾ ਤੂੰ ਈਸ਼ਰ ਸਿੰਘ ਨੂੰ ਚੁੱਕ ਲੈ, ਆਪਾਂ ਇਸ ਨੂੰ ਵੈਦ ਕੋਲ ਲੈ ਕੇ ਚੱਲਦੇ ਹਾਂ। ਮੈਂ ਮਨ ਵਿੱਚ ਇਹ ਸੋਚ ਕਿ ਭਾਈ ਜਰਨੈਲ ਸਿੰਘ ਅਕਸਰ ਹੀ ਜੱਥੇ ਦੇ ਨਾਲ ਇਥੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਆਉਂਦੇ ਰਹਿੰਦੇ ਹਨ, ਇਸ ਲਈ ਇਨ੍ਹਾਂ ਨੂੰ ਕਿਸੇ ਚੰਗੇ ਵੈਦ ਦੇ ਘਰ ਦਾ ਪਤਾ ਹੋਵੇਗਾ। ਇਸ ਲਈ ਮੈਂ ਈਸ਼ਰ ਸਿੰਘ ਨੂੰ ਚੁੱਕ ਕੇ ਮੋਢੇ ਲਾਇਆ ਅਤੇ ਚਾਚੀ ਪ੍ਰੀਤਮ ਕੌਰ ਨੂੰ ਕਿਹਾ ਕਿ ਤੁਸੀ ਇੱਥੇ ਰਹੋ ਅਸੀਂ ਵੈਦ ਤੋਂ ਬੁਖਾਰ ਦੀ ਦਵਾਈ ਲੈ ਕੇ ਵਾਪਸ ਆਉਂਦੇ ਹਾਂ। ਇਹ ਕਹਿ ਕੇ ਅਸੀਂ ਦੱਵੇ ਛੱਤ ਤੋਂ ਥੱਲੇ ਉਤਰ ਗਏ ਤਾਂ ਮੈਂ ਪੁੱਛਿਆ ਕਿ ਤੁਸੀਂ ਕਿਸੇ ਵੈਦ ਦਾ ਘਰ ਜਾਣਦੇ ਹੋ? ਉਹਨਾਂ ਨੇ ਕਿਹਾ ਕਿ ਤੁਸੀ ਮੇਰੇ ਨਾਲ ਆਉ। ਮੈਂ ਬਹੁਤ ਵੱਡੇ ਵੈਦ ਨੂੰ ਜਾਣਦਾ ਹਾਂ। ਜਦੋਂ ਅਸੀਂ ਗੁਰਦੁਆਰਾ ਬਾਉਲੀ ਸਾਹਿਬ ਦੇ ਸਾਹਮਣੇ ਪਹੁੰਚੇ ਤਾਂ ਉਹ ਕਹਿਣ ਲੱਗੇ ਇਧਰ ਮੇਰੇ ਪਿੱਛੇ-ਪਿੱਛੇ ਆਓ। ਇਹ ਕਹਿੰਦਿਆਂ ਹੋਇਆਂ ਉਹ ਬਾਉਲੀ ਸਾਹਿਬ ਦੀਆਂ ਪੌੜੀਆਂ ਉਤਰਨ ਲੱਗੇ, ਮੈਂ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਜਾ ਰਿਹਾ ਸੀ। ਬਿਲਕੁਲ ਬਾਉਲੀ ਸਾਹਿਬ ਦੇ ਥੱਲੇ ਵਾਲੀ ਪੌੜੀ 'ਤੇ ਪਹੁੰਚ ਕੇ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਕਰ ਕਿ ਭੁਝੰਗੀ ਨੂੰ ਬਾਉਲੀ ਸਾਹਿਬ ਵਿੱਚ ਪੰਜ ਚੁੱਭੇ ਲਵਾਉਣੇ ਹਨ। ਉਸ ਸਮੇਂ ਬੁਖਾਰ ਇੰਨਾ ਤੇਜ਼ ਸੀ ਕਿ ਈਸ਼ਰ ਸਿੰਘ ਦੇ ਬੁਖਾਰ ਨਾਲ ਮੇਰਾ ਮੋਢਾ ਵੀ ਪੂਰੀ ਤਰ੍ਹਾਂ ਗਰਮ-ਗਰਮ ਲੱਗ ਰਿਹਾ ਸੀ। ਪਰ ਐਸੇ ਹਾਲਤ ਵਿੱਚ ਉਨ੍ਹਾਂ ਈਸ਼ਰ ਸਿੰਘ ਦੇ ਕੱਪੜੇ ਉਤਾਰ ਕੇ ਮੈਨੂੰ ਫੜ੍ਹਾ ਦਿੱਤਾ। ਮੈਂ ਬਾਉਲੀ ਸਾਹਿਬ ਵਿੱਚ ਲਗਭਗ ਤਿੰਨ ਕੁ ਫੁੱਟ ਡੂੰਘੇ ਪਾਣੀ ਵਿੱਚ ਖੜ੍ਹਾ ਸੀ। ਮੈਂ ਡਰਦੇ-ਡਰਦੇ ਨੇ ਈਸ਼ਰ ਸਿੰਘ ਨੂੰ ਗਲ ਤੱਕ ਚੁੱਭਾ ਲਗਵਾ ਦਿੱਤਾ ਪਰ ਝਟ ਹੀ ਉਹ ਮੇਰੇ ਅੰਦਰ ਦੇ ਡਰ ਨੂੰ ਸਮਝ ਗਏ ਤਾਂ ਉਨ੍ਹਾਂ ਨੇ ਮੇਰੇ ਕੋਲੋਂ ਈਸ਼ਰ ਸਿੰਘ ਨੂੰ ਫੜਿਆ ਅਤੇ ਪੂਰੀ ਤਰ੍ਹਾਂ ਬਾਉਲੀ ਸਾਹਿਬ ਦੇ ਜਲ ਵਿੱਚ ਪੰਜ ਚੁੱਭੇ ਲਗਵਾਏ ਅਤੇ ਨਾਲ ਨਾਲ ਮੂਲ ਮੰਤਰ ਦਾ ਉੱਚੀ-ਉੱਚੀ ਪਾਠ ਕਰਦੇ ਰਹੇ। ਫਿਰ ਮੈਨੂੰ ਕਹਿਣ ਲੱਗੇ, "ਲੈ ਇਸ ਨੂੰ ਬਾਹਰ ਲੈ ਚੱਲ" ਅਤੇ ਬਾਹਰ ਆ ਕੇ ਅਸੀਂ ਉਸ ਦੇ ਕੱਪੜੇ ਪਾਏ। ਅਕਾਲ ਪੁਰਖ ਦੀ ਕ੍ਰਿਪਾ ਸਦਕਾ ਪੰਜ ਚੁੱਭੇ ਲਗਵਾਉਣ ਸਾਰ ਹੀ ਉਸ ਦਾ ਬੁਖਾਰ ਉਤਰ ਗਿਆ ਸੀ ਅਤੇ ਹੁਣ ਉਹ ਸਾਧਾਰਨ ਬੱਚਿਆਂ ਵਾਂਗ ਅਰੋਗ ਅਤੇ ਖੁਸ਼ ਨਜ਼ਰ ਆ ਰਿਹਾ ਸੀ। ਮੈਂ ਉਸ ਨੂੰ ਉਸੇ ਤਰ੍ਹਾਂ ਫਿਰ ਚੁੱਕਿਆ ਅਸੀਂ ਵਾਪਸ ਲੰਗਰ ਸਾਹਿਬ ਦੀ ਛੱਤ ਉਪਰ ਪਹੁੰਚ ਗਏ ਅਤੇ ਰਸਤੇ ਵਿੱਚ ਆਉਂਦਿਆਂ ਆਉਂਦਿਆਂ ਕਾਕਾ ਈਸ਼ਰ ਸਿੰਘ ਸੌਂ ਚੁੱਕਾ ਸੀ। ਜਦੋਂ ਅਸੀਂ ਅੰਮ੍ਰਿਤ ਵੇਲੇ ਉਠੇ ਇਸ਼ਨਾਨ ਤੋਂ ਉਪਰੰਤ ਨਿੱਤਨੇਮ ਕਰਕੇ ਆਮ ਯਾਤਰੂਆਂ ਨਾਲ ਬੈਠੇ ਹੋਏ ਸਾਂ ਤਾਂ ਵਿੱਚੋਂ ਕੁਝ ਯਾਤਰੂਆਂ ਨੇ ਪੁੱਛਿਆ ਕਿ ਹੁਣ ਤਾਂ ਕਾਕਾ ਬਿਲਕੁਲ ਠੀਕ ਨਜ਼ਰ ਆ ਰਿਹਾ ਹੈ। ਚੰਗਾ ਕੀਤਾ ਤੁਸੀਂ ਰਾਤ ਹੀ ਇਸ ਨੂੰ ਵੈਦ ਤੋਂ ਦਵਾਈ ਦਿਵਾਕੇ ਲੈ ਆਏ। ਪਰ ਤੁਸੀਂ ਬਹੁਤ ਜਲਦੀ ਵਾਪਸ ਆ ਗਏ ਇਸ ਦਾ ਮਤਲਬ ਕਿ ਇੱਥੇ ਨੇੜੇ ਹੀ ਕਿਸੇ ਵੈਦ ਦਾ ਘਰ ਹੋਵੇਗਾ ਤਾਂ ਉਸ ਦੀਆਂ ਗੱਲਾਂ ਦਾ ਉੱਤਰ ਦਿੰਦਿਆਂ ਭਾਈ ਜਰਨੈਲ ਸਿੰਘ ਨੇ ਆਖਿਆ ਕਿ ਨੇੜੇ ਨਹੀਂ ਬਲਕਿ ਅਸੀਂ ਲੋਕ ਪ੍ਰਲੋਕ ਦੇ ਵੈਦ ਦੇ ਚਰਨਾਂ ਵਿੱਚ ਹੀ ਬੈਠੇ ਹਾਂ। ਜੋ ਮਾਮੂਲੀ ਬੁਖਾਰ ਹੀ ਨਹੀਂ ਬਲਕਿ ਜਨਮਾਂ-ਜਨਮਾਂਤਰਾਂ ਦੇ ਰੋਗ ਕੱਟ ਦਿੰਦਾ ਹੈ। ਪਰ ਸਾਨੂੰ ਉਸ ਉਪਰ ਪੂਰਨ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਨਾਲ ਹੀ ਦੱਸ ਦਿੱਤਾ ਕਿ ਅਸੀਂ ਕਿਸੇ ਹੋਰ ਵੈਦ ਕੋਲ ਨਹੀਂ ਬਲਕਿ ਗੁਰੂ ਅਮਰਦਾਸ ਸਾਹਿਬ ਦੀ ਬਾਉਲੀ ਸਾਹਿਬ ਵਿੱਚੋਂ ਇਸ਼ਨਾਨ ਕਰਵਾ ਕੇ ਉਨ੍ਹਾਂ ਦੇ ਚਰਨਾਂ ਵਿੱਚ ਹੀ ਅਰਦਾਸ ਬੇਨਤੀ ਕੀਤੀ ਤਾਂ ਉਨ੍ਹਾਂ ਦੀ ਕ੍ਰਿਪਾ ਨਾਲ ਇਸ ਬੱਚੇ ਦਾ ਬੁਖਾਰ ਲੱਥ ਗਿਆ ਹੈ। ਭਾਈ ਜਰਨੈਲ ਸਿੰਘ ਪਾਸੋਂ ਇਹ ਗੱਲ ਸੁਣ ਕੇ ਬਹੁਤ ਸਾਰੇ ਯਾਤਰੂ ਹੈਰਾਨ ਸਨ ਕਿ ਬੱਚੇ ਨੂੰ ਏਨਾ ਬੁਖਾਰ ਹੋਣ ਦੇ ਬਾਵਜੂਦ ਬਾਉਲੀ ਸਾਹਿਬ ਵਿੱਚ ਇਸ਼ਨਾਨ ਕਰਵਾ ਦੇਣਾ ਇਹ ਕੋਈ ਪੂਰਨ ਸ਼ਰਧਾਵਾਨ ਸ਼ਰਧਾਲੂ ਹੀ ਕਰ ਸਕਦਾ ਹੈ।

ਜਿਨਾ ਕੀ ਮੈ ਆਸੜੀ ਤਿਨਾ ਮਹਿਜੀ ਆਸ॥ (੧੦੯੭)

Scanned with CamScanner

ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਦੀਆਂ
ਭਾਈ ਜਰਨੈਲ ਸਿੰਘ ਅਭਿਆਸੀ ਨਾਲ ਅੰਦਰੂਨੀ ਰਮਜ਼ਾਂ

ਇੱਕ ਦਿਨ ਖੇਤ ਵਿੱਚ ਕੰਮ ਕਰਦਿਆਂ ਭਾਈ ਜਰਨੈਲ ਸਿੰਘ ਦੇ ਗੁਆਂਢੀ ਭਾਈ ਬਹਾਦਰ ਸਿੰਘ ਜੀ ਉਨ੍ਹਾਂ ਕੋਲ ਆਏ ਅਤੇ ਦੱਸਿਆ ਕਿ ਮੈਂ ਕੱਲ੍ਹ ਨੂੰ ਸੰਤਾਂ ਨੂੰ ਮਿਲਣ ਲਈ ਚੌਕ ਮਹਿਤਾ ਜਾਣਾ ਹੈ। ਯਾਦ ਰਹੇ ਕਿ ਨਗਰ ਦੇ ਬਹੁਤ ਸਾਰੇ ਗੁਰਸਿੱਖਾਂ ਵਾਂਗ ਭਾਈ ਬਹਾਦਰ ਸਿੰਘ ਵੀ ਦਮਦਮੀ ਟਕਸਾਲ ਨਾਲ ਬਹੁਤ ਨੇੜਤਾ ਰੱਖਦੇ ਸਨ ਅਤੇ ਸਮੇਂ-ਸਮੇਂ ਸੰਤਾਂ ਨਾਲ ਮਿਲ ਕੇ ਗੁਰਮਿਤ ਵਿਚਾਰਾਂ ਦੀ ਸਾਂਝ ਕਰਦੇ ਰਹਿੰਦੇ ਸਨ। ਸੰਤ ਜਰਨੈਲ ਸਿੰਘ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਜਾਣ ਤੋਂ ਪਹਿਲਾਂ ਮੈਨੂੰ ਘਰ ਮਿਲ ਕੇ ਜਾਣਾ। ਇਸੇ ਤਰ੍ਹਾਂ ਸਵੇਰੇ ਜਾਣ ਤੋਂ ਪਹਿਲਾਂ ਭਾਈ ਬਹਾਦਰ ਸਿੰਘ ਜੀ ਸੰਤ ਜਰਨੈਲ ਸਿੰਘ ਜੀ ਕੋਲ ਘਰ ਆਏ ਅਤੇ ਕਿਹਾ ਕਿ ਮੈਂ ਮਹਿਤੇ ਜਾ ਰਿਹਾ ਰਹਾਂ ਹਾਂ ਤਾਂ ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਇਹ ਭੇਟਾ ਸੰਤਾਂ ਮਹਾਪੁਰਖਾਂ ਲਈ ਲੈ ਕੇ ਜਾਣਾ ਅਤੇ ਨਿਰਮਤਾ ਸਹਿਤ ਉਨ੍ਹਾਂ ਨੂੰ ਅਰਪਿਤ ਕਰਨਾ ਅਤੇ ਮੇਰੇ ਵੱਲੋਂ ਸ਼ਰਿਕਾਰ ਸਹਿਤ ਫਤਿਹ ਵੀ ਬੁਲਾਉਣੀ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜ ਪੈਸੇ ਅਤੇ ਪੰਜ ਛੋਟੀਆਂ ਇਲਾਇਚੀਆਂ ਭਾਈ ਬਹਾਦਰ ਸਿੰਘ ਨੂੰ ਫੜਾਈਆਂ। ਜਿਸ ਤੇ ਭਾਈ ਬਹਾਦਰ ਸਿੰਘ ਨੇ ਹੈਰਾਨਗੀ ਨਾਲ ਪੁੱਛਿਆ ਕਿ ਬੱਸ ਇਹ ਹੀ ਭੇਟਾ ਤੁਹਾਡੇ ਵੱਲੋਂ ਦੇਣੀ ਹੈ, ਤਾਂ ਉਨ੍ਹਾਂ ਕਿਹਾ ਬੱਸ ਏਨੀ ਹੀ ਭੇਟਾ ਹੈ। ਉਸ ਤੋਂ ਉਪਰੰਤ ਭਾਈ ਬਹਾਦਰ ਸਿੰਘ ਜੀ ਚਲੇ ਗਏ, ਜਦ ਉਹ ਦਮਦਮੀ ਟਕਸਾਲ ਦੇ ਕੇਂਦਰੀ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚੇ ਤਾਂ ਗੁਰਦੁਆਰਾ ਸਾਹਿਬ ਵਿਖੇ ਵਿਦਿਆਰਥੀਆਂ ਦੇ ਪੜ੍ਹਨ ਲਈ ਕੀਰਤਨ ਵਿਦਿਆਲੇ ਦੀ ਉਸਾਰੀ ਦਾ ਕੰਮ ਚੱਲ ਰਿਹਾ ਸੀ ਅਤੇ ਸੰਤ ਬਾਬਾ ਕਰਤਾਰ ਸਿੰਘ ਖ਼ਾਲਸਾ ਜੀ ਆਪ ਕਮਰਕੱਸਾ ਕਰਕੇ ਸਿੱਧਾ ਤੌਂ ਸੇਵਾ ਕਰਵਾ ਰਹੇ ਸਨ। ਸ਼ਾਮ ਪੈ ਚੁੱਕੀ ਸੀ ਭਾਈ ਬਹਾਦਰ ਸਿੰਘ ਨੇ ਸੰਤਾਂ ਦੇ ਨਜਦੀਕ ਜਾ ਕੇ ਫਤਿਹ ਬੁਲਾਈ। ਸੰਤਾਂ ਨੇ ਫਤਿਹ ਉਪਰੰਤ ਨਗਰ ਦੇ ਸਿੱਖਾਂ ਦਾ ਹਾਲ-ਚਾਲ ਪੁੱਛਿਆ। ਭਾਈ ਬਹਾਦਰ ਸਿੰਘ ਨੇ ਦੱਸਿਆ ਕਿ ਭਾਈ ਜਰਨੈਲ ਸਿੰਘ ਅਭਿਆਸੀ ਨੇ ਆਪ ਜੀ ਨੂੰ ਫਤਿਹ ਬੁਲਾਈ ਹੈ। ਇਹ ਕਹਿ ਕੇ ਭਾਈ ਬਹਾਦਰ ਸਿੰਘ ਜੀ ਕੁੱਝ ਕੁ ਝਿਜਕ ਗਏ ਕਿ ਮੈਂ ਸਿਰਫ ਪੰਜ ਪੈਸੇ ਹੀ ਭੇਟਾ ਕਿਵੇਂ ਦੇਵਾਂ। ਅਜੇ ਉਹ ਸੋਚ ਹੀ ਰਹੇ ਸਨ ਕਿ ਸੰਤਾਂ ਨੇ ਪੁੱਛਿਆ ਭਾਈ ਜਰਨੈਲ ਸਿੰਘ ਨੇ ਕੁਝ ਹੋਰ ਵੀ ਕਿਹਾ ਹੈ ਜਾਂ ਸਾਡੇ ਲਈ ਕੁੱਝ ਭੇਜਿਆ ਵੀ ਹੈ? ਇਹ ਬਚਨ ਸੁਣ ਕੇ ਭਾਈ ਬਹਾਦਰ ਸਿੰਘ ਜੀ ਮਨ ਹੀ ਮਨ ਵਿੱਚ ਬਹੁਤ ਹੀ ਹੈਰਾਨ ਹੋਏ ਅਤੇ ਪ੍ਰਸੰਨ ਵੀ, ਕਿ ਸੰਤ ਮਹਾਪੁਰਖ ਸਭ ਕੁਝ ਜਾਣਦੇ ਹਨ ਤਾਂ ਉਨ੍ਹਾਂ ਤੁਰੰਤ ਹੀ ਪੰਜ ਪੈਸੇ ਅਤੇ ਪੰਜ ਇਲਾਇਚੀਆਂ ਪਰਨੇ ਦੀ ਗੰਢ ਵਿੱਚੋਂ ਖੋਲ੍ਹੀਆਂ ਅਤੇ ਦੋਵੇਂ ਹੱਥ ਜੋੜ ਕੇ ਕਹਿਣ ਲੱਗੇ ਕਿ ਇਹ ਭੇਟਾ ਭਾਈ ਜਰਨੈਲ ਸਿੰਘ ਨੇ ਆਪ ਜੀ ਲਈ ਵਿਸ਼ੇਸ਼ ਭੇਜੀ ਹੈ ਤਾਂ ਮਹਾਪੁਰਖ ਕਹਿਣ ਲੱਗੇ "ਲਿਆ ਭਾਈ ਸੰਕੋਚ ਕਿਉਂ ਕਰਦਾ ਹੈਂ"। ਅਤੇ ਆਪਣੇ ਹੱਥ ਵਿੱਚ ਲੈਂਦਿਆਂ ਹੀ ਗੜਵਈ ਸਿੰਘ ਨੂੰ ਕਹਿਣ ਲੱਗੇ, ਲਿਆ ਭਾਈ ਜਲ ਅਤੇ ਉਨ੍ਹਾਂ ਇਲਾਇਚੀਆਂ ਦਾ ਇਸ਼ਨਾਨ ਕਰਵਾਇਆ (ਭਾਵ ਪੋਤੀਆਂ) ਅਤੇ ਛੱਕ ਲਈਆਂ ਅਤੇ ਪੰਜ ਪੈਸੇ ਆਪਣੇ ਚੋਲੇ ਦੇ ਖੀਸੇ ਵਿੱਚ ਪਾ ਲਏ ਅਤੇ ਜਿੰਨੇ ਕੁ ਸਿੰਘ ਨਜਦੀਕ ਖੜ੍ਹੇ ਸਨ ਉਨ੍ਹਾਂ ਨੂੰ ਹੱਸ ਕੇ ਕਹਿਣ ਲੱਗੇ ਕਿ ਭਾਈ ਕੁਣ ਕੋਈ ਫਿਕਰ ਨਹੀਂ ਕਰਨਾ ਭਾਈ ਅਭਿਆਸੀ ਜੀ ਨੇ ਬੇਅੰਤ ਮਾਇਆ ਭੇਜ ਦਿੱਤੀ ਹੈ। ਇਸ ਉਪਰੰਤ ਭਾਈ ਬਹਾਦਰ ਸਿੰਘ ਨੂੰ ਜਲ ਪਾਣੀ ਛਕਾਇਆ ਅਤੇ ਕਿਹਾ ਕਿ ਭਾਈ ਆਰਾਮ ਕਰੋ ਰਾਤ ਨੂੰ ਬਚਨ ਬਿਲਾਸ ਕਰਾਂਗੇ। ਰਾਤ ਵੇਲੇ ਭਾਈ ਬਹਾਦਰ ਸਿੰਘ ਨਾਲ ਗੁਰਮਤਿ ਬਚਨ ਬਿਲਾਸ ਕੀਤੇ ਅਤੇ ਅਗਲੇ ਦਿਨ ਉਹ ਵਾਪਿਸ ਪਿੰਡ ਪਰਤ ਆਏ। ਉਨ੍ਹਾਂ ਉਪਰੋਕਤ ਸਭ ਕੁਝ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਦੱਸਿਆ ਤਾਂ ਉਹ ਬਹੁਤ ਗੰਭੀਰਤਾ ਨਾਲ ਬੋਲੇ ਕਿ ਭਾਈ ਬਹਾਦਰ ਸਿੰਘਾ ਇਹ ਮਹਾਪੁਰਖਾਂ ਦਾ ਵੱਡਾਪਨ ਹੈ ਕਿ ਗਰੀਬਾਂ ਦੀ ਦਿੱਤੀ ਹੋਈ ਤੁੱਛ ਭੇਟਾ ਨੂੰ ਵੀ ਬੇਅੰਤ ਮਾਇਆ ਕਹਿ ਕੇ ਵਡਿਆਉਂਦੇ ਹਨ। ਇਹ ਉਨ੍ਹਾਂ ਦੀਆਂ ਹੀ ਵਡਿਆਈਆਂ ਹਨ।

ਉਸ ਸਮੇਂ ਭਾਈ ਗੁਰਮੁਖ ਸਿੰਘ ਗੜਵਈ, ਰਾਜੀ ਭਾਈ ਰਾਮ ਸਿੰਘ, ਗਿਆਨੀ ਜੋਗਿੰਦਰ ਸਿੰਘ, ਭਾਈ ਰਾਮ ਸਿੰਘ ਸੁਲਤਾਨਪੁਰੀ, ਭਾਈ ਦਲਬੀਰ ਸਿੰਘ, ਭਾਈ ਜਰਨੈਲ ਸਿੰਘ ਬਹਿਲਾ ਆਦਿ ਸਿੰਘ ਜਿਨ੍ਹਾਂ ਨੇ ਇਹ ਸਭ ਕੁਝ ਦੇਖਿਆ ਤੇ ਸੁਣਿਆ ਸੀ, ਉਹ ਬਿਨਾ ਬੋਲਿਆ ਹੀ ਮਨ ਹੀ ਮਨ ਸਮਝ ਗਏ ਕਿ ਇਹ ਸੰਤਾਂ ਮਹਾਪੁਰਖਾਂ ਅਤੇ ਭਾਈ ਜਰਨੈਲ ਸਿੰਘ ਅਭਿਆਸੀ ਦੀਆਂ ਅੰਦਰੂਨੀ ਰਮਜ਼ਾਂ ਹਨ।

Scanned with CamScanner

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਸੰਗਤਾਂ ਨੂੰ ਭਾਈ ਜਰਨੈਲ ਸਿੰਘ ਅਭਿਆਸੀ ਪਾਸੋਂ ਕਥਾ ਸੁਣਨ ਲਈ ਪ੍ਰੇਰਨਾ

ਸੰਨ 1976 ਨੂੰ ਜੱਥਾ ਭਲਾਈ ਨਗਰ ਪਹੁੰਚਿਆ ਹੋਇਆ ਸੀ ਅਤੇ ਇਥੇ 10 ਦਿਨਾਂ ਦਾ ਪ੍ਰੋਗਰਾਮ ਸੀ। ਜੱਥੇ ਦਾ ਵਿਸ਼ਰਾਮ ਇੱਕ ਸਕੂਲ ਵਿਖੇ ਕੀਤਾ ਹੋਇਆ ਸੀ ਜਿਸ ਦੇ ਗੁਰਦੁਆਰਾ ਸਾਹਿਬ ਬਿਲਕੁਲ ਨਾਲ ਹੀ ਲੱਗਦਾ ਸੀ। ਟਕਸਾਲ ਦੇ ਮੁਖੀ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਇੱਕ ਦਿਨ ਵਿੱਚ 3 ਜਾਂ 4 ਥਾਵਾਂ ਤੇ ਕਥਾ ਪ੍ਰਚਾਰ ਦੇ ਪ੍ਰੋਗਰਾਮ ਨਿਭਾਉਂਦੇ ਸਨ। ਸ਼ਹਿਰ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ ਵੱਲੋਂ ਪੁਰਜ਼ੋਰ ਮੰਗ ਕਰਨ ਤੇ ਇਹ ਪ੍ਰੋਗਰਾਮ ਇਸ ਤੋਂ ਵੀ ਵਧ ਜਾਇਆ ਕਰਦੇ ਸਨ। ਪਰ ਸ਼ਾਮ ਦਾ ਦੀਵਾਨ ਜਥੇ ਦੀ ਵਿਸ਼ਰਾਮ ਵਾਲੀ ਜਗ੍ਹਾ ਦੇ ਨੇੜਲੇ ਗੁਰਦੁਆਰਾ ਸਾਹਿਬ ਵਿਖੇ ਹੀ ਹੋਇਆ ਕਰਦਾ ਸੀ। ਦਿਨੋ ਦਿਨ ਭਾਰੀ ਗਿਣਤੀ ਵਿੱਚ ਸੰਗਤਾਂ ਕਥਾ ਅਤੇ ਕੀਰਤਨ ਸੁਣਨ ਦਾ ਲਾਹਾ ਲੈਂਦੀਆਂ ਸਨ। ਕਈ ਗੁਰਸਿੱਖ ਬੇਨਤੀ ਕਰਕੇ ਸੰਤਾਂ ਮਹਾਂਪੁਰਖਾਂ ਨੂੰ ਆਪਣੇ ਘਰ ਵਿਖੇ ਜਲ ਪਾਣੀ ਆਦਿ ਛਕਾਉਣ ਦੀ ਸੇਵਾ ਲਈ ਸੱਦ ਲਿਆ ਕਰਦੇ ਸਨ। ਇਸ ਸਮੇਂ ਵੀ ਸੰਤਾਂ ਦਾ ਇਹੀ ਖਿਆਲ ਹੁੰਦਾ ਕਿ ਵੱਧ ਤੋਂ ਵੱਧ ਗੁਰਸਿੱਖਾਂ ਨੂੰ ਸ਼ਾਬਤ ਸੂਰਤ ਕੀਤਾ ਜਾਵੇ ਅਤੇ ਪ੍ਰੇਰਨਾ ਦੇ ਕੇ ਪੰਜਾਂ ਕਕਾਰਾਂ ਦੀ ਰਹਿਤ ਵਿੱਚ ਪ੍ਰਪੱਕ ਕਰਕੇ ਗੁਰੂ ਵਾਲੇ ਬਣਾਇਆ ਜਾ ਸਕੇ। ਇਨ੍ਹਾਂ ਸਭ ਪ੍ਰੋਗਰਾਮਾਂ ਦੇ ਨਾਲ ਨਾਲ ਜੱਥੇ ਦੇ ਵਿਦਿਆਰਥੀ ਸਿੰਘਾਂ ਦੀ ਸੰਥਿਆ ਸਵੇਰੇ ਅਤੇ ਸ਼ਾਮ ਜ਼ਰੂਰ ਹੋਇਆ ਕਰਦੀ ਤਾਂ ਕਿ ਵਿਦਿਆਰਥੀ ਸਿੰਘ ਗੁਰਮਤਿ ਵਿਦਿਆ ਦੀ ਪੜ੍ਹਾਈ ਦਾ ਵੀ ਲਾਹਾ ਪ੍ਰਾਪਤ ਕਰ ਸਕਣ। ਭਲਾਈ ਨਗਰ ਵਿਖੇ ਪ੍ਰੋਗਰਾਮ ਦਾ ਅੱਵਾਂ ਦਿਨ ਸੀ ਕਿ ਮੰਡਲਾ ਸ਼ਹਿਰ ਤੋਂ ਕੁਝ ਸਿੱਖ ਸੰਗਤਾਂ ਕਥਾ ਸੁਨਣ ਵਾਸਤੇ ਆਈਆਂ ਅਤੇ ਉਨ੍ਹਾਂ ਨੇ ਸੰਤਾਂ ਨੂੰ ਦੋ ਦਿਨ ਮੰਡਲਾ ਸ਼ਹਿਰ ਵਿਖੇ ਕਥਾ ਸਮਾਗਮਾਂ ਲਈ ਬੇਨਤੀ ਕੀਤੀ, ਤਾਂ ਸੰਤਾਂ ਨੇ ਉਨ੍ਹਾਂ ਨੂੰ ਦੋ ਦਿਨ ਦਾ ਪ੍ਰੋਗਰਾਮ ਦੇ ਦਿੱਤਾ। ਅਗਲੇ ਦਿਨ ਸ਼ਾਮ ਦੀ ਕਥਾ ਤੋਂ ਬਾਅਦ ਭਲਾਈ ਨਗਰ ਦੇ ਕੁੱਝ ਕੁ ਪ੍ਰਬੰਧਕ ਗੁਰਸਿੱਖਾਂ ਨੂੰ ਬੁਲਾ ਕੇ ਸੰਤਾਂ ਨੇ ਕਿਹਾ ਕਿ ਕੱਲ੍ਹ ਦੀ ਕਥਾ ਜਥੇ ਦਾ ਸਿੰਘ ਭਾਈ ਜਰਨੈਲ ਸਿੰਘ ਅਭਿਆਸੀ ਕਰੇਗਾ। ਜਦੋਂ ਇਹ ਬਚਨ ਕਹੇ ਉਸ ਸਮੇਂ ਜੱਥੇ ਦੇ ਵੀ ਬਹੁਤ ਸਾਰੇ ਸਿੰਘ ਨਜ਼ਦੀਕ ਖੜ੍ਹੇ ਸਨ। ਭਲਾਈ ਨਗਰ ਦੇ ਸਿੰਘਾਂ ਨੇ ਬੇਨਤੀ ਕੀਤੀ ਕਿ ਆਪ ਹੀ ਕ੍ਰਿਪਾ ਕਰੋ ਕਿਉਂਕਿ ਪ੍ਰੋਗਰਾਮ ਦੇ ਆਖਰੀ ਦਿਨ ਹਨ ਅਤੇ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਪ੍ਰੋਗਰਾਮਾਂ ਦੀ ਹਾਜ਼ਰੀ ਭਰਨੀ ਹੈ ਤਾਂ ਸੰਤਾਂ ਨੇ ਸੰਗਤਾਂ ਨੂੰ ਕਿਹਾ ਕਿ ਅਸੀਂ ਦੋ ਦਿਨ ਮੰਡਲਾ ਨਗਰ ਵਿਖੇ ਕਥਾ ਕੀਰਤਨ ਦਾ ਪ੍ਰੋਗਰਾਮ ਨਿਭਾਉਣਾ ਹੈ। ਇਸ ਲਈ ਇਥੇ ਕਥਾ ਭਾਈ ਜਰਨੈਲ ਸਿੰਘ ਜੀ ਕਰਨਗੇ ਅਤੇ ਫਿਰ ਹਸਮੁੱਖ ਸੁਭਾਅ ਮੁਤਾਬਿਕ ਇਹ ਸ਼ਬਦ ਕਹੇ ਕਿ ਸਿੰਘੋ, ਇਸ ਸਿੰਘ ਪਾਸੋਂ ਕਥਾ ਸੁਣਨ ਦਾ ਸੁਭਾਅ ਬਣਾਓ। ਇਸ ਦੇ ਨਾਲ ਹੀ ਜਥੇ ਦੇ ਸਿੰਘਾਂ ਨੂੰ ਕਿਹਾ ਤਿਆਰੀ ਕਰੋ ਅਤੇ ਜਲਦੀ ਤੋਂ ਜਲਦੀ ਮੰਡਲਾ ਨਗਰ ਲਈ ਚਾਲੇ ਪਾਓ। ਜੱਥੇ ਦੇ ਇੱਕ ਸਿੰਘ ਭਾਈ ਹੀਰਾ ਸਿੰਘ ਜੋ ਕਿ ਭਾਈ ਗੁਰਮੁਖ ਸਿੰਘ ਗੜਵਈ ਦੀ ਗੈਰ ਹਾਜ਼ਰੀ ਸਮੇਂ ਗੜਵਈ ਦੀ ਸੇਵਾ ਨਿਭਾਇਆ ਕਰਦਾ ਸੀ, ਦੀ ਡਿਊਟੀ ਲਾਈ ਕਿ ਤੂੰ ਭਾਈ ਜਰਨੈਲ ਸਿੰਘ ਅਭਿਆਸੀ ਨਾਲ ਕਥਾ ਦਾ ਪਾਠ ਕਰਨਾ ਹੈ। ਇਸ ਉਪਰੰਤ ਮਹਾਂਪੁਰਖ ਜਥੇ ਸਮੇਤ ਇਥੋਂ ਅਗਲੇ ਪੜਾਅ ਲਈ ਚੱਲ ਪਏ ਅਤੇ ਇੱਥੇ ਦੇ ਪ੍ਰਬੰਧਕ ਸਿੰਘ ਸ਼ਾਮ ਦੇ ਪ੍ਰੋਗਰਾਮ ਲਈ ਤਿਆਰੀਆਂ ਕਰਨ ਲੱਗੇ। ਪ੍ਰਬੰਧਕ ਕੁੱਝ ਕੁ ਫਿਕਰਮੰਦ ਵੀ ਸਨ ਕਿ ਜੇਕਰ ਸੰਤ ਜੀ ਆਪ ਕਥਾ ਕਰਦੇ ਤਾਂ ਹੀ ਪੂਰਾ ਆਨੰਦ ਬਣਨਾ ਸੀ। ਜਿਸ ਸਿੰਘ ਨੂੰ ਕਥਾ ਕਰਨ ਲਈ ਡਿਊਟੀ ਲਾ ਕੇ ਗਏ ਹਨ ਪਤਾ ਨਹੀਂ ਕਿ ਇਹ ਕਿੰਨੇ ਕੁ ਢੰਗੀਆ ਢੰਗ ਨਾਲ ਕਥਾ ਪ੍ਰੋਗਰਾਮ ਨੂੰ ਨਿਭਾ ਸਕਣਗੇ। ਸ਼ਾਮ ਸਮੇਂ ਕਥਾ ਦੇ ਪ੍ਰੋਗਰਾਮ ਮੁਤਾਬਿਕ ਭਾਰੀ ਗਿਣਤੀ ਵਿੱਚ ਸੰਗਤਾਂ ਪਹੁੰਚਣੀਆਂ ਸ਼ੁਰੂ ਹੋਈਆਂ ਅਤੇ ਗੁਰੂ ਕੀ ਬਾਣੀ ਦਾ ਕੀਰਤਨ ਆਰੰਭ ਹੋਇਆ।

ਭਾਈ ਜਰਨੈਲ ਸਿੰਘ ਅਭਿਆਸੀ ਨੇ ਭਾਈ ਹੀਰਾ ਸਿੰਘ ਨੂੰ ਕਿਹਾ ਕਿ ਸੰਗਤਾਂ ਦਾ ਭਾਰੀ ਇਕੱਠ ਹੋਣਾ ਹੈ, ਕੀ ਮੈਂ ਸੰਗਤਾਂ ਦੀ ਉਮੀਦ ਅਨੁਸਾਰ ਕਥਾ ਕਰ ਸਕਾਂਗਾ? ਕਿਉਂਕਿ ਮੈਂ ਏਡੇ ਵੱਡੇ ਪ੍ਰੋਗਰਾਮ ਵਿੱਚ ਕਦੇ ਕਥਾ ਨਹੀਂ ਕੀਤੀ। ਇਸ ਲਈ ਭਾਈ ਹੀਰਾ ਸਿੰਘ ਜੀ ਤੁਸੀਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਕਰੋ ਕਿ ਉਹ ਆਪ ਹੀ ਆਪਣੇ ਸੇਵਕਾਂ ਦੀ ਲਾਜ ਰੱਖਣ ਅਤੇ ਆਪਣਾ ਕਥਾ ਪ੍ਰਚਾਰ ਆਪ ਹੀ ਕਰਵਾ ਲੈਣ। ਇਸ ਤੇ ਸੁਭਾਵਿਕ ਹੀ ਹੀਰਾ ਸਿੰਘ ਨੇ ਕਿਹਾ ਕਿ ਸੰਤਾਂ ਮਹਾਂਪੁਰਖਾਂ ਨੂੰ ਤੁਹਾਡੇ ਉਪਰ ਭਰੋਸਾ ਹੈ ਤਾਂ ਹੀ ਤੁਹਾਡੀ ਕਥਾ ਦੀ ਡਿਊਟੀ ਲਾ ਕੇ ਗਏ ਹਨ। ਬਾਕੀ ਜਦੋਂ ਆਪਾਂ ਸਮਾਗਮ ਵਿੱਚ ਜਾਵਾਂਗੇ ਤਾਂ ਸਤਿਗੁਰੂ ਜੀ ਦੇ ਸਨਮੁੱਖ ਅਰਦਾਸ ਵੀ

Scanned with CamScanner

ਜ਼ਰੂਰ ਕਰਾਂਗੇ ਕਿ ਸਤਿਗੁਰੂ ਜੀ ਆਪ ਹੀ ਕ੍ਰਿਪਾ ਕਰਨ। ਏਨੇ ਨੂੰ ਕਥਾ ਕਰਨ ਦਾ ਸਮਾਂ ਹੋ ਗਿਆ। ਭਾਈ ਜਰਨੈਲ ਸਿੰਘ ਅਭਿਆਸੀ ਅਤੇ ਭਾਈ ਹੀਰਾ ਸਿੰਘ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਤਾਬਿਆ ਵਿਖੇ ਸਜ ਗਏ। ਕੀਰਤਨ ਦੀ ਸਮਾਪਤੀ ਉਪਰੰਤ ਸਟੇਜ ਤੋਂ ਇੱਕ ਸਿੰਘ ਨੇ ਦੱਸਿਆ ਕਿ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਸੰਗਤਾਂ ਦੀ ਬੇਨਤੀ ਮੰਨ ਕੇ ਮੰਡਲਾ ਨਗਰ ਚਲੇ ਗਏ ਹਨ ਅਤੇ ਇਥੇ ਹੁਣ ਭਾਈ ਜਰਨੈਲ ਸਿੰਘ ਜੀ ਕਥਾ ਕਰਨਗੇ, ਜਿਨ੍ਹਾਂ ਦੀ ਡਿਊਟੀ ਸੰਤ ਜੀ ਆਪ ਲਾ ਕੇ ਗਏ ਹਨ। ਇਸ ਉਪਰੰਤ ਕਥਾ ਆਰੰਭ ਹੋਈ। ਭਾਈ ਹੀਰਾ ਸਿੰਘ ਜੀ ਨੇ ਹੁਕਮਨਾਮਾ ਲਿਆ:

ਤਿਲੰਗ ਮਹਲਾ ੯ ਘਰੁ ੭
ੴ ਸਤਿਗੁਰ ਪ੍ਰਸਾਦਿ॥
ਚੇਤਨਾ ਹੈ ਤਉ ਚੇਤ ਲੇ ਨਿਮਿ ਦਿਨਿ ਮੈ ਪ੍ਰਾਨੀ॥ (੧੨੬)

ਇਸ ਅਸਥਾਨ 'ਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਰੋਜ਼ਾਨਾ ਇੱਕ ਘੰਟਾ ਕਥਾ ਕਥਿਆ ਕਰਦੇ ਸਨ। ਇਸੇ ਤਰ੍ਹਾਂ ਅੱਜ ਵੀ ਉਪਰੋਕਤ ਸ੍ਰੀ ਮੁੱਖ ਵਾਕ ਦੀ ਇੱਕ ਘੰਟਾ ਕਥਾ ਵਿਚਾਰ ਭਾਈ ਜਰਨੈਲ ਸਿੰਘ ਅਭਿਆਸੀ ਨੇ ਸੁਣਾਈ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸੰਗਤਾਂ ਨੂੰ ਪਤਾ ਵੀ ਨਹੀਂ ਲੱਗਾ ਕਿ ਇੱਕ ਘੰਟਾ ਕਦੋਂ ਬੀਤ ਗਿਆ। ਬਹੁਤ ਹੀ ਵੈਰਾਗਮਈ ਕਥਾ ਦੇ ਅਰਥ, ਸਾਖੀਆ ਪ੍ਰਮਾਣ ਆਦਿ ਟਕਸਾਲੀ ਢੰਗ ਨਾਲ ਹੀ ਸੁਣਾਏ। ਕਥਾ ਤੋਂ ਉਪਰੰਤ ਅਰਦਾਸ ਹੋਈ ਅਤੇ ਸੰਗਤਾਂ ਨੇ ਖੁਸ਼ੀਆਂ ਨਾਲ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਸਿਰੋਪਾਓ ਬਖਸ਼ਿਸ਼ ਕੀਤਾ ਅਤੇ ਅਗਲੀ ਸਵੇਰ 3-4 ਸਿੰਘ ਗੱਡੀ ਲੈ ਕੇ ਭਾਈ ਜਰਨੈਲ ਸਿੰਘ ਅਤੇ ਭਾਈ ਹੀਰਾ ਸਿੰਘ ਨੂੰ ਮੰਡਲਾ ਨਗਰ ਛੱਡਣ ਲਈ ਚਲੇ ਗਏ। ਉਥੇ ਜਾ ਕੇ ਉਨ੍ਹਾਂ ਸੰਤਾਂ ਮਹਾਂਪੁਰਖਾਂ ਨੂੰ ਦੱਸਿਆ ਕਿ ਭਾਈ ਜਰਨੈਲ ਸਿੰਘ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਕਥਾ ਕੀਤੀ ਜਿਸ ਨਾਲ ਭਲਾਈ ਨਗਰ ਦੀਆਂ ਸੰਗਤਾਂ ਬਹੁਤ ਹੀ ਪ੍ਰਸੰਨ ਹੋਈਆਂ। ਇਨ੍ਹਾਂ ਸਿੰਘਾਂ ਨੇ ਅਗਲੀ ਸਵੇਰ ਦਾ ਵੀਰਾਨ ਸੁਣਿਆ ਜਿਸ ਉਪਰੰਤ ਇਹ ਸਿੰਘ ਵਾਪਸ ਭਲਾਈ ਨਗਰ ਨੂੰ ਪਰਤ ਆਏ ਅਤੇ ਸੰਤ ਜੀ ਜੱਥੇ ਸਮੇਤ ਮੁੰਬਈ ਨੂੰ ਚਲੇ ਗਏ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਸੰਗਤਾਂ ਵਿੱਚ ਭਾਈ ਜਰਨੈਲ ਸਿੰਘ ਅਭਿਆਸੀ ਦੇ ਉੱਚੇ ਸੁੱਚੇ ਜੀਵਨ ਬਾਰੇ ਦੱਸਣਾ

ਸੰਤ ਗਿਆਨੀ ਜਰਨੈਲ ਜੀ ਖ਼ਾਲਸਾ ਦੀ ਸੰਤ ਗਿਆਨੀ ਕਰਤਾਰ ਖ਼ਾਲਸਾ ਪ੍ਰਤੀ ਸ਼ਰਧਾ ਤੇ ਨੇੜਤਾ ਜਥੇ ਵਿੱਚ ਪ੍ਰਚੱਲਿਤ ਚਾਰਾ ਦੇ ਤੁਲ ਹੈ। ਇਹੋ ਕਾਰਨ ਸੀ ਕਿ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਕਈ ਵਾਰ ਚੱਲਦੀ ਕਥਾ ਦੌਰਾਨ ਹੀ ਕਿਸੇ ਸਿਮਰਨ ਜਾਂ ਉੱਚੇ ਆਚਰਨ ਵਾਲੇ ਸਿੱਖ ਦੀ ਉਦਾਹਰਣ ਦੇਣ ਲਈ (ਸੰਤ ਗਿਆਨੀ) ਜਰਨੈਲ ਸਿੰਘ ਨੂੰ ਹੀ ਆਦਰਸ਼ ਸਿੱਖ ਵਜੋਂ ਪੇਸ਼ ਕਰਦੇ ਸਨ। ਜਿਸ ਕਾਰਨ ਉਨ੍ਹਾਂ ਦਾ ਸਤਿਕਾਰ ਨਾ ਕੇਵਲ ਜੱਥੇ ਵਿੱਚ ਸਗੋਂ ਜਥੇ ਦੇ ਨਿਕਟਵਰਤੀ ਸਿੱਖ ਸੰਗਤਾਂ ਵਿੱਚ ਵੀ ਬਹੁਤ ਵੱਧ ਗਿਆ ਸੀ। ਇਸ ਲਈ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਜੀਵਨ ਵਿੱਚ ਬਹੁਤ ਸਾਰੀਆਂ ਅਲੌਕਿਕ ਘਟਨਾਵਾਂ ਵਾਪਰੀਆਂ ਜਿਹੜੀਆਂ ਵੱਖ-ਵੱਖ ਸਿੰਘਾਂ ਨਾਲ ਸਬੰਧਤ ਹਨ। ਪਰ ਇਥੇ ਅਸੀਂ ਉਨ੍ਹਾਂ ਘਟਨਾਵਾਂ ਦਾ ਜ਼ਿਕਰ ਕਰਾਂਗੇ ਜੋ ਸੰਤ ਗਿਆਨੀ ਜਰਨੈਲ ਸਿੰਘ ਜੀ ਨਾਲ ਸਬੰਧਤ ਹਨ ਜਾਂ ਜਿਨ੍ਹਾਂ ਘਟਨਾਵਾਂ ਸਮੇਂ ਉਹ ਮੌਜੂਦ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਅਵਤਾਰ ਪੁਰਬ ਮਨਾਉਣ ਲਈ ਹਰ ਸਾਲ ਦੀ ਤਰ੍ਹਾਂ ਚਮਦਮੀ ਟਕਸਾਲ ਦਾ ਜਥਾ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪਹੁੰਚਿਆ ਹੋਇਆ ਸੀ। ਇਥੇ 10 ਦਿਨ ਠਹਿਰਨ ਦਾ ਪ੍ਰੋਗਰਾਮ ਸੀ, ਰੋਜ਼ਾਨਾ ਦੋਵੇਂ ਵੇਲੇ ਕਥਾ ਕੀਰਤਨ ਤੋਂ ਇਲਾਵਾ ਜੱਥੇ ਦੇ ਵਿਦਿਆਰਥੀਆਂ ਦੀ ਸੰਥਿਆ ਅਤੇ ਸ਼ਰਧਾਲੂ ਸਿੱਖ ਸੰਗਤਾਂ ਵੱਲੋਂ ਕਰਵਾਏ ਜਾਣ ਵਾਲੇ ਅਖੰਡ ਪਾਠਾਂ ਦਾ ਪ੍ਰੋਗਰਾਮ ਚੱਲ ਰਿਹਾ ਸੀ। ਇਹ ਗੱਲ 1975 ਦੀ ਹੈ। ਇਸ ਵਾਰ ਅਖੰਡ ਪਾਠ ਕਰਵਾਉਣ ਦੀ ਮੰਗ ਪਹਿਲਾਂ ਨਾਲੋਂ ਵਧੇਰੇ ਹੋਣ ਕਾਰਨ ਜੱਥੇ ਵੱਲੋਂ ਚਾਰ ਪਾਠਾਂ ਦੇ ਭੋਗ ਪਾਏ ਜਾਂਦੇ ਅਤੇ ਚਾਰ ਆਰੰਭ ਕੀਤੇ ਜਾਂਦੇ, ਭਾਵ ਇੱਕੋ ਸਮੇਂ ਅੱਠ ਸ੍ਰੀ ਅਖੰਡ ਪਾਠ ਚੱਲਦੇ ਰਹਿੰਦੇ। ਇਸ ਲਈ ਜੱਥੇ ਦੇ

Scanned with CamScanner

ਸਾਰੇ ਸਿੰਘਾਂ ਨੂੰ ਅਖੰਡ ਪਾਠਾਂ ਦੀ ਸੇਵਾ ਵਿੱਚ ਰੋਲਾਂ ਲਾਉਣ ਲਈ ਕਿਹਾ ਗਿਆ। ਪਾਠਾਂ ਦੇ ਜਥੇਦਾਰ ਭਾਈ ਰਾਮ ਸਿੰਘ ਸੁਲਤਾਨਪੁਰੀ ਸਨ ਜੋ ਪਾਠੀ ਸਿੰਘਾਂ ਦਾ ਰੋਲਾਂ ਲਾਉਣ ਦਾ ਸਮਾਂ ਵੀ ਨਿਯਤ ਕਰਦੇ ਸਨ ਤਾਂ ਕਿ ਸਮੇਂ ਸਿਰ ਭੋਗ ਪਾਏ ਜਾ ਸਕਣ। ਇੱਕ ਦਿਨ ਭਾਈ ਰਾਮ ਸਿੰਘ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਬੇਨਤੀ ਕੀਤੀ ਕਿ ਕੁੱਝ ਸਿੰਘ ਰੋਲਾਂ (ਚੱਲ ਰਹੇ ਅਖੰਡ ਪਾਠਾਂ ਵਿੱਚ ਪਾਠ ਕਰਨ ਦੀ ਡਿਊਟੀ) ਲਾਉਣ ਤੋਂ ਬਹਾਨੇਬਾਜ਼ੀ ਕਰਦੇ ਹਨ ਤਾਂ ਸੰਤਾਂ ਨੇ ਕਿਹਾ ਕਿ ਕੱਲ੍ਹ ਨੂੰ ਕਥਾ ਦੀ ਸਮਾਪਤੀ ਉਪਰੰਤ ਸਾਰੇ ਜਥੇ ਨੂੰ ਸਾਲਸ ਰਾਏ ਜੋਹਰੀ ਸਭਾ ਵਿਖੇ ਇਕੱਤਰ ਕੀਤਾ ਜਾਵੇ। ਅਗਲੇ ਦਿਨ ਸਾਰੇ ਜਥੇ ਨੂੰ ਸਭਾ ਵਿਖੇ ਇਕੱਤਰ ਕੀਤਾ ਗਿਆ ਤਾਂ ਸੰਤਾਂ ਨੇ ਭਾਈ ਰਾਮ ਸਿੰਘ ਨੂੰ ਪੁੱਛਿਆ ਕਿ ਜਥੇਦਾਰ ਜੀ ਦੱਸੋ ਕਿਹੜੇ ਸਿੰਘਾਂ ਬਾਰੇ ਤੁਹਾਡੀ ਸ਼ਿਕਾਇਤ ਹੈ? ਤਾਂ ਉਸ ਨੇ ਕਿਹਾ ਇੱਕ ਤਾਂ ਭਾਈ ਜਰਨੈਲ ਸਿੰਘ ਰੋਲ ਨਹੀਂ ਲਾਉਂਦਾ। ਇੰਨਾ ਕਹਿਣ ਦੀ ਦੇਰ ਹੀ ਸੀ ਕਿ ਸੰਤ ਜੀ ਜਥੇਦਾਰ ਭਾਈ ਰਾਮ ਸਿੰਘ ਨੂੰ ਨਾਰਾਜ਼ਗੀ ਭਰੇ ਲਹਿਜੇ 'ਚ ਕਹਿਣ ਲੱਗੇ ਕਿ ਤੈਨੂੰ ਪਤਾ ਹੀ ਹੈ ਕਿ ਭਾਈ ਜਰਨੈਲ ਸਿੰਘ ਹਮੇਸ਼ਾ ਸਿਮਰਨ ਭਜਨ ਵਿੱਚ ਵਿਅਸਤ ਰਹਿੰਦ ਹਨ ਪਰ ਫਿਰ ਵੀ ਕਿਸੇ ਵੀ ਲੱਗੀ ਡਿਊਟੀ ਤੋਂ ਉਹ ਆਨਾ-ਬਹਾਨਾ ਕਰਨ ਵਾਲੇ ਸਿੰਘ ਨਹੀਂ ਹਨ। ਇਸ ਤੇ ਭਾਈ ਰਾਮ ਸਿੰਘ ਨੇ ਕੁੱਝ ਕਹਿਣਾ ਚਾਹਿਆ ਪਰ ਸੰਤਾਂ ਨੇ ਵਿੱਚੋਂ ਹੀ ਰੋਕ ਕੇ ਕਿਹਾ ਕਿ ਕਿਸੇ ਵੀ ਸਿੰਘ ਦੀ ਸ਼ਿਕਾਇਤ ਲਾਉਣ ਤੋਂ ਪਹਿਲਾਂ ਤੁਹਾਨੂੰ ਪੂਰੀ ਪੜਚੋਲ ਕਰ ਲੈਣੀ ਚਾਹੀਦੀ ਹੈ। ਫਿਰ ਭਾਈ ਜਰਨੈਲ ਸਿੰਘ ਨਾ ਤਾਂ ਆਲਸੀ ਹੈ ਤੇ ਨਾ ਹੀ ਅਜਿਹਾ ਸਿੰਘ ਹੈ ਜੋ ਕਿਸੇ ਸਮੇਂ ਵੀ ਤੁਹਾਨੂੰ ਸ਼ਿਕਾਇਤ ਕਰਨ ਦਾ ਮੌਕਾ ਦੇਵੇ। ਇਸ ਤੋਂ ਉਪਰੰਤ ਭਾਈ ਰਾਮ ਸਿੰਘ ਨੇ ਫਿਰ ਕਿਹਾ ਕਿ ਸੰਤ ਜੀ ਮੈਂ ਭਾਈ ਜਰਨੈਲ ਸਿੰਘ ਅਭਿਆਸੀ ਬਾਰੇ ਨਹੀਂ ਕਹਿ ਰਿਹਾ ਮੈਂ ਤਾਂ ਭਾਈ ਜਰਨੈਲ ਸਿੰਘ ਜਾਰਜਪੁਰ ਬਾਰੇ ਕਹਿ ਰਿਹਾ ਹਾਂ ਕਿ ਉਹ ਕਹਿੰਦਾ ਹੈ ਮੈਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੀ ਡਿਊਟੀ ਵੀ ਕਰਦਾ ਹਾਂ ਦੇਵੇ ਵੇਲੇ ਕਥਾ ਦੇ ਪਾਠ ਦੀ ਡਿਊਟੀ ਵੀ ਨਿਭਾਉਂਦਾ ਹਾਂ ਇਸ ਲਈ ਮੇਰੀ ਹੋਰ ਡਿਊਟੀ ਨਾ ਲਾਈ ਜਾਵੇ ਤਾਂ ਸੰਤਾਂ ਨੇ ਕਿਹਾ ਉਸ ਨੂੰ ਵੀ ਹੋਰ ਡਿਊਟੀ ਤੋਂ ਛੋਟ ਦੇ ਦੇਣੀ ਚਾਹੀਦੀ ਹੈ। ਯਾਦ ਰਹੇ ਕਿ ਉਸ ਸਮੇਂ ਜੱਥੇ ਵਿੱਚ ਜਰਨੈਲ ਸਿੰਘ ਨਾਮ ਦੇ ਚਾਰ ਸਿੰਘ ਸਨ ਭਾਈ ਜਰਨੈਲ ਸਿੰਘ ਅਭਿਆਸੀ, ਭਾਈ ਜਰਨੈਲ ਸਿੰਘ ਜਾਰਜਪੁਰ, ਭਾਈ ਜਰਨੈਲ ਸਿੰਘ ਬਹਿਲਾ, ਭਾਈ ਜਰਨੈਲ ਸਿੰਘ ਖੁਪੀ ਪਰ ਚਾਰੇ ਹੀ ਡਿਊਟੀ ਦੇ ਬਹੁਤ ਪਾਬੰਦ ਸਨ। ਭਾਈ ਰਾਮ ਸਿੰਘ ਦੀ ਇਹ ਗੱਲ ਸੁਣਨ ਤੋਂ ਉਪਰੰਤ ਸੰਤਾਂ ਨੇ ਉਸ ਦੀ ਹੋਰ ਕੋਈ ਸ਼ਿਕਾਇਤ ਨਹੀਂ ਸੁਣੀ, ਬਲਕਿ ਸਮੁੱਚੇ ਰੂਪ ਵਿੱਚ ਸਾਰੇ ਜੱਥੇ ਨੂੰ ਸੰਬੋਧਨ ਹੋ ਕੇ ਕਿਹਾ ਕਿ ਸਿੰਘੋ ਇਹ ਜ਼ਿੰਦਗੀਆਂ ਅਤੇ ਜਵਾਨੀਆਂ ਬਾਰ-ਬਾਰ ਨਹੀਂ ਮਿਲਣੀਆਂ ਅਤੇ ਕਲਗੀਧਰ ਦੀ ਬਖਸ਼ੀ ਹੋਈ ਟਕਸਾਲ ਵਿੱਚ ਰਹਿਣ ਦਾ ਸਮਾਂ ਸੁਭਾਗਾਂ ਨਾਲ ਨਸੀਬ ਹੋਇਆ ਹੈ। ਇਸ ਲਈ ਰੱਜ-ਰੱਜ ਕੇ ਸੇਵਾ ਕਰੋ ਜਿੱਥੇ ਵੀ ਕਿਸੇ ਵੀ ਡਿਊਟੀ ਲੱਗਦੀ ਹੈ, ਉਸ ਨੂੰ ਚਾਅ ਅਤੇ ਖੁਸ਼ੀ ਨਾਲ ਨਿਭਾਓ। ਫਿਰ ਇਹ ਤਾਂ ਕਲਗੀਧਰ ਪਾਤਸ਼ਾਹ ਦਾ ਪਵਿੱਤਰ ਤਖਤ ਹੈ ਜਿਸ ਦੇ ਦਰਸ਼ਨਾਂ ਨੂੰ ਦੇਸ਼ਾਂ-ਵਿਦੇਸ਼ਾਂ ਤੋਂ ਸੰਗਤਾਂ ਬਹੁਤ ਉਮਾਹ ਅਤੇ ਉਤਸ਼ਾਹ ਨਾਲ ਆਉਂਦੀਆਂ ਹਨ ਅਤੇ ਸਾਨੂੰ ਵੀ ਭਾਗਾਂ ਨਾਲ ਹਾਜ਼ਰੀਆਂ ਭਰਨ ਦਾ ਸੁਭਾਗ ਮਿਲਿਆ ਹੈ। ਇਸ ਲਈ ਕਿਸੇ ਵੀ ਸਿੰਘ ਨੇ ਆਲਸ ਨਹੀਂ ਕਰਨਾ ਅਤੇ ਨਾਲ ਹੀ ਸਾਰੇ ਸਿੰਘਾਂ ਨੂੰ ਬੇਨਤੀ ਹੈ ਕਿ ਭਾਈ ਜਰਨੈਲ ਸਿੰਘ ਅਭਿਆਸੀ ਬਾਰੇ ਮੇਰੇ ਕੋਲ ਕੋਈ ਸ਼ਿਕਾਇਤ ਲੈ ਕੇ ਨਾ ਆਵੇ ਕਿਉਂਕਿ ਬਹੁਤ ਸਾਰੇ ਸਿੰਘ ਜੱਥੇ ਵਿੱਚ ਨਵੇਂ ਆਉਂਦੇ ਹਨ ਜਾਂ ਕਈ ਪੁਰਾਣੇ ਸ਼ਰੀਰ ਵੀ ਹਨ ਪਰ ਤੁਸੀ ਭਾਈ ਜਰਨੈਲ ਸਿੰਘ ਅਭਿਆਸੀ ਬਾਰੇ ਪੂਰੀ ਤਰ੍ਹਾਂ ਨਹੀਂ ਜਾਣਦੇ। ਇਸ ਉਪਰੰਤ (ਸੰਤ ਗਿਆਨੀ) ਜਰਨੈਲ ਜੀ ਖ਼ਾਲਸਾ ਜਥੇਦਾਰ ਭਾਈ ਰਾਮ ਸਿੰਘ ਕੋਲ ਉਨ੍ਹਾਂ ਦੇ ਆਸਣ 'ਤੇ ਗਏ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਜਥੇਦਾਰ ਜੀ ਮੈਂਨੂੰ ਜਿੱਥੇ ਵੀ ਡਿਊਟੀ ਲਗਾਓਗੇ ਮੈਂ ਹਮੇਸ਼ਾ ਹਾਜ਼ਰ ਹਾਂ। ਇਸ ਤੇ ਭਾਈ ਰਾਮ ਸਿੰਘ ਨੇ ਕਿਹਾ ਕਿ ਅਭਿਆਸੀ ਜੀ ਮੇਰੀ ਤਾਂ ਸੰਤਾਂ ਨੇ ਗੱਲ ਵੀ ਪੂਰੀ ਤਰ੍ਹਾਂ ਨਹੀਂ ਸੁਣੀ ਮੈਂ ਸੁਣਾਉਣੀ ਵੀ ਚਾਹੀ ਤਾਂ ਵੀ ਮੈਨੂੰ ਵਿੱਚੋਂ ਹੀ ਟੋਕ ਦਿੱਤਾ ਤਾਂ ਉਨ੍ਹਾਂ ਕਿਹਾ ਕਿ ਇਹ ਸੰਤਾਂ ਦੀ ਮੌਜ ਹੈ ਪਰ ਮੈਨੂੰ ਜੋ ਹੁਕਮ ਕਰੋਗੇ ਮੈਂ ਹਾਜ਼ਰ ਹਾਂ। ਪਰ ਜੱਥੇ ਦੀ ਇਸ ਮੀਟਿੰਗ ਉਪਰੰਤ ਜਥੇ ਵਿੱਚ ਨਵੇਂ ਆਏ ਸਿੰਘਾਂ ਨੂੰ ਵੀ (ਸੰਤ ਗਿਆਨੀ) ਜਰਨੈਲ ਸਿੰਘ ਜੀ ਖ਼ਾਲਸਾ ਬਾਰੇ ਪਤਾ ਲੱਗ ਚੁੱਕਾ ਸੀ ਕਿ ਇਹ ਹਰ ਵਕਤ ਪ੍ਰਮਾਤਮਾ ਦੇ ਸਿਮਰਨ ਭਜਨ ਵਿੱਚ ਮਗਨ ਰਹਿਣ ਵਾਲੇ ਸਿੰਘ ਹਨ।

Scanned with CamScanner

ਭਾਈ ਜਰਨੈਲ ਸਿੰਘ ਅਭਿਆਸੀ ਦਾ ਸੰਤ ਕਰਤਾਰ ਸਿੰਘ ਜੀ ਦੇ ਬਚਨਾਂ ਉੱਪਰ ਭਰੋਸਾ

ਇੱਕ ਵਾਰ ਦਮਦਮੀ ਟਕਸਾਲ ਦਾ ਪ੍ਰੋਗਰਾਮ ਹੁਸ਼ਿਆਰਪੁਰ ਦਾ ਬਣਿਆ ਹੋਇਆ ਸੀ ਅਤੇ ਇਥੇ ਨੇੜਲੇ ਪਿੰਡਾ 'ਚ ਰੋਜਾਨਾ ਚਾਰ ਜਾਂ ਪੰਜ ਥਾਵਾਂ 'ਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਕਥਾ ਕਰਨ ਜਾਇਆ ਕਰਦੇ ਸਨ। ਇਥੇ ਨੇੜੇ ਹੀ ਪਿੰਡ ਚੱਕੋਵਾਲ ਹੈ ਜਿਸ ਦੇ ਵਸਨੀਕ ਬਾਬਾ ਤਾਰਾ ਸਿੰਘ ਜੀ ਜੋ ਕਿ ਵੱਡੇ ਮਹਾਂਪੁਰਖ ਸੱਚਖੰਡ ਵਾਸੀ ਸੰਤ ਗੁਰਬਚਨ ਸਿੰਘ ਖ਼ਾਲਸਾ ਜੀ ਦੇ ਸਮੇਂ ਤੋਂ ਹੀ ਦਮਦਮੀ ਟਕਸਾਲ ਨਾਲ ਜੁੜੇ ਹੋਏ ਸਨ। ਇਲਾਕੇ ਦੇ ਪੱਕੇ ਅਕਾਲੀ ਅੰਮ੍ਰਿਤਧਾਰੀ ਗਰਿਤਵਾਨ ਅਤੇ ਅੱਗੇ ਸਾਰਾ ਪਰਿਵਾਰ ਵੀ ਰਹਿਤ ਵਿੱਚ ਤਿਆਰ-ਬਰ-ਤਿਆਰ ਸੀ। ਉਨ੍ਹਾਂ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਬੇਨਤੀ ਕੀਤੀ ਕਿ ਅਸੀਂ ਘਰ ਅਖੰਡ ਪਾਠ ਕਰਵਾਉਣਾ ਹੈ ਤਾਂ ਠੀਕ ਨਿਯਮ ਕਰਕੇ ਸੰਤਾਂ ਨੇ ਕਿਹਾ ਕਿ ਬਾਬਾ ਜੀ ਅਖੰਡ ਪਾਠੀ ਸਿੰਘ ਪਹੁੰਚ ਜਾਣਗੇ ਜੋ ਸਾਰਾ ਕਾਰਜ ਜ਼ਿੰਮੇਵਾਰੀ ਨਾਲ ਨਿਭਾਉਣਗੇ ਅਤੇ ਭੋਗ ਵਾਲੇ ਦਿਨ ਨੌਕ ਦੱਸ ਵਜੇ ਅਸੀਂ ਵੀ ਪਹੁੰਚ ਜਾਵਾਂਗੇ ਅਤੇ ਆਏ ਹੋਏ ਸ੍ਰੀ ਮੁੱਖ ਵਾਕ ਦੀ ਕਥਾ ਵੀ ਕਰਾਂਗੇ। ਉਸ ਦਿਨ ਸਾਰੇ ਸੰਘ ਦਾ ਲੰਗਰ ਵੀ ਬਾਬਾ ਤਾਰਾ ਸਿੰਘ ਜੀ ਦੇ ਘਰ ਹੋਣਾ ਸੀ। ਮਿੱਥੇ ਹੋਏ ਸਮੇਂ ਮੁਤਾਬਿਕ ਸੰਤਾਂ ਨੇ ਭਾਈ ਜਰਨੈਲ ਸਿੰਘ ਜੀ ਅਭਿਆਸੀ ਦੀ ਡਿਊਟੀ ਲਗਾਈ ਕਿ ਉਹ ਪਾਠੀ ਸਿੰਘਾਂ ਨੂੰ ਨਾਲ ਲੈ ਕੇ ਚੱਕੋਵਾਲ ਬਾਬਾ ਤਾਰਾ ਸਿੰਘ ਦੇ ਘਰ ਚਲੇ ਜਾਣ। ਜਿਹੜੇ ਸਿੰਘ ਭਾਈ ਜਰਨੈਲ ਸਿੰਘ ਅਭਿਆਸੀ ਕੋਲ ਸੰਥਿਆ ਕਰਦੇ ਸਨ ਉਨ੍ਹਾਂ ਨੂੰ ਅਤੇ ਕੁੱਝ ਹੋਰ ਸਿੰਘਾਂ ਨੂੰ ਲੈ ਕੇ ਭਾਈ ਜਰਨੈਲ ਸਿੰਘ ਵੀ ਚਲੇ ਗਏ ਅਤੇ ਘਰੇ ਜਾ ਕੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਕਰ ਦਿੱਤੀ। ਇਹ ਸੰਥ ਦਾ ਨਿਯਮ ਹੈ ਜਿੱਥੇ ਵੀ ਪਾਠੀ ਸਿੰਘ ਜਾਂ ਪੰਜ ਪਿਆਰੇ ਸਿੰਘ ਕੁਝ ਦਿਨਾਂ ਲਈ ਜਾਣ ਤਾਂ ਉਨ੍ਹਾਂ ਦੀ ਸੰਥਿਆ ਵੀ ਰੋਜ਼ ਦੀ ਰੋਜ਼ ਹੋਣੀ ਚਾਹੀਦੀ ਹੈ। ਇਸ ਤਰ੍ਹਾ ਚੱਕੋਵਾਲ ਵਿਖੇ ਵੀ ਸਿੰਘ ਪਾਠ ਵੀ ਕਰਦੇ ਅਤੇ ਸੰਥਿਆ ਵੀ ਕਰਦੇ। ਦਿਨ ਨੂੰ ਕਈ ਵਾਰ ਪਰਿਵਾਰਕ ਸਿੰਘ ਤੇ ਬੀਬੀਆਂ ਬੈਠ ਕੇ ਭਾਈ ਜਰਨੈਲ ਸਿੰਘ ਤੋਂ ਇਤਿਹਾਸਕ ਵਿਚਾਰਾਂ ਸੁਣਦੇ। ਭੋਗ ਵਾਲੇ ਦਿਨ ਸਵੇਰੇ ਹੀ ਬਾਬਾ ਤਾਰਾ ਸਿੰਘ ਜੀ ਨੇ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਪੁੱਛਿਆ ਕਿ ਭਾਈ ਜੀ ਪਾਠ ਦਾ ਭੋਗ ਕਿਨੇ ਵਜੇ ਪੈਣਾ ਹੈ? ਤਾਂ ਉਨ੍ਹਾਂ ਨੇ ਕਿਹਾ ਜੋ ਸ਼ਮਾਂ ਸੰਤ ਮਹਾਂਪੁਰਖਾਂ ਨੇ ਤੁਹਾਨੂੰ ਦਿੱਤਾ ਹੈ ਉਸ ਮੁਤਾਬਿਕ ਨੌਕ 10 ਵਜੇ ਭੋਗ ਪੈਣਗੇ ਤਾਂ ਬਾਬਾ ਤਾਰਾ ਸਿੰਘ ਨੇ ਪੁੱਛਿਆ ਕਿ ਕੀ ਗਿਆਨੀ ਜੀ (ਭਾਵ ਸੰਤ ਗਿਆਨੀ ਕਰਤਾਰ ਸਿੰਘ ਜੀ (ਖ਼ਾਲਸਾ) ਸਮੇਂ ਸਿਰ ਆ ਜਾਣਗੇ? ਕਿਉਂਕਿ ਵੱਡੇ ਸੰਤ ਤਾਂ ਸਮੇਂ ਦੇ ਪੂਰੇ ਤਕੜੇ ਪਾਬੰਦ ਸਨ ਉਹ ਦਿੱਤੇ ਹੋਏ ਸਮੇਂ ਤੇ ਹਮੇਸ਼ਾ ਪਹੁੰਚ ਜਾਇਆ ਕਰਦੇ ਸਨ। ਪਰ ਇਨ੍ਹਾਂ ਦਾ ਪਤਾ ਨਹੀਂ ਕਿ ਸਮੇਂ ਸਿਰ ਆ ਸਕਣ ਜਾਂ ਨਾ। ਇਸ ਗੱਲ 'ਤੇ ਭਾਈ ਜਰਨੈਲ ਸਿੰਘ ਅਭਿਆਸੀ ਨੇ ਥੋੜ੍ਹੀ ਜਿਹੀ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਬਾਬਾ ਜੀ ਤੁਸੀਂ ਜੱਥੇ ਦੇ ਪੁਰਾਣੇ ਸਹਿਯੋਗੀ ਹੋ ਤੁਹਾਨੂੰ ਅਜਿਹੀ ਕੋਈ ਸੋਚ ਨਹੀਂ ਕਰਨੀ ਚਾਹੀਦੀ ਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਅਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਨਿਯਮਾਂ ਵਿੱਚ ਕੋਈ ਫ਼ਰਕ ਹੈ। ਬਾਬਾ ਤਾਰਾ ਸਿੰਘ ਜੀ ਨੇ ਫਿਰ ਕਿਹਾ ਕਿ ਅਜਿਹਾ ਨਾ ਹੋਵੇ ਆਪਾਂ ਭੋਗ ਪਾ ਦੇਈਏ ਅਤੇ ਸੰਤ ਜੀ ਪਹੁੰਚਣ ਹੀ ਨਾ, ਭਾਵ ਉਸ ਤੋਂ ਲੇਟ ਪਹੁੰਚਣ ਤਾਂ ਬੇ-ਰਸੀ ਨਾ ਹੋ ਜਾਵੇ ਕਿਉਂਕਿ ਪਰਿਵਾਰ ਤੋਂ ਇਲਾਵਾ ਨਗਰ ਦੀ ਸੰਗਤ ਵੀ ਭੋਗ ਸਮੇਂ ਇਕੱਤਰ ਹੋਵੇਗੀ। ਸਭ ਨੂੰ ਪਤਾ ਹੈ ਕਿ ਭੋਗ ਸਮੇਂ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਆਪ ਪਹੁੰਚ ਕੇ ਕਥਾ ਕਰਨੀ ਹੈ। ਇਸ ਲਈ ਆਪਾਂ ਨੂੰ ਇਸ ਗੱਲ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਮੇਰਾ ਵਿਚਾਰ ਹੈ ਕਿ ਜਦੋਂ ਸੰਤ ਜੀ ਪਹੁੰਚ ਜਾਣ ਉਦੋਂ ਭੋਗ ਪਾਉਣੇ ਆਰੰਭ ਕੀਤੇ ਜਾਣੇ ਚਾਹੀਦੇ ਹਨ, ਪਾਠੀ ਸਿੰਘ ਨੂੰ ਬੇਨਤੀ ਕਰੋ ਕਿ ਉਨ੍ਹਾਂ ਦੇਰ ਸਹਿਜੇ-ਸਹਿਜੇ ਪਾਠ ਕਰੀ ਜਾਣ। ਤਾਂ ਭਾਈ ਜਰਨੈਲ ਸਿੰਘ ਨੇ ਕਿਹਾ ਸਾਨੂੰ ਸੰਤਾਂ ਵੱਲੋਂ ਦਿੱਤੇ ਸਮੇਂ ਮੁਤਾਬਿਕ ਭੋਗ ਪਾਉਣਾ ਚਾਹੀਦਾ ਹੈ ਜੋ ਉਨ੍ਹਾਂ ਨੇ ਬਚਨ ਕੀਤਾ ਹੈ ਉਸ ਮੁਤਾਬਿਕ ਜ਼ਰੂਰ ਪਹੁੰਚ ਜਾਣਗੇ। ਜਦ ਫਿਰ ਵੀ ਬਾਬਾ ਤਾਰਾ ਸਿੰਘ ਜੀ ਦੀ ਤਸੱਲੀ ਨਾ ਹੋਈ ਤਾਂ ਭਾਈ ਜਰਨੈਲ ਸਿੰਘ ਨੇ ਕਿਹਾ ਕਿ ਚੰਗਾ ਬਾਬਾ ਜੀ ਜੇਕਰ ਦਿੱਤੇ ਹੋਏ ਸਮੇਂ ਮੁਤਾਬਿਕ ਮਹਾਪੁਰਖ ਪਹੁੰਚ ਗਏ ਤਾਂ ਤੁਸੀਂ ਸੰਤ ਮੰਨ ਲਾਇਉ ਨਹੀਂ ਤਾਂ ਤੁਹਾਡੀ ਮਰਜ਼ੀ, ਨਾਲ ਹੀ ਉਨ੍ਹਾਂ ਪਾਠੀ ਸਿੰਘਾਂ ਨੂੰ ਕਿਹਾ ਕਿ ਠੀਕ ਦਸ ਵਜੇ ਭੋਗ ਦੀ ਅਰਦਾਸ ਆਰੰਭ ਕਰ ਦੇਣੀ ਚਾਹੀਦੀ ਹੈ, ਦੂਸਰੇ ਪਾਸੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਿੱਤੇ ਹੋਏ ਸਮੇਂ ਮੁਤਾਬਿਕ ਹੁਸ਼ਿਆਰਪੁਰ ਤੋਂ ਚੱਲ ਪਏ ਪਰ ਭਾਰੀ ਬਾਰਿਸ਼ ਹੋਣ ਕਾਰਨ

Scanned with CamScanner

ਉਨ੍ਹਾਂ ਦੀ ਮਿਨੀ ਬੱਸ ਇੱਕ ਬਰਸਾਤੀ ਨਾਲੇ (ਚੋਅ) ਵਿੱਚ ਫਸ ਗਈ। ਇਸ ਇਲਾਕੇ ਵਿੱਚ ਕਈ ਚੋਅ ਪੈਂਦੇ ਹਨ ਜੋ ਬਰਸਾਤਾਂ ਕਾਰਨ ਰਸਤੇ ਦੀਆਂ ਰੁਕਾਵਟਾਂ ਬਣ ਜਾਂਦੇ ਹਨ, ਜਿੱਥੇ ਬੱਸ ਫਸੀ ਹੋਈ ਸੀ ਉਥੋਂ ਚੱਕੇਵਾਲ ਪਿੰਡ ਲਗਭਗ ਡੇਢ ਕਿੱਲੋਮੀਟਰ ਦੀ ਦੂਰੀ 'ਤੇ ਹੈ, ਥੋੜ੍ਹੀ-ਥੋੜ੍ਹੀ ਬਰਸਾਤ ਅਜੇ ਵੀ ਪੈ ਰਹੀ ਸੀ ਪਰ ਸੰਤਾ ਨੇ ਡਰਾਇਵਰ ਭਾਈ ਮੋਹਰ ਸਿੰਘ ਪਰਦੇਸੀ ਨੂੰ ਕਿਹਾ ਕਿ ਭਾਈ ਤੁਸੀਂ ਬੱਸ ਲੈ ਕੇ ਚੱਕੇਵਾਲ ਆ ਜਾਇਉ ਅਸੀਂ ਪੈਦਲ ਹੀ ਚੱਲਦੇ ਹਾਂ। ਉਨ੍ਹਾਂ ਨਾਲ ਭਾਈ ਗੁਰਮੁਖ ਸਿੰਘ ਗਤਕਈ, ਭਾਈ ਰਸ਼ਪਾਲ ਸਿੰਘ ਮੀਏ ਅਤੇ ਕੁੱਝ ਹੋਰ ਸਿੰਘ ਪੈਦਲ ਹੀ ਚੱਲ ਪਏ। ਸੰਤ ਏਨੀ ਤੇਜੀ ਨਾਲ ਤੁਰੇ ਕਿ ਬਾਕੀ ਦੇ ਸਿੰਘ ਦੌੜ ਰਹੇ ਸਨ ਤੇ ਨਾਲ ਨਾਲ ਕਹਿ ਵੀ ਰਹੇ ਸਨ ਕਿ ਹਰ ਹਾਲਤ ਵਿੱਚ 10 ਵਜਦੇ ਨੂੰ ਚੱਕੇਵਾਲ ਪਹੁੰਚਣਾ ਹੈ। ਸਮਾਂ ਥੋੜਾ ਘੱਟ ਹੈ ਇਸ ਲਈ ਹੋਰ ਜਲਦੀ ਚੱਲੋ। ਉਹ ਵਾਹੋ ਦਾਹੀ ਪਿੰਡ ਚੱਕੇਵਾਲ ਬਾਬਾ ਤਾਰਾ ਸਿੰਘ ਦੇ ਘਰ ਪਹੁੰਚੇ ਤਾਂ ਠੀਕ ਉਸ ਸਮੇਂ ਸਪੁਜੀ ਸਾਹਿਬ ਦਾ ਸਲੋਕ ਪੜ੍ਹਿਆ ਜਾ ਰਿਹਾ ਸੀ। ਜਿਵੇਂ ਹੀ 'ਤੂ ਠਾਕੁਰ ਤੁਮ ਪਿੰਰ ਅਰਦਾਸਿ' ਨਾਲ ਅਰਦਾਸ ਸ਼ੁਰੂ ਹੋਈ ਤਾਂ ਸੰਤ ਜੀ ਪੰਜ ਇਸ਼ਨਾਨਾ ਕਰਕੇ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਕਰਨ ਆ ਖਲੋਤੇ। ਸਭ ਹੈਰਾਨ ਸਨ ਕਿ ਨਾ ਤਾਂ ਬੱਸ ਆਉਣ ਦੀ ਆਵਾਜ਼ ਆਈ ਅਤੇ ਨਾ ਹੀ ਪਤਾ ਲੱਗਾ ਕਿ ਸੰਤ ਜੀ ਕਿਸ ਵੇਲੇ ਪਹੁੰਚ ਗਏ ਹਨ। ਅਰਦਾਸ ਕਰਨ ਉਪਰੰਤ ਸੰਤਾਂ ਨੇ ਆਪ ਹੁਕਮਨਾਮਾ ਲਿਆ ਅਤੇ ਕਥਾ ਕੀਤੀ। [illegible] ਬਾਦ ਭਾਈ ਜਰਨੈਲ ਸਿੰਘ ਅਭਿਆਸੀ ਨੇ ਬਾਬਾ ਤਾਰਾ ਸਿੰਘ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਆਪ ਜੀ ਦੀ ਤਸੱਲੀ ਹੋ ਗਈ ਤਾਂ ਖੁਸ਼ [illegible] ਗਈ ਅਤੇ ਸੰਤਾਂ ਉੱਪਰ ਤੁਹਾਡੇ ਵੱਲੋਂ ਪਰਗਟਾਏ ਦ੍ਰਿੜ ਭਰੋਸੇ ਦਾ ਵੀ ਪਤਾ ਲੱਗ ਗਿਆ।

ਸੰਤ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਵੱਲੋਂ
ਸੰਤ ਜਰਨੈਲ ਸਿੰਘ ਜੀ ਖ਼ਾਲਸਾ ਬਾਰੇ ਕਹੇ ਹੋਏ ਬਚਨ

ਇੱਕ ਵਾਰ ਗਰਮੀਆਂ ਦੇ ਦਿਨਾਂ ਵਿੱਚ ਜੱਥਾ ਗੁਰਦੁਆਰਾ ਰਾਮਪੁਰ ਖੇੜਾ ਵਿਖੇ ਪਹੁੰਚਿਆ ਹੋਇਆ ਸੀ। ਇਸ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ ਬਹੁਤ ਹੀ ਨਾਮ ਰਸੀਏ, ਸਿਮਰਨ ਅਭਿਆਸੀ, ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਸਨ, ਜੋ ਕਿ ਹਰ ਸਾਲ ਹੀ ਸਾਉਣ ਦੇ ਮਹੀਨੇ ਵਿੱਚ ਸੱਤ ਦਿਨ ਦਾ ਨਾਮ ਅਭਿਆਸ ਕਮਾਈ ਨਾਮਾਰਥ ਪ੍ਰੋਗਰਾਮ ਰੱਖਿਆ ਕਰਦੇ ਸਨ ਅਤੇ ਇਨ੍ਹਾਂ ਹੀ ਦਿਨਾਂ ਵਿੱਚ ਜੱਥਾ ਦਮਦਮੀ ਟਕਸਾਲ ਨੂੰ ਵੀ ਵਿਸ਼ੇਸ਼ ਤੌਰ 'ਤੇ ਸੱਦਿਆ ਕਰਦੇ ਸਨ। ਉਥੇ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲੇ ਸੁਬ੍ਹਾ-ਸ਼ਾਮ ਕਥਾ ਕਥਿਆ ਕਰਦੇ ਸਨ। ਦਿਨ ਵੇਲੇ ਕਥਾ ਦੀ ਸੰਥਿਆ ਤੋਂ ਬਾਅਦ ਕੁੱਝ ਹੋਰ ਸਿੰਘ ਜਿਨ੍ਹਾਂ ਵਿੱਚ ਭਾਈ ਜਰਨੈਲ ਸਿੰਘ ਜੀ ਅਭਿਆਸੀ, ਭਾਈ ਦਲਬੀਰ ਸਿੰਘ ਜੀ, ਮਹਾਂਪੁਰਖਾਂ ਦੇ ਵੱਡੇ ਸਪੁੱਤਰ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਜੀ ਅਤੇ ਕੁੱਝ ਹੋਰ ਸਿੰਘ ਸ਼ਾਮਿਲ ਸਨ, ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਪਾਸ ਬੈਠ ਜਾਂਦੇ ਅਤੇ ਉਨ੍ਹਾਂ ਤੋਂ ਆਤਮ ਅਵਸਥਾ ਜਾਂ ਨਾਮ ਸਿਮਰਨ ਦੀਆਂ ਅੰਦਰੂਨੀ ਸੁਗਾਤੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ। ਵੈਸੇ ਵੀ ਜੱਥੇ ਵਿੱਚ ਨਾਮ ਸਿਮਰਨ ਵਾਲੇ ਸਿੰਘਾਂ ਦਾ ਸੁਭਾਅ ਸੀ ਕਿ ਜਿਥੇ ਕਿਤੇ ਨਾਮ ਸਿਮਰਨ ਦੇ ਅਭਿਆਸੀ ਮਹਾਂਪੁਰਖ ਮਿਲ ਜਾਂਦੇ ਤਾਂ ਉਨ੍ਹਾਂ ਪਾਸੋਂ ਨਾਮ ਸਿਮਰਨ ਬਾਰੇ ਸਿੱਖਿਆ ਗ੍ਰਹਿਣ ਕਰਨ ਦਾ ਯਤਨ ਕਰਦੇ ਜਿਵੇਂ ਸੰਤ ਬਾਬਾ ਹਰਨਾਮ ਸਿੰਘ ਜੀ ਪਾਤਸ਼ਾਹ ਜੋਗੀਵਾਲ ਵਾਲੇ (ਮੋਗਾ), ਸੰਤ ਬਾਬਾ ਸੋਹਣ ਸਿੰਘ ਜੀ ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਜਾਂ ਸੰਤ ਬਾਬਾ ਕਰਤਾਰ ਸਿੰਘ ਜੀ ਬਰਿਆਣਾ ਵਾਲੇ (ਕਾਦੀਆਂ) ਆਦਿ। ਇਸੇ ਤਰ੍ਹਾਂ ਇਸ ਪ੍ਰੋਗਰਾਮ 'ਤੇ ਸੰਤ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਤੋਂ ਸਿੱਖ ਨਾਮ ਸਿਮਰਨ ਦੀ ਸਿੱਖਿਆ ਪ੍ਰਾਪਤ ਕਰਨ ਦੇ ਯਤਨ ਕਰ ਰਹੇ ਸਨ।

ਉਸ ਸਮੇਂ ਉਪਰੋਕਤ ਇਨ੍ਹਾਂ ਸਿੰਘਾਂ ਨੇ 101 ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠਾਂ ਦਾ ਨਿਯਮ ਅਰੰਭਿਆ ਹੋਇਆ ਸੀ ਤਾਂ ਸੰਤਾਂ ਨੇ ਸਾਰੇ ਸਿੰਘਾਂ ਨੂੰ ਪੁੱਛਿਆ ਕਿ ਭਾਈ ਤੁਸੀਂ ਕੀ ਨਿਯਮ ਕਰਦੇ ਹੋ? ਤਾਂ ਉਨ੍ਹਾਂ ਨੇ ਬੇਨਤੀ ਕੀਤੀ ਕਿ ਕੁੱਝ ਸਮੇਂ ਲਈ ਅਸੀਂ 101 ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠਾਂ ਦਾ ਨਿਯਮ ਰੱਖਿਆ ਹੋਇਆ ਹੈ ਤਾਂ ਸੁਭਾਵਿਕ ਹੀ ਸੰਤ ਬਾਬਾ ਹਰਨਾਮ ਸਿੰਘ ਜੀ ਨੇ ਭਾਈ ਅਮਰੀਕ ਸਿੰਘ ਨੂੰ ਸੰਬੋਧਨ ਹੁੰਦਿਆ ਕਿਹਾ ਕਿ ਠੀਕ ਹੈ ਬਾਣੀ ਜਿੰਨੀ ਵੱਧ ਤੋਂ ਵੱਧ ਪੜ੍ਹੀ ਜਾਵੇ ਚੰਗੀ ਹੈ ਪਰ ਆਤਮਿਕ ਅਵਸਥਾ ਦੀ ਪ੍ਰਪੱਕਤਾ ਲਈ ਜਰੂਰੀ ਹੈ ਕਿ ਬਾਣੀ ਸਹਿਜ

Scanned with CamScanner

ਅਤੇ ਠਹਿਰਾਅ ਨਾਲ ਪੜ੍ਹੀ ਜਾਵੇ ਅਤੇ ਜਦੋਂ ਇਹ ਅਵਸਥਾ ਪ੍ਰਾਪਤ ਹੋ ਜਾਵੇ ਫਿਰ ਜਿਵੇਂ ਵੀ ਦਿਲ ਚਾਹੇ ਤੁਸੀਂ ਨਿਯਮ ਰੱਖ ਸਕਦੇ ਹੋ ਅਤੇ ਇਹ ਵੀ ਕਿਹਾ ਕਿ ਤੁਸੀਂ ਭਾਈ ਜਰਨੈਲ ਸਿੰਘ ਅਭਿਆਸੀ ਦੀ ਰੀਸ ਨਾ ਕਰੋ ਕਿਉਂਕਿ ਇਨ੍ਹਾਂ ਉਪਰ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਹੋ ਚੁੱਕੀ ਹੈ ਇਹ ਆਤਮਿਕ ਅਵਸਥਾ ਦੇ ਅਨੰਦ ਨੂੰ ਮਾਣ ਰਹੇ ਹਨ। ਤੁਸੀਂ ਵੀ ਪੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਕਰੋ ਕਿ ਆਪ ਸਭ ਨੂੰ ਇਹ ਅਨੰਦ ਪ੍ਰਾਪਤ ਹੋਵੇ ਤੇ ਨਾਲ-ਨਾਲ ਖਾਣ ਪੀਣ, ਸੌਣ ਆਦਿ ਦਾ ਸੰਜਮ ਕਰੋ ਅਤੇ ਯਤਨ ਜਾਰੀ ਰੱਖੋ। ਕ੍ਰਿਪਾ ਕਰਨ ਵਾਲਾ ਤਾਂ ਮਾਲਕ ਆਪ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਮਾਰਗ ਤੇ ਚੱਲਦਿਆਂ ਕਈ ਤਰ੍ਹਾਂ ਦੀਆਂ ਦੁਨਿਆਵੀ ਅਤੇ ਅੰਦਰੂਨੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਗੁਰੂ ਦੇ ਆਸਰੇ ਇਨ੍ਹਾਂ ਆਫਤਾਂ ਉਪਰ ਫਤਿਹ ਪਾਈ ਜਾ ਸਕਦੀ ਹੈ ਫਿਰ ਆਤਮਿਕ ਆਨੰਦ ਨੂੰ ਮਾਣਿਆ ਜਾ ਸਕਦਾ ਹੈ। ਸੰਤਾਂ ਦੇ ਉਪਰੋਕਤ ਬਚਨ ਸੁਣ ਕੇ ਭਾਈ ਜਰਨੈਲ ਸਿੰਘ ਅਭਿਆਸੀ ਦੇ ਨਾਲ ਦੇ ਸਿੰਘਾਂ ਨੂੰ ਹੋਰ ਵੀ ਤਸੱਲੀ ਹੋਈ ਕਿ ਭਾਈ ਜਰਨੈਲ ਸਿੰਘ ਆਤਮਿਕ ਤੌਰ ਤੇ ਪੂਰਨਮਾ ਅਭਿਆਸੀ ਦੇ ਨਾਲ ਦੇ ਸਿੰਘਾਂ ਨੂੰ ਹੋਰ ਵੀ ਤਸੱਲੀ ਹੋਈ ਕਿ ਭਾਈ ਜਰਨੈਲ ਸਿੰਘ ਆਤਮਿਕ ਤੌਰ ਤੇ ਪੂਰਨਮਾ ਨਾਲ ਜੁੜੀ ਹੋਈ ਆਤਮਾ ਹੈ। ਭਾਵੇਂ ਕਿ ਜੱਥੇ ਵਿੱਚ ਰਹਿੰਦਿਆਂ ਸਿੰਘ ਪਹਿਲਾਂ ਵੀ ਇਨ੍ਹਾਂ ਬਾਰੇ ਬਹੁਤ ਕੁੱਝ ਜਾਣਦੇ ਸਨ ਪਰ ਮਹਾਪੁਰਖਾਂ ਤੋਂ ਉਨ੍ਹਾਂ ਬਾਰੇ ਅਜਿਹੇ ਬਚਨ ਸੁਣ ਕੇ ਹੋਰ ਵੀ ਤਸੱਲੀ ਪ੍ਰਾਪਤ ਹੋਈ।

ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਵੱਲੋਂ ਭਾਈ ਜਗਜੀਤ ਸਿੰਘ ਨੂੰ ਗੁਰਬਾਣੀ ਰਾਹੀਂ ਸਿਹਤਯਾਬ ਕਰਨਾ

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥ (੭੪੬)

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜੱਥੇ ਸਮੇਤ ਕੁੱਝ ਸਮੇਂ ਵਾਸਤੇ ਪਿੰਡ ਰੰਡੇ ਵਿਖੇ ਧਾਰਮਿਕ ਸਮਾਗਮਾਂ ਲਈ ਪਹੁੰਚੇ ਹੋਏ ਸਨ। ਇੱਕ ਦਿਨ ਸਤਿਕਾਰਯੋਗ ਬਾਬਾ ਜੋਗਿੰਦਰ ਸਿੰਘ ਜੀ ਦੇ ਪਰਿਵਾਰ ਵੱਲੋਂ ਜੱਥੇ ਦੇ ਸਮਾਗਮਾਂ ਲਈ ਪਹੁੰਚੇ ਹੋਏ ਸਨ। ਇੱਕ ਦਿਨ ਸਤਿਕਾਰਯੋਗ ਬਾਬਾ ਜੋਗਿੰਦਰ ਸਿੰਘ ਜੀ ਦੇ ਪਰਿਵਾਰ ਵੱਲੋਂ ਜੱਥੇ ਦੇ ਲੰਗਰ ਦਾ ਪ੍ਰਬੰਧ ਘਰੇ ਕੀਤਾ ਹੋਇਆ ਸੀ। ਜਦੋਂ ਸੰਤ ਜੀ ਜੱਥੇ ਸਮੇਤ ਸ਼ਬਦ ਪੜ੍ਹਦਿਆਂ ਹੋਇਆਂ ਲੰਗਰ ਛਕਣ ਲਈ ਘਰ ਪਹੁੰਚੇ ਤਾਂ ਬਾਬਾ ਜੋਗਿੰਦਰ ਸਿੰਘ ਨੇ ਪਰਿਵਾਰ ਸਮੇਤ ਸੰਤਾਂ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ। ਲੰਗਰ ਛਕਣ ਵਾਸਤੇ ਪੰਗਤਾਂ ਲੱਗਣ ਦੀ ਤਿਆਰੀ ਸੀ ਤਾਂ ਭਾਈ ਜਰਨੈਲ ਸਿੰਘ ਅਭਿਆਸੀ ਦੇ ਵੱਡੇ ਭਰਾ ਭਾਈ ਜਗੀਰ ਸਿੰਘ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਦਾਸ ਦਾ ਛੋਟਾ ਭਰਾ ਭਾਈ ਜਗਜੀਤ ਸਿੰਘ ਬਹੁਤ ਬਿਮਾਰ ਹੈ ਅਤੇ ਉਸ ਦੀ ਸਰੀਰਕ ਹਾਲਾਤ ਨਾਜ਼ੁਕ ਬਣੀ ਹੋਈ ਹੈ। ਵੇਖਣ ਨੂੰ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਜਿਵੇਂ ਉਸ ਦਾ ਆਖਰੀ ਸਮਾਂ ਹੋਵੇ। ਇਸ ਲਈ ਆਪ ਜੀ ਪ੍ਰਸ਼ਾਦਾ ਛਕਣ ਤੋਂ ਬਾਅਦ ਭਾਈ ਜਗਜੀਤ ਸਿੰਘ ਨੂੰ ਜਰੂਰ ਦਰਸ਼ਨ ਦੇ ਕੇ ਜਾਇਓ। ਫਿਰ ਪਤਾ ਨਹੀਂ ਅਜਿਹਾ ਸਮਾਂ ਮਿਲੇ ਕਿ ਨਾ ਮਿਲੇ। ਤਾਂ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਇਹ ਗੱਲ ਸੁਣਦਿਆਂ ਹੀ ਕਹਿਣ ਲੱਗੇ ਹੁਣੇ ਚੱਲ ਕੇ ਭਾਈ ਜਗਜੀਤ ਸਿੰਘ ਨੂੰ ਮਿਲ ਕੇ ਆਉਂਦੇ ਹਾਂ ਪ੍ਰਸ਼ਾਦਾ ਬਾਅਦ ਵਿੱਚ ਛਕਾਂਗੇ। ਨਾਲ ਹੀ ਸੰਗਤਾਂ ਨੂੰ ਪੰਗਤਾਂ ਲਾ ਕੇ ਪ੍ਰਸ਼ਾਦਾ ਛਕਣ ਲਈ ਕਹਿ ਦਿੱਤਾ। ਜੱਥੇ ਦੇ ਸਿੰਘ ਆਪ ਹੀ ਪ੍ਰਸ਼ਾਦਾ ਵਰਤਾਉਣ ਲੱਗੇ ਪਏ ਅਤੇ ਬਾਕੀ ਦੇ ਸਿੰਘ ਪੰਗਤਾਂ ਵਿੱਚ ਸਜ ਕੇ ਲੰਗਰ ਛਕਣ ਲੱਗ ਪਏ। ਸੰਤ ਜੀ ਭਾਈ ਜਰਨੈਲ ਸਿੰਘ ਅਭਿਆਸੀ ਅਤੇ ਉਨ੍ਹਾਂ ਦੇ ਵੱਡੇ ਭਾਈ ਜਗੀਰ ਸਿੰਘ ਨੂੰ ਨਾਲ ਲੈ ਕੇ ਭਾਈ ਜਗਜੀਤ ਸਿੰਘ ਕੋਲ ਪਹੁੰਚ ਗਏ। ਜਿਥੇ ਪਹਿਲਾਂ ਹੀ ਪਰਿਵਾਰ ਦੇ ਕੁੱਝ ਹੋਰ ਮੈਂਬਰ ਵੀ ਉਸ ਦੇ ਕੋਲ ਖੜ੍ਹੇ ਸਨ। ਉਸ ਸਮੇਂ ਭਾਈ ਜਗਜੀਤ ਸਿੰਘ ਲੰਮੇ-ਲੰਮੇ ਸਾਹ ਲੈ ਰਿਹਾ ਸੀ ਅਤੇ ਪੂਰੀ ਤਰ੍ਹਾਂ ਨਿਢਾਲ ਹੋ ਕੇ ਬੇਸੁੱਧ ਮੰਜੇ ਉਪਰ ਪਿਆ ਸੀ ਤਾਂ ਸੰਤ ਬਾਬਾ ਕਰਤਾਰ ਸਿੰਘ ਖ਼ਾਲਸਾ ਨੇ ਕਿਹਾ ਕਿ ਇਸ ਨੂੰ ਫੜ੍ਹ ਕੇ ਸਹਾਰਾ ਦੇ ਕੇ ਬਿਠਾਉ। ਭਾਈ ਜਗੀਰ ਸਿੰਘ ਨੇ ਇੱਕ ਪਾਸੇ ਤੋਂ ਉਸ ਨੂੰ ਫੜਿਆ ਅਤੇ ਦੂਜੇ ਪਾਸੇ ਭਾਈ ਜਰਨੈਲ ਸਿੰਘ ਅਭਿਆਸੀ ਨੇ ਫੜ੍ਹ ਕੇ ਉਸ ਨੂੰ ਬਿਠਾ ਲਿਆ। ਪਰ ਉਸ ਸਮੇਂ ਭਾਈ ਜਗਜੀਤ ਸਿੰਘ ਨੂੰ ਕੋਈ ਸੁੱਧ ਨਹੀਂ ਸੀ ਕਿ ਮੇਰੇ ਕੋਲ ਕੌਣ ਆਇਆ ਹੈ। ਸੰਤਾਂ ਨੇ ਕਿਹਾ ਕਿ ਇਸ ਦੇ ਪੈਰ ਮੰਜੇ ਤੋਂ ਥੱਲੇ ਕਰਕੇ ਠੀਕ ਤਰ੍ਹਾਂ ਬਿਠਾਉ ਤਾਂ ਭਾਈ ਜਗੀਰ ਸਿੰਘ ਨੇ ਕਿਹਾ ਕਿ ਸੰਤ ਜੀ ਇਹ ਹੁਣ ਸਾਡੇ ਬਿਠਾਉਣ ਦਾ ਨਹੀਂ ਰਿਹਾ, ਆਪ ਹੀ ਕ੍ਰਿਪਾ ਕਰੋ ਤਾਂ ਹੀ ਇਹ ਠੀਕ ਹੋ ਕੇ ਬੈਠ ਸਕਦਾ ਹੈ। ਜਦੋਂ ਉਸ ਦੇ ਪੈਰ ਮੰਜੇ ਤੋਂ ਥੱਲੇ ਕਰਕੇ ਉਸ ਨੂੰ ਚੰਗੀ ਤਰ੍ਹਾਂ ਫੜ੍ਹਕੇ ਬਿਠਾ ਲਿਆ ਤਾਂ ਸੰਤਾਂ ਨੇ ਆਪਣੇ ਗਲ ਵਿੱਚੋਂ ਫੁੱਲਾਂ ਦਾ ਹਾਰ ਲਾਹ ਕੇ (ਜੋ ਘਰੇ ਪਹੁੰਚਣ ਸਮੇਂ ਬਾਬਾ ਜੋਗਿੰਦਰ ਸਿੰਘ ਜੀ ਵੱਲੋਂ ਸਨਮਾਨ ਵਜੋਂ ਮਹਾਪੁਰਖਾਂ ਦੇ ਗਲ ਵਿੱਚ ਪਾਇਆ ਗਿਆ ਸੀ) ਭਾਈ ਜਗਜੀਤ ਸਿੰਘ ਦੇ

Scanned with CamScanner

ਗਲ਼ ਵਿੱਚ ਪਾ ਦਿੱਤਾ ਤਾਂ ਕੁੱਝ ਹੀ ਸਮੇਂ ਵਿੱਚ ਭਾਈ ਜਗਜੀਤ ਸਿੰਘ ਨੇ ਅੱਖਾਂ ਖੋਲ੍ਹੀਆਂ ਅਤੇ ਬੜੀ ਨਿਢਾਲ ਅਵਸਥਾ ਵਿੱਚ ਹੀ ਸੈਣਾਂ ਨੂੰ ਸਿਰ ਝੁਕਾ ਫ਼ਤਿਹ ਬੁਲਾਈ ਤੇ ਉਸ ਦੀ ਸੁਰਤ ਪਰਤ ਆਈ। ਸੰਤਾਂ ਨੇ ਉਸ ਨੂੰ ਪੁੱਛਿਆ ਕਿਉਂ ਭਾਈ ਦਵਾਈ ਰੋਜ਼ਾਨਾ ਖਾਂਦਾ ਹੈਂ? ਉਸ ਨੇ ਕਿਹਾ ਕਿ ਸੰਤ ਜੀ ਦਵਾਈਆਂ ਬਹੁਤ ਖਾਧੀਆਂ ਹਨ ਅਤੇ ਲਗਾਤਾਰ ਖਾ ਰਿਹਾ ਹਾਂ ਤਾਂ ਸੰਤਾਂ ਨੇ ਕਿਹਾ ਜੋ ਦਵਾਈ ਅਸੀਂ ਕਹਿੰਦੇ ਹਾਂ ਉਹ ਵੀ ਖਾਂਦਾ ਹੈ ਕਿ ਨਹੀਂ? ਤਾਂ ਸਮਝ ਨਾ ਸਕਿਆ ਕਿ ਸੰਤ ਜੀ ਕਿਹੜੀ ਦਵਾਈ ਦੀ ਗੱਲ ਕਰਦੇ ਹਨ ਤਾਂ ਸੰਤਾਂ ਨੇ ਕਿਹਾ ਕਿ ਅਸੀਂ ਅਸਲ ਦਵਾਈ ਦੀ ਗੱਲ ਕਰਦੇ ਹਾਂ (ਸਰਬ ਰੋਗ ਕਾ ਅਉਖਦੁ ਨਾਮੁ) ਸੰਤਾਂ ਨੇ ਫਿਰ ਪੁੱਛਿਆ ਭਾਈ ਜਗਜੀਤ ਸਿੰਘ ਬਾਣੀ ਦਾ ਨਿੱਤਨੇਮ ਰੋਜ਼ਾਨਾ ਕਰਦੇ ਹੋ? ਤਾਂ ਉਸ ਨੇ ਨਾਂਹ ਵਿੱਚ ਸਿਰ ਹਿਲਾਉਂਦਿਆਂ ਕਿਹਾ ਕਿ ਕਦੇ-ਕਦੇ ਰਹਿ ਵੀ ਜਾਂਦਾ ਹੈ। ਸੰਤਾਂ ਨੇ ਕਿਹਾ ਕਿ ਨਿੱਤਨੇਮ ਦਾ ਭਾਵ ਕਦੇ ਕਦੇ ਨਹੀਂ ਬਲਕਿ ਨਿੱਤ ਹੀ ਨੇਮ ਨਾਲ ਬਾਣੀ ਪੜ੍ਹਣੀ ਹੈ। ਅੱਜ ਤੋਂ ਬਾਅਦ ਅੰਮ੍ਰਿਤ ਵੇਲੇ ਦੀਆਂ ਪੰਜ ਬਾਣੀਆਂ ਸੰਪੂਰਨ ਅਤੇ ਸ਼ਾਮ ਨੂੰ ਸੰਪੂਰਨ ਰਹਿਰਾਸ ਭਾਈ ਮਨੀ ਸਿੰਘ ਜੀ ਦੀ ਪੰਜ ਗ੍ਰੰਥੀ ਵਾਲੀ (ਬਹੁਤ ਸਾਰੇ ਸਿੰਘ ਭਾਈ ਮਨੀ ਸਿੰਘ ਦੀ ਪੰਜ ਗ੍ਰੰਥੀ ਵਾਲੀ ਰਹਿਰਾਸ ਭਾਵ ਪੂਰੀ ਰਹਿਰਾਸ ਨਹੀਂ ਪੜ੍ਹਦੇ) ਸੰਤਾਂ ਨੇ ਹੋਰ ਵੀ ਵਿਸਥਾਰ ਵਿੱਚ ਕਿਹਾ ਕਿ ਭਾਈ ਜਿਵੇਂ ਜਪੁਜੀ ਸਾਹਿਬ ਸੰਪੂਰਨ ਪੜ੍ਹਣਾ ਹੈ ਭਾਵ ਅਠੱਤੀ ਪਉੜੀਆ ਅਤੇ ਸਲੋਕ, ਜਾਪ ਸਾਹਿਬ ੧੯੯ ਪਉੜੀਆਂ, ੧੦ ਤੁਪ੍ਰਸਾਦਿ ਸ੍ਵਯੇ, ੨੬ ਪਉੜੀਆਂ ੧ ਸਵੱਈਆ ਅਤੇ ਦੋਹਰਾ ਇਹ ਸੰਪੂਰਨ ਚੌਪਈ ਅਤੇ ੪੦ ਪਉੜੀਆ ਵਾਲਾ ਸੰਪੂਰਨ ਅਨੰਦ ਸਾਹਿਬ ਇਹ ਨਿੱਤਨੇਮ ਹੈ ਖਾਲਸੇ ਦਾ ਇਹੀ ਪੜ੍ਹਣਾ ਹੈ ਹੋਰ ਉਵੇਂ ਨਹੀਂ ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਡੇ ਕੁਝ ਭਾਈਆਂ ਨੇ ਜੋ ਰਹਿਤਮਰਿਆਦਾ ਦੇ ਵੱਚ ਖਰੜੇ ਵਿੱਚ ਲਿਖਿਆ ਹੈ ਕਿ ਜਪੁਜੀ ਸਾਹਿਬ ਪੜ੍ਹ ਲਵੇ, ਜਾਪ ਸਾਹਿਬ ਪੜ੍ਹ ਲਵੇ, ੧੦ ਸ੍ਵੈਯੇ ਪੜ੍ਹ ਲਵੇ ਤੇ ਕਹਿੰਦੇ ਹਨ ਇਹ ਤਿੰਨ ਬਾਣੀਆਂ ਅੰਮ੍ਰਿਤ ਵੇਲੇ ਦੀਆਂ ਹਨ, ਚੌਪਈ ਅਤੇ ਅਨੰਦ ਸਾਹਿਬ ਦੀਆਂ ੬ ਪਉੜੀਆਂ ਸ਼ਾਮ ਨੂੰ ਰਹਿਰਾਸ ਵਿੱਚ ਪੜ੍ਹੀਆਂ ਜਾਂਦੀਆਂ ਹਨ ਇਸ ਨੂੰ ਕਹਿੰਦੇ ਹਨ ਇਹ ਸਾਡਾ ਨਿੱਤਨੇਮ ਹੈ। ਸੰਤ ਜੀ ਨੇ ਅੱਗੇ ਕਿਹਾ ਕਿ ਭਾਈ ਇਹ ਸਭ ਕੁਲੱਖਾ ਪਾਊ ਖਰੜੇ ਬਣਾਏ ਗਏ ਹਨ ਪਰ ਆਪਾਂ ਉਹੀ ਨਿੱਤਨੇਮ ਸੰਪੂਰਨ ਕਰਨਾ ਹੈ ਜੋ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਬਾਬਾ ਦੀਪ ਸਿੰਘ ਜੀ ਅਤੇ ਭਾਈ ਮਨੀ ਸਿੰਘ ਰਾਹੀਂ ਪ੍ਰਚਲਿਤ ਕੀਤਾ ਹੈ। ਇਸ ਤੋਂ ਇਲਾਵਾ ਰਾਤ ਨੂੰ ਸੌਣ ਲੱਗਿਆਂ ਕੀਰਤਨ ਸੋਹਿਲੇ ਦਾ ਪਾਠ ਜਰੂਰੀ ਕਰਨਾ ਹੈ ਭਾਵ ਅੰਮ੍ਰਿਤ ਵੇਲੇ ਦੀਆਂ ੫ ਬਾਣੀਆਂ ਸ਼ਾਮ ਨੂੰ ਰਹਿਰਾਸ ਅਤੇ ਸੌਣ ਲੱਗਿਆਂ ਕੀਰਤਨ ਸੋਹਿਲਾ ਇਹ ੭ ਬਾਣੀਆਂ ਦਾ ਨਿਯਮ ਹਰ ਸਿੱਖ ਲਈ ਘੱਟੋ ਘੱਟ ਜ਼ਰੂਰੀ ਹੈ, ਵੱਧ ਜਿਨੀ ਵੀ ਬਾਣੀ ਪੜ੍ਹੀ ਜਾ ਸਕੇ ਸਾਰੀ ਬਾਣੀ ਅੰਮ੍ਰਿਤ ਰੂਪ ਹੈ।

ਸੰਤਾਂ ਨੇ ਭਾਈ ਜਗਜੀਤ ਸਿੰਘ ਨੂੰ ਕਿਹਾ ਕਿ ਸਿੰਘਾ ਜਿੰਨੀ ਦੇਰ ਨਿਯਮ ਦੇ ਨਾਲ ਗੁਰੂ ਦੀ ਬਖਸ਼ੀ ਬਾਣੀ ਦਾ ਨਿੱਤਨੇਮ ਕਰੇਂਗਾ ਭਾਵ ਇਹ ਦਵਾਈ ਖਾਵੇਂਗਾ ਕੋਈ ਬਿਮਾਰੀ ਨੇੜੇ ਵੀ ਨਹੀਂ ਆਵੇਗੀ। (ਸੰਤਾਂ ਨੇ ਕਿਹਾ ਕਿ ਗੁਰੂ ਮਹਾਰਾਜ ਕਲਗੀਧਰ ਨੇ ਤੇਰੇ ਤੋਂ ਹਾਲੇ ਹੋਰ ਸੇਵਾ ਲੈਣੀ ਹੈ ਤੂੰ ਤਾਂ ਐਵੇ ਹੀ ਅਰਾਂਹ ਦੀਆਂ ਤਿਆਰੀਆਂ ਕਰੀ ਬੈਠਾ ਹੈ) ਸੰਤਾਂ ਨੇ ਐਸੀ ਬਖਸ਼ਿਸ਼ ਕੀਤੀ ਕਿ ਭਾਈ ਜਗਜੀਤ ਸਿੰਘ ਹਮੇਸ਼ਾ ਨਿਯਮ ਨਾਲ ਇਨ੍ਹਾਂ ਬਾਣੀਆਂ ਦਾ ਨਿੱਤਨੇਮ ਕਰਦੇ, ਉਸ ਦੀ ਲੰਮੇ ਸਮੇਂ ਤੋਂ ਲੱਗੀ ਹੋਈ ਦਮੇ ਦੀ ਬਿਮਾਰੀ ਖਤਮ ਹੋ ਗਈ।

ਸੰਤ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਭਾਈ ਜਰਨੈਲ ਸਿੰਘ ਤੋਂ ਸ਼ਸ਼ਤਰ ਦੀ ਪਰਖ ਕਰਵਾਉਣੀ

ਇੱਕ ਦਿਨ ਸ਼ਾਮ ਵੇਲੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮੰਹਿਤੇ ਵਿਖੇ ਵਿਦਿਆਲੇ ਦੇ ਉਪਰ ਕੁੱਝ ਸਿੰਘਾਂ ਸਮੇਤ ਮਹਾਂਪੁਰਖ ਘੁੰਮ ਫਿਰ ਰਹੇ ਸਨ। ਸਿੰਘਾਂ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਏਨੀ ਗਰਮੀ ਨਾ ਵਰਤਿਆ ਕਰੋ। ਇੱਕ ਪਾਸੇ ਨਕਸਧਾਰੀਆਂ ਦੀ ਵਿਰੋਧਤਾ ਵਿੱਚ ਡੱਟੇ ਹੋਏ ਹੋ, ਨਾਲ ਸਰਕਾਰ ਦੀ ਵੀ ਵਿਰੋਧਤਾ ਕਰੀ ਜਾਂਦੇ ਹੋ। ਇਸ ਤਰ੍ਹਾਂ ਕਿਵੇਂ ਸਰੇਗਾ ਤਾਂ ਮਹਾਂਪੁਰਖ ਸੁਭਾਵਿਕ ਹੀ ਕਹਿਣ ਲੱਗੇ ਮੈਂ ਤਾਂ ਹਾਲੇ ਵਿਰੋਧਤਾ ਹੀ ਕਰਦਾ ਹਾਂ ਜੋ ਮੇਰੇ ਤੋਂ ਬਾਅਦ ਨਕਸਾਲ ਦਾ ਮੁੱਖੀ ਆਵੇਗਾ ਉਹ ਮੇਰੇ ਨਾਲੋਂ ਵੀ ਗਰਮ ਹੋਵੇਗਾ ਅਤੇ ਅਖੌਤੀ ਦੇਹਧਾਰੀਆਂ ਦਾ ਮੂੰਹ ਤੋੜ ਜਵਾਬ ਦੇਵੇਗਾ। ਉਸ ਸਮੇਂ ਭਾਈ ਗੁਰਮੁਖ ਸਿੰਘ ਗੜਦਵਈ ਨੇ ਆਪਣੇ ਬਣੇ ਹੋਏ ਲਾਇਸੰਸ ਲਈ ਇੱਕ ਪਿਸਤੌਲ ਨਵਾਂ ਖਰੀਦ ਕੇ ਉਸੇ ਦਿਨ ਹੀ ਲਿਆਂਦਾ ਸੀ। ਉਹ ਚਾਹੁੰਦਾ ਸੀ ਕਿ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਪਾਸੋਂ

Scanned with CamScanner

ਇਸ ਨਵੇਂ ਸ਼ਸ਼ਤਰ ਦੀ ਪਰਖ ਲਈ ਉਦਘਾਟਨ ਕਰਵਾਇਆ ਜਾਵੇ ਪਰ ਸੰਤ ਜੀ ਨਾਲ ਦੇ ਸਿੰਘਾਂ ਨੂੰ ਕਹਿਣ ਲੱਗੇ, ਲਈ ਬਣੀ ਸਿੰਘ ਇਸ ਦਾ ਉਦਘਾਟਨ ਕਰੇ ਕਿਉਂਕਿ ਹਥਿਆਰ ਪਰਖ ਕੇ ਹੀ ਰੱਖਣਾ ਚਾਹੀਦਾ ਹੈ ਅਤੇ ਸਿੰਘਾਂ ਵਿੱਚ ਖੜ੍ਹੇ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਕਹਿਣ ਲੱਗੇ, "ਲੈ ਬਈ ਜਿੰਘਾ, ਤੇਰੇ ਕੋਲੋਂ ਇਸ ਦਾ ਉਦਘਾਟਨ ਕਰਵਾਉਣਾ ਹੈ," ਤਾਂ ਸੰਤ ਜਰਨੈਲ ਸਿੰਘ ਕਹਿਣ ਲੱਗੇ, "ਜੀ ਮੈਨੂੰ ਇਸ ਦੀ ਜਾਚ ਨਹੀਂ ਹੈ।" ਸੰਤ ਮਹਾਂਪੁਰਖਾਂ ਨੇ ਕਿਹਾ ਜਰਨੈਲ ਜਿੰਘਾ ਤੈਨੂੰ ਇਹ ਚਲਾਉਣੀਆਂ ਹੀ ਪੈਣੀਆਂ ਹਨ, ਜਾਚ ਆਪੇ ਕਲਗੀਧਰ ਪਿਤਾ ਜੀ ਬਖਸ਼ਣਗੇ। ਇਹ ਕਹਿੰਦਿਆਂ ਪਿਸਤੌਲ ਭਾਈ ਜਰਨੈਲ ਸਿੰਘ ਨੂੰ ਫੜਾ ਦਿੱਤਾ ਅਤੇ ਉਨ੍ਹਾਂ ਕੋਲੋਂ ਹੀ ਉਦਘਾਟਨ ਕਰਵਾਇਆ। ਉਨ੍ਹਾਂ ਨੇ ਸੰਤਾਂ ਦਾ ਹੁਕਮ ਮੰਨਦਿਆਂ ਪਿਸਤੌਲ ਵਿੱਚ ਪਈਆਂ ਸਾਰੀਆਂ ਗੋਲੀਆਂ ਚਲਾ ਕੇ ਉਦਘਾਟਨ ਕੀਤਾ। ਬਾਅਦ ਵਿੱਚ ਸਮਾਂ ਆਉਣ 'ਤੇ ਜੂਨ 1984 ਵਿੱਚ ਭਾਰਤੀ ਹਕੂਮਤ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਹਮਲੇ ਸਮੇਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਜਿਵੇਂ ਚੜ੍ਹ ਕੇ ਆਈਆਂ ਫੌਜਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ। ਉਸ ਵੇਲੇ ਮਹਾਂਪੁਰਖ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਬਚਨ ਪੂਰੇ ਹੋਏ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਭਾਈ ਜਰਨੈਲ ਸਿੰਘ ਪ੍ਰਤੀ ਸਿੱਖਿਆ ਭਰੇ ਬਚਨ

ਸੰਨ 1976 ਵਿੱਚ ਸੰਮਾਨ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਜੀ ਵੱਲੋਂ ਜੱਥੇ ਸਮੇਤ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਕਥਾ ਕੀਰਤਨ ਦੇ ਸਮਾਗਮ ਚੱਲ ਰਹੇ ਸਨ, ਇਸੇ ਦੌਰਾਨ ਹੀ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਮਨਾਉਣ ਲਈ, ਸੰਤ ਜੀ ਕੁੱਝ ਸਿੰਘਾਂ ਨੂੰ ਨਾਲ ਲੈ ਕੇ ਫਤਿਹਗੜ੍ਹ ਸਾਹਿਬ ਚਲੇ ਗਏ ਜਿੱਥੇ ਹਰ ਸਾਲ ਦੀ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਬਹੁਤ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਜੋੜ ਮੇਲੇ ਵਿੱਚ ਸੰਤਾਂ ਨੇ ਕਥਾ ਰਾਹੀਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦਾ ਲਾਸਾਨੀ ਸ਼ਹੀਦੀ ਪ੍ਰਸੰਗ ਸੁਣਾਇਆ ਅਤੇ ਬਜ਼ੁਰਗ ਮਾਤਾ ਗੁੱਜਰ ਕੌਰ ਦੀ ਮਹਾਨ ਕੁਰਬਾਨੀ ਦਾ ਵੀ ਵਰਨਣ ਕੀਤਾ। ਅਗਲੇ ਦਿਨ ਹਰ ਸਾਲ ਦੀ ਤਰ੍ਹਾਂ ਚੱਲੀ ਮਰਿਆਦਾ ਅਨੁਸਾਰ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਤੱਕ ਨਗਰ ਕੀਰਤਨ ਸਜਾਇਆ ਗਿਆ। ਇਸ ਨਗਰ ਕੀਰਤਨ ਵਿੱਚ ਬਹੁਤ ਸਾਰੀਆਂ ਸਿੱਖ ਸੰਗਤਾਂ ਸ਼ਰਧਾ ਸਹਿਤ ਸ਼ਸਤਰਧਾਰ ਨੰਗੇ ਪੈਰੀਂ ਸ਼ਾਮਿਲ ਹੁੰਦੀਆਂ ਹਨ। ਜੱਥੇ ਸਮੇਤ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੇ ਵੀ ਇਸ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਨੰਗੇ ਪੈਰੀਂ ਚੱਲਦਿਆਂ ਹੋਇਆਂ ਸ਼ਰਧਾ ਭਾਵਨਾ ਸਹਿਤ ਹਾਜ਼ਰੀਆਂ ਭਰੀਆਂ। ਨਗਰ ਕੀਰਤਨ ਦੀ ਸਮਾਪਤੀ ਉਪਰੰਤ ਪਿੰਡ ਨਾਰੰਗਵਾਲ ਵਾਪਸ ਪਰਤ ਆਏ। ਆਉਂਦਿਆਂ ਹੀ ਭਾਈ ਗੁਰਮੁਖ ਸਿੰਘ ਗੜ੍ਹਵਈ ਨੇ ਗਰਮ ਪਾਣੀ ਨਾਲ ਸੰਤਾਂ ਦਾ ਪੰਜ ਇਸ਼ਨਾਨਾ ਕਰਵਾਉਣ ਲਈ ਬੇਨਤੀ ਕੀਤੀ, ਨਾਲ ਖੜ੍ਹੇ ਭਾਈ ਜਰਨੈਲ ਸਿੰਘ ਅਭਿਆਸੀ ਨੇ ਭਾਈ ਗੁਰਮੁਖ ਸਿੰਘ ਨੂੰ ਕਿਹਾ ਕਿ ਲਿਆਉ ਇਹ ਸੇਵਾ ਮੈਂ ਕਰਦਾ ਹਾਂ। ਉਸ ਸਮੇਂ ਭਾਈ ਰਾਮ ਸਿੰਘ ਰਾਗੀ ਅਤੇ ਭਾਈ ਮਲੋਹਰ ਸਿੰਘ ਗਰੇਵਾਲ ਵੀ ਨਾਲ ਹੀ ਖੜ੍ਹੇ ਸਨ ਪਰ ਭਾਈ ਜਰਨੈਲ ਸਿੰਘ ਨੇ ਬਾਲਟੀ ਵਿੱਚ ਗਰਮ ਪਾਣੀ ਪਾ ਕੇ ਸੰਤਾਂ ਦੇ ਮੰਜੇ ਕੋਲ ਬੈਠ ਕੇ ਸੰਤਾਂ ਦੇ ਚਰਨ ਧੋਂਦਿਆਂ ਵੇਖਿਆ ਕਿ ਕਈ ਥਾਵਾਂ 'ਤੇ ਖੂਨ ਜਿੰਮਿਆ ਹੋਇਆ ਹੈ। ਉਹ ਇਸ ਕਰਕੇ ਸੀ ਕਿਉਂਕਿ ਫਤਿਹਗੜ੍ਹ ਸਾਹਿਬ ਵਿਖੇ ਨੰਗੇ ਪੈਰੀਂ ਚੱਲਦਿਆਂ ਸੜਕ ਦੀਆਂ ਕੰਕਰਾਂ, ਰੋੜੀਆਂ ਆਦਿਕ ਪੈਰਾਂ ਵਿੱਚ ਖੁੱਭ ਗਈਆਂ ਸਨ। ਸਹਿਜੇ-ਸਹਿਜ ਸੇਵਾ ਕਰਦਿਆਂ ਭਾਈ ਜਰਨੈਲ ਸਿੰਘ ਨੇ ਇਸ ਬਾਰੇ ਸੰਤਾਂ ਨੂੰ ਦੱਸਿਆ ਕਿ ਚਰਨਾਂ ਵਿੱਚ ਕਈ ਥਾਵਾਂ ਤੋਂ ਜ਼ਖਮ ਹੋਏ ਪਏ ਹਨ ਤਾਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਸਹਿਜੇ ਹੀ ਭਾਈ ਜਰਨੈਲ ਸਿੰਘ ਦੇ ਸਿਰ ਤੇ ਹੱਥ ਰੱਖ ਕੇ ਕਿਹਾ ਕਿ ਤੂੰ ਇਸ ਦੀ ਫਿਕਰ ਨਾ ਕਰ ਬਲਕਿ ਇਹ ਦੱਸ ਜੇਕਰ ਤੇਰੇ ਸਿਰ ਉਪਰ ਆਰਾ ਚੱਲ ਜਾਵੇ ਜਾਂ ਪੰਥ ਲਈ ਆਪਾ ਵਾਰਨ ਲਈ ਕੁਰਬਾਨੀ ਕਰਨੀ ਪਵੇ ਤਾਂ ਸੀਅ ਤਾਂ ਨਹੀਂ ਕਰੇਂਗਾ ਤਾਂ ਭਾਈ ਜਰਨੈਲ ਸਿੰਘ ਨੇ ਕਿਹਾ ਕਿ ਅਜਿਹਾ ਤੱਦ ਹੀ ਹੋ ਸਕਦਾ ਹੈ ਜੇਕਰ ਸਤਿਗੁਰੂ ਕਲਗੀਧਰ ਦੀ ਮਿਹਰ ਹੋਵੇ ਅਤੇ ਆਪ ਜੀ ਦਾ ਸਹਾਰਾ ਹੋਵੇ। ਸੰਤਾਂ ਵੱਲੋਂ ਕਹੀਆਂ ਇਨ੍ਹਾਂ ਗੱਲਾਂ ਨੂੰ ਭਾਈ ਰਾਮ ਸਿੰਘ ਨੇ ਸੁਣਿਆ ਅਤੇ ਭਾਈ ਦਲਜੀਤ ਸਿੰਘ ਗਰੇਵਾਲ ਅਤੇ ਹੋਰ ਸਿੰਘਾਂ ਨੂੰ ਦੱਸਿਆ ਕਿ ਅੱਜ

Scanned with CamScanner

ਮੇਰੇ ਸਾਹਮਣੇ ਆਹ ਕੁੱਝ ਵਾਪਰਿਆ ਹੈ। ਜੱਥੇ ਦੇ ਸਿੰਘ ਇਸ ਗੱਲੋਂ ਹੈਰਾਨ ਸਨ ਕਿ ਸੰਤਾਂ ਨੇ ਇਹ ਬਚਨ ਕੇਵਲ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਹੀ ਕਿਉਂ ਪੁੱਛੇ? ਪਰ ਸਾਰੇ ਸਿੰਘ ਸੰਤਾਂ ਨੂੰ ਜਾਂ ਭਾਈ ਜਰਨੈਲ ਸਿੰਘ ਨੂੰ ਇਸ ਬਾਰੇ ਕੁੱਝ ਵੀ ਨਾ ਪੁੱਛ ਸਕੇ। ਪਰ ਇਹ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਆਉਣ ਵਾਲੇ ਸਮੇਂ ਲਈ ਸੰਕੇਤਕ ਬਚਨ ਸਨ, ਜਿਨ੍ਹਾਂ ਨੂੰ ਸੰਤਾਂ ਅਤੇ ਭਾਈ ਜਰਨੈਲ ਸਿੰਘ ਅਭਿਆਸੀ ਤੋਂ ਇਲਾਵਾ ਹੋਰ ਕੋਈ ਨਹੀਂ ਜਾਣਦਾ ਸੀ। ਪਰ ਸਮਾਂ ਆਉਣ ਤੇ ਜਦੋਂ ਸੰਤਾਂ ਤੋਂ ਬਾਅਦ ਭਾਈ ਜਰਨੈਲ ਸਿੰਘ ਅਭਿਆਸੀ ਟਕਸਾਲ ਦੇ ਮੁਖੀ ਬਣੇ ਉਸ ਸਮੇਂ ਸੰਤਾਂ ਵੱਲੋਂ ਕਹੇ ਗਏ ਉਪਰੋਕਤ ਬਚਨ ਜੱਗ ਜ਼ਾਹਿਰ ਹੋ ਗਏ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਸੰਤਾਂ ਵੱਲੋਂ ਕਹੇ ਬਚਨ ਹਮੇਸ਼ਾ ਯਾਦ ਰੱਖੇ ਅਤੇ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਸਿੱਖਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਅਤੇ ਜ਼ੁਲਮ ਖਿਲਾਫ ਜਬਰਦਸਤ ਟੱਕਰ ਲਈ, ਗੁਰੂ ਡੰਮ੍ਹ ਦਾ ਡੱਟ ਕੇ ਵਿਰੋਧ ਕੀਤਾ, ਖ਼ਾਲਸਾ ਪੰਥ ਲਈ ਗੁਰਧਾਮਾਂ ਦੀ ਰੱਖਿਆ ਕਰਦਿਆਂ ਹੋਇਆਂ ਭਾਰਤੀ ਹਕੂਮਤ ਦੀਆਂ ਫੌਜਾਂ ਦਾ ਮੂੰਹ ਤੋੜਵਾਂ ਮੁਕਾਬਲਾ ਕੀਤਾ ਪਰ ਸੀਅ ਤੱਕ ਨਹੀਂ ਕੀਤੀ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਲਕੀਰ ਖਿੱਚ ਕੇ ਭਾਈ ਜਰਨੈਲ ਸਿੰਘ ਨੂੰ ਘਰ ਜਾਂ ਜਥਾ-ਇੱਕ ਪਾਸਾ ਚੁਣਨ ਲਈ ਕਹਿਣਾ

ਹਰ ਸਾਲ ਦੀ ਤਰ੍ਹਾਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਜਥੇ ਸਮੇਤ ਜ਼ਿਲ੍ਹਾ ਲੁਧਿਆਣਾ ਵਿਖੇ ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਸਾਹਿਬ ਭਾਈ ਗੁਰਦੀਪ ਸਿੰਘ ਜੀ ਦੇ ਪਿੰਡ ਨਾਰੰਗਵਾਲ ਸੱਤ ਦਿਨਾਂ ਦੇ ਪ੍ਰੋਗਰਾਮ ਤੇ ਪਹੁੰਚੇ ਹੋਏ ਸਨ। ਇਹ ਨਗਰ ਦਮਦਮੀ ਟਕਸਾਲ ਦੇ ਚੌਣਵੇਂ ਪੜਾਵਾਂ ਵਿੱਚੋਂ ਇੱਕ ਸੀ। ਇਥੇ ਨੇੜੇ-ਨੇੜੇ ਦੇ ਪਿੰਡਾਂ ਦੀਆਂ ਸੰਗਤਾਂ ਸੰਤਾਂ ਵੱਲੋਂ ਕਥਾ ਕੀਰਤਨ ਦੇ ਕੀਤੇ ਜਾ ਰਹੇ ਧਾਰਮਿਕ ਸਮਾਗਮ ਵਿੱਚ ਪਹੁੰਚਦੀਆਂ ਸਨ। ਇੱਕ ਦਿਨ ਸ਼ਾਮ ਦੇ ਕਥਾ ਦੇ ਦੀਵਾਨ ਉਪਰੰਤ ਕੁੱਝ ਚੋਣਵੇਂ ਸਿੰਘ ਸੰਤਾਂ ਨਾਲ ਗੁਰਦੁਆਰਾ ਸਾਹਿਬ ਵਿਖੇ ਪੰਡਾਲ ਵਾਲੀ ਥਾਂ ਤੇ ਖੜ੍ਹੇ ਸਨ। ਜਿਨ੍ਹਾਂ ਵਿੱਚ ਭਾਈ ਜਰਨੈਲ ਸਿੰਘ ਅਭਿਆਸੀ ਵੀ ਸ਼ਾਮਿਲ ਸਨ। ਜੋ ਕਈ ਦਿਨਾਂ ਬਾਅਦ ਆਪਣੇ ਪਿੰਡ ਹੋਂਡਿਆਂ ਤੋਂ ਉਸੇ ਦਿਨ ਹੀ ਟਕਸਾਲ ਵਿੱਚ ਵਾਪਸ ਪਰਤੇ ਸਨ ਅਤੇ ਉਨ੍ਹਾਂ ਨਾਲ ਪਰਿਵਾਰਕ ਮੈਂਬਰ ਉਨ੍ਹਾਂ ਦੇ ਭਰਾ ਭਾਈ ਵੀਰ ਸਿੰਘ ਅਤੇ ਉਨ੍ਹਾਂ ਦਾ ਭਤੀਜਾ ਭਾਈ ਲਖਵੀਰ ਸਿੰਘ ਵੀ ਨਾਲ ਸਨ। ਇਸ ਪੜਾਅ ਦੇ ਸਾਰੇ ਸਮਾਗਮ ਸਮੇਂ ਸਟੇਜ ਸੈਕਟਰੀ ਦੀ ਸੇਵਾ ਨਿਭਾਉਣ ਵਾਲੇ ਭਾਈ ਦਲਜੀਤ ਸਿੰਘ ਗਰੇਵਾਲ ਵੀ ਇਸ ਸਮੇਂ ਨਾਲ ਖੜ੍ਹੇ ਸਨ। ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੇ ਪੰਡਾਲ ਵਿੱਚ ਵਿਛੀਆਂ ਹੋਈਆਂ ਦਰੀਆਂ ਦੇ ਉੱਪਰ ਹੀ ਆਪਣੇ ਹੱਥ ਵਿੱਚ ਫੜ੍ਹੇ ਹੋਏ ਡੰਗ ਨਾਲ ਲਕੀਰ ਖਿੱਚੀ ਅਤੇ ਭਾਈ ਜਰਨੈਲ ਸਿੰਘ ਨੂੰ ਸੰਬੋਧਨ ਹੋ ਕੇ ਕਹਿਣ ਲੱਗੇ ਕਿ ਸਿੰਘਾ, ਹੁਣ ਸਮਾਂ ਆ ਗਿਆ ਹੈ ਕਿ ਇੱਕ ਪਾਸੇ ਹੋ ਜਾ, ਜਾਂ ਤਾਂ ਘਰ ਦੇ ਕੰਮਕਾਜ ਸੰਭਾਲ ਲੈ ਜਾਂ ਜੱਥਾ ਸੰਗਤ ਵਿੱਚ ਪੱਕੇ ਤੌਰ ਤੇ ਆਕੇ ਡਿਊਟੀ ਸੰਭਾਲ ਅਤੇ ਐ ਲਕੀਰ, ਇਸੇ ਲਈ ਖਿੱਚੀ ਗਈ ਹੈ ਜੇਕਰ ਘਰੇ ਰਹਿਣਾ ਹੈ ਤਾ ਠੀਕ ਹੈ ਜੇ ਜੱਥਾ ਸੰਗਤ ਵਿੱਚ ਪੱਕੇ ਤੌਰ ਤੇ ਆਉਣਾ ਹੈ ਤਾਂ ਫਿਰ ਇਸ ਲਕੀਰ ਨੂੰ ਟੱਪ ਕੇ ਮੇਰੇ ਵਾਲੇ ਪਾਸੇ ਆਜਾ। ਇਹ ਬਚਨ ਸੁਣਦਿਆਂ ਹੀ ਭਾਈ ਜਰਨੈਲ ਸਿੰਘ ਅਭਿਆਸੀ ਨੇ ਛਾਲ ਮਾਰ ਕੇ ਲਕੀਰ ਟੱਪੀ ਅਤੇ ਨਾਲ ਖੜ੍ਹੇ ਸਿੰਘਾਂ ਨੇ ਜੈਕਾਰਾ ਛੱਡਿਆ। ਇਸ ਤੇ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੇ ਬਹੁਤ ਖੁਸ਼ੀ ਜ਼ਾਹਿਰ ਕਰਦਿਆਂ ਭਾਈ ਜਰਨੈਲ ਸਿੰਘ ਨੂੰ ਆਪਣੀ ਗਲਵੱਕੜੀ ਵਿੱਚ ਲੈ ਕੇ ਛਾਤੀ ਨਾਲ ਲਾਇਆ। ਇਸ ਗੱਲ ਤੇ ਵੀ ਜੱਥੇ ਵਿਚਲੇ ਸਿੰਘ ਅਚੰਭੇ ਵਿੱਚ ਸਨ ਕਿਉਂਕਿ ਜੱਥੇ ਵਿੱਚ 200 ਦੇ ਲਗਭਗ ਸਿੰਘ ਮੌਜੂਦ ਸਨ ਜੋ ਹਮੇਸ਼ਾ ਸੰਤਾਂ ਦੇ ਨਾਲ ਰਹਿੰਦੇ ਸਨ ਪਰ ਉਹ ਇਸ ਗੱਲੋਂ ਹੈਰਾਨ ਸਨ ਕਿ ਇਹ ਇਮਤਿਹਾਨ ਕੇਵਲ ਭਾਈ ਜਰਨੈਲ ਸਿੰਘ ਲਈ ਹੀ ਕਿਉਂ ਹੈ? ਇਨ੍ਹਾਂ ਨੂੰ ਹੀ ਕਿਉਂ ਪੁੱਛਿਆ ਗਿਆ ਕਿ ਜੱਥੇ ਦੀ ਸੇਵਾ ਲਈ ਲਕੀਰ ਟੱਪ ਕੇ ਇਧਰ ਆਉਣਾ ਪਵੇਗਾ। ਇਸ ਬਾਰੇ ਕਈ ਸਿੰਘਾਂ ਨੇ ਭਾਈ ਜਰਨੈਲ ਸਿੰਘ ਨੂੰ ਵੀ ਪੁੱਛਿਆ ਕਿ ਅੱਜ ਦੀ ਘਟਨਾ ਪਿੱਛੇ ਕੀ ਰਾਜ਼ ਹੈ? ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਸੰਤ ਜੀ ਹੀ ਦੱਸ ਸਕਦੇ ਹਨ ਮੈਂ ਇਸ ਬਾਰੇ ਜ਼ਿਆਦਾ ਕੁੱਝ ਨਹੀਂ ਦੱਸ ਸਕਦਾ? ਜਦੋਂ ਇਸ ਗੱਲ ਦਾ ਬਾਬਾ ਠਾਕੁਰ ਸਿੰਘ ਜੀ ਨੂੰ, ਜੋ ਕਿ ਲੰਗਰ ਵਿੱਚ ਸੇਵਾ ਨਿਭਾਅ ਰਹੇ ਸਨ, ਪਤਾ ਲੱਗਾ ਤਾਂ ਉਨ੍ਹਾਂ ਨੇ ਵੀ ਭਾਈ ਜਰਨੈਲ ਸਿੰਘ ਨੂੰ ਆਪਣੇ ਕੋਲ ਬੁਲਾ ਕੇ ਕਿਹਾ ਕਿ ਸੰਤਾਂ ਦੇ ਬਚਨਾਂ ਨੂੰ ਹਮੇਸ਼ਾ ਯਾਦ ਰੱਖਣਾ ਹੈਂ। ਕਠਿਨ ਤੋਂ ਕਠਿਨ ਸੇਵਾ ਕਰਨ ਦਾ ਸੁਭਾਗ

Scanned with CamScanner

ਪ੍ਰਾਪਤ ਹੋਵੇ ਤਾਂ ਵੀ ਖਿੜੇ ਮੱਥੇ ਅਤੇ ਖੁਸ਼ੀ ਨਾਲ ਹਰ ਤਰ੍ਹਾਂ ਦੀ ਸੇਵਾ ਨਿਭਾਉਣੀ ਹੈ। ਇਸ ਉਪਰੰਤ ਨਾਰੰਗਵਾਲ ਪਿੰਡ-ਦੀ ਸੰਗਤ ਵਿੱਚੋਂ ਵੀ ਕੁੱਝ ਸਿੰਘਾਂ ਨੇ ਸੰਤਾਂ ਤੋਂ ਇਸ ਘਟਨਾ ਬਾਰੇ ਜਾਣਨਾ ਚਾਹਿਆ ਤਾਂ ਮਹਾਂਪੁਰਖਾਂ ਨੇ ਇਨਾ ਹੀ ਕਿਹਾ ਕਿ ਇਸ ਬਾਰੇ ਆਉਣ ਵਾਲਾ ਸਮਾਂ ਹੀ ਦੱਸੇਗਾ।

ਪੰਜਾਂ ਪਿਆਰਿਆਂ ਦੀ ਸੇਵਾ ਨਿਭਾਉਂਦਿਆਂ ਹੀ ਅੰਮ੍ਰਿਤ ਅਭਿਲਾਖੀਆਂ ਦੇ ਅੰਦਰੂਨੀ ਭੇਦ ਦੱਸ ਦੇਣਾ

ਇੱਕ ਵਾਰ ਬਣੇ ਹੋਏ ਪ੍ਰੋਗਰਾਮ ਅਨੁਸਾਰ ਖੰਮਕਰਨ ਵਿਖੇ ਅੰਮ੍ਰਿਤ ਸੰਚਾਰ ਕਰਨ ਲਈ ਪੰਜ ਪਿਆਰਿਆਂ ਦਾ ਜੱਥਾ ਗਿਆ। ਜਥੇ ਵਿੱਚ ਪੰਜ ਪਿਆਰਿਆਂ ਦੀ ਸੇਵਾ ਲਈ ਭਾਈ ਜਰਨੈਲ ਸਿੰਘ ਅਭਿਆਸੀ, ਉਨ੍ਹਾਂ ਨਾਲ ਦਾਸ (ਭਾਈ ਜਸਵੀਰ ਸਿੰਘ), ਭਾਈ ਦਲਬੀਰ ਸਿੰਘ, ਭਾਈ ਠਾਕੁਰ ਸਿੰਘ ਪਟਿਆਲਾ, ਭਾਈ ਸੰਤੋਖ ਸਿੰਘ ਟੋਪਾਂ ਵਾਲਾ, ਭਾਈ ਜਰਨੈਲ ਸਿੰਘ ਬਰਿਲਾ, ਭਾਈ ਸ਼ਿਗਾਰਾ ਸਿੰਘ ਰਾਜਗੜ੍ਹ ਆਦਿ ਸਿੰਘ ਗਏ। ਜੱਥੇ ਦੇ ਸਿੰਘਾਂ ਨੇ ਪਹੁੰਚਦਿਆਂ ਹੀ ਤਿਆਰੀ ਕੀਤੀ। ਪੰਜਾਂ ਪਿਆਰਿਆਂ ਦੇ ਬਸਤਰ ਸਜਾਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਅੰਮ੍ਰਿਤ ਛਕਾਉਣ ਦੀ ਸੇਵਾ ਆਰੰਭ ਕੀਤੀ। ਜਿਨ੍ਹਾਂ ਅੰਮ੍ਰਿਤ ਅਭਿਲਾਖੀਆਂ ਨੇ ਦੁਬਾਰਾ ਅੰਮ੍ਰਿਤ ਛਕਣਾ ਸੀ ਉਹ ਵਾਰੀ-ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜਾਂ ਪਿਆਰਿਆਂ ਦੇ ਪੇਸ਼ ਹੋਏ ਅਤੇ ਆਪਣੇ ਵੱਲੋਂ ਦੁਬਾਰਾ ਅੰਮ੍ਰਿਤ ਛਕਣ ਦਾ ਕਾਰਨ ਦੱਸਦੇ ਗਏ। ਯਾਦ ਰਹੇ ਕਿ ਖ਼ਾਲਸਾ ਪੰਥ ਦੀ ਮਰਿਯਾਦਾ ਅਨੁਸਾਰ ਚਾਰ ਥੰਜਰ ਕੁਰਹਿਤਾਂ ਵਿੱਚੋਂ ਕੋਈ ਇੱਕ ਵੀ ਕੁਰਹਿਤ ਹੋ ਜਾਵੇ ਤਾਂ ਉਹ ਵਿਅਕਤੀ ਜੇਕਰ ਅਹਿਸਾਸ ਕਰੇ ਕਿ ਮੈਨੂੰ ਪੰਥਕ ਰਹਿਤ ਵਿੱਚ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ ਤਾਂ ਉਹ ਆਪਣੇ ਵੱਲੋਂ ਹੋਈ ਕੁਰਹਿਤ ਨੂੰ ਪੰਜਾਂ ਪਿਆਰਿਆਂ ਦੇ ਸਾਹਮਣੇ ਦੱਸ ਕੇ ਖਿਮਾ ਯਾਚਨਾ ਕਰਦਾ ਹੈ। ਇਸੇ ਤਰ੍ਹਾਂ ਸੁਧਾਈ ਕਰਵਾਉਣ ਵਾਲਿਆਂ ਵਿੱਚ ਖੰਮਕਰਨ ਇਲਾਕੇ ਦਾ ਇੱਕ ਜੱਥੇਦਾਰ ਵੀ ਪੰਜਾਂ ਪਿਆਰਿਆਂ ਦੇ ਸਨਮੁੱਖ ਪੇਸ਼ ਹੋਇਆ ਅਤੇ ਉਸ ਨੇ ਦੁਬਾਰਾ ਅੰਮ੍ਰਿਤ ਛਕਣ ਲਈ ਬੇਨਤੀ ਕੀਤੀ ਅਤੇ ਆਪਣੇ ਵੱਲੋਂ ਹੋਈਆਂ ਭੁੱਲਾਂ ਦਾ ਵੀ ਵਰਨਣ ਕੀਤਾ। ਯਾਦ ਰਹੇ ਕਿ ਪੰਜ ਪਿਆਰਿਆਂ ਦੀ ਡਿਊਟੀ ਨਿਭਾਅ ਰਹੇ ਪੰਜ ਪਿਆਰੇ ਆਪਸੀ ਗੁਰਮਤੇ ਅਨੁਸਾਰ ਦੁਬਾਰਾ ਅੰਮ੍ਰਿਤ ਛਕਣ ਵਾਲੇ ਵਿਅਕਤੀ ਨੂੰ ਤਨਖਾਹ (ਧਾਰਮਿਕ ਸਜ਼ਾ) ਲਗਾਉਂਦੇ ਹਨ। ਜਦੋਂ ਉਪਰੋਕਤ ਜਥੇਦਾਰ ਆਪਣੇ ਵੱਲੋਂ ਹੋਈ ਭੁੱਲ ਦਾ ਜ਼ਿਕਰ ਕਰਨ ਤੋਂ ਝਿਜਕ ਗਿਆ ਤਾਂ ਪੰਜਾਂ ਪਿਆਰਿਆਂ ਵਿੱਚ ਲੱਗੇ ਹੋਏ ਭਾਈ ਜਰਨੈਲ ਸਿੰਘ ਨੇ ਉਸ ਨੂੰ ਸਮਝਾਇਆ ਕਿ ਭਾਈ ਜਿੰਨੀ ਦੇਰ ਤੱਕ ਤੁਸੀਂ ਸੱਚ ਬੋਲ ਕੇ ਆਪਣਾ ਗੁਨਾਹ ਕਬੂਲ ਨਹੀਂ ਕਰਦੇ ਉਨੀ ਦੇਰ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ ਨਹੀਂ ਹੋਣੀ ਅਤੇ ਜਦੋਂ ਤੱਕ ਕੀਤੀ ਹੋਈ ਗਲਤੀ ਦੀ ਧਾਰਮਿਕ ਸਜ਼ਾ ਨਹੀਂ ਲੱਗ ਜਾਂਦੀ ਅਤੇ ਉਸ ਨੂੰ ਪੂਰਾ ਨਹੀਂ ਕੀਤਾ ਜਾਂਦਾ ਉਦੋਂ ਤੱਕ ਦੁਬਾਰਾ ਅੰਮ੍ਰਿਤ ਛਕਣ ਵਾਲਾ ਵਿਅਕਤੀ ਰਹਿਤ ਵਿੱਚ ਤਿਆਰ-ਬਰ-ਤਿਆਰ ਨਹੀਂ ਮੰਨਿਆ ਜਾ ਸਕਦਾ। ਇਸ ਲਈ ਤੁਹਾਨੂੰ ਅਸਲੀਅਤ ਪੰਜਾਂ ਪਿਆਰਿਆਂ ਦੇ ਸਾਹਮਣੇ ਕਬੂਲ ਕਰਨੀ ਚਾਹੀਦੀ ਹੈ। ਜੇਕਰ ਸੱਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਝੂਠ ਬੋਲਿਆ ਤਾਂ ਬਖਸ਼ਿਸ਼ ਕਿਵੇਂ ਹੋਵੇਗੀ? ਫਿਰ ਤੁਸੀਂ ਤਾਂ ਇਲਾਕੇ ਵਿੱਚ ਜ਼ਿੰਮੇਵਾਰ ਜੱਥੇਦਾਰ ਹੋ ਤੁਹਾਨੂੰ ਤਾਂ ਪੂਰੀ ਤਰ੍ਹਾਂ ਸੱਚ 'ਤੇ ਪਹਿਰਾ ਦੇਣਾ ਚਾਹੀਦਾ ਹੈ। ਉਪਰੋਕਤ ਵਿਅਕਤੀ ਨੇ ਨੀਵੀਂ ਪਾ ਲਈ। ਜਾਂ ਉਸਨੂੰ ਫਿਰ ਸਮਝਾਇਆ ਕਿ ਇੱਥੇ ਨਾ ਝਿਜਕਣ ਦੀ ਲੋੜ ਹੈ ਅਤੇ ਨਾ ਹੀ ਸ਼ਰਮਾਉਣ ਦੀ, ਬਲਕਿ ਆਪਣੀ ਗਲਤੀ ਕਬੂਲ ਕਰਕੇ ਅੱਗੇ ਤੋਂ ਤਿਆਰ-ਬਰ-ਤਿਆਰ ਰਹਿਣ ਦੀ ਜ਼ਰੂਰਤ ਹੈ ਤਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਸਕਦੇ ਹੋ ਤਾਂ ਫਿਰ ਉਸ ਨੇ ਆਪਣੀ ਗਲਤੀ ਸਵੀਕਾਰ ਕਰਦਿਆਂ ਦੱਸਿਆ ਕਿ ਮੈਥੋਂ ਥੰਜਰ ਕੁਰਹਿਤ ਹੋ ਗਈ, ਪਰ ਮੈਂ ਆਪਣੀ ਉਮਰ ਦੇ ਤਕਾਜ਼ੇ ਮੁਤਾਬਕ ਇਹ ਗਲਤੀ ਦੱਸਣ ਤੋਂ ਸ਼ਰਮ ਮਹਿਸੂਸ ਕਰਦਾ ਸਾਂ। ਪਰ ਆਪ ਜੀ ਵੱਲੋਂ ਸਮਝਾਉਣ 'ਤੇ ਹੀ ਹਿੰਮਤ ਕਰ ਸਕਿਆ ਹਾਂ ਤੇ ਅਸਲੀਅਤ ਆਪ ਜੀ ਦੇ ਸਨਮੁੱਖ ਦੱਸ ਦਿੱਤੀ। ਇਸ ਉਪਰੰਤ ਉਸ ਨੂੰ ਤਨਖਾਹ (ਧਾਰਮਿਕ ਸਜ਼ਾ) ਲਗਾ ਕੇ ਅੰਮ੍ਰਿਤ ਛਕਾਇਆ ਗਿਆ। ਬਾਅਦ ਵਿੱਚ ਉਸ ਵਿਅਕਤੀ ਨੇ ਦੱਸਿਆ ਕਿ ਮੇਰੀ ਆਤਮਾ ਤੋਂ ਬਹੁਤ ਬੋਝ ਲੱਥ ਗਿਆ ਹੈ। ਮੈਂ ਪੰਜਾਂ ਪਿਆਰਿਆਂ ਦਾ ਬਹੁਤ ਹੀ ਸੁਕਰ ਗੁਜ਼ਾਰ ਹਾਂ। ਇਸ ਉਪਰੰਤ ਭਾਈ ਜਰਨੈਲ ਸਿੰਘ ਨੇ ਪੰਜਾਂ ਪਿਆਰਿਆਂ ਵਿੱਚ ਲੱਗੇ ਬਾਕੀ ਦੇ ਸਹਿਯੋਗੀ ਸਿੰਘਾਂ ਨੂੰ ਕਿਹਾ ਕਿ ਇਹ ਸਿਰਫ ਕਲਗੀਧਰ ਮਹਾਰਾਜ ਦੀ ਹੀ ਕ੍ਰਿਪਾ ਹੈ,

Scanned with CamScanner

ਇਸ ਨੂੰ ਹੋਰ ਕਿਸੇ ਵੀ ਢੰਗ ਨਾਲ ਸਮਝਣ ਦਾ ਯਤਨ ਨਾ ਕਰਨਾ ਅਤੇ ਪੰਜ ਪਿਆਰਿਆਂ ਦੀ ਸੇਵਾ ਸੰਪੂਰਨ ਹੋਣ ਉਪਰੰਤ ਇਥੇ ਵਿਚਾਰੇ ਗਏ ਸਭ ਮਸਲਿਆਂ ਨੂੰ ਬਾਹਰ ਆਮ ਤੌਰ 'ਤੇ ਕਿਸੇ ਨਾਲ ਸਾਂਝਾ ਨਹੀਂ ਕਰੀਦਾ ਕਿਉਂਕਿ ਪੰਜਾਂ ਪਿਆਰਿਆਂ ਦੀ ਸੇਵਾ ਸਮੇਂ ਕਲਗੀਧਰ ਪਾਤਸ਼ਾਹ ਦਾ ਗੁਪਤ ਪਹਿਰਾ ਹੁੰਦਾ ਹੈ ਅਤੇ ਉਸ ਨੂੰ ਗੁਪਤ ਹੀ ਰਹਿਣ ਦੇਣਾ ਚਾਹੀਦਾ ਹੈ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਭਰੇ ਦੀਵਾਨ ਵਿੱਚ ਭਾਈ ਜਰਨੈਲ ਸਿੰਘ ਅਭਿਆਸੀ ਦੀ ਪੁਰਾਤਨ ਭਗਤੀ ਵਾਲੇ ਸਿੰਘਾਂ ਨਾਲ ਤੁਲਨਾ ਕਰਨੀ

ਇਕ ਦਿਨ ਭਰੇ ਦੀਵਾਨ ਵਿੱਚ ਕਥਾ ਕਰਦਿਆਂ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੇ ਬਹੁਤ ਹੀ ਵੈਰਾਗਮਈ ਲਹਿਜੇ ਵਿੱਚ ਸੰਬੋਧਨ ਕਰਦਿਆਂ ਬਚਨ ਕਹੇ ਕਿ ਪੁਰਾਤਨ ਸਿੰਘ ਬਹੁਤ ਸਾਰੀ ਬਾਣੀ ਜੁਬਾਨੀ ਯਾਦ ਕਰ ਲਿਆ ਕਰਦੇ ਸਨ ਇਥੋਂ ਤੱਕ ਕਿ ਪੂਰੀ ਪੰਜ ਗ੍ਰੰਥੀ ਵੀ ਕਈ ਸਿੰਘਾਂ ਨੂੰ ਜ਼ੁਬਾਨੀ ਯਾਦ ਹੋਇਆ ਕਰਦੀ ਸੀ ਪਰ ਇਹ ਪ੍ਰਥਾ ਸਹਿਜੇ-ਸਹਿਜੇ ਘਟਦੀ ਜਾ ਰਹੀ ਹੈ। ਅਸੀਂ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਸਤਿਗੁਰੂ ਜੀ ਦੀ ਬਾਣੀ ਜਿਨੀ ਵੱਧ ਤੋਂ ਵੱਧ ਹੋ ਸਕੇ ਜ਼ੁਬਾਨੀ ਯਾਦ ਕਰਨੀ ਚਾਹੀਦੀ ਹੈ। ਘੱਟੋ-ਘੱਟ ਨਿੱਤ ਨੇਮ ਦੀਆਂ ਬਾਣੀਆਂ ਸ੍ਰੀ ਸੁਖਮਨੀ ਸਾਹਿਬ, ਆਸਾ ਦੀ ਵਾਰ ਜਾਂ ਇਸ ਤੋਂ ਵੀ ਵੱਧ ਬਾਣੀ ਜਿਨੀ ਹੋ ਸਕੇ ਜ਼ੁਬਾਨੀ ਯਾਦ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਪੁਰਾਤਨ ਸਿੰਘਾਂ ਵਾਂਗ ਅੱਜ ਵੀ ਕਈ ਸਿੰਘ ਪੰਜ ਗ੍ਰੰਥੀ ਦਾ ਜ਼ੁਬਾਨੀ ਨਿੱਤ ਨੇਮ ਕਰ ਲੈਂਦੇ ਹਨ ਅਤੇ ਨਾਲ ਹੀ ਉਨ੍ਹਾਂ ਦੱਸਿਆ ਕਿ ਸਾਧ ਸੰਗਤ ਜੀ ਜਥੇ ਵਿੱਚ ਵੀ ਸਤਿਗੁਰੂ ਦੀ ਕ੍ਰਿਪਾ ਸਦਕਾ ਅਜਿਹੇ ਸਿੰਘ ਮੌਜੂਦ ਹਨ ਜੋ ਜਥੇ ਵਿੱਚ ਰਹਿੰਦਿਆਂ ਵੀ ਅਤੇ ਜੇਕਰ ਜ਼ਰੂਰੀ ਕਾਰਜ ਲਈ ਘਰ ਚਲੇ ਜਾਣ ਤਾਂ ਵੀ ਘਰੇ ਹਲ ਵਾਹੁੰਦਿਆਂ, ਖੇਤੀ ਦੇ ਕਾਰਜ ਕਰਦਿਆਂ ਵੀ ਰੋਜ਼ਾਨਾ ਪੰਜ ਗ੍ਰੰਥੀ ਦਾ ਨਿੱਤਨੇਮ ਕਰਨ ਤੋਂ ਇਲਾਵਾ, 101 ਪਾਠ ਸ੍ਰੀ ਜਪੁਜੀ ਸਾਹਿਬ ਜੀ ਦਾ ਕਰਦੇ ਹਨ ਅਤੇ ਇੱਕ ਮਹੀਨੇ ਵਿੱਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਪੜ੍ਹ ਕੇ ਭੋਗ ਪਾਉਂਦੇ ਹਨ। ਸਮਾਂ ਆਉਣ ਤੇ ਅਜਿਹੇ ਸਿੰਘ ਹੀ ਵੱਡੀਆਂ ਸੇਵਾਵਾਂ ਨਿਭਾਅ ਸਕਦੇ ਹਨ। ਕਿਉਂਕਿ ਜੋ ਵੀ ਕੋਈ ਸਿੱਖ ਵੱਧ ਬਾਣੀ ਪੜ੍ਹੇਗਾ ਉਸ ਉਪਰ ਸਤਿਗੁਰੂ ਜੀ ਦੀ ਵੱਧ ਕ੍ਰਿਪਾ ਹੋਵੇਗੀ, ਵੱਧ ਆਤਮ ਵਿਸ਼ਵਾਸ਼ ਹੋਵੇਗਾ ਅਤੇ ਹਰ ਤਰ੍ਹਾਂ ਦਾ ਡਰ ਭਉ ਖਤਮ ਹੋ ਜਾਵੇਗਾ। ਨਿਰਭਉ ਜਪੈ ਸਗਲ ਭਉ ਮਿਟੈ॥ (੨੯੩) ਅਜਿਹੇ ਸਿੰਘਾਂ ਨੇ ਹੀ ਧਰਮ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ ਜਿਨ੍ਹਾਂ ਦੇ ਸਿਰਾਂ ਉਪਰ ਆਰੇ ਚੱਲੇ, ਖੋਪੜੀਆਂ ਲੱਥ ਗਈਆਂ, ਦੇਗਿਆਂ ਵਿੱਚ ਉਬਾਲੇ ਗਏ, ਪੁਰਜਾ-ਪੁਰਜਾ ਕੱਟੇ ਗਏ ਪਰ ਸੀਅ ਤੱਕ ਨਹੀਂ ਕੀਤੀ। ਸਰੀਂ ਇੱਕ ਅਰੰਮੀ ਰੰਗ ਅਤੇ ਆਤਮ ਵਿਸ਼ਵਾਸ਼ ਵਿੱਚ ਇਹੀ ਕਹਿੰਦੇ ਰਹੇ **ਸਿਰ ਜਾਵੇ ਤਾਂ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ** ਫਿਰ ਇਹੀ ਨਾਅਰਾ ਸੰਤਾਂ ਨੇ ਸਾਰੀਆਂ ਸੰਗਤਾਂ ਵਿੱਚ ਉੱਚੀ ਬੋਲ ਕੇ ਲਵਾਇਆ ਕਿਹਾ ਕਿ ਸਾਧ ਸੰਗਤ ਦਾਸ ਦੇ ਮਗਰ ਬੋਲਿਓ, ਜਦੋਂ ਪੰਡਾਲ ਵਿੱਚ ਸਜੀਆਂ ਸੰਗਤਾਂ ਨੇ ਉੱਚੀ ਅਤੇ ਗਰਜਵੀਂ ਆਵਾਜ਼ ਵਿੱਚ ਇਹੀ ਨਾਅਰਾ ਲਾਇਆ **ਸਿਰ ਜਾਵੇ ਤਾਂ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ** ਤਾਂ ਪੂਰੇ ਪੰਡਾਲ ਵਿੱਚ ਸੰਨਾਟਾ ਛਾ ਗਿਆ। ਸੰਤਾਂ ਨੇ ਕਥਾ ਵਖਿਆਨ ਜਾਰੀ ਰੱਖਿਆ ਪਰ ਸੰਗਤਾਂ ਵਿੱਚੋਂ ਕੋਈ ਉੱਚੀ ਸਾਹ ਵੀ ਨਹੀਂ ਸੀ ਕੱਢ ਰਿਹਾ। ਕਥਾ ਦਾ ਭੋਗ ਪਿਆ ਤਾਂ ਜਥੇ ਦੇ ਸਿੰਘਾਂ ਅਤੇ ਸੰਗਤਾਂ ਵਿੱਚ ਇਸ ਗੱਲ ਦੀ ਬਹੁਤ ਚਰਚਾ ਹੋਈ ਕਿ ਉਹ ਕਿਹੜਾ ਸਿੰਘ ਹੈ ਜਿਸ ਬਾਰੇ ਅੱਜ ਸੰਤਾਂ ਨੇ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਹੈ ਤਾਂ ਪਿਛਲੇ ਲੰਮੇ ਸਮੇਂ ਤੋਂ ਜੱਥੇ ਵਿੱਚ ਰਹਿ ਰਹੇ ਸਿੰਘਾਂ ਤੋਂ ਪਤਾ ਲੱਗਿਆ ਕਿ ਉਹ ਪਿੰਡ ਰੋਡਿਆਂ ਵਾਲਾ ਭਾਈ ਜਰਨੈਲ ਸਿੰਘ ਅਭਿਆਸੀ ਹੈ ਜਿਸ ਬਾਰੇ ਸੰਤਾਂ ਨੇ ਅੱਜ ਸ਼ਰੇਆਮ ਸੰਗਤਾਂ ਵਿੱਚ ਜ਼ਿਕਰ ਕੀਤਾ ਹੈ। ਭਾਈ ਜਰਨੈਲ ਸਿੰਘ ਅਭਿਆਸੀ ਜੋ ਕੁੱਝ ਦਿਨਾਂ ਲਈ ਜੱਥੇ ਵਿੱਚੋਂ ਸੰਤਾਂ ਤੋਂ ਛੁੱਟੀ ਲੈ ਕੇ ਘਰ ਗਏ ਹੋਏ ਸਨ ਜਦੋਂ ਵਾਪਸ ਪਰਤੇ ਤਾਂ ਜਥੇ ਦੇ ਸਿੰਘਾਂ ਨੇ ਭਾਈ ਜਰਨੈਲ ਸਿੰਘ ਨਾਲ ਉਪਰੋਕਤ ਘਟਨਾ ਸਾਂਝੀ ਕੀਤੀ ਤਾਂ ਉਨ੍ਹਾਂ ਇਸ ਗੱਲ ਨੂੰ ਟਾਲਣ ਲਈ ਕਿਹਾ ਕਿ ਜਥੇ ਵਿੱਚ ਬਹੁਤ ਸਾਰੇ ਅਜਿਹੇ ਸਿੰਘ ਹੋ ਸਕਦੇ ਹਨ ਜਿਨ੍ਹਾਂ ਨੂੰ ਪੰਜ ਗ੍ਰੰਥੀ ਜੁਬਾਨੀ ਯਾਦ ਹੈ ਅਤੇ ਬਹੁਤ ਸਾਰਾ ਭਜਨ ਸਿਮਰਨ ਵੀ ਕਰਦੇ ਹਨ। ਇਸ ਲਈ ਹੋ ਸਕਦਾ ਹੈ ਕਿ ਸੰਤ ਮਹਾਂਪੁਰਖਾਂ ਨੇ ਕਿਸੇ ਹੋਰ ਸਿੰਘ ਲਈ ਇਹ ਬਚਨ ਕਹੇ ਹੋਣ ਪਰ ਸਭ ਜੱਥੇ ਦੇ ਸਿੰਘਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਸੰਤਾਂ ਨੇ ਇਹ ਬਚਨ ਭਾਈ ਜਰਨੈਲ ਸਿੰਘ ਅਭਿਆਸੀ ਲਈ ਹੀ ਕਹੇ ਹਨ ਕਿਸੇ ਹੋਰ ਲਈ ਨਹੀਂ। ਇਸ ਉਪਰੰਤ ਜੱਥੇ ਦੇ ਸਿੰਘਾਂ ਵਿੱਚ ਅਤੇ ਸੰਗਤਾਂ ਵਿੱਚ ਭਾਈ ਜਰਨੈਲ ਸਿੰਘ ਅਭਿਆਸੀ ਪ੍ਰਤੀ ਵਿਸ਼ੇਸ਼ ਪ੍ਰੇਮ ਸਤਿਕਾਰ ਬਣ ਗਿਆ।

Scanned with CamScanner

ਇਸ ਨੂੰ ਹੋਰ ਕਿਸੇ ਵੀ ਢੰਗ ਨਾਲ ਸਮਝਣ ਦਾ ਯਤਨ ਨਾ ਕਰਨਾ ਅਤੇ ਪੰਜ ਪਿਆਰਿਆਂ ਦੀ ਸੇਵਾ ਸੰਪੂਰਨ ਹੋਣ ਉਪਰੰਤ ਇਥੇ ਵਿਚਾਰੇ ਗਏ ਸਭ ਮਸਲਿਆਂ ਨੂੰ ਬਾਹਰ ਆਮ ਤੌਰ 'ਤੇ ਕਿਸੇ ਨਾਲ ਸਾਂਝਾ ਨਹੀਂ ਕਰੀਦਾ ਕਿਉਂਕਿ ਪੰਜਾਂ ਪਿਆਰਿਆਂ ਦੀ ਸੇਵਾ ਸਮੇਂ ਕਲਗੀਧਰ ਪਾਤਸ਼ਾਹ ਦਾ ਗੁਪਤ ਪਹਿਰਾ ਹੁੰਦਾ ਹੈ ਅਤੇ ਉਸ ਨੂੰ ਗੁਪਤ ਹੀ ਰਹਿਣ ਦੇਣਾ ਚਾਹੀਦਾ ਹੈ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਭਰੇ ਦੀਵਾਨ ਵਿੱਚ ਭਾਈ ਜਰਨੈਲ ਸਿੰਘ ਅਭਿਆਸੀ ਦੀ ਪੁਰਾਤਨ ਭਗਤੀ ਵਾਲੇ ਸਿੰਘਾਂ ਨਾਲ ਤੁਲਨਾ ਕਰਨੀ

ਇਕ ਦਿਨ ਭਰੇ ਦੀਵਾਨ ਵਿੱਚ ਕਥਾ ਕਰਦਿਆਂ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੇ ਬਹੁਤ ਹੀ ਵੈਰਾਗਮਈ ਲਹਿਜੇ ਵਿੱਚ ਸੰਬੋਧਨ ਕਰਦਿਆਂ ਬਚਨ ਕਹੇ ਕਿ ਪੁਰਾਤਨ ਸਿੰਘ ਬਹੁਤ ਸਾਰੀ ਬਾਣੀ ਜੁਬਾਨੀ ਯਾਦ ਕਰ ਲਿਆ ਕਰਦੇ ਸਨ ਇਥੋਂ ਤੱਕ ਕਿ ਪੂਰੀ ਪੰਜ ਗ੍ਰੰਥੀ ਵੀ ਕਈ ਸਿੰਘਾਂ ਨੂੰ ਜ਼ੁਬਾਨੀ ਯਾਦ ਹੋਇਆ ਕਰਦੀ ਸੀ ਪਰ ਇਹ ਪ੍ਰਥਾ ਸਹਿਜੇ-ਸਹਿਜੇ ਘਟਦੀ ਜਾ ਰਹੀ ਹੈ। ਅਸੀਂ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਸਤਿਗੁਰੂ ਜੀ ਦੀ ਬਾਣੀ ਜਿੰਨੀ ਵੱਧ ਤੋਂ ਵੱਧ ਹੋ ਸਕੇ ਜ਼ੁਬਾਨੀ ਯਾਦ ਕਰਨੀ ਚਾਹੀਦੀ ਹੈ। ਘੱਟੋ-ਘੱਟ ਨਿੱਤ ਨੇਮ ਦੀਆਂ ਬਾਣੀਆਂ ਸ੍ਰੀ ਸੁਖਮਨੀ ਸਾਹਿਬ, ਆਸਾ ਦੀ ਵਾਰ ਜਾਂ ਇਸ ਤੋਂ ਵੀ ਵੱਧ ਬਾਣੀ ਜਿੰਨੀ ਹੋ ਸਕੇ ਜ਼ੁਬਾਨੀ ਯਾਦ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਪੁਰਾਤਨ ਸਿੰਘਾਂ ਵਾਂਗ ਅੱਜ ਵੀ ਕਈ ਸਿਘ ਪੰਜ ਗ੍ਰੰਥੀ ਦਾ ਜ਼ੁਬਾਨੀ ਨਿੱਤ ਨੇਮ ਕਰ ਲੈਂਦੇ ਹਨ ਅਤੇ ਨਾਲ ਹੀ ਉਨ੍ਹਾਂ ਦੱਸਿਆ ਕਿ ਸਾਧ ਸੰਗਤ ਜੀ ਜਥੇ ਵਿੱਚ ਵੀ ਸਤਿਗੁਰੂ ਦੀ ਕ੍ਰਿਪਾ ਸਦਕਾ ਅਜਿਹੇ ਸਿੰਘ ਮੌਜੂਦ ਹਨ ਜੋ ਜਥੇ ਵਿੱਚ ਰਹਿੰਦਿਆਂ ਵੀ ਅਤੇ ਜੇਕਰ ਜ਼ਰੂਰੀ ਕਾਰਜ ਲਈ ਘਰ ਚਲੇ ਜਾਣ ਤਾਂ ਵੀ ਘਰੇ ਹਲ ਵਾਹੁੰਦਿਆਂ, ਖੇਤੀ ਦੇ ਕਾਰਜ ਕਰਦਿਆਂ ਵੀ ਰੋਜ਼ਾਨਾ ਪੰਜ ਗ੍ਰੰਥੀ ਦਾ ਨਿੱਤਨੇਮ ਕਰਨ ਤੋਂ ਇਲਾਵਾ, 101 ਪਾਠ ਸ੍ਰੀ ਜਪੁਜੀ ਸਾਹਿਬ ਜੀ ਦਾ ਕਰਦੇ ਹਨ ਅਤੇ ਇੱਕ ਮਹੀਨੇ ਵਿੱਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਪੜ੍ਹ ਕੇ ਭੋਗ ਪਾਉਂਦੇ ਹਨ। ਸਮਾਂ ਆਉਣ ਤੇ ਅਜਿਹੇ ਸਿੰਘ ਹੀ ਵੱਡੀਆਂ ਸੇਵਾਵਾਂ ਨਿਭਾਅ ਸਕਦੇ ਹਨ। ਕਿਉਂਕਿ ਜੋ ਵੀ ਕੋਈ ਸਿੱਖ ਵੱਧ ਬਾਣੀ ਪੜ੍ਹੇਗਾ ਉਸ ਉਪਰ ਸਤਿਗੁਰੂ ਜੀ ਦੀ ਵੱਧ ਕ੍ਰਿਪਾ ਹੋਵੇਗੀ, ਵੱਧ ਆਤਮ ਵਿਸ਼ਵਾਸ਼ ਹੋਵੇਗਾ ਅਤੇ ਹਰ ਤਰ੍ਹਾਂ ਦਾ ਡਰ ਭਉ ਖਤਮ ਹੋ ਜਾਵੇਗਾ। ਨਿਰਭਉ ਜਪੈ ਸਗਲ ਭਉ ਮਿਟੈ॥ (੨੯੩) ਅਜਿਹੇ ਸਿੰਘਾਂ ਨੇ ਹੀ ਧਰਮ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ ਜਿਨ੍ਹਾਂ ਦੇ ਸਿਰਾਂ ਉਪਰ ਆਰੇ ਚੱਲੇ, ਖੋਪੜੀਆਂ ਲੱਥ ਗਈਆਂ, ਦੇਗਿਆਂ ਵਿੱਚ ਉਬਾਲੇ ਗਏ, ਪੁਰਜਾ-ਪੁਰਜਾ ਕੱਟੇ ਗਏ ਪਰ ਸੀਅ ਤੱਕ ਨਹੀਂ ਕੀਤੀ। ਸਗੋਂ ਇੱਕ ਅਰੰਮੀ ਰੰਗ ਅਤੇ ਆਤਮ ਵਿਸ਼ਵਾਸ਼ ਵਿੱਚ ਇਹੀ ਕਹਿੰਦੇ ਰਹੇ **ਸਿਰ ਜਾਵੇ ਤਾਂ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ** ਫਿਰ ਇਹੀ ਨਾਅਰਾ ਸੰਤਾਂ ਨੇ ਸਾਰੀਆਂ ਸੰਗਤਾਂ ਵਿੱਚ ਉੱਚੀ ਬੋਲ ਕੇ ਲਵਾਇਆ ਕਿਹਾ ਕਿ ਸਾਧ ਸੰਗਤ ਦਾਸ ਦੇ ਮਗਰ ਬੋਲਿਓ, ਜਦੋਂ ਪੰਡਾਲ ਵਿੱਚ ਸਜੀਆਂ ਸੰਗਤਾਂ ਨੇ ਉੱਚੀ ਅਤੇ ਗਰਜਵੀਂ ਆਵਾਜ਼ ਵਿੱਚ ਇਹੀ ਨਾਅਰਾ ਲਾਇਆ **ਸਿਰ ਜਾਵੇ ਤਾਂ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ** ਤਾਂ ਪੂਰੇ ਪੰਡਾਲ ਵਿੱਚ ਸੰਨਾਟਾ ਛਾ ਗਿਆ। ਸੰਤਾਂ ਨੇ ਕਥਾ ਵਖਿਆਨ ਜਾਰੀ ਰੱਖਿਆ ਪਰ ਸੰਗਤਾਂ ਵਿੱਚੋਂ ਕੋਈ ਉੱਚੀ ਸਾਹ ਵੀ ਨਹੀਂ ਸੀ ਕੱਢ ਰਿਹਾ। ਕਥਾ ਦਾ ਭੋਗ ਪਿਆ ਤਾਂ ਜਥੇ ਦੇ ਸਿੰਘਾਂ ਅਤੇ ਸੰਗਤਾਂ ਵਿੱਚ ਇਸ ਗੱਲ ਦੀ ਬਹੁਤ ਚਰਚਾ ਹੋਈ ਕਿ ਉਹ ਕਿਹੜਾ ਸਿੰਘ ਹੈ ਜਿਸ ਬਾਰੇ ਅੱਜ ਸੰਤਾਂ ਨੇ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਹੈ ਤਾਂ ਪਿਛਲੇ ਲੰਮੇ ਸਮੇਂ ਤੋਂ ਜਥੇ ਵਿੱਚ ਰਹਿ ਰਹੇ ਸਿੰਘਾਂ ਤੋਂ ਪਤਾ ਲੱਗਿਆ ਕਿ ਉਹ ਪਿੰਡ ਰੋਡਿਆਂ ਵਾਲਾ ਭਾਈ ਜਰਨੈਲ ਸਿੰਘ ਅਭਿਆਸੀ ਹੈ ਜਿਸ ਬਾਰੇ ਸੰਤਾਂ ਨੇ ਅੱਜ ਸ਼ਰੇਆਮ ਸੰਗਤਾਂ ਵਿੱਚ ਜ਼ਿਕਰ ਕੀਤਾ ਹੈ। ਭਾਈ ਜਰਨੈਲ ਸਿੰਘ ਅਭਿਆਸੀ ਜੋ ਕੁੱਝ ਦਿਨਾਂ ਲਈ ਜਥੇ ਵਿੱਚੋਂ ਸੰਤਾਂ ਤੋਂ ਛੁੱਟੀ ਲੈ ਕੇ ਘਰ ਗਏ ਹੋਏ ਸਨ ਜਦੋਂ ਵਾਪਸ ਪਰਤੇ ਤਾਂ ਜਥੇ ਦੇ ਸਿੰਘਾਂ ਨੇ ਭਾਈ ਜਰਨੈਲ ਸਿੰਘ ਨਾਲ ਉਪਰੋਕਤ ਘਟਨਾ ਸਾਂਝੀ ਕੀਤੀ ਤਾਂ ਉਨ੍ਹਾਂ ਇਸ ਗੱਲ ਨੂੰ ਟਾਲਣ ਲਈ ਕਿਹਾ ਕਿ ਜਥੇ ਵਿੱਚ ਬਹੁਤ ਸਾਰੇ ਅਜਿਹੇ ਸਿੰਘ ਹੋ ਸਕਦੇ ਹਨ ਜਿਨ੍ਹਾਂ ਨੂੰ ਪੰਜ ਗ੍ਰੰਥੀ ਜ਼ੁਬਾਨੀ ਯਾਦ ਹੈ ਅਤੇ ਬਹੁਤ ਸਾਰਾ ਭਜਨ ਸਿਮਰਨ ਵੀ ਕਰਦੇ ਹਨ। ਇਸ ਲਈ ਹੋ ਸਕਦਾ ਹੈ ਕਿ ਸੰਤ ਮਹਾਂਪੁਰਖਾਂ ਨੇ ਕਿਸੇ ਹੋਰ ਸਿੰਘ ਲਈ ਇਹ ਬਚਨ ਕਹੇ ਹੋਣ ਪਰ ਸਭ ਜੱਥੇ ਦੇ ਸਿੰਘਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਸੰਤਾਂ ਨੇ ਇਹ ਬਚਨ ਭਾਈ ਜਰਨੈਲ ਸਿੰਘ ਅਭਿਆਸੀ ਲਈ ਹੀ ਕਹੇ ਹਨ ਕਿਸੇ ਹੋਰ ਲਈ ਨਹੀਂ। ਇਸ ਉਪਰੰਤ ਜੱਥੇ ਦੇ ਸਿੰਘਾਂ ਵਿੱਚ ਅਤੇ ਸੰਗਤਾਂ ਵਿੱਚ ਭਾਈ ਜਰਨੈਲ ਸਿੰਘ ਅਭਿਆਸੀ ਪ੍ਰਤੀ ਵਿਸ਼ੇਸ਼ ਪ੍ਰੇਮ ਸਤਿਕਾਰ ਬਣ ਗਿਆ।

Scanned with CamScanner

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਵੱਖ-ਵੱਖ ਸੂਬਿਆਂ ਵਿੱਚ ਪ੍ਰਚਾਰ ਲਈ ਜਥੇ ਭੇਜਣੇ ਅਤੇ ਉਨ੍ਹਾਂ ਵਿੱਚੋਂ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਵਿਸ਼ੇਸ਼ ਸ਼ਾਬਾਸ਼ ਦੇਣੀ

ਇਸੇ ਤਰ੍ਹਾਂ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਵੱਖ-ਵੱਖ ਸੂਬਿਆਂ ਵਿੱਚ ਪ੍ਰਚਾਰ ਕਰਨ ਲਈ ਗਿਆਨੀ ਸਿੰਘਾਂ ਦੀ ਅਗਵਾਈ ਹੇਠ ਪੰਜ ਜੱਥੇ ਤਿਆਰ ਕੀਤੇ। ਇੱਕ ਜੱਥੇ ਵਿੱਚ ਘੱਟੋ ਘੱਟ 15 ਸਿੰਘ ਸਨ, ਜਿਨ੍ਹਾਂ ਵਿੱਚ ਪੰਜ ਪਿਆਰੇ, ਰਾਗੀ ਜੱਥਾ ਅਤੇ ਪ੍ਰਚਾਰਕ ਕਥਾ ਵਾਚਕ ਸਿੰਘ ਮੌਜੂਦ ਸਨ। ਇਨ੍ਹਾਂ ਜੱਥਿਆਂ ਦੀ ਅਗਵਾਈ ਲਈ ਪੰਜ ਸਿੰਘਾਂ ਦੀ ਚੋਣ ਕੀਤੀ, ਜਿਨ੍ਹਾਂ ਵਿੱਚ ਗਿਆਨੀ ਜਸਵੰਤ ਸਿੰਘ ਜੀ ਭਗਤ, ਭਾਈ ਰਾਮ ਸਿੰਘ ਜੀ ਸੁਲਤਾਨਪੁਰੀ, ਭਾਈ ਬਖਸ਼ੀਸ਼ ਸਿੰਘ ਪੰਡਤ, ਗਿਆਨੀ ਜੋਗਿੰਦਰ ਸਿੰਘ ਅਤੇ ਭਾਈ ਜਰਨੈਲ ਸਿੰਘ ਅਭਿਆਸੀ। ਇਨ੍ਹਾਂ ਸਭਨਾਂ ਦੀ ਵੱਖ-ਵੱਖ ਸੂਬਿਆਂ ਵਿੱਚ ਧਰਮ ਪ੍ਰਚਾਰ ਕਰਨ ਲਈ ਡਿਊਟੀ ਲੱਗੀ ਅਤੇ ਤਿੰਨ ਮਹੀਨੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਕਿ ਆਪਾਂ ਸਭ ਨੇ ਮਾਘੀ ਦੇ ਪਵਿੱਤਰ ਦਿਹਾੜੇ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਇਕੱਤਰ ਹੋਣਾ ਹੈ ਅਤੇ ਉਦੋਂ ਤੱਕ ਸਭ ਨੇ ਆਪੋ-ਆਪਣੀ ਕਾਰਗੁਜ਼ਾਰੀ ਦੱਸਣੀ ਹੈ ਕਿ ਕਿੰਨੇ ਥਾਵਾਂ 'ਤੇ ਧਾਰਮਿਕ ਦੀਵਾਨ ਸਜਾਏ, ਕਿੰਨੀਆਂ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਆਦਿ। ਇਸ ਸਮੇਂ ਭਾਈ ਜਰਨੈਲ ਸਿੰਘ ਨੂੰ ਯੂ.ਪੀ. ਵਿੱਚ ਭੇਜਿਆ ਗਿਆ, ਭਾਈ ਰਾਮ ਸਿੰਘ ਰਾਗੀ ਵੀ ਨਾਲ ਸਨ, ਕਿਉਂਕਿ ਇਨ੍ਹਾਂ ਦਾ ਪਰਿਵਾਰ ਯੂ.ਪੀ. ਵਿੱਚ ਹੀ ਰਹਿੰਦਾ ਸੀ। ਪੰਜਾਂ ਪਿਆਰਿਆਂ ਦੀ ਸੇਵਾ ਨਿਭਾਉਣ ਲਈ ਉਨ੍ਹਾਂ ਨਾਲ ਭਾਈ ਸਵਰਨ ਸਿੰਘ, ਭਾਈ ਠਾਕੁਰ ਸਿੰਘ, ਭਾਈ ਦਲਬੀਰ ਸਿੰਘ, ਭਾਈ ਸੰਤੋਖ ਸਿੰਘ, ਭਾਈ ਗੁਰਸ਼ਰਨ ਸਿੰਘ, ਦਾਸ (ਜਸ਼ਵੀਰ ਸਿੰਘ) ਅਤੇ ਡਰਾਈਵਰ ਭਾਈ ਦਲੀਪ ਸਿੰਘ ਆਦਿ ਸਿੰਘ ਗਏ ਹੋਏ ਸਨ। ਇੱਕ ਦਿਨ ਰਾਤ ਦੇ ਦੀਵਾਨ ਸਜੇ ਹੋਏ ਸਨ ਅਤੇ ਕਥਾ ਕਰਦਿਆਂ ਬਿਜਲੀ ਬੰਦ ਹੋ ਗਈ। ਮੌਕੇ 'ਤੇ ਹੋਰ ਕੋਈ ਢੁੱਕਵਾਂ ਪ੍ਰਬੰਧ ਨਹੀਂ ਸੀ ਕੀਤਾ ਹੋਇਆ, ਪਰ ਭਾਈ ਜਰਨੈਲ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਰੁਮਾਲਾ ਪਾ ਦਿੱਤਾ ਅਤੇ ਉਸੇ ਤਰ੍ਹਾਂ ਹੀ ਕਥਾ ਨਿਰੰਤਰ ਜਾਰੀ ਰੱਖੀ ਅਤੇ ਸਾਰੇ ਹੁਕਮਨਾਮੇ ਦੀ ਕਥਾ ਵਿਆਖਿਆ ਜ਼ੁਬਾਨੀ ਹੀ ਕੀਤੀ। ਇਸ ਤੋਂ ਆਮ ਸੰਗਤ ਤੇ ਬਹੁਤ ਪ੍ਰਭਾਵ ਪਿਆ ਕਿ ਇਸ ਸਿੰਘ ਨੂੰ ਬਹੁਤ ਬਾਣੀ ਜ਼ੁਬਾਨੀ ਕੰਠ ਹੈ। ਖਾਸ ਕਰਕੇ ਸਰੋਤਿਆਂ ਵਿੱਚ ਇੱਕ ਤਾਰਾ ਚੰਦ ਨਾਂਅ ਦਾ ਗੈਰ ਸਿੱਖ ਵਿਅਕਤੀ ਵੀ ਮੌਜੂਦ ਸੀ, ਜੋ ਪ੍ਰਭਾਵ ਕਬੂਲੇ ਬਿਨਾਂ ਨਾ ਰਹਿ ਸਕਿਆ। ਕਥਾ ਉਪਰੰਤ ਉਸ ਨੇ ਪ੍ਰੇਮ ਨਾਲ ਭਾਈ ਜਰਨੈਲ ਸਿੰਘ ਨਾਲ ਕਈ ਬਚਨ ਸਾਂਝੇ ਕੀਤੇ ਅਤੇ ਕਈ ਸਵਾਲ ਪੁੱਛੇ ਅਤੇ ਲਗਾਤਾਰ ਚਾਰ ਦਿਨ ਦਾ ਦੀਵਾਨ ਸੁਣਨ ਆਉਂਦਾ ਰਿਹਾ। 5ਵੇਂ ਦਿਨ ਇੱਥੇ ਅੰਮ੍ਰਿਤ ਛਕਾਇਆ ਜਾਣਾ ਸੀ। ਇਸ ਲਈ ਅਖੀਰਲੇ ਦੀਵਾਨ ਵਿੱਚ ਭਾਈ ਜਰਨੈਲ ਸਿੰਘ ਨੇ ਕਥਾ ਕਰਦਿਆਂ ਹੀ ਅੰਮ੍ਰਿਤ ਦੀ ਮਹਿਮਾ ਬਾਰੇ ਵਿਆਖਿਆ ਕੀਤੀ ਅਤੇ ਅਖੀਰ ਤੇ ਇਹ ਵੀ ਕਿਹਾ ਕਿ ਭਾਈ ਤਾਰਾ ਚੰਦ ਕਈ ਦਿਨਾਂ ਤੋਂ ਸਤਿਗੁਰੂ ਦੀ ਅਨਮੋਲ ਕਥਾ ਸੁਣਨ ਵਾਸਤੇ ਆ ਰਿਹਾ ਹੈ। ਚੰਗਾ ਹੋਵੇ ਜੇਕਰ ਉਹ ਅੰਮ੍ਰਿਤਧਾਰੀ ਹੋ ਕੇ ਸਿੰਘ ਸਜ ਜਾਵੇ ਅਤੇ ਹੋਰ ਸਿੱਖ ਸੰਗਤਾਂ ਨੂੰ ਵੀ ਅੰਮ੍ਰਿਤ ਛਕਣ ਲਈ ਪ੍ਰੇਰਿਆ। ਇਹ ਦੀਵਾਨ ਲਖੀਮਪੁਰ ਵਿਖੇ ਚੱਲ ਰਹੇ ਸਨ। ਜਦ ਇੱਥੇ ਅਗਲੇ ਦਿਨ ਅੰਮ੍ਰਿਤ ਛਕਾਇਆ ਤਾਂ ਭਾਈ ਤਾਰਾ ਚੰਦ ਵੀ ਅੰਮ੍ਰਿਤਪਾਨ ਕਰਕੇ ਤਾਰਾ ਸਿੰਘ ਸਜ ਗਿਆ। ਇਸ ਤੋਂ ਸੰਗਤਾਂ ਨੂੰ ਬਹੁਤ ਖੁਸ਼ੀ ਵੀ ਹੋਈ ਅਤੇ ਹੈਰਾਨੀ ਵੀ। ਅੰਮ੍ਰਿਤ ਛਕਣ ਉਪਰੰਤ ਜਦੋਂ ਇਹੀ ਭਾਈ ਤਾਰਾ ਸਿੰਘ ਭਾਈ ਜਰਨੈਲ ਸਿੰਘ ਨੂੰ ਫ਼ਤਹਿ ਬੁਲਾਉਣ ਆਇਆ ਤਾਂ ਉਨ੍ਹਾਂ ਆਖਿਆ ਕਿ ਭਾਈ ਤਾਰਾ ਸਿੰਘ ਜੀ ਤੁਹਾਨੂੰ ਬਹੁਤ ਵਧਾਈਆਂ ਕਿ ਤੁਸੀਂ ਕਲਗੀਧਰ ਪਾਤਸ਼ਾਹ ਦੇ ਪੁੱਤਰ ਸਜ ਗਏ ਹੋ। ਇਹ ਵੀ ਕੋਈ ਪਿਛਲਾ ਸਬੰਧ ਹੁੰਦਾ ਹੈ। ਹੋ ਸਕਦਾ ਹੈ ਕਿ ਆਪਾਂ ਪਹਿਲਾਂ ਵੀ ਇੱਕ ਦੂਜੇ ਨੂੰ ਜਾਣਦੇ ਹੋਈਏ। ਇਸ ਉਪਰੰਤ ਭਾਈ ਤਾਰਾ ਸਿੰਘ ਸਾਰੀ ਉਮਰ ਅੰਮ੍ਰਿਤਧਾਰੀ ਰਿਹਾ ਅਤੇ ਭਿੰਡਰਾਂ ਵਾਲੇ ਜੱਥੇ ਨਾਲ ਪੂਰਾ ਮੇਲ ਮਿਲਾਪ ਰੱਖਿਆ। ਇਸ ਤਰ੍ਹਾਂ ਤਿੰਨ ਮਹੀਨੇ ਦਾ ਸਮਾਂ ਲਗਾ ਕੇ ਵੱਖ-ਵੱਖ ਥਾਈਂ ਕਥਾ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਉਂਦੇ ਮਾਘੀ ਦੇ ਦਿਹਾੜੇ ਤੇ ਅਸੀਂ ਸਾਰੇ ਸ੍ਰੀ ਮੁਕਤਸਰ ਸਾਹਿਬ ਪਹੁੰਚ ਗਏ।

ਇੱਥੇ ਦਾਦੂਮੀ ਟਕਸਾਲ ਦੇ ਮੁਖੀ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਜੱਥੇ ਸਮੇਤ ਪਹੁੰਚੇ ਹੋਏ ਸਨ ਅਤੇ ਬਾਕੀ ਸੂਬਿਆਂ ਵਿੱਚ ਭੇਜੇ ਗਏ ਜੱਥੇ ਵੀ ਇੱਥੇ ਪਹੁੰਚ ਚੁੱਕੇ ਸਨ। ਸਭ ਦੀ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਜੀ ਨੇ ਵੱਖ-ਵੱਖਰੀ ਜਾਣਕਾਰੀ ਹਾਸਲ ਕੀਤੀ। ਇਸੇ ਦੌਰਾਨ ਯੂ.ਪੀ. ਦੀਆਂ ਕੁੱਝ ਸੰਗਤਾਂ ਨੇ ਮੰਗ ਕੀਤੀ ਕਿ

Scanned with CamScanner

ਭਾਈ ਜਰਨੈਲ ਸਿੰਘ ਨੂੰ ਪੱਕੇ ਤੌਰ 'ਤੇ ਯੂ.ਪੀ. ਦੀਆਂ ਸੰਗਤਾਂ ਲਈ ਸਾਨੂੰ ਦੇ ਦਿੱਤਾ ਜਾਵੇ ਤਾਂ ਕਿ ਅਸੀਂ ਸਾਰੀ ਯੂ.ਪੀ. ਵਿੱਚ ਪ੍ਰਚਾਰ ਕਰ ਸਕੀਏ। ਸ਼ਾਮ ਦੇ ਦੀਵਾਨ ਦੀ ਕਥਾ ਕਰਦਿਆਂ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਵੱਖ-ਵੱਖ ਜੱਥਿਆਂ ਵੱਲੋਂ ਵੱਖ-ਵੱਖ ਸੂਬਿਆਂ ਵਿੱਚ ਧਰਮ ਪ੍ਰਚਾਰ ਕਰਕੇ ਵਾਪਸ ਦਿੱਲੀ ਪਹੁੰਚਣ 'ਤੇ ਸਭ ਨੂੰ ਵਧਾਈ ਦਿੱਤੀ ਕਿ ਤੁਸੀਂ ਵੱਖ-ਵੱਖ ਥਾਵਾਂ 'ਤੇ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਕਰਕੇ ਵਾਪਸ ਪਰਤੇ ਹੋ, ਨਾਲ ਹੀ ਉਨ੍ਹਾਂ ਯੂ.ਪੀ. ਦੀ ਸੰਗਤ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਤੁਸੀਂ ਭਾਈ ਜਰਨੈਲ ਸਿੰਘ ਦੀ ਸਾਡੇ ਤੋਂ ਪੱਕੇ ਤੌਰ ਤੇ ਮੰਗ ਕਰਦੇ ਹੋ ਅਸੀਂ ਇਸ ਸਿੰਘ ਨੂੰ ਪੱਕੇ ਤੌਰ ਤੇ ਜੱਥੇ ਵਿੱਚੋਂ ਨਹੀਂ ਭੇਜ ਸਕਦੇ, ਕਿਉਂਕਿ ਇਸ ਨੇ ਹੋਰ ਵੀ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹਨ। ਤੁਹਾਨੂੰ ਪ੍ਰਚਾਰ ਲਈ ਕੋਈ ਹੋਰ ਗਿਆਨੀ ਸਿੰਘ ਦੇ ਦੇਵਾਂਗੇ। ਸੰਤਾ ਦੇ ਉਪਰੋਕਤ ਬਚਨ ਸੁਣ ਕੇ ਵੀ ਜੱਥੇ ਦੇ ਸਿੰਘਾਂ ਵਿੱਚ ਭਾਈ ਜਰਨੈਲ ਸਿੰਘ ਪ੍ਰਤੀ ਪ੍ਰੇਮ ਭਾਵਨਾ ਵੱਧ ਗਈ ਅਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਕਹਿਣ ਮੁਤਾਬਿਕ ਜੋ ਸੇਵਾਵਾਂ ਬਾਅਦ ਵਿੱਚ ਭਾਈ ਜਰਨੈਲ ਸਿੰਘ ਅਭਿਆਸੀ ਨੇ ਨਿਭਾਈਆਂ ਬਲਕਿ ਸੰਤ ਜਰਨੈਲ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਬਣਨ ਉਪਰੰਤ ਸੇਵਾ ਕੀਤੀ। ਉਸ ਸੇਵਾ ਨੂੰ ਸਮੁੱਚਾ ਸਿੱਖ ਜਗਤ ਭਲੀ ਪ੍ਰਕਾਰ ਜਾਣਦਾ ਹੈ। ਅਸਲ ਵਿੱਚ ਇਹ ਸੰਤ ਕਰਤਾਰ ਸਿੰਘ ਖ਼ਾਲਸਾ ਦੇ ਕਹੇ ਹੋਏ ਬਚਨ ਹੀ ਪੂਰੇ ਹੋਏ ਹਨ।

ਸੰਤ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਭਾਈ ਅਭਿਆਸੀ ਨੂੰ ਵੱਡੀ ਸੇਵਾ ਸੌਂਪਣ ਦਾ ਸੰਕੇਤ

ਹਰ ਸਾਲ ਦੀ ਤਰ੍ਹਾਂ ਜੱਥੇ ਦਾ ਪ੍ਰੋਗਰਾਮ ਪੰਜਾਬ ਤੋਂ ਬਾਹਰ ਦਾ ਬਣਿਆ ਜਿਸ ਦੌਰਾਨ ਪਟਨਾ ਸਾਹਿਬ, ਹਜ਼ੂਰ ਸਾਹਿਬ, ਬੰਬੇ, ਕਲੱਕਤਾ, ਭਲਾਈ ਨਗਰ, ਯੂ. ਪੀ., ਰਾਜਸਥਾਨ ਆਦਿ ਥਾਵਾਂ 'ਤੇ ਜਾਣਾ ਸੀ। ਅਜਿਹੇ ਸਮੇਂ ਸੰਤਾਂ ਵੱਲੋਂ ਜੱਥੇ ਦੇ ਜ਼ਿੰਮੇਵਾਰ ਸਿੰਘਾਂ ਦੀਆਂ ਵਿਸ਼ੇਸ਼ ਡਿਊਟੀਆਂ ਲਾਈਆਂ ਜਾਂਦੀਆਂ ਸਨ। ਜੱਥੇ ਦੇ ਤੁਰਨ ਵੇਲੇ ਸੰਤਾਂ ਨੇ ਬਾਬਾ ਠਾਕੁਰ ਸਿੰਘ ਨੂੰ ਕਿਹਾ ਕਿ ਸਾਨੂੰ ਲਗਭਗ ਤਿੰਨ ਮਹੀਨੇ ਦਾ ਸਮਾਂ ਲੱਗੇਗਾ। ਇਸ ਦੌਰਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਸਮੁੱਚੀ ਜ਼ਿੰਮੇਵਾਰੀ ਨਿਭਾਉਣੀ ਜੋ ਉਸਾਰੀ ਦੀਆਂ ਸੇਵਾਵਾਂ ਚੱਲਦੀਆਂ ਹਨ ਉਸ ਵੱਲ ਖਾਸ ਖਿਆਲ ਰੱਖਣਾ ਅਤੇ ਸਮੁੱਚੇ ਇਲਾਕੇ ਵਿੱਚ ਪ੍ਰਚਾਰ ਸਰਗਰਮੀ ਵੀ ਜਾਰੀ ਰੱਖਣੀ। ਇਸੇ ਤਰ੍ਹਾਂ ਭਾਈ ਰਣਬੀਰ ਸਿੰਘ ਫੌਜੀ ਦੀ ਡਿਊਟੀ ਲਗਾਈ ਕਿ ਗੁਰਦੁਆਰਾ ਸਾਹਿਬ ਅੰਦਰ ਉਸਾਰੀ ਲਈ ਲੱਗੇ ਮਿਸਤਰੀ, ਸੇਵਾਦਾਰ, ਸੀਮਿੰਟ, ਬੱਜਰੀ ਆਦਿ ਦਾ ਧਿਆਨ ਰੱਖਣ। ਬਾਪੂ ਜਗੀਰ ਸਿੰਘ ਕਠਾਰੀ ਦੀ ਡਿਊਟੀ ਲਗਾਈ ਕਿ ਬਾਬਾ ਠਾਕੁਰ ਸਿੰਘ ਜੀ ਸਾਡੇ ਨਾਲ ਜਾਣਗੇ, ਤੁਸੀਂ ਇੱਥੇ ਸਮੁੱਚੇ ਲੰਗਰ ਦਾ ਪ੍ਰਬੰਧ ਸੰਭਾਲਣਾ ਹੈ। ਗਿਆਨੀ ਜੋਗਿੰਦਰ ਸਿੰਘ ਨੂੰ ਕਿਹਾ ਕਿ ਤੁਸੀਂ ਸਵੇਰੇ-ਸ਼ਾਮ ਗੁਰਦੁਆਰਾ ਸਾਹਿਬ ਵਿੱਚ ਕਥਾ ਦੀ ਡਿਊਟੀ ਨਿਭਾਉਣੀ ਅਤੇ ਇੱਥੇ ਰਹਿਣ ਵਾਲੇ ਸਿੰਘਾਂ ਨੂੰ ਗੁਰਬਾਣੀ ਦੀ ਸੰਥਿਆ ਕਰਵਾਉਣੀ ਹੈ। ਇਸੇ ਤਰ੍ਹਾਂ ਅਖੰਡ ਪਾਠੀ, ਪਹਿਰੇਦਾਰ ਅਤੇ ਅੰਮ੍ਰਿਤ ਸੰਚਾਰ ਕਰਨ ਵਾਲੇ ਸਿੰਘਾਂ ਨੂੰ ਵੀ ਪੂਰੀ ਸਾਵਧਾਨਤਾ ਦੇ ਨਾਲ ਸੇਵਾ ਕਰਨ ਲਈ ਕਿਹਾ। ਇਸੇ ਦੌਰਾਨ ਗਿਆਨੀ ਜੋਗਿੰਦਰ ਸਿੰਘ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਭਾਈ ਜਰਨੈਲ ਸਿੰਘ ਅਭਿਆਸੀ ਨੇ ਵੀ ਇੱਥੇ ਹੀ ਰਹਿਣਾ ਹੈ। ਇਸ ਲਈ ਇਨ੍ਹਾਂ ਨੂੰ ਵੀ ਕੋਈ ਜ਼ਿੰਮੇਵਾਰੀ ਸੰਭਾਲੋ। ਸੰਤਾਂ ਨੇ ਭਾਈ ਜਰਨੈਲ ਸਿੰਘ ਨੂੰ ਆਪਣੇ ਕੋਲ ਸੱਦਿਆ, ਉਨ੍ਹਾਂ ਦੇ ਮੋਢੇ 'ਤੇ ਹੱਥ ਰੱਖ ਕੇ ਗਿਆਨੀ ਜੋਗਿੰਦਰ ਸਿੰਘ ਨੂੰ ਕਹਿਣ ਲੱਗੇ, "ਗਿਆਨੀ ਜੀ ਹੁਣ ਸਾਰੀਆਂ ਡਿਊਟੀਆਂ ਲੱਗ ਚੁੱਕੀਆਂ ਹਨ। ਇਨ੍ਹਾਂ ਨੂੰ ਕੋਈ ਵੱਡੀ ਸੇਵਾ ਦੇਵਾਂਗੇ।" ਇਹ ਬਚਨ ਕਹਿ ਕੇ ਸੰਤ ਜੀ ਜੱਥੇ ਸਮੇਤ ਭਾਰਤ ਭਰ ਦੀ ਪ੍ਰਚਾਰ ਫੇਰੀ 'ਤੇ ਰਵਾਨਾ ਹੋ ਗਏ। ਪਰ ਸੰਤਾਂ ਦੇ ਕਹੇ ਹੋਏ ਬਚਨ ਕਾਫੀ ਦਿਨ ਜੱਥੇ ਦੇ ਸਿੰਘਾਂ ਵਿੱਚ ਚਰਚਾ ਦਾ ਵਿਸ਼ਾ ਬਣੇ ਰਹੇ। ਜਦੋਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਤੋਂ ਬਾਅਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਦਮਦਮੀ ਟਕਸਾਲ ਦੇ ਮੁਖੀ ਬਣੇ ਤਾਂ ਉਸ ਸਮੇਂ ਸੰਤਾਂ ਵੱਲੋਂ ਕਹੇ ਬਚਨ ਦਾ ਪੂਰਾ ਭੇਦ ਪਤਾ ਲੱਗ ਸਕਿਆ ਕਿ ਜੋ ਸੰਤਾਂ ਨੇ ਕਿਹਾ ਸੀ ਕਿ ਇਨ੍ਹਾਂ ਦੀ 'ਵੱਡੀ ਸੇਵਾ' ਲਾਵਾਂਗੇ ਉਹ ਆਹੀ ਸੇਵਾ ਹੈ ਜੋ ਜਥੇਬੰਦੀ ਦੇ ਮੁਖੀ ਦੇ ਤੌਰ 'ਤੇ ਨਿਭਾ ਰਹੇ ਹਨ।

Scanned with CamScanner

ਸੰਤਾਂ ਵੱਲੋਂ ਭਾਈ ਅਭਿਆਸੀ ਨੂੰ ਭਾਈ ਤਰਲੋਚਨ ਸਿੰਘ ਧੁੰਮਾ ਨਾਲ ਮਿਲਾਉਣਾ

ਵਿਸਾਖੀ 1977 ਤੋਂ ਬਾਅਦ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਜੱਥੇ ਸਮੇਤ ਪਟਿਆਲਾ ਗੁਰਦੁਆਰਾ ਸ੍ਰੀ ਦੁਖ ਨਿਵਾਰਨ ਵਿਖੇ 7 ਦਿਨ ਦਾ ਕਥਾ ਕਰਨ ਦਾ ਪ੍ਰੋਗਰਾਮ ਸੀ। ਚੱਲ ਰਹੇ ਪ੍ਰੋਗਰਾਮ ਮੁਤਾਬਕ ਗੁਰਦੁਆਰਾ ਦੁਖ ਨਿਵਾਰਨ ਪਾਤਸ਼ਾਹੀ ਨੌਵੀਂ ਵਿਖੇ ਸਵੇਰ ਵੇਲੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚੱਲ ਰਹੀ ਲੜੀਵਾਰ ਕਥਾ ਅਤੇ ਸ਼ਾਮ ਵੇਲੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਗੁਰਇਤਿਹਾਸ ਦੀ ਕਥਾ ਹੋਇਆ ਕਰਦੀ ਸੀ। ਸੰਗਤਾਂ ਬੜੀ ਸ਼ਰਧਾ ਭਾਵਨਾ ਨਾਲ ਵੱਡੀ ਗਿਣਤੀ ਵਿੱਚ ਦੋਵੇਂ ਸਮੇਂ ਹਾਜ਼ਰੀ ਭਰਦੀਆਂ। ਇਸ ਦੇ ਨਾਲ ਹੀ ਸੰਗਤਾਂ ਦੀ ਮੰਗ ਤੇ ਇਲਾਕੇ ਵਿੱਚ ਦਿਨ ਵੇਲੇ ਕੁੱਝ ਪ੍ਰੋਗਰਾਮ ਹੋਰ ਰੱਖ ਲਏ ਜਾਂਦੇ ਸਨ। ਸੰਤਾਂ ਦੇ ਮਨ ਵਿੱਚ ਡੀਖਰ ਇੱਛਾ ਸੀ ਕਿ ਜਿੰਨਾ ਵੀ ਵੱਧ ਤੋਂ ਵੱਧ ਗੁਰਸਿੱਖੀ ਦਾ ਪ੍ਰਚਾਰ ਹੋ ਸਕੇ ਅਤੇ ਵੱਧ ਤੋਂ ਵੱਧ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਪੈਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾਇਆ ਜਾ ਸਕੇ, ਓਨਾ ਹੀ ਚੰਗਾ ਹੈ। ਇਸ ਲਈ ਨੇੜੇ ਦੇ ਇਲਾਕੇ ਵਿੱਚ ਕਈ ਥਾਵਾਂ 'ਤੇ ਕਥਾ ਦੇ ਪ੍ਰੋਗਰਾਮ ਬਣਾਏ ਜਾਂਦੇ ਸਨ। ਚੰਡੀਗੜ੍ਹ ਨੇੜੇ ਕਸਬਾ ਸੂਰਜਪੁਰ ਵਿਖੇ ਇੱਕ ਸੀਮੈਂਟ ਦੀ ਫੈਕਟਰੀ ਹੈ, ਜਿਸ ਵਿੱਚ ਬਹੁਤ ਸਾਰੇ ਅਧਿਕਾਰੀ ਅਤੇ ਵਰਕਰ ਗੁਰਸਿੱਖ ਹਨ ਉਨ੍ਹਾਂ ਵਿੱਚੋਂ ਜ਼ਿੰਮੇਵਾਰ ਗੁਰਸਿੱਖਾਂ ਨੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਪਹੁੰਚ ਕੇ ਕਥਾ ਸੁਣੀ। ਕਥਾ ਉਪਰੰਤ ਸੰਤਾਂ ਨੂੰ ਬੇਨਤੀ ਕੀਤੀ ਕਿ ਸਾਡੀ ਫੈਕਟਰੀ ਵਿੱਚ ਵੱਡੀ ਗਿਣਤੀ ਵਿੱਚ ਗੁਰਸਿੱਖ ਹਨ। ਇਸ ਲਈ ਜੇ ਉੱਥੇ ਇੱਕ ਦਿਨ ਦੇ ਦੀਵਾਨ ਦੀ ਆਗਿਆ ਦੇ ਦਿਉ ਤਾਂ ਫੈਕਟਰੀ ਵਿੱਚ ਕੰਮ ਕਰਨ ਵਾਲੇ ਗੁਰਸਿੱਖ ਬਹੁਤ ਪ੍ਰਸੰਨ ਹੋਣਗੇ, ਕਿਉਂਕਿ ਉਹ ਆਪਣੀਆਂ ਡਿਊਟੀਆਂ ਛੱਡ ਕੇ ਇੰਨੀ ਦੂਰ ਕਥਾ ਸੁਣਨ ਨਹੀਂ ਆ ਸਕਦੇ ਅਤੇ ਨਾ ਹੀ ਹਰ ਇੱਕ ਵਰਕਰ ਕੋਲ ਆਪਣੀ ਕਾਰ ਆਉਣ ਲਈ ਸਾਧਨ ਹਨ। ਉਨ੍ਹਾਂ ਦੀ ਬੇਨਤੀ ਸੁਣ ਕੇ ਸੰਤਾਂ ਨੇ ਕਥਾ ਦਾ ਪ੍ਰੋਗਰਾਮ ਦੇ ਦਿੱਤਾ। 12 ਵਜੇ ਤੋਂ 2 ਵਜੇ ਤੱਕ ਕੀਰਤਨ ਅਤੇ ਕਥਾ ਦਾ ਪ੍ਰੋਗਰਾਮ ਦਿੱਤਾ ਗਿਆ। ਜਦੋਂ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਗੁਰਦੁਆਰਾ ਦੁਖ ਨਿਵਾਰਨ ਤੋਂ ਸੂਰਜਪੁਰ ਸੀਮੈਂਟ ਫੈਕਟਰੀ ਨੂੰ ਚੱਲਣ ਲਈ ਬੱਸਾਂ ਵਿੱਚ ਸਵਾਰ ਹੋਏ ਤਾਂ ਉਨ੍ਹਾਂ ਨੇ ਪੀ.ਏ ਭਾਈ ਗੁਰਪਾਲ ਸਿੰਘ ਨੂੰ ਕਿਹਾ ਕਿ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਜਿਸ ਕਾਰਜ ਲਈ ਭੇਜਿਆ ਹੈ, ਉਸ ਨੇ ਅੱਜ ਵਾਪਸ ਇੱਥੇ ਆਉਣਾ ਹੈ, ਬਲਕਿ ਹੁਣ ਤੱਕ ਉਸ ਨੂੰ ਪਹੁੰਚ ਜਾਣਾ ਚਾਹੀਦਾ ਸੀ, ਪਰ ਕਿਸੇ ਕਾਰਨ ਲੇਟ ਹੋ ਗਿਆ ਹੈ। ਇਸ ਲਈ ਇੱਥੇ ਕਿਸੇ ਜ਼ਿੰਮੇਵਾਰ ਸਿੰਘ ਦੀ ਡਿਊਟੀ ਲਗਾਓ ਕਿ ਜਦੋਂ ਵੀ ਭਾਈ ਜਰਨੈਲ ਸਿੰਘ ਅਭਿਆਸੀ ਇੱਥੇ ਪਹੁੰਚੇ ਤਾਂ ਉਸ ਨੂੰ ਦੱਸ ਦਿਉ ਕਿ ਕਥਾ ਵਾਲੀ ਥਾਂ 'ਤੇ ਪਹੁੰਚ ਜਾਣ। ਇੰਨਾ ਕਹਿ ਕੇ ਸਿੰਘਾਂ ਨੇ ਜੈਕਾਰੇ ਛੱਡੇ ਅਤੇ ਬੱਸਾਂ ਚੱਲ ਪਈਆਂ। ਰਸਤੇ ਵਿੱਚ ਜਾਂਦਿਆਂ ਜਦੋਂ ਸੰਤਾਂ ਦੀ ਬੱਸ ਰਾਜਪੁਰਾ ਵਿਖੇ ਬਾਬੇ ਵਾਲਾ ਮੋੜ 'ਤੇ ਪਹੁੰਚੀ ਜਿਸ ਨੂੰ ਅੱਜ-ਕੱਲ੍ਹ ਗਗਨ ਚੌਂਕ ਕਹਿੰਦੇ ਹਨ। ਇਸ ਚੌਂਕ ਵਿੱਚ ਸੰਤਾਂ ਨੇ ਬੱਸ ਰੋਕੀ। ਬਾਹਰ ਵੇਖਿਆ ਤਾਂ ਇੱਕ ਅੰਮ੍ਰਿਤਧਾਰੀ ਸਿੰਘ ਖੜ੍ਹਾ ਸੀ। ਸੰਤਾਂ ਨੇ ਉਸ ਨੂੰ ਆਵਾਜ਼ ਮਾਰੀ, "ਭਾਈ ਸਿੰਘਾ! ਗੱਲ ਸੁਣ"। ਸਿੰਘ ਦੌੜ ਕੇ ਆਇਆ ਅਤੇ ਹੱਥ ਜੋੜ ਕੇ ਕਿਹਾ ਕਿ ਜੀ, ਹੁਕਮ ਕਰੋ। ਸੰਤਾਂ ਨੇ ਉਸ ਨੂੰ ਕਿਹਾ ਕਿ ਅਸੀਂ ਸੂਰਜਪੁਰ ਸੀਮੈਂਟ ਫੈਕਟਰੀ ਵਿਖੇ ਕਥਾ ਕਰਨ ਜਾਣਾ ਹੈ। ਸਾਡੇ ਪਿੱਛੇ ਫੀਅਟ ਕਾਰ ਵਿੱਚ ਦੋ ਤਿੰਨ ਸਿੰਘ ਆ ਰਹੇ ਹਨ। ਤੁਸੀਂ ਇੱਥੇ ਚੌਂਕ ਵਿੱਚ ਖੜ੍ਹੇ ਰਹਿਣਾ ਅਤੇ ਸਿੰਘਾਂ ਦੀ ਗੱਡੀ ਪਛਾਣ ਕੇ ਰੋਕ ਲੈਣਾ। ਅੰਮ੍ਰਿਤਧਾਰੀ ਸਿੰਘ ਵੇਖ ਕੇ ਉਹ ਆਪੇ ਹੀ ਰੁਕ ਜਾਣਗੇ। ਤੁਸੀਂ ਉਨ੍ਹਾਂ ਨੂੰ ਪੁੱਛ ਲਇਉ ਕਿ ਤੁਸੀਂ ਰੱਡਿਆਂ ਵਾਲੇ ਸਿੰਘ ਹੋ? ਜਦੋਂ ਉਹ ਤੁਹਾਨੂੰ ਮਿਲ ਪੈਣ ਤਾਂ ਤੁਸੀਂ ਉਨ੍ਹਾਂ ਨੂੰ ਦੱਸ ਦੇਣਾ ਕਿ ਉਹ ਵਾਪਸ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਚਲੇ ਜਾਣ ਕਿਉਂਕਿ ਜਦੋਂ ਤੱਕ ਉਹ ਸਾਨੂੰ ਲੱਭਣਗੇ ਉਦੋਂ ਤੱਕ ਕਥਾ ਦੀ ਸਮਾਪਤੀ ਹੋ ਜਾਵੇਗੀ ਅਤੇ ਐਵੇਂ ਹੀ ਉਨ੍ਹਾਂ ਨੂੰ ਖੱਜਲ ਹੋਵੇਗੀ। ਤੂੰ ਇਹ ਸੇਵਾ ਕਰ ਸਕਦਾ ਹੈਂ? ਤਾਂ ਸਿੰਘ ਨੇ ਕਿਹਾ ਕਿ ਸ਼ਤਿਬਚਨ ਜੀ, ਲੱਗਭੱਗ ਇੱਕ ਘੰਟੇ ਬਾਅਦ ਫੀਅਟ ਕਾਰ ਆਈ ਤਾਂ ਗੱਲ ਦਸਤਾਰਾਂ ਵਾਲੇ ਸਿੰਘ ਵੇਖ ਕੇ ਇਸ ਸਿੰਘ ਨੇ ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ। ਅੰਮ੍ਰਿਤਧਾਰੀ ਸਿੰਘ ਜਾਣ ਕੇ ਉਨ੍ਹਾਂ ਸਿੰਘਾਂ ਨੇ ਆਪਣੀ ਗੱਡੀ ਰੋਕ ਲਈ। ਫਤਹਿ ਬੁਲਾਈ ਅਤੇ ਪੁੱਛਿਆ ਕਿ ਦੱਸੋ ਭਾਈ ਕੀ ਕਹਿਣਾ ਹੈ? ਤਾਂ ਸਿੰਘ ਨੇ ਪੁੱਛਿਆ ਕੀ ਤੁਸੀਂ ਰੱਡਿਆਂ ਵਾਲੇ ਸਿੰਘ ਹੋ? ਉਨ੍ਹਾਂ ਕਿਹਾ ਹਾਂ ਜੀ। ਤਾਂ ਉਸ ਸਿੰਘ ਨੇ ਕਿਹਾ ਕਿ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜਥੇ ਸਮੇਤ ਇੱਥੇ ਦੀ ਲੰਘੇ ਹਨ ਅਤੇ ਮੇਰੀ ਡਿਊਟੀ ਲਗਾ ਕੇ ਗਏ ਹਨ ਕਿ ਮੈਂ

Scanned with CamScanner

ਤੁਹਾਨੂੰ ਮਿਲਾਂ ਅਤੇ ਉਨ੍ਹਾਂ ਦਾ ਸੁਨੇਹਾ ਤੁਹਾਨੂੰ ਦੇ ਦੇਵਾਂ ਕਿ ਤੁਸੀਂ ਇੱਥੋਂ ਹੀ ਵਾਪਸ ਪਟਿਆਲੇ ਚਲੇ ਜਾਉ ਅਤੇ ਸੰਤਾਂ ਨੇ ਵੀ ਕਥਾ ਕਰਨ ਉਪਰੰਤ ਪਟਿਆਲੇ ਆ ਜਾਣਾ ਹੈ ਤਾਂ ਭਾਈ ਜਰਨੈਲ ਸਿੰਘ ਅਭਿਆਸੀ ਹੁਰਾਂ ਨੇ ਕਿਹਾ ਕਿ ਠੀਕ ਹੈ। ਦੁਬਾਰਾ ਗੱਡੀ ਵਿੱਚ ਬੈਠਣ ਹੀ ਲੱਗੇ ਸਨ ਤਾਂ ਉਸ ਸਿੰਘ ਨੇ ਕਿਹਾ ਕਿ ਮੈਂ ਤੁਹਾਡੀ ਸੇਵਾ ਲਈ ਥੋੜ੍ਹੇ ਜਿਹੇ ਫਲ ਲਏ ਹਨ, ਇਹ ਆਪ ਜੀ ਛਕ ਲਵੋ। ਉਸ ਕੋਲ ਸਿਰਫ ਪੰਜ ਰੁਪਏ ਸਨ, ਜਿਸ ਵਿੱਚੋਂ ਤਿੰਨ ਰੁਪਏ ਦੇ ਅੰਗੂਰ ਅਤੇ ਦੋ ਰੁਪਏ ਦੇ ਕੇਲੇ ਖਰੀਦ ਲਏ ਸਨ (ਉਨ੍ਹਾਂ ਸਮਿਆਂ ਵਿੱਚ ਫਲਾਂ ਦੇ ਭਾਅ ਬਹੁਤ ਸਸਤੇ ਸਨ, ਇੱਕ ਰੁਪਏ ਦੇ ਦਰਜਨ ਕੇਲੇ ਅਤੇ ਦੋ ਰੁਪਏ ਕਿੱਲੋ ਅੰਗੂਰ ਮਿਲ ਜਾਂਦੇ ਸਨ)। ਜਦੋਂ ਇਹ ਫਲ ਉਨ੍ਹਾਂ ਸਿੰਘਾਂ ਨੂੰ ਦੇਣੇ ਚਾਹੇ ਤਾਂ ਉਨ੍ਹਾਂ ਬਹੁਤ ਕਿਹਾ ਕਿ ਭਾਈ, ਤੂੰ ਇਹ ਖੇਚਲ ਕਿਉਂ ਕੀਤੀ ਹੈ? ਇਸ ਦੀ ਲੋੜ ਨਹੀਂ ਸੀ, ਤੂੰ ਤਾਂ ਪਹਿਲਾਂ ਹੀ ਬਹੁਤ ਦੇਰ ਤੋਂ ਆਪਣਾ ਕੰਮ ਛੱਡ ਕੇ ਇੱਥੇ ਖੜ੍ਹਾ ਹੈਂ? ਸਿੰਘ ਨੇ ਕਿਹਾ ਕਿ ਕੋਈ ਖੇਚਲ ਵਾਲੀ ਗੱਲ ਨਹੀਂ, ਤੁਸੀਂ ਇਹ ਜ਼ਰੂਰ ਛਕ ਲਵੋ, ਫਿਰ ਫਲ ਪੇਤੇ ਅਤੇ ਜਲ ਵੀ ਛਕਿਆ। ਕੁੱਝ ਫਲ ਉਸ ਸਿੰਘ ਨੂੰ ਪਹਿਲਾਂ ਦਿੱਤੇ ਕਿ ਲੈ ਭਾਈ ਪਹਿਲਾਂ ਤੂੰ ਛਕ। ਉਸ ਨੇ ਦੋਵੇਂ ਹੱਥ ਕਰਕੇ ਪ੍ਰਸ਼ਾਦ ਰੂਪ ਦੇ ਵਿੱਚ ਇਹ ਫਲ ਪ੍ਰਾਪਤ ਕਰ ਲਏ। ਫਿਰ ਪੁੱਛਿਆ ਭਾਈ ਸਿੰਘਾ ਤੇਰਾ ਨਾਂਅ ਕੀ ਹੈ? ਤਾਂ ਉਸ ਨੇ ਦੱਸਿਆ ਕਿ ਮੇਰਾ ਨਾਂਅ ਤਰਲੋਚਨ ਸਿੰਘ ਹੈ। ਜਦੋਂ ਸੰਤ ਗੁਰਦੁਆਰਾ ਨਾਭਾ ਸਾਹਿਬ ਪ੍ਰੋਗਰਮ ਕਰਦੇ ਹਨ ਤਾਂ ਅਸੀਂ ਸਾਰਾ ਪਰਿਵਾਰ ਉੱਥੇ ਹਰ ਰੋਜ਼ ਕਥਾ ਸੁਣਨ ਜਾਂਦੇ ਹਾਂ। ਇਸ ਤੋਂ ਉਪਰੰਤ ਇਹ ਸਿੰਘ ਵਾਪਸ ਪਟਿਆਲੇ ਨੂੰ ਚੱਲ ਪਏ ਅਤੇ ਭਾਈ ਤਰਲੋਚਨ ਸਿੰਘ ਉੱਥੇ ਬਾਬੇ ਵਾਲਾ ਮੋੜ ਗਗਨ ਚੌਂਕ ਤੇ ਹੀ ਖੜ੍ਹੇ ਰਹੇ।

ਕਾਫੀ ਸਮੇਂ ਬਾਅਦ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਵਾਪਸ ਆਏ ਡਰਾਈਵਰ ਨੇ ਬੱਸ ਰੋਕੀ ਅਤੇ ਉਹ ਬੱਸ ਵਿੱਚ ਚੜ੍ਹ ਗਿਆ। ਸੰਤਾਂ ਨੇ ਪੁੱਛਿਆ, "ਭਾਈ ਸਿੰਘਾ, ਸਿੰਘ ਮਿਲ ਗਏ ਸਨ?" ਉਸ ਨੇ ਕਿਹਾ ਜੀ ਮਿਲ ਗਏ ਸਨ ਅਤੇ ਮੈਂ ਆਪ ਜੀ ਦਾ ਸੁਨੇਹਾ ਉਨ੍ਹਾਂ ਨੂੰ ਦੇ ਦਿੱਤਾ ਹੈ। ਸੰਤਾਂ ਨੇ ਆਪਣੇ ਕੋਲੋਂ ਇੱਕ ਸੌਤਰਾ ਪ੍ਰਸ਼ਾਦ ਵਜੋਂ ਦਿੱਤਾ ਅਤੇ ਕਿਹਾ ਕਿ ਭਾਈ ਅਸੀਂ ਬਹੁਤ ਜਲਦੀ ਵਿੱਚ ਹਾਂ ਤੁਹਾਨੂੰ ਬਹੁਤ ਖੇਚਲ ਦਿੱਤੀ, ਗੁਰੂ ਸਾਹਿਬ ਤੇਰਾ ਭਲਾ ਕਰਨ। ਇੰਨਾ ਕਹਿ ਕੇ ਸੰਤ ਜੀ ਚਲੇ ਗਏ।

ਭਾਈ ਤਰਲੋਚਨ ਸਿੰਘ ਮਨ ਹੀ ਮਨ ਵਿੱਚ ਸੋਚਾਂ ਸੋਚਦਾ ਹੈ ਕਿ ਮੈਂ ਗਰੀਬ ਸਿੱਖ ਹਾਂ ਅਤੇ ਬਹੁਤ ਸਾਰੇ ਪਰਿਵਾਰਕ ਝਮੇਲਿਆਂ ਨੇ ਮੈਨੂੰ ਬੁਰੀ ਤਰ੍ਹਾਂ ਘੇਰਿਆ ਹੋਇਆ ਹੈ। ਭਰਾ ਅਤੇ ਭਤੀਜਿਆਂ ਨਾਲ ਜ਼ਮੀਨ ਦੇ ਚਾਰ ਕੇਸ ਪਟਿਆਲਾ ਵਿਖੇ ਚੱਲ ਰਹੇ ਹਨ ਅਤੇ ਦੋ ਕੇਸ ਰਾਜਪੁਰਾ ਵਿਖੇ ਚੱਲ ਰਹੇ ਹਨ ਅਤੇ ਦੋ ਦਿਨ ਪਹਿਲਾਂ ਹੀ ਇੱਕ ਝਗੜੇ ਦੇ ਕਾਰਨ ਭਾਈ ਤਰਲੋਚਨ ਸਿੰਘ ਦੇ ਵੱਡੇ ਸਪੁੱਤਰ ਮਨਜੀਤ ਸਿੰਘ ਅਤੇ ਭਰਾ ਆਲਮ ਸਿੰਘ ਥਾਣਾ ਰਾਜਪੁਰਾ ਵਿਖੇ ਬੰਦ ਸਨ। ਉਨ੍ਹਾਂ ਦੀ ਮੁਲਾਕਾਤ ਕਰਨ ਲਈ ਅਤੇ ਕੁੱਝ ਨਾ ਕੁੱਝ ਫਲ ਆਦਿ ਲੈਣ ਲਈ ਘਰੋਂ ਪੰਜ ਰੁਪਏ ਲੈ ਕੇ ਆਏ ਸਨ, ਜੋ ਉਸ ਨੇ ਸਿੰਘਾਂ ਦੀ ਸੇਵਾ ਵਿੱਚ ਖਰਚ ਦਿੱਤੇ। ਹੁਣ ਮਨ ਵਿੱਚ ਸੋਚਦਾ ਹੈ ਕਿ ਚੱਲੋ ਵੈਸੇ ਹੀ ਥਾਣੇ ਵਿੱਚ ਬੰਦ ਸਬੰਧੀਆਂ ਨੂੰ ਮਿਲ ਆਉਂਦਾ ਹਾਂ। ਇਸ ਤਰ੍ਹਾਂ ਸੋਚਾਂ ਸੋਚਦਿਆਂ ਜਦੋਂ ਉਹ ਥਾਣੇ ਪਹੁੰਚਿਆ ਤਾਂ ਥਾਣੇਦਾਰ ਨੇ ਉੱਚੀ ਆਵਾਜ਼ ਵਿੱਚ ਕਿਹਾ ਕਿ ਤਰਲੋਚਨ ਸਿੰਘਾ, ਮੈਂ ਤਾਂ ਬਹੁਤ ਦੇਰ ਦਾ ਤੈਨੂੰ ਉਡੀਕਦਾ ਹਾਂ, ਕਿਉਂਕਿ ਇਹ ਬੰਦੇ ਬੇਕਸੂਰ ਹਨ ਤੂੰ ਇਨ੍ਹਾਂ ਨੂੰ ਲਿਜਾ ਸਕਦਾ ਹੈਂ। ਤਰਲੋਚਨ ਸਿੰਘ ਉਨ੍ਹਾਂ ਨੂੰ ਨਾਲ ਲੈ ਕੇ ਵਾਪਸ ਘਰ ਪਹੁੰਚ ਗਿਆ ਅਤੇ ਮਨ ਵਿੱਚ ਹੋਰ ਵੀ ਉਤਸ਼ਾਹ ਵਧਿਆ ਕਿ ਅੱਜ ਰੱਬ ਸਬੱਬੀਂ ਬਾਣੀ ਪੜ੍ਹਨ ਵਾਲੇ ਸੰਤਾਂ ਮਹਾਪੁਰਖਾਂ ਨਾਲ ਮੇਲ-ਮਿਲਾਪ ਹੋ ਗਿਆ। ਇਸ ਲਈ ਰੱਬ ਨੇ ਕਾਰਜ ਰਾਸ ਕਰਨ ਦਾ ਰਸਤਾ ਖੋਲ੍ਹ ਦਿੱਤਾ ਹੈ। ਦੂਸਰੇ ਕੇਸਾਂ ਦੀਆਂ ਲਗਾਤਾਰ ਤਿੰਨ ਤਰੀਕਾਂ ਸਨ ਅਤੇ ਹਰ ਤਰੀਕ ਵਿੱਚੋਂ ਕੇਸ ਤਰਲੋਚਨ ਸਿੰਘ ਦੇ ਹੱਕ ਵਿੱਚ ਹੁੰਦਾ ਗਿਆ ਅਤੇ ਪੰਦਰਾਂ-ਵੀਹਾਂ ਦਿਨਾਂ ਵਿੱਚ ਕੋਰਟ ਵੱਲੋਂ ਦਿੱਤੀਆਂ ਤਰੀਕਾਂ ਮੁਤਾਬਕ ਸਾਰੇ ਕੇਸ ਵੀ ਖਤਮ ਹੋ ਗਏ। ਤਰਲੋਚਨ ਸਿੰਘ ਨੂੰ ਭਰੋਸਾ ਸੀ ਕਿ ਸੰਤਾਂ ਮਹਾਪੁਰਖਾਂ ਦੇ ਬਚਨਾਂ ਨਾਲ ਹੀ ਚੱਲ ਰਹੇ ਕੇਸਾਂ ਦਾ ਨਿਪਟਾਰਾ ਹੋਇਆ। ਯਾਦ ਰਹੇ ਕਿ ਭਾਈ ਤਰਲੋਚਨ ਸਿੰਘ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਜੀ ਸਨ।

ਗਿਆਨੀ ਇੰਦਰਜੀਤ ਸਿੰਘ ਰਕਬੇ ਵਾਲਿਆਂ ਮੁਤਾਬਕ ਸਿੰਘ ਸਾਹਿਬ ਗਿਆਨੀ ਕਪੂਰ ਸਿੰਘ ਬਰਾੜ ਨੇ ਦੱਸਿਆ ਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਗੁਰਦੁਆਰਾ ਪੰਜੋਖਰਾ ਸਾਹਿਬ ਵਿਖੇ (ਨੇੜੇ ਅੰਬਾਲਾ) ਆਏ ਹੋਏ ਸਨ। ਇੱਕ ਦਿਨ ਸ਼ਾਮ ਨੂੰ ਕੁੱਝ ਨਗਰ ਦੇ ਸਿੰਘ ਅਤੇ ਭਾਈ ਬਚਨ ਸਿੰਘ ਪਰਿਵਾਰ ਸਮੇਤ ਸੰਤਾਂ ਕੋਲ ਆਏ ਉਸ ਸਮੇਂ ਇਨ੍ਹਾਂ ਦੀ ਪੁੱਤਰੀ ਬੀਬੀ ਅਵਤਾਰ ਕੌਰ ਜਿਸ ਦੀ ਉਮਰ ਉਸ ਸਮੇਂ 10-11 ਸਾਲ ਦੀ ਸੀ, ਵੀ ਨਾਲ ਸੀ।

Scanned with CamScanner

ਇਹ ਸ਼ਾਰੇ ਜਣੇ ਸੰਤਾਂ ਕੋਲ ਬੈਠ ਕੇ ਬਚਨ ਬਿਲਾਸ ਸੁਣਦੇ ਰਹੇ ਤਾਂ ਅਚਾਨਕ ਹੀ ਸੰਤਾਂ ਨੇ ਭਾਈ ਬਚਨ ਸਿੰਘ ਦੀ ਪੁੱਤਰੀ ਬੀਬੀ ਅਵਤਾਰ ਕੌਰ ਵੱਲ ਵੇਖਦਿਆਂ ਇਹ ਬਚਨ ਕਹੇ ਸਨ ਕਿ ਇਸ ਬੱਚੀ ਦੇ ਘਰ ਸਿੱਖੀ ਵਧੇ ਫੁੱਲੇਗੀ। ਇਸੇ ਕਾਰਨ ਸੰਤ ਮਹਾਪੁਰਖਾਂ ਦੇ ਨਿਕਟਵਰਤੀ ਸਿੰਘ ਇਸ ਬੀਬੀ ਦੇ ਵਿਆਹ ਤੋਂ ਬਾਅਦ ਵੀ ਇਨ੍ਹਾਂ ਦੇ ਘਰੇ ਪੈਦਾ ਹੋਣ ਵਾਲੀ ਸੰਤਾਨ ਬਾਰੇ ਪਤਾ ਕਰਦੇ ਰਹੇ ਕਿਉਂਕਿ ਸਿੰਘਾਂ ਨੂੰ ਭਰੋਸਾ ਸੀ ਕਿ ਮਹਾਪੁਰਖਾਂ ਦੇ ਬਚਨ ਜ਼ਰੂਰ ਪੂਰੇ ਹੋਣਗੇ। ਜਦੋਂ ਇਸੇ ਮਾਤਾ ਅਵਤਾਰ ਕੌਰ ਦਾ ਪੁੱਤਰ ਭਾਈ ਹਰਨਾਮ ਸਿੰਘ ਦਮਦਮੀ ਟਕਸਾਲ ਦਾ ਮੁਖ ਸੇਵਾਦਾਰ ਬਣਿਆ ਤਾਂ ਉਪਰੋਕਤ ਸੰਤਾਂ ਦੇ ਸਹਿਯੋਗੀ ਸਿੰਘਾਂ ਨੂੰ ਭਾਰੀ ਤਸੱਲੀ ਹੋਈ।

ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦਾ ਆਪਸੀ ਮਿਲਵਰਤਨ

ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦਾ ਪਿਛਲੇ ਲੰਮੇ ਸਮੇਂ ਤੋਂ ਆਪਸੀ ਸਹਿਯੋਗ ਅਤੇ ਪ੍ਰੇਮ ਭਾਵਨਾ ਬਰਕਰਾਰ ਬਣੀ ਰਹੀ ਹੈ। ਜਿਸ ਦਾ ਇੱਥੇ ਵਰਨਣ ਕਰਨਾ ਜ਼ਰੂਰੀ ਹੈ। ਅਖੰਡ ਕੀਰਤਨੀ ਜਥੇ ਦੇ ਅੰਤਰਕ ਮੁਖੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬਹੁਤ ਹੀ ਨਾਮ ਰਸੀਏ, ਸਿਮਰਨ ਬੰਦਗੀ ਅਤੇ ਗੁਰਬਾਣੀ ਪ੍ਰੇਮ ਵਿੱਚ ਰੰਗੇ ਹੋਏ ਅਖੰਡ ਕੀਰਤਨ ਦੀ ਕਮਾਈ ਸਦਕਾ ਆਤਮਿਕ ਲੋਅ ਵਿੱਚ ਅਨੰਦਿਤ ਜੁੜੇ ਹੋਏ ਸਨ। ਇਸ ਲਈ ਜਿੱਥੇ ਕਿਤੇ ਵੀ ਉਨ੍ਹਾਂ ਵੱਲੋਂ ਕੀਰਤਨ ਸਮਾਗਮ ਜਾਂ ਰੈਣ ਸਬਾਈ ਕੀਰਤਨ ਸਮਾਗਮ ਹੁੰਦਾ ਤਾਂ ਦੂਰੋਂ-ਦੂਰੋਂ ਨਾਮ ਰਸੀਏ ਗੁਰਮੁਖ ਵੀ ਉਨ੍ਹਾਂ ਵੱਲੋਂ ਕੀਰਤਨ ਸਮਾਗਮ ਜਾਂ ਰੈਣ ਸਬਾਈ ਕੀਰਤਨ ਸਮਾਗਮ ਹੁੰਦਾ ਤਾਂ ਦੂਰੋਂ-ਦੂਰੋਂ ਨਾਮ ਰਸੀਏ ਗੁਰਮੁਖ ਕੀਰਤਨ ਦਾ ਆਨੰਦ ਮਾਨਣ ਲਈ ਪਹੁੰਚ ਜਾਂਦੇ। ਕਈ ਸਮੇਂ ਅਜਿਹੇ ਵੀ ਆਏ ਜਦੋਂ ਦਮਦਮੀ ਟਕਸਾਲ ਦੇ 12ਵੇਂ ਜਥੇਦਾਰ ਸ਼੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਉਸੇ ਹੀ ਦੀਵਾਨ ਵਿੱਚ ਕਥਾ ਕਰਿਆ ਕਰਦੇ ਸਨ ਜਿੱਥੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਵੱਲੋਂ ਕੀਰਤਨ ਕੀਤਾ ਜਾਂਦਾ ਸੀ।

ਇੱਕ ਵਾਰੀ ਦੀ ਗੱਲ ਹੈ ਕਿ ਮੁੱਲਾਂਪੁਰ ਦੇ ਨਜਦੀਕ ਇੱਕ ਪਿੰਡ ਵਿੱਚ ਇਲਾਕੇ ਦੀਆਂ ਸੰਗਤਾਂ ਨੇ ਧਾਰਮਿਕ ਸਮਾਗਮ ਰੱਖਿਆ ਜਿਥੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਕੀਰਤਨ ਕਰਨਾ ਸੀ, ਉਪਰੰਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆ ਨੇ ਗੁਰਬਾਣੀ ਦੀ ਕਥਾ ਕਰਨੀ ਸੀ। ਸਮਾਗਮ ਸਮੇਂ ਇਲਾਕੇ ਭਰ ਦੀਆਂ ਸੰਗਤਾਂ ਇਕੱਤਰ ਹੋਈਆਂ ਜਿੱਥੇ ਭਾਈ ਸਾਹਿਬ ਜੀ ਨੇ ਬਹੁਤ ਹੀ ਰਸਭਿੰਨਾ ਕੀਰਤਨ ਕੀਤਾ। ਇਸ ਸਮਾਗਮ ਵਿੱਚ ਕੁੱਝ ਸਮਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਨੇ ਟਕਸਾਲ ਦੇ ਸਿੰਘਾਂ ਸਮੇਤ ਆਪ ਵੀ ਦੀਵਾਨ ਵਿੱਚ ਸਜ ਕੇ ਕੀਰਤਨ ਸਰਵਣ ਕੀਤਾ। ਜਦ ਕੀਰਤਨ ਦੀ ਸਮਾਪਤੀ ਹੋਈ ਤਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕਥਾ ਕਰਨ ਲਈ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜ ਗਏ। ਕਥਾ ਲਈ ਮੰਗਲਾ ਚਰਨ ਸ਼ੁਰੂ ਹੋਇਆ ਤਾਂ ਭਾਈ ਸਾਹਿਬ ਜੀ ਦੇ ਸਹਿਯੋਗੀਆਂ ਨੇ ਜੋੜੀ ਅਤੇ ਵਾਜੇ ਸੰਭਾਲੇ ਅਤੇ ਪੰਡਾਲ ਵਿੱਚੋਂ ਰਵਾਨਾ ਹੋਣ ਲੱਗੇ, ਕਿਉਂਕਿ ਆਮ ਤੌਰ 'ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕੀਰਤਨ ਹੀ ਕਰਦੇ ਅਤੇ ਸੁਣਦੇ, ਕਥਾ ਜਾਂ ਵਿਆਖਿਆ ਵੱਲ ਬਹੁਤਾ ਧਿਆਨ ਨਹੀਂ ਸਨ ਦਿੰਦੇ। ਇਸੇ ਤਰ੍ਹਾਂ ਸੁਭਾਵਿਕ ਹੀ ਕੀਰਤਨ ਸਮਾਪਤ ਹੁੰਦਿਆ ਸਾਰ ਉਹ ਪੰਡਾਲ ਵਿੱਚੋਂ ਚੱਲ ਪਏ। ਉਸੇ ਹੀ ਪੰਡਾਲ ਵਿੱਚ ਨਾਮ ਰਸੀਏ ਬਾਬਾ ਗੁਰਦਿਆਲ ਸਿੰਘ ਜੀ ਠੱਕਰਵਾਲ ਵੀ ਬੈਠੇ ਸਨ ਉਹ ਭਾਈ ਸਾਹਿਬ ਜੀ ਦੇ ਹਮ-ਉਮਰ ਅਤੇ ਵਿਚਾਰਧਾਰਕ ਸਹਿਯੋਗੀ ਹੋਣ ਕਾਰਨ ਖੁੱਲ੍ਹੇ ਬਚਨ ਬਿਲਾਸ ਕਰ ਲੈਂਦੇ ਸਨ। ਜਦੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਭਾਈ ਗੁਰਦਿਆਲ ਸਿੰਘ ਠੱਕਰਵਾਲ ਜੀ ਦੇ ਕੋਲ ਦੀ ਲੰਘਣ ਲੱਗੇ ਤਾਂ ਉਨ੍ਹਾਂ ਨੇ ਭਾਈ ਸਾਹਿਬ ਜੀ ਨੂੰ ਬਾਹੋਂ ਫੜ੍ਹ ਕੇ ਬੇਨਤੀ ਕੀਤੀ ਕਿ ਇੰਨੀ ਵੀ ਕੀ ਕਾਹਲੀ ਹੈ? ਤੁਸੀਂ ਬਹੁਤ ਹੀ ਰਸਭਿੰਨਾ ਕੀਰਤਨ ਕੀਤਾ ਹੈ ਅਤੇ ਹੁਣ ਗੁਰਬਾਣੀ ਦੀ ਆਨੰਦਤ ਕਥਾ ਵੀ ਜ਼ਰੂਰ ਸੁਣ ਕੇ ਜਾਇਉ। ਇਹ ਬੇਨਤੀ ਕਰਕੇ ਉਨ੍ਹਾਂ ਨੇ ਭਾਈ ਸਾਹਿਬ ਜੀ ਨੂੰ ਪੰਡਾਲ ਵਿੱਚ ਬਿਠਾ ਲਿਆ। ਭਾਈ ਸਾਹਿਬ ਜੀ ਚੌਕੜਾ ਮਾਰ ਕੇ ਕਥਾ ਸੁਣਨ ਲਈ ਸਜ ਗਏ। ਹਾਲੇ ਕਥਾ ਆਰੰਭ ਹੋਈ ਨੂੰ ਕੁੱਝ ਹੀ ਸਮਾਂ ਹੋਇਆ ਸੀ ਕਿ ਭਾਈ ਸਾਹਿਬ ਜੀ ਦੇ ਨੇਤਰਾਂ ਵਿੱਚੋਂ ਵੈਰਾਗ ਜਲ ਦੀ ਧਾਰਾ ਵਹਿ ਤੁਰੀ, ਪਰ ਉਸੇ ਤਰ੍ਹਾਂ ਅਡੋਲ ਬੈਠ ਕੇ ਕਥਾ ਦਾ ਆਨੰਦ ਮਾਣਦੇ ਰਹੇ ਅਤੇ ਇਸ ਦ੍ਰਿਸ਼ ਨੂੰ ਭਾਈ ਗੁਰਦਿਆਲ ਸਿੰਘ ਜੀ ਠੱਕਰਵਾਲ ਅਨੁਭਵ ਕਰਦੇ ਸਨ ਕਿ ਭਾਈ ਸਾਹਿਬ ਜੀ ਦੀ ਆਤਮਿਕ ਬਿਰਤੀ ਗੁਰਬਾਣੀ ਨਾਲ ਕਿੰਨੀ ਜੁੜੀ ਹੈ ਕਿਉਂਕਿ ਕਥਾ ਕਰਨ ਵਾਲੇ ਵੀ ਨਾਮ ਰਸੀਏ ਮਹਾਂਪੁਰਖ ਹਨ। ਜਦ ਕਥਾ ਦੀ ਸਮਾਪਤੀ ਹੋਈ ਤਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਭਾਈ

Scanned with CamScanner

ਗੁਰਦਿਆਲ ਸਿੰਘ ਠੱਕਰਵਾਲ ਨੂੰ ਕਹਿਣ ਲੱਗੇ ਕਿ ਇਸ ਤਰ੍ਹਾਂ ਗੁਰਬਾਣੀ ਨਾਲ ਜੁੜ ਕੇ ਕਥਾ ਕਰਨ ਵਾਲੇ ਕਿੱਥੇ ਲੱਭਦੇ ਹਨ ਤਾਂ ਭਾਈ ਗੁਰਦਿਆਲ ਸਿੰਘ ਜੀ ਨੇ ਨਿਮਰਤਾ ਸਹਿਤ ਕਿਹਾ ਕਿ ਗੁਰਬਾਣੀ ਦੀ ਸਮਝ ਰੱਖਣ ਵਾਲੇ ਆਪ ਵਰਗੇ ਸਰੋਤੇ ਵੀ ਘੱਟ ਹੀ ਲੱਭ ਸਕਦੇ ਹਨ।

ਇਸ ਤਰ੍ਹਾਂ ਇੱਕ ਵਾਰ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਵਿਖੇ ਜੋ ਕਿ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੀ ਯਾਦ ਵਿੱਚ ਪਾਵਨ ਇਤਿਹਾਸਕ ਅਸਥਾਨ ਹੈ, ਇੱਥੇ ਭਾਈ ਸਾਹਿਬ ਜੀ ਨੇ ਕੀਰਤਨ ਕੀਤਾ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਕਥਾ ਕੀਤੀ ਅਤੇ ਇਸ ਤਰ੍ਹਾਂ ਇਸ ਸਥਾਨ 'ਤੇ ਕਈ ਦਿਨ ਅਜਿਹਾ ਹੀ ਹੁੰਦਾ ਰਿਹਾ। ਵੈਸੇ ਵੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕਦੇ ਇਕੱਤਰ ਹੁੰਦੇ ਤਾਂ ਬੜੇ ਪ੍ਰੇਮ ਸਹਿਤ ਇੱਕ ਦੂਸਰੇ ਨਾਲ ਮਿਲਾਪ ਹੁੰਦਾ।

ਸੰਨ 1961 ਵਿੱਚ ਦਮਦਮੀ ਟਕਸਾਲ ਦਾ ਜਥਾ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ (ਨੇੜੇ ਅੰਬਾਲਾ) ਵਿਖੇ ਠਹਿਰਿਆ ਹੋਇਆ ਸੀ। ਇੱਕ ਦਿਨ ਸਵੇਰ ਦੀ ਕਥਾ ਤੋਂ ਉਪਰੰਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਆਪਣੇ ਨਿਕਟ ਵਰਤੀ ਸੇਵਾਦਾਰ (ਸੰਤ) ਭਾਈ ਕਰਤਾਰ ਸਿੰਘ ਨੂੰ ਕਿਹਾ ਕਿ ਅੱਜ ਆਪਾਂ ਲੁਧਿਆਣਾ ਸ਼ਹਿਰ ਚੱਲਣਾ ਹੈ ਅਤੇ ਸਿਰਫ਼ ਦੋਵੇਂ ਹੀ ਅੰਬਾਲੇ ਤੋਂ ਬੱਸ ਵਿੱਚ ਬੈਠ ਕੇ ਲੁਧਿਆਣੇ ਆਣ ਉੱਤਰੇ ਅਤੇ ਇੱਥੇ ਪਹੁੰਚ ਕੇ ਸੰਤਾਂ ਨੇ ਭਾਈ ਕਰਤਾਰ ਸਿੰਘ ਨੂੰ ਦੱਸਿਆ ਕਿ ਆਪਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੂੰ ਮਿਲਣ ਜਾਣਾ ਹੈ ਅਤੇ ਉਨ੍ਹਾਂ ਨੂੰ ਬਿਨਾਂ ਦੱਸਿਆ ਹੀ ਬੱਸ ਅੱਡੇ ਤੋਂ ਪੈਦਲ ਚੱਲ ਕੇ ਮਾਡਲ ਟਾਊਨ ਕੋਠੀ ਨੰਬਰ 79 ਵਿਖੇ ਭਾਈ ਸਾਹਿਬ ਜੀ ਦੇ ਗ੍ਰਹਿ ਵਿਖੇ ਪਹੁੰਚ ਗਏ। ਉਸ ਸਮੇਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸ਼ਰੀਰਕ ਤੌਰ 'ਤੇ ਕੁੱਝ ਬਿਮਾਰ ਸਨ। ਸੰਤਾਂ ਨੇ ਨਜਦੀਕ ਹੋ ਕੇ ਫ਼ਤਿਹ ਬੁਲਾਈ ਅਤੇ ਉਨ੍ਹਾਂ ਨੇ ਵੀ ਅੱਗੋਂ ਹੱਥ ਜੋੜ ਕੇ ਫ਼ਤਿਹ ਦਾ ਜਵਾਬ ਦਿੱਤਾ, ਉਪਰੰਤ ਸੁੱਖ-ਸਾਂਦ ਪੁੱਛੀ ਜਿਸ ਬਾਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਕਿਹਾ ਗਿਆਨੀ ਜੀ ਸ਼ਰੀਰ ਦਾ ਸੁਭਾਅ ਹੈ ਇਸ ਨੇ ਇੱਕ ਦਿਨ ਸਾਥ ਛੱਡਣਾ ਹੀ ਹੈ। ਬਾਕੀ ਆਤਮਿਕ ਤੌਰ 'ਤੇ ਸਤਿਗੁਰੂ ਜੀ ਦੀ ਕ੍ਰਿਪਾ ਹੈ ਹਰ ਤਰ੍ਹਾਂ ਨਾਲ ਆਨੰਦ ਹੈ। ਇਤਿਆਦਿਕ ਬਚਨ ਬਿਲਾਸ ਹੋਏ ਅਤੇ ਭਾਈ ਸਾਹਿਬ ਜੀ ਦੇ ਕਹਿਣ 'ਤੇ ਮਹਾਪੁਰਖਾਂ ਨੇ ਇਥੇ ਲੰਗਰ ਵੀ ਛਕਿਆ। ਜਦ ਇੱਥੋਂ ਚੱਲਣ ਲੱਗੇ ਤਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਭਾਈ ਸਾਹਿਬ ਜੀ ਦੇ ਬਿਲਕੁੱਲ ਨਜ਼ਦੀਕ ਹੋ ਕੇ ਫ਼ਤਿਹ ਬੁਲਾਈ ਅਤੇ ਜਾਣ ਦੀ ਆਗਿਆ ਮੰਗੀ ਅਤੇ ਨਾਲ ਹੀ ਕਿਹਾ ਕਿ ਆਪ ਜੀ ਕੁੱਝ ਸਿੱਖਿਆ ਬਖਸ਼ਿਸ਼ ਕਰੋ। ਇਹ ਬਚਨ ਸੁਣ ਕੇ ਭਾਈ ਸਾਹਿਬ ਜੀ ਨੇ ਹੱਥ ਜੋੜ ਕੇ ਫ਼ਤਿਹ ਵੀ ਬੁਲਾਈ ਅਤੇ ਗੁਰਬਾਣੀ ਦਾ ਇਹ ਸ਼ਬਦ ਉਚਾਰਨ ਵੀ ਕੀਤਾ ਕਿ ਜਿਨ੍ਹਾਂ ਉਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਹੈ ਉਨ੍ਹਾਂ ਨੂੰ ਹੋਰ ਉਪਦੇਸ਼ ਦੇਣ ਦੀ ਕੀ ਲੋੜ ਹੈ।

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੋਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥ (੧੫੦)

ਤੁਸੀਂ ਤਾਂ ਆਪ ਨਾਮ ਸਿਮਰਨ ਦੇ ਆਨੰਦ ਵਿੱਚ ਹੋ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਹਮੇਸ਼ਾ ਤਤਪਰ ਰਹਿੰਦੇ ਹੋ। ਸਭ ਤੋਂ ਵੱਡੀ ਗੱਲ ਕਿ ਗੁਰਬਾਣੀ ਦੇ ਸ਼ੁੱਧ ਉਚਾਰਨ ਦਾ ਉਪਦੇਸ਼ ਸੰਗਤਾਂ ਵਿੱਚ ਵੰਡ ਰਹੇ ਹੋ ਇਹ ਸਤਿਗੁਰੂ ਸਾਹਿਬ ਦੀ ਆਪ ਉਪਰ ਕ੍ਰਿਪਾ ਹੈ। ਇਨ੍ਹਾਂ ਪਿਆਰ ਭਰੀਆਂ ਰਮਜ਼ਾਂ ਨੂੰ ਕੌਣ ਜਾਣ ਸਕਦਾ ਹੈ ਕਿ ਇੱਕ ਨਾਮ ਸਿਮਰਨ ਵਿੱਚ ਰੰਗੀ ਹੋਈ ਆਤਮਾ ਦੂਸਰੇ ਨਾਮ ਰਸੀਏ ਦੇ ਭੇਦ ਨੂੰ ਕਿਸ ਤਰ੍ਹਾਂ ਮਹਿਸੂਸ ਕਰਦੇ ਹਨ। ਇਹ ਤਾਂ ਉਹੀ ਜਾਣਦੇ ਹਨ ਜਿਨ੍ਹਾਂ ਦੇ ਅੰਦਰੋਂ ਦੀਰਘਾ, ਹਉਮੈ ਆਦਿ ਦਾ ਖਾਤਮਾ ਹੋ ਚੁੱਕਿਆ ਹੋਵੇ ਅਤੇ ਗੁਰਬਾਣੀ ਦੇ ਆਨੰਦ ਦੁਆਰਾ ਜੀਵਨ ਸਫਲ ਕਰਕੇ ਪ੍ਰਭੂ ਪ੍ਰਮਾਤਮਾ ਵਿੱਚ ਅਭੇਦ ਹੋਣ ਦੀਆਂ ਤਿਆਰੀਆਂ ਹੋਣ ਅਥਵਾ

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ (੮੪੬)

ਵਾਲੀ ਮੰਜ਼ਿਲ ਦੀ ਦਹਿਲੀਜ ਉਪਰ ਪਹੁੰਚ ਚੁੱਕੇ ਹੋਣ। ਇਸ ਤੋਂ ਉਪਰੰਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਵਾਪਸ ਜਾਣ ਲਈ ਲੁਧਿਆਣੇ ਤੋਂ ਅੰਬਾਲੇ ਜਾਣ ਵਾਲੀ ਬੱਸ ਵਿੱਚ ਸਵਾਰ ਹੋ ਗਏ। ਰਸਤੇ ਵਿੱਚ ਜਾਂਦਿਆਂ 'ਸੰਤ' ਭਾਈ ਕਰਤਾਰ ਸਿੰਘ ਜੀ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਆਪਾਂ ਏਨੀ ਦੂਰੋਂ ਆਏ ਅਤੇ ਬਹੁਤਾ ਸਮਾਂ ਠਹਿਰੇ ਵੀ

Scanned with CamScanner

ਨਹੀਂ ਅਤੇ ਵਿਸਥਾਰਪੂਰਵਕ ਕੋਈ ਬਚਨ ਵੀ ਨਹੀਂ ਕੀਤੇ ਤਾਂ ਸੰਤਾਂ ਨੇ ਕਿਹਾ ਭਾਈ ਆਪਾਂ ਤਾਂ ਸਿਰਫ ਦਰਸ਼ਨ ਮੇਲਾ ਹੀ ਕਰਨਾ ਸੀ। ਇਸ ਤਰ੍ਹਾਂ ਉਹ ਅੰਬਾਲੇ ਪਹੁੰਚੇ ਅਤੇ ਅੰਬਾਲੇ ਤੋਂ ਗੁਰਦੁਆਰਾ ਪੰਜੋਖਰਾ ਸਾਹਿਬ ਪਹੁੰਚ ਗਏ। ਤੀਸਰੇ ਦਿਨ ਅਖਬਾਰਾਂ ਵਿੱਚ ਖ਼ਬਰ ਛਪ ਗਈ ਕਿ ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸੱਚਖੰਡ ਪਿਆਨਾ ਕਰ ਗਏ ਹਨ। ਇਹ ਖ਼ਬਰ ਸੁਣ ਕੇ ਸੰਤਾਂ ਦੇ ਗੜਵਈ ਭਾਈ ਕਰਤਾਰ ਸਿੰਘ ਜੀ ਵੀ ਹੈਰਾਨ ਰਹਿ ਗਏ ਕਿ ਮਹਾਪੁਰਖਾਂ ਦੀ ਭਾਈ ਸਾਹਿਬ ਜੀ ਨਾਲ ਇਹ ਅੰਤਿਮ ਮਿਲਣੀ ਸੀ ਇਸੇ ਲਈ ਵਿਸ਼ੇਸ਼ ਤੌਰ 'ਤੇ ਉਨ੍ਹਾਂ ਨੂੰ ਮਿਲਣ ਵਾਸਤੇ ਗਏ ਸਨ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਵੀ ਇਹ ਯਤਨ ਜਾਰੀ ਰੱਖੇ

ਸੰਨ 1971 ਵਿੱਚ ਇੱਕ ਵਾਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਮਦਮੀ ਟਕਸਾਲ ਜੱਥੇ ਸਮੇਤ ਸ੍ਰੀ ਗੰਗਾ ਨਗਰ ਵਿਖੇ ਪੰਦਰਾਂ ਦਿਨ ਦੇ ਧਾਰਮਿਕ ਪ੍ਰੋਗਰਾਮ ਲਈ ਪਹੁੰਚੇ ਹੋਏ ਸਨ। ਇਹ ਪ੍ਰੋਗਰਾਮ ਬੰਦੀ ਛੋੜ ਦਿਵਸ (ਦੀਵਾਲੀ) ਤੱਕ ਚੱਲਣੇ ਸਨ। ਇਸ ਪ੍ਰੋਗਰਾਮ ਵਿੱਚ ਅਖੰਡ ਕੀਰਤਨੀ ਜਥੇ ਨੂੰ ਬੁਲਵਾਉਣ ਲਈ ਭਾਈ ਜਰਨੈਲ ਸਿੰਘ ਅਭਿਆਸੀ ਅਤੇ ਭਾਈ ਦਲਜੀਤ ਸਿੰਘ ਗਰੇਵਾਲ ਦੀ ਵਿਸ਼ੇਸ਼ ਤੌਰ 'ਤੇ ਡਿਊਟੀ ਲਗਾਈ ਜੋ ਲੁਧਿਆਣੇ ਤੋਂ ਅਖੰਡ ਕੀਰਤਨੀ ਜਥੇ ਨੂੰ ਲੈ ਕੇ ਆਏ। ਉਨ੍ਹਾਂ ਵਿੱਚ ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਪੁੱਤਰ ਭਾਈ ਬਲਬੀਰ ਸਿੰਘ, ਸਪੁੱਤਰੀ ਬੀਬੀ ਦਲੇਰ ਕੌਰ, ਬੀਬੀ ਨੰਦ ਕੌਰ ਜੀ ਨਾਰੰਗਵਾਲ ਜਿਸ ਨੂੰ ਸਿੰਘ ਜੀ ਦੇ ਸਪੁੱਤਰ ਭਾਈ ਬਲਬੀਰ ਸਿੰਘ, ਸਪੁੱਤਰੀ ਬੀਬੀ ਦਲੇਰ ਕੌਰ, ਬੀਬੀ ਨੰਦ ਕੌਰ ਜੀ ਨਾਰੰਗਵਾਲ ਜਿਸ ਨੂੰ ਅਖੰਡ ਕੀਰਤਨੀ ਜੱਥੇ ਦੇ ਸਿੰਘ ਭੂਆ ਜੀ ਕਹਿ ਕੇ ਬੁਲਾਉਂਦੇ ਸਨ, ਗਿਆਨੀ ਪਾਲ ਸਿੰਘ ਜੁਆਇੰਟ ਡਾਇਰੈਕਟਰ ਖੇਤੀਬਾੜੀ ਵਿਭਾਗ ਪੰਜਾਬ, ਭਾਈ ਅਮਰੀਕ ਸਿੰਘ ਲੁਧਿਆਣਾ ਜੋ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅੰਤਿ ਨਜ਼ਦੀਕੀ ਸਹਿਯੋਗੀ ਸਨ, ਭਾਈ ਈਸ਼ਰ ਸਿੰਘ ਸੁਪਰਡੈਂਟ ਪੀ.ਏ.ਯੂ., ਪ੍ਰੋਫੈਸਰ ਭਾਈ ਦਰਸ਼ਨ ਸਿੰਘ ਜੀ ਭੱਟੀ ਪੀ.ਏ.ਯੂ., ਮਾਸਟਰ ਪਾਰਜਾਤ ਸਿੰਘ ਮੁੱਲਾਂਪੁਰ, ਡਾ. ਭਾਈ ਹਰਦਿਆਲ ਸਿੰਘ ਬੈਂਸ, ਡਾ. ਭਾਈ ਦਰਸ਼ਨ ਸਿੰਘ ਬੈਂਸ, ਭਾਈ ਗੁਰਚਰਨ ਸਿੰਘ ਪੀ.ਏ.ਯੂ ਜੋ ਕਿ ਬਾਅਦ ਵਿੱਚ ਵਿਸਾਖੀ 1978 ਦੇ ਕਾਂਡ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਹੀਦ ਹੋ ਗਏ ਸਨ, ਭਾਈ ਅਜੀਤ ਸਿੰਘ, ਭਾਈ ਦਇਆ ਸਿੰਘ ਅਤੇ ਅਖੰਡ ਕੀਰਤਨੀ ਜੱਥੇ ਦੇ ਕੁੱਝ ਹੋਰ ਸਿੰਘ ਲੁਧਿਆਣੇ ਤੋਂ ਸ੍ਰੀ ਗੰਗਾ ਨਗਰ ਪਹੁੰਚੇ ਅਤੇ ਦੀਵਾਲੀ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਕਰਦਿਆਂ ਪ੍ਰੇਮ ਸਹਿਤ ਇਹ ਸ਼ਬਦ ਪੜ੍ਹੇ:

'ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥ (੩੫੬)
ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥ (੭੬੧)
ਐਸਾ ਦੀਵਾ ਬਾਲੇ ਕੋਇ॥ ਨਾਨਕ ਸੋ ਪਾਰੰਗਤਿ ਹੋਇ॥ (੯੭੮)

ਆਦਿ ਹੋਰ ਵੀ ਸ਼ਬਦ ਪੜ੍ਹੇ ਅਤੇ ਵਾਹਿਗੁਰੂ ਨਾਮ ਦੀਆਂ ਅਦਭੁੱਤ ਧੁਨਾਂ ਅਲਾਪੀਆਂ। ਸਾਰੀ ਰਾਤ ਸੰਗਤਾਂ ਨੇ ਜੋ ਆਨੰਦ ਮਾਣਿਆ ਉਸ ਨੂੰ ਸ਼ਬਦਾਂ ਰਾਹੀਂ ਵਰਨਣ ਨਹੀਂ ਕੀਤਾ ਜਾ ਸਕਦਾ।

ਸਵੇਰ ਦੇ ਦੀਵਾਨ ਵਿੱਚ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਨੇ ਗੁਰਬਾਣੀ ਦੀ ਕਥਾ ਕੀਤੀ ਜਿਸ ਦਾ ਸਮੁੱਚੀ ਸੰਗਤ ਦੇ ਨਾਲ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੇ ਵੀ ਆਨੰਦ ਮਾਣਿਆ। ਸੰਤਾਂ ਨੇ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗਵਾਲੀਅਰ ਦੇ ਕਿਲੇ ਵਿੱਚੋਂ 52 ਕੈਦੀ ਰਾਜਿਆਂ ਨੂੰ ਬੰਦ ਖਲਾਸ ਕਰਵਾਉਣ ਦਾ ਪ੍ਰਸੰਗ ਸੁਣਾਇਆ ਅਤੇ ਬੰਦੀ ਛੋੜ ਦਿਵਸ ਨਾਲ ਸਬੰਧਿਤ ਇਤਿਹਾਸ ਸੁਣਾਇਆ ਕਿ ਕਿਵੇਂ ਭਾਈ ਮਨੀ ਸਿੰਘ ਜੀ ਨੇ ਪੰਥਕ ਸਿਧਾਂਤ ਦੀ ਖਾਤਰ ਬੰਦ-ਬੰਦ ਕਟਵਾਉਣਾ ਸਵੀਕਾਰ ਕਰ ਲਿਆ। ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਿਆਂ ਹੋਇਆਂ ਸਰੀਰ ਦੇ ਬੰਦ-ਬੰਦ ਕੱਟੇ ਗਏ ਅਤੇ ਬੰਦ-ਬੰਦ ਕੱਟੇ ਜਾਣ ਤੋਂ ਬਾਅਦ ਵੀ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਲਗਾਤਾਰ ਜਾਰੀ ਰਿਹਾ। ਭਾਵ ਸਰੀਰ ਦੇ ਟੁੱਕੜਾ-ਟੁੱਕੜਾ ਕੀਤੇ ਹੋਏ ਹਿੱਸਿਆਂ ਵਿੱਚੋਂ ਵੀ ਸੁਖਮਨੀ ਸਾਹਿਬ ਜੀ ਦਾ ਪਾਠ ਹੁੰਦਾ ਰਿਹਾ। ਸੰਤਾਂ ਨੇ ਏਨੇ ਭਾਵ ਪੂਰਤ ਸ਼ਬਦਾਂ ਵਿੱਚ ਇਹ ਵਿਆਖਿਆ ਕੀਤੀ ਕਿ ਸਮੁੱਚੀਆਂ ਸੰਗਤਾਂ ਵਿੱਚ ਇਕਸਾਰ ਖਾਮੋਸ਼ੀ ਛਾਈ ਰਹੀ। ਇਸੇ ਇਲਾਹੀ ਰੰਗ ਵਿੱਚ ਲਗਭਗ ਸਵਾ ਘੰਟਾ ਗੁਰਬਾਣੀ ਦੀ ਕਥਾ ਕੀਤੀ। ਸਮਾਪਤੀ ਉਪਰੰਤ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੂੰ ਲੰਗਰ ਛਕਾਇਆ। ਇਸ ਤੋਂ

Scanned with CamScanner

ਉਪਰੰਤ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੂੰ ਵਿਦਾਇਗੀ ਦੇਣ ਲਈ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਸਿੰਘਾਂ ਸਮੇਤ ਬੱਸ ਵਿੱਚ ਚੜ੍ਹਾਉਣ ਲਈ ਗਏ ਅਤੇ ਸੰਤਾਂ ਸਮੇਤ ਸਾਰੇ ਸਿੰਘ ਬੱਸ ਦੇ ਸਾਹਮਣੇ ਖਲੋ ਗਏ। ਜਦੋਂ ਅਖੰਡ ਕੀਰਤਨੀ ਜੱਥੇ ਦੇ ਸਾਰੇ ਸਿੰਘ ਬੱਸ ਵਿੱਚ ਸਵਾਰ ਹੋ ਗਏ ਤਾਂ ਸੰਤ ਜੀ ਆਪ ਵੀ ਬੱਸ ਦੀਆਂ ਪੌੜੀਆਂ ਵਿੱਚ ਚੜ੍ਹ ਕੇ ਖਲੋ ਗਏ ਅਤੇ ਬੱਸ ਵਿੱਚ ਬੈਠੇ ਸਿੰਘਾਂ ਨੂੰ ਸੰਬੋਧਨ ਹੋ ਕੇ ਕਿਹਾ ਕਿ ਸਿੰਘੋ ਇੱਥੇ ਦਾ ਸਮਾਗਮ ਬਹੁਤ ਹੀ ਚੜ੍ਹਦੀ ਕਲਾ ਨਾਲ ਸੰਪੂਰਨ ਹੋਇਆ ਹੈ। ਮੈਂ ਸਮਝਦਾ ਹਾਂ ਕਿ ਦਸਮੇਸ਼ ਪਿਤਾ ਜੀ ਦੀ ਬਹੁਤ ਭਾਰੀ ਬਖਸ਼ਿਸ਼ ਹੋਈ ਹੈ। ਮੇਰੇ ਲਈ ਤੁਸੀਂ ਸਾਰੇ ਸੰਤ ਰੂਪ ਹੋ ਅਤੇ ਨਾਲ ਗੁਰਬਾਣੀ ਦਾ ਸ਼ਬਦ ਪੜ੍ਹਿਆ

ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥
ਕਰਉ ਬਿਨੰਤੀ ਮਾਨੁ ਤਿਆਗਉ ॥
ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ ॥ (੧੦੦)

ਮੈਂ ਆਪ ਸਾਰੇ ਸਿੰਘਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਏਨੀ ਦੂਰ ਤੋਂ ਦਾਸ ਦੀ ਬੇਨਤੀ ਮੰਨ ਕੇ ਇੱਥੇ ਦਰਸ਼ਨ ਦਿੱਤੇ ਹਨ। ਅਜਿਹੇ ਬਚਨ ਕਰਦਿਆਂ-ਕਰਦਿਆਂ ਮਹਾਂਪੁਰਖ ਬਹੁਤ ਹੀ ਭਾਵੁਕ ਬਚਨਾਂ ਵਿੱਚ ਕਹਿਣ ਲੱਗੇ ਕਿ ਸਿੰਘ, ਮੈਂ ਆਪਣੀ ਛਾਤੀ ਪਾੜ ਕੇ ਨਹੀਂ ਵਿਖਾ ਸਕਦਾ ਕਿ ਮੇਰੇ ਦਿਲ ਵਿੱਚ ਤੁਹਾਡੇ ਸਭ ਲਈ ਕੀ ਸਤਿਕਾਰ ਹੈ, ਨਾਲ ਹੀ ਸੰਤਾਂ ਨੇ ਦੋਵੇਂ ਹੱਥਾਂ ਦੀਆਂ ਮੁੱਠੀਆਂ ਮੀਚ ਕੇ ਆਪਣੀ ਛਾਤੀ ਉਪਰ ਹੱਥ ਲਗਾ ਕੇ ਦੋਵਾਂ ਪਾਸਿਆਂ ਨੂੰ ਖਿੱਚੀਆਂ। ਇਸ ਤਰ੍ਹਾਂ ਦਾ ਦ੍ਰਿਸ਼ ਵੇਖ ਕੇ ਬੱਸ ਵਿੱਚ ਬੈਠੇ ਅਖੰਡ ਕੀਰਤਨੀ ਜੱਥੇ ਦੇ ਸਾਰੇ ਸਿੰਘਾਂ ਦੀਆਂ ਅੱਖਾਂ ਵਿੱਚ ਪ੍ਰੇਮ ਜਲ ਭਰ ਆਇਆ ਅਤੇ ਸੰਤਾਂ ਨੇ ਕਿਹਾ ਸਤਿਗੁਰੂ ਕਲਗੀਧਰ ਪਾਤਿਸ਼ਾਹ ਜੀ ਦੇ ਚਰਨਾਂ ਵਿੱਚ ਬੇਨਤੀ ਕਰੀਏ ਕਿ ਪਰਸਪਰ ਆਪਸੀ ਮਿਲਾਪ ਬਣਿਆ ਰਹੇ। ਨਾਲ ਹੀ ਸਭ ਸਿੰਘਾਂ ਨੂੰ ਫਤਿਹ ਬੁਲਾਈ, ਜੈਕਾਰਾ ਛੱਡਿਆ ਅਤੇ ਰਵਾਨਗੀ ਦੇ ਦਿੱਤੀ।

ਬੱਸ ਚੱਲਣ ਉਪਰੰਤ ਬਹੁਤ ਦੂਰ ਤੱਕ ਸਭ ਸਿੰਘ ਚੁੱਪ ਰਹੇ ਅਤੇ ਸਭਨਾਂ ਦੇ ਮਨਾਂ ਵਿੱਚ ਆਨੰਦਮਈ ਖਿਆਲ ਘੁੰਮਦੇ ਰਹੇ। ਕੁੱਝ ਸਮੇਂ ਬਾਅਦ ਮਾਸਟਰ ਭਾਈ ਪਾਰਜਾਤ ਸਿੰਘ ਮੁੱਲਾਂਪੁਰ ਕਹਿਣ ਲੱਗੇ ਕਿ ਮਹਾਂਪੁਰਖਾਂ ਦੀ ਕਥਾ ਦਾ ਸੰਗਤਾਂ ਦੇ ਮਨਾਂ ਉਪਰ ਅਤਿਅੰਤ ਪ੍ਰਭਾਵ ਪਿਆ ਹੈ। ਉਨ੍ਹਾਂ ਕਿਹਾ ਕਿ ਏਨੀ ਛੋਟੀ ਉਮਰ ਵਿੱਚ ਏਨੀ ਉੱਚ ਕੋਟੀ ਦਾ ਵਿਦਵਾਨ ਮੈਂ ਕਦੇ ਨਹੀਂ ਵੇਖਿਆ ਅਤੇ ਸੁਣਿਆ। ਉਨ੍ਹਾਂ ਵਿੱਚ ਸੰਤੀ ਮਹੰਤੀ ਵਾਲੀ ਕੋਈ ਗੱਲ ਨਹੀਂ ਸੀ ਸਗੋਂ ਚੜ੍ਹਦੀ ਕਲਾ ਵਾਲੇ ਖ਼ਾਲਸਾਈ ਜੀਵਨ ਦੀ ਝਲਕ ਪੈਂਦੀ ਸੀ। ਬਹੁਤ ਹੀ ਅਨੰਦਮਈ ਗੱਲ ਤਾਂ ਇਹ ਹੈ ਕਿ ਕਥਾ ਸਮੇਂ ਸੰਤਾਂ ਨੇ ਗੁਰਬਾਣੀ ਦੇ ਚੁਣਵੇਂ-ਚੁਣਵੇਂ ਐਸੇ ਢੁੱਕਵੇਂ ਸ਼ਬਦ ਬੋਲ ਕੇ ਕਥਾ ਕੀਤੀ ਕਿ ਮਨ ਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਕਥਾ ਦਾ ਸ਼ਬਦ ਰੂਪ ਗੁਲਦਸਤਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਭੇਟ ਕਰ ਰਹੇ ਹੋਣ।

ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥ (੩੨੦)

ਇਸ ਤੋਂ ਬਾਅਦ ਕਈ ਵਾਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਅਖੰਡ ਕੀਰਤਨੀ ਜੱਥੇ ਨੂੰ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਦੇ ਬਰਸੀ ਸਮਾਗਮ 'ਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਵਿਸ਼ੇਸ਼ ਤੌਰ 'ਤੇ ਸੱਦ ਕੇ ਰੈਣ ਸਬਾਈ ਕੀਰਤਨ ਕਰਵਾਇਆ। ਇੱਥੇ ਵੀ ਇਹ ਅਨੰਦ ਵੇਖਣ ਨੂੰ ਮਿਲਿਆ ਕਿ ਜਿੱਥੇ ਟਕਸਾਲ ਦੇ ਜੱਥੇ ਨੇ ਰੈਣ ਸਬਾਈ ਕੀਰਤਨ ਦਾ ਆਨੰਦ ਮਾਣਿਆ ਉੱਥੇ ਅਖੰਡ ਕੀਰਤਨੀ ਜੱਥੇ ਨੇ ਸੰਤਾਂ ਵੱਲੋਂ ਭੋਗ ਤੋਂ ਉਪਰੰਤ ਕੀਤੀ ਗਈ ਕਥਾ ਦਾ ਵੀ ਆਨੰਦ ਮਾਣਿਆ। ਅਜਿਹੇ ਪ੍ਰੋਗਰਾਮ ਗੁੜ੍ਹੀ ਸਾਂਝ ਦੇ ਪ੍ਰਤੀਕ ਬਣਦੇ ਜਾ ਰਹੇ ਸਨ। ਬਰਸੀ ਸਮਾਗਮ ਤੋਂ ਉਪਰੰਤ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਸਹਿਜੇ ਹੀ ਭਾਈ ਜਰਨੈਲ ਸਿੰਘ ਅਡਿਆਸੀ ਨੂੰ ਕਿਹਾ ਕਿ ਅਖੰਡ ਕੀਰਤਨੀ ਜਥਾ ਅਤੇ ਦਮਦਮੀ ਟਕਸਾਲ ਵਿੱਚ ਆਪਸੀ ਏਕਤਾ ਭਵਿੱਖ ਵਿੱਚ ਪੰਥਕ ਕਾਰਜਾਂ ਲਈ ਸਹਾਈ ਹੋਵੇਗੀ।

ਲੁਧਿਆਣੇ ਵਿੱਚ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਮਾਡਲ ਟਾਊਨ ਹੈ ਜਿੱਥੇ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਦੀ ਸੇਵਾ ਦਾ ਪਹਿਰਾ ਹੈ। 1973 ਦੀ ਗੱਲ ਹੈ ਕਿ ਇੱਥੇ ਦੇ ਮੁੱਖ ਸੇਵਾਦਾਰ ਹੋਰ ਗ੍ਰੰਥੀ ਭਾਈ ਰਜਿੰਦਰ ਸਿੰਘ ਜੀ ਅਤੇ ਪ੍ਰਬੰਧਕ ਡਾਕਟਰ ਦਰਸ਼ਨ ਸਿੰਘ ਜੀ, ਡਾਕਟਰ ਹਰਦਿਆਲ ਸਿੰਘ, ਭਾਈ ਹਰਬੰਸ ਸਿੰਘ, ਅਮਰੀਕ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਪੁੱਤਰ ਭਾਈ ਬਲਬੀਰ ਸਿੰਘ ਆਦਿ ਸਿੰਘ ਜੋ ਨਾਰੰਗਵਾਲ ਵਿਖੇ

Scanned with CamScanner

ਸੇਤਾਂ ਦੀ ਕਥਾ ਸੁਣਨ ਲਈ ਦੀਵਾਨ ਦੀਆਂ ਹਾਜ਼ਰੀਆਂ ਭਰਦੇ ਰਹੇ। ਉਹ ਸੰਤਾਂ ਦੇ ਮਿਲਾਪੜੇ ਸੁਭਾਅ, ਵਿਦਵਤਾ, ਸਾਦਗੀ ਅਤੇ ਖਾਲਸਾਈ ਅਸੂਲਾਂ ਦੀ ਪਹਿਰੇਦਾਰੀ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਸੰਤਾਂ ਤੋਂ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ ਵਿਖੇ ਪ੍ਰੋਗਰਾਮ ਕਰਨ ਦਾ ਸਮਾਂ ਮੰਗਿਆ। ਜੋ ਸੰਤਾਂ ਨੇ ਦੇ ਦਿੱਤਾ ਅਤੇ ਇਥੇ ਕਥਾ ਕੀਰਤਨ ਦਾ ਪ੍ਰੋਗਰਾਮ ਹੋਇਆ। ਇੱਥੇ ਵੀ ਸੰਤਾਂ ਨੇ ਲਗਭਗ ਡੇਢ ਘੰਟਾ ਕਥਾ ਕੀਤੀ ਅਤੇ ਨਾਲ-ਨਾਲ ਖਾਲਸਾਈ ਜੀਵਨ ਜਾਚ ਬਾਰੇ ਵੀ ਵਿਆਖਿਆ ਕੀਤੀ ਜਿਸ ਦਾ ਸੰਗਤਾਂ ਤੇ ਭਾਰੀ ਅਸਰ ਪਿਆ। ਯਾਦ ਰਹੇ ਕਿ ਇੱਥੇ ਪਹਿਲਾਂ ਕਦੇ ਵੀ ਕਥਾ ਦਾ ਪ੍ਰੋਗਰਾਮ ਨਹੀਂ ਸੀ ਹੋਇਆ ਕਰਦਾ। ਇਹ ਸਿਰਫ਼ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਦਾ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜੀ ਦਾ ਆਪਸੀ ਪ੍ਰੇਮ ਹੀ ਸੀ ਕਿ ਅਖੰਡ ਕੀਰਤਨੀ ਜੱਥੇ ਦੇ ਪ੍ਰਬੰਧ ਹੇਠ ਚੱਲ ਰਹੇ ਗੁਰਦੁਆਰਾ ਸਾਹਿਬਾਨ ਵਿਖੇ ਵੀ ਕਥਾ ਦੇ ਪ੍ਰਵਾਹ ਚੱਲਦੇ ਰਹੇ।

ਇੱਕ ਵਾਰ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਜੱਥੇ ਸਮੇਤ ਇੱਕ ਮਹੀਨੇ ਦੇ ਪ੍ਰੋਗਰਾਮ ਲਈ ਕਲਕੱਤੇ ਵਿਖੇ ਠਹਿਰੇ ਹੋਏ ਸਨ। ਸਮਾਗਮਾਂ ਦੇ ਚੱਲਦਿਆਂ ਇੱਥੇ ਹੀ ਅਖੰਡ ਕੀਰਤਨੀ ਜੱਥੇ ਦੇ ਕੁੱਝ ਸਿੰਘ ਪਹੁੰਚੇ ਜਿਨ੍ਹਾਂ ਵਿੱਚ ਭਾਈ ਕੇਵਲ ਸਿੰਘ ਜੀ ਹੁਸ਼ਿਆਰਪੁਰ ਵਾਲੇ ਸ਼ਾਮਿਲ ਸਨ। ਕਲਕੱਤੇ ਦੇ ਪ੍ਰੋਗਰਾਮਾਂ ਦੀ ਸੰਪੂਰਨਤਾ ਤੋਂ ਬਾਅਦ ਜਦੋਂ ਜੱਥਾ ਇਥੋਂ ਰਵਾਨਗੀ ਲਈ ਰੇਲਵੇ ਸਟੇਸ਼ਨ 'ਤੇ ਪਹੁੰਚਿਆ ਤਾਂ ਕਲਕੱਤੇ ਦੀਆਂ ਬਹੁਤ ਸਾਰੀਆਂ ਸਿੰਘ ਸਭਾਵਾਂ ਅਤੇ ਸਿੱਖ ਸੰਗਤਾਂ ਸ਼ਬਦ ਪੜ੍ਹਦੇ ਹੋਏ ਸੰਤਾਂ ਨੂੰ ਰੇਲ ਚੜ੍ਹਾਉਣ ਆਈਆਂ ਅਤੇ ਇਨ੍ਹਾਂ ਵਿੱਚ ਹੀ ਭਾਈ ਕੇਵਲ ਸਿੰਘ ਹੁਸ਼ਿਆਰਪੁਰ ਵਾਲੇ ਅਖੰਡ ਕੀਰਤਨੀ ਜੱਥੇ ਦੇ ਕੁਝ ਹੋਰ ਸਿੰਘ ਵੀ ਸ਼ਾਮਿਲ ਸਨ। ਜਦੋਂ ਰੇਲ ਗੱਡੀ ਤੁਰਨ ਦਾ ਸਮਾਂ ਹੋਇਆ ਤਾਂ ਸਭ ਸਿੰਘਾਂ ਨੂੰ ਛਤਿਹ ਬੁਲਾ ਕੇ ਸੰਤ ਮਹਾਂਪੁਰਖ ਰੇਲ ਦੀ ਬਾਰੀ ਵਿੱਚ ਚੜ੍ਹ ਕੇ ਸੰਗਤਾਂ ਵੱਲ ਚਿਹਰਾ ਕਰਕੇ ਖੜ੍ਹੇ ਹੋ ਗਏ ਤਾਂ ਭਾਈ ਕੇਵਲ ਸਿੰਘ ਦੇ ਮਨ ਵਿੱਚ ਐਸੀ ਪ੍ਰੇਮ ਖਿੱਚ ਪਈ ਕਿ ਉਹ ਦੌੜ ਕੇ ਸੰਤਾਂ ਕੋਲ ਪਹੁੰਚੇ ਅਤੇ ਘੁੱਟ ਕੇ ਜੱਫੀ ਪਾ ਲਈ, ਸੰਤਾਂ ਨੇ ਵੀ ਭਾਈ ਕੇਵਲ ਸਿੰਘ ਨੂੰ ਪਿਆਰ ਨਾਲ ਘੁੱਟਿਆ ਅਤੇ ਕੁੱਝ ਹੀ ਸਾਂਅ ਵਿੱਚ ਗੱਡੀ ਚੱਲ ਪਈ ਤਾਂ ਭਾਈ ਕੇਵਲ ਸਿੰਘ ਥੱਲੇ ਉਤਰ ਆਏ। ਜਦੋਂ ਬਾਕੀ ਸਿੰਘਾਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਭਾਈ ਕੇਵਲ ਸਿੰਘ ਬਹੁਤ ਵੈਰਾਗ ਵਿੱਚ ਸਨ ਤਾਂ ਉਨ੍ਹਾਂ ਆਪ ਦੱਸਿਆ ਕਿ ਮੇਰੇ ਮਨ ਵਿੱਚ ਐਸੀ ਖਿੱਚ ਪਈ ਕਿ ਮੈਂ ਸੰਤਾਂ ਨੂੰ ਘੁਟ ਕੇ ਜੱਫੀ ਪਾ ਕੇ ਮਿਲਾ ਤਾਂ ਫਿਰ ਮੈਂ ਆਪਣੇ ਆਪ ਨੂੰ ਰੋਕ ਨਹੀਂ ਸਕਿਆ। ਯਾਦ ਰਹੇ ਕਿ 1978 ਦੀ ਵਿਸਾਖੀ ਸਮੇਂ ਨਰਕਧਾਰੀਆਂ ਦੇ ਕੂੜ ਪ੍ਰਚਾਰ ਨੂੰ ਰੋਕਣ ਵਾਲਿਆਂ ਵਿੱਚ ਜੋ 13 ਸਿੰਘ ਸ਼ਹੀਦ ਹੋ ਗਏ ਸਨ ਉਨ੍ਹਾਂ ਵਿੱਚ ਭਾਈ ਕੇਵਲ ਸਿੰਘ ਵੀ ਸੀ। ਐਸੀਆਂ ਕਈ ਘਟਨਾਵਾਂ ਹਨ ਜੋ ਦੱਬੇ ਜਥੇਬੰਦੀਆਂ ਦੀਆਂ ਆਪਸੀ ਪ੍ਰੇਮ ਤੰਦਾਂ ਨੂੰ ਉਜਾਗਰ ਕਰਦੀਆਂ ਹਨ। ਇਹੀ ਕਾਰਨ ਸੀ ਕਿ ਵਿਸਾਖੀ 1978 ਸਮੇਂ ਦੱਬੇ ਜਥੇਬੰਦੀਆਂ ਦੇ ਸਿੰਘਾਂ ਨੇ ਇੱਕ ਦੂਸਰੇ ਤੋਂ ਅੱਗੇ ਵੱਧ ਕੇ ਸ਼ਹੀਦੀਆਂ ਪਾਉਣ ਨੂੰ ਪਹਿਲ ਦਿੱਤੀ ਜਿਸ ਦਾ ਭਾਵ ਹੈ ਕਿ ਇਹ ਸਾਂਝ ਕੇਵਲ ਦਿਲਾਂ ਦੀ ਨਹੀਂ ਬਲਕਿ ਸਿਰਾਂ ਦੀ ਵੀ ਹੋ ਨਿੱਬੜੀ।

ਸੰਨ 1981 ਵਿੱਚ ਜਦੋਂ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜਿਨ੍ਹਾਂ ਨੂੰ ਲਾਲਾ ਜਗਤ ਨਾਰਾਇਣ ਦੇ ਕਤਲ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ 25 ਦਿਨ ਦੀ ਜੇਲ੍ਹਬੰਦੀ ਤੋਂ ਬਾਅਦ ਉਨ੍ਹਾਂ ਦੀ ਰਿਹਾਈ ਹੋਈ ਤਾਂ ਇਨ੍ਹਾਂ 25 ਦਿਨਾਂ ਵਿੱਚ ਸੰਗਤਾਂ ਨੇ ਜੋ ਸਹਿਯੋਗ ਦਿੱਤਾ ਉਤਸ਼ਾਹ ਦਿਖਾਇਆ ਉਸ ਤਹਿਤ ਸੰਤਾਂ ਨੇ ਸਾਰੇ ਪੰਜਾਬ ਦੇ ਚੋਣਵੇਂ-ਚੋਣਵੇਂ ਪਿੰਡਾਂ ਅਤੇ ਕਸਬਿਆਂ ਵਿੱਚ ਧੰਨਵਾਦੀ ਦੌਰਾ ਰੱਖਿਆ ਸੀ। ਜਦੋਂ ਇਹ ਦੌਰਾ ਕਰਦਿਆਂ ਸੰਤ ਜੀ ਜਲੰਧਰ ਪਹੁੰਚੇ ਤਾਂ ਇਥੇ ਪਠਾਨਕੋਟ ਚੌਕ ਦੇ ਨੇੜੇ ਭਾਰੀ ਇਕੱਠ ਹੋਇਆ। ਸੰਤ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ ਜਦੋਂ ਇੱਕ ਸਿੰਘ ਨੇ ਦੱਸਿਆ ਕਿ ਹੁਣੇ-ਹੁਣੇ ਖ਼ਬਰ ਮਿਲੀ ਹੈ ਕਿ ਅਖੰਡ ਕੀਰਤਨੀ ਜੱਥੇ ਦੇ ਮੁਖੀ ਭਾਈ ਰਾਮ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗ੍ਰਿਫ਼ਤਾਰ ਕਰਕੇ ਪੁਲਿਸ ਲੁਧਿਆਣੇ ਵੱਲ ਲੈ ਗਈ ਹੈ ਤਾਂ ਸੰਤਾਂ ਨੇ ਤੁਰੰਤ ਹੀ ਇਸ ਘਟਨਾ ਤੇ ਨੋਟਿਸ ਲੈਂਦਿਆਂ ਸਖ਼ਤ ਸ਼ਬਦਾਂ ਵਿੱਚ ਸਰਕਾਰ ਨੂੰ ਤਾੜਨਾ ਕੀਤੀ ਕਿ ਭਾਈ ਰਾਮ ਸਿੰਘ ਜੀ ਕੋਈ ਆਮ ਵਿਅਕਤੀ ਨਹੀਂ ਸਗੋਂ ਇੱਕ ਸੰਸਥਾ ਦੇ ਮੁਖੀ ਹਨ ਜੇਕਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਅਣਮਨੁੱਖੀ ਤਸੀਹੇ ਦਿੱਤੇ ਜਾਂ ਅਜਿਹਾ ਕੁੱਝ ਵਾਪਰਿਆ ਤਾਂ ਇਸ ਤੋਂ ਉਤਪੰਨ ਹੋਣ ਵਾਲੇ ਹਾਲਾਤਾਂ ਲਈ ਸਰਕਾਰ ਆਪ ਜ਼ਿੰਮੇਵਾਰ ਹੋਵੇਗੀ ਤੇ ਉਨ੍ਹਾਂ ਨੇ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਸਰਕਾਰੀ ਦਮਨ ਚੱਕਰ ਵੱਧ ਰਿਹਾ ਹੈ ਜਿਸ ਤੋਂ ਸਾਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਨਾਲ ਹੀ ਕੁੱਝ ਸਿੰਘਾਂ ਦੀ ਡਿਊਟੀ ਲਾਈ ਕਿ

Scanned with CamScanner

ਤੁਸੀਂ ਲੁਧਿਆਣੇ ਜਾਉ ਅਤੇ ਪੂਰੀ ਤਰ੍ਹਾਂ ਧਿਆਨ ਰੱਖੋ। ਲੁਧਿਆਣਾ ਵਿਖੇ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਨੇ ਵੀ ਇਸ ਵੱਲ ਪੂਰੀ ਤਵੱਜੋ ਦਿੱਤੀ ਅਤੇ ਹਾਲਾਤ ਨੂੰ ਦੇਖਦਿਆਂ ਸਰਕਾਰ ਨੇ ਤੀਸਰੇ ਦਿਨ ਭਾਈ ਸਾਹਿਬ ਭਾਈ ਰਾਮ ਸਿੰਘ ਨੂੰ ਛੱਡ ਦਿੱਤਾ ਸੀ। ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਹਨ ਜਿਨ੍ਹਾਂ ਵਿੱਚ ਚਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜੱਥੇ ਦੀ ਨੇੜਤਾ ਅਤੇ ਆਪਸੀ ਪ੍ਰੇਮ ਦੀਆਂ ਝਲਕਾਂ ਪੈਂਦੀਆਂ ਹਨ ਪਰ ਅੱਜ ਅਣਜਾਣੇ ਵਿੱਚ ਕੁੱਝ ਨੌਜਵਾਨ ਭੁਲੇਖਿਆਂ ਦਾ ਸ਼ਿਕਾਰ ਹੋ ਕੇ ਦੂਰੀਆਂ ਵਧਾਉਣ ਦੇ ਰਾਹ ਪੈ ਚੁੱਕੇ ਹਨ। ਜਦੋਂ ਕਿ ਬਹੁਤ ਹੀ ਸੰਜਮ ਅਤੇ ਸਮਝ ਦੀ ਜ਼ਰੂਰਤ ਹੈ ਤਾਂ ਕਿ ਸਿੱਖ ਪੰਥ ਦੇ ਉੱਜਲੇ ਭਵਿੱਖ ਲਈ ਆਸੀਂ ਬਣਦਾ ਉਸਾਰੂ ਰੋਲ ਅਦਾ ਕਰ ਸਕੀਏ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵੱਲੋਂ ਪਿੰਡ ਰੋਡੇ ਵਿਖੇ ਭਾਈ ਜਰਨੈਲ ਸਿੰਘ ਅਭਿਆਸੀ ਨਾਲ ਭਵਿੱਖਤ ਅਤੇ ਆਖਰੀ ਬਚਨ

ਜੁਲਾਈ 1977 ਦੇ ਪਹਿਲੇ ਹਫਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਕੁੱਝ ਕੁ ਸਿੰਘਾਂ ਸਮੇਤ ਸ੍ਰੀ ਗੰਗਾ ਨਗਰ ਵਿਖੇ ਸਿਰਫ ਇੱਕ ਦਿਨ ਦੇ ਹੀ ਪ੍ਰੋਗਰਾਮ 'ਤੇ ਗਏ ਹੋਏ ਸਨ। ਪ੍ਰੋਗਰਾਮ ਤੋਂ ਵਾਪਿਸ ਪਰਤਦਿਆਂ ਜਦੋਂ ਕੋਟਕਪੂਰਾ ਸ਼ਹਿਰ ਲੰਘੇ ਤਾਂ ਸੰਤਾਂ ਨੇ ਗੱਡੀ ਵਿੱਚ ਨਾਲ ਬੈਠੇ ਸਿੰਘਾਂ ਨੂੰ ਕਿਹਾ ਕਿ ਆਪਾਂ ਰੋਡੇ ਚੱਲਣਾ ਹੈ, ਭਾਈ ਅਭਿਆਸੀ ਨੂੰ ਮਿਲ ਕੇ ਜਾਵਾਂਗੇ। ਉਸ ਸਮੇਂ ਬਾਬਾ ਜੋਗਿੰਦਰ ਸਿੰਘ ਦੇ ਵੱਡੇ ਸਪੁੱਤਰ ਭਾਈ ਜਗੀਰ ਸਿੰਘ ਮਹਾਂਪੁਰਖਾਂ ਦੀ ਗੱਡੀ ਚਲਾ ਰਹੇ ਸਨ। ਪਿੰਡ ਸਮਾਲਸਰ ਪਹੁੰਚਦਿਆਂ ਹੀ ਉਨ੍ਹਾਂ ਨੇ ਗੱਡੀ ਪਿੰਡ ਰੋਡੇ ਵੱਲ ਨੂੰ ਮੋੜ ਲਈ। ਲਗਭਗ ਰਾਤ ਇੱਕ ਵਜੇ ਨੂੰ 10-12 ਸਿੰਘਾਂ ਸਮੇਤ ਸੰਤ ਜੀ ਘਰ ਪਹੁੰਚ ਗਏ ਅਤੇ ਆਉਂਦਿਆਂ ਹੀ ਜੈਕਾਰਾ ਛੱਡਿਆ। ਘਰ ਦੇ ਸਾਰੇ ਮੈਂਬਰ ਜਾਗ ਪਏ। ਸੰਤਾਂ ਨੇ ਬਾਬਾ ਜੋਗਿੰਦਰ ਸਿੰਘ ਨਾਲ ਫ਼ਤਿਹ ਸਾਂਝੀ ਕੀਤੀ। ਸੁੱਖ ਸਾਂਦ ਪੁੱਛੀ ਅਤੇ ਨਾਲ ਹੀ ਕਿਹਾ ਭਾਈ ਅਭਿਆਸੀ ਕਿਥੇ ਹੈ? ਉਹ ਉਸ ਸਮੇਂ ਛੱਤ ਦੇ ਉਪਰ ਸੁੱਤੇ ਹੋਏ ਸਨ। ਜਦੋਂ ਉਨ੍ਹਾਂ ਨੂੰ ਦੱਸਿਆ ਕਿ ਮਹਾਂਪੁਰਖ ਘਰ ਆਏ ਹਨ ਤਾਂ ਉਹ ਬਹੁਤ ਜਲਦੀ ਨਾਲ ਉਠੇ ਅਤੇ ਬਹੁਤ ਤੇਜੀ ਨਾਲ ਵਾਹਿਗੁਰੂ ਦਾ ਸਿਮਰਨ ਕਰਦੇ ਸੁਣਾਈ ਦਿੱਤੇ। ਉਨ੍ਹਾਂ ਪੁੱਛਿਆ ਕਿ ਸੰਤਾਂ ਨੂੰ ਘਰੇ ਆਇਆ ਕਿੰਨਾ ਕਿ ਕੁ ਸਮਾਂ ਹੋਇਆ ਹੈ ਤਾਂ ਉਨ੍ਹਾਂ ਨੂੰ ਦੱਸਿਆ ਕਿ ਹਾਲੇ ਪਹੁੰਚੇ ਹੀ ਹਨ ਉਹ ਜਲਦੀ ਨਾਲ ਕੋਠੇ ਤੋਂ ਥੱਲੇ ਉਤਰੇ, ਬਹੁਤ ਨਿਰਮਤਾ ਨਾਲ ਮਹਾਂਪੁਰਖਾਂ ਨੂੰ ਅਤੇ ਫਿਰ ਬਾਕੀ ਸਭ ਸਿੰਘਾਂ ਨੂੰ ਵੀ ਫ਼ਤਿਹ ਬੁਲਾਈ। ਨਾਲ ਹੀ ਸੰਤਾਂ ਨੇ ਕਿਹਾ ਕਿ ਅਸੀਂ ਕੁੱਝ ਜ਼ਰੂਰੀ ਬਚਨ ਕਰਨੇ ਹਨ ਤੁਸੀਂ ਸਿੰਘਾਂ ਨੂੰ ਜਲ ਪਾਣੀ ਛਕਾਉ ਅਤੇ ਨਾਲ ਹੀ ਭਾਈ ਰਾਮ ਸਿੰਘ ਸੁਲਤਾਨਪੁਰੀ ਕਹਿਣ ਲੱਗੇ ਜੇਕਰ ਦਹੀਂ ਜੰਮ ਗਿਆ ਹੈ ਤਾਂ ਦਹੀਂ ਹੀ ਛਕਾ ਦਿਉ ਤਾਂ ਭਾਈ ਜਗੀਰ ਸਿੰਘ ਨੇ ਦਹੀਂ ਵਾਲੀ ਚਾਟੀ ਬਾਲਟੀ ਵਿੱਚ ਪਲਟੀ ਅਤੇ ਵਿੱਚ ਸ਼ੱਕਰ ਪਾ ਕੇ ਸਾਰੇ ਸਿੰਘਾਂ ਨੂੰ ਦਹੀਂ ਛਕਾਇਆ ਅਤੇ ਸੰਤਾਂ ਨੂੰ ਵੀ। ਸੰਤ ਜੀ ਬਹੁਤ ਖੁਸ਼ੀ ਭਰੇ ਲਹਿਜੇ ਵਿੱਚ ਬਚਨ ਕਰ ਰਹੇ ਸਨ। ਇੰਨੇ ਨੂੰ ਸੰਤਾਂ ਦੇ ਆਰਾਮ ਕਰਨ ਲਈ ਬਿਸਤਰਾ ਵਿਛਾਇਆ ਗਿਆ ਅਤੇ ਬਾਬਾ ਜੋਗਿੰਦਰ ਸਿੰਘ ਜੀ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਆਪ ਜੀ ਆਰਾਮ ਕਰੋ ਬਾਕੀ ਬਚਨ ਬਿਲਾਸ ਸਵੇਰੇ ਕਰ ਲਵਾਂਗੇ ਤਾਂ ਸੰਤਾਂ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ ਬਾਪੂ ਜੀ ਸਾਡੇ ਪਾਸ ਆਰਾਮ ਕਰਨ ਦਾ ਸਮਾਂ ਨਹੀਂ ਹੈ ਬਲਕਿ ਉਂਝ ਵੀ ਸਮਾਂ ਬਹੁਤ ਥੋੜ੍ਹਾ ਹੈ। ਇਨੇ ਚਿਰ ਨੂੰ ਬਚਨ ਕਰਦਿਆਂ-ਕਰਦਿਆਂ ਭਾਈ ਜਰਨੈਲ ਸਿੰਘ ਅਭਿਆਸੀ ਦੀ ਬਾਂਹ ਫੜ੍ਹ ਲਈ ਅਤੇ ਕਹਿਣ ਲੱਗੇ ਅਭਿਆਸੀਆ ਅੱਗੇ ਤੋਂ ਵਿਸ਼ੇਸ਼ ਤੌਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਦਾ ਖਿਆਲ ਰੱਖੀ। ਕਦੇ ਵਾਸਤੇ ਵੀ ਕਿਸੇ ਰਾਜਨੀਤਿਕ ਆਗੂ ਅੱਗੇ ਹੱਥ ਨਹੀਂ ਅੱਡਣਾ ਅਤੇ ਕਦੇ ਵੀ ਇਹ ਨੌਬਤ ਨਾ ਆਵੇ ਕਿ ਕੋਈ ਤੈਨੂੰ ਇਹ ਆਖੇ ਕਿ ਤੂੰ ਮੇਰੇ ਘਰ ਵਿੱਚੋਂ ਚਲੇ ਜਾਹ। ਸਤਿਗੁਰੂ ਕਲਗੀਧਰ ਆਪ ਸਭ ਕਾਰਜ ਪੂਰੇ ਕਰਨਗੇ। ਇੰਨੇ ਕੁ ਬਚਨ ਸਾਡੇ ਸਭ ਸਿੰਘਾਂ ਦੇ ਸਾਹਮਣੇ ਹੋਏ। ਇਸ ਉਪਰੰਤ ਸੰਤ ਜੀ ਭਾਈ ਅਭਿਆਸੀ ਦੀ ਉਸੇ ਤਰ੍ਹਾਂ ਹੀ ਬਾਂਹ ਫੜ੍ਹੀ ਫੜ੍ਹਾਈ ਥੋੜ੍ਹਾ ਹਟਵਾਂ ਲੈ ਗਏ ਅਤੇ ਬਚਨ ਕਰਦਿਆਂ ਕਰਦਿਆਂ ਉਹ ਗੁਰਦੁਆਰਾ ਸਾਹਿਬ ਦੇ ਵਿਹੜੇ ਵਿੱਚ ਚਲੇ ਗਏ। ਲਗਭਗ ਪੰਦਰਾਂ ਕੁ ਮਿੰਟ ਸੰਤਾਂ ਨੇ ਭਾਈ ਅਭਿਆਸੀ ਨਾਲ ਇੱਕਲਿਆਂ ਇਕਾਂਤ ਵਿੱਚ ਬਚਨ ਕੀਤੇ। ਫਿਰ ਵਾਪਸ ਪਰਤ ਆਏ ਅਤੇ ਬਾਬਾ ਜੋਗਿੰਦਰ ਸਿੰਘ ਜੀ ਨੂੰ ਕਹਿਣ ਲੱਗੇ ਬਾਪੂ ਜੀ ਖਿਮਾ ਕਰਿਉ ਸਾਡੇ ਪਾਸ ਸਮਾਂ ਨਹੀਂ, ਨਹੀਂ ਤਾਂ ਜ਼ਰੂਰ ਤੁਹਾਡੇ ਕੋਲ ਰੁਕਦੇ। ਸਭ ਸਿੰਘਾਂ ਨੂੰ ਗੱਡੀ ਵਿੱਚ ਸਵਾਰ ਹੋਣ ਲਈ ਕਿਹਾ ਅਤੇ ਜਾਂਦੇ-ਜਾਂਦੇ ਫਿਰ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਸੰਬੋਧਨ ਹੋ ਕੇ ਕਹਿਣ ਲੱਗੇ ਭਾਈ ਅਭਿਆਸੀਆ ਦੇਰ ਨਾ ਕਰੀਂ ਜਲਦੀ ਹੀ ਜਥੇ ਵਿੱਚ ਆ ਜਾਵੀਂ।

Scanned with CamScanner

ਸੈਂਤ ਜੀ ਚਲੇ ਗਏ ਬਾਅਦ ਵਿੱਚ ਮਾਝਾ ਜੋਗਿੰਦਰ ਸਿੰਘ ਨੇ ਭਾਈ ਜਰਨੈਲ ਸਿੰਘ ਅਤੇ ਸਾਨੂੰ ਸਭ ਨੂੰ ਕਿਹਾ ਕਿ ਸੈਂਤ ਜੀ ਅੱਜ ਜੋ ਬਚਨ ਕਰਕੇ ਗਏ ਹਨ ਇਹ ਸਾਧਾਰਨ ਨਹੀਂ ਜਾਪਦੇ, ਵਾਹਿਗੁਰੂ ਕਿਰਪਾ ਕਰੇ ਸੈਂਤ ਵੱਧ ਤੋਂ ਵੱਧ ਸਮਾਂ ਪੰਥ ਦੀ ਸੇਵਾ ਕਰਨ, ਕਥਾ ਕੀਰਤਨ ਅਤੇ ਪ੍ਰਚਾਰ ਦੀਆਂ ਇਸੇ ਤਰ੍ਹਾਂ ਲਹਿਰਾਂ ਚਲਾਈ ਰੱਖਣ ਪਰ ਉਹ ਬਾਰ-ਬਾਰ ਇੱਕ ਬਚਨ ਕਹਿੰਦੇ ਰਹੇ ਕਿ ਸਾਡੇ ਪਾਸ ਸਮਾਂ ਨਹੀਂ ਬਚਿਆ ਅਤੇ ਜੋ ਬਚਨ ਭਾਈ ਜਰਨੈਲ ਸਿੰਘ ਪ੍ਰਤੀ ਕਹੇ ਹਨ ਇਹ ਵੀ ਸਾਧਾਰਨ ਨਹੀਂ ਹਨ।

ਕੁੱਝ ਹੀ ਦਿਨਾਂ ਬਾਅਦ ਸੈਂਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਦੁਖਦਾਈ ਸੜਕ ਹਾਦਸਾ ਵਾਪਰ ਗਿਆ ਅਤੇ ਸੈਂਤਾਂ ਵੱਲੋਂ ਕਿਹਾ ਗਿਆ ਇੱਕ-ਇੱਕ ਸ਼ਬਦ ਆਉਣ ਵਾਲੇ ਸਮੇਂ ਦਾ ਸੰਕੇਤ ਦੇ ਰਿਹਾ ਸੀ ਅਤੇ ਦਰਸਾ ਰਿਹਾ ਸੀ ਕਿ ਇੱਕ ਬਹੁਤ ਵੱਡੀ ਹੋਣੀ ਵਾਪਰਨ ਬਾਰੇ ਸੈਂਤ ਜੀ ਸਭ ਕੁੱਝ ਜਾਣਦਿਆਂ ਹੋਇਆਂ ਕਿੰਨੇ ਬੇਪ੍ਰਵਾਹ ਅਤੇ ਸਹਿਣਸ਼ੀਲਤਾ ਦਾ ਖ਼ਜ਼ਾਨਾ ਸਨ।

ਸੈਂਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਅਕਾਲ ਚਲਾਣਾ

ਜੁਲਾਈ 1977 ਦੇ ਅਖੀਰ ਵਿੱਚ ਸੰਤ ਬਾਬਾ ਕਰਤਾਰ ਜੀ ਖ਼ਾਲਸਾ ਦਾ ਜਥੇ ਸਮੇਤ ਮਲਸੀਆਂ ਨਗਰ, ਨੇੜੇ ਨਕੋਦਰ ਜਿਲ੍ਹਾ ਜਲੰਧਰ ਵਿਖੇ ਕਥਾ ਕੀਰਤਨ ਦਾ ਪ੍ਰੋਗਰਾਮ ਬਣਿਆ ਹੋਇਆ ਸੀ। ਜਿਸ ਦੇ ਮੁੱਖ ਪ੍ਰਬੰਧਕ ਭਾਈ ਉੱਜਲ ਸਿੰਘ ਅਤੇ ਉਨ੍ਹਾਂ ਦੇ ਪਿਤਾ ਸ. ਗਿਆਨ ਸਿੰਘ, ਸ. ਅਜੀਤ ਸਿੰਘ ਕੋਹਾੜ, ਸ. ਕੁਲਦੀਪ ਸਿੰਘ ਵਡਾਲਾ ਅਤੇ ਹੋਰ ਇਲਾਕੇ ਦੇ ਮੋਹਤਬਰ ਗੁਰਸਿੱਖ ਸਨ। ਛੇ ਦਿਨ ਦਾ ਪ੍ਰੋਗਰਾਮ ਸੀ ਅਤੇ ਹਰ ਰੋਜ ਹੀ 2 ਜਾਂ 3 ਥਾਵਾਂ ਤੇ ਕਥਾ ਕੀਰਤਨ ਦਾ ਪ੍ਰੋਗਰਾਮ ਹੋਇਆ ਕਰਦਾ ਸੀ। ਇੱਥੇ ਹੀ ਇੱਕ ਦਿਨ ਜਥੇ ਦੇ ਸਹਿਯੋਗੀ ਭਾਈ ਤੇਜਵੰਤ ਸਿੰਘ ਅਤੇ ਭਾਈ ਕੁਲਬੀਰ ਸਿੰਘ ਨਾਰੰਗਵਾਲ ਵਾਲੇ ਸੰਤਾਂ ਨੂੰ ਮਿਲਣ ਆਏ। ਸੰਤਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਸੰਤ ਬਾਬਾ ਕਰਤਾਰ ਸਿੰਘ ਜੀ ਬਰਿਆਰਾਂ ਵਾਲਿਆਂ ਦੇ ਉੱਦਮ ਨਾਲ ਇਸ ਪ੍ਰੋਗਰਾਮ ਤੋਂ ਬਾਅਦ ਜਥੇ ਦਾ ਸੰਮਲਨ, ਜਾਣ ਦਾ ਪ੍ਰੋਗਰਾਮ ਹੈ ਜੋ ਕਿ ਹਿਮਾਚਲ ਵਿੱਚ ਹੈ। ਅਸੀਂ ਇਥੋਂ ਤਿੰਨ ਅਗਸਤ ਨੂੰ ਚਾਲੇ ਪਾਵਾਂਗੇ। ਭਾਈ ਤੇਜਵੰਤ ਸਿੰਘ ਹੋਰਾਂ ਨੇ ਬੇਨਤੀ ਕੀਤੀ ਕਿ ਅਸੀਂ ਲੁਧਿਆਣੇ ਲੰਗਰ ਦਾ ਪ੍ਰਬੰਧ ਰੱਖਾਂਗੇ ਤਾਂ ਸੰਤਾਂ ਨੇ ਦੱਸਿਆ ਕਿ ਲੰਗਰ ਇੱਥੋਂ ਛਕ ਕੇ ਹੀ ਚੱਲਾਂਗੇ। ਜਲ ਪਾਣੀ ਦਾ ਪ੍ਰਬੰਧ ਕਰ ਲਵਿਉ। ਇਸ ਤਰ੍ਹਾਂ ਪ੍ਰੋਗਰਾਮ ਤੈਅ ਕਰਕੇ ਦੋਵੇਂ ਜਣੇ ਸ਼ਾਮ ਦੀ ਕਥਾ ਤੋਂ ਉਪਰੰਤ ਵਾਪਸ ਲੁਧਿਆਣੇ ਚਲੇ ਗਏ। ਇੱਧਰ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੂੰ 2 ਅਗਸਤ ਵਾਲੇ ਦਿਨ ਭਾਈ ਗਿਆਨ ਸਿੰਘ ਜੀ ਮਲਸੀਆਂ ਨੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਇਸ ਤੋਂ ਅਗਲੇ ਪ੍ਰੋਗਰਾਮ ਲਈ ਸਮਾ ਨਿਯਤ ਕਰੋ ਕਿ ਤੁਸੀਂ ਦੁਬਾਰਾ ਕਦੋਂ ਆਵੋਗੇ ਤਾਂ ਸੰਤਾਂ ਨੇ ਸਹਿਜ ਸੁਭਾਅ ਇਹ ਬਚਨ ਕਹੇ

ਬਹੁਰਿ ਹਮ ਕਾਹੇ ਆਵਹਿਗੇ ॥
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥ ਰਹਾਉ ॥ (੧੧੦੪)

ਇਨਾ ਕਹਿ ਕੇ ਸੰਤ ਜੀ ਕਥਾ ਕਰਨ ਲਈ ਪੰਡਾਲ ਵਿੱਚ ਚਲੇ ਗਏ। ਸੰਤਾਂ ਦੇ ਪਹੁੰਚਣਸਾਰ ਰਾਗੀ ਜਥੇ ਨੇ ਕੀਰਤਨ ਦੀ ਸਮਾਪਤੀ ਕੀਤੀ ਅਤੇ ਅਨੰਦ ਸਾਹਿਬ ਦਾ ਪਾਠ ਕਰਨ ਲੱਗੇ ਸਨ ਉਸ ਸਮੇਂ ਟਕਸਾਲ ਦਾ ਰਾਗੀ ਜਥਾ ਭਾਈ ਰਾਮ ਸਿੰਘ ਜੀ, ਭਾਈ ਗੁਰਮੇਲ ਸਿੰਘ ਜੀ, ਭਾਈ ਸੁਰਜੀਤ ਸਿੰਘ ਜੀ ਆਦਿ ਕੀਰਤਨ ਕਰ ਰਹੇ ਸਨ ਤਾਂ ਸੰਤਾਂ ਨੇ ਰਾਗੀ ਜਥੇ ਨੂੰ ਕਿਹਾ ਕਿ ਇੱਕ ਸ਼ਬਦ ਹੋਰ ਪੜੋ ਅਤੇ ਇਹੀ ਸ਼ਬਦ ਪੜ੍ਹਨ ਲਈ ਆਖਿਆ

ਬਹੁਰਿ ਹਮ ਕਾਹੇ ਆਵਹਿਗੇ ॥
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥ (੧੧੦੪)

ਰਾਗੀ ਜਥੇ ਨੇ ਇਸ ਸ਼ਬਦ ਦਾ ਕੀਰਤਨ ਕੀਤਾ ਇਸ ਤੋਂ ਉਪਰੰਤ ਅਨੰਦ ਸਾਹਿਬ ਦੀਆਂ ਛੇ ਪੌੜੀਆਂ ਦਾ ਕੀਰਤਨ ਹੋਇਆ ਅਤੇ ਸੰਤਾਂ ਨੇ ਭੋਗ ਪਾਇਆ ਕਥਾ ਕੀਤੀ। ਅਖੀਰਲਾ ਦੀਵਾਨ ਹੋਣ ਕਾਰਨ ਅੱਜ ਦੇ ਪੰਡਾਲ ਵਿੱਚ ਸੰਗਤਾਂ ਭਾਰੀ ਗਿਣਤੀ ਵਿੱਚ ਪਹੁੰਚੀਆਂ ਹੋਈਆਂ ਸਨ ਤਾਂ ਸੰਤਾਂ ਨੇ ਅਚਾਨਕ ਹੀ ਕੀਰਤਨ ਸੋਹਿਲੇ ਦੇ ਸ਼ਬਦਾਂ ਦੀ ਕਥਾ ਕੀਤੀ। ਅਖੀਰ ਵਿੱਚ ਬਹੁਤ ਹੀ ਵੈਰਾਗਮਈ ਵਿਚਾਰਾਂ ਰੱਖੀਆਂ ਸਭ ਨੂੰ ਅੰਮ੍ਰਿਤਧਾਰੀ ਹੋ ਕੇ ਗੁਰੂ ਵਾਲੇ ਬਨਣ

Scanned with CamScanner

ਜਥਾ ਦਮਦਮੀ ਟਕਸਾਲ ਦਾ ਵਿਸ਼ੇਸ਼ ਨਿਯਮ

ਇੱਕ ਵਾਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਸਮੁੱਚੇ ਜਥੇ ਦੇ ਸਿੰਘਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੱਸਿਆ ਕਰਦੇ ਸਨ ਕਿ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਈ ਦਮਦਮੀ ਟਕਸਾਲ ਦੇ ਨਿਯਮ ਹਨ ਕਿ ਜੋ ਵੀ ਗੁਰਸਿੱਖ ਪਰਿਵਾਰ ਜਥਾ ਸੰਗਤ ਲਈ ਲੰਗਰ ਦੀ ਸੇਵਾ ਕਰਦਾ ਹੈ ਜਿੱਥੇ ਉਸਦੀ ਅਥਾਹ ਸ਼ਰਧਾ ਹੁੰਦੀ ਹੈ ਉੱਥੇ ਦੁਨਿਆਵੀ ਇੱਛਾਵਾਂ ਵੀ ਹੁੰਦੀਆਂ ਹਨ ਅਤੇ ਕਈ ਵਾਰ ਦੁਨਿਆਵੀ ਉਲਝਣਾਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਨਵਿਰਤੀ ਲਈ ਪਰਿਵਾਰ ਦੀ ਦਿਲੀ ਇੱਛਾ ਹੁੰਦੀ ਹੈ ਇਸ ਲਈ ਜਥੇ ਦੇ ਸਾਰੇ ਸਿੰਘਾਂ ਨੂੰ ਬੇਨਤੀ ਹੈ ਕਿ ਇਸ ਗੱਲ ਨੂੰ ਹਮੇਸ਼ਾ ਧਿਆਨ ਵਿੱਚ ਰੱਖਣਾ ਹੈ।


ਜਿੱਥੇ ਵੀ ਲੰਗਰ ਛਕਣ ਜਾਈਏ ਸੰਗਤ ਦੇ ਰੂਪ ਵਿੱਚ ਗੁਰਬਾਣੀ ਦੇ ਸ਼ਬਦ ਪੜ੍ਹਦੇ ਜਾਣਾ ਹੈ, ਪੰਗਤਾਂ ਲਾ ਕੇ ਵੀ ਲੰਗਰ ਵਰਤਣ ਤੱਕ ਗੁਰੂ ਕੀ ਬਾਣੀ ਦੇ ਸ਼ਬਦ ਪੜ੍ਹਨੇ ਹਨ ਲੰਗਰ ਛਕਣ ਉਪਰੰਤ ਅਕਾਲ ਪੁਰਖ ਦਾ ਧੰਨਵਾਦ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨੀ ਹੈ। ਜਦੋਂ ਤੱਕ ਵਰਤਾਵੇ ਸਿੰਘਾਂ ਨੇ ਲੰਗਰ ਛਕਣਾ ਹੈ ਉਦੋਂ ਤੱਕ ਹਰ ਇੱਕ ਸਿੰਘ ਨੇ ਘੱਟੋ-ਘੱਟ ਇੱਕ-ਇੱਕ ਜਪੁਜੀ ਸਾਹਿਬ ਜੀ ਦਾ ਪਾਠ ਪਰਿਵਾਰ ਦੀ ਸੇਵਾ ਨਮਿਤ ਕਰਨਾ ਹੈ ਇਸ ਤਰ੍ਹਾਂ ਵਾਹਿਗੁਰੂ ਦੀ ਕ੍ਰਿਪਾ ਨਾਲ ਜੇਕਰ 100 ਸਿੰਘਾਂ ਨੇ ਲੰਗਰ ਛਕਿਆ ਤਾਂ ਜਪੁਜੀ ਸਾਹਿਬ ਜੀ ਦੇ 100 ਪਾਠ ਵੀ ਹੋ ਜਾਣਗੇ। ਇਸ ਤਰ੍ਹਾਂ ਗੁਰਬਾਣੀ ਦਾ ਜਾਪ ਅਤੇ ਵਾਹਿਗੁਰੂ ਅੱਗੇ ਅਰਦਾਸ ਸਬੰਧਤ ਪਰਿਵਾਰ ਦੀ ਹਰ ਤਰ੍ਹਾਂ ਨਾਲ ਚੜ੍ਹਦੀ ਕਲਾ ਲਈ ਸਹਾਈ ਹੋਵੇਗੀ। ਜੇਕਰ ਕੋਈ ਪਰਿਵਾਰ 5 ਸਿੰਘਾਂ ਨੂੰ ਲੰਗਰ ਜਾਂ ਜਲ-ਪਾਣੀ ਦੀ ਸੇਵਾ ਲਈ ਘਰ ਸੱਦਦਾ ਹੈ ਤਾਂ ਉਨ੍ਹਾਂ ਲਈ ਵੀ ਇਹ ਹੀ ਨਿਯਮ ਹਨ ਅਤੇ ਪਰਿਵਾਰ ਨੂੰ ਵੀ ਇਹੀ ਸਿੱਖਿਆ ਦੇਣੀ ਹੈ ਕਿ ਜਿੱਥੇ ਧਰਮ ਦੀ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਕੇ ਛਕਣਾ ਗੁਰੂ ਦਾ ਹੁਕਮ ਹੈ ਇਸੇ ਤਰ੍ਹਾਂ ਹਰ ਦੁੱਖ-ਸੁੱਖ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਓਟ ਆਸਰਾ ਰੱਖਣਾ ਹੈ ਕਿਉਂਕਿ ਬਾਣੀ ਹੀ ਗੁਰੂ ਹੈ ਕੋਈ ਮਨੁੱਖ ਨਹੀਂ। ਇਸ ਲਈ ਰੋਜ਼ਾਨਾ ਵੱਧ ਤੋਂ ਵੱਧ ਗੁਰਬਾਣੀ ਪੜ੍ਹਨੀ ਹੈ। ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਰਹਿਤ ਵਿੱਚ ਤਿਆਰ-ਬਰ-ਤਿਆਰ ਰਹਿਣਾ ਹੈ ਅੰਮ੍ਰਿਤ ਵੇਲੇ ਦੀਆਂ ਪੰਜ ਬਾਣੀਆਂ, ਸ਼ਾਮ ਨੂੰ ਰਹਿਰਾਸ ਸਾਹਿਬ, ਸੌਣ ਵੇਲੇ ਕੀਰਤਨ ਸੋਹਿਲਾ, ਇਹਨਾਂ ਬਾਣੀਆਂ ਦਾ ਨਿੱਤਨੇਮੀ ਹੋਣਾ ਜ਼ਰੂਰੀ ਹੈ। ਇਹੀ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਰ ਇੱਕ ਗੁਰਸਿੱਖ ਨੂੰ ਹੁਕਮ ਹੈ, ਜਿਸ ਦੀ ਪਾਲਣਾ ਕਰਨਾ ਸਾਡਾ ਸਭਨਾ ਦਾ ਕਰਮ, ਧਰਮ ਅਤੇ ਫਰਜ਼ ਬਣਦਾ ਹੈ।

ਸੁਹਿਰਦ ਸੰਤ ਖ਼ਾਲਸਾ

Scanned with CamScanner



ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਸੰਤ ਬਾਬਾ ਠਾਕੁਰ ਸਿੰਘ ਜੀ, ਸੰਤ ਕਰਤਾਰ ਸਿੰਘ ਜੀ ਬਰਿਆਰਾਂ ਵਾਲੇ ਅਤੇ ਜਥੇ ਦੇ ਹੋਰ ਸਿੰਘ ਗੁਰਮਤਿ ਪ੍ਰੋਗਰਾਮਾਂ ਸਬੰਧੀ ਵਿਚਾਰਾਂ ਕਰਦੇ ਹੋਏ।



ਅੰਮ੍ਰਿਤ ਛਕਾਉਣ ਵਾਲਿਆਂ ਪੰਜਾਂ ਪਿਆਰਿਆ ਦੀ ਸੇਵਾ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ, ਭਾਈ ਨੈਬ ਸਿੰਘ ਰੋਡੇ, ਭਾਈ ਰਾਮ ਸਿੰਘ ਸੁਲਤਾਨਪੁਰੀ, ਭਾਈ ਰਣਬੀਰ ਸਿੰਘ ਫੌਜੀ ਅਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ।

Scanned with CamScanner



ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਅੰਤਿਮ ਦਰਸ਼ਨ ਕਰਦੇ ਹੋਏ ਉਨ੍ਹਾਂ ਦੇ ਵੱਡੇ ਸਪੁੱਤਰ ਭਾਈ ਅਮਰੀਕ ਸਿੰਘ, ਭਾਈ ਇਕਬਾਲ ਸਿੰਘ ਭੂਰੇ, ਬੀਬੀ ਨਿਰੰਜਨ ਕੌਰ, ਗਿਆਨੀ ਦਲੀਪ ਸਿੰਘ ਜੀ ਅਤੇ ਹੋਰ ਪਰਿਵਾਰਕ ਮੈਂਬਰ।



ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਜਥੇ ਦੇ ਸਿੰਘਾਂ ਦੀ ਵਿਚਾਰ ਰਿਕਾਰਡ ਕਰਕੇ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਟਕਸਾਲ ਦੇ ਮੁਖੀ ਵਜੋਂ ਸੇਵਾ ਸੌਂਪਦਿਆਂ ਸਿਰੋਪਾਉ ਦਿੰਦੇ ਹੋਏ।

Scanned with CamScanner



ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਦੁਸਹਰੇ ਦੇ ਭੋਗ ਸਮੇਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਕੀਤੀ ਗਈ ਦਸਤਾਰਬੰਦੀ।



ਦਸਤਾਰਬੰਦੀ ਸਮੇਂ ਭਾਈ ਅਮਰੀਕ ਸਿੰਘ, ਸੰਤ ਬਿਕਰਮਾਜੀਤ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਹੋਰ ਸੰਤ ਮਹਾਂਪੁਰਖ।

Scanned with CamScanner

ਲਈ ਪ੍ਰੇਰਿਆ ਅਤੇ ਇਹ ਵੀ ਦੱਸਿਆ ਕਿ ਗੁਰਸਿੱਖਾਂ ਨੇ ਸਰੀਰਾਂ ਨਾਲ ਮੋਹ ਨਹੀਂ ਕਰਨਾ। ਇਹ ਦਮਦਮੀ ਟਕਸਾਲ ਭਲਗੀਧਰ ਪਾਤਸ਼ਾਹ ਤੋਂ ਵਰੋਸਾਈ ਹੋਈ ਹੈ। ਇਸ ਲਈ ਗੁਰਮਤਿ ਦੀਆਂ ਵਿਚਾਰਾਂ ਧਾਰਨ ਕਰਨ ਲਈ, ਗੁਰਸਿੱਖੀ ਦੀ ਪ੍ਰਪੱਕਤਾ ਲਈ ਟਕਸਾਲ ਦੇ ਪ੍ਰੋਗਰਾਮ ਇਸੇ ਤਰ੍ਹਾਂ ਜਾਰੀ ਰੱਖਣੇ। ਇਹ ਵੀ ਕਿਹਾ ਕਿ ਅੱਜ ਕੀਰਤਨ ਸੋਹਿਲੇ ਦੇ ਸ਼ਬਦਾਂ ਦੀ ਕਥਾ ਆਪ ਸੰਗਤਾਂ ਨੇ ਸਰਵਣ ਕੀਤੀ ਹੈ। ਹਰ ਇੱਕ ਗੁਰਸਿੱਖ ਮਾਈ ਭਾਈ ਨੂੰ ਰੋਜ਼ਾਨਾ ਸੌਣ ਤੋਂ ਪਹਿਲਾਂ ਇਸ ਬਾਣੀ ਦਾ ਪਾਠ ਕਰਨਾ ਚਾਹੀਦਾ ਹੈ ਅਤੇ ਅਖੀਰ ਬਹੁਤ ਹੀ ਗੰਭੀਰ ਅਤੇ ਵੈਰਾਗਮਈ ਲਹਿਜੇ ਵਿੱਚ ਕਿਹਾ ਕਿ ਜੇ ਗੁਰੂ ਮਹਾਰਾਜ ਦੀ ਕ੍ਰਿਪਾ ਹੋਵੇ ਤਾਂ ਗੁਰਸਿੱਖ ਆਪਣਾ ਕੀਰਤਨ ਸੋਹਿਲਾ ਵੀ ਆਪ ਹੀ ਪੜ੍ਹ ਲੈਂਦਾ ਹੈ। ਇਸ ਦੇ ਨਾਲ ਹੀ ਕਥਾ ਦੀ ਸਮਾਪਤੀ ਸਮੇਂ ਸੰਤਾਂ ਨੇ ਸਾਰੀ ਸੰਗਤ ਪਾਸੋਂ ਅਤੇ ਸਮੂੱਚੇ ਜਥੇ ਦੇ ਸਿੰਘਾਂ ਪਾਸੋਂ ਹੱਥ ਜੋੜ ਕੇ ਮੁਆਫੀ ਮੰਗੀ ਕਿ ਦਾਸ ਤੋਂ ਕਥਾ ਦੀ ਸੇਵਾ ਨਿਭਾਉਂਦਿਆਂ ਹੋਈਆਂ ਭੁੱਲਾਂ ਦੀ ਖਿਮਾ ਬਖਸ਼ੋ। ਸੰਤਾਂ ਨੇ ਧਾਰਨਾ ਪੜ੍ਹੀ:

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥ (੪੩੯)

ਸਾਰੀ ਸੰਗਤ ਨੇ ਵੀ ਇਹ ਧਾਰਨਾ ਪੜ੍ਹੀ। ਕਥਾ ਸੁਣਨ ਵਾਲੇ ਬਹੁਤ ਸਾਰੇ ਸੂਝਵਾਨ ਗੁਰਸਿੱਖ ਅੱਜ ਦੀ ਕਥਾ ਤੋਂ ਬਹੁਤ ਪ੍ਰਭਾਵਿਤ ਵੀ ਸਨ ਅਤੇ ਹੈਰਾਨ ਵੀ। ਕਥਾ ਦੀ ਸਮਾਪਤੀ ਤੋਂ ਉਪਰੰਤ ਸ. ਗਿਆਨ ਸਿੰਘ ਮਲਸੀਆਂ ਵਾਲਿਆਂ ਨੇ ਬਹੁਤ ਹੀ ਜ਼ੋਰ ਦੇ ਕੇ ਪੁੱਛਣ ਦਾ ਯਤਨ ਕੀਤਾ ਕਿ ਆਪ ਜੀ ਨੇ ਦੁਬਾਰਾ ਨਾ ਆਉਣ ਦਾ ਸੰਕੇਤ ਕਿਉਂ ਦਿੱਤਾ ਹੈ ਅਤੇ ਗੁਰਬਾਣੀ ਦੇ ਸ਼ਬਦ ਵੀ ਅਜਿਹੇ ਹੀ ਪੜ੍ਹੇ ਹਨ ਤਾਂ ਉੱਤਰ ਵਿੱਚ ਸੰਤਾਂ ਨੇ ਇੰਨਾ ਹੀ ਕਿਹਾ ਜੋ ਗੁਰੂ ਪਾਤਸ਼ਾਹ ਜੀ ਨੇ ਸਾਡੇ ਕੋਲੋਂ ਬੁਲਾਇਆ ਹੈ, ਉਹੀ ਬੋਲਿਆ ਹੈ। ਇਸ ਦੇ ਨਾਲ ਹੀ ਸੰਤਾਂ ਨੇ ਸਭ ਜਥੇ ਦੇ ਲੰਗਰ ਛੱਕਣ ਲਈ ਪੰਗਤਾਂ ਲਾਈਆਂ। ਜਥੇ ਨੂੰ ਲੰਗਰ ਛਕਾਇਆ ਅਤੇ ਆਪ ਵੀ ਛਕਿਆ। ਇਸ ਉਪਰੰਤ ਇਲਾਕੇ ਦੇ ਸਿੰਘ ਅਤੇ ਜਥੇ ਦੇ ਸਿੰਘ ਸੰਤਾਂ ਦੇ ਪਾਸ ਖੜ੍ਹੇ ਸਨ ਤਾਂ ਉਨ੍ਹਾਂ ਸਾਰੇ ਸਿੰਘਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਚਾਰ ਸੌ ਸਾਲਾ ਦਿਹਾੜਾ ਆ ਰਿਹਾ ਹੈ। ਦਮਦਮੀ ਟਕਸਾਲ ਵੱਲੋਂ ਉਸ ਦਿਨ ਵੱਖ-ਵੱਖ ਥਾਵਾਂ ਤੋਂ ਨਗਰ ਕੀਰਤਨ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਣਗੇ। ਆਪਾਂ ਇਸ ਇਲਾਕੇ ਵਿੱਚੋਂ ਵੀ ਪ੍ਰੋਗਰਾਮ ਬਣਾਇਆ ਹੈ। ਹੋ ਸਕਦਾ ਹੈ ਮੇਰਾ ਸਰੀਰ ਸ਼ਾਮਿਲ ਨਾ ਹੋਵੇ, ਕੋਈ ਹੋਰ ਸਰੀਰ ਸੇਵਾ ਕਰੇ। ਆਪਾਂ ਸਰੀਰ ਤੋਂ ਕੀ ਲੈਣਾ ਹੈ, ਸਾਨੂੰ ਸਰੀਰ ਨਾਲ ਮੋਹ ਨਹੀਂ ਕਰਨਾ ਚਾਹੀਦਾ। ਸਾਡਾ ਓਟ ਆਸਰਾ ਗੁਰ-ਸ਼ਬਦ ਹੈ। ਇਸ ਉਪਰੰਤ ਇਲਾਕਾ ਨਿਵਾਸੀ ਸੰਗਤਾਂ ਤੋਂ ਵਿਦਾਇਗੀ ਲੈ ਕੇ ਜਥਾ ਪਿੰਡ ਮਲਸੀਆਂ ਤੋਂ ਰਵਾਨਾ ਹੋ ਗਿਆ। ਫਗਵਾੜੇ ਤੋਂ ਅੱਗੇ ਥੋੜ੍ਹੀ-ਥੋੜ੍ਹੀ ਬਾਰਿਸ਼ ਸ਼ੁਰੂ ਹੋ ਗਈ। ਗੁਰਾਇਆਂ ਅੱਗੇ ਲੰਘ ਕੇ ਸੰਤਾਂ ਨੇ ਆਪਣੇ ਡਰਾਈਵਰ ਨੂੰ ਆਖ ਕੇ ਆਪਣੀ ਕਾਰ ਰੁਕਵਾਈ ਅਤੇ ਗੱਡੀ ਵਿੱਚੋਂ ਹੇਠਾਂ ਉੱਤਰ ਗਏ, ਜਿਸ ਪਾਸੇ ਆਪ ਬੈਠੇ ਸਨ ਉਸ ਪਾਸੇ ਗੜ੍ਹਵਈ ਭਾਈ ਗੁਰਮੁਖ ਸਿੰਘ ਨੂੰ ਬਿਠਾ ਦਿੱਤਾ ਅਤੇ ਉਸ ਦੀ ਜਗ੍ਹਾ ਆਪ ਬੈਠ ਗਏ। ਸਤਲੁਜ ਦਰਿਆ ਲੰਘ ਕੇ ਥੋੜ੍ਹੀ ਹੀ ਦੂਰ ਗਏ ਸਨ ਕਿ ਸੰਤਾਂ ਦੀ ਕਾਰ ਤਿਲਕ ਕੇ ਤੂਤ ਦੇ ਦਰੱਖਤ ਨਾਲ ਟਕਰਾ ਗਈ। ਦੋ ਬੱਸਾਂ ਵਿੱਚ ਵੀ ਜਥੇ ਦੇ ਸਿੰਘ ਸਵਾਰ ਸਨ ਜੋ ਜਲਦੀ ਨਾਲ ਬੱਸਾਂ ਵਿੱਚੋਂ ਉਤਰੇ, ਪਤਾ ਲੱਗਾ ਕਿ ਸੰਤਾਂ ਨੂੰ ਗੰਭੀਰ ਸੱਟਾਂ ਵੱਜੀਆਂ ਹਨ। ਜਲਦੀ ਹੀ ਜਥੇ ਦੇ ਸਿਆਣੇ ਸਿੰਘਾਂ ਨੇ ਬਾਬਾ ਠਾਕੁਰ ਸਿੰਘ ਜੀ ਨਾਲ ਵਿਚਾਰ ਕਰਕੇ ਲੁਧਿਆਣੇ ਵਿਖੇ ਸੀ.ਐਮ.ਸੀ ਹਸਪਤਾਲ ਵਿਖੇ ਲਿਜਾ ਕੇ ਸੰਤਾਂ ਨੂੰ ਦਾਖਲ ਕਰਵਾ ਦਿੱਤਾ।

ਇੱਧਰ ਭਾਈ ਤੇਜਵੰਤ ਸਿੰਘ ਅਤੇ ਭਾਈ ਕੁਲਬੀਰ ਸਿੰਘ ਦੁਪਹਿਰ ਤੋਂ ਬਾਅਦ ਇੰਤਜ਼ਾਰ ਕਰਨ ਲੱਗੇ ਕਿ ਸੰਤ ਜੀ ਜਥੇ ਸਮੇਤ ਪਹੁੰਚਣ ਵਾਲੇ ਹਨ ਇੱਥੇ ਜਲ ਪਾਣੀ ਛਕ ਕੇ ਫਿਰ ਉਨ੍ਹਾਂ ਅੱਗੇ ਜਾਣਾ ਹੈ। ਦੁਪਹਿਰ 2 ਵਜੇ ਤੋਂ ਬਾਅਦ ਪਲ-ਪਲ ਉਡੀਕ ਵਿੱਚ ਬੀਤਣ ਲੱਗਾ। ਉਡੀਕਦਿਆਂ-ਉਡੀਕਦਿਆਂ ਅਖੀਰ 5 ਵੱਜ ਗਏ ਤਾਂ ਕੁੱਝ ਸਿੰਘ ਜੀਪ 'ਤੇ ਘਰ ਪਹੁੰਚੇ ਜਿਨ੍ਹਾਂ ਤੋਂ ਪਤਾ ਲੱਗਾ ਕਿ ਸੰਤ ਜੀ ਦਾ ਐਕਸੀਡੈਂਟ ਹੋ ਗਿਆ ਅਤੇ ਉਨ੍ਹਾਂ ਨੂੰ ਸੀ.ਐਮ.ਸੀ. ਹਸਪਤਾਲ ਵਿੱਚ ਦਾਖਲ ਕਰਵਾਇਆ ਹੈ। ਸੁਣਦਿਆਂ ਸਾਰ ਹੀ ਭਾਈ ਤੇਜਵੰਤ ਸਿੰਘ ਹੋਰੀ ਹਸਪਤਾਲ ਪਹੁੰਚੇ ਅਤੇ ਡਾਕਟਰਾਂ ਤੋਂ ਜਾਣਕਾਰੀ ਹਾਸਲ ਕੀਤੀ ਜੋ ਕਿ ਪੂਰੀ ਗੰਭੀਰਤਾ ਨਾਲ ਸੰਤਾਂ ਦੇ ਇਲਾਜ ਵਿੱਚ ਜੁੱਟੇ ਹੋਏ ਸਨ।

ਮੈਂ (ਭਾਈ ਜਸਵੀਰ ਸਿੰਘ) ਅਤੇ ਭਾਈ ਜਰਨੈਲ ਸਿੰਘ ਅੰਡਿਆਸੀ ਕੁੱਝ ਦਿਨਾਂ ਲਈ ਸੰਤਾਂ ਤੋਂ ਆਗਿਆ ਲੈ ਕੇ ਘਰ ਦੇ ਜ਼ਰੂਰੀ ਕਾਰਜਾਂ ਲਈ ਆਪਣੇ ਪਿੰਡ ਰੋਡੇ ਆਏ ਹੋਏ ਸਾਂ ਅਤੇ ਅਸੀਂ ਦੋਵੇਂ ਵਾਪਸ ਜਥੇ ਵਿੱਚ ਜਾਣ ਲਈ ਤਿਆਰੀ ਕਰ ਰਹੇ ਸਾਂ ਕਿ ਸ਼ਾਮ ਨੂੰ ਸਾਥੋਂ ਅਗਲੇ ਪਿੰਡ ਡੇਮਰੂ ਖੁਰਦ ਦੇ ਵਾਸੀ ਟਕਸਾਲੀ ਸਿੰਘ ਭਾਈ ਭਾਨ

Scanned with CamScanner

ਸਿੰਘ ਨੇ ਸਾਡੇ ਘਰ ਸੁਨੇਹਾ ਦਿੱਤਾ ਕਿ ਮੈਂ ਮੋਗੇ ਤੋਂ ਆ ਰਿਹਾ ਹਾਂ ਅਤੇ ਉਥੇ ਮੈਨੂੰ ਪਤਾ ਲੱਗਾ ਕਿ ਅੱਜ ਭਿੰਡਰਾਂਵਾਲੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨਾਲ ਸੜਕ ਹਾਦਸਾ ਵਾਪਰ ਗਿਆ ਹੈ ਅਤੇ ਉਨ੍ਹਾਂ ਨੂੰ ਲੁਧਿਆਣੇ ਦੇ ਸੀ.ਐੱਮ.ਸੀ. ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇਹ ਖ਼ਬਰ ਬਹੁਤ ਹਿਰਦੇ ਵੇਧਕ ਸੀ। ਉਸ ਸਮੇਂ ਸ਼ਾਮ ਦੇ 8 ਵੱਜ ਚੁੱਕੇ ਸਨ। ਇਹ ਗੱਲ 3 ਅਗਸਤ 1977 ਦੀ ਹੈ। ਖ਼ਬਰ ਸੁਣਦਿਆਂ ਉਸੇ ਸਮੇਂ ਅਸੀਂ ਦੋਵੇਂ ਲੁਧਿਆਣੇ ਨੂੰ ਚੱਲ ਪਏ। ਇੱਥੋਂ ਅਸੀਂ ਸ. ਤੇਜਵੰਤ ਸਿੰਘ ਨਾਰੰਗਵਾਲ ਦੇ ਘਰ ਗਏ ਜੋ ਕਿ ਰੋਲਵੇ ਪੁਲ ਦੇ ਨਜ਼ਦੀਕ ਸੀ। ਇਹ ਪਰਿਵਾਰ ਕਾਫੀ ਲੰਬੇ ਸਮੇਂ ਤੋਂ ਦਮਦਮੀ ਟਕਸਾਲ ਨਾਲ ਜੁੜਿਆ ਹੋਇਆ ਹੈ। ਇੱਥੇ ਸਾਨੂੰ ਟਕਸਾਲ ਦੇ ਕਈ ਸਿੰਘ ਮਿਲੇ ਜਿਨ੍ਹਾਂ ਤੋਂ ਸਾਰੀ ਜਾਣਕਾਰੀ ਪ੍ਰਾਪਤ ਹੋਈ ਅਤੇ ਦੋ ਸਿੰਘਾਂ ਨੂੰ ਨਾਲ ਲੈ ਕੇ ਅਸੀਂ ਸੀ.ਐੱਮ.ਸੀ. ਹਸਪਤਾਲ ਪਹੁੰਚੇ। ਜਿੱਥੇ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦਾਖਲ ਸਨ। ਸੜਕ ਦੁਰਘਟਨਾ ਸਮੇਂ ਸੰਤਾਂ ਦੇ ਖੱਬੇ ਪਾਸੇ ਦੀਆਂ ਛੇ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦਾਖਲ ਸਨ। ਸੜਕ ਦੁਰਘਟਨਾ ਸਮੇਂ ਸੰਤਾਂ ਦੇ ਖੱਬੇ ਪਾਸੇ ਦੀਆਂ ਛੇ ਪਸਲੀਆਂ ਟੁੱਟ ਕੇ ਅੰਦਰ ਚਲੀਆਂ ਗਈਆਂ ਸਨ। ਜਿਸ ਨਾਲ ਉਨ੍ਹਾਂ ਦੇ ਦਿਲ ਉਪਰ ਅਸਰ ਹੋਇਆ ਅਤੇ ਸਰੀਰ ਤੋਂ ਪਸਲੀਆਂ ਟੁੱਟ ਕੇ ਅੰਦਰ ਚਲੀਆਂ ਗਈਆਂ ਸਨ। ਜਿਸ ਨਾਲ ਉਨ੍ਹਾਂ ਦੇ ਦਿਲ ਉਪਰ ਅਸਰ ਹੋਇਆ ਅਤੇ ਸਰੀਰ ਤੋਂ ਹੋਰ ਵੀ ਸੱਟਾਂ ਸਨ ਜਿਸ ਨਾਲ ਸਰੀਰ ਨੂੰ ਕਾਫੀ ਨੁਕਸਾਨ ਪਹੁੰਚਿਆ। ਵੱਡੀ ਪੱਧਰ 'ਤੇ ਹਸਪਤਾਲ ਦਾ ਡਾਕਟਰੀ ਅਮਲਾ ਮਹਾਂਪੁਰਖਾਂ ਦੇ ਇਲਾਜ ਵਿੱਚ ਜੁੱਟਿਆ ਹੋਇਆ ਸੀ।

ਸੰਤਾਂ ਕੋਲ ਲਗਾਤਾਰ ਗੁਰਬਾਣੀ ਦਾ ਜਾਪ ਚੱਲ ਰਿਹਾ ਸੀ, ਟਕਸਾਲ ਦੇ ਸਿੰਘ ਵਾਰੀ-ਵਾਰੀ ਗੁਰਬਾਣੀ ਸੁਣਾ ਰਹੇ ਸਨ। ਜਦੋਂ ਭਾਈ ਜਰਨੈਲ ਸਿੰਘ ਅਭਿਆਸੀ ਅਤੇ ਮੈਂ ਸੰਤਾਂ ਦੇ ਨਜ਼ਦੀਕ ਪਹੁੰਚੇ ਹੱਥ ਜੋੜ ਕੇ ਉਨ੍ਹਾਂ ਨੂੰ ਛਤਹਿ ਬੁਲਾਈ ਤਾਂ ਉਨ੍ਹਾਂ ਇੱਕ ਵਾਰ ਅੱਖਾਂ ਖੋਲ੍ਹ ਕੇ ਸਾਡੇ ਵੱਲ ਤੱਕਿਆ ਅਤੇ ਥੋੜ੍ਹਾ ਜਿਹਾ ਹੱਥ ਉਪਰ ਚੁੱਕ ਕੇ ਛਤਹਿ ਦਾ ਜਵਾਬ ਦਿੱਤਾ ਅਤੇ ਸਹਿਜ ਵਿੱਚ ਰਹਿਣ ਲਈ ਇਸ਼ਾਰਾ ਕੀਤਾ। ਸੰਤਾਂ ਨੂੰ ਬਾਣੀ ਸੁਣਾਉਣ ਵਾਲਾ ਸਿੰਘ ਜੇਕਰ ਕਿਤੋਂ ਭੁੱਲ ਜਾਂਦਾ ਤਾਂ ਸੰਤ ਉਂਗਲ ਦਾ ਇਸ਼ਾਰਾ ਕਰਕੇ ਦੁਬਾਰਾ ਪੜ੍ਹਨ ਲਈ ਕਹਿੰਦੇ ਤਾਂ ਉਹ ਸਿੰਘ ਉਸੇ ਪੌੜੀ ਨੂੰ ਦੁਬਾਰਾ ਪੜ੍ਹਦਾ। ਇਸੇ ਤਰ੍ਹਾਂ ਬਾਣੀ ਦਾ ਪ੍ਰਵਾਹ ਚੱਲਦਾ ਰਿਹਾ। ਜਦੋਂ ਭਾਈ ਜਰਨੈਲ ਸਿੰਘ ਅਭਿਆਸੀ ਹਸਪਤਾਲ ਵਿੱਚ ਪਹੁੰਚ ਗਏ ਤਾਂ ਬਾਬਾ ਠਾਕੁਰ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਲਾਈ ਕਿ ਰੁਸੀਂ ਸੰਤਾਂ ਨੂੰ ਦਿਨ ਵਿੱਚ ਘੱਟ ਘੱਟ ਦੋ ਵਾਰ ਜ਼ਰੂਰ ਪੰਜ ਗ੍ਰੰਥੀ ਦਾ ਪਾਠ ਸੁਣਾਇਆ ਕਰੋ ਕਿਉਂਕਿ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਤੁਹਾਨੂੰ ਇਹ ਸਾਰੀ ਬਾਣੀ ਜ਼ੁਬਾਨੀ ਯਾਦ ਹੈ। ਇਸ ਉਪਰੰਤ ਭਾਈ ਜਰਨੈਲ ਸਿੰਘ ਅਭਿਆਸੀ ਸੰਤਾਂ ਦੇ ਨਜ਼ਦੀਕ ਪੰਜ ਗ੍ਰੰਥੀ ਦਾ ਪਾਠ ਆਰੰਭ ਕੀਤਾ ਅਤੇ ਹਰ ਰੋਜ਼ ਹੀ ਸਵੇਰੇ ਸ਼ਾਮ ਸੁਣਾਇਆ ਕਰਦੇ ਅਤੇ ਵਾਰੀ-ਵਾਰੀ ਹੋਰ ਸਿੰਘ ਵੀ ਬਾਣੀ ਸੁਣਾਉਂਦੇ ਰਹਿੰਦੇ।

ਸੰਤਾਂ ਨਾਲ ਵਾਪਰੇ ਹਾਦਸੇ ਦੀ ਖ਼ਬਰ ਅਖ਼ਬਾਰਾਂ ਰਾਹੀਂ ਸਾਰੇ ਪੰਜਾਬ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਹਰ ਸਿੱਖ ਦਾ ਹਿਰਦਾ ਵਲੂੰਧਰਿਆ ਗਿਆ। "ਹੁਣ ਕੀ ਬਣੂੰ, ਕੌਣ ਦਿਖਾਊ ਕਾਲੇ-ਹਨੇਰਿਆਂ ਨੂੰ ਚਿਰਾਗ? ਧਰੂ ਵਾਂਗ ਚਮਕਦਾ ਆਸਾਂ ਦਾ ਪ੍ਰਕਾਸ਼ ਪਹੁ ਫੁੱਟਣ ਤੋਂ ਪਹਿਲਾਂ ਹੀ ਕਿਉਂ ਹਨੇਰੇ ਵਿੱਚ ਬਦਲ ਚੱਲਿਆ ਅਤੇ ਅਖੌਤੀ ਦੇਹਧਾਰੀ ਗੁਰੂਆਂ ਨੂੰ, ਨਕਲੀ ਨਿਰੰਕਾਰੀਆਂ ਨੂੰ ਵੰਗਾਰ ਕੇ ਅਸਲ ਸ਼ਬਦ ਗੁਰੂ ਦਾ ਨਿਧੜਕ ਪ੍ਰਚਾਰ ਕੌਣ ਕਰੇਗਾ?" ਇਤਿਆਦਿਕ ਬਹੁਤ ਸਾਰੇ ਸਵਾਲ ਵਿਚਾਰਵਾਨ ਸਿੱਖ ਹਿਰਦਿਆਂ 'ਚ ਆਪ ਮੁਹਾਰੇ ਉਠ ਰਹੇ ਸਨ।

ਸੰਗਤਾਂ ਨੇ ਲੁਧਿਆਣੇ ਵੱਲ ਵਹੀਰਾਂ ਘੱਤ ਦਿੱਤੀਆਂ। ਮਿਸ ਬਰਾਊਨ ਹਸਪਤਾਲ ਦੇ ਅੰਦਰਲੇ ਵਾਰਡਾਂ ਤੋਂ ਖੱਬੇ ਪਾਸੇ ਪੂਰਾ ਮੁਹੱਲਾ ਚੌਕ ਅਤੇ ਸੱਜੇ ਪਾਸੇ ਪੁਰਾਣੀ ਜੇਲ੍ਹ ਦੀਆਂ ਬਰੂਹਾਂ ਤੱਕ ਅੰਮ੍ਰਿਤਧਾਰੀ ਚਿਹਰਿਆਂ ਦਾ ਭਾਰੀ ਇਕੱਠ ਹੋ ਗਿਆ ਅਤੇ ਇੱਕ ਦੂਸਰੇ ਨੂੰ ਪੁੱਛ ਰਹੇ ਸਨ 'ਸੰਤ ਜੀ ਕਿਵੇਂ ਹਨ? ਬਾਬਾ ਜੀ ਦਾ ਕੀ ਹਾਲ ਹੈ? ਖ਼ਾਲਸਾ ਜੀ ਦੀ ਕੀ ਖ਼ਬਰ ਹੈ?' ਫ਼ਿਕਰਮੰਦ ਚਿਹਰੇ ਇੱਕ ਦੂਜੇ ਸਾਹਮਣੇ ਸਵਾਲੀਆ ਨਿਸ਼ਾਨ ਦਾ ਰੂਪ ਧਾਰੀ ਖੜ੍ਹੇ ਸਨ ਅਤੇ ਮਨ ਹੀ ਮਨ ਵਿੱਚ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸਾਂ ਕਰ ਰਹੇ ਸਨ ਕਿ ਉਹ ਖ਼ਾਲਸਾ ਜੀ ਨੂੰ ਤੰਦਰੁਸਤੀ ਬਖਸ਼ੇ।

ਸਿੰਘਾਂ ਨੇ ਆਪਸ ਵਿੱਚ ਸਲਾਹ ਕਰਕੇ ਭਾਈ ਕੁਲਵੀਰ ਸਿੰਘ ਹੁਰਾਂ ਦੇ ਘਰ ਗੁਰਬਾਣੀ ਦੇ ਅਖੰਡ ਪਾਠ 4 ਅਗਸਤ ਨੂੰ ਸਵੇਰੇ ਹੀ ਅਰੰਭ ਕਰ ਦਿੱਤੇ। ਇੱਥੇ ਸਿੰਘ ਵਾਰੋ ਵਾਰੀ ਪਾਠ ਦੀ ਸੇਵਾ ਕਰਦੇ ਅਤੇ ਫਿਰ ਪੈਦਲ ਹੀ ਹਸਪਤਾਲ ਚਲੇ ਜਾਂਦੇ। ਜਥੇ ਦੇ ਸਾਰੇ ਹੀ ਸਿੰਘ ਬਹੁਤ ਗਮਗੀਨ ਸਨ ਅਤੇ ਮਨ ਹੀ ਮਨ ਵਿੱਚ ਅਰਦਾਸਾਂ ਕਰ ਰਹੇ ਸਨ ਕਿ ਸੰਤ ਜੀ ਠੀਕ ਹੋ ਜਾਣ।

ਹਸਪਤਾਲ ਵਿੱਚ ਪਹੁੰਚਦਿਆਂ ਹੀ ਸੰਤਾਂ ਨੂੰ ਐਮਰਜੈਂਸੀ ਹਾਲ 'ਚ ਦਾਖਲ ਕੀਤਾ ਗਿਆ ਜਿਨ੍ਹਾਂ ਦੀਆਂ 6

Scanned with CamScanner

ਜਾਂ 7 ਪਸਲੀਆਂ ਟੁੱਟ ਚੁੱਕੀਆਂ ਸਨ। ਖੱਬੇ ਕੰਨ ਉਤੇ ਦੋ ਜਗ੍ਹਾ ਵੱਡੇ ਵੱਡੇ ਕੱਟ ਲੱਗੇ ਹੋਏ ਸਨ। ਇਥੋਂ ਕਾਫੀ ਖੂਨ ਵਗ ਰਿਹਾ ਸੀ। ਜਲਦੀ ਹੀ ਇੱਕ ਨੌਜਵਾਨ ਸਰਦਾਰ ਡਾਕਟਰ ਟੀਕਾ ਲੈ ਕੇ ਆਇਆ ਤਾਂ ਸੰਤਾਂ ਨੇ ਪੁੱਛਿਆ ਭਾਈ ਇਹ ਕਿਸ ਲਈ ਹੈ ਤਾਂ ਉਸ ਡਾਕਟਰ ਨੇ ਦੱਸਿਆ ਕਿ ਤੁਹਾਡੇ ਕੰਨ ਤੇ ਦੋ ਕੱਟ ਲੱਗੇ ਹੋਏ ਹਨ ਜਿਨ੍ਹਾਂ ਉਪਰ ਟਾਂਕੇ ਲਗਾਉਣੇ ਹਨ। ਇਸ ਲਈ ਇਹ ਟੀਕਾ ਲਗਾਉਣਾ ਜ਼ਰੂਰੀ ਹੈ। ਤਾਂ ਕਿ ਤੁਹਾਨੂੰ ਦਰਦ ਮਹਿਸੂਸ ਨਾ ਹੋਵੇ ਤਾਂ ਸੰਤਾਂ ਨੇ ਕਿਹਾ ਕਿ ਇਸ ਦੀ ਲੋੜ ਨਹੀਂ ਤੁਸੀਂ ਉਦਾਂ ਹੀ ਕੰਨ ਉਪਰ ਟਾਂਕੇ ਲਾ ਦਿਓ। ਜੋ ਵੀ ਇਲਾਜ ਕਰਨਾ ਹੈ ਮੇਰੇ ਸਾਹਮਣੇ ਕਰਨਾ ਹੈ ਅਤੇ ਨਾਲ ਹੀ ਉਹ ਕੰਨ ਵਾਲਾ ਪਾਸਾ ਉਪਰ ਕਰ ਲਿਆ ਜਿਸ ਪਾਸੇ ਸੱਟ ਲੱਗੀ ਹੋਈ ਸੀ। ਉਸ ਸਮੇਂ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਕਿ ਸੰਤਾਂ ਦੇ ਹਿਰਦੇ ਵਿੱਚ ਅਤੇ ਰਸਨਾ ਉਪਰ ਜਾਪ ਚਲ ਰਿਹਾ ਹੈ। ਡਾਕਟਰ ਨੇ ਸੰਤਾਂ ਦੇ ਕੰਨ ਉਪਰ ਦੋ ਥਾਵਾਂ ਤੇ 8 ਟਾਂਕੇ ਲਗਾਏ। ਇਸ ਦੌਰਾਨ ਸੰਤ ਜੀ ਪੂਰੇ ਟਿਕਾਅ ਵਿੱਚ ਰਹੇ ਅਤੇ ਰੱਤੀ ਮਾਤਰ ਵੀ ਦਰਦ ਮਹਿਸੂਸ ਨਹੀਂ ਕੀਤਾ। ਇਸ ਗੱਲ ਤੋਂ ਡਾਕਟਰ ਬਹੁਤ ਹੈਰਾਨ ਸਨ। ਰਾਤ ਨੂੰ ਹਾਲ ਵਿੱਚੋਂ ਬਦਲ ਕੇ ਸੰਤਾਂ ਨੂੰ ਐਮਰਜੈਂਸੀ ਰੂਮ ਵਿੱਚ ਲੈ ਗਏ। ਇੱਥੇ ਡਾਕਟਰ ਐਂਗਲਿਸਟਨ ਜੋ ਕਿ ਅਮਰੀਕਨ ਸਰਜਨ ਸਨ, ਨੇ ਸੰਤਾਂ ਨੂੰ ਬੜੇ ਗਹੁ ਨਾਲ ਚੈੱਕ ਕੀਤਾ ਅਤੇ ਫਿਰ ਦੱਸਿਆ ਕਿ ਸੰਤਾਂ ਦੀ ਛਾਤੀ ਤੋਂ ਰੋਮ ਕੱਟਣੇ ਪੈਣੇ ਹਨ। ਇਸ ਬਾਰੇ ਜਦੋਂ ਬਾਬਾ ਠਾਕੁਰ ਸਿੰਘ ਸਮੇਤ ਜ਼ਿੰਮੇਵਾਰ ਸਿੰਘਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਤੁਰੰਤ ਫੈਸਲਾ ਸੁਣਾ ਦਿੱਤਾ ਕਿ ਸੰਤਾਂ ਦੇ ਸਰੀਰ ਤੋਂ ਰੋਮ ਨਹੀਂ ਕੱਟੇ ਜਾ ਸਕਦੇ। ਇਸ ਨਾਲ ਬੇਸਮਝੀ ਹੋਵੇਗੀ ਅਤੇ ਰਹਿਤ ਵਿੱਚ ਵੀ ਫਰਕ ਪਵੇਗਾ। ਇੰਨੇ ਚਿਰ ਨੂੰ ਇੱਕ ਹੋਰ ਡਾਕਟਰ ਅੰਦਰ ਗਿਆ ਉਸ ਨੇ ਆਪ ਸੰਤਾਂ ਨਾਲ ਸਿੱਧੇ ਰੂਪ ਵਿੱਚ ਗੱਲ ਕੀਤੀ ਕਿ ਤੁਹਾਡੇ ਇਲਾਜ ਲਈ ਤੁਹਾਡੀ ਛਾਤੀ ਤੋਂ ਰੋਮ ਕੱਟਣੇ ਜ਼ਰੂਰੀ ਹਨ ਤਾਂ ਸੰਤਾਂ ਨੇ ਇਸ਼ਾਰੇ ਨਾਲ ਮਨ੍ਹਾਂ ਕਰ ਦਿੱਤਾ ਕਿ ਸਾਡੇ ਸਰੀਰ ਤੋਂ ਰੋਮ ਨਹੀਂ ਕੱਟਣੇ ਅਤੇ ਨਾਲ ਆਪਣੇ ਗਲੇ ਉਪਰ ਉਂਗਲ ਘੁੰਮਾ ਕੇ ਇਸ਼ਾਰਾ ਕੀਤਾ ਕਿ ਗਰਦਨ ਬੇਸ਼ੱਕ ਕੱਟੀ ਜਾਵੇ ਪਰ ਸਰੀਰ ਤੋਂ ਇੱਕ ਵੀ ਰੋਮ ਨਹੀਂ ਕੱਟਿਆ ਜਾ ਸਕਦਾ। ਉਸ ਡਾਕਟਰ ਨੇ ਬਾਹਰ ਆ ਕੇ ਦੂਸਰੇ ਡਾਕਟਰਾਂ ਅਤੇ ਸਿੰਘਾਂ ਨੂੰ ਇਸ ਬਾਰੇ ਦੱਸ ਦਿੱਤਾ ਕਿ ਸੰਤਾਂ ਨੇ ਬੜੀ ਸਖਤੀ ਨਾਲ ਰੋਮ ਕੱਟਣ ਦੀ ਮਨਾਹੀ ਕੀਤੀ ਹੈ ਤਾਂ ਉਸੇ ਤਰ੍ਹਾਂ ਹੀ ਸੰਤਾਂ ਦਾ ਇਲਾਜ ਸ਼ੁਰੂ ਹੋ ਗਿਆ। ਲੁਧਿਆਣੇ ਦੇ ਇੱਕ ਹੋਰ ਮਸ਼ਹੂਰ ਸਰਜਨ ਡਾਕਟਰ ਦਰਸ਼ਨ ਸਿੰਘ ਜੀ ਪ੍ਰੀਤ ਹਸਪਤਾਲ ਵਾਲੇ ਸੰਤਾਂ ਨੂੰ ਵੇਖਣ ਆਏ ਅਤੇ ਇਲਾਜ ਕਰ ਰਹੇ ਡਾਕਟਰਾਂ ਨਾਲ ਆਪਣੀ ਰਾਇ ਸਾਂਝੀ ਕੀਤੀ।

ਉਸ ਤੋਂ ਅਗਲੇ ਦਿਨ 4 ਅਗਸਤ ਨੂੰ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਖਜ਼ਾਨਾ ਮੰਤਰੀ ਪੰਜਾਬ ਸ. ਬਲਵੰਤ ਸਿੰਘ ਖੇੜੀਬਾੜੀ ਯੂਨੀਵਰਸਿਟੀ ਵਿੱਚ ਆਏ ਹੋਏ ਸਨ। ਇੱਥੇ ਹੀ ਜਥੇ ਦੇ ਸਿੰਘ ਸ. ਹਰਚਰਨ ਸਿੰਘ ਮੁਕੜਾ ਅਤੇ ਭਾਈ ਤੇਜਵੰਤ ਸਿੰਘ ਗਰੇਵਾਲ ਇਨ੍ਹਾਂ ਦੋਵਾਂ ਨੂੰ ਮਿਲੇ ਅਤੇ ਹਾਲਾਤ ਤੋਂ ਜਾਣੂੰ ਕਰਵਾਇਆ। ਉਸੇ ਸ਼ਾਮ ਨੂੰ ਸ. ਬਲਵੰਤ ਸਿੰਘ ਵੀ ਹਸਪਤਾਲ ਵਿਖੇ ਪਹੁੰਚ ਗਏ ਅਤੇ ਸੰਤਾਂ ਨੂੰ ਮਿਲ ਕੇ ਗਏ ਅਤੇ ਸੰਤਾਂ ਦਾ ਸਰਕਾਰੀ ਤੌਰ 'ਤੇ ਇਲਾਜ ਕਰਨ ਦੀ ਪੇਸ਼ਕਸ਼ ਕੀਤੀ ਅਤੇ ਪੀ. ਜੀ. ਆਈ. ਚੰਡੀਗੜ੍ਹ ਤੋਂ ਮਾਹਰ ਡਾਕਟਰਾਂ ਦੀ ਵਿਸ਼ੇਸ਼ ਟੀਮ ਇੱਥੇ ਮੰਗਵਾ ਕੇ ਸੰਤਾਂ ਦੇ ਇਲਾਜ ਵਿੱਚ ਮਦਦ ਕਰਨ ਦੀ ਡਿਊਟੀ ਲਗਾਈ। ਬਾਅਦ ਵਿੱਚ ਸ. ਪ੍ਰਕਾਸ਼ ਸਿੰਘ ਬਾਦਲ ਵੀ ਸੰਤਾਂ ਦਾ ਹਾਲ ਪੁੱਛਣ ਆਏ ਅਤੇ ਕਹਿਣ ਲੱਗੇ ਮੈਂ ਪਹਿਲਾਂ ਵੀ ਸੰਤਾਂ ਦੇ ਦਰਸ਼ਨ ਕਰਨ ਨੂੰ ਕਈ ਵਾਰ ਸੋਚਿਆ ਪਰ ਕਰ ਨਹੀਂ ਸਕਿਆ। ਕੀ ਪਤਾ ਸੀ ਕਿ ਇਹ ਇਸ ਹਾਲਤ ਵਿੱਚ ਦਰਸ਼ਨ ਕਰ ਸਕਾਂਗਾ?

ਇਸੇ ਦਿਨ ਹੀ ਸੰਤਾਂ ਦੇ ਵੱਡੇ ਸਪੁੱਤਰ ਭਾਈ ਅਮਰੀਕ ਸਿੰਘ ਜੀ ਉਨ੍ਹਾਂ ਦੀ ਮਾਤਾ, ਸਿਮਣੀ ਅਤੇ ਹੋਰ ਪਰਿਵਾਰਕ ਮੈਂਬਰ ਵੀ ਸਵੇਰੇ ਹਸਪਤਾਲ ਪਹੁੰਚ ਗਏ ਸਨ।

ਸੰਤਾਂ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਇੱਕ ਯੂਨਿਟ (ਬੋਤਲ) ਖੂਨ ਦੇਣ ਲਈ ਆਖਿਆ ਤਾਂ ਜਥੇ ਦੇ ਸਿੰਘਾਂ ਦੀ ਲੰਬੀ ਕਤਾਰ ਲੱਗ ਗਈ। ਸਿੰਘਾਂ ਨੇ ਕਿਹਾ ਤੁਸੀਂ ਟੈਸਟ ਕਰ ਲਓ ਕਿ ਕਿਹੜੇ ਸਿੰਘ ਦਾ ਬਲੱਡ ਗਰੁੱਪ ਸੰਤਾਂ ਨਾਲ ਰਲਦਾ ਹੈ ਉਸ ਤੋਂ ਖੂਨ ਲੈ ਲਓ। ਅਸੀਂ ਮਹਾਂਪੁਰਖਾਂ ਲਈ ਬਾਹਰੋਂ ਕਿਸੇ ਹੋਰ ਵਿਅਕਤੀ ਦਾ ਖੂਨ ਨਹੀਂ ਲੈਣਾ। ਸੰਤਾਂ ਦਾ ਬਲੱਡ ਗਰੁੱਪ (ਏ ਬੀ +) ਸੀ। ਚੈੱਕ ਕਰਦਿਆਂ ਪਤਾ ਲੱਗਾ ਕਿ ਭਾਗੀ ਭਾਈ ਰਾਮ ਸਿੰਘ ਅਤੇ ਭਾਈ ਮਨਮੋਹਨ ਸਿੰਘ ਅੰਮ੍ਰਿਤਸਰ ਵਾਲਿਆਂ ਦਾ ਵੀ ਉਹੀ ਖੂਨ ਗਰੁੱਪ ਹੈ। ਇਨ੍ਹਾਂ ਦੋਵਾਂ ਸਿੰਘਾਂ ਦਾ ਖੂਨ ਲੈ ਕੇ ਸੰਤਾਂ ਨੂੰ ਦਿੱਤਾ ਗਿਆ। ਇਸ ਸਮੇਂ ਹਸਪਤਾਲ ਦੇ ਬਰਾਂਡਿਆਂ ਵਿੱਚ ਅਤੇ ਬਾਹਰ ਦਰੱਖਤਾਂ ਥੱਲੇ, ਜਿੱਥੇ ਵੀ ਕਿਤੇ ਟਕਸਾਲ ਦੇ ਸਿੰਘ ਖੜ੍ਹੇ ਸਨ ਹਰ ਕੋਈ ਚੌਪਈ ਸਾਹਿਬ, ਜਪੁਜੀ ਸਾਹਿਬ ਜਾਂ ਵਾਹਿਗੁਰੂ ਮੰਤਰ ਦਾ ਸਿਮਰਨ ਕਰ ਰਿਹਾ ਸੀ। ਸੰਤਾਂ

Scanned with CamScanner

ਖ਼ਬਰ ਲੈਣ ਲਈ ਆਉਣ ਜਾਣ ਵਾਲੀਆਂ ਸੰਗਤਾਂ ਦਾ ਇਕੱਠ ਲਗਾਤਾਰ ਵੱਧ ਰਿਹਾ ਸੀ।

4 ਅਗਸਤ ਦਾ ਦਿਨ ਵੀ ਇਸੇ ਤਰ੍ਹਾਂ ਟੈਸਟ ਕਰਦਿਆਂ, ਇਲਾਜ ਕਰਦਿਆਂ ਅਤੇ ਸੰਤਾਂ ਕੋਲ ਸਿੰਘਾਂ ਵੱਲੋਂ ਵਾਰੀ-ਵਾਰੀ ਬਾਣੀ ਪੜ੍ਹਦਿਆਂ ਬੀਤਿਆ। 4 ਤਰੀਕ ਨੂੰ ਹੀ ਸ੍ਰੀ ਹਰਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਸੰਤਾਂ ਦਾ ਪਤਾ ਲੈਣ ਲਈ ਆਏ।

5 ਅਗਸਤ ਦੇ ਦਿਨ ਸੰਤਾਂ ਨੂੰ ਆਈ. ਸੀ. ਯੂ. (ICU) ਵਿੱਚ ਲੈ ਗਏ। ਸੰਤਾਂ ਦੇ ਫੇਫੜਿਆਂ ਨੂੰ ਹਵਾ ਨਾਲ ਪ੍ਰੈਸ਼ਰ ਦੇਣ ਲਈ ਗਲੇ ਵਿੱਚ ਪਾਈਪ ਲਗਾ ਕੇ ਰੈਸਪੀਰੇਟਰ ਚਾਲੂ ਕਰ ਦਿੱਤਾ। ਇਸੇ ਦਿਨ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲੇ ਕੁੱਝ ਸਿੰਘਾਂ ਨਾਲ ਸੰਤਾਂ ਦੀ ਖਬਰ ਲੈਣ ਲਈ ਹਸਪਤਾਲ ਪਹੁੰਚੇ। ਉਨ੍ਹਾਂ ਨੇ ਸੰਤਾਂ ਦਾ ਹਾਲ-ਚਾਲ ਪੁੱਛਿਆ ਤਾਂ ਸੰਤਾਂ ਨੇ ਆਪਣੀ ਛਾਤੀ 'ਤੇ ਹੱਥ ਰੱਖ ਕੇ ਇਸ਼ਾਰਾ ਕੀਤਾ ਕਿ ਅਸੀਂ ਮਾਨਸਿਕ ਤੌਰ ਤੇ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿੱਚ ਹਾਂ। ਬਾਕੀ ਸਰੀਰ ਦੀ ਹਾਲਤ ਤਾਂ ਤੁਹਾਡੇ ਸਾਹਮਣੇ ਹੀ ਹੈ ਅਤੇ ਫਿਰ ਇਸ਼ਾਰੇ ਨਾਲ ਹੀ ਸੰਤਾਂ ਨੇ ਬਾਬਾ ਤਾਰਾ ਸਿੰਘ ਜੀ ਨੂੰ ਕਿਹਾ ਤੁਸੀਂ ਵੀ ਸਾਡੀ ਮਾਨਸਿਕ ਚੜ੍ਹਦੀ ਕਲਾ ਦੀ ਅਰਦਾਸ ਕਰੋ। ਇਸ ਉਪਰੰਤ ਡਾਕਟਰਾਂ ਨੇ ਮਿਲਣ ਵਾਲੇ ਗੁਰਸਿੱਖ ਸੰਗਤਾਂ ਅਤੇ ਮਹਾਂਪੁਰਖਾਂ ਨੂੰ ਰੋਕ ਦਿੱਤਾ, ਨਾਲ ਹੀ ਉਨ੍ਹਾਂ ਸਿੰਘਾਂ ਨੂੰ ਕਿਹਾ ਕਿ ਭਲੇ ਸਾਡੇ ਇਲਾਜ ਵਿੱਚ ਦਖਲ ਨਾ ਦਿਉ, ਸਾਨੂੰ ਵੀ ਸੰਤਾਂ ਦਾ ਤੁਹਾਡੇ ਵਾਂਗ ਹੀ ਬਹੁਤ ਜਿਆਦਾ ਫਿਕਰ ਹੈ ਅਤੇ ਅਸੀਂ ਪੂਰੀ ਗੰਭੀਰਤਾ ਨਾਲ ਇਨ੍ਹਾਂ ਦੇ ਇਲਾਜ ਵਿੱਚ ਲੱਗੇ ਹੋਏ ਹਾਂ।

6 ਅਗਸਤ ਦੁਪਹਿਰ ਦੇ ਸਮੇਂ ਡਾਕਟਰ ਐਂਗਲਿਸਟਨ ਜਲਦੀ ਨਾਲ ਆਈਸੀਯੂ ਤੋਂ ਬਾਹਰ ਆਇਆ ਪਰ ਕੁੱਝ ਬੋਲ ਨਹੀਂ ਸਕਿਆ। ਸਿੰਘਾਂ ਵੱਲ ਵੇਖ ਕੇ ਆਪਣਾ ਸੱਜਾ ਹੱਥ ਉਪਰ ਚੁੱਕ ਕੇ ਆਪਣੀਆਂ ਉਂਗਲੀਆਂ ਘੁੰਮਾਈਆਂ ਜਿਸ ਨੂੰ ਵੇਖ ਕੇ ਜਥੇ ਦੇ ਸਿੰਘ ਸਭ ਹੈਰਾਨ ਹੋ ਗਏ ਕੇ ਇਹ ਕੀ ਹੋਇਆ। ਕੁੱਝ ਮਨ ਹੀ ਮਨ ਵਿੱਚ ਸਮਝ ਗਏ ਕਿ ਭਾਣਾ ਵਾਪਰ ਗਿਆ ਹੈ। ਪਰ ਬਹੁਤ ਜਲਦੀ ਡਾਕਟਰ ਐਂਗਲਿਸਟਨ ਵਾਪਸ ਆਈਸੀਯੂ ਵਿੱਚ ਗਏ ਅਤੇ ਉਹਨੀ ਪੈਰੀਂ ਵਾਪਿਸ ਆ ਕੇ ਸਿੰਘਾਂ ਨੂੰ ਇਸ਼ਾਰਾ ਕੀਤਾ ਕਿ ਸਭ ਠੀਕ ਹੈ। ਜਦੋਂ ਡਾਕਟਰ ਨੂੰ ਪੁੱਛਿਆ ਕਿ ਕੀ ਗੱਲ ਹੋ ਗਈ ਸੀ ਤਾਂ ਕਹਿਣ ਲੱਗੇ ਮੈਂਨੂੰ ਜ਼ਿੰਦਗੀ ਵਿੱਚ ਮੈਂ ਕਦੇ ਵੀ ਨਾ ਵੇਖਿਆ ਹੈ ਅਤੇ ਨਾ ਸੁਣਿਆ ਹੈ ਕਿ ਕਿਸੇ ਮਰੀਜ ਦਾ ਦਿਲ ਛਾਈ ਮਿੰਟ ਬੰਦ ਰਹਿਣ ਤੋਂ ਬਾਅਦ ਮੁੜ ਕੰਮ ਕਰਨ ਲੱਗ ਪਵੇ। ਇਸੇ ਦਿਨ ਹੀ ਡਾਕਟਰ ਜੀ. ਐਸ. ਨਰੂਲਾ ਜਿਨ੍ਹਾਂ ਦਾ ਸੰਤਾਂ ਮਹਾਂਪੁਰਖਾਂ ਨਾਲ ਬੜਾ ਭਾਰੀ ਪ੍ਰੇਮ ਸੀ ਅਤੇ ਗੰਗਾ ਨਗਰ ਦੇ ਲਾਇਲਪੁਰੀਆਂ ਦੇ ਪਰਿਵਾਰ ਵਿੱਚੋਂ ਸਨ ਉਦੋਂ ਇੰਗਲੈਂਡ ਗਏ ਹੋਏ ਸਨ ਜਦੋਂ ਸੰਤਾਂ ਦੇ ਐਕਸੀਡੈਂਟ ਦਾ ਪਤਾ ਲੱਗਾ ਤਾਂ ਉਹ 6 ਅਗਸਤ ਸ਼ਾਮ ਨੂੰ ਲੁਧਿਆਣੇ ਪਹੁੰਚ ਗਏ। ਉਹ ਆਪ ਉੱਚ ਕੋਟੀ ਦੇ ਸਰਜਨ ਸਨ ਅਤੇ ਜਿਆਦਾ ਸਮਾਂ ਹਸਪਤਾਲ ਵਿੱਚ ਹੀ ਸੰਤਾਂ ਪਾਸ ਰਹਿੰਦੇ, ਸਿਰਫ ਰਾਤ ਨੂੰ ਕੁਝ ਸਮੇਂ ਲਈ ਘਰ ਆਉਂਦੇ ਅਤੇ ਬਹੁਤ ਸਵੇਰੇ ਹਸਪਤਾਲ ਚਲੇ ਜਾਂਦੇ।

7 ਅਗਸਤ ਨੂੰ ਚੰਡੀਗੜ੍ਹ ਪੀਜੀਆਈ ਤੋਂ ਡਾਕਟਰ ਜਸਵੰਤ ਸਿੰਘ ਨੇਗੀ ਦੀ ਅਗਵਾਈ ਵਿੱਚ ਚਾਰ ਡਾਕਟਰਾਂ ਦੀ ਟੀਮ ਲੁਧਿਆਣੇ ਹਸਪਤਾਲ ਪਹੁੰਚੀ। ਸ਼ਾਇਦ ਇਹ ਡਾਕਟਰ ਪੰਜਾਬ ਸਰਕਾਰ ਵੱਲੋਂ ਭੇਜੇ ਗਏ ਸਨ ਕਿਉਂਕਿ ਕੁੱਝ ਸਿੰਘਾਂ ਦਾ ਵਿਚਾਰ ਸੀ ਕਿ ਸੰਤਾਂ ਨੂੰ ਪੀ.ਜੀ.ਆਈ. ਹਸਪਤਾਲ ਚੰਡੀਗੜ੍ਹ ਵਿਖੇ ਸ਼ਿਫਟ ਕਰ ਦੇਣਾ ਚਾਹੀਦਾ ਹੈ ਪਰ ਪੀਜੀਆਈ ਤੋਂ ਆਈ ਡਾਕਟਰਾਂ ਦੀ ਟੀਮ ਨੇ ਇਲਾਜ ਕਰ ਰਹੇ ਡਾਕਟਰਾਂ ਨਾਲ ਬੈਠ ਕੇ ਸੰਤਾਂ ਦੇ ਇਲਾਜ ਬਾਰੇ ਬਹੁਤ ਗਹੁ ਨਾਲ ਵਿਚਾਰਾਂ ਕੀਤੀਆਂ ਅਤੇ ਅਖੀਰ ਸਿੰਘਾਂ ਨੂੰ ਦੱਸਿਆ ਕਿ ਜੋ ਇਲਾਜ ਇੱਥੇ ਚੱਲ ਰਿਹਾ ਹੈ ਸਾਡੇ ਪਾਸ ਵੀ ਇਸ ਤੋਂ ਵਧੀਆ ਹੋਰ ਕੋਈ ਇਲਾਜ ਨਹੀਂ ਹੈ, ਨਾਲੇ ਇਸ ਹਾਲਾਤ ਵਿੱਚ ਸੰਤਾਂ ਨੂੰ ਇੱਥੋਂ ਸ਼ਿਫਟ ਕਰਨਾ ਬਹੁਤ ਖ਼ਤਰੇ ਭਰਿਆ ਫੈਸਲਾ ਹੈ।

9 ਅਗਸਤ ਨੂੰ ਫਿਰ ਸੰਤਾਂ ਦਾ ਦਿਲ ਕੰਮ ਕਰਨਾ ਛੱਡ ਗਿਆ ਤੇ ਲਗਭਗ ਚਾਰ ਮਿੰਟ ਬੰਦ ਰਿਹਾ ਅਤੇ ਡਾਕਟਰਾਂ ਦੀ ਮੌਜੂਦਗੀ ਵਿੱਚ ਹੀ ਅਚਾਨਕ ਦਿਲ ਫਿਰ ਚੱਲ ਪਿਆ। ਇਸ ਤੇ ਡਾਕਟਰ ਐਂਗਲਿਸਟਨ ਦਾ ਕਹਿਣਾ ਸੀ ਕਿ ਲੱਗਦਾ ਹੈ ਮਹਾਂਪੁਰਖ ਹੀ ਕੋਈ ਚਮਤਕਾਰ ਕਰ ਰਹੇ ਹਨ ਨਹੀਂ ਤਾਂ ਆਮ ਤੌਰ 'ਤੇ ਅਜਿਹਾ ਸੰਭਵ ਨਹੀਂ ਹੁੰਦਾ।

10 ਅਗਸਤ ਨੂੰ ਡਾਕਟਰ ਇਲਾਜ ਪੱਖੋਂ ਪੂਰੀ ਵਾਹ ਲਗਾ ਰਹੇ ਸਨ ਪਰ ਹਾਲਤ ਵਿੱਚ ਸੁਧਾਰ ਹੁੰਦਾ ਨਜ਼ਰ ਨਹੀਂ ਸੀ ਆ ਰਿਹਾ। ਹਾਲਾਤ ਸਥਿਰ ਬਣੇ ਹੋਏ ਸਨ। 11 ਅਤੇ 12 ਅਗਸਤ ਵੀ ਇਨ੍ਹਾਂ ਹਾਲਾਤਾਂ ਵਿੱਚ ਹੀ ਬੀਤਿਆ ਇਸ ਦੌਰਾਨ ਦੂਰ ਦੁਰਾਡੇ ਦੀਆਂ ਬਹੁਤ ਸਾਰੀਆਂ ਪੰਥਕ ਸਖਸ਼ੀਅਤਾਂ ਸੰਤ ਮਹਾਂਪੁਰਖ ਅਤੇ ਲੁਧਿਆਣੇ ਜਿਲ੍ਹੇ ਨਾਲ

Scanned with CamScanner

ਸਥੰਧਿਤ ਲਗਭਗ ਸਾਰੇ ਹੀ ਰਾਜਨੀਤਿਕ ਆਗੂ ਸਮੇਂ-ਸਮੇਂ ਸੰਤਾਂ ਦੀ ਖਬਰ ਲੈਣ ਆਉਂਦੇ ਰਹੇ।

13 ਅਗਸਤ ਨੂੰ ਸਵੇਰੇ ਡਾਕਟਰਾਂ ਨਾਲ ਬੈਠ ਕੇ ਜਥੇ ਦੇ ਜ਼ਿੰਮੇਵਾਰ ਸਿੰਘ ਵਿਚਾਰਾਂ ਕਰ ਰਹੇ ਸਨ ਤਾਂ ਇੱਕ ਸਿੰਘ ਨੇ ਡਾਕਟਰ ਐਗਲਿਸਟਨ ਪਾਸ ਬੇਨਤੀ ਕੀਤੀ ਕੇ ਜੇਕਰ ਸੰਤਾਂ ਦਾ ਦਿਲ ਬਦਲ ਕੇ ਉਹ ਠੀਕ ਹੋ ਸਕਦੇ ਹਨ ਤਾਂ ਮੈਂ ਆਪਣਾ ਦਿਲ ਦੇਣ ਨੂੰ ਤਿਆਰ ਹਾਂ। ਇਸੇ ਤਰ੍ਹਾਂ ਇੱਕ ਸਿੰਘ ਨੇ ਆਪਣੀ ਕਿਡਨੀ ਦੀ ਪੇਸ਼ਕਸ਼ ਕੀਤੀ। ਇਸ ਤਰ੍ਹਾਂ ਹੋਰ ਵੀ ਕਈ ਸਿੰਘਾਂ ਨੇ ਸੰਤਾਂ ਲਈ ਆਪਾ ਵਾਰਨ ਲਈ ਤਿਆਰ ਹਨ। ਉਸਨੇ ਕਿਹਾ ਕਿ ਅਜਿਹਾ ਸੰਭਵ ਨਹੀਂ ਕਿ ਕਿਸੇ ਸਿੰਘ ਦਾ ਕੋਈ ਅੰਗ ਬਦਲੀ ਕਰਕੇ ਸੰਤਾਂ ਦੇ ਸਰੀਰ ਵਿੱਚ ਤਬਦੀਲ ਕੀਤਾ ਜਾ ਸਕੇ।

14 ਅਗਸਤ ਵਾਲੇ ਦਿਨ ਵੀ ਡਾਕਟਰਾਂ ਨੇ ਪੂਰੀ ਕੋਸ਼ਿਸ਼ ਜਾਰੀ ਰੱਖੀ ਅਤੇ ਸਿੰਘਾਂ ਵੱਲੋਂ ਗੁਰਬਾਣੀ ਪੜ੍ਹਦਿਆਂ, ਸਿਮਰਨ ਕਰਦਿਆਂ ਅਤੇ ਅਰਦਾਸਾਂ ਕਰਦਿਆਂ ਲੰਘਾਇਆ।

15 ਅਗਸਤ ਆਜ਼ਾਦੀ ਦਿਵਸ ਹੋਣ ਕਰਕੇ ਹਸਪਤਾਲ ਦੇ ਕਰਮਚਾਰੀ ਸ਼ਾਮਿਆਨੇ ਅਤੇ ਸਪੀਕਰਾਂ ਦਾ ਪ੍ਰਬੰਧ ਕਰਕੇ ਆਜ਼ਾਦੀ ਦੇ ਜਸ਼ਨਾਂ ਦੀ ਤਿਆਰੀ ਕਰ ਰਹੇ ਸਨ। ਪਰ ਡਾਕਟਰ ਐਗਲਿਸਟਨ ਉਨ੍ਹਾਂ ਤੋਂ ਨੇੜੇ ਹੀ ਬਿਲਡਿੰਗ ਦੇ ਕੋਨੇ ਨਾਲ ਆਪਣਾ ਮੱਥਾ ਮੇਢਾ ਲਾ ਕੇ ਇੱਕ ਲੱਤ ਦੇ ਭਾਰ ਖੜ੍ਹੇ ਸਨ। ਉਨ੍ਹਾਂ ਨੇ ਚੱਲ ਰਹੇ ਪ੍ਰੋਗਰਮਾਂ ਵੱਲ ਪਿੱਠ ਕੀਤੀ ਹੋਈ ਸੀ। ਉਹ ਬਹੁਤ ਦੁਵਿਧਾ ਅਤੇ ਮਾਯੂਸੀ ਦੀ ਹਾਲਤ ਵਿੱਚ ਖੜ੍ਹੇ ਸਨ। ਨੇੜੇ ਹੀ ਸ. ਤੇਜਵੰਤ ਸਿੰਘ ਗਰੇਵਾਲ ਖੜ੍ਹੇ ਸਨ। ਇਨੇ ਨੂੰ ਸ. ਕੁਲਬੀਰ ਸਿੰਘ ਗਰੇਵਾਲ ਨੇ ਡਾਕਟਰ ਪਾਸ ਆ ਕੇ ਸੰਤਾਂ ਦੀ ਸਿਹਤ ਬਾਰੇ ਗੱਲ ਚਲਾਈ ਪਰ ਡਾਕਟਰ ਨੇ ਪਹਿਲੀ ਗੱਲ ਇਹੀ ਕੀਤੀ ਕਿ ਮੈਨੂੰ ਆਜ਼ਾਦੀ ਦੇ ਗਾਣੇ ਵਜਾਣੇ ਅੱਜ ਚੰਗੇ ਨਹੀਂ ਲੱਗਦੇ। ਡਾਕਟਰ ਸਾਰੀ ਵਿਥਿਆ ਵਿਸਥਾਰ ਸਹਿਤ ਦੱਸ ਰਹੇ ਸਨ ਕਿ ਹਾਲਾਤ ਨਾਜ਼ੁਕ ਬਣੇ ਹੋਏ ਹਨ।

16 ਅਗਸਤ ਨੂੰ ਵੀ ਡਾਕਟਰਾਂ ਵੱਲੋਂ ਸਭ ਸੰਭਵ ਕੋਸ਼ਿਸ਼ਾਂ ਜਾਰੀ ਰਹੀਆਂ ਅਤੇ ਜਥੇ ਦੇ ਸਿੰਘ ਵੀ ਬਾਓ-ਬਾਣੀਂ ਪਾਠ ਅਤੇ ਅਰਦਾਸਾਂ ਕਰ ਰਹੇ ਸਨ। ਭਾਈ ਜਰਨੈਲ ਸਿੰਘ ਅਭਿਆਸੀ ਸੰਤਾਂ ਕੋਲ ਬੈਠੇ ਪਾਠ ਸੁਣਾ ਰਹੇ ਸਨ ਪਰ ਸ਼ਾਮ ਨੂੰ ਛੇ ਵਜੇ ਸਭ ਕੋਸ਼ਿਸਾਂ ਦੇ ਬਾਵਜੂਦ ਰੱਬੀ ਭਾਣਾ ਵਰਤ ਗਿਆ ਤੇ ਸੰਤਾਂ ਮਹਾਂਪੁਰਖਾਂ ਨੇ ਸਰੀਰ ਤਿਆਗ ਦਿੱਤਾ।

ਇਨ੍ਹਾਂ ਦਿਨਾਂ ਵਿੱਚ ਜਦੋਂ ਤੱਕ ਸੰਤ ਜੀ ਹਸਪਤਾਲ ਵਿੱਚ ਰਹੇ ਤਾਂ ਗੁਰਦੁਆਰਾ ਕਲਗੀਧਰ ਦੇ ਪ੍ਰਬੰਧਕਾਂ ਨੇ ਵਿਸ਼ੇਸ਼ ਤੌਰ 'ਤੇ ਕਮੇਟੀ ਦੇ ਪ੍ਰਧਾਨ ਭਾਈ ਜਗਜੀਤ ਸਿੰਘ (ਜਿਨ੍ਹਾਂ ਨੂੰ ਸਾਬਣ ਵਾਲੇ ਕਰਕੇ ਜਾਣਿਆ ਜਾਂਦਾ ਸੀ) ਨੇ ਭਾਰੀ ਸਹਿਯੋਗ ਦਿੱਤਾ। ਬਹੁਤ ਸਾਰੇ ਸਿੰਘਾਂ ਦੇ ਰਹਿਣ ਲਈ ਇਨ੍ਹਾਂ ਨੇ ਵਿਸ਼ੇਸ਼ ਪ੍ਰਬੰਧ ਕੀਤਾ ਹੋਇਆ ਸੀ। ਸੰਤਾਂ ਮਹਾਂਪੁਰਖਾਂ ਦੀ ਖਬਰ ਸਾਰ ਲੈਣ ਲਈ ਪੰਜਾਬ ਕੀ, ਸਮੁੱਚੇ ਭਾਰਤ ਵਿੱਚੋਂ ਦੂਰ ਦੁਰਾਡਿਆਂ ਤੋਂ ਸੰਗਤਾਂ ਆ ਰਹੀਆਂ ਸਨ। ਬਹੁਤ ਸਾਰੇ ਸੰਤ ਮਹਾਂਪੁਰਖ ਵੀ ਆਏ ਜਿਨ੍ਹਾਂ ਵਿੱਚ ਸੰਤ ਬਾਬਾ ਦਿਆ ਸਿੰਘ ਜੀ ਸੁਰਸਿੰਘ ਵਾਲੇ, ਸੰਤ ਬਾਬਾ ਉੱਤਮ ਸਿੰਘ ਜੀ ਖਡੂਰ ਸਾਹਿਬ ਵਾਲੇ, ਸਿਖ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਹੌਂਡ ਗੁੰਬੀ ਸ੍ਰੀ ਦਰਬਾਰ ਸਾਹਿਬ, ਭਾਈ ਬਲਬੀਰ ਸਿੰਘ ਜੀ ਸਪੁੱਤਰ ਭਾਈ ਸਾਹਿਬ ਜੀ ਭਾਈ ਰਣਧੀਰ ਸਿੰਘ (ਅਖੰਡ ਕੀਰਤਨੀ ਜਥਾ) ਸੰਤ ਬਲਵੰਤ ਸਿੰਘ ਜੀ ਟਾਂਡੇ ਵਾਲੇ, ਸੰਤ ਕਰਤਾਰ ਸਿੰਘ ਜੀ ਬਰਿਆਰਾਂ ਵਾਲੇ, ਸੰਤ ਕ੍ਰਿਪਾਲ ਸਿੰਘ ਜੀ, ਬਾਬਾ ਜੋਗਿੰਦਰ ਸਿੰਘ ਜੀ ਰੋਡਿਆਂ ਵਾਲੇ, ਸੰਤ ਬਾਬਾ ਹਰਨਾਮ ਸਿੰਘ ਰਾਮਪੁਰ ਖੇੜੇ ਵਾਲੇ, ਬਾਬਾ ਖੜਕ ਸਿੰਘ ਜੀ ਕਾਰਸੇਵਾ ਵਾਲੇ ਸੰਤ ਬਾਬਾ ਤਾਰਾ ਸਿੰਘ ਸਰਹਾਲੀ ਵਾਲੇ ਅਤੇ ਹੋਰ ਵੀ ਬਹੁਤ ਸਾਰੀਆਂ ਸਖਸ਼ੀਅਤਾਂ, ਸੰਤ ਮਹਾਂਪੁਰਖ ਸੰਤਾਂ ਦੀ ਖਬਰ ਲੈਣ ਲਈ ਹਸਪਤਾਲ ਪਹੁੰਚਦੇ ਰਹੇ। 16 ਅਗਸਤ ਸ਼ਾਮ ਨੂੰ ਸਾਢੇ ਸੱਤ ਵਜੇ ਜਥੇ ਦੇ ਸਿੰਘ ਸੰਗਤਾਂ ਸਮੇਤ ਸੰਤਾਂ ਦਾ ਸਰੀਰ ਲੈ ਕੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤੇ ਲਈ ਰਵਾਨਾ ਹੋ ਗਏ। (ਯਾਦ ਰਹੇ ਜਦੋਂ ਸੰਤਾਂ ਦਾ ਸਰੀਰ ਲੈ ਕੇ ਜਥੇ ਦੇ ਸਿੰਘ ਹਸਪਤਾਲ ਵਿੱਚੋਂ ਹਾਲੇ ਬਾਹਰ ਹੀ ਨਿਕਲ ਰਹੇ ਸਨ ਤਾਂ ਨਕਲੀ ਨਿਰੰਕਾਰੀਆਂ ਦੇ ਇੱਕ ਚੇਲੇ ਨੇ ਵਿਅੰਗਮਈ ਤਰਕ ਮਾਰਦਿਆਂ ਆਖਿਆ ਕਿ ਅੱਜ ਕਿਥੇ ਆ ਉਹ ਜੋ ਨਿਰੰਕਾਰੀਆਂ ਦਾ ਏਨਾ ਵਿਰੋਧੀ ਸੀ? ਇਹ ਤਰਕ ਭਾਈ ਜਰਨੈਲ ਸਿੰਘ ਅਭਿਆਸੀ ਸਮੇਤ ਹੋਰ ਕਈ ਸਿੰਘਾਂ ਨੇ ਸੁਣੀ, ਪਰ ਵੈਰਾਗਮਈ ਮਾਹੌਲ ਹੋਣ ਕਾਰਨ ਚੁੱਪ ਰਹੇ) ਰਸਤੇ ਵਿੱਚ ਥਾਂਵਾਂ-ਥਾਂਵਾਂ 'ਤੇ ਸੰਗਤਾਂ ਨੇ ਰੋਕ ਕੇ ਸੰਤਾਂ ਦੇ ਦਰਸ਼ਨ ਕੀਤੇ। ਸੰਤਾਂ ਦੇ ਸਰੀਰ ਪਾਸ ਲਗਾਤਾਰ ਗੁਰਬਾਣੀ ਦਾ ਵੈਰਾਗਮਈ ਕੀਰਤਨ ਹੋ ਰਿਹਾ ਸੀ। ਇਸ ਤਰ੍ਹਾਂ ਦੇਰ ਰਾਤ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚੇ।

Scanned with CamScanner

17 ਅਗਸਤ ਨੂੰ ਸੰਤਾਂ ਦੇ ਅੰਤਿਮ ਸਸਕਾਰ ਦੀਆਂ ਤਿਆਰੀਆਂ ਹੋਈਆਂ। ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਬਾਹਰ ਪੰਡਾਲ ਸਜਿਆ। ਟਕਸਾਲ ਦੇ ਰਾਗੀ ਜਥਿਆਂ ਨੇ ਜਿਨ੍ਹਾਂ ਵਿੱਚ ਰਾਗੀ ਭਾਈ ਰਾਮ ਸਿੰਘ ਜੀ, ਭਾਈ ਗੁਰਮੇਲ ਸਿੰਘ ਜੀ, ਭਾਈ ਗੁਰਸ਼ਰਨ ਸਿੰਘ, ਭਾਈ ਸੁਰਜੀਤ ਸਿੰਘ ਜੀ, ਭਾਈ ਸੋਹਣ ਸਿੰਘ ਜੀ ਹੁਰਾਂ ਨੇ ਵਾਰੀ-ਵਾਰੀ ਬਹੁਤ ਹੀ ਵੈਰਾਗਮਈ ਕੀਰਤਨ ਕੀਤਾ।

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੇ ॥ (੫੮੦)

ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ
ਇਹੁ ਤਉ ਚਲਤੁ ਭਇਆ ॥ (੯੯੫)
ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥
(ਭਾਈ ਗੁਰਦਾਸ ਜੀ ਵਾਰ ੧੯ ਪਉੜੀ ੧੪/੧੬)

ਦੁਪਹਿਰ ਹੁੰਦਿਆਂ ਤੱਕ ਕੀਰਤਨ ਦਾ ਪ੍ਰਵਾਹ ਚੱਲਦਾ ਰਿਹਾ ਅਤੇ ਇਸ ਸਮੇਂ ਤੱਕ ਇਲਾਕੇ ਅਤੇ ਦੂਰ ਦੁਰਾਡੇ ਦੀਆਂ ਸੰਗਤਾਂ ਭਾਰੀ ਗਿਣਤੀ 'ਚ ਪਹੁੰਚ ਚੁੱਕੀਆਂ ਸਨ। ਪੰਥ ਦੀਆਂ ਸਿਰਮੌਰ ਸਖਸ਼ੀਅਤਾਂ ਤਖਤਾਂ ਦੇ ਸਿੰਘ ਸਾਹਿਬਾਨ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬਾਨ, ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਹੰਗ ਸਿੰਘ ਜਥੇਬੰਦੀਆਂ ਆਦਿ ਦੇ ਪ੍ਰਮੁੱਖ ਆਗੂ ਵੀ ਪਹੁੰਚ ਚੁੱਕੇ ਸਨ। ਗੁਰਦੁਆਰਾ ਸਾਹਿਬ ਦੇ ਸਾਹਮਣੇ ਹੀ ਅੰਤਿਮ ਸਸਕਾਰ ਦਾ ਪ੍ਰਬੰਧ ਕੀਤਾ ਗਿਆ। ਬਾਣੀ ਪੜ੍ਹਦਿਆਂ ਸਿੰਘਾਂ ਨੇ ਅੰਗੀਠਾ ਤਿਆਰ ਕੀਤਾ। ਸੰਤਾਂ ਦੇ ਪਰਿਵਾਰਿਕ ਮੈਂਬਰਾਂ ਅਤੇ ਜਥੇ ਦੇ ਸਿੰਘਾਂ ਨੇ ਸੰਤਾਂ ਦੇ ਪੰਜ ਭੂਤਕ ਸਰੀਰ ਦਾ ਇਸ਼ਨਾਨ ਕਰਾਇਆ। ਮਰਿਆਦਾ ਅਨੁਸਾਰ ਨਵੇਂ ਬਸਤਰ ਪਹਿਨਾਏ, ਕਮਰਕੱਸਾ ਸਜਾਇਆ ਅਤੇ ਵਾਹਿਗੁਰੂ ਦਾ ਸਿਮਰਨ ਕਰਦਿਆਂ ਸੰਤਾਂ ਦਾ ਸਰੀਰ ਅੰਗੀਠੇ ਉਪਰ ਸਜਾ ਦਿੱਤਾ ਗਿਆ। ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਕਰਦਿਆਂ ਬਾਕੀ ਦਾ ਅੰਗੀਠਾ ਸੰਪੂਰਨ ਕੀਤਾ। ਅਰਦਾਸਾ ਸੋਧਿਆ ਅਤੇ ਸੰਤਾਂ ਦੇ ਵੱਡੇ ਸਪੁੱਤਰ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਅੰਗੀਠਾ ਪ੍ਰਚੰਡ ਕੀਤਾ। ਕਿਸੇ ਅਣਸੁਖਾਵੀਂ ਘਟਨਾ ਵਾਪਰ ਜਾਣ ਦੇ ਡਰੋਂ ਜਥੇ ਦੇ ਸਿੰਘਾਂ ਨੇ ਆਲੇ ਦੁਆਲੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਕੁੱਝ ਸਮੇਂ ਬਾਅਦ ਕੀਰਤਨ ਸੋਹਿਲੇ ਦਾ ਪਾਠ ਹੋਇਆ ਅਤੇ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਸਭ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਅਲਾਹਣੀਆਂ ਦਾ ਪਾਠ ਸੁਣਨ ਲਈ ਸਜ ਜਾਣ। ਅਲਹਾਣੀਆਂ ਦੇ ਪਾਠ ਉਪਰੰਤ ਅਰਦਾਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਮੁਖਵਾਕ ਆਇਆ

ਜਿਨਿ ਝੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ
ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥ (੬੭੮)

ਸ੍ਰੀ ਮੁਖਵਾਕ ਸੁਣ ਕੇ ਉਨ੍ਹਾਂ ਗੁਰਸਿੱਖ ਸੰਗਤਾਂ ਨੂੰ ਕਾਫੀ ਧਰਵਾਸ ਮਿਲਿਆ ਜਿਨ੍ਹਾਂ ਨੇ ਪਿਛਲੇ ਕਿਨ੍ਹਾਂ ਦਿਨਾਂ ਵਿੱਚ ਸੰਤ ਜੀ ਨਮਿੱਤ ਬਾਣੀ ਪੜ੍ਹੀ, ਸਿਮਰਨ ਕੀਤਾ ਅਤੇ ਅਰਦਾਸਾਂ ਕੀਤੀਆਂ ਸਨ। ਇਸ ਤੋਂ ਬਾਅਦ 20 ਅਗਸਤ ਨੂੰ ਸੰਤਾਂ ਦੇ ਦੁਸਹਿਰੇ ਦੀ ਤਰੀਕ ਸੰਗਤਾਂ ਨੂੰ ਦੱਸ ਦਿੱਤੀ ਗਈ। ਇਸ ਦੇ ਨਾਲ ਹੀ ਬਹੁਤ ਸਾਰੀਆਂ ਸੰਗਤਾਂ ਆਪੋ ਆਪਣੇ ਇਲਾਕਿਆਂ ਨੂੰ ਵਾਪਸ ਪਰਤ ਗਈਆਂ। ਜਥੇ ਦੇ ਅੰਦਰਲੇ ਹਾਲਾਤ ਬਿਆਨ ਕਰਨ ਤੋਂ ਪਰ੍ਹੇ ਬੇਹੱਦ ਗਮਗੀਨ ਸਨ।

19 ਤਰੀਕ ਨੂੰ ਜਥਾ ਤੇ ਸੰਗਤਾਂ ਇੱਕ ਵੱਡੇ ਕਾਫਲੇ ਦੇ ਰੂਪ ਵਿੱਚ ਸੰਤਾਂ ਦਾ ਅੰਗੀਠਾ ਜਲ ਪ੍ਰਵਾਹ ਕਰਨ ਲਈ ਸ੍ਰੀ ਕੀਰਤਪੁਰ ਸਾਹਿਬ ਨੂੰ ਰਵਾਨਾ ਹੋਈਆਂ ਅਤੇ ਰਸਤੇ ਵਿੱਚ ਹੋਰ ਵੀ ਬਹੁਤ ਸਾਰੀਆਂ ਸੰਗਤਾਂ ਇਸ ਕਾਫਲੇ ਨਾਲ ਸ਼ਾਮਿਲ ਹੋਈਆਂ। ਗੁਰਦੁਆਰਾ ਕਲਗੀਧਰ ਲੁਧਿਆਣਾ ਵੱਲੋਂ ਲੰਗਰ ਪੈਕ ਕਰਕੇ ਕਾਫਲੇ ਦੀਆਂ ਗੱਡੀਆਂ ਵਿੱਚ ਵਰਤਾਇਆ ਗਿਆ। ਬਾਅਦ ਦੁਪਹਿਰ ਇਹ ਸੰਗਤਾਂ ਕੀਰਤਪੁਰ ਸਾਹਿਬ ਵਿਖੇ ਪਹੁੰਚੀਆਂ ਜਿਥੇ ਸੰਤਾਂ ਦਾ ਅੰਗੀਠਾ ਜਲ ਪ੍ਰਵਾਹ ਕੀਤਾ ਗਿਆ। ਫਿਰ ਗੁਰਦੁਆਰਾ ਸਾਹਿਬ ਵਿਖੇ ਸ਼ਬਦ ਕੀਰਤਨ ਉਪਰੰਤ ਅਰਦਾਸ ਕੀਤੀ ਗਈ।

Scanned with CamScanner

ਨਕਲੀ ਨਿਰੰਕਾਰੀਆਂ ਵਿੱਚ ਅੰਦਰਖਾਤੇ ਖੁਸ਼ੀ ਦੀ ਲਹਿਰ

ਸੰਤ ਕਰਤਾਰ ਸਿੰਘ ਜੀ ਖ਼ਾਲਸਾ ਜਿੱਥੇ ਦਮਦਮੀ ਟਕਸਾਲ ਦੇ 13ਵੇਂ ਮੁਖੀ, ਪੜ੍ਹੇ ਲਿਖੇ ਵਿਦਵਾਨ, ਨਿਧੜਕ ਪ੍ਰਚਾਰਕ, ਧਰਮ ਦੇ ਅਸੂਲਾਂ ਦੀ ਪ੍ਰਪੱਕਤਾ ਦੇ ਪਹਿਰੇਦਾਰ ਵਜੋਂ, ਗੁਰਬਾਣੀ ਦਾ ਆਦਰ ਸਤਿਕਾਰ ਰੱਖਣਾ, ਅਖੌਤੀ ਦੇਹਧਾਰੀ ਗੁਰੂਆਂ ਨੂੰ ਕਰਾਰੇ ਹੱਥੀਂ ਤਾੜਨਾ ਅਤੇ ਕਦੇ ਵੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਕਰਨ ਵਾਲੇ ਲੋਕਾਂ ਨੂੰ ਬਰਦਾਸ਼ਤ ਨਾ ਕਰਨਾ ਆਦਿ ਉਨ੍ਹਾਂ ਦਾ ਮੁੱਢਲਾ ਅਸੂਲ ਸੀ। ਜਿੱਥੇ ਗੁਰੂ ਘਰ ਦੀਆਂ ਸਿੱਖ ਸੰਗਤਾਂ ਇਨ੍ਹਾਂ ਗੁਣਾਂ ਕਰਕੇ ਸੰਤਾਂ ਉਪਰ ਮਾਣ ਕਰਦੀਆਂ ਸਨ ਉਥੇ ਵਿਰੋਧੀ ਵਿਚਾਰਧਾਰਾ ਦੇ ਲੋਕ ਵੀ ਸੰਤਾਂ ਦੇ ਇਨ੍ਹਾਂ ਗੁਣਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ ਅਤੇ ਇਸੇ ਕਾਰਨ ਸੰਤਾਂ ਦੇ ਜਥੇ ਦੀ ਅਖੌਤੀ ਨਿਰੰਕਾਰੀਆਂ ਨਾਲ ਕਈ ਵਾਰ ਟੱਕਰ ਹੋ ਚੁੱਕੀ ਸੀ। ਖਾਸ ਕਰਕੇ ਨਕਲੀ ਨਿਰੰਕਾਰੀਆਂ ਦਾ ਬੁੱਧੀਜੀਵੀ ਵਰਗ ਜਿਨ੍ਹਾਂ ਵਿੱਚ ਆਈ.ਏ. ਐੱਸ. ਅਤੇ ਆਈ. ਪੀ. ਐੱਸ. ਜਾਂ ਹੋਰ ਉੱਚ ਅਧਿਕਾਰੀ ਜੋ ਸਰਕਾਰ ਦੇ ਵੱਖ-ਵੱਖ ਅਹੁਦਿਆਂ 'ਤੇ ਡਿਊਟੀਆਂ ਨਿਭਾਅ ਰਹੇ ਸਨ ਅਤੇ ਖੁੱਲ੍ਹ ਕੇ ਨਕਲੀ ਨਿਰੰਕਾਰੀਆਂ ਦੇ ਮਿਸ਼ਨ ਵਿੱਚ ਸ਼ਾਮਿਲ ਸਨ। ਇਸੇ ਤਰ੍ਹਾਂ ਪ੍ਰੈੱਸ ਦਾ ਇੱਕ ਹਿੱਸਾ ਜਿਸ ਵਿੱਚ ਮਹਾਸ਼ਾ ਪ੍ਰੈੱਸ ਖਾਸ ਕਰਕੇ ਲਾਲਾ ਜਗਤ ਨਰਾਇਣ ਦੀ ਅਗਵਾਈ ਵਾਲਾ ਹਿੰਦ ਸਮਾਚਾਰ ਸਮੂਹ ਵੀ ਨਕਲੀ ਨਿਰੰਕਾਰੀਆਂ ਦੇ ਮਿਸ਼ਨ ਦੀ ਇੱਕ ਖਾਸ ਕੜੀ ਸੀ। ਇਹ ਸਭ ਸਮੇਂ-ਸਮੇਂ ਸੰਤ ਗਿਆਨੀ ਕਰਤਾਰ ਜੀ ਖ਼ਾਲਸਾ ਦੇ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਮੀਟਿੰਗਾਂ ਕਰਕੇ ਸਾਜਿਸ਼ਾਂ ਘੜਦੇ ਅਤੇ ਸੰਤਾਂ ਦੇ ਚੱਲ ਰਹੇ ਪ੍ਰਚਾਰ ਵਿੱਚ ਕਈ ਤਰ੍ਹਾਂ ਦੀਆਂ ਅੜਚਨਾਂ ਪਾਉਣ ਦੀਆਂ ਕੋਸ਼ਿਸ਼ ਕਰਦੇ ਪਰ ਸੰਤਾਂ ਨੇ ਕਦੇ ਵੀ ਇਨ੍ਹਾਂ ਲੋਕਾਂ ਦੀ ਪਰਵਾਹ ਨਹੀਂ ਕੀਤੀ। ਜਿਸ ਕਾਰਨ ਕੇਂਦਰ ਅਤੇ ਸੂਬਾ ਸਰਕਾਰ ਦੀ ਪੂਰੀ ਸ਼ਹਿ ਹੋਣ ਦੇ ਬਾਵਜੂਦ ਵੀ ਇਨ੍ਹਾਂ ਲੋਕਾਂ ਨੂੰ ਕਾਮਯਾਬੀ ਮਿਲਦੀ ਨਜ਼ਰ ਨਹੀਂ ਸੀ ਆਉਂਦੀ। ਅਜਿਹੇ ਸਮੇਂ ਸੰਤ ਗਿਆਨੀ ਕਰਤਾਰ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਸੜਕ ਹਾਦਸੇ ਦੌਰਾਨ ਅਕਾਲ ਚਲਾਣਾ ਹੋ ਜਾਣਾ ਇਨ੍ਹਾਂ ਲੋਕਾਂ ਨੇ ਆਪਣੇ ਲਈ ਵਰਦਾਨ ਸਮਝਿਆ, ਕਿਉਂਕਿ ਇਹ ਸੋਚਦੇ ਸਨ ਕਿ ਇਸ ਜਥੇ ਦਾ ਇੰਨਾ ਸੂਝਵਾਨ ਵਿਦਵਾਨ ਮੁਖੀ ਬਣਨਾ ਅਤੇ ਦਮਦਮੀ ਟਕਸਾਲ ਦੇ ਪ੍ਰਚਾਰ ਨੂੰ ਇਨ੍ਹਾਂ ਬੁਲੰਦੀਆਂ 'ਤੇ ਲੈ ਜਾਣਾ ਨੇੜ ਭਵਿੱਖ ਵਿੱਚ ਸੰਭਵ ਨਹੀਂ ਹੋ ਸਕਦਾ ਅਤੇ ਜਿਵੇਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਸਾਡੀਆਂ ਬਰੀਕ ਚਾਲਾਂ ਨੂੰ ਅਸਾਨੀ ਨਾਲ ਸਮਝਦੇ ਸਨ ਇੰਨੀ ਸੂਝਬੂਝ ਵਾਲਾ ਵਿਅਕਤੀ ਦਮਦਮੀ ਟਕਸਾਲ ਨੂੰ ਪ੍ਰਾਪਤ ਨਹੀਂ ਹੋ ਸਕੇਗਾ। ਇਸ ਲਈ ਇਨ੍ਹਾਂ ਲੋਕਾਂ ਨੇ ਬਹੁਤ ਹੀ ਕੋਝੀਆਂ ਸਾਜਿਸ਼ਾਂ ਘੜੀਆਂ। ਇਨ੍ਹਾਂ ਦੀ ਘਾੜਤ ਘੜਣ ਵਾਲਿਆਂ ਵਿੱਚ ਮੁੱਖ ਤੌਰ 'ਤੇ ਲਾਲਾ ਜਗਤ ਨਰਾਇਣ, ਆਈ. ਏ. ਐੱਸ. ਨਿਰੰਜਣ ਸਿੰਘ ਅਤੇ ਨਕਲੀ ਨਿਰੰਕਾਰੀਆਂ ਦੇ ਚਹੇਤੇ ਬੁੱਧੀਜੀਵੀ ਸ਼ਾਮਿਲ ਸਨ, ਜਿਨ੍ਹਾਂ ਨੇ ਸੋਚਿਆ ਕਿ ਹੁਣ ਸੁਨਹਿਰੀ ਮੌਕਾ ਹੈ ਕਿ ਸਿੱਖ ਧਰਮ ਦੇ ਮੂਲ ਸਿਧਾਂਤਾਂ ਉਪਰ ਸੱਟ ਮਾਰੀ ਜਾਵੇ ਅਤੇ ਪੰਜਾਬ ਵਿੱਚ ਸਿੱਖੀ ਪ੍ਰਤੀ ਵੱਧ ਰਹੇ ਜਜ਼ਬੇ ਨੂੰ ਹਰ ਹਾਲਤ ਵਿੱਚ ਰੋਕਿਆ ਜਾਵੇ, ਜਿੰਨਾ ਜਲਦੀ ਹੋ ਸਕੇ ਇਨ੍ਹਾਂ ਸਾਜਿਸ਼ਾਂ ਨੂੰ ਅੰਜ਼ਾਮ ਦਿੱਤਾ ਜਾਵੇ। ਨਾਲ ਹੀ ਇਨ੍ਹਾਂ ਲੋਕਾਂ ਦੀ ਦਮਦਮੀ ਟਕਸਾਲ ਦੇ ਨਵੇਂ ਚੁਣੇ ਜਾਣ ਵਾਲੇ ਮੁਖੀ ਉਪਰ ਬਾਜ਼ ਨਿਗ੍ਹਾ ਵੀ ਕੰਮ ਕਰ ਰਹੀ ਸੀ ਅਤੇ ਵਿਸ਼ੇਸ਼ ਵਿਅਕਤੀਆਂ ਦੀ ਡਿਊਟੀ ਲਾਈ ਹੋਈ ਸੀ ਕਿ ਮਹਿਤੇ ਵਿਖੇ ਇਸ ਸਮੁੱਚੇ ਘਟਨਾਕ੍ਰਮ ਉਪਰ ਨਿਗ੍ਹਾ ਰੱਖੀ ਜਾਵੇ। ਜਿਵੇਂ ਹੀ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੀ ਥਾਂ 'ਤੇ ਜਿਸ ਵਿਅਕਤੀ ਦੀ ਚੋਣ ਕੀਤੀ ਜਾ ਰਹੀ ਹੈ ਉਹ ਬਹੁਤ ਘੱਟ ਪੜ੍ਹਿਆ ਲਿਖਿਆ ਅਤੇ ਸਾਧਾਰਨ ਪੇਂਡੂ ਵਿਅਕਤੀ ਹੈ। ਇਸ ਲਈ ਸਾਡੇ ਵੱਲੋਂ ਉਲੀਕੇ ਸਿੱਖ ਵਿਰੋਧੀ ਮਿਸ਼ਨ ਨੂੰ ਸਮਝਣਾ ਉਸ ਦੇ ਵੱਸ ਦੀ ਗੱਲ ਨਹੀਂ। ਇਹ ਸੋਚਦਿਆਂ ਇਨ੍ਹਾਂ ਸਭ ਲੋਕਾਂ ਨੇ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਨਾਲ ਮਿਲ ਕੇ ਆਉਣ ਵਾਲੇ ਸਮੇਂ ਦੀਆਂ ਘਾੜਤਾਂ ਘੜਣ ਲਈ ਅਹਿਮ ਮੀਟਿੰਗਾਂ ਕੀਤੀਆਂ। ਹਾਲਾਂਕਿ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਦੁਸਹਿਰੇ ਵਾਲੇ ਦਿਨ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਦਸਤਾਰਬੰਦੀ ਉਪਰੰਤ ਪਹਿਲੇ ਹੀ ਭਾਸ਼ਣ ਤੋਂ ਇਨ੍ਹਾਂ ਸਾਜਿਸ਼ਕਾਰੀ ਲੋਕਾਂ ਦਾ ਮੱਥਾ ਜ਼ਰੂਰ ਠਣਕਿਆ ਹੋਵੇਗਾ ਪਰ ਇਹ ਲੋਕ ਆਪਣੀਆਂ ਕੋਝੀਆਂ ਚਾਲਾਂ ਨੂੰ ਅੰਜਾਮ ਦੇਣ ਤੋਂ ਬਾਜ਼ ਨਹੀਂ ਆਏ। ਭਾਵੇਂ ਇਸ ਦਾ ਭਿਆਨਕ ਨਤੀਜਾ ਭੁਗਤਣਾ ਪਿਆ।

ਸੁਹਿਰਦ ਸੰਤ ਖ਼ਾਲਸਾ

Scanned with CamScanner

ਦਮਦਮੀ ਟਕਸਾਲ ਲਈ ਨਵੇਂ ਮੁਖੀ ਦੀ ਚੋਣ ਇੱਕ ਵੱਡਾ ਇਮਤਿਹਾਨ ਸੀ

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਅਕਾਲ ਚਲਾਣੇ ਉਪਰੰਤ ਦਮਦਮੀ ਟਕਸਾਲ ਦੇ ਨਵੇਂ ਮੁਖੀ ਬਾਰੇ ਕਿਆਸਰਾਈਆਂ ਲੱਗਣੀਆਂ ਸੁਭਾਵਿਕ ਸਨ। ਸਿੱਖ ਪੰਥ ਦੀਆਂ ਸਿਰਮੌਰ ਜਥੇਬੰਦੀਆਂ, ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਕਾਰਸੇਵਾ ਵਾਲੇ ਮਹਾਂਪੁਰਖ, ਸਿੰਘ ਸਭਾਵਾਂ ਆਦਿ ਦੇ ਆਪੋ ਆਪਣੇ ਵਿਚਾਰ ਅਨੁਸਾਰ ਚਰਚਾ ਚੱਲ ਰਹੀ ਸੀ। ਇਥੋਂ ਤੱਕ ਕਈ ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਵਿਚਾਰ ਦਮਦਮੀ ਟਕਸਾਲ ਦੇ ਜ਼ਿੰਮੇਵਾਰ ਸਿੰਘਾਂ ਤੱਕ ਪਹੁੰਚਦੇ ਵੀ ਕੀਤੇ। ਕੁੱਝ ਵਿਦਵਾਨ ਗਿਆਨੀ ਜੋ ਕਿ ਦਮਦਮੀ ਟਕਸਾਲ ਵਿੱਚੋਂ ਹੀ ਵਿੱਦਿਆ ਪ੍ਰਾਪਤ ਕਰਕੇ ਦੇਸ਼ ਜਾਂ ਵਿਦੇਸ਼ਾਂ ਵਿੱਚ ਵਿਚਰਦੇ ਹੋਏ ਧਰਮ ਪ੍ਰਚਾਰ ਕਰ ਰਹੇ ਸਨ। ਉਨ੍ਹਾਂ ਦੇ ਮਨ ਵਿੱਚ ਵੀ ਆਪੋ-ਆਪਣੇ ਖ਼ਿਆਲ ਸਨ ਕਿ ਦਮਦਮੀ ਟਕਸਾਲ ਦਾ ਅਗਲਾ ਮੁਖੀ ਸੰਤ ਗਿਆਨੀ ਕਰਤਾਰ ਜੀ ਖ਼ਾਲਸਾ ਵਾਂਗ ਹੀ ਵਿਦਵਾਨ ਹੋਣਾ ਚਾਹੀਦਾ ਹੈ। ਅਜਿਹਾ ਨਾ ਹੋ ਸਕੇ ਤਾਂ ਫਿਲਹਾਲ ਨਵੇਂ ਮੁਖੀ ਦੀ ਚੋਣ ਕੁਝ ਸਮੇਂ ਲਈ ਅੱਗੇ ਪਾ ਦੇਣੀ ਚਾਹੀਦੀ ਹੈ ਅਤੇ ਮੌਜੂਦਾ ਪ੍ਰਬੰਧ ਲਈ ਪੰਜ ਸਿੰਘਾਂ ਦੀ ਚੋਣ ਕਰਕੇ ਆਰਜੀ ਪ੍ਰਬੰਧ ਚਲਾ ਲੈਣਾ ਚਾਹੀਦਾ ਹੈ। ਕੁੱਝ ਸੰਪਰਦਾਵਾਂ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵੱਡੇ ਸਪੁੱਤਰ ਭਾਈ ਅਮਰੀਕ ਸਿੰਘ ਨੂੰ ਸਲਾਹ ਦਿੱਤੀ ਕਿ ਤੁਹਾਨੂੰ ਖੁਦ ਇਹ ਜ਼ਿੰਮੇਵਾਰੀ ਸਾਂਭਣੀ ਚਾਹੀਦੀ ਹੈ। ਇਸੇ ਤਰ੍ਹਾਂ ਕੁੱਝ ਹੋਰ ਸਿੰਘਾਂ ਦੇ ਨਾਂ ਵੀ ਸਾਹਮਣੇ ਆਏ ਜਿਨ੍ਹਾਂ ਨੂੰ ਨਵੇਂ ਮੁਖੀ ਵਜੋਂ ਆਪੋ ਆਪਣੇ ਢੰਗ ਨਾਲ ਯੋਗ ਸਮਝਿਆ ਗਿਆ ਸੀ। ਇਨ੍ਹਾਂ ਸਿੰਘਾਂ ਵਿੱਚ ਭਾਈ ਜਰਨੈਲ ਸਿੰਘ ਅਭਿਆਸੀ ਦਾ ਨਾਂ ਵੀ ਕਈ ਸਿੰਘਾਂ ਵੱਲੋਂ ਲਿਆ ਜਾ ਰਿਹਾ ਸੀ। ਪਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜੀ ਦੇ ਅਕਾਲ ਚਲਾਣੇ ਸਮੇਂ ਜੋ ਸਿੰਘ ਦਮਦਮੀ ਟਕਸਾਲ ਵਿਖੇ ਮੌਜੂਦ ਵਿਦਿਆਰਥੀ ਸਨ ਉਨ੍ਹਾਂ ਦੇ ਮਨ ਵਿੱਚ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਪ੍ਰਤੀ ਪੂਰਨ ਭਰੋਸਾ ਸੀ ਕਿ ਜੋ ਵੀ ਫੈਸਲਾ ਬਾਬਾ ਜੀ ਕਰਨਗੇ ਉਹ ਹੀ ਦਮਦਮੀ ਟਕਸਾਲ ਦੇ ਸਭ ਵਿਦਿਆਰਥੀਆਂ ਨੂੰ ਪ੍ਰਵਾਨ ਹੋਵੇਗਾ।

ਸ਼ਾਮ ਨੂੰ ਜਥੇ ਦੇ ਕੁੱਝ ਸਿੰਘ ਭਾਈ ਜਰਨੈਲ ਸਿੰਘ ਅਭਿਆਸੀ ਸਮੇਤ ਸ਼ਾਹਰ ਖੇਤਾਂ ਵਿੱਚ ਬੰਬੀ 'ਤੇ ਇਸ਼ਨਾਨ ਕਰਨ ਵਾਸਤੇ ਗਏ। ਉੱਥੇ ਹੀ ਭਾਈ ਜਰਨੈਲ ਸਿੰਘ ਅਭਿਆਸੀ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਅਤੇ ਉਨ੍ਹਾਂ ਨਾਲ ਸੰਤ ਕਿਰਪਾਲ ਸਿੰਘ ਰੋਡਿਆਂ ਵਾਲੇ ਅਤੇ ਪਿੰਡ ਦੇ ਹੀ ਕੁੱਝ ਹੋਰ ਸਿੰਘ, ਜੋ ਟਕਸਾਲ ਦੇ ਮਿਲਾਪੀ ਸਨ ਉਹ ਵੀ ਖੜ੍ਹੇ ਸਨ। ਉਥੇ ਹੀ ਭਾਈ ਜਰਨੈਲ ਸਿੰਘ ਅਭਿਆਸੀ ਨੇ ਸੰਤ ਕਿਰਪਾਲ ਸਿੰਘ ਜੀ ਅਤੇ ਬਾਬਾ ਜੋਗਿੰਦਰ ਸਿੰਘ ਨਾਲ ਸੰਖੇਪ ਵਿਚਾਰਾਂ ਕੀਤੀਆਂ ਅਤੇ ਉਨ੍ਹਾਂ ਨੂੰ ਦੱਸਿਆ ਕਿ ਟਕਸਾਲ ਦੇ ਨਵੇਂ ਮੁਖੀ ਦੀ ਚੋਣ ਬਾਰੇ ਬਹੁਤ ਗੰਭੀਰ ਵਿਚਾਰਾਂ ਚੱਲ ਰਹੀਆਂ ਹਨ ਅਤੇ ਕੁੱਝ ਸਿੰਘ ਮੇਰਾ ਨਾਮ ਵੀ ਲੈ ਰਹੇ ਹਨ ਜਿਸ ਨੂੰ ਰੋਕਿਆ ਜਾਣਾ ਜ਼ਰੂਰੀ ਹੈ ਕਿਉਂਕਿ ਟਕਸਾਲ ਦਾ ਮੁਖੀ, ਪੜ੍ਹਿਆ ਲਿਖਿਆ ਵਿਦਵਾਨ ਅਤੇ ਬਹੁਤ ਹੀ ਸੂਝਵਾਨ ਨਾਮ ਰਸੀਆ, ਤਿਆਰ ਬਰ ਤਿਆਰ ਸਿੰਘ ਹੋਣਾ ਚਾਹੀਦਾ ਹੈ ਅਤੇ ਨਾਲ ਹੀ ਭਾਈ ਅਭਿਆਸੀ ਨੇ ਉਨ੍ਹਾਂ ਨੂੰ ਪੁੱਛਿਆ ਕਿ ਇਸ ਸਬੰਧ ਵਿੱਚ ਮੈਨੂੰ ਕੀ ਕਰਨਾ ਚਾਹੀਦਾ ਹੈ? ਇਸ 'ਤੇ ਸੰਤਾਂ ਦੇ ਪਿਤਾ ਅਤੇ ਬਾਬਾ ਕਿਰਪਾਲ ਸਿੰਘ ਜੀ ਨੇ ਭਾਈ ਜਰਨੈਲ ਸਿੰਘ ਨੂੰ ਕਿਹਾ ਕਿ ਬਾਬਾ ਠਾਕੁਰ ਸਿੰਘ, ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਤੋਂ ਲੈ ਕੇ ਮਹਾਂਪੁਰਖਾਂ ਦੇ ਬਹੁਤ ਹੀ ਨਿਕਟਵਰਤੀ ਰਹੇ ਹਨ ਅਤੇ ਖੁਦ ਵੀ ਨਾਮ ਸਿਮਰਨ ਦੇ ਅਭਿਆਸੀ ਅਤੇ ਸੂਝਵਾਨ ਹਨ ਉਹ ਟਕਸਾਲ ਦੇ ਭਵਿੱਖ ਲਈ ਯੋਗ ਫੈਸਲਾ ਹੀ ਕਰਨਗੇ, ਤੂੰ ਆਪਣੇ ਮਨ ਵਿੱਚ ਕਿਸੇ ਕਿਸਮ ਦੀ ਰੰਚਕ ਮਾਤਰ ਵੀ ਲਾਲਸਾ ਨਾ ਰੱਖੀ ਕਿ ਮੈਨੂੰ ਟਕਸਾਲ ਦਾ ਮੁਖੀ ਬਣਾਇਆ ਜਾਵੇ। ਪਰ ਬਾਬਾ ਠਾਕੁਰ ਸਿੰਘ ਜੀ ਅਤੇ ਸਮੁੱਚੀ ਜੱਥੇਬੰਦੀ ਜੋ ਵੀ ਫੈਸਲਾ ਲਵੇ ਉਸ ਨੂੰ ਸੀਸ ਨਿਵਾ ਕੇ ਮੰਨਣ ਵਿੱਚ ਹੀ ਮਹਾਪੁਰਖਾਂ ਦੀ ਪ੍ਰਸੰਨਤਾ ਹੋਵੇਗੀ। ਇੰਨੇ ਸਮੇਂ ਨੂੰ ਭਾਈ ਦਲਬੀਰ ਸਿੰਘ, ਪ੍ਰਗਟ ਸਿੰਘ, ਭਾਗੀ ਗੁਰਮੇਲ ਸਿੰਘ, ਸਵਰਨ ਸਿੰਘ, ਗੁਰਮੇਲ ਸਿੰਘ ਰੋਡੇ ਅਤੇ ਮੇਰੇ ਸਮੇਤ ਕੁੱਝ ਹੋਰ ਸਿੰਘ ਵੀ ਨਜ਼ਦੀਕ ਆ ਕੇ ਖਲੋ ਗਏ ਅਤੇ ਆਪੋ ਆਪਣੇ ਵਿਚਾਰਾਂ ਮੁਤਾਬਿਕ ਕੁਝ ਬਚਨ ਸਾਂਝੇ ਕੀਤੇ ਅਤੇ ਇਸ ਤੋਂ ਉਪਰੰਤ ਗੁਰਦੁਆਰਾ ਸਾਹਿਬ ਨੂੰ ਵਾਪਸ ਪਰਤ ਆਏ।

Scanned with CamScanner

ਭਾਈ ਜਰਨੈਲ ਸਿੰਘ ਅਭਿਆਸੀ ਦੀ ਟਕਸਾਲ ਮੁਖੀ ਵਜੋਂ ਚੋਣ

20 ਅਗਸਤ ਨੂੰ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਨੇ ਟਕਸਾਲ ਦੇ ਸਿੰਘਾਂ ਦਾ ਗੁਰਦੁਆਰਾ ਸਾਹਿਬ ਦੀ ਦਰਸ਼ਨੀ ਡਿਉਢੀ ਵਿਖੇ ਇਕੱਠ ਕੀਤਾ। ਬਾਬਾ ਠਾਕੁਰ ਸਿੰਘ ਜੀ ਨੇ ਸਭ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਇਕੱਤਰਤਾ ਵਿੱਚ ਟਕਸਾਲ ਦੇ ਉਹ ਵਿਦਿਆਰਥੀ ਹੀ ਹਿੱਸਾ ਲੈਣ ਜੋ ਸੰਤਾਂ ਦੇ ਅਕਾਲ ਚਲਾਣਾ ਸਮੇਂ ਜਥੇ ਵਿੱਚ ਮੌਜੂਦ ਸਨ ਬਾਕੀ ਸੰਗਤਾਂ ਅਤੇ ਜਥੇ ਦੇ ਉਹ ਸਿੰਘ ਜੋ ਜਥੇ ਵਿੱਚੋਂ ਵਿੱਦਿਆ ਪ੍ਰਾਪਤ ਕਰਕੇ ਦੇਸ਼ ਵਿਦੇਸ਼ਾਂ ਵਿੱਚ ਵਿਚਰ ਕੇ ਪ੍ਰਚਾਰ ਕਰਦੇ ਹਨ ਉਨ੍ਹਾਂ ਨੂੰ ਬੇਨਤੀ ਹੈ ਕਿ ਥੱਲੇ ਜਾ ਕੇ ਜਲ ਪਾਣੀ ਛਕੋ ਅਤੇ ਆਈ ਸੰਗਤ ਨੂੰ ਛਕਾਉ। ਇਸ ਸਮੇਂ ਜੱਥੇ ਦੇ ਉਹ ਸਿੰਘ ਇਸ ਮੀਟਿੰਗ ਵਿੱਚ ਮੌਜੂਦ ਸਨ ਜਿਨ੍ਹਾਂ ਨੇ ਜੱਥੇ ਵਿੱਚ ਰਹਿ ਕੇ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ, ਜਿਨ੍ਹਾਂ ਦੀ ਗਿਣਤੀ ਲਗਭਗ 50 ਦੇ ਨੇੜੇ ਸੀ। ਮੀਟਿੰਗ ਦੀ ਕਾਰਵਾਈ ਆਰੰਭ ਕਰਨ ਤੋਂ ਪਹਿਲਾਂ ਬਾਬਾ ਠਾਕੁਰ ਸਿੰਘ ਜੀ ਨੇ ਭਾਈ ਰਸ਼ਪਾਲ ਸਿੰਘ ਪੀ. ਏ. ਨੂੰ ਕਿਹਾ ਕਿ ਟੇਪ ਰਿਕਾਰਡਰ ਲੈ ਕੇ ਆਓ ਤਾਂ ਕਿ ਅੱਜ ਦੀ ਕਾਰਵਾਈ ਨੂੰ ਰਿਕਾਰਡ ਵਜੋਂ ਸੰਭਾਲਿਆ ਜਾ ਸਕੇ। ਜਦੋਂ ਭਾਈ ਰਸ਼ਪਾਲ ਸਿੰਘ ਵਾਪਸ ਆਏ ਤਾਂ ਬਾਬਾ ਠਾਕੁਰ ਸਿੰਘ ਜੀ ਨੇ ਆਹਮੋ ਸਾਹਮਣੇ ਦੋ ਲਾਈਨਾਂ ਵਿੱਚ ਸਾਰੇ ਸਿੰਘਾਂ ਨੂੰ ਖੜ੍ਹਾ ਕਰ ਲਿਆ ਅਤੇ ਆਪ ਵਿਚਕਾਰ ਖੜ੍ਹੇ ਹੋ ਗਏ ਅਤੇ ਸੰਖੇਪ ਰੂਪ ਵਿੱਚ ਸਭ ਸਿੰਘਾਂ ਨੂੰ ਬੇਨਤੀ ਕੀਤੀ ਕਿ ਆਪ ਸਭ ਜਾਣਦੇ ਹੋ ਕਿ ਮਹਾਂਪੁਰਖ ਭਰ ਜਵਾਨੀ ਵਿੱਚ ਸਾਨੂੰ ਸਭ ਨੂੰ ਵਿਛੋੜਾ ਦੇ ਗਏ ਹਨ। ਪਰ ਇਹ ਗੁਰੂ ਦਾ ਹੁਕਮ ਹੈ ਜਿਸ ਨੂੰ ਮੰਨਣਾ ਸਾਡਾ ਸਭ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਦਾਸ ਕੋਲ ਬਹੁਤ ਸਾਰੀਆਂ ਸਲਾਹਾਂ ਅਤੇ ਸੁਝਾਅ ਪਹੁੰਚੇ ਹਨ, ਕਈ ਗੁਰਮੁਖਾਂ ਨੇ ਇਹ ਵੀ ਕਿਹਾ ਹੈ ਕਿ ਜਿਨੀ ਦੇਰ ਤੱਕ ਕਿਸੇ ਯੋਗ ਮੁਖੀ ਦੀ ਚੋਣ ਨਹੀਂ ਕੀਤੀ ਜਾ ਸਕਦੀ ਤਾਂ ਉਦੋਂ ਤੱਕ ਇੱਕ ਕਮੇਟੀ ਕੁੱਝ ਸਿੰਘਾਂ ਦੀ ਬਣਾ ਦਿੱਤੀ ਜਾਵੇ ਇਤਿਆਦਿਕ ਹੋਰ ਵੀ ਇਸ ਤਰ੍ਹਾਂ ਦੇ ਸੁਝਾਅ ਆਏ ਹਨ ਪਰ ਸਤਿਗੁਰੂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪ ਕ੍ਰਿਪਾ ਕਰਨ ਜਿਨ੍ਹਾਂ ਨੇ ਇਹ ਦਮਦਮੀ ਟਕਸਾਲ ਆਪਣੇ ਹੱਥੀਂ ਚਲਾਈ ਹੈ। ਇਸ ਲਈ ਆਪਾ ਸਾਰਿਆਂ ਨੇ ਸਰਬ ਸੰਮਤੀ ਨਾਲ ਅੱਜ ਟਕਸਾਲ ਦੇ ਨਵੇਂ ਮੁਖੀ ਦੀ ਚੋਣ ਕਰਨੀ ਹੈ। ਸਾਰੇ ਸਿੰਘਾਂ ਦਾ ਦਾਸ ਵੱਲੋਂ ਬਹੁਤ ਸਤਿਕਾਰ ਹੈ ਹਰ ਕੋਈ ਸਿੰਘ ਆਪਣਾ ਨਿਰਪੱਖ ਸੁਝਾਅ ਰੱਖ ਸਕਦਾ ਹੈ। ਕਿਸੇ ਸਿੰਘ ਉਪਰ ਕਿਸੇ ਤਰ੍ਹਾਂ ਦੀ ਕੋਈ ਬੰਦਿਸ਼ ਨਹੀਂ ਹੈ। ਏਸੇ ਲਈ ਅਸੀਂ ਟੇਪ ਰਿਕਾਰਡਰ ਮੰਗਵਾਇਆ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਸਿੰਘ ਇਹ ਨਾ ਕਹੇ ਕਿ ਸਾਨੂੰ ਪਤਾ ਨਹੀਂ ਲੱਗਾ ਕਿ ਨਵੇਂ ਮੁਖੀ ਦੀ ਚੋਣ ਕਿਵੇਂ ਹੋਈ ਹੈ। ਸਭ ਗੁਰਮੁਖਾਂ ਵੱਲੋਂ ਦਿੱਤੇ ਜਾਣ ਵਾਲੇ ਸੁਝਾਵਾਂ ਨੂੰ ਰਿਕਾਰਡ ਕੀਤਾ ਜਾਵੇਗਾ। ਸਭ ਨੂੰ ਬੇਨਤੀ ਹੈ ਕਿ ਇਥੇ ਆਪਾ ਭਾਸ਼ਣ ਨਹੀਂ ਕਰਨਾ, ਜਿਸ ਸਿੰਘ ਨੂੰ ਤੁਸੀਂ ਮੁਖੀ ਚੁਣਨਾ ਚਾਹੁੰਦੇ ਹੋ ਕੇਵਲ ਉਸ ਦਾ ਨਾਮ ਲੈਣਾ ਹੈ ਅਤੇ ਸਿਰਫ ਇੱਕ ਨਾਮ ਲੈਣਾ ਹੈ ਕਿਸੇ ਵੀ ਸਿੰਘ ਨੇ ਦੋ ਨਾਉਂ ਨਹੀਂ ਲੈਣੇ ਕਿ ਇਸ ਸਿੰਘ ਨੂੰ ਚੁਣ ਲਓ ਜਾਂ ਇਸ ਨੂੰ ਚੁਣ ਲਓ। ਇਸ ਤਰ੍ਹਾਂ ਫੈਸਲਾ ਨਹੀਂ ਹੋ ਸਕੇਗਾ। ਜਦੋਂ ਬਾਬਾ ਠਾਕੁਰ ਸਿੰਘ ਜੀ ਇਹ ਬਚਨ ਕਰ ਰਹੇ ਸਨ ਤਾਂ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਉਥੇ ਕੋਈ ਵੀ ਸਿੰਘ ਮੌਜੂਦ ਨਾ ਹੋਵੇ ਭਾਵ ਕੋਈ ਉੱਚੀ ਸਾਹ ਵੀ ਨਹੀਂ ਲੈ ਰਿਹਾ ਸੀ। ਇਸ ਤੋਂ ਬਾਅਦ ਬਾਬਾ ਜੀ ਨੇ ਕਿਹਾ ਕਿ ਅੱਜ ਦੀ ਮੀਟਿੰਗ ਦੀ ਕਾਰਵਾਈ ਮੇਰੇ ਤੋਂ ਹੀ ਆਰੰਭ ਕਰਦੇ ਹਾਂ ਸਭ ਤੋਂ ਪਹਿਲਾਂ ਮੈਂ ਆਪਣਾ ਸੁਝਾਅ ਦੇ ਦਿੰਦਾ ਹਾਂ ਉਸ ਤੋਂ ਬਾਅਦ ਇਹ ਸਿੰਘ ਭਾਈ ਰਛਪਾਲ ਸਿੰਘ ਸਾਰੇ ਸਿੰਘਾਂ ਦੇ ਸਾਹਮਣੇ ਟੇਪ ਰਿਕਾਰਡਰ ਲੈ ਕੇ ਆਵੇਗਾ, ਤੁਸੀਂ ਆਪੋ ਆਪਣੇ ਥਾਂ 'ਤੇ ਖੜ੍ਹੇ ਰਹਿਣਾ ਹੈ ਅਤੇ ਜੋ ਕੁਝ ਕਹਿਣਾ ਹੈ ਉਥੇ ਖੜ੍ਹਿਆਂ ਨੇ ਹੀ ਕਹਿ ਦੇਣਾ ਹੈ ਫਿਰ ਇਹ ਸਿੰਘ ਅਗਲੇ ਸਿੰਘ ਕੋਲੋਂ ਆਪ ਹੀ ਚਲਿਆ ਜਾਵੇਗਾ ਅਤੇ ਇਸ ਤਰ੍ਹਾਂ ਸਾਰੇ ਸਿੰਘਾਂ ਦਾ ਵਿਚਾਰ ਪ੍ਰਾਪਤ ਕਰਨ ਤੋਂ ਉਪਰੰਤ ਚੱਕਰ ਲਾ ਕੇ ਵਾਪਸ ਮੇਰੇ ਕੋਲ ਪਰਤ ਆਵੇਗਾ। ਉਦੋਂ ਤੱਕ ਕਿਸੇ ਸਿੰਘ ਨੇ ਜੈਕਾਰਾ ਨਹੀਂ ਛੱਡਣਾ ਜਦੋਂ ਤੱਕ ਸਰਬ ਸੰਮਤੀ ਨਾਲ ਫੈਸਲਾ ਨਹੀਂ ਲੈ ਲਿਆ ਜਾਂਦਾ ਨਾਲ ਹੀ ਬਾਬਾ ਜੀ ਨੇ ਆਪਣੇ ਵਿਚਾਰ ਦੱਸਦਿਆਂ ਕਿਹਾ ਕਿ ਮੇਰੇ ਵਿਚਾਰ ਅਨੁਸਾਰ ਹੁਣ ਟਕਸਾਲ ਦੀ ਸੇਵਾ ਭਾਈ ਜਰਨੈਲ ਸਿੰਘ ਅਭਿਆਸੀ ਰੋਡਿਆਂ ਵਾਲੇ ਨੂੰ ਦੇਣੀ ਚਾਹੀਦੀ ਹੈ। ਤੁਸੀਂ ਸਭ ਸਿੰਘ ਜਾਣਦੇ ਹੋ ਕਿ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੇ ਕਈ ਵਾਰ ਇਸ ਸਿੰਘ ਦੇ ਨਾਮ ਸਿਮਰਨ ਤੇ ਜੀਵਨ ਬਾਰੇ ਆਮ ਦੀਵਾਨਾਂ ਵਿੱਚ ਵੀ ਚਰਚਾ ਕੀਤੀ ਹੈ ਅਤੇ ਤੁਸੀਂ ਆਪ ਵੀ ਸਭ ਸਿੰਘ ਜਾਣਦੇ ਹੋ ਅਤੇ ਮੇਰਾ ਨਿੱਜੀ ਵਿਚਾਰ ਵੀ ਹੈ ਕਿ ਇਹ ਸਿੰਘ ਸੇਵਾ ਸੰਭਾਲੇ, ਹੁਣ ਤੁਸੀਂ ਆਪੋ ਆਪਣੇ ਵਿਚਾਰ ਭਾਈ ਰਸ਼ਪਾਲ

Scanned with CamScanner

ਸਿੰਘ ਨੂੰ ਦੱਸ ਦੇਣੇ। ਇਸ ਤੋਂ ਬਾਅਦ ਭਾਈ ਰਸ਼ਪਾਲ ਸਿੰਘ ਨੇ ਵਾਰੀ-ਵਾਰੀ ਸਾਰੇ ਸਿੰਘਾਂ ਦੇ ਵਿਚਾਰ ਰਿਕਾਰਡ ਕੀਤੇ। ਇਨ੍ਹਾਂ ਸਿੰਘਾਂ ਵਿੱਚ ਪ੍ਰਮੁੱਖ ਤੌਰ 'ਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਾ ਗੜ੍ਹਵਈ ਭਾਈ ਗੁਰਮੁਖ ਸਿੰਘ, ਸੰਤਾਂ ਦਾ ਵੱਡਾ ਸਪੁੱਤਰ ਭਾਈ ਅਮਰੀਕ ਸਿੰਘ, ਭਾਈ ਜਰਨੈਲ ਸਿੰਘ ਅਭਿਆਸੀ, ਭਾਈ ਰਸ਼ਪਾਲ ਸਿੰਘ ਪੀ. ਏ., ਜਥੇਦਾਰ ਰਾਮ ਸਿੰਘ ਸੁਲਤਾਨਪੁਰੀ, ਬਾਬਾ ਬਾਰਾ ਸਿੰਘ, ਫੌਜੀ ਭਾਈ ਰਣਬੀਰ ਸਿੰਘ, ਭਾਈ ਜਸਵੰਤ ਸਿੰਘ ਭੂਰੇ, ਭਾਈ ਰਾਮ ਸਿੰਘ ਕੂਰੇ, ਭਾਈ ਦਲਬੀਰ ਸਿੰਘ ਅੰਡਿਆਸੀ, ਭਾਈ ਠਾਕਰ ਸਿੰਘ ਪਟਿਆਲਾ, ਭਾਈ ਸੰਤੋਖ ਸਿੰਘ ਟੋਪਾਂ ਵਾਲੇ, ਭਾਈ ਸੁਰਜੀਤ ਸਿੰਘ ਸੋਧੀ, ਭਾਈ ਬਖਸ਼ੀਸ਼ ਸਿੰਘ ਪੰਡਿਤ, ਭਾਈ ਦਲੀਪ ਸਿੰਘ ਰੋਡੇ, ਭਾਈ ਸਵਰਨ ਸਿੰਘ ਰੋਡੇ, ਦਾਸ ਭਾਈ ਜਸਵੀਰ ਸਿੰਘ ਰੋਡੇ, ਭਾਈ ਜਗੀਰ ਸਿੰਘ ਰੋਡੇ, ਭਾਈ ਪ੍ਰੇਮ ਸਿੰਘ, ਬਾਪੂ ਜਗੀਰ ਸਿੰਘ ਲਾਂਗਰੀ, ਭਾਈ ਭੋਲਾ ਸਿੰਘ, ਭਾਈ ਰਤਨ ਸਿੰਘ, ਭਾਈ ਸੁੱਚਾ ਸਿੰਘ ਭਰਤ, ਭਾਈ ਮੋਹਕਮ ਸਿੰਘ, ਭਾਈ ਹੀਰਾ ਸਿੰਘ, ਭਾਈ ਕਾਬਲ ਸਿੰਘ, ਭਾਈ ਰਾਮ ਸਿੰਘ ਰਾਗੀ, ਭਾਈ ਸੁਰਜੀਤ ਸਿੰਘ ਰਾਗੀ, ਭਾਈ ਗੁਰਸ਼ਰਨ ਸਿੰਘ ਰਾਗੀ, ਭਾਈ ਸ਼ਿਗਾਰਾ ਸਿੰਘ ਰਾਜਗੜ੍ਹ, ਭਾਈ ਮੋਹਨ ਸਿੰਘ ਨੂਰਪੁਰ, ਭਾਈ ਜਗੀਰ ਸਿੰਘ ਧੀਰਾਪੱਤਰਾ, ਬਾਬਾ ਮਟੌਰ, ਗਿਆਨੀ ਜੁਗਿੰਦਰ ਸਿੰਘ, ਭਾਈ ਮੱਲ ਸਿੰਘ, ਭਾਈ ਜਰਨੈਲ ਸਿੰਘ ਬਹਿਲਾ, ਭਾਈ ਜਰਨੈਲ ਸਿੰਘ ਜਾਰਜਪੁਰ, ਜਰਨੈਲ ਸਿੰਘ ਯੂ.ਪੀ. ਆਦਿ ਸਿੰਘ। ਇਨ੍ਹਾਂ ਸਭ ਸਿੰਘਾਂ ਨੇ ਆਪੋ ਆਪਣੇ ਵਿਚਾਰ ਬੋਲ ਕੇ ਰਿਕਾਰਡ ਕੀਤੇ ਅਤੇ ਲਗਭਗ ਸਭ ਨੇ ਹੀ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਸੇਵਾ ਸੌਂਪਣ ਲਈ ਬੇਨਤੀ ਕੀਤੀ ਅਤੇ ਨਾਲ ਹੀ ਸਭ ਸਿੰਘਾਂ ਵੱਲੋਂ ਇਹ ਭਾਵਨਾ ਵੀ ਪ੍ਰਗਟਾਈ ਗਈ ਕਿ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਜੋ ਵੀ ਫੈਸਲਾ ਕਰਨਗੇ ਸਾਨੂੰ ਮਨਜ਼ੂਰ ਹੋਵੇਗਾ। ਥੋੜ੍ਹੇ ਹੀ ਸਮੇਂ ਵਿੱਚ ਸਭ ਸਿੰਘਾਂ ਦੇ ਵਿਚਾਰ ਪ੍ਰਾਪਤ ਕਰਕੇ ਭਾਈ ਰਸ਼ਪਾਲ ਸਿੰਘ, ਬਾਬਾ ਠਾਕੁਰ ਸਿੰਘ ਜੀ ਕੋਲ ਪਹੁੰਚ ਗਏ। ਜਦੋਂ ਇਸ ਬਾਰੇ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਬੜੀ ਨਿਮਰਤਾ ਨਾਲ ਆਪਣੇ ਵਿਚਾਰ ਦੱਸੇ ਕਿ ਮੈਂ ਇਸ ਪਦਵੀ ਦੇ ਕਾਬਲ ਨਹੀਂ ਹਾਂ ਤੇ ਉਨ੍ਹਾਂ ਆਪਣੀ ਸਲਾਹ ਦਿੱਤੀ ਕਿ ਕਿਸੇ ਪੜ੍ਹੇ-ਲਿਖੇ, ਨਾਮ-ਸਿਮਰਨ ਵਾਲੇ, ਵਿਦਵਾਨ ਗਿਆਨੀ ਤਿਆਰ-ਬਰ-ਤਿਆਰ ਸਿੰਘ ਨੂੰ ਇਹ ਸੇਵਾ ਸੌਂਪੀ ਜਾਵੇ। ਪਰ ਬਾਬਾ ਠਾਕੁਰ ਸਿੰਘ ਜੀ ਨੇ ਸਾਰੇ ਸਿੰਘਾਂ ਦੀ ਵਿਚਾਰ ਅਨੁਸਾਰ ਭਾਈ ਜਰਨੈਲ ਸਿੰਘ ਅਭਿਆਸੀ ਦੇ ਗਲ ਵਿੱਚ ਸਿਰੋਪਾਉ ਪਾ ਕੇ ਜੈਕਾਰਿਆਂ ਦੀ ਗੂੰਜ ਵਿੱਚ ਫੈਸਲਾ ਕਰ ਦਿੱਤਾ। ਇਸ ਤਰ੍ਹਾਂ ਭਾਈ ਜਰਨੈਲ ਸਿੰਘ ਨੂੰ ਦਮਦਮੀ ਟਕਸਾਲ ਦਾ ਮੁਖੀ ਨਿਯੁਕਤ ਕਰਨ ਦਾ ਫੈਸਲਾ ਲੈ ਲਿਆ।

ਫਿਰ ਇਹ ਸਾਰੇ ਸਿੰਘ ਗੁਰਦੁਆਰਾ ਸਾਹਿਬ ਅੰਦਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਕਰਨ ਚੱਲ ਪਏ। ਦਰਸ਼ਨੀ ਡਿਊਢੀ ਤੋਂ ਉੱਤਰਦਿਆਂ ਹੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਜੀ ਇਨ੍ਹਾਂ ਸਿੰਘਾਂ ਨੂੰ ਮਿਲੇ ਅਤੇ ਦੱਸਿਆ ਕਿ ਮੈਂ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਕਲਗੀਧਰ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਦਾ ਅਸ਼ੀਰਵਾਦ ਲੈ ਕੇ ਆਇਆ ਹਾਂ ਇਹ ਸਿਰੋਪਾਓ ਨਵੇਂ ਚੁਣੇ ਜਾ ਰਹੇ ਟਕਸਾਲ ਦੇ ਮੁਖੀ ਨੂੰ ਬਖਸ਼ਿਸ਼ ਕਰਨਾ ਹੈ। ਇਹ ਕਹਿੰਦਿਆਂ ਹੀ ਉਨ੍ਹਾਂ ਨੇ ਆਪਣੇ ਬੈਗ ਵਿਚੋਂ ਸਿਰੋਪਾਓ ਕੱਢਿਆ ਅਤੇ ਉਥੇ ਹੀ ਭਾਈ ਜਰਨੈਲ ਸਿੰਘ ਅਭਿਆਸੀ ਦੇ ਗਲ ਵਿਚ ਪਹਿਨਾ ਦਿੱਤਾ। ਇਹ ਵੀ ਅਕਾਲ ਪੁਰਖ ਵੱਲੋਂ ਰਚਿਆ ਹੋਇਆ ਕੌਤਕ ਹੀ ਸੀ ਕਿ ਪਟਨਾ ਸਾਹਿਬ ਦੇ ਜਥੇਦਾਰ ਸਾਹਿਬ ਐਨ ਉਸ ਸਮੇਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚੇ, ਜਦੋਂ ਦਮਦਮੀ ਟਕਸਾਲ ਦੇ ਨਵੇਂ ਜਥੇਦਾਰ ਦੀ ਚੋਣ ਹੋਈ ਨੂੰ ਕੁੱਝ ਮਿੰਟ ਹੀ ਹੋਏ ਸਨ ਅਤੇ ਨਵੇਂ ਚੁਣੇ ਗਏ ਮੁਖੀ ਨੂੰ ਸਭ ਤੋਂ ਪਹਿਲਾ, ਸਿਰੋਪਾਓ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਹੀ ਪ੍ਰਾਪਤ ਹੋਇਆ। ਫਿਰ ਸਾਰੇ ਸਿੰਘ ਗੁਰਦੁਆਰਾ ਸਾਹਿਬ ਦਰਬਾਰ ਹਾਲ ਅੰਦਰ ਪਹੁੰਚੇ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਅਰਦਾਸ ਕੀਤੀ ਚੱਲ ਰਹੇ ਸ੍ਰੀ ਆਖੰਡ ਪਾਠ ਸਾਹਿਬ ਤੋਂ ਹੁਕਮ ਨਾਮਾ ਸਰਵਣ ਕੀਤਾ। ਗਉੜੀ ਮਹਲਾ ੫॥ ਗੁਰ ਸੇਵਾ ਤੇ ਨਾਮੇ ਲਾਗਾ॥ ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ॥ (੨੩੬) ਇਹ ਹੁਕਮਨਾਮਾ ਸੁਣ ਕੇ ਸਾਰੇ ਸਿੰਘਾਂ ਦੀ ਆਤਮਿਕ ਤਸੱਲੀ ਹੋਈ ਕਿ ਜੋ ਫੈਸਲਾ ਲਿਆ ਹੈ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਉਸ ਉੱਪਰ ਮੋਹਰ ਲਗਾ ਦਿੱਤੀ ਹੈ। ਰਸਮੀ ਤੌਰ 'ਤੇ ਇਸ ਪ੍ਰਕਿਰਿਆ ਨੂੰ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਜੀ ਦੇ ਦੁਸਹਿਰੇ ਦੇ ਭੋਗ ਸਮੇਂ ਸੰਪੂਰਨ ਕਰਨ ਦਾ ਫੈਸਲਾ ਲਿਆ।

Scanned with CamScanner

ਸੰਤਾਂ ਦੇ ਨਜਦੀਕੀ ਸਿੰਘਾਂ ਨਾਲ ਭੇਦ ਭਰੀ ਵਾਰਤਾਲਾਪ

ਜ਼ਿਲ੍ਹਾ ਮੋਗਾ ਵਿੱਚ ਪੈਂਦੇ ਪਿੰਡ ਘੋਲੀਆ ਕਲਾਂ ਦੇ ਸਿੰਘ ਭਾਈ ਹਰਚਰਨ ਸਿੰਘ ਅਤੇ ਕੁੱਝ ਹੋਰ ਸਿੰਘ ਜੋ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਕਾਫੀ ਲੰਮੇ ਸਮੇਂ ਤੋਂ ਜਾਣਦੇ ਸਨ ਅਤੇ ਇਨ੍ਹਾਂ ਕੋਲ ਆਮ ਆਉਣੀ ਜਾਣੀ ਸੀ। ਜਥਾ ਸੰਗਤ ਵੱਲੋਂ ਭਾਈ ਜਰਨੈਲ ਸਿੰਘ ਨੂੰ ਦਮਦਮੀ ਟਕਸਾਲ ਦਾ ਅਗਲੇ ਮੁਖੀ ਚੁਣੇ ਜਾਣ ਦਾ ਫੈਸਲਾ ਲੈ ਲਿਆ ਗਿਆ। ਇਸ ਸਬੰਧ ਵਿੱਚ ਗੱਲਬਾਤ ਕਰਦਿਆਂ ਭਾਈ ਹਰਚਰਨ ਸਿੰਘ ਨੇ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਕਿਹਾ ਕਿ ਜਦੋਂ ਬਾਬਾ ਠਾਕੁਰ ਸਿੰਘ ਜੀ ਸਮੇਤ ਸਾਰਾ ਜਥਾ ਆਪ ਜੀ ਨੂੰ ਮੁਖੀ ਬਣਾਉਣਾ ਚਾਹੁੰਦਾ ਹੈ ਤਾਂ ਆਪ ਨੇ ਏਨੀ ਜ਼ਿੱਦ ਕਿਉਂ ਕੀਤੀ ਤਾਂ ਭਾਈ ਜਰਨੈਲ ਸਿੰਘ ਨੇ ਕਿਹਾ ਕਿ ਭਾਈ ਹਰਚਰਨ ਸਿੰਘ ਜੀ ਇਸ ਵਿੱਚ ਕਈ ਭੇਦ ਹਨ ਅਤੇ ਇਹ ਸੇਵਾ ਵੀ ਭਾਰੀ ਕਠਿਨਾਈਆਂ ਭਰੀ ਹੈ। ਇਸ ਲਈ ਮੈਂ ਬੇਨਤੀਆਂ ਕਰ ਰਿਹਾ ਸੀ ਕਿ ਕਿਸੇ ਯੋਗ ਸਿਆਣੇ ਵਿਦਵਾਨ ਨੌਮੀ ਪ੍ਰੰਮੀ ਸਿੰਘ ਨੂੰ ਇਹ ਸੇਵਾ ਦਿੱਤੀ ਜਾਂਦੀ ਤਾਂ ਉਨ੍ਹਾਂ ਕਿਹਾ ਇਹ ਸਭ ਕੁੱਝ ਸੋਚ ਕੇ ਹੀ ਆਪ ਜੀ ਨੂੰ ਇਸ ਸੇਵਾ ਲਈ ਅੱਗੇ ਲਿਆਂਦਾ ਹੈ ਅਤੇ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕ੍ਰਿਪਾ ਨਾਲ ਚੱਲ ਰਹੀ ਇਹ ਸੰਸਥਾ ਹੈ। ਇਸ ਲਈ ਇਸਦੇ ਭਵਿੱਖ ਬਾਰੇ ਵੀ ਉਸ ਨੂੰ ਹੀ ਫ਼ਿਕਰ ਹੈ ਅਤੇ ਉਸ ਨੇ ਆਪਣੀ ਕ੍ਰਿਪਾ ਨਾਲ ਹੀ ਇਸ ਨੂੰ ਅੱਗੇ ਚਲਾਉਣਾ ਹੈ। ਇਹ ਗੱਲ ਸੁਣਦਿਆਂ ਭਾਈ ਜਰਨੈਲ ਸਿੰਘ ਨੇ ਕਿਹਾ ਇਹ ਸਭ ਗੱਲਾਂ ਠੀਕ ਹਨ ਪਰ ਜੋ ਕੁਝ ਮੈਨੂੰ ਨਜ਼ਰ ਆਉਂਦਾ ਹੈ ਉਹ ਇਸ ਤਰ੍ਹਾਂ ਹੈ ਕਿ ਤੁਸੀਂ ਵੇਖੋਗੇ ਕਿ ਇਸ ਸੇਵਾ ਦਾ ਭਾਰ ਤਾਂ ਦਾਸ ਦੇ ਸਿਰ 'ਤੇ ਰੱਖ ਦਿੱਤਾ ਹੈ ਪਰ ਇਹ ਸੇਵਾ ਨਿਭਾਉਂਦਿਆਂ ਇਸ ਸੰਸਾਰ ਤੋਂ ਦੋ ਵਾਰ ਮਰਨਾ ਪਵੇਗਾ। ਇਹ ਗੱਲ ਸੁਣਦਿਆਂ ਭਾਈ ਹਰਚਰਨ ਸਿੰਘ ਨੇ ਪੁੱਛਿਆ ਕਿ ਇਸ ਦਾ ਕੀ ਮਤਲਬ ਹੈ ਤਾਂ ਉਨ੍ਹਾਂ ਕਿਹਾ ਇਸ ਦਾ ਮਤਲਬ ਭੁਸੀਂ ਆਪ ਹੀ ਵੇਖ ਲੈਣਾ। ਭਾਈ ਹਰਚਰਨ ਸਿੰਘ ਜੀ ਘੋਲੀਏ ਵਾਲੇ ਦੱਸਦੇ ਹਨ ਕਿ ਉਹ ਪੂਰੀ ਤਰ੍ਹਾਂ ਇਸ ਗੱਲ ਨੂੰ ਟਾਲ ਗਏ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਵਿਛੋੜੇ ਦਾ ਅਹਿਸਾਸ ਇਕੱਲੇ-ਇਕੱਲੇ ਸਿੰਘ ਦੇ ਚਿਹਰਿਆਂ 'ਤੇ ਵੇਖਿਆ ਜਾ ਸਕਦਾ ਸੀ

ਇਸ ਦੌਰਾਨ ਦਮਦਮੀ ਟਕਸਾਲ ਦੇ ਸਮੂਹ ਵਿਦਿਆਰਥੀਆਂ ਅਤੇ ਜ਼ਿੰਮੇਵਾਰ ਸਿਆਣੇ ਸਿੰਘਾਂ ਲਈ ਸੰਤ ਬਾਬਾ ਕਰਤਾਰ ਸਿੰਘ ਜੀ ਦਾ ਬੇਵਕਤ ਵਿਛੋੜਾ ਬਰਦਾਸ਼ਤ ਕਰਨਾ ਭਾਰੀ ਮੁਸ਼ਕਿਲ ਸੀ। ਇਸ ਲਈ ਇਕੱਲੇ ਇਕੱਲੇ ਸਿੰਘ ਦੀ ਸ਼ਕਲ-ਸੂਰਤ ਤੋਂ ਉਨ੍ਹਾਂ ਦੇ ਅੰਦਰ ਦਾ ਦਰਦ ਅਨੁਭਵ ਕੀਤਾ ਜਾ ਸਕਦਾ ਸੀ। ਇੱਥੋਂ ਤੱਕ ਕਿ ਕਈ ਸਿੰਘ ਆਪੋ-ਆਪਣੇ ਕਮਰਿਆਂ 'ਚ ਜਾਂ ਇਕੱਲਿਆਂ ਇਕਾਂਤ ਵਿਚ ਬੈਠਿਆਂ ਸੰਤਾਂ ਦੀ ਯਾਦ ਮਹਿਸੂਸ ਕਰਦਿਆਂ ਗਮਗੀਨ ਹਾਲਤ 'ਚ ਹੰਝੂਆਂ ਨਾਲ ਨਮ ਹੋਈਆਂ ਅੱਖਾਂ ਅਤੇ ਦਿਲ ਦੀ ਉਦਾਸੀ ਵਿੱਚ ਆਪਣੇ ਆਪ ਨੂੰ ਲਗਭਗ ਲਾਵਾਰਿਸ ਮਹਿਸੂਸ ਕਰਨ ਲੱਗੇ ਸਨ। ਕਈ ਸਿੰਘਾਂ ਨੇ ਮਹਾਂਪੁਰਖਾਂ ਦੀ ਯਾਦ 'ਚ ਖਾਣਾ-ਪੀਣਾ ਵੀ ਛੱਡ ਦਿੱਤਾ। ਉਨ੍ਹਾਂ ਸਮੁੱਚੇ ਹਾਲਾਤਾਂ ਨੂੰ ਸਮਝਦਿਆਂ ਹੋਇਆਂ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਨੇ ਸਮੁੱਚੇ ਜਥੇ ਦੀ ਇੱਕ ਹੰਗਾਮੀ ਮੀਟਿੰਗ ਲੰਗਰ ਹਾਲ ਵਿਖੇ ਬੁਲਾਈ ਅਤੇ ਸਾਰਿਆਂ ਨੂੰ ਹੌਸਲਾ ਦਿੱਤਾ ਕਿ ਆਪਾਂ ਸਤਿਗੁਰੂ ਦੇ ਭਾਣੇ ਵਿੱਚ ਪ੍ਰਸੰਨ ਰਹਿਣਾ ਹੈ ਅਤੇ ਇਹੀ ਪ੍ਰਚਾਰ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਜੀ ਨੇ ਜਥੇ ਦੇ ਮੁਖੀ ਹੁੰਦਿਆਂ ਹਮੇਸ਼ਾ ਹੀ ਕੀਤਾ ਹੈ। ਇਸ ਲਈ ਸਾਨੂੰ ਸਭ ਨੂੰ ਚੜ੍ਹਦੀ ਕਲਾ ਵਿੱਚ ਰਹਿਣਾ ਚਾਹੀਦਾ ਹੈ। ਮੈਂ ਭਲੀ ਭਾਂਤ ਮਹਿਸੂਸ ਕਰਦਾ ਹਾਂ ਕਿ ਆਪ ਸਭ ਦਾ ਸੰਤਾਂ ਨਾਲ ਅਥਾਹ ਪ੍ਰੇਮ ਸੀ ਪਰ ਅਕਾਲ ਪੁਰਖ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਆਪਾਂ ਸਭ ਜਥਾ ਸੰਗਤ ਨੇ ਦੂਰੋਂ-ਦੂਰੋਂਡਿਉਂ ਆਈਆਂ ਸਿੱਖ ਸੰਗਤਾਂ ਦੀ ਸੇਵਾ ਸੰਭਾਲ ਕਰਨੀ ਹੈ ਅਤੇ ਮਹਾਂਪੁਰਖਾਂ ਦੀ ਯਾਦ ਵਿੱਚ 101 ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਹੋਈ ਹੈ, ਇਹ ਸੇਵਾ ਵੀ ਆਪ ਜਥਾ ਸੰਗਤ ਨੇ ਹੀ ਨਿਭਾਉਣੀ ਹੈ। ਇਸ ਲਈ ਹਰ ਤਰ੍ਹਾਂ ਦਾ ਚਿੰਤਾ ਫ਼ਿਕਰ ਤਿਆਗ ਕੇ ਆਪੋ-ਆਪਣੀ ਸੇਵਾ ਸੰਭਾਲੋ। ਇਸ ਮੀਟਿੰਗ ਉਪਰੰਤ ਜਥੇ ਦੇ ਸਿੰਘਾਂ ਵਿੱਚ ਕੁਝ ਕੁ ਹੌਸਲਾ ਪਰਤਿਆ ਤੇ ਸਭ ਨੇ ਚੜ੍ਹਦੀ ਕਲਾ ਵਿੱਚ ਆਪੋ ਆਪਣੀ ਡਿਊਟੀ ਨਿਭਾਈ।

Scanned with CamScanner

25 ਅਗਸਤ ਨੂੰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਦੁਸਹਿਰੇ ਦਾ ਭੋਗ

ਸੰਤਾਂ ਮਹਾਂਪੁਰਖਾਂ ਦਾ ਦੁਸਹਿਰਾ ਜਾਣ ਕੇ ਸੰਗਤਾਂ ਭਾਰਤ ਭਰ ਤੇ ਬਾਹਰੋਂ ਵਿਦੇਸ਼ਾਂ ਵਿੱਚੋਂ ਆਉਣੀਆਂ ਸ਼ੁਰੂ ਹੋ ਗਈਆਂ। ਦੁਸਹਿਰੇ ਵਾਲੇ ਦਿਨ ਆਰੰਭ ਕੀਤੇ ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਏ, ਅਰਦਾਸ ਹੋਈ ਅਤੇ ਖੁੱਲ੍ਹੇ ਪੰਡਾਲ ਵਿੱਚ ਗੁਰਬਾਣੀ ਦਾ ਕੀਰਤਨ ਹੋਇਆ। ਉਪਰੰਤ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਸੰਤਾਂ-ਮਹਾਂਪੁਰਖਾਂ, ਧਾਰਮਿਕ ਅਤੇ ਸਿਆਸੀ ਆਗੂਆਂ ਨੇ ਸੰਤ ਬਾਬਾ ਕਰਤਾਰ ਸਿੰਘ ਖ਼ਾਲਸਾ ਜੀ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ ਦਿੱਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਜੱਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਜਗਦੇਵ ਸਿੰਘ ਤਲਵੰਡੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸ. ਸੁਖਜਿੰਦਰ ਸਿੰਘ ਸਿੰਘਿਆ ਮੰਤਰੀ, ਸ. ਹਰਭਜਨ ਸਿੰਘ ਸਿਵਲ ਸਪਲਾਈ ਮੰਤਰੀ, ਸੰਤ ਬੀਰ ਬਿਕਰਮਾਜੀਤ ਸਿੰਘ, ਸੰਤ ਕ੍ਰਿਪਾਲ ਸਿੰਘ ਰੋਡੇ, ਸ. ਜੀਵਨ ਸਿੰਘ ਉਮਰਾਨੰਗਲ ਮਾਲ ਮੰਤਰੀ, ਸੰਤ ਬਾਬਾ ਸੇਵਾ ਸਿੰਘ ਕਿਲ੍ਹਾ ਆਨੰਦਗੜ੍ਹ, ਸੰਤ ਬਾਬਾ ਤਾਰਾ ਸਿੰਘ ਸ਼ਰਹਾਲੀ, ਸੰਤ ਕਰਤਾਰ ਸਿੰਘ ਜੀ ਠੱਠੇਟਿੱਬੇ ਵਾਲੇ, ਸੰਤ ਨਿਰੰਜਣ ਸਿੰਘ ਜੀ ਹੁਸ਼ਿਆਰਪੁਰ, ਸੰਤ ਨਿਹਾਲ ਸਿੰਘ ਜੀ ਹਰੀਆਂਵੇਲਾਂ, ਸੰਤ ਕੁੰਦਨ ਸਿੰਘ ਜੀ ਕਲੇਰਾਂ, ਸਿੰਘ ਸਾਹਿਬ ਗਿਆਨੀ ਮਾਨ ਸਿੰਘ ਜੀ ਤਖ਼ਤ ਸ੍ਰੀ ਪਟਨਾ ਸਾਹਿਬ, ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ, ਸੰਤ ਬਾਬਾ ਉੱਤਮ ਸਿੰਘ ਜੀ ਖੜੂਰ ਸਾਹਿਬ, ਸੰਤ ਬਾਬਾ ਦਇਆ ਸਿੰਘ ਜੀ ਸੁਰਸਿੰਘ ਅਤੇ ਹੋਰ ਬਹੁਤ ਸਾਰੇ ਸੰਤ ਮਹਾਂਪੁਰਖ ਪਹੁੰਚੇ ਹੋਏ ਸਨ।

ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਸੰਤਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਦਿੰਦਿਆਂ ਆਖਿਆ ਕਿ ਭਾਵੇਂ ਹੋਰ ਬਹੁਤ ਵੱਡੇ ਵੱਡੇ ਸੰਤ ਮਹਾਂਪੁਰਖ ਹਨ ਜਿੰਨਾਂ ਕੋਲ ਅਥਾਹ ਸਾਧਨ ਹਨ ਪਰ ਜੋ ਸੀਮਤ ਸਾਧਨਾਂ ਨਾਲ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਸੀਮਤ ਸਮੇਂ ਵਿੱਚ ਗੁਰੂ ਸ਼ਬਦ ਦਾ ਪ੍ਰਚਾਰ ਕੀਤਾ ਹੈ ਇਹ ਕੋਈ ਹੋਰ ਨਹੀਂ ਕਰ ਸਕਿਆ। ਭਰ ਜਵਾਨੀ ਵਿਚ ਉਨ੍ਹਾਂ ਦੇ ਵਿਛੋੜੇ ਦਾ ਘਾਟਾ ਪੂਰਾ ਨਹੀਂ ਕੀਤਾ ਜਾ ਸਕਦਾ। ਮੈਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੇ ਜਾਨਸ਼ੀਨ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਨੂੰ ਵੀ ਨਿਰਭੈਤਾ ਨਾਲ ਪੰਥ ਦੀ ਸੇਵਾ ਕਰਨ ਦਾ ਬਲ ਬਖਸ਼ਿਸ਼ ਕਰਨ। ਉਨ੍ਹਾਂ ਆਖਿਆ ਕਿ ਮੈਂ ਸੰਤਾਂ ਦੇ ਪੁੱਤਰ ਭਾਈ ਅਮਰੀਕ ਸਿੰਘ ਅਤੇ ਸਮੁੱਚੇ ਪਰਿਵਾਰ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਹਰ ਤਰ੍ਹਾਂ ਦਾ ਲਾਲਚ ਤਿਆਗ ਕੇ ਟਕਸਾਲ ਵੱਲੋਂ ਲਏ ਫੈਸਲੇ ਨਾਲ ਸਹਿਮਤੀ ਪ੍ਰਗਟਾਈ ਹੈ। ਇਹ ਤਿਆਗ ਦਾ ਵੱਡਾ ਸਬੂਤ ਹੈ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਹੋਇਆਂ ਆਖਿਆ ਕਿ ਸੰਤਾਂ ਨੇ ਐਮਰਜੈਂਸੀ ਦੇ ਦੌਰਾਨ ਡਟ ਕੇ ਸਰਕਾਰੀ ਜ਼ੁਲਮ ਦਾ ਵਿਰੋਧ ਕੀਤਾ ਅਤੇ ਧਰਮ ਪ੍ਰਚਾਰ ਦੀਆਂ ਲਹਿਰਾਂ ਚਲਾਈਆਂ। ਉਨ੍ਹਾਂ ਆਖਿਆ ਕਿ ਮੇਰੀ ਸੋਚ ਵਿਚ ਇਹੋ ਜਿਹੇ ਸ਼ਬਦ ਨਹੀਂ ਜਿਨ੍ਹਾਂ ਨਾਲ ਮੈਂ ਉਨ੍ਹਾਂ ਦੀ ਸਿਫ਼ਤ ਕਰ ਸਕਾਂ। ਉਨ੍ਹਾਂ ਇਹ ਵੀ ਆਖਿਆ ਕਿ ਸੰਤਾਂ ਦੀ ਚੁੱਕਵੀਂ ਯਾਦ ਬਣਾਉਣ ਲਈ ਸਾਨੂੰ ਜਥਾ ਸੰਗਤ ਵੱਲੋਂ ਜੋ ਵੀ ਸੁਝਾਅ ਆਵੇਗਾ ਅਸੀਂ ਉਸ ਵਿਚ ਪੂਰਾ ਯੋਗਦਾਨ ਪਾਵਾਂਗੇ। ਉਨ੍ਹਾਂ ਆਖਿਆ ਕਿ ਮੈਨੂੰ ਕੁੱਝ ਸੁੱਝ ਨਹੀਂ ਰਿਹਾ ਕਿ ਕਿਹੋ ਜਿਹੀ ਯਾਦਗਾਰ ਉਨ੍ਹਾਂ ਦੀ ਸਖ਼ਸ਼ੀਅਤ ਦੇ ਲਾਇਕ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਦਾ ਵਿਛੋੜਾ ਸਮੁੱਚੇ ਪੰਥ ਲਈ ਅਸਹਿ ਹੈ। ਅੱਜ ਉਨ੍ਹਾਂ ਦੀ ਪੰਥ ਨੂੰ ਭਾਰੀ ਲੋੜ ਸੀ। ਪਰ ਅਕਾਲ ਪੁਰਖ ਦੇ ਭਾਣੇ ਵਿਚ ਸਾਡਾ ਕੋਈ ਜ਼ੋਰ ਨਹੀਂ ਚੱਲ ਸਕਦਾ। ਉਨ੍ਹਾਂ ਕਿਹਾ ਕਿ ਮੈਂ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਅਕਾਲ ਪੁਰਖ ਟਕਸਾਲ ਦੇ ਨਵੇਂ ਮੁਖੀ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਬਲ ਅਤੇ ਉੱਦਮ ਬਖਸ਼ੇ ਤਾਂ ਕਿ ਉਹ ਵੀ ਬੇਖੌਫ਼ ਪੰਥ ਦੀ ਸੇਵਾ ਕਰਨ।

ਜੱਥੇਦਾਰ ਟੌਹੜਾ ਨੇ ਆਪਣੇ ਸ਼ਰਧਾਂਜਲੀ ਭਾਸ਼ਣ ਵਿੱਚ ਮਹਾਂਪੁਰਖਾਂ ਦੇ ਧਰਮ ਪ੍ਰਚਾਰ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਹ ਵੀ ਦੱਸਿਆ ਕਿ ਇੱਕ ਵਾਰ ਮੈਂ ਮੁੰਬਈ ਸੰਤਾਂ ਦੇ ਸਮਾਗਮ ਵਿੱਚ ਪਹੁੰਚਿਆ ਅਤੇ ਬਹੁਤ ਪ੍ਰਭਾਵਿਤ ਹੋਇਆ ਕਿ ਕਿਵੇਂ ਸੀਮਿਤ ਸਾਧਨਾਂ ਰਾਹੀਂ ਪੰਜਾਬ ਤੋਂ ਬਾਹਰ ਹਿੰਦੁਸਤਾਨ ਭਰ ਵਿੱਚ ਦਮਦਮੀ ਟਕਸਾਲ ਦਸਮ ਪਾਤਸ਼ਾਹ ਦੇ ਮਿਸ਼ਨ ਦਾ ਪ੍ਰਚਾਰ ਕਰ ਰਹੀ ਹੈ ਅਤੇ ਸਿੱਖੀ ਅਸੂਲਾਂ ਦੀ ਪ੍ਰਪੱਕਤਾ ਵਾਸਤੇ ਪ੍ਰੇਰਣਾ ਕਰ ਰਹੀ ਹੈ। ਮੈਂ ਆਪਣੀ ਭਾਵਨਾ ਅਨੁਸਾਰ ਸੰਤਾਂ ਨੂੰ ਬੇਨਤੀ ਕੀਤੀ ਕਿ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਜੀ

Scanned with CamScanner

ਦੀ ਸੇਵਾ ਵਿੱਚ ਦੂਰ-ਦੁਰੇਡੇ ਆਉਣ-ਜਾਣ ਦੇ ਸਾਧਨਾਂ ਲਈ ਬੱਸਾਂ-ਗੱਡੀਆਂ ਅਰਪਣ ਕਰਨਾ ਚਾਹੁੰਦੇ ਹਾਂ ਤਾਂ ਕਿ ਤੁਸੀਂ ਹੋਰ ਵੀ ਵੱਧ-ਚੜ੍ਹ ਕੇ ਧਰਮ ਪ੍ਰਚਾਰ ਕਰ ਸਕੋ ਤਾਂ ਮਹਾਂਪੁਰਖਾਂ ਨੇ ਕਿਹਾ ਕਿ ਪ੍ਰਧਾਨ ਜੀ ਗੱਡੀਆਂ ਵਿੱਚ ਚੜ੍ਹ ਕੇ ਕਿਤੇ ਅਸੀਂ ਵੀ ਅਰਾਮ ਪ੍ਰਸਤ ਨਾ ਬਣ ਜਾਈਏ, ਨਹੀਂ ਤਾਂ ਗੱਡੀਆਂ ਮੁੰਬਈ ਦੀਆਂ ਸੰਗਤਾਂ ਵੀ ਦੇਣੀਆਂ ਚਾਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਇਨਕਾਰ ਕੀਤਾ ਹੈ। ਮੈਂ (ਜਥੇਦਾਰ ਟੌਹੜਾ ਨੇ) ਫਿਰ ਬੇਨਤੀ ਕੀਤੀ ਕਿ ਤੁਹਾਡੇ ਅੰਦਰ ਜੋ ਗੁਰਸਿੱਖੀ ਪ੍ਰਚਾਰ ਕਰਨ ਦਾ ਪ੍ਰਚੰਡ ਜਜ਼ਬਾ ਹੈ ਉਹ ਆਪ ਜੀ ਨੂੰ ਵੀ ਆਰਾਮ ਪ੍ਰਸਤ ਨਹੀਂ ਹੋਣ ਦੇਵੇਗਾ। ਇਸ ਉਪਰੰਤ ਮੈਂ ਮੁੰਬਈ ਦੀਆਂ ਸੰਗਤਾਂ ਨਾਲ ਦ੍ਰਿੜ੍ਹਤਾ ਭਰਪੂਰ ਵਿਚਾਰ ਕੀਤੀ ਕਿ ਤੁਸੀਂ ਜ਼ੋਰ ਪਾਓ ਅਤੇ ਹਰ ਹਾਲਤ ਸੰਤਾਂ ਨੂੰ ਗੱਡੀਆਂ ਦਿਉ। ਫਿਰ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਮਹਾਂਪੁਰਖਾਂ ਨੇ ਗੱਡੀਆਂ ਪ੍ਰਵਾਨ ਕੀਤੀਆਂ ਸਨ। ਉਨ੍ਹਾਂ ਐਮਰਜੈਂਸੀ ਦੌਰਾਨ ਜਿੱਥੇ ਐਮਰਜੈਂਸੀ ਦਾ ਵਿਰੋਧ ਕੀਤਾ ਉਥੇ ਧਰਮ ਪ੍ਰਚਾਰ ਦੀਆਂ ਲਹਿਰਾਂ ਚਲਾ ਦਿੱਤੀਆਂ। ਇਸ ਮੌਕੇ ਜਥੇਦਾਰ ਟੌਹੜਾ ਨੇ ਸੰਤਾਂ ਦੇ ਪੁੱਤਰ ਭਾਈ ਅਮਰੀਕ ਸਿੰਘ ਨੂੰ ਵੀ ਇਸ ਗੱਲ ਲਈ ਵਧਾਈ ਦਿੱਤੀ ਕਿ ਉਨ੍ਹਾਂ ਤਿਆਗ ਦਾ ਸਬੂਤ ਦੇ ਕੇ ਦਮਦਮੀ ਟਕਸਾਲ ਦੇ ਜੱਥੇ ਦੇ ਸਿੰਘਾਂ ਨਾਲ ਮਿਲ ਕੇ ਸੰਤ ਜਰਨੈਲ ਸਿੰਘ ਨੂੰ ਟਕਸਾਲ ਦਾ ਅਗਲਾ ਮੁਖੀ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ। ਉਨ੍ਹਾਂ ਇਹ ਵੀ ਕਿਹਾ ਕਿ ਪੰਥ ਦੀਆਂ ਸਮੁੱਚੀਆਂ ਸਿੱਖ ਜੱਥੇਬੰਦੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਦਮਦਮੀ ਟਕਸਾਲ ਦਾ ਹਰ ਤਰ੍ਹਾਂ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਆਪਣੇ ਵੱਲੋਂ ਵੀ ਵਚਨਬੱਧਤਾ ਪ੍ਰਗਟਾਈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਤ ਜਰਨੈਲ ਸਿੰਘ ਜੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਵੇਗੀ।

ਭਾਈ ਅਮਰੀਕ ਸਿੰਘ ਵੱਲੋਂ ਸੰਤਾਂ ਨੂੰ ਸ਼ਰਧਾਂਜਲੀ ਅਤੇ ਆਉਣ ਵਾਲੇ ਸਮੇਂ ਵਿੱਚ ਸੰਤ ਜਰਨੈਲ ਸਿੰਘ ਜੀ ਨਾਲ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਪ੍ਰਤਿੱਗਿਆ

ਸਿਆਸੀ, ਧਾਰਮਿਕ ਬੁਲਾਰਿਆਂ ਅਤੇ ਸੰਤਾਂ-ਮਹਾਂਪੁਰਖਾਂ ਦੇ ਬੋਲਣ ਤੋਂ ਬਾਅਦ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਜੀ ਦੇ ਵੱਡੇ ਸਪੁੱਤਰ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਉਸ ਨੇ ਬੜੀ ਹੀ ਗੰਭੀਰਤਾ ਨਾਲ ਸੰਤਾਂ ਨੂੰ ਬੇਨਤੀ ਕੀਤੀ ਕਿ ਅਸੀਂ ਸਭ ਜਾਣਦੇ ਹਾਂ ਕਿ ਭਰ ਜਵਾਨੀ ਵਿੱਚ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਸਾਨੂੰ ਸਦੀਵੀ ਵਿਛੋੜਾ ਦੇ ਚੁੱਕੇ ਹਨ। ਉਹ ਵੀ ਉਸ ਸਮੇਂ ਜਦੋਂ ਉਨ੍ਹਾਂ ਵੱਲੋਂ ਆਰੰਭਿਆ ਹੋਇਆ ਧਰਮ ਪ੍ਰਚਾਰ ਸਿਖਰਾਂ 'ਤੇ ਸੀ ਅਤੇ ਹਰ ਢੰਗ ਨਾਲ ਅਖੌਤੀ ਗੁਰੂ ਡੰਮ੍ਹ ਨੂੰ ਮੂੰਹ-ਤੋੜਵਾਂ ਜਵਾਬ ਦਿੱਤਾ ਜਾ ਰਿਹਾ ਸੀ। ਇਨ੍ਹਾਂ ਹਾਲਾਤਾਂ ਵਿੱਚ ਨਿਸ਼ਚੇ ਹੀ ਪੰਥ ਵਿੱਚ ਅਤੇ ਖ਼ਾਸ ਕਰਕੇ ਦਮਦਮੀ ਟਕਸਾਲ ਵਿੱਚ ਇੱਕ ਤਰ੍ਹਾਂ ਨਾਲ ਖਲਾਅ ਪੈਦਾ ਹੋ ਚੁੱਕਾ ਸੀ, ਪਰ ਮੈਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਰੋੜਾਂ ਵਾਰ ਸ਼ੁਕਰ ਗੁਜ਼ਾਰ ਹਾਂ, ਜਿਸ ਨੇ ਆਪਣੀ ਕ੍ਰਿਪਾ ਸਦਕਾ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਦੀ ਅਗਵਾਈ ਵਿੱਚ ਸਮੁੱਚੇ ਜੱਥੇ ਦੇ ਸੂਝਵਾਨ ਸਿੰਘਾਂ ਦੀ ਰਾਇ ਨਾਲ ਅਤੇ ਸਰਬ ਸੰਮਤੀ ਨਾਲ ਟਕਸਾਲ ਦੇ ਅਗਲੇ ਮੁੱਖੀ ਦੀ ਚੋਣ ਕੀਤੀ ਅਤੇ ਇਹ ਵੀ ਚੰਗੇ ਭਾਗਾਂ ਦੀ ਨਿਸ਼ਾਨੀ ਹੈ ਕਿ ਇੱਕ ਨਾਮ ਰਸੀਏ, ਤਿਆਗੀ, ਵੈਰਾਗੀ, ਕਹਿਣੀ ਕਰਨੀ ਦੇ ਪੂਰੇ ਤਿਆਰ-ਬਰ-ਤਿਆਰ ਸਿੰਘ ਨੂੰ ਟਕਸਾਲ ਦੇ ਅਗਲੇ ਮੁਖੀ ਵਜੋਂ ਚੁਣਿਆ ਗਿਆ ਹੈ। ਮੈਂ ਨਿੱਜੀ ਤੌਰ 'ਤੇ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਜਾਣਦਾ ਹਾਂ। ਜਿਸ ਕਾਰਨ ਮੈਂ ਇਹੀ ਕਹਿ ਸਕਦਾ ਹਾਂ ਟਕਸਾਲ ਵੱਲੋਂ ਇਹ ਇਨ੍ਹਾਂ ਦੀ ਢੁਕਵੀਂ ਚੋਣ ਕੀਤੀ ਗਈ ਹੈ।

ਮੈਂ ਉਨ੍ਹਾਂ ਸੰਪਰਦਾਵਾਂ, ਮਹਾਂਪੁਰਖਾਂ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਨਿੱਜੀ ਤੌਰ 'ਤੇ ਮੈਨੂੰ ਮਿਲ ਕੇ ਟਕਸਾਲ ਦੀ ਸੇਵਾ ਸੰਭਾਲਣ ਵਾਸਤੇ ਕਿਹਾ ਅਤੇ ਇਸ ਸਬੰਧੀ ਪੂਰਾ-ਪੂਰਾ ਸਹਿਯੋਗ ਦੇਣ ਦਾ ਵੀ ਭਰੋਸਾ ਦਿੱਤਾ, ਪਰ ਮੈਂ ਬਹੁਤ ਹੀ ਨਿਮਰਤਾ ਸਹਿਤ ਉਨ੍ਹਾਂ ਸਭਨਾਂ ਨੂੰ ਇਹੀ ਬੇਨਤੀ ਕੀਤੀ ਕਿ ਇਹ ਕੋਈ ਜੱਦੀ-ਪੁਸ਼ਤੀ ਵਿਰਾਸਤ ਦਾ ਮਸਲਾ ਨਹੀਂ, ਬਲਕਿ ਦਮਦਮੀ ਟਕਸਾਲ ਦੇ ਸ਼ਾਨਾਮੱਤੇ ਇਤਿਹਾਸ ਨੂੰ ਧਿਆਨ ਵਿੱਚ ਰੱਖਦਿਆਂ ਇਹ ਫੈਸਲਾ ਵੀ ਟਕਸਾਲ ਵੱਲੋਂ ਹੀ ਲਿਆ ਜਾਣਾ ਹੈ, ਭਾਵੇਂ ਮੈਂ ਵੀ ਟਕਸਾਲ ਵਿੱਚੋਂ ਵਿੱਦਿਆ ਪ੍ਰਾਪਤ ਕੀਤੀ ਹੈ ਅਤੇ ਦੁਨਿਆਵੀ ਵਿੱਦਿਆ ਦੀ ਪੜ੍ਹਾਈ ਵੀ ਐੱਮ.ਏ. ਤੱਕ ਪ੍ਰਾਪਤ ਹੋਈ ਹੈ, ਪਰ ਇਸ ਸਭ ਕੁੱਝ ਦੇ ਬਾਵਜੂਦ ਮੇਰੀ ਟਕਸਾਲ ਵੱਲੋਂ ਲਏ ਗਏ ਫੈਸਲੇ ਨਾਲ ਹਰ ਤਰ੍ਹਾਂ ਨਾਲ ਕੇਵਲ ਸਹਿਮਤੀ ਹੀ ਨਹੀਂ, ਬਲਕਿ ਇਹ ਫੈਸਲਾ ਕਰਨ ਵਿੱਚ ਵੀ ਮੇਰੀ ਇਹੀ ਨਿੱਜੀ

Scanned with CamScanner

ਗਾਇ ਸੀ। ਇਸ ਲਈ ਮੈਂ ਹੁਣ ਵੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਆਪਣੇ ਸਤਿਕਾਰਯੋਗ ਪਿਤਾ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜੀ ਦੀ ਕਮਾਈ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸੰਗਤਾਂ ਨੂੰ ਪੂਰਨ ਭਰੋਸਾ ਦਿਵਾਉਂਦਾ ਹਾਂ ਅਤੇ ਨਵੇਂ ਚੁਣੇ ਗਏ ਮੁੱਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਵੀ ਪੂਰਨ ਯਕੀਨ ਦਿਵਾਉਂਦਾ ਹਾਂ ਕਿ ਮੈਂ ਅਤੇ ਮੇਰਾ ਪਰਿਵਾਰ ਹਰ ਤਰ੍ਹਾਂ ਨਾਲ ਆਪ ਜੀ ਦਾ ਸ਼ਰਿਅੰਗੀ ਰਹੇਗਾ ਅਤੇ ਨਿੱਜੀ ਤੌਰ ਤੇ ਦਾਸ ਆਖਰੀ ਸਵਾਸਾਂ ਤੱਕ ਤੁਹਾਡਾ ਸਾਥ ਨਿਭਾਵੇਗਾ ਅਤੇ ਹਰ ਦੁੱਖ ਸੁੱਖ ਵਿੱਚ ਤੁਹਾਡੇ ਨਾਲ ਖੜ੍ਹਾ ਹੋਵਾਂਗਾ। ਇੱਥੇ ਹੀ ਬੱਸ ਨਹੀਂ ਜਿੱਥੇ ਸਤਿਕਾਰਯੋਗ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਬੈਠਣਗੇ ਦਾਸ ਉੱਥੇ ਤਤਪਰ ਖੜ੍ਹਾ ਹੋ ਕੇ ਸੇਵਾ ਵਿੱਚ ਹਾਜ਼ਰ ਰਹੇਗਾ।

ਇਸ ਤੋਂ ਉਪਰੰਤ ਸੰਖੇਪ ਸ਼ਬਦਾਂ ਵਿੱਚ ਭਾਈ ਅਮਰੀਕ ਸਿੰਘ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਮੌਕੇ ਪਹੁੰਚੇ ਹੋਏ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਆਗੂਆਂ ਨੂੰ ਜੀਓ ਆਇਆਂ ਆਖਿਆ ਅਤੇ ਸਮੂਹ ਸੰਗਤਾਂ ਦਾ ਵੀ ਧੰਨਵਾਦ ਕੀਤਾ।

ਇਸ ਉਪਰੰਤ ਭਾਈ ਜਗੀਰ ਸਿੰਘ ਅਧਾੜਾ ਜੋ ਕਿ ਭਾਈ ਅਮਰੀਕ ਸਿੰਘ ਨਾਲ ਸਟੇਜ ਸੈਕਟਰੀ ਦੀ ਭੂਮਿਕਾ ਨਿਭਾ ਰਹੇ ਸਨ, ਨੇ ਸਭ ਸੰਗਤਾਂ ਨੂੰ ਬੇਨਤੀ ਕੀਤੀ ਕਿ ਆਪਾਂ ਸਭ ਨੇ ਮਿਲ ਕੇ ਪੰਜ ਵਾਰ ਗੁਰਮੰਤਰ-ਮੂਲਮੰਤਰ ਦਾ ਜਾਪ ਕਰਨਾ ਹੈ ਇਸ ਉਪਰੰਤ ਸ਼ਮੂੰਚੀਆਂ ਪੰਥਕ ਸਖ਼ਸ਼ੀਅਤਾਂ ਵੱਲੋਂ ਸੰਤ ਜਰਨੈਲ ਸਿੰਘ ਜੀ ਨੂੰ ਦਮਦਮੀ ਟਕਸਾਲ ਦੇ ਚੌਧਵੇਂ ਮੁਖੀ ਵਜੋਂ ਦਸਤਾਰਬੰਦੀ ਹੋਵੇਗੀ। ਸਭ ਸੰਗਤਾਂ ਨੇ ਪੰਜ ਵਾਰ ਉੱਚੀ ਆਵਾਜ਼ ਵਿੱਚ ਮੂਲਮੰਤਰ-ਗੁਰਮੰਤਰ ਦਾ ਜਾਪ ਕੀਤਾ ਅਤੇ ਇਸ ਦੇ ਨਾਲ ਹੀ ਬਾਬਾ ਠਾਕੁਰ ਸਿੰਘ ਜੀ, ਸਿੰਘ ਸਾਹਿਬ ਗਿਆਨੀ ਮਾਨ ਸਿੰਘ ਜੀ, ਬਾਬਾ ਨਿਹਾਲ ਸਿੰਘ ਜੀ, ਬਾਬਾ ਸੇਵਾ ਸਿੰਘ ਜੀ, ਬਾਬਾ ਹਰਨਾਮ ਸਿੰਘ ਜੀ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ.ਪ੍ਰਕਾਸ਼ ਸਿੰਘ ਬਾਦਲ, ਜਥੇ. ਜਗਦੇਵ ਸਿੰਘ ਤਲਵੰਡੀ ਅਤੇ ਹੋਰ ਪੰਥਕ ਨੁਮਾਇੰਦਿਆਂ ਨੇ ਰਲ ਕੇ ਸੰਤਾਂ ਨੂੰ ਦਸਤਾਰਾਂ ਸਜਾਈਆਂ ਅਤੇ ਨਾਲ ਹੀ ਵੱਖ-ਵੱਖ ਸਿੱਖ ਸੰਪਰਦਾਵਾਂ, ਨਿਹੰਗ ਸਿੰਘ ਜੱਥੇਬੰਦੀਆਂ, ਸਿੰਘ ਸਭਾਵਾਂ, ਤਖ਼ਤਾਂ ਦੇ ਜੱਥੇਦਾਰ ਸਾਹਿਬਾਨਾਂ ਵੱਲੋਂ ਸੰਤ ਜਰਨੈਲ ਸਿੰਘ ਜੀ ਨੂੰ ਦਸਤਾਰਾਂ ਸਜਾਈਆਂ ਗਈਆਂ। ਫਿਰ ਸਪੀਕਰ ਤੋਂ ਐਲਾਨ ਕੀਤਾ ਗਿਆ ਕਿ ਹੁਣ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਸੰਗਤਾਂ ਨੂੰ ਸੰਬੋਧਨ ਕਰਨਗੇ। ਇੱਥੇ ਇਹ ਵਰਣਨਯੋਗ ਹੈ ਕਿ ਸੰਤ ਜਰਨੈਲ ਸਿੰਘ ਜੀ ਇਸ ਤੋਂ ਪਹਿਲਾਂ ਇੰਨੇ ਵੱਡੇ ਇਕੱਠ ਵਿੱਚ ਕਦੇ ਨਹੀਂ ਸਨ ਬੋਲੇ ਅਤੇ ਬਹੁਤ ਸਾਰੀਆਂ ਟਕਸਾਲ ਨਾਲ ਸਬੰਧਤ ਸਿੱਖ ਸੰਗਤਾਂ ਅਤੇ ਮੁਖੀ ਸਿੰਘਾਂ ਨੇ ਕਦੇ ਵੀ ਸੰਤ ਜਰਨੈਲ ਸਿੰਘ ਜੀ ਨੂੰ ਸੰਬੋਧਨ ਕਰਦਿਆਂ ਨਹੀਂ ਸੀ ਸੁਣਿਆ। ਇਸ ਲਈ ਸਭ ਵਿੱਚ ਸੁਣਨ ਦੀ ਭੀਖੜਤਾ ਸੀ ਕਿ ਸੰਤ ਜਰਨੈਲ ਸਿੰਘ ਜੀ ਕੀ ਬੋਲਦੇ ਹਨ ਅਤੇ ਇਸੇ ਤਰ੍ਹਾਂ ਹੀ ਲੱਖਾਂ ਸੰਗਤਾਂ ਇਕਾਗਰਚਿਤ ਸੰਤ ਜਰਨੈਲ ਸਿੰਘ ਜੀ ਨੂੰ ਸੁਣ ਕੇ ਆਪਣੇ ਦਿਲ ਨੂੰ ਧਰਵਾਸ ਦੇਣਾ ਚਾਹੁੰਦੀਆਂ ਸਨ ਕਿ ਕੀ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਤੋਂ ਬਾਅਦ ਉਨ੍ਹਾਂ ਵਰਗੀ ਅਵਾਜ਼ ਸਾਡੇ ਕੰਨਾਂ ਤੱਕ ਪਹੁੰਚੇਗੀ ਜੋ ਸਿੱਖ ਪੰਥ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦੀ ਹੋਵੇ, ਇਸ ਤਰ੍ਹਾਂ ਵੱਖੋ-ਵੱਖ ਢੰਗ ਨਾਲ ਸੰਗਤਾਂ ਵਿੱਚ ਖਿੱਚ ਬਣੀ ਹੋਈ ਸੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਸੁਣਨ ਵਾਸਤੇ। ਇੱਥੇ ਅਸੀਂ 25 ਅਗਸਤ 1977 ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਦੇ ਦੁਸਹਿਰੇ ਸਮੇਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਦਿੱਤਾ ਗਿਆ ਭਾਸ਼ਣ ਜੋ ਕਿ ਰਿਕਾਰਡ ਕੀਤਾ ਹੋਇਆ ਹੈ ਤੇ ਸੰਗਤਾਂ ਨੂੰ ਜਾਣੂੰ ਕਰਵਾਉਣਾ ਚਾਹੁੰਦੇ ਹਾਂ ਅਤੇ ਸੰਗਤਾਂ ਦੀ ਜਾਣਕਾਰੀ ਲਈ ਇੰਟਰਨੈੱਟ ਉੱਪਰ ਵੀ ਉਪਲੱਬਧ ਹਨ ਅਤੇ ਉਨ੍ਹਾਂ ਦੇ ਕੁੱਝ ਹੋਰ ਵਿਸ਼ੇਸ਼ ਭਾਸ਼ਣ ਉਪਲੱਬਧ ਕਰਵਾ ਦਿੱਤੇ ਜਾਣਗੇ।

ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕੁਝ ਲਿਖਾਰੀਆਂ ਨੇ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਦੇ ਇਸ ਭਾਸ਼ਣ ਨੂੰ ਜਾਣ ਬੁੱਝ ਕੇ ਆਪਣੀ ਮਰਜ਼ੀ ਅਨੁਸਾਰ ਪੇਸ਼ ਕੀਤਾ ਹੈ ਅਤੇ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸੰਤ ਜੀ ਬਹੁਤ ਅੱਖੜ ਸੁਭਾਅ ਦੇ ਸਨ ਅਤੇ ਦੁਸਹਿਰੇ ਸਮੇਂ ਪਹੁੰਚੇ ਹੋਏ ਰਾਜਨੀਤਿਕ ਆਗੂਆਂ ਨੂੰ ਉਸੇ ਤਰ੍ਹਾਂ ਹੀ ਉਨ੍ਹਾਂ ਸੰਬੋਧਨ ਕੀਤਾ ਅਤੇ ਕਈ ਤਰ੍ਹਾਂ ਦੀਆਂ ਮਨਘੜਤ ਕਹਾਣੀਆਂ ਆਪਣੇ ਕੋਲੋਂ ਹੀ ਲਿਖ ਛੱਡੀਆਂ ਹਨ। ਇਨ੍ਹਾਂ ਲੋਕਾਂ ਦੀ ਕਿਸੇ ਰਾਜਨੀਤਿਕ ਆਗੂ ਪ੍ਰਤੀ ਕਿਸੇ ਪ੍ਰਕਾਰ ਦੀ ਵਿਰੋਧਤਾ ਹੋ ਸਕਦੀ ਹੈ ਅਤੇ ਉਸ ਨੂੰ ਸੰਤਾਂ ਵੱਲੋਂ ਪੇਸ਼ ਕਰਕੇ ਸੰਗਤਾਂ ਵਿੱਚ ਭੁਲੇਖਾ ਪਾਉਣ ਨੂੰ ਕਿਸੇ ਵੀ ਲਿਖਾਰੀ ਦੀ ਅਕਲਮੰਦੀ ਨਹੀਂ ਸਮਝੀ ਜਾਵੇਗੀ। ਇਸ ਲਈ ਇੱਥੇ ਸੰਤਾਂ

Scanned with CamScanner

ਵੱਲੋਂ ਜੋ ਕੁੱਝ ਬੋਲਿਆ ਗਿਆ ਇੰਨ-ਬਿੰਨ ਉਹੋ ਹੀ ਲਿਖਿਆ ਜਾ ਰਿਹਾ ਹੈ ਤਾਂ ਕਿ ਸੰਗਤਾਂ ਸੰਤਾਂ ਦੀ ਗੰਭੀਰਤਾ ਪ੍ਰਤੀ ਅਸਲੀਅਤ ਤੋਂ ਜਾਣੂ ਹੋ ਸਕਣ।

ਭਾਈ ਅਮਰੀਕ ਸਿੰਘ ਅਤੇ ਭਾਈ ਜਗੀਰ ਸਿੰਘ ਅਖਾੜਾ ਜੋ ਕਿ ਦੋਵੇਂ ਹੀ ਸਟੇਜ ਦੀ ਸੇਵਾ ਨਿਭਾ ਰਹੇ ਸਨ ਨੇ ਵਾਰੋ ਵਾਰੀ ਸੰਗਤਾਂ ਨੂੰ ਅਪੀਲ ਕੀਤੀ ਕਿ ਹੁਣ ਦਮਦਮੀ ਟਕਸਾਲ ਦੇ ਨਵਨਿਯੁਕਤ ਮੁਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਸੰਗਤਾਂ ਨੂੰ ਸੰਬੋਧਨ ਕਰਨਗੇ ਅਤੇ ਲੱਖਾਂ ਸੰਗਤਾਂ ਦੇ ਸਾਹਮਣੇ ਸੰਤ ਜਰਨੈਲ ਸਿੰਘ ਜੀ ਨੇ ਆਪਣਾ ਭਾਸ਼ਣ ਇਸ ਤਰ੍ਹਾਂ ਆਰੰਭ ਕੀਤਾ:-

ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਦੇ ਵਿਚਾਰ

ਸੱਚੇ ਪਾਤਸ਼ਾਹ ਜੀ ਦੀ ਸਾਜੀ ਨਿਵਾਜੀ ਸਾਧ ਸੰਗਤ ਜੀਉ, ਸਾਰੀ ਸੰਗਤ ਨੂੰ ਛਤਹਿ ਪ੍ਰਵਾਨ ਹੋਵੇ
ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਛਤਹਿ॥

ਸ੍ਰੀ ਗੁਰੂ ਨਾਨਕ ਸਾਹਿਬ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਸਜੀ ਹੋਈ ਸਾਧ-ਸੰਗਤ ਜੀਉ, ਜੋ ਸਾਧ ਸੰਗਤ ਨੇ ਦਾਸ ਨੂੰ ਇਹ ਡਿਊਟੀ ਲਾਈ ਹੈ ਮਹਾਰਾਜ ਕਲਗੀਧਰ ਸੱਚੇ ਪਾਤਸ਼ਾਹ ਜੀ ਦੇ ਪਵਿੱਤਰ ਚਰਨਾਂ ਵਿੱਚ ਅਰਦਾਸ ਬੇਨਤੀ ਹੈ ਕਿ ਮਹਾਰਾਜ ਆਪ ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ ਇਹ ਸੇਵਾ ਲੈਣ, ਕਿਉਂਕਿ ਜੋ ਮਹਾਂਪੁਰਖਾਂ ਦਾ ਅਸੀਸ ਵਿਛੋੜਾ, ਹੈ ਉਹ ਕਹਿ ਕੇ ਨਹੀਂ ਦੱਸਿਆ ਜਾ ਸਕਦਾ। ਹਿੰਦੁਸਤਾਨ ਦੇ ਕੋਨੇ-ਕੋਨੇ ਵਿੱਚ ਸਭ ਲੋਕ ਮਹਿਸੂਸ ਕਰ ਰਹੇ ਹਨ ਕਿ ਮਹਾਂਪੁਰਖਾਂ ਨੇ ਸੱਚਖੰਡ ਨੂੰ ਜਾਣ ਲੱਗਿਆਂ ਸੇਵਾ ਦੀ ਜ਼ਿੰਮੇਵਾਰੀ ਵਾਸਤੇ ਕਿਸੇ ਨੂੰ ਕੋਈ ਹੁਕਮ ਨਹੀਂ ਸੀ ਕੀਤਾ। ਸੋ ਉਸ ਸੇਵਾ ਨੂੰ ਨਿਭਾਉਣ ਵਾਸਤੇ ਸਾਰੇ ਜੱਥੇ ਨੇ ਇਕੱਤਰ ਹੋ ਕਰਕੇ ਮਹਾਂਪੁਰਖਾਂ ਦੇ ਸਾਰੇ ਪਰਿਵਾਰ ਦੇ ਸਹਿਤ ਸਰਬ ਸੰਮਤੀ ਨਾਲ ਦਾਸ ਨੂੰ ਹੁਕਮ ਕੀਤਾ ਹੈ ਕਿ ਤੈਨੂੰ ਇਹ ਹੁਕਮ ਮੰਨਣਾ ਪਵੇਗਾ। ਦਾਸ ਇੱਥੇ ਇੱਕ ਛੋਟੀ ਜਿਹੀ ਬੇਨਤੀ ਕਰਕੇ ਫਿਰ ਮਹਾਂਪੁਰਖਾਂ ਦੇ ਜੀਵਨ ਬਾਰੇ ਜਿੰਨਾ ਕੁ ਦਾਸ ਨੂੰ 1965 ਤੋਂ ਲੈ ਕੇ ਪਤਾ ਹੈ, ਉਹ ਕੁੱਝ ਕੁ ਬੇਨਤੀਆਂ ਦਾਸ ਆਪ ਜੀ ਦੇ ਚਰਨਾਂ ਵਿੱਚ ਹਾਜ਼ਰ ਕਰੇਗਾ।

ਜਦੋਂ ਇਸ ਸੇਵਾ ਲਈ ਮਜ਼ਬੂਰ ਕੀਤਾ ਗਿਆ ਤਾਂ ਦਾਸ ਨੇ ਬੇਨਤੀ ਕੀਤੀ ਕਿ ਖ਼ਾਲਸਾ ਜੀ ਇਹ ਪੰਡ ਕੋਈ ਛੋਟੀ ਜਿਹੀ ਨਹੀਂ, ਇਹ ਨਹੀਂ ਕਿ ਇਹ ਸੇਵਾ ਜੇ ਨਿਭ ਗਈ ਤਾਂ ਨਿਭ ਗਈ ਨਹੀਂ ਤਾਂ ਨਾ ਸਹੀ, ਇਹੋ ਜਿਹੀ ਗੱਲ ਨਹੀਂ। ਜਦੋਂ ਇਹ ਸੇਵਾ ਸਿਰ 'ਤੇ ਟਿਕ ਗਈ ਤਾਂ ਪੂਰੀ ਨਿਭਾਉਣੀ ਪਵੇਗੀ। ਬਹੁਤ ਵੱਡੀ ਸੇਵਾ। ਦਾਸ ਨੇ ਬੇਨਤੀ ਕੀਤੀ ਕਿ ਪੰਡ ਵੱਡੀ ਹੈ, ਸਿਰ ਛੋਟਾ ਹੈ। ਸਾਧ ਸੰਗਤ ਨੇ ਹੁਕਮ ਕੀਤਾ ਕਿ ਤੈਨੂੰ ਇਹ ਸੇਵਾ ਨਿਭਾਉਣੀ ਪਵੇਗੀ। ਦਾਸ ਨੇ ਫਿਰ ਬੇਨਤੀ ਕੀਤੀ ਕ੍ਰਿਪਾ ਕਰੋ, ਬਖਸ਼ਿਸ਼ ਕਰੋ, ਮਿਹਰ ਕਰੋ, ਬਖਸ਼ ਲਊ ਇਹ ਸੇਵਾ ਹੋਰ ਕਿਸੇ ਗੁਰਮੁਖ ਪਿਆਰੇ ਨੂੰ ਦਿੱਤੀ ਜਾਵੇ। ਅਖ਼ੀਰ ਇਕੱਤਰਤਾ ਹੋਈ, ਮੀਟਿੰਗ ਹੋਈ ਤੇ ਦਾਸ ਨੂੰ ਵੀ ਹੁਕਮ ਕਰਕੇ ਸੱਦਿਆ ਗਿਆ, ਆਖਣ ਲੱਗੇ ਭਾਈ ਇਹ ਸੇਵਾ ਤੈਨੂੰ ਦੇਣੀ ਹੈ, ਤੈਨੂੰ ਸਾਂਭਣੀ ਪਵੇਗੀ, ਸੇਵਾ ਕਰਨੀ ਪਵੇਗੀ। ਦਾਸ ਨੇ ਹੱਥ ਜੋੜ ਕੇ ਗਲ਼ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ ਸੀ ਕਿ ਖ਼ਾਲਸਾ ਜੀ, ਜੇ ਇੰਨਾ ਮਜ਼ਬੂਰ ਕਰ ਰਹੇ ਹੋ ਜਿਸ ਦਿਨ ਤੁਸੀਂ ਮੈਨੂੰ ਇਹ ਸੇਵਾ ਦੇ ਦਿੱਤੀ, ਸੌਂਪ ਦਿੱਤੀ ਮੈਂ ਉਸ ਦਿਨ ਕਿਸੇ ਵੀ ਤਰੀਕੇ ਨਾਲ, ਕਿਸੇ ਵੀ ਕੋਸ਼ਿਸ਼ ਨਾਲ ਸਰੀਰ ਛੱਡ ਦੇਵਾਂਗਾ, ਰੱਖਣਾ ਨਹੀਂ। ਜਦੋਂ ਇਹ ਬੇਨਤੀ ਕੀਤੀ, ਸਿੰਘ ਚੁੱਪ ਹੋ ਗਏ। ਬਾਬਾ ਠਾਕੁਰ ਸਿੰਘ ਸਾਹਿਬ ਜੋ ਜਥੇਦਾਰ ਹਨ ਇਸ ਸਮੇਂ ਜਥੇ ਦੇ, ਜਿਨ੍ਹਾਂ ਨੂੰ ਮਹਾਂਪੁਰਖਾਂ ਨੇ ਪੰਜ ਬਾਬਾ ਬੁੱਢਾ ਜੀ ਦੇ ਬੀੜ ਵਾਲੇ ਸਥਾਨ 'ਤੇ ਹੁਕਮ ਕੀਤਾ ਸੀ ਐਮਰਜੈਂਸੀ ਦੇ ਦੌਰਾਨ ਵਿੱਚ, ਜਿਸ ਦਿਨ ਸੱਜੀ ਬਾਂਹ ਖੜ੍ਹੀ ਕਰਕੇ ਮਹਾਂਪੁਰਖਾਂ ਨੇ ਆਖਿਆ ਸੀ ਕਿ ਭਾਈ ਜੇ ਕਿਸੇ ਨੇ ਸਾਨੂੰ ਹੱਥਕੜੀ ਲਾਉਣੀ ਹੈ ਤਾਂ ਅਸੀਂ ਤਿਆਰ ਹਾਂ ਜੇਲ੍ਹ ਵਿੱਚ ਜਾਣ ਲਈ। ਪਰ ਅਸੀਂ ਇਸ ਐਮਰਜੈਂਸੀ ਦੇ ਵਿਰੁੱਧ ਸਭ ਤੋਂ ਪਹਿਲਾਂ ਨਾਅਰਾ ਲਾਉਂਦੇ ਹਾਂ ਕਿ ਧੱਕਾ ਹੋ ਰਿਹਾ ਹੈ। ਗੌਰਮਿੰਟ ਜ਼ੁਲਮ ਕਰ ਰਹੀ ਹੈ, ਇਸ ਜ਼ੁਲਮ ਨੂੰ ਨਾ ਸਹਾਰਦੇ ਹੋਏ ਮਜ਼ਲੂਮਾਂ ਦੀ ਰੱਖਿਆ ਵਾਸਤੇ ਅਸੀਂ ਆਪਣਾ ਸ਼ਰੀਰ ਲਾਉਣ ਲਈ ਤਿਆਰ ਹਾਂ ਜੇ ਕਿਸੇ ਨੇ ਹੱਥਕੜੀ ਲਾਉਣੀ ਹੈ ਤਾਂ ਸਾਨੂੰ ਲਾ ਲਵੇ। ਇਸ ਭਿਆਨਕ ਨੂੰ ਮਨ ਵਿੱਚ ਦ੍ਰਿੜ੍ਹ ਕਰਕੇ ਬਾਬਾ ਠਾਕੁਰ ਸਿੰਘ ਸਾਹਿਬ ਨੂੰ ਇਹ ਸੇਵਾ ਲਈ ਬਚਨ ਕਹਿ ਦਿੱਤਾ ਸੀ ਕਿ ਭਾਈ ਮਹੀਨਾ-ਦੋ ਮਹੀਨੇ ਜਾਂ ਜਿੰਨਾ ਚਿਰ ਵੀ ਸਾਨੂੰ ਜੇਲ੍ਹ ਵਿੱਚ ਰਹਿਣਾ ਪਵੇ ਜਾਂ ਕੋਈ ਤਸੀਹਾ ਝੱਲਣਾ ਪਵੇ, ਓਨਾ ਚਿਰ ਇਹ ਸੇਵਾ ਬਾਬਾ ਠਾਕੁਰ ਸਿੰਘ ਸਾਹਿਬ ਜੀ ਸੰਭਾਲਣਗੇ। ਉਨ੍ਹਾਂ ਨੂੰ ਅਸੀਂ

Scanned with CamScanner

ਇਹ ਸੇਵਾ ਦਿੱਤੀ ਹੈ। ਇਹ ਬਾਬਾ ਬੁੱਢਾ ਸਾਹਿਬ ਜੀ ਦੇ ਪਵਿੱਤਰ ਬੀੜ ਸਾਹਿਬ ਜੀ ਵਾਲੇ ਅਸਥਾਨ 'ਤੇ ਉੱਚੇ ਪਵਿੱਤਰ ਭਰੇ ਹੋਏ ਦੀਵਾਨ ਵਿੱਚ ਇਹ ਬਚਨ ਕਿਹਾ ਸੀ ਤੇ ਨਾਲ ਸਿੰਘਾਂ ਨੂੰ ਹੁਕਮ ਕਰ ਦਿੱਤਾ ਸੀ ਕਿ ਭਾਈ ਤੁਸੀਂ ਸਾਰਿਆਂ ਨੇ ਸਾਡੇ ਮਗਰ ਨਹੀਂ ਆਉਣਾ, ਅਸੀਂ ਇਕੱਲੇ ਇਕੱਲੇ ਨੂੰ ਸੱਦਾਂਗੇ। ਜਿਵੇਂ ਜਿਵੇਂ ਲੋੜ ਹੋਵੇਗੀ ਤਿਵੇਂ ਤਿਵੇਂ ਉਸੇ ਤਰੀਕੇ ਨਾਲ ਤੁਹਾਨੂੰ ਬੁਲਾਵਾਂਗੇ, ਤਾਂ ਤੁਸੀਂ ਆਉਣਾ ਹੈ।

ਸੋ ਉਸ ਸੇਵਾ ਨੂੰ ਸੰਭਾਲਣ ਵਾਸਤੇ ਜਦੋਂ ਏਨਾ ਮਜ਼ਬੂਰ ਕੀਤਾ ਗਿਆ, ਕਿਉਂਕਿ ਮਹਾਂਪੁਰਖ ਬ੍ਰਹਮ ਗਿਆਨੀ ਸਨ, ਤੱਤ ਬੇਤੇ ਸਨ, ਜਿਨ੍ਹਾਂ ਦਾ ਜੀਵਨ ਇਹ ਨਹੀਂ ਕਿਹਾ ਜਾ ਸਕਦਾ ਕਿ ਇਸੇ ਜਨਮ ਵਿੱਚ ਭਗਤੀ ਕੀਤੀ ਹੋਵੇਗੀ, ਤਪੱਸਿਆ ਕੀਤੀ ਹੋਵੇਗੀ। ਪਤਾ ਨਹੀਂ ਕਿੰਨੇ ਕੁ ਚਿਰ ਤੋਂ ਤਪੱਸਿਆ ਕੀਤੀ ਹੋਵੇਗੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਚਰਨਾਂ ਨਾਲ ਪਵਿੱਤਰ ਪ੍ਰੇਮ ਹੋਵੇਗਾ, ਇਹ ਮਹਾਂਪੁਰਖ ਆਪ ਜਾਣਦੇ ਸਨ ਜਾਂ ਸਾਹਿਬ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਜਾਣਦੇ ਹਨ। ਏਨੀਂ ਬੇਨਤੀ ਕਰਨ ਤੋਂ ਸਿੰਘਾਂ ਨੇ ਵਿਚਾਰ ਕੀਤੀ ਮਨ ਵਿੱਚ, ਜੋ ਭਾਈ ਜਰਨੈਲ ਸਿੰਘ ਜੀ ਹਨ (ਯੂ.ਪੀ ਵਾਲੇ) ਜੋ ਕਾਰਸੇਵਾ ਵਾਲੇ ਬਾਬਾ ਹਰਬੰਸ ਸਿੰਘ ਜੀ ਹਨ ਬਾਬਾ ਜੀਵਨ ਸਿੰਘ ਸਾਹਿਬ ਜੀ ਹੁਰਾਂ ਦੇ ਨਾਲ ਰਹਿਣ ਵਾਲੇ ਸਨ ਗੁਰਮੁਖ ਪਿਆਰੇ, ਉਨ੍ਹਾਂ ਨਾਲ ਹੀ ਸੇਵਾ ਕਰ ਰਹੇ ਹਨ। ਇਨ੍ਹਾਂ ਸਾਰਿਆਂ ਨੇ ਵਿਚਾਰ ਕਰਕੇ ਦਾਸ ਨੂੰ ਬਾਹਰ ਆ ਕੇ ਹੁਕਮ ਕੀਤਾ ਕਿ ਜਿਵੇਂ ਸੱਚਖੰਡ ਵਾਸੀ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ, ਸੱਚਖੰਡ ਵਾਸੀ ਮਹਾਂਪੁਰਖ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਪਵਿੱਤਰ ਅਸਥਾਨ ਸ੍ਰੀ ਤਖ਼ਤ ਪਟਨਾ ਸਾਹਿਬ ਜੀ ਦੇ ਅਸਥਾਨ 'ਤੇ ਬਚਨ ਕੀਤਾ ਸੀ, ਦੋ ਵਾਰ ਪਹਿਲਾਂ, ਕਿ ਭਾਈ ਤੁਸੀਂ ਇਹ ਸੇਵਾ ਲੈ ਲਵੋ, ਤੁਹਾਨੂੰ ਇਹ ਸੇਵਾ ਸੰਭਾਲਣੀ ਪਵੇਗੀ। ਮਹਾਂਪੁਰਖਾਂ ਨੇ ਬੇਨਤੀ ਕੀਤੀ ਸੀ ਕਿ ਮਹਾਂਪੁਰਖੋ ਸਿਰ ਛੋਟਾ ਹੈ, ਪੰਡ ਵੱਡੀ ਹੈ। ਜਦੋਂ ਦੋ ਵਾਰੀ ਬੇਨਤੀ ਅੱਗੋਂ ਹੋਈ ਤਾਂ ਮਹਾਂਪੁਰਖਾਂ ਨੇ ਤੀਜੇ ਬਚਨ ਨਾਲ ਕਿਹਾ ਸੀ ਕਿ ਜਾਂ ਤਾਂ ਨਰਕ ਵਿੱਚ ਪੈਣਾ ਪਵੇਗਾ ਜਾਂ ਸੇਵਾ ਸੰਭਾਲਣੀ ਪਵੇਗੀ। ਮਹਾਂਪੁਰਖਾਂ ਦੇ ਬਚਨ ਨੂੰ ਸੁਣ ਕਰਕੇ ਸੱਚਖੰਡ ਵਾਸੀ ਮਹਾਂਪੁਰਖ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਆਪਣਾ ਸੀਸ ਮਹਾਂਪੁਰਖਾਂ ਦੇ ਚਰਨਾਂ ਉਪਰ ਨਿਵਾਇਆ ਸੀ। ਹਮੇਸ਼ਾਂ ਹੀ ਨਿਵਾਉਂਦੇ ਸਨ, ਇਹ ਨਹੀਂ ਕਿ ਉਸੇ ਦਿਨ ਹੀ ਨਿਵਾਇਆ ਸੀ, ਪਰ ਸੇਵਾ ਵਾਸਤੇ, ਇਸ ਸੇਵਾ ਨੂੰ ਮਨਜ਼ੂਰ ਕਰਨ ਵਾਸਤੇ।

ਇਸੇ ਤਰ੍ਹਾਂ ਸਿੰਘਾਂ ਨੇ ਰਾਇ ਕਰਕੇ ਇਹ ਹੁਕਮ ਕਰ ਦਿੱਤਾ ਕਿ ਅਸੀਂ ਮਹਾਰਾਜ ਦੀ ਪਵਿੱਤਰ ਹਜ਼ੂਰੀ ਵਿੱਚ ਜਾ ਕਰਕੇ, ਸਾਰੇ ਸੰਗਤ ਰੂਪ ਵਿੱਚ ਹੋ ਕੇ ਅਰਦਾਸ ਕਰਦੇ ਹਾਂ ਕਿ ਹੇ ਕਲਗੀਧਰ! ਹੇ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ, ਦਸਾਂ ਗੁਰੂਆਂ ਦੀ ਆਤਮਿਕ ਜੋਤ, ਸਾਡੀ ਅਰਦਾਸ ਬੇਨਤੀ ਪ੍ਰਵਾਨ ਕਰੋ ਸਦਾ ਲਈ। ਇਹ ਨਹੀਂ ਕਿ ਇਸੇ ਜ਼ਿੰਦਗੀ ਵਾਸਤੇ ਜਿੰਨਾ ਚਿਰ ਆਪ ਜੀ ਦੀ ਰਚਨਾ ਹੈ, ਸ੍ਰਿਸ਼ਟੀ ਦੀ ਮਹਾਂਪਰਲੋ ਨਹੀਂ ਕਰਦੇ। ਓਨਾ ਚਿਰ ਇਸ ਸਰੀਰ ਨੂੰ ਨਰਕ ਵਿੱਚੋਂ ਨਾ ਕੱਢਿਆ ਜਾਵੇ ਜਾਂ ਸਾਡੇ ਹੁਕਮ ਨੂੰ ਇਹ ਪ੍ਰਵਾਨ ਕਰੇ। ਇਹ ਸੰਗਤ ਨੇ ਇਕੱਤਰ ਹੋ ਕੇ ਭਾਈ ਜਰਨੈਲ ਸਿੰਘ ਜੀ ਐਸ ਵੇਲੇ ਸਟੇਜ 'ਤੇ ਬੈਠੇ ਹਨ ਜਾਂ ਪਿਛਲੇ ਪਾਸੇ ਬੈਠੇ ਹੋਣਗੇ ਸੰਗਤ ਵਿੱਚ। ਇਸ ਬਚਨ ਨੂੰ, ਇਸ ਹੁਕਮ ਨੂੰ ਮੰਨ ਕੇ ਗੁਰੂ ਕੇ ਪਿਆਰਿਓ, ਦਾਸ ਨੇ ਸਾਧ ਸੰਗਤ ਦੇ ਚਰਨਾਂ 'ਤੇ ਸੀਸ ਨਿਵਾਇਆ ਹੈ, ਤੇ ਤਾਂ ਇਹ ਸੇਵਾ ਲਈ ਹੈ। ਦਾਸ ਇਸ ਸੇਵਾ ਨੂੰ ਨਿਭਾਉਣ ਜੋਗਾ ਨਹੀਂ, ਨਾ ਸੀ ਪਰ ਸਾਧ ਸੰਗਤ ਨੇ ਕ੍ਰਿਪਾ ਕੀਤੀ, ਆਪਣੀ ਜ਼ਿੰਮੇਵਾਰੀ ਸਾਧ ਸੰਗਤ ਆਪ ਸੰਭਾਲੇ ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਚਰਨਾਂ ਵਿੱਚ ਅਰਦਾਸ ਕਰੋ ਕਿ ਮਹਾਰਾਜ ਕ੍ਰਿਪਾ ਕਰਨ ਨਿਡਰਤਾ, ਨਿਰਭੈਤਾ, ਸਹਿਨਸ਼ੀਲਤਾ, ਸ਼ਾਂਤੀ ਤੇ ਗੁਣ ਜੋ ਮਹਾਂਪੁਰਖਾਂ ਵਾਲੇ ਸਨ। ਉਹ ਮਹਾਰਾਜ ਆਪ ਕ੍ਰਿਪਾ ਕਰੋ ਕਿ ਦਾਸ ਵਿੱਚ ਵੀ ਉਹ ਗੁਣ ਪ੍ਰਵੇਸ਼ ਕਰਨ ਤਾਂ ਇਹ ਸੇਵਾ ਨਿਭ ਸਕੇਗੀ। ਇਸ ਤਰੀਕੇ ਨਾਲ, ਇਸ ਢੰਗ ਨਾਲ ਇਹ ਸੇਵਾ ਦਾਸ ਨੂੰ ਦਿੱਤੀ ਗਈ।

ਸੋ ਦਾਸ ਬੇਨਤੀ ਕਰਦਾ ਹੈ ਸਾਧ ਸੰਗਤਾਂ ਦੇ ਚਰਨਾਂ 'ਚ, ਕ੍ਰਿਪਾ ਕਰੋ ਸਦਾ ਲਈ ਸਿਰ 'ਤੇ ਹੱਥ ਰੱਖਣਾ ਕਿਉਂਕਿ ਮਹਾਂਪੁਰਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਲਾਜ ਹੈ। ਸਭ ਤੋਂ ਵੱਡਾ ਤਿਆਗ ਜੋ ਮਹਾਂਪੁਰਖਾਂ ਦੇ ਪਰਿਵਾਰ ਨੇ ਵਿਖਾਇਆ ਹੈ ਦਾਸ ਉਸ ਲਈ ਉਨ੍ਹਾਂ ਦਾ ਸਦਾ ਲਈ ਰਿਣੀ ਹੈ। ਸਦਾ ਲਈ ਉਸ ਸੇਵਾ ਦੇ ਮੂਹਰੇ ਸੀਸ ਨਿਵਾਉਂਦਾ ਰਹੇਗਾ। ਖਾਸ ਕਰਕੇ ਭਾਈ ਅਮਰੀਕ ਸਿੰਘ ਜੀ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਖੜ੍ਹੇ ਹੋ ਜਾਣ ਇੱਕ ਮਿੰਟ ਵਾਸਤੇ (ਅਮਰੀਕ ਸਿੰਘ ਜੀ ਦੇ ਮੋਢੇ ਉਪਰ ਹੱਥ ਰੱਖ ਕੇ) ਕਿ ਦਾਸ ਇਨ੍ਹਾਂ ਦੇ ਨਾਲ 1965 ਤੋਂ ਲੈ ਕੇ ਜਦੋਂ ਮਹਾਂਪੁਰਖਾਂ

Scanned with CamScanner

ਦੇ ਪਵਿੱਤਰ ਚਰਨਾਂ ਵਿੱਚ ਹਾਜ਼ਰ ਹੋਇਆ, ਉਸ ਦਿਨ ਤੋਂ ਲੈ ਕੇ ਇਹ ਵੀ ਉਸ ਸਮੇਂ ਮਹਾਂਪੁਰਖਾਂ ਦੇ ਵਿਦਿਆਰਥੀ ਸਨ ਵੱਡਿਆਂ ਦੇ ਅਤੇ ਦਾਸ ਵੀ ਉਸ ਵੇਲੇ ਮਹਾਂਪੁਰਖਾਂ ਦੇ ਚਰਨਾਂ ਵਿੱਚ ਰਹਿ ਕੇ, ਪਹਿਲੇ ਦਿਨ ਜਪੁਜੀ ਸਾਹਿਬ ਜੀ ਦੀ ਸੰਥਿਆ ਪਵਿੱਤਰ ਅਸਥਾਨ ਸ੍ਰੀ ਨਾਭਾ ਸਾਹਿਬ ਜੋ ਚੰਡੀਗੜ੍ਹ ਤੋਂ ਰਾਜਪੁਰੇ ਵਾਲੀ ਸੜਕ 'ਤੇ ਹੈ। 1965 ਦੇ ਵਿੱਚ 18 ਹਾੜ੍ਹ ਨੂੰ 4 ਵਜੇ ਸ਼ਾਮ ਨੂੰ ਮਹਾਂਪੁਰਖਾਂ ਨੇ ਸੰਥਿਆ ਦਿੱਤੀ ਸੀ ਮਹਾਂਪੁਰਖਾਂ ਨੇ, ਆਪ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨੇ ਉਸ ਤੋਂ ਅਗਾਂਹ ਜੋ ਗਿਆਨੀ ਮੋਹਾ ਸਿੰਘ ਜੀ ਨੰਗਲੀ ਵਾਲੇ ਹਨ ਜਿਨ੍ਹਾਂ ਦਾ ਨੇੜੇ ਇੱਥੋਂ ਨਗਰ ਹੈ ਉਨ੍ਹਾਂ ਦੇ ਕੋਲ ਦਾਸ ਦੀ ਸੰਥਿਆ ਲਾਈ ਗਈ। ਉਨ੍ਹਾਂ ਨੂੰ ਜਪੁਜੀ ਸਾਹਿਬ ਸੁਣਾਇਆ। ਜਪੁਜੀ ਸਾਹਿਬ ਸੁਣਾਉਂਦਿਆਂ ਸੁਣਾਉਂਦਿਆਂ ਮੈਨੇ ਮਗੁ ਨਾ ਚਲੈ ਪੰਥੁ ਜਦੋਂ ਇਸ ਪੰਗਤੀ 'ਤੇ ਦਾਸ ਦੀ ਸੰਥਿਆ ਆਈ, ਤਾਂ ਗਿਆਨੀ ਸਾਹਿਬ ਨੇ ਮਹਾਂਪੁਰਖਾਂ ਦੇ ਚਰਨਾਂ ਵਿੱਚ ਜਾ ਕੇ ਬੇਨਤੀ ਕਰ ਦਿੱਤੀ ਕਿ ਮਹਾਰਾਜ ਇਹ ਗਲਤੀ ਨਾਲ ਬਾਣੀ ਪੜ੍ਹਦਾ ਹੈ, ਬਾਣੀ ਸ਼ੁੱਧ ਨਹੀਂ। ਮਹਾਂਪੁਰਖਾਂ ਨੇ ਉਸ ਵੇਲੇ ਦਾਸ ਨੂੰ ਕੋਲ ਸੱਦਿਆ, ਆਖਣ ਲੱਗੇ "ਭਾਈ ਸਾਨੂੰ ਸਾਰਾ ਜਪੁਜੀ ਸਾਹਿਬ ਸੁਣਾ।" ਕਿਉਂਕਿ ਪਹਿਲਾਂ ਸੰਥਿਆ ਨਹੀਂ ਸੀ ਲਈ। ਸੁਤੇ ਸਿੱਧ ਜਿਵੇਂ ਦਾਸ ਦੇ ਪਿਤਾ ਜੀ ਦਾ ਹੁਕਮ ਹੋਇਆ ਸੀ ਉਸ ਅਨੁਸਾਰ ਦਾਸ ਬਾਣੀ ਪੜ੍ਹਣ ਲੱਗਾ, ਕਿਉਂਕਿ ਸੁਧਾਈ ਸੰਥਿਆ ਬਿਨਾਂ ਨਹੀਂ ਹੋ ਸਕਦੀ, ਸੰਗਤ ਬਿਨਾਂ ਨਹੀਂ ਹੋ ਸਕਦੀ। ਮਹਾਂਪੁਰਖਾਂ ਨੇ ਜਪੁਜੀ ਸਾਹਿਬ ਦਾ ਪਾਠ ਸੁਣਿਆ ਇਹੀ ਮੁੱਹ ਵਿੱਚੋਂ ਬਾਣੀ ਨਿਕਲੀ ਗੁਰਬਾਣੀ ਇਸੇ ਤਰੀਕੇ ਨਾਲ ਪੜ੍ਹੀ ਗਈ ਮਨੈ ਮਗ ਨਾ ਚਲੈ ਪੰਥ ਮਹਾਂਪੁਰਖ ਕਹਿਣ ਲੱਗੇ ਕਿ ਭਾਈ 'ਮਗ' ਨਹੀਂ ਕਹਿਣਾ 'ਮਗੁ' ਕਹਿਣਾ ਹੈ ਕਿਉਂਕਿ 'ਗ' ਨੂੰ ਔਂਕੜ ਹੈ ਇਥੇ। 'ਮਗ' ਤੇ 'ਮਗੁ' ਦਾ ਫ਼ਰਕ ਪੈਂਦਾ ਹੈ ਅਰਥ ਦਾ। ਸੋ ਇਸ ਵਾਸਤੇ 'ਮਗੁ' ਪਾਠ ਯਾਦ ਰੱਖਣਾ ਹੈ। ਮਹਾਂਪੁਰਖਾਂ ਨੇ ਉਸ ਦਿਨ ਦੇ ਪਾਠ, ਆਪ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਉੱਚੇ ਅਸਥਾਨ 'ਤੇ ਬਿਠਾ ਕਰਕੇ ਗੁਰਬਾਣੀ ਦਾ ਸਤਿਕਾਰ ਕਰਦਿਆਂ ਹੋਇਆਂ, ਇਹ ਦੋ ਪਾਠ ਸੁਣੇ ਸਨ। ਉਸ ਵੇਲੇ ਇਹ ਗੁਰਮੁਖ ਪਿਆਰੇ (ਭਾਈ ਅਮਰੀਕ ਸਿੰਘ) ਮਹਾਂਪੁਰਖਾਂ ਦੀ ਅੰਸ਼ ਬੰਸ ਇਨ੍ਹਾਂ ਦੇ ਨਾਲ ਮੇਰਾ ਦਿਲੋਂ ਪਿਆਰ ਹੈ, ਜੋ ਇਹ ਚਾਹੁਣਗੇ ਦਾਸ ਇਨ੍ਹਾਂ ਦੇ ਨਾਲ ਸਹਿਮਤ ਹੈ, ਗੁਰੂ ਗ੍ਰੰਥ ਸਾਹਿਬ ਜੀ ਸੱਚੇ ਪਾਤਸ਼ਾਹ ਕ੍ਰਿਪਾ ਕਰਨ ਇਨ੍ਹਾਂ ਦੇ ਲਾਲ ਅਤੇ ਪਰਿਵਾਰ ਨੂੰ ਖਾਸ ਕਰਕੇ ਮਹਾਰਾਜ ਦੀ ਪਵਿੱਤਰ ਹਜ਼ੂਰੀ ਵਿੱਚ ਖੜ੍ਹ ਕੇ ਨਿਸ਼ਚਾ ਦਿਵਾਉਂਦਾ ਹਾਂ ਕਿ ਕੋਈ ਵੀ ਗੱਲ ਹੋਵੇ ਦਾਸ ਪਰਿਵਾਰ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰੇਗਾ। ਬਾਬਾ ਠਾਕੁਰ ਸਿੰਘ ਜੀ, ਬਾਪੂ ਜਗੀਰ ਸਿੰਘ ਜੀ ਸਾਰਾ ਜਥਾ ਅਸੀਂ ਇਕੱਤਰ ਹਾਂ ਜੋ ਏਕਤਾ ਹੋਈ ਹੈ ਉਸ ਦਾ ਸਬੂਤ ਤੁਹਾਡੇ ਸਾਹਮਣੇ ਹੈ। ਦਾਸ ਇਨ੍ਹਾਂ ਤੋਂ ਕੋਈ ਵੱਖਰਾ ਨਹੀਂ ਅਤੇ ਇਹ ਦਾਸ ਤੋਂ ਕੋਈ ਵੱਖਰੇ ਨਹੀਂ। ਸਾਡਾ ਇੱਕ ਮਨ ਹੈ, ਇੱਕ ਦਿਲ ਹੈ, ਇੱਕ ਥਾਂ ਇਕੱਠੇ ਹੋ ਕੇ ਚੱਲਾਂਗੇ। ਜੋ ਇਹ ਹੁਕਮ ਕਰਨਗੇ ਮੈਂ ਮੰਨਾਂਗਾ, ਜੋ ਮੈਂ ਬੇਨਤੀ ਕਰਾਂਗਾ। ਇਹ ਮਨਜ਼ੂਰ ਕਰਨਗੇ। ਰਲ-ਮਿਲਕੇ ਅਸੀਂ ਇਸ ਕੰਮ ਨੂੰ ਸਿਰੇ ਚੜ੍ਹਾਉਣਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕ੍ਰਿਪਾ ਕਰਨ, ਸਾਧ ਸੰਗਤ ਦੀ ਕ੍ਰਿਪਾ ਹੋਵੇ ਤਾਂ ਇਹ ਕਾਰਜ ਸਿਰੇ ਚੜ੍ਹੇਗਾ ਤਾਂ ਦੁਨੀਆਂ ਵਿੱਚ ਇਨ੍ਹਾਂ ਪਾਖੰਡੀ ਗੁਰੂਆਂ ਦਾ ਦੇਹਧਾਰੀ ਅਖੌਤੀ ਗੁਰੂਆਂ ਦਾ, ਆਪਾ ਖੰਡਨ ਕਰ ਸਕਾਂਗੇ।

ਜਿਸ ਦਿਨ ਲੁਧਿਆਣੇ ਹਸਪਤਾਲ ਦੇ ਵਿੱਚੋਂ ਮਹਾਂਪੁਰਖਾਂ ਦਾ ਸਰੀਰ ਲਿਆਉਣ ਵਾਸਤੇ ਕਮਰਕੱਸਾ ਕੀਤਾ ਗਿਆ ਸੀ, ਉਸ ਦਿਨ ਉੱਥੋਂ ਪੌੜੀਆਂ ਤੋਂ ਉਤਰਦਿਆਂ ਹੋਇਆਂ ਹੀ ਇੱਕ ਇਹੋ ਜਿਹਾ ਨਾਸਤਿਕ ਬੰਦਾ ਮੱਥੇ ਲੱਗਾ, ਜੋ ਸ਼ਰਾਬ ਦਾ ਰੰਜਿਆ ਹੋਇਆ ਸੀ। ਮਨ ਬੜਾ ਦੁਖੀ ਹੋਇਆ ਪਰ ਉਸ ਵੇਲੇ ਅਰਦਾਸ ਕੀਤੀ ਸੀ ਕਿ ਸੱਚੇ ਪਾਤਸ਼ਾਹ ਪੁਰਖ ਕਰ ਰਹੇ ਹੋ ਕ੍ਰਿਪਾ ਕਰੋ। ਪਹਿਲਾਂ ਏਡਾ ਵੱਡਾ ਵਿਛੋੜੇ ਦਾ ਦੁੱਖ ਪੈਦਾ ਹੋ ਗਿਆ ਹੈ ਅੱਗੋਂ ਨਾਸਤਿਕ ਪੁਰਸ਼ ਸ਼ਰਾਬਾਂ ਪੀ ਕੇ, ਮਹਾਂਪੁਰਖਾਂ ਦੇ ਸੱਚਖੰਡ ਜਾਣ ਦੇ ਸਮੇਂ ਸਾਡੇ ਸਾਹਮਣੇ ਆ ਰਹੇ ਹਨ ਉਸ ਤੋਂ ਬਾਹਰ ਨਿਕਲਦਿਆਂ ਕੰਨ ਵਿਚ ਆਵਾਜ਼ ਪਈ ਕਿ ਕਿੱਥੇ ਹੈ ਉਹ ਅੱਜ ਜੋ ਪਾਖੰਡੀਆਂ ਦਾ ਖੰਡਨ ਕਰਨ ਵਾਲੇ ਸਨ? ਕਈਆਂ ਗੁਰਮੁਖਾਂ ਨੂੰ ਬੜੀ ਨਿਮਰਤਾ ਨਾਲ ਉਨ੍ਹਾਂ ਨੂੰ ਮੈਂ ਬੇਨਤੀ ਕਰਾਂਗਾ, ਭਾਵੇਂ ਬਾਣੀ ਪੜ੍ਹਣ ਵਾਲੇ ਹਨ ਜਾਂ ਸੂਝ-ਬੂਝ ਰੱਖਣ ਵਾਲੇ ਹਨ ਦਾਸ ਉਹਨਾਂ ਨਾਲੋਂ ਵੱਡਾ ਨਹੀਂ, ਪਰ ਉਹ ਬਚਨ ਸੁਣ ਕੇ ਮਨ ਵਿੱਚ ਇਹ ਜ਼ਰੂਰ ਖਿਆਲ ਆਉਂਦਾ ਹੈ ਕਿ ਇਹ ਬਚਨ ਕਹਿਣ ਤੋਂ ਸੰਕੋਚ ਨਾ ਕੀਤੀ ਜਾਵੇ। ਭਾਈ ਜੋ ਭਾਣਾ ਵਰਤ ਗਿਆ ਹੈ ਉਹ ਆਪਣੇ ਵੱਸ ਦੀ ਗੱਲ ਨਹੀਂ ਜਿਨਾਂ ਕੁੱਝ ਆਪਾਂ ਕਰਨ ਜੋਗੇ ਸੀ, ਉਹ ਆਪਾਂ ਕੀਤਾ ਹੈ। ਡਾਕਟਰ ਇੱਕ ਸਿੰਘ ਦਾ ਖੂਨ ਮੰਗਦਾ ਸੀ 12 ਜਾਂ 13 ਸਿੰਘ ਜਾ ਕੇ ਹਾਜ਼ਰ ਹੋ ਜਾਂਦੇ ਸਨ ਕਿ ਅਸੀਂ ਆਪਣਾ ਖੂਨ ਦੇਣ ਲਈ ਤਿਆਰ ਹਾਂ। ਮੈਂ 5

Scanned with CamScanner

ਸਿੰਘਾਂ ਦਾ ਨਾਮ ਨਹੀਂ ਲੈਣਾ ਚਾਹੁੰਦਾ ਕਿਉਂਕਿ ਉਹ ਗੁੱਸੇ ਵਿਚ ਵੀ ਆਉਣਗੇ। ਡਾਕਟਰ ਨੂੰ ਜਾ ਬੇਨਤੀ ਕੀਤੀ ਸੀ ਕਿ ਡਾਕਟਰ ਸਾਹਿਬ ਜੇ ਦਿਲ ਪੈ ਕੇ ਮਹਾਂਪੁਰਖਾਂ ਦੇ ਸਰੀਰ ਵਿੱਚ, ਮਹਾਂਪੁਰਖਾਂ ਦਾ ਸਰੀਰ ਬਚ ਸਕਦਾ ਹੈ ਤਾਂ ਅਸੀਂ ੨ ਸਿੰਘ ਹਾਜ਼ਰ ਹਾਂ। ਸਾਡਾ ਦਿਲ ਕੱਢ ਕੇ ਮਹਾਂਪੁਰਖਾਂ ਦੇ ਸਰੀਰ ਵਿੱਚ ਪਾ ਦਿੱਤਾ ਜਾਵੇ। ਇੱਥੋਂ ਤੱਕ ਬੇਨਤੀ ਕੀਤੀ ਗਈ। ਡਾਕਟਰ ਦਾ (ਵੈਰਾਗ ਵਿੱਚ) ਕੰਠ ਵੀ ਰੁੱਕ ਗਿਆ, ਉਹਨੇ ਕਿਹਾ ਸੀ ਕਿ ਜੇਕਰ ਮੈਂ ਮਹਾਂਪੁਰਖਾਂ ਨੂੰ ਤਕੜੇ ਕਰ ਲਿਆ ਤਾਂ ਮੈਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਲੈ ਲਵਾਂਗਾ। ਏਡਾ ਵੈਰਾਗ ਉਸ ਡਾਕਟਰ ਦੇ ਮਨ ਵਿੱਚ ਵੀ ਪੈਦਾ ਹੋ ਗਿਆ ਸੀ (ਉਸ ਸਮੇਂ ਅਮਰੀਕਾ ਨਿਵਾਸੀ ਸਜਨ ਚੀਫ ਡਾਕਟਰ ਐਗਲਿਸਟਨ ਮਹਾਂਪੁਰਖਾਂ ਦਾ ਇਲਾਜ ਕਰ ਰਿਹਾ ਸੀ) ਪਰ ਗੁਰੂ ਕੇ ਪਿਆਰਿਓ, ਜੋ ਭਾਣਾ ਵਰਤ ਹੀ ਗਿਆ ਹੈ ਮਹਾਂਪੁਰਖਾਂ ਦੀ ਆਪਣੀ ਮੌਜ ਹੈ।

ਇਹ ਸਾਡੇ ਮਨ ਵਿੱਚ ਕਈਆਂ ਦੇ ਸ਼ੱਕਾ ਪੈਦਾ ਹੋ ਗਿਆ ਹੈ ਕਿ ਮਹਾਂਪੁਰਖਾਂ ਨੂੰ ਕੋਈ ਗਿਆਨ ਨਹੀਂ ਸੀ। ਮਹਾਂਪੁਰਖਾਂ ਦੇ ਵਿੱਚ ਕੋਈ ਸ਼ਕਤੀ ਨਹੀਂ ਸੀ ਇਸ ਗੱਲ ਬਾਰੇ ਸਾਨੂੰ ਇਹ ਸ਼ੱਕਾ ਕੱਢ ਦੇਣਾ ਚਾਹੀਦਾ ਹੈ। ਡਾਕਟਰ ਨੇ ਕਿਹਾ ਸੀ ਕਿ ਜੇ 2 ਮਿੰਟ ਕਿਸੇ ਦਾ ਦਿਲ ਰੁਕ ਜਾਵੇ ਤਾਂ ਉਹ ਜਿਉਂਦਾ ਨਹੀਂ ਹੋ ਸਕਦਾ। ਸਵਾਸ ਦੁਬਾਰਾ ਨਹੀਂ ਚੱਲ ਸਕਦੇ। ਦੋ ਮਿੰਟ ਮਹਾਂਪੁਰਖਾਂ ਦੇ ਸਵਾਸ ਰੁਕੇ, ਆਪਣੇ ਆਪ ਉਹ ਸਵਾਸ ਚੱਲੇ। ਉਹਦੇ ਤੀਜੇ ਚੌਥੇ ਦਿਨ ਤੇ ਬਾਅਦ, ਸਾਡੇ 4 ਮਿੰਟ ਸਵਾਸ ਰੁਕੇ ਆਪਣੇ ਆਪ ਚੱਲੇ। ਜਿਸ ਦਿਨ ਸੱਚਖੰਡ ਨੂੰ ਮਹਾਂਪੁਰਖ ਜਾਂਦੇ ਹਨ ਪਹਿਲਾ ਭਾਵੇਂ ਸਰੀਰ ਨੂੰ ਕਈ ਤਰ੍ਹਾਂ ਦੀ ਤਕਲੀਫ ਸੀ ਉਸ ਦਿਨ ਗੁਰੂ ਕੇ ਪਿਆਰਿਓ ਅਫਰੇਵਾਂ ਵੀ ਲਹਿ ਗਿਆ ਸੀ, ਅੱਖਾਂ ਤੇ ਸੋਜ ਵੀ ਲੱਥੀ ਹੋਈ ਸੀ। ਦਿਲ ਦੀਆਂ ਧੜਕਣਾਂ ਵੀ ਠੀਕ ਸੀ। ਉਸ ਦਿਨ ਪੂਰਾ ਸਰੀਰ ਠੀਕ ਹੋਣ ਦੇ ਕਾਰਨ ਭਾਵੇਂ ਸੱਟਾਂ ਵੱਜਣ ਦੇ ਕਾਰਨ ਸਰੀਰ ਕਮਜ਼ੋਰ ਸੀ ਪਰ ਡਾਕਟਰ ਨੇ ਪੂਰਾ ਵਿਸ਼ਵਾਸ ਅਤੇ ਭਰੋਸਾ ਦਿਵਾਇਆ ਸੀ ਕਿ ਮਹਾਂਪੁਰਖ ਠੀਕ ਹੋ ਜਾਣਗੇ। ਏਨੀ ਤਸੱਲੀ ਹੋਣ ਤੋਂ ਆਪਣੇ ਆਪ ਆਪਣੀ ਮਰਜ਼ੀ ਅਨੁਸਾਰ ਗੁਰੂ ਕੇ ਪਿਆਰਿਓ ਪਿਆਨਾ ਕੀਤਾ

ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ (੧੦੭੬)

ਉਹ ਆਪਣੀ ਮਰਜ਼ੀ ਅਨੁਸਾਰ ਚਾਹੁੰਦੇ ਤਾਂ ਸਰੀਰ ਰੱਖ ਸਕਦੇ ਸੀ ਪਰ ਉਨ੍ਹਾਂ ਨੂੰ ਇਸ ਤਰ੍ਹਾਂ ਭਾਉਂਦਾ ਨਹੀਂ ਸੀ ਅਕਾਲ ਪੁਰਖ ਨੂੰ ਉਨ੍ਹਾਂ ਦੀ ਬੜੀ ਲੋੜ ਹੋਵੇਗੀ ਤਾਂ ਹੀ ਮਹਾਂਪੁਰਖਾਂ ਨੂੰ ਸੱਚਖੰਡ ਵਿੱਚ ਏਨੀ ਛੇਤੀ ਜਾਣ ਪਿਆ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਸੱਦਾ ਭੇਜਿਆ ਆਪਾਂ ਨੂੰ ਇਸ ਗੱਲ ਦੀ ਪੂਰੀ ਤਸੱਲੀ ਕਰ ਲੈਣੀ ਚਾਹੀਦੀ ਹੈ ਜਿਸ ਦਿਨ ਅਲਾਹਣੀਆ ਦਾ ਪਾਠ ਹੋਇਆ ਸੀ

ਜਿਨ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ (੬੭੮)

ਇਹ ਹੁਕਮਨਾਮਾ ਗੁਰੂ ਕੇ ਪਿਆਰਿਓ, ਉਸ ਦਿਨ ਆਇਆ ਸੀ। ਜਿਹੜੇ ਗੁਰਮੁਖਾਂ ਨੇ ਮਨ ਵਿੱਚ ਇਹੋ ਜਿਹੇ ਆਣ ਕੇ ਬਚਨ ਪਾਏ ਹਨ ਕਿ ਕੋਈ ਗੁਰੂ ਨਹੀਂ, ਕੋਈ ਸੰਤ ਮਹਾਤਮਾ ਨਹੀਂ, ਉਨ੍ਹਾਂ ਪਿਆਰਿਆਂ ਨੂੰ ਮੈਂ ਹੱਥ ਜੋੜ ਕੇ ਨਿਮਰਤਾ ਨਾਲ ਬੇਨਤੀ ਕਰਦਾ ਹਾਂ, ਕਿਉਂਕਿ ਉੱਤਰ ਪੁੱਛਦੇ ਸਨ ਇਸ ਗੱਲ ਦਾ ਕਿ ਸਾਨੂੰ ਉੱਤਰ ਦੇ। ਉਨ੍ਹਾਂ ਨੂੰ ਸੋਚਣਾ ਚਾਹੀਦਾ ਸੀ ਕਿ ਉਹ ਉੱਤਰ ਦੇਣ ਦਾ ਟਾਈਮ ਸੀ। ਗੁਰੂ ਕੇ ਪਿਆਰਿਓ ਗੁਰਬਾਣੀ ਵਿਚ ਦੱਸਿਆ ਹੈ ਕਿ ਇੱਕ ਮਹਾਂਪੁਰਖ ਹੋਏ ਉਨ੍ਹਾਂ ਨੇ ਦੱਸਿਆ ਸੀ ਕਿ ਪਰਥਾਏ ਪਰਥਾਏ ਤਿੰਨ ਚੀਜ਼ਾਂ ਇੱਕ ਥਾਂ ਤੇ ਨਹੀਂ। ਇਕ ਅਕਾਸ਼ ਵਿੱਚ ਨਹੀਂ, ਇੱਕ ਧਰਤੀ ਉਪਰ ਵੀ ਨਹੀਂ, ਇਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਇੱਕ ਚੀਜ਼ ਨਹੀਂ। ਜਦੋਂ ਇਹ ਬਚਨ ਆਖਿਆ ਤਾਂ ਗੁਰਬਾਣੀ ਵਿੱਚ ਮਹਾਰਾਜ ਜੀ ਨੇ ਲਿਖ ਦਿੱਤਾ ਹੈ

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ (੬੧)

ਇਹ ਮਹਾਰਾਜ ਜੀ ਨੇ ਦਰਜ ਕਰ ਦਿੱਤਾ ਹੈ ਸਿੱਖਾਂ ਨੂੰ ਸ਼ੱਕਾ ਪੈਦਾ ਹੋ ਗਈ ਪਰ

ਸੈਤਨ ਕੀ ਸੁਣਿ ਸਾਚੀ ਸਾਖੀ। ਸੋ ਬੋਲਹਿ ਜੋ ਪੇਖਹਿ ਆਖੀ (੮੬੪)

ਗੁਰੂ ਕੇ ਪਿਆਰੇ ਉਹ ਗੱਲ ਕਹਿਣਗੇ ਜੋ ਅੱਖਾਂ ਨਾਲ ਦੇਖੀ ਹੋਵੇ ਦੂਜੀ ਗੱਲ ਕਦੇ ਨਹੀਂ ਕਹਿੰਦੇ। ਮਹਾਂਪੁਰਖ ਕਹਿਣ ਲੱਗੇ ਕਿ ਭਾਈ ਅਕਾਸ਼ ਵਿੱਚ ਐਸ ਧਰਤੀ ਵਾਲਾ ਦਰੱਖਤ ਕੋਈ ਨਹੀਂ। ਇਸ ਧਰਤੀ ਤੇ ਅਕਾਸ਼ ਵਾਲਾ ਤਾਰਾ ਕੋਈ ਨਹੀਂ।

ੴ ਤੋਂ ਲੈ ਕੇ 'ਅਠਾਰਹ ਦਾਸ ਬੀਸ ਤੱਕ ਸੱਤ ਸੌ ਪੰਦਰਾਂ ਪੱਤਰਿਆਂ ਤੇ, ਚੌਦਾਂ ਸੌ ਤੀਹ ਅੰਗ ਤੋਂ, ਇੱਕ

Scanned with CamScanner

ਅੱਗ ਤੇ ਸਿਰੇ ਤੋਂ ਸਿਰੇ ਤੱਕ ਪੰਗਤੀਆਂ ਗਿਣੀਏ ਅਠਾਰਾਂ ਪੰਗਤੀਆਂ ਹੁੰਦੀਆਂ ਹਨ ਇੱਕ ਪਾਸੇ। ਕਿਉਂਕਿ ਜਦੋਂ ਬਲਾਕ ਬਣ ਰਹੇ ਸਨ, ਦਾਸ ਉਸ ਵੇਲੇ ਹੁਣ ਵਾਲੇ ਮਹਾਂਪੁਰਖਾਂ ਦੇ ਨਾਲ ਚਰਨਾਂ ਵਿੱਚ ਹਾਜ਼ਰ ਸੀ। ਭਾਵੇਂ ਮੈਂ ਉਸ ਵੇਲੇ ਪੜ੍ਹਾਈ ਕਰ ਰਿਹਾ ਸੀ ਪਰ ਨਾਲ ਦੀ ਨਾਲ ਏਨਾ ਪਤਾ ਲੱਗਦਾ ਜਾਂਦਾ ਸੀ ਕਿ ਕਿਵੇਂ ਚੱਲ ਰਿਹਾ ਹੈ ਕੰਮ। ਏਨੀਆਂ ਪੰਗਤੀਆਂ ੧ਓ ਤੋਂ ਲੈ ਕੇ ਅਠਾਰਹ ਦਸ ਬੀਸ ਤੱਕ ਜੋ ਲਿਖਿਆ ਗੁਰੂ ਕੇ ਪਿਆਰਿਓ ਸੱਚ ਲਿਖਿਆ ਹੈ, ਝੂਠ ਕਿਤੇ ਨਹੀਂ। ਜੇ ਗੁਰਬਾਣੀ ਵਿੱਚ ਸੱਚ ਲਿਖਿਆ ਹੈ ਝੂਠ ਨਹੀਂ, ਤਾਂ ਨੌਵੇਂ ਪਾਤਸ਼ਾਹ ਮਹਾਰਾਜ ਜੀ ਫੁਰਮਾ ਰਹੇ ਹਨ

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ (੫੩੭)

ਪ੍ਰਮੇਸ਼ਰ ਦੀ ਮਰਿਯਾਦਾ ਨੂੰ ਕੋਈ ਨਹੀਂ ਜਾਣ ਸਕਦਾ। ਕਈਆਂ ਦੇ ਮਨ ਵਿੱਚ ਇਹ ਵੀ ਆ ਗਿਆ ਸੀ ਕਿ ਏਨੀਆਂ ਅਰਦਾਸਾਂ ਕੀਤੀਆਂ ਹਨ, ਗੁਰਬਾਣੀ ਦੀ ਸ਼ਕਤੀ ਘੱਟ ਗਈ। ਮੈਂ ਹੱਥ ਜੋੜ ਕੇ ਨਿਮਰਤਾ ਨਾਲ ਇਹ ਬੇਨਤੀ ਕਰੂੰਗਾ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ 'ਤੇ ਸ਼ੰਕਾ ਨਹੀਂ ਕਰਨੀ ਚਾਹੀਦੀ। ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਸਾਡਾ ਕੋਈ ਗੁਰੂ ਨਹੀਂ ਜੋ ਦੇਹਧਾਰੀ ਦੰਭੀ ਤੇ ਪਾਖੰਡੀ ਹਨ ਉਨ੍ਹਾਂ ਦਾ ਨਿਡਰਤਾ ਅਤੇ ਨਿਰਭੈਤਾ ਦੇ ਨਾਲ ਗੁਰੂ ਕੇ ਪਿਆਰਿਓ ਟਾਕਰਾ ਕਰਨਾ ਚਾਹੀਦਾ ਹੈ ਅਤੇ ਕਰਾਂਗੇ। ਜੋ ਮਹਾਂਪੁਰਖਾਂ ਦਾ ਹੁਕਮ ਸੀ ਆਗਿਆ ਸੀ ਉਸ ਆਸ਼ੇ ਅਨੁਸਾਰ ਚੱਲਣ ਦੀ ਕੋਸ਼ਿਸ਼ ਕਰਾਂਗੇ। ਗੁਰੂ ਗ੍ਰੰਥ ਸਾਹਿਬ ਜੀ ਸੱਚੇ ਪਾਤਸ਼ਾਹ ਕ੍ਰਿਪਾ ਕਰਨ ਅਤੇ ਆਪ ਚਲਾਉਣ ਜੋ ਗੁਰਬਾਣੀ ਵਿੱਚ ਮਹਾਰਾਜ ਨੇ ਬਚਨ ਫੁਰਮਾਏ ਹਨ

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤ (੧੦੦੦)

ਉਹ ਮਹਾਂਪੁਰਖਾਂ ਨੇ ਬਚਨ ਸਫਲ ਕਰਕੇ ਆਪਾਂ ਨੂੰ ਹਸਪਤਾਲ ਵਿੱਚ ਦਿਖਾ ਦਿੱਤੇ ਹਨ। ਬਹੁਤਾ ਸਮਾਂ ਨਾ ਲੈਂਦਾ ਇਸੇ ਪੰਗਤੀ 'ਤੇ ਬੋਲ ਕੇ ਹੱਟ ਜਾਣਾ ਹੈ।

ਗੁਰੂ ਕੇ ਪਿਆਰਿਓ, ਮਹਾਂਪੁਰਖਾਂ ਦੇ ਸੱਟ ਵੱਜ ਗਈ, ਬਾਬਾ ਉਜਮ ਸਿੰਘ ਸਾਹਿਬ ਨਾਲ ਸਨ, ਇੱਥੇ ਬੈਠੇ ਹਨ ਸਟੇਜ 'ਤੇ। ਉਨ੍ਹਾਂ ਨੇ ਪਹਿਲਾਂ ਵੀ ਦੱਸ ਦਿੱਤਾ ਹੈ, ਜਦੋਂ ਬਾਬਾ ਜੀ ਮਹਾਂਪੁਰਖਾਂ ਕੋਲ ਪੁੱਜੇ ਹਨ, ਦਾਸ ਨਾਲ ਹੈ। ਮਹਾਂਪੁਰਖਾਂ ਦਾ ਸੱਜਾ ਗੁੱਟ ਫੜ੍ਹ ਕੇ ਆਪਣੇ ਚਿਹਰੇ ਉਤੇ ਫੇਰਿਆ, ਆਖਣ ਲੱਗੇ ਬਾਬਾ ਜੀ ਇਕ ਬੇਨਤੀ ਹੈ ਕਿ ਸਾਡੇ ਹਿਰਦੇ ਵਿੱਚੋਂ ਨਾਮ ਨਾ ਵਿਸਰੇ, ਮਨ ਨੂੰ ਕੋਈ ਦੁੱਖ ਨਹੀਂ, ਸਰੀਰ ਦਾ ਇਹ ਕਰਮ ਹੈ। ਜੋ ਵੀ ਮਹਾਂਪੁਰਖ ਜੋ ਵੀ ਗੁਰੂ ਕਾ ਸਿੱਖ ਗਿਆ ਹੈ, ਮਹਾਂਪੁਰਖਾਂ ਦੇ ਮੁਖਾਰਬਿੰਦ ਵਿੱਚੋਂ ਗੁਰੂ ਕੇ ਪਿਆਰਿਓ ਕਦੇ ਸੀਅ ਨਹੀਂ ਸੀ ਨਿਕਲੀ। ਹਾਏ ਨਹੀਂ ਕਿਹਾ ਮੱਥੇ ਵਿੱਚ ਤਿਊੜੀ ਨਹੀਂ ਪਾਈ, ਜੋ ਬ੍ਰਹਮ ਗਿਆਨੀ ਦੇ ਲੱਛਣ ਹਨ ਉਹ ਗੁਰੂ ਕੇ ਪਿਆਰਿਓ ਮਹਾਂਪੁਰਖਾਂ ਨੇ ਪੂਰੇ ਕਰਕੇ ਦਿਖਾ ਦਿੱਤੇ ਕਿ ਆਪਣੀ ਪ੍ਰਤੀਤ ਸੀ ਜੋ ਮਨ ਦੀ ਗੁਰਬਾਣੀ ਨਾਲ ਲੱਗੀ ਹੋਈ

ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ ॥
ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ (੭੫੬)

ਨਾਮ ਤੋਂ ਬਿਨਾਂ ਜਿਨਾਂ ਦਾ ਮਰਨਾ ਸੀ, ਗੁਰੂ ਕੇ ਪਿਆਰਿਓ, ਉਹਨਾਂ ਨੇ ਪ੍ਰਤੱਖ ਹਸਪਤਾਲ ਵਿੱਚ ਗੰਹ ਕੇ ਦਿਖਾ ਦਿੱਤਾ, ਜਿਨ੍ਹਾਂ ਦਾ ਜੀਵਨ ਹੀ ਗੁਰਬਾਣੀ ਸੀ। ਸਿੰਘ ਗੁਰੂ ਕੇ ਪਿਆਰਿਓ, ਗੁਰਬਾਣੀ ਪੜ੍ਹਦੇ ਸਨ, ਜਦ ਕੋਈ ਪੰਗਤੀ ਗਲਤ ਪੜ੍ਹੀ ਜਾਂਦੀ ਸੀ ਉਸ ਵੇਲੇ ਸਿਰ ਫੇਰ ਦਿੰਦੇ ਸਨ। ਜਦੋਂ ਗੁਰਬਾਣੀ ਦੁਬਾਰਾ ਸ਼ੁੱਧ ਪੜ੍ਹਨੀ ਉਸ ਵੇਲੇ ਸਿਰ ਇਸ ਤਰੀਕੇ ਨਾਲ ਹਾਂ ਵਿੱਚ ਹਿਲਾ ਦਿੰਦੇ ਸਨ ਇਹ ਨਹੀਂ ਕਿ ਮਹਾਂਪੁਰਖਾਂ ਦੇ ਸੱਟ ਵੱਜ ਗਈ, ਉਹ ਬਸ਼ੁਰਤ ਹੋ ਗਏ ਇਹ ਗਲਤ ਖਿਆਲ ਹਨ। ਜਿਹੜੇ ਲੋਕ ਇਹੋ ਜਿਹੀਆਂ ਗਲਤ ਫਹਿਮੀਆਂ ਪਾਉਂਦੇ ਹਨ, ਉਨ੍ਹਾਂ ਨੂੰ ਇਸ ਗੱਲ ਤੋਂ ਬਾਜ ਆ ਜਾਣਾ ਚਾਹੀਦਾ ਹੈ। ਪਾਉਂਦੇ ਉਹੀ ਹਨ ਜੋ ਨਾਸਤਿਕ ਹਨ, ਜਿਹੜੇ ਉਲਟ ਪਾਸੇ ਚੱਲਣ ਵਾਲੇ ਹਨ। ਜਿਨ੍ਹਾਂ ਨੂੰ ਨਿਸ਼ਚਾ ਗੁਰੂ ਕੀ ਬਾਣੀ 'ਤੇ, ਗੁਰੂ ਕੇ ਪਿਆਰਿਓ, ਉਹ ਨਹੀਂ ਇਸ ਚੀਜ਼ ਦਾ ਸੰਕਲਪ ਕਰਦੇ। ਮਹਾਂਪੁਰਖਾਂ ਨੇ ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਪਾਤਸ਼ਾਹ ਜਾਂ ਦਸਾਂ ਸਰੂਪਾਂ ਨੇ ਦਰਜ ਕੀਤਾ ਹੈ, ਉਸ ਆਸ਼ੇ ਅਨੁਸਾਰ ਆਪਣਾ ਜੀਵਨ ਬਤੀਤ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਗੋਦ ਵਿਚ ਜਾ ਬਿਰਾਜੇ ਹਨ। ਸੂਰਜ ਕਿਰਣਿ ਮਿਲੈ ਜਲ ਕਾ ਜਲੁ ਹੂਆ ਰਾਮ ॥

Scanned with CamScanner

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥ (੯੪੬)

ਉਸ ਮਹਾਂ ਵਾਕ ਅਨੁਸਾਰ ਗੁਰੂ ਕੇ ਪਿਆਰਿਓ ਗੁਰੂ ਕੀ ਪਵਿੱਤਰ ਹਜ਼ੂਰੀ ਵਿਚ ਜਾ ਬਿਰਾਜੇ ਹਨ, ਗੋਚੇ ਦਾ ਰੰਗ ਮਾਣ ਰਹੇ ਹਨ। ਅਕਾਲ ਪੁਰਖ ਕ੍ਰਿਪਾ ਕਰੇ, ਜੋ ਸੇਵਾ ਸੱਚਖੰਡ ਵਾਸੀ ਮਹਾਂਪੁਰਖਾਂ ਨੇ ਸੱਚਖੰਡ ਵਾਸੀ ਮਹਾਂਪੁਰਖਾਂ ਤੋਂ ਸੇਵਾ ਕਰਕੇ ਪ੍ਰਾਪਤ ਕੀਤੀ ਸੀ। ਕਈ ਵਾਰ ਸਾਡੇ ਮਨਾਂ ਵਿਚ ਸੰਕਲਪ ਫੁਰ ਪੈਂਦੇ ਹਨ ਕਿ ਮਹਾਂਪੁਰਖ ਬਾਣੀ ਨਹੀਂ ਸੀ ਪੜ੍ਹਦੇ। ਮੈਨੂੰ ਬੱਲਿਓ ਇਸ਼ਾਰਾ ਹੋ ਗਿਆ ਹੈ ਨਹੀਂ ਤਾਂ ਇਨ੍ਹਾਂ ਪੰਗਤੀਆਂ ਦੀ ਵਿਆਖਿਆ ਕਰਨੀ ਸੀ

ਕਬੀਰ ਸੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ
ਦੇਹੀ ਕਿਸ ਕੀ ਬਾਪੁਰੀ ਪਵਿਤ੍ਰ ਹੋਇਗੋ ਗ੍ਰਾਮੁ॥ (੧੩੭੦)

ਮਹਾਂਪੁਰਖਾਂ ਦਾ ਜੋ ਨਿਤਨੇਮ ਸੀ ਬਾਲ ਅਵਸਥਾ ਤੋਂ ਲੈ ਕਰਕੇ, ਦਾਸ ਨੂੰ ਇੱਕ ਵਾਰੀ ਮਹਾਪੁਰਖਾਂ ਨੇ ਪਵਿੱਤਰ ਧਰਤੀ ਸ਼੍ਰੀ ਮੁਕਤਸਰ ਸਾਹਿਬ ਵਿਖੇ ਆਪਣਾ ਨਿਤਨੇਮ ਦੱਸਿਆ ਸੀ। ਕਈਆਂ ਦੇ ਮਨ ਵਿਚ ਸੰਕਲਪ ਹਨ ਕਿ ਮਹਾਂਪੁਰਖ ਗੱਲਾਂ ਬਹੁਤੀਆਂ ਕਰਦੇ ਹਨ, ਮਹਾਂਪੁਰਖ ਬਹੁਤਾ ਤੁਰੇ ਫਿਰਦੇ ਰਹਿੰਦੇ ਹਨ, ਮਹਾਂਪੁਰਖ ਸੌਂਦੇ ਨਹੀਂ, ਇਹ ਜਿਹੜਾ ਸੰਕਲਪ ਗੁਰੂ ਕੇ ਪਿਆਰਿਓ, ਸੌਣ ਵਾਲਾ, ਸੱਚਾ ਸੀ ਉਹ ਬਹੁਤ ਘੱਟ ਸੌਂਦੇ ਸੀ। ਜਿਹੜਾ ਗੁਰਬਾਣੀ ਦਾ ਸੰਕਲਪ ਤੇ ਅੰਦਾਜ਼ਾ ਗਲਤ ਸੀ। ਦਾਸ ਨੇ ਅੱਖੀਂ ਵੇਖਿਆ ਹੈ ਕਿ ਪੰਜ ਬਾਣੀਆਂ, ਪੰਜ ਗ੍ਰੰਥੀ ਪੜ੍ਹੇ ਤੋਂ ਬਿਨਾਂ ਜਲ ਪਾਣੀ ਨਹੀਂ ਸਨ ਛਕਦੇ, ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਮਹਾਂਪੁਰਖ ਬਾਣੀ ਨਹੀਂ ਸਨ ਪੜ੍ਹਦੇ?

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ (੧੨੬੧)

ਜਿੰਨਾਂ ਦੀ ਇਹ ਅਵਸਥਾ ਬਣੀ ਹੋਈ ਸੀ ਉਨ੍ਹਾਂ ਨੂੰ, ਅਸੀਂ ਨਾ ਕੋਈ ਜਪੁਜੀ ਸਾਹਿਬ ਜੀ ਦਾ ਪਾਠ ਕਰਨਾ, ਨਾ ਕੋਈ ਨਿਤਨੇਮ ਕਰਨਾ ਨਾ ਸਾਡੀ ਕੋਈ ਸੇਵਾ ਕਿ ਅਸੀਂ ਉੱਠ ਕੇ ਕਹਿ ਦੇਈਏ ਕਿ ਮਹਾਂਪੁਰਖ ਬਾਣੀ ਨਹੀਂ ਸਨ ਪੜ੍ਹਦੇ, ਕਿੰਨੀ ਵੱਡੀ ਗਲਤੀ ਹੈ। ਧੰਨ ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲੇ ਜਿਸ ਦਿਨ ਪਹਿਲੇ ਦਿਨ ਆਏ ਉੱਚ ਗੈਲਰੀ ਵਿਚ ਬੈਠੇ, ਦਾਸ ਵੀ ਉਨ੍ਹਾਂ ਦੀ ਹਜ਼ੂਰੀ ਵਿਚ ਬੈਠਾ ਸੀ। ਮਹਾਂਪੁਰਖਾਂ ਨੇ ਬਚਨ ਸੁਣਾਇਆ ਆਖਣ ਲੱਗੇ, "ਭਾਈ ਸਾਨੂੰ ਸੰਤ ਇਹੀ ਕਹਿੰਦੇ ਸਨ ਕਿ ਬਾਬਾ ਜੀ ਅਸੀਂ ਸੇਵਾ ਨਹੀਂ ਕਰ ਸਕੇ ਪਰ ਉਨ੍ਹਾਂ ਨੇ ਸੇਵਾ ਦੱਸੀ", ਅਥਰੂ ਉਸ ਵੇਲੇ ਅੱਖਾਂ ਵਿਚੋਂ ਛਿੱਗ ਪਏ, ਮਨ ਦ੍ਰਵੀਭੂਤ ਹੋ ਗਿਆ। ਇੰਨੀ ਸੇਵਾ ਕਰਕੇ, ਫਿਰ ਕਹਿ ਦੇਣਾ ਕਿ ਸਾਡੇ ਕੋਲੋਂ ਸੇਵਾ ਨਹੀਂ ਹੁੰਦੀ। ਵੱਡੇ ਮਹਾਂਪੁਰਖਾਂ ਦੀ ਜਿਹੜੀ ਸ਼ਰੀਰਕ ਕਿਰਿਆ ਸੀ। ਗੁਰੂ ਕੇ ਪਿਆਰਿਓ ਜੋ ਕਿਸ ਟਾਈਮ ਤੇ ਕੋਈ ਬਰਤਨ ਜਾਂ ਇਹੋ ਜਿਹੀ ਚੀਜ਼ ਕੋਲ ਨਹੀਂ ਸੀ ਹੁੰਦੀ ਤਾਂ ਆਪਣੇ ਹੱਥਾਂ ਦੇ ਨਾਲ ਸੇਵਾ ਨੂੰ ਸੰਕੋਚ ਦਿਆ ਕਰਦੇ ਸਨ। ਇੰਨੀ ਸੇਵਾ ਕਰਨੀ ਮਨ ਨੂੰ ਇਥੋਂ ਤੱਕ ਸੇਵਾ ਦੇ ਵਿਚ ਐਨ ਲਗਾ ਦੇਣਾ ਅਤੇ ਮਨ ਵਿਚ ਨਫ਼ਰਤ ਨਾ ਆਉਣੀ। ਇੰਨੀ ਸੇਵਾ ਕਰਕੇ ਗੁਰੂ ਕੇ ਪਿਆਰਿਓ ਉਨ੍ਹਾਂ ਨੇ ਇਹ ਸੇਵਾ ਸੰਭਾਲੀ ਸੀ। ਦਾਸ ਦੀ ਹਾਲਤ ਤਾਂ ਇਹ ਹੈ ਕਿ

ਕਾਮੀ ਕ੍ਰੋਧੀ ਚਾਕੁਰੀ ਬਾਜੀਗਰ ਬੇਕਾਮ॥
ਨਿੰਦਾ ਕਰਕੈ ਜਨਮੁ ਸਿਰਾਨੋ ਕਬਹੂ ਨ ਸਿਮਰਿਓ ਰਾਮੁ (੧੧੦੫)
ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥ (੧੬੭)

ਇਹ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਨੇ ਆਪਣੇ ਚਰਨੀ ਲਾਇਆ ਹੈ। ਜੋ ਦਾਸ ਦੀ ਹਾਲਤ ਹੈ ਖਾਸ ਕਰਕੇ ਮਹਾਂਪੁਰਖਾਂ ਦਾ ਸਾਰਾ ਪਰਿਵਾਰ ਤੇ ਮਹਾਂਪੁਰਖਾਂ ਦੇ ਮਿੱਤਰ ਪਿਆਰੇ ਮਿਲਣ ਵਾਲੇ ਹਨ, ਉਹ ਹਾਲਤ ਨੂੰ ਜਾਣਦੇ ਹਨ। ਉਨ੍ਹਾਂ ਨੂੰ ਭੁੱਲੀ ਹੋਈ ਨਹੀਂ ਦਾਸ ਵਰਗਿਆਂ ਨੂੰ ਕੋਈ ਸਾਹਮਣੇ ਮੱਥਾ ਲਾ ਕੇ ਰਾਜ਼ੀ ਨਹੀਂ ਸੀ। ਗੁਰੂ ਕੇ ਪਿਆਰਿਓ, ਗੁਰੂ ਗ੍ਰੰਥ ਸਾਹਿਬ, ਸਾਧ ਸੰਗਤ ਅਤੇ ਮਹਾਂਪੁਰਖਾਂ ਦੇ ਪਰਿਵਾਰ ਦੀ ਕ੍ਰਿਪਾ ਹੈ ਜਿਸ ਨੂੰ ਇਸ ਸਟੇਜ ਤੇ ਸੁਭਾਗ ਸਮਾਂ ਬਖਸ਼ਿਆ, ਇਹ ਸੇਵਾ ਸੌਂਪੀ ਹੈ ਮਹਾਰਾਜ ਨੇ ਕ੍ਰਿਪਾ ਕਰਕੇ। ਇੱਕ ਦਾਸ ਦੀ ਬੇਨਤੀ ਹੈ ਸਾਧ ਸੰਗਤ ਦੇ ਚਰਨਾਂ ਵਿੱਚ, ਇਹ ਬੇਨਤੀ ਕਰਕੇ ਮੈਂ ਫ਼ਤਿਹ ਗਜਾਵਾਂਗਾ। ਮੰਗ ਹੈ, ਮੰਗ। ਕਿਉਂਕਿ ਮੰਗਾਂ ਬੜੀਆਂ ਹੁੰਦੀਆਂ ਹਨ। ਦਾਸ ਗੰਗਾਨਗਰ ਪਹੁੰਚਿਆ ਸੀ ਮਹਾਂਪੁਰਖਾਂ ਦੇ ਚਰਨਾਂ ਵਿਚ, ਤਦੋਂ

Scanned with CamScanner

ਜਿਆਦਾ ਬਿਮਾਰ ਸਨ ਉਸ ਵੇਲੇ। ਮਹਾਂਪੁਰਖਾਂ ਨੂੰ ਬੇਨਤੀ ਕੀਤੀ ਸੀ ਕਿ ਜਥੇ ਵਿੱਚ ਰਹਿਣਾ ਹੈ। ਮਹਾਂਪੁਰਖ ਕਹਿਣ ਲੱਗੇ ਕਿ ਭਾਈ ਕਿਸ ਕੰਮ ਵਾਸਤੇ ਰਹਿਣਾ ਹੈ, ਮੈਂ ਕਿਹਾ ਜੀ ਮੰਗ ਤਾਂ ਕੋਈ ਨਹੀਂ ਆਖਣ ਲੱਗੇ ਭਾਈ ਸੰਕਲਪ ਤੋਂ ਬਿਨਾਂ ਤਾਂ ਕੋਈ ਬੰਦਾ ਹੈ ਹੀ ਨਹੀਂ ਸੰਸਾਰ ਵਿਚ, ਕਿਸੇ ਦਾ ਚੰਗਾ ਹੈ ਕਿਸੇ ਦਾ ਮਾੜਾ ਹੈ। ਮੈਂ ਕਿਹਾ ਜੀ ਇਕ ਬੇਨਤੀ ਹੈ ਕਿ ਆਪ ਜੀ ਦੇ ਚਰਨਾਂ ਵਿਚ ਰਹਿ ਕੇ ਗੁਰਬਾਣੀ ਪੜ੍ਹਨੀ ਹੈ। ਉਨ੍ਹਾਂ ਪੁੱਛਿਆ ਮੰਗ ਕੀ ਹੈ? ਕੀ ਚਾਹੁੰਨਾ? ਦਾਸ ਨੇ ਪੰਗਤੀ ਪੜ੍ਹੀ ਸੀ, ਬੇਨਤੀ ਕੀਤੀ ਸੀ

ਮਾਗਨਿ ਮਾਗ ਤ ਏਕਹਿ ਮਾਗ॥ ਨਾਨਕ ਜਾ ਤੇ ਪਰਹਿ ਪਰਾਗ॥ (੨੫੮)

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ। (੫੩੪)

ਇਹ ਜਦੋਂ ਬੇਨਤੀ ਕੀਤੀ ਸੀ ਮਹਾਂਪੁਰਖਾਂ ਦੇ ਚਰਨਾਂ ਵਿਚ, ਉਸ ਵੇਲੇ ਮਹਾਂਪੁਰਖਾਂ ਨੇ ਹੁਕਮ ਕੀਤਾ ਸੀ, "ਭਾਈ ਬਾਣੀ ਪੜ੍ਹਿਆ ਕਰ, ਸਾਧ ਸੰਗਤ ਦੇ ਨਾਲ ਪਿਆਰ ਰੱਖ, ਮਹਾਰਾਜ ਕ੍ਰਿਪਾ ਕਰਨ। ਅਸੀਂ ਵੀ ਅਰਦਾਸ ਕਰਦੇ ਹਾਂ, ਤੈਨੂੰ ਵੀ ਗੁਰਬਾਣੀ ਦਾ ਫਲ ਮਿਲ ਜਾਵੇ, ਤੂੰ ਵੀ ਗੁਰਬਾਣੀ ਪੜ੍ਹਨ ਲੱਗ ਪਵੇਂ।" ਇਹ ਦਾਸ ਨੂੰ ਗੰਗਾ ਨਗਰ ਜਿਸ ਦਿਨ ਭਾਈ ਨਰੂਲਾ ਸਾਹਿਬ ਦੇ ਘਰ ਵਿਚ ਸਨ ਮਹਾਂਪੁਰਖ, ਉਸ ਦਿਨ ਦੀ ਗੱਲ ਹੈ। ਅੱਸੂ ਦੇ ਵਿਚ ਸੀ ਸ਼ਾਇਦ ਇਹ। ਇਹ ਬੇਨਤੀ ਦਾਸ ਜ਼ਰੂਰ ਕਰਦਾ ਹੈ ਕਿ ਹਿਰਦੇ ਵਿਚੋਂ ਨਾਮ ਨਾ ਵਿੱਸਰੇ। ਮਹਾਂਪੁਰਖਾਂ ਤੋਂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਜਿੰਨਾ ਚਿਰ ਸੁਆਸ ਹਨ ਅੰਤ ਦੇ ਸਮੇਂ ਤੱਕ ਬੇਮੁੱਖ ਨਾ ਹੋਵਾਂ ਤੇ ਗੁਰੂ ਪੰਥ ਦੀ ਸੇਵਾ ਕਰਦਾ ਰਹਾਂ, ਸਦਾ ਸਾਧ ਸੰਗਤ ਦੇ ਚਰਨਾਂ ਦਾ ਕੀੜਾ ਬਣ ਕੇ ਕੁਕਰ ਬਣ ਕੇ, ਸੇਵਾ ਕਰਾਂ। ਮਨ ਹੰਕਾਰ ਵਿਚ ਨਾ ਆਵੇ, ਸਦਾ ਮਨ ਨਿਮਰਤਾ ਵਿਚ ਰਹੇ ਤੇ ਗੁਰੂ ਕੋ ਪਿਆਰਿਓ, ਇਹ ਵੀ ਅਰਦਾਸ ਕਰੇ ਕਿ ਮਹਾਂਪੁਰਖਾਂ ਦੇ ਪਰਿਵਾਰ ਨਾਲ ਸਦਾ ਲਈ ਸੁਆਸਾਂ ਦੇ ਨਾਲ ਨਿਭ ਜਾਵੇ ਤੇ ਮਹਾਂਪੁਰਖਾਂ ਦੇ ਪਰਿਵਾਰ ਦੀਆਂ ਖੁਸ਼ੀਆਂ ਸਦਾ ਮੈਂ ਪ੍ਰਾਪਤ ਕਰਦਾ ਰਹਾਂ। ਇੰਨੀਆਂ ਬੇਨਤੀਆਂ ਕਰਦਾ ਹੋਇਆ ਖਿਮਾ ਦਾ ਜਾਚਕ ਹਾਂ। ਸਮਾਂ ਜਿਆਦਾ ਲੱਗ ਗਿਆ ਹੋਵੇਗਾ। ਅਣਜਾਣ ਬੱਚਾ ਜਾਣ ਕੇ, ਸਾਧ ਸੰਗਤ ਦੇ ਦਰ ਦਾ ਕੁਕਰ ਜਾਣ ਕੇ ਮੁਆਫੀ ਦੇਣੀ ਕਿਉਂਕਿ ਅੱਗੇ ਮੈਂ ਐਨੇ ਵੱਡੇ ਪੰਡਾਲ ਵਿਚ ਨਹੀਂ ਬੋਲਿਆ, ਨਾ ਕੋਈ ਬਹੁਤਾ ਵੱਡਾ ਗਿਆਨੀ ਹਾਂ। ਸਾਧ ਸੰਗਤ ਨੇ ਜਿਵੇਂ ਬੁਲਾਇਆ ਹੈ ਉਸੇ ਤਰ੍ਹਾਂ ਹੀ ਪ੍ਰਵਾਨ ਕਰ ਲੈਣਾ। ਗਲਤੀਆਂ ਦੀ ਮੁਆਫੀ ਬਖਸ਼ਣੀ, ਅੱਗੇ ਵਾਸਤੇ ਸਾਵਧਾਨਤਾ, ਨਿੱਡਰਤਾ, ਨਿਰਭੈਤਾ, ਸਹਿਣਸ਼ੀਲਤਾ ਅਤੇ ਸ਼ਾਂਤੀ ਬਖਸ਼ਣੀ ਅਤੇ ਦੇਹਧਾਰੀ ਪਾਖੰਡੀ ਗੁਰੂਆਂ ਦਾ ਸਦਾ ਲਈ ਮੂੰਹ ਮੋੜਦੇ ਰਹੀਏ ਪ੍ਰਚਾਰ ਕਰਕੇ। ਇਹ ਸੱਚੇ ਪਾਤਸ਼ਾਹ ਬਖਸ਼ਿਸ਼ ਕਰਨ ਹੋਈਆਂ ਗਲਤੀਆਂ ਦੀ ਸਾਧ ਸੰਗਤ ਮੁਆਫੀ ਬਖਸ਼ੋ। ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

ਦੁਸਹਿਰਾ ਸਮਾਗਮ ਦੀ ਸਮਾਪਤੀ

ਦੁਸਹਿਰੇ ਦੇ ਸਮਾਗਮ ਦੀ ਸਮਾਪਤੀ ਹੋ ਗਈ। ਦੇਸ਼ ਭਰ ਦੇ ਕੋਨੇ-ਕੋਨੇ ਅਤੇ ਵਿਦੇਸ਼ਾਂ ਵਿੱਚੋਂ ਪਹੁੰਚੇ ਹੋਏ ਗੁਰਸਿੱਖਾਂ ਦੇ ਮਨ ਨੂੰ ਭਾਰੀ ਤਸੱਲੀ ਹੋਈ ਕਿ ਦਮਦਮੀ ਟਕਸਾਲ ਨੇ ਬਿਨਾਂ ਕਿਸੇ ਵਾਦ-ਵਿਵਾਦ ਤੋਂ ਬਾਬਾ ਠਾਕੁਰ ਸਿੰਘ ਜੀ ਦੀ ਅਗਵਾਈ ਵਿੱਚ ਟਕਸਾਲ ਦੇ ਨਵੇਂ ਮੁਖੀ ਦੀ ਚੋਣ ਕਰ ਲਈ ਹੈ। ਦੂਸਰੀ ਵੱਡੀ ਗੱਲ ਇਹ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਪਹਿਲੇ ਹੀ ਭਾਸ਼ਣ ਤੋਂ ਸੰਗਤਾਂ ਨੂੰ ਭਾਰੀ ਸੰਤੁਸ਼ਟੀ ਹੋਈ। ਖਾਸ ਕਰਕੇ ਦਮਦਮੀ ਟਕਸਾਲ ਨਾਲ ਸਬੰਧਤ ਵਿਦਿਆਰਥੀ ਅਤੇ ਸਿੱਖ ਸੰਗਤਾਂ, ਜੋ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਅਕਾਲ ਚਲਾਣੇ ਉਪਰੰਤ ਇੱਕ ਤਰ੍ਹਾਂ ਨਾਲ ਹਨੇਰੇ ਦੇ ਆਲਮ ਵਿੱਚ ਸਨ ਕਿ ਸ਼ਾਇਦ ਹੀ ਨੇੜੇ ਭਵਿੱਖ ਵਿੱਚ ਕੋਈ ਯੋਗ ਵਿਅਕਤੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵਾਂਗ ਦਮਦਮੀ ਟਕਸਾਲ ਦਾ ਮੁਖੀ ਮਿਲ ਸਕੇ। ਪਰ ਪਹਿਲੇ ਹੀ ਭਾਸ਼ਣ ਦੌਰਾਨ ਆਸ ਦੀ ਕਿਰਨ ਪੈਦਾ ਹੋਈ ਕਿ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਮਹਾਰਾਜ ਆਪ ਦਮਦਮੀ ਟਕਸਾਲ ਦੇ ਵਾਰਸ ਹਨ ਅਤੇ ਆਪ ਹੀ ਰਹਿਮਤ ਕਰਨਗੇ। ਸਹਿਜੇ-ਸਹਿਜੇ ਦੂਰ ਦੁਰਾਡੇ ਤੋਂ ਆਈਆਂ ਹੋਈਆਂ ਸੰਗਤਾਂ ਸਮੇਂ-ਸਮੇਂ ਅਨੁਸਾਰ ਨਵੇਂ ਚੁਣੇ ਗਏ ਮੁਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਆਪੋ ਆਪਣੇ ਸਿਰੋਪਾਓ ਦੇ ਕੇ ਵਿਦਾ ਹੋਣੇ ਸ਼ੁਰੂ ਹੋ ਗਏ। ਪਰ ਪੰਜਾਬ ਭਰ ਦੇ ਖਾਸ-ਖਾਸ ਸਹਿਜੋਗੀ ਕੁੱਝ ਦਿਨਾਂ ਲਈ ਰੁਕੇ ਰਹੇ ਅਤੇ ਆਉਣ ਵਾਲੇ ਸਮੇਂ ਦੇ ਪ੍ਰੋਗਰਾਮਾਂ ਨੂੰ ਘੋਲੀਕਣ ਲਈ ਵਿਚਾਰ ਵਟਾਂਦਰੇ ਕਰਦੇ ਰਹੇ।

Scanned with CamScanner

ਜੱਥੇ ਦੇ ਸਿੰਘਾਂ ਨੇ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਯਾਦ ਵਿੱਚ ਅਖੰਡ ਪਾਠਾਂ ਦੀ ਲੜੀ ਅਰੰਭ ਕੀਤੀ ਹੋਈ ਸੀ ਜਿਨ੍ਹਾਂ ਦੀ ਗਿਣਤੀ 111 ਤੱਕ ਪਹੁੰਚ ਚੁੱਕੀ ਸੀ। ਇਸ ਲਈ ਜਥੇ ਦੇ ਪਾਠੀ ਸਿੰਘ ਇਸ ਚੱਲ ਰਹੀ ਲੜੀ ਵਿੱਚ ਡਿਊਟੀਆਂ ਨਿਭਾਅ ਰਹੇ ਸਨ। ਜਿਸਦੀ ਸੰਪੂਰਨਤਾ ਲਈ ਲਗਭਗ ਇੱਕ ਮਹੀਨੇ ਦਾ ਸਮਾਂ ਹੋਰ ਲੱਗਣਾ ਸੀ। ਇਸ ਲਈ ਸਹਿਯੋਗੀ ਸਿੱਖ ਸੰਗਤਾਂ ਨੇ ਬਾਬਾ ਠਾਕੁਰ ਸਿੰਘ ਅਤੇ ਸੰਤ ਜਰਨੈਲ ਸਿੰਘ ਜੀ ਨਾਲ ਮਿਲ ਕੇ ਕੁਝ ਜ਼ਰੂਰੀ ਪ੍ਰੋਗਰਾਮ ਉਲੀਕ ਲਏ, ਜੋ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ, ਰਾਗੀ ਜਥੇ ਦੇ ਨਾਲ ਕੁਝ ਕੁ ਹੀ ਸਿੰਘਾਂ ਨੂੰ ਨਾਲ ਲੈ ਕੇ ਪ੍ਰੋਗਰਾਮ 'ਤੇ ਜਾਇਆ ਕਰਦੇ ਸਨ। ਉਸੇ ਦਿਨ ਜਾਂ ਇੱਕ ਦੋ ਦਿਨਾਂ ਵਿੱਚ ਵਾਪਸ ਫਿਰ ਆਪਣੇ ਕੇਂਦਰੀ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤੇ ਵਿਖੇ ਪਰਤ ਆਇਆ ਕਰਦੇ ਸਨ। ਇਨ੍ਹਾਂ ਮੁੱਢਲੇ ਦਿਨਾਂ ਵਿੱਚ ਸੰਤ ਜੀ ਜਿਨ੍ਹਾਂ ਥਾਵਾਂ 'ਤੇ ਪ੍ਰੋਗਰਾਮ ਨਿਭਾਉਣ ਲਈ ਗਏ ਉਨ੍ਹਾਂ ਵਿੱਚੋਂ ਕਰਦੇ ਸਨ। ਕਾਦੀਆਂ, ਸ੍ਰੀ ਹਰਗੋਬਿੰਦਪੁਰ, ਪਿੰਡ ਹਰਚੋਵਾਲ, ਕਾਹਲਵਾਂ, ਖਡੂਰ ਸਾਹਿਬ, ਨੌਸ਼ਹਿਰਾ ਪੰਨੂਆਂ, ਲੁਧਿਆਣਾ, ਖੰਨਾ, ਪਟਿਆਲਾ, ਮੁੱਲਾਂਪੁਰ ਦਾਖਾ, ਅਖਾੜਾ ਆਪਣੇ ਜੱਦੀ ਪਿੰਡ ਰੋਡੇ, ਲੰਗਿਆਣਾ, ਮੁਕਤਸਰ ਸਾਹਿਬ, ਢਿੱਲਵਾਂ, ਮੋਗਾ, ਫਿਰੋਜ਼ਪੁਰ, ਅਬੋਹਰ, ਫਾਜ਼ਿਲਕਾ, ਅਬੋਹਰ, ਮਲੋਟ, ਮਲੂਕਪੁਰਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਕੋਟਕਪੂਰਾ, ਜੈਤੋ, ਬਠਿੰਡਾ, ਮਾਨਸਾ, ਬੁਢਲਾਡਾ, ਬਰੇਟਾ, ਸਰਦੂਲਗੜ੍ਹ, ਬਰਨਾਲਾ, ਸੰਗਰੂਰ, ਧੂਰੀ, ਲਹਿਰਾ ਮੁਹੱਬਤ, ਭਵਾਨੀਗੜ੍ਹ, ਪਾਤੜਾਂ, ਨਾਭਾ, ਅਮਲੋਹ, ਫਤਹਿਗੜ੍ਹ ਸਾਹਿਬ, ਸਰਹਿੰਦ, ਮੰਡੀ ਗੋਬਿੰਦਗੜ੍ਹ, ਖੰਨਾ, ਸਮਰਾਲਾ, ਨਵਾਂਸ਼ਹਿਰ, ਬੰਗਾ, ਫਗਵਾੜਾ, ਜਲੰਧਰ, ਫਿਲੌਰ, ਨਕੋਦਰ, ਮਲਸੀਆਂ, ਸੁਲਤਾਨਪੁਰ ਆਦਿ। ਇਨ੍ਹਾਂ ਥੋੜ੍ਹੇ ਦਿਨਾਂ ਵਿੱਚ ਹੀ ਕੁੱਝ ਅਹਿਮ ਝਲਕੀਆਂ ਦੇਖਣ ਨੂੰ ਮਿਲੀਆਂ। ਜਦ ਸੰਤ ਜੀ ਆਪਣੇ ਜੱਦੀ ਪਿੰਡ ਰੋਡੇ ਗਏ ਤਾਂ ਉਥੇ ਵੱਡੇ ਮਹਾਂਪੁਰਖਾਂ ਦੇ ਸਮੂਹ ਸਹਿਯੋਗੀ ਸਿੰਘਾਂ ਨੇ ਮਿਲ ਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਕਰਵਾਏ ਸਨ ਅਤੇ ਮਹਾਂਪੁਰਖਾਂ ਨੂੰ ਭੋਗ ਵਾਲੇ ਦਿਨ ਸੱਦਿਆ ਸੀ। ਸੁਭਾਵਿਕ ਹੀ ਸੀ ਕਿ ਇਸ ਦਿਨ ਸੰਤਾਂ ਦੇ ਸਾਰੇ ਹੀ ਸ਼ਿਸ਼ਤੇਦਾਰ ਵੀ ਪਹੁੰਚੇ ਹੋਏ ਸਨ। ਭੋਗ ਤੋਂ ਉਪਰੰਤ ਸੰਤਾਂ ਨੇ ਸਾਰੇ ਹੀ ਸ਼ਿਸ਼ਤੇਦਾਰਾਂ ਨੂੰ ਇਕੱਤਰ ਕਰਕੇ ਕਿਹਾ ਕਿ ਸਾਡੇ ਸੱਤਾਂ ਹੀ ਭਰਾਵਾਂ ਦੇ ਜਿੰਨੇ ਵੀ ਸ਼ਿਸ਼ਤੇਦਾਰ ਹਨ ਮੇਰੇ ਲਈ ਸਭ ਇੱਕੋ ਜਿਹੇ ਹਨ ਪਰ ਅੱਜ ਤੋਂ ਬਾਅਦ ਮੇਰੀ ਸ਼ਿਸ਼ਤੇਦਾਰੀ ਅਤੇ ਨੇੜਤਾ ਸਿਰਫ ਉਸੇ ਨਾਲ ਹੀ ਹੋਵੇਗੀ ਜੋ ਪਰਿਵਾਰ ਸਮੇਤ ਅੰਮ੍ਰਿਤਧਾਰੀ ਹੋ ਕੇ ਗੁਰੂ ਕਲਗੀਧਰ ਦਾ ਤਿਆਰ-ਬਰ-ਤਿਆਰ ਸਿੰਘ ਸਜ ਜਾਵੇਗਾ। ਜਿਨ੍ਹਾਂ ਨੂੰ ਮੇਰੀ ਇਹ ਗੱਲ ਮਨਜ਼ੂਰ ਹੈ ਉਹ ਜੈਕਾਰਾ ਬੁਲਾਓ ਅਤੇ ਜਲਦੀ ਤੋਂ ਜਲਦੀ ਅੰਮ੍ਰਿਤਧਾਰੀ ਹੋਵੋ, ਤਾਂ ਸਾਰੇ ਹੀ ਸ਼ਿਸ਼ਤੇਦਾਰਾਂ ਨੇ ਜੈਕਾਰੇ ਬੁਲਾਏ ਅਤੇ ਪ੍ਰਣ ਕੀਤਾ ਕਿ ਬਹੁਤ ਹੀ ਜਲਦੀ ਅੰਮ੍ਰਿਤਧਾਰੀ ਹੋ ਕੇ ਆਪ ਜੀ ਨੂੰ ਮਿਲਾਂਗੇ ਅਤੇ ਇਸੇ ਤਰ੍ਹਾਂ ਹੀ ਕੀਤਾ।

ਦਮਦਮੀ ਟਕਸਾਲ ਦੀ ਮਰਿਆਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚੱਲ ਰਹੀ ਕਥਾ ਕਰਦਿਆਂ-ਕਰਦਿਆਂ ਜਿੱਥੋਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਅਕਾਲ ਚਲਾਣਾ ਕਰ ਗਏ ਸਨ। ਇਸ ਤੋਂ ਅੱਗੇ ਕਥਾ ਆਰੰਭ ਹੋਣੀ ਸੀ। ਦਮਦਮੀ ਟਕਸਾਲ ਦੇ ਵਿਦਿਆਰਥੀਆਂ ਨੇ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਗੁਰਬਾਣੀ ਦੀ ਕਥਾ ਨਿਰੰਤਰ ਜਾਰੀ ਰਹਿਣੀ ਚਾਹੀਦੀ ਹੈ। ਇਸ ਲਈ ਪ੍ਰੋਗਰਾਮ ਉਲੀਕੋ ਕਿ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਇਸ ਕਥਾ ਨੂੰ ਅੱਗੇ ਆਰੰਭ ਕਰਨ। ਤਾਂ ਬਾਬਾ ਜੀ ਨੇ ਕਿਹਾ ਕਿ ਹੁਣ ਅਖੰਡ ਪਾਠਾਂ ਦੀ ਚੱਲ ਰਹੀ ਲੜੀ ਦੀ ਸੰਪੂਰਨਤਾ ਹੋਣ ਵਾਲੀ ਹੈ। ਉਸੇ ਦਿਨ ਹੀ ਅੱਗੋਂ ਲੜੀਵਾਰ ਕਥਾ ਆਰੰਭ ਕੀਤੀ ਜਾਵੇਗੀ। ਇਸ ਬਾਰੇ ਜਥੇ ਦੇ ਸਾਰੇ ਸਿੰਘਾਂ ਨੂੰ ਦੱਸ ਦਿੱਤਾ ਗਿਆ ਕਿ ਚੱਲ ਰਹੇ ਸ੍ਰੀ ਅਖੰਠ ਪਾਠਾਂ ਦੀ ਸੰਪੂਰਨਤਾ 21.09.77 ਨੂੰ ਹੋਵੇਗੀ ਅਤੇ ਉਸੇ ਹੀ ਦਿਨ ਸੰਤ ਜਰਨੈਲ ਸਿੰਘ ਜੀ ਲੜੀਵਾਰ ਕਥਾ ਦੀ ਆਰੰਭਤਾ ਕਰਨਗੇ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੀ ਯਾਦ ਵਿੱਚ ਚੱਲ ਰਹੇ ਅਖੰਡ ਪਾਠਾਂ ਦੀ ਲੜੀ ਦੀ ਸੰਪੂਰਨਤਾ

ਦਮਦਮੀ ਟਕਸਾਲ ਦੇ ਕੇਂਦਰੀ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ 21.09.77 ਨੂੰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੀ ਯਾਦ ਵਿੱਚ ਚੱਲੇ ਗਏ ਸ੍ਰੀ ਅਖੰਠ ਪਾਠਾਂ ਦੀ ਲੜੀ ਦੇ ਭੋਗ ਪਾਏ ਗਏ। ਇਸ ਸਮੇਂ ਟਕਸਾਲ ਦੇ ਸਾਰੇ ਵਿਦਿਆਰਥੀ ਅਤੇ ਬਹੁਤ ਸਾਰੇ ਸਹਿਯੋਗੀ ਪਰਿਵਾਰ ਅਤੇ ਸਿੱਖ ਸੰਗਤਾਂ ਪਹੁੰਚੀਆਂ ਹੋਈਆਂ ਸਨ। ਭੋਗ ਤੋਂ ਉਪਰੰਤ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੇ ਆਪ ਸ਼ਤਿਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਿਰੀ ਸਜ ਕੇ ਸ੍ਰੀ ਮੁੱਖਵਾਕ ਸੰਗਤਾਂ ਨੂੰ ਸੁਣਾਇਆ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਬਾਰਕ ਅੰਗ ੬੮੭ ਤੇ ਬਖਸ਼ਿਸ਼ ਹੋਇਆ।

Scanned with CamScanner

ਜੈਤਸਰੀ ਮਹਲਾ ੪॥
ਜਿਨ ਹਰਿ ਹਿਰਦੈ ਨਾਮੁ ਨਾ ਬਸਿਓ
ਤਿਨ ਮਾਤ ਕੀਜੈ ਹਰਿ ਬਾਂਝਾ।
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ
ਓਇ ਖਪਿ ਖਪਿ ਮੁਏ ਕਰਾਂਝਾ॥੧॥

ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਚੱਲ ਰਹੀ ਲੜੀਵਾਰ ਕਥਾ ਦੀ ਆਰੰਭਤਾ

ਇਸ ਉਪਰੰਤ ਟਕਸਾਲ ਦੇ ਮੁੱਖ ਰਾਗੀ ਜੱਥੇ ਭਾਈ ਰਾਮ ਸਿੰਘ ਰਾਗੀ, ਭਾਈ ਗੁਰਸ਼ਰਨ ਸਿੰਘ ਰਾਗੀ, ਭਾਈ ਗੁਰਮੇਲ ਸਿੰਘ ਰਾਗੀ, ਭਾਈ ਸੁਖਦੇਵ ਸਿੰਘ ਰਾਗੀ, ਭਾਈ ਸੁਰਜੀਤ ਸਿੰਘ ਰਾਗੀ, ਭਾਈ ਮੁਖਤਿਆਰ ਸਿੰਘ ਮੁਖੀ ਜੌੜੀ ਵਾਲੇ ਆਦਿ ਸਿੰਘਾਂ ਨੇ ਬਹੁਤ ਹੀ ਰਸਭਿੰਨਾ ਅਤੇ ਵੈਰਾਗਮਈ ਕੀਰਤਨ ਕੀਤਾ। ਲਗਭਗ ਇੱਕ ਘੰਟਾ ਕੀਰਤਨ ਹੋਣ ਉਪਰੰਤ ਲੜੀਵਾਰ ਕਥਾ ਦੀ ਅਰੰਭਤਾ ਹੋਈ, ਜੋ ਉਸ ਸਮੇਂ ਰਿਕਾਰਡ ਕੀਤੀ ਗਈ ਰਿਕਾਰਡਿੰਗ ਤੋਂ ਹੂ-ਬ-ਹੂ ਲਿਖਿਆ ਜਾ ਰਿਹਾ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਖੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਜੀ ਦੇ ਨਾਲ ਕਥਾ ਦੇ ਪਾਠ ਦੀ ਸੇਵਾ ਕਰਨ ਲਈ ਜੱਥੇਦਾਰ ਭਾਈ ਰਾਮ ਸਿੰਘ ਜੀ ਸੁਲਤਾਨਪੁਰ ਵਾਲੇ ਵੀ ਤਾਬਿਆ ਬੈਠ ਗਏ। ਸਭ ਤੋਂ ਪਹਿਲਾਂ ਪੰਜ ਵਾਰ ਸੰਪੂਰਨ ਮੂਲ ਮੰਤਰ:-

ੴ ਸਤਿ ਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ॥ਜਪੁ॥
ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

ਉਪਰੰਤ ਪੰਜ ਵਾਰ ਵਾਹਿਗੁਰੂ ਮੰਤਰ ਪੜ੍ਹਿਆ ਗਿਆ।

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ

ਜੋ ਕਿ ਸ਼ਰਧਾਲੂਆਂ ਨੇ ਵੀ ਗੱਜ ਕੇ ਨਾਲ ਪੜ੍ਹਿਆ। ਇਸ ਉਪਰੰਤ ਮੰਗਲਾ ਚਰਨ ਸਮੇਂ ਇਹ ਸ਼ਬਦ ਪੜ੍ਹੇ ਗਏ:-

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ॥੧॥
ਹਮ ਸੰਤਨ ਸਿਉ ਬਣਿ ਆਈ॥
ਪੂਰਬਿ ਲਿਖਿਆ ਪਾਈ॥ ਇਹੁ ਮਨੁ ਤੇਰਾ ਭਾਈ॥ ਰਹਾਉ॥
ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ॥
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥੨॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਭੈਗਿ ਰਤੇ ਬਿਸਮਾਦੇ॥੪॥ (੬੧੪)

ਨਿਰਗੁਣ ਰਾਖਿ ਲੀਆ ਸੰਤਨ ਕਾ ਸਦਕਾ॥

Scanned with CamScanner

ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥ (੧੧੬੭)

ਸੰਤ ਬਿਨਾ ਮੈ ਬਾਊ ਨਾ ਕੋਈ ਅਵਰ ਨਾ ਸੂਝੈ ਜਾਵਨਾ॥੬॥
ਮੋਹਿ ਨਿਰਗੁਨ ਕਉ ਕੋਇ ਨਾ ਰਾਖੈ ਸੰਤਾ ਸੰਗਿ ਸਮਾਵਨਾ॥੭॥ (੧੦੧੮)

ਇਸ ਤੋਂ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੬੬ ਅੰਗ ਤੋਂ ਕਥਾ ਆਰੰਭ ਹੋਈ ਜਿੱਥੇ ਤੱਕ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਸੱਚਖੰਡ ਜਾਣ ਤੋਂ ਪਹਿਲਾਂ ਕਥਾ ਕੀਤੀ ਹੋਈ ਸੀ।

ਗਉੜੀ ਗੁਆਰੇਰੀ ਮਹਲਾ ੪॥
ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ॥
ਹਲੁ ਜੋਤੈ ਉਦਮੁ ਕਰੇ ਮੋਰਾ ਪੁਤੁ ਧੀ ਖਾਇ॥
ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ॥੧॥ (੧੬੬)

(ਇਸ ਸ਼ਬਦ ਦੀ ਕਥਾ ਸੰਤ ਜਰਨੈਲ ਸਿੰਘ ਜੀ ਨੇ ਪਹਿਲੇ ਦਿਨ ਕੀਤੀ। ਭਾਵ ਕਿ ਟਕਸਾਲ ਦੇ ਮੁਖੀ ਬਣਨ ਦੇ ਉਪਰੰਤ ਲੜੀਵਾਰ ਕਥਾ ਦੀ ਆਰੰਭਤਾ ਕੀਤੀ। ਇਸ ਲਈ ਟਕਸਾਲ ਦੇ ਸਮੂਹ ਗਿਆਨੀ ਵਿਦਿਆਰਥੀਆਂ ਨੇ ਪਹਿਲਾਂ ਵਾਂਗ ਹੀ ਜਿਵੇਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਮੇਂ ਗੁਰਬਾਣੀ ਦੀਆਂ ਪੋਥੀਆਂ ਪ੍ਰਕਾਸ਼ ਕਰਕੇ ਕਥਾ ਸੁਣਦੇ ਅਤੇ ਨਾਲ-ਨਾਲ ਲਿਖਿਆ ਕਰਦੇ ਸਨ। ਇਸੇ ਤਰ੍ਹਾਂ ਹੀ ਅੱਜ ਵੀ ਟਕਸਾਲ ਦੇ ਸਮੂਹ ਗਿਆਨੀ ਅਤੇ ਪਾਠੀ ਵਿਦਿਆਰਥੀਆਂ ਨੇ ਪੋਥੀਆਂ ਪ੍ਰਕਾਸ਼ ਕੀਤੀਆਂ ਹੋਈਆਂ ਸਨ ਅਤੇ ਬਹੁਤ ਹੀ ਉਤਸੁਕਤਾ ਨਾਲ ਟਕਸਾਲ ਦੇ ਨਵੇਂ ਬਣੇ ਮੁਖੀ ਤੋਂ ਕਥਾ ਦੇ ਅਰਥ ਸੁਣਨਾ ਚਾਹੁੰਦੇ ਸਨ। ਇਸ ਤੋਂ ਅੱਗੇ ਸੰਤਾਂ ਨੇ ਕਥਾ ਦੀ ਅਰੰਭਤਾ ਕੀਤੀ।)

"ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥"

ਗੁਰੂ ਗਰੀਬ ਨਿਵਾਜ, ਪਤਿਤ ਪਾਵਨ, ਭਗਤ ਵਛਲ, ਕ੍ਰਿਪਾ ਦੇ ਖਜ਼ਾਨੇ ਸਤਿਗੁਰੂਆਂ ਦੇ ਸਾਜੇ ਨਿਵਾਜੇ ਗੁਰੂ ਰੂਪ ਖਾਲਸਾ ਜੀਓ, ਅਕਾਲ ਪੁਰਖ ਦੀ ਕ੍ਰਿਪਾ ਦਾ ਸਦਕਾ ਮਨੁੱਖਾ ਜੀਵਨ ਦੀ ਪ੍ਰਾਪਤੀ ਹੋਈ ਹੈ। ਮਨੁੱਖਾ ਜੀਵਨ ਪਾ ਕਰਕੇ ਅਕਾਲ ਪੁਰਖ ਦੀ ਕ੍ਰਿਪਾ ਦਾ ਸਦਕਾ ਸਾਧ ਸੰਗਤ ਪ੍ਰਾਪਤੀ ਹੋਈ ਹੈ। ਵੱਡਿਆਂ ਭਾਗਾਂ ਦਾ ਸਦਕਾ ਹੈ ਕਿ ਸਾਧ ਸੰਗਤ ਦੀ ਪ੍ਰਾਪਤੀ ਹੋਈ। ਮਹਾਰਾਜ ਜੀ ਨੇ ਬਾਣੀ ਵਿੱਚ ਫਰਮਾਇਆ ਹੈ

ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ॥
ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ॥ (੬੧੮)

ਮਨੁੱਖਾ ਜਨਮ ਪਾ ਕਰਕੇ ਸਾਧ ਸੰਗਤ ਵਿੱਚ ਮਿਲੀਦਾ ਹੈ। ਸਤਿਸੰਗਤ ਤੋਂ ਬਿਨਾ ਜੋ ਜਨਮ ਹੈ ਮੈਲਾਂ ਨਾਲ ਭਰ ਜਾਂਦਾ ਹੈ ਜਨਮ ਖਰਾਬ ਹੋਣ ਦਾ ਡਰ ਬਣਿਆ ਰਹਿੰਦਾ ਹੈ

ਬਿਨੁ ਭਾਗਾਂ ਸਤਸੰਗੁ ਨਾ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥ (੬੫)

ਬਿਨਾਂ ਭਾਗਾਂ ਤੋਂ ਸਤਿਸੰਗਤ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਬਿਨਾਂ ਸੰਗਤ ਤੋਂ ਵਿਕਾਰਾਂ ਦੀ ਨਵਿਰਤੀ ਨਹੀਂ ਹੋ ਸਕਦੀ। ਸੋ ਆਪਾਂ ਸਤਿਗੁਰੂ ਦੀ ਹਜ਼ੂਰੀ ਵਿੱਚ ਸੰਗਤ ਰੂਪ ਵਿੱਚ ਇਕੱਤਰ ਹੋਏ ਹਾਂ

ਸੰਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ (੭੩)

ਜਿਥੇ ਇੱਕੋ ਇੱਕ ਪਰਮੇਸ਼ਵਰ ਦੇ ਨਾਮ ਦਾ ਵਿਖਿਆਨ ਹੋਵੇ, ਹੋਰ ਵਿਚਾਰ ਨਾ ਹੋਵੇ, ਉਸ ਦਾ ਨਾਮ ਸਤਿਸੰਗਤ ਹੈ। ਹੋਰ ਕਿਸੇ ਇਕੱਠ ਦਾ ਨਾਮ ਸ਼ਤਿਸੰਗਤ ਨਹੀਂ।

ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥ (੧੬੦)

ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਉਸ ਦਾ ਨਾਮ ਸ਼ਤਿਗੁਰੂ ਜੀ ਨੇ ਸਤਿਸੰਗਤ ਦੱਸਿਆ ਹੈ। ਸੋ ਆਪਾਂ ਧੁਰ ਕੀ ਬਾਣੀ ਦਾ ਅੰਮ੍ਰਿਤ ਵੇਲੇ ਤੋਂ ਅਨੰਦ ਮਾਣ ਰਹੇ ਹਾਂ, ਪੰਨ ਸੱਚਖੰਡ ਵਾਸੀ ਮਹਾਂਪੁਰਖ ਸੰਤ ਗਿਆਨੀ

Scanned with CamScanner

ਕਰਤਾਰ ਸਿੰਘ ਜੀ ਖ਼ਾਲਸਾ ਜਿਨ੍ਹਾਂ ਦੀ ਮਹਾਨ ਪਵਿੱਤਰ ਯਾਦ ਨੂੰ ਆਪਾਂ ਮਨਾ ਕਰਕੇ ਆਪਣੇ ਜੀਵਨ ਵਿੱਚ ਤਬਦੀਲੀ ਲਿਆਉਣੀ ਹੈ, ਆਪਣੇ ਸੁਭਾਅ ਵਿੱਚ ਫਰਕ ਪਾਉਣਾ ਹੈ, ਔਗੁਣਾਂ ਦਾ ਤਿਆਗ ਕਰਨਾ ਹੈ। ਇਹ ਮਹਾਂਪੁਰਖਾਂ ਦੇ ਜੀਵਨ ਤੋਂ ਨਾਲ-ਨਾਲ ਸਿੱਖਿਆ ਲੈਣੀ ਹੈ ਤੇ ਉਨ੍ਹਾਂ ਦੇ ਸੱਚਖੰਡ ਜਾਣ ਤੋਂ ਮਗਰੋਂ ਸਮੂਹ ਸੰਗਤ ਨੇ ਰਲ ਕੇ 126 ਸ੍ਰੀ ਅਖੰਡ ਪਾਠਾਂ ਦਾ ਭੋਗ ਪਾਇਆ ਹੈ। ਮਹਾਂਪੁਰਖਾਂ ਦੀ ਪਵਿੱਤਰ ਯਾਦ ਨੂੰ ਤਾਜਾ ਕੀਤਾ ਹੈ। ਇਸ ਕਰਕੇ ਅਖੰਠ ਪਾਠਾਂ ਨੂੰ ਮੁੱਖ ਰੱਖਦਿਆਂ ਹੋਇਆਂ ਧੁਰ ਕੀ ਬਾਣੀ ਸ੍ਰੀ ਆਸਾ ਜੀ ਦੀ ਵਾਰ ਦਾ ਸੰਪੂਰਨ ਪਾਠ ਕੀਤਾ ਹੈ। ਉਪਰੰਤ ਗੁਰਮੁਖਾਂ ਪਿਆਰਿਆਂ ਨੇ ਸ਼ਬਦ ਦਾ ਕੀਰਤਨ ਕੀਤਾ ਹੈ ਜਿਸ ਕੀਰਤਨ ਦੀ ਮਹਿਮਾ ਗੁਰੂ ਅਰਜਨ ਸਾਹਿਬ ਜੀ ਜਾਂ ਦਸੇ ਸਰੂਪ ਆਪਾਂ ਨੂੰ ਦੱਸ ਰਹੇ ਹਨ।

ਕਲਜੁਗ ਮਹਿ ਕੀਰਤਨੁ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ॥ (੧੦੭੬)

ਭਾਈ ਐਸੇ ਕਲਯੁੱਗ ਦੇ ਵਿੱਚ ਸਭ ਤੋਂ ਉਤਮ ਗੁਰਬਾਣੀ ਦਾ ਕੀਰਤਨ ਹੈ। ਜੋ ਗੁਰੂ ਦੀ ਬਾਣੀ ਦਾ ਕੀਰਤਨ ਗੁਰੂ ਦੀ ਹਜੂਰੀ ਵਿੱਚ ਬੈਠ ਕੇ ਕਰਨਾ ਹੈ ਉਹ ਸਭ ਤੋਂ ਪਵਿੱਤਰ ਹੈ। ਹੋਰ ਕੋਈ ਭਾਵੇਂ ਰਾਗ ਗਾਈਂ ਜਾਵੇ, ਭਾਵੇਂ ਕਿੰਨੀ ਸੁਰੀਲੀ ਆਵਾਜ਼ ਵਿੱਚ ਚੰਗੀ ਗਾਇਨ ਕਰੀ ਜਾਵੇ ਪਰ ਧੁਰ ਕੀ ਬਾਣੀ ਦੇ ਬਰਾਬਰ ਨਹੀਂ ਪੁੱਜ ਸਕਦਾ। ਮਹਾਰਾਜ ਜੀ ਨੇ ਬਚਨ ਵੀ ਕਹੇ ਹਨ:

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥ (੨੧੪)

ਹੇ ਮੇਰੇ ਮਨਾਂ, ਹੇ ਜੀਵ, ਹੇ ਮਨੁੱਖ, ਪ੍ਰਮੇਸ਼ਵਰ ਦਾ ਕੀਰਤਨ ਕਰ, ਜਿਸ ਕੀਰਤਨ ਨੂੰ ਕਰਨੇ ਕਰਕੇ ਸਰਵਨ ਕਰਨੇ ਕਰਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੁੰਦਾ ਹੈ। ਜੇ ਕੋਈ ਹੋਰ ਜਲਧਾਰੇ ਕਰਾਂਗੇ, ਧੂੰਣੀਆਂ ਤਾਵਾਂਗੇ, ਪੁੱਠੇ ਲਮਕਾਂਗੇ, ਭੁੱਖੇ ਰਹਿ ਕਰਕੇ ਸਰੀਰ ਨੂੰ ਕਸ਼ਟ ਦੇਵਾਂਗੇ, ਇਸ ਨਾਲ ਕੁਝ ਵੀ ਪੱਲੇ ਨਹੀਂ ਪੈਣਾ

ਕਰਮ ਧਰਮ ਪਾਖੰਡ ਸੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥ (੭੪੮)

ਜੋ ਅਕਾਲ ਪੁਰਖ ਦੀ ਧੁਰ ਕੀ ਬਾਣੀ ਦਾ ਕੀਰਤਨ ਹੈ, ਇੱਕ ਨਿਮਖ ਮਾਤਰ ਵੀ ਮਨ ਇਕਾਗਰ ਹੋ ਜਾਵੇ, ਮਨ ਦੀ ਇਕਾਗਰਤਾ ਨਾਲ ਸੁਣਿਆ ਜਾਵੇ ਤਾਂ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੋ ਸਕਦਾ ਹੈ। ਸੋ ਉਸ ਧੁਰ ਕੀ ਬਾਣੀ ਦਾ ਕੀਰਤਨ ਆਪਾਂ ਸੁਣ ਕੇ ਵਡਭਾਗੀ ਬਣੇ ਹਾਂ। ਇਸ ਕੀਰਤਨ ਦੀ ਮਰਿਯਾਦਾ ਧੰਨ ਚੋਜੀ ਪ੍ਰੀਤਮ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਚਲਾਈ ਆਪ ਭਾਈ ਮਰਦਾਨੇ ਨੂੰ ਨਾਲ ਲੈ ਕੇ ਸੰਸਾਰ ਵਿੱਚ ਵਿਚਰ ਕੇ ਚਾਰ ਉਦਾਸੀਆਂ ਧਾਰ ਕੇ ਸੰਸਾਰ ਸਮੁੰਦਰ ਤੋਂ ਜੀਵਾਂ ਦਾ ਪਾਰ ਉਤਾਰਾ ਕਰਨ ਵਾਸਤੇ ਧੁਰ ਕੀ ਬਾਣੀ ਨੂੰ ਆਪ ਗਾਇਨ ਕੀਤਾ ਹੈ, ਕੀਰਤਨ ਦੇ ਰਾਹੀਂ। ਜਦੋਂ ਵੀ ਬਾਣੀ ਆਉਣੀ, ਉਸੇ ਵੇਲੇ ਬਚਨ ਕਰਨਾ ਭਾਈ ਮਰਦਾਨਾ ਜੀ, ਰਬਾਬ ਵਜਾਓ ਬਾਣੀ ਆਈ ਹੈ।

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ (੬੨੮)

ਜੋ ਸੰਸਾਰ ਦੀਆਂ ਸਾਰੀਆਂ ਚਿੰਤਾਵਾਂ ਨੂੰ ਦੂਰ ਕਰਨ ਵਾਲੀ, ਨਾਸ਼ ਕਰਨ ਵਾਲੀ ਬਾਣੀ ਹੈ ਉਸ ਬਾਣੀ ਦੇ ਕੀਰਤਨ ਦੀ ਮਰਿਯਾਦਾ ਆਪ ਗੁਰੂ ਨਾਨਕ ਸਾਹਿਬ ਜੀ ਨੇ ਪ੍ਰਪੱਕ ਕੀਤੀ। ਸਮਾਂ ਆਇਆ, ਨੰਬਰਵਾਰ ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਜੀ ਕੀਰਤਨ ਦਾ ਸਤਿਕਾਰ ਕਰਦੇ ਹੋਏ, ਧੁਰ ਕੀ ਬਾਣੀ ਦੇ ਕੀਰਤਨ ਦਾ ਸਤਿਕਾਰ ਸੰਸਾਰ ਵਿੱਚ ਵਧਾਉਣ ਵਾਸਤੇ ਧੁਰ ਕੀ ਬਾਣੀ ਦੇ ਸਤਿਕਾਰ ਦਾ ਢੰਗ ਤਰੀਕਾ ਦੱਸਣ ਵਾਸਤੇ, ਸੱਚੇ ਪਾਤਿਸ਼ਾਹ ਜੀ ਨੇ ਆਪ ਪਹਿਲਾਂ ਕੌਤਕ ਕਰਕੇ ਵਿਖਾਏ ਹਨ। ਸੱਤਾ ਬਲਵੰਡਾ ਜੋ ਮਰਾਸੀ ਸਨ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸੇਵਾ ਵਿੱਚ ਕੀਰਤਨ ਦੀ ਸੇਵਾ ਕਰਨੀ ਅਰੰਭ ਕਰ ਦਿੱਤੀ। ਸਮਾਂ ਆਇਆ ਉਨ੍ਹਾਂ ਦੀ ਬੀਬੀ (ਪੁੱਤਰੀ) ਦੀ ਸ਼ਾਦੀ ਹੋਣੀ ਸੀ ਉਸ ਵੇਲੇ ਬੇਨਤੀ ਕੀਤੀ ਗਈ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਕਿ ਮਹਾਰਾਜ, ਮਾਇਆ ਦੀ ਲੋੜ ਹੈ ਕ੍ਰਿਪਾ ਕਰਕੇ ਮਾਇਆ ਦਾ ਗੱਫਾ ਬਖਸ਼ੋ, ਅਸੀਂ ਆਪਣੀ ਪੁੱਤਰੀ ਦਾ ਆਨੰਦ ਕਾਰਜ ਕਰਨਾ ਹੈ। ਮਹਾਰਾਜ ਜੀ ਨੇ ਕਿਹਾ, "ਦੱਸੋ, ਕੀ ਚਾਹੁੰਦੇ ਹੋ? ਉਸ ਵੇਲੇ ਬੇਨਤੀ ਕੀਤੀ

Scanned with CamScanner

ਦੋਹਾਂ ਨੇ ਕਿ ਮਹਾਰਾਜ ਸੱਚੇ ਪਾਤਿਸ਼ਾਹ ਜੀ ਇੱਕ ਦਿਨ ਦਾ ਚੜ੍ਹਾਵਾ ਜੋ ਸ੍ਰੀ ਹਰਿਮੰਦਰ ਸਾਹਿਬ ਵਿੱਚ ਆਇਆ ਚੜ੍ਹਦੀ ਹੈ, ਉਹ ਇੱਕ ਦਿਨ ਦਾ ਗੱਫਾ ਦੋ ਦੇਵੋ। ਮਹਾਰਾਜ ਜੀ ਨੇ ਕਿਹਾ ਅੱਛਾ ਭਾਈ ਤੁਸੀਂ ਲੈ ਲਿਓ। ਦਿਨ ਮਿਥਿਆ ਗਿਆ। ਉਸ ਦਿਨ 'ਤੇ ਜਦੋਂ ਚੜ੍ਹਾਵਾ ਆਉਣਾ ਸੀ, ਪਰਮੇਸ਼ਵਰ ਨੇ ਕੌਤਕ ਵਰਤਾ ਦਿੱਤਾ ਬਾਰਸ਼ ਹੋਣੀ ਸ਼ੁਰੂ ਹੋ ਗਈ, ਮਾਇਆ ਘੱਟ ਆਈ ਥੋੜ੍ਹੀ ਮਾਇਆ ਆਉਣ ਦੇ ਕਾਰਨ ਮਨ ਵਿੱਚ ਰੋਸ ਭਰ ਬੈਠੇ। ਗੁਰੂ ਨਾਲੋਂ ਦੂਰ ਹੋ ਬੈਠੇ। ਅਗਲੇ ਦਿਨ ਕੀਰਤਨ ਕਰਨ ਹੀ ਨਾ ਆਏ ਸ੍ਰੀ ਹਰਿਮੰਦਰ ਸਾਹਿਬ ਵਿੱਚ। ਮਹਾਰਾਜ ਜੀ ਨੇ ਧੁਰ ਕੀ ਬਾਣੀ ਦਾ ਸਤਿਕਾਰ ਕਰਦਿਆਂ ਹੋਇਆਂ ਆਪ ਨੰਗੇ ਚਰਨੀਂ ਚੱਲ ਕੇ, ਜੋ ਸਾਰੇ ਸੰਸਾਰ ਨੂੰ ਰਚਨਹਾਰ ਹਨ ਸੱਚੇ ਪਾਤਿਸ਼ਾਹ ਜੀ, ਸਾਰੇ ਸੰਸਾਰ ਦੀ ਪਾਲਣਾ ਕਰਨ ਹਾਰੇ ਹਨ, ਆਪ ਨੰਗੇ ਚਰਨੀਂ ਚੱਲ ਕੇ ਕੀਰਤਨ ਦਾ ਸਤਿਕਾਰ ਕਰਨ ਲਈ, ਸੱਤੇ ਬਲਵੰਡੇ ਦੇ ਘਰੇ ਚਲੇ ਗਏ। ਮਹਾਰਾਜ ਜੀ ਨੇ ਜਾ ਕੇ ਆਖਿਆ "ਗੁਰਮੁਖੋ, ਭਾਈ ਕੀਰਤਨ ਕਰੋ। ਚੱਲ ਕੇ ਕੀਰਤਨ ਸੁਣਾ ਕਰਕੇ ਆਪਣਾ ਜੀਵਨ ਵੀ ਸਫਲ ਕਰੋ, ਸੰਗਤਾਂ ਨੂੰ ਨਿਹਾਲ ਕਰੋ।" ਉਸ ਵੇਲੇ ਹੰਕਾਰ ਕਰ ਬੈਠੇ ਮਾਨ ਕਰ ਬੈਠੇ ਮਨ ਵਿੱਚ ਮਗ਼ਰੂਰੀ ਆ ਗਈ ਜੇ ਅਸੀਂ ਕੀਰਤਨ ਨਾ ਸੁਣਾਇਆ ਅਸੀਂ ਜਿਆਦਾ ਪੜ੍ਹੇ ਹੋਏ ਹਾਂ, ਅਸੀਂ ਜਿਆਦਾ ਵਿਦਵਾਨ ਹਾਂ, ਸਾਨੂੰ ਕੀਰਤਨ ਚੰਗਾ ਆਉਂਦਾ ਹੈ ਹੋਰ ਕੋਈ ਰਾਗੀ ਸਤਿਗੁਰੂ ਜੀ ਪਾਸ ਹੈ ਨਹੀਂ, ਜੇ ਅਸੀਂ ਅੱਜ ਨਾ ਗਏ ਤਾਂ ਕੀਰਤਨ ਰਹਿ ਜਾਵੇਗਾ। ਲੋਕੀ ਹਾਸਾ ਕਰਨਗੇ ਕਿ ਸੱਚੇ ਪਾਤਿਸ਼ਾਹ ਜੀ ਤੋਂ ਅੱਜ ਕੀਰਤਨ ਨਹੀਂ ਹੋ ਸਕਿਆ। ਸਿੱਖਾਂ ਦੇ ਆਸਰੇ ਸੱਚੇ ਪਾਤਿਸ਼ਾਹ ਜੀ ਰਹਿ ਰਹੇ ਹਨ ਇਹ ਮਨ ਦੇ ਵਿੱਚ ਹੰਕਾਰ ਦਾ ਫੁਰਨਾ ਬਣਾ ਬੈਠੇ। ਮੱਤ ਕੁੱਲ ਗਈ, ਹੰਕਾਰ ਦੇ ਨਾਲ ਬਾਉਰੇ ਹੋ ਗਏ। ਉਸ ਵੇਲੇ ਹੰਕਾਰ ਦੀਆਂ ਗੱਲਾਂ ਕਹਿਣ ਲੱਗੇ ਅਸੀਂ ਤੁਹਾਡੇ ਨਾਲ ਨਹੀਂ ਜਾਣਾ ਕੁਬਚਨ ਵੀ ਕਹੇ, ਖੋਟੇ ਬਚਨ ਕਹੇ, ਸਤਿਗੁਰੂ ਜੀ ਸਹਾਰੀ ਗਏ ਪਰ ਜਦੋਂ ਅਧੀਰ ਮਲੀਨ ਬੁੱਧੀ ਹੋਣ ਦਾ ਕਾਰਨ ਮੱਤ ਮਾਰੀ ਗਈ, ਹੰਕਾਰ ਦੇ ਵਿੱਚ ਆ ਕੇ ਕਹਿਣ ਲੱਗੇ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਪਾਤਿਸ਼ਾਹ ਜੀ ਨੂੰ ਦੁਨੀਆਂ ਦੇ ਵਿੱਚ ਕਿਸੇ ਨੇ ਗੁਰੂ ਨਹੀਂ ਸੀ ਮੰਨਣਾ ਜੇ ਸਾਡਾ ਮਰਦਾਨਾ ਨਾਲ ਨਾ ਹੁੰਦਾ, ਜਦੋਂ ਇੰਨਾ ਬਚਨ ਕਿਹਾ, ਨਿੰਦਾ ਕਰਨੀ ਸ਼ੁਰੂ ਕੀਤੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ। ਸਤਿਗੁਰੂ ਜੀ ਨੇ ਆਪਣੀ ਨਿੰਦਿਆ ਆਪਣੀ ਕੰਨੀਂ ਸੁਣ ਲਈ ਪਰ ਕੁੱਝ ਨਹੀਂ ਕਿਹਾ, ਪਰ ਜਦੋਂ ਵੱਡੇ ਸਤਿਗੁਰੂ ਦੀ ਨਿੰਦਿਆ ਕਰਨ ਲਈ ਆਪਣੀ ਜ਼ੁਬਾਨ ਵਿੱਚ ਬਚਨ ਕੱਢੇ, ਉਸੇ ਵੇਲੇ ਸਤਿਗੁਰੂ ਜੀ ਨੇ ਬਚਨ ਕਹਿ ਦਿੱਤਾ ਕਿ ਭਾਈ ਤੁਸੀਂ ਵੱਡੇ ਸਤਿਗੁਰੂ ਦੀ ਨਿੰਦਿਆ ਕਰਦੇ ਹੋ, ਇਸ ਲਈ ਜਿਸ ਜ਼ੁਬਾਨ ਵਿੱਚੋਂ ਇਹ ਅੱਖਰ ਨਿਕਲੇ ਹਨ ਉਸ ਜ਼ੁਬਾਨ ਨੂੰ ਕੋਹੜ ਹੋ ਜਾਣਾ ਚਾਹੀਦਾ ਹੈ। ਵੱਡੇ ਸਤਿਗੁਰਾਂ ਦੀ ਨਿੰਦਾ ਅਸੀਂ ਕਦੇ ਨਹੀਂ ਸਹਾਰ ਸਕਦੇ। ਇਸ ਬਾਰੇ ਸੱਚੇ ਪਾਤਿਸ਼ਾਹ ਜੀ ਨੇ ਬਚਨ ਕਹਿ ਦਿੱਤਾ। ਉਸੇ ਦਿਨ ਹੀ ਉਨ੍ਹਾਂ ਦਾ ਸਰੀਰ ਫਟ ਗਿਆ ਕੋਹੜ ਹੋ ਗਿਆ। ਨਾਲ ਹੀ ਕਹਿ ਦਿੱਤਾ, "ਭਾਈ ਜਿਹੜਾ ਇਨ੍ਹਾਂ ਨੂੰ ਬਖਸ਼ਾਉਣ ਵਾਸਤੇ ਆਵੇਗਾ ਉਸ ਦਾ ਮੂੰਹ ਕਾਲਾ ਕੀਤਾ ਜਾਵੇਗਾ।" ਇਸੇ ਤਰ੍ਹਾਂ ਹੀ ਹੋਇਆ ਸਾਰੀਆਂ ਸੰਗਤਾਂ ਵਿੱਚ ਪਤਾ ਲੱਗ ਗਿਆ ਕੋਈ ਬਖਸ਼ਾਉਣ ਵਾਸਤੇ ਤਿਆਰ ਨਾ ਹੋਵੇ। ਅਧੀਰ ਗੁਰੂ ਕੇ ਸਿੱਖ ਪਿਆਰੇ ਪਰਉਪਕਾਰੀ ਹੁੰਦੇ ਹਨ, ਇਨ੍ਹਾਂ ਨੇ ਸਮਝਿਆ ਕਿ ਹੋਰ ਕੋਈ ਤਰੀਕਾ ਰਹਿ ਨਹੀਂ ਗਿਆ ਗੁਰੂ ਕੇ ਸਿੱਖਾਂ ਦੀ ਸ਼ਰਨ ਲੈਣੀ ਚਾਹੀਦੀ ਹੈ। ਗੁਰ ਕੇ ਸਿੱਖਾਂ ਦੀ ਸ਼ਰਨ ਵਿੱਚ ਜਾ ਕੇ ਗਲ ਵਿੱਚ ਪੱਲਾ ਪਾ ਕੇ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ ਤਾਂ ਹੀ ਅਸੀਂ ਬਖਸ਼ੇ ਜਾਵਾਂਗੇ। ਜੋ ਭਾਈ ਲੱਧਾ ਜੀ ਹਨ ਉਨ੍ਹਾਂ ਦੀ ਸ਼ਰਨ 'ਚ ਗਏ ਬੇਨਤੀ ਕੀਤੀ, "ਤੁਸੀਂ ਪਰਉਪਕਾਰੀ ਹੋ ਸਾਨੂੰ ਬਖਸ਼ ਲਵੋ ਅਸੀਂ ਗਲਤੀ ਕਰ ਬੈਠੇ ਹਾਂ। ਸੱਚੇ ਪਾਤਿਸ਼ਾਹ ਜੀ ਦੇ ਸਨਮੁੱਖ ਜਾਣ ਜੋਗੇ ਨਹੀਂ ਰਹੇ ਅਸੀਂ ਕਿਹੜਾ ਮੂੰਹ ਲੈ ਕੇ ਜਾਈਏ। ਚੋਜੀ ਪ੍ਰੀਤਮ ਸਤਿਗੁਰੂ ਨਾਨਕ ਸਾਹਿਬ ਜੀ ਦੀ ਨਿੰਦਿਆ ਕਰ ਬੈਠੇ ਹਾਂ। ਗੁਰੂ ਘਰ ਤੋਂ ਸਰਾਪੇ ਗਏ ਹਾਂ। ਉਨ੍ਹਾਂ ਨੂੰ ਪੁੱਛਿਆ ਕਿ ਭਾਈ ਗੁਰੂ ਸਾਹਿਬ ਜੀ ਦਾ ਬਚਨ ਕੀ ਹੈ ਤਾਂ ਇਨ੍ਹਾਂ ਦੋਨਾ ਨੇ ਸੱਤੇ ਬਲਵੰਡੇ ਨੇ ਦੱਸਿਆ ਕਿ ਗੁਰੂ ਜੀ ਦਾ ਬਚਨ ਹੈ ਕਿ ਇਨ੍ਹਾਂ ਦੋਵਾਂ ਨੂੰ ਜਿਹੜਾ ਬਖਸ਼ਾਏਗਾ ਉਸ ਦਾ ਮੂੰਹ ਕਾਲਾ ਕੀਤਾ ਜਾਵੇਗਾ। ਗੁਰੂ ਕੇ ਸਿੱਖ ਨੇ ਇਸ ਪੰਗਤੀ ਨੂੰ ਯਾਦ ਕਰਕੇ ਆਪਨਾ ਬਿਰਾਜਿ ਬਿਰਾਜਨਾ ਸਾਂਢੇ (੬੭੫) ਕਿ ਆਪਣਾ ਵਿਗਾੜ ਕੇ ਜੀ ਬਿਗਾਨਿਆਂ ਦਾ ਸਵਾਰਿਆ ਜਾਂਦਾ ਹੈ। ਇਸ ਸਿਧਾਂਤ ਨੂੰ ਮੁੱਖ ਰੱਖਦਿਆਂ ਹੋਇਆਂ ਇਨ੍ਹਾਂ ਦੇ ਜੀਵਨ ਨੂੰ ਸੁਧਾਰਨ ਵਾਸਤੇ ਇਨ੍ਹਾਂ ਦੀ ਗਲਤੀ ਨੂੰ ਮੁਆਫ ਕਰਵਾਉਣ ਵਾਸਤੇ ਭਾਈ ਲੱਧਾ ਜੀ ਨੇ ਕਮਰਕੱਸਾ ਕੀਤਾ ਹੈ ਆਪਣਾ ਮੂੰਹ ਆਪ ਕਾਲਾ ਕਰ ਲਿਆ, ਕਈਆਂ ਦੇ ਤਾਂ ਨਿੰਦਿਆ ਨਾਲ ਜਾਂ ਝੂਠੀਆਂ ਪਰੀਤੀਆਂ ਨਾਲ ਕਾਲੇ ਹੁੰਦੇ, ਉਹ ਦਾਗ਼ ਕਦੇ ਨਹੀਂ ਲਹਿ ਸਕਦੇ ਸੋਚਿਆਂ ਦੀ ਨਿੰਦਿਆ ਕਰੀ ਜਾਣੀ, ਪਰ ਏਸ ਗੁਰੂ ਕੇ ਸਿੱਖ ਨੇ ਪਰ-ਉਪਕਾਰ ਵਾਸਤੇ

Scanned with CamScanner

ਆਪਣਾ ਮੂੰਹ ਕਾਲਾ ਕੀਤਾ ਹੈ। ਮਨ ਵਿੱਚ ਨਿਮਰਤਾ ਧਾਰੀ ਹੋਈ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਪਵਿੱਤਰ ਚਰਨਾਂ ਦਾ ਧਿਆਨ ਆਪਣੇ ਹਿਰਦੇ ਵਿੱਚ ਟਿਕਾਇਆ ਹੈ, ਮੂੰਹ ਕਾਲਾ ਕਰਕੇ ਭਾਈ ਲੱਧਾ ਜੀ ਸੱਤੇ ਬਲਵੰਡੇ ਨੂੰ ਨਾਲ ਲਿਜਾ ਰਹੇ ਹਨ। ਗੁਰੂ ਅਰਜਨ ਸਾਹਿਬ ਜੀ ਸੱਚੇ ਪਾਤਿਸ਼ਾਹ ਜੀ ਸਿੰਘਾਸਨ 'ਤੇ ਸਜੇ ਹੋਏ ਹਨ। ਗਲ਼ ਵਿੱਚ ਪੱਲਾ ਪਇਆ ਹੋਇਆ ਹੈ, ਨਿਮਰਤਾ ਨਾਲ, ਅਧੀਨਗੀ ਨਾਲ ਮਹਾਰਾਜ ਦੀ ਪਵਿੱਤਰ ਹਜ਼ੂਰੀ ਵਿੱਚ ਪਹੁੰਚ ਗਏ ਹਨ। ਮਹਾਰਾਜ ਜੀ ਨੇ ਪੁੱਛਿਆ ਭਾਈ ਲੱਧਾ ਜੀ ਕਿਸ ਵਾਸਤੇ ਇਸ ਤਰੀਕੇ ਨਾਲ ਆਏ ਹੋ। ਹੱਥ ਜੋੜ ਕੇ ਬੇਨਤੀ ਕਰਨ ਲੱਗੇ ਸੱਚੇ ਪਾਤਿਸ਼ਾਹ ਜੀ

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥
ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ॥ (੧੫੬)

ਸਾਡੀ ਸੱਚੇ ਪਾਤਿਸ਼ਾਹ ਜੀ 'ਗਲ ਤਾਈ ਪਾਪ ਕਮਾਏ ਵਰਗੀ ਹਾਲਤ ਹੈ ਜੇ ਆਪ ਜੀ ਇੱਕ-ਇੱਕ ਔਗੁਣ ਨੂੰ ਚਿਤਾਰਨ ਲੱਗੋ, ਵੇਖਣ ਲੱਗੋ, ਕਲਿਯੁਗੀ ਜੀਵਾਂ ਦਾ ਕਦੇ ਪਾਰ ਉਤਾਰਾ ਨਹੀਂ ਹੋਣਾ। ਕ੍ਰਿਪਾ ਕਰੋ, ਕ੍ਰਿਪਾ ਕਰਕੇ ਬਖਸ਼ ਲਵੋ। ਇਨ੍ਹਾਂ ਨੇ ਭਾਵੇਂ ਗਲਤੀ ਕੀਤੀ ਹੈ ਆਪ ਸਮਰੱਥ ਹੋ, ਸਰਬੱਗ ਹੋ, ਇਹ ਅਲਪੱਗ ਜੀਵ ਹਨ। ਕ੍ਰਿਪਾ ਕਰਕੇ ਇਨ੍ਹਾਂ ਦੀ ਗਲਤੀ ਨੂੰ ਮਾਫੀ ਦੇ ਦੇਵੋ। ਉਸ ਵੇਲੇ ਮਹਾਰਾਜ ਕਹਿਣ ਲੱਗੇ ਭਾਈ ਲੱਧਾ ਜੀ ਜੇ ਤੁਸੀਂ ਉਸ ਤਰ੍ਹਾਂ ਹੀ ਆਣ ਕੇ ਬੇਨਤੀ ਕਰ ਦਿੰਦੇ, ਤੁਸੀਂ ਸਾਡੇ ਪਿਆਰੇ ਹੋ, ਹੁਕਮ ਮੰਨਣ ਵਾਲੇ ਹੋ, ਸਿੱਖੀ ਵਿੱਚ ਪ੍ਰਪੱਕ ਹੋ, ਅਸੀਂ ਤੁਹਾਡੀ ਬੇਨਤੀ ਮਨਜ਼ੂਰ ਕਰ ਲੈਣੀ ਸੀ, ਇਸ ਤਰੀਕੇ ਨਾਲ ਕਿਉਂ ਆਉਣਾ ਸੀ? ਤਾਂ ਹੱਥ ਜੋੜ ਕੇ ਨਿਮਰਤਾ ਨਾਲ ਬੇਨਤੀ ਕੀਤੀ, ਹੰਕਾਰ ਨਹੀਂ ਕੀਤਾ ਕਿ ਮੈਂ ਨਹੀਂ ਤੁਹਾਡਾ ਬਚਨ ਮੰਨਣਾ ਜਾਂ ਮੈਂ ਤੁਹਾਡਾ ਬਚਨ ਕਿਉਂ ਮੰਨਾਂ? ਇਹ ਨਹੀਂ ਸੀ ਗੁਰੂ ਦੇ ਪਿਆਰੇ ਦੇ ਮਨ ਵਿੱਚ ਏਨੀ ਸ਼ਾਂਤੀ ਸ਼ਰਧਾ, ਭਰੋਸਾ ਸੀ ਕਿ ਸੱਚੇ ਪਾਤਿਸ਼ਾਹ ਜੀ ਦੇ ਸਨਮੁੱਖ ਸਾਹਮਣੇ ਝਾਕਣਾ ਵੇਖਣਾ ਸੀ ਉਹ ਵੀ ਬੜੀ ਵੱਡੀ ਗੱਲ ਸੀ। ਨਿਮਰਤਾ ਦੇ ਨਾਲ ਗੱਲ ਵਿੱਚ ਪੱਲਾ ਪਾਇਆ ਹੋਇਆ ਹੈ ਹੱਥ ਜੋੜ ਕੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਜੀ ਆਪ ਜੀ ਦੇ ਮੁਖਾਰਬਿੰਦ ਤੋਂ ਇੱਕ ਵੀ ਬਚਨ ਕੋਰਾ ਨਿਕਲ ਗਿਆ ਹੈ, ਉਹ ਅਧੂਰਾ ਨਹੀਂ ਰਹਿਣਾ ਚਾਹੀਦਾ ਪੂਰਾ ਹੋਣਾ ਚਾਹੀਦਾ ਹੈ। ਜੋ ਦਾਸ ਦੀ ਬੇਨਤੀ ਨੂੰ ਉਸੇ ਤਰ੍ਹਾਂ ਮੰਨ ਲੈਂਦੇ ਇਨ੍ਹਾਂ ਬਚਨਾਂ ਦੇ ਵਿੱਚ ਸੰਗਤਾਂ ਨੇ ਫਰਕ ਸਮਝਣਾ ਸੀ ਕਿ ਸਤਿਗੁਰੂ ਦੇ ਬਚਨ ਅਧੂਰੇ ਰਹੇ ਹਨ, ਨਿਸਫਲ ਹੋ ਗਏ ਹਨ। ਬਚਨਾਂ ਨੂੰ ਸਫਲ ਕਰਨ ਵਾਸਤੇ ਮੈਂ ਆਪਣਾ ਮੂੰਹ ਕਾਲਾ ਕੀਤਾ ਹੈ। ਆਪ ਕ੍ਰਿਪਾ ਕਰਕੇ ਬਖਸ਼ ਲਵੋ। ਗੁਰੂ ਕੇ ਪਿਆਰਿਓ, ਇੰਨਾਂ ਪਰਉਪਕਾਰ ਕੀਤਾ ਗੁਰੂ ਕੇ ਸਿੱਖ ਨੇ। ਸੱਚੇ ਪਾਤਿਸ਼ਾਹ ਜੀ ਨੇ 'ਧੁਰ ਕੀ ਬਾਣੀ' ਦਾ ਇੰਨਾ ਸਤਿਕਾਰ ਕਰਨਾ, ਆਪ ਨੰਗੇ ਚਰਨੀਂ ਚੱਲ ਕੇ ਗਰੀਬਾਂ ਦੇ ਘਰੋਂ ਜਾਣਾ, ਉਨ੍ਹਾਂ ਦੀ ਰਸਨਾ ਤੋਂ ਕੁ-ਬਚਨ ਸੁਣਨੇ, ਕੋਈ ਕੌੜਾ ਬਚਨ ਨਾ ਕਹਿਣਾ, ਪਰ ਜਦੋਂ ਵੱਡੇ ਸਤਿਗੁਰਾਂ ਦੀ ਨਿੰਦਾ ਕਰਨੀ, ਉਹ ਨਾ ਸਹਾਰਨੀ। ਉਸ ਦਿਨ ਤੋਂ ਲੈ ਕਰਕੇ ਆਪਣੀਆਂ ਸਿੱਖ ਸੰਗਤਾਂ ਨੂੰ ਸੱਚੇ ਪਾਤਿਸ਼ਾਹ ਜੀ ਨੇ ਕੀਰਤਨ ਦੀ ਦਾਤ ਦਿੱਤੀ। ਆਪ ਸੱਚੇ ਪਾਤਿਸ਼ਾਹ ਜੀ ਨੇ ਹਰਿਮੰਦਰ ਸਾਹਿਬ ਦੇ ਵਿੱਚ ਕੀਰਤਨ ਕੀਤਾ। ਭਾਈ ਬੁੱਢਾ ਜੀ ਭਾਈ ਗੁਰਦਾਸ ਜੀ ਨਾਲ ਹਨ। ਉਸ ਦਿਨ ਦਾ ਜੋ ਅਨੰਦ ਹੋਵੇਗਾ ਰਸ ਹੋਵੇਗਾ, ਕੀਰਤਨ ਦਾ, ਉਹ ਕਥਨ ਕਰਕੇ ਕੋਈ ਦੱਸ ਨਹੀਂ ਸਕਦਾ। ਇਸੇ ਤਰ੍ਹਾਂ ਹੀ ਕਿਹਾ ਜਾ ਸਕਦਾ ਹੈ

ਕਹੁ ਕਬੀਰ ਗੂੰਗੈ ਗੁਡ ਖਾਇਆ ਪੂਛੇ ਤੇ ਕਿਆ ਕਹੀਐ॥ (੩੩੪)
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥ (੧੩੭੦)

ਉਹ ਸੱਚੇ ਪਾਤਿਸ਼ਾਹ ਜੀ ਦੀ ਰਸਨਾ ਤੋਂ ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਕੀਰਤਨ ਸੁਣਿਆ ਹੋਵਗਾ, ਆਨੰਦ ਮਾਣਿਆ ਹੋਵੇਗਾ ਉਹ ਮੌਕੇ ਦੀਆਂ ਸੰਗਤਾਂ ਨੂੰ ਪਤਾ ਹੋਵੇਗਾ। ਪਰ ਕੀਰਤਨ ਦੀ ਵਡਿਆਈ ਸੱਚੇ ਪਾਤਿਸ਼ਾਹ ਜੀ ਨੇ ਗੁਰਬਾਣੀ ਦੇ ਵਿੱਚ ਦੱਸੀ ਹੈ। ਆਪਾਂ ਪਹਿਲਾਂ ਪੰਗਤੀਆਂ ਪੜ੍ਹੀਆਂ ਹਨ ਸੋ ਉਹ ਧੁਰ ਕੀ ਬਾਣੀ ਦਾ ਕੀਰਤਨ ਸੁਣ ਕੇ ਆਪਾਂ ਵਡਭਾਗੀ ਬਣੇ ਹਾਂ। ਜੋ ਆਸਾ ਜੀ ਦੀ ਵਾਰ ਦਾ ਕੀਰਤਨ ਹੈ ਇਹ ਗੁਰੂ ਕੇ ਪਿਆਰਿਓ, ਸੰਸਾਰ ਦੀਆਂ ਸਾਰੀਆਂ ਆਸਾਂ ਪੂਰੀਆਂ ਕਰਨ ਸਮਰੱਥ ਹੈ ਸੰਸਾਰ ਦੀਆਂ ਜਿੰਨੀਆਂ ਵਾਸ਼ਨਾ ਹਨ, ਆਸਾਂ ਹਨ, ਭੁਟਨੇ

Scanned with CamScanner

ਹਨ ਸਾਰਿਆਂ ਨੂੰ ਵਰਜ ਦੇਣ ਵਾਲੀ ਹੈ ਹਟਾ ਦੇਣ ਵਾਲੀ ਹੈ, ਖਤਮ ਕਰ ਦੇਣ ਵਾਲੀ ਹੈ, ਉਸ ਧੁਰ ਕੀ ਬਾਣੀ ਦਾ ਕੀਰਤਨ ਸਰਵਣ ਕਰਕੇ ਵਡਭਾਗੀ ਬਣੇ ਹਾਂ। ਆਪਾਂ ਪਵਿੱਤਰ ਯਾਦ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਮਹਿਤਾ ਵਾਲਿਆਂ ਦੀ ਮਨਾ ਰਹੇ ਹਾਂ। ਉਨ੍ਹਾਂ ਦੀ ਪਵਿੱਤਰ ਯਾਦ ਵਿੱਚ ਆਪਾਂ ਇਹ ਸਾਰਾ ਸਮਾਗਮ ਕੀਤਾ ਹੈ। ਉਨ੍ਹਾਂ ਮਹਾਂਪੁਰਖਾਂ ਦਾ ਜੀਵਨ ਕਿਹੋ ਜਿਹਾ ਹੈ, ਜਹਾਜ ਵਰਗਾ ਹੈ, ਬੋਟੇ ਵਰਗਾ ਹੈ ਜਾਂ ਤੁਲਹੇ ਵਰਗਾ ਹੈ ਕਹਿ ਲਈਏ। ਜੋ ਵੀ ਅੱਖਰ ਗੁਰਮਤਿ ਅਨੁਸਾਰ ਉਨ੍ਹਾਂ ਉਪਰ ਵਰਤਿਆ ਜਾਵੇ ਉਹ ਠੀਕ ਹੈ। ਮਹਾਂਪੁਰਖਾਂ ਨੇ ਜਹਾਜ ਡੁਬ ਹੋ ਕੇ ਜੋ ਵੀ ਇੱਕ ਵਾਰ ਸ਼ਰਨ ਵਿੱਚ ਆ ਗਿਆ ਹੈ, ਸਾਂਭ ਕਰ ਲਿਆ ਹੈ, ਸੰਗਤ ਵਿੱਚ ਮਿਲ ਗਿਆ ਹੈ, ਉਸ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਕੇ ਜਹਾਜ ਉਪਰ ਸਵਾਰੀ ਕਰਾ ਦਿੱਤੀ ਹੈ। ਕਿਸੇ ਨੂੰ ਵੀ ਦੂਰ ਨਹੀਂ ਹੋਣ ਦਿੱਤਾ। ਜੋ ਕੋਈ ਮਾੜੇ ਭਾਗਾਂ ਦਾ ਸ਼ਦਕਾ ਮੱਲ ਮੱਲੀ ਦੂਰ ਚਲਿਆ ਗਿਆ ਹੈ ਉਨ੍ਹਾਂ ਬਾਰੇ ਭਗਤ ਕਬੀਰ ਜੀ ਵੀ ਕਹਿ ਰਹੇ ਹਨ

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥ (੧੩੭੨)

ਭਾਈ ਗੁਰੂ ਸਾਹਿਬ ਜੀ ਵੀ ਕੀ ਕਰਨ, ਜਿਵੇਂ ਬਾਂਸ ਵਿੱਚ ਫੂਕ ਮਾਰੀ ਖਾਲੀ ਚਲੀ ਜਾਂਦੀ ਹੈ-ਜੋ ਦਿੱਤਾ ਹੋਇਆ ਉਪਦੇਸ਼ ਜਾਂ ਸਿੱਖਿਆ ਧਾਰਨ ਨਹੀਂ ਕੀਤੀ ਤਾਂ ਇਸ ਵਿੱਚ ਮਹਾਂਪੁਰਖਾਂ ਦਾ ਕਸੂਰ ਜਾਂ ਗਲਤੀ ਨਹੀਂ ਹੈ। ਇਹ ਆਪਣੇ ਮਾੜੇ ਭਾਗਾਂ ਦਾ ਸਦਕਾ ਹੈ, ਮਾੜੇ ਭਾਗਾਂ ਦੀ ਨਿਸ਼ਾਨੀ ਹੈ ਜੋ ਮਹਾਂਪੁਰਖਾਂ ਦੇ ਬਚਨਾਂ ਨੂੰ ਛੱਡ ਕਰਕੇ ਅਸੀਂ ਦੂਰ ਹੋਏ ਹਾਂ ਜਾਂ ਸਾਡੇ ਮਨ ਦੀ ਇਕਾਗਰਤਾ ਨਹੀਂ ਹੋਈ। ਇਹਦੇ ਵਿੱਚ ਅਸੀਂ ਇਹ ਨਹੀਂ ਕਹਿ ਸਕਦੇ ਕਿ ਮਹਾਂਪੁਰਖਾਂ ਵਿੱਚ ਕੋਈ ਸ਼ਕਤੀ ਨਹੀਂ ਸੀ ਜਾਂ ਮਹਾਂਪੁਰਖਾਂ ਨੇ ਸਾਨੂੰ ਚੰਗੀ ਸਿੱਖਿਆ ਨਹੀਂ ਦਿੱਤੀ। ਇਹ ਸਾਡੇ ਮਨ ਦੀ ਇਕਾਗਰਤਾ ਨਾ ਹੋਣ ਕਰਕੇ, ਮਲੀਨ ਬੁੱਧੀ ਹੋਣ ਦਾ ਕਾਰਨ, ਮਾੜੇ ਭਾਗਾਂ ਦਾ ਕਾਰਨ ਇਹ ਸਾਡੇ ਮਨਾਂ ਵਿੱਚ ਫੁਰਨੇ ਹਨ। ਜੇ ਕਮਲ ਨੂੰ ਭੌਂ ਕਹਿ ਦੇਵੇ ਕਿ ਇਸ ਵਿੱਚ ਸੁਗੰਧੀ ਨਹੀਂ ਹੈ ਤਾਂ ਸਿਆਣਾ ਬੰਦਾ ਕਦੇ ਨਹੀਂ ਮੰਨਦਾ। ਇਸੇ ਤਰ੍ਹਾਂ ਜੋ ਚਿੱਚੜ ਹੈ ਉਹ ਕਹਿ ਦੇਵੇ ਕਿ ਹਵਾਨੇ ਵਿੱਚ ਦੁੱਧ ਨਹੀਂ ਤਾਂ ਕੋਈ ਵੀ ਗੁਰਮੁਖ ਪਿਆਰਾ ਗੁਰੂ ਕਾ ਸਿੱਖ ਨਹੀਂ ਮੰਨਦਾ, ਜੇ ਉੱਲੂ ਕਹਿ ਦੇਵੇ ਸੂਰਜ ਦੇ ਵਿੱਚ ਚਾਨਣੀ ਨਹੀਂ ਹੈ ਰੌਸ਼ਨੀ ਨਹੀਂ, ਸੂਰਜ ਚੜ੍ਹਦਾ ਹੀ ਨਹੀਂ ਹੈ ਤਾਂ ਇਹ ਗੁਰੂ ਕੇ ਪਿਆਰੇ ਗੁਰੂ ਕੇ ਸਿੱਖ ਕਦੇ ਮੰਨਦੇ ਨਹੀਂ। ਜਿਨ੍ਹਾਂ ਨੂੰ ਸਿੱਖਿਆ ਹੈ, ਗਿਆਤ ਹੈ, ਸੂਰਜ ਵੀ ਚੜ੍ਹਦਾ ਹੈ, ਹਵਾਨੇ ਵਿੱਚ ਦੁੱਧ ਵੀ ਹੈ, ਕਮਲ ਵਿੱਚ ਸੁਗੰਧੀ ਵੀ ਹੈ ਉਸ ਆਨੰਦ ਨੂੰ ਭੰਵਰਾ ਮਾਣ ਸਕਦਾ ਹੈ ਜਿਨ੍ਹਾਂ ਨੂੰ ਗਿਆਤ ਹੈ ਉਹ ਅੰਮ੍ਰਿਤ ਦੁੱਧ ਨੂੰ ਪੀ ਸਕਦੇ ਹਨ। ਜਿਨ੍ਹਾਂ ਨੂੰ ਗਿਆਤ ਹੈ ਉਹ ਗੁਰੂ ਦਾ ਗਿਆਨ ਲੈ ਕੇ ਹਿਰਦੇ ਵਿੱਚੋਂ ਅਗਿਆਨ ਦਾ ਹਨ੍ਹੇਰਾ ਚੁੱਕ ਸਕਦੇ ਹਨ। ਧੁਰ ਕੀ ਬਾਣੀ ਦਾ ਪ੍ਰਕਾਸ਼ ਆਪਣੇ ਹਿਰਦੇ ਵਿੱਚ ਕਰ ਸਕਦੇ ਹਨ। ਜਿਨ੍ਹਾਂ ਨੂੰ ਸੱਚੇ ਪਾਤਿਸ਼ਾਹ ਜੀ ਨੇ ਕ੍ਰਿਪਾ ਕੀਤੀ ਹੈ, ਬਖਸ਼ਿਸ਼ ਕੀਤੀ ਹੈ, ਉਨ੍ਹਾਂ ਮਹਾਂਪੁਰਖਾਂ ਨੇ ਸੰਸਾਰ ਵਿੱਚ ਜਨਮ ਲੈ ਕਰਕੇ ਬੁਰੇ ਨਗਰ ਵਿੱਚ ਬਾਲ ਅਵਸਥਾ ਵਿੱਚ ਜੋ-ਜੋ ਕੌਤਕ ਕੀਤੇ, ਜੋ ਕਰਤੱਵ ਕੀਤੇ, ਜੋ ਸੇਵਾਵਾਂ ਕੀਤੀਆਂ ਉਨ੍ਹਾਂ ਵਾਸਤੇ ਕਥਨ ਕਰਕੇ ਦੱਸਣਾ ਬੜੀ ਮੁਸ਼ਕਿਲ ਗੱਲ ਹੈ। ਇੱਕ ਅੱਧਾ ਗੁਣ, ਜਿਵੇਂ ਦਾਲ ਰਿੰਨ੍ਹੀ ਹੋਵੇ ਜਾਂ ਚੌਲ ਰਿੰਨ੍ਹੇ ਹੋਣ ਉਨ੍ਹਾਂ ਨੂੰ ਪਰਖਣ ਵਾਸਤੇ ਇੱਕ ਅੱਧਾ ਚੌਲ ਕੱਢ ਕੇ ਦੇਖਿਆ ਜਾ ਸਕਦਾ ਹੈ ਕਿ ਇਹ ਰਿੰਨ੍ਹਿਆ ਹੈ ਜਾਂ ਕੱਚਾ ਹੈ। ਇਸੇ ਤਰ੍ਹਾਂ ਹੀ ਇੱਕ ਗੁਣ ਨੂੰ ਲੈ ਕੇ ਵੇਖਣ ਵਾਸਤੇ ਪਰਖਣ ਵਾਸਤੇ ਜਾਂ ਦੱਸਣ ਵਾਸਤੇ ਸਮਝਾਇਆ ਜਾ ਸਕਦਾ ਹੈ। ਸਮੱਗਰ ਰੂਪ ਵਿੱਚ ਜੋ ਮਹਾਂਪੁਰਖਾਂ ਦੇ ਗੁਣ ਕਥਨ ਕਰਨੇ ਹਨ ਇਹ ਅਕਹਿ ਹਨ ਕਦੇ ਨਹੀਂ ਦੱਸੇ ਜਾ ਸਕਦੇ।

ਮਹਾਂਪੁਰਖਾਂ ਨੇ ਬੁਰੇ ਨਗਰ ਵਿੱਚ ਜਨਮ ਲੈ ਕੇ ਛੋਟੀ ਉਮਰ ਤੋਂ ਹੀ ਵਿਰਾਸਤ ਵਿੱਚ ਮਿਲੀ ਸਿੱਖੀ ਨੂੰ ਧਾਰਨ ਕਰ ਲਿਆ। ਅਕਾਲ ਪੁਰਖ ਦੀ ਕ੍ਰਿਪਾ ਸਦਕਾ ਆਪ ਚੌਰੰਜਨ ਬੁੱਧੀ ਦੇ ਮਾਲਕ ਸਨ। ਜਿੱਥੇ ਦੁਨਿਆਵੀ ਵਿੱਦਿਆ ਪੜ੍ਹਨ ਵਿੱਚ ਵੀ ਪੂਰੀ ਤਰ੍ਹਾਂ ਨਿਪੁੰਨ ਸਨ ਅਤੇ ਨਾਲ ਨਾਲ ਪਿੰਡ ਦੇ ਹੀ ਇੱਕ ਮਹਾਤਮਾ ਤੋਂ ਗੁਰਬਾਣੀ ਸਿੱਖਣੀ, ਉਸ ਨੂੰ ਕੰਠ ਕਰਨਾ ਅਤੇ ਉਸ ਦਾ ਅਭਿਆਸ ਕਰਨਾ ਜਾਰੀ ਕਰ ਦਿੱਤਾ। ਆਪ ਨੇ ਛੋਟੀ ਉਮਰ ਵਿੱਚ ਹੀ ਪੰਜ ਗ੍ਰੰਥੀ ਬਾਣੀਆਂ ਕੰਠ ਕਰ ਲਈ ਸੀ। ਜਦੋਂ ਆਪ 11ਵੀ ਜਮਾਤ ਵਿੱਚ ਪੜ੍ਹਦੇ ਸਨ ਤਾਂ ਉਸ ਵੇਲੇ ਪੜ੍ਹਾਈ ਦੇ ਨਾਲ-ਨਾਲ 25 ਪਾਠ ਕਰਿਆ ਕਰਦੇ, ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਦਾਖਲਾ ਲੈ ਲਿਆ। ਆਪ ਨੇ ਰੋਜਾਨਾ ਦਾ ਨਿਯਮ ਬਣਾਇਆ ਕਿ ਆਪ ਕਾਲਜ ਤੋਂ ਨੰਗੇ ਪੈਰੀ ਚੱਲ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਂਦੇ, ਦਰਸ਼ਨ ਦੀਦਾਰੇ

Scanned with CamScanner

ਕਰਦੇ, ਮੱਥਾ ਟੇਕਦੇ ਅਤੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਵੀ ਕਰਦੇ। ਨਾਲ-ਨਾਲ ਸ੍ਰੀ ਜਪੁਜੀ ਸਾਹਿਬ ਦੇ 25 ਪਾਠ ਵੀ ਜਾਰੀ ਰੱਖੇ। 12ਵੀਂ ਜਮਾਤ ਤੋਂ ਉਪਰੰਤ ਆਪ ਜੀ ਨੇ ਥੋੜ੍ਹਾ ਸਮਾਂ ਸ੍ਰੀ ਮੁਕਤਸਰ ਸਾਹਿਬ ਵਿਖੇ ਪਟਵਾਰੀ ਦੀ ਨੌਕਰੀ ਵੀ ਕੀਤੀ। ਪਰ ਦੁਨਿਆਵੀ ਨੌਕਰੀ ਵਿੱਚ ਆਪ ਜੀ ਦੀ ਰੁਚੀ ਨਹੀਂ ਸੀ। ਇਸ ਲਈ ਆਪ ਜੀ ਨੇ ਆਪਣੇ ਭੂਆ ਦੇ ਪੁੱਤਰ ਭਗਤ ਉਜਾਗਰ ਸਿੰਘ ਦੇ ਉਪਰਾਲੇ ਸਦਕਾ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨਾਲ ਸੇਵਾ ਕਰਨ ਦਾ ਉਪਰਾਲਾ ਕਰ ਲਿਆ। ਆਪ ਜੀ ਨੇ 13 ਸਾਲ ਜਥੇ ਵਿੱਚ ਰਹਿ ਕੇ ਬਹੁਤ ਕਠਿਨ ਸੇਵਾ ਨਿਭਾਈ ਅਤੇ ਮਹਾਂਪੁਰਖਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਭਾਵੇਂ ਕਿ ਇਸ ਸਮੇਂ ਦੌਰਾਨ ਆਪ ਜੀ ਦੀਆਂ ਭਾਰੀ ਪਰਖਾਂ ਵੀ ਹੋਈਆਂ। ਜਿਵੇਂ ਇੱਕ ਵਾਰੀ ਵੱਡੇ ਮਹਾਂਪੁਰਖਾਂ ਨੇ ਕਿਹਾ ਕਿ ਭਾਈ ਕਰਤਾਰ ਸਿੰਘਾਂ ਸਾਨੂੰ 8 ਹਜ਼ਾਰ ਰੁਪਿਆ ਚਾਹੀਦਾ ਹੈ, ਤਾਂ ਆਪ ਜੀ ਨੇ ਸੰਤਿਬਚਨ ਕਹਿ ਕੇ 8 ਹਜ਼ਾਰ ਰੁਪਏ ਦਾ ਇੰਤਜਾਮ ਕਰਨ ਲਈ ਯਤਨ ਆਰੰਭੇ। 1956 ਵਿੱਚ ਪੈਸੇ ਦੀ ਬੜੀ ਕੀਮਤ ਸੀ। ਉਸ ਸਮੇਂ 8 ਹਜ਼ਾਰ ਰੁਪਏ ਇਕੱਤਰ ਕਰਨੇ ਕੋਈ ਸੌਖੀ ਗੱਲ ਨਹੀਂ ਸੀ ਅਤੇ ਘਰ ਵਿੱਚ ਅਤਿ ਗਰੀਬੀ ਸੀ। ਇਸ ਲਈ ਘਰ ਵਿੱਚੋਂ 8 ਹਜ਼ਾਰ ਰੁਪਏ ਪ੍ਰਾਪਤ ਕਰਨੇ ਮੁਸ਼ਕਿਲ ਸਨ। ਭਗਤ ਉਜਾਗਰ ਸਿੰਘ, ਭਾਈ ਜਗੀਰ ਸਿੰਘ ਧੀਰੇਪੱਤਰੇ ਆਦਿ ਦੀ ਮੱਦਦ ਨਾਲ ਮਾਇਆ ਇਕੱਤਰ ਕੀਤੀ। ਪੂਰੀ ਕੋਸ਼ਿਸ਼ ਤੋਂ ਉਪਰੰਤ ਇਹ ਮਾਇਆ 7500 ਰੁਪਏ ਹੀ ਹੋ ਸਕੀ। ਇੰਨੀ ਮਾਇਆ ਲੈ ਕੇ ਹੀ ਆਪ ਜੀ ਮਹਾਂਪੁਰਖਾਂ ਪਾਸ ਭਿੰਡਰਾਂ ਪਹੁੰਚ ਗਏ ਅਤੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਮਹਾਂਪੁਰਖ! ਇਹ ਮਾਇਆ ਸਵੀਕਾਰ ਕਰੋ ਤਾਂ ਸੰਤਾਂ ਨੇ ਪੁੱਛਿਆ ਕਿ ਭਾਈ ਮਾਇਆ ਕਿਤਨੀ ਹੈ? ਤਾਂ ਨਿਮਰਤਾ ਨਾਲ ਕਿਹਾ ਕਿ ਜੀ 500 ਰੁਪਏ ਘੱਟ ਹਨ ਤਾਂ ਮਹਾਂਪੁਰਖਾਂ ਨੇ ਕਿਹਾ ਕਿ ਅਸੀਂ ਤੇਰੀ ਮਾਇਆ ਦੇ ਭੁੱਖੇ ਨਹੀਂ, ਸਾਨੂੰ ਨਹੀਂ ਚਾਹੀਦੀ ਇਹ ਮਾਇਆ। ਤੈਨੂੰ ਹੁਕਮ ਮੰਨਣਾ ਚਾਹੀਦਾ ਹੈ ਅਤੇ ਪੂਰੀ ਮਾਇਆ ਦੇਣੀ ਚਾਹੀਦੀ ਹੈ। ਫਿਰ ਸੰਤਿਬਚਨ ਕਹਿ ਕੇ ਚੱਲ ਪਏ ਅਤੇ ਹੋਰ ਸੱਜਣਾਂ ਮਿੱਤਰਾਂ, ਗੁਰਮੁਖਾਂ ਤੋਂ ਬੜੀ ਮੁਸ਼ਕਿਲ ਨਾਲ ਪੰਜ ਸੌ ਰੁਪਏ ਇਕੱਤਰ ਕੀਤੇ ਅਤੇ ਟੋਟਲ 8 ਹਜ਼ਾਰ ਰੁਪਏ ਮਹਾਂਪੁਰਖਾਂ ਕੋਲ ਲੈ ਕੇ ਹਾਜ਼ਰ ਹੋਏ। ਜਦੋਂ ਮਹਾਂਪੁਰਖਾਂ ਪਾਸ ਪਹੁੰਚੇ ਤਾਂ ਮਹਾਂਪੁਰਖਾਂ ਨੇ ਕੁੱਝ ਵੀ ਨਹੀਂ ਪੁੱਛਿਆ ਨਾ, ਹੀ ਪੁੱਛਿਆ ਕਿ ਕਿਤਨੀ ਮਾਇਆ ਹੈ? ਕਿਉਂਕਿ ਉਹ ਜਾਣੋਜਾਣ ਸਨ। ਉਨ੍ਹਾਂ ਨੇ ਬੜੇ ਪ੍ਰੇਮ ਨਾਲ ਇਨ੍ਹਾਂ ਨੂੰ ਗਲਵੱਕੜੀ ਵਿੱਚ ਲੈ ਲਿਆ ਅਤੇ ਬਹੁਤ ਅਸੀਸਾਂ ਦਿੱਤੀਆਂ। ਅੱਜ ਅਸੀਂ ਉਨ੍ਹਾਂ ਮਹਾਂਪੁਰਖਾਂ ਦੀ ਯਾਦ ਮਨਾ ਰਹੇ ਹਾਂ ਜਿਨ੍ਹਾਂ ਨੇ ਅੜਿ ਗਰੀਬੀ ਵਿੱਚੋਂ ਉੱਠ ਕੇ ਕਠਿਨ ਤੋਂ ਕਠਿਨ ਸੇਵਾ ਕੀਤੀ ਅਤੇ ਹਿੰਦੋਸਤਾਨ ਦੇ ਕੋਨੇ ਕੋਨੇ ਵਿੱਚ ਗੁਰਸਿੱਖੀ ਦਾ ਪ੍ਰਚਾਰ ਕੀਤਾ। ਬੇਅੰਤ ਗੁਰਸਿੱਖਾਂ ਨੂੰ ਗੁਰਬਾਣੀ ਦੇ ਅਰਥ ਸਿਖਾਏ, ਗਿਆਨੀ ਬਣਾਏ ਅਤੇ ਬਹੁਤ ਸਾਰੀਆਂ ਸਿੱਖ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਇਆ। ਇਸ ਲਈ ਉਨ੍ਹਾਂ ਦਾ ਮਹਾਨ ਜੀਵਨ ਹੈ। ਸਾਨੂੰ ਉਸ ਤੋਂ ਸਿੱਖਿਆ ਪ੍ਰਾਪਤ ਕਰਨੀ ਚਾਹੀਦੀ ਹੈ।"

ਏਨੀ ਕੁ ਮਹਾਂਪੁਰਖਾਂ ਦੀ ਜੀਵਨੀ ਸੁਣਾਉਣ ਉਪਰੰਤ ਆਪ ਜੀ ਨੇ ਗੁਰਬਾਣੀ ਦੀ ਲੜੀਵਾਰ ਕਥਾ ਦੀ ਆਰੰਭਤਾ ਕੀਤੀ ਅਤੇ ਬਹੁਤ ਹੀ ਭਾਵਪੂਰਤ ਅਰਥ ਸੁਣਾਏ। ਜਿਸ ਨਾਲ ਜੱਥੇ ਦੇ ਸਾਰੇ ਸਿੰਘ ਬਹੁਤ ਪ੍ਰਸੰਨ ਸਨ ਅਤੇ ਉਹ ਕਲਗੀਧਰ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਸ਼ੁਕਰਾਨਾ ਕਰ ਰਹੇ ਸਨ ਕਿ ਦਮਦਮੀ ਟਕਸਾਲ ਦੇ ਉਹ ਆਪ ਹੀ ਮਾਲਕ ਹਨ। ਇਸ ਲਈ ਜੋ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਅਕਾਲ ਚਲਾਣੇ ਕਰ ਜਾਣ ਤੋਂ ਇੱਕ ਤਰ੍ਹਾਂ ਨਾਲ ਵਿਦਿਆ ਪੱਖ ਤੋਂ ਹਨ੍ਹੇਰਾ ਛਾ ਗਿਆ ਸੀ, ਉਸ ਨੂੰ ਸ਼ਭਿਗੁਰੂ ਜੀ ਨੇ ਆਪ ਹੀ ਦੂਰ ਕਰ ਦਿੱਤਾ ਹੈ ਅਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਵਾਂਗ ਹੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਤੋਂ ਕਲਗੀਧਰ ਆਪ ਸੇਵਾ ਲੈਣਗੇ। ਕਥਾ ਦੀ ਸਮਾਪਤੀ ਤੋਂ ਉਪਰੰਤ ਅਰਦਾਸ ਹੋਈ, ਦੇਗ ਵਰਤਾਈ ਗਈ ਅਤੇ ਆਏ ਹੋਏ ਮਹਾਂਪੁਰਖਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਢੰਗ ਨਾਲ ਦਮਦਮੀ ਟਕਸਾਲ ਦੀ ਲੜੀਵਾਰ ਕਥਾ ਦੀ ਆਰੰਭਤਾ ਹੋ ਗਈ।

ਇਸੇ ਦਿਨ ਹੀ ਇੱਕ ਵਿਲੱਖਣ ਘਟਨਾ ਵਾਪਰੀ

ਦਮਦਮੀ ਟਕਸਾਲ ਦੇ 12ਵੇਂ ਮੁਖੀ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਿਦਿਆਰਥੀ ਗਿਆਨੀ ਸੁਰਜੀਤ ਸਿੰਘ ਸੇਧੀ ਜੋ ਕਿ ਜੱਥੇ ਦੇ ਦੂਸਰੇ ਸਿੰਘਾਂ ਵਾਂਗ ਸੰਤ ਸ਼ਹਿਰਦ ਸੰਤ ਮਾਰਗ

Scanned with CamScanner

ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸੱਚਖੰਡ ਪਿਆਨਾ ਕਰ ਜਾਣ ਉਪਰੰਤ ਮਾਨਸਿਕ ਤੌਰ ਤੇ ਗਮਗੀਨ ਸਨ ਅਤੇ ਮਨ ਹੀ ਮਨ ਵਿੱਚ ਸੋਚ ਰਹੇ ਸਨ ਕਿ ਸ਼ਾਇਦ ਟਕਸਾਲ ਦੀ ਪਹਿਲਾਂ ਵਾਂਗ ਕਥਾ ਦੀ ਪੜ੍ਹਾਈ ਪ੍ਰਚਲਿਤ ਨਾ ਰਹਿ ਸਕੇ। ਇਸ ਲਈ ਉਨ੍ਹਾਂ ਮਨ ਵਿੱਚ ਸੋਚਿਆ ਕਿ ਸੰਤਾਂ ਦੀ ਯਾਦ ਵਿੱਚ ਰੱਖੇ ਪਾਠਾਂ ਦੀ ਲੜੀ ਦੇ ਭੋਗ ਉਪਰੰਤ ਚੁੱਪਚਾਪ ਇੱਥੋਂ ਚਲਾ ਜਾਵਾਂਗਾ ਅਤੇ ਕਿਸੇ ਨਾ ਕਿਸੇ ਸਥਾਨ ਤੇ ਰਹਿ ਕੇ ਜਿਨਾ ਵੀ ਹੋ ਸਕੇ ਗੁਰਮਤਿ ਦੀ ਵਿੱਦਿਆ ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਯਤਨ ਕਰਾਂਗਾ। ਪਰ ਹਾਲੇ ਇਹ ਨਿਰਣਾ ਨਹੀਂ ਸਨ ਕਰ ਸਕੇ ਕਿ ਕਿਸ ਜਗ੍ਹਾ ਤੇ ਜਾ ਕੇ ਰਹਿਣਾ ਹੈ। ਜਿਸ ਦਿਨ 126 ਸ੍ਰੀ ਅਖੰਡ ਪਾਠ ਸਾਹਿਬਾਨਾਂ ਦੀ ਲੜੀ ਦੇ ਭੋਗ ਪਾਏ ਗਏ ਤਾਂ ਗਿਆਨੀ ਸੁਰਜੀਤ ਸਿੰਘ ਸੋਧੀ ਚੁੱਪਚਾਪ ਗੁਰਦੁਆਰਾ ਸਾਹਿਬ ਤੋਂ ਮੱਥਾ ਟੇਕ ਕੇ ਆਪਣੇ ਕਮਰੇ ਵਿੱਚ ਆ ਗਏ ਅਤੇ ਇਥੋਂ ਆਪਣਾ ਜ਼ਰੂਰੀ ਸਮਾਨ ਪਹਿਨਣ ਵਾਲੇ ਵਸਤਰ, ਪੜ੍ਹਣ ਵਾਲੀਆਂ ਪੋਥੀਆਂ ਆਦਿ ਸਾਂਭ ਕੇ ਇੱਥੋਂ ਜਾਣ ਦੀ ਤਿਆਰੀ ਕਰ ਲਈ ਜਦੋਂ ਗੁਰਦੁਆਰਾ ਸਾਹਿਬ ਵਿਖੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੇ ਜੱਥੇ ਦੀ ਲੜੀਵਾਰ ਕਥਾ ਦੀ ਆਰੰਭਤਾ ਕੀਤੀ ਤਾਂ ਗਿਆਨੀ ਸੁਰਜੀਤ ਸਿੰਘ ਸੋਧੀ ਆਪਣੇ ਕਮਰੇ ਦੇ ਬਾਹਰ ਬਰਾਂਡੇ ਵਿੱਚ ਆਪਣਾ ਸਮਾਨ ਰੱਖ ਕੇ ਮਹਿਤੇ ਚੌਕ ਵੱਲ ਜਾਣ ਵਾਸਤੇ ਕਿਸੇ ਸਵਾਰੀ ਦਾ ਇੰਤਜ਼ਾਰ ਕਰ ਰਹੇ ਸਨ ਤਾਂ ਉਨ੍ਹਾਂ ਦੇ ਕੰਨਾਂ ਵਿੱਚ ਕਥਾ ਦੀ ਆਵਾਜ਼ ਪਈ ਤਾਂ ਉਹ ਬੜੇ ਧਿਆਨ ਨਾਲ ਕਥਾ ਸੁਣਨ ਲੱਗੇ। ਉਨ੍ਹਾਂ ਨੂੰ ਇਉਂ ਲੱਗਿਆ ਜਿਵੇਂ ਵੱਡੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕਥਾ ਕਰਦੇ ਹੋਣ। ਕਾਫੀ ਸਮਾਂ ਕਥਾ ਸੁਣਦਿਆਂ ਵੀ ਉਨ੍ਹਾਂ ਨੂੰ ਇਸੇ ਤਰ੍ਹਾਂ ਹੀ ਪ੍ਰਤੀਤ ਹੋਇਆ ਤਾਂ ਉਨ੍ਹਾਂ ਨੇ ਜਥੇ ਦੇ ਇੱਕ ਭੁਝੰਗੀ ਨੂੰ ਬੁਲਾ ਕੇ ਕਿਹਾ ਕਿ ਤੂੰ ਗੁਰਦੁਆਰਾ ਸਾਹਿਬ ਦੇ ਅੰਦਰ ਜਾਹ ਅਤੇ ਵੇਖ ਕੇ ਆ ਕਿ ਕਥਾ ਦੀ ਟੇਪ ਰਿਕਾਰਡ ਲੱਗੀ ਜਾਂ ਕੋਈ ਹੋਰ ਕਥਾ ਕਰ ਰਿਹਾ ਹੈ? ਉਹ ਭੁਝੰਗੀ ਗੁਰਦੁਆਰੇ ਗਿਆ ਅਤੇ ਕੁੱਝ ਸਮੇਂ ਬਾਅਦ ਉਸ ਨੇ ਵਾਪਸ ਆ ਕੇ ਦੱਸਿਆ ਕਿ ਟੇਪ ਰਿਕਾਰਡ ਨਹੀਂ ਲੱਗੀ। ਕੋਈ ਸਿੰਘ ਕਥਾ ਕਰ ਰਿਹਾ ਹੈ ਤਾਂ ਸੋਧੀ ਜੀ ਨੇ ਪੁੱਛਿਆ ਕਿ ਕੌਣ ਸਿੰਘ ਕਥਾ ਕਰ ਰਿਹਾ ਹੈ ਤਾਂ ਉਸ ਨੇ ਕਿਹਾ ਜਿਸ ਨੂੰ ਤੁਸੀਂ ਨਵਾਂ ਸੰਤ ਚੁਣਿਆ ਹੈ ਉਹ ਹੀ ਹੈ, ਤਾਂ ਸੋਧੀ ਜੀ ਨੇ ਤਸੱਲੀ ਕਰਨ ਵਾਸਤੇ ਚਾਹਿਆ ਕਿ ਮੈਂ ਖੁਦ ਜਾ ਕੇ ਵੇਖਾਂ ਸ਼ਾਇਦ ਇਸ ਭੁਝੰਗੀ ਨੂੰ ਮੇਰੀ ਗੱਲ ਦੀ ਚੰਗੀ ਤਰ੍ਹਾਂ ਸਮਝ ਨਹੀਂ ਲੱਗੀ। ਇਸ ਲਈ ਸੋਧੀ ਜੀ ਆਪ ਗੁਰਦੁਆਰਾ ਸਾਹਿਬ ਗਏ ਤੇ ਰਸਤੇ ਵਿੱਚ ਜਾਂਦਿਆਂ ਵੀ ਧਿਆਨ ਨਾਲ ਕਥਾ ਸੁਣ ਰਹੇ ਹਨ ਅਤੇ ਇਵੇਂ ਹੀ ਮਹਿਸੂਸ ਹੋ ਰਿਹਾ ਹੈ ਕਿ ਵੱਡੇ ਸੰਤ ਜੀ ਕਥਾ ਕਰ ਰਹੇ ਹਨ। ਉਹ ਅੰਦਰ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਵੇਖਿਆ ਕਿ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਕਥਾ ਕਰ ਰਹੇ ਹਨ। ਉਨ੍ਹਾਂ ਨੇ ਕੁੱਝ ਸਮਾਂ ਅੰਦਰ ਬੈਠ ਕੇ ਕਥਾ ਸੁਣੀ ਅਤੇ ਫਿਰ ਮੱਥਾ ਟੇਕ ਕੇ ਬਾਹਰ ਆ ਗਏ ਅਤੇ ਚੁੱਪਚਾਪ ਆਪਣਾ ਸਮਾਨ ਫਿਰ ਆਪਣੇ ਕਮਰੇ ਵਿੱਚ ਰੱਖ ਦਿੱਤਾ। ਮਨ ਹੀ ਮਨ ਵਿੱਚ ਸੋਚਣ ਲੱਗੇ ਮੇਰੇ ਮਨ ਵਿੱਚ ਬਹੁਤ ਵੱਡਾ ਭੁਲੇਖਾ ਸੀ ਜੋ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪ ਕ੍ਰਿਪਾ ਕਰਕੇ ਕੱਢ ਦਿੱਤਾ ਹੈ। ਕਿਉਂਕਿ ਉਹ ਆਪ ਹੀ ਇਸ ਟਕਸਾਲ ਦੇ ਮਾਲਕ ਹਨ। ਇਸ ਲਈ ਉਹ ਆਪ ਹੀ ਦਮਦਮੀ ਟਕਸਾਲ ਦੀ ਵਿੱਦਿਆ ਪ੍ਰਣਾਲੀ ਨੂੰ ਪ੍ਰਚਲਿਤ ਰੱਖਣਗੇ ਅਤੇ ਇਹ ਸੇਵਾ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਜੀ ਉਪਰ ਕ੍ਰਿਪਾ ਕਰਕੇ ਉਨ੍ਹਾਂ ਤੋਂ ਲੈਣਗੇ।

ਗਿਆਨੀ ਸੁਰਜੀਤ ਸਿੰਘ ਸੋਧੀ ਅੱਜ ਵੀ ਦਮਦਮੀ ਟਕਸਾਲ ਵਿਖੇ ਰਹਿ ਕੇ ਵਿਦਿਆਰਥੀਆਂ ਨੂੰ ਵਿੱਦਿਆ ਪੜ੍ਹਾ ਰਹੇ ਹਨ ਅਤੇ ਨਾਲ-ਨਾਲ ਕਈ ਪੜਾਵਾਂ ਤੇ ਵੀ ਵਿੱਦਿਆ ਦਾ ਪ੍ਰਬੰਧ ਕੀਤਾ ਹੋਇਆ ਹੈ, ਜਿਥੇ ਦਮਦਮੀ ਟਕਸਾਲ ਦੇ ਪੜ੍ਹੇ ਹੋਏ ਵਿਦਵਾਨ ਗਿਆਨੀ ਉਸਤਾਦ ਰੱਖ ਕੇ ਗੁਰਮਤਿ ਦੀ ਵਿੱਦਿਆ ਪੜ੍ਹਾ ਰਹੇ ਹਨ।

ਸਿੰਘਾਂ ਦੇ ਮਨ ਦੀ ਗੱਲ ਸਮਝ ਕੇ ਉਨ੍ਹਾਂ ਦੇ ਸ਼ੰਕੇ ਦੂਰ ਕਰਨੇ

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਦੁਸਹਿਰੇ ਤੋਂ ਹਫਤਾ ਕੁ ਬਾਅਦ ਦੀ ਗੱਲ ਹੈ ਕਿ ਟਕਸਾਲ ਨਾਲ ਸਹਿਯੋਗੀ ਪਰਿਵਾਰਾਂ ਦੇ ਕੁੱਝ ਨੁਮਾਇੰਦੇ ਜਿਨ੍ਹਾਂ ਵਿੱਚ ਭਾਈ ਲੱਖਾ ਸਿੰਘ ਨਾਗੋਕੇ, ਭਾਈ ਗੁਰਬਚਨ ਸਿੰਘ ਮਾਨੋਚਾਹਲ, ਭਾਈ ਮੇਜਰ ਸਿੰਘ ਵਾ ਅਤੇ ਨੰਗਲ ਵਾਲੇ ਮਾਸਟਰ ਜੀ, ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਹੀ ਇੱਕ ਕਮਰੇ ਵਿੱਚ ਬੈਠੇ ਸਨ ਤਾਂ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਨੂੰ ਯਾਦ ਕਰਦਿਆਂ ਉਨ੍ਹਾਂ ਵੱਲੋਂ ਕੀਤਾ ਗਿਆ ਧਰਮ ਪ੍ਰਚਾਰ ਅਤੇ ਸਿੰਘਾਂ ਨਾਲ ਅਪਣਾਈ ਜਾਂਦੀ ਅਪਣੱਤ ਨੂੰ ਇੱਕ ਦੂਜੇ

Scanned with CamScanner

ਨਾਲ ਸਾਂਝਾ ਕੀਤਾ ਜਾ ਰਿਹਾ ਸੀ ਤਾਂ ਸੁਭਾਵਕ ਹੀ ਭਾਈ ਗੁਰਬਚਨ ਸਿੰਘ ਮਾਨੋਚਾਹਲ ਨੇ ਭਾਈ ਮੇਜਰ ਸਿੰਘ ਵਾਂਅ ਵਾਲਿਆਂ ਨੂੰ ਕਿਹਾ ਕਿ ਹੁਣ ਤਾਂ ਟਕਸਾਲ ਵਿੱਚ ਰਹਿਣ ਦਾ ਜਾਂ ਆਉਣ-ਜਾਣ ਦਾ ਸਬੱਬ ਤਾਂ ਹੀ ਬਣ ਸਕਦਾ ਹੈ ਜੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੀ, ਸੰਤ ਕਰਤਾਰ ਸਿੰਘ ਜੀ ਖ਼ਾਲਸਾ ਵਾਂਗੂ ਹੀ ਸਾਡੇ ਨਾਲ ਪ੍ਰੇਮ ਰੱਖਣਗੇ ਅਤੇ ਉਨ੍ਹਾਂ ਵਾਂਗ ਹੀ ਸਾਡੇ ਦਿਲ ਦੀਆਂ ਖੁਭਾਰਤਾਂ ਵੀ ਖੁੱਭ ਲਿਆ ਕਰਨਗੇ, ਜਿਸ ਕਾਰਨ ਸਾਡੀ ਅੰਦਰੂਨੀ ਖਿੱਚ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜੀ ਨਾਲ ਬਣੀ ਹੋਈ ਸੀ। ਜੇਕਰ ਇਸ ਤਰ੍ਹਾਂ ਨਾ ਹੋ ਸਕਿਆ ਤਾਂ ਕੁੱਝ ਦਿਨਾਂ ਵਿੱਚ ਹੀ ਕੋਈ ਹੋਰ ਟਿਕਾਣਾ ਲੱਭਦੇ ਹਾਂ। ਅਜਿਹੇ ਵਿਚਾਰ ਕਰਦਿਆਂ ਅਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਯਾਦ ਕਰਦਿਆਂ ਦਿਨ ਬੀਤ ਗਿਆ। ਇਹ ਵੀ ਯਾਦ ਰੱਖਣਯੋਗ ਗੱਲ ਹੈ ਕਿ ਅਜਿਹੇ ਵਿਚਾਰ ਬਹੁਤ ਸਾਰੇ ਸਹਿਯੋਗੀ ਪਰਿਵਾਰਾਂ ਦੇ ਮਨਾਂ ਵਿੱਚ ਸਨ। ਇੱਥੋਂ ਤੱਕ ਕਿ ਟਕਸਾਲ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਅਤੇ ਵਿੱਦਿਆ ਪ੍ਰਾਪਤ ਕਰ ਚੁੱਕੇ ਵਿਦਵਾਨ ਗਿਆਨੀਆਂ ਦੇ ਮਨਾਂ ਵਿੱਚ ਵੀ ਸਨ।

ਥੋੜ੍ਹਾ ਜਿਹਾ ਹਨ੍ਹੇਰਾ ਹੁੰਦਿਆਂ ਕਿਸੇ ਪ੍ਰੋਗਰਾਮ ਤੋਂ ਵਾਪਸ ਪਰਤ ਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਡਿਉਢੀ ਵਿੱਚ ਹੀ ਬੱਸ ਰੁਕ ਕੇ ਉਤਰ ਗਏ। ਉੱਥੇ ਕੁੱਝ ਸਿੰਘ ਮਿਲੇ ਅਤੇ ਸੰਤ ਜੀ ਸੁਭਾਵਿਕ ਹੀ ਲੰਗਰ ਵੱਲ ਨੂੰ ਚੱਲ ਪਏ। ਰਸਤੇ ਵਿੱਚ ਹੀ ਭਾਈ ਲੱਖਾ ਸਿੰਘ ਨਾਰੰਗੇ, ਭਾਈ ਮੇਜਰ ਸਿੰਘ ਤੇ ਭਾਈ ਗੁਰਬਚਨ ਸਿੰਘ ਮਾਨੋਚਾਹਲ ਆਦਿ ਸਿੰਘ ਬੈਠੇ ਸਨ, ਜੋ ਸੰਤਾਂ ਨੂੰ ਆਉਂਦਿਆਂ ਦੇਖ ਕੇ ਖੜ੍ਹੇ ਹੋ ਗਏ ਅਤੇ ਸਾਹਮਣੇ ਹੋ ਕੇ ਫ਼ਤਹਿ ਬੁਲਾਈ। ਸੰਤ ਵੀ ਫ਼ਤਹਿ ਬੁਲਾ ਕੇ ਉਨ੍ਹਾਂ ਕੋਲ ਰੁਕ ਗਏ। ਉਨ੍ਹਾਂ ਦਾ ਹਾਲ ਚਾਲ ਪੁੱਛਿਆ ਅਤੇ ਹੌਲੀ-ਹੌਲੀ ਚੱਲਦਿਆਂ ਉਨ੍ਹਾਂ ਨੂੰ ਸਾਹਮਣੇ ਕਮਰੇ ਵਿੱਚ ਨਾਲ ਹੀ ਲੈ ਗਏ। ਸਾਰਿਆਂ ਨੂੰ ਬੈਠਣ ਦਾ ਇਸ਼ਾਰਾ ਕਰਕੇ ਸੰਤ ਆਪ ਵੀ ਇੱਕ ਮੰਜੇ ਤੇ ਬੈਠ ਗਏ। ਸਭਨਾਂ ਨੂੰ ਹੀ ਸੰਬੋਧਨ ਹੁੰਦਿਆਂ ਉਨ੍ਹਾਂ ਕਿਹਾ ਕਿ ਮੈਨੂੰ ਪਤਾ ਹੈ ਕਿ ਤੁਹਾਡਾ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨਾਲ ਬਹੁਤ ਨੇੜਲਾ ਅਤੇ ਅੰਦਰੂਨੀ ਸਬੰਧ ਸੀ। ਇਸ ਕਾਰਨ ਉਨ੍ਹਾਂ ਦੀ ਯਾਦ ਆਉਣੀ ਸੁਭਾਵਕ ਹੈ, ਕਿਉਂਕਿ ਸੰਤ ਜੀ ਬਹੁਪੱਖੀ ਸਖ਼ਸ਼ੀਅਤ ਸਨ। ਇੱਥੋਂ ਤੱਕ ਕਿ ਸਾਡੇ ਮਨ ਦੀਆਂ ਅੰਦਰਲੀਆਂ ਭਾਵਨਾਵਾਂ ਨੂੰ ਵੀ ਸਮਝਦੇ ਸਨ ਅਤੇ ਬਿਨਾਂ ਕੁੱਝ ਕਿਹਾ ਉਨ੍ਹਾਂ ਦਾ ਉੱਤਰ ਵੀ ਦੇ ਦਿਆ ਕਰਦੇ ਸਨ। ਸੁਭਾਵਕ ਉਨ੍ਹਾਂ ਵੱਲ ਤੱਕਦਿਆਂ ਸੰਤ ਜਰਨੈਲ ਸਿੰਘ ਹੁਰਾਂ ਨੇ ਆਖਿਆ ਕਿ ਮੈਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਾ ਘਾਟਾ ਪੂਰਾ ਤਾਂ ਨਹੀਂ ਕਰ ਸਕਦਾ ਪਰ ਕੋਸ਼ਿਸ਼ ਕਰਾਂਗਾ ਕਿ ਤੁਹਾਡੇ ਸਮੇਤ ਟਕਸਾਲ ਦੇ ਸਭ ਸਹਿਯੋਗੀਆਂ ਨਾਲ ਉਸੇ ਤਰ੍ਹਾਂ ਨੇੜਤਾ ਦਾ ਸਬੰਧ ਬਣਿਆ ਰਹੇ, ਪਰ ਮੇਰੇ ਤੋਂ ਇਹ ਆਸ ਕਦੇ ਨਾ ਰੱਖਿਓ ਕਿ ਉਨ੍ਹਾਂ ਵਾਂਗ ਤੁਹਾਡੇ ਦਿਲਾਂ ਦੀਆਂ ਗੱਲਾਂ ਜਾਣ ਕੇ ਬਿਨਾਂ ਬੋਲਿਆਂ ਹੀ ਉਨ੍ਹਾਂ ਦੇ ਉੱਤਰ ਦੇ ਦਿਆ ਕਰਾਂ। ਪਰ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਆਪਣਾ ਸਭਨਾਂ ਦਾ ਆਪਸੀ ਪਿਆਰ ਬਣਿਆ ਰਹੇ।

ਸੰਤਾਂ ਕੋਲੋਂ ਅਜਿਹੇ ਵਿਚਾਰ ਸੁਣ ਕੇ ਸਾਰੇ ਸਿੰਘ ਹੈਰਾਨ ਰਹਿ ਗਏ। ਉਹ ਇੱਕ ਦੂਜੇ ਵੱਲ ਤੱਕਣ ਲੱਗੇ ਅਤੇ ਮਨ ਹੀ ਮਨ ਵਿੱਚ ਸੋਚਣ ਲੱਗੇ ਕਿ ਇਹ ਸਭ ਗੱਲਾਂ ਤਾਂ ਅਸੀਂ ਆਪਸ ਵਿੱਚ ਕੀਤੀਆਂ ਸਨ। ਸੰਤਾਂ ਨੇ ਸਾਡੇ ਮਨ ਦੀਆਂ ਗੱਲਾਂ ਸਮਝ ਲਈਆਂ ਹਨ ਬਲਕਿ ਸਾਡੇ ਮਨ ਦੀ ਭਾਵਨਾ ਵੀ ਇਹੀ ਸੀ ਕਿ ਹੁਣ ਵਾਲਾ ਮੁਖੀ ਵੀ ਟਕਸਾਲ ਦੇ ਪਹਿਲਾਂ ਵਾਲੇ ਮੁਖੀ ਵਾਂਗ ਹੀ ਹੋਵੇ। ਇਹ ਸਾਡੇ ਮਨ ਅੰਦਰੋਂ ਉਪਜੇ ਸਵਾਲ ਦਾ ਜਵਾਬ ਹੀ ਮਿਲਿਆ ਹੈ। ਇਨ੍ਹਾਂ ਸੋਚਦਿਆਂ ਹੀ ਭਾਈ ਮੇਜਰ ਸਿੰਘ ਵਾਂਅ ਵਾਲੇ ਆਪਣੇ ਥਾਂ ਤੋਂ ਉੱਠੇ ਅਤੇ ਸੰਤਾਂ ਦੇ ਪੈਰੀਂ ਹੱਥ ਲਗਾ ਕੇ ਨਮਸਕਾਰ ਕਰਨ ਦੀ ਕੋਸ਼ਿਸ਼ ਕਰਨ ਲੱਗੇ ਤਾਂ ਸੰਤਾਂ ਨੇ ਉਸ ਨੂੰ ਵਿਚਕਾਰੋਂ ਹੀ ਰੋਕ ਕੇ ਆਪਣੇ ਕਲਾਵੇ ਵਿੱਚ ਲੈ ਲਿਆ ਅਤੇ ਨਾਲ ਹੀ ਕਿਹਾ ਕਿ ਸਿੰਘਾ ਇਹ ਟਕਸਾਲ ਦੀ ਮਰਿਯਾਦਾ ਨਹੀਂ ਆਪਾਂ ਕਿਸੇ ਵਿਅਕਤੀ ਦੇ ਪੈਰੀਂ ਹੱਥ ਲਗਾਈਏ। ਫਿਰ ਤੁਸੀਂ ਤਾਂ ਸਭ ਕੁੱਝ ਜਾਣਦੇ ਹੋ। ਇਸ ਦੇ ਜਵਾਬ ਵਿੱਚ ਭਾਈ ਮੇਜਰ ਸਿੰਘ ਸਮੇਤ ਸਾਰੇ ਸਿੰਘਾਂ ਨੇ ਬੜੀ ਖੁਸ਼ੀ ਨਾਲ ਸੰਤਾਂ ਨਾਲ ਆਪਣੇ ਦਿਲ ਅੰਦਰ ਉਪਜੇ ਖਿਆਲਾਂ ਨੂੰ ਸਾਂਝੇ ਕਰਦਿਆਂ ਕਿਹਾ ਕਿ ਜੋ ਕੁੱਝ ਤੁਸੀਂ ਸਾਡੇ ਨਾਲ ਬਚਨਾਂ ਰਾਹੀਂ ਸਾਂਝਾ ਕੀਤਾ ਹੈ। ਅਸਲ ਵਿੱਚ ਇਹ ਸਾਡੇ ਮਨ ਦੇ ਸ਼ੰਕੇ ਸਨ, ਜਿਨ੍ਹਾਂ ਨੂੰ ਤੁਸੀਂ ਦੂਰ ਕਰ ਦਿੱਤਾ ਹੈ। ਅਸੀਂ ਪ੍ਰਮਾਤਮਾ ਦਾ ਲੱਖ-ਲੱਖ ਸ਼ੁਕਰ ਕਰਦੇ ਹਾਂ ਕਿ ਆਪ ਵਰਗੇ ਨਾਮਰਸੀਏ ਮਹਾਪੁਰਖ ਨੂੰ ਟਕਸਾਲ ਦੀ ਸੇਵਾ ਕਰਨ ਦਾ ਸਮਾਂ ਪ੍ਰਾਪਤ ਹੋਇਆ ਅਤੇ ਅਸੀਂ ਇਹ ਵੀ ਭਰੋਸਾ ਦਿਵਾਉਂਦੇ ਹਾਂ ਕਿ ਪਹਿਲਾਂ ਵਾਂਗ ਹੀ ਟਕਸਾਲ ਦੀ ਸੇਵਾ ਵਿੱਚ ਹਾਜ਼ਰ ਰਹਾਂਗੇ, ਜਿੱਥੇ ਵੀ ਸੇਵਾ ਲੱਗੇਗੀ ਖੁਸ਼ੀ ਨਾਲ ਨਿਭਾਵਾਂਗੇ।

Scanned with CamScanner

ਸੰਗਤਾਂ ਵਿੱਚ ਵਿਚਰ ਕੇ ਪ੍ਰਚਾਰ ਕਰਨ ਦੀ ਡਿਊਟੀ ਸੰਭਾਲੀ

ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜੀ ਦੀ ਯਾਦ ਵਿੱਚ ਰੱਖੀ ਗਈ ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਤੋਂ ਉਪਰੰਤ ਅਗਲਾ ਪ੍ਰਚਾਰ ਪ੍ਰੋਗਰਾਮ ਆਰੰਭਣ ਵਾਸਤੇ ਜੱਥੇ ਦੇ ਸਾਰੇ ਸਿੰਘਾਂ ਦੀ ਮੀਟਿੰਗ ਬੁਲਾਈ ਗਈ। ਇਸ ਵਿੱਚ ਮਹਾਂਪੁਰਖ ਬਾਬਾ ਠਾਕੁਰ ਸਿੰਘ ਜੀ ਵੀ ਮੌਜੂਦ ਸਨ। ਸਭ ਨੇ ਮਿਲ ਕੇ ਗੰਭੀਰ ਵਿਚਾਰਾਂ ਕੀਤੀਆਂ ਕਿ ਆਉਣ ਵਾਲੇ ਦਿਨਾਂ ਵਿੱਚ ਸਭ ਤੋਂ ਪਹਿਲਾਂ ਉਹ ਕਾਰਜ ਕੀਤੇ ਜਾਣ ਜੋ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੇ ਉਲੀਕੇ ਸਨ। ਇਸ ਵਿਚਾਰ 'ਤੇ ਸਾਰਾ ਜੱਥਾ ਸਹਿਮਤ ਸੀ। ਸਭ ਤੋਂ ਪਹਿਲਾ ਕਾਰਜ ਸੀ ਕਿ ਜੋ ਆਉਣ ਵਾਲੇ ਦਿਨਾਂ ਵਿੱਚ ਸ੍ਰੀ ਗੁਰੂ ਰਾਮ ਦਾਸ ਮਹਾਰਾਜ ਜੀ ਵੱਲੋਂ ਪਵਿੱਤਰ ਸਰੋਵਰ ਦੀ ਆਰੰਭਤਾ ਕੀਤੀ ਸੀ। ਉਸ ਦਾ 400 ਸਾਲਾ ਦਿਵਸ ਆ ਰਿਹਾ ਹੈ ਉਸ ਨੂੰ ਸਮਰਪਿਤ ਪੰਜ ਵੱਡੇ ਨਗਰ ਕੀਰਤਨ ਵੱਖ-ਵੱਖ ਥਾਵਾਂ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਲੈ ਕੇ ਆਉਣ ਦਾ ਪ੍ਰੋਗਰਾਮ ਸੰਤ ਗਿਆਨੀ ਕਰਤਾਰ ਸਿੰਘ ਜੀ ਨੇ ਉਲੀਕਿਆ ਸੀ। ਉਸ ਦੀਆਂ ਤਿਆਰੀਆਂ ਆਰੰਭੀਆਂ ਗਈਆਂ ਤਾਂ ਕਿ ਜਿਸ ਢੰਗ ਅਤੇ ਉਤਸ਼ਾਹ ਨਾਲ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਜੀ ਨੇ ਇਹ ਪ੍ਰੋਗਰਾਮ ਉਲੀਕਿਆ ਸੀ ਉਸੇ ਤਰ੍ਹਾਂ ਹੀ ਇਸ ਨੂੰ ਸਿਰੇ ਚਾੜ੍ਹਿਆ ਜਾਵੇ। ਇਸ ਸਬੰਧ ਵਿੱਚ ਥਾਵਾਂ-ਥਾਵਾਂ 'ਤੇ ਸੰਗਤਾਂ ਵਿੱਚ ਜਾ ਕੇ ਇਸ ਪ੍ਰੋਗਰਾਮ ਲਈ ਜਾਣਕਾਰੀ ਦੇਣੀ ਅਤੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਲਈ ਡਿਊਟੀਆਂ ਲਗਾਉਣੀਆਂ ਸਨ। ਇਹ ਪੰਜ ਨਗਰ ਕੀਰਤਨ ਇੱਕ ਸ੍ਰੀ ਗੰਗਾ ਨਗਰ ਤੋਂ, ਇੱਕ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ, ਇੱਕ ਹੁਸ਼ਿਆਰਪੁਰ (ਗੁਰਦੁਆਰਾ ਲੱਠਾ ਟਿੱਬਾ ਤੋਂ) ਅਤੇ ਇੱਕ ਗੁਰਦਾਸਪੁਰ ਅਤੇ ਇੱਕ ਖੰਮਕਰਨ ਤੋਂ ਚੱਲ ਕੇ ਇਹ ਸਾਰੇ ਨਗਰ ਕੀਰਤਨ ਇੱਕੋ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਣੇ ਸਨ। ਸਭ ਤੋਂ ਪਹਿਲਾਂ ਡਿਊਟੀਆਂ ਲਾਈਆਂ ਕਿਹੜੇ-ਕਿਹੜੇ ਸਿੰਘ ਆਪਣੀ ਨਿਗਰਾਨੀ ਹੇਠ ਨਗਰ ਕੀਰਤਨ ਲੈ ਕੇ ਆਉਣ ਦਾ ਪ੍ਰਬੰਧ ਸੰਭਾਲਣਗੇ। ਸ੍ਰੀ ਗੰਗਾਨਗਰ ਤੋਂ ਆਉਣ ਵਾਲੇ ਨਗਰ ਕੀਰਤਨ ਦਾ ਪ੍ਰਬੰਧ ਸੰਤਾਂ ਨੇ ਆਪਣੇ ਜ਼ਿੰਮੇ ਲੈ ਲਿਆ ਅਤੇ ਗੁਰਦਾਸਪੁਰ ਤੋਂ ਬਾਬਾ ਬਾਰਾ ਸਿੰਘ ਦੇ ਜ਼ਿੰਮੇ ਲਾਇਆ ਅਤੇ ਫ਼ਤਿਹਗੜ੍ਹ ਸਾਹਿਬ ਤੋਂ ਆਉਣ ਵਾਲੇ ਨਗਰ ਕੀਰਤਨ ਦੀ ਜ਼ਿੰਮੇਵਾਰੀ ਭਾਈ ਰਣਬੀਰ ਸਿੰਘ ਫੌਜੀ ਅਤੇ ਹਰਚਰਨ ਸਿੰਘ ਮੁਕਤਾ ਨੂੰ ਸੌਂਪੀ ਗਈ ਅਤੇ ਹੁਸ਼ਿਆਰਪੁਰ ਤੋਂ ਆਉਣ ਵਾਲੇ ਨਗਰ ਕੀਰਤਨ ਲਈ ਜੱਥੇਦਾਰ ਭਾਈ ਰਾਮ ਸਿੰਘ ਸੁਲਤਾਨਪੁਰੀ ਨੂੰ ਸੇਵਾ ਸੰਭਾਲੀ ਗਈ ਅਤੇ ਖੰਮਕਰਨ ਵਾਲੇ ਕਰਨ ਕੀਰਤਨ ਦੀ ਜ਼ਿੰਮੇਵਾਰੀ ਭਾਈ ਅਮਰੀਕ ਸਿੰਘ ਨੂੰ ਸੌਂਪੀ ਗਈ। ਸਭ ਥਾਵਾਂ 'ਤੇ ਸੰਗਤਾਂ ਨੂੰ ਸੁਚੇਤ ਕਰਨ ਲਈ ਸੰਤਾਂ ਨੇ ਆਪ ਜਾ ਕੇ ਸੰਬੋਧਨ ਕਰਨ ਦੇ ਪ੍ਰੋਗਰਾਮ ਉਲੀਕੇ, ਕਿਉਂਕਿ ਲਗਭਗ ਇੱਕ ਮਹੀਨੇ ਦਾ ਹੀ ਸਮਾਂ ਬਾਕੀ ਰਹਿੰਦਾ ਸੀ। ਇਸ ਲਈ ਇੱਕ ਦਿਨ ਵਿੱਚ ਪੰਜ-ਪੰਜ, ਛੇ-ਛੇ ਥਾਵਾਂ 'ਤੇ ਪ੍ਰੋਗਰਾਮ ਰੱਖ ਗਏ। ਇਸ ਢੰਗ ਨਾਲ ਇਨ੍ਹਾਂ ਪੰਜੇ ਹੀ ਨਗਰ ਕੀਰਤਨ ਦੀਆਂ ਦਿਸ਼ਾਵਾਂ ਜਿਸ ਦਿਸ਼ਾ ਤੋਂ ਜਿਸ ਮਾਰਗ 'ਤੇ ਇਹ ਨਗਰ ਕੀਰਤਨ ਆਉਣੇ ਸਨ ਉਨ੍ਹਾਂ-ਉਨ੍ਹਾਂ ਥਾਵਾਂ 'ਤੇ ਹੀ ਪ੍ਰੋਗਰਾਮ ਉਲੀਕੇ ਗਏ ਸਨ। ਇਸ ਵਿੱਚ ਜੇ ਇਹ ਕਹਿ ਲਿਆ ਜਾਵੇ ਕਿ ਸੇਵਾ ਸੰਭਾਲਦਿਆਂ ਹੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੇ ਪੰਜਾਬ ਭਰ ਦਾ ਤੂਫ਼ਾਨੀ ਦੌਰਾ ਕੀਤਾ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਨਾਲ ਜਿੱਥੇ ਨਗਰ ਕੀਰਤਨ ਦੇ ਸਵਾਗਤ, ਸ਼ਮੂਲੀਅਤ ਅਤੇ ਪ੍ਰਬੰਧ ਦੀਆਂ ਤਿਆਰੀਆਂ ਮੁਕੰਮਲ ਹੋਈਆਂ ਅਤੇ ਉਥੇ ਆਮ ਸੰਗਤਾਂ ਵਿੱਚ ਵੀ ਭਾਰੀ ਉਤਸ਼ਾਹ ਪੈਦਾ ਹੋਇਆ ਕਿ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਜੀ ਨੇ ਵੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵਾਂਗ ਧਰਮ ਪ੍ਰਚਾਰ ਦੀ ਡਿਊਟੀ ਸੰਭਾਲ ਲਈ ਹੈ। ਜਿਵੇਂ-ਜਿਵੇਂ ਦਿਨ ਬੀਤਦੇ ਗਏ ਤਿਵੇਂ-ਤਿਵੇਂ ਤਿਆਰੀਆਂ ਮੁਕੰਮਲ ਹੁੰਦੀਆਂ ਗਈਆਂ ਅਤੇ ਨਾਲ-ਨਾਲ ਜਿਨ੍ਹਾਂ-ਜਿਨ੍ਹਾਂ ਗੁਰਸਿੱਖਾਂ ਕੋਲ ਬੱਸਾਂ ਜਾਂ ਟਰੱਕ ਸਨ ਉਨ੍ਹਾਂ ਦੀਆਂ ਡਿਊਟੀਆਂ ਲੱਗੀਆਂ ਕਿ ਕਿਹੜੇ-ਕਿਹੜੇ ਨਗਰ ਕੀਰਤਨ ਵਿੱਚ ਕਿਹੜੇ-ਕਿਹੜੇ ਪਰਿਵਾਰ ਗੱਡੀਆਂ ਦੀ ਸੇਵਾ ਨਿਭਾਉਣਗੇ, ਅਤੇ ਨਾਲ-ਨਾਲ ਹੀ ਜੀਪਾਂ, ਕਾਰਾਂ, ਟਰੈਕਟਰ-ਟਰਾਲੀਆਂ, ਸਕੂਟਰਾਂ ਆਦਿ ਦੀ ਵੀ ਡਿਊਟੀ ਲਗਾਈ ਗਈ ਅਤੇ ਹਰ ਰੂਟ ਦੇ ਨਾਵਾਂ, ਗੱਡੀਆਂ, ਟਰੱਕ, ਬੱਸਾਂ ਜਾਂ ਟਰੈਕਟਰ ਟਰਾਲੀਆਂ ਆਦਿ ਦੀਆਂ ਸੂਚੀਆਂ ਤਿਆਰ ਕੀਤੀਆਂ ਗਈਆਂ। ਜਿਨ੍ਹਾਂ-ਜਿਨ੍ਹਾਂ ਨਗਰ ਪੰਚਾਇਤਾਂ ਨੇ ਆਪਣੇ ਨਗਰ ਵਿੱਚ ਦੀ ਲੰਘਣ ਵਾਲੇ ਨਗਰ ਕੀਰਤਨ ਲਈ ਸ਼ਵਾਗਤੀ ਗੇਟ ਬਣਾਉਣੇ ਹਨ ਉਨ੍ਹਾਂ ਦੀਆਂ ਵੀ ਬਕਾਇਦਾ ਤੌਰ 'ਤੇ ਜ਼ਿੰਮੇਵਾਰੀਆਂ ਲਾਈਆਂ ਗਈਆਂ। ਹਰ ਇੱਕ ਨਗਰ ਕੀਰਤਨ ਲਈ ਰਾਗੀ ਜੱਥੇ, ਢਾਡੀ ਅਤੇ ਕਵੀਸ਼ਰੀ ਜੱਥੇ ਬਕਾਇਦਾ ਤੌਰ 'ਤੇ ਤਿਆਰ ਕੀਤੇ ਗਏ ਅਤੇ ਅਖੀਰਲੇ ਦਿਨਾਂ ਤੱਕ

Scanned with CamScanner

ਇਨ੍ਹਾਂ ਸੇਵਾਵਾਂ ਲਈ ਧਰਮ ਪ੍ਰਚਾਰ ਵਹੀਰ ਪੂਰੇ ਜ਼ੋਰਾਂ 'ਤੇ ਚੱਲਦਾ ਰਿਹਾ। ਸਭ ਤਿਆਰੀਆਂ ਸੰਪੂਰਨ ਕਰਕੇ ਲੱਗੀਆਂ ਜ਼ਿੰਮੇਵਾਰੀਆ ਅਨੁਸਾਰ ਜਥੇਦਾਰ ਸਿੰਘ ਆਪੋ ਆਪਣੇ ਅਸਥਾਨਾਂ ਉਪਰ ਪਹੁੰਚ ਗਏ, ਜਿਥੋਂ ਨਗਰ ਕੀਰਤਨ ਆਰੰਭ ਹੋਣੇ ਸਨ।

ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਦੇ ਘਰੋਂ ਦੁੱਧ ਨਾ ਛਕਣਾ

ਸ੍ਰੀ ਹਰਿਮੰਦਰ ਸਾਹਿਬ ਦੇ 400 ਸਾਲਾ ਸਮਾਗਮਾਂ ਦੇ ਸਬੰਧ ਵਿੱਚ ਦਮਦਮੀ ਟਕਸਾਲ ਵੱਲੋਂ ਜੋ ਪੰਜ ਵੱਡੇ ਨਗਰ ਕੀਰਤਨ ਰੱਖੇ ਗਏ ਸਨ ਉਨ੍ਹਾਂ ਦੀ ਤਿਆਰੀ ਸਬੰਧੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਫਿਰੋਜ਼ਪੁਰ ਦੇ ਪਿੰਡਾਂ ਵਿੱਚ ਪ੍ਰਚਾਰ ਕਰ ਰਹੇ ਸਨ। ਇਸੇ ਦੌਰਾਨ ਜਦੋਂ ਸੰਤ ਜੀ ਨੇ ਪਿੰਡ ਝੋਕ ਟਹਿਲ ਸਿੰਘ ਵਾਲਾ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਖੀਰ ਵਿੱਚ ਇਹ ਬਚਨ ਕਹੇ ਕਿ ਮਾਤਾ ਦਲੀਪ ਕੌਰ ਪਿੰਡ ਲੰਡੇਆਣਾ ਵਾਲਿਆਂ ਦੀ ਪੁੱਤਰੀ ਇਸ ਪਿੰਡ ਵਿੱਚ ਵਿਆਹੀ ਹੋਈ ਹੈ। ਉਨ੍ਹਾਂ ਦੇ ਘਰ ਦਾ ਕੋਈ ਵੀ ਮੈਂਬਰ ਜੇਕਰ ਸੰਗਤ ਵਿੱਚ ਹੋਵੇ ਤਾਂ ਉਹ ਸਟੇਜ ਦੀ ਸਮਾਪਤੀ ਤੋਂ ਬਾਅਦ ਸਾਨੂੰ ਮਿਲੇ। ਇਹ ਸੁਣਦਿਆਂ ਹੀ ਮਾਤਾ ਦਲੀਪ ਕੌਰ ਦੀ ਪੁੱਤਰੀ ਬੀਬੀ ਸੁਖਦੇਵ ਕੌਰ ਦਾ ਘਰ ਵਾਲਾ ਸ. ਗੁਰਮੁਖ ਸਿੰਘ ਖੜ੍ਹਾ ਹੋ ਗਿਆ ਅਤੇ ਕਿਹਾ ਕਿ ਅਸੀਂ ਹੀ ਉਨ੍ਹਾਂ ਦੇ ਸ਼ਿਸ਼ਤੇਦਾਰ ਹਾਂ। ਸੰਤਾਂ ਨੇ ਉਸ ਨੂੰ ਕਿਹਾ ਕਿ ਸਮਾਪਤੀ ਤੋਂ ਬਾਅਦ ਤੁਹਾਡੇ ਘਰ ਜਲ-ਪਾਣੀ ਛਕਣ ਚੱਲਣਾ ਹੈ, ਤੁਸੀਂ ਘਰ ਚੱਲੋ ਅਤੇ ਜਲ-ਪਾਣੀ ਦੀ ਤਿਆਰੀ ਕਰੋ। ਇਹ ਸੁਣਦਿਆਂ ਹੀ ਭਾਈ ਗੁਰਮੁਖ ਸਿੰਘ ਬੜਾ ਪ੍ਰਸੰਨ ਹੋਇਆ ਕਿ ਸੰਤ ਜੀ ਸਾਡੇ ਘਰ ਆਉਣਗੇ। ਉਸ ਨੇ ਘਰ ਜਾ ਕੇ ਦੁੱਧ ਤਿਆਰ ਕੀਤਾ ਅਤੇ ਸਮਾਪਤੀ ਤੋਂ ਬਾਅਦ ਸੰਤ ਜੀ ਕੁਝ ਸਿੰਘਾਂ ਸਮੇਤ ਜਿਨ੍ਹਾਂ ਵਿੱਚ ਭਾਊ ਮਹਿੰਦਰ ਸਿੰਘ, ਸ. ਦਰਸ਼ਨ ਸਿੰਘ, ਭਾਈ ਜਸਵੰਤ ਸਿੰਘ ਫੌਜੀ, ਨਿਹੰਗ ਸਿੰਘ, ਗੁਰਤੇਜ ਸਿੰਘ ਅਤੇ ਕੁਝ ਕੁ ਹੋਰ ਪਿੰਡ ਦੇ ਸਿੰਘ ਸੰਤਾਂ ਦੇ ਨਾਲ ਚੱਲ ਪਏ ਅਤੇ ਭਾਈ ਗੁਰਮੁਖ ਸਿੰਘ ਦੇ ਘਰ ਪਹੁੰਚ ਗਏ। ਇੱਕ ਕਮਰੇ ਵਿੱਚ ਸੰਤ ਜੀ ਬੈਠ ਗਏ ਅਤੇ ਬਾਹਰ ਬਾਕੀ ਦੀਆਂ ਸੰਗਤਾਂ ਮੰਜੀਆ ਉਪਰ ਬੈਠ ਗਈਆਂ। ਬੀਬੀ ਸੁਖਦੇਵ ਕੌਰ ਅਤੇ ਘਰ ਦੇ ਮੈਂਬਰਾਂ ਨੇ ਸੰਤਾਂ ਨਾਲ ਆਈ ਸਾਰੀ ਸੰਗਤ ਨੂੰ ਦੁੱਧ ਛਕਣ ਲਈ ਵਰਤਾਇਆ ਅਤੇ ਸੰਤਾਂ ਨੂੰ ਵੀ ਬਾਟੇ ਵਿੱਚ ਪਾ ਕੇ ਦੁੱਧ ਫੜਾ ਦਿੱਤਾ, ਜੋ ਸੰਤਾਂ ਨੇ ਆਪਣੇ ਹੱਥ ਉਪਰ ਪਰਨਾ ਰੱਖ ਕੇ ਦੁੱਧ ਦਾ ਬਾਟਾ ਫੜ ਲਿਆ। ਪਰ ਦੁੱਧ ਪੀਤਾ ਨਹੀਂ, ਕੁਝ ਕੁ ਗੰਭੀਰ ਹੋ ਕੇ ਸੋਚਣ ਲਗ ਪਏ। ਇੰਨੇ ਨੂੰ ਮਾਤਾ ਜੀ ਨੇ ਪੁੱਛਿਆ ਕਿ ਬਾਬਾ ਜੀ ਦੁੱਧ ਛਕੋ ਤਾਂ ਸੰਤਾਂ ਨੇ ਕਿਹਾ ਕਿ ਬੀਬੀ ਜੀ, ਆਏ ਤਾਂ ਦੁੱਧ ਛਕਣ ਹੀ ਸਾਂ ਪਰ ਹੁਣ ਛਕਣਾ ਨਹੀਂ ਕਿਉਂਕਿ ਮੈਨੂੰ ਇੰਝ ਜਾਪਦਾ ਹੈ ਜਿਵੇਂ ਤੁਹਾਡੇ ਘਰ ਵਿੱਚੋਂ ਕੋਈ ਮੈਂਬਰ ਤੰਬਾਕੂ ਦੀ ਵਰਤੋਂ ਕਰਦਾ ਹੋਵੇ। ਇਹ ਸੁਣ ਕੇ ਸਭ ਚੁੱਪ ਹੋ ਗਏ। ਸੰਤਾਂ ਫਿਰ ਕਿਹਾ ਕਿ ਭਾਈ ਘਰ ਵਿੱਚ ਕੋਈ ਤੰਬਾਕੂ ਵਰਤਦਾ ਹੈ ਤਾਂ ਸ. ਗੁਰਮੁਖ ਸਿੰਘ ਹੱਥ ਜੋੜ ਕੇ ਖੜੇ ਗਏ ਅਤੇ ਕਹਿਣ ਲੱਗੇ ਕਿ ਮੈਂ ਕਦੇ-ਕਦੇ ਤੰਬਾਕੂ ਵਰਤਦਾ ਹਾਂ। ਸੰਤਾਂ ਨੇ ਪੁੱਛਿਆ ਭਾਈ ਕੀ ਨਾਂ ਹੈ ਤੇਰਾ ਤਾਂ ਉਨ੍ਹਾਂ ਕਿਹਾ ਕਿ ਮੇਰਾ ਨਾਂ ਗੁਰਮੁਖ ਸਿੰਘ ਹੈ। ਸੰਤਾਂ ਨੇ ਕਿਹਾ ਕੇਵਲ ਨਾਂ ਹੀ ਗੁਰਮੁਖ ਹੈ, ਕੰਮ ਗੁਰਮੁਖਾਂ ਵਾਲੇ ਨਹੀਂ ਹਨ। ਗੁਰਮੁੱਖ ਵੀ ਕਦੇ ਤੰਬਾਕੂ ਵਰਤਦੇ ਹਨ ਤਾਂ ਨਾਲ ਹੀ ਕਿਹਾ ਜਿਸ ਵੀ ਕਿਸੇ ਘਰ ਤੰਬਾਕੂ ਦੀ ਵਰਤੋਂ ਹੁੰਦੀ ਹੋਵੇ ਉਥੇ ਅਸੀਂ ਜਲ ਪਾਨ ਨਹੀਂ ਕਰਦੇ ਇਸ ਲਈ ਅਸੀਂ ਦੁੱਧ ਨਹੀਂ ਛਕਾਂਗੇ। ਤਾਂ ਗੁਰਮੁੱਖ ਸਿੰਘ ਨੇ ਹੱਥ ਜੋੜ ਕੇ ਤੰਬਾਕੂ ਵਰਤਣ ਲਈ ਮਾਫੀ ਮੰਗੀ ਅਤੇ ਅੱਜ ਤੋਂ ਹੀ ਤੰਬਾਕੂ ਨਾ ਵਰਤਣ ਵਾਸਤੇ ਪ੍ਰਣ ਕੀਤਾ। ਸੰਤਾਂ ਨੇ ਕਿਹਾ ਕਿ ਚੰਗਾ ਭਾਈ ਜਦੋਂ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਜਾਓਗੇ ਤਦ ਤੁਹਾਡੇ ਘਰ ਦੁਬਾਰਾ ਆਵਾਂਗੇ ਫਿਰ ਦੁੱਧ ਜਰੂਰ ਛਕਾਂਗੇ।

ਸਾਰੇ ਘਰ ਦੇ ਅਤੇ ਹੋਰ ਸੰਗਤਾਂ ਇਸ ਗੱਲੋਂ ਬਹੁਤ ਹੈਰਾਨ ਹੋਈਆਂ ਕਿ ਸੰਤਾਂ ਨੂੰ ਅੰਤਰਯਾਮਤਾ ਨਾਲ ਹੀ ਪਤਾ ਲੱਗ ਗਿਆ ਹੈ ਕਿ ਇਥੇ ਕੋਈ ਤੰਬਾਕੂ ਵਰਤਦਾ ਹੈ। ਇਸ ਤੋਂ ਬਾਅਦ ਸਾਰਾ ਪਰਿਵਾਰ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਗਿਆ ਅਤੇ ਫਿਰ ਜਦੋਂ ਸੰਤ ਜੀ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਦੇ ਸਬੰਧ ਵਿੱਚ ਫਿਰੋਜ਼ਪੁਰ ਜੇਲ੍ਹ ਵਿੱਚ ਰਹੇ ਅਤੇ ਜੇਲ੍ਹ ਦੀ ਰਿਹਾਈ ਤੋਂ ਉਪਰੰਤ ਪੰਜਾਬ ਵਿੱਚ ਧੰਨਵਾਦੀ ਦੌਰਾ ਕੀਤਾ ਤਾਂ ਉਸ ਦੌਰਾਨ ਇਨ੍ਹਾਂ ਦੇ ਘਰ ਫਿਰ ਆਏ ਅਤੇ ਜਲ-ਪਾਣੀ ਛਕਿਆ ਨਾਲ ਹੀ ਸਾਰੇ ਪਰਿਵਾਰ ਨੂੰ ਅੰਮ੍ਰਿਤਧਾਰੀ ਹੋਣ ਕਰਕੇ ਵਧਾਈ ਦਿੱਤੀ।

ਅੱਜ ਵੀ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੈ। ਮਾਤਾ ਸੁਖਦੇਵ ਕੌਰ ਦੇ ਦੋ ਪੁੱਤਰ ਦਵਿੰਦਰ ਸਿੰਘ ਅਤੇ

Scanned with CamScanner

ਕੁਲਵਿੰਦਰ ਸਿੰਘ ਹਨ। ਇਨ੍ਹਾਂ ਦੇ ਘਰ ਬੀਬੀਆਂ ਕੀਰਤਨ ਕਰਦੀਆਂ ਹਨ, ਬੱਚੇ ਬੱਚੀਆਂ ਗੁਰਬਾਣੀ ਦੇ ਨਿਤਨੇਮੀ ਹਨ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਮੇਂ ਮੁਤਾਬਕ ਪਰਿਵਾਰ ਨੇ ਘਰ ਦੀ ਨਵੀਂ ਉਸਾਰੀ ਕਰ ਲਈ ਹੈ, ਪਰ ਜਿਸ ਕਮਰੇ ਵਿੱਚ ਸੰਤ ਜੀ 1977 ਵਿੱਚ ਆ ਕੇ ਠਹਿਰੇ ਸਨ ਉਸ ਕਮਰੇ ਨੂੰ ਉਸੇ ਤਰ੍ਹਾਂ ਹੀ ਰੱਖਿਆ ਗਿਆ ਹੈ। ਪਰਿਵਾਰ ਦੇ ਬਹੁਤ ਸਾਰੇ ਮੈਂਬਰ ਇਸ ਕਮਰੇ ਵਿੱਚ ਬੈਠ ਕੇ ਹੀ ਨਿਤਨੇਮ ਕਰਦੇ ਹਨ।

ਸ੍ਰੀ ਗੰਗਾਨਗਰ ਵਾਲੇ ਨਗਰ ਕੀਰਤਨ ਦੇ ਮੁੱਖ ਪ੍ਰਬੰਧਕ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਆਪ ਸਨ, ਜਿਨ੍ਹਾਂ ਨੇ ਇਥੋਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਸਾਰੀਆਂ ਬੱਸਾਂ, ਟਰੱਕਾਂ, ਜੀਪਾਂ ਆਦਿ ਦਾ ਪ੍ਰਬੰਧ ਕੀਤਾ ਹੋਇਆ ਸੀ। ਸ਼ਵੇਰ ਹੁੰਦਿਆਂ ਹੀ ਸਭ ਸਿੰਘਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਅਨੁਸਾਰ ਪ੍ਰਬੰਧ ਸੰਭਾਲਿਆ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁੰਦਰ ਪਾਲਕੀ ਸਜਾਈ ਗਈ ਅਤੇ ਨਾਲ ਹੀ ਪੰਜ ਪਿਆਰਿਆਂ ਦੀ ਗੱਡੀ ਨੂੰ ਵੀ ਖੂਬਸੂਰਤ ਸਜਾਇਆ ਗਿਆ। ਜਿਸ ਤੋਂ ਉਪਰੰਤ ਰਾਗੀ ਜਥੇ, ਢਾਡੀ ਜਥੇ ਇਸ ਤੋਂ ਪਿੱਛੇ ਗੱਡੀਆਂ ਦੀ ਲੰਬੀ ਕਤਾਰ ਲੱਗ ਗਈ। ਸਭ ਸੰਗਤਾਂ ਨੇ ਲੋੜ ਅਨੁਸਾਰ ਲੰਗਰ ਪਾਣੀ ਛੱਕਿਆ ਅਤੇ ਆਰੰਭਤਾ ਦੀ ਉਡੀਕ ਕਰਨ ਲੱਗੇ, ਜਿਉਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਲਕੀ ਸਾਹਿਬ ਵਾਲੀ ਗੱਡੀ ਵਿੱਚ ਸੁਸ਼ੋਭਿਤ ਹੋਏ ਅਰਦਾਸਾ ਸੋਧ ਕੇ ਨਗਾਰਿਆਂ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਦੀ ਆਰੰਭਤਾ ਹੋਈ। ਸ੍ਰੀ ਗੰਗਾਨਗਰ ਤੋਂ ਚੱਲ ਕੇ ਇਹ ਨਗਰ ਕੀਰਤਨ ਅਬੋਹਰ, ਮਲੋਟ, ਮੁਕਤਸਰ ਸਾਹਿਬ, ਕੋਟਕਪੂਰਾ, ਮੋਗਾ, ਮੱਖੂ, ਹਰੀਕੇ ਪੱਤਣ, ਤਰਨਤਾਰਨ ਇਸ ਰਸਤੇ 'ਤੇ ਚੱਲ ਕੇ ਇਹ ਨਗਰ ਕੀਰਤਨ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਸੀ। ਹਾਲਾਂਕਿ ਇਨ੍ਹਾਂ ਸਥਾਨਾਂ ਤੋਂ ਬਿਨਾ ਹੋਰ ਵੀ ਕਈ ਪਿੰਡਾਂ, ਨਗਰਾਂ ਵਿੱਚ ਸੰਗਤਾਂ ਨੇ ਸਵਾਗਤੀ ਗੇਟ ਅਤੇ ਚਾਹ ਪਾਣੀ ਆਦਿ ਦਾ ਪ੍ਰਬੰਧ ਕੀਤਾ ਹੋਇਆ ਸੀ। ਥਾਵਾਂ-ਥਾਵਾਂ 'ਤੇ ਗੱਡੀਆਂ ਸਮੇਤ ਸੰਗਤਾਂ ਇਸ ਨਗਰ ਕੀਰਤਨ ਵਿੱਚ ਸ਼ਾਮਿਲ ਹੁੰਦੀਆਂ ਰਹੀਆਂ, ਜਿਵੇਂ ਮੁਕਤਸਰ ਸਾਹਿਬ ਦੇ ਇਰਦ-ਗਿਰਦ ਦੀਆਂ ਸੰਗਤਾਂ ਸ੍ਰੀ ਮੁਕਤਸਰ ਸਾਹਿਬ ਤੋਂ ਸ਼ਾਮਿਲ ਹੋਈਆਂ, ਬਠਿੰਡੇ ਆਦਿ ਦੀਆਂ ਸੰਗਤਾਂ ਕੋਟਕਪੂਰੇ ਵਿਖੇ ਸ਼ਾਮਿਲ ਹੋਈਆਂ, ਮੋਗੇ ਇਲਾਕੇ ਦੀਆਂ ਸੰਗਤਾਂ ਮੋਗੇ ਤੋਂ ਸ਼ਾਮਿਲ ਹੋਈਆਂ, ਜ਼ੀਰਾ ਮੱਖੂ ਆਦਿ ਦੀਆਂ ਸੰਗਤਾਂ ਹਰੀਕੇ ਪੱਤਣ ਸ਼ਾਮਿਲ ਹੋਈਆਂ। ਰਸਤੇ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਕਈ ਵਾਰ ਸੰਗਤਾਂ ਰੋਕ ਲੈਂਦੀਆਂ ਅਤੇ ਆਪ ਸੰਖੇਪ ਰੂਪ ਵਿੱਚ ਇਸ ਨਗਰ ਕੀਰਤਨ ਸਬੰਧੀ ਵਿਚਾਰਾਂ ਵੀ ਰੱਖਦੇ ਅਤੇ ਟਕਸਾਲ ਦੇ ਆਉਣ ਵਾਲੇ ਪ੍ਰੋਗਰਾਮ ਬਾਰੇ ਵੀ ਸੰਖੇਪ ਜਾਣਕਾਰੀ ਦਿੰਦੇ। ਇਹ ਉਨ੍ਹਾਂ ਦੀ ਸੰਗਤਾਂ ਨਾਲ ਦਮਦਮੀ ਟਕਸਾਲ ਦੇ ਮੁਖੀ ਵਜੋਂ ਪਹਿਲੀ ਸਾਂਝ-ਪਹਿਚਾਣ ਸੀ। ਸੰਖੇਪ ਰੂਪ ਵਿੱਚ ਵਿਚਾਰਾਂ ਕਰਦਿਆਂ ਜਿੰਨਾਂ ਕੁ ਸਮਾਂ ਲੱਗਦਾ ਨਗਰ ਕੀਰਤਨ ਉਦੋਂ ਤੱਕ ਅੱਗੇ ਲੰਘ ਚੁੱਕਾ ਹੁੰਦਾ ਸੀ। ਸੰਤ ਜੀ ਫਿਰ ਕਾਹਲੀ ਨਾਲ ਅੱਗੇ ਪਹੁੰਚਦੇ ਅਤੇ ਇਸ ਤਰ੍ਹਾਂ ਕਈ ਵਾਰ ਹੋਇਆ। ਇਸ ਤਰ੍ਹਾਂ ਇਹ ਬੇਮਿਸਾਲ ਉਤਸ਼ਾਹ ਸਹਿਤ ਨਗਰ ਕੀਰਤਨ ਦੇਰ ਰਾਤ ਤੱਕ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਿਆ।

ਇਸੇ ਤਰ੍ਹਾਂ ਗੁਰਦਾਸਪੁਰ ਤੋਂ ਆਰੰਭ ਹੋਏ ਨਗਰ ਕੀਰਤਨ ਦੀ ਜ਼ਿੰਮੇਵਾਰੀ ਜਥੇਦਾਰ ਬਾਬਾ ਬਾਰਾ ਸਿੰਘ ਜੀ ਨੇ ਸੰਭਾਲੀ ਹੋਈ ਸੀ। ਇਨ੍ਹਾਂ ਦੇ ਸਹਿਯੋਗ ਲਈ ਇਨ੍ਹਾਂ ਨਾਲ ਬਾਬਾ ਲੱਖਾ ਸਿੰਘ ਜੀ ਕਾਹਲਵਾਂ ਵਾਲੇ, ਸੰਤ ਕਰਤਾਰ ਸਿੰਘ ਜੀ ਬਰਿਆਰਾਂ ਵਾਲੇ ਇਸੇ ਤਰ੍ਹਾਂ ਭਾਈ ਸੰਤੋਖ ਸਿੰਘ ਸੋਹਲ, ਬਾਬਾ ਸਵਰਨ ਸਿੰਘ ਜਫਰਵਾਲ, ਭਾਈ ਦਿਆਲ ਸਿੰਘ ਮੀਕੇ, ਭਾਈ ਮਹਿੰਦਰ ਸਿੰਘ ਸੰਧਵਾ, ਮਾਸਟਰ ਪ੍ਰੀਤਮ ਸਿੰਘ ਬੱਲੋਵਾਲ, ਭਾਈ ਕੁਲਵੰਤ ਸਿੰਘ ਭਲਵੰਡੀ ਭਿੰਡਰਾਂ, ਭਾਈ ਗੁਰਨਾਮ ਸਿੰਘ ਬਰਿਆਰਾਂ, ਗਿਆਨੀ ਮੋਹਰ ਸਿੰਘ ਸੁਰਾਧੱਡੇ ਵਾਲੇ ਖਾਸ ਕਰਕੇ ਮਹਿਤਾ ਪਿੰਡ ਦੇ ਸਿੰਘ ਭਾਈ ਅਜੀਤ ਸਿੰਘ, ਪ੍ਰਿਤਪਾਲ ਸਿੰਘ ਸ਼ਾਹ, ਭਾਈ ਸੰਤ ਸਿੰਘ ਸ਼ਾਹ, ਭਾਈ ਕਰਤਾਰ ਸਿੰਘ, ਸ਼ਹੀਦ ਗੁਪਾਲ ਸਿੰਘ, ਭਾਈ ਇੰਦਰ ਸਿੰਘ, ਭਾਈ ਪਿਆਰਾ ਸਿੰਘ, ਭਾਈ ਰਾਮ ਸਿੰਘ, ਭਾਈ ਭਜਨ ਸਿੰਘ, ਭਾਈ ਰਣ ਸਿੰਘ, ਭਾਈ ਮਹਿੰਦਰ ਸਿੰਘ ਕਲਸੀ, ਭਾਈ ਚਰਨ ਸਿੰਘ ਨੰਬਰਦਾਰ, ਭਾਈ ਹਰਜਿੰਦਰ ਸਿੰਘ, ਸ. ਅਮਰ ਸਿੰਘ ਅਤੇ ਸ. ਗੁਰਬਚਨ ਸਿੰਘ ਨੰਗਲੀ, ਭਾਈ ਗਿਆਨ ਸਿੰਘ ਚੌਨੀਆ ਆਦਿ ਨੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਇਥੇ ਵੀ ਬਹੁਤ ਵੱਡੇ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਹੋਇਆ ਸੀ। ਇਸ ਇਲਾਕੇ ਵਿੱਚ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਪਿੰਡ-ਪਿੰਡ ਪਹੁੰਚ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਅਖੰਡੀ ਗੁਰੂ ਡੰਮ੍ਹ ਤੋਂ ਸੰਗਤਾਂ ਨੂੰ ਸੁਚੇਤ ਕੀਤਾ ਹੋਇਆ ਸੀ। ਇਸ ਲਈ ਸੰਗਤਾਂ ਬਹੁਤ ਉਤਸ਼ਾਹ ਨਾਲ ਇਸ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰ ਰਹੀਆਂ ਸਨ। ਇਹ ਨਗਰ ਕੀਰਤਨ ਵੀ ਗੁਰਦਾਸਪੁਰ ਤੋਂ ਸ੍ਰੀ ਹਰਗੋਬਿੰਦਪੁਰ, ਮਹਿਤਾ ਚੌਕ ਅਤੇ ਹੋਰ ਕਈ ਸਾਰੇ

Scanned with CamScanner

ਪਿੰਡਾ ਤੋਂ ਹੁੰਦਾ ਹੋਇਆ ਇਸ ਰਸਤੇ ਰਾਹੀਂ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ।

ਇਸੇ ਤਰ੍ਹਾਂ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਜੋ ਨਗਰ ਕੀਰਤਨ ਆਰੰਭ ਹੋਇਆ ਉਸ ਵਿੱਚ ਹੰਸਾਲੀ ਵਾਲੇ ਮਹਾਂਪੁਰਖ ਸੰਤ ਬਾਬਾ ਅਜੀਤ ਸਿੰਘ ਜੀ ਦਾ ਵੱਡਾ ਸਹਿਯੋਗ ਸੀ। ਉਨ੍ਹਾਂ ਨੇ ਇਲਾਕੇ ਦੀਆਂ ਸੰਗਤਾਂ ਨੂੰ ਇਸ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰਨ ਲਈ ਪ੍ਰੇਰਿਆ ਹੋਇਆ ਸੀ ਅਤੇ ਨਾਲ ਕਾਰ ਸੇਵਾ ਵਾਲੇ ਮਹਾਂਪੁਰਖ ਸੰਤ ਬਾਬਾ ਸੰਤੋਖ ਸਿੰਘ ਜੀ ਜੋਤੀ ਸਰੂਪ ਵਾਲੇ ਜਿਨ੍ਹਾਂ ਨੇ ਇਸ ਨਗਰ ਕੀਰਤਨ ਦੀ ਆਰੰਭਤਾ ਸਮੇਂ ਸਭ ਸੰਗਤਾਂ ਦੇ ਲੰਗਰ ਦਾ ਪ੍ਰਬੰਧ ਕੀਤਾ ਅਤੇ ਆਪਣੀ ਕਾਰਸੇਵਾ ਵਾਲੀਆਂ ਸਾਰੀਆਂ ਗੱਡੀਆਂ ਹੀ ਨਗਰ ਕੀਰਤਨ ਨਾਲ ਭੇਜੀਆਂ। ਇਸ ਨਗਰ ਕੀਰਤਨ ਦੇ ਪ੍ਰਬੰਧਕ ਦੇ ਰੂਪ ਵਿੱਚ ਭਾਈ ਰਣਬੀਰ ਸਿੰਘ ਫੌਜੀ ਅਤੇ ਭਾਈ ਹਰਚਰਨ ਸਿੰਘ ਮੁਕਤਾ ਸਨ ਜਿਨ੍ਹਾਂ ਨੇ ਬੜੇ ਹੀ ਸੁਚੱਜੇ ਢੰਗ ਨਾਲ ਸਭ ਤਿਆਰੀਆਂ ਮੁਕੰਮਲ ਕਰਕੇ ਇਸ ਨਗਰ ਕੀਰਤਨ ਦੀ ਆਰੰਭਤਾ ਕੀਤੀ ਅਤੇ ਇਹ ਨਗਰ ਕੀਰਤਨ ਫਤਿਹਗੜ੍ਹ ਸਾਹਿਬ ਤੋਂ ਮੇਨ ਰੋਡ ਗੋਬਿੰਦਗੜ੍ਹ, ਖੰਨਾ, ਦੋਰਾਹਾ, ਲੁਧਿਆਣਾ, ਗੁਰਾਇਆਂ, ਫਗਵਾੜਾ, ਜਲੰਧਰ, ਕਰਤਾਰਪੁਰ, ਬਿਆਸ ਆਦਿ ਤੋਂ ਹੁੰਦਾ ਹੋਇਆ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ।

ਇਸੇ ਤਰ੍ਹਾਂ ਹੀ ਹੁਸ਼ਿਆਰਪੁਰ ਤੋਂ ਜੋ ਨਗਰ ਕੀਰਤਨ ਦੀ ਤਿਆਰੀ ਹੋਈ ਉਹ ਸੰਤ ਮਹਾਂਪੁਰਖ, ਨਾਮ ਰਸੀਏ ਸੰਤ ਬਾਬਾ ਲਛਮਣ ਸਿੰਘ ਜੀ ਠੱਠੇ ਟਿੱਬੇ (ਹੁਸ਼ਿਆਰਪੁਰ ਵਾਲੇ) ਉਨ੍ਹਾਂ ਦੇ ਸਥਾਨ ਗੁਰਦੁਆਰਾ ਠੱਠਾ ਟਿੱਬਾ ਤੋਂ ਆਰੰਭ ਹੋਇਆ ਜਿਸ ਵਿੱਚ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਨੇ ਵੱਡਾ ਯੋਗਦਾਨ ਪਾਇਆ ਅਤੇ ਸੰਗਤਾਂ ਨੂੰ ਪ੍ਰੇਰ ਕੇ ਇਸ ਨਗਰ ਕੀਰਤਨ ਵਿੱਚ ਆਪੋ ਆਪਣੀਆਂ ਗੱਡੀਆਂ ਸਮੇਤ ਸ਼ਮੂਲੀਅਤ ਕਰਨ ਲਈ ਭੇਜਿਆ ਅਤੇ ਨਾਲ ਹੀ ਦਮਦਮੀ ਟਕਸਾਲ ਦੀਆਂ ਸਹਿਯੋਗੀ ਸੰਗਤਾਂ ਨੇ ਵੀ ਵੱਡਾ ਯੋਗਦਾਨ ਪਾਇਆ ਕਿਉਂਕਿ ਇਸ ਇਲਾਕੇ ਵਿੱਚ ਵੀ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਹਰ ਸਾਲ ਧਰਮ ਪ੍ਰਚਾਰ ਲਈ ਵਿਸ਼ੇਸ਼ ਸਮਾਂ ਦਿਆ ਕਰਦੇ ਸਨ। ਇਸ ਲਈ ਇਥੇ ਦੀਆਂ ਸੰਗਤਾਂ ਵਿੱਚ ਵੀ ਭਾਰੀ ਉਤਸ਼ਾਹ ਸੀ ਅਤੇ ਉਸੇ ਉਤਸ਼ਾਹ ਨਾਲ ਸੰਗਤਾਂ ਵੱਡੀ ਗਿਣਤੀ ਵਿੱਚ ਇਸ ਨਗਰ ਕੀਰਤਨ ਵਿੱਚ ਸ਼ਾਮਿਲ ਹੋਈਆਂ। ਇਸ ਨਗਰ ਕੀਰਤਨ ਦੇ ਮੁੱਖ ਪ੍ਰਬੰਧਕ ਜੱਥੇਦਾਰ ਰਾਮ ਸਿੰਘ ਸੁਲਤਾਨਪੁਰੀ ਸਨ ਜਿਨ੍ਹਾਂ ਦੇ ਸਹਿਯੋਗ ਲਈ ਇਲਾਕੇ ਦੇ ਪਤਵੰਤੇ ਸਿੰਘ ਬਾਬਾ ਤਾਰਾ ਸਿੰਘ ਜੀ ਚੱਕਵਾਲ, ਡਾ. ਆਸਾ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ ਚੱਕਰਾਜੂ, ਭਾਈ ਪ੍ਰੀਤਮ ਸਿੰਘ ਡੀਗਰੀਆ ਆਦਿ ਨੇ ਸੰਗਤਾਂ ਦੇ ਸਹਿਯੋਗ ਨਾਲ ਸਫਲਤਾ ਪੂਰਵਕ ਇਸ ਨਗਰ ਕੀਰਤਨ ਨੂੰ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਆਰੰਭਿਆ ਜੋ ਵਾਇਆ ਆਦਮਪੁਰ, ਕਰਤਾਰਪੁਰ ਤੋਂ ਅੱਗੇ ਮੇਨ ਰੋਡ ਰਾਹੀਂ ਬਿਆਸ ਤੋਂ ਹੁੰਦੇ ਹੋਏ ਸ੍ਰੀ ਅੰਮ੍ਰਿਤਸਰ ਪਹੁੰਚੇ।

ਇਸੇ ਤਰ੍ਹਾਂ ਪੰਜਵਾਂ ਨਗਰ ਕੀਰਤਨ ਸੱਚਖੰਡ ਵਾਸੀ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਪਿੰਡ ਭੂਰਾਕੋਨਾ ਦੇ ਨੇੜਿਉਂ ਖੇਮਕਰਨ ਤੋਂ ਆਰੰਭ ਹੋਇਆ ਜਿਸ ਦੇ ਮੁੱਖ ਪ੍ਰਬੰਧਕ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਇਲਾਕੇ ਦੇ ਸਹਿਯੋਗੀ ਸਿੰਘ ਭਾਈ ਸੁਜਾਨ ਸਿੰਘ ਜੀ ਮਨਾਵਾਂ, ਭਾਈ ਇਕਬਾਲ ਸਿੰਘ, ਭਾਈ ਦੀਦਾਰ ਸਿੰਘ, ਬਾਬਾ ਹਰਨਾਮ ਸਿੰਘ, ਭਾਈ ਸਾਹਿਬ ਸਿੰਘ ਸੁਰਸਿੰਘ ਵਾਲਾ, ਭਾਈ ਸੁਖਵੰਤ ਸਿੰਘ ਬਾਸਰਕੇ ਅਤੇ ਹੋਰ ਬਹੁਤ ਸਾਰੇ ਇਲਾਕੇ ਦੇ ਸਿੰਘਾਂ ਨੇ ਮਿਲ ਕੇ ਇਸ ਸਮਾਗਮ ਦੀ ਕਾਮਯਾਬੀ ਲਈ ਸੰਗਤਾਂ ਨੂੰ ਪ੍ਰੇਰ ਕੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ। ਇਸ ਨਗਰ ਕੀਰਤਨ ਵਿੱਚ ਵੱਡੀ ਪੱਧਰ 'ਤੇ ਸੰਤ ਬਾਬਾ ਖੜਕ ਸਿੰਘ ਜੀ ਬੀੜ ਬਾਬਾ ਬੁੱਢਾ ਜੀ, ਸੰਤ ਬਾਬਾ ਦਇਆ ਸਿੰਘ ਜੀ ਸੁਰਸਿੰਘ ਵਾਲਿਆਂ ਨੇ ਵੀ ਸੰਗਤਾਂ ਨੂੰ ਪ੍ਰੇਰ ਕੇ ਇਸ ਨਗਰ ਕੀਰਤਨ ਲਈ ਥਾਂ-ਥਾਂ 'ਤੇ ਸਵਾਗਤੀ ਗੇਟ ਬਣਾਏ ਅਤੇ ਸੰਗਤਾਂ ਦੇ ਛਕਣ ਲਈ ਜਲ-ਪਾਨ ਆਦਿ ਦਾ ਪ੍ਰਬੰਧ ਕੀਤਾ। ਇਹ ਨਗਰ ਕੀਰਤਨ ਖੇਮਕਰਨ ਤੋਂ ਆਰੰਭ ਹੋ ਕੇ ਭਿਖੀਵਿੰਡ, ਝਬਾਲ, ਬੀੜ ਬਾਬਾ ਬੁੱਢਾ ਜੀ ਆਦਿ ਤੋਂ ਹੁੰਦਾ ਹੋਇਆ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਿਆ।

ਇਸ ਤਰ੍ਹਾਂ ਇਨ੍ਹਾਂ ਪੰਜਾਂ ਨਗਰ ਕੀਰਤਨਾਂ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚੀਆਂ। ਸੰਤ ਗਿਆਨੀ ਕਰਤਾਰ ਸਿੰਘ ਜੀ ਦੀ ਇਹੀ ਭਾਵਨਾ ਸੀ ਕਿ ਸ੍ਰੀ ਗੁਰੂ ਰਾਮਦਾਸ ਮਹਾਰਾਜ ਵੱਲੋਂ ਆਪਣੇ ਕਰ-ਕਮਲਾਂ ਨਾਲ ਵਰੋਸਾਏ ਸ੍ਰੀ ਅੰਮ੍ਰਿਤਸਰ ਸਾਹਿਬ ਸਾਹਿਬ ਵਿਖੇ ਅੰਮ੍ਰਿਤ ਸਰੋਵਰ ਦੀ ਆਰੰਭਤਾ ਕਰਨ ਦਾ 400 ਸਾਲਾ ਦਿਵਸ ਸੰਗਤਾਂ ਭਾਰੀ ਉਤਸ਼ਾਹ ਨਾਲ ਮਨਾਉਣ ਅਤੇ ਨਾਲ ਹੀ ਇਸ ਅੰਮ੍ਰਿਤ ਸਰੋਵਰ ਦੀ ਮਹੱਤਤਾ ਨੂੰ

Scanned with CamScanner

ਸਮਝ ਸਕਣ। ਜਿਸ ਲਈ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਅੰਮ੍ਰਿਤ ਸਰੋਵਰ ਮਨੁੱਖਤਾ ਦੇ ਕਲਿਆਣ ਲਈ ਸਥਾਪਿਤ ਕੀਤਾ ਹੈ। ਭਾਵੇਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਆਪ ਸੱਚਖੰਡ ਚਲੇ ਗਏ ਪਰ ਉਨ੍ਹਾਂ ਦੀ ਭਾਵਨਾ ਮੁਤਾਬਿਕ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੇ ਸਮੂਹ ਦਮਦਮੀ ਟਕਸਾਲ ਦੇ ਮੁਖੀ ਜਥੇਦਾਰ ਸਿੰਘਾਂ ਦੇ ਸਹਿਯੋਗ ਨਾਲ ਇਸ ਪ੍ਰੋਗਰਾਮ ਨੂੰ ਚੜ੍ਹਦੀ ਕਲਾ ਨਾਲ ਨਿਭਾਇਆ। ਇਥੇ ਇਹ ਵੀ ਵਰਨਣਯੋਗ ਹੈ ਕਿ ਉਸ ਸਮੇਂ ਪੰਜਾਬ ਵਿੱਚ ਅਕਾਲੀ ਸਰਕਾਰ ਸੀ ਅਤੇ ਇਸ ਲਈ ਪੰਜਾਬ ਸਰਕਾਰ ਨੇ ਵੀ ਇਹ 400 ਸਾਲਾ ਦਿਵਸ ਵੱਡੀ ਪੱਧਰ 'ਤੇ ਮਨਾਉਣ ਦਾ ਐਲਾਨ ਕੀਤਾ ਹੋਇਆ ਸੀ। ਪਰ ਉਨ੍ਹਾਂ ਵੱਲੋਂ ਸੰਗਤਾਂ ਨੂੰ ਲਿਆਉਣ ਲਈ ਕੋਈ ਵਿਸ਼ੇਸ਼ ਪ੍ਰਬੰਧ ਆਦਿ ਨਹੀਂ ਸਨ ਕੀਤੇ ਗਏ, ਪਰ ਹਿੰਦੋਸਤਾਨ ਵਿੱਚ ਐਮਰਜੈਂਸੀ ਦੀ ਗਨੇਰ੍ਹਗਰਦੀ ਤੋਂ ਉਪਰੰਤ ਨਵੀਂ ਹੋਂਦ ਵਿੱਚ ਆਈ ਕੇਂਦਰ ਸਰਕਾਰ ਨੇ ਵੀ ਬੜੇ ਉਤਸ਼ਾਹ ਨਾਲ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਹੋਇਆ ਸੀ। ਇਸ ਲਈ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਮੁਰਾਰਜੀ ਦੇਸਾਈ ਅਤੇ ਹੋਰ ਕੈਂਦਰੀ ਮੰਤਰੀ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਹੋਰ ਕੈਬਨਿਟ ਮੰਤਰੀਆਂ ਸਮੇਤ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਨ ਲਈ ਪਹੁੰਚੇ ਹੋਏ ਸਨ। ਵਿਸ਼ੇਸ਼ ਪੰਡਾਲ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਕੀਤਾ ਹੋਇਆ ਸੀ। ਜੋ ਸਿੰਘ ਸਾਹਿਬ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਦੇ ਸ਼ੁਰਜ ਨੰਡੇ ਪੁੱਲ੍ਹ ਮੈਦਾਨ ਵਿੱਚ ਪੰਡਾਲ ਦਾ ਪ੍ਰਬੰਧ ਸੀ ਅਤੇ ਇਥੇ ਹੀ ਸਿੰਘ ਸਾਹਿਬਾਨਾ, ਸੰਤਾਂ ਮਹਾਪੁਰਖਾਂ, ਰਾਜਸੀ ਆਗੂਆਂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਆਦਿ ਸਭਨਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਸ੍ਰੀ ਗੁਰੂ ਰਾਮਦਾਸ ਮਹਾਰਾਜ ਵੱਲੋਂ ਇਸ ਅੰਮ੍ਰਿਤ ਸਰੋਵਰ ਦੀ ਸਥਾਪਨਾ ਕਰਨ ਦਾ ਮੰਤਵ ਮਨੁੱਖਤਾ ਦੀ ਕਲਿਆਣ ਕਰਨ ਦਾ ਸਾਧਨ ਦੱਸਿਆ। ਜਿੱਥੇ ਇਸ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਕੇ ਮਨੁੱਖ ਦੇ ਕੋਹੜ ਵਰਗੇ ਰੋਗ ਵੀ ਦੂਰ ਹੋ ਜਾਂਦੇ ਹਨ ਉੱਥੇ ਇਸ ਅੰਮ੍ਰਿਤ ਸਰੋਵਰ ਦੀ ਇਹ ਵੀ ਮਹੱਤਤਾ ਹੈ ਕਿ ਜਿਸ ਉਪਰ ਸਤਿਗੁਰੂ ਜੀ ਕ੍ਰਿਪਾ ਕਰਨ ਤਾਂ ਉਨ੍ਹਾਂ ਦੇ ਜਨਮ-ਜਨਮ ਦੇ ਮਾਨਸਿਕ ਰੋਗ ਵੀ ਦੂਰ ਹੋ ਜਾਂਦੇ ਹਨ, ਜਿਸ ਕਾਰਨ ਮਨੁੱਖ ਆਪਣੀ ਆਤਮਾ ਨੂੰ ਪ੍ਰਮਾਤਮਾ ਨਾਲ ਮਿਲਾਉਣ ਲਈ ਯਤਨਸ਼ੀਲ ਹੋ ਸਕਦਾ ਹੈ ਇਤਿਆਦਿਕ ਇਸ ਅੰਮ੍ਰਿਤ ਸਰੋਵਰ ਦੀ ਮਹਿਮਾ ਨੂੰ ਦੁਨੀਆ ਵਿੱਚ ਦਰਸਾਇਆ ਗਿਆ। ਪੰਜਾਬ ਦੀਆਂ ਸਭ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦਾ ਇਹ ਸਾਂਝਾ ਯਤਨ ਸੀ ਕਿ ਅਸੀਂ ਸਭ ਰਲ ਕੇ ਗੁਰੂ ਸਾਹਿਬ ਦੇ ਇਸ ਮਹਾਨ ਪਰਉਪਕਾਰ ਬਾਰੇ ਦੁਨੀਆ ਨੂੰ ਦੱਸ ਸਕੀਏ। ਇਸ ਲਈ ਦਮਦਮੀ ਟਕਸਾਲ ਨੇ ਸਫ਼ਲਤਾ ਪੂਰਵਕ ਵੱਡਾ ਹੰਭਲਾ ਮਾਰਿਆ ਅਤੇ ਇਸ ਕਾਰਜ ਵਿੱਚ ਆਪਣਾ ਬਣਦਾ ਯੋਗਦਾਨ ਅਰਪਣ ਕੀਤਾ।

ਇਸ ਵੱਡੇ ਪੰਡਾਲ ਵਿੱਚ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਮੋਹਨ ਸਿੰਘ ਤੁੜ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਦਮਦਮੀ ਟਕਸਾਲ ਵੱਲੋਂ ਵੱਡੇ ਯਤਨਾਂ ਰਾਹੀਂ ਇਸ ਸਮਾਗਮ ਵਿੱਚ ਸੰਗਤਾਂ ਦੀ ਸ਼ਮੂਲੀਅਤ ਕਰਨ ਲਈ ਨਗਰ ਕੀਰਤਨਾਂ ਰਾਹੀਂ ਸੰਗਤਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲਿਆਉਣ ਲਈ ਕੀਤੇ ਪ੍ਰਬੰਧ ਦਾ ਧੰਨਵਾਦ ਕੀਤਾ।

ਟਕਸਾਲੀ ਵਿਦਿਆਰਥੀਆਂ ਨਾਲ ਸਿੱਖਿਆ ਭਰਪੂਰ ਅੰਦਰੂਨੀ ਸਾਂਝਾਂ

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਟਕਸਾਲ ਦੇ ਮੁਖੀ ਬਣਨ ਤੋਂ ਦੋ ਕੁ ਮਹੀਨੇ ਬਾਅਦ ਸਭੇ ਸਮੇਤ ਗੁਰਦਾਸਪੁਰ ਵਿਖੇ ਪਿੰਡ ਖੁਜਾਲਾ ਗੁਰਦੁਆਰਾ ਰਾਮਥੰਮਨ ਗਏ। ਇਹ ਸਥਾਨ ਵੀ ਦਮਦਮੀ ਟਕਸਾਲ ਦੀ ਸੇਵਾ ਸੰਭਾਲ ਵਿੱਚ ਹੀ ਚੱਲ ਰਿਹਾ ਹੈ ਅਤੇ ਇੱਥੇ ਹਰ ਸਮੇਂ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸੰਥਿਆ ਪੜ੍ਹਾਈ ਜਾਂਦੀ ਹੈ। ਇੱਥੇ ਹਰ ਸਾਲ ਬਾਬਾ ਰਾਮਥੰਮਨ ਜੀ ਦਾ ਭਾਰੀ ਜੋੜ ਮੇਲਾ ਹੁੰਦਾ ਹੈ (ਬਾਬਾ ਰਾਮਥੰਮਨ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭੂਆ ਦੇ ਪੁੱਤਰ ਸਨ)। ਇਸ ਜੋੜ ਮੇਲੇ 'ਤੇ ਇਲਾਕੇ ਦੀਆਂ ਸੰਗਤਾਂ ਦਾ ਭਾਰੀ ਇਕੱਠ ਸੀ, ਜਿਉਂ ਹੀ ਸੰਤ ਜੀ ਛੱਪੜ ਵਿੱਚੋਂ ਉਤਰੇ ਤੇ ਉਡੀਕ ਵਿੱਚ ਖੜ੍ਹੀਆਂ ਸੰਗਤਾਂ ਨੂੰ ਫ਼ਤਿਹ ਬੁਲਾ ਕੇ ਸਭ ਨੂੰ ਗੁਰਦੁਆਰਾ ਸਾਹਿਬ ਜਾਣ ਲਈ ਕਿਹਾ। ਸੰਤ ਜੀ ਆਪ ਵੀ ਸੰਗਤ ਦੇ ਨਾਲ ਹੀ ਚੱਲ ਪਏ। ਚਰਨ ਗੰਗਾ ਵਿੱਚ ਜਲ ਬਹੁਤ ਥੋੜ੍ਹਾ ਸੀ ਪਰ ਸੰਤ ਜੀ ਉਸੇ ਜਲ ਵਿੱਚ ਚਲੇ ਗਏ ਤਾਂ ਇੱਥੇ ਵਿੰਦਿਆ ਪੜ੍ਹ ਰਹੇ ਭਾਈ ਚਰਨਜੀਤ ਸਿੰਘ ਨੇ ਦੌੜ ਕੇ ਪਾਣੀ ਦੀ ਬਾਲਟੀ ਭਰ ਕੇ

Scanned with CamScanner

ਲਿਆਂਦੀ ਅਤੇ ਸੰਤਾਂ ਦੇ ਪੈਰ ਧੁਆਏ ਸੰਤਾਂ ਨੇ ਪੁੱਛਿਆ ਕਿ ਭਾਈ, ਕੀ ਪੜ੍ਹਦਾ ਹੈਂ? ਤਾਂ ਉਸ ਨੇ ਕਿਹਾ ਕਿ ਬਾਬਾ ਜੀ, ਗੁਰਬਾਣੀ ਦੀ ਸੰਥਿਆ ਸੰਪੂਰਨ ਹੋਣ ਵਾਲੀ ਹੈ। ਫਿਰ ਸੰਤ ਜੀ ਗੁਰਦੁਆਰਾ ਸਾਹਿਬ ਚਲੇ ਗਏ ਇੱਕ ਘੰਟਾ ਪ੍ਰਚਾਰ ਕੀਤਾ, ਖਾਸ ਕਰਕੇ ਬਾਬਾ ਗ੍ਰਾਮਥੈਮਨ ਜੀ ਦੇ ਇਤਿਹਾਸ ਬਾਰੇ ਸੰਗਤਾਂ ਨੂੰ ਚਾਨਣਾ ਪਾਇਆ ਅਤੇ ਸਭ ਸੰਗਤਾਂ ਨੂੰ ਅੰਮ੍ਰਿਤਧਾਰੀ ਹੋਣ ਲਈ ਪ੍ਰੇਰਿਆ। ਦੀਵਾਨ ਦੀ ਸਮਾਪਤੀ ਸਮੇਂ ਇਸੇ ਹੀ ਭਾਈ ਚਰਨਜੀਤ ਸਿੰਘ ਨੇ ਅਰਦਾਸ ਕੀਤੀ ਤਾਂ ਅਰਦਾਸ ਦੇ ਅਖੀਰ ਵਿੱਚ ਬੇਨਤੀ ਰੂਪ ਵਿੱਚ ਸ਼ਬਦ ਕਹੇ ਕਿ ਗੁਰੂ ਕਲਗੀਧਰ ਪਾਤਿਸ਼ਾਹ ਆਪਣੇ ਵੱਲੋਂ ਚਲਾਈ ਦਮਦਮੀ ਟਕਸਾਲ ਦੇ ਨਵੇਂ ਮੁਖੀ ਨੂੰ ਕਥਾ, ਪ੍ਰਚਾਰ ਅਤੇ ਵਿਦਿਆਰਥੀਆਂ ਨੂੰ ਬਾਣੀ ਪੜ੍ਹਾਉਣ ਲਈ ਬਲ, ਬੁੱਧ ਅਤੇ ਸਮਰੱਥਾ ਬਖਸ਼ੇ।

ਦੀਵਾਨ ਦੀ ਸਮਾਪਤੀ ਤੋਂ ਬਾਅਦ ਬਹੁਤ ਸਾਰੀਆਂ ਸੰਗਤਾਂ ਜਾ ਚੁੱਕੀਆਂ ਸਨ ਤਾਂ ਸੰਤਾਂ ਨੇ ਭਾਈ ਚਰਨਜੀਤ ਸਿੰਘ ਨੂੰ ਆਪਣੇ ਕੋਲ ਬੁਲਾਇਆ ਤਾਂ ਉਹ ਮਨ ਹੀ ਵਿੱਚ ਡਰ ਗਿਆ ਕਿ ਸ਼ਾਇਦ ਮੇਰੇ ਕੋਲੋਂ ਕੋਈ ਗਲਤੀ ਹੋ ਗਈ ਹੈ। ਜਦੋਂ ਸੰਤਾਂ ਕੋਲ ਆਇਆ ਤਾਂ ਸੰਤਾਂ ਨੇ ਪੁੱਛਿਆ ਤੇਰਾ ਪਿੰਡ ਕਿਹੜਾ ਹੈ, ਉਸ ਨੇ ਕਿਹਾ ਕਿ ਮੇਰਾ ਪਿੰਡ ਜੱਸੋਵਾਲ ਹੈ। ਫਿਰ ਪੁੱਛਿਆ ਤੇਰੀ ਕੀ ਤਮੰਨਾ ਹੈ? ਉਸ ਨੇ ਕਿਹਾ ਜੀ ਸੰਥਿਆ ਕਰਕੇ ਪ੍ਰਾਣੀ ਬਣਨ ਦੀ ਇੱਛਾ ਹੈ। ਸੰਤਾਂ ਨੇ ਕਿਹਾ ਚੰਗਾ ਭਾਈ ਮਨ ਲਾ ਕੇ ਬਾਣੀ ਪੜ੍ਹਿਆ ਕਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਤੇ ਜਿੰਨੀ ਵੱਧ ਸ਼ਰਧਾ ਰੱਖੇਂਗਾ, ਉਨੀ ਵੱਧ ਕ੍ਰਿਪਾ ਹੋਵੇਗੀ। ਫਿਰ ਗਲਵੱਕੜੀ ਵਿੱਚ ਲੈ ਕੇ ਕਿਹਾ, "ਚਰਨਜੀਤ ਸਿੰਘ, ਮੈਂ ਦੋ ਗੱਲਾਂ ਤੋਂ ਬਹੁਤ ਪ੍ਰਸੰਨ ਹਾਂ ਇੱਕ ਤਾਂ ਤੂੰ ਉੱਦਮ ਕਰਕੇ ਤੁਰੰਤ ਹੀ ਜਲ ਦੀ ਬਾਲਟੀ ਲਿਆ ਕੇ ਪੰਜ ਜ਼ਨਾਨਾ ਕਰਾਇਆ ਅਤੇ ਦੂਸਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਮੇਰੇ ਲਈ ਅਰਦਾਸ ਕੀਤੀ ਕਿ ਉਹ ਮੈਨੂੰ ਕਥਾ, ਪ੍ਰਚਾਰ ਅਤੇ ਵਿਦਿਆਰਥੀਆਂ ਨੂੰ ਵਿੱਦਿਆ ਪੜ੍ਹਾਉਣ ਦੀ ਬਲ, ਬੁੱਧੀ ਅਤੇ ਸਮਰੱਥਾ ਪ੍ਰਦਾਨ ਕਰਨ।"

ਸੰਤਾਂ ਵੱਲੋਂ ਕਹੇ ਨਿਮਰਤਾ ਅਤੇ ਸਿੱਖਿਆ ਭਰੇ ਇਨ੍ਹਾਂ ਬਚਨਾਂ ਨੂੰ ਯਾਦ ਕਰਕੇ ਚਰਨਜੀਤ ਸਿੰਘ ਅੱਜ ਵੀ ਵੈਰਾਗ ਵਿੱਚ ਆ ਜਾਂਦਾ ਹੈ ਕਿ ਮਹਾਂਪੁਰਖਾਂ ਵਿੱਚ ਏਨੀ ਸਾਦਗੀ ਕਿ ਗੁਰੂ ਸਾਹਿਬ ਦੀਆਂ ਸਭ ਬਖਸ਼ਿਸ਼ਾਂ ਹੁੰਦਿਆਂ ਹੋਇਆਂ ਸਹਿਜ ਵਿੱਚ ਰਹਿ ਕੇ ਉਨ੍ਹਾਂ ਨੂੰ ਜਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰ 'ਤੇ ਹਮੇਸ਼ਾ ਜਾਚਿਕ ਬਣ ਕੇ ਰਹਿਣਾ ਕਿਉਂਕਿ ਉਹ ਸਮਰੱਥ ਸ਼ਕਤੀ ਹੈ। ਉਹ ਗੁਣਾਂ ਤੋਂ ਖਾਲੀ ਵਿਅਕਤੀ ਨੂੰ ਬੇਅੰਤ ਗੁਣਾਂ ਨਾਲ ਲਦਾ-ਲਦ ਭਰ ਸਕਦੇ ਹਨ ਅਤੇ ਗੁਣੀ ਗਿਆਨੀਆਂ ਨੂੰ ਵੀ ਹੋਰ ਗੁਣ ਬਖਸ਼ ਦਿੰਦੇ ਹਨ। ਸੰਤਾਂ ਨੇ ਭਾਈ ਚਰਨਜੀਤ ਸਿੰਘ ਨੂੰ ਗਲਵੱਕੜੀ ਵੀ ਪਾਈ ਰੱਖੀ ਅਤੇ ਬਚਨ ਕਰਦਿਆਂ ਕਿਹਾ ਕਿ ਮੇਰੇ ਲਈ ਰੋਜ਼ਾਨਾ ਹੀ ਅਜਿਹੀ ਅਰਦਾਸ ਕਰਦੇ ਰਹਿਣਾ ਕਿਉਂਕਿ ਤਿਆਰ-ਬਰ-ਤਿਆਰ ਸਿੰਘਾਂ ਦੀ ਅਰਦਾਸ ਨਾਲ ਗੁਰੂ ਸਾਹਿਬ ਮਿਹਰ ਕਰ ਦਿੰਦੇ ਹਨ। ਇਸ ਲਈ ਮੇਰੇ ਵਰਗੇ ਅਨਜਾਣ, ਅਲਪੱਗ ਤੇ ਅਗਿਆਨੀ ਉੱਪਰ ਵੀ ਗੁਰੂ ਸਾਹਿਬ ਕ੍ਰਿਪਾ ਕਰ ਦੇਣ ਨਾਲ ਹੀ ਗੁਰਬਾਣੀ ਦੀ ਇਹ ਪੰਗਤੀ ਪੜ੍ਹੀ:

ਨਾਨਕ ਨਿਰਗੁਣਿ ਗੁਣੁ ਕਰੈ ਗੁਣਵੰਤਿਆ ਗੁਣੁ ਦੇ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥

ਭਾਈ ਚਰਨਜੀਤ ਸਿੰਘ ਇਨ੍ਹਾਂ ਬਚਨਾਂ ਨੂੰ ਯਾਦ ਕਰਕੇ ਗਹਿਰੀਆਂ ਸੋਚਾਂ ਵਿੱਚ ਪੈ ਜਾਂਦਾ ਹੈ ਕਿ ਅਜਿਹੇ ਮਹਾਂਪੁਰਖ ਹੁਣ ਘੱਟ ਹੀ ਨਜ਼ਰ ਆਉਂਦੇ ਹਨ।

ਸਿੱਖਾਂ ਅਤੇ ਨਕਲੀ ਨਿਰੰਕਾਰੀਆਂ ਵਿੱਚ ਆਪਸੀ ਝਗੜਾ ਕਿਉਂ?

ਹਰ ਧਰਮ ਦੇ ਪੈਰੋਕਾਰ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਜਦੋਂ ਵੀ ਧਰਮ ਵਿੱਚ ਕਿਸੇ ਕਿਸਮ ਦੀ ਗਿਰਾਵਟ ਆਉਂਦੀ ਹੈ ਜਾਂ ਧਰਮ ਨੂੰ ਉਜਾੜ ਕੇ ਬੁਲੰਦੀਆਂ ਵੱਲ ਲੈ ਕੇ ਜਾਣਾ ਚਾਹੁੰਦਾ ਹੈ ਤਾਂ ਉਸ ਧਰਮ ਵਿੱਚ ਰੱਬੀ ਅਵਤਾਰ, ਪੈਗੰਬਰ, ਮਸੀਹਾ, ਗੁਰੂ ਜਾਂ ਅਰੰਮੀ ਰੂਹਾਂ ਇਸ ਧਰਤੀ 'ਤੇ ਅਵਤਾਰ ਧਾਰਦੀਆਂ ਹਨ ਅਤੇ ਧਰਮ ਵਿਰੋਧੀ ਤਾਕਤਾਂ ਦਾ ਮਲੀਆਮੇਟ ਕਰਕੇ ਧਰਮ ਦੀ ਸ਼ਕਤੀ ਨੂੰ ਦੁਨੀਆਂ ਵਿੱਚ ਉਜਾਗਰ ਕਰਦੀਆਂ ਹਨ ਅਤੇ ਇਨ੍ਹਾਂ ਰੱਬੀ ਅਵਤਾਰਾਂ, ਗੁਰੂਆਂ ਦੇ ਇਸ ਸੰਸਾਰ ਵਿੱਚੋਂ ਚਲੇ ਜਾਣ ਉਪਰੰਤ ਵੀ ਆਪੋ-ਆਪਣੇ ਮੱਤਾਂ ਮਤਾਂਤਰਾਂ ਦੇ ਮੁਖੀ ਆਪੋ-ਆਪਣੇ ਮੱਤ ਦਾ ਪ੍ਰਚਾਰ ਕਰਕੇ ਆਪਣੇ ਸਿਧਾਤਾਂ ਨੂੰ ਕਾਇਮ ਰੱਖਿਆ ਕਰਦੇ ਹਨ। ਇਨ੍ਹਾਂ ਸਭਨਾਂ ਨਾਲੋਂ ਸਿੱਖ ਧਰਮ

Scanned with CamScanner

ਦੀ ਵਿਲੱਖਣਤਾ ਵੱਖਰੀ ਹੈ। ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਦਸ ਗੁਰੂ ਸਾਹਿਬਾਨਾਂ ਨੇ ਦੁਨੀਆਂ ਵਿੱਚੋਂ ਭਰਮ-ਭੁਲੇਖਿਆਂ ਨੂੰ ਦੂਰ ਕਰਨ ਲਈ ਵੱਡੇ ਉਪਰਾਲੇ ਕੀਤੇ। ਇੱਥੇ ਹੀ ਬੱਸ ਨਹੀਂ ਮਨੁੱਖੀ ਆਤਮਾ ਨੂੰ ਪ੍ਰਮਾਤਮਾ ਨਾਲ ਜੋੜਨ ਦਾ ਸੌਖਾ ਅਤੇ ਸਿੱਧਾ ਢੰਗ ਦੱਸ ਕੇ ਧੁਰ ਕੀ ਬਾਣੀ ਨਾਲ ਜੋੜਨ ਦਾ ਸੰਦੇਸ਼ ਦਿੱਤਾ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਵਤਾਰ ਧਾਰਿਆ ਤਾਂ ਉਨ੍ਹਾਂ ਨੇ ਸਿੱਧੇ ਰੂਪ ਵਿੱਚ ਦਰਸਾਇਆ ਕਿ ਸਾਡਾ ਇਸ ਦੁਨੀਆ ਵਿੱਚ ਆਉਣ ਦਾ ਪ੍ਰਯੋਜਨ ਕੀ ਹੈ?

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਿਨ॥ (ਬਚਿੱਤਰ ਨਾਟਕ ਦਸਮ, ੬)

ਇਸ ਮਨੋਰਥ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਦੀ ਸਾਜਨਾ ਕਰਕੇ "ਸ਼ਬਦ ਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇ ਕੇ ਖ਼ਾਲਸਾ ਪੰਥ ਦਾ ਜੁੱਗੋ-ਜੁੱਗ ਅਟੱਲ ਮਿਸ਼ਨ ਆਰੰਭ ਦਿੱਤਾ ਅਤੇ ਇਸ ਮਿਸ਼ਨ ਨੂੰ ਚਾਲੂ ਰੱਖਣ ਲਈ ਜਿੱਥੇ ਸਮੁੱਚੇ ਖ਼ਾਲਸਾ ਪੰਥ ਨੂੰ ਜ਼ਿੰਮੇਵਾਰੀ ਸੌਂਪੀ ਉਥੇ ਵਿਸ਼ੇਸ਼ ਤੌਰ 'ਤੇ ਗੁਰੂ ਸਾਹਿਬ ਨੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਆਪਣੇ ਕਰ ਕਮਲਾਂ ਨਾਲ ਦਮਦਮੀ ਟਕਸਾਲ ਦੀ ਆਰੰਭਤਾ ਕੀਤੀ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪ੍ਰਤੀ, ਇਸ ਦੇ ਉਚਾਰਣ ਪ੍ਰਤੀ ਅਤੇ ਗੁਰਬਾਣੀ ਦੇ ਸਮੁੱਚੇ ਸਰੂਪ ਪ੍ਰਤੀ ਕਿਸੇ ਕਿਸਮ ਦਾ ਭਰਮ ਭੁਲੇਖਾ ਨਾ ਪਵੇ। ਜੇਕਰ ਪੰਥ ਵਿਰੋਧੀ ਸ਼ਕਤੀਆਂ ਵੱਲੋਂ ਜਾਣ ਬੁੱਝ ਕੇ ਸਤਿਗੁਰੂ ਦੇ ਸਰੂਪ ਨਾਲ ਕਿਸੇ ਤਰ੍ਹਾਂ ਦਾ ਖਿਲਵਾੜ ਕੀਤਾ ਜਾਵੇ ਤਾਂ ਇਹ ਜੱਥੇਬੰਦੀ ਪਹਿਰੇਦਾਰ ਬਣ ਕੇ ਆਪਣੀ ਜ਼ਿੰਮੇਵਾਰੀ ਨਿਭਾਵੇ। ਅਸੀਂ ਪਿੱਛੇ ਵੀ ਦੱਸ ਆਏ ਹਾਂ ਕਿ ਜਿੱਥੇ ਸਿੱਖ ਪੰਥ ਨੇ ਆਪਣੇ ਸਿੱਖ ਸਿਧਾਤਾਂ ਜਾਂ ਸਿੱਖ ਧਰਮ ਜਾਂ ਧਾਰਮਿਕ ਸਥਾਨਾਂ ਦੀ ਰੱਖਿਆ ਪ੍ਰਤੀ ਜੋਖਮ ਭਰੇ ਸੰਘਰਸ਼ ਲੜੇ, ਉਥੇ ਦਮਦਮੀ ਟਕਸਾਲ ਦੇ ਮੁਖੀ ਮਹਾਂਪੁਰਖਾਂ ਵੱਲੋਂ ਵੀ ਸਮੇਂ ਸਮੇਂ ਬਣਦਾ ਯੋਗਦਾਨ ਪਾਇਆ ਗਿਆ ਅਤੇ ਮਹਾਨ ਕੁਰਬਾਨੀਆਂ ਕਰਕੇ ਆਪਣੇ ਪੰਜ ਭੂਤਕ ਸਰੀਰਾਂ ਦੀਆਂ ਸ਼ਹਾਦਤਾਂ ਦੇ ਕੇ ਗੁਰੂ ਸਾਹਿਬ ਵੱਲੋਂ ਬਖਸ਼ੇ ਸਿੱਖ ਸਿਧਾਤਾਂ ਨੂੰ ਬਰਕਰਾਰ ਰੱਖਿਆ। ਇਸੇ ਸੰਸਥਾ ਦੇ 14ਵੇਂ ਮੁੱਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਹਨ ਜੋ ਸਿੱਖ ਵਿਰੋਧੀ ਤਾਕਤਾਂ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹਨ।

ਸਿੱਖ ਵਿਰੋਧੀ ਤਾਕਤਾਂ ਅਤੇ ਹੋਰ ਧਰਮਾਂ ਦੇ ਲੋਕ ਇਸ ਗੱਲ ਤੋਂ ਹੈਰਾਨ ਹਨ ਕਿ ਸਿੱਖਾਂ ਅਤੇ ਨਕਲੀ ਨਿਰੰਕਾਰੀਆਂ ਦੇ ਮਤਭੇਦ ਖੂਨੀ ਟਕਰਾਅ ਤੱਕ ਕਿਵੇਂ ਪਹੁੰਚ ਗਏ? ਇਨ੍ਹਾਂ ਧਿਰਾਂ ਵਿੱਚ ਇਨੇ ਗੰਭੀਰ ਝਗੜੇ ਦਾ ਮੂਲ ਕਾਰਨ ਕੀ ਹੈ ਅਤੇ ਨਾਲ ਹੀ ਇਸ ਗੱਲ ਤੋਂ ਵੀ ਹੈਰਾਨ ਹਨ ਕਿ ਹਰ ਖਿਆਲ ਦੇ ਸਿੱਖ ਇੱਕ ਵਿਚਾਰਧਾਰਾ ਵਿੱਚ ਇਕੱਠੇ ਹੋ ਕੇ ਨਕਲੀ ਨਿਰੰਕਾਰੀਆਂ ਦੀ ਮੰਡਲੀ ਦੇ ਵਿਰੁੱਧ ਕਿਵੇਂ ਖੜ੍ਹੇ ਹੋ ਗਏ ਹਨ। ਉਨ੍ਹਾਂ ਦਾ ਇਹ ਸ਼ੰਕਾ ਨਵਿਰਤ ਕਰਨਾ ਅਤਿ ਜ਼ਰੂਰੀ ਹੈ ਅਤੇ ਪਾਠਕਾਂ ਦੇ ਸਮਝਣ ਲਈ ਵੀ ਇਹ ਦੱਸਣਾ ਜ਼ਰੂਰੀ ਹੈ ਕਿ ਨਕਲੀ ਨਿਰੰਕਾਰੀਆਂ ਦਾ ਟਕਰਾਅ ਖੂਨੀ ਦੌਰ ਤੱਕ ਕਿਵੇਂ ਪਹੁੰਚਿਆ?

ਸਿੱਖਾਂ ਅਤੇ ਨਿਰੰਕਾਰੀਆਂ ਦੇ ਝਗੜੇ ਦੀ ਬੁਨਿਆਦ "ਸ਼ਬਦ ਗੁਰੂ ਦਾ ਸਿਧਾਂਤ ਅਤੇ ਦੇਹਧਾਰੀ ਗੁਰੂ" ਦੀ ਪੂਜਾ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ ਨਸ਼ੀਨ ਕਰਕੇ ਸਿੱਖਾਂ ਵਿੱਚ ਪਿਛਲੇ ਨੌਂ ਗੁਰੂਆਂ ਤੋਂ ਚੱਲੀ ਆਉਂਦੀ ਵਿਅਕਤੀਗਤ ਗੁਰੂ ਪ੍ਰਥਾ ਨੂੰ ਹਮੇਸ਼ਾ ਵਾਸਤੇ ਖਤਮ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਧਾਰਨ ਦੀ ਜੁਗਤ ਲਈ ਗਹਿਤਵਾਨ ਪੰਜ ਪਿਆਰਿਆਂ ਦੀ ਪ੍ਰਥਾ ਆਰੰਭੀ ਅਤੇ ਸਭ ਲਈ ਸਾਂਝਾ ਹੁਕਮ ਕਰ ਦਿੱਤਾ ਸੀ :-

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ,
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਇਸ ਤੋਂ ਬਾਅਦ ਜਿਸ ਵਿਅਕਤੀ ਨੇ ਵੀ ਸਿੱਖੀ ਭੇਸ ਵਿੱਚ ਗੁਰੂ ਬਣਨ ਦੀ ਗੁਸਤਾਖੀ ਕੀਤੀ ਤਾਂ ਸਿੱਖ

Scanned with CamScanner

ਪੰਥ ਨੇ ਅਜਿਹੇ ਦੇਵੀ ਗੁਰੂ ਨੂੰ ਬਰਦਾਸ਼ਤ ਨਹੀਂ ਕੀਤਾ ਅਤੇ ਨਾ ਹੀ ਗੁਰੂ ਬਣਨ ਵਾਲੇ ਨੂੰ ਮਾਫ ਕੀਤਾ। ਇੱਕ ਸਮਾਂ ਸੀ ਜਦੋਂ ਰਾਧਾ ਸੁਆਮੀ ਮਤ ਦੇ ਮੋਢੀ ਬਾਬਾ ਸਾਵਣ ਸਿੰਘ ਨੇ ਆਪਣੀ ਹੋਛੀ ਬੁੱਧੀ ਅਨੁਸਾਰ ਲਿਖੀ ਪੁਸਤਕ (ਸਾਰ ਬਚਨ) ਦਾ ਪ੍ਰਕਾਸ਼ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਰਨਾ ਸ਼ੁਰੂ ਕਰ ਦਿੱਤਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਉਸ ਦੀ ਇਸ ਹਰਕਤ ਦਾ ਸਿੱਖ ਪੰਥ ਵਿੱਚ ਤਿੱਖਾ ਪ੍ਰਤੀਕਰਮ ਹੋਇਆ ਹੈ ਤਾਂ ਉਹ ਛੇਤੀ ਹੀ ਇਸ ਪਾਸੇ ਤੋਂ ਮੋੜਾ ਪਾ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਆਪਣੀ ਪੁਸਤਕ ਨੂੰ ਰੱਖਣਾ ਬੰਦ ਕਰ ਦਿੱਤਾ। ਇਸ ਤਰ੍ਹਾਂ ਰਾਧਾ ਸੁਆਮੀ ਮੱਤ ਵਾਲੇ ਸ਼ਬਦ ਗੁਰੂ ਨਾਲ ਮੱਥਾ ਲਾਉਣ ਤੋਂ ਪਿਛਾਂਹ ਹੱਟ ਗਏ ਅਤੇ ਕੁੱਝ ਸੰਭਲ ਗਏ, ਪਰ ਨਕਲੀ ਨਿਰੰਕਾਰੀਆਂ ਦੀ ਮੱਤ ਤੇ ਅਜਿਹਾ ਪਰਦਾ ਪਿਆ ਕਿ ਉਹ ਸਿੱਖ ਗੁਰੂਆਂ ਦੀ ਬਰਾਬਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਾਦਰੀ ਕਰਨ ਲੱਗਿਆਂ ਇਸ ਤੋਂ ਨਿਕਲਣ ਵਾਲੇ ਗੰਭੀਰ ਨਤੀਜਿਆਂ ਦਾ ਅੰਦਾਜ਼ਾ ਲਾਉਣ ਵਿੱਚ ਟਪਲਾ ਖਾ ਗਏ। ਇਸ ਪਾਖੰਡ ਦੀ ਮੰਡਲੀ ਨੇ ਮਾਨਵ ਏਕਤਾ ਦਾ ਪ੍ਰਪੰਚ ਰਚ ਕੇ ਮਨੁੱਖਤਾ ਦੇ ਕਾਤਲ ਬਣਨ ਦਾ ਰਸਤਾ ਅਖਤਿਆਰ ਕਰ ਲਿਆ। 1978 ਦੀ ਖੂਨੀ ਵਿਸਾਖੀ ਦੀ ਮਿਸਾਲ ਸਭ ਦੇ ਸਾਹਮਣੇ ਹੈ। ਜਿਸ ਦਾ ਵਰਨਣ ਅੱਗੇ ਚੱਲ ਕੇ ਕਰਾਂਗੇ। ਨਕਲੀ ਨਿਰੰਕਾਰੀਆਂ ਦੇ ਸਿੱਖ ਵਿਰੋਧੀ ਪ੍ਰਚਾਰ ਜੋ ਸਿੱਖ ਅਤੇ ਨਿਰੰਕਾਰੀਆਂ ਦੇ ਝਗੜੇ ਦਾ ਮੂਲ ਕਾਰਨ ਬਣਿਆ, ਉਸ ਦੀਆਂ ਕੁੱਝ ਮਿਸਾਲਾਂ ਇੱਥੇ ਦੇ ਰਹੇ ਹਾਂ।

ਹਿੰਦੂ ਮੱਤ ਅਨੁਸਾਰ 33 ਕਰੋੜ ਦੇਵਤੇ ਹਨ, 9 ਕਰੋੜ ਦੇਵੀਆਂ ਹਨ ਅਤੇ ਇਨ੍ਹਾਂ ਨੂੰ ਮੰਨਣ ਦਾ ਅਤੇ ਪੂਜਾ ਨਿਸ਼ਠਾ ਦਾ ਵੱਖਰਾ-ਵੱਖਰਾ ਢੰਗ ਹੈ। ਕੋਈ ਹਿੰਦੂ ਸ਼ਿਵਲਿੰਗ ਦੀ ਪੂਜਾ ਕਰਦਾ ਹੈ, ਕੋਈ ਸੂਰਜ ਨੂੰ ਪੂਜਦਾ ਹੈ। ਕੋਈ ਪਿੱਪਲ ਨੂੰ ਦੇਵਤਾ ਮੰਨਦਾ ਹੈ। ਕੋਈ ਸੱਪ ਨੂੰ ਨਾਗ ਦੇਵਤਾ ਸਮਝ ਕੇ ਦੁੱਧ ਪਿਲਾਈ ਜਾਂਦਾ ਹੈ, ਬਾਂਦਰਾਂ ਨੂੰ ਹਨੂੰਮਾਨ ਦੀ ਫੌਜ ਸਮਝ ਕੇ ਉਨ੍ਹਾਂ ਨੂੰ ਭੋਗ ਲਵਾਈ ਜਾਂਦਾ ਹੈ ਅਤੇ ਹੋਰ ਧਰਮਾਂ ਵਿੱਚ ਉਹਨਾਂ ਦੇ ਅਨੇਕਾਂ ਹੀ ਤਰੀਕੇ, ਕਿਰਿਆ ਅਤੇ ਕਰਮ ਕਾਂਡ ਹਨ, ਪਰ ਸਿੱਖਾਂ ਨੇ ਉਨ੍ਹਾਂ ਦੇ ਪੂਜਾ ਪਾਠ ਜਾਂ ਪੱਥਰ ਪੂਜਣ ਆਦਿਕ ਤਰੀਕਿਆਂ ਤੇ ਕਦੇ ਕੋਈ ਕਿੰਤੂ ਨਹੀਂ ਕੀਤਾ ਅਤੇ ਉਨ੍ਹਾਂ ਦੀ ਧਾਰਮਿਕ ਆਸਥਾ ਨੂੰ ਮੁੱਖ ਰੱਖਦਿਆਂ ਉਨ੍ਹਾਂ ਨਾਲ ਕਦੇ ਕੋਈ ਟਕਰਾਅ ਨਹੀਂ ਹੋਇਆ, ਪਰ ਨਿਰੰਕਾਰੀਆਂ ਨਾਲ ਸਿੱਖਾਂ ਦਾ ਝਗੜਾ ਇਸ ਲਈ ਹੈ ਕਿ ਉਹ ਸਿੱਖ ਗੁਰੂਆਂ ਦੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਦੇ ਹਨ, ਸਿੱਖ ਰਹਿਤ ਮਰਿਯਾਦਾ ਦਾ ਮਜ਼ਾਕ ਉਡਾਉਂਦੇ ਹਨ, ਪੰਜਾਂ ਪਿਆਰਿਆਂ ਦੀ ਥਾਂ ਸੱਤ ਸਿਤਾਰੇ ਸਜਾ ਬੈਠੇ ਹਨ ਅਤੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਥਾਂ 'ਤੇ ਉਹ ਆਪਣੇ ਪੈਰਾਂ ਦਾ ਮਲੀਨ ਪਾਣੀ ਪਿਲਾਉਂਦੇ ਹਨ। ਧੰਨ ਸ੍ਰੀ ਗੁਰੂ ਨਾਨਕ ਨਿਰੰਕਾਰ ਦਾ ਮਜਾਕ ਉਡਾ ਕੇ ਗੰਦਗੀ ਦੇ ਪੁਤਲੇ ਆਪਣੇ ਮੁਖੀ ਨੂੰ ਅਸਲੀ ਨਿਰੰਕਾਰੀ ਦੱਸਦੇ ਹਨ। ਇਨ੍ਹਾਂ ਨੇ ਸਭ ਕੁੱਝ ਸ਼ਰੇਆਮ ਅਤੇ ਖਾਸ ਕਰਕੇ ਪੰਜਾਬ ਦੀ ਧਰਤੀ ਤੇ ਵੱਡੇ ਵੱਡੇ ਪ੍ਰਦਰਸ਼ਨਾਂ ਰਾਹੀਂ ਆਪਣੇ ਪਾਖੰਡ ਨੂੰ ਪ੍ਰਚਾਰਿਆ ਜਦੋਂ ਕਿ ਪ੍ਰੋਫੈਸਰ ਪੂਰਨ ਸਿੰਘ ਲਿਖਦੇ ਹਨ "ਪੰਜਾਬ ਵੱਸਦਾ ਗੁਰਾਂ ਦੇ ਨਾਅ 'ਤੇ।" ਇਸ ਧਰਤੀ ਦੇ ਸਿੱਖ ਗੁਰੂਆਂ ਵਿਰੁੱਧ ਵਰਤੀ ਜਾ ਰਹੀ ਅਪਮਾਨਜਨਕ ਸ਼ਬਦਾਵਲੀ ਅਤੇ ਅੰਧੀ ਨਿਰੰਕਾਰੀ ਭੇਖ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ? ਕੋਈ ਅਨਮਤੀਆ ਸਿੱਖਾਂ ਦੇ ਗੁਰੂਆਂ ਦੀ ਅਜਮਤ ਨੂੰ ਹੱਥ ਪਾਵੇ ਅਤੇ ਘਿਣਾ ਭਰੀ ਕੋਝੀ ਸਾਜਿਸ਼ ਰਾਹੀਂ ਸਿੱਖ ਗੁਰੂਆਂ ਦਾ ਨਿਰਾਦਰ ਕਰੇ, ਇਹ ਸਭ ਕੁੱਝ ਸਿੱਖਾਂ ਲਈ ਬਰਦਾਸ਼ਤ ਕਰਨਾ ਅਸੰਭਵ ਹੋ ਗਿਆ।

ਇਨ੍ਹਾਂ ਦੇ ਪਾਖੰਡ ਦੀ ਆਰੰਭਤਾ ਇਥੋਂ ਹੁੰਦੀ ਹੈ ਕਿ ਸੰਨ 1971 ਵਿੱਚ ਇੱਕ ਹਫਤਾਵਾਰੀ ਰਸਾਲਾ (ਇਲਸਟ੍ਰੇਟਿਡ ਵੀਕਲੀ) ਜਿਸ ਵਿੱਚ ਨਿਰੰਕਾਰੀ ਗੁਰਬਚਨ ਸਿੰਘ ਦੇ ਦੋ ਮੋਹਰੀ ਚੇਲਿਆਂ ਅਮਰ ਸਿੰਘ ਅਤੇ ਲਾਭ ਸਿੰਘ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਸਾਡੀ ਦਾੜ੍ਹੀ ਤੇ ਪੱਗ ਨੂੰ ਵੇਖ ਕੇ ਕਈ ਲੋਕਾਂ ਨੂੰ ਭੁਲੇਖਾ ਲੱਗ ਜਾਂਦਾ ਹੈ ਕਿ ਅਸੀ ਸਿੱਖ ਹਾਂ। ਅਸਲ ਵਿੱਚ ਅਸੀਂ ਨਾ ਸਿੱਖ ਹਾਂ ਅਤੇ ਨਾ ਹਿੰਦੂ ਅਤੇ ਨਾ ਹੀ ਮੁਸਲਮਾਨ।

ਫਿਰ ਇਸੇ ਹੀ ਰਸਾਲੇ ਵਿੱਚ 24.10.71 ਨੂੰ ਨਿਰੰਕਾਰੀ ਗੁਰਬਚਨੇ ਦੇ ਚੇਲੇ ਹਰਚਰਨ ਸਿੰਘ ਚੰਡੀਗੜ੍ਹ ਨੇ ਗੁਰਬਚਨੇ ਬਾਰੇ ਇੱਕ ਪੈਰੰਗਬਰੀ ਕਾਰਡ ਜਾਰੀ ਕੀਤਾ। ਜਿਸ ਵਿੱਚ ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਾਨਸ਼ੀਨ ਦੱਸਿਆ। ਜਿਨ੍ਹਾਂ ਜਿਨ੍ਹਾਂ ਸਿੱਖਾਂ ਨੇ ਵੀ ਇਹ ਕਾਰਡ ਵੇਖਿਆ ਬਰਦਾਸ਼ਤ ਨਹੀਂ ਕਰ ਸਕੇ ਕਿ ਇੱਕ ਢੋਂਗੀ ਮਨੁੱਖ ਸਾਜਿਸ਼ ਤਹਿਤ ਉਸ ਇਲਾਹੀ ਨੂਰ ਨਾਲ ਆਪਣੀ ਬਰਾਬਰੀ ਕਰਵਾਉਣੀ ਚਾਹੁੰਦਾ ਹੈ।

ਇਸ ਤੋਂ ਵੀ ਅੱਗੇ ਆਪਣੇ ਆਪ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਵੱਡਾ ਸਿੱਧ ਕਰਨ

Scanned with CamScanner

ਲਈ ਇੱਕ ਵਾਰ ਨਿਰੰਕਾਰੀ ਮੁਖੀ ਅਵਤਾਰ ਸਿੰਘ ਨੇ ਦਿੱਲੀ ਵਿੱਚ ਆਖਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਬਣਾਏ ਸਨ, ਪਰ ਮੈਂ ਸੱਤ ਸਿਤਾਰੇ ਸਾਜ ਦਿੱਤੇ ਹਨ।

ਨਕਲੀ ਨਿਰੰਕਾਰੀਆਂ ਦੀ ਪੁਸਤਕ "ਯੁੱਗ ਪੁਰਸ਼" ਵਿੱਚ ਨਿਰੰਕਾਰੀ ਮੁਖੀ ਅਵਤਾਰ ਸਿੰਘ (ਜੋ ਕਿ ਗੁਰਬਚਨ ਸਿੰਘ ਤੋਂ ਪਹਿਲਾਂ ਮੁਖੀ ਸੀ) ਵੱਲੋਂ ਆਪਣੇ ਆਪ ਨੂੰ ਸਾਰੇ ਪੀਰ ਪੈਗੰਬਰਾਂ ਅਵਤਾਰਾਂ , ਔਲੀਆ ਅਤੇ ਸਿੱਖਾਂ ਦੇ ਗੁਰੂ ਸਾਹਿਬਾਨਾਂ ਤੋਂ ਵੱਡਾ ਸਾਬਤ ਕਰਨ ਲਈ ਹੇਠ ਲਿਖੀ ਮਨਕਲਪਿਤ ਅਤੇ ਸਰਾਸਰ ਝੂਠੀ ਕਹਾਣੀ ਬਣਾ ਕੇ ਛਾਪੀ ਗਈ। ਜਿਸ ਵਿੱਚ ਅਵਤਾਰ ਸਿੰਘ ਕਹਿੰਦਾ ਹੈ :-

ਅੱਜ ਮੈਂ ਤੁਹਾਨੂੰ ਇੱਕ ਭੇਦਭਰੀ ਗੱਲ ਦੱਸਦਾ ਹਾਂ ਕਿ ਨਿਰੰਕਾਰ ਪ੍ਰਭੂ ਨੇ ਪਿਛਲੇ ਯੁੱਗਾ ਵਿੱਚ ਹੋ ਚੁੱਕੇ ਸਾਰੇ ਪੀਰ-ਪੈਗੰਬਰਾਂ ਅਵਤਾਰਾਂ ਨੂੰ ਆਪਣੇ ਪਾਸ ਬੁਲਾਇਆ ਅਤੇ ਉਨ੍ਹਾਂ ਵਿੱਚੋਂ ਇੱਕ ਨੂੰ ਪ੍ਰਿਥਵੀ 'ਤੇ ਜਾ ਕੇ ਲੋਕਾਂ ਨੂੰ ਰਾਹ ਵਿਖਾਉਣ ਦੀ ਇੱਛਾ ਪ੍ਰਗਟ ਕੀਤੀ, ਪਰ ਪ੍ਰਿਥਵੀ ਤੇ ਜਾਣ ਲਈ ਕੋਈ ਪੀਰ ਪੈਗੰਬਰ, ਅਵਤਾਰ ਅਤੇ ਗੁਰੂ ਤਿਆਰ ਨਾ ਹੋਇਆ। ਇੱਥੋਂ ਤੱਕ ਕਿ ਭਗਵਾਨ ਰਾਮ, ਸ੍ਰੀ ਕ੍ਰਿਸ਼ਨ, ਸ੍ਰੀ ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਯਿਸੂ ਮਸੀਹ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਾਰਿਆਂ ਪੀਰਾਂ ਅਵਤਾਰਾਂ ਨੇ ਆਪਣੇ ਨਾਲ ਹੋਏ ਪਹਿਲੇ ਸਲੂਕ ਨੂੰ ਯਾਦ ਕਰਕੇ ਧਰਤੀ ਉੱਤੇ ਜਾਣ ਤੋਂ ਨਾਂਹ ਕਰ ਦਿੱਤੀ। ਉਸ ਵਕਤ ਮੈਂ ਵੀ ਬਾਕੀ ਵਲੀਆਂ ਅਵਤਾਰਾਂ ਪੀਰਾਂ ਆਦਿ ਦੇ ਵਾਂਗ ਸਰੀਰ ਨਾ ਹੁੰਦੇ ਹੋਏ ਵੀ ਨਿਰੰਕਾਰ ਕੋਲ ਮੌਜੂਦ ਸੀ। ਅੰਤ ਸਾਰੇ ਅਵਤਾਰਾਂ ਵੱਲੋਂ ਜ਼ੋਰ ਦਿੱਤੇ ਜਾਣ ਤੇ ਨਿਰੰਕਾਰ ਪ੍ਰਭੂ ਨੇ ਮੇਰੇ ਵੱਲ ਦ੍ਰਿਸ਼ਟੀ ਕੀਤੀ ਅਤੇ ਕਿਹਾ ਕਿ ਮੇਰੀ ਹਾਰਦਿਕ ਇੱਛਾ ਹੈ ਕਿ ਇਸ ਵਾਰ ਤੁਸੀਂ ਧਰਤੀ ਤੇ ਜਾ ਕੇ ਮਨੁੱਖ ਜਾਤੀ ਦਾ ਪਥ-ਪ੍ਰਦਰਸ਼ਨ ਕਰੋ।

ਮੈਂ ਸੀਸ ਝੁਕਾ ਕੇ ਨਮਸਕਾਰ ਕਰਦੇ ਹੋਏ ਬੇਨਤੀ ਕੀਤੀ ਕਿ ਹੇ ਪ੍ਰਭੂ ਜੀ ਆਪ ਜੀ ਦੀ ਆਗਿਆ ਮੈਨੂੰ ਸਿਰ ਮੱਥੇ ਪ੍ਰਵਾਨ ਹੈ।

ਤਾਂ ਪ੍ਰਭੂ ਨੇ ਕਿਹਾ ਕਿ ਇਹ ਅਵਤਾਰ ਤਾਂ ਬਹੁਤ ਸਫਲਤਾ ਪ੍ਰਾਪਤ ਕਰੇਗਾ। ਦੁਨੀਆਂ ਭਰ ਦੇ ਧਰਮਾਂ, ਮਜ਼ਹਬਾਂ ਅਤੇ ਦੇਸ਼ ਦੇ ਲੋਕ ਉਸ ਮਹਾਨ ਪੁਰਸ਼ ਦੁਆਰਾ ਜੀਵਨ ਮੁਕਤੀ ਪ੍ਰਾਪਤ ਕਰਨਗੇ। (ਯੁੱਗ ਪੁਰਸ਼ ਸਫਾ 231)

ਨਕਲੀ ਨਿਰੰਕਾਰੀਆਂ ਦੀਆਂ ਪੁਸਤਕਾਂ 'ਅਵਤਾਰ ਬਾਣੀ' ਅਤੇ 'ਯੁੱਗ ਪੁਰਸ਼' ਵਿੱਚ ਗੁਰੂ ਸਾਹਿਬਾਨਾਂ, ਗੁਰਬਾਣੀ, ਸਿੱਖ ਸਿਧਾਂਤਾਂ, ਇਤਿਹਾਸਕ ਸਥੱਵਰਾਂ, ਗੁਰ ਅਸਥਾਨਾਂ, ਖ਼ਾਲਸਾਈ ਕਕਾਰਾਂ ਅਤੇ ਹੋਰਨਾਂ ਧਰਮਾਂ ਦਾ ਮਖੌਲ ਉਡਾਉਂਦਿਆਂ ਬੇਹਦਾ ਵੰਸ ਇਨੀਆਂ ਘਟੀਆ ਅਤੇ ਬੇਥਵੀਆਂ ਗੱਲਾਂ ਲਿਖੀਆਂ ਗਈਆਂ ਹਨ ਜਿਨ੍ਹਾਂ ਨੂੰ ਇਨ-ਬਿਨ ਲਿਖਣਾ ਅਸੀ ਯੋਗ ਨਹੀਂ ਸਮਝਦੇ। ਪਰ ਜਿਸ ਢੰਗ ਨਾਲ ਇਨ੍ਹਾਂ ਨੇ ਕੇਂਦਰ ਸਰਕਾਰ ਦੀ ਪ੍ਰਸ਼ਤ ਪਨਾਹੀ ਤਹਿਤ ਅਖੰਡੀ ਗੁਰੂ ਡੰਮ ਨੂੰ ਉਭਾਰਨਾ ਚਾਹਿਆ ਤਾਂ ਇਨ੍ਹਾਂ ਨੂੰ ਗੁਰਬਾਣੀ ਅਤੇ ਗੁਰੂ ਸਿਧਾਂਤਾਂ ਦੀ ਨਿੰਦਿਆ ਕਰਨ ਦੇ ਕਾਰਨ ਸਮੇਂ-ਸਮੇਂ ਮੂੰਹ ਦੀ ਖਾਣੀ ਪਈ।

ਸੰਨ 1957 ਵਿੱਚ ਨਕਲੀ ਨਿਰੰਕਾਰੀ ਅਵਤਾਰ ਸਿੰਘ ਆਪਣੇ ਅਖੌਤੀ ਮਿਸ਼ਨ ਦੇ ਪ੍ਰਚਾਰ ਲਈ ਸ੍ਰੀ ਹਜ਼ੂਰ ਸਾਹਿਬ ਵਿਖੇ ਗਿਆ ਜਿੱਥੇ ਇਸ ਨੇ ਆਪਣੇ ਕੁੱਝ ਹਮਾਇਤੀਆਂ ਸਮੇਤ ਜਲਸਾ ਕੀਤਾ। ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉੱਪਰ ਗਲਤ ਢੰਗ ਨਾਲ ਟਿੱਪਣੀਆਂ ਕੀਤੀਆਂ ਜਿਸ 'ਤੇ ਸੰਗਤ ਵਿੱਚੋਂ ਕਈ ਗੁਰਸਿੱਖਾਂ ਨੇ ਇਤਰਾਜ ਉਠਾਇਆ ਅਤੇ ਇਸ ਬਾਰੇ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਦੱਸਿਆ ਜੋ ਕਿ ਉਸ ਸਮੇਂ ਜਥੇ ਸਮੇਤ ਸ੍ਰੀ ਹਜ਼ੂਰ ਸਾਹਿਬ ਵਿਖੇ ਹੀ ਪਹੁੰਚੇ ਹੋਏ ਸਨ। ਸੰਤਾਂ ਨੇ ਦੀਵਾਨ ਵਿੱਚ ਕਥਾ ਕਰਦਿਆਂ ਹੀ ਇਸ ਬਾਰੇ ਸੰਗਤ ਨੂੰ ਸੁਚੇਤ ਕੀਤਾ ਕਿ ਕੁੱਝ ਦੰਭੀ ਲੋਕ ਆਪਣੇ ਆਪ ਨੂੰ ਗੁਰੂ ਅਖਵਾਉਣ ਦਾ ਦਾਅਵਾ ਕਰਦੇ ਹਨ ਜੋ ਕੇਵਲ ਪਾਖੰਡ ਹੀ ਨਹੀਂ ਬਲਕਿ ਪਾਪ ਵੀ ਹੈ। ਇਸ ਲਈ ਸਮੁੱਚੀਆਂ ਸਿੱਖ ਸੰਗਤਾਂ ਵਿਸ਼ੇਸ਼ ਕਰਕੇ ਜਥੇ ਦੇ ਸਿੰਘਾਂ ਨੂੰ ਬੇਨਤੀ ਹੈ ਕਿ ਜਿੱਥੇ ਇਹ ਅਖੌਤੀ ਨਿਰੰਕਾਰੀ ਅਜਿਹਾ ਜਲਸਾ ਕਰਨ ਤਾਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਸਖਤੀ ਨਾਲ ਰੋਕਣਾ ਹੈ। ਉਸੇ ਸ਼ਾਮ ਜਥੇ ਦੇ ਬਹੁਤ ਸਾਰੇ ਸਿੰਘ ਅਤੇ ਕੁੱਝ ਲੋਕਲ ਸੰਗਤ ਉਸ ਜਗ੍ਹਾ ਪਹੁੰਚ ਗਏ ਜਿਥੇ ਇਨ੍ਹਾਂ ਨੇ ਆਪਣੇ ਜਲਸੇ ਦਾ ਪ੍ਰਬੰਧ ਕੀਤਾ ਸੀ। ਚੱਲਦੇ ਜਲਸੇ ਦੌਰਾਨ ਜਿਉਂ ਹੀ ਨਕਲੀ ਨਿਰੰਕਾਰੀਆਂ ਦੇ ਮੁਖੀ ਅਵਤਾਰ ਸਿੰਘ ਨੇ ਸਿੱਖ ਇਤਿਹਾਸ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਤਾਂ

Scanned with CamScanner

ਭਿੰਡਰਾਂਵਾਲੇ ਜਥੇ ਦੇ ਸਿੰਘਾਂ ਨੇ ਜੋਸ਼ ਵਿੱਚ ਜੈਕਾਰੇ ਬੁਲਾਏ ਜਿਸਦਾ ਲੋਕਲ ਸੰਗਤਾਂ ਨੇ ਵੀ ਪੂਰਾ ਸਹਿਯੋਗ ਦਿੱਤਾ ਅਤੇ ਸਿੰਘਾਂ ਨੇ ਇਹ ਵੀ ਕਿਹਾ ਕਿ ਅਸੀਂ ਕਦਾਚਿਤ ਗੁਰਬਾਣੀ ਅਤੇ ਗੁਰੂ ਸਾਹਿਬਾਨਾਂ ਬਾਰੇ ਨਿੰਦਿਆ ਦਾ ਇੱਕ ਸ਼ਬਦ ਵੀ ਨਹੀਂ ਸੁਣਾਂਗੇ। ਇਹ ਕਹਿੰਦਿਆਂ ਹੋਇਆਂ ਸਿੰਘਾਂ ਨੇ ਅੱਗੇ ਵੱਧ ਕੇ ਵਾਹਿਗੁਰੂ ਦਾ ਜਾਪ ਆਰੰਭ ਦਿੱਤਾ। ਸਿੰਘਾਂ ਦਾ ਜੋਸ਼ ਦੇਖ ਕੇ ਸਮੇਂ ਦੇ ਨਜ਼ਾਕਤ ਨੂੰ ਸਮਝਦਿਆਂ ਅਵਤਾਰ ਸਿੰਘ ਇਸ ਜਲਸੇ ਨੂੰ ਵਿੱਚੋਂ ਹੀ ਛੱਡ ਕੇ ਚਲਾ ਗਿਆ। ਪਰ ਇਸ ਤੋਂ ਬਾਅਦ ਵੀ ਸਿੰਘਾਂ ਨੇ ਕਈ ਦਿਨ ਇਸੇ ਤਰ੍ਹਾਂ ਪਹਿਰਾ ਰੱਖਿਆ। ਇਸ ਲਈ ਦੁਬਾਰਾ ਉਸ ਦਾ ਜਲਸਾ ਸ੍ਰੀ ਹਜ਼ਾਰ ਸਾਹਿਬ ਵਿਖੇ ਨਹੀਂ ਹੋਣ ਦਿੱਤਾ।

ਜਿੱਥੇ ਇਸ ਗੱਲ ਦੀ ਹਜ਼ੂਰ ਸਾਹਿਬ ਵਿਖੇ ਭਾਰੀ ਚਰਚਾ ਹੋਈ ਉੱਥੇ ਇਹ ਗੱਲ ਕਾਫ਼ੀ ਵੱਡੀ ਪੱਧਰ 'ਤੇ ਸਿੱਖ ਜਗਤ ਵਿੱਚ ਫੈਲ ਗਈ ਕਿ ਨਕਲੀ ਨਿਰੰਕਾਰੀਏ ਸਤਿਗੁਰੂ ਦੀ ਬਾਣੀ ਦੀ ਨਿੰਦਾ ਕਰਦੇ ਹਨ ਜਿਸਦਾ ਭਿੰਡਰਾਂਵਾਲੇ ਸੰਤਾਂ ਨੇ ਸਖ਼ਤ ਨੋਟਿਸ ਲਿਆ ਹੈ। ਫਿਰ ਜਿੱਥੇ-ਜਿੱਥੇ ਵੀ ਇਨ੍ਹਾਂ ਨੇ ਆਪਣੇ ਅਖੌਤੀ ਗੁਰੂ ਡੰਮ ਨੂੰ ਉਭਾਰਨ ਦਾ ਯਤਨ ਕੀਤਾ ਤਾਂ ਵੱਖ-ਵੱਖ ਥਾਵਾਂ 'ਤੇ ਇਨ੍ਹਾਂ ਨੂੰ ਸਿੱਖਾਂ ਦੇ ਰੋਹ ਭਰੇ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਇਸੇ ਤਰ੍ਹਾਂ 1958 ਵਿੱਚ ਰਾਮਬਾਗ਼ ਸ੍ਰੀ ਅੰਮ੍ਰਿਤਸਰ ਵਿਖੇ ਸ. ਬਿਸ਼ਨ ਸਿੰਘ ਘੜੀਆਂ ਵਾਲੇ ਦੀ ਕੋਠੀ ਵਿੱਚ ਨਰਕਧਾਰੀ ਅਵਤਾਰ ਸਿੰਘ ਨੇ ਗੁਰੂ ਘਰ ਦੀ ਨਿੰਦਿਆ ਕੀਤੀ। ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਪਸ਼ਬਦ ਬੋਲੇ। ਜਿਸ ਦੇ ਵਿਰੋਧ ਵਿੱਚ ਗਿਆਨੀ ਫੌਜਾ ਸਿੰਘ ਅਤੇ ਸ. ਸਰਨਾਗਤ ਸਿੰਘ ਬੀਰ ਖ਼ਾਲਸਾ ਦਲ ਨੇ ਭਾਰੀ ਵਿਰੋਧ ਕੀਤਾ ਜਿਸ ਤੇ ਸਿੰਘਾਂ ਅਤੇ ਨਕਲੀ ਨਿਰੰਕਾਰੀਆਂ ਵਿੱਚ ਜੰਮ ਕੇ ਲੜਾਈ ਹੋਈ। ਇੱਕ ਦੂਸਰੇ ਦੇ ਸੱਟਾਂ ਵੀ ਵੱਜੀਆਂ। ਇਸ ਝਗੜੇ ਦੀ ਰਪਟ ਕੋਤਵਾਲੀ ਪੁਲਸ ਥਾਣੇ ਲਿਖਵਾਈ ਗਈ। ਉਪਰੰਤ ਮੁਕੱਦਮਾ ਚੱਲਿਆ ਅਤੇ ਨਕਲੀ ਨਿਰੰਕਾਰੀ ਅਵਤਾਰ ਸਿੰਘ ਦੇ ਵਾਰੰਟ ਜਾਰੀ ਹੋਏ। ਜਿਸ ਕਾਰਨ ਗ੍ਰਿਫ਼ਤਾਰੀ ਤੋਂ ਡਰਦਿਆਂ ਉਹ 6 ਸਾਲ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਅੰਦਰ ਨਹੀਂ ਵੜਿਆ।

1964 ਵਿੱਚ ਨਰਕਧਾਰੀਏ ਅਵਤਾਰ ਸਿੰਘ ਨੇ ਜਲੰਧਰ ਵਿੱਚ ਸਿੱਖੀ ਦੇ ਖਿਲਾਫ਼ ਮੂੰਹ ਖੋਲ੍ਹਿਆ ਅਤੇ ਬੇਹੱਦ ਕੂੜ ਪ੍ਰਚਾਰ ਕੀਤਾ। ਇਸ ਪਿੱਛੇ ਜਲੰਧਰ ਦੀ ਪ੍ਰੈਸ ਦਾ ਇੱਕ ਹਿੱਸਾ (ਮਹਾਸ਼ਾ ਪ੍ਰੈਸ) ਇਸ ਦੀ ਕੰਡ ਥਾਪੜਦਾ ਸੀ। ਇਸ ਦਾ ਮੂੰਹ ਤੋੜ ਜਵਾਬ ਦੇਣ ਲਈ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਭਾਰੀ ਇੱਕਠ ਹੋਇਆ। ਜਿਸ ਨੂੰ ਸਿੰਘ ਸਾਹਿਬ ਗਿਆਨੀ ਪ੍ਰਤਾਪ ਸਿੰਘ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੰਬੋਧਨ ਕੀਤਾ ਤੇ ਸਿੱਖ ਸੰਗਤਾਂ ਨੂੰ ਅਸਲੀ ਅਤੇ ਨਕਲੀ ਨਿਰੰਕਾਰੀਆਂ ਦੇ ਫ਼ਰਕ ਤੋਂ ਜਾਣੂੰ ਕਰਵਾਇਆ।

ਆਪਣੇ ਵੱਡਿਆਂ ਦੀ ਚਲਾਈ ਇਸ ਕੂੜ ਦੀ ਦੁਕਾਨ ਨੂੰ ਅੱਗੇ ਤੋਰਨ ਲਈ ਨਰਕਧਾਰੀ ਗੁਰਬਚਨ ਸਿੰਘ ਦੀ ਪਤਨੀ ਕੁਲਵੰਤ ਕੌਰ ਨੇ ਪੰਚਕੋਲੀ (ਨਾਗਪੁਰ) ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਅਪਸ਼ਬਦ ਬੋਲੇ। ਉਸ ਦੇ ਕੂੜ ਪ੍ਰਚਾਰ ਵਿਰੁੱਧ ਲਖਨਊ ਦੇ ਸਿੱਖਾਂ ਨੇ ਭਾਈ ਸੁਜਾਨ ਸਿੰਘ ਅਤੇ ਜੁਝੇਰ ਸਿੰਘ ਦੀ ਅਗਵਾਈ ਵਿੱਚ ਭਾਰੀ ਰੋਸ ਮੁਜ਼ਾਹਰਾ ਕੀਤਾ ਅਤੇ ਸਿੱਖਾਂ ਦੇ ਰੋਹ ਨੂੰ ਦੇਖਦਿਆਂ ਇਹ ਆਪਣਾ ਸਮਾਗਮ ਵਿੱਚੇ ਹੀ ਛੱਡ ਕੇ ਚੱਲਦੀ ਬਣੀ।

ਨਕਲੀ ਨਿਰੰਕਾਰੀਆਂ ਨੇ 13 ਅਪ੍ਰੈਲ 1973 ਵਿੱਚ ਵਿਸਾਖੀ ਦੇ ਦਿਨ ਹੁਸ਼ਿਆਰਪੁਰ ਵਿਖੇ ਸਿੱਖ ਧਰਮ, ਸਿੱਖ ਇਤਿਹਾਸ, ਸਿੱਖ ਗੁਰੂ ਸਾਹਿਬਾਨ ਅਤੇ ਸਿੱਖਾਂ ਦੇ ਗੁਰਧਾਮਾਂ ਵਿਰੁੱਧ ਅਤਿਅੰਤ ਭੈੜੇ ਸ਼ਬਦਾਂ ਦੀ ਵਰਤੋਂ ਕਰਦਿਆਂ ਕਿਹਾ :-

1. ਗੁਰੂ ਗੋਬਿੰਦ ਸਿੰਘ ਨੂੰ ਭਗਤੀ ਦਾ ਕੀ ਪਤਾ ਸੀ? ਉਹ ਤਾਂ ਸਾਰੀ ਉਮਰ ਲੜਾਈਆਂ ਲੜਦਾ ਰਿਹਾ।

2. ਸਿੱਖ ਕੌਮ ਏਨੀ ਝੱਲੀ ਹੈ ਕਿ ਥਾਂ-ਥਾਂ ਤੇ ਗੁਰਦੁਆਰੇ ਬਣਾਈ ਜਾਂਦੀ ਹੈ। ਜਿੱਥੇ ਗੁਰੂਆਂ ਨੇ ਘੋੜੇ ਬੰਨ੍ਹੇ, ਕੀਲੇ ਗੱਡੇ, ਦਾਤਣਾਂ ਕੀਤੀਆਂ, ਉਨ੍ਹਾਂ ਥਾਵਾਂ ਤੇ ਹੀ ਗੁਰਦੁਆਰੇ ਬਣਾ ਦਿੱਤੇ।

3. ਅੰਮ੍ਰਿਤਸਰ ਸਰੋਵਰ ਦੀ ਜੋ ਕਾਰ ਸੇਵਾ ਕੀਤੀ ਹੈ, ਉਹ ਬੇਕਾਰ ਸੇਵਾ ਹੈ। ਇਸ ਦੀ ਕੀ ਜ਼ਰੂਰਤ ਸੀ? ਜੋ ਇਸ ਸੇਵਾ ਵਿੱਚ ਲੱਗੇ ਉਹ ਲੋਕ ਮੂਰਖ ਹਨ ਜੋ ਚਿੱਕੜ 'ਤੇ ਮਿੱਟੀ ਉੱਤੇ ਸ਼ਰਧਾ ਰੱਖਦੇ ਹਨ। (ਯਾਦ ਰਹੇ ਕਿ 1973 ਵਿੱਚ ਜੋ ਪੰਜ ਮਹਾਪੁਰਖਾਂ ਦੀ ਅਗਵਾਈ ਵਿੱਚ ਪੰਜਾਂ ਪਿਆਰਿਆਂ ਦੇ ਰੂਪ ਵਿੱਚ) ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਕਾਰ ਸੇਵਾ ਕੀਤੀ ਗਈ ਸੀ। ਇਨ੍ਹਾਂ ਮਹਾਪੁਰਖਾਂ ਵਿੱਚ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਸੰਤ ਬਾਬਾ ਖੜਕ ਸਿੰਘ ਜੀ ਕਾਰ ਸੇਵਾ ਵਾਲੇ ਵੀ ਸੇਵਾ ਦੀ ਆਰੰਭਤਾ ਕਰਨ ਵਾਲਿਆਂ ਵਿੱਚ

Scanned with CamScanner

ਸ਼ਾਮਿਲ ਸਨ ਜਿਸ ਵਿੱਚ ਬੇਮਿਸਾਲ ਸੰਗਤਾਂ ਨੇ ਵੱਡੀ ਸ਼ਰਧਾ ਨਾਲ ਸੇਵਾ ਨਿਭਾਈ ਸੀ। ਇਸ ਬਹੁਤ ਵੱਡੇ ਇਕੱਠ ਤੋਂ ਬੌਖਲਾ ਕੇ ਨਕਲੀ ਨਿਰੰਕਾਰੀਆਂ ਨੇ ਇਸ ਦੇ ਵਿਰੁੱਧ ਬੋਲਣਾ ਸ਼ੁਰੂ ਕੀਤਾ ਸੀ।)

4. ਪੰਜਾਬ ਸਰਕਾਰ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਤੋਂ ਲੈ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ ਸੀ। ਇਸੇ ਮਾਰਗ ਤੇ ਖ਼ਾਲਸਾ ਪੰਥ ਨੇ ਨਗਰ ਕੀਰਤਨ ਕਰਨ ਲਈ ਨੀਲੇ ਘੋੜਿਆਂ ਦੀ ਨਸਲ ਵਿੱਚੋਂ ਭਾਲ ਕਰਕੇ ਕੁੱਝ ਘੋੜੇ ਲਿਆਂਦੇ ਸਨ ਜੋ ਇਸ ਨਗਰ ਕੀਰਤਨ ਵਿੱਚ ਸ਼ਾਮਲ ਕੀਤੇ ਗਏ ਸਨ ਅਤੇ ਨਾਲ ਹੀ ਇਸ ਨਗਰ ਕੀਰਤਨ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸ਼ਸਤਰਾਂ ਅਤੇ ਹੋਰ ਵਸਤਾਂ ਦੇ ਦਰਸ਼ਨ ਕਰਵਾਏ ਗਏ ਸਨ। ਇਹ ਵੀ ਇੱਕ ਬਹੁਤ ਵੱਡਾ ਨਗਰ ਕੀਰਤਨ ਸੀ ਅਤੇ ਥਾਂ-ਥਾਂ ਤੇ ਸੰਗਤਾਂ ਦੇ ਭਾਰੀ ਇਕੱਠ ਨੇ ਨਗਰ ਕੀਰਤਨ ਦਾ ਸਵਾਗਤ ਵੀ ਕੀਤਾ ਅਤੇ ਦਰਸ਼ਨ ਦੀਦਾਰੇ ਵੀ ਕੀਤੇ। ਇਸ ਤੋਂ ਬੌਖਲਾਹਟ ਵਿੱਚ ਆ ਕੇ ਨਕਲੀ ਨਿਰੰਕਾਰੀਆਂ ਨੇ ਇੱਥੇ ਹੁਸ਼ਿਆਰਪੁਰ ਵਿਖੇ ਵੀ ਇਹ ਕੂੜ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਜਲੂਸ ਦੀ ਅਗਵਾਈ ਲਈ ਨੀਲੇ ਘੋੜੇ ਦੀ ਨਸਲ ਦੇ ਘੋੜੇ ਲਿਆਉਣੇ ਪਾਖੰਡ ਸੀ। ਕੀ ਜਲੂਸ ਦੀ ਅਗਵਾਈ ਕਰਨ ਲਈ ਕੋਈ ਆਦਮੀ ਨਹੀਂ ਸੀ ਮਿਲਦਾ। ਘੋੜੇ ਲਿਆਉਣ ਦੀ ਕੀ ਲੋੜ ਸੀ? ਇਤਆਦਿਕ ਗੁਰੂ ਸਾਹਿਬਾਨਾਂ ਪ੍ਰਤੀ ਵੀ ਅਪਸ਼ਬਦ ਬੋਲੇ ਗਏ। ਨਕਲੀ ਨਿਰੰਕਾਰੀਆਂ ਦੀ ਉਪਰੋਕਤ ਬਕਵਾਸ ਵਿਰੁੱਧ ਸ੍ਰੀ ਗੁਰੂ ਸਿੰਘ ਸਭਾ ਹੁਸ਼ਿਆਰਪੁਰ ਨੇ ਸੰਗਤਾਂ ਦੇ ਸਹਿਯੋਗ ਨਾਲ ਤਿੱਖਾ ਵਿਰੋਧ ਕੀਤਾ। 15 ਮਈ 1973 ਨੂੰ ਹੁਸ਼ਿਆਰਪੁਰ ਦੇ ਸਿੰਘਾਂ ਦੀ ਇੱਕ ਪ੍ਰੈੱਸ ਮੀਟਿੰਗ ਹੋਈ। ਜਿਸ ਵਿੱਚ ਭਾਰੀ ਵਿਚਾਰਾਂ ਤੋਂ ਉਪਰੰਤ 11 ਮੈਂਬਰੀ ਐਕਸ਼ਨ ਕਮੇਟੀ ਕਾਇਮ ਕੀਤੀ ਗਈ। ਜਿਸ ਨੇ ਨਕਲੀ ਨਿਰੰਕਾਰੀਆਂ ਨੂੰ ਨੋਟਿਸ ਦਿੱਤਾ ਕਿ ਉਹ 19 ਮਈ ਦੀ ਸ਼ਾਮ ਦੇ 8 ਵਜੇ ਤੱਕ ਸਿੱਖ ਧਰਮ ਵਿਰੁੱਧ ਕੀਤੀਆਂ ਗਈਆਂ ਤਕਰੀਰਾਂ ਲਈ ਮਾਫੀ ਮੰਗਣ ਨਹੀਂ ਤਾਂ ਉਨ੍ਹਾਂ ਨੂੰ ਢੁੱਕਵਾਂ ਉੱਤਰ ਦਿੱਤਾ ਜਾਵੇਗਾ। ਸਿੱਖਾਂ ਵਿੱਚ ਵੱਧਦੇ ਰੋਹ ਨੂੰ ਵੇਖਦਿਆਂ ਨਕਲੀ ਨਿਰੰਕਾਰੀਆਂ ਨੇ ਆਪਣੇ ਵੱਲੋਂ ਕੀਤੇ ਅਪਮਾਨਜਨਕ ਬੋਲਾਂ ਲਈ ਮਾਫੀ ਮੰਗਣਾ ਮੰਨ ਲਿਆ। ਇਸ ਲਈ 30 ਮਈ ਨੂੰ ਇੱਕ ਪ੍ਰੈੱਸ ਕਾਨਫਰੰਸ ਕੀਤੀ ਗਈ। ਜਿਸ ਵਿੱਚ ਨਕਲੀ ਨਿਰੰਕਾਰੀਆਂ ਨੇ ਵਿੰਗੇ ਟੇਢੇ ਢੰਗ ਨਾਲ ਮਾਫੀ ਮੰਗ ਲਈ ਜੋ ਕਿ ਇੱਕ ਜੂਨ 1973 ਦੇ ਅਖ਼ਬਾਰਾਂ ਵਿੱਚ ਛਪ ਗਈ।

5. ਇਸੇ ਤਰ੍ਹਾਂ ਲੁਧਿਆਣੇ ਵਿੱਚ 22.09.1973 ਨੂੰ ਲੁਧਿਆਣਾ ਅਤੇ ਇਸ ਇਲਾਕੇ ਭਰ ਦੇ ਨੁਮਾਇੰਦਾ ਸਿੰਘਾਂ ਦੀ ਇੱਕ ਮੀਟਿੰਗ ਹੋਈ ਇਸ ਵਿੱਚ ਜਥੇਦਾਰ ਸੁਰਜਨ ਸਿੰਘ ਠੇਕੇਦਾਰ, ਬਸੰਤ ਸਿੰਘ ਖ਼ਾਲਸਾ, ਰਣਜੀਤ ਸਿੰਘ ਨਾਜ਼, ਸ਼ੇਰ ਸਿੰਘ ਬੱਬਰ, ਅਜੀਤ ਸਿੰਘ ਭਾਂਡਿਆਂ ਵਾਲੇ, ਹੀਰਾ ਸਿੰਘ ਗਾਬੜੀਆ, ਅਮਰਜੀਤ ਸਿੰਘ ਝਾਟੀਆ ਅਤੇ ਸ. ਮੰਨਾ ਸਿੰਘ ਤੋਂ ਇਲਾਵਾ ਇਲਾਕੇ ਭਰ ਦੇ ਹੋਰ ਬਹੁਤ ਸਾਰੇ ਜੱਥੇਦਾਰ ਅੰਮ੍ਰਿਤਧਾਰੀ ਗੁਰਸਿੱਖ ਪਹੁੰਚੇ ਹੋਏ ਸਨ। ਇਸ ਮੀਟਿੰਗ ਵਿੱਚ ਨਕਲੀ ਨਿਰੰਕਾਰੀਆਂ ਵੱਲੋਂ ਆਏ ਦਿਨ 10 ਗੁਰੂ ਸਾਹਿਬਾਨਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰੁੱਧ ਕੀਤੇ ਜਾ ਰਹੇ ਕੂੜ ਪ੍ਰਚਾਰ ਨੂੰ ਰੋਕਣ ਲਈ ਰੋਸ ਮੁਜਾਹਰਾ ਕਰਨ ਦਾ ਪ੍ਰੋਗਰਾਮ ਉਲੀਕਿਆ ਤਾਂ ਕਿ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਅਹਿਸਾਸ ਕਰਵਾਇਆ ਜਾ ਸਕੇ ਕਿ ਖ਼ਾਲਸਾ ਪੰਥ ਵੱਲੋਂ ਨਿਰੰਕਾਰੀਆਂ ਦੀਆਂ ਗੁਰਬਾਣੀ ਵਿਰੁੱਧ ਰਚੀਆਂ ਜਾ ਰਹੀਆਂ ਕੋਝੀਆਂ ਸਾਜਿਸ਼ਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪੰਜਾਬ ਭਰ ਵਿੱਚ ਪਹਿਲਾਂ ਹੀ ਨਕਲੀ ਨਿਰੰਕਾਰੀਆਂ ਦੀਆਂ ਪੰਥ ਵਿਰੋਧੀ ਗਤੀਵਿਧੀਆਂ ਕਾਰਨ ਭਾਰੀ ਰੋਸ ਅਤੇ ਗੁੱਸਾ ਸੀ। ਇਸ ਲਈ ਸੰਗਤਾਂ ਨੇ ਪੂਰੇ ਜਾਹੋ ਜਲਾਲ ਨਾਲ ਰੋਸ ਮੁਜਾਹਰਾ ਕਰਨ ਦੀ ਤਿਆਰੀ ਕਰ ਲਈ। ਸੰਗਤਾਂ ਨੇ ਭਾਰਤ ਨਗਰ ਚੌਕ ਤੋਂ ਡੀਸੀ ਦਫ਼ਤਰ ਤੱਕ ਰੋਸ ਮਾਰਚ ਕਰਕੇ ਡੀਸੀ ਦਫ਼ਤਰ ਦੇ ਸਾਹਮਣੇ ਮੁਜਾਹਰਾ ਕੀਤਾ ਜਿਸ ਵਿੱਚ ਸੰਗਤਾਂ ਦਾ ਭਾਰੀ ਇਕੱਠ ਸੀ। ਇਸ ਰੋਸ ਮੁਜਾਹਰੇ ਨੂੰ ਰੋਕਣ ਲਈ ਪੁਲਿਸ ਨੇ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਛੱਡੀ। ਇੱਥੇ ਹੀ ਬੱਸ ਨਹੀਂ ਰੋਸ ਪ੍ਰਗਟਾਵੇ ਵਿੱਚ ਸ਼ਾਮਲ ਲੱਗਭਗ 800 ਸਿੰਘ ਸਿੰਘਣੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਭਾਰੀ ਰੁਕਾਵਟਾਂ ਦੇ ਬਾਵਜੂਦ ਸੰਗਤਾਂ ਵੱਲੋਂ ਕੀਤੇ ਇਸ ਰੋਸ ਮੁਜਾਹਰੇ ਦੀ ਗੂੰਜ ਕੇਂਦਰ ਸਰਕਾਰ ਤੱਕ ਵੀ ਪਹੁੰਚੀ ਇਸ ਲਈ ਸ਼ਾਂਤੀ ਦੀ ਨਜ਼ਾਕਤ ਨੂੰ ਮੁੱਖ ਰੱਖਦਿਆਂ ਗ੍ਰਿਫਤਾਰ ਕੀਤੇ ਗਏ ਪੰਥਕ ਵਲੰਟੀਅਰਾਂ ਨੂੰ ਚਾਰ ਦਿਨ ਬਾਅਦ ਛੱਡ ਦਿੱਤਾ ਗਿਆ।

6. ਹੁਸ਼ਿਆਰਪੁਰ ਵਿਖੇ ਪ੍ਰੈੱਸ ਦੇ ਸਾਹਮਣੇ ਮਾਫੀ ਮੰਗਣ ਦਾ ਢੌਂਗ ਰਚਣਾ ਵੀ ਇੱਕ ਬਹਾਨਾ ਸੀ। ਇਸ

Scanned with CamScanner

ਉਪਰੰਤ ਨਕਲੀ ਨਿਰੰਕਾਰੀਆਂ ਨੇ 30 ਸਤੰਬਰ 1973 ਨੂੰ ਚੌਕ ਮਹਿਤਾ ਵਿਖੇ ਲਾਊਡ ਸਪੀਕਰ ਲਗਾ ਕੇ ਸਿੱਖ ਧਰਮ ਵਿਰੁੱਧ, ਸਿੱਖ ਗੁਰੂਆਂ ਵਿਰੁੱਧ ਅਤੇ ਗੁਰਧਾਮਾਂ ਵਿਰੁੱਧ ਕੂੜ ਪ੍ਰਚਾਰ ਕਰਨ ਦੀ ਕੋਸ਼ਿਸ਼ ਕੀਤੀ। ਇੱਥੇ ਨਕਲੀ ਨਿਰੰਕਾਰੀ ਮੁਖੀ ਗੁਰਬਚਨ ਦੇ ਵੀ ਆਉਣ ਦੀ ਸੰਭਾਵਨਾ ਸੀ, ਪਰ ਉਸ ਦੇ ਆਉਣ ਤੋਂ ਪਹਿਲਾਂ ਹੀ ਇਨ੍ਹਾਂ ਦੇ ਕੂੜ ਪ੍ਰਚਾਰ ਵਿਰੁੱਧ ਦਮਦਮੀ ਟਕਸਾਲ ਦੇ ਮੁੱਖੀ ਸੰਤ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੇ ਸਿੰਘਾਂ, ਇਲਾਕੇ ਦੇ ਸਹਿਯੋਗੀ ਸਿੰਘਾਂ ਨੇ ਡਟ ਕੇ ਇਨ੍ਹਾਂ ਦੇ ਪਾਖੰਡ ਦਾ ਵਿਰੋਧ ਕੀਤਾ ਜਿਸ ਕਾਰਨ ਇੱਥੇ ਵੀ ਸੰਮ ਕੇ ਲੜਾਈ ਹੋਈ, ਪਰ ਜਲਦੀ ਹੀ ਇਹ ਬੁਜ਼ਦਿਲ ਲੋਕ ਪੰਡਾਲ ਛੱਡ ਕੇ ਦੌੜ ਗਏ। ਇਸ ਝਗੜੇ ਤੋਂ ਉਪਰੰਤ ਜੱਥੇ. ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਕਲੀ ਨਿਰੰਕਾਰੀ ਗੁਰਬਚਨ ਨੂੰ ਚਿੱਠੀ ਲਿਖ ਕੇ ਕਿਹਾ ਕਿ ਉਹ ਸਿੱਖੀ ਵਿਰੁੱਧ ਪ੍ਰਚਾਰ ਬੰਦ ਕਰੇ। ਇਸੇ ਤਰ੍ਹਾਂ 17.9.1973 ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਵਿਖੇ ਜੱਥੇ ਦੇ ਜ਼ਿੰਮੇਵਾਰ ਸਿੰਘਾਂ ਅਤੇ ਇਲਾਕੇ ਦੀਆਂ ਕੁੱਝ ਨਗਰ ਪੰਚਾਇਤਾਂ ਅਤੇ ਪੜਵੈਤੇ ਗੁਰਸਿੱਖਾਂ ਦੀ ਇਕੱਤਰਤਾ ਹੋਈ। ਜਿਸ ਵਿੱਚ ਇਹ ਫੈਸਲਾ ਲਿਆ ਗਿਆ ਕਿ ਬਾਬਾ ਥਾਰਾ ਸਿੰਘ ਕੁੱਝ ਹੋਰ ਸਿੰਘਾਂ ਨੂੰ ਨਾਲ ਲੈ ਕੇ ਇਨ੍ਹਾਂ ਚੁੱਲਹੁਬਾਜ ਨਕਲੀ ਨਿਰੰਕਾਰੀਆਂ ਦੀ ਸ਼ਿਕਾਇਤ ਮੌਕੇ ਦੇ ਡੀ.ਸੀ. ਨੂੰ ਜ਼ਰੂਰ ਕਰਨ। ਇਸ ਲਈ ਬਾਬਾ ਥਾਰਾ ਸਿੰਘ ਨੇ ਕੁੱਝ ਸਿੰਘਾਂ ਸਮੇਤ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਇੱਕ ਦਰਖਾਸਤ ਦਿੱਤੀ ਜਿਸ ਵਿੱਚ ਲਿਖਿਆ ਗਿਆ ਕਿ ਨਕਲੀ ਨਿਰੰਕਾਰੀ ਸਿੱਖੀ ਵਿਰੁੱਧ ਪ੍ਰਚਾਰ ਕਰ ਰਹੇ ਹਨ। ਜਿਸ ਨਾਲ ਜਿੱਥੇ ਸਿੱਖ ਮਨਾਂ ਨੂੰ ਭਾਰੀ ਠੇਸ ਪਹੁੰਚਦੀ ਹੈ, ਉੱਥੇ ਇਲਾਕੇ ਦਾ ਅਮਨ ਭੰਗ ਹੋਣ ਦਾ ਡਰ ਹੈ। ਸੋ ਇਨ੍ਹਾਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ। ਡੀ.ਸੀ. ਦੇ ਹੁਕਮ ਨਾਲ ਉਨ੍ਹਾਂ ਚੁੱਲਹੁਬਾਜ਼ ਨਰਕਧਾਰੀਆਂ ਤੇ ਕੇਸ ਦਰਜ ਹੋਇਆ। ਜੋ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ. ਤਾਰਾ ਸਿੰਘ ਘੁੰਮਣ ਦੀ ਅਦਾਲਤ ਵਿੱਚ ਚੱਲਿਆ।

7. ਇਨ੍ਹਾਂ ਹੀ ਦਿਨਾਂ ਵਿੱਚ ਚੌਕ ਮਹਿਤਾ ਵਿਖੇ ਇੱਕ ਗੌਰਮਿੰਟ ਸਕੂਲ ਵਿੱਚ ਨਕਲੀ ਨਿਰੰਕਾਰੀਆਂ ਨੇ ਆਪਣਾ ਜਲਸਾ ਕਰਨ ਦਾ ਪ੍ਰੋਗਰਾਮ ਉਲੀਕਿਆ। ਜਿਸ ਵਿੱਚ ਇਲਾਕੇ ਭਰ ਵਿੱਚੋਂ ਇਨ੍ਹਾਂ ਦੇ ਚੇਲੇ ਪੂਰੀ ਸਰਗਰਮੀ ਨਾਲ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਦਿਨ ਰਾਤ ਇੱਕ ਕਰ ਰਹੇ ਸਨ। ਦੂਜੇ ਪਾਸੇ ਦਮਦਮੀ ਟਕਸਾਲ ਅਤੇ ਉਸ ਦੇ ਸਹਿਯੋਗੀ ਗੁਰਸਿੱਖਾਂ ਨੂੰ ਵੀ ਇਸ ਗੱਲ ਦੀ ਭਿਣਕ ਪੈ ਗਈ ਕਿ ਇੱਥੇ ਨਕਲੀ ਨਿਰੰਕਾਰੀਆਂ ਵੱਲੋਂ ਜਲਸਾ ਕੀਤਾ ਜਾ ਰਿਹਾ ਹੈ ਅਤੇ ਇਸ ਵਿੱਚ ਇਨ੍ਹਾਂ ਦੇ ਮੁਖੀ ਗੁਰਬਚਨ ਸਿੰਘ ਦੇ ਵੀ ਆਉਣ ਦੀ ਸੰਭਾਵਨਾ ਹੈ। ਇਨ੍ਹਾਂ ਹਾਲਾਤਾਂ ਨੂੰ ਮੁੱਖ ਰੱਖਦਿਆਂ ਇਲਾਕੇ ਭਰ ਦੇ ਸਿੰਘਾਂ ਨੇ ਇੱਕ ਮੀਟਿੰਗ ਕੀਤੀ। ਜਿਸ ਵਿੱਚ ਫੈਸਲਾ ਲਿਆ ਗਿਆ ਕਿ ਕਿਸੇ ਵੀ ਕੀਮਤ ਤੇ ਇਨ੍ਹਾਂ ਦਾ ਜਲਸਾ ਨਹੀਂ ਹੋਣ ਦਿੱਤਾ ਜਾਵੇਗਾ, ਕਿਉਂਕਿ ਇਹ ਦਸ ਗੁਰੂ ਸਾਹਿਬਾਨਾਂ ਦੇ ਵਿਰੁੱਧ ਬਿਆਨਬਾਜੀ ਕਰਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਨਿਰਾਦਰ ਕਰਦੇ ਹਨ। ਭਾਵੇਂ ਕਿ ਕੇਂਦਰ ਸਰਕਾਰ ਦੀਆਂ ਹਦਾਇਤਾਂ 'ਤੇ ਪ੍ਰਸ਼ਾਸਨ ਦੀ ਹਮਾਇਤ ਨਕਲੀ ਨਿਰੰਕਾਰੀਆਂ ਦੇ ਹੱਕ ਵਿੱਚ ਹੈ। ਪਰ ਸੋ ਵੀ ਹੋਵੇ ਕਿਸੇ ਹਾਲਤ ਵਿੱਚ ਇਹ ਜਲਸਾ ਨਹੀਂ ਹੋਣ ਦਿੱਤਾ ਜਾਵੇਗਾ। ਜਲਸੇ ਵਾਲੇ ਦਿਨ ਜਿਉਂ ਹੀ ਨਕਲੀ ਨਿਰੰਕਾਰੀਆਂ ਦੇ ਪੈਰੋਕਾਰ ਇਸ ਸਕੂਲ ਵਿੱਚ ਇਕੱਠਾ ਹੋਣ ਲੱਗੇ ਤਾਂ ਉਸੇ ਸਮੇਂ ਹੀ ਇਲਾਕੇ ਦੇ ਸਿੰਘਾਂ ਨੇ ਇਨ੍ਹਾਂ ਨੂੰ ਇੱਥੋਂ ਖਦੇੜਨ ਲਈ ਹੱਲਾ ਬੋਲ ਦਿੱਤਾ। ਕੁੱਝ ਝੜਪਾਂ ਵੀ ਹੋਈਆਂ, ਪਰ ਜਲਦੀ ਹੀ ਨਕਲੀ ਨਿਰੰਕਾਰੀਆਂ ਦੇ ਸਮੱਰਥਕ ਸਕੂਲ ਵਿੱਚੋਂ ਦੌੜ ਗਏ, ਜਿਨ੍ਹਾਂ ਦਾ ਕਾਫੀ ਦੂਰ ਤੱਕ ਪਿੱਛਾ ਕੀਤਾ ਗਿਆ, ਭਾਵ ਮਹਿਤੇ ਇਲਾਕੇ ਤੋਂ ਬਾਹਰ ਕੱਢਣ ਤੱਕ ਇਨ੍ਹਾਂ ਦੰਭੀ ਗੁਰੂ ਦੇ ਚੇਲਿਆਂ ਦਾ ਪਿੱਛਾ ਕੀਤਾ ਗਿਆ। ਜਿਉਂ ਹੀ ਇਨ੍ਹਾਂ ਦੇ ਮੁਖੀ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਇਲਾਕੇ ਦੇ ਸਿੰਘਾਂ ਨੇ ਸਾਡਾ ਜਲਸਾ ਰੋਕ ਦਿੱਤਾ ਹੈ ਅਤੇ ਕੁੱਝ ਝੜਪਾਂ ਵੀ ਹੋਈਆਂ ਹਨ ਤਾਂ ਉਹ ਇੱਥੇ ਆਉਣ ਦਾ ਪ੍ਰੋਗਰਾਮ ਵਿੱਚੋਂ ਛੱਡ ਕੇ ਵਾਪਸ ਚਲਾ ਗਿਆ।

8. ਇਸ ਘਟਨਾ ਤੋਂ ਬਾਅਦ ਬਾਬਾ ਥਾਰਾ ਸਿੰਘ ਤੇ ਭਾਈ ਰਣਬੀਰ ਸਿੰਘ ਫੌਜੀ ਨੇ ਇਲਾਕੇ ਦੇ ਕੁੱਝ ਸਿੰਘਾਂ ਨਾਲ ਮਸ਼ਵਰਾ ਕੀਤਾ ਕਿ ਆਪਾਂ ਨੂੰ ਇਨ੍ਹਾਂ ਹਾਲਾਤਾਂ ਬਾਰੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨਾਲ ਤੁਰੰਤ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ। ਉਸ ਸਮੇਂ ਜੱਥਾ ਲੁਧਿਆਣਾ ਜ਼ਿਲ੍ਹੇ ਵਿਖੇ ਪਿੰਡ ਨਾਰੰਗਵਾਲ ਵਿੱਚ ਸੀ। ਇਹ ਸਿੰਘ ਉੱਥੇ ਜਾਣ ਦਾ ਪ੍ਰੋਗਰਾਮ ਬਣਾ ਕੇ ਅਗਲੇ ਦਿਨ ਸਹਿਯੋਗੀ ਸਿੰਘਾਂ ਦਾ ਟਰੱਕ ਭਰ ਕੇ ਨਾਰੰਗਵਾਲ ਚਲੇ ਗਏ। ਜਿਸ ਵਕਤ ਬਾਬਾ ਥਾਰਾ ਸਿੰਘ ਇਨ੍ਹਾਂ ਸਿੰਘਾਂ ਸਮੇਤ ਨਾਰੰਗਵਾਲ ਪਹੁੰਚੇ ਤਾਂ ਉਸ ਸਮੇਂ ਸੰਤ ਕਰਤਾਰ ਸਿੰਘ ਜੀ

Scanned with CamScanner

ਖ਼ਾਲਸਾ ਗੁਰਦੁਆਰਾ ਸਾਹਿਬ ਵਿਖੇ ਕਥਾ ਕਰ ਰਹੇ ਸਨ। ਸਾਰੇ ਸਿੰਘਾਂ ਨੇ ਦੀਵਾਨਾਂ ਵਿੱਚ ਹਾਜ਼ਰੀਆਂ ਭਰੀਆਂ, ਕਥਾ ਸੁਣੀ ਅਤੇ ਕਥਾ ਤੋਂ ਬਾਅਦ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਮਿਲ ਕੇ ਮਹਿਤੇ ਵਿਖੇ ਵਾਪਰੇ ਸਾਰੇ ਘਟਨਾਚੱਕਰ ਨੂੰ ਸੰਤਾਂ ਨਾਲ ਸਾਂਝਾ ਕੀਤਾ। ਜਿਸ 'ਤੇ ਸੰਤਾਂ ਨੇ ਕਿਹਾ ਕਿ ਆਪਾਂ ਕਿਸੇ ਕਿਸਮ ਦਾ ਵਾਧਾ ਨਹੀਂ ਕਰਨਾ, ਪਰ ਦਸ਼ ਗੁਰੂ ਸਾਹਿਬਾਨਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਰੁੱਧ ਇੱਕ ਵੀ ਅੱਖਰ ਨਹੀਂ ਸੁਣਨਾ। "ਗੁਰ ਕੀ ਨਿੰਦਾ ਸੁਣੈ ਨਾ ਕਾਨ" ਇਸ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ। ਇਸ ਸਬੰਧ ਵਿੱਚ ਆਪਣੇ ਅਤੇ ਇਲਾਕੇ ਦੇ ਸ਼ਹਿਯੋਗੀ ਸਿੰਘਾਂ ਦੇ ਹਥਿਆਰਾਂ ਦੇ ਲਾਇਸੈਂਸ ਬਣਾਉ ਅਤੇ ਹਥਿਆਰ ਖਰੀਦੋ ਤਾਂ ਕਿ ਜਿਸ ਤਰ੍ਹਾਂ ਦਾ ਵੀ ਸਮਾਂ ਆਵੇ, ਉਸ ਢੰਗ ਨਾਲ ਹੀ ਸਮੇਂ ਮੁਤਾਬਕ ਗੁਰੂ ਦੇ ਨਿੰਦਕਾਂ ਨਾਲ ਨਜਿੱਠਿਆ ਜਾ ਸਕੇ ਅਤੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣਾ ਹੈ। ਕਿਸੇ ਤੋਂ ਡਰਨਾ ਨਹੀਂ, ਇਤਿਆਦਿਕ ਵਿਚਾਰਾਂ ਰਾਤ ਦੇਰ ਤੱਕ ਚੱਲਦੀਆਂ ਰਹੀਆਂ ਅਤੇ ਰਾਤ ਨੂੰ ਬਾਬਾ ਥਾਰਾ ਸਿੰਘ ਅਤੇ ਬਾਕੀ ਸਿੰਘਾਂ ਨੇ ਇੱਥੇ ਹੀ ਵਿਸ਼ਰਾਮ ਕੀਤਾ। ਅਗਲੇ ਦਿਨ ਵਾਪਸ ਪਰਤ ਆਏ। ਸੰਤਾਂ ਦੇ ਕਹਿਣ ਮੁਤਾਬਕ ਫੌਜੀ ਰਣਬੀਰ ਸਿੰਘ ਅਤੇ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਜ਼ਿੰਮੇਵਾਰੀ ਲਗਾਈ ਕਿ ਉਹ ਜਥੇ ਦੇ ਕੁੱਝ ਸਿੰਘਾਂ ਅਤੇ ਇਲਾਕੇ ਦੇ ਕੁੱਝ ਸਿੰਘਾਂ ਦੀ ਲਿਸਟ ਤਿਆਰ ਕਰਨ। ਉਨ੍ਹਾਂ ਦੇ ਲਾਈਸੈਂਸ ਬਣਾ ਕੇ ਦੇਣ ਅਤੇ ਲਾਇਸੈਂਸ ਬਣਨ ਉਪਰੰਤ ਲੋੜੀਂਦੇ ਹਥਿਆਰ ਵੀ ਖਰੀਦੇ ਜਾ ਸਕਣ। ਇਹ ਜ਼ਿੰਮੇਵਾਰੀ ਭਾਈ ਅਮਰੀਕ ਸਿੰਘ ਅਤੇ ਭਾਈ ਰਣਬੀਰ ਸਿੰਘ ਫੌਜੀ ਨੇ ਬਾਖੂਬੀ ਨਿਭਾਈ। ਕਾਫੀ ਮਿਹਨਤ ਨਾਲ ਉਨ੍ਹਾਂ ਨੇ ਜਥੇ ਅਤੇ ਇਲਾਕੇ ਦੇ ਸਿੰਘਾਂ ਦੇ ਲਾਇਸੈਂਸ ਬਣਾਏ ਅਤੇ ਹੱਥਿਆਰ ਵੀ ਖਰੀਦੇ। ਇਸ ਤਰ੍ਹਾਂ ਇੱਕ ਹੱਥਿਆਰਬੰਦ ਦਸਤਾ ਵੀ ਤਿਆਰ ਹੋ ਗਿਆ, ਜੋ ਲੋੜ ਪੈਣ 'ਤੇ ਅਖੌਤੀ ਗੁਰੂ ਡੰਮ੍ਹ ਦਾ ਮੂੰਹ ਤੋੜ ਜਵਾਬ ਦੇ ਸਕੇ। ਯਾਦ ਰਹੇ ਕਿ ਨਕਲੀ ਨਿਰੰਕਾਰੀ ਹਮੇਸ਼ਾ ਹੀ ਹਥਿਆਰਬੰਦ ਗੁੰਡਿਆਂ ਦੇ ਗਰੁੱਪ ਨੂੰ ਆਪਣੇ ਨਾਲ ਰੱਖਦਾ ਸੀ। ਜਿਸ ਨਾਲ ਸਧਾਰਨ ਸਿੱਖਾਂ ਉਪਰ ਆਪਣੀ ਧੌਂਸ ਜਮਾਉਣਾ ਚਾਹੁੰਦਾ ਸੀ।

9. ਇਸ ਉਪਰੰਤ ਗੌਰਮਿੰਟ ਸਕੂਲ ਘੁਮਾਣ ਵਿਖੇ ਨਕਲੀ ਨਿਰੰਕਾਰੀਆਂ ਨੇ ਆਪਣਾ ਪ੍ਰੋਗਰਾਮ ਰੱਖਿਆ ਅਤੇ ਇਸ ਵਾਰ ਹਰ ਹਾਲਤ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਇਲਾਕੇ ਵਿੱਚ ਕਈ ਥਾਂ ਤੇ ਮੀਟਿੰਗਾਂ ਵੀ ਰੱਖੀਆਂ। ਯਾਦ ਰਹੇ ਕਿ ਦਮਦਮੀ ਟਕਸਾਲ ਦੇ ਮੁੱਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਇਸ ਇਲਾਕੇ ਵਿੱਚ ਗੁਰਮਤਿ ਪ੍ਰਚਾਰ ਦੀ ਵੱਡੀ ਮੁਹਿੰਮ ਚਲਾ ਰੱਖੀ ਸੀ ਅਤੇ ਪਿੰਡ ਪੱਧਰ ਤੇ ਛੋਟੀਆਂ-ਛੋਟੀਆਂ ਕਮੇਟੀਆਂ ਦਾ ਗਠਨ ਕੀਤਾ ਹੋਇਆ ਸੀ। ਇਸੇ ਤਰ੍ਹਾਂ ਹੀ ਦਮਦਮੀ ਟਕਸਾਲ ਦੇ ਸਹਿਯੋਗੀ ਸੰਤ ਮਹਾਂਪੁਰਖ ਸੰਤ ਬਾਬਾ ਕਰਤਾਰ ਸਿੰਘ ਜੀ ਬਰਿਆਰਾਂ ਵਾਲੇ ਜਿਨ੍ਹਾਂ ਦਾ ਆਪਣਾ ਜੱਦੀ ਪਿੰਡ ਬਰਿਆਰਾਂ ਵੀ ਇਸੇ ਹਲਕੇ ਕਾਦੀਆਂ ਵਿੱਚ ਪੈਂਦਾ ਹੈ। ਉਹ ਵੀ ਗੁਰਮਤਿ ਪ੍ਰਚਾਰ ਨੂੰ ਸਮਰਪਿਤ ਮਹਾਂਪੁਰਖ ਸਨ ਉਨ੍ਹਾਂ ਨੇ ਵੀ ਪਿੰਡ ਪੱਧਰ ਤੇ ਪਹੁੰਚ ਕੇ ਆਪਣੇ ਸੀਮਤ ਸਾਧਨਾਂ ਨਾਲ ਧਰਮ ਪ੍ਰਚਾਰ ਵਿੱਚ ਵੱਡਾ ਯੋਗਦਾਨ ਪਾਇਆ ਹੈ। ਖਾਸ ਕਰਕੇ ਨਕਲੀ ਨਿਰੰਕਾਰੀਆਂ ਦੇ ਕੂੜ ਪ੍ਰਚਾਰ ਵਿਰੁੱਧ ਸੰਗਤਾਂ ਨੂੰ ਬਹੁਤ ਸੁਚੇਤ ਕੀਤਾ ਹੋਇਆ ਸੀ ਦੋਵਾਂ ਹੀ ਮਹਾਂਪੁਰਖਾਂ ਦਾ ਆਪਸ ਵਿੱਚ ਭਾਰੀ ਮੇਲ ਮਿਲਾਪ ਸੀ। ਇਸ ਲਈ ਇੱਥੇ ਦੋਆਂ ਸੰਗਤਾਂ ਵਿੱਚ ਵੀ ਤਾਲਮੇਲ ਦੀ ਕਿਸੇ ਕਿਸਮ ਦੀ ਕਮੀ ਨਹੀਂ ਸੀ। ਇਸ ਲਈ ਜਿਉਂ ਹੀ ਸੰਗਤਾਂ ਨੂੰ ਪਤਾ ਲੱਗਾ ਕਿ ਘੁਮਾਣ ਦੇ ਸਕੂਲ ਵਿੱਚ ਨਕਲੀ ਨਿਰੰਕਾਰੀਆਂ ਨੇ ਆਪਣਾ ਪ੍ਰੋਗਰਾਮ ਕਰਨਾ ਹੈ ਤਾਂ ਸੰਗਤਾਂ ਨੇ ਇਹ ਖਬਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਪਹੁੰਚ ਕੇ ਜਥੇਦਾਰ ਬਾਬਾ ਥਾਰਾ ਸਿੰਘ ਅਤੇ ਭਾਈ ਰਣਬੀਰ ਸਿੰਘ ਫੌਜੀ ਨੂੰ ਦਿੱਤੀ। ਜਿਨ੍ਹਾਂ ਨੇ ਇਲਾਕੇ ਦੇ ਸਿੰਘਾਂ ਨੂੰ ਭਰੋਸਾ ਦਿੱਤਾ ਕਿ ਤੁਸੀਂ ਤਕੜੇ ਰਹੋ, ਅਸੀਂ ਹਰ ਤਰ੍ਹਾਂ ਤੁਹਾਡੇ ਨਾਲ ਹਾਂ ਅਤੇ ਆਪਾਂ ਰਲ ਕੇ ਨਕਲੀ ਨਿਰੰਕਾਰੀਆਂ ਦੇ ਕੂੜ ਪ੍ਰਚਾਰ ਨੂੰ ਰੋਕਾਂਗੇ। ਇਸੇ ਪ੍ਰੋਗਰਾਮ ਤਹਿਤ ਬਾਬਾ ਥਾਰਾ ਸਿੰਘ ਨੇ ਇਲਾਕੇ ਭਰ ਦੇ ਸਿੰਘਾਂ ਦੀ ਮੀਟਿੰਗ ਕੀਤੀ ਅਤੇ ਫੈਸਲਾ ਲਿਆ ਕਿ ਘੁਮਾਣ ਨੂੰ ਜਾਣ ਵਾਲੇ ਸਾਰੇ ਰਸਤਿਆਂ ਉੱਪਰ ਸਿੰਘਾਂ ਵੱਲੋਂ ਨਾਕਾਬੰਦੀ ਕਰ ਦੇਣੀ ਚਾਹੀਦੀ ਹੈ ਤਾਂ ਕਿ ਜਿਸ ਰਸਤੇ ਤੋਂ ਵੀ ਨਕਲੀ ਨਿਰੰਕਾਰੀ ਆਵੇ, ਉਸ ਨੂੰ ਅੱਗੇ ਵੱਧਣ ਤੋਂ ਰੋਕ ਦਿੱਤਾ ਜਾਵੇ। ਇਹ ਆਮ ਹੀ ਪ੍ਰਚਲਿਤ ਸੀ ਕਿ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਅਕਸਰ ਹੀ ਆਸਲ ਰਸਤੇ ਨੂੰ ਬਦਲ ਕੇ ਛੋਟੇ ਮੋਟੇ ਰਸਤਿਆਂ ਰਾਹੀਂ ਮਿਥੇ ਹੋਏ ਪ੍ਰੋਗਰਾਮ ਤੇ ਪਹੁੰਚਣ ਦਾ ਯਤਨ ਕਰਦਾ ਸੀ। ਇਸ ਲਈ ਸਿੰਘਾਂ ਦੀਆਂ ਡਿਊਟੀਆਂ ਲੱਗ ਗਈਆਂ ਅਤੇ ਅੰਮ੍ਰਿਤਸਰ ਤੋਂ ਵਾਇਆ ਮਹਿਤਾ ਘੁਮਾਣ ਨੂੰ ਜਾਣ ਵਾਲੇ ਰਸਤੇ ਉੱਪਰ ਆਪ ਬਾਬਾ ਥਾਰਾ ਸਿੰਘ ਅਤੇ ਰਣਬੀਰ ਸਿੰਘ ਫੌਜੀ ਨੇ ਸਿੰਘਾਂ ਸਮੇਤ

Scanned with CamScanner

ਨਾਕਾ ਲਾ ਦਿੱਤਾ ਅਤੇ ਘੁਮਾਣਾ ਨੂੰ ਜਾਣ ਵਾਲੇ ਬਾਕੀ ਦੇ ਰਸਤਿਆਂ ਉੱਪਰ ਵੀ ਸਿੰਘਾਂ ਨੇ ਤਕੜੀ ਨਾਕਾਬੰਦੀ ਕਰ ਦਿੱਤੀ। ਨਕਲੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੇ ਅੰਮ੍ਰਿਤਸਰ ਤੋਂ ਘੁਮਾਣ ਵਿਖੇ ਜਾਣਾ ਇਹ ਸੋਚ ਕੇ ਕਿ ਰਸਤੇ ਵਿੱਚ ਚੌਕ ਮਹਿਤਾ ਜ਼ਿੱਥੇ ਪਹਿਲਾਂ ਹੀ ਸਿੰਘਾਂ ਨਾਲ ਝੜਪਾਂ ਹੋ ਚੁੱਕੀਆਂ ਹਨ, ਇਸ ਲਈ ਇਸ ਰਸਤੇ ਨੂੰ ਬਦਲ ਕੇ ਉਸ ਨੇ ਵਾਇਆ ਬਿਆਸ, ਜੰਡਿਆਲਾ, ਬੁਤਾਲਾ, ਪੱਡੇ, ਦਕੋਹਾ ਤੋਂ ਹੁੰਦਿਆਂ ਘੁਮਾਣ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਇਹ ਪ੍ਰੋਗਰਾਮ ਉਸ ਦੇ ਇਲਾਕੇ ਦੇ ਪੈਰੋਕਾਰ ਹੀ ਬਣਾਉਂਦੇ ਸਨ। ਇਸ ਰਸਤੇ ਉੱਪਰ ਵੀ ਸਿੰਘਾਂ ਨੇ ਨਾਕਾ ਲਾਇਆ ਹੋਇਆ ਸੀ। ਬੁਤਾਲੇ ਤੋਂ ਅੱਗੇ ਪਿੰਡ ਪੱਡਿਆਂ ਵਿੱਚ ਵੀ ਜੋ ਰਸਤਾ ਸੀ, ਇੱਟਾਂ ਵਾਲੇ ਭੱਠੇ ਤੋਂ ਹੋ ਕੇ ਗੁਜਰਦਾ ਸੀ। ਇਸ ਭੱਠੇ ਉੱਪਰ ਹੀ ਸਿੰਘਾਂ ਦਾ ਨਾਕਾ ਲੱਗਾ ਹੋਇਆ ਸੀ। ਉਸ ਵੇਲੇ ਭਾਵੇਂ ਮੋਬਾਇਲ ਫੋਨ ਆਦਿ ਦੀ ਸਹੂਲਤ ਨਹੀਂ ਸੀ, ਫਿਰ ਵੀ ਸਿੰਘ ਆਪਣੇ ਢੰਗ ਨਾਲ ਹੀ ਵੱਧ ਤੋਂ ਵੱਧ ਜਾਣਕਾਰੀ ਲੈਣ ਦੀ ਸਕੀਮ ਬਣਾ ਕੇ ਰੱਖਦੇ ਸਨ। ਇਸੇ ਤਹਿਤ ਜਿਉਂ ਹੀ ਨਕਲੀ ਨਿਰੰਕਾਰੀ ਮੁਖੀ ਦੀਆਂ ਅਤਿ ਕੀਮਤੀ ਇੰਪਾਲਾ ਕਾਰਾਂ ਸਮੇਤ ਇਸ ਦਾ ਕਾਫਲਾ ਅੰਮ੍ਰਿਤਸਰ ਤੋਂ ਮਹਿਤੇ ਨੂੰ ਮੁੜਨ ਦੀ ਥਾਂ ਬਿਆਸ ਵੱਲ ਨੂੰ ਚਲਾ ਗਿਆ ਤਾਂ ਇਸ ਦੀ ਜਾਣਕਾਰੀ ਸਿੰਘਾਂ ਨੇ ਨਾਕੇ ਤੇ ਖੜ੍ਹੇ ਸਿੰਘਾਂ ਨੂੰ ਦੇ ਦਿੱਤੀ ਕਿ ਉਹ ਚੌਕ ਮਹਿਤੇ ਦੇ ਰਸਤੇ ਨਹੀਂ ਆਵੇਗਾ। ਇਸ ਲਈ ਪੱਡੇ ਵਾਲੇ ਭੱਠੇ ਦੇ ਨਾਕੇ 'ਤੇ ਹੋਰ ਸਿੰਘ ਭੇਜ ਦਿੱਤੇ ਗਏ। ਜਿਉਂ ਹੀ ਇਨ੍ਹਾਂ ਦਾ ਕਾਫਲਾ ਬੁਤਾਲੇ ਤੋਂ ਅੱਗੇ ਨਿਕਲਿਆ ਤੇ ਅੱਗੇ ਬੜਾ ਤੰਗ ਅਤੇ ਕੱਚਾ ਰਸਤਾ ਸੀ।

ਇਸ ਦੇ ਅੱਗੇ ਕੁੱਝ ਮੋਟਰ ਸਾਈਕਲਾਂ ਵਾਲੇ ਇਸ ਦੇ ਸਹਿਯੋਗੀ ਚੱਲ ਰਹੇ ਸਨ ਤਾਂ ਕਿ ਇਸ ਨੂੰ ਸੜਿਕਾਰ ਸਹਿਤ ਪ੍ਰੋਗਰਾਮ ਵਾਲੀ ਥਾਂ ਤੋਂ ਲਿਜਾਇਆ ਜਾ ਸਕੇ। ਭੱਠੇ ਦੇ ਨੇੜੇ ਜਾ ਕੇ ਛੋਟਾ ਜਿਹਾ ਮੋੜ ਵੀ ਪੈਂਦਾ ਸੀ। ਮੋਟਰ ਸਾਈਕਲਾਂ ਦਾ ਕਾਫਲਾ ਜਿਉਂ ਹੀ ਮੋੜ ਮੁੜਿਆ ਤਾਂ ਇੱਥੇ ਖੜ੍ਹੇ ਸਿੰਘਾਂ ਜਿਨ੍ਹਾਂ ਵਿੱਚ ਮਹਿੰਦਰ ਸਿੰਘ ਸੰਧਵਾਂ, ਗੁਰਨਾਮ ਸਿੰਘ ਬਰਿਆਰਾਂ, ਦਲਬੀਰ ਸਿੰਘ ਮੈਨੇਜਰ, ਸੰਤੋਖ ਸਿੰਘ ਜੋਹਲ ਆਦਿ ਨੇ ਇਨ੍ਹਾਂ ਦੇ ਕਾਫਲੇ ਨੂੰ ਰੋਕ ਲਿਆ ਤਾਂ ਉਨ੍ਹਾਂ ਨੇ ਰੁਕਣ ਤੋਂ ਇਨਕਾਰ ਕਰਦਿਆਂ ਜਥਰਦਸ਼ਤੀ ਮੋਟਰ ਸਾਈਕਲਾਂ ਨੂੰ ਅੱਗੇ ਲੰਘਾਉਣ ਦੀ ਕੋਸ਼ਿਸ਼ ਕੀਤੀ, ਜਿਸ ਤੇ ਜ਼ੋਮ ਵੱਲੋਂ ਹੱਥੋਪਾਈ ਤੇ ਝੜਪ ਹੋਈ। ਇਹ ਝੜਪ ਹਿੰਸਕ ਰੂਪ ਧਾਰ ਗਈ। ਦੋਵਾਂ ਹੀ ਗਰੁੱਪਾਂ ਦੇ ਸੱਟਾਂ ਵੀ ਲੱਗੀਆਂ ਅਤੇ ਲੜਦਿਆਂ ਹੋਇਆਂ ਨਕਲੀ ਨਿਰੰਕਾਰੀ ਦੇ ਬੰਦਿਆਂ ਦੀਆਂ ਪੱਗਾਂ ਵੀ ਲੱਥ ਗਈਆਂ ਤੇ ਉਹ ਲੱਥੀਆਂ ਪੱਗਾਂ ਨੂੰ ਇੱਥੇ ਹੀ ਛੱਡ ਕੇ ਦੌੜ ਗਏ ਅਤੇ ਅੱਜ ਤਾਈਂ ਉਨ੍ਹਾਂ ਨੇ ਆਪਣੀਆਂ ਲੱਥੀਆਂ ਪੱਗਾਂ ਵਾਪਸ ਲੈਣ ਦੀ ਹਿੰਮਤ ਨਹੀਂ ਕੀਤੀ। ਉਪਰੋਕਤ ਹਾਲਾਤ ਨੂੰ ਦੇਖਦਿਆਂ ਨਿਰੰਕਾਰੀ ਮੁਖੀ ਨੇ ਆਪਣੀਆਂ ਕਾਰਾਂ ਉੱਥੋਂ ਹੀ ਵਾਪਸ ਮੋੜ ਲਈਆਂ ਕਿਉਂਕਿ ਇਹ ਰਸਤਾ ਜ਼ਮੀਨ ਦੇ ਬਿਲਕੁੱਲ ਬਰਾਬਰ ਸੀ, ਨਹੀਂ ਤੇ ਇਨ੍ਹਾਂ ਕਾਰਾਂ ਨੂੰ ਵਾਪਸ ਨਹੀਂ ਸੀ ਮੁੜਿਆ ਜਾ ਸਕਦਾ, ਪਰ ਵਾਪਸ ਮੁੜਦਿਆਂ ਉਹ ਸੜਕ ਹਾਊਜ ਜਾਣ ਦੀ ਥਾਂ ਕਿਸੇ ਹੋਰ ਜਗ੍ਹਾ ਰੁਕਿਆ ਅਤੇ ਉਸੇ ਹੀ ਦਿਨ ਹਵਾਈ ਜਹਾਜ ਰਾਹੀਂ ਵਾਪਸ ਦਿੱਲੀ ਚਲਾ ਗਿਆ।

10. ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਕਾਦੀਆਂ ਵਿਖੇ ਸਰਦਾਰ ਬਲਵੰਤ ਸਿੰਘ ਆਰੇ ਵਾਲਾ ਕਾਫੀ ਸਿਰਕੱਢ ਸਿੱਖ ਆਗੂ ਸੀ ਜਿਨ੍ਹਾਂ ਦਾ ਸੰਤ ਬਾਬਾ ਕਰਤਾਰ ਸਿੰਘ ਖ਼ਰਿਆਰਾਂ ਵਾਲੇ ਨਾਲ ਚੰਗਾ ਪਿਆਰ ਸੀ। ਉਨ੍ਹਾਂ ਸੰਤਾਂ ਨੇ ਇਸ ਨੂੰ ਕਿਹਾ ਕਿ ਤੁਸੀਂ ਕਾਦੀਆਂ ਵਿਖੇ ਭਿੰਡਰਾਂਵਾਲੇ ਸੰਤਾਂ ਦਾ ਪ੍ਰੋਗਰਾਮ ਬਣਾਓ ਤਾਂ ਕਿ ਉਨ੍ਹਾਂ ਨੂੰ ਇੱਥੇ ਸੱਦ ਕੇ ਕਥਾ ਕੀਰਤਨ ਦਾ ਧਾਰਮਿਕ ਪ੍ਰੋਗਰਾਮ ਕੀਤਾ ਜਾ ਸਕੇ ਤਾਂ ਸਰਦਾਰ ਬਲਵੰਤ ਸਿੰਘ ਨੇ ਕਿਹਾ ਕਿ ਮੈਂ ਹੋਰ ਸੰਗਤਾਂ ਨਾਲ ਸਲਾਹ ਕਰਕੇ ਦੱਸਾਗਾਂ। ਇਸ ਨੇ ਬਹੁਤ ਸਾਰੇ ਵਿਅਕਤੀਆਂ ਨਾਲ ਇਸ ਬਾਰੇ ਗੱਲਬਾਤ ਕੀਤੀ ਕਿ ਆਪਾ ਕਾਦੀਆਂ ਵਿਖੇ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਸੱਦ ਕੇ ਧਾਰਮਿਕ ਪ੍ਰੋਗਰਾਮ ਕਰਵਾਈਏ। ਸਿੱਖ ਪਰਿਵਾਰਾਂ ਵਿੱਚੋਂ ਬਹੁਤਿਆਂ ਨੇ ਸਰਦਾਰ ਬਲਵੰਤ ਸਿੰਘ ਦੀ ਹਾਂ ਵਿੱਚ ਵਿੱਚ ਹਾਂ ਨਾ ਮਿਲਾਈ। ਪਰ ਇਸ ਸਿੰਘ ਦੇ ਮਨ ਵਿੱਚ ਡੀਬਰ ਇੱਛਾ ਸੀ ਕਿ ਸੰਤਾਂ ਨੂੰ ਜ਼ਰੂਰ ਸੱਦਣਾ ਹੈ। ਇਸ ਲਈ ਇੱਕ ਦਿਨ ਇਕੱਲਾ ਹੀ ਸੰਤਾਂ ਨੂੰ ਮਿਲਣ ਵਾਸਤੇ ਮਹਿਤੇ ਪਹੁੰਚ ਗਿਆ। ਉੱਥੇ ਜਾ ਕੇ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਨਾਲ ਗੱਲਬਾਤ ਕੀਤੀ ਕਿ ਮੈਂ ਚਾਹੁੰਦਾ ਹਾਂ ਕਾਦੀਆਂ ਵਿਖੇ ਆਪ ਜੀ ਦੇ ਜੱਥੇ ਦਾ ਪ੍ਰੋਗਰਾਮ ਰੱਖਿਆ ਜਾਵੇ। ਪਰ ਕਾਦੀਆਂ ਵਾਲੇ ਜ਼ੋਰ ਸਿੰਘ ਇਸ ਪਾਸੇ ਖਾਸ ਧਿਆਨ ਨਹੀਂ ਦੇ ਰਹੇ। ਇਸ ਦੀ ਸਾਰੀ ਗੱਲਬਾਤ ਸੁਣਨ ਤੋਂ ਉਪਰੰਤ ਸੰਤਾਂ ਨੇ ਬਹੁਤ ਹੀ ਠਰ੍ਹੰਮੇ ਨਾਲ

Scanned with CamScanner

ਇਸ ਨੂੰ ਸਮਝਾਇਆ ਕਿ ਇਸ ਵਿੱਚ ਇਲਾਕੇ ਵਾਲੀਆਂ ਸੰਗਤਾਂ ਦਾ ਕੋਈ ਕਸੂਰ ਨਹੀਂ ਕਿਉਂਕਿ ਜਥੇ ਦਾ ਪ੍ਰੋਗਰਾਮ ਪਹਿਲਾਂ ਕਦੇ ਇੱਥੇ ਬਣਿਆ ਹੀ ਨਹੀਂ ਇਸ ਲਈ ਉਹ ਇਨ੍ਹਾਂ ਪ੍ਰੋਗਰਾਮਾਂ ਤੋਂ ਅਨਜਾਣ ਹਨ। ਇਸ ਲਈ ਇੱਕ ਵਾਰੀ ਤੂੰ ਹਿੰਮਤ ਕਰ, ਜਦੋਂ ਕਥਾ ਕੀਰਤਨ ਦਾ ਪ੍ਰੋਗਰਾਮ ਹੋਵੇਗਾ ਤਾਂ ਸੰਗਤਾਂ ਆਪੇ ਹੀ ਸਹਿਮਤ ਹੋ ਜਾਣਗੀਆਂ ਤਾਂ ਇਸ ਨੇ ਆਪਣੀ ਅਸਮਰੱਥਾ ਜ਼ਾਹਿਰ ਕਰਦਿਆਂ ਹੋਇਆਂ ਕਿਹਾ ਕਿ ਮੇਰੇ ਇਕੱਲੇ ਕੋਲੋਂ ਸਾਰੇ ਜੱਥੇ ਦੇ ਰਹਿਣ ਦਾ ਪ੍ਰਬੰਧ ਨਹੀਂ ਹੋ ਸਕਣਾ ਤਾਂ ਸੰਤਾਂ ਨੇ ਕਿਹਾ ਕਿ ਤੂੰ ਫਿਕਰ ਨਾ ਕਰ ਕਿਸੇ ਸਕੂਲ ਵਿੱਚ ਪ੍ਰੋਗਰਾਮ ਰੱਖ ਉਥੇ ਦਰੀਆਂ ਦਾ ਪ੍ਰਬੰਧ ਕਰ ਲਈਂ ਅਤੇ ਉਥੇ ਹੀ ਦਾਲ ਪ੍ਰਸ਼ਾਦੇ ਦੇ ਲੰਗਰ ਦਾ ਪ੍ਰਬੰਧ ਕਰ ਲੈਣਾ, ਹੋਰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ। ਬੱਸ ਤੂੰ ਹਿੰਮਤ ਕਰਕੇ ਸਾਰੇ ਕਸਬੇ ਵਿੱਚ ਪ੍ਰੋਗਰਾਮ ਬਾਰੇ ਦੱਸ ਦੇਣਾ ਤਾਂ ਸਰਦਾਰ ਬਲਵੰਤ ਸਿੰਘ ਸੰਤਾਂ ਤੋਂ ਪੰਜ ਦਿਨ ਦਾ ਪ੍ਰੋਗਰਾਮ ਲੈ ਕੇ ਵਾਪਸ ਪਰਤ ਆਇਆ। ਇਸ ਪ੍ਰੋਗਰਾਮ ਬਾਰੇ ਆਮ ਸੰਗਤਾਂ ਨੂੰ ਸੂਚਨਾ ਵੀ ਦੇ ਦਿੱਤੀ ਅਤੇ ਗੌਰਮਿੰਟ ਪ੍ਰਾਇਮਰੀ ਸਕੂਲ ਵਿੱਚ ਦੀਵਾਨ ਸਜਿਆ ਕੀਰਤਨ ਤੋਂ ਬਾਅਦ ਸੰਤਾਂ ਨੇ ਕਥਾ ਕੀਤੀ। ਪਹਿਲੇ ਦਿਨ ਸੰਗਤ ਭਾਵੇਂ ਬਹੁਤ ਥੋੜ੍ਹੀ ਸੀ ਪਰ ਉਹ ਕਥਾ ਤੋਂ ਬਹੁਤ ਪ੍ਰਭਾਵਿਤ ਹੋਏ ਤਾਂ ਕਥਾ ਸੁਣਨ ਵਾਲਿਆਂ ਵਿੱਚੋਂ ਹੀ ਇੱਕ ਸਿੱਖ ਨੇ ਕਾਦੀਆਂ ਕਸਬੇ ਦੇ ਅਕਾਲੀ ਆਗੂ ਗਿਆਨੀ ਲਾਭ ਸਿੰਘ ਫਖ਼ਰ ਨੂੰ ਦੱਸਿਆ ਕਿ ਭਿੰਡਰਾਂਵਾਲੇ ਸੰਤ ਧਰਮ ਦੇ ਬਹੁਤ ਵਧੀਆ ਵਿਆਖਿਆਕਾਰ ਹਨ, ਕੱਲ੍ਹ ਨੂੰ ਤੁਸੀਂ ਜ਼ਰੂਰ ਕਥਾ ਸੁਣਨ ਚੱਲਿਓ ਤਾਂ ਉਸ ਨੇ ਕਿਹਾ ਮੈਂ ਸਾਧਾਂ ਸੰਤਾਂ ਤੇ ਬਹੁਤਾ ਯਕੀਨ ਨਹੀਂ ਕਰਦਾ ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਆਪਣੇ ਆਪ ਨੂੰ ਵੱਧ ਮਹੱਤਤਾ ਦਿੰਦੇ ਹਨ। ਫਿਰ ਵੀ ਤੁਹਾਡੇ ਕਹਿਣ ਤੇ ਮੈਂ ਕੱਲ੍ਹ ਨੂੰ ਦੀਵਾਨ ਵਿੱਚ ਆਵਾਂਗਾ।

ਯਾਦ ਰਹੇ ਕਿ ਗਿਆਨੀ ਲਾਭ ਸਿੰਘ ਫਖ਼ਰ ਅਕਾਲੀ ਦਲ ਦੇ ਪਹਿਲੇ ਪ੍ਰਧਾਨ ਬਾਬਾ ਖੜਕ ਸਿੰਘ ਦੇ ਨਜਦੀਕੀ ਸਨ ਅਤੇ ਪਾਕਿਸਤਾਨ ਬਣਨ ਤੋਂ ਪਹਿਲਾਂ ਉਹ ਜਿਲ੍ਹਾ ਸਿਆਲਕੋਟ ਦੇ ਅਕਾਲੀ ਦਲ ਵੱਲੋਂ ਜਿਲ੍ਹਾ ਪ੍ਰਧਾਨ ਸਨ ਅਤੇ ਚੰਗੇ ਪ੍ਰਚਾਰਕ ਵੀ। ਅੰਗਰੇਜ਼ ਰਾਜ ਸਮੇਂ ਉਸ ਉੱਪਰ ਸਰਕਾਰ ਦਾ ਬਾਗੀ ਹੋਣ ਦੇ ਤਹਿਤ ਕੇਸ ਦਰਜ ਹੋਇਆ ਸੀ ਜਿਸ ਦੀ 10 ਸਾਲ ਸਜ਼ਾ ਵੀ ਹੋਈ। ਫਿਰ ਸਿੰਘ ਸਭਾ ਲਹਿਰ ਵਿੱਚ ਵੀ ਕੁਝ ਸਮਾਂ ਜੇਲ੍ਹ ਵਿੱਚ ਰਹੇ। ਭਾਰਤ ਪਾਕਿਸਤਾਨ ਦੀ ਵੰਡ ਤੋਂ ਬਾਅਦ ਇਹ ਇੱਥੇ ਕਾਦੀਆਂ ਵਿਖੇ ਆ ਵਸੇ। ਫਿਰ ਅਕਾਲੀ ਦਲ ਵੱਲੋਂ ਲਾਏ ਸਭ ਮੋਰਚਿਆਂ ਵਿੱਚ ਜੇਲ੍ਹ ਯਾਤਰਾ ਕਰਦੇ ਰਹੇ। ਬਹੁਤ ਸਾਰੇ ਅਕਾਲੀ ਆਗੂਆਂ ਦੇ ਸੁਭਾਅ ਮੁਤਾਬਿਕ ਗਿਆਨੀ ਲਾਭ ਸਿੰਘ ਜਿਆਦਾ ਸੰਤਾਂ ਨੂੰ ਵਿਹਲੜ ਹੀ ਸਮਝਦੇ ਸਨ। ਪਰ ਉਹ ਦਸਮੇਸ਼ ਟਕਸਾਲ ਦੇ ਮਹਾਪੁਰਖਾਂ ਦੀ ਪੰਥ ਪ੍ਰਤੀ ਸਮਰਪਿਤ ਭਾਵਨਾ ਤੋਂ ਅਨਜਾਣ ਸਨ। ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਟਕਸਾਲ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਅਤੇ ਬਾਣੀ ਦੇ ਸ਼ੁੱਧ ਉਚਾਰਨ ਪ੍ਰਤੀ ਸੰਗਤਾਂ ਨੂੰ ਭਾਰੀ ਲਗਨ ਨਾਲ ਸੁਚੇਤ ਕੀਤਾ ਜਾਂਦਾ ਹੈ।

ਅਗਲੀ ਸ਼ਾਮ ਦੇ ਦੀਵਾਨ ਵਿੱਚ ਭਰਵਾਂ ਇਕੱਠ ਹੋਇਆ ਜਿਸ ਵਿੱਚ ਸੰਤ ਕਰਤਾਰ ਸਿੰਘ ਬਰਿਆਰਾਂ ਵਾਲੇ ਵੀ ਸੰਗਤਾਂ ਨੂੰ ਇਲਾਕੇ ਵਿੱਚੋਂ ਟਰਾਲੀਆਂ ਤੇ ਲੈ ਕੇ ਆਏ। ਇਸ ਦੀਵਾਨ ਵਿੱਚ ਸੰਤਾਂ ਨੇ ਸ਼ਬਦ ਗੁਰੂ ਦੀ ਵਿਆਖਿਆ ਕਰਦਿਆਂ ਹੋਇਆਂ ਆਪੂੰ ਬਣੇ ਅਖੌਤੀ ਗੁਰੂਆਂ ਬਾਰੇ ਖੁੱਲ੍ਹ ਕੇ ਵਿਚਾਰ ਕਰਦਿਆਂ ਦੱਸਿਆ ਕਿ ਸਾਡਾ ਗੁਰੂ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਕੋਈ ਵਿਅਕਤੀ ਸਾਡਾ ਗੁਰੂ ਨਹੀਂ। ਅੱਜ ਕਈ ਗੰਦਗੀ ਦੇ ਪੁਤਲੇ ਆਪਣੇ ਆਪ ਨੂੰ ਨਿਰੰਕਾਰ ਦਾ ਸਰੂਪ ਦੱਸਦੇ ਹਨ ਅਤੇ ਇੱਥੋਂ ਤੱਕ ਕੁਫਰ ਤੋਲਦੇ ਹਨ ਕਿ ਅਸਲੀ ਨਿਰੰਕਾਰ ਹੀ ਮੈਂ ਹਾਂ। ਅਜਿਹੇ ਲੋਕਾਂ ਦਾ ਸਾਨੂੰ ਸਭ ਸਿੱਖਾਂ ਨੂੰ ਮੂੰਹ ਤੋੜਵਾਂ ਜਵਾਬ ਦੇਣਾ ਚਾਹੀਦਾ ਹੈ। ਕੋਈ ਵਿਅਕਤੀ ਗੁਰਬਾਣੀ ਦੀ ਨਿੰਦਾ ਕਰੇ ਜਾਂ ਦਸ ਗੁਰੂ ਸਾਹਿਬਾਨਾਂ ਬਾਰੇ ਕਿਸੇ ਕਿਸਮ ਦੀ ਗਲਤ ਟਿੱਪਣੀ ਕਰੇ ਉਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਾ ਚਾਹੀਦਾ। ਸੰਤਾਂ ਨੇ ਇਹ ਵੀ ਦੱਸਿਆ ਕਿ ਗੁਰਬਾਣੀ ਗੁਰੂ ਹੈ, ਅਤੇ ਵਿਸਥਾਰ ਸਹਿਤ ਵਿਆਖਿਆ ਕੀਤੀ ਅਤੇ ਸੰਗਤਾਂ ਵਿੱਚ ਧਾਰਨਾ ਵੀ ਪੱਕੀ

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥
ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ (੯੬੨)

ਇੱਕ ਘੰਟੇ ਦੀ ਕਥਾ ਦੌਰਾਨ ਸੰਤਾਂ ਨੇ ਅਜਿਹਾ ਵਖਿਆਨ ਕੀਤਾ ਕਿ ਸੰਗਤਾਂ ਵਿੱਚੋਂ ਕਿਸੇ ਨੇ ਉੱਚਾ ਸਾਹ ਵੀ ਨਾ ਲਿਆ। ਖਾਸ ਕਰਕੇ ਗਿਆਨੀ ਲਾਭ ਸਿੰਘ ਫਖ਼ਰ ਬਹੁਤ ਪ੍ਰਭਾਵਿਤ ਹੋਏ ਅਤੇ ਮਨ ਹੀ ਮਨ ਵਿੱਚ ਸੋਚਣ

Scanned with CamScanner

ਲੱਗੇ ਕਿ ਮੈਂ ਐਵੇਂ ਹੀ ਇਨ੍ਹਾਂ ਸੰਤਾਂ ਬਾਰੇ ਮਨ ਵਿੱਚ ਗਲਤ ਧਾਰਨਾ ਬਣਾ ਕੇ ਬੈਠਾ ਹਾਂ। ਕਥਾ ਦੀ ਸਮਾਪਤੀ ਤੋਂ ਬਾਅਦ ਉਹ ਸੰਤਾਂ ਨੂੰ ਮਿਲਿਆ ਅਤੇ ਬੜੀ ਸਪੱਸ਼ਟਤਾ ਨਾਲ ਕਿਹਾ ਕਿ ਸੰਤ ਜੀ ਤੁਸੀਂ ਮੇਰੇ ਬਹੁਤ ਭੁਲੇਖੇ ਦੂਰ ਕਰ ਦਿੱਤੇ ਹਨ। ਗੁਰਬਾਣੀ ਬਾਰੇ ਬਹੁਤ ਸੁੰਦਰ ਵਿਆਖਿਆ ਕੀਤੀ ਹੈ। ਸੰਤਾਂ ਨੇ ਕਿਹਾ ਕਿ ਭਾਈ ਸਾਡੀ ਤਾਂ ਕਲਗੀਧਰ ਵੱਲੋਂ ਡਿਊਟੀ ਹੀ ਇਹੋ ਲੱਗੀ ਹੋਈ ਹੈ।

ਇਸ ਤੋਂ ਬਾਅਦ ਗਿਆਨੀ ਲਾਭ ਸਿੰਘ ਸਮੇਤ ਕੁੱਝ ਸਿੰਘ ਬਾਬਾ ਕਰਤਾਰ ਸਿੰਘ ਬਰਿਆਰਾਂ ਵਾਲੇ ਨਾਲ ਮੀਟਿੰਗ ਕਰਨ ਲੱਗੇ ਅੜੇ ਮੰਗ ਕੀਤੀ ਕਿ ਸੰਤਾਂ ਦਾ ਸਾਰਾ ਜੱਥਾ ਅੱਜ ਰਾਤ ਨੂੰ ਸਾਡੇ ਘਰੇ ਭਾਵ ਗਿਆਨੀ ਲਾਭ ਸਿੰਘ ਫਖ਼ਰ ਦੇ ਘਰ ਪ੍ਰਸ਼ਾਦਾ ਛਕੇ। ਇਸੇ ਤਰ੍ਹਾਂ ਇੱਕ ਤੋਂ ਬਾਅਦ ਦੂਜੇ ਸਿੰਘ ਨੇ ਇਸੇ ਤਰ੍ਹਾਂ ਦੀ ਮੰਗ ਕੀਤੀ। ਇੱਕ ਦਿਨ ਬੀਤ ਚੁੱਕਾ ਸੀ ਬਾਕੀ ਦਿਨ ਚਾਰ ਹੀ ਸਨ ਅਤੇ ਸਵੇਰ ਸ਼ਾਮ ਦੇ ਅੱਠ ਹੀ ਲੰਗਰਾਂ ਦਾ ਪ੍ਰੋਗਰਾਮ ਹੋ ਸਕਦਾ ਸੀ। ਫਿਰ ਦੋ-ਦੋ ਸਿੰਘਾਂ ਨੇ ਮਿਲ ਕੇ ਲੰਗਰ ਦੀ ਡਿਊਟੀ ਸਾਂਭੀ ਕਿਉਂਕਿ ਲੰਗਰ ਛਕਾਉਣ ਵਾਲੇ ਸ਼ਰਧਾਲੂ ਸਿੰਘਾਂ ਦੀ ਗਿਣਤੀ ਵੱਧ ਗਈ ਸੀ। ਇਸ ਤਰ੍ਹਾਂ ਵੱਖ-ਵੱਖ ਘਰਾਂ ਵਿੱਚ ਸਮੁੱਚੇ ਜੱਥੇ ਦੇ ਲੰਗਰਾਂ ਦਾ ਪ੍ਰਬੰਧ ਹੋਇਆ ਅਤੇ ਦੀਵਾਨਾਂ ਵਿੱਚ ਹਰ ਰੋਜ਼ ਸੰਗਤ ਵਧਦੀ ਗਈ। ਪੰਜਵੇਂ ਦਿਨ ਅੰਮ੍ਰਿਤ ਸੰਚਾਰ ਸੀ। ਜਿਸ ਵਿੱਚ ਲਗਭਗ 50 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ਅਤੇ ਸੰਤਾਂ ਤੋਂ ਹਰ ਸਾਲ ਪ੍ਰੋਗਰਾਮ ਪੱਕਾ ਕਰਨ ਦੀ ਮੰਗ ਕੀਤੀ। ਇਸ ਤਰ੍ਹਾਂ ਕਸਬਾ ਕਾਦੀਆਂ ਵਿਖੇ ਦਸਮੇਸ਼ੀ ਟਕਸਾਲ ਦਾ ਪੱਕਾ ਸਾਲਾਨਾ ਪ੍ਰੋਗਰਾਮ ਬਣ ਗਿਆ।

ਸੰਤਾਂ ਦੀ ਕਥਾ ਤੋਂ ਬਹੁਤ ਪ੍ਰਭਾਵਿਤ ਹੋਏ ਇਲਾਕੇ ਦੇ ਸਿੰਘਾਂ ਨੇ ਗਿਆਨੀ ਲਾਭ ਸਿੰਘ ਦੀ ਅਗਵਾਈ ਵਿੱਚ ਇਕੱਠ ਕਰਕੇ ਗੁਰਮਤਾ ਕੀਤਾ ਕਿ ਅੱਜ ਤੋਂ ਬਾਅਦ ਕਾਦੀਆਂ ਵਿਖੇ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦਾ ਜਲਸਾ ਨਹੀਂ ਹੋਣ ਦਿੱਤਾ ਜਾਵੇਗਾ। ਇਸ ਸਬੰਧ ਵਿੱਚ ਲੋੜ ਪਈ ਤਾਂ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੀ ਮਦਦ ਲਈ ਜਾਵੇਗੀ। ਯਾਦ ਰਹੇ ਕਿ ਇਸ ਤੋਂ ਪਹਿਲਾਂ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਹਰ ਸਾਲ ਹੀ ਕਾਦੀਆਂ ਵਿਖੇ ਆਉਂਦਾ ਸੀ ਅਤੇ ਉਸ ਦੇ ਆਉਣ ਦਾ ਪ੍ਰਬੰਧ ਵੀ ਅਕਾਲੀ ਆਗੂ ਪ੍ਰੀਤਮ ਸਿੰਘ ਭਾਟੀਆ ਹੀ ਕਰਦਾ ਸੀ। ਪਰ ਪਿਛਲੇ ਦਿਨਾਂ ਵਿੱਚ ਪ੍ਰੀਤਮ ਸਿੰਘ ਭਾਟੀਆ ਨੇ ਵੀ ਭਿੰਡਰਾਂਵਾਲੇ ਸੰਤਾਂ ਦੇ ਵਿਚਾਰ ਸੁਣੇ ਸਨ ਉਹ ਖੁਦ ਵੀ ਬਹੁਤ ਪ੍ਰਭਾਵਿਤ ਸੀ। ਪਰ ਇੰਨੀ ਜਲਦੀ ਇਹ ਫੈਸਲਾ ਲੈਣ ਦੇ ਹੱਕ ਵਿੱਚ ਨਹੀਂ ਸੀ ਕਿ ਤੁਰੰਤ ਹੀ ਨਿਰੰਕਾਰੀਆਂ ਦਾ ਪ੍ਰੋਗਰਾਮ ਰੋਕ ਦਿੱਤਾ ਜਾਵੇ।

ਹਰ ਸਾਲ ਦੀ ਤਰ੍ਹਾਂ ਇਸ ਸਾਲ 1978 ਵਿੱਚ ਵੀ ਨਿਰੰਕਾਰੀਏ ਦਾ ਪ੍ਰੋਗਰਾਮ ਰੱਖਿਆ ਹੋਇਆ ਸੀ। ਉਸ ਨੇ ਜੰਮੂ ਤੋਂ ਹੁੰਦਿਆਂ ਹੋਇਆਂ ਹਵਾਈ ਜਹਾਜ਼ ਰਾਹੀਂ ਪਠਾਨਕੋਟ ਆਉਣਾ ਸੀ ਅਤੇ ਪਠਾਨਕੋਟ ਤੋਂ ਇਥੇ ਕਾਦੀਆਂ ਪਹੁੰਚਣਾ ਸੀ। ਉਸ ਦੇ ਪ੍ਰੋਗਰਾਮਾਂ ਵਿੱਚ 6-7 ਦਿਨ ਬਾਕੀ ਸਨ ਕਿ ਸਾਰੇ ਸਿੰਘਾਂ ਨੇ ਗੁਰਦੁਆਰਾ ਸਾਹਿਬ ਵਿਖੇ ਮੀਟਿੰਗ ਸੱਦੀ ਜਿਸ ਵਿੱਚ ਸਰਦਾਰ ਪ੍ਰੀਤਮ ਸਿੰਘ ਭਾਟੀਆ ਨੂੰ ਵੀ ਬੁਲਾਇਆ ਗਿਆ। ਇਸ ਤੋਂ ਇਲਾਵਾ ਡਾ. ਕੁਲਵੰਤ ਸਿੰਘ, ਮੇਜਰ ਕਰਤਾਰ ਸਿੰਘ, ਸ. ਪ੍ਰੀਤਮ ਸਿੰਘ ਸੰਧੂ, ਸ. ਤਰਲੋਕ ਸਿੰਘ ਕਾਹਲੋਂ, ਭਾਈ ਚੈਨਣ ਸਿੰਘ ਸੈਕਟਰੀ, ਸ. ਹਰਭਜਨ ਸਿੰਘ ਕਾਹਲਵਾਂ, ਸ. ਗੁਰਚਰਨ ਸਿੰਘ ਸੰਧੂ, ਸ. ਸਤਨਾਮ ਸਿੰਘ ਖਾਦ ਵਾਲਾ, ਸ. ਭੁਪਿੰਦਰ ਸਿੰਘ ਕਾਹਲੋਂ, ਗਿਆਨੀ ਚਮਨ ਸਿੰਘ ਆਦਿ ਸ਼ਾਮਿਲ ਹੋਏ। ਮੀਟਿੰਗ ਵਿੱਚ ਇਹ ਮਤਾ ਪਾਸ ਹੋਇਆ ਕਿ ਇਸ ਵਾਰੀ ਨਿਰੰਕਾਰੀਏ ਦਾ ਪ੍ਰੋਗਰਾਮ ਨਹੀਂ ਹੋਣ ਦੇਣਾ। ਇਸ 'ਤੇ ਭਾਟੀਏ ਨੇ ਥੋੜ੍ਹਾ ਇਤਰਾਜ਼ ਕੀਤਾ ਕਿ ਦਿਨ ਬੜੇ ਥੋੜ੍ਹੇ ਹਨ ਇਸ ਲਈ ਇਸ ਵਾਰੀ ਉਸ ਦਾ ਜਲਸਾ ਹੋਣ ਦਿੱਤਾ ਜਾਵੇ ਅਤੇ ਅਗਾਂਹ ਵਾਸਤੇ ਜਿਵੇਂ ਸਾਰੀ ਸੰਗਤ ਦੀ ਮਰਜ਼ੀ ਹੋਵੇਗੀ ਉਸੇ ਤਰ੍ਹਾਂ ਹੀ ਕੀਤਾ ਜਾਵੇਗਾ। ਪਰ ਉਸ ਦੀ ਗੱਲ ਨਾਲ ਬਾਕੀ ਦੀ ਸੰਗਤ ਸਹਿਮਤ ਨਾ ਹੋਈ ਤਾਂ ਗਿਆਨੀ ਲਾਭ ਸਿੰਘ ਫਖ਼ਰ ਨੇ ਐਲਾਨ ਕਰ ਦਿੱਤਾ ਕਿ ਉਸਦਾ ਜਲਸਾ ਹਰ ਹਾਲਤ ਵਿੱਚ ਰੋਕਿਆ ਜਾਵੇਗਾ ਬਲਕਿ ਉਸ ਨੂੰ ਕਾਦੀਆਂ ਸ਼ਹਿਰ ਵਿੱਚ ਹੀ ਨਹੀਂ ਵੜਨ ਦਿੱਤਾ ਜਾਵੇਗਾ। ਇਸ ਲਈ ਸਾਨੂੰ ਸਾਰੇ ਢੁੱਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ ਅਤੇ ਵੱਧ ਤੋਂ ਵੱਧ ਸੰਗਤਾਂ ਨੂੰ ਨਾਲ ਲੈਣਾ ਚਾਹੀਦਾ ਹੈ। ਇਸੇ ਸਬੰਧ ਵਿੱਚ ਸਰਦਾਰ ਬਲਵੰਤ ਸਿੰਘ ਆਰੇ ਵਾਲੇ ਦੀ ਡਿਊਟੀ ਲਾਈ ਕਿ ਉਹ ਅੱਜ ਹੀ ਮਹਿਤੇ ਵਿਖੇ ਜਾਵੇ ਅਤੇ ਭਿੰਡਰਾਂਵਾਲੇ ਸੰਤਾਂ ਨੂੰ ਇਸ ਬਾਰੇ ਦੱਸ ਦਿੱਤਾ ਜਾਵੇ। ਇਸੇ ਤਰ੍ਹਾਂ ਹੀ ਕੀਤਾ ਗਿਆ ਜਦੋਂ ਸਰਦਾਰ ਬਲਵੰਤ ਸਿੰਘ ਸੰਤਾਂ ਕੋਲ ਗਿਆ ਤਾਂ ਉਨ੍ਹਾਂ ਨੇ ਇਸ ਕੰਮ ਲਈ ਸਭ ਸੰਗਤਾਂ ਨੂੰ ਵਧਾਈ ਦਿੱਤੀ ਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਕਿ ਇਥੋਂ ਅਸੀਂ ਜੱਥੇ ਦੇ ਸਿੰਘਾਂ ਨਾਲ

Scanned with CamScanner

ਹੋਰ ਸੰਗਤ ਨੂੰ ਵੀ ਤੁਹਾਡੀ ਮਦਦ ਵਾਸਤੇ ਭੇਜਾਂਗੇ। ਇਸ ਢੰਗ ਨਾਲ ਕਾਦੀਆਂ ਨੂੰ ਆਉਣ ਵਾਲੇ ਸਭ ਰਸਤਿਆਂ 'ਤੇ ਸਿੰਘਾਂ ਵੱਲੋਂ ਨਾਕੇ ਲਾ ਦਿੱਤੇ ਗਏ ਤਾਂ ਕਿ ਕਿਸੇ ਪਾਸਿਓਂ ਵੀ ਨਰਕਧਾਰੀਆ ਕਾਦੀਆਂ ਵਿਖੇ ਦਾਖਲ ਨਾ ਹੋ ਸਕੇ। ਜਦੋਂ ਇਸ ਗੱਲ ਦਾ ਪ੍ਰਸ਼ਾਸਨ ਨੂੰ ਪਤਾ ਲੱਗਾ ਤਾਂ ਮੌਕੇ 'ਤੇ ਐੱਸ. ਐੱਸ. ਪੀ. ਅਤੇ ਡੀ. ਸੀ. ਆ ਪਹੁੰਚੇ। ਉਨ੍ਹਾਂ ਨੇ ਗਿਆਨੀ ਲਾਭ ਸਿੰਘ ਅਤੇ ਬਾਕੀ ਸੰਗਤ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਅਤੇ ਨਾ ਮੰਨਦੇ ਵੇਖ ਕੇ ਇਨ੍ਹਾਂ ਪ੍ਰਬੰਧਕ ਆਗੂਆਂ ਨੂੰ ਧਮਕੀ ਵੀ ਦਿੱਤੀ ਕਿ ਇਹ ਸਭ ਕੁੱਝ ਤੁਸੀਂ ਕਾਨੂੰਨ ਦੇ ਉਲਟ ਕਰ ਰਹੇ ਹੋ। ਅਗਰ ਤੁਸੀਂ ਉਸਦੇ ਵਿਚਾਰਾਂ ਨਾਲ ਸਹਿਮਤ ਨਹੀਂ ਤਾਂ ਤੁਸੀਂ ਉਸ ਦਾ ਜਲਸਾ ਸੁਣਨ ਲਈ ਨਾ ਜਾਵੋ ਪਰ ਤੁਸੀਂ ਇਥੇ ਆਉਣ ਤੋਂ ਕਿਵੇਂ ਰੋਕ ਸਕਦੇ ਹੋ। ਇਸ ਤਰ੍ਹਾਂ ਕਰਨ ਨਾਲ ਤੁਹਾਡੀਆਂ ਗ੍ਰਿਫਤਾਰੀਆਂ ਵੀ ਹੋ ਸਕਦੀਆਂ ਹਨ। ਪਰ ਇਸ ਦੇ ਉੱਤਰ ਵਿੱਚ ਗਿਆਨੀ ਲਾਭ ਸਿੰਘ ਅਤੇ ਸਰਦਾਰ ਬਲਵੰਤ ਸਿੰਘ ਨੇ ਕਿਹਾ ਕਿ ਸੰਗਤਾਂ ਨੇ ਫੈਸਲਾ ਕਰ ਲਿਆ ਹੈ ਕਿ ਉਸ ਨੂੰ ਕਾਦੀਆਂ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ ਕਿਉਂਕਿ ਉਹ ਗੁਰਬਾਣੀ ਅਤੇ ਗੁਰੂ ਸਾਹਿਬਾਨਾਂ ਦੇ ਵਿਰੁੱਧ ਬੋਲਦਾ ਰਹਿੰਦਾ ਹੈ। ਅਜਿਹਾ ਅਸੀਂ ਬਹੁਤ ਵਾਰੀ ਸੁਣ ਚੁਕੇ ਹਾਂ ਹੁਣ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਜਾਣ ਵਾਲੀ ਨਿੰਦਾ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਇਸ ਲਈ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਰਹੀਆਂ ਹਨ ਅਤੇ ਇਸ ਪ੍ਰਬੰਧ ਵਿੱਚ ਭਿੰਡਰਾਂਵਾਲੇ ਸੰਤ ਅਤੇ ਬਰਿਆਰਾਂ ਵਾਲੇ ਸੰਤ ਮੁੱਖ ਤੌਰ 'ਤੇ ਸਾਡੇ ਸਹਿਯੋਗੀ ਹਨ। ਇਸ ਲਈ ਜੇਕਰ ਸਾਨੂੰ ਕੁੱਝ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਜ਼ੋਰ-ਜਬਰਦਸਤੀ ਨਕਲੀ ਨਿਰੰਕਾਰੀਏ ਦਾ ਜਲਸਾ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਹਾਲਾਤ ਵਿਗੜਨ ਦੇ ਨਾਲ-ਨਾਲ ਕਿਸੇ ਦਾ ਵੀ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ ਜਿਸ ਦੇ ਜਿੰਮੇਵਾਰ ਤੁਸੀਂ ਖੁਦ ਹੋਵੋਗੇ। ਸਿੱਖ ਆਗੂਆਂ ਦੇ ਤਿੱਖੇ ਤੇਵਰ ਵੇਖ ਕੇ ਐੱਸ. ਐੱਸ. ਪੀ. ਅਤੇ ਡੀ. ਸੀ. ਇਹ ਕਹਿ ਕੇ ਇੱਥੋਂ ਚਲੇ ਗਏ ਕਿ ਅਸੀਂ ਰਾਤ ਨੂੰ ਤੁਹਾਨੂੰ ਦੱਸਾਂਗੇ। ਪਰ ਉਸਦਾ ਜਲਸਾ ਹਰ ਹਾਲਤ ਵਿੱਚ ਹੋਵੇਗਾ। ਗੁਰਦਾਸਪੁਰ ਪਹੁੰਚ ਕੇ ਦੋਵੇਂ ਸਰਕਾਰੀ ਆਗੂਆਂ ਨੇ ਸੋਚਿਆ ਕਿ ਸਖਤੀ ਵਰਤਣ ਨਾਲ ਵਾਕਿਆ ਹੀ ਖ਼ੂਨ-ਖਰਾਬਾ ਹੋ ਸਕਦਾ ਹੈ। ਇਸ ਲਈ ਨਿਰੰਕਾਰੀਏ ਨੂੰ ਪਠਾਨਕੋਟ ਪਹੁੰਚਣ ਸਮੇਂ ਇਹ ਸੂਚਨਾ ਦੇ ਦਿੱਤੀ ਜਾਵੇ ਕਿ ਉਹ ਕਾਦੀਆਂ ਵਿਖੇ ਨਾ ਆਵੇ। ਇਨ੍ਹਾਂ ਨੇ ਸਵੇਰੇ ਫਿਰ ਮੌਕੇ ਦਾ ਜਾਇਜ਼ਾ ਲੈਂਦਿਆ ਵੇਖਿਆ ਕਿ ਸਭ ਰਸਤਿਆਂ ਉਪਰ ਸਿੰਘਾਂ ਨੇ ਭਾਰੀ ਨਾਕਾਬੰਦੀ ਕੀਤੀ ਹੋਈ ਹੈ ਅਤੇ ਇਸ ਵਿੱਚ ਭਿੰਡਰਾਂਵਾਲੇ ਜਥੇ ਦੇ ਵੀ ਬਹੁਤ ਸਾਰੇ ਸਿੰਘ ਪਹੁੰਚ ਚੁੱਕੇ ਹਨ ਜੋ ਕਿ ਰਵਾਇਤੀ ਹਥਿਆਰਾਂ ਸਮੇਤ ਤਿਆਰ-ਬਰ-ਤਿਆਰ ਹਨ ਤਾਂ ਇਹ ਸਭ ਕੁੱਝ ਵੇਖ ਕੇ ਦੁਵੇਂ ਅਫਸਰ ਪਠਾਨਕੋਟ ਪਹੁੰਚ ਗਏ। ਜਿਉਂ ਹੀ ਜੰਮੂ ਤੋਂ ਨਿਰੰਕਾਰੀਏ ਦਾ ਹੈਲੀਕਾਪਟਰ ਉੱਥੇ ਉੱਤਰਿਆ ਤਾਂ ਇਨ੍ਹਾਂ ਅਫਸਰਾਂ ਨੇ ਹਾਲਾਤ ਤੋਂ ਜਾਣੂੰ ਕਰਵਾਇਆ। ਉਹ ਪਹਿਲਾਂ ਵੀ ਦੋ-ਤਿੰਨ ਵਾਰੀ ਇਨ੍ਹਾਂ ਹੀ ਇਲਾਕਿਆਂ ਵਿੱਚ ਸਿੰਘਾਂ ਨਾਲ ਹੋਈ ਝੜਪ ਤੋਂ ਜਾਣੂੰ ਸੀ। ਇਸ ਲਈ ਉਸ ਨੇ ਕਾਦੀਆਂ ਜਾਣ ਦਾ ਪ੍ਰੋਗਰਾਮ ਛੱਡ ਦਿੱਤਾ ਕਿਉਂਕਿ ਉਸ ਨੂੰ ਡਰ ਸੀ ਕਿ ਅਜਿਹਾ ਕਰਨ ਨਾਲ ਉਸ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ। ਇਸ ਲਈ ਡਰਦਾ ਹੋਇਆ ਪਠਾਨਕੋਟ ਤੋਂ ਹੈਲੀਕਾਪਟਰ ਰਾਹੀਂ ਦਿੱਲੀ ਪਰਤ ਗਿਆ। ਦੂਜੇ ਪਾਸੇ ਸਿੰਘ ਆਪੋ-ਆਪਣੇ ਨਾਕਿਆਂ 'ਤੇ ਤਿਆਰ-ਬਰ-ਤਿਆਰ ਰਹੇ, ਬਾਣੀ ਪੜ੍ਹਦੇ ਰਹੇ, ਕੀਰਤਨ ਕਰਦੇ ਰਹੇ, ਆਉਂਦੇ ਜਾਂਦੇ ਰਾਹੀਆਂ ਨੂੰ ਲੰਗਰ ਛਕਾਉਂਦੇ ਰਹੇ, ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਨਰਕਧਾਰੀਆ ਇਥੇ ਆਉਣ ਦਾ ਪ੍ਰੋਗਰਾਮ ਛੱਡ ਕੇ ਦਿੱਲੀ ਚਲਾ ਗਿਆ ਹੈ ਤਾਂ ਸਿੰਘਾਂ ਨੇ ਆਪਣੀ ਫ਼ਤਿਹ ਦੇ ਜੈਕਾਰੇ ਛੱਡ ਕੇ ਨਾਕੇ ਚੁੱਕ ਲਏ।

11. ਇਨ੍ਹਾਂ ਹਾਲਾਤਾਂ ਨੂੰ ਮੁੱਖ ਰੱਖਦਿਆਂ ਕੇਂਦਰ ਸਰਕਾਰ ਦੇ ਹੁਕਮ ਅਨੁਸਾਰ ਪੰਜਾਬ ਸਰਕਾਰ ਨੇ ਕੁੱਝ ਥਾਵਾਂ ਤੇ ਨਕਲੀ ਨਿਰੰਕਾਰੀਆਂ ਦੇ ਅੰਤਿ-ਚਹੇਤਿਆਂ ਅਫਸਰਾਂ ਨੂੰ ਡੀ.ਸੀ. ਅਤੇ ਐੱਸ.ਐੱਸ.ਪੀ. ਤਾਇਨਾਤ ਕੀਤਾ। ਇਸੇ ਤਹਿਤ ਗੁਰਦਾਸਪੁਰ ਜਿਲ੍ਹੇ ਵਿੱਚ ਇਨ੍ਹਾਂ ਦੇ ਅੰਤਿ ਝੋਲੀਚੁੱਕ ਡੀ.ਸੀ. ਨਿਰੰਜਣ ਸਿੰਘ ਨੂੰ ਲਾਇਆ ਗਿਆ। ਜਿਸ ਨੇ ਇਲਾਕੇ ਵਿੱਚ ਬਹੁਤ ਮੀਟਿੰਗਾ ਕੀਤੀਆਂ। ਖਾਸ ਕਰਕੇ ਉਨ੍ਹਾਂ ਗੁਰਸਿੱਖਾਂ ਨਾਲ ਵੀ ਮੀਟਿੰਗਾ ਕੀਤੀਆਂ। ਜੋ ਦਾਦਮੀ ਟਕਸਾਲ ਨਾਲ ਸਬੰਧ ਰੱਖਦੇ ਸਨ। ਡੀ.ਸੀ. ਨੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਨਿਰੰਕਾਰੀ ਮਿਸ਼ਨ ਕਿਸੇ ਧਰਮ ਦੇ ਖਿਲਾਫ ਨਹੀਂ। ਇਸ ਦਾ ਮੁਖੀ ਗੁਰਬਚਨ ਸਿੰਘ ਸਿੱਖ ਗੁਰੂਆਂ ਬਾਰੇ ਕੁੱਝ ਵੀ ਗਲਤ ਨਹੀਂ ਬੋਲੇਗਾ। ਇਸ ਲਈ ਆਪਾ ਸ਼ਾਂਤ ਰਹਿ ਕੇ ਉਸ ਦਾ ਪ੍ਰੋਗਰਾਮ ਹੋਣ ਦੇਈਏ। ਕੋਈ ਵੀ ਵਿਅਕਤੀ ਉਸ ਦੇ ਪ੍ਰੋਗਰਾਮ ਨੂੰ ਸੁਣ

Scanned with CamScanner

ਸਕਦਾ ਹੈ। ਜੇ ਕਿਸੇ ਨੂੰ ਵੀ ਇਸ ਵਿੱਚ ਕੋਈ ਇਹ ਪ੍ਰਭਾਵ ਮਿਲੇ ਕਿ ਕਿਸੇ ਵੀ ਧਰਮ ਦੇ ਖਿਲਾਫ ਬੋਲਿਆ ਜਾ ਰਿਹਾ ਹੈ ਤਾਂ ਉਹ ਮੇਰੇ ਕੋਲ ਸ਼ਿਕਾਇਤ ਕਰ ਸਕਦਾ ਹੈ।

ਕੁੱਝ ਸਿੰਘਾਂ ਨੇ ਡੀ.ਸੀ. ਨੂੰ ਇਨ੍ਹਾਂ ਦੀ 'ਅਵਤਾਰ ਬਾਣੀ' ਦੇ ਹਵਾਲੇ ਦਿੱਤੇ ਅਤੇ ਪਿਛਲੇ ਦਿਨਾਂ ਵਿੱਚ ਇਨ੍ਹਾਂ ਵੱਲੋਂ ਇਨ੍ਹਾਂ ਦੇ ਜਲਸਿਆਂ ਵਿੱਚ ਜੋ ਕੁੱਝ ਸਿੱਖ ਗੁਰੂ ਸਾਹਿਬਾਨਾਂ ਖਿਲਾਫ ਬੋਲਿਆ ਗਿਆ ਹੈ, ਉਸ ਬਾਰੇ ਵੀ ਜਾਣਕਾਰੀ ਦਿੱਤੀ ਤਾਂ ਡੀ.ਸੀ. ਨੇ ਕਿਹਾ ਕਿ ਤੁਸੀਂ ਪਿਛਲੀਆਂ ਗੱਲਾਂ ਛੱਡੋ। ਅਗਾਂਹ ਨੂੰ ਅਜਿਹਾ ਕੁੱਝ ਵੀ ਨਹੀਂ ਹੋਵੇਗਾ, ਪਰ ਨਿਰੰਜਣ ਸਿੰਘ ਦੀਆਂ ਲਿੱਪੀਆ-ਚੁਪੜੀਆਂ ਗੱਲਾਂ ਦਾ ਸਿੰਘਾਂ ਉੱਪਰ ਕੋਈ ਅਸਰ ਨਾ ਹੋਇਆ, ਕਿਉਂਕਿ ਉਹ ਇਨ੍ਹਾਂ ਦੀ ਘਿਨਾਉਣੀ ਸਾਜਿਸ਼ ਦੀ ਅਸਲੀਅਤ ਨੂੰ ਸਮਝ ਚੁੱਕੇ ਸਨ, ਫਿਰ ਵੀ ਨਿਰੰਜਣ ਸਿੰਘ ਨੇ ਨਿਰੰਕਾਰੀਆਂ ਦੇ ਹਮਾਇਤੀ ਰਹੇ ਆਤਮਾ ਸਿੰਘ ਰਤਨ ਨੂੰ ਆਪਣਾ ਜਲਸਾ ਕਰਵਾਉਣ ਲਈ ਮਨਾ ਲਿਆ ਅਤੇ ਇਸ ਦੀ ਜਾਣਕਾਰੀ ਨਕਲੀ ਨਿਰੰਕਾਰੀ ਮੁੱਖੀ ਗੁਰਬਚਨ ਸਿੰਘ ਨੂੰ ਦਿੱਤੀ। ਇਹ ਵੀ ਦੱਸਿਆ ਗਿਆ ਕਿ ਜੇਕਰ ਇਹ ਜਲਸਾ ਪੂਰੀ ਤਰ੍ਹਾਂ ਸਫਲ ਰਿਹਾ ਤਾਂ ਇਸ ਤੋਂ ਬਾਅਦ ਇੱਕ ਵੱਡੇ ਇਕੱਠ ਵਿੱਚ ਤੁਹਾਨੂੰ ਬੁਲਾ ਕੇ ਟਕਸਾਲੀ ਸਿੱਖਾਂ ਦਾ ਇਹ ਭਰਮ ਤੋੜ ਦਿਆਂਗੇ ਕਿ ਨਿਰੰਕਾਰੀਆਂ ਨੂੰ ਗੁਰਦਾਸਪੁਰ ਜ਼ਿਲ੍ਹੇ ਅੰਦਰ ਕੋਈ ਜਲਸਾ ਜਲੂਸ ਕਰਨ ਤੋਂ ਰੋਕਿਆ ਜਾ ਸਕਦਾ। ਇਸ ਲਈ ਸਾਨੂੰ ਸਖਤੀ ਵਰਤਣੀ ਪਈ ਤਾਂ ਉਸ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ, ਭਾਵ ਹਰ ਹਾਲਤ ਵਿੱਚ ਅਸੀਂ ਗੁਰਦਾਸਪੁਰ ਜ਼ਿਲ੍ਹੇ ਵਿੱਚ ਸਫਲਤਾ ਪੂਰਵਕ ਨਕਲੀ ਨਿਰੰਕਾਰੀ ਮਿਸ਼ਨ ਨੂੰ ਉਭਾਰਾਂਗੇ ਅਤੇ ਦਮਦਮੀ ਟਕਸਾਲ ਦੇ ਵੱਡੇ ਕਿਲ੍ਹੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀਆਂ ਸਰਗਰਮੀਆਂ ਨੂੰ ਇੱਕ ਢੰਗ ਨਾਲ ਸੀਲ ਹੀ ਕਰ ਦਿਆਂਗੇ।

ਇਸ ਮਨਸੂਬੇ ਨੂੰ ਸਿਰੇ ਚਾੜ੍ਹਨ ਲਈ ਆਤਮਾ ਸਿੰਘ ਰਤਨ ਦੀ ਅਗਵਾਈ ਵਿੱਚ ਆਪਣੇ ਚਹੇਤਿਆਂ ਦੀਆਂ ਕੁੱਝ ਮੀਟਿੰਗਾਂ ਕੀਤੀਆਂ ਕਿ ਹਰ ਹਾਲਤ ਗੁਰਦਾਸਪੁਰ ਜ਼ਿਲ੍ਹੇ ਵਿੱਚ ਇੱਕ ਜਲਸਾ ਜਰੂਰੀ ਕਰਨਾ ਹੈ। ਇਸ ਤਹਿਤ ਨਕਲੀ ਨਿਰੰਕਾਰੀਆਂ ਦੇ ਚਹੇਤਿਆਂ ਨੂੰ ਇਸ ਸਬੰਧੀ ਸੂਚਿਤ ਕੀਤਾ ਗਿਆ ਅਤੇ ਤਾਰੀਖ ਮਿੱਥ ਕੇ ਬਟਾਲਾ ਵਿਖੇ ਸ. ਜੱਸਾ ਸਿੰਘ ਹਾਲ ਵਿੱਚ ਜਲਸਾ ਕਰਨ ਦਾ ਪ੍ਰੋਗਰਾਮ ਤੈਅ ਕਰ ਲਿਆ ਗਿਆ। ਮਿੱਥੇ ਦਿਨ ਸੀਮਤ ਇਕੱਠ ਵਿੱਚ ਇੱਥੇ ਜਲਸਾ ਹੋਇਆ, ਪਰ ਆਤਮਾ ਸਿੰਘ ਰਤਨ ਜਿਸ ਨੂੰ 'ਗਿਆ ਵਾਲਾ' ਵੀ ਕਹਿੰਦੇ ਹਨ, ਦੁਚਿੱਤੀ ਵਿੱਚ ਸੀ। ਉਹ ਸੋਚ ਰਿਹਾ ਸੀ ਕਿ ਇੱਕ ਪਾਸੇ ਤਾਂ ਖ਼ਾਲਸਾ ਪੰਥ ਇਨ੍ਹਾਂ ਦੀਆਂ ਅਖੌਤੀ ਚਾਲਾਂ ਦੇ ਵਿਰੁੱਧ ਡਟਿਆ ਹੋਇਆ ਹੈ। ਖਾਸ ਕਰਕੇ ਸਾਡੇ ਇਲਾਕੇ ਦੀਆਂ ਦੋ ਧਾਰਮਿਕ ਸਖਸ਼ੀਅਤਾਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਸੰਤ ਕਰਤਾਰ ਸਿੰਘ ਜੀ ਬਰਿਆਰਾਂ ਵਾਲੇ ਦਿਨ ਰਾਤ ਸੰਗਤਾਂ ਨੂੰ ਸੁਚੇਤ ਕਰ ਰਹੇ ਹਨ ਕਿ ਇਨ੍ਹਾਂ ਅਖੌਤੀ ਨਿਰੰਕਾਰੀਆਂ ਦੀ ਸਿੱਖੀ ਵਿਰੁੱਧ ਡੂੰਘੀ ਸਾਜਿਸ਼ ਹੈ। ਇਹ ਹਮੇਸ਼ਾਂ ਹੀ ਦਸ ਗੁਰੂ ਸਾਹਿਬਾਨਾਂ ਦੇ ਵਿਰੁੱਧ ਬੋਲਦੇ ਹਨ। ਇਸ ਸਭ ਕੁੱਝ ਦੇ ਬਾਵਜੂਦ ਮੈਂ ਇਸ ਜਲਸੇ ਦਾ ਮੁੱਖ ਪ੍ਰਬੰਧਕ ਬਣਨ ਨੂੰ ਸਹਿਮਤੀ ਦੇ ਦਿੱਤੀ ਹੈ, ਕਿਉਂਕਿ ਡੀ.ਸੀ. ਨਿਰੰਜਣ ਸਿੰਘ ਵਾਰ-ਵਾਰ ਮੈਨੂੰ ਕਹਿੰਦਾ ਹੈ ਕਿ ਇਸ ਤਰ੍ਹਾਂ ਦਾ ਕੁੱਝ ਵੀ ਨਹੀਂ ਵਾਪਰੇਗਾ ਅਤੇ ਇੱਕ ਵੀ ਸ਼ਬਦ ਗੁਰਬਾਣੀ ਜਾਂ ਗੁਰੂਆਂ ਦੇ ਖਿਲਾਫ ਨਹੀਂ ਬੋਲਿਆ ਜਾਵੇਗਾ। ਪਰ ਜੇ ਅਜਿਹਾ ਹੋਇਆ ਤਾਂ ਮੈਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਾਂਗਾ। ਜਿਸ ਵਕਤ ਇਸ ਜਲਸੇ ਵਿੱਚ ਨਕਲੀ ਨਿਰੰਕਾਰੀਆ ਨੇ ਦਸ ਗੁਰੂ-ਸਾਹਿਬਾਨ ਦੀ ਨਿੰਦਿਆ ਕਰਦਿਆਂ ਹੋਇਆਂ ਇੱਥਾਂ ਤੱਕ ਭੈੜੇ ਸ਼ਬਦ ਕਹੇ ਕਿ "ਨਾਨਕ ਭਿਖਾਰੀ, ਗੋਬਿੰਦ ਸਿੰਘ ਸ਼ਿਕਾਰੀ।" ਇਹ ਗੱਲ ਸੁਣਦਿਆਂ ਹੀ ਸ. ਆਤਮਾ ਸਿੰਘ ਦੀ ਧੁਰ ਅੰਦਰ ਸੁੱਤੀ ਪਈ ਸਿੱਖੀ ਜਾਗ ਪਈ ਤਾ ਉਸ ਨੇ ਉੱਠ ਕੇ ਫੌਰਨ ਇਹ ਜਲਸਾ ਬੰਦ ਕਰਨ ਦਾ ਐਲਾਨ ਕਰ ਦਿੱਤਾ ਅਤੇ ਡੀ.ਸੀ. ਨਿਰੰਜਣ ਸਿੰਘ ਵਿਰੁੱਧ ਵੀ ਗਰਮਾ ਗਰਮੀ ਹੋਈ ਅਤੇ ਉਸ ਨੂੰ ਕਿਹਾ ਕਿ ਤੁਸੀਂ ਵੀ ਸਿੱਖੀ ਵਿਰੁੱਧ ਸਾਜਿਸ਼ਾਂ ਦੀ ਹੀ ਇੱਕ ਕੜੀ ਹੋ, ਤੁਸੀਂ ਮੈਨੂੰ ਵਿਸ਼ਵਾਸ਼ ਦਿਵਾਇਆ ਸੀ ਕਿ ਗੁਰੂ ਸਾਹਿਬਾਨਾਂ ਵਿਰੁੱਧ ਇੱਕ ਵੀ ਸ਼ਬਦ ਨਹੀਂ ਬੋਲਿਆ ਜਾਵੇਗਾ ਪਰ ਨਿਰੰਕਾਰੀਆਂ ਦੀ ਚੌਡਾਲ ਚੌਕੜੀ ਨੇ ਜੋ ਕੁੱਝ ਇੱਥੇ ਬੋਲਿਆ ਹੈ ਉਸ ਅਨੁਸਾਰ ਇਹ ਜਲਸਾ ਇੱਕ ਮਿੰਟ ਵੀ ਹੋਰ ਚੱਲਣ ਨਹੀਂ ਦਿੱਤਾ ਜਾਵੇਗਾ। ਇਸ ਗਰਮਾ ਗਰਮੀ ਦੌਰਾਨ ਨਿਰੰਕਾਰੀਆਂ ਦਾ ਇਹ ਜਲਸਾ ਇੱਥੇ ਹੀ ਬੰਦ ਕਰ ਦਿੱਤਾ ਗਿਆ। ਇਸ ਤਰ੍ਹਾਂ ਉਨ੍ਹਾਂ ਦੇ ਚਹੇਤੇ ਡੀ. ਸੀ. ਨਿਰੰਜਣ ਸਿੰਘ ਨੂੰ ਵੀ ਭਾਰੀ ਨਮੋਸ਼ੀ ਝੱਲਣੀ ਪਈ।

12. ਨਕਲੀ ਨਿਰੰਕਾਰੀਆਂ ਦੇ ਕੁਫਰ ਵਿਰੁੱਧ ਭਿੰਡਰਾਂਵਾਲੇ ਜੱਥੇ ਦਾ ਟਕਰਾਅ ਵਧਦਾ ਗਿਆ,

Scanned with CamScanner

ਕਿਉਂਕਿ ਇੱਕ ਪਾਸੇ ਸ਼ਬਦ ਗੁਰੂ ਸਿਧਾਂਤ ਸੀ, ਦੂਜੇ ਪਾਸੇ ਦੇਹਧਾਰੀ ਗੁਰੂ ਪਾਖੰਡ ਦਾ ਕੂੜ-ਪ੍ਰਚਾਰ ਸੀ। ਨਕਲੀ ਨਿਰੰਕਾਰੀਆਂ ਨੇ ਵੀ ਦਮਦਮੀ ਟਕਸਾਲ ਦੇ ਕੇਂਦਰੀ ਸਥਾਨ ਮਹਿਤੇ ਦੇ ਇਰਦ-ਗਿਰਦ ਨੂੰ ਹੀ ਨਿਸ਼ਾਨਾ ਬਣਾਇਆ ਹੋਇਆ ਸੀ। ਇੱਥੇ ਕਈ ਵਾਰ ਝੜਪਾਂ ਹੋਈਆਂ। ਇਨ੍ਹਾਂ ਵਿੱਚੋਂ ਵਰਣਨਯੋਗ ਸਥਾਨ ਇਹ ਹਨ : ਗੁਰਦਾਸਪੁਰ, ਬਟਾਲਾ, ਸ੍ਰੀ ਹਰਗੋਬਿੰਦਪੁਰ, ਪਠਾਨਕੋਟ, ਕਾਦੀਆਂ, ਘੁੰਮਾਣ, ਭਰਨਭਾਰਨ, ਭੋਪੜ, ਲੁਧਿਆਣਾ ਆਦਿ। ਇਨ੍ਹਾਂ ਝੜਪਾਂ ਤੋਂ ਉਪਰੰਤ ਭਿੰਡਰਾਂਵਾਲੇ ਜਥੇ ਦੀ ਨਕਲੀ ਨਿਰੰਕਾਰੀਆਂ ਵਿਰੋਧੀ ਇਹ ਲਹਿਰ ਬੜੀ ਤੇਜੀ ਨਾਲ ਫੈਲੀ। ਥੋੜ੍ਹੇ ਹੀ ਸਮੇਂ ਵਿੱਚ ਪੂਰੇ ਪੰਜਾਬ ਵਿੱਚ ਇਸਦਾ ਭਾਰੀ ਅਸਰ ਹੋਇਆ, ਕਿਉਂਕਿ ਨਕਲੀ ਨਿਰੰਕਾਰੀਆਂ ਦੇ ਪਿੱਛੇ ਕੇਂਦਰ ਸਰਕਾਰ ਦਾ ਹੱਥ ਸੀ ਜੋ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਹਾਮੀ ਭਰਦਾ ਸੀ ਅਤੇ ਸਟੇਟ ਸਰਕਾਰਾਂ ਵੀ ਕੇਂਦਰ ਤੋਂ ਡਰਦੀਆਂ ਇਸ ਦੀ ਪੁਸ਼ਤਪਨਾਹੀ ਕਰਦੀਆਂ ਸਨ ਬਲਕਿ ਇੱਥੋਂ ਤੱਕ ਕਿ ਕੇਂਦਰ ਸਰਕਾਰ ਵੱਲੋਂ ਬਾਹਰਲੇ ਦੇਸ਼ਾਂ ਵਿੱਚ ਭਾਰਤ ਦੇ ਅੰਬੈਸਡਰਾਂ ਨੂੰ ਹੁਕਮ ਸੀ ਕਿ ਇਹ ਨਕਲੀ ਨਿਰੰਕਾਰੀ ਜਿਸ ਦੇਸ਼ ਵਿੱਚ ਵੀ ਜਾਵੇ, ਉੱਥੇ ਹੀ ਉਸ ਨੂੰ ਸਟੇਟ ਗੈਸਟ ਵਾਲਾ ਸਨਮਾਨ ਦਿੱਤਾ ਜਾਵੇ ਇਸੇ ਤਰ੍ਹਾਂ ਹੁੰਦਾ ਰਿਹਾ।

ਭਾਰਤ ਭਰ ਦੇ ਵੱਖ-ਵੱਖ ਸੂਬਿਆਂ ਵਿੱਚ ਨਕਲੀ ਨਿਰੰਕਾਰੀ ਨੇ ਆਪਣਾ ਕੂੜ ਪ੍ਰਚਾਰ ਜਾਰੀ ਰੱਖਿਆ, ਪਰ ਉਸ ਦੀ ਮੁੱਖ ਤੌਰ 'ਤੇ ਨਿਗ੍ਹਾ ਪੰਜਾਬ ਵੱਲ ਸੀ ਅਤੇ ਪੰਜਾਬ ਵਿੱਚ ਵੀ ਦਮਦਮੀ ਟਕਸਾਲ ਦਾ ਕੇਂਦਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਅਤੇ ਇਸ ਦੇ ਇਰਦ ਗਿਰਦ ਦਾ ਇਲਾਕਾ। ਕਿਉਂਕਿ ਦਮਦਮੀ ਟਕਸਾਲ ਦੇ ਮੁੱਖ ਕੇਂਦਰ ਤੇ ਸ਼ਿਕੰਜਾ ਕੱਸਣ ਦੀਆਂ ਵਿਉਂਤਾਂ ਉਪਰੰਤ ਇਹ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨੂੰ ਆਪਣੇ ਕੂੜ ਪ੍ਰਚਾਰ ਦਾ ਕੇਂਦਰ ਬਣਾਉਣਾ ਚਾਹੁੰਦਾ ਸੀ। ਅਗਸਤ 1977 ਨੂੰ ਅਚਾਨਕ ਇੱਕ ਸੜਕ ਹਾਦਸੇ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸੱਚਖੰਡ ਚਲੇ ਜਾਣ ਤੋਂ ਬਾਅਦ ਨਕਲੀ ਨਿਰੰਕਾਰੀਆਂ ਨੇ ਆਪਣੀਆਂ ਸਾਰੀਆਂ ਸਰਗਰਮੀਆਂ ਦਾ ਧਿਆਨ ਪੰਜਾਬ ਵੱਲ ਕਰ ਦਿੱਤਾ। ਇਨ੍ਹਾਂ ਨੇ 14 ਜਨਵਰੀ 1978 ਨੂੰ ਮਾਘੀ ਦੇ ਦਿਹਾੜੇ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਵੱਡਾ ਜਲੂਸ ਕੱਢਿਆ ਅਤੇ ਉਪਰੰਤ ਇੱਕ ਜਲਸਾ ਵੀ ਕੀਤਾ। ਜਿਸ ਵਿੱਚ ਇਨ੍ਹਾਂ ਦੀ ਬਣੀ ਹੋਈ ਯੋਜਨਾ ਅਨੁਸਾਰ ਗੁਰਸਿੱਖੀ ਅਸੂਲਾਂ ਦਾ ਮਜ਼ਾਕ ਉਡਾਇਆ ਗਿਆ, ਜਿਵੇਂ ਜਲੂਸ ਵਿੱਚ ਪੰਜਾਂ ਪਿਆਰਿਆਂ ਦੀ ਥਾਂ 'ਤੇ ਸੱਤ ਸਿੰਡਾਰੇ (ਵਿਅਕਤੀ) ਖੜ੍ਹੇ ਕੀਤੇ ਗਏ ਅਤੇ ਗੁਰੂ ਸਾਹਿਬਾਨਾਂ ਪ੍ਰਤੀ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰਦਿਆਂ ਮਾਟੋ ਲਿਖ ਕੇ ਜਲੂਸ ਦੀਆਂ ਗੱਡੀਆਂ ਦੇ ਆਸੇ ਪਾਸੇ ਲਾਏ ਹੋਏ ਸਨ ਅਤੇ ਜਲਸੇ ਵਾਲੀ ਸਥਾਨ ਤੋਂ ਵੀ ਇਨ੍ਹਾਂ ਦੇ ਬੁਲਾਰਿਆਂ ਅਤੇ ਨਕਲੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਅਤੇ ਉਸ ਦੀ ਘਰਵਾਲੀ ਕੁਲਵੰਤ ਕੌਰ ਨੇ ਵੀ ਗੁਰੂ ਸਾਹਿਬਾਨਾਂ ਪ੍ਰਤੀ ਨਿੰਦਾ ਭਰੇ ਸ਼ਬਦ ਬੋਲੇ। ਜਿਸ ਦਾ ਇਲਾਕੇ ਦੇ ਸਿੱਖਾਂ ਨੇ ਭਾਰੀ ਵਿਰੋਧ ਕੀਤਾ, ਪਰ ਸਿੱਖਾਂ ਸਾਹਮਣੇ ਇਸ ਕਿਸਮ ਦੀ ਅਚਾਨਕ ਨਵੀਂ ਘਟਨਾ ਸੀ। ਇਸ ਲਈ ਉਹ ਵਿਰੋਧ ਪ੍ਰਦਰਸ਼ਨ ਕਰਨ ਲਈ ਅਤੇ ਸਿੱਖਾਂ ਦੀ ਇਕੱਤਰਤਾ ਕਰਨ ਵਿੱਚ ਸੁਚੇਤ ਨਹੀਂ ਸਨ, ਪਰ ਅੱਗੇ ਤੋਂ ਜੱਥੇਬੰਦ ਹੋ ਕੇ ਅਜਿਹੀਆਂ ਕਾਰਵਾਈਆਂ ਨੂੰ ਨੱਥ ਪਾਉਣ ਲਈ ਸਰਗਰਮੀ ਨਾਲ ਇਕੱਤਰਤਾਵਾਂ ਕੀਤੀਆਂ।

ਇਸ ਤੋਂ ਉਪਰੰਤ 17 ਮਾਰਚ 1978 ਨੂੰ ਹੋਲੇ ਮੁਹੱਲੇ ਵਾਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੀ ਨਕਲੀ ਨਿਰੰਕਾਰੀਆਂ ਨੇ ਸ੍ਰੀ ਮੁਕਤਸਰ ਸਾਹਿਬ ਵਾਂਗ ਹੀ ਆਪਣਾ ਜਲਸਾ ਕੀਤਾ ਅਤੇ ਜਲੂਸ ਕੱਢਿਆ। ਇੱਥੇ ਵੀ ਹੋਲੇ ਮੁਹੱਲੇ ਤੇ ਇੱਕਤਰ ਹੋਈਆਂ ਸਿੱਖ ਜੱਥੇਬੰਦੀਆਂ ਅਤੇ ਆਮ ਸਿੱਖਾਂ ਨੇ ਮਿਲ ਕੇ ਇਨ੍ਹਾਂ ਦੀ ਵਿਰੋਧਤਾ ਕੀਤੀ ਤਾਂ ਹਾਲਾਤ ਅਤੇ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਇਨ੍ਹਾਂ ਦਾ ਮੁਖੀ ਭਾਰੀ ਸੁਰੱਖਿਆ ਛਤਰੀ ਦੇ ਸਹਾਰੇ ਵਾਪਸ ਦਿੱਲੀ ਚਲਾ ਗਿਆ ਅਤੇ ਫਿਰ ਪੂਰੀ ਤਿਆਰੀ ਨਾਲ ਪੰਜਾਬ ਵਿੱਚ ਆਉਣ ਦੀਆਂ ਸਕੀਮਾਂ ਸੋਚਣ ਲੱਗਾ, ਜਿਸ ਤਹਿਤ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀ ਮਦਦ ਨਾਲ ਆਪਣੇ ਚਹੇਤੇ ਅਫਸਰਾਂ ਦੀਆਂ ਡਿਊਟੀਆਂ ਲਗਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਜਿਹਾ ਹੀ ਇੱਕ ਜਲਸਾ ਅਤੇ ਜਲੂਸ ਕੱਢਣ ਦੀਆਂ ਤਿਆਰੀਆਂ ਵਿੱਚ ਰੁੱਝ ਗਿਆ ਅਤੇ ਕਈ ਦਿਨ ਵੱਡੇ ਵੱਡੇ ਰਾਜਨੀਤਿਕ ਲੀਡਰਾਂ ਅਤੇ ਸਿਵਲ ਅਫਸਰਾਂ ਨਾਲ ਵਿਚਾਰਾਂ ਕਰਨ ਉਪਰੰਤ ਨਕਲੀ ਨਿਰੰਕਾਰੀਆਂ ਨੇ ਸਿੱਖਾਂ ਦੇ ਕੇਂਦਰੀ ਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਖ਼ਾਲਸੇ ਦੇ ਜਨਮ ਦਿਹਾੜੇ ਵਿਸਾਖੀ ਵਾਲੇ ਦਿਨ ਦੀ ਚੋਣ ਕਰਕੇ ਇਸ ਨੂੰ ਅੰਜ਼ਾਮ ਦੇਣ ਦਾ ਪ੍ਰੋਗਰਾਮ ਮਿੱਥ ਲਿਆ।

Scanned with CamScanner

ਸਮੁੱਚੇ ਜਥੇ ਸਮੇਤ ਵਿਚਰ ਕੇ ਕੀਰਤਨ ਕਥਾ ਕਰਨ ਦਾ ਪ੍ਰੋਗਰਾਮ

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਸੱਚਖੰਡ ਜਾਣ ਤੋਂ ਬਾਅਦ ਹੁਣ ਤੱਕ ਦੇ ਬਣੇ ਪ੍ਰੋਗਰਾਮਾਂ ਵਿੱਚ ਸੰਤ ਜਰਨੈਲ ਸਿੰਘ ਜੀ ਕੁਝ ਕੁ ਸਿੰਘਾਂ ਨੂੰ ਨਾਲ ਲੈ ਕੇ ਹੀ ਪ੍ਰੋਗਰਾਮਾਂ 'ਤੇ ਜਾਇਆ ਕਰਦੇ ਸਨ, ਕਿਉਂਕਿ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸੰਤ ਕਰਤਾਰ ਸਿੰਘ ਜੀ ਦੀ ਯਾਦ ਵਿੱਚ ਰੱਖੇ ਹੋਏ ਅਖੰਡ ਪਾਠਾਂ ਦੀ ਲੜੀ ਚੱਲ ਰਹੀ ਸੀ। ਇਸ ਲਈ ਇਥੇ ਵੱਧ ਤੋਂ ਵੱਧ ਸਿੰਘਾਂ ਦਾ ਰਹਿਣਾ ਜ਼ਰੂਰੀ ਸੀ। ਇਕੱਤਰੀ ਦਾ ਭੋਗ ਪੈਣ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਦਾ 400 ਸਾਲਾ ਦਿਵਸ ਆਇਆ ਸੀ ਜਿਸ ਦੇ ਸੰਬੰਧ ਵਿੱਚ ਦਮਦਮੀ ਟਕਸਾਲ ਵੱਲੋਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਦੇ ਹੁੰਦਿਆਂ ਹੀ 5 ਵੱਡੇ ਨਗਰ ਕੀਰਤਨਾਂ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਜਿਸ ਦੀ ਸਫਲਤਾ ਪੂਰਵਕ ਸਮਾਪਤੀ ਤੋਂ ਉਪਰੰਤ ਜਥੇ ਵਿੱਚ ਰਹਿ ਰਹੇ ਸਿੰਘਾਂ ਦੀ ਗੁਰਮੱਤਿ ਵਿਦਿਆ ਦੀ ਪੜ੍ਹਾਈ ਨੂੰ ਅੱਗੇ ਤੋਰਨ ਦਾ ਉਪਰਾਲਾ ਕੀਤਾ। ਜਿਸ ਤਰ੍ਹਾਂ ਕਿ ਪਹਿਲਾਂ ਤੋਂ ਹੀ ਨਗਰਾਂ ਸ਼ਹਿਰਾਂ ਪਿੰਡਾਂ ਵਿੱਚ ਵਿਚਰ ਕੇ ਦਮਦਮੀ ਟਕਸਾਲ ਵੱਲੋਂ ਗੁਰਮੱਤਿ ਦਾ ਧਰਮ ਪ੍ਰਚਾਰ ਕੀਤਾ ਜਾਂਦਾ ਹੈ, ਉਥੇ ਹੀ ਨਾਲ ਨਾਲ ਟਕਸਾਲ ਵਿੱਚ ਰਹਿ ਰਹੇ ਸਿੰਘਾਂ ਦੀ ਗੁਰਮੱਤਿ ਦੀ ਪੜ੍ਹਾਈ ਵੀ ਕਰਵਾਈ ਜਾਂਦੀ ਸੀ। ਇਸ ਪ੍ਰੋਗਰਾਮ ਨੂੰ ਆਰੰਭਣ ਲਈ ਦਮਦਮੀ ਟਕਸਾਲ ਨਾਲ ਸੰਬੰਧਤ ਬਹੁਤ ਸਾਰੀਆਂ ਸਿੱਖ ਸੰਗਤਾਂ ਪਹਿਲਾਂ ਵਾਂਗ ਹੀ ਆਪਣੇ ਪ੍ਰੋਗਰਾਮ ਬੁੱਕ ਕਰਾਉਣ ਲਈ ਬਾਬਾ ਠਾਕੁਰ ਸਿੰਘ ਜੀ ਪਾਸ ਬੇਨਤੀ ਕਰ ਚੁੱਕੀਆਂ ਸਨ। ਇਸ ਲਈ ਪਹਿਲਾਂ ਦੀ ਤਰ੍ਹਾਂ ਹੀ ਦਮਦਮੀ ਟਕਸਾਲ ਦੇ ਜਥੇ ਦੀ ਚਕਰਵਰਤੀ ਭੂਮਿਕਾ ਆਰੰਭ ਕਰਨ ਲਈ ਪ੍ਰੋਗਰਾਮ ਉਲੀਕਿਆ ਗਿਆ।

ਸਭ ਤੋਂ ਪਹਿਲਾ ਪ੍ਰੋਗਰਾਮ ਸੰਤ ਬਾਬਾ ਲਛਮਣ ਸਿੰਘ ਜੀ ਟਿੱਬਾ ਸਾਹਿਬ ਵਾਲਿਆਂ ਦੇ ਕਹਿਣ 'ਤੇ ਹੁਸ਼ਿਆਰਪੁਰ ਵਿਖੇ ਰੱਖਿਆ ਗਿਆ। ਜਥੇ ਨੇ ਮਹਿਤੇ ਤੋਂ ਚੱਲ ਕੇ ਪਿੰਡ ਬਰਿਆਰਾ ਵਿਖੇ ਜਲ-ਪਾਣੀ ਛਕਿਆ ਜਿਥੇ ਸੰਤ ਬਾਬਾ ਕਰਤਾਰ ਸਿੰਘ ਜੀ ਬਰਿਆਰਾਂ ਵਾਲਿਆਂ ਨੇ ਪ੍ਰਬੰਧ ਕੀਤਾ ਹੋਇਆ ਸੀ। ਇਥੇ ਕੁੱਝ ਕੁ ਸਮਾਂ ਸੰਤ ਜਰਨੈਲ ਸਿੰਘ ਜੀ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਇਥੋਂ ਰਵਾਨਾ ਹੋ ਕੇ ਜਥਾ ਸ਼ਾਮ ਨੂੰ ਹੁਸ਼ਿਆਰਪੁਰ ਗੁਰਦੁਆਰਾ ਟਿੱਬਾ ਸਾਹਿਬ ਵਿਖੇ ਪਹੁੰਚਿਆ, ਜਿੱਥੇ ਸ਼ਾਮ ਦੇ ਦੀਵਾਨ ਸਜੇ, ਕੀਰਤਨ ਤੋਂ ਉਪਰੰਤ ਸੰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਜੋ ਦਮਦਮੀ ਟਕਸਾਲ ਵਿੱਚ ਚੱਲੀ ਆ ਰਹੀ ਸੀ ਆਰੰਭ ਕੀਤੀ। ਇੱਥੇ 7 ਦਿਨ ਦਾ ਪ੍ਰੋਗਰਾਮ ਸੀ। ਸਵੇਰੇ ਅਤੇ ਸ਼ਾਮ ਨੂੰ ਦੋਵੇਂ ਵਕਤ ਦੀਵਾਨ ਸਜਦੇ। ਸਵੇਰ ਦੀ ਕਥਾ ਤੋਂ ਬਾਅਦ ਸੰਤ ਲਛਮਣ ਸਿੰਘ ਜੀ ਦੇ ਬਣਾਏ ਹੋਏ ਪ੍ਰੋਗਰਾਮਾਂ ਮੁਤਾਬਿਕ ਸੰਤ ਜਰਨੈਲ ਸਿੰਘ ਜੀ ਕਈ ਥਾਵਾਂ 'ਤੇ ਗੁਰਮਤਿ ਪ੍ਰਚਾਰ ਲਈ ਉਨ੍ਹਾਂ ਨਾਲ ਜਾਂਦੇ ਅਤੇ ਬਾਕੀ ਦੇ ਸਿੰਘ ਗੁਰਦੁਆਰਾ ਸਾਹਿਬ ਵਿਖੇ ਰਹਿ ਕੇ ਗੁਰਮਤਿ ਦੀ ਪੜ੍ਹਾਈ ਕਰਦੇ। ਇਸੇ ਤਰ੍ਹਾਂ ਹਰ ਦਿਨ ਪਹਿਲਾਂ ਨਾਲੋਂ ਸੰਗਤਾਂ ਦਾ ਇਕੱਠ ਵੱਧਦਾ ਗਿਆ, ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਵੀ ਹਾਜ਼ਰੀ ਭਰਦੀਆਂ ਰਹੀਆਂ। 7ਵੇਂ ਦਿਨ ਅੰਮ੍ਰਿਤ ਸੰਚਾਰ ਸੀ। ਇੱਥੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਗਿਆ। ਇਸ ਆਖਰੀ ਦੀਵਾਨ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਬੇਨਤੀਆਂ ਕੀਤੀਆਂ ਕਿ ਦਾਸ ਕੋਲੋਂ ਜਥੇ ਸਮੇਤ ਇਥੇ ਰਹਿੰਦਿਆਂ ਹੋਈਆਂ ਭੁੱਲਾ ਦੀ ਖਿਮਾ ਬਖਸ਼ਣੀ, ਜਿਨ੍ਹਾਂ ਸੰਗਤਾਂ ਨੇ ਅੱਜ ਅੰਮ੍ਰਿਤਪਾਨ ਕੀਤਾ ਹੈ, ਉਨ੍ਹਾਂ ਨੂੰ ਲੱਖ-ਲੱਖ ਵਧਾਈ ਹੋਵੇ। ਬਾਕੀ ਸਭ ਸੰਗਤਾਂ ਨੂੰ ਵੀ ਬੇਨਤੀ ਹੈ ਕਿ ਜਿਨ੍ਹਾਂ ਨੇ ਹਾਲੇ ਤੱਕ ਅੰਮ੍ਰਿਤਪਾਨ ਨਹੀਂ ਕੀਤਾ ਉਹ ਅੰਮ੍ਰਿਤਧਾਰੀ ਹੋ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ। ਉਨ੍ਹਾਂ ਬੜੀ ਦ੍ਰਿੜ੍ਹਤਾ ਨਾਲ ਆਖਿਆ ਕਿ ਅੱਜ ਜ਼ਰੂਰਤ ਹੈ ਕਿ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਕਲਗੀਧਰ ਜੀ ਦੀ ਦੱਸੀ ਰਹਿਤ ਮਰਿਆਦਾ ਮੁਤਾਬਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਿਉਂਕਿ ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਸਿੱਖਾਂ ਦਾ ਹੋਰ ਕੋਈ ਗੁਰੂ ਨਹੀਂ ਹੈ। ਸਾਨੂੰ ਸਭਨਾਂ ਨੂੰ ਹੁਕਮ ਹੈ **ਆਗਿਆ ਭਈ ਅਕਾਲ ਕੀ ਤਭੀ ਚਲਾਯੋ ਪੰਥ॥** ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥ ਇਸ ਤਰ੍ਹਾਂ ਦੇ ਵਿਚਾਰ ਰੱਖਦਿਆਂ ਸੰਤਾਂ ਨੇ ਰਹਿਤ ਬੁਲਾਈ ਅਤੇ ਨਾਲ ਹੀ ਸੰਤ ਲਛਮਣ ਸਿੰਘ ਜੀ ਨੇ ਇਲਾਕੇ ਦੀਆਂ ਸੰਗਤਾਂ ਵੱਲੋਂ ਸੰਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਇਸ ਤੋਂ ਬਾਅਦ ਜਥਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਗਿਆ ਜਿੱਥੇ ਬਾਬਾ ਬੁੱਢਾ ਜੀ ਦੀ ਯਾਦ ਵਿੱਚ ਕਾਰ ਸੇਵਾ ਵਾਲੇ ਮਹਾਪੁਰਖ ਬਾਬਾ ਖੜਕ ਸਿੰਘ ਜੀ ਵੱਲੋਂ ਚੀਵਾਨ ਹਾਲ ਦਾ ਨੀਂਹ ਪੱਥਰ ਰੱਖਿਆ ਜਾਣਾ ਸੀ। ਨੀਂਹ ਪੱਥਰ ਰੱਖਣ ਵਾਲੇ ਪੰਜ ਪਿਆਰਿਆਂ ਵਿੱਚ ਬਾਬਾ ਖੜਕ ਸਿੰਘ ਜੀ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਬਾਬਾ ਉੱਤਮ

Scanned with CamScanner

ਸਿੰਘ ਖਡੂਰ ਸਾਹਿਬ ਵਾਲੇ, ਬਾਬਾ ਦਇਆ ਸਿੰਘ ਸੁਰ ਸਿੰਘ ਵਾਲੇ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਸ਼ਾਮਿਲ ਹੋਏ। ਜੈਕਾਰਿਆਂ ਦੀ ਗੂੰਜ ਵਿੱਚ ਨੀਂਹ ਪੱਥਰ ਰੱਖਿਆ ਗਿਆ, ਨਾਲ ਹੀ ਬਾਬਾ ਖੜਕ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਹੋ ਕੇ ਕਿਹਾ ਕਿ ਚਾਰ ਦਿਨ ਭਿੰਡਰਾਂਵਾਲੇ ਸੰਤਾਂ ਨੇ ਇਥੇ ਕਥਾ ਕਰਨੀ ਹੈ। ਵੱਡੀ ਗਿਣਤੀ ਵਿੱਚ ਸੰਗਤਾਂ ਕਥਾ ਦੀਆਂ ਹਾਜ਼ਰੀਆਂ ਭਰੋ। ਇਸ ਤਰ੍ਹਾਂ ਇੱਥੇ ਚਾਰ ਦਿਨ ਕਥਾ ਕੀਰਤਨ ਦੇ ਦੀਵਾਨ ਸਜੇ। ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰੀਆਂ ਭਰਦੀਆਂ ਰਹੀਆਂ। ਖੁਦ ਬਾਬਾ ਖੜਕ ਸਿੰਘ ਜੀ ਹਰ ਰੋਜ਼ ਹੀ ਸੰਗਤਾਂ ਵਿੱਚ ਬੈਠ ਕੇ ਕਥਾ ਸੁਣਦੇ ਰਹੇ ਅਤੇ ਸੰਗਤਾਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਦੇ ਰਹੇ। ਚੌਥੇ ਦਿਨ ਅੰਮ੍ਰਿਤ ਸੰਚਾਰ ਸੀ। ਸਵੇਰ ਦੀ ਕਥਾ ਵਿੱਚ ਸੰਤਾਂ ਨੇ ਦੱਸਿਆ ਕਿ ਅੱਜ ਅੰਮ੍ਰਿਤ ਸੰਚਾਰ ਹੈ ਸਤਿਗੁਰੂ ਦੀ ਬਖਸ਼ਿਸ਼ ਨਾਲ ਦਾਸ ਵੀ ਪੰਜਾਂ ਪਿਆਰਿਆਂ ਵਿੱਚ ਸ਼ਾਮਿਲ ਹੋ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਲੱਗੇਗਾ। ਇਸ ਤਰ੍ਹਾਂ ਚਾਰ ਦਿਨਾਂ ਦੇ ਕਥਾ ਪ੍ਰਚਾਰ ਦੌਰਾਨ ਹੀ ਵੱਡੀ ਗਿਣਤੀ ਵਿੱਚ ਸੰਗਤਾਂ ਅੰਮ੍ਰਿਤ ਛਕਣ ਲਈ ਤਿਆਰ ਹੋਈਆਂ। ਲਗਭਗ 300 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ਅਤੇ ਸੈਂਕੜਿਆਂ ਨੇ ਦਾੜ੍ਹੀ ਕੇਸ ਨਾ ਕੱਟਣ ਦਾ ਅਤੇ ਨਸ਼ਿਆਂ ਦਾ ਤਿਆਗ ਕਰਨ ਦਾ ਪ੍ਰਣ ਕੀਤਾ।

ਇਸ ਤੋਂ ਉਪਰੰਤ ਜਥਾ ਪੱਟੀ ਵਿਖੇ ਗਿਆ। ਇਥੇ ਗੁਰਦੁਆਰਾ ਬਾਬਾ ਰਿਖੀ ਜੀ ਅਤੇ ਗੁਰਦੁਆਰਾ ਭੱਠ ਸਾਹਿਬ (ਬਾਬਾ ਬਿਧੀ ਚੰਦ ਜੀ ਦੀ ਯਾਦ) ਵਿਖੇ ਕੀਰਤਨ ਦਾ ਪ੍ਰੋਗਰਾਮ ਸੀ। ਇੱਥੇ ਭਾਈ ਖਜ਼ਾਨ ਸਿੰਘ ਜੀ ਦਖਣੀ ਅਤੇ ਭਾਈ ਰਸਾਲ ਸਿੰਘ ਜੀ ਬਿਧੀਚੰਦੀਏ ਜੱਥੇ ਦੇ ਪ੍ਰੋਗਰਾਮਾਂ ਦੀ ਦੇਖ-ਰੇਖ ਕਰ ਰਹੇ ਸਨ। ਇਥੇ ਹੀ ਇੱਕ ਵਿਸ਼ੇਸ਼ ਗੱਲ ਹੋਈ ਕਿ ਤਲਵੰਡੀ ਸੋਭਾ ਸਿੰਘ ਦੇ ਭਾਈ ਤਾਰਾ ਸਿੰਘ ਵੀ ਸ਼ਾਮ ਦੇ ਦੀਵਾਨ ਵਿੱਚ ਹਾਜ਼ਰੀ ਭਰਨ ਆਏ। ਇਹ ਪਹਿਲਾਂ ਤੋਂ ਹੀ ਦਮਦਮੀ ਟਕਸਾਲ ਨਾਲ ਮੇਲ ਜੋਲ ਰੱਖਦੇ ਸਨ। ਦੀਵਾਨ ਦੀ ਸਮਾਪਤੀ ਉਪਰੰਤ ਭਾਈ ਤਾਰਾ ਸਿੰਘ ਜੀ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਆਪਸੀ ਰੰਜਿਸ਼ ਕਾਰਨ ਮੇਰੇ ਪੁੱਤਰਾਂ ਕੋਲੋਂ ਕਤਲ ਹੋ ਗਿਆ ਹੈ ਜੋ ਕਿ ਬਹੁਤ ਮੰਦਭਾਗੀ ਘਟਨਾ ਵਾਪਰੀ, ਉਹ ਦੋਵੇਂ ਜੇਲ੍ਹ ਵਿੱਚ ਬੰਦ ਹਨ ਅਤੇ ਮੁਕੱਦਮੇ ਦੇ ਹੁਕਮ ਦੀ ਤਰੀਕ ਨੇੜੇ ਹੈ। ਆਪ ਜੀ ਉਨ੍ਹਾਂ ਲਈ ਅਰਦਾਸ ਕਰੋ। ਸੰਤਾਂ ਨੇ ਕਿਹਾ ਜਥਾ ਸੰਗਤ ਦੇ ਲੰਗਰ ਦੀ ਸੇਵਾ ਕਰੋ। ਪ੍ਰੇਮ ਨਾਲ ਕੀਤੀ ਸੇਵਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕ੍ਰਿਪਾ ਕਰਨਗੇ। ਉਸ ਨੇ ਉਸੇ ਵੇਲੇ ਹੀ ਸੰਤਾਂ ਤੋਂ ਅਗਲੇ ਦਿਨ ਦਾ ਸਮਾਂ ਲਿਆ ਅਤੇ ਦੁਪਹਿਰ ਦੇ ਲੰਗਰ ਦੀ ਤਿਆਰੀ ਕਰ ਲਈ। ਇਥੇ ਪਹੁੰਚ ਕੇ ਸੰਤਾਂ ਨੇ ਕਥਾ ਕੀਤੀ। ਕਥਾ ਉਪਰੰਤ ਉਨ੍ਹਾਂ ਆਖਿਆ ਕਿ ਆਪਣੇ ਨਗਰ ਤਲਵੰਡੀ ਸੋਭਾ ਸਿੰਘ ਵਿਖੇ ਅਚਾਨਕ ਹੀ ਪ੍ਰੋਗਰਾਮ ਬਣਿਆ ਹੈ ਫਿਰ ਵੀ ਨਗਰ ਨਿਵਾਸੀ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਕਥਾ ਦੀਆਂ ਹਾਜ਼ਰੀਆਂ ਭਰੀਆਂ ਹਨ। ਸਭ ਸੰਗਤਾਂ ਅੰਮ੍ਰਿਤ ਛਕ ਕੇ ਅਤੇ ਨਸ਼ਿਆਂ ਦਾ ਤਿਆਗ ਕਰਕੇ ਗੁਰੂ ਵਾਲੇ ਬਣੋ। ਤਿਆਰ-ਬਰ-ਤਿਆਰ ਹੋ ਕੇ ਆਪਸੀ ਪ੍ਰੇਮ ਨਾਲ ਰਹੋ, ਨਾਲ ਹੀ ਸੰਤਾਂ ਨੇ ਦੱਸਿਆ ਕਿ ਹੁਣ ਭਾਈ ਤਾਰਾ ਸਿੰਘ ਦੇ ਗ੍ਰਹਿ ਵਿਖੇ ਲੰਗਰ ਤਿਆਰ ਹਨ। ਸਭ ਸੰਗਤਾਂ ਲੰਗਰ ਛਕਣ ਲਈ ਭਾਈ ਤਾਰਾ ਸਿੰਘ ਦੇ ਘਰ ਪਹੁੰਚੋ। ਲੰਗਰ ਦੀਆਂ ਪੰਗਤਾਂ ਲੱਗੀਆਂ। ਸੰਤ ਆਪ ਲੰਗਰ ਵਰਤਾਉਣ ਲੱਗ ਪਏ। ਲੰਗਰ ਛਕਣ ਉਪਰੰਤ ਲੰਗਰ ਦੀ ਅਰਦਾਸ ਕਰਨ ਲਈ ਇੱਕ ਬਹੁਤ ਹੀ ਸਾਦੇ ਜੀਵਨ ਵਾਲੇ ਅਤੇ ਤਿਆਰ-ਬਰ-ਤਿਆਰ ਸਿੰਘ ਭਾਈ ਗੁਰਦਿਆਲ ਸਿੰਘ ਜਿਸ ਨੂੰ ਜਥੇ ਦੇ ਸਿੰਘ ਦਰਵੇਸ਼ ਕਹਿ ਕੇ ਬੁਲਾਉਂਦੇ ਸਨ, ਸੰਤਾਂ ਨੇ ਉਸ ਨੂੰ ਕਿਹਾ ਕਿ ਭਾਈ ਜੀ ਅਰਦਾਸ ਕਰੋ ਕਿ ਭਾਈ ਤਾਰਾ ਸਿੰਘ ਨੇ ਪਰਿਵਾਰ ਸਮੇਤ ਸ਼ਰਧਾ ਭਾਵਨਾ ਨਾਲ ਸੰਗਤਾਂ ਦੇ ਲੰਗਰ ਦੀ ਸੇਵਾ ਕੀਤੀ ਹੈ। ਸਤਿਗੁਰੂ ਕ੍ਰਿਪਾ ਕਰਨ ਇਨ੍ਹਾਂ ਦੇ ਦੋਵੇਂ ਪੁੱਤਰਾਂ ਦੀ ਜੇਲ੍ਹ ਵਿੱਚੋਂ ਬੰਦ-ਖਲਾਸੀ ਹੋ ਸਕੇ। ਭਾਈ ਦਰਵੇਸ਼ ਨੇ ਇਸ ਤਰ੍ਹਾਂ ਹੀ ਅਰਦਾਸ ਕੀਤੀ। ਉਪਰੰਤ ਜੈਕਾਰਾ ਛੱਡਿਆ।

ਇਸ ਤੋਂ ਬਾਅਦ ਭਾਈ ਤਾਰਾ ਸਿੰਘ ਨੂੰ ਕੋਲ ਕੇ ਸੰਤਾਂ ਨੇ ਉਸ ਪਰਿਵਾਰ ਨੂੰ ਵੀ ਸੱਦਿਆ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਦਾ ਕਤਲ ਭਾਈ ਤਾਰਾ ਸਿੰਘ ਦੇ ਪੁੱਤਰਾਂ ਤੋਂ ਹੋਇਆ ਸੀ। ਦੋਵਾਂ ਪਰਿਵਾਰਾਂ ਨੂੰ ਬਿਠਾ ਕੇ ਉਨ੍ਹਾਂ ਦੀ ਸੁਲ੍ਹਾ ਕਰਵਾਈ ਅਤੇ ਹੋ ਚੁੱਕੇ ਕਤਲ ਲਈ ਹਮਦਰਦੀ ਵੀ ਪ੍ਰਗਟਾਈ ਅਤੇ ਨਾਲ ਹੀ ਕਿਹਾ ਕਿ ਸਿੱਖ ਹੋ ਕੇ ਸਿੱਖ ਨਾਲ ਕਿਉਂ ਲੜਦੇ ਹੋ? ਸਿੱਖੀ ਦੇ ਹੋਰ ਬਥੇਰੇ ਦੁਸ਼ਮਣ ਹਨ ਜਿਨ੍ਹਾਂ ਨਾਲ ਦੋ ਹੱਥ ਕਰਨੇ ਪੈਣੇ ਹਨ। ਇਸ ਲਈ ਧੀਰਜ ਰੱਖੋ ਅਤੇ ਆਪਸੀ ਪ੍ਰੇਮ ਨਾਲ ਰਹੋ। ਇਸ ਉਪਰੰਤ ਭਾਈ ਤਾਰਾ ਸਿੰਘ ਦੇ ਦੋਵੇਂ ਪੁੱਤਰ ਮਹਾਰਾਜ ਦੀ ਕ੍ਰਿਪਾ ਸਦਕਾ ਜੇਲ੍ਹ ਵਿੱਚੋਂ ਰਿਹਾਅ ਹੋ ਗਏ ਅਤੇ ਅੱਗੇ ਤੋਂ ਇਹ ਦੋਵੇਂ ਪਰਿਵਾਰ ਇਕੱਠੇ ਹੀ ਸੰਤਾਂ ਨੂੰ ਮਿਲਣ ਵਾਸਤੇ ਆਉਂਦੇ ਰਹੇ।

ਦੋ-ਤਿੰਨ ਪ੍ਰੋਗਰਾਮਾਂ ਦੇ ਪੜਾਵਾਂ ਤੋਂ ਬਾਅਦ ਜਥੇ ਨੇ ਸ੍ਰੀ ਗੰਗਾ ਨਗਰ ਵਿਖੇ ਪਹੁੰਚਣਾ ਸੀ, ਜਿੱਥੇ ਕੁਝ

Scanned with CamScanner

ਨਾਨਕ ਸਾਹਿਬ ਜੀ ਦਾ ਅਵਤਾਰ ਪੁਰਬ ਮਨਾਉਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਸੰਗਤਾਂ ਦੇ ਸਹਿਯੋਗ ਨਾਲ ਲਾਇਲਪੁਰੀਏ ਸ. ਜਵਾਹਰ ਸਿੰਘ ਦੇ ਪੁੱਤਰ ਭਾਈ ਕਰਤਾਰ ਸਿੰਘ, ਭਾਈ ਅਵਤਾਰ ਸਿੰਘ, ਭਾਈ ਨਿਰੰਜਣ ਸਿੰਘ, ਭਾਈ ਮਲੂਕ ਸਿੰਘ ਅਤੇ ਡਾ. ਜੀ. ਐਸ. ਨਰੂਲਾ ਇਹ ਸਾਰੇ ਭਰਾਵਾਂ ਨੇ ਮਿਲ ਕੇ ਸੰਤਾਂ ਦੇ ਜਥੇ ਲਈ ਰਹਿਣ ਦਾ ਪ੍ਰਬੰਧ ਕੀਤਾ ਹੋਇਆ ਸੀ। ਗੁਰਦੁਆਰਾ ਸਿੰਘ ਸਭਾ ਸ੍ਰੀ ਗੰਗਾ ਨਗਰ ਦੇ ਪ੍ਰਧਾਨ ਭਾਈ ਆਤਮਾ ਸਿੰਘ ਵੀ ਪੂਰਾ ਸਹਿਯੋਗ ਦੇ ਰਹੇ ਸਨ, ਨਾਲ ਹੀ ਨਾਰੰਗਵਾਲੀਏ, ਭਾਈ ਰਣਬੀਰ ਸਿੰਘ ਗਰੇਵਾਲ, ਅਤੇ ਭਾਈ ਸੰਪੂਰਨ ਸਿੰਘ ਗਰੇਵਾਲ ਪ੍ਰਬੰਧ ਕਰਨ ਵਾਲਿਆਂ ਵਿੱਚ ਸ਼ਾਮਿਲ ਸਨ।

ਜਿਉਂ ਹੀ ਜਥਾ ਇਥੇ ਪਹੁੰਚਿਆ ਤਾਂ ਸ਼ਹਿਰ ਦੀਆਂ ਸੰਗਤਾਂ ਸਮੇਤ ਲਾਇਲਪੁਰੀਆਂ ਨੇ ਜਥੇ ਦਾ ਭਰਵਾਂ ਸਵਾਗਤ ਕੀਤਾ। ਪਹਿਲੇ ਦਿਨ ਦੀ ਕਥਾ ਇਨ੍ਹਾਂ ਦੇ ਗ੍ਰਹਿ ਵਿਖੇ ਬਾਗ ਵਿੱਚ ਹੀ ਹੋਈ। ਇਥੇ ਸ. ਜਵਾਹਰ ਸਿੰਘ ਦੀ ਯਾਦ ਵਿੱਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਸਨ। ਜਥੇ ਦੇ ਰਾਗੀ ਸਿੰਘਾਂ ਨੇ ਪਹਿਲਾਂ ਗੁਰਬਾਣੀ ਕੀਰਤਨ ਕੀਤਾ ਬਾਅਦ ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਸਵਾ ਘੰਟਾ ਗੁਰਬਾਣੀ ਦੀ ਕਥਾ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ। ਸਵੇਰ ਦੀ ਕਥਾ ਗੁਰਦੁਆਰਾ ਸਿੰਘ ਸਭਾ ਵਿਖੇ ਸੀ ਜਿਸ ਬਾਰੇ ਇਲਾਕੇ ਦੀਆਂ ਸੰਗਤਾਂ ਨੂੰ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ। ਇਸ ਲਈ ਦੀਵਾਨ ਵਿੱਚ ਸੰਗਤਾਂ ਦਾ ਭਾਰੀ ਇਕੱਠ ਹੋਇਆ। ਵਿਸ਼ੇਸ਼ ਤੌਰ 'ਤੇ ਭਾਈ ਆਤਮਾ ਸਿੰਘ ਅਤੇ ਭਾਈ ਗੁਰਜੰਟ ਸਿੰਘ ਚੱਕ ਮਹਾਜ ਵਾਲੇ ਟਰਾਲੀਆਂ ਭਰ ਕੇ ਸੰਗਤਾਂ ਲਿਆਏ ਸਨ। ਇਥੇ ਵੀ ਕੀਰਤਨ ਉਪਰੰਤ ਗੁਰਬਾਣੀ ਦੀ ਕਥਾ ਕੀਤੀ ਗਈ। ਇਸੇ ਤਰ੍ਹਾਂ ਸ਼ਾਮ ਦਾ ਪ੍ਰੋਗਰਾਮ ਲਾਇਲਪੁਰੀਆਂ ਦੇ ਬਾਗ਼ ਵਿਖੇ ਅਤੇ ਸਵੇਰ ਦਾ ਸਿੰਘ ਸਭਾ ਗੁਰਦੁਆਰਾ ਵਿਖੇ ਹੁੰਦਾ। ਦਿਨ ਵੇਲੇ ਰਾਜਸਥਾਨ ਦੇ ਸਿੱਖ ਵਸ ਵਾਲੇ ਕਈ ਪਿੰਡਾਂ ਵਿੱਚ ਕਥਾ ਪ੍ਰਚਾਰ ਦਾ ਪ੍ਰੋਗਰਾਮ ਕਰਕੇ ਸ਼ਾਮ ਦੇ ਦੀਵਾਨ ਵੇਲੇ ਤੱਕ ਸੰਤ ਗੰਗਾ ਨਗਰ ਪਰਤ ਆਉਂਦੇ ਅਤੇ ਦਿਨ ਵੇਲੇ ਜੱਥੇ ਦੇ ਸਿੰਘਾਂ ਦੀ ਸੰਥਿਆ ਪੜ੍ਹਾਈ ਦੀ ਪ੍ਰਕ੍ਰਿਆ ਨਿਯਮਤ ਸਮੇਂ ਅਨੁਸਾਰ ਪੂਰੀ ਹੁੰਦੀ, ਬਾਦ ਵੱਖ-ਵੱਖ ਕਲਾਸਾਂ ਵਿੱਚ ਟਕਸਾਲ ਦੇ ਸਿੰਘ ਵਿੱਦਿਆ ਪ੍ਰਾਪਤ ਕਰਦੇ। ਨਵੇਂ ਭਰਤੀ ਹੋਏ ਸਿੰਘਾਂ ਲਈ ਪੰਜ ਬਾਣੀਆਂ, ਰਹਿਰਾਸ ਕੀਰਤਨ ਸੋਹਿਲਾ, ਪੰਜ ਗ੍ਰੰਥੀ ਦੀ ਸੰਥਿਆ ਅਤੇ ਇਸ ਤੋਂ ਪਹਿਲਾਂ ਵਾਲੇ ਸਿੰਘਾਂ ਦੀ ਬਾਣੀ ਵਾਰਾਂ, ਭਗਤ ਬਾਣੀ ਦੀ ਸੰਥਿਆ ਹੁੰਦੀ ਅਤੇ ਇਸ ਤੋਂ ਵੀ ਪਹਿਲਾਂ ਭਰਤੀ ਹੋਏ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੀ ਸੰਥਿਆ ਪੜ੍ਹਾਈ ਜਾਂਦੀ। ਸੰਥਿਆ ਪੜ੍ਹਾਉਣ ਵੇਲੇ, ਜਥੇ ਦੇ ਪੁਰਾਣੇ ਸਿੰਘਾਂ ਵਿੱਚੋਂ ਹੀ ਪੜ੍ਹਾਉਣ ਵਾਲਾ ਬੁਲਾਰਾ ਸਾਵਧਾਨਤਾ ਨਾਲ ਬਾਣੀ ਦਾ ਸ਼ੁੱਧ ਉਚਾਰਣ ਸਮਝਾਉਂਦਾ ਅਤੇ ਜਿਨੀ ਸੰਥਿਆ ਕਰਾਈ ਜਾਂਦੀ ਘੱਟ ਘੱਟ ਪੰਜ ਵਾਰ ਕੋਲ ਬੈਠ ਕੇ ਵਿਦਿਆਰਥੀਆਂ ਕੋਲੋਂ ਪੜ੍ਹਾਈ ਗਈ ਸੰਥਿਆ ਨੂੰ ਸੁਣਦਾ ਅਤੇ 20 ਵਾਰ ਸਿੰਘ ਆਪਸ ਵਿੱਚ ਮਿਲ ਕੇ ਇਹੀ ਸੰਥਿਆ ਪੜ੍ਹਿਆ ਕਰਦੇ ਸਨ। ਇਸ ਨੂੰ ਘੱਟੋ ਘੱਟ ਤਿੰਨ ਘੰਟੇ ਦਾ ਸਮਾਂ ਲੱਗ ਜਾਂਦਾ ਹੈ। ਇਸ ਤੋਂ ਬਾਅਦ ਜੋ ਵਿਦਿਆਰਥੀ ਕੀਰਤਨ ਸਿੱਖਦੇ, ਉਨ੍ਹਾਂ ਨੂੰ ਵਾਜਾ ਵਜਾਉਣ ਅਤੇ ਤਬਲਾ ਵਜਾਉਣ ਦੀ ਸਿੱਖਿਆ ਦਿੱਤੀ ਜਾਂਦੀ ਅਤੇ ਗਿਆਨੀ ਸਿੰਘ ਚੱਲ ਰਹੀ ਲੜੀਵਾਰ ਕਥਾ ਨੂੰ ਕਾਪੀਆਂ ਵਿੱਚ ਲਿਖਦੇ, ਉਹ ਆਪਸ ਵਿੱਚ ਬੈਠ ਕੇ ਕੀਤੀ ਜਾ ਚੁੱਕੀ ਕਥਾ ਬਾਰੇ ਵਿਚਾਰ ਸਾਂਝੀ ਕਰਦੇ ਅਤੇ ਆਪਸ ਵਿੱਚ ਮਿਲ ਕੇ ਅਰਥਾਂ ਦੇ ਭੇਦ ਸਮਝਦੇ। ਇਹ ਕਲਾਸ ਲਾਉਂਦਿਆਂ ਘੱਟੋ ਘੱਟ 2 ਘੰਟੇ ਦਾ ਸਮਾਂ ਬੀਤ ਜਾਂਦਾ ਅਤੇ ਚਾਰ ਘੰਟੇ ਸੁਬ੍ਹਾ ਸ਼ਾਮ ਦੇ ਦੀਵਾਨਾਂ ਵਿੱਚ ਬੀਤ ਜਾਂਦੇ। ਇਸ ਤੋਂ ਇਲਾਵਾ ਸਿੰਘਾਂ ਨੇ ਆਪੋ ਆਪਣਾ ਨਿੱਤ ਨੇਮ ਕਰਨਾ ਅਤੇ ਨਿੱਤ ਨੇਮ ਤੋਂ ਵੱਧ ਬਾਣੀਆਂ ਪੜ੍ਹਨ ਵਾਲੇ ਅਭਿਆਸੀ ਸਿੰਘਾਂ ਨੇ ਬਾਣੀ ਪੜ੍ਹਨ ਦਾ ਅਭਿਆਸ ਕਰਨਾ, ਬਸਤਰ ਆਦਿ ਦੀ ਸਾਫ਼ ਸਫ਼ਾਈ ਕਰਨੀ। ਇਹ ਹਰ ਰੋਜ਼ ਦੀ ਪ੍ਰਕ੍ਰਿਆ ਹੁੰਦਿਆ ਕਰਦੀ ਜੋ ਹੁਣ ਵੀ ਦਮਦਮੀ ਟਕਸਾਲ ਵਿੱਚ ਜਾਰੀ ਹੈ। ਇਸ ਲਈ ਬੇਨਤੀ ਕੀਤੀ ਜਾ ਰਹੀ ਹੈ ਕਿ ਵੈਖਣ ਨੂੰ ਜੱਥੇ ਵਿੱਚ ਰਹਿਣ ਵਾਲੇ ਸਿੰਘ ਬਿਲਕੁੱਲ ਵਿਹਲੇ ਜਾਪਦੇ ਹਨ। ਪਰ ਅਸਲੀਅਤ ਵਿੱਚ ਰੋਜ਼ਾਨਾ ਦੀ ਬਹੁਤ ਕਰੜੀ ਮੁਸ਼ੱਕਤ ਹੈ, ਜੇਕਰ ਕੋਈ ਵੀ ਪਿੰਡ ਜਾਂ ਸ਼ਹਿਰ ਵਿੱਚੋਂ ਜੱਥੇ ਦਾ ਸਹਿਯੋਗੀ ਸਿੰਘ ਹਫਤਾ ਦਸ ਦਿਨ ਜਥੇ ਵਿੱਚ ਰਹਿਣ ਵਾਸਤੇ ਆਉਂਦਾ ਤਾਂ ਉਸ ਨੂੰ ਪਤਾ ਲੱਗਾ ਜਾਂਦਾ ਕਿ ਜੱਥੇ ਦੇ ਸਿੰਘ ਬਹੁਤ ਵੱਡੀ ਮਿਹਨਤ ਕਰਦੇ ਹਨ।

ਇਥੇ ਸ੍ਰੀ ਗੰਗਾ ਨਗਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਮਨਾਉਣ ਦੀਆਂ ਤਿਆਰੀਆਂ ਹੋ ਚੁੱਕੀਆਂ ਸਨ। ਇਹ ਪ੍ਰੋਗਰਾਮ ਮਨਾਉਣ ਲਈ ਗੁਰੂ ਨਾਨਕ ਕੰਨਿਆ ਪਾਠਸ਼ਾਲਾ ਵਿਖੇ ਵਿਸ਼ੇਸ਼ ਪੰਡਾਲ ਸਜਾਏ ਗਏ। ਗੁਰਪੁਰਬ ਤੋਂ ਪਹਿਲਾਂ ਵਾਲੀ ਰਾਤ ਨੂੰ ਸਜੇ ਹੋਏ ਪੰਡਾਲ ਵਿੱਚ ਭਾਰੀ ਇਕੱਠ ਹੋਇਆ। ਦੇਰ ਰਾਤ ਤੱਕ ਦਮਦਮੀ

Scanned with CamScanner

ਟਕਸਾਲ ਦੇ ਰਾਗੀ ਜਥੇ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ, ਸ਼ਹਿਰ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਅਤੇ ਜਥੇ ਸੰਗਤ ਨੇ ਕੀਰਤਨ ਦਾ ਆਨੰਦ ਮਾਣਿਆ। ਸਵੇਰ ਅਖੰਡ ਪਾਠ ਦੇ ਭੋਗ ਤੋਂ ਉਪਰੰਤ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਆਏ ਹੋਏ ਸ੍ਰੀ ਮੁੱਖ ਵਾਕ ਦੀ ਕਥਾ ਕਰਦਿਆਂ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਣ ਦੀ ਪ੍ਰੇਰਨਾ ਕੀਤੀ ਅਤੇ ਅਖੰਡੀ ਗੁਰੂ ਭੰਮ ਤੋਂ ਹਮੇਸ਼ਾ ਸੁਚੇਤ ਰਹਿਣ ਲਈ ਆਖਿਆ। ਇਸੇ ਦਿਨ ਹੀ ਅੰਮ੍ਰਿਤ ਸੰਚਾਰ ਵੀ ਹੋਇਆ ਜਿਸ ਵਿੱਚ ਅੰਮ੍ਰਿਤ ਅਭਿਲਾਖੀ ਸੰਗਤਾਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ। ਦੋ ਦਿਨ ਹੋਰ ਇਸੇ ਤਰ੍ਹਾਂ ਹੀ ਕਥਾ ਕੀਰਤਨ ਦਾ ਪ੍ਰੋਗਰਾਮ ਚੱਲਦਾ ਰਿਹਾ ਜਿਸ ਤੋਂ ਉਪਰੰਤ ਜਥੇ ਦੀ ਪੰਜਾਬ ਨੂੰ ਰਵਾਨਗੀ ਹੋਈ। ਇਸ ਰਵਾਨਗੀ ਸਮੇਂ ਗੜ੍ਹਾ ਨਗਰ ਸ਼ਹਿਰ ਦੀਆਂ ਸੰਗਤਾਂ ਸਮੇਤ ਬਹੁਤ ਸਾਰੇ ਗੁਰਸਿੱਖਾਂ ਨੇ ਜੱਥਾ ਸੰਗਤ ਨੂੰ ਵਿਦਾਇਗੀ ਦਿੱਤੀ ਅਤੇ ਅਗਲੇ ਸਾਲ ਵੀ ਇੱਥੇ ਆਉਣ ਦਾ ਪ੍ਰੋਗਰਾਮ ਪੱਕਾ ਕੀਤਾ।

ਸ੍ਰੀ ਮੁਕਤਸਰ ਸਾਹਿਬ ਵਿਖੇ ਮਾਸਟਰ ਜਗਦੀਸ਼ ਸਿੰਘ ਪਿੰਡ ਮੱਲ੍ਹਣ ਵਾਲੇ ਅਤੇ ਸੰਤਾਂ ਦੇ ਪੀ.ਏ. ਭਾਈ ਰਸ਼ਪਾਲ ਸਿੰਘ ਨੇ ਸੰਗਤਾਂ ਨਾਲ ਮਿਲ ਕੇ ਇਥੋਂ ਦੇ ਪ੍ਰੋਗਰਾਮ ਦੀ ਤਿਆਰੀ ਕੀਤੀ ਹੋਈ ਸੀ। ਇੱਥੇ ਵੀ 5 ਦਿਨ ਦਾ ਪ੍ਰੋਗਰਾਮ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਉਲੀਕਿਆ ਹੋਇਆ ਸੀ। ਇਲਾਕੇ ਦੀਆਂ ਸੰਗਤਾਂ ਨੇ ਭਰਵੇਂ ਪਿਆਰ ਦਾ ਸਬੂਤ ਦਿੱਤਾ, ਕਥਾ ਕੀਰਤਨ ਦਾ ਆਨੰਦ ਮਾਣਿਆ। ਪੰਜੇ ਦਿਨ ਹੀ ਸੰਤਾਂ ਨੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਲਈ ਪ੍ਰੇਰਿਆ। ਦੋ ਕੁ ਪੜਾਵਾਂ ਤੇ ਹੋਰ ਪ੍ਰੋਗਰਾਮ ਕਰਦਿਆਂ ਜਥਾ ਜ਼ਿਲ੍ਹੇ ਲੁਧਿਆਣੇ ਦੇ ਪਿੰਡ ਨਾਰੰਗਵਾਲ ਪਹੁੰਚਿਆ ਜਿਥੇ ਪਹਿਲਾਂ ਵੀ ਹਰ ਸਾਲ ਕਥਾ ਕੀਰਤਨ ਦਾ ਪ੍ਰੋਗਰਾਮ ਹੋਇਆ ਕਰਦਾ ਸੀ। ਇਹ ਨਗਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਨਗਰ ਹੈ। ਇਸ ਲਈ ਦੂਰ-ਦੂਰ ਤੱਕ ਇਲਾਕੇ ਦੀਆਂ ਸੰਗਤਾਂ ਕਥਾ ਕੀਰਤਨ ਦਾ ਆਨੰਦ ਲੈਣ ਲਈ ਦੀਵਾਨ ਵਿੱਚ ਹਾਜ਼ਰੀ ਭਰਦੀਆਂ।

ਸ. ਰਛਪਾਲ ਸਿੰਘ ਗਰੇਵਾਲ ਦੀ ਹਵੇਲੀ ਵਿਖੇ ਜੱਥੇ ਦੇ ਰਹਿਣ ਦਾ ਪ੍ਰਬੰਧ ਅਤੇ ਸਾਹਮਣੇ ਵਾਲੀ ਜਗ੍ਹਾ ਵਿਖੇ ਜਲ ਪਾਣੀ ਦਾ ਪ੍ਰਬੰਧ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਹੋਇਆ ਸੀ ਅਤੇ ਜੱਥੇ ਦੇ ਦੋਵੇਂ ਵਕਤ ਦੇ ਲੰਗਰ ਦਾ ਪ੍ਰਬੰਧ ਗੁਰਦੁਆਰਾ ਅਕਾਲੀਆਂ ਜਿਸ ਅਸਥਾਨ 'ਤੇ ਕਥਾ ਦੇ ਦੀਵਾਨ ਸਜਦੇ ਸਨ ਉਥੇ ਹੀ ਹੋਇਆ ਕਰਦਾ ਸੀ। ਸਮੁੱਚਾ ਲੰਗਰ ਤਿਆਰ ਕਰਨ ਦੀ ਸੇਵਾ ਭਾਈ ਮਨੋਹਰ ਸਿੰਘ ਗਰੇਵਾਲ ਦੀ ਹੋਇਆ ਕਰਦੀ ਸੀ। ਇਸ ਨਗਰ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਮੁਖੀ ਬਣਨ ਤੋਂ ਬਾਅਦ ਇਹ ਪਹਿਲਾ ਪ੍ਰੋਗਰਾਮ ਸੀ। ਇਸ ਲਈ ਇਲਾਕੇ ਦੀਆਂ ਸੰਗਤਾਂ ਉਤਾਵਲੀਆਂ ਸਨ ਕਿ ਰਮਦਮੀ ਟਕਸਾਲ ਦੇ ਨਵੇਂ ਬਣੇ ਮੁਖੀ ਤੋਂ ਕਥਾ ਅਤੇ ਗੁਰਮਤਿ ਵਿਚਾਰਾਂ ਸੁਣੀਏ ਤਾਂ ਕਿ ਪਤਾ ਲੱਗ ਸਕੇ ਕਿ ਇਹ ਸੰਤ ਵੀ ਪਹਿਲੇ ਸੰਤਾਂ ਵਾਂਗ ਹੀ ਕਥਾ ਕਰਦੇ ਹਨ ਜਾਂ ਪਹਿਲਾਂ ਨਾਲੋਂ ਕੋਈ ਫਰਕ ਹੈ? ਇਸ ਲਈ ਪਹਿਲੇ ਦੀਵਾਨ ਵਿੱਚ ਹੀ ਕੀਰਤਨ ਅਰੰਭ ਹੁੰਦਿਆ ਸਾਰ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ। ਕੀਰਤਨ ਦੀ ਸਮਾਪਤੀ ਉਪਰੰਤ ਸੰਤ ਜਰਨੈਲ ਸਿੰਘ ਜੀ ਨੇ ਪੰਡਾਲ ਵਿੱਚ ਕਥਾ ਆਰੰਭ ਕੀਤੀ। ਹਾਲੇ ਕਥਾ ਦਾ ਮੰਗਲ ਹੀ ਹੋਇਆ ਸੀ ਕਿ ਇੱਕ ਅਜੀਬ ਘਟਨਾ ਵਾਪਰੀ। ਨਾਰੰਗਵਾਲ ਪਿੰਡ ਦੇ ਹੀ ਸ. ਗੁਰਦਿਆਲ ਸਿੰਘ (ਜਿਨ੍ਹਾਂ ਨੂੰ ਬਾਬਾ ਜੱਗਾ ਸਿੰਘ ਦਾ ਪਰਿਵਾਰ ਕਰਕੇ ਜਾਣਿਆ ਜਾਂਦਾ ਹੈ) ਪਹਿਲੇ ਦੀਵਾਨ ਦੀ ਹਾਜ਼ਰੀ ਭਰਨ ਲਈ ਗੁਰਦੁਆਰਾ ਸਾਹਿਬ ਨੂੰ ਜਾ ਰਹੇ ਸਨ। ਰਸਤੇ ਵਿੱਚ ਭਾਈ ਤੇਜਵੰਤ ਸਿੰਘ ਮਿਲ ਗਏ ਉਹ ਵੀ ਉਥੇ ਹੀ ਚੱਲੇ ਸਨ। ਸਪੀਕਰ ਰਾਹੀਂ ਆਵਾਜ਼ ਸੁਣਦਿਆਂ ਸਾਰ ਹੀ ਭਾਈ ਗੁਰਦਿਆਲ ਸਿੰਘ ਨੇ ਭਾਈ ਤੇਜਵੰਤ ਸਿੰਘ ਨੂੰ ਕਿਹਾ ਕਿ ਟਕਸਾਲ ਦੇ ਨਵੇਂ ਬਣੇ ਮੁਖੀ ਭਾਈ ਜਰਨੈਲ ਸਿੰਘ ਖ਼ਾਲਸਾ ਨੂੰ ਹਾਲੇ ਪੂਰੀ ਤਰ੍ਹਾਂ ਕਥਾ ਕਰਨ ਦੀ ਗਿਆਤ ਨਹੀਂ ਹੋਵੇਗੀ ਇਸ ਲਈ ਉਨ੍ਹਾਂ ਨੇ ਵੱਡੇ ਮਹਾਪੁਰਖਾਂ (ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ) ਦੀ ਰਿਕਾਰਡ ਕੀਤੀ ਹੋਈ ਕਥਾ ਸਪੀਕਰ ਵਿੱਚ ਲਾ ਦਿੱਤੀ ਹੈ, ਨਾਲ ਹੀ ਕਿਹਾ ਚੱਲੋ, ਇਹ ਵੀ ਚੰਗੀ ਗੱਲ ਹੈ ਕਿ ਕਥਾ ਕੀਰਤਨ ਦਾ ਪ੍ਰੋਗਰਾਮ ਵੀ ਚੱਲਦਾ ਜਾਵੇਗਾ ਅਤੇ ਨਾਲ-ਨਾਲ ਆਪ ਵੀ ਕਥਾ ਸਿੱਖ ਜਾਣਗੇ। ਪਰ ਭਾਈ ਤੇਜਵੰਤ ਸਿੰਘ ਨੇ ਦੱਸਿਆ ਕਿ ਤੁਹਾਨੂੰ ਭੁਲੇਖਾ ਲੱਗ ਰਿਹਾ ਹੈ ਜੋ ਸਪੀਕਰ ਵਿੱਚ ਆਵਾਜ਼ ਆ ਰਹੀ ਹੈ ਇਹ ਸੰਤ ਜਰਨੈਲ ਸਿੰਘ ਖ਼ਾਲਸਾ ਹੀ ਬੋਲ ਰਹੇ ਹਨ। ਭਾਈ ਗੁਰਦਿਆਲ ਸਿੰਘ ਕਹਿਣ ਲੱਗੇ ਕਿ ਨਹੀਂ, ਮੈਂ ਸ਼ਹੂਰ ਵਾਰ ਵੱਡੇ ਮਹਾਪੁਰਖਾਂ ਦੀ ਕਥਾ ਸੁਣੀ ਹੈ ਇਹ ਉਨ੍ਹਾਂ ਦੀ ਆਵਾਜ਼ ਹੈ। ਇਸ ਤਰ੍ਹਾਂ ਦੇ ਬਚਨ ਕਰਦਿਆਂ ਦੋਵੇਂ ਜਣੇ ਕਥਾ ਵਾਲੇ ਪੰਡਾਲ ਵਿੱਚ ਪਹੁੰਚ ਗਏ। ਜਿਉਂ ਹੀ ਭਾਈ ਗੁਰਦਿਆਲ ਸਿੰਘ ਨੇ ਦੇਖਿਆ ਕਿ ਵਾਕਿਆ ਹੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਆਪ ਕਥਾ ਕਰ ਰਹੇ ਹਨ ਤਾਂ ਉਹ ਹੈਰਾਨ ਰਹਿ ਗਏ ਕਿ

Scanned with CamScanner

ਮੈਨੂੰ ਇੰਨਾ ਵੱਡਾ ਭੁਲੇਖਾ ਕਿਵੇਂ ਲੱਗ ਸਕਦਾ ਹੈ? ਫਿਰ ਸਾਰੀ ਕਥਾ ਸੁਚੇਤ ਚਿੱਤ ਹੋ ਕੇ ਸਾਹਮਣੇ ਪੰਡਾਲ ਵਿੱਚ ਬੈਠ ਕੇ ਸੁਣੀ ਅਤੇ ਬੜੇ ਪ੍ਰਸੰਨ ਹੋਏ।

ਇਸੇ ਤਰ੍ਹਾਂ ਕਥਾ ਕੀਰਤਨ ਅਤੇ ਸੰਥਿਆ ਦਾ ਪ੍ਰੋਗਰਾਮ ਚੱਲਦਾ ਰਿਹਾ। ਇਥੇ ਵੀ ਸਵੇਰ ਦੀ ਕਥਾ ਤੋਂ ਬਾਅਦ ਸੰਤ ਜਰਨੈਲ ਸਿੰਘ ਜੀ, ਭਾਈ ਦਲਜੀਤ ਸਿੰਘ ਗਰੇਵਾਲ ਵੱਲੋਂ ਬਣਾਏ ਪ੍ਰੋਗਰਾਮਾਂ ਅਨੁਸਾਰ ਇਲਾਕੇ ਦੇ ਪਿੰਡਾਂ ਵਿੱਚ ਪ੍ਰਚਾਰ ਲਈ ਚਲੇ ਜਾਂਦੇ। ਇਥੇ ਵਿਸ਼ੇਸ਼ ਗੱਲ ਇਹ ਸੀ ਕਿ ਇਲਾਕੇ ਭਰ ਅਤੇ ਲੁਧਿਆਣੇ ਸ਼ਹਿਰ 'ਚ ਅਖੰਡ ਕੀਰਤਨੀ ਜੱਥੇ ਦੇ ਸਿੰਘ ਵੱਡੀ ਗਿਣਤੀ ਵਿੱਚ ਇਨ੍ਹਾਂ ਦੀਵਾਨਾਂ ਵਿੱਚ ਕੀਰਤਨ ਦੀ ਹਾਜ਼ਰੀ ਵੀ ਭਰਦੇ ਅਤੇ ਕਥਾ ਸੁਣਨ ਲਈ ਵੀ ਆਉਂਦੇ। ਇਥੇ ਤੱਕ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਪੁੱਤਰ ਭਾਈ ਬਲਬੀਰ ਸਿੰਘ ਜੀ ਅਤੇ ਸਪੁੱਤਰੀ ਬੀਬੀ ਦਲੇਰ ਕੌਰ ਵੀ ਕਥਾ ਸੁਣਨ ਆਉਂਦੇ। ਇਸੇ ਤਰ੍ਹਾਂ ਅਖੰਡ ਕੀਰਤਨੀ ਜੱਥੇ ਦੇ ਸਿੰਘ ਡਾ. ਗਿਆਨੀ ਪਾਲ ਸਿੰਘ, ਜਸਵਿੰਦਰ ਸਿੰਘ ਡਾਇਰੈਕਟਰ ਐਗਰੀਕਲਚਰ ਪੀ. ਏ. ਯੂ., ਅਮਰੀਕ ਸਿੰਘ ਲੁਧਿਆਣਾ, ਭਾਈ ਈਸ਼ਰ ਸਿੰਘ ਸੁਪਰਡੈਂਟ ਪੀ. ਏ. ਯੂ., ਭਾਈ ਦਰਸ਼ਨ ਸਿੰਘ ਭੱਟੀ ਆਦਿ ਬਹੁਤ ਸਾਰੇ ਸਿਖ ਜਥੇ ਦੇ ਸਿੰਘਾਂ ਸਮੇਤ ਇਥੇ ਦੀਵਾਨ ਵਿੱਚ ਹਾਜ਼ਰੀਆਂ ਭਰਨ ਆਉਂਦੇ। ਕਿਉਂਕਿ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਦਾ ਦਮਦਮੀ ਟਕਸਾਲ ਦੇ ਜਥੇ ਨਾਲ ਸੰਤ ਬਾਬਾ ਕਰਤਾਰ ਸਿੰਘ ਖ਼ਾਲਸਾ ਜੀ ਤੋਂ ਲੈ ਕੇ ਹੀ ਪਰਸਪਰ ਪ੍ਰੇਮ ਬਣਿਆ ਹੋਇਆ ਸੀ। ਰੋਜ਼ਾਨਾ ਦੇ ਦੀਵਾਨਾਂ ਵਿੱਚ ਇਲਾਕੇ ਦੀਆਂ ਹੋਰ ਕਈ ਸਖਸ਼ੀਅਤਾਂ ਮਹਾਂਪੁਰਖ ਪਹੁੰਚਦੇ ਜਿਨ੍ਹਾਂ ਬਾਰੇ ਕਥਾ ਤੋਂ ਬਾਅਦ ਭਾਈ ਦਲਜੀਤ ਸਿੰਘ ਗਰੇਵਾਲ ਸਭਨਾਂ ਦਾ ਸੰਖਿਕਾਰ ਸਹਿਤ ਨਾਂਅ ਬੋਲਦੇ ਅਤੇ ਇਲਾਕੇ ਵਿੱਚ ਹੋ ਰਹੇ ਪ੍ਰੋਗਰਾਮਾਂ ਬਾਰੇ ਵੀ ਦੱਸਦੇ ਅਤੇ ਨਾਲ-ਨਾਲ ਅੰਮ੍ਰਿਤ ਛਕਣ ਵਾਲੇ ਅੰਮ੍ਰਿਤ ਅਭਿਲਾਖੀਆਂ ਦਾ ਨਾਂਅ ਵੀ ਨੋਟ ਕਰਦੇ। ਇਸ ਤਰ੍ਹਾਂ ਬਹੁਤ ਚੜ੍ਹਦੀ ਕਲਾ ਨਾਲ ਇਹ ਪ੍ਰੋਗਰਾਮ ਚੱਲਿਆ। ਅਖੀਰਲੇ ਦਿਨ ਅੰਮ੍ਰਿਤ ਸੰਚਾਰ ਹੋਇਆ। ਇੱਥੋਂ ਜਥੇ ਨੇ ਸ੍ਰੀ ਪਟਨਾ ਸਾਹਿਬ ਨੂੰ ਰਵਾਨਾ ਹੋਣਾ ਸੀ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਵਤਾਰ ਪੁਰਬ ਮਨਾਇਆ ਜਾਣਾ ਸੀ। ਇਸ ਲਈ ਇਥੇ ਹੀ ਸੰਖਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਨੇ ਜੱਥਾ ਸੰਗਤ ਦੇ ਰਸਤੇ ਵਿੱਚ ਛਕਣ ਵਾਸਤੇ ਪੰਜੀਰੀ ਆਦਿ ਦਾ ਪ੍ਰਬੰਧ ਵੀ ਕਰਵਾ ਲਿਆ।

ਰਵਾਨਗੀ ਸ਼ਾਮੀਂ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਨੇ ਭਾਰੀ ਇਕੱਤਰਤਾ ਵਿੱਚ ਜਥੇ ਨੂੰ ਵਿਦਾਇਗੀ ਦਿੱਤੀ ਅਤੇ ਅਗਲੇ ਸਾਲ ਲਈ ਵੀ ਇਥੇ ਪ੍ਰੋਗਰਾਮ ਕਰਨ ਲਈ ਬੇਨਤੀ ਕੀਤੀ। ਸੰਗਤਾਂ ਵਿੱਚ ਇਸ ਗੱਲ ਦੀ ਭਾਰੀ ਪ੍ਰਸੰਨਤਾ ਸੀ ਕਿ ਪਹਿਲੇ ਮਹਾਂਪੁਰਖਾਂ ਵਾਂਗ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਵੀ ਗੁਰਬਾਣੀ ਦੀ ਕਥਾ ਦੇ ਡੂੰਘੇ ਅਰਥ ਕਰਦੇ ਹਨ। ਉਸੇ ਤਰ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ ਅਤੇ ਸਿੱਖ ਇਤਿਹਾਸ ਦੀ ਭਰਪੂਰ ਜਾਣਕਾਰੀ ਰੱਖਦੇ ਹਨ ਅਤੇ ਸ਼ੰਕਾ ਭਰਪੂਰ ਕੀਤੇ ਹੋਏ ਪ੍ਰਸ਼ਨਾਂ ਲਈ ਬਹੁਤ ਹਾਜ਼ਰ ਜਵਾਬ ਹਨ।

ਇਥੋਂ ਰਵਾਨਗੀ ਲੈ ਕੇ ਜਥੇ ਦੇ ਸਿੰਘ ਰੇਲ ਗੱਡੀ ਰਾਹੀਂ ਸ੍ਰੀ ਪਟਨਾ ਸਾਹਿਬ ਨੂੰ ਚੱਲ ਪਏ ਅਤੇ ਕੁੱਝ ਕੁ ਸਿੰਘਾਂ ਨਾਲ ਸੰਤ ਜਰਨੈਲ ਸਿੰਘ ਜੀ ਬੱਸ ਰਾਹੀਂ ਗਏ, ਕਿਉਂਕਿ ਇਨ੍ਹਾਂ ਨੇ ਰਸਤੇ ਵਿੱਚ ਕਈ ਪੜ੍ਹਾਵਾ ਤੋਂ ਹੋ ਕੇ ਸ੍ਰੀ ਪਟਨਾ ਸਾਹਿਬ ਪਹੁੰਚਣਾ ਸੀ।

ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਵਤਾਰ ਪੁਰਬ ਮਨਾਉਣ ਲਈ ਦੂਰ ਦੁਰਾਡੇ ਤੋਂ ਸੰਗਤਾਂ ਪਹੁੰਚ ਰਹੀਆਂ ਸਨ, ਨਾਲ ਹੀ ਵੱਖ-ਵੱਖ ਸੰਪਰਦਾਵਾਂ ਦੇ ਮੁਖੀ ਮਹਾਂਪੁਰਖ ਨਿਹੰਗ ਸਿੰਘ ਜੱਥੇਬੰਦੀਆਂ ਦੇ ਮੁਖੀ ਜਥੇਦਾਰ ਵੀ ਹਰ ਸਾਲ ਦੀ ਤਰ੍ਹਾਂ ਇੱਥੇ ਪਹੁੰਚੇ ਹੋਏ ਸਨ। ਜੱਥੇ ਦੇ ਸਿੰਘਾਂ ਦੇ ਇਥੇ ਪਹੁੰਚਦਿਆਂ ਹੀ ਰਾਗੀ ਸਿੰਘਾਂ ਨੇ ਤਖ਼ਤ ਸਾਹਿਬ 'ਤੇ ਹਾਜ਼ਰੀ ਭਰਨੀ ਅਤੇ ਕਥਾ ਸਿੰਘ ਸਾਹਿਬ ਜਥੇਦਾਰ ਤਖਤ ਸ੍ਰੀ ਪਟਨਾ ਸਾਹਿਬ ਭਾਈ ਮਾਨ ਸਿੰਘ ਜੀ ਕਰਿਆ ਕਰਦੇ ਸਨ। ਜਦੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਇਥੇ ਪਹੁੰਚੇ ਤਾਂ ਹਰ ਰੋਜ਼ ਉਹ ਆਪ ਕਥਾ ਕਰਿਆ ਕਰਦੇ ਸਨ। ਪੋਹ ਸੁਦੀ ਸੱਤਵੀਂ ਤੋਂ ਪਹਿਲੀ ਰਾਤ ਕਵੀ ਦਰਬਾਰ ਹੋਇਆ ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਦਾ ਇਤਿਹਾਸ ਪੇਸ਼ ਕੀਤਾ ਗਿਆ। ਹਰ ਸਾਲ ਦੇ ਦਿਨ ਵਿਸ਼ੇਸ਼ ਕਥਾ ਵੀ ਇਸੇ ਸੰਬੰਧ ਵਿੱਚ ਹੋਇਆ ਕਰਦੀ ਹੈ। ਇਸੇ ਲਈ ਗੁਰਪੁਰਬ ਵਾਲੇ ਦਿਨ ਦੂਰ ਦੁਰੇਡਿਆਂ ਤੋਂ ਆਈਆਂ ਸੰਗਤਾਂ ਵਿਸ਼ੇਸ਼ ਤੌਰ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਾਲ ਸੰਬੰਧਤ ਕਥਾ ਸੁਣਨ ਵਾਸਤੇ ਚੁਤਾਵਲੀਆਂ ਹੁੰਦੀਆਂ ਹਨ। ਸ੍ਰੀ ਦਸਮ ਗ੍ਰੰਥ ਵਿੱਚ ਦਰਜ ਕਥਾ ਜੋ ਕਲਗੀਧਰ ਮਹਾਰਾਜ ਨੇ ਆਪਣੇ ਹੱਥੀਂ ਆਪਣੀ ਜੀਵਨ ਕਥਾ ਲਿਖੀ ਹੈ ਅਤੇ

Scanned with CamScanner

ਸੰਸਾਰ ਵਿੱਚ ਆਉਣ ਦਾ ਮੰਤਵ ਦੱਸਿਆ ਹੈ।

ਅਬ ਮੈ ਅਪਨੀ ਕਥਾ ਬਖਾਨੋ ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮ ਕੁੰਟ ਪਰਬਤ ਹੈ ਜਹਾਂ ॥ ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥੧॥
(ਸ੍ਰੀ ਦਸਮ ਗ੍ਰੰਥ ਸਾਹਿਬ)

ਸੰਤ ਜਰਨੈਲ ਸਿੰਘ ਖ਼ਾਲਸਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਦੀ ਕਥਾ ਸੰਗਤਾਂ ਨੂੰ ਸੁਣਾਈ, ਜੋ ਕਿ ਨਾਲ-ਨਾਲ ਹੀ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ 'ਤੇ ਸਿੱਧੇ ਪ੍ਰਸਾਰਣ ਰਾਹੀਂ ਸੁਣਾਈ ਜਾ ਰਹੀ ਸੀ। ਸੰਤਾਂ ਕੋਲੋਂ ਇਹ ਕਥਾ ਵਿਖਿਆਨ ਸੁਣ ਕੇ ਜਿੱਥੇ ਸੰਗਤਾਂ ਕਾਫੀ ਪ੍ਰਸੰਨ ਹੋਈਆਂ ਉੱਥੇ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ ਵੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਕਥਾ ਤੋਂ ਬਾਅਦ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਪਣੇ ਹਿਰਦੇ ਦੀਆਂ ਖੁਸ਼ੀਆਂ ਸਾਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਮੈਂ ਇਸ ਤਖ਼ਤ ਦਾ ਸੇਵਾਦਾਰ ਹੋਣ ਦੇ ਨਾਤੇ ਕਲਗੀਧਰ ਪਾਤਸ਼ਾਹ ਦਾ ਜਿੰਨ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਗੁਰੂ ਮਹਾਰਾਜ ਨੇ ਆਪਣੇ ਕਰ ਕਮਲਾਂ ਤੋਂ ਚਲਾਈ ਹੋਈ ਦਮਦਮੀ ਟਕਸਾਲ ਉੱਪਰ ਮਿਹਰ ਭਰਿਆ ਹੱਥ ਰੱਖਿਆ ਹੋਇਆ ਹੈ, ਜਿਸ ਸਦਕਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੀ ਟਕਸਾਲ ਦੇ ਪਹਿਲੇ ਮਹਾਂਪੁਰਖਾਂ ਵਾਂਗ ਕਥਾ ਕਰਨ ਲਈ ਅਗਖਾਂ ਦੀ ਮੁਹਾਰਤ ਸੌਂਦੇ ਹਨ, ਇਹ ਗੁਰੂ ਸਾਹਿਬ ਦੀ ਕ੍ਰਿਪਾ ਹੈ। (ਯਾਦ ਰਹੇ ਕਿ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਦੇ ਸੱਚਖੰਡ ਜਾਣ ਤੋਂ ਬਾਅਦ ਜਦੋਂ ਦਮਦਮੀ ਟਕਸਾਲ ਦੇ ਜਥੇ ਵੱਲੋਂ ਬਾਬਾ ਠਾਕੁਰ ਸਿੰਘ ਜੀ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਜੀ ਦੀ ਮੁਖੀ ਵਜੋਂ ਚੋਣ ਕੀਤੀ ਸੀ ਉਸ ਵੇਲੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਵੀ ਸਭ ਤੋਂ ਪਹਿਲਾ ਸਿਰੋਪਾਉ ਦੇਣ ਵਾਲੇ ਜਥੇਦਾਰ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਜੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਾਲੇ ਹੀ ਸਨ) ਇਸ ਉਪਰੰਤ ਉਨ੍ਹਾਂ ਨੇ ਖੁਸ਼ੀ ਵਿੱਚ ਜੈਕਾਰਾ ਛੱਡਿਆ। ਕੁੱਝ ਦਿਨ ਹੋਰ ਤਖ਼ਤ ਸਾਹਿਬ ਵਿਖੇ ਕਥਾ ਕੀਰਤਨ ਦਾ ਪ੍ਰਵਾਹ ਚੱਲਦਾ ਰਿਹਾ। ਇੱਥੋਂ ਜੱਥੇ ਨੇ ਕਲਕੱਤੇ (ਹੁਣ ਕੋਲਕੱਤਾ) ਨੂੰ ਜਾਣ ਲਈ ਰਵਾਨਗੀ ਲੈਣੀ ਸੀ। ਪਟਨਾ ਸਾਹਿਬ ਵਿਖੇ ਹੋਰ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨ ਉਪਰੰਤ ਅਖੀਰਲੇ ਦਿਨ ਕਥਾ ਤੋਂ ਬਾਅਦ ਸੰਤਾਂ ਨੇ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਜੀ ਸਮੇਤ ਸਮੁੱਚੀ ਤਖ਼ਤ ਸਾਹਿਬ ਦੀ ਕਮੇਟੀ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਅਤੇ ਇਥੋਂ ਅੱਗੇ ਚਾਲੇ ਪਾਉਣ ਦੀ ਆਗਿਆ ਲਈ।

ਕੁੱਝ ਕੁ ਥਾਵਾਂ 'ਤੇ ਪੜਾਅ ਕਰਦੇ ਹੋਏ ਜਥਾ ਕਲਕੱਤਾ ਵਿਖੇ ਪਹੁੰਚਿਆ। ਇੱਥੇ ਕਾਲੀਘਾਟ ਚੌਕ ਨੇੜੇ ਸੰਗਤਾਂ ਨੇ ਵੱਡੇ ਪੰਧਰ 'ਤੇ ਜੱਥੇ ਦਾ ਸਵਾਗਤ ਕੀਤਾ। ਗੁਰਦੁਆਰਾ ਜਗਤ ਸੁਧਾਰ ਵਿਖੇ ਜਥੇ ਦੇ ਰਹਿਣ ਦਾ ਪ੍ਰਬੰਧ ਕੀਤਾ ਹੋਇਆ ਸੀ ਅਤੇ ਇੱਥੇ ਹੀ ਰੋਜ਼ਾਨਾ ਸਵੇਰ ਦੀ ਕਥਾ ਹੋਇਆ ਕਰਦੀ ਸੀ। ਸ਼ਾਮ ਦਾ ਦੀਵਾਨ ਵੱਖ-ਵੱਖ ਸਿੰਘ ਸਭਾਵਾਂ, ਕਲੋਨੀਆਂ ਅਤੇ ਗੁਰਦੁਆਰਿਆਂ ਵਿਖੇ ਹੋਇਆ ਕਰਦਾ ਸੀ। ਇਥੇ 20 ਦਿਨ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਪਰ ਸ਼ਹਿਰ ਬਹੁਤ ਵੱਡਾ ਹੋਣ ਕਾਰਨ ਬਹੁਤ ਸਾਰੀਆਂ ਕਲੋਨੀਆਂ ਦੇ ਗੁਰਦੁਆਰਿਆਂ ਵਿਖੇ ਪ੍ਰੋਗਰਾਮ ਨਾ ਹੋ ਸਕੇ, ਜਿਸ ਕਾਰਨ ਸੰਗਤਾਂ ਨੇ ਬੇਨਤੀਆਂ ਕਰਕੇ 6 ਦਿਨ ਦਾ ਪ੍ਰੋਗਰਾਮ ਵਧਾਇਆ ਅਤੇ ਇੱਕ ਦਿਨ ਵਿੱਚ ਚਾਰ-ਚਾਰ ਜਗ੍ਹਾ, ਦੀਵਾਨ ਸਜਦੇ ਸਨ। ਹਰ ਐਤਵਾਰ ਨੂੰ ਅੰਮ੍ਰਿਤ ਸੰਚਾਰ ਹੋਇਆ ਕਰਦਾ ਸੀ। ਇਸ ਤਰ੍ਹਾਂ 25 ਦਿਨ ਦੇ ਕਥਾ ਕੀਰਤਨ ਦੇ ਪ੍ਰੋਗਰਾਮ ਨਿਭਾਉਂਦਿਆਂ ਅਖੀਰਲਾ ਪ੍ਰੋਗਰਾਮ 'ਗੁਰਦੁਆਰਾ ਬੜਾ ਸਿੱਖ ਸੰਗਤ' ਵਿਖੇ ਸੀ, ਜਿੱਥੇ ਕਥਾ ਕੀਰਤਨ ਦੇ ਪ੍ਰੋਗਰਾਮ ਨਿਭਾਉਂਦਿਆਂ ਅਖੀਰਲਾ ਪ੍ਰੋਗਰਾਮ 'ਗੁਰਦੁਆਰਾ ਬੜਾ ਸਿੱਖ ਸੰਗਤ' ਵਿਖੇ ਸੀ, ਜਿੱਥੇ ਕਥਾ ਤੋਂ ਉਪਰੰਤ ਸੰਤਾਂ ਨੇ ਪ੍ਰਬੰਧਕਾਂ ਦੇ ਵੱਡੇ ਸਹਿਯੋਗ ਲਈ ਧੰਨਵਾਦ ਕੀਤਾ। ਯਾਦ ਰਹੇ ਕਿ ਇਥੇ ਦਮਦਮੀ ਟਕਸਾਲ ਵੱਲੋਂ ਹਰ ਸਾਲ ਹੀ ਗੁਰਮਤਿ ਪ੍ਰਚਾਰ ਹੋਇਆ ਕਰਦਾ ਸੀ। ਇਸ ਤੋਂ ਅੱਗੇ ਜਥਾ ਸੰਗਤ ਨੇ ਬੰਬਈ ਜਾਣਾ ਸੀ ਪਰ ਰਸਤੇ ਵਿੱਚ ਲਗਾਤਰ ਇੱਕ ਮਹੀਨੇ ਦੇ ਪ੍ਰੋਗਰਾਮ ਸਨ ਇਸ ਲਈ ਜਥਾ ਇਥੋਂ ਰਵਾਨਗੀ ਲੈ ਕੇ ਅਗਲੇ ਪ੍ਰੋਗਰਾਮ ਲਈ ਚੱਲ ਪਿਆ।

ਕਲਕੱਤੇ ਤੋਂ ਚੱਲ ਕੇ ਰੌਜ਼ ਖਿਲ੍ਹਾ, ਟਾਟਾ ਨਗਰ, ਸੰਬਲਪੁਰ, ਸੁਰਾਏਪਾਲੀ, ਰਾਇਪੁਰ ਇਨ੍ਹਾਂ ਸਾਰੇ ਥਾਵਾਂ 'ਤੇ ਤਿੰਨ-ਤਿੰਨ, ਚਾਰ-ਚਾਰ ਦਿਨ ਦੇ ਪ੍ਰੋਗਰਾਮ ਸੰਗਤਾਂ ਨੇ ਉਲੀਕੇ ਹੋਏ ਸਨ। ਜਿਨ੍ਹਾਂ ਨੂੰ ਨਿਭਾਉਂਦਿਆਂ ਹੋਇਆ ਜਥਾ ਰਾਇਪੁਰ ਤੋਂ ਭਲਾਈ ਨਗਰ ਲਈ ਰਵਾਨਾ ਹੋਇਆ। ਭਲਾਈ ਨਗਰ ਵਿਖੇ ਸੰਤ ਕਰਤਾਰ ਸਿੰਘ ਜੀ ਬਰਿਆਰ ਵਾਲਿਆਂ ਦੇ ਜਾਣ ਤੋਂ ਬਾਅਦ ਸਿਮਰਨ ਅਤੇ ਗੁਰਮਤਿ ਪ੍ਰਚਾਰ ਦਾ ਸੰਗਤਾਂ ਵਿੱਚ ਬਹੁਤ ਪ੍ਰਭਾਵ ਸੀ। ਜੋ ਭਿੰਡਰਾਂਵਾਲੇ ਸੰਤਾਂ ਦੇ

Scanned with CamScanner

ਪ੍ਰੋਗਰਾਮ ਮੁਤਾਬਿਕ ਪਹਿਲਾਂ ਹੀ ਭਲਾਈ ਨਗਰ ਪਹੁੰਚ ਚੁੱਕੇ ਸਨ ਅਤੇ ਇਥੇ ਵੱਖ-ਵੱਖ ਗੁਰਦੁਆਰਿਆਂ ਦੇ ਮੁਖੀਆਂ ਨੂੰ ਸੱਦ ਕੇ ਇੱਥੋਂ ਦੇ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਲਈ ਮੀਟਿਗਾਂ ਕਰ ਚੁੱਕੇ ਸਨ। ਭਲਾਈ ਨਗਰ ਵਿਖੇ ਹਿੰਦੁਸਤਾਨ ਦਾ ਬਹੁਤ ਵੱਡਾ ਸਟੀਲ ਕਾਰਖਾਨਾ ਹੈ, ਜਿੱਥੇ ਹਜ਼ਾਰਾਂ ਹੀ ਸਿੱਖ ਨੌਕਰੀ ਕਰਦੇ ਹਨ ਜਿਨ੍ਹਾਂ ਵਿੱਚ ਸੈਂਕੜੇ ਵੱਡੇ-ਵੱਡੇ ਅਫਸਰ ਹਨ ਅਤੇ ਦਰਜਾ-ਬ-ਦਰਜਾ ਅਹੁਦੇਦਾਰ ਹਨ ਅਤੇ ਲਗਭਗ ਸਾਰੇ ਹੀ ਸਾਬਤ ਸੂਰਤ ਹਨ। ਬਰਿਆਰਾਂ ਵਾਲੇ ਸੰਤਾਂ ਨੇ ਸੈਂਕੜੇ ਨੌਜਵਾਨਾਂ ਨੂੰ ਇਸ ਲਈ ਤਿਆਰ ਕੀਤਾ ਸੀ ਕਿ ਜਦੋਂ ਸੰਤ ਭਿੰਡਰਾਂਵਾਲਿਆਂ ਦਾ ਜਥਾ ਦੁਰਗ ਪਹੁੰਚ ਜਾਵੇ ਤਾਂ ਉਸ ਤੋਂ ਪਹਿਲਾਂ ਉਨ੍ਹਾਂ ਦਾ ਮੋਟਰ ਸਾਈਕਲ, ਜੀਪਾਂ-ਕਾਰਾਂ ਆਦਿ ਨਾਲ ਸਵਾਗਤ ਕਰਦਿਆਂ ਕਾਫਲੇ ਦੀ ਸ਼ਕਲ ਵਿੱਚ ਜੱਥੇ ਨੂੰ ਭਲਾਈ ਨਗਰ ਵਿਖੇ ਲੈ ਕੇ ਆਉਣਾ ਹੈ, ਕਿਉਂਕਿ ਪੰਜਾਬ ਤੋਂ ਬਾਹਰਲੀਆਂ ਸਟੇਟਾਂ ਵਿੱਚ ਗੈਰ ਸਿੱਖਾਂ ਨੂੰ ਵੀ ਪਤਾ ਲੱਗਣਾ ਚਾਹੀਦਾ ਹੈ ਕਿ ਸਿੱਖ ਆਪਣੇ ਧਾਰਮਿਕ ਆਗੂਆਂ ਦਾ ਕਿਸ ਤਰ੍ਹਾਂ ਦਾ ਸਵਾਗਤ ਕਰਦੇ ਹਨ। ਬਰਿਆਰਾਂ ਵਾਲੇ ਸੰਤਾਂ ਦੇ ਇਸ ਪ੍ਰਬੰਧ ਦਾ ਇੰਨਾ ਪ੍ਰਭਾਵ ਪਿਆ ਕਿ ਕੇਵਲ ਨੌਜਵਾਨ ਹੀ ਨਹੀਂ ਬਲਕਿ ਬਹੁਤ ਸਾਰੇ ਟਰਾਂਸਪੋਰਟਰ ਸਿੱਖ ਆਪੋ ਆਪਣੀਆਂ ਗੱਡੀਆਂ ਅਤੇ ਆਮ ਉਹ ਸਿੱਖ ਜਿਨ੍ਹਾਂ ਕੋਲ ਜੀਪਾਂ ਕਾਰਾਂ ਸਨ ਉਹ ਕਾਫਲੇ ਨਾਲ ਆ ਰਲੇ। ਦੁਰਗ ਤੋਂ ਰਾਇਪੁਰ ਵਾਲੇ ਪਾਸੇ ਲਗਭਗ ਦਸ ਕਿਲੋਮੀਟਰ ਬਾਹਰ ਜੱਥੇ ਵਾਸਤੇ ਜਲ ਪਾਣੀ ਦਾ ਪ੍ਰਬੰਧ ਕੀਤਾ ਹੋਇਆ ਸੀ। ਜਿਉਂ ਹੀ ਜਥਾ ਇਥੇ ਪਹੁੰਚਿਆ ਤਾਂ ਸੈਕਾਰਿਆਂ ਦੀ ਗੂੰਜ ਵਿੱਚ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਭਿੰਡਰਾਂਵਾਲਿਆਂ ਸੰਤਾਂ ਅਤੇ ਸਮੁੱਚੇ ਜੱਥੇ ਨੇ ਗੱਡੀਆਂ ਤੋਂ ਥੱਲੇ ਉਤਰ ਕੇ ਸੰਗਤਾਂ ਨਾਲ ਮੇਲ-ਮਿਲਾਪ ਕੀਤਾ, ਬਰਿਆਰਾਂ ਵਾਲੇ ਸੰਤਾਂ ਨੂੰ ਮਿਲੇ ਅਤੇ ਜਲ ਪਾਣੀ ਛਕਿਆ। ਬਹੁਤ ਸਾਰੀਆਂ ਗੱਡੀਆਂ ਮੋਟਰਾਂ ਅਤੇ ਮੋਟਰ ਸਾਈਕਲਾਂ 'ਤੇ ਲੱਗੀਆਂ ਹੋਈਆਂ ਕੇਸਰੀ ਰੰਗ ਦੀਆਂ ਝੰਡੀਆਂ ਵੇਖੀਆਂ ਤਾਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਜੀ ਨੇ ਬਰਿਆਰਾਂ ਵਾਲੇ ਸੰਤਾਂ ਨੂੰ ਪੁੱਛਿਆ ਕਿ ਇਹ ਕਿਸ ਲਈ ਹਨ? ਤਾਂ ਉਨ੍ਹਾਂ ਕਿਹਾ ਕਿ ਇਹ ਸਭ ਸੰਗਤਾਂ ਆਪ ਜੀ ਦੇ ਸਵਾਗਤ ਵਾਸਤੇ ਅੱਗੋਂ ਲੈਣ ਆਈਆਂ ਹਨ ਤਾਂ ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਠੀਕ ਨਹੀਂ ਕਿਸੇ ਵਿਅਕਤੀ ਲਈ ਅਜਿਹਾ ਕਰਨਾ ਜਥੇ ਦੀ ਮਰਿਆਦਾ ਨਹੀਂ। ਪਰ ਬਰਿਆਰਾਂ ਵਾਲੇ ਸੰਤਾਂ ਨੇ ਆਖਿਆ ਕਿ ਇਹ ਵਿਅਕਤੀਗਤ ਕੇਵਲ ਤੁਹਾਡੇ ਲਈ ਨਹੀਂ ਬਲਕਿ ਸਮੁੱਚੇ ਜਥੇ ਵਾਸਤੇ ਹੈ ਅਤੇ ਜਥਾ ਖ਼ਾਲਸਾ ਪੰਥ ਦਾ ਅੰਗ ਹੈ। ਇਸ ਲਈ ਸਮੁੱਚੇ ਜਥੇ ਦੇ ਸਤਿਕਾਰ ਵਿੱਚ ਅਜਿਹਾ ਕਰਨਾ ਕਿਸੇ ਤਰ੍ਹਾਂ ਵੀ ਪੰਥਕ ਮਰਿਆਦਾ ਦੇ ਉਲਟ ਨਹੀਂ ਹੈ ਕਿਉਂਕਿ ਇਹ ਜਥਾ ਨਿਰੋਲ ਧਰਮ ਪ੍ਰਚਾਰ ਵਾਸਤੇ ਆ ਰਿਹਾ ਹੈ। ਫਿਰ ਇੱਥੋਂ ਦੇ ਆਮ ਲੋਕਾਂ ਨੂੰ ਵੀ ਪਤਾ ਲੱਗਣਾ ਚਾਹੀਦਾ ਹੈ ਕਿ ਸਾਡੇ ਸ਼ਹਿਰ ਵਿੱਚ ਸਿੱਖਾਂ ਦਾ ਕੋਈ ਧਾਰਮਿਕ ਨੇਤਾ ਪਹੁੰਚਿਆ ਹੈ। ਇਸ ਉਪਰੰਤ ਭਿੰਡਰਾਂਵਾਲੇ ਜਥੇ ਦੀਆਂ ਗੱਡੀਆਂ ਅੱਗੇ ਮੋਟਰ ਸਾਈਕਲ ਅਤੇ ਖੁੱਲ੍ਹੀਆਂ ਜੀਪਾਂ ਦਾ ਕਾਫਲਾ ਚੱਲ ਪਿਆ। ਜਿਸ ਵਿੱਚ ਨੌਜਵਾਨ ਜੈਕਾਰੇ ਛੱਡ ਰਹੇ ਸਨ ਅਤੇ ਦੇਗ-ਤੇਗ਼ ਫਤਿਹ, ਪੰਥ ਕੀ ਜੀਤ, ਰਾਜ ਕਰੇਗਾ ਖ਼ਾਲਸਾ ਆਦਿ ਦੇ ਨਾਅਰੇ ਵੀ ਲਾ ਰਹੇ ਸਨ। ਦੁਰਗ ਸ਼ਹਿਰ ਵਿੱਚ ਪ੍ਰਵੇਸ਼ ਹੁੰਦਿਆਂ ਹੀ ਇਸ ਦ੍ਰਿਸ਼ ਨੂੰ ਵੇਖ ਕੇ ਸਭ ਦੁਕਾਨਦਾਰ ਦੁਕਾਨਾਂ ਤੋਂ ਬਾਹਰ ਨਿਕਲ ਕੇ ਵੇਖਣ ਲੱਗੇ ਕਿ ਇਹ ਕੀ ਹੋ ਰਿਹਾ ਹੈ? ਪੁੱਛਣ ਤੋਂ ਪਤਾ ਲੱਗਦਾ ਕਿ ਸਿੱਖਾਂ ਦੇ ਧਾਰਮਿਕ ਆਗੂ ਸੰਤ ਭਿੰਡਰਾਂਵਾਲਾ ਜਥੇ ਸਮੇਤ ਇੱਥੇ ਆਏ ਹੋਏ ਹਨ ਜਿਸਦੇ ਸਤਿਕਾਰ ਲਈ ਇੱਥੋਂ ਦੀਆਂ ਸੰਗਤਾਂ ਨੇ ਤਰ੍ਹਾਂ-ਤਰ੍ਹਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਹੋਇਆ ਹੈ। ਇਸ ਨਾਲ ਸਭ ਸਿੱਖਾਂ ਨੂੰ ਜਿਨ੍ਹਾਂ ਨੂੰ ਸੰਤਾਂ ਦੇ ਆਉਣ ਬਾਰੇ ਨਹੀਂ ਵੀ ਪਤਾ ਸੀ ਉਨ੍ਹਾਂ ਨੂੰ ਵੀ ਪਤਾ ਲੱਗ ਗਿਆ ਅਤੇ ਇੱਕ ਦੂਜੇ ਨੂੰ ਪੁੱਛ ਕੇ ਸੰਤਾਂ ਦੇ ਪ੍ਰੋਗਰਾਮਾਂ ਬਾਰੇ ਵੀ ਜਾਣਕਾਰੀ ਹਾਸਲ ਕਰ ਲਈ ਗਈ। ਇਸ ਤਰ੍ਹਾਂ ਕਾਫਲੇ ਦੇ ਰੂਪ ਵਿੱਚ ਜਥਾ ਭਲਾਈ ਨਗਰ ਪਹੁੰਚਿਆ ਜਿਥੇ ਇੱਕ ਸਕੂਲ ਵਿੱਚ ਜਥੇ ਦੇ ਰਹਿਣ ਲਈ ਪ੍ਰਬੰਧ ਕੀਤਾ ਗਿਆ, ਨਾਲ ਹੀ ਇੱਕ ਬਹੁਤ ਸੁੰਦਰ ਗੁਰਦੁਆਰਾ ਸੀ ਜਿਸ ਵਿੱਚ ਕੁੱਝ ਕੁ ਰਿਹਾਇਸ਼ੀ ਕੋਠੇ ਵੀ ਸਨ। ਇਸ ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਸ਼ਾਮ ਦੀ ਕਥਾ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ ਅਤੇ ਸਵੇਰ ਤੋਂ ਸ਼ਾਮ ਤੱਕ ਦੇ ਪ੍ਰੋਗਰਾਮ ਵੱਖ ਵੱਖ ਸਿੰਘ ਸਭਾਵਾਂ ਅਤੇ ਹੋਰ ਗੁਰਦੁਆਰਾ ਸਾਹਿਬਾਨ ਵਿਖੇ ਵੱਖ-ਵੱਖ ਕਲੋਨੀਆਂ ਵਿੱਚ ਰੱਖੇ ਹੋਏ ਸਨ। ਇਸ ਦੇ ਨਾਲ ਹੀ ਕੁਝ ਪ੍ਰੋਗਰਾਮ ਗੁਰਦੁਆਰਾ ਦੁਰਗ ਵਿਖੇ ਸਨ। ਦੁਰਗ ਅਤੇ ਭਲਾਈ ਆਪਸ ਵਿੱਚ ਮਿਲੇ ਹੋਏ ਸ਼ਹਿਰ ਹਨ। ਇਥੇ ਦਸ ਦਿਨ ਦਾ ਧਾਰਮਿਕ ਪ੍ਰੋਗਰਾਮ ਸੀ ਜਿਸ ਵਿੱਚ ਵੱਖ-ਵੱਖ ਥਾਵਾਂ 'ਤੇ 35 ਦੇ ਲਗਭਗ ਸਮਾਗਮ ਕੀਤੇ ਗਏ। ਸਾਰੇ ਇਸ ਪ੍ਰਬੰਧ ਲਈ ਸੰਤ ਕਰਤਾਰ ਸਿੰਘ ਜੀ ਬਰਿਆਰਾਂ ਵਾਲਿਆਂ ਨਾਲ ਜਥੇਦਾਰ ਸੁੱਚਾ ਸਿੰਘ, ਸ. ਅਵਤਾਰ ਸਿੰਘ, ਸ. ਸੁਰਤਾ ਸਿੰਘ ਢਿੱਲੋਂ, ਸ. ਰਣਜੀਤ ਸਿੰਘ ਭਾਟੀਆ,

Scanned with CamScanner

ਸ. ਇੰਦਰਪਾਲ ਸਿੰਘ ਭੁਾਟੀਆ, ਸ. ਇਕਬਾਲ ਸਿੰਘ ਭਾਟੀਆ, ਸ. ਗੁਰਦਿਆਲ ਸਿੰਘ ਚਾਵਲਾ, ਸ. ਤਰਲੋਕ ਸਿੰਘ ਭਾਟੀਆ, ਸ. ਅੰਤਰ ਸਿੰਘ ਸੂਰੀ, ਸ. ਸੋਹਨ ਸਿੰਘ ਸੇਠੀ, ਭਾਈ ਤਰਸੇਮ ਸਿੰਘ, ਭਾਈ ਸੋਹਣ ਸਿੰਘ, ਭੁਾਈ ਮੋਹਰ ਸਿੰਘ, ਭਾਈ ਪਿਆਰਾ ਸਿੰਘ, ਭੁਾਈ ਸ਼ੀਤਲ ਸਿੰਘ, ਸ. ਗੁਰਜੀਤ ਸਿੰਘ ਜੀ ਐੱਮ.ਏ., ਭਾਈ ਧੰਨਾ ਸਿੰਘ, ਭਾਈ ਆਤਮਾ ਸਿੰਘ ਆਦਿ ਸਹਿਯੋਗੀ ਸਨ। ਇਨ੍ਹਾਂ ਦਸਾਂ ਦਿਨਾਂ ਵਿੱਚ ਭਾਰੀ ਗੁਰਮਤਿ ਪ੍ਰਚਾਰ ਹੋਇਆ। ਇੱਕ ਦਿਨ ਸਾਰੇ ਜੱਥੇ ਨੂੰ ਨਾਲ ਲੈ ਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਪ੍ਰਬੰਧਕ ਸਿੰਘਾਂ ਦੇ ਕਹਿਣ 'ਤੇ ਸਟੀਲ ਕਾਰਖਾਨੇ ਵੀ ਗਏ ਜਿੱਥੇ ਉਥੋਂ ਦੇ ਪ੍ਰਬੰਧਕਾਂ ਨੇ ਸੰਤਾਂ ਦਾ ਭਾਰੀ ਸਵਾਗਤ ਕੀਤਾ ਅਤੇ ਕਾਰਖਾਨਾ ਵੀ ਵਿਖਾਇਆ ਜੋ ਮੀਲਾਂ ਵਿੱਚ ਫੈਲਿਆ ਹੋਇਆ ਹੈ। ਇਸ ਵਿੱਚ ਲੋਹਾ ਤਿਆਰ ਕਰਨ ਲਈ ਲਗਾਈਆਂ ਵੱਖ-ਵੱਖ ਮਸ਼ੀਨਾਂ ਦੀ ਜਾਣਕਾਰੀ ਦਿੱਤੀ। ਉਥੇ ਇਕੱਠੇ ਹੋਏ ਪ੍ਰਬੰਧਕ ਅਫਸਰਾਂ ਨੂੰ ਜੋ ਵੱਖ-ਵੱਖ ਧਰਮਾਂ ਨਾਲ ਸਬੰਧ ਰੱਖਦੇ ਸਨ ਸੰਤਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਹੋਇਆਂ ਸਭਨਾਂ ਨੂੰ ਆਪੋ ਆਪਣੇ ਧਰਮ ਵਿੱਚ ਪੱਕਿਆਂ ਰਹਿੰਦਿਆਂ ਆਪਣੇ ਧਰਮ ਦੀ ਇਬਾਦਤ ਕਰਨੀ ਚਾਹੀਦੀ ਹੈ। ਉਨ੍ਹਾਂ ਖਾਸ ਕਰਕੇ ਸਿੱਖਾਂ ਨੂੰ ਬੇਨਤੀ ਕੀਤੀ ਕਿ ਕਿਰਤ ਦੇ ਨਾਲ ਆਪਣੇ ਧਰਮ ਲਈ ਪ੍ਰਪੱਕ ਹੋਵੋ, ਗੁਰੂ ਦੇ ਹੁਕਮ ਮੁਤਾਬਿਕ ਨਾਮ ਬਾਣੀ ਨਾਲ ਜੁੜੋ, ਅੰਮ੍ਰਿਤ ਛਕ ਕੇ ਸਿੰਘ ਸਜੋ, ਜਿਸ ਨਾਲ ਦੁਨੀਆਂ ਵਿੱਚ ਜੈ-ਜੈ ਕਾਰ ਅਤੇ ਪ੍ਰਲੋਕ ਵਿੱਚ ਭਲਾ ਹੋਵੇਗਾ। ਸੰਤਾਂ ਦੇ ਇਨ੍ਹਾਂ ਬਚਨਾਂ ਤੋਂ ਸਾਰੇ ਪ੍ਰਬੰਧਕ ਬਹੁਤ ਹੀ ਪ੍ਰਭਾਵਿਤ ਹੋਏ। ਸ਼ਾਮ ਦੇ ਸਮਾਗਮ ਸਮੇਂ ਤੱਕ ਜਥਾ ਵਾਪਸ ਪ੍ਰੋਗਰਾਮ ਵਾਲੀ ਥਾਂ 'ਤੇ ਪਹੁੰਚ ਗਿਆ। ਆਖਰੀ ਦਿਨ ਅੰਮ੍ਰਿਤ ਸੰਚਾਰ ਹੋਇਆ ਜਿੱਥੇ ਅੰਮ੍ਰਿਤ ਅਭਿਲਾਖੀਆਂ ਨੇ ਅੰਮ੍ਰਿਤਪਾਨ ਕੀਤਾ। ਇੱਥੋਂ ਦੀਆਂ ਸੰਗਤਾਂ ਅਤੇ ਖਾਸ ਕਰਕੇ ਪ੍ਰਬੰਧਕ ਇਸ ਗੱਲੋਂ ਵੀ ਸੰਤੁਸ਼ਟ ਸਨ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਪੰਥ ਦੇ ਸੱਚੇ ਸੁੱਚੇ ਅਤੇ ਨਿਧੜਕ ਪ੍ਰਚਾਰਕ ਹਨ। ਸਵੇਰ ਦੇ ਪ੍ਰੋਗਰਾਮ ਸਮੇਂ ਸਮੁੱਚੀਆਂ ਸੰਗਤਾਂ ਅਤੇ ਸੰਤ ਬਾਬਾ ਕਰਤਾਰ ਸਿੰਘ ਜੀ ਝਰਿਆਰਾਂ ਵਾਲਿਆਂ ਦਾ ਧੰਨਵਾਦ ਕਰਦਿਆਂ ਹੋਇਆਂ ਸੰਤਾਂ ਨੇ ਜਥਾ ਸੰਗਤ ਦੇ ਇੱਥੇ ਰਹਿੰਦਿਆਂ ਅਤੇ ਪ੍ਰੋਗਰਾਮ ਕਰਦਿਆਂ ਹੋਈਆਂ ਗਲਤੀਆਂ ਦੀ ਖਿਮਾ ਮੰਗੀ। ਸੰਤਾਂ ਦੇ ਬੋਲਦਿਆਂ ਹੋਇਆਂ ਬਹੁਤ ਸਾਰੀਆਂ ਸੰਗਤਾਂ ਦੇ ਅੱਖਾਂ ਵਿੱਚੋਂ ਪ੍ਰੇਮ ਦਾ ਜਲ ਵਹਿ ਤੁਰਿਆ। ਅੱਗੇ ਤੋਂ ਹਰ ਸਾਲ ਪ੍ਰੋਗਰਾਮ ਪੱਕਾ ਕਰਕੇ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਜਥਾ ਸੰਗਤ ਨੂੰ ਅਤੇ ਸੰਤਾਂ ਨੂੰ ਵਿਦਾਇਗੀ ਦਿੱਤੀ।

ਭਲਾਈ ਨਗਰ ਤੋਂ ਜਥਾ ਨਾਗਪੁਰ ਵਿਖੇ ਪਹੁੰਚਿਆ, ਜਿਥੇ ਸਿੱਖਾਂ ਦੀ ਕਾਫੀ ਗਿਣਤੀ ਹੈ ਅਤੇ ਸ਼ਹਿਰ ਵਿੱਚ ਕਈ ਗੁਰਦੁਆਰੇ ਹਨ। ਗੁਰਦੁਆਰਾ ਸਿੰਘ ਸਭਾ ਵਿਖੇ ਜੱਥੇ ਦੇ ਰਹਿਣ ਦਾ ਪ੍ਰਬੰਧ ਕੀਤਾ ਹੋਇਆ ਸੀ। ਇੱਥੇ ਪਹਿਲਾਂ ਵੀ ਜੱਥਾ ਹਰ ਸਾਲ ਹੀ ਆਉਂਦਾ ਰਿਹਾ ਹੈ। ਪਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਮਦਮੀ ਟਕਸਾਲ ਦੇ ਮੁਖੀ ਬਣਨ ਤੋਂ ਬਾਅਦ ਪਹਿਲੀ ਵਾਰ ਇਥੇ ਪਹੁੰਚੇ ਸਨ। ਇਸ ਲਈ ਸਾਰੀਆਂ ਹੀ ਸਿੰਘ ਸਭਾਵਾਂ ਦੇ ਮੁਖੀ ਅਤੇ ਸਿੱਖ ਸੰਗਤਾਂ ਖਾਸ ਕਰਕੇ ਨੌਜਵਾਨਾਂ ਨੇ ਪ੍ਰੋਗਰਾਮ ਸੁਣਨ ਵਾਸਤੇ ਦੀਵਾਨਾਂ 'ਚ ਹਾਜ਼ਰੀਆਂ ਭਰੀਆਂ। ਪਹਿਲਾ ਦੀਵਾਨ ਸੁਣਦਿਆਂ ਹੀ ਸੰਗਤਾਂ ਨੂੰ ਭਾਰੀ ਤਸੱਲੀ ਹੁੰਦੀ। ਸੰਤਾਂ ਨੇ ਇਨ੍ਹਾਂ ਦੀਵਾਨਾਂ ਵਿੱਚ ਸ਼ਬਦ ਗੁਰੂ ਦੀ ਵਿਆਖਿਆ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਿੱਖਾਂ ਦਾ ਕੋਈ ਵਿਅਕਤੀ ਗੁਰੂ ਨਹੀਂ ਹੈ। ਦਸ ਗੁਰੂ ਸਾਹਿਬਾਨਾਂ ਤੋਂ ਬਾਅਦ ਹੁਣ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦਾ ਗੁਰੂ ਹੈ ਅਤੇ ਇਹ ਹੀ ਸਰਬ ਕਲਾ ਸਮਰੱਥ ਗੁਰੂ ਹੈ। ਅੱਜ ਕੱਲ੍ਹ ਕਈ ਵਿਅਕਤੀ ਆਪਣੇ ਆਪ ਨੂੰ ਗੁਰੂ ਸਥਾਪਿਤ ਕਰੀ ਬੈਠੇ ਹਨ ਜੋ ਨਿਰਾ ਪਾਖੰਡ ਹੈ ਅਤੇ ਅਜਿਹੇ ਜਾਲ ਵਿੱਚ ਸਿੱਖਾਂ ਨੂੰ ਬਿਲਕੁੱਲ ਹੀ ਨਹੀਂ ਫਸਣਾ ਚਾਹੀਦਾ। ਸਾਨੂੰ ਗੁਰੂ ਦਾ ਹੁਕਮ ਹੈ ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ, ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ਇਸ ਲਈ ਪੰਜਾਂ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੋ। ਇਸ ਤਰ੍ਹਾਂ ਦੇ ਕਥਾ ਵਿਖਿਆਨ ਦਾ ਸਿੱਖ ਸੰਗਤਾਂ ਖਾਸ ਕਰਕੇ ਨੌਜਵਾਨਾਂ 'ਤੇ ਡੂੰਘਾ ਅਸਰ ਹੋਇਆ। ਕਿਉਂਕਿ ਪੰਜਾਬ ਅਤੇ ਦਿੱਲੀ ਤੋਂ ਬਾਹਰ ਨਕਲੀ ਨਿਰੰਕਾਰੀਆਂ ਦਾ ਇਹ ਖਾਸ ਅੱਡਾ ਹੈ ਜਿਥੇ ਆ ਕੇ ਉਹ ਅਕਸਰ ਹੀ ਆਪਣੇ ਕੂੜ ਦੀ ਦੁਕਾਨ ਚਲਾਉਂਦੇ ਹਨ। ਇਸ ਲਈ ਸਿੱਖ ਸੰਗਤਾਂ ਨੂੰ ਸੁਚੇਤ ਕਰਨਾ ਸੰਤਾਂ ਨੇ ਸਮੇਂ ਦੀ ਲੋੜ ਸਮਝਦਿਆਂ ਅਜਿਹਾ ਕੀਤਾ। ਇਸੇ ਤਰ੍ਹਾਂ ਸੱਤ ਦਿਨਾਂ ਦੇ ਪ੍ਰੋਗਰਾਮ ਵਿੱਚ ਸੰਗਤਾਂ 'ਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ ਅਤੇ ਸੱਤਵੇਂ ਦਿਨ ਅੰਮ੍ਰਿਤ ਸੰਚਾਰ ਹੋਇਆ। ਵੱਡੀ ਗਿਣਤੀ ਵਿੱਚ ਸੰਗਤਾਂ ਨੇ ਅੰਮ੍ਰਿਤਪਾਨ ਕੀਤਾ, ਜਿਨ੍ਹਾਂ ਵਿੱਚ ਸਿੱਖ ਨੌਜਵਾਨਾਂ ਦੀ ਗਿਣਤੀ ਜਿਆਦਾ ਸੀ। ਅਖੀਰਲੇ ਦੀਵਾਨ ਵਿੱਚ

Scanned with CamScanner

ਸੰਤਾਂ ਨੇ ਅੰਮ੍ਰਿਤਪਾਨ ਕਰਨ ਵਾਲੇ ਵਿਅਕਤੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਸੀਂ ਗੁਰੂ ਕਲਗੀਧਰ ਪਾਤਿਸ਼ਾਹ ਦੇ ਪੁੱਤਰ ਪੁੱਤਰੀਆਂ ਬਣੇ ਹੋ। ਜੋ ਪੰਥ ਦੀ ਸ਼ਾਜਨਾ ਕਰਨ ਵਾਲਾ ਸਮਰੱਥ ਗੁਰੂ ਹੈ। ਇਸ ਲਈ ਅੱਜ ਅੰਮ੍ਰਿਤਪਾਨ ਕਰਨ ਵਾਲਿਆਂ ਨੂੰ ਸਭ ਤੋਂ ਵੱਡਾ ਫ਼ਖ਼ਰ ਹੋਣਾ ਚਾਹੀਦਾ ਹੈ, ਜੇਕਰ ਪੰਜਾਂ ਪਿਆਰਿਆਂ ਵੱਲੋਂ ਦਰਸਾਈ ਗਈ ਰਹਿਤ ਮਰਿਆਦਾ ਵਿੱਚ ਪ੍ਰਪੱਕ ਰਹਾਂਗੇ ਤਾਂ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਰ ਮੈਦਾਨ ਫ਼ਤਿਹ ਬਖਸ਼ਣਗੇ।

ਇਸ ਤੋਂ ਬਾਅਦ ਇਥੋਂ ਦੇ ਵੱਖ-ਵੱਖ ਥਾਈਂ ਕੀਤੇ ਗਏ ਪ੍ਰਬੰਧ ਲਈ ਪ੍ਰਬੰਧਕ ਗੁਰਮੁਖਾਂ ਅਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਸੰਤਾਂ ਨੇ ਅੱਗੇ ਜਾਣ ਲਈ ਆਗਿਆ ਮੰਗੀ ਜਿਸ 'ਤੇ ਨਾਗਪੁਰ ਦੀਆਂ ਸਮੁੱਚੀਆਂ ਸੰਗਤਾਂ ਤੇ ਪ੍ਰਬੰਧਕਾਂ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਜੀ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਅਤੇ ਅੱਗੇ ਤੋਂ ਵੀ ਇਸ ਸ਼ਹਿਰ ਵਿੱਚ ਪ੍ਰੋਗਰਾਮ ਪੱਕਾ ਕਰਨ ਲਈ ਬੇਨਤੀ ਕੀਤੀ ਅਤੇ ਨਾਲ ਹੀ ਆਖਿਆ ਕਿ ਆਪ ਜੀ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਵੱਲ ਵੀ ਵੱਧ ਤੋਂ ਵੱਧ ਤਵੱਜੋ ਦਿਓ ਤਾਂ ਕਿ ਬਾਹਰਲੀਆਂ ਸਟੇਟਾਂ ਦੇ ਸਿੱਖ ਵੀ ਸਿੱਖੀ ਵਿੱਚ ਪ੍ਰਪੱਕ ਰਹਿਣ। ਇਸ ਤੋਂ ਉਪਰੰਤ ਆਗਿਆ ਲੈ ਕੇ ਸੰਤਾਂ ਨੇ ਅਗਲੇ ਪੜਾਅ ਲਈ ਰਵਾਨਗੀ ਲਈ। ਇਥੇ ਬਹੁਤ ਸਾਰੀਆਂ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਗੀ ਦਿੱਤੀ ਉਥੇ ਸੈਂਕੜੇ ਹੀ ਸਿੱਖ ਨੌਜਵਾਨ ਆਪੋ ਆਪਣੀਆਂ ਗੱਡੀਆਂ, ਮੋਟਰ ਸਾਈਕਲਾਂ 'ਤੇ ਸੰਤਾਂ ਨੂੰ ਸ਼ਹਿਰ ਤੋਂ ਬਾਹਰ ਤੱਕ ਵਿਦਾਇਗੀ ਦੇਣ ਲਈ ਆਏ।

ਅਮਰਾਵਤੀ ਤੋਂ ਹੁੰਦੇ ਹੋਏ ਜਥਾ ਸੰਗਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਪਹੁੰਚੀ। ਇਥੇ ਗੁਰਦੁਆਰਾ ਲੰਗਰ ਸਾਹਿਬ ਵਿਖੇ ਜਥੇ ਦੇ ਰਹਿਣ ਦਾ ਪ੍ਰਬੰਧ ਸੀ। ਇਥੋਂ ਦੇ ਮੁੱਖ ਪ੍ਰਬੰਧਕ ਮੋਨੀ ਆਤਮਾ ਸਿੰਘ ਜੀ ਸਨ, ਜਿਨ੍ਹਾਂ ਨੇ ਜੱਥੇ ਦੇ ਪਹੁੰਚਣ ਤੋਂ ਪਹਿਲਾਂ ਹੀ ਹਰ ਤਰ੍ਹਾਂ ਦੇ ਰਹਿਣ ਦਾ ਪ੍ਰਬੰਧ ਕੀਤਾ ਹੋਇਆ ਸੀ। ਸਵੇਰ ਹੁੰਦਿਆਂ ਹੀ ਸੰਤਾਂ ਨੇ ਸਾਰੇ ਜਥੇ ਦੇ ਸਿੰਘਾਂ ਨੂੰ ਇੱਕ ਥਾਂ ਬੁਲਾਇਆ ਅਤੇ ਕੁੱਝ ਵਿਸ਼ੇਸ਼ ਸਿੱਖਿਆਵਾਂ ਦਿੱਤੀਆਂ ਕਿ ਅਸੀਂ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਲਈ ਆਏ ਹਾਂ। ਇਸ ਲਈ ਮਨ ਵਿੱਚ ਸ਼ਰਧਾ ਭਾਵਨਾ ਰੱਖ ਕੇ ਦਰਸ਼ਨ ਦੀਦਾਰੇ ਕਰਨੇ ਹਨ ਅਤੇ ਜਿਵੇਂ-ਜਿਵੇਂ ਵੀ ਸ਼ਾਮਾਂ ਲੱਗੇ ਨਾਂਦੇੜ ਸਾਹਿਬ ਵਿਖੇ ਜਿੰਨੇ ਵੀ ਇਤਿਹਾਸਿਕ ਸਥਾਨ ਹਨ ਉਨ੍ਹਾਂ ਦੇ ਵੀ ਦਰਸ਼ਨ ਦੀਦਾਰੇ ਕਰਨੇ ਹਨ ਅਤੇ ਸਾਰਾ ਜੱਥਾ ਇਕੱਠਿਆਂ ਹੀ ਕਰਨਾਟਕ ਦੇ ਸ਼ਹਿਰ ਬਿਦਰ ਵਿਖੇ ਗੁਰਦੁਆਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਨ ਲਈ ਚੱਲਾਂਗੇ। ਸਾਰੇ ਜਥੇ ਦੇ ਸਿੰਘਾਂ ਨੂੰ ਬੇਨਤੀ ਹੈ ਕਿ ਸਵੇਰ ਦੀ ਕਥਾ ਸਮੇਂ ਸਭ ਸਿੰਘਾਂ ਨੇ ਤਖ਼ਤ ਸਾਹਿਬ 'ਤੇ ਹਾਜ਼ਰੀਆਂ ਭਰਨੀਆਂ ਹਨ ਅਤੇ ਸ਼ਾਮ ਦੀ ਕਥਾ ਇਥੇ ਗੁਰਦੁਆਰਾ ਲੰਗਰ ਸਾਹਿਬ ਬਾਬਾ ਨਿਧਾਨ ਸਿੰਘ ਵਿਖੇ ਹੋਇਆ ਕਰੇਗੀ। ਇਥੇ ਰਹਿੰਦਿਆਂ ਸਾਰੇ ਸਿੰਘਾਂ ਨੂੰ ਆਪਣੇ ਨਿੱਤਨੇਮ ਤੋਂ ਇਲਾਵਾ ਵਿਸ਼ੇਸ਼ ਸਿਮਰਨ ਭਜਨ ਕਰਨਾ ਚਾਹੀਦਾ ਹੈ। (ਯਾਦ ਰਹੇ ਕਿ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਹੁੰਦਿਆਂ ਵੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਕੁੱਝ ਸਿੰਘਾਂ ਨਾਲ ਇਥੇ ਰਹਿ ਕੇ ਸਵਾ-ਸਵਾ ਮਹੀਨੇ ਤੱਕ ਵਿਸ਼ੇਸ਼ ਜਾਪ ਕਰਿਆ ਕਰਦੇ ਸਨ)।

ਅਗਲੇ ਦਿਨ ਸਵੇਰੇ ਸਮੁੱਚਾ ਜਥਾ ਸੱਚਖੰਡ ਤਖ਼ਤ ਸਾਹਿਬ ਵਿਖੇ ਦਰਸ਼ਨ ਦੀਦਾਰੇ ਕਰਨ ਗਿਆ। ਕਥਾ ਦੇ ਸਮੇਂ ਇੱਥੋਂ ਦੇ ਮੁੱਖ ਜਥੇਦਾਰ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਮੋਨੀ ਨੇ ਸੰਤਾਂ ਨੂੰ ਕਿਹਾ ਕਿ ਜਿੰਨੇ ਦਿਨ ਵੀ ਆਪ ਇੱਥੇ ਹੋ, ਕਥਾ ਦੀ ਸੇਵਾ ਤੁਸਾਂ ਹੀ ਕਰਿਆ ਕਰਨੀ ਹੈ। ਪਹਿਲਾਂ ਵੀ ਜਦੋਂ ਭਿੰਡਰਾਂਵਾਲਾ ਜਥਾ ਇਥੇ ਦਰਸ਼ਨਾਂ ਲਈ ਆਉਂਦਾ ਹੈ ਤਾਂ ਕਥਾ ਦੀ ਸੇਵਾ ਉਨ੍ਹਾਂ ਵੱਲੋਂ ਹੀ ਨਿਭਾਈ ਜਾਂਦੀ ਹੈ। ਤੁਸੀਂ ਦਮਦਮੀ ਟਕਸਾਲ ਦੇ ਮੁਖੀ ਬਣਨ ਤੋਂ ਬਾਅਦ ਪਹਿਲੀ ਵਾਰ ਇਸ ਅਸਥਾਨ ਵਿਖੇ ਆਏ ਹੋ ਇਸ ਲਈ ਤੁਹਾਨੂੰ ਇਹ ਬੇਨਤੀ ਕੀਤੀ ਹੈ। ਇਸ ਉਪਰੰਤ ਸੰਤ ਜਰਨੈਲ ਸਿੰਘ ਜੀ ਨੇ ਤਖ਼ਤ ਸਾਹਿਬ ਵਿਖੇ ਸਵੇਰ ਦੇ ਦੀਵਾਨ ਦੀ ਕਥਾ ਕੀਤੀ, ਜਿੱਥੇ ਦੂਰ ਦੁਰੇਡੇ ਤੋਂ ਆਈਆਂ ਹੋਈਆਂ ਸਿੱਖ ਸੰਗਤਾਂ ਨੇ ਕਥਾ ਅਤੇ ਗੁਰਮਤਿ ਪ੍ਰਚਾਰ ਸੁਣਿਆ ਅਤੇ ਇਸੇ ਤਰ੍ਹਾਂ ਦਸ ਦਿਨਾਂ ਦੇ ਇਥੋਂ ਦੇ ਪ੍ਰੋਗਰਾਮ ਅਨੁਸਾਰ ਸਵੇਰ ਦੀ ਕਥਾ ਸੰਤ ਸੱਚਖੰਡ ਵਿਖੇ ਕਰਦੇ ਰਹੇ ਅਤੇ ਸ਼ਾਮ ਦੀ ਕਥਾ ਗੁਰਦੁਆਰਾ ਲੰਗਰ ਸਾਹਿਬ ਵਿਖੇ ਕਰਿਆ ਕਰਦੇ ਸਨ। ਅਖੀਰਲੇ ਦਿਨ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਮੋਨੀ ਨੇ ਤਖ਼ਤ ਸਾਹਿਬ ਵੱਲੋਂ ਸੰਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਅਤੇ ਨਾਲ ਹੀ ਜੱਥੇ ਦੇ ਰਾਗੀ ਸਿੰਘਾਂ ਦਾ ਵੀ ਸਨਮਾਨ ਕੀਤਾ। ਇਥੇ ਰਹਿੰਦਿਆਂ ਸੰਤ ਜੀ ਆਪ ਬਹੁਤ ਪ੍ਰਸੰਨਚਿੱਤ ਸਿੰਘਾਂ ਦੇ ਨਾਲ ਸਾਰੇ ਹੀ ਇਤਿਹਾਸਿਕ ਗੁਰ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਨ ਗਏ ਅਤੇ ਨਾਲ ਦੇ ਸਿੰਘਾਂ ਨੂੰ ਕਹਿੰਦੇ ਰਹੇ ਕਿ ਇਹ ਜਵਾਨੀਆਂ ਬਾਰ-ਬਾਰ ਹਾਸਲ ਨਹੀਂ ਹੋਣੀਆਂ ਸਾਨੂੰ ਵੱਧ ਤੋਂ ਵੱਧ

Scanned with CamScanner

ਸਿਮਰਨ ਭਜਨ ਕਰਕੇ ਸਰਬੰਸਦਾਨੀ ਪਿਤਾ ਕਲਗੀਧਰ ਤੋਂ ਸ਼ਕਤੀ ਪ੍ਰਾਪਤ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਨਿਰਭੈਅ ਹੋ ਕੇ ਅਖੌਤੀ ਗੁਰੂ ਦੰਭੀਆਂ ਦਾ ਮੂੰਹ ਤੋੜ ਜਵਾਬ ਦੇ ਸਕੀਏ। ਸ਼ਾਮ ਦਾ ਆਖਰੀ ਦੀਵਾਨ ਗੁਰਦੁਆਰਾ ਲੰਗਰ ਸਾਹਿਬ ਵਿਖੇ ਹੋਇਆ ਜਿੱਥੇ ਦੀਵਾਨ ਤੋਂ ਉਪਰੰਤ ਮੋਨੀ ਆਤਮਾ ਸਿੰਘ ਜੀ ਨੇ ਸੰਤਾਂ ਦਾ ਅਤੇ ਸਾਰੇ ਹੀ ਜਥੇ ਦਾ ਸਿਰੋਪਾਓ ਨਾਲ ਸਨਮਾਨ ਕੀਤਾ। ਇਸ ਤੋਂ ਬਾਅਦ ਜਥਾ ਸੰਗਤ ਨੇ ਇਥੋਂ ਵਿਦਾਇਗੀ ਲੈ ਕੇ ਅਗਲੇ ਪ੍ਰੋਗਰਾਮ 'ਤੇ ਜਾਣ ਦੀ ਤਿਆਰੀ ਕੀਤੀ। ਇਥੇ ਬਾਬਾ ਮੋਨੀ ਜੀ, ਨਾਂਦੇੜ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਗਤਾਂ ਨੇ ਜੱਥਾ ਸੰਗਤ ਨੂੰ ਪ੍ਰੇਮ ਨਾਲ ਵਿਦਾਇਗੀ ਦਿੱਤੀ।

ਜਥਾ ਹਜ਼ੂਰ ਸਾਹਿਬ ਤੋਂ ਚੱਲ ਕੇ ਨਾਰੰਗਾਬਾਦ ਪਹੁੰਚਿਆ। ਇਥੇ ਬਾਬਾ ਬਾਰਾ ਸਿੰਘ ਦਾ ਪਰਿਵਾਰ ਰਹਿੰਦਾ ਸੀ ਅਤੇ ਉਨ੍ਹਾਂ ਦੇ ਭਰਾ ਦੀ ਬਹੁਤ ਵੱਡੀ ਲੱਕੜ ਦੀ ਟਾਲ ਸੀ। ਉਸ ਨੇ ਸੰਗਤਾਂ ਨਾਲ ਮਿਲ ਕੇ 7 ਦਿਨ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਬਾਬਾ ਬਾਰਾ ਸਿੰਘ ਵੀ ਕੁੱਝ ਦਿਨ ਪਹਿਲਾਂ ਹੀ ਇੱਥੇ ਪਹੁੰਚ ਗਏ ਸਨ। ਇੱਥੇ ਇੱਕ ਵਿਸ਼ੇਸ਼ ਗੱਲ ਵੇਖਣ ਨੂੰ ਮਿਲੀ ਇੱਥੋਂ ਦਾ ਇੱਕ ਨਿਹੰਗ ਸਿੰਘ ਜੋ ਬਹੁਤ ਹੀ ਗਰੀਬ ਸਿੱਖ ਪਰਿਵਾਰਾਂ ਵਿੱਚ ਜਾ ਕੇ ਛੋਟੇ-ਛੋਟੇ ਬੱਚਿਆਂ ਨੂੰ ਬਾਣੀ ਸਿਖਾਉਂਦਾ ਸੀ ਤੇ ਉਸ ਨੇ ਬਹੁਤ ਬੱਚਿਆਂ ਨੂੰ ਪੰਜ ਬਾਣੀਆਂ ਜ਼ੁਬਾਨੀ ਯਾਦ ਕਰਵਾ ਦਿੱਤੀਆਂ ਸਨ। ਇੱਕ ਦਿਨ ਦੀਵਾਨ ਦੀ ਸਮਾਪਤੀ ਤੋਂ ਬਾਅਦ ਉਸ ਨਿਹੰਗ ਸਿੰਘ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਮੈਂ ਬਹੁਤ ਹੀ ਗਰੀਬ ਬੱਚਿਆਂ ਨੂੰ ਬਾਣੀ ਸਿਖਾਉਣ ਦਾ ਉਪਰਾਲਾ ਅਰੰਭਿਆ ਹੈ ਅਤੇ ਉਸ ਪਾਠਸ਼ਾਲਾ ਵਿੱਚ ਆਪ ਜੀ ਨੂੰ ਲੈ ਕੇ ਚੱਲਣਾ ਹੈ। ਸੰਤ ਕੁੱਝ ਕੁ ਸਿੰਘਾਂ ਨਾਲ ਜੀਪ 'ਤੇ ਉਸ ਨਿਹੰਗ ਸਿੰਘ ਨਾਲ ਗਏ ਜਿੱਥੇ ਇੱਕ ਛੰਨ (ਝੌਂਪੜੀ) ਹੇਠਾ 25-30 ਬੱਚੇ ਇਕੱਠੇ ਸਨ। ਜਿਨ੍ਹਾਂ ਨੇ ਨਿਹੰਗ ਸਿੰਘ ਨੂੰ ਵੇਖ ਕੇ ਗੱਜ ਕੇ ਜੈਕਾਰਾ ਛੱਡਿਆ। ਸੰਤ ਜੀਪ ਤੋਂ ਉੱਤਰੇ ਤਾਂ ਨਿਹੰਗ ਸਿੰਘ ਨੇ ਕਿਹਾ ਕਿ ਇਹ ਹੀ ਮੇਰੀ ਪਾਠਸ਼ਾਲਾ ਹੈ। ਫਿਰ ਸੰਤਾਂ ਨੂੰ ਬੇਨਤੀ ਕੀਤੀ ਕਿ ਇਹ ਜਿਨੇ ਬੱਚੇ ਹਨ ਇਨ੍ਹਾਂ ਤੋਂ ਪੰਜਾਂ ਬਾਣੀਆਂ ਵਿੱਚੋਂ ਜਿਹੜੀ ਮਰਜ਼ੀ ਬਾਣੀ ਸੁਣੋ। ਤਾਂ ਸੰਤਾਂ ਨੇ ਵੱਖ-ਵੱਖ ਬੱਚਿਆਂ ਤੋਂ ਕਿਸੇ ਤੋਂ ਜਪੁਜੀ ਸਾਹਿਬ ਦੀ ਪਉੜੀ ਕਿਸੇ ਤੋਂ ਜਾਪੁ ਸਾਹਿਬ ਦਾ ਛੰਦ ਜਾਂ ਕਿਸੇ ਵੀ ਹੋਰ ਬਾਣੀ ਵਿੱਚੋਂ ਸ਼ਬਦ ਸੁਣੇ ਤਾਂ ਸੰਤ ਬਹੁਤ ਪ੍ਰਸੰਨ ਹੋਏ ਕਿਉਂਕਿ ਬੱਚਿਆਂ ਦਾ ਉਚਾਰਨ ਬਹੁਤ ਸ਼ੁੱਧ ਸੀ। ਸੰਤਾਂ ਨੇ ਉਸ ਨਿਹੰਗ ਸਿੰਘ ਨੂੰ ਕਿਹਾ ਕਿ ਕੱਲ੍ਹ ਨੂੰ ਸਵੇਰ ਦੇ ਦੀਵਾਨ ਵਿੱਚ ਇਨ੍ਹਾਂ ਬੱਚਿਆਂ ਨੂੰ ਲੈ ਕੇ ਆਵੀਂ। ਇਵੇਂ ਹੀ ਕੀਤਾ ਗਿਆ। ਉਥੇ ਸੰਤਾਂ ਨੇ ਨਿਹੰਗ ਸਿੰਘ ਨੂੰ ਮਾਇਆ ਦੇ ਖੁੱਲ੍ਹੇ ਗੱਫੇ, ਸਿਰੋਪਾਓ ਅਤੇ ਬਸਤਰ ਦਿੱਤੇ ਅਤੇ ਨਾਲ ਨਾਲ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਇੱਕ ਸੁੰਦਰ ਪਾਠਸ਼ਾਲਾ ਬਣਾ ਕੇ ਦੇਣ ਲਈ ਪ੍ਰੇਰਨਾ ਕੀਤੀ, ਜਿਸ ਨੂੰ ਪ੍ਰਬੰਧਕਾਂ ਨੇ ਸਵੀਕਾਰ ਕੀਤਾ।

ਇਥੇ ਸੱਤ ਦਿਨ ਬਹੁਤ ਵਧੀਆ ਧਰਮ ਪ੍ਰਚਾਰ ਹੋਇਆ। ਸਿੱਖਾਂ ਦੀ ਗਿਣਤੀ ਭਾਵੇਂ ਥੋੜ੍ਹੀ ਸੀ ਪਰ ਬਹੁਤ ਉਤਸ਼ਾਹ ਅਤੇ ਸ਼ਰਧਾ ਭਾਵਨਾ ਨਾਲ ਸਿੱਖ ਪਰਿਵਾਰ ਹਾਜ਼ਰੀਆਂ ਭਰਨ ਲਈ ਦੀਵਾਨ ਵਿੱਚ ਪਹੁੰਚਦੇ ਸਨ। ਇਥੇ ਵੀ ਸੱਤਵੇਂ ਦਿਨ ਅੰਮ੍ਰਿਤ ਸੰਚਾਰ ਹੋਇਆ ਅਤੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਗਿਆ। ਉਪਰੰਤ ਸੰਤਾਂ ਨੇ ਸੰਗਤਾਂ ਤੋਂ ਇਥੋਂ ਵਿਦਾਇਗੀ ਲਈ ਅਤੇ ਰਸਤੇ ਵਿੱਚ ਬਾਬਾ ਬਾਰਾ ਸਿੰਘ ਦੇ ਪਰਿਵਾਰ ਕੋਲ ਜਲ ਪਾਣੀ ਛਕਣ ਦਾ ਪ੍ਰੋਗਰਾਮ ਸੀ। ਉਥੋਂ ਹੁੰਦਾ ਹੋਇਆ ਜੱਥਾ ਗੁਰਦੁਆਰਾ ਮਨਵਾੜ ਪਹੁੰਚਿਆ, ਇੱਥੋਂ ਦੇ ਮੁੱਖ ਪ੍ਰਬੰਧਕ ਬਾਬਾ ਆਤਮਾ ਸਿੰਘ ਮੋਨੀ ਨੇ ਬਹੁਤ ਹੀ ਪਿਆਰ ਨਾਲ ਜਥਾ ਸੰਗਤ ਦੇ ਜਲ-ਪਾਣੀ ਦੀ ਸੇਵਾ ਕੀਤੀ, ਲੰਗਰ ਛਕਾਇਆ। ਇਥੇ ਜੱਥਾ ਸਿਰਫ ਇੱਕ ਰਾਤ ਲਈ ਹੀ ਠਹਿਰਿਆ ਸੀ।

ਇਸ ਤੋਂ ਅੱਗੇ ਸੰਭਲਪੁਰ, ਜਲਗਾਂਓ, ਜਬਲਪੁਰ, ਕਟਨੀ, ਕਾਨਪੁਰ, ਲਖੀਮਪੁਰ, ਰੁਦਰਪੁਰ, ਸ੍ਰੀ ਨਾਨਕਮਤਾ, ਬਾਜਪੁਰ, ਗੋਲੇ, ਮੁਰਾਦਾਬਾਦ, ਧੂਰਨਪੁਰ ਨੇੜੇ ਗੁਰਦੁਆਰਾ ਗੋਮਤੀ, ਬੈਲਪੜਾ ਆਦਿ ਬਹੁਤ ਸਾਰੇ ਕਸਬਿਆਂ ਵਿੱਚ ਜਿਥੇ-ਜਿੱਥੇ ਸਿੱਖ ਵਸੇ ਹੋਏ ਸਨ, ਉਨ੍ਹਾਂ ਨੇ ਇੱਕ-ਇੱਕ, ਦੋ-ਦੋ ਦਿਨ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਇਨ੍ਹਾਂ ਪ੍ਰੋਗਰਾਮਾਂ ਵਿੱਚ ਭਾਈ ਰਖਪਾਲ ਸਿੰਘ ਮੀਏਂ, ਭਾਈ ਰਾਮ ਸਿੰਘ ਰਾਗੀ ਅਤੇ ਹੋਰ ਕੁਝ ਸਿੰਘ ਵੀ ਨਾਲ ਰਹੇ ਜਿਨ੍ਹਾਂ ਨੇ ਢਾਡੀ ਦੇ ਪ੍ਰੋਗਰਾਮ ਉਲੀਕੇ ਹੋਏ ਸਨ। ਵਿਸ਼ੇਸ਼ ਤੌਰ 'ਤੇ ਰੁਦਰਪੁਰ ਵਿਖੇ ਸ. ਉਤਮ ਸਿੰਘ ਅਤੇ ਉਸਦੀ ਪਤਨੀ ਬੀਬੀ ਰਾਜ ਕੌਰ ਜਿਨ੍ਹਾਂ ਦੇ ਪਰਿਵਾਰ ਨੇ ਜੱਥਾ ਸੰਗਤ ਦੀ ਉਤਸ਼ਾਹ ਨਾਲ ਸੇਵਾ ਕੀਤੀ। ਇਹ ਪਰਿਵਾਰ ਪਹਿਲਾਂ ਵੀ ਦਮਦਮੀ ਟਕਸਾਲ ਦੇ ਨਜ਼ਦੀਕੀ ਪਰਿਵਾਰਾਂ ਵਿੱਚੋਂ ਹੈ। ਇੱਥੇ ਹੀ ਵੱਡੇ ਸੰਤ ਮਹਾਂਪੁਰਖ ਸੰਤ ਗਿਆਨੀ

Scanned with CamScanner

ਗੁਰਬਚਨ ਸਿੰਘ ਜੀ ਖ਼ਾਲਸਾ ਦਾ ਪਰਿਵਾਰ ਰਹਿੰਦਾ ਹੈ। ਇਥੇ ਪੰਦਰਾਂ ਕੁ ਦਿਨਾਂ ਦੇ ਪ੍ਰੋਗਰਾਮ ਅਨੁਸਾਰ ਇੱਕ ਤਰ੍ਹਾਂ ਨਾਲ ਧਰਮ ਪ੍ਰਚਾਰ ਫੇਰੀ ਹੀ ਸੀ। ਪਰ ਇਸ ਨਾਲ ਸਿੱਖ ਪਰਿਵਾਰਾਂ ਵਿੱਚ ਭਾਰੀ ਉਤਸ਼ਾਹ ਪੈਦਾ ਹੋਇਆ। ਇਸ ਤੋਂ ਉਪਰੰਤ ਜਥਾ ਸੰਗਤ ਨੇ ਪੰਜਾਬ ਜਾਣਾ ਸੀ ਕਿਉਂਕਿ ਵਿਸਾਖੀ ਦਾ ਤਿਉਹਾਰ ਨੇੜੇ ਆ ਰਿਹਾ ਸੀ। ਇਹ ਤਿਉਹਾਰ ਜੱਥਾ ਸੰਗਤ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੀ ਮਨਾਉਂਦੀ ਹੈ। ਇਸ ਲਈ ਜਥਾ ਯੂਪੀ ਦੇ ਦੌਰੇ ਉਪਰੰਤ ਪੰਜਾਬ ਪਰਤ ਆਇਆ ਪਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਕੁੱਝ ਕੁ ਸਿੰਘਾਂ ਸਮੇਤ ਦੋ ਦਿਨਾਂ ਦੇ ਪ੍ਰੋਗਰਾਮ ਲਈ ਦੁਬਾਰਾ ਬੰਬੇ ਚਲੇ ਗਏ, ਜਿਥੇ ਭਾਈ ਜੋਗਿੰਦਰ ਸਿੰਘ ਪੱਲਾ ਦੇ ਘਰ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕਥਾ ਦਾ ਪ੍ਰੋਗਰਾਮ ਸੀ।

ਦਮਦਮੀ ਟਕਸਾਲ ਦਾ ਜੱਥਾ ਟਕਸਾਲ ਦੇ ਕੇਂਦਰੀ ਸਥਾਨ ਗੁਰਦੁਆਰਾ ਗੁਰਦਸ਼ਮਨ ਪ੍ਰਕਾਸ਼, ਮਹਿਤਾ ਵਿਖੇ ਪਹੁੰਚਿਆ ਅਤੇ ਦੋ ਦਿਨ ਤੋਂ ਬਾਅਦ ਜਥੇ ਦਾ ਪ੍ਰੋਗਰਾਮ ਚਾਰ ਦਿਨ ਲਈ ਖਡੂਰ ਸਾਹਿਬ ਵਿਖੇ ਸੀ। ਸੋ ਬਾਬਾ ਠਾਕੁਰ ਸਿੰਘ ਜੀ ਸਮੇਤ ਜਥਾ ਖਡੂਰ ਸਾਹਿਬ ਪਹੁੰਚ ਗਿਆ, ਜਿੱਥੇ ਕਥਾ ਕੀਰਤਨ ਦੇ ਪ੍ਰੋਗਰਾਮ ਚੱਲੇ। ਇੱਥੇ ਜਥੇਦਾਰ ਰਾਮ ਸਿੰਘ ਸੁਲਤਾਨਪੁਰ ਵਾਲੇ ਕਥਾ ਦੀ ਸੇਵਾ ਨਿਭਾਉਂਦੇ ਰਹੇ। ਖਡੂਰ ਸਾਹਿਬ ਵਾਲੇ ਮਹਾਂਪੁਰਖ ਸੰਤ ਬਾਬਾ ਉੱਤਮ ਸਿੰਘ ਨੇ ਜਥੇ ਦੇ ਸਿੰਘਾਂ ਦਾ ਗਹਿਣ ਦਾ ਪ੍ਰਬੰਧ ਕੀਤਾ ਸੀ। ਇਲਾਕੇ ਵਿੱਚੋਂ ਬਹੁਤ ਸਾਰੀਆਂ ਸੰਗਤਾਂ ਕੀਰਤਨ ਕਥਾ ਸੁਣਨ ਵਾਸਤੇ ਦੀਵਾਨ ਦੀ ਹਾਜ਼ਰੀ ਭਰਨ ਆਇਆ ਕਰਦੀਆਂ ਸਨ। ਚਾਰ ਦਿਨ ਦੇ ਪ੍ਰੋਗਰਾਮ ਉਪਰੰਤ ਜਥਾ ਸੰਗਤ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚ ਗਏ।

ਨਕਲੀ ਨਿਰੰਕਾਰੀਆਂ ਦਾ ਪੰਜਾਬ ਵੱਲ ਸਾਜਿਸ਼ ਭਰਿਆ ਧਾਵਾ
1978 ਦੀ ਵਿਸਾਖੀ ਨੂੰ 13 ਸਿੰਘਾਂ ਦੀ ਸ਼ਹੀਦੀ

ਦੂਜੇ ਪਾਸੇ ਨਕਲੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ, ਗਿਣੀ ਮਿਥੀ ਸਾਜਿਸ਼ ਅਧੀਨ ਸਿੱਖੀ ਦੇ ਮੁੱਢਲੇ ਸਿਧਾਂਤਾਂ ਨੂੰ ਖਤਮ ਕਰਨ ਲਈ ਪੂਰੀ ਤਾਕਤ ਨਾਲ ਪੰਜਾਬ ਵੱਲ ਵਧ ਰਿਹਾ ਸੀ ਕਿਉਂਕਿ ਕੇਂਦਰ ਸਰਕਾਰ ਦੀ ਪੁਸ਼ਤ ਪਨਾਹੀ ਹਰ ਤਰ੍ਹਾਂ ਦੀ ਮਦਦ ਅਤੇ ਹੱਲਾਸ਼ੇਰੀ ਉਸ ਨੂੰ ਬਰਾਬਰ ਮਿਲ ਰਹੀ ਸੀ। ਸਰਕਾਰ ਕਾਂਗਰਸ ਦੀ ਹੋਵੇ ਜਾਂ ਜਨਤਾ ਪਾਰਟੀ ਦੀ ਜਾਂ ਕੋਈ ਵੀ ਹੋਵੇ, ਕੇਂਦਰ ਸਰਕਾਰ ਨੇ ਆਪਣੀ ਸੱਤਾ ਸ਼ਕਤੀ ਨਾਲ ਨਰਕਧਾਰੀ ਗੁਰਬਚਨ ਸਿੰਘ ਦੇ ਮਨ ਵਿੱਚ ਵੱਡੇ ਭਰਮ ਪੈਦਾ ਕਰ ਦਿੱਤੇ ਸਨ। ਉਹ ਇਹ ਵੀ ਸਮਝਦਾ ਸੀ ਕਿ ਪੰਜਾਬ ਵਿੱਚ ਸਿੱਧੇ ਤੌਰ 'ਤੇ ਟੱਕਰ ਲੈਣ ਵਾਲਾ ਕੇਵਲ ਦਮਦਮੀ ਟਕਸਾਲ ਦਾ ਮੁਖੀ ਸੰਤ ਕਰਤਾਰ ਸਿੰਘ ਖ਼ਾਲਸਾ ਹੀ ਸੀ, ਉਹ ਸਵਰਗਵਾਸ ਹੋ ਚੁੱਕਿਆ ਹੈ ਇਸ ਲਈ ਹੁਣ ਉਸ ਦਾ ਰਾਹ ਰੋਕਣ ਵਾਲਾ ਕੋਈ ਨਹੀਂ ਹੈ। ਇਸ ਨੂੰ ਸੁਨਹਿਰੀ ਮੌਕਾ ਸਮਝ ਕੇ ਉਸ ਨੇ ਪੰਜਾਬ 'ਤੇ ਵਹਿਸ਼ੀਆਨਾ ਹੱਲਾ ਬੋਲਿਆ। ਉਸ ਨੂੰ ਪਤਾ ਸੀ ਕਿ ਪੰਜਾਬ ਦੀ ਅਕਾਲੀ ਸਰਕਾਰ ਵੀ ਮੂਕ ਦਰਸ਼ਕ ਬਣ ਕੇ ਹੀ ਉਸ ਦੀ ਸਰਗਰਮੀ ਨੂੰ ਵੇਖੇਗੀ, ਅਤੇ ਕਿਸੇ ਕਿਸਮ ਦੀ ਰੁਕਾਵਟ ਖੜ੍ਹੀ ਨਹੀਂ ਕਰੇਗੀ। ਫਿਰ ਉਸ ਨੂੰ ਇਹ ਵੀ ਪਤਾ ਸੀ ਕਿ ਪੰਜਾਬ ਸਰਕਾਰ ਦਾ ਮੁੱਖ ਸਕੱਤਰ ਅਤੇ ਕਈ ਆਈ. ਏ. ਐੱਸ. ਅਫਸਰ ਉਸ ਦੇ ਪੈਰੋਕਾਰ ਹਨ, ਜੋ ਸਾਡੀ ਹਰ ਤਰ੍ਹਾਂ ਦੀ ਸੰਭਵ ਮਦਦ ਕਰਨਗੇ। ਇਨ੍ਹਾਂ ਮਨਸੂਬਿਆਂ ਨਾਲ ਉਸ ਨੇ ਖ਼ਾਲਸੇ ਦਾ ਜਨਮ ਦਿਹਾੜਾ ਵਿਸਾਖੀ ਦਾ ਦਿਨ ਅਤੇ ਸਿੱਖਾਂ ਦੇ ਰੂਹਾਨੀਅਤ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ ਨੂੰ ਚੁਣਿਆ। ਉਹ ਸਮਝਦਾ ਸੀ ਕਿ ਜੇ ਮੈਂ ਇਸੇ ਸਥਾਨ 'ਤੇ ਆਪਣੇ ਮਿਸ਼ਨ ਦਾ ਝੰਡਾ ਬੁਲੰਦ ਕਰ ਲਵਾਂ ਤਾਂ ਇਹ ਸਮੁੱਚੇ ਸਿੱਖਾਂ 'ਤੇ ਮੇਰੀ ਫ਼ਤਿਹ ਦਾ ਨਿਸ਼ਾਨ ਹੋਵੇਗਾ। ਇਨ੍ਹਾਂ ਮਨਸੂਬਿਆਂ ਨਾਲ ਭਾਰੀ ਹਥਿਆਰਬੰਦ ਫੋਰਸ ਦਾ ਪ੍ਰਬੰਧ ਕਰਕੇ ਉਸ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਪਣੇ ਕੂੜ ਮਿਸ਼ਨ ਨੂੰ ਸਿਖਰ 'ਤੇ ਲਿਜਾਣ ਲਈ ਯਤਨ ਕੀਤਾ। ਇਸ ਦੇ ਸਬੰਧ ਵਿੱਚ ਅੰਮ੍ਰਿਤਸਰ ਸ਼ਹਿਰ ਵਿਖੇ ਰੇਲਵੇ ਕਲੋਨੀ ਦੇ ਖਾਲੀ ਗਰਾਊਂਡ ਵਿੱਚ ਬਹੁਤ ਵੱਡੇ ਪੰਡਾਲ ਦਾ ਪ੍ਰਬੰਧ ਕੀਤਾ ਗਿਆ। ਇਸ ਪੰਡਾਲ ਦੇ ਮੁੱਖ ਪ੍ਰਬੰਧਕ ਨਿਰੰਜਣ ਸਿੰਘ ਡੀ.ਸੀ., ਪੰਜਾਬ ਦਾ ਮੁੱਖ ਸਕੱਤਰ ਹਰਦੇਵ ਸਿੰਘ ਛੀਨਾ ਅਤੇ ਹੋਰ ਕੁਝ ਅਫਸਰ ਵਿਸ਼ੇਸ਼ ਤੌਰ 'ਤੇ ਪ੍ਰਬੰਧ ਵਿੱਚ ਲੱਗੇ ਹੋਏ ਸਨ। ਸਿੱਖਾਂ ਨੂੰ ਚਿੜਾਉਣ ਲਈ ਸਿੱਖ ਸਿਧਾਂਤਾਂ ਦੇ ਉਲਟ ਕੋਝੀ ਵਿਉਂਤਬੰਦੀ ਕਰਨ ਲਈ ਮੁੱਖ ਸਲਾਹਕਾਰਾਂ ਵਿੱਚ ਲਾਲਾ ਜਗਤ ਨਰਾਇਣ, ਹਰਬੰਸ ਲਾਲ ਖੰਨਾ ਅਤੇ ਇਸਦਾ ਚੀਫ ਕਮਾਂਡਰ ਪ੍ਰਤਾਪ ਸਿੰਘ ਅਤੇ ਹੋਰ ਵੀ ਬਹੁਤ ਸਾਰੇ ਵੱਡੇ ਅਫਸਰ ਸ਼ਾਮਿਲ ਸਨ, ਜਿਨ੍ਹਾਂ ਨੂੰ ਕੇਂਦਰ ਦੀ ਸ਼ਹਿ 'ਤੇ ਪੰਜਾਬ ਵਿੱਚ ਉੱਚ ਅਹੁਦਿਆਂ ਉਪਰ ਬਿਠਾਇਆ ਹੋਇਆ ਸੀ। ਉਹ ਵੀ ਇਨ੍ਹਾਂ ਦੀ ਕੋਝੀ ਸਾਜਿਸ਼ ਦਾ ਹਿੱਸਾ ਸਨ। ਸਭ ਤੋਂ ਪਹਿਲਾਂ ਇਨ੍ਹਾਂ

Scanned with CamScanner

ਸਲਾਹਕਾਰਾਂ ਨੇ ਸਿੱਖੀ ਦੇ ਪੰਜ ਪਿਆਰਿਆਂ ਨੂੰ ਨਿਸ਼ਾਨਾ ਬਣਾਇਆ। ਪੰਜ ਪਿਆਰਿਆਂ ਦੀ ਥਾਂ 'ਤੇ ਸੱਤ ਸਿਤਾਰੇ ਸਿਰਜਣ ਦਾ ਮਨਸੂਬਾ ਬਣਾਇਆ। ਇਨ੍ਹਾਂ ਵਿਅਕਤੀਆਂ ਦੇ ਫਰਜ਼ੀ ਨਾਮ ਇਸ ਤਰ੍ਹਾਂ ਰੱਖੇ ਗਏ: ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ। ਇਨ੍ਹਾਂ ਨੂੰ ਪੰਜ ਪਿਆਰਿਆਂ ਦੀ ਥਾਂ 'ਤੇ ਖੜ੍ਹੇ ਕਰਕੇ ਸੱਤ ਸਿਤਾਰਿਆਂ ਵਜੋਂ ਉਭਾਰ ਕੇ ਇੱਕ ਜਲੂਸ ਕੱਢਿਆ। ਉਸ ਜਲੂਸ ਵਿੱਚ ਜਿਵੇਂ ਪਾਲਕੀ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਜਾਇਆ ਜਾਂਦਾ ਹੈ ਉਸੇ ਤਰਜ਼ 'ਤੇ ਟਰੱਕ ਦੀ ਚੌਸੀ 'ਤੇ ਰਥ ਦੇ ਸ਼ਕਲ ਦੀ ਗੱਡੀ ਤਿਆਰ ਕੀਤੀ ਗਈ ਜਿਸ ਵਿੱਚ ਦੋ ਸੋਫੇ ਰੱਖੇ ਗਏ ਅਤੇ ਰੱਥ ਦੇ ਦੋਵੇਂ ਪਾਸੇ ਗੁਰੂ ਨਾਨਕ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਮੰਦਭਾਸ਼ਾ ਵਰਤੀ ਗਈ। ਦੋਵੇਂ ਪਾਸੇ ਤਖਤੀਆਂ 'ਤੇ ਲਿਖਿਆ ਗਿਆ 'ਨਾਨਕ ਭਿਖਾਰੀ ਗੋਬਿੰਦ ਸ਼ਿਕਾਰੀ ਉਪਰ ਬੈਠਾ ਹੈ ਅਸਲੀ ਨਿਰੰਕਾਰੀ' ਇਸ ਦੇ ਨਾਲ ਹੀ ਇੱਕ ਤੀਰ ਦਾ ਨਿਸ਼ਾਨ ਉਪਰ ਵੱਲ ਨੂੰ ਕੀਤਾ ਗਿਆ ਸੀ ਜਿਥੇ ਰੱਥ ਵਿੱਚ ਦੋ ਸੋਫੇ ਰੱਖੇ ਗਏ ਸਨ ਅਤੇ ਉਸ ਸੋਫੇ ਦੇ ਸਾਹਮਣੇ ਅਵਤਾਰ ਬਾਣੀ (ਨਕਲੀ ਨਿਰੰਕਾਰੀਆਂ ਦੀ ਕਿਤਾਬ) ਵਿੱਚ ਇਹ ਸਤਰਾਂ ਲਿਖੀਆਂ ਗਈਆਂ:

'ਇਹ ਮਾਲਕ ਮੀਰੀ ਪੀਰੀ ਦਾ ਇਹ ਮਾਲਕ ਸਾਰੀ ਤਾਕਤ ਦਾ' ਆਦਿ ਇਸ ਤਰ੍ਹਾਂ ਦੀ ਤਿਆਰੀ ਕਰਨ ਉਪਰੰਤ ਇਸ ਰਥ ਵਿੱਚ ਬਣੇ ਹੋਏ ਸੋਫਿਆਂ 'ਤੇ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਅਤੇ ਦੂਸਰੇ ਸੋਫੇ 'ਤੇ ਉਸ ਦੀ ਘਰ ਵਾਲੀ ਕੁਲਵੰਤ ਕੌਰ ਬੈਠ ਗਈ। ਇਸ ਤੋਂ ਮੋਹਰਲੀ ਗੱਡੀ ਵਿੱਚ ਅਖੌਤੀ ਸੱਤ ਸਿਤਾਰੇ ਖੜ੍ਹੇ ਕੀਤੇ ਗਏ ਅਤੇ ਪੰਜਾਂ ਪਿਆਰਿਆਂ ਵਾਂਗ ਉਨ੍ਹਾਂ ਦੇ ਬਸਤਰ ਸਜਾਏ ਗਏ। ਉਸ ਤੋਂ ਅੱਗੇ ਗੱਡੀ ਵਿੱਚ ਬੈਂਡ ਵਾਜੇ ਦਾ ਪ੍ਰਬੰਧ ਕੀਤਾ ਅਤੇ ਉਸ ਤੋਂ ਅੱਗੇ ਅਤੀ ਸ਼ਰਮਨਾਕ ਗੱਲ ਇਹ ਸੀ ਕਿ ਅੱਧ ਨੰਗੀਆਂ ਨੌਜਵਾਨ ਲੜਕੀਆਂ ਨੱਚ ਰਹੀਆਂ ਸਨ।

ਬੀ ਬਲਾਕ ਵਾਲੇ ਸਥਾਨ ਤੋਂ ਚੱਲ ਕੇ ਜਿਉਂ ਹੀ ਇਨ੍ਹਾਂ ਦਾ ਜਲੂਸ ਦਰਵਾਜਾ ਲੋਹਗੜ੍ਹ ਵਿਖੇ ਅੱਗੇ ਵਧਿਆ ਤਾਂ ਥਾਂ-ਥਾਂ 'ਤੇ ਖੜ੍ਹੀਆਂ ਸਿੱਖ ਸੰਗਤਾਂ ਇਸ ਭੁਲੇਖੇ ਵਿੱਚ ਸਨ ਕਿ ਸ਼ਾਇਦ ਗੁਰੂ ਸਾਹਿਬ ਦਾ ਨਗਰ ਕੀਰਤਨ ਆ ਰਿਹਾ ਹੈ। ਇਸੇ ਤਰ੍ਹਾਂ ਹੀ ਰੇਲਵੇ ਕਲੋਨੀ ਵਿਖੇ ਸ. ਦਰਸ਼ਨ ਸਿੰਘ ਗਿੱਲ ਪਰਿਵਾਰ ਸਮੇਤ ਰਹਿੰਦਾ ਸੀ। ਉਨ੍ਹਾਂ ਨੇ ਖੁਦ ਦੱਸਿਆ ਕਿ ਅਸੀਂ ਘਰੇ ਬੈਠੇ ਸਾਂ ਜਦੋਂ ਕੰਨਾਂ ਵਿੱਚ ਬੈਂਡ ਵਾਜੇ ਦੀ ਆਵਾਜ਼ ਪਈ ਤਾਂ ਅਸੀਂ ਇਕਦਮ ਸੋਚਿਆ ਕਿ ਨਗਰ ਕੀਰਤਨ ਆ ਰਿਹਾ ਹੈ ਤਾਂ ਘਰ ਦੀਆਂ ਬੀਬੀਆਂ ਬੱਚਿਆਂ ਸਮੇਤ ਅਸੀਂ ਹੱਥਾਂ ਵਿੱਚ ਮੱਥਾ ਟੇਕਣ ਲਈ ਪੈਸੇ ਫੜ੍ਹੇ ਅਤੇ ਜੋੜੇ ਆਪਣੇ ਘਰ ਵਿੱਚ ਹੀ ਉਤਾਰ ਕੇ ਗਲੀ ਵਿੱਚ ਚਲੇ ਗਏ। ਜਦੋਂ ਬਾਹਰ ਜਾ ਕੇ ਵੇਖਿਆ ਕਿ ਇਸ ਜਲੂਸ ਅੱਗੇ ਤਾਂ ਅੱਧ ਨੰਗੀਆਂ ਕੁੜੀਆਂ ਨੱਚ ਰਹੀਆਂ ਹਨ ਤਾਂ ਅਸੀਂ ਹੱਕੇ ਬੱਕੇ ਰਹਿ ਗਏ। ਨੇੜੇ ਆਉਣ 'ਤੇ ਪਤਾ ਲੱਗਾ ਕਿ ਨਗਰ ਕੀਰਤਨ ਨਹੀਂ ਬਲਕਿ ਨਕਲੀ ਨਿਰੰਕਾਰੀਆਂ ਦਾ ਜਲੂਸ ਹੈ। ਇਸ ਤਰ੍ਹਾਂ ਸ਼ਹਿਰ ਦੀਆਂ ਹੋਰ ਸੰਗਤਾਂ ਨਾਲ ਵੀ ਇਹ ਕੁੱਝ ਵਾਪਰਿਆ। ਸ਼ਹਿਜੇ-ਸ਼ਹਿਜੇ ਸ਼ਹਿਰ ਦੀਆਂ ਬਹੁਤ ਸਾਰੀਆਂ ਸੰਗਤਾਂ ਨੂੰ ਨਕਲੀ ਨਿਰੰਕਾਰੀਆਂ ਦੀ ਇਸ ਕਰਤੂਤ ਬਾਰੇ ਪਤਾ ਲੱਗ ਗਿਆ ਅਤੇ ਸ਼ਹਿਰ ਵਿੱਚ ਇਸਦੀ ਆਮ ਹੀ ਚਰਚਾ ਹੋਈ ਕਿ ਇਨ੍ਹਾਂ ਨਕਲੀ ਨਿਰੰਕਾਰੀਆਂ ਨੇ ਕੇਵਲ ਸਿੱਖਾਂ ਦਾ ਹੀ ਨਹੀਂ ਬਲਕਿ ਗੁਰੂ ਸਾਹਿਬਾਨਾਂ ਦਾ ਵੀ ਭਾਰੀ ਅਪਮਾਨ ਕੀਤਾ ਹੈ। ਉਨ੍ਹਾਂ ਦੀ ਇਸ ਕਰਤੂਤ ਨਾਲ ਸਿੱਖ ਮਨਾਂ ਨੂੰ ਭਾਰੀ ਠੇਸ ਪਹੁੰਚੀ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵਿਸਾਖੀ ਤੋਂ ਇੱਕ ਦਿਨ ਪਹਿਲਾਂ 12-04-78 ਨੂੰ ਦੇਰ ਰਾਤ ਬੰਬਈ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚੇ ਸਨ। ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਉਪਰੰਤ ਅਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਕੇ ਜਦੋਂ ਵਾਪਸ ਗੁਰੂ ਰਾਮਦਾਸ ਸਰਾਂ ਵੱਲ ਨੂੰ ਪਰਤ ਰਹੇ ਸਨ ਤਾਂ ਪ੍ਰਕਰਮਾ ਵਿੱਚ ਜੱਥੇ ਦੇ ਮੁਖੀ ਸਿੰਘਾਂ ਵਿੱਚੋਂ ਭਾਈ ਰਣਬੀਰ ਸਿੰਘ ਫੌਜੀ ਮਿਲਿਆ। ਉਸ ਨੇ ਨਕਲੀ ਨਿਰੰਕਾਰੀਆਂ ਵੱਲੋਂ ਕੱਲ੍ਹ ਕੱਢੇ ਗਏ ਜਲੂਸ ਦੀ ਦੁੱਖ ਭਰੀ ਵਿਥਿਆ ਸੰਤਾਂ ਨੂੰ ਦੱਸੀ। ਸੰਤਾਂ ਨੇ ਕਿਹਾ ਤੁਸੀਂ ਮੱਥਾ ਟੇਕ ਕੇ ਸਰਾਂ ਵਿੱਚ ਪਹੁੰਚੋ। ਸਰਾਂ ਵਿੱਚ ਪਹਿਲਾਂ ਹੀ ਦਮਦਮੀ ਟਕਸਾਲ ਦੇ ਸਿੰਘ ਮੌਜੂਦ ਸਨ। ਸਭ ਨੂੰ ਕਮਰਾ ਨੰਬਰ 15 ਵਿਖੇ ਇਕੱਠਿਆ ਕੀਤਾ ਗਿਆ ਅਤੇ ਸਭਨਾਂ ਨੇ ਹੀ ਕੱਲ੍ਹ ਜੋ ਕੁੱਝ ਅੱਖੀਂ ਵੇਖਿਆ ਅਤੇ ਸੁਣਿਆ ਉਸ ਬਾਰੇ ਸੰਤਾਂ ਨੂੰ ਜਾਣਕਾਰੀ ਦਿੱਤੀ। ਇੰਨੇ ਨੂੰ ਹੋਰ ਵੀ ਇਲਾਕਿਆਂ ਤੋਂ ਸਿੱਖ ਸੰਗਤਾਂ ਪਹੁੰਚ ਗਈਆਂ ਅਤੇ ਕੁਝ ਸੰਗਤਾਂ ਸਮੇਤ ਸੰਤ ਦੀਵਾਨ ਹਾਲ ਗੁਰਦੁਆਰਾ ਮੰਜੀ ਸਾਹਿਬ ਵਿਖੇ ਪਹੁੰਚ ਗਏ।

Scanned with CamScanner

ਮਾਤਾ ਦਲੀਪ ਕੌਰ ਜੀ ਬੋਪਾਰਾਏ

1978 ਦੀ ਵਿਸਾਖੀ ਵਾਲੇ ਦਿਨ ਮਾਤਾ ਦਲੀਪ ਕੌਰ ਜੀ ਆਪਣੇ ਗ੍ਰਹਿ ਵਿਖੇ ਪਿੰਡ ਬੋਪਾਰਾਏ ਜਿਲ੍ਹਾ ਲੁਧਿਆਣਾ ਹੀ ਸਨ। ਅੰਮ੍ਰਿਤ ਵੇਲੇ 3.00 ਵਜੇ ਉਨ੍ਹਾਂ ਨੂੰ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਸੁਪਨੇ ਵਿੱਚ ਮਿਲੇ ਅਤੇ ਕਹਿਣ ਲੱਗੇ ਕਿ ਤੁਸੀਂ ਅੱਜ ਸ੍ਰੀ ਅੰਮ੍ਰਿਤਸਰ ਸਾਹਿਬ ਜਾਓ ਤੇ ਜਥੇ ਦੇ ਸਿੰਘਾਂ ਨਾਲ ਸਲਾਹ ਮਸ਼ਵਰਾ ਕਰ ਲੈਣ। ਮਾਤਾ ਜੀ ਅੰਮ੍ਰਿਤ ਵੇਲੇ ਉਠ ਕੇ ਸੋਚਣ ਲੱਗ ਪਏ ਕਿ ਵੱਡੇ ਮਹਾਪੁਰਖਾਂ ਦਾ ਇਸ਼ਾਰਾ ਮਾਤਰ ਹੀ ਕਾਫੀ ਹੈ ਉਹ ਬੱਸ ਰਾਹੀਂ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਤੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਗੁਰੂ ਰਾਮਦਾਸ ਸਰਾਂ ਦੇ ਕਮਰਾ ਨੰ. 15 ਵਿੱਚ ਚਲੇ ਗਏ ਤੇ ਇਥੇ ਪਹੁੰਚ ਕੇ ਸਾਰੇ ਹਾਲਾਤ ਦਾ ਪਤਾ ਲੱਗਾ। ਇਹ ਮਾਤਾ ਬਹੁਤ ਸਿਮਰਨ ਬੰਦਗੀ ਵਾਲੀ ਸੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਤੋਂ ਲੈ ਕੇ ਜਦੋਂ ਵੀ ਜਥਾ ਪਿੰਡ ਬੋਪਾਰਾਏ ਜਾਂਦਾ ਤਾਂ ਸੰਤਾਂ ਦਾ ਆਸਨ ਇਨ੍ਹਾਂ ਦੇ ਘਰ ਹੀ ਹੁੰਦਾ ਸੀ ਤੇ ਸਮੇਂ-ਸਮੇਂ ਮਾਤਾ ਜੀ ਮਹਿਤੇ ਵੀ ਆਉਂਦੇ ਰਹਿੰਦੇ ਸਨ। ਇਸ ਕਾਰਨ ਜਥੇ ਦੇ ਸਿੰਘਾਂ ਵਿੱਚ ਵੀ ਮਾਤਾ ਜੀ ਦਾ ਬਹੁਤ ਸਤਿਕਾਰ ਸੀ। ਮਾਤਾ ਜੀ ਮਨ ਹੀ ਮਨ ਵਿੱਚ ਸੋਚ ਰਹੀ ਸੀ ਕਿ ਵੱਡੇ ਮਹਾਪੁਰਖਾਂ ਨੇ ਕਿਸੇ ਖਾਸ ਕਾਰਨ ਕਰਕੇ ਹੀ ਮੈਨੂੰ ਇੱਥੇ ਭੇਜਿਆ ਹੈ। ਪਰ ਉਸ ਨੇ ਇਹ ਸੋਚ ਲਿਆ ਕਿ ਜਥੇ ਦੇ ਸਿੰਘਾਂ ਦੀ ਸਲਾਹ ਮਸ਼ਵਰੇ ਤੋਂ ਬਾਅਦ ਜਰੂਰਤ ਪਈ ਤਾਂ ਮੈਂ ਇਸ ਘਟਨਾ ਬਾਰੇ ਸਿੰਘਾਂ ਨਾਲ ਵਿਚਾਰ ਕਰਾਂਗੀ ਨਹੀਂ ਤਾਂ ਇਸ ਨੂੰ ਗੁਪਤ ਹੀ ਰੱਖਾਂਗੀ। ਮਾਤਾ ਜੀ ਕਈ ਦਿਨ ਇੱਥੇ ਰਹੇ ਪਰ ਸਮੇਂ-ਸਮੇਂ ਜਥੇ ਦੇ ਸਿੰਘ ਜੋ ਵੀ ਫੈਸਲਾ ਲੈਂਦੇ ਰਹੇ ਮਾਤਾ ਜੀ ਉਸ ਫੈਸਲੇ ਨੂੰ ਹੀ ਠੀਕ ਸਮਝ ਕੇ ਚੁੱਪ ਰਹੇ ਆਪਣੇ ਵੱਲੋਂ ਕੋਈ ਬਚਨ ਸਾਂਝ ਨਾ ਕੀਤੇ। ਯਾਦ ਰਹੇ ਕਿ ਧਰਮ ਯੁੱਧ ਮੋਰਚੇ ਅਤੇ ਬਾਅਦ ਵਿੱਚ ਵੀ ਮਾਤਾ ਜੀ ਨੇ ਸਿੱਖ ਸੰਘਰਸ਼ ਵਿੱਚ ਵਰਨਣਯੋਗ ਭੂਮਿਕਾ ਨਿਭਾਈ।

ਉਧਰ ਵਿਸਾਖੀ ਦਾ ਦਿਹਾੜਾ ਹੋਣ ਕਾਰਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਗਤਾਂ ਦੀ ਭਾਰੀ ਗਹਿਮਾ-ਗਹਿਮੀ ਸੀ ਅਤੇ ਸਿੱਖ ਸੰਪਰਦਾਵਾਂ ਆਪੋ ਆਪਣੀਆਂ ਜਥੇਬੰਦੀਆਂ ਸਮੇਤ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚੀਆਂ ਹੋਈਆਂ ਸਨ। ਭਾਰੀ ਗਿਣਤੀ ਵਿੱਚ ਸਿੱਖ ਸੰਗਤਾਂ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰ ਰਹੀਆਂ ਸਨ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਲਈ ਲੰਬੀ ਲਾਇਨ ਲੱਗੀ ਹੋਈ ਸੀ।

ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਭਾਰੀ ਦੀਵਾਨ ਸਜਿਆ ਹੋਇਆ ਸੀ ਜਿਥੇ ਢਾਡੀ ਸਿੰਘ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ ਅਤੇ ਸਟੇਜ ਉਪਰ ਰਾਜਨੀਤਿਕ ਅਤੇ ਧਾਰਮਿਕ ਆਗੂ ਸੰਗਤਾਂ ਨੂੰ ਸੰਬੋਧਨ ਕਰਨ ਲਈ ਬੈਠੇ ਹੋਏ ਸਨ। ਇਥੇ ਹੀ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਜੀਵਨ ਸਿੰਘ ਉਮਰਾਨੰਗਲ ਵੀ ਮੌਜੂਦ ਸਨ। ਵੱਖ-ਵੱਖ ਬੁਲਾਰੇ ਖ਼ਾਲਸੇ ਦੇ ਜਨਮ ਦਿਨ ਨੂੰ ਸਮਰਪਿਤ ਵਿਸਾਖੀ ਬਾਰੇ ਆਪੋ ਆਪਣੀਆਂ ਵਿਚਾਰਾਂ ਰੱਖ ਰਹੇ ਸਨ। ਜਿਉਂ ਹੀ ਜੀਵਨ ਸਿੰਘ ਉਮਰਾਨੰਗਲ ਸਟੇਜ ਤੋਂ ਬੋਲਣ ਲਈ ਖੜ੍ਹਾ ਹੋਇਆ ਤਾਂ ਅਜੇ ਕੁੱਝ ਹੀ ਮਿੰਟ ਹੋਏ ਸਨ ਕਿ ਕੁੱਝ ਵਿਅਕਤੀਆਂ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਜੀ ਨੂੰ ਆ ਕੇ ਦੱਸਿਆ ਕਿ ਰੇਲਵੇ ਕਲੋਨੀ ਵਿਖੇ ਨਕਲੀ ਨਿਰੰਕਾਰੀਆਂ ਨੇ ਬਹੁਤ ਵੱਡਾ ਪੰਡਾਲ ਸਜਾਇਆ ਹੋਇਆ ਹੈ, ਜਿੱਥੇ ਉਹ ਜਲਸਾ ਕਰ ਰਹੇ ਹਨ ਅਤੇ ਉਸ ਜਲਸੇ ਵਿੱਚ ਕਾਫੀ ਭੀੜ ਇਕੱਠੀ ਹੋਈ ਹੈ। ਉਥੋਂ ਗੁਰੂ ਸਾਹਿਬਾਨਾਂ ਅਤੇ ਗੁਰਬਾਣੀ ਦੇ ਖਿਲਾਫ ਬਹੁਤ ਭੈੜੇ ਸ਼ਬਦਾਂ ਨਾਲ ਸਿੱਖੀ ਦਾ ਨਿਰਾਦਰ ਕੀਤਾ ਜਾ ਰਿਹਾ ਹੈ। ਇਹ ਸੁਣਦਿਆਂ ਹੀ ਸੰਤ ਜਰਨੈਲ ਸਿੰਘ ਖੜ੍ਹੇ ਹੋ ਕੇ ਸ. ਉਮਰਾਨੰਗਲ ਦੇ ਕੋਲ ਚਲੇ ਗਏ ਅਤੇ ਉਨ੍ਹਾਂ ਨੂੰ ਕਿਹਾ ਕਿ ਦੇਖੋ ਪੰਜਾਬ ਵਿੱਚ ਅਕਾਲੀਆਂ ਦੀ ਸਰਕਾਰ ਹੈ ਅਤੇ ਤੁਸੀਂ ਸਰਕਾਰ ਦੇ ਨੁਮਾਇੰਦੇ ਹੋ। ਉੱਧਰ ਨਕਲੀ ਨਿਰੰਕਾਰੀਆਂ ਦੇ ਜਲਸੇ ਵਿੱਚ ਜੋ ਕੁਝ ਹੋ ਰਿਹਾ ਹੈ ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਨ੍ਹਾਂ ਦੇ ਕੁੜ ਪ੍ਰਚਾਰ ਨਾਲ ਸੁਹਿਰਦ ਸਿੱਖਾਂ ਦੇ ਜਜ਼ਬਾਤ ਭੜਕ ਸਕਦੇ ਹਨ। ਇਸ ਲਈ ਕਿਸੇ ਵੀ ਪ੍ਰਕਾਰ ਦੀ ਅਣਸੁਖਾਵੀਂ ਘਟਨਾ ਵਾਪਰਨ ਤੋਂ ਬਚਣ ਲਈ ਤੁਸੀਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਸਮਾਗਮ 'ਤੇ ਪਾਬੰਦੀ ਲਗਾ ਕੇ ਤੁਰੰਤ ਹੀ ਡੀਸੀ ਨੂੰ ਹੁਕਮ ਦੇ ਕੇ ਉਨ੍ਹਾਂ ਦਾ ਜਲਸਾ ਰੋਕ ਦਿਉ। ਇਹ ਸੁਣਦਿਆਂ ਹੀ ਸ. ਉਮਰਾਨੰਗਲ ਨੇ ਜਵਾਬ ਦਿੱਤਾ ਕਿ ਉਨ੍ਹਾਂ ਦਾ ਜਲੂਸ ਅਤੇ ਜਲਸਾ ਸਰਕਾਰ ਤੋਂ ਆਗਿਆ ਲੈਣ ਉਪਰੰਤ ਹੀ ਕੀਤਾ ਜਾ ਰਿਹਾ ਹੈ। ਇਸ ਲਈ ਮੈਂ ਉਸ ਨੂੰ ਨਹੀਂ ਰੋਕ ਸਕਦਾ ਤਾਂ ਸੰਤਾਂ ਨੇ ਕਿਹਾ ਕਿ ਹੋ ਸਕਦਾ ਹੈ ਜਿਸ ਵੇਲੇ ਇਜਾਜ਼ਤ ਦਿੱਤੀ ਗਈ ਉਸ ਸਮੇਂ ਇਸ ਗੱਲ ਬਾਰੇ ਗਿਆਤ ਨਾ ਹੋਵੇ ਕਿ ਉਹ

Scanned with CamScanner

ਅਜਿਹਾ ਕੁੱਝ ਬੋਲਣਗੇ। ਜੋ ਹੁਣ ਸਿੱਖੀ ਸਿਧਾਂਤਾਂ ਖਿਲਾਫ ਬੋਲਿਆ ਜਾ ਰਿਹਾ ਹੈ। ਇਸ ਲਈ ਤੁਸੀਂ ਸਮੇਂ ਦੀ ਨਜਾਕਤ ਨੂੰ ਸਮਝੋ ਅਤੇ ਉਨ੍ਹਾਂ ਦਾ ਜਲਸਾ ਰੋਕਣ ਵਿੱਚ ਦੇਰੀ ਨਾ ਕਰੋ। ਇਸ 'ਤੇ ਫਿਰ ਉਮਰਾਨੰਗਲ ਨੇ ਰਤਾ ਵੀ ਪ੍ਰਵਾਹ ਨਾ ਕੀਤੀ ਬਲਕਿ ਇਹੀ ਜਵਾਬ ਦਿੱਤਾ ਕਿ ਡੀ.ਸੀ. ਨੂੰ ਹੁਕਮ ਤਾਂ ਕੇਵਲ ਮੁੱਖ ਮੰਤਰੀ ਹੀ ਦੇ ਸਕਦਾ ਹੈ। ਮੈਂ ਡੀ.ਸੀ. ਨੂੰ ਅਜਿਹਾ ਹੁਕਮ ਨਹੀਂ ਦੇ ਸਕਦਾ। ਇਹ ਸੁਣਦਿਆਂ ਹੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਉਸ ਨੂੰ ਇਹ ਕਹਿ ਕੇ ਸਟੇਜ ਤੋਂ ਉੱਤਰ ਆਏ ਕਿ ਜੇਕਰ ਤੁਸੀਂ ਕੁੱਝ ਨਹੀਂ ਕਰ ਸਕਦੇ ਤਾਂ ਅਸੀਂ ਉਨ੍ਹਾਂ ਨੂੰ ਅਜਿਹਾ ਕੂੜ ਪ੍ਰਚਾਰ ਕਰਨ ਦੀ ਆਗਿਆ ਨਹੀਂ ਦੇਵਾਂਗੇ। ਉਨ੍ਹਾਂ ਦੇ ਨਾਲ ਹੀ ਦਮਦਮੀ ਟਕਸਾਲ ਦੇ ਵਿਦਿਆਰਥੀ ਅਤੇ ਸੰਗਤ ਵਿੱਚੋਂ ਕੁੱਝ ਸ਼ਰਧਾਲੂ ਸਟੇਜ ਤੋਂ ਉੱਤਰ ਕੇ ਗੁਰੂ ਰਾਮਦਾਸ ਸਰਾ ਵਿੱਚ ਚਲੇ ਗਏ। ਜਿਥੇ ਜਾਂਦਿਆਂ ਹੀ ਸੰਤਾਂ ਨੇ ਕਿਹਾ ਕਿ ਸਭ ਜ਼ਿੰਮੇਵਾਰ ਸਿੰਘ ਤੁਰੰਤ ਇਕੱਠੇ ਹੋਵੋ ਅਤੇ ਨਾਲ ਹੀ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੂੰ ਵੀ ਸੁਨੇਹਾ ਭੇਜੋ ਕਿ ਕੁੱਝ ਜ਼ਿੰਮੇਵਾਰ ਸਿੰਘ ਗੁਰੂ ਰਾਮਦਾਸ ਸਰਾਂ ਵਿੱਚ ਪਹੁੰਚਣ ਕਿਉਂਕਿ ਕੁੱਝ ਜ਼ਰੂਰੀ ਵਿਚਾਰ ਕਰਨੀ ਹੈ। ਪਰ ਬੇਨਤੀ ਹੈ ਕਿ ਉਨ੍ਹਾਂ ਵਿੱਚ ਕੋਈ ਬੀਬੀ ਜਾਂ ਬੱਚਾ ਨਾ ਆਵੇ। ਇਹ ਗੱਲ ਸੁਣਦਿਆਂ ਹੀ ਭਾਈ ਕੇਸਰ ਸਿੰਘ ਸੰਤਾਂ ਦਾ ਸੁਨੇਹਾ ਲੈ ਕੇ ਅਖੰਡ ਕੀਰਤਨੀ ਜਥੇ ਨੂੰ ਦੱਸਣ ਲਈ ਚਲੇ ਗਏ।

ਵਿਸਾਖੀ ਦਾ ਤਿਉਹਾਰ ਹੋਣ ਕਾਰਨ ਅਖੰਡ ਕੀਰਤਨੀ ਜਥਾ ਵੀ ਪਿਛਲੇ ਦੋ ਦਿਨਾਂ ਤੋਂ ਅਜੀਤ ਨਗਰ ਵਿਖੇ ਕੀਰਤਨ ਦਾ ਪ੍ਰਵਾਹ ਚਲਾ ਰਿਹਾ ਸੀ ਅਤੇ ਇਥੇ ਹੀ ਜੱਥੇ ਦੇ ਲੰਗਰ ਦਾ ਪ੍ਰਬੰਧ ਕੀਤਾ ਹੋਇਆ ਸੀ। ਜਦੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਾ ਸੁਨੇਹਾ ਅਖੰਡ ਕੀਰਤਨੀ ਜੱਥੇ ਪਾਸ ਪਹੁੰਚਿਆ ਤਾਂ ਉਨ੍ਹਾਂ ਇਹੋ ਬੇਨਤੀ ਚੱਲ ਰਹੇ ਦੀਵਾਨ ਦੇ ਸਪੀਕਰ ਵਿੱਚ ਕਰ ਦਿੱਤੀ। ਉਸੇ ਤਰ੍ਹਾਂ ਕਿਹਾ ਗਿਆ ਕਿ ਭਾਈ ਜਰਨੈਲ ਸਿੰਘ ਖ਼ਾਲਸਾ ਜੀ ਨੇ ਕੁੱਝ ਜ਼ਰੂਰੀ ਵਿਚਾਰਾਂ ਕਰਨ ਲਈ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੂੰ ਗੁਰੂ ਰਾਮ ਦਾਸ ਸਰਾਂ ਵਿੱਚ ਆਉਣ ਲਈ ਬੇਨਤੀ ਕੀਤੀ ਹੈ ਅਤੇ ਨਾਲ ਹੀ ਕਿਹਾ ਹੈ ਕਿ ਕੋਈ ਬੱਚਾ ਜਾਂ ਬੀਬੀਆਂ ਨਾ ਆਉਣ, ਜਿਸ ਵੇਲੇ ਸਪੀਕਰ ਤੋਂ ਇਹ ਆਵਾਜ਼ ਸੁਣੀ ਤਾਂ ਉਸ ਵੇਲੇ ਭਾਈ ਫੌਜਾ ਸਿੰਘ ਜੀ ਲੰਗਰ ਵਿੱਚ ਕਮਰਕੱਸਾ ਕਰਕੇ ਆਟਾ ਗੁੰਨ ਰਹੇ ਸਨ ਅਤੇ ਸਾਹਮਣੇ ਹੀ ਉਨ੍ਹਾਂ ਨੇ ਵੱਡੀ ਸਿਰੀ ਸਾਹਿਬ ਅਤੇ ਢਾਲ ਰੱਖੀ ਹੋਈ ਸੀ। ਆਵਾਜ਼ ਸੁਣਦਿਆਂ ਹੀ ਭਾਈ ਫੌਜਾ ਸਿੰਘ ਨੇ ਆਟੇ ਵਾਲੇ ਹੱਥ ਧੋਤੇ ਅਤੇ ਢਾਲ਼ਾ ਅਤੇ ਸਿਰੀ ਸਾਹਿਬ ਸਜਾਉਂਦਿਆਂ, ਕੁਝ ਸਿੰਘਾਂ ਨੂੰ ਨਾਲ ਲੈ ਕੇ ਗੁਰੂ ਰਾਮ ਦਾਸ ਸਰਾਂ ਵੱਲ ਚਾਲੇ ਪਾ ਦਿੱਤੇ। ਉਥੇ ਪਹੁੰਚਦਿਆਂ ਹੀ ਵੇਖਿਆ ਕਿ ਨਕਲੀ ਨਿਰੰਕਾਰੀਆਂ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਨੂੰ ਰੋਕਣ ਲਈ ਗੰਭੀਰ ਵਿਚਾਰਾਂ ਹੋ ਰਹੀਆਂ ਹਨ। ਉਥੇ ਮੌਜੂਦ ਸਿੰਘਾਂ ਨੂੰ ਫਤਿਹ ਬੁਲਾ ਕੇ ਭਾਈ ਫੌਜਾ ਸਿੰਘ ਅਤੇ ਨਾਲ ਆਏ ਸਿੰਘ ਵੀ ਉਥੇ ਬੈਠ ਗਏ। ਸਿੰਘਾਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਨਕਲੀ ਨਿਰੰਕਾਰੀਆਂ ਦੇ ਪ੍ਰਪੰਚ ਨੂੰ ਰੋਕਣ ਲਈ ਜਾਣ ਵਾਲੇ ਜੱਥੇ ਦੀ ਅਗਵਾਈ ਖ਼ੁਦ ਕਰਨ ਦੀ ਤਿਆਰੀ ਕੀਤੀ, ਪਰ ਟਕਸਾਲ ਦੇ ਸੁਝਵਾਨ ਸਿੰਘਾਂ ਨੇ ਦੂਰ ਅੰਦੇਸ਼ੀ ਨਾਲ ਸੋਚਦਿਆਂ ਉਨ੍ਹਾਂ ਨੂੰ ਖ਼ੁਦ ਇਸ ਜੱਥੇ ਦੀ ਅਗਵਾਈ ਕਰਨ ਤੋਂ ਰੋਕਿਆ। ਇਸ ਦੇ ਨਾਲ ਹੀ ਭਾਈ ਫੌਜਾ ਸਿੰਘ ਨੇ ਵੀ ਸੰਤਾਂ ਨੂੰ ਆਖਿਆ ਕਿ ਤੁਸੀਂ ਆਪ ਇਸ ਜੱਥੇ ਨਾਲ ਨਹੀਂ ਜਾਓਗੇ ਕਿਉਂਕਿ ਇਹ ਜਥਾ ਜਾਣ ਤੋਂ ਬਾਅਦ ਕਿਸੇ ਤਰ੍ਹਾਂ ਦੇ ਵੀ ਅਣਸੁਖਾਵੇਂ ਹਾਲਾਤ ਪੈਦਾ ਹੁੰਦੇ ਹਨ ਤਾਂ ਤੁਸੀਂ ਸੰਭਾਲ ਸਕਦੇ ਹੋ। ਇਸ ਕਰਕੇ ਤੁਹਾਨੂੰ ਨਾਲ ਨਹੀਂ ਜਾਣਾ ਚਾਹੀਦਾ। ਪਰ ਸੰਤ ਜਰਨੈਲ ਸਿੰਘ ਜੀ ਸਿੰਘਾਂ ਨੂੰ ਰੋਕਣ 'ਤੇ ਵੀ ਜਥੇ ਵਿੱਚ ਜਾਣ ਤੋਂ ਪਿੱਛੇ ਹਟਦੇ ਨਾ ਜਾਪੇ ਤਾਂ ਫਿਰ ਸਿੰਘਾਂ ਨੇ ਪੰਜ ਪਿਆਰਿਆਂ ਦੀ ਪੰਪਰਾ ਦੁਆਰਾ ਰੋਕਣ ਦਾ ਫੈਸਲਾ ਕਰ ਲਿਆ। ਇਸ ਤਰ੍ਹਾਂ ਖ਼ਾਲਸਾਈ ਰਿਵਾਇਤਾਂ ਸਾਹਮਣੇ ਝੁਕਣ ਤੋਂ ਸਿਵਾਏ ਹੋਰ ਕੋਈ ਰਾਹ ਨਾ ਦੇਖਦਿਆਂ ਸੰਤਾਂ ਨੇ ਆਪ ਨਾਲ ਜਾਣ ਦਾ ਫੈਸਲਾ ਤਿਆਗ ਦਿੱਤਾ।

ਦਮਦਮੀ ਟਕਸਾਲ ਦੇ ਭਾਈ ਰਣਬੀਰ ਸਿੰਘ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘ ਭਾਈ ਫੌਜਾ ਸਿੰਘ ਆਦਿ ਸਿੰਘਾਂ ਦੀ ਅਗਵਾਈ ਹੇਠ ਜਥਾ ਤੋਰਨ ਦਾ ਫੈਸਲਾ ਕੀਤਾ ਗਿਆ। ਤੁਰੰਤ ਹੀ ਇਸ ਜਥੇ ਨੇ ਅਰਦਾਸਾ ਸੋਧਿਆ ਅਤੇ ਨਿਰੰਕਾਰੀਆਂ ਦੇ ਜਲਸੇ ਵੱਲ ਚਾਲੇ ਪਾ ਦਿੱਤੇ। ਇਨ੍ਹਾਂ ਦੀ ਗਿਣਤੀ ਲਗਭਗ 150 ਸੀ ਜਿਨ੍ਹਾਂ ਕੋਲ ਰਵਾਇਤੀ ਸ਼ਸ਼ਤਰਾਂ ਤੋਂ ਬਿਨਾ ਕੋਈ ਮਾੜੂ ਹਥਿਆਰ ਨਹੀਂ ਸੀ। ਗੁਰੂ ਰਾਮਦਾਸ ਸਰਾਂ ਤੋਂ ਰੇਲਵੇ ਕਲੋਨੀ ਬੀ-ਬਲਾਕ ਜਿਥੇ ਨਕਲੀ ਨਿਰੰਕਾਰੀਆਂ ਦਾ ਜਲਸਾ ਹੋ ਰਿਹਾ ਸੀ ਵਲ ਜੱਥਾ ਚੱਲ ਪਿਆ। ਕਿਲ੍ਹਾ ਲੋਹਗੜ੍ਹ ਦਰਵਾਜੇ ਤੇ ਪੁੱਜਾ ਹੋਇਆ ਇਹ ਜਥਾ ਜਦ ਨਕਲਧਾਰੀਆਂ ਦੇ ਜਲਸੇ ਤੋਂ ਲਗਭਗ 300 ਗਜ ਦੇ ਫਾਸਲੇ 'ਤੇ ਪੁੱਜ ਗਿਆ ਤਾਂ ਜੱਥੇ ਨੂੰ

Scanned with CamScanner

ਪੁਲਿਸ ਅਧਿਕਾਰੀਆਂ ਨੇ ਰੋਕ ਲਿਆ ਅਤੇ ਜਾਣ ਦਾ ਮਨੋਰਥ ਪੁੱਛਿਆ। ਜਥੇ ਦੇ ਆਗੂਆਂ ਨੇ ਦੱਸਿਆ ਕਿ ਨਕਲੀ ਨਿਰੰਕਾਰੀ ਆਪਣੇ ਜਲਸਾ ਸਮਾਗਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਗੁਰੂ ਸਾਹਿਬਾਨਾਂ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਵਰਤ ਰਹੇ ਹਨ। ਸਾਡੇ ਜੱਥੇ ਦਾ ਪ੍ਰਯੋਜਨ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣਾ ਹੀ ਹੈ। ਇਹ ਗੱਲ ਸੁਣ ਕੇ ਪੁਲਿਸ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਉਹ ਆਪ ਜਾ ਕੇ ਤੁਹਾਡੀ ਇਹ ਮੰਗ ਪੂਰੀ ਕਰਵਾ ਸਕਦੇ ਹਨ। ਇਸ ਲਈ ਜਥੇ ਨੂੰ ਇੱਥੇ ਹੀ ਰੁਕਿਆ ਰਹਿਣ ਦਿੱਤਾ ਜਾਵੇ। ਇਹ ਕਹਿ ਕੇ ਉਪਰੋਕਤ ਅਧਿਕਾਰੀ ਸਮਾਗਮ ਪੰਡਾਲ ਵਿੱਚ ਚਲਿਆ ਗਿਆ ਅਤੇ ਉਹ ਆਈ. ਏ. ਐੱਸ. ਨਿਰੰਜਨ ਸਿੰਘ, ਪੰਜਾਬ ਸਰਕਾਰ ਦਾ ਮੁੱਖ ਸਕੱਤਰ ਹਰਦੇਵ ਸਿੰਘ ਛੀਨਾ ਅਤੇ ਨਰਕਧਾਰੀ ਮੁਖੀ ਨਾਲ ਜੱਥੇ ਦੇ ਸਿੰਘਾਂ 'ਤੇ ਸਖਤ ਕਾਰਵਾਈ ਕਰਨ ਦੀ ਯੋਜਨਾ ਬਣਾਕੇ ਅੱਧੇ ਘੰਟੇ ਬਾਅਦ ਪਰਤਿਆ। ਉਸ ਸਮੇਂ ਹੋਰ ਵੀ ਪੁਲਿਸ ਫੋਰਸ ਦੇ ਅਧਿਕਾਰੀ ਉਸ ਦੇ ਨਾਲ ਸਨ। ਜਿਨ੍ਹਾਂ ਵਿੱਚ ਸਿਟੀ ਇੰਸਪੈਕਟਰ ਅਨੂਪ ਸਿੰਘ ਅਤੇ ਡੀ. ਐੱਸ. ਪੀ. ਜੋਸ਼ੀ ਸ਼ਾਮਿਲ ਸਨ। ਇਨ੍ਹਾਂ ਅਧਿਕਾਰੀਆਂ ਨੇ ਜੱਥੇ ਦੇ ਸਿੰਘਾਂ ਸਾਹਮਣੇ ਝੂਠ ਬੋਲਦਿਆਂ ਕਿਹਾ ਕਿ ਸਮਾਗਮ ਖਤਮ ਹੋ ਚੁੱਕਾ ਹੈ। ਇਸ ਲਈ ਤੁਸੀਂ ਵਾਪਸ ਚਲੇ ਜਾਓ। ਪਰ ਉਸ ਸਮੇਂ ਲੱਕ ਲਾਊਡ ਸਪੀਕਰ 'ਤੇ ਗੁਰੂ ਸਾਹਿਬਾਨਾਂ ਦੇ ਵਿਰੁੱਧ ਕੀਤੇ ਜਾ ਰਹੇ ਭੜਕਾਊ ਭਾਸ਼ਣਾਂ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਇਸ ਲਈ ਜੱਥੇ ਦੇ ਸਿੰਘਾਂ ਨੇ ਇਨ੍ਹਾਂ ਅਧਿਕਾਰੀਆਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਪੰਡਾਲ ਵੱਲ ਚਾਲੇ ਪਾ ਦਿੱਤੇ। ਪਰ ਬਿਨਾਂ ਕਿਸੇ ਭੜਕਾਹਟ ਜਲਸੇ ਵਾਲੇ ਪਾਸਿਉਂ ਇਸ ਜਥੇ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ ਗਈ ਅਤੇ ਬਿਨਾਂ ਰੁਕਾਵਟ ਕਿੰਨਾ ਹੀ ਚਿਰ ਨਕਲੀ ਨਿਰੰਕਾਰੀਆਂ ਵੱਲੋਂ ਗਿਣੀ-ਮਿਥੀ ਸਾਜਿਸ਼ ਅਧੀਨ ਸਿੰਘਾਂ ਦੇ ਜਥੇ ਉਪਰ ਗੋਲੀ ਚੱਲਦੀ ਰਹੀ। ਪਿਛਲੇ ਪਾਸਿਓਂ ਪੁਲਿਸ ਅਧਿਕਾਰੀਆਂ ਨੇ ਵੀ ਇਸ ਨਿਹੱਥੇ ਅਤੇ ਸ਼ਾਂਤਮਈ ਜੱਥੇ ਉਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ। ਜਿਸ ਕਾਰਨ ਭਾਈ ਫੌਜਾ ਸਿੰਘ, ਭਾਈ ਰਣਬੀਰ ਸਿੰਘ ਫੌਜੀ ਸਮੇਤ 13 ਸਿੰਘ ਮੌਕੇ 'ਤੇ ਹੀ ਸ਼ਹੀਦੀਆਂ ਪਾ ਗਏ ਅਤੇ ਲਗਭਗ 80 ਸਿੰਘ ਜ਼ਖਮੀ ਹੋ ਗਏ। ਪਲਾਂ ਵਿੱਚ ਹੀ ਬੀ-ਬਲਾਕ ਦੀ ਧਰਤੀ ਸਿੰਘਾਂ ਦੇ ਖੂਨ ਨਾਲ ਲਥਪਥ ਹੋ ਗਈ। ਪਰ ਅਖੌਤੀ ਮਾਨਵ ਏਕਤਾ ਦੇ ਨਾਂ ਥੱਲੇ ਅਡੰਬਰੀ ਮਿਸ਼ਨ ਚਲਾਉਣ ਵਾਲਿਆਂ ਉਪਰ ਰਤਾ ਵੀ ਅਸਰ ਨਾ ਹੋਇਆ ਸਗੋਂ ਮਾਨਵ ਏਕਤਾ ਦੀਆਂ ਗੱਲਾਂ ਕਰਨ ਵਾਲੇ ਮਨੁੱਖਤਾ ਦੇ ਖੂਨ ਨਾਲ ਹੋਲੀ ਖੇਡ ਰਹੇ ਸਨ ਅਤੇ ਬਿਨਾਂ ਕਿਸੇ ਭੈਅ ਇਸ ਕੂੜ ਮਿਸ਼ਨ ਦਾ ਮੁਖੀ ਗੁਰਬਚਨ ਸਿੰਘ ਸਟੇਜ ਤੋਂ ਆਪਣੇ ਅਖੌਤੀ ਮਿਸ਼ਨ ਬਾਰੇ ਬੋਲਦਾ ਰਿਹਾ। ਇਹ ਖੂਨੀ ਕਾਂਡ ਵਾਪਰ ਜਾਣ ਤੋਂ ਬਾਅਦ ਵੀ ਇਨ੍ਹਾਂ ਦੇ ਜਲਸੇ ਦੀ ਸਟੇਜ ਨਿਰੰਤਰ ਚੱਲਦੀ ਰਹੀ ਅਤੇ ਆਪਣੇ ਮਿੱਥੇ ਹੋਏ ਸਮੇਂ ਮੁਤਾਬਿਕ ਸ਼ਾਮ ਦੇ ਚਾਰ ਵਜੇ ਜਲਸੇ ਦੀ ਸਮਾਪਤੀ ਕੀਤੀ ਗਈ। ਗੋਲੀ ਚੱਲਣ ਸਮੇਂ ਪੰਜਾਬ ਸਰਕਾਰ ਦਾ ਮੁੱਖ ਸਕੱਤਰ ਹਰਦੇਵ ਸਿੰਘ ਛੀਨਾ ਅਤੇ ਇੱਕ ਆਈ. ਏ. ਐੱਸ. ਅਫਸਰ ਨਿਰੰਜਣ ਸਿੰਘ ਨਿਰੰਕਾਰੀ ਸਟੇਜ 'ਤੇ ਮੌਜੂਦ ਸਨ। ਜਿਨ੍ਹਾਂ ਨੇ ਮੌਕੇ ਦੀ ਨਜਾਕਤ ਨੂੰ ਵੇਖਦਿਆਂ ਇਸ ਕੂੜ ਮਿਸ਼ਨ ਦੇ ਮੁਖੀ ਗੁਰਬਚਨ ਸਿੰਘ ਨੂੰ ਇਸੇ ਸ਼ਾਮ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ੍ਰੀ ਕੇ. ਐਸ. ਸੰਜੂਆ ਨੇ ਪੁਲਿਸ ਦੇ ਸਖਤ ਪ੍ਰਬੰਧਾਂ ਹੇਠ ਸੁਰੱਖਿਅਤ ਪੰਜਾਬ ਤੋਂ ਬਾਹਰ ਕੱਢ ਦਿੱਤਾ।

ਇਸ ਖੂਨੀ ਕਾਂਡ ਵਿੱਚ ਸ਼ਹੀਦੀਆਂ ਪਾਉਣ ਵਾਲੇ ਸਿੰਘ ਜਿਨ੍ਹਾਂ ਵਿੱਚ:

1. ਭਾਈ ਫੌਜਾ ਸਿੰਘ ਜੀ ਸਪੁੱਤਰ ਸ. ਸਰੈਣ ਸਿੰਘ, ਅੰਮ੍ਰਿਤਸਰ
2. ਜਥੇਦਾਰ ਰਣਬੀਰ ਸਿੰਘ ਫੌਜੀ ਸਪੁੱਤਰ ਸ. ਕਾਲਾ ਸਿੰਘ ਜੀ ਖਿੰਡ ਥਰਾਜ, ਜ਼ਿਲ੍ਹਾ ਮੋਗਾ।
3. ਸ. ਗੁਰਦਿਆਲ ਸਿੰਘ ਜੀ ਸਪੁੱਤਰ ਭਾਈ ਸੋਹਣ ਸਿੰਘ ਜੀ ਮਦੋ, ਨੇੜੇ ਅਟਾਰੀ ਜਿਲ੍ਹਾ ਅੰਮ੍ਰਿਤਸਰ
4. ਭਾਈ ਅਵਤਾਰ ਸਿੰਘ ਸਪੁੱਤਰ ਸ. ਭਗਵਾਨ ਸਿੰਘ ਜੀ ਖੁੱਡਾ ਕਰਾਲਾ, ਹੁਸ਼ਿਆਰਪੁਰ
5. ਭਾਈ ਰਘਬੀਰ ਸਿੰਘ ਸਪੁੱਤਰ ਸ. ਨਵਾਬ ਸਿੰਘ ਜੀ ਭੱਗੂਪੁਰਾ, ਜਿਲ੍ਹਾ ਅੰਮ੍ਰਿਤਸਰ
6. ਭਾਈ ਕੇਵਲ ਸਿੰਘ ਜੀ ਸਪੁੱਤਰ ਸ. ਅਮਰ ਸਿੰਘ ਜੀ ਪੋਮਗੜ੍ਹ, ਹੁਸ਼ਿਆਰਪੁਰ
7. ਭਾਈ ਹਰੀ ਸਿੰਘ ਜੀ ਸਪੁੱਤਰ ਭਾਈ ਗੁਰਚਰਨ ਸਿੰਘ ਕੋਟ ਰਲਿਆ ਰਾਮ, ਅੰਮ੍ਰਿਤਸਰ
8. ਭਾਈ ਹਰਭਜਨ ਸਿੰਘ ਜੀ ਸਪੁੱਤਰ ਸ. ਜਗਤ ਸਿੰਘ ਜੀ ਭਾਟੀਆ, ਜਿਲ੍ਹਾ ਗੁਰਦਾਸਪੁਰ
9. ਭਾਈ ਗੁਰਚਰਨ ਸਿੰਘ ਜੀ ਸਪੁੱਤਰ ਭਾਈ ਦਲੀਪ ਸਿੰਘ ਜੀ, ਨਿਊ ਮਾਡਲ ਟਾਊਨ, ਲੁਧਿਆਣਾ
10. ਭਾਈ ਧਰਮਵੀਰ ਸਿੰਘ ਜੀ ਸਪੁੱਤਰ ਸ. ਲਾਲ ਸਿੰਘ, ਅਜੀਤ ਨਗਰ, ਅੰਮ੍ਰਿਤਸਰ

Scanned with CamScanner

11. ਭਾਈ ਅਮਰੀਕ ਸਿੰਘ ਜੀ ਸਪੁੱਤਰ ਸ. ਕੁੰਦਨ ਸਿੰਘ ਖਜਾਲਾ
12. ਭਾਈ ਪਿਆਰਾ ਸਿੰਘ ਜੀ ਸਪੁੱਤਰ ਸ. ਕਿਸ਼ਨ ਸਿੰਘ ਜੀ ਭੁਰਗਰਾਨੀ, ਜਿਲ੍ਹਾ ਹੁਸ਼ਿਆਰਪੁਰ
13. ਭਾਈ ਦਰਸ਼ਨ ਸਿੰਘ ਜੀ ਸਪੁੱਤਰ ਸ. ਅੱਛਰ ਸਿੰਘ ਜੀ, ਪਿੰਡ ਮਹਿਤਾ, ਜਿਲ੍ਹਾ ਅੰਮ੍ਰਿਤਸਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ (ਅੰਮ੍ਰਿਤਸਰ)

ਇਹ ਸ਼ਹਾਦਤਾਂ ਪਾਉਣ ਵਾਲੇ ਮਹਾਨ ਸ਼ਹੀਦ ਅਤੇ ਜ਼ਖਮੀ ਹੋਣ ਵਾਲੇ ਦਾਦਮੀ ਟਕਸਾਲ ਅਤੇ ਅੰਖਡ ਕੀਰਤਨੀ ਜੱਥੇ ਨਾਲ ਸਬੰਧਤ ਸਿੰਘ ਸਨ। ਵੱਡੀ ਗੱਲ ਇਹ ਕਿ ਸਾਰੇ ਹੀ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਖਾਲਸੇ ਸਨ ਜੋ ਕਿਸੇ ਵੀ ਕੀਮਤ 'ਤੇ ਗੁਰਬਾਣੀ ਦਾ ਨਿਰਾਦਰ ਨਹੀਂ ਸਨ ਸਹਾਰ ਸਕਦੇ ਅਤੇ ਗੁਰੂ ਸਾਹਿਬਾਨਾਂ ਦੇ ਖਿਲਾਫ ਵਰਤੀ ਜਾ ਰਹੀ ਮੰਦ ਸ਼ਬਦਾਵਲੀ ਨੂੰ ਰੋਕਣ ਲਈ ਮੌਤ ਦੇ ਡਰ ਤੋਂ ਬਿਨਾ ਅੱਗੇ ਵਧ ਰਹੇ ਸਨ। ਇਨ੍ਹਾਂ ਕਲਗੀਧਰ ਦੇ ਸਪੁੱਤਰਾਂ ਨੇ ਧਰਮ ਦੀ ਖਾਤਰ ਆਪਣੀਆਂ ਸ਼ਹਾਦਤਾਂ ਦੇ ਕੇ ਜਿੱਥੇ ਸਿੱਖਾਂ ਦੇ ਪੁਰਾਤਨ ਸੁਨਹਿਰੀ ਇਤਿਹਾਸ ਨੂੰ ਤਾਜ਼ਾ ਕੀਤਾ, ਉੱਥੇ ਸਿੱਖੀ 'ਤੇ ਮੰਡਰਾ ਰਹੇ ਨਵੇਂ ਖਤਰਿਆਂ ਲਈ ਸਿੱਖ ਪੰਥ ਨੂੰ ਤਿਆਰ ਰਹਿਣ ਦਾ ਅਤੇ ਆਪਾ ਕੁਰਬਾਨ ਕਰਨ ਦਾ ਸੁਨੇਹਾ ਦਿੱਤਾ।

ਜਦੋਂ ਨਿਹੱਥੇ ਤੇ ਸ਼ਾਂਤਮਈ ਸਿੱਖਾਂ ਦੇ ਭਿਆਨਕ ਕਤਲੇਆਮ ਦੀ ਦੁਖਦਾਈ ਸੂਚਨਾ ਸੰਤ ਜਰਨੈਲ ਸਿੰਘ ਖਾਲਸਾ ਨੂੰ ਮਿਲੀ ਤਾਂ ਉਨ੍ਹਾਂ ਨੂੰ ਇਸ ਘਟਨਾ ਦਾ ਡੂੰਘਾ ਦੁੱਖ ਪਹੁੰਚਿਆ। ਪਰ ਉਨ੍ਹਾਂ ਨੇ ਦ੍ਰਿੜ੍ਹ ਨਿਹਚੇ ਨਾਲ ਕਿਹਾ ਕਿ ਉਹ 13 ਸਿਦਕੀ ਸ਼ਹੀਦ ਸਿੰਘਾਂ ਦੇ ਖੂਨ ਨੂੰ ਅਜਾਈਂ ਨਹੀਂ ਜਾਣ ਦੇਣਗੇ। ਜਥੇ ਦੇ ਕੁੱਝ ਸਿੰਘਾਂ ਸਮੇਤ ਉਹ ਤੁਰੰਤ ਹੀ ਹਸਪਤਾਲ ਮਜੀਠਾ ਰੋਡ ਵਿਖੇ ਪਹੁੰਚ ਗਏ ਜਿਥੇ ਸ਼ਹੀਦ ਸਿੰਘਾਂ ਦੇ ਮ੍ਰਿਤਕ ਸਰੀਰ ਰੱਖੇ ਗਏ ਸਨ ਅਤੇ ਜ਼ਖਮੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਭਰਤੀ ਕਰਵਾਇਆ ਗਿਆ ਅਤੇ ਕਈਆਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੇ ਕੇ ਛੁੱਟੀ ਦੇ ਦਿੱਤੀ ਗਈ। ਇਥੇ ਇੱਕ ਹੋਰ ਵਿਲੱਖਣ ਘਟਨਾ ਵੇਖਣ ਨੂੰ ਮਿਲੀ, ਜਿੱਥੇ ਮ੍ਰਿਤਕ ਸਰੀਰਾਂ ਨੂੰ ਰੱਖਿਆ ਗਿਆ ਸੀ ਉਨ੍ਹਾਂ ਵਿੱਚ ਹੀ 14ਵਾਂ ਸਰੀਰ ਭਾਈ ਹਰਨਾਮ ਸਿੰਘ ਭੂਰਿਆਂ ਵਾਲੇ ਦਾ ਸੀ (ਜੋ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਗੜਵਈ ਭਾਈ ਗੁਰਮੁਖ ਸਿੰਘ ਦੇ ਸਤਿਕਾਰਯੋਗ ਪਿਤਾ ਸਨ।) ਜਦੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਸਾਰੇ ਮ੍ਰਿਤਕ ਸਰੀਰਾਂ ਨੂੰ ਨੇੜਿਓਂ ਹੋ ਕੇ ਬਹੁਤ ਗਹੁ ਨਾਲ ਵੇਖ ਰਹੇ ਸਨ ਤਾਂ ਉਨ੍ਹਾਂ ਵੇਖਿਆ ਕਿ ਭਾਈ ਹਰਨਾਮ ਸਿੰਘ ਦੇ ਸਵਾਸ ਚੱਲ ਰਹੇ ਹਨ ਉਨ੍ਹਾਂ ਤੁਰੰਤ ਹੀ ਇੱਕ ਡਾਕਟਰ ਨੂੰ ਇਸ ਬਾਰੇ ਦੱਸਿਆ ਅਤੇ ਝਾੜ ਵੀ ਪਾਈ ਕਿ ਤੁਸੀਂ ਇੰਨਾ ਵੀ ਨਹੀਂ ਦੇਖ ਸਕਦੇ ਕਿ ਜਿੰਦਾ ਵਿਅਕਤੀ ਨੂੰ ਵੀ ਮ੍ਰਿਤਕ ਸਰੀਰਾਂ ਵਿੱਚ ਰੱਖਿਆ ਹੋਇਆ ਹੈ। ਭਾਵੇਂ ਭਾਈ ਹਰਨਾਮ ਸਿੰਘ ਗੰਭੀਰ ਜ਼ਖਮੀ ਸਨ ਬਾਅਦ ਵਿੱਚ ਇਨ੍ਹਾਂ ਨੂੰ ਮ੍ਰਿਤਕ ਸਰੀਰਾਂ ਵਿੱਚੋਂ ਕੱਢ ਕੇ ਹਸਪਤਾਲ ਇਲਾਜ ਲਈ ਭੇਜਿਆ ਗਿਆ। ਉਹ ਲੰਬੇ ਇਲਾਜ ਤੋਂ ਬਾਅਦ ਠੀਕ ਹੋ ਗਏ ਸਨ। ਇਸ ਤੋਂ ਬਾਅਦ ਸੰਤ ਜੀ ਵੱਖ-ਵੱਖ ਥਾਈਂ ਜਿਥੇ ਜਖਮੀ ਸਿੰਘਾਂ ਨੂੰ ਇਲਾਜ ਲਈ ਰੱਖਿਆ ਹੋਇਆ ਸੀ ਉਨ੍ਹਾਂ ਦਾ ਪਤਾ ਕਰਨ ਲਈ ਵੀ ਗਏ।

ਇਸ ਖੂਨੀ ਕਾਂਡ ਨਾਲ ਚਾਰ ਚੁਫੇਰੇ ਖਾਸ ਕਰਕੇ ਗੁਰੂ ਰਾਮਦਾਸ ਦੀ ਨਗਰੀ ਅੰਮ੍ਰਿਤਸਰ ਵਿਖੇ ਸਿੱਖ ਜਗਤ ਅੰਦਰ ਗੁੱਸੇ ਅਤੇ ਗਮ ਦੀ ਲਹਿਰ ਫੈਲ ਗਈ। ਰੋਹ ਵਿੱਚ ਆਏ ਸਿੱਖਾਂ ਦੇ ਜ਼ਖਮੀ ਜਜ਼ਬਾਤਾਂ ਨੂੰ ਮਲ੍ਹਮ ਲਗਾਉਣ ਦੇ ਇਰਾਦੇ ਨਾਲ ਅਕਾਲੀ ਸਰਕਾਰ ਨੇ ਅਪਰਾਧੀ ਨਰਕਧਾਰੀਆਂ ਵਿਰੁੱਧ ਉਨ੍ਹਾਂ ਦੇ ਮੁਖੀ ਗੁਰਬਚਨ ਸਿੰਘ ਸਮੇਤ ਕਤਲ ਅਤੇ ਹੋਰ ਜੁਰਮਾਂ ਦਾ ਮੁਕੱਦਮਾ ਤਾਂ ਦਰਜ ਕਰ ਲਿਆ। ਪਰ ਵੱਡੀ ਸਾਜਿਸ਼ ਤਹਿਤ ਕਿਸੇ ਵੀ ਦੋਸ਼ੀ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਜਦੋਂ ਕਿ ਇਸ ਘਟਨਾ ਤੋਂ ਪਿੱਛੋਂ ਵੀ ਨਕਲੀ ਨਿਰੰਕਾਰੀਆਂ ਦਾ ਜਲਸਾ ਕਈ ਘੰਟੇ ਨਿਰਵਿਘਨ ਚੱਲਦਾ ਰਿਹਾ ਜਿਸ ਵਿੱਚ ਇਨ੍ਹਾਂ ਦੇ ਮੁਖੀ ਸਮੇਤ ਸਾਰੇ ਦੋਸ਼ੀ ਇਥੇ ਮੌਜੂਦ ਸਨ ਇਸ ਲਈ ਉਨ੍ਹਾਂ ਦੀ ਸ਼ਨਾਖਤ ਬਹੁਤ ਹੀ ਸਪੱਸ਼ਟ ਸੀ। ਸੂਝਵਾਨ ਸਿੱਖਾਂ ਵਿੱਚ ਇਹ ਚਰਚਾ ਚੱਲ ਪਈ ਕਿ ਇਸ ਖੂਨੀ ਕਾਂਡ ਲਈ ਅਕਾਲੀ ਸਰਕਾਰ ਖਾਸ ਕਰਕੇ ਸ਼੍ਰੋਮਣੀ ਕਮੇਟੀ ਦਾ ਜਨਰਲ ਸਕੱਤਰ ਅਤੇ ਸਰਕਾਰ ਦਾ ਮਾਲ ਮੰਤਰੀ ਜੀਵਨ ਸਿੰਘ ਉਮਰਾਨੰਗਲ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ ਕਿਉਂਕਿ ਉਸ ਨੂੰ ਸਮੇਂ ਸਿਰ ਸੂਚਿਤ ਕਰ ਦਿੱਤਾ ਗਿਆ ਸੀ ਕਿ ਤੁਹਾਡੀ ਥੋੜ੍ਹੀ ਜਿਹੀ ਢਿੱਲ ਵੀ ਵੱਡੀ ਦੁਖਦਾਈ ਘਟਨਾ ਦਾ ਕਾਰਨ ਬਣ ਸਕਦੀ ਹੈ। ਪਰ ਇਸ ਗੱਲ ਦੀ ਜਰਾ ਜਿੰਨੀ ਵੀ ਪ੍ਰਵਾਹ ਨਹੀਂ ਕੀਤੀ ਗਈ।

ਜੀਵਨ ਸਿੰਘ ਉਮਰਾਨੰਗਲ ਨੂੰ ਜਦੋਂ ਇਸ ਗੱਲ ਦਾ ਅਹਿਸਾਸ ਹੋਇਆ ਕਿ ਰੋਹ ਵਿੱਚ ਭਰੇ ਭੀੜੇ ਸਿੱਖਾਂ ਦੇ ਜਜ਼ਬਾਤਾਂ ਅਨੁਸਾਰ ਉਸ ਨੂੰ ਦੋਸ਼ੀ ਮੰਨਿਆ ਜਾ ਰਿਹਾ ਹੈ ਤਾਂ ਉਸ ਨੇ ਸਮੇਂ ਦੀ ਨਜ਼ਾਕਤ ਨੂੰ ਸਮਝੇ ਬਿਨਾਂ ਹੀ

Scanned with CamScanner

ਭਿੰਡਰਾਂਵਾਲੇ ਸੰਤਾਂ ਦੇ ਵਿਰੁੱਧ ਝੂਠੀ ਬਿਆਨਬਾਜੀ ਕਰਨੀ ਸ਼ੁਰੂ ਕਰ ਦਿੱਤੀ। ਉਸ ਵੱਲੋਂ ਕਿਹਾ ਗਿਆ ਕਿ ਇਹ ਸਭ ਕੁਝ ਸੰਤ ਜਰਨੈਲ ਸਿੰਘ ਦੇ ਗਰਮ ਸੁਭਾਅ ਕਾਰਨ ਵਾਪਰਿਆ ਹੈ। ਉਨ੍ਹਾਂ ਆਪਣੇ ਜਥੇ ਅਤੇ ਸੰਗਤਾਂ ਦੇ ਜਜ਼ਬਾਤ ਨੂੰ ਭੜਕਾ ਕੇ ਨਿਰੰਕਾਰੀਆਂ ਦੇ ਚੱਲ ਰਹੇ ਸਮਾਗਮ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਜਿਸ ਕਾਰਨ ਇਹ ਘਟਨਾ ਵਾਪਰੀ ਹੈ। ਇੱਥੇ ਹੀ ਬਸ ਨਹੀਂ ਬਲਕਿ ਹਿੰਦ ਸਮਾਚਾਰ ਗਰੁੱਪ ਦੇ ਮਾਲਕ ਲਾਲਾ ਜਗਤ ਨਾਰਾਇਣ ਵੱਲੋਂ ਵੀ ਅਜਿਹੀ ਝੂਠੀ ਤੋਹਮਤਬਾਜੀ ਨੂੰ ਤੂਲ ਦੇਣ ਲਈ ਜੀਵਨ ਸਿੰਘ ਉਮਰਾਨੰਗਲ ਦਾ ਸਾਥ ਦਿੰਦਿਆਂ ਆਪਣੇ ਅਖ਼ਬਾਰਾਂ ਵਿੱਚ ਵੀ ਅਜਿਹੀਆਂ ਮਨਘੜਤ ਖ਼ਬਰਾਂ ਵਾਰ-ਵਾਰ ਲਿਖੀਆਂ ਗਈਆਂ। ਲਾਲੇ ਦੀ ਮਨਸ਼ਾ ਸੀ ਕਿ ਇੱਕ ਤਾਂ ਸੰਤ ਜਰਨੈਲ ਸਿੰਘ ਨੂੰ ਖ਼ਾਲਸਾ ਪੰਥ ਵਿੱਚੋਂ ਅਲੱਗ-ਥਲੱਗ ਕੀਤਾ ਜਾ ਸਕੇ ਅਤੇ ਨਾਲ ਹੀ ਇਨ੍ਹਾਂ ਦੀ ਅਕਾਲੀ ਦਲ ਨਾਲੋਂ ਦੂਰੀ ਵਧਾ ਦਿੱਤੀ ਜਾਵੇ ਤਾਂ ਕਿ ਸੰਤ ਜਰਨੈਲ ਸਿੰਘ ਅਤੇ ਅਕਾਲੀ ਦਲ ਆਪਸ ਵਿੱਚ ਮਿਲ ਕੇ ਕੋਈ ਠੋਸ ਪ੍ਰੋਗਰਾਮ ਨਾ ਉਲੀਕ ਸਕਣ। ਪਰ ਸੰਤ ਜਰਨੈਲ ਸਿੰਘ ਲਾਲੇ ਦੀਆਂ ਇਨ੍ਹਾਂ ਕੋਝੀਆਂ ਚਾਲਾਂ ਤੋਂ ਸੁਚੇਤ ਸਨ। ਇਸ ਲਈ ਉਨ੍ਹਾਂ ਨੇ ਆਪਣੇ ਵੱਲੋਂ ਕੋਈ ਅਜਿਹੀ ਬਿਆਨਬਾਜੀ ਨਹੀਂ ਕੀਤੀ ਜਿਸ ਸਦਕਾ ਅਕਾਲੀ ਦਲ ਅਤੇ ਦਮਦਮੀ ਟਕਸਾਲ ਵਿਚਕਾਰ ਦੂਰੀ ਪੈਦਾ ਹੋਵੇ। ਉਹ ਜੋ ਕੋਈ ਬਿਆਨ ਦਿੰਦੇ ਸਨ ਜਾਂ ਕਿਸੇ ਸਟੇਜ ਤੋਂ ਬੋਲਦੇ ਸਨ ਤਾਂ ਕਿਸੇ ਵਿਅਕਤੀ ਵਿਸ਼ੇਸ਼ ਦੀ ਗਲਤੀ ਕਾਰਨ ਉਸ ਪ੍ਰਤੀ ਸਪੱਸ਼ਟ ਤੌਰ 'ਤੇ ਕਹਿੰਦੇ ਸਨ ਪਰ ਸਮੁੱਚੇ ਤੌਰ 'ਤੇ ਅਕਾਲੀ ਦਲ ਵਿਰੁੱਧ ਕੋਈ ਅਣਸੁਖਾਵੀ ਬਿਆਨਬਾਜੀ ਨਹੀਂ ਕੀਤੀ। ਕਿਉਂਕਿ ਉਹ ਵੱਡੇ ਪੰਥਕ ਕਾਰਜ ਦੀ ਸਫਲਤਾ ਲਈ ਕੀਤੀ ਜਾ ਰਹੀ ਜੱਦੋ ਜਹਿਦ ਵਾਸਤੇ ਸਮੁੱਚੇ ਖ਼ਾਲਸਾ ਪੰਥ ਨਾਲ ਹਮਸਫਰ ਬਣੇ ਰਹਿਣਾ ਚਾਹੁੰਦੇ ਸਨ। ਪਰ ਸ. ਉਮਰਾਨੰਗਲ ਇੱਕ ਤੋਂ ਬਾਅਦ ਦੂਜੀ ਤੋਹਮਤ ਭਰੀ ਬਿਆਨਬਾਜੀ ਕਰਦਾ ਰਿਹਾ।


ਇਸ ਦੀ ਅਜਿਹੀ ਝੂਠੀ ਬਿਆਨਬਾਜੀ ਦਾ ਸੰਗਤਾਂ 'ਤੇ ਰਤਾ ਜਿੰਨਾ ਵੀ ਅਸਰ ਨਾ ਹੋਇਆ ਤਾਂ ਇਨ੍ਹਾਂ ਵੱਲੋਂ ਹੋਰ ਇਲਜਾਮ ਲਗਾਏ ਗਏ ਕਿ ਸੰਤ ਜਰਨੈਲ ਸਿੰਘ ਜੱਥੇ ਵਿੱਚ ਆਪ ਕਿਉਂ ਨਹੀਂ ਗਏ? ਅਸਲ ਵਿੱਚ ਉਮਰਾਨੰਗਲ, ਲਾਲਾ ਜਗਤ ਨਾਰਾਇਣ, ਨਰਕਧਾਰੀ ਗੁਰਬਚਨ ਸਿੰਘ, ਆਈ. ਏ. ਐੱਸ. ਨਿਰੰਜਣ ਸਿੰਘ ਆਦਿ ਨੇ ਇਹ ਸਾਜਿਸ਼ ਰਚੀ ਸੀ ਕਿ ਅਜਿਹਾ ਕਰਨ ਨਾਲ ਸੰਤ ਜਰਨੈਲ ਸਿੰਘ ਆਪ ਅਗਵਾਈ ਕਰੇਗਾ ਅਤੇ ਉਸ ਨੂੰ ਉੱਥੇ ਹੀ ਮਾਰ ਮੁਕਾਇਆ ਜਾਵੇਗਾ ਅਤੇ ਇਸ ਕਾਂਡ ਦਾ ਜ਼ਿੰਮੇਵਾਰ ਵੀ ਉਸ ਨੂੰ ਹੀ ਸਾਬਤ ਕਰ ਦਿੱਤਾ ਜਾਵੇਗਾ ਤਾਂ ਸਾਡੇ ਲਈ ਮਨਮਰਜ਼ੀ ਕਰਨ ਦਾ ਰਾਹ ਖੁੱਲ੍ਹ ਜਾਵੇਗਾ। ਪਰ ਕੁੱਝ ਸਿਆਣੇ ਸਿੰਘਾਂ ਵੱਲੋਂ ਹਾਲਾਤ ਦੀ ਨਜਾਕਤ ਨੂੰ ਸਮਝਦਿਆਂ ਹੋਇਆਂ ਸੰਤਾਂ ਨੂੰ ਆਪ ਅਗਵਾਈ ਕਰਨ ਤੋਂ ਰੋਕ ਦੇਣ ਕਾਰਨ ਉਪਰੋਕਤ ਚੁੰਡਲੀ ਦੀ ਘਿਨਾਉਣੀ ਮਨਸ਼ਾ ਪੂਰੀ ਨਾ ਹੋ ਸਕੀ। ਇਸ ਲਈ ਹੁਣ ਝੂਠੀ ਬਿਆਨਬਾਜੀ ਕਰ ਰਹੇ ਸਨ। ਪਰ ਸਿੱਖ ਸੰਗਤਾਂ 'ਤੇ ਅਜਿਹੇ ਕੂੜ ਪ੍ਰਚਾਰ ਦਾ ਕੋਈ ਅਸਰ ਨਾ ਹੋਇਆ ਬਲਕਿ ਸਿੱਖ ਨੌਜਵਾਨਾਂ ਨੇ ਸਖਤ ਨੋਟਿਸ ਲੈਂਦਿਆਂ ਉਨ੍ਹਾਂ ਨੂੰ ਅਜਿਹੀ ਬਿਆਨਬਾਜੀ ਕਰਨ ਤੋਂ ਬਾਜ ਆਉਣ ਲਈ ਚਿਤਾਵਨੀ ਦਿੱਤੀ।

14 ਅਪ੍ਰੈਲ ਨੂੰ ਇਨ੍ਹਾਂ ਸ਼ਹੀਦ ਸਿੰਘਾਂ ਦੇ ਸਰੀਰਾਂ ਦਾ ਸਿਵਲ ਹਸਪਤਾਲ ਵਿੱਚ ਪੋਸਟ ਮਾਰਟਮ ਕੀਤਾ ਗਿਆ। ਇਸ ਸਮੇਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ, ਭਾਈ ਅਮਰੀਕ ਸਿੰਘ, ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦੇ ਕੁੱਝ ਸਿੰਘ ਮੌਜੂਦ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਅਤੇ ਭਾਈ ਭਾਨ ਸਿੰਘ ਵੀ ਉੱਥੇ ਪਹੁੰਚ ਚੁੱਕੇ ਸਨ। ਸਾਰੇ ਸਿੰਘ ਇੱਕ ਪਾਸੇ ਖੜ੍ਹੇ ਸਤਿਨਾਮ ਵਾਹਿਗੁਰੂ ਦਾ ਜਾਪ ਕਰ ਰਹੇ ਸਨ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਅਤੇ ਭਾਈ ਅਮਰੀਕ ਸਿੰਘ ਨੇ ਕਮਰਕੱਸਾ ਕੀਤਾ ਹੋਇਆ ਸੀ ਅਤੇ ਆਪ ਮਿ੍ਤਕ ਸਰੀਰਾਂ ਨੂੰ ਚੁੱਕ ਕੇ ਗੱਡੀਆਂ ਵਿੱਚ ਰੱਖ ਰਹੇ ਸਨ। ਜਿਸ ਕਮਰੇ ਵਿੱਚ ਪੋਸਟ ਮਾਰਟਮ ਹੋ ਰਿਹਾ ਸੀ ਉੱਥੋਂ ਬਰਫ਼ ਦੇ ਪਾਣੀ ਨਾਲ ਖ਼ੂਨ ਰਲ ਕੇ ਕਮਰੇ ਤੋਂ ਬਾਹਰ ਆ ਰਿਹਾ ਸੀ। ਇਸ ਤਰ੍ਹਾਂ ਇਹ ਬਹੁਤ ਦੁਖਦਾਈ ਦ੍ਰਿਸ਼ ਅਤਿ ਸੰਗਮਈ ਮਾਹੌਲ ਵਿੱਚ ਬਦਲਿਆ ਹੋਇਆ ਸੀ। 13 ਹੀ ਸਿੰਘਾਂ ਦੀਆਂ ਮਿ੍ਤਕ ਲਾਸ਼ਾਂ ਗੱਡੀਆਂ ਵਿੱਚ ਰੱਖ ਕੇ ਇਨ੍ਹਾਂ ਨੂੰ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਪਹੁੰਚਾਇਆ ਗਿਆ, ਜਿੱਥੇ ਬਰਫ਼ ਆਦਿ ਦਾ ਪਹਿਲਾਂ ਹੀ ਪ੍ਰਬੰਧ ਕੀਤਾ ਹੋਇਆ ਸੀ। ਇੱਥੇ ਪਹੁੰਚ ਕੇ ਇਨ੍ਹਾਂ ਸਿੰਘਾਂ ਦੇ ਅੰਤਿਮ ਸਸਕਾਰ ਲਈ ਕੱਲ੍ਹ ਦਾ ਦਿਨ ਭਾਵ 15 ਅਪ੍ਰੈਲ ਸੰਗਤਾਂ ਨੂੰ ਦੱਸ ਦਿੱਤਾ ਗਿਆ।

Scanned with CamScanner



ਵਿਸਾਖੀ 1978 ਨੂੰ ਸ਼ਹੀਦ ਹੋਏ 13 ਸਿੰਘਾਂ ਦੇ ਮ੍ਰਿਤਕ ਸਰੀਰਾਂ ਨੂੰ ਸਸਕਾਰ ਲਈ ਲੈ ਕੇ ਜਾਂਦੀਆਂ ਸੰਗਤਾਂ ਦਾ ਭਾਰੀ ਜਲੂਸ।



ਵਿਸਾਖੀ 1978 ਨੂੰ ਸ਼ਹੀਦ ਹੋਏ ਸਿੰਘਾਂ ਦੇ ਅੰਤਿਮ ਸਸਕਾਰ ਸਮੇਂ ਭਾਰੀ ਇਕੱਠ।

Scanned with CamScanner

ਸ਼ਹੀਦ ਸਿੰਘਾਂ ਦਾ ਅੰਤਿਮ ਸਸਕਾਰ

15 ਅਪ੍ਰੈਲ ਨੂੰ ਸਵੇਰੇ ਹੀ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਸ਼ਹੀਦ ਸਿੰਘਾਂ ਦਾ ਸਸਕਾਰ ਕਰਨ ਲਈ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਇਕੱਤਰ ਹੋਈਆਂ ਜਿਨ੍ਹਾਂ ਵਿੱਚ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਨ੍ਹਾਂ ਸੰਗਤਾਂ ਦੇ ਚਿਹਰਿਆਂ 'ਤੇ ਜਿਥੇ ਵੈਰਾਗਮਈ ਝਲਕ ਪੈ ਰਹੀ ਸੀ ਉਥੇ ਨਾਲ ਹੀ ਜ਼ਾਹਿਰਾ ਤੌਰ 'ਤੇ ਇਨ੍ਹਾਂ ਚਿਹਰਿਆਂ ਤੋਂ ਗੁੱਸਾ ਅਤੇ ਜੋਸ਼ ਵੀ ਪ੍ਰਤੱਖ ਪੜ੍ਹਿਆ ਜਾ ਸਕਦਾ ਸੀ। ਇਨ੍ਹਾਂ 13 ਸਿੰਘਾਂ ਦੀਆਂ ਅਰਥੀਆਂ ਦਾ ਮਾਤਮੀ ਜਲੂਸ ਕੱਢਿਆ ਗਿਆ। ਰਸਤੇ ਵਿੱਚ ਆਉਂਦਿਆਂ ਇਹ ਮਾਤਮੀ ਜਲੂਸ ਆਪੇ ਤੋਂ ਬਾਹਰ ਹੋ ਗਿਆ। ਨੌਜਵਾਨਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਵਿਰੁੱਧ ਜਬਰਦਸਤ ਖ਼ਾਲਸਾਈ ਜਾਹੋ ਜਲਾਲ ਨਾਲ ਨਾਅਰੇਬਾਜੀ ਕੀਤੀ। ਜਿਸ ਵਿੱਚ ਹਜ਼ਾਰਾਂ ਸੰਗਤਾਂ, ਦਰਵਾਜਾ ਘਿਓ ਮੰਡੀ ਤੋਂ ਹੁੰਦੀਆਂ ਹੋਈਆਂ, ਥਾਣਾ ਬੀ ਡਵੀਜਨ ਕੋਲ ਪਹੁੰਚੀਆਂ ਤਾਂ ਇਥੇ ਰਹ ਵਿੱਚ ਆਏ ਸਿੰਘਾਂ ਦੀ ਪੁਲਿਸ ਨਾਲ ਝੜਪ ਹੋ ਗਈ ਅਤੇ ਇੱਥੇ ਵੀ ਪੁਲਿਸ ਨੇ ਸਿੰਘਾਂ ਉਪਰ ਗੋਲੀ ਚਲਾ ਦਿੱਤੀ। ਸਿੱਟੇ ਵਜੋਂ ਇੱਕ ਵਿਅਕਤੀ ਸੁਰਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਤੋਂ ਬਾਅਦ ਸੰਗਤਾਂ ਗੁਰਦੁਆਰਾ ਬਿਬੇਕਸਰ ਦੇ ਕੋਲ ਖਾਲੀ ਪਈ ਗਰਾਊਂਡ ਵਿੱਚ ਪੁੱਜੀਆਂ। ਇਹ ਜਗ੍ਹਾ ਬ੍ਰੰਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੈ। ਇਸ ਮੌਕੇ 'ਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ, ਭਿੰਡਰਾਂਵਾਲੇ ਜਥੇ ਤੋਂ ਇਲਾਵਾ ਅਖੰਡ ਕੀਰਤਨੀ ਜਥੇ ਦੇ ਸਿੰਘ ਬੀਬੀ ਅਮਰਜੀਤ ਕੌਰ ਸੁਪਤਨੀ ਸਹੀਦ ਭਾਈ ਫੌਜਾ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਗਿਆਨੀ ਸੋਹਣ ਸਿੰਘ ਹੌਂਡ ਰੀਬੀ ਦਰਬਾਰ ਸਾਹਿਬ, ਕੁੱਝ ਹੋਰ ਅਕਾਲੀ ਲੀਡਰਾਂ ਤੋਂ ਇਲਾਵਾ ਇਨ੍ਹਾਂ ਸ਼ਹੀਦ ਸਿੰਘਾਂ ਦੇ ਪਰਿਵਾਰ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਉਪਰੋਕਤ ਜਗ੍ਹਾ 'ਤੇ 13 ਸ਼ਹੀਦ ਸਿੰਘਾਂ ਦਾ ਸਾਂਝਾ ਅੰਗੀਠਾ ਬਣਾ ਕੇ ਪੂਰਨ ਗੁਰਮਰਿਆਦਾ ਅਨੁਸਾਰ ਸਸਕਾਰ ਕਰ ਦਿੱਤਾ ਗਿਆ।

ਸਸਕਾਰ ਤੋਂ ਪਿੱਛੋਂ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਸੋਗਮਈ ਦੀਵਾਨ ਸਜਿਆ ਜਿਥੇ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਬਹੁਤ ਹੀ ਭਾਵਪੂਰਤ ਬਚਨ ਕਹੇ ਕਿ ਅਸੀਂ ਇਨ੍ਹਾਂ ਸ਼ਹੀਦੀਆਂ ਨੂੰ ਅਜਾਈਂ ਨਹੀਂ ਜਾਣ ਦਿਆਂਗੇ ਅਤੇ ਇਹ ਵੀ ਪ੍ਰਣ ਕਰਦੇ ਹਾਂ ਕਿ ਅੱਜ ਤੋਂ ਬਾਅਦ ਭਵਿੱਖ ਵਿੱਚ ਨਕਲੀ ਨਿਰੰਕਾਰੀਆਂ ਨੂੰ ਅਜਿਹੇ ਜਲਸੇ ਜਲੂਸ ਨਹੀਂ ਕਰਨ ਦੇਵਾਂਗੇ ਕਿਉਂਕਿ ਇਹ ਲੋਕ ਜੁਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਦਸ ਗੁਰੂ ਸਾਹਿਬਾਨਾਂ ਦਾ ਅਪਮਾਨ ਸੋਚੀ ਸਮਝੀ ਸਾਜਿਸ਼ ਤਹਿਤ ਕਰਦੇ ਹਨ, ਜਿਸ ਨੂੰ ਕੋਈ ਵੀ ਸੁਹਿਰਦ ਸਿੱਖ ਸਹਿਣ ਨਹੀਂ ਕਰ ਸਕਦਾ।

ਸੰਤਾਂ ਵੱਲੋਂ ਪ੍ਰੈਸ ਬਿਆਨ ਜਾਰੀ

ਅਗਲੇ ਦਿਨ 16 ਅਪ੍ਰੈਲ ਨੂੰ ਸੰਤਾਂ ਨੇ ਇੱਕ ਪ੍ਰੈਸ ਬਿਆਨ ਜਾਰੀ ਕੀਤਾ ਜਿਸ ਵਿੱਚ ਉਨ੍ਹਾਂ ਨੇ ਇਸ ਗੱਲ ਨੂੰ ਦੁਨੀਆਂ ਵਿੱਚ ਜ਼ਾਹਿਰ ਕਰ ਦਿੱਤਾ ਕਿ 13 ਸਿੰਘਾਂ ਨੂੰ ਸ਼ਹੀਦ ਕਰਨ ਲਈ ਗੋਲੀ ਚਲਾਉਣ ਦਾ ਹੁਕਮ ਖੁਦ ਨਰਕਧਾਰੀ ਗੁਰਬਚਨ ਸਿੰਘ ਨੇ ਦਿੱਤਾ ਸੀ। ਉਨ੍ਹਾਂ ਜੋ ਬਿਆਨ ਦਿੱਤਾ ਉਹ ਇਸ ਪ੍ਰਕਾਰ ਹੈ:

"ਨਿਰੰਕਾਰੀ ਮੁਖੀ ਗੁਰਬਚਨ ਸਿੰਘ ਵੱਲੋਂ ਹੁਕਮ ਮਿਲਦਿਆਂ ਹੀ ਇਹਨਾਂ ਦੀ ਨਕਲੀ ਫੌਜ ਦੇ ਕਮਾਂਡਰ-ਇਨ-ਚੀਫ਼ ਪ੍ਰਤਾਪ ਸਿੰਘ ਨੇ ਗੋਲੀ ਚਲਾਈ। ਏਨਾ ਹੀ ਨਹੀਂ ਹੋਰ ਨਿਰੰਕਾਰੀ ਗੁਰਬਖਸ਼ ਸਿੰਘ ਤੇ ਨਿਰੰਜਣ ਸਿੰਘ ਆਦਿ ਵੀ ਹਮਲਾਵਰਾਂ ਨੂੰ ਉਤਸ਼ਾਹਿਤ ਕਰ ਰਹੇ ਸਨ। ਸਿੰਘਾਂ ਨੇ ਕੁਰਬਾਨੀ ਦੇ ਕੇ ਸ੍ਰੀ ਨਨਕਾਣਾ ਸਾਹਿਬ ਤੇ ਸ੍ਰੀ ਪੰਜਾ ਸਾਹਿਬ ਆਦਿ ਦੇ ਸਾਕੇ ਨੂੰ ਦੁਹਰਾਇਆ। ਨਵੇਂ ਨਰੈਣੂ ਗੁਰਬਚਨ ਸਿੰਘ ਵੱਲੋਂ ਕੀਤੀ ਜਾ ਰਹੀ ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਨੂੰ ਨਾ ਸਹਾਰਦੇ ਹੋਏ ਸਿੰਘਾਂ ਨੇ ਆਪਣੇ ਸੀਸ ਕੁਰਬਾਨ ਕੀਤੇ ਹਨ। ਦਸਮ ਪਾਤਸ਼ਾਹ ਜੀ ਨੇ ਪੰਜ ਪਿਆਰੇ ਸਾਜ ਕੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ ਪਰ ਦੇਭੀ ਗੁਰਬਚਨ ਸਿੰਘ ਨੇ ਇਸ ਦਿਨ ਸੱਤ ਸਿਤਾਰੇ ਸਾਜਣ ਦਾ ਐਲਾਨ ਕੀਤਾ ਤੇ ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਭਾਈ ਮਤੀ ਦਾਸ, ਭਾਈ ਦਿਆਲ ਦਾਸ, ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਆਦਿ ਗੁਰਸਿੱਖਾਂ ਦੇ ਨਾਵਾਂ 'ਤੇ ਆਪਣੇ ਚੇਲਿਆਂ ਦੇ ਨਾਂ ਰੱਖੇ ਹਨ। ਦੇਭੀ ਗੁਰਬਚਨ ਸਿੰਘ ਨੇ 'ਅਵਤਾਰ ਬਾਣੀ' ਨਾਮੀ ਪੁਸਤਕ ਵਿੱਚ ਲਿਖਿਆ ਹੈ ਕਿ 'ਇਹ ਮਾਲਕ ਮੀਰੀ ਪੀਰੀ ਦਾ, ਇਹ ਮਾਲਕ ਸਾਰੀ ਤਾਕਤ ਦਾ,' ਇਹ ਗੱਲਾਂ ਖ਼ਾਲਸਾ ਪੰਥ ਕਦੇ ਸਹਿਣ ਨਹੀਂ ਕਰ ਸਕਦਾ।"

Scanned with CamScanner

ਸੰਤਾਂ ਦੇ ਇਸ ਬਿਆਨ ਨਾਲ ਇਹ ਗੱਲ ਦੁਨੀਆਂ ਵਿੱਚ ਚਿੱਟੇ ਦਿਨ ਵਾਂਗ ਸਾਫ ਹੋ ਗਈ ਕਿ ਵਿਸਾਖੀ ਵਾਲੇ ਦਿਨ ਵਾਪਰਿਆ ਗੋਲੀ ਕਾਂਡ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਬਲਕਿ ਸਿੱਖਾ ਨੂੰ ਸਬਕ ਸਿਖਾਉਣ ਲਈ ਹੀ ਦੇਭੀ ਗੁਰਬਚਨੇ ਵੱਲੋਂ ਪਹਿਲਾਂ ਸਿੱਖੀ ਵਿਰੋਧੀ ਲਾਅਰੇ ਲਿਖ ਕੇ ਜਲੂਸ ਕੱਢਿਆ ਗਿਆ ਅਤੇ ਫਿਰ ਆਪਣੇ ਜਲਸੇ ਦੇ ਇਕੱਠ ਵਿੱਚ ਗੁਰਬਾਣੀ ਅਤੇ ਗੁਰੂ ਸਾਹਿਬਾਨਾਂ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਵਰਤੀ ਗਈ। ਉਸ ਨੂੰ ਪਤਾ ਸੀ ਕਿ ਅਜਿਹਾ ਕਰਨ ਨਾਲ ਸਿੱਖਾਂ ਵੱਲੋਂ ਰੋਸ ਪ੍ਰਗਟਾਵਾ ਤਾਂ ਹੋਵੇਗਾ ਹੀ ਜਿਸ ਦੀ ਉਸ ਨੇ ਪਹਿਲਾਂ ਹੀ ਤਿਆਰੀ ਕੀਤੀ ਹੋਈ ਸੀ ਕਿ ਅਜਿਹਾ ਹੋਣ 'ਤੇ ਸਿੱਖਾਂ ਨੂੰ ਐਸਾ ਸਬਕ ਸਿਖਾਇਆ ਜਾਵੇਗਾ ਕਿ ਭਵਿੱਖ ਵਿੱਚ ਮੇਰੇ ਮਿਸ਼ਨ ਦਾ ਰਾਹ ਰੋਕਣ ਦੀ ਹਿੰਮਤ ਨਹੀਂ ਕਰਨਗੇ। ਪਰ ਉਹ ਨਹੀਂ ਜਾਣਦਾ ਸੀ ਕਿ ਅਜਿਹਾ ਕਰਨ ਨਾਲ ਸਿੱਖਾਂ ਅੰਦਰ ਸੁੱਤਾ ਪਿਆ ਖ਼ਾਲਸਾਈ ਜਜ਼ਬਾ ਜਾਗੇਗਾ ਅਤੇ ਉਹ ਪੰਥ ਲਈ ਆਪਣਾ ਆਪਾ ਕੁਰਬਾਨ ਕਰਨ ਦੇ ਰਾਹ ਤੁਰ ਪੈਣਗੇ।

ਸ਼ਹੀਦ ਸਿੰਘਾਂ ਦਾ ਅੰਗੀਠਾ ਜਲ-ਪ੍ਰਵਾਹ

17.04.78 ਨੂੰ ਸ਼ਹੀਦ ਸਿੰਘਾਂ ਦਾ ਅੰਗੀਠਾ ਸੰਤੋਖਿਆ ਗਿਆ ਅਤੇ ਉਸ ਨੂੰ ਜਲ ਪ੍ਰਵਾਹ ਕਰਨ ਲਈ ਬਹੁਤ ਸਾਰੀਆਂ ਸਿੱਖ ਸੰਗਤਾਂ ਇਕੱਤਰ ਹੋਈਆਂ ਅਤੇ ਬਹੁਤ ਸਾਰੇ ਸਿੱਖ ਆਗੂ ਵੀ, ਜਿਨ੍ਹਾਂ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ, ਜਥੇਦਾਰ ਜਗਦੇਵ ਸਿੰਘ ਤਲਵੰਡੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜਥੇਦਾਰ ਮੋਹਣ ਸਿੰਘ ਭੁੜ ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਅਮਰੀਕ ਸਿੰਘ, ਅਖੰਡ ਕੀਰਤਨੀ ਜੱਥਾ ਅਤੇ ਟਕਸਾਲ ਦੇ ਸਿੰਘ ਸ਼ਾਮਿਲ ਸਨ। ਕਾਫਲੇ ਦੇ ਰੂਪ ਵਿੱਚ ਗੁਰਦੁਆਰਾ ਸ਼ਿਬੇਕਸਰ ਤੋਂ ਚੱਲ ਕੇ ਗੁਰਦੁਆਰਾ ਗੋਇੰਦਵਾਲ ਸਾਹਿਬ ਦੇ ਨੇੜੇ ਬਿਆਸ ਦਰਿਆ ਵਿੱਚ 13 ਸਿੰਘਾਂ ਦਾ ਸੰਤੋਖਿਆ ਹੋਇਆ ਅੰਗੀਠਾ ਜਲ ਪ੍ਰਵਾਹ ਕਰ ਦਿੱਤਾ ਗਿਆ।

ਸੰਤਾਂ ਵੱਲੋਂ ਪ੍ਰੈੱਸ ਬਿਆਨ

ਇਸ ਖੂਨੀ ਕਾਂਡ ਤੋਂ ਬਾਅਦ ਖ਼ਾਲਸਾ ਪੰਥ ਅੰਦਰ ਪੈਦਾ ਹੋ ਰਹੀ ਆਯੁਸੀ ਨੂੰ ਭਾਂਪਦਿਆਂ ਹੋਇਆਂ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਇੱਕ ਪ੍ਰੈੱਸ ਬਿਆਨ ਜਾਰੀ ਕੀਤਾ। ਜਿਸ ਵਿੱਚ ਉਹਨਾਂ ਲਿਖਿਆ:

"ਕੇਵਲ ਸੀ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਗੁਰੂ ਜਾਂ ਇਸ਼ਟ ਹਨ। ਕੋਈ ਵੀ ਦੇਹਧਾਰੀ ਸਿੱਖਾਂ ਦਾ ਗੁਰੂ ਨਹੀਂ ਹੋ ਸਕਦਾ। ਨਿਰੰਕਾਰੀ ਗੁਰਬਚਨ ਸਿੰਘ ਵਰਗੇ ਕਈ ਵਿਅਕਤੀ ਸਿੱਖਾਂ ਨੂੰ ਚਿੜਾਉਣ ਲਈ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹਨ।

ਅੰਮ੍ਰਿਤਸਰ ਵਿੱਚ ਹੋਈਆਂ ਸ਼ਹੀਦੀਆਂ ਸਦਕਾ ਸਿੱਖ ਕੌਮ ਜਾਗ ਪਈ ਹੈ। ਗੁਰਬਾਣੀ ਦੀ ਓਟ ਲੈ ਕੇ ਗੁਰਬਾਣੀ ਦੇ ਵਿਰੁੱਧ ਬੋਲਣ ਵਾਲਿਆਂ ਨੂੰ ਮਾਫ਼ ਨਹੀਂ ਕੀਤਾ ਜਾਏਗਾ। ਜੇਕਰ ਨਿਰੰਕਾਰੀ ਸ੍ਰੀ ਗੁਰੂ ਗਰੰਥ ਸਾਹਿਬ ਦੇ ਵਿਰੁੱਧ ਪਰਚਾਰ ਕਰਨੋਂ ਨਾ ਹਟੇ ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ।" ਇਸ ਤੋਂ ਇਲਾਵਾ ਇਹ ਵੀ ਕਿਹਾ ਕਿ ਨਿਰੰਕਾਰੀ ਗੁਰਬਚਨ ਸਿੰਘ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਏ ਤੇ ਪੰਜਾਬ ਅਤੇ ਕੇਂਦਰ ਸਰਕਾਰ ਸਿੱਖਾਂ ਦੇ ਜਜ਼ਬਿਆਂ ਨੂੰ ਸਮਝਣ ਦਾ ਯਤਨ ਕਰੇ।

ਸੰਤਾਂ ਵੱਲੋਂ ਇਸ ਬਿਆਨ ਰਾਹੀਂ ਪੰਜਾਬ ਅਤੇ ਮੁਰਾਰਜੀ ਦੇਸਾਈ ਦੀ ਕੇਂਦਰ ਸਰਕਾਰ ਨੂੰ ਇਸ਼ਾਰਾ ਕੀਤਾ ਗਿਆ ਸੀ ਕਿ ਉਹ ਪੰਜਾਬ ਦੇ ਹਾਲਾਤ, ਸਿੱਖਾਂ ਦੇ ਦੁਖੀ ਹਿਰਦੇ ਅਤੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ 13 ਸਿੰਘਾਂ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਕਰ ਲੈਣ ਤਾਂ ਸਿੱਖਾਂ ਦੀਆਂ ਜ਼ਖਮੀ ਭਾਵਨਾਵਾਂ ਨੂੰ ਕੁੱਝ ਰਾਹਤ ਮਿਲ ਸਕਦੀ ਹੈ। ਪਰ ਸਮੇਂ ਦੀਆਂ ਸਰਕਾਰਾਂ ਉਪਰ ਸੰਤਾਂ ਵੱਲੋਂ ਕੀਤੀ ਗਈ ਅਪੀਲ ਦਾ ਕੋਈ ਅਸਰ ਨਾ ਹੋਇਆ ਬਲਕਿ ਸੱਤਾ ਦੇ ਨਸ਼ੇ ਅੰਦਰ ਉਨ੍ਹਾਂ ਨੇ ਅਜਿਹਾ ਸਮਝਣ ਦਾ ਯਤਨ ਵੀ ਨਹੀਂ ਕੀਤਾ।

Scanned with CamScanner

13 ਸ਼ਹੀਦ ਸਿੰਘਾਂ ਦੇ ਦੁਸਹਿਰੇ ਦਾ ਭੋਗ

22.04.78 ਨੂੰ ਭਾਰਤ ਭਰ ਵਿੱਚ ਬਹੁਤ ਸਾਰੇ ਥਾਵਾਂ 'ਤੇ ਵਿਸਾਖੀ ਦੇ ਸ਼ਹੀਦਾਂ ਨਮਿੱਤ ਅਖੰਡ ਪਾਠਾਂ ਦੇ ਭੋਗ ਪਾਏ ਗਏ, ਪਰ ਮੁੱਖ ਸਮਾਗਮ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਕੀਤਾ ਗਿਆ, ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਇਸ ਸਮਾਗਮ ਵਿੱਚ ਸ਼ਾਮਿਲ ਹੋਈਆਂ। ਵੱਡੀ ਗਿਣਤੀ ਵਿੱਚ ਸਿੱਖ ਆਗੂ, ਸਿੱਖ ਸੰਪਰਦਾਵਾਂ ਦੇ ਮੁਖੀ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਸ਼ਾਮਿਲ ਹੋਏ। ਇਸ ਇਕੱਠ ਨੂੰ ਸੰਬੋਧਨ ਕਰਦਿਆਂ ਪੰਥਕ ਆਗੂਆਂ ਨੇ ਸ਼ਹੀਦਾਂ ਨੂੰ ਭਾਵਪੂਰਤ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਅਤੇ ਨਾਲ ਹੀ ਨਕਲੀ ਨਿਰੰਕਾਰੀਆਂ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਦੀ ਵੀ ਨਿਖੇਧੀ ਕੀਤੀ। ਇਥੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਸ਼ਾਧ ਸੰਗਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਬਹਾਲ ਕਰਾਉਣ ਲਈ 13 ਸਿੰਘਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਨਕਲੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਨੇ ਵਿਸਾਖੀ ਵਾਲੇ ਦਿਨ ਪੰਜ ਪਿਆਰਿਆਂ ਦੀ ਪ੍ਰਥਾ ਨੂੰ ਚੈਲਿੰਜ ਕਰਨ ਲਈ ਸੱਤ ਸਿਤਾਰੇ ਸਾਜਣ ਦਾ ਐਲਾਨ ਕੀਤਾ ਸੀ। ਇਹ ਸ਼ਹੀਦ ਸਿੰਘ ਉਨ੍ਹਾਂ ਨੂੰ ਸਿਰਫ ਸਮਝਾਉਣ ਵਾਸਤੇ ਹੀ ਗਏ ਸਨ। ਉਨ੍ਹਾਂ ਨਾਲ ਲੜਨ ਵਾਸਤੇ ਨਹੀਂ ਸਨ ਗਏ। ਇਸੇ ਲਈ ਇਨ੍ਹਾਂ ਸਿੰਘਾਂ ਵੱਲੋਂ ਉਨ੍ਹਾਂ ਵਿਰੁੱਧ ਕੋਈ ਮਾਰੂ ਹਥਿਆਰ ਨਹੀਂ ਵਰਤਿਆ ਗਿਆ ਅਤੇ ਨਾ ਹੀ ਅਜਿਹੇ ਹਥਿਆਰ ਇਨ੍ਹਾਂ ਸਿੰਘਾਂ ਕੋਲ ਸਨ। ਜਥੇ ਵਿੱਚ ਕੇਵਲ 150 ਸਿੰਘ ਸ਼ਸਤ੍ਰ ਸਨ ਅਤੇ ਉਹ ਖਾਲੀ ਹੱਥ ਸਨ ਜਿਨ੍ਹਾਂ ਉਪਰ ਅੰਨ੍ਹੇਵਾਹ ਗੋਲੀਆਂ ਚਲਾ ਕੇ 13 ਸਿੰਘ ਸ਼ਹੀਦ ਕਰ ਦਿੱਤੇ ਗਏ। ਸਾਡੀ ਇਹ ਪ੍ਰਤਿਗਿਆ ਹੈ ਕਿ ਅਸੀਂ ਸ਼ਹੀਦਾਂ ਦਾ ਡੁੱਲ੍ਹਿਆ ਖ਼ੂਨ ਅਜਾਈਂ ਨਹੀਂ ਜਾਣ ਦਿਆਂਗੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਹਰਗਿਜ਼ ਬਰਦਾਸ਼ਤ ਨਹੀਂ ਕਰਾਂਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਸਭ ਰਲ ਕੇ ਇਸ ਬਾਰੇ ਪ੍ਰੋਗਰਾਮ ਉਲੀਕਣਗੇ। ਜਿਸ ਤਰ੍ਹਾਂ ਮੈਨੂੰ ਇਨ੍ਹਾਂ ਆਗੂਆਂ ਨੇ ਦੱਸਿਆ ਹੈ ਕਿ ਠੋਸ ਪ੍ਰੋਗਰਾਮ ਉਲੀਕ ਰਹੇ ਹਾਂ। ਇਸ ਲਈ ਅਸੀਂ ਇਨ੍ਹਾਂ ਵੱਲੋਂ ਉਲੀਕੇ ਜਾਣ ਵਾਲੇ ਪ੍ਰੋਗਰਾਮ ਨੂੰ ਘੋਖਾਂਗੇ। ਕੋਈ ਵੀ ਕਦਮ ਕਾਹਲੀ ਵਿੱਚ ਨਹੀਂ ਚੁੱਕਾਂਗੇ।

ਸੰਤਾਂ ਨੇ ਆਖਿਆ ਕਿ ਅਸੀਂ ਸ. ਬਾਦਲ ਅਤੇ ਜਥੇਦਾਰ ਟੌਹੜਾ ਆਦਿ ਅਕਾਲੀ ਲੀਡਰਾਂ ਨਾਲ ਵਿਚਾਰਾਂ ਕੀਤੀਆਂ ਹਨ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਅਸੀਂ ਕਾਹਲੀ ਵਿੱਚ ਕੋਈ ਕਦਮ ਨਹੀਂ ਚੁੱਕਾਂਗੇ। ਇਸ ਦੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਦੱਸ ਦਿੱਤਾ ਹੈ ਕਿ ਡੰਗ ਟਪਾਊ ਨੀਤੀ ਤਹਿਤ ਸਮਾਂ ਅਜਾਈਂ ਨਾ ਗੁਆਇਆ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਇਸ ਪਾਖੰਡੀ ਮਿਸ਼ਨ 'ਤੇ ਪਾਬੰਦੀ ਲਾਈ ਜਾਵੇ ਅਤੇ 13 ਸਿੰਘਾਂ ਦੇ ਕਾਤਲ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਅਤੇ ਉਨ੍ਹਾਂ ਦਾ ਸਾਥ ਦੇਣ ਵਾਲੇ ਵਿਅਕਤੀਆਂ ਨੂੰ ਮਾਫ ਨਾ ਕੀਤਾ ਜਾਵੇ। ਇਨ੍ਹਾਂ ਮੰਗਾਂ ਨੂੰ ਪੂਰਾ ਕਰਨ ਲਈ ਸਾਨੂੰ ਸ. ਬਾਦਲ ਅਤੇ ਜਥੇਦਾਰ ਟੌਹੜਾ ਵੱਲੋਂ ਭਰੋਸਾ ਦਿੱਤਾ ਗਿਆ ਹੈ। ਸੋ ਮੈਨੂੰ ਆਸ ਹੈ ਕਿ ਸੰਗਤਾਂ ਪੰਜਾਬ ਸਰਕਾਰ ਵੱਲੋਂ ਦਿਵਾਏ ਗਏ ਭਰੋਸੇ 'ਤੇ ਯਕੀਨ ਕਰਨਗੀਆਂ। ਫਿਰ ਵੀ ਮੈਂ ਚਿਤਾਵਨੀ ਦਿੰਦਾ ਹਾਂ ਜੇਕਰ ਸਰਕਾਰ ਨੇ ਸਾਡੇ ਕੋਲੋਂ ਸਮਾਂ ਲੈ ਕੇ ਕੁੱਝ ਨਾ ਕੀਤਾ ਤਾਂ ਅਸੀਂ ਸੰਗਤਾਂ ਦੇ ਜਜ਼ਬਾਤ 'ਤੇ ਕਾਬੂ ਨਹੀਂ ਰੱਖ ਸਕਾਂਗੇ।

ਗੁਰੂ ਪਿਆਰੀ ਸਾਧ ਸੰਗਤ ਜੀ ਜਿਸ ਦਿਨ ਤੋਂ ਇਹ ਸਾਕਾ ਵਾਪਰਿਆ ਹੈ ਉਸ ਦਿਨ ਤੋਂ ਅਸੀਂ ਆਪਣੇ ਆਪ ਨੂੰ ਜਿਉਂਦਿਆਂ ਵਿੱਚ ਨਹੀਂ ਗਿਣਦੇ। ਕਿਉਂਕਿ ਗੁਰੂ ਸਾਹਿਬ ਦਾ ਹੁਕਮ ਹੈ :

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ (੧੪੨)

ਇਸ ਗੱਲ 'ਤੇ ਭਾਰੀ ਤਸੱਲੀ ਹੈ ਕਿ ਸਤਿਗੁਰੂ ਸਾਹਿਬ ਦੀ ਕ੍ਰਿਪਾ ਨਾਲ ਦੰਭੀ ਨਿਰੰਕਾਰੀਆਂ ਦੇ ਵਿਰੁੱਧ ਸਭ ਸਿੱਖ ਸੰਗਤਾਂ, ਸਿੱਖ ਸੰਪਰਦਾਵਾਂ ਇੱਕਮਤ ਇਕੱਠੀਆਂ ਹਨ। ਸਾਨੂੰ ਆਸ ਹੈ ਕਿ ਸਰਕਾਰ ਅਤੇ ਅਕਾਲੀ ਦਲ ਸਾਨੂੰ ਨਿਆਂ ਦਿਵਾਉਣਗੇ, ਪਰ ਜੇਕਰ ਇਨਸਾਫ ਨਾ ਮਿਲਿਆ ਤਾਂ ਇਨ੍ਹਾਂ ਦੰਭੀ ਨਿਰੰਕਾਰੀਆਂ ਦੇ ਕੁਫਰ ਵਿਰੁੱਧ ਜੱਹਾਦ ਸ਼ੁਰੂ ਕਰ ਦਿਆਂਗੇ ਅਤੇ ਇਸ ਲਈ ਹਰ ਕੁਰਬਾਨੀ ਕਰਾਂਗੇ।

ਸ਼ੁਹਿਰਦ ਸੰਤ ਖ਼ਾਲਸਾ

Scanned with CamScanner

ਸਿੱਖਾਂ ਦੀ ਇੱਕਮੁਠਤਾ ਦਾ ਅਸਰ

ਜਲੰਧਰ ਦੀ ਮਹਾਸ਼ਾ ਪ੍ਰੈਸ ਨੇ ਨਿਰੰਕਾਰੀਆਂ ਅਤੇ ਸਿੱਖ ਵਿਰੋਧੀ ਸ਼ਕਤੀਆਂ ਦੀ ਪਿੱਠ ਠੋਕਣ ਦੀ ਨੀਤੀ ਅਪਣਾਉਂਦੇ ਹੋਏ ਖੂਨੀ ਸ਼ਾਕੇ ਦੇ ਪਿਛੋਕੜ ਵੱਲ ਧਿਆਨ ਨਾ ਦੇ ਕੇ ਇਸ ਨੂੰ ਅਖੌਤੀ "ਘੱਟ ਗਿਣਤੀ ਦੇ ਧਾਰਮਿਕ ਕੰਮਾਂ ਵਿੱਚ ਦਖਲ" ਦਾ ਮਸਲਾ ਬਣਾ ਕੇ ਉਛਾਲਣਾ ਆਰੰਭ ਕਰ ਦਿੱਤਾ। ਪੰਜਾਬ ਦੀ ਅਕਾਲੀ-ਜਨਤਾ ਪਾਰਟੀ ਸਰਕਾਰ ਵਿੱਚ ਹਿੰਦੂ ਵਰਗ ਦੀ ਪ੍ਰਤੀਨਿਧਤਾ ਜਨਤਾ ਪਾਰਟੀ ਹੀ ਕਰਦੀ ਸੀ ਅਤੇ ਜਨਤਾ ਪਾਰਟੀ ਨੇ ਵੀ ਜਲੰਧਰ ਦੀਆਂ ਕੁੱਝ ਅਖਬਾਰਾਂ ਵਾਂਗ ਨਿਰੰਕਾਰੀਆਂ ਦੀ ਪਿੱਠ ਠੋਕਣੀ ਆਰੰਭ ਕਰ ਦਿੱਤੀ, ਜਿਸ ਕਾਰਨ ਅਕਾਲੀ ਦਲ ਭਾਰੀ ਦੁਬਿਧਾ ਵਿੱਚ ਪੈ ਗਿਆ। ਅਕਾਲੀ ਦਲ ਨੂੰ ਹਾਕਮ ਪਾਰਟੀ ਵਜੋਂ ਆਪਣੀ ਭਾਈਵਾਲ ਜਨਤਾ ਪਾਰਟੀ ਦੀ ਵੀ ਤਸੱਲੀ ਕਰਾਉਣੀ ਪੈਂਦੀ ਸੀ ਅਤੇ ਦੂਜੇ ਪਾਸੇ ਆਪਣੇ ਜਨਤਕ ਆਧਾਰ, ਸ਼ਰਧਾਵਾਨ ਸਿੱਖਾਂ ਦੇ ਜਜ਼ਬਾਤਾਂ ਅਤੇ ਉਮੰਗਾਂ ਦੀ ਪੂਰਤੀ ਵੀ ਕਰਨੀ ਪੈ ਰਹੀ ਸੀ। ਦੂਜੇ ਪਾਸੇ ਦਿਨੋ ਦਿਨ ਸਿੱਖ ਸੰਪਰਦਾਵਾਂ ਅਤੇ ਸਿੱਖ ਜਥੇਬੰਦੀਆਂ ਵਿੱਚ ਆਪਸ ਵਿੱਚ ਮੇਲ ਮਿਲਾਪ ਵੱਧ ਰਿਹਾ ਸੀ। ਸੰਗਤਾਂ ਦੀ ਬਹੁਗਿਣਤੀ ਦਾ ਝੁਕਾਅ ਵੀ ਇਸੇ ਪਾਸੇ ਵੱਧ ਰਿਹਾ ਸੀ ਕਿਉਂਕਿ ਸਿੱਖ ਅਵਾਮ ਦੀਆਂ ਉਮੀਦਾਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ 'ਤੇ ਟਿਕੀਆਂ ਹੋਈਆਂ ਸਨ। ਜਿਸ ਕਾਰਨ ਅਕਾਲੀ ਦਲ ਦੁਬਿਧਾ ਵਿੱਚ ਸੀ ਕਿ ਇਸ ਗੁੱਥੀ ਨੂੰ ਕਿਵੇਂ ਸੁਲਝਾਇਆ ਜਾਏ, ਜਿਸ ਨਾਲ ਜਨਤਾ ਪਾਰਟੀ ਅਤੇ ਸਿੱਖ ਹਿਰਦੇ ਸ਼ਾਂਤ ਹੋ ਸਕਣ। ਇਸੇ ਦੁਬਿਧਾ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਨੂੰ ਆਪਣੇ ਹੀ ਫੈਸਲੇ ਬਦਲਣੇ ਪੈ ਰਹੇ ਸਨ। ਪਹਿਲਾਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਿੱਚ ਫੈਸਲਾ ਲਿਆ ਗਿਆ ਕਿ ਇਸ ਖੂਨੀ ਕਾਂਡ ਦੀ ਅਦਾਲਤੀ ਜਾਂਚ ਕਰਵਾਈ ਜਾਵੇ ਪਰੰਤੂ 17 ਅਪ੍ਰੈਲ ਨੂੰ ਚੰਡੀਗੜ੍ਹ ਵਿੱਚ ਮੰਤਰੀ ਮੰਡਲ ਨੇ ਫੈਸਲਾ ਕੀਤਾ ਕਿ ਅਦਾਲਤੀ ਜਾਂਚ ਨਾ ਕਰਵਾ ਕੇ ਫੌਜਦਾਰੀ ਕਾਰਵਾਈ ਕੀਤੀ ਜਾਵੇ ਅਤੇ ਇਹ ਜਾਂਚ ਇੱਕ ਮਹੀਨੇ ਵਿੱਚ ਮੁਕੰਮਲ ਕਰ ਲਈ ਜਾਵੇ। ਇਸ ਸਮੁੱਚੇ ਘਟਨਾਕ੍ਰਮ ਦੀ ਜਾਂਚ ਦਾ ਮੁੱਖ ਅਧਿਕਾਰੀ ਡੀ. ਆਈ. ਜੀ. ਜਲੰਧਰ ਰੇਂਜ ਡੀ. ਐੱਸ. ਮਾਂਗਟ ਨੂੰ ਨਿਯੁਕਤ ਕੀਤਾ ਗਿਆ।

ਸਿੱਖ ਸੰਗਤਾਂ ਵਿੱਚ ਵੱਧ ਰਹੇ ਵਿਦਰੋਹ ਕਾਰਨ ਉਪਰੋਕਤ ਘਟਨਾ ਨਾਲ ਸਬੰਧਤ 60 ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਿਨ੍ਹਾਂ ਵਿੱਚ ਆਈ.ਏ.ਐੱਸ. ਨਿਰੰਜਣ ਸਿੰਘ ਨਿਰੰਕਾਰੀ ਵੀ ਸ਼ਾਮਿਲ ਸੀ। ਪਰ ਨਕਲੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਉਸ ਦੇ ਚਹੇਤੇ ਗੋਬਿੰਦ ਸਿੰਘ, ਪ੍ਰਤਾਪ ਸਿੰਘ ਆਦਿ ਕਈ ਵਿਅਕਤੀ ਜਾਣ ਬੁੱਝ ਕੇ ਗ੍ਰਿਫ਼ਤਾਰ ਨਾ ਕੀਤੇ। ਪਰ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਇਨ੍ਹਾਂ ਦੀ ਰਿਹਾਇਸ਼ਗਾਹ 'ਤੋਂ ਛਾਪਾ ਮਾਰਨ ਦਾ ਡਰਾਮਾ ਜ਼ਰੂਰ ਕਰਦੇ ਰਹੇ।

ਦੰਭੀ ਨਿਰੰਕਾਰੀਆਂ ਵਿਰੁੱਧ ਸਮੁੱਚੇ ਪੰਜਾਬ ਵਿੱਚ ਚੇਤਨਾ ਲਹਿਰ

13 ਸ਼ਹੀਦ ਸਿੰਘਾਂ ਦੇ ਭੋਗ ਤੋਂ ਬਾਅਦ ਸੰਤਾਂ ਨੇ ਪੰਜਾਬ ਭਰ ਵਿੱਚ ਖਾਸ-ਖਾਸ ਥਾਵਾਂ 'ਤੇ ਜਾ ਕੇ ਸਿੱਖ ਸੰਗਤਾਂ ਦੇ ਇਕੱਠਾਂ ਨੂੰ ਸੰਬੋਧਨ ਕੀਤਾ ਅਤੇ ਸਿੱਖੀ ਵਿਰੁੱਧ ਨਕਲੀ ਨਿਰੰਕਾਰੀਆਂ ਦੀ ਸਾਜਿਸ਼ ਤੋਂ ਜਾਣੂੰ ਕਰਵਾਇਆ ਅਤੇ ਇਨ੍ਹਾਂ ਦੀਆਂ ਭੈੜੀਆਂ ਹਰਕਤਾਂ ਕਾਰਨ ਭਵਿੱਖ ਵਿੱਚ ਪੰਥ 'ਤੇ ਪੈਣ ਵਾਲੇ ਮਾੜੂ ਪ੍ਰਭਾਵ ਨੂੰ ਰੋਕਣ ਲਈ ਸਿੱਖ ਸੰਗਤਾਂ ਨੂੰ ਸੁਚੇਤ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਹਰ ਥਾਂ 'ਤੇ ਸੰਗਤਾਂ ਸਾਹਮਣੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਜੇਕਰ ਦੁਨਿਆਵੀ ਅਦਾਲਤਾਂ ਤੋਂ ਸਾਨੂੰ ਇਨਸਾਫ ਨਾ ਮਿਲਿਆ ਤਾਂ ਅਸੀਂ ਸੰਗਤਾਂ ਦੇ ਸਹਿਯੋਗ ਨਾਲ ਖ਼ਾਲਸਾਈ ਪ੍ਰੰਪਰਾ ਅਨੁਸਾਰ ਸ਼ਹੀਦਾਂ ਦੇ ਡੁੱਲ੍ਹੇ ਖੂਨ ਦਾ ਸੌ ਫੀਸਦੀ ਪੂਰਾ ਹੱਕ ਹਰ ਹਾਲਤ ਵਿੱਚ ਲੈਣਾ ਹੈ ਭਾਵੇਂ ਸਾਨੂੰ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ।

ਸੰਤਾਂ ਦੇ ਅਜਿਹੇ ਪ੍ਰਚਾਰ ਨਾਲ ਜਿਥੇ ਆਮ ਸੰਗਤਾਂ ਵਿੱਚੋਂ ਨਿਰਾਸ਼ਤਾ ਦੂਰ ਹੋਈ, ਉੱਥੇ ਹੀ ਸਿੱਖ ਸੰਗਤਾਂ ਨੂੰ ਇਹ ਅਹਿਸਾਸ ਹੋਣਾ ਵੀ ਸ਼ੁਰੂ ਹੋ ਗਿਆ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਦਿਲ ਅੰਦਰ ਸਿੱਖ ਪੰਥ ਪ੍ਰਤੀ ਅਥਾਹ ਦਰਦ ਹੈ। ਇਸ ਲਈ ਅਜਿਹਾ ਆਗੂ ਸਿੱਖ ਪੰਥ ਦੇ ਉੱਜਲੇ ਭਵਿੱਖ ਲਈ ਸ਼ਾਰਥਕ ਸਿੱਧ ਹੋ ਸਕਦਾ ਹੈ।

1 ਮਈ 1978 ਨੂੰ ਦਿੱਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਅਕਾਲੀ ਦਲ ਨੇ ਇੱਕ ਪ੍ਰੈਸ ਨੋਟ ਜਾਰੀ ਕੀਤਾ ਜਿਸ ਵਿੱਚ ਭਾਰਤ ਭਰ ਦੀਆਂ ਸਿੰਘ ਸਭਾਵਾਂ, ਸਿੱਖ ਜਥੇਬੰਦੀਆਂ ਨੂੰ ਸੰਬੋਧਨ ਹੁੰਦਿਆਂ ਉਨ੍ਹਾਂ

Scanned with CamScanner

ਆਖਿਆ ਕਿ 13 ਤਰੀਕ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵਾਪਰੇ ਖੂਨੀ ਕਾਂਡ ਨੇ ਸਿੱਖਾਂ ਦੀ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਦਾ ਸਬੰਧ ਕੇਵਲ ਪੰਜਾਬ ਨਾਲ ਜਾਂ ਕਿਸੇ ਇੱਕ ਸਿੱਖ ਸੰਸਥਾ ਨਾਲ ਨਹੀਂ ਬਲਕਿ ਸਮੂਹ ਸਿੱਖ ਜਗਤ ਨਾਲ ਇਹ ਦਰਦ ਜੁੜਿਆ ਹੋਇਆ ਹੈ। ਇਸ ਲਈ ਸਿੱਖਾਂ ਦੇ ਇਸ ਦਰਦ ਨੂੰ ਦਿੱਲੀ ਸਰਕਾਰ ਦੇ ਬੋਲੇ ਕੰਨਾਂ ਤੱਕ ਪਹੁੰਚਾਉਣ ਲਈ 14 ਮਈ 1978 ਨੂੰ ਦਿੱਲੀ ਵਿਖੇ ਇੱਕ ਧਾਮੋਸ਼ ਜਲੂਸ ਕੱਢਿਆ ਜਾਵੇਗਾ ਜੋ ਗੁਰਦੁਆਰਾ ਸ੍ਰੀ ਰਕਾਬਗੰਜ ਤੋਂ ਚੱਲ ਕੇ ਭਾਰਤ ਦੇ ਪ੍ਰਧਾਨ ਮੰਤਰੀ ਦੀ ਰਿਹਾਇਸ਼ਗਾਹ ਤੱਕ ਜਾਏਗਾ। ਇਸ ਪ੍ਰੋਗਰਾਮ ਵਿੱਚ ਸਭ ਸੰਗਤਾਂ ਨੂੰ ਸ਼ਾਮਿਲ ਹੋਣ ਲਈ ਸਨਿਮਰ ਬੇਨਤੀ ਕੀਤੀ ਗਈ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਨੇ ਇਸ ਪ੍ਰੋਗਰਾਮ ਸਬੰਧੀ ਸੰਤਾਂ ਨਾਲ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚ ਕੇ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਇਸ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਲਈ ਉਨ੍ਹਾਂ ਦਾ ਸਹਿਯੋਗ ਮੰਗਿਆ। ਸੰਤਾਂ ਨੇ ਉਸ ਨੂੰ ਆਖਿਆ ਕਿ ਤੁਸੀਂ ਸਹੀ ਸਮੇਂ ਅਤੇ ਸਹੀ ਅਸਥਾਨ ਵਿਖੇ ਅਜਿਹਾ ਪ੍ਰੋਗਰਾਮ ਕਰਨ ਦਾ ਉਪਰਾਲਾ ਕੀਤਾ ਹੈ ਜਿਸ ਨੂੰ ਕਾਮਯਾਬ ਕਰਨ ਲਈ ਅਸੀਂ ਹਰ ਸੰਭਵ ਯਤਨ ਕਰਾਂਗੇ। ਇਸ ਤੋਂ ਉਪਰੰਤ ਸੰਤਾਂ ਨੇ ਜਗ੍ਹਾ-ਜਗ੍ਹਾ ਜਾ ਕੇ ਸੰਗਤਾਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਅਤੇ ਜਥੇ ਦੇ ਸਿੰਘਾਂ ਦੀਆਂ ਵਿਸ਼ੇਸ਼ ਡਿਊਟੀਆਂ ਲਾ ਕੇ ਵੱਖ-ਵੱਖ ਥਾਵਾਂ 'ਤੇ ਸੰਗਤਾਂ ਕੋਲ ਭੇਜਿਆ ਤਾਂ ਕਿ ਹਰ ਥਾਂ 'ਤੇ ਸੁਹਿਰਦ ਸਿੱਖਾਂ ਵਿੱਚ ਸੁਨੇਹਾ ਪਹੁੰਚ ਸਕੇ ਕਿ ਅਸੀਂ 14 ਮਈ ਵਾਲੇ ਦਿਨ ਦਿੱਲੀ ਵਿਖੇ ਹੋ ਰਹੇ ਸਮਾਗਮ ਵਿਖੇ ਪਹੁੰਚਣਾ ਹੈ।

ਇਸ ਸਬੰਧ ਵਿੱਚ 11.05.78 ਨੂੰ ਸਮੁੱਚੇ ਖ਼ਾਲਸਾ ਪੰਥ ਦੇ ਨਾਂ 'ਤੇ ਸੰਤਾਂ ਨੇ ਪ੍ਰੈਸ ਰਾਹੀਂ ਇੱਕ ਅਪੀਲ ਜਾਰੀ ਕੀਤੀ ਜਿਸ ਵਿੱਚ ਲਿਖਿਆ ਗਿਆ ਕਿ ਸੰਗਤਾਂ ਪਾਸ ਮੇਰੀ ਬੇਨਤੀ ਹੈ ਕਿ ਦਿੱਲੀ ਵਿਖੇ 14 ਮਈ ਨੂੰ ਨਿਕਲ ਰਹੇ ਜਲੂਸ ਵਿਚ ਹੁੰਮ-ਹੁਮਾ ਕੇ ਸ਼ਾਮਿਲ ਹੋਣ। ਹਰ ਪਿੰਡ ਤੋਂ ਘੱਟ ਘੱਟ ਇੱਕ ਟਰੱਕ ਜਾਂ ਬੱਸ ਜ਼ਰੂਰ ਜਾਣੀ ਚਾਹੀਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੱਤਿਕਾਰ ਕਾਇਮ ਰੱਖਣ ਲਈ ਸਿੰਘਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਵੱਡੀ ਗਿਣਤੀ ਵਿੱਚ ਸਿੰਘ ਸਿੰਘਣੀਆਂ 14 ਮਈ ਨੂੰ ਦਿੱਲੀ ਪੁੱਜਣ ਤਾਂ ਜੋ ਦੁਨੀਆਂ ਨੂੰ ਦੱਸਿਆ ਜਾ ਸਕੇ ਕਿ ਸੱਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੱਤਿਕਾਰ ਕਾਇਮ ਰੱਖਣ ਲਈ ਸਮੁੱਚਾ ਸਿੱਖ ਪੰਥ ਇੱਕਮੁਠ ਹੈ।

– ਗੁਰੂ ਪੰਥ ਦਾ ਦਾਸ : ਜਰਨੈਲ ਸਿੰਘ ਖ਼ਾਲਸਾ।

ਸੰਤਾਂ ਦੀ ਇਸ ਅਪੀਲ ਨਾਲ ਸਿੱਖ ਸੰਗਤਾਂ ਵਿੱਚ ਵੱਡਾ ਉਤਸ਼ਾਹ ਪੈਦਾ ਹੋਇਆ ਜਿਸ ਕਾਰਨ 14 ਮਈ ਨੂੰ ਨਿਕਲ ਰਹੇ ਮੌਨ ਜਲੂਸ ਲਈ ਸੰਗਤਾਂ ਵੱਡੀ ਗਿਣਤੀ ਵਿੱਚ ਦਿੱਲੀ ਪਹੁੰਚਣੀਆਂ ਸ਼ੁਰੂ ਹੋ ਗਈਆਂ। 13 ਮਈ ਰਾਤ ਤੱਕ ਬਹੁਤ ਸਾਰੀਆਂ ਸੰਗਤਾਂ ਦਿੱਲੀ ਵਿਖੇ ਪਹੁੰਚ ਚੁੱਕੀਆਂ ਸਨ।

ਬੇਮਿਸਾਲ ਧਾਮੋਸ਼ ਜਲੂਸ

14.05.78 ਨੂੰ ਦਿੱਲੀ ਵਿਖੇ ਸਿੱਖਾਂ ਦੇ ਰੋਸ ਦਾ ਹੜ੍ਹ ਵਰਗ ਤੁਰਿਆ। ਇਸ ਜਲੂਸ ਰਾਹੀਂ ਅੰਮ੍ਰਿਤਸਰ ਦੇ ਖੂਨੀ ਕਾਂਡ ਸ਼ਾਰੇ ਰੋਸ ਪ੍ਰਗਟ ਕੀਤਾ ਜਾ ਰਿਹਾ ਸੀ। ਇਹ ਰੋਸ ਜਲੂਸ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਤੋਂ ਸ਼ੁਰੂ ਹੋਇਆ ਜਿਸ ਵਿੱਚ ਭਾਰਤ ਭਰ ਤੋਂ ਲਗਭਗ ਪੰਜ ਲੱਖ ਸੰਗਤਾਂ ਪਹੁੰਚੀਆਂ ਹੋਈਆਂ ਸਨ। ਅਸ਼ੋਕ ਰੋਡ ਤੋਂ ਹੁੰਦਾ ਹੋਇਆ ਇਹ ਬੇਮਿਸਾਲ ਸ਼ਾਂਤਮਈ ਮੌਨ ਜਲੂਸ ਵਕਤ ਦੇ ਹਾਕਮ ਪ੍ਰਧਾਨ ਮੰਤਰੀ ਮੁਰਾਰਜੀ ਦੇਸਾਈ ਨੂੰ ਯਾਦ ਪੱਤਰ ਦੇਣ ਲਈ ਉਨ੍ਹਾਂ ਦੀ ਰਿਹਾਇਸ਼ਗਾਹ 'ਤੇ ਪਹੁੰਚਿਆ। ਪਰ ਸਿੱਖਾਂ ਦੇ ਧਾਮੋਸ਼ ਤੂਫਾਨ ਤੋਂ ਸਹਿਮ ਕੇ ਉਹ ਆਪਣੀ ਰਿਹਾਇਸ਼ਗਾਹ ਤੋਂ ਪਾਸਾ ਵੱਟ ਗਿਆ ਸੀ। ਉਹ ਜਾਣਦਾ ਸੀ ਕਿ ਇਸ ਜਲੂਸ ਦੀ ਅਗਵਾਈ ਕਰਨ ਵਾਲੇ ਆਗੂਆਂ ਨੂੰ ਕੀ ਜਵਾਬ ਦੇਵਾਂਗਾ ਕਿ ਦਿਨ ਦਿਹਾੜੇ ਕਤਲ ਕੀਤੇ 13 ਸਿੰਘਾਂ ਦੇ ਕਾਤਲਾਂ ਦੀ ਗ੍ਰਿਫਤਾਰੀ ਕਿਉਂ ਨਹੀਂ ਕੀਤੀ ਜਾ ਸਕੀ। ਇਸ ਲਈ ਉਸ ਨੇ ਦਿੱਖੋ ਪਾਸਾ ਵੱਟਣਾ ਹੀ ਸਹੀ ਸਮਝਿਆ। ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਪ੍ਰਧਾਨ ਮੰਤਰੀ ਦਿੱਤੇ ਹੋਏ ਸਮੇਂ ਮੁਤਾਬਿਕ ਸਮਾਂ ਨੀਯਤ ਕਰਨ ਦੇ ਬਾਵਜੂਦ ਵੀ ਆਪਣੀ ਰਿਹਾਇਸ਼ਗਾਹ ਤੋਂ ਗਾਇਬ ਹੋ ਚੁੱਕਾ ਹੈ ਤਾਂ ਜਲੂਸ ਦੇ ਪ੍ਰਬੰਧਕਾਂ ਨੇ ਜਿਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਜਥੇਦਾਰ ਸੰਤੋਖ ਸਿੰਘ ਅਤੇ ਸੰਤ ਭਿੰਡਰਾਂਵਾਲੇ ਆਪਸੀ ਸਲਾਹ ਮਸ਼ਵਰੇ ਨਾਲ ਚੱਲ ਰਹੇ ਸਨ। ਉਨ੍ਹਾਂ ਨੇ ਜਲੂਸ ਦਾ ਰੁਖ ਰਾਸ਼ਟਰਪਤੀ ਭਵਨ ਵੱਲ ਮੋੜ ਲਿਆ ਅਤੇ

Scanned with CamScanner

ਰਾਸ਼ਟਰਪਤੀ ਭਵਨ ਪਹੁੰਚ ਕੇ ਉਨ੍ਹਾਂ ਨੇ ਰਾਸ਼ਟਰਪਤੀ ਨੂੰ ਹੱਸ ਪੱਤਰ ਸੌਂਪਿਆ। ਫਿਰ ਇਹ ਸ਼ਾਂਤਮਈ ਜਲੂਸ ਗੁਰਦੁਆਰਾ ਰਕਾਬਗੰਜ ਸਾਹਿਬ ਵਾਪਸ ਪਰਤਿਆ। ਰਸਤਿਆਂ ਵਿੱਚ ਸਿੱਖਾਂ ਦਾ ਇਕੱਠ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਦਿੱਲੀ ਦੀਆਂ ਗਲੀਆਂ ਵਿੱਚ ਹੜ੍ਹ ਆਇਆ ਹੋਇਆ ਹੋਵੇ। ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਪਹੁੰਚ ਕੇ ਇਹ ਇਕੱਠ ਵੱਡੀ ਕਾਨਫਰੰਸ ਦਾ ਰੂਪ ਧਾਰਨ ਕਰ ਗਿਆ। ਜਿਥੇ ਸੰਤਾਂ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਿੱਖੀ ਦਾ ਜੋ ਅਪਮਾਨ ਕੀਤਾ ਗਿਆ ਹੈ ਉਸ ਨੂੰ ਅਸੀਂ ਬਰਦਾਸ਼ਤ ਨਹੀ ਕਰ ਸਕਦੇ। ਉਨ੍ਹਾਂ ਅਕਾਲੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਵੀ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਸਾਨੂੰ ਭਰੋਸਾ ਦਿੱਤਾ ਸੀ ਕਿ ਦੋਸ਼ੀ ਨਿਰੰਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਪਰ ਹਾਲੇ ਤੱਕ ਅਜਿਹਾ ਨਹੀਂ ਹੋ ਸਕਿਆ। ਜਿਸ ਕਾਰਨ ਅਸੀਂ ਉਨ੍ਹਾਂ ਦੇ ਦਿਵਾਏ ਭਰੋਸੇ ਤੋਂ ਸੰਤੁਸ਼ਟ ਨਹੀ ਹਾਂ। ਇਸੇ ਤਰ੍ਹਾਂ ਜਥੇਦਾਰ ਸੰਤੋਖ ਸਿੰਘ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਵੀ ਕਿਹਾ ਕਿ ਸੈਂਟਰ ਦੀ ਸਰਕਾਰ ਨੂੰ ਸਿੱਖਾਂ ਦੇ ਜਜ਼ਬਾਤਾਂ ਨਾਲ ਖਿਲਵਾੜ ਨਹੀਂ ਕਰਨਾ ਚਾਹੀਦਾ ਬਲਕਿ ਦੋਸ਼ੀ ਨਿਰੰਕਾਰੀਆਂ ਨੂੰ ਗ੍ਰਿਫਤਾਰ ਕਰਕੇ ਖ਼ਾਲਸਾ ਪੰਥ ਨੂੰ ਲਿਆ ਦਿਵਾਉਣਾ ਚਾਹੀਦਾ ਹੈ।

ਦਿੱਲੀ ਤੋਂ ਵਾਪਸ ਪਰਤ ਕੇ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥ ਦੇ ਧਾਰਮਿਕ ਆਗੂਆਂ ਨਾਲ ਗੰਭੀਰ ਵਿਚਾਰਾਂ ਕੀਤੀਆਂ ਕਿ ਦੋਸ਼ੀ ਨਿਰੰਕਾਰੀਆਂ ਦੀਆਂ ਕੋਝੀਆਂ ਹਰਕਤਾਂ ਨੂੰ ਨੱਥ ਪਾਉਣ ਲਈ ਇਨ੍ਹਾਂ ਦੀਆਂ ਸਿੱਧੀ ਵਿਰੁੱਧ ਕਾਰਵਾਈਆਂ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਨ੍ਹਾਂ ਵਿਰੁੱਧ ਇਸ ਕੂੜ ਦੇ ਮਿਸ਼ਨ ਦਾ ਸਿੱਖ ਪੰਥ ਲਈ ਬਾਈਕਾਟ ਦਾ ਹੁਕਮ ਜਾਰੀ ਹੋਣਾ ਚਾਹੀਦਾ ਹੈ। ਇਸ ਮਸਲੇ ਨੂੰ ਲੈ ਕੇ ਸੰਤਾਂ ਨੇ ਪੰਜਾਬ ਦੇ ਵੱਡੇ ਧਾਰਮਿਕ ਇਕੱਠਾਂ ਵਿੱਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਲਗਭਗ ਰੋਜ਼ਾਨਾ ਹੀ ਜਿੱਥੇ ਵੀ ਸੰਤ ਜਾਂਦੇ ਉਥੇ ਭਾਵੇਂ ਸਾਝੇ ਤੌਰ 'ਤੇ ਸੱਦਿਆ ਗਿਆ ਸੰਗਤ ਦਾ ਇਕੱਠ ਹੁੰਦਾ ਜਾਂ ਕਿਸੇ ਪਰਿਵਾਰ ਦੇ ਨਿੱਜੀ ਸੱਦੇ 'ਤੇ ਵੀ ਸੰਗਤ ਵਿੱਚ ਗਏ ਹੁੰਦੇ ਤਾਂ ਉਹ ਇਸ ਮਸਲੇ ਨੂੰ ਸੰਗਤਾਂ ਨਾਲ ਜ਼ਰੂਰ ਸਾਂਝਾ ਕਰਦੇ ਕਿਉਂਕਿ ਨਕਲੀ ਨਿਰੰਕਾਰੀਆਂ ਵੱਲੋਂ ਕੀਤੀਆਂ ਜਾ ਰਹੀਆਂ ਕੋਝੀਆਂ ਹਰਕਤਾਂ ਦਾ ਸਿੱਖ ਪੰਥ ਵਿੱਚ ਕਿਹੋ ਜਿਹਾ ਮਾੜਾ ਪ੍ਰਭਾਵ ਪੈ ਸਕਦਾ ਹੈ ਇਸ ਪ੍ਰਤੀ ਸੰਤ ਬਹੁਤ ਸੁਚੇਤ ਸਨ। ਇਸ ਲਈ ਉਹ ਇਸ ਗੱਲ ਨੂੰ ਵੀ ਗੰਭੀਰਤਾ ਨਾਲ ਲੈ ਰਹੇ ਸਨ ਕਿ ਭਵਿੱਖ ਵਿੱਚ ਇਨ੍ਹਾਂ ਦੋਸ਼ੀ ਲੋਕਾਂ ਦਾ ਪੰਜਾਬ ਵਿੱਚ ਕੋਈ ਜਲਸਾ ਜਲੂਸ ਨਹੀਂ ਹੋਣ ਦਿੱਤਾ ਜਾਵੇਗਾ। ਸੰਤਾਂ ਦੀ ਸਖ਼ਸ਼ੀਅਤ ਬਾਰੇ ਅਨਜਾਣ ਲੋਕ ਜਾਂ ਸਿਆਸੀ ਆਗੂ ਸਿਰਫ ਇਹੀ ਸਮਝਦੇ ਸਨ ਸੰਤ ਜਰਨੈਲ ਸਿੰਘ ਜ਼ਜ਼ਬਾਤੀ ਭਾਸ਼ਣ ਦੇ ਰਹੇ ਹਨ। ਪਰ ਇਸ ਤੋਂ ਉਲਟ ਸੰਤ ਜਰਨੈਲ ਸਿੰਘ ਜੀ ਸੰਗਤਾਂ ਨਾਲ ਮਿਲ ਕੇ ਡੂੰਘੀਆਂ ਵਿਚਾਰਾਂ ਕਰ ਰਹੇ ਸਨ ਅਤੇ ਦਿੜ੍ਹਤਾ ਨਾਲ ਨਕਲੀ ਨਿਰੰਕਾਰੀਆਂ ਦੇ ਕੂੜ ਮਿਸ਼ਨ ਨੂੰ ਰੋਕਣ ਲਈ ਸਰਗਰਮ ਸਨ। ਦਿਨੋਂ-ਦਿਨ ਇਸ ਤਰ੍ਹਾਂ ਦੇ ਹੋ ਰਹੇ ਪ੍ਰਚਾਰ ਦਾ ਸੰਗਤਾਂ ਉਪਰ ਭਾਰੀ ਅਸਰ ਪੈਣ ਲੱਗਾ, ਜਿਸ ਨਾਲ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਵੀ ਇਸ ਪ੍ਰਤੀ ਸੋਚਣ ਲੱਗੇ ਕਿ ਕਿਧਰੇ ਐਸਾ ਨਾ ਹੋਵੇ ਕਿ ਸਿੱਖਾਂ ਦੇ ਇਸ ਗੰਭੀਰ ਮਸਲੇ ਤੋਂ ਅਵੇਸਲੇ ਰਹਿਣ ਕਾਰਨ ਅਸੀਂ ਸਿੱਖ ਸੰਗਤ ਵਿੱਚ ਅਲੱਗ-ਥਲੱਗ ਹੋ ਜਾਈਏ। ਇਸ ਲਈ ਉਹ ਵੀ ਉਪਰੋਕਤ ਮਸਲੇ ਪ੍ਰਤੀ ਗੰਭੀਰਤਾ ਨਾਲ ਸੋਚਣ ਲੱਗੇ।

ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਿੱਖ ਸੰਪਰਦਾਵਾਂ, ਸਿੱਖ ਵਿਦਵਾਨਾਂ ਦੀ ਵਿਸ਼ੇਸ਼ ਕਾਨਫਰੰਸ

ਮਈ ਦੇ ਅਖੀਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਸਿੱਖ ਵਿਦਵਾਨਾਂ ਦੀ ਕਨਵੈਨਸ਼ਨ ਬੁਲਾਈ ਅਤੇ ਇਸ ਵਿੱਚ ਸਿੱਖ ਸੰਪਰਦਾਵਾਂ ਦੇ ਮੁਖੀਆਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ। ਇਸ ਕਨਵੈਨਸ਼ਨ ਦਾ ਮੁੱਖ ਮੁੱਦਾ ਸੀ ਕਿ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਕਲੀ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਹੋਣਾ ਚਾਹੀਦਾ ਹੈ? ਇਸ ਪ੍ਰਤੀਨਿਧ ਇਕੱਠ ਵਿੱਚ ਪੰਥ ਪ੍ਰਸਿੱਧ ਵਿਦਵਾਨਾਂ ਅਤੇ ਸੰਪਰਦਾਵਾਂ ਦੇ ਮੁਖੀਆਂ ਨੇ ਆਪੋ-ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਹਰ ਸੰਭਵ ਢੰਗ ਨਾਲ ਨਕਲੀ ਨਿਰੰਕਾਰੀਆਂ ਦੇ ਕੂੜ ਪ੍ਰਚਾਰ ਨੂੰ ਰੋਕਣ ਲਈ ਗੰਭੀਰ ਉਪਰਾਲਾ ਹੋਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਕਿਹਾ ਕਿ ਅੱਜ ਦੀ ਕਨਵੈਨਸ਼ਨ ਵਿੱਚ ਜੋ ਵੀ ਫੈਸਲਾ ਹੋਵੇਗਾ ਅਸੀਂ ਉਸ ਨੂੰ

Scanned with CamScanner

ਸਵੀਕਾਰ ਕਰਨ ਲਈ ਪਾਬੰਦ ਹੋਵਾਂਗੇ ਨਾਲ ਹੀ ਉਨ੍ਹਾਂ ਆਪਣੇ ਵਿਚਾਰ ਦਿੰਦਿਆਂ ਇਸ ਗੱਲ ਨਾਲ ਸਹਿਮਤੀ ਪ੍ਰਗਟਾਈ ਕਿ ਹੁਣ ਅਜਿਹਾ ਸਮਾਂ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦੰਭੀ ਲੋਕਾਂ ਦੇ ਕੂੜ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਮੀਰੀ ਪੀਰੀ ਦੇ ਸਿਧਾਂਤਾਂ ਅਨੁਸਾਰ ਖ਼ਾਲਸਾ ਪੰਥ ਨੂੰ ਦਿਸ਼ਾ ਨਿਰਦੇਸ਼ ਦਿੱਤਾ ਜਾਵੇ। ਸੰਤ ਜਰਨੈਲ ਸਿੰਘ ਖ਼ਾਲਸਾ ਨੇ ਆਪਣੇ ਵਿਚਾਰ ਰੱਖਦਿਆਂ ਪੂਰੀ ਦ੍ਰਿੜ੍ਹਤਾ ਨਾਲ ਆਖਿਆ ਕਿ ਸਿੱਖ ਪੰਪਰਾ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਤਿਕਾਰ ਨੂੰ ਬਰਕਰਾਰ ਰੱਖਣ ਲਈ 13 ਸਿੱਖਾਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਹਨ। ਜੇਕਰ ਹੁਣ ਵੀ ਅਸੀਂ ਸੁਚੇਤ ਨਾ ਹੋਏ ਤਾਂ ਇਹ ਦੰਭੀ ਨਿਰੰਕਾਰੀ ਸਾਡੇ ਲਈ ਹੋਰ ਵੱਡਾ ਖ਼ਤਰਾ ਬਣ ਸਕਦੇ ਹਨ। ਇਸ ਲਈ ਸਾਡੀ ਨਿਮਰਤਾ ਸਹਿਤ ਬੇਨਤੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਜੋ ਇਥੇ ਮੌਜੂਦ ਹਨ ਉਨ੍ਹਾਂ ਵੱਲੋਂ ਅੱਜ ਦੇ ਪ੍ਰਤੀਨਿਧ ਇਕੱਠ ਦੁਆਰਾ ਚਿੱਤੇ ਸੁਝਾਵਾਂ ਨੂੰ ਮੁੱਖ ਰੱਖਦਿਆਂ ਨਕਲੀ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਕਰਨਾ ਚਾਹੀਦਾ ਹੈ। ਇਸ ਇਕੱਠ ਵਿੱਚ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਉੱਘੇ ਅਕਾਲੀ ਆਗੂ ਜਥੇਦਾਰ ਮੋਹਣ ਸਿੰਘ ਤੁੜ ਅਤੇ ਫੈਡਰੇਸ਼ਨ ਆਗੂ ਭਾਈ ਅਮਰੀਕ ਸਿੰਘ, ਹਰਮਿੰਦਰ ਸਿੰਘ ਸੰਧੂ ਬਹੁਤ ਸਾਰੇ ਪ੍ਰੋਫੈਸਰ, ਪ੍ਰਿੰਸੀਪਲ ਆਦਿ ਮੌਜੂਦ ਸਨ। ਇਨ੍ਹਾਂ ਨੇ ਵੀ ਆਪਣੇ ਵਿਚਾਰ ਦਿੰਦਿਆਂ ਇਸ ਮੰਗ ਨਾਲ ਸਹਿਮਤੀ ਪ੍ਰਗਟਾਈ। ਇਸ ਉਪਰੰਤ ਅੱਜ ਦੇ ਪ੍ਰਤੀਨਿਧ ਇਕੱਠ ਵੱਲੋਂ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 10 ਜੂਨ 1978 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਹੈ ਉਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕਰ ਦਿੱਤਾ ਜਾਵੇ।

ਜਾਰੀ ਕੀਤੇ ਜਾਣ ਵਾਲੇ ਹੁਕਮਨਾਮੇ ਨੂੰ ਸਭ ਪੱਖਾਂ ਤੋਂ ਘੋਖ ਕੇ ਮੁਕੰਮਲ ਕਰਨ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਹਾਇਤਾ ਲਈ ਹੇਠ ਲਿਖੇ ਸੰਤ ਸਿੱਖ ਆਗੂਆਂ ਦੀ ਕਮੇਟੀ ਬਣਾਈ ਗਈ ਜਿਸ ਵਿੱਚ ਸਿੰਘ ਸਾਹਿਬ ਸਾਧੂ ਸਿੰਘ ਜੀ ਭੌਰਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਸਿੰਘ ਸਾਹਿਬ ਗਿਆਨੀ ਪ੍ਰਤਾਪ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ. ਕਪੂਰ ਸਿੰਘ ਆਈ. ਸੀ. ਐੱਸ. ਨੈਸ਼ਨਲ ਪ੍ਰੋਫੈਸਰ ਆਫ਼ ਸਿੱਖਇਜ਼ਮ, ਗਿਆਨੀ ਲਾਲ ਸਿੰਘ ਸਾਬਕਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪ੍ਰਿੰਸੀਪਲ ਸਤਬੀਰ ਸਿੰਘ, ਗਿਆਨੀ ਗੁਰਦਿੱਤ ਸਿੰਘ, ਪ੍ਰੋਫੈਸਰ ਪ੍ਰਕਾਸ਼ ਸਿੰਘ ਆਦਿ ਸ਼ਾਮਿਲ ਕੀਤੇ ਗਏ।

ਉਪਰੋਕਤ ਸਿੱਖ ਵਿਦਵਾਨ ਨੁਮਾਇੰਦਿਆਂ ਦੀ ਗਠਿ ਕਾਲ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕਰਨ ਦੀ ਤਿਆਰੀ ਕੀਤੀ ਗਈ ਅਤੇ ਪੰਜਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ 10 ਜੂਨ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਕਲੀ ਨਿਰੰਕਾਰੀਆਂ ਦੀਆਂ ਘਿਨਾਉਣੀਆਂ ਹਰਕਤਾਂ ਕਾਰਨ ਉਨ੍ਹਾਂ ਵਿਰੁੱਧ ਹੁਕਮਨਾਮਾ ਜਾਰੀ ਕਰ ਦਿੱਤਾ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ

ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਨੂੰ ਸਿੱਖ ਜਗਤ ਦੀ ਸੁਪਰੀਮ ਕੋਰਟ ਦਾ ਦਰਜਾ ਪ੍ਰਾਪਤ ਹੈ। ਸਿੱਖ ਪੰਥ ਦੀ ਇਸ ਸਰਵ-ਉੱਚ ਅਦਾਲਤ ਨੂੰ ਗੁਰਮਤਿ ਦੀ ਉਲੰਘਣਾ ਕਰਨ ਵਾਲੇ ਸਿੱਖਾਂ ਨੂੰ ਤਖ਼ਤ ਸਾਹਿਬ ਤੇ ਬੁਲਾਕੇ ਸਜ਼ਾ ਦੇਣ ਦੇ ਅਧਿਕਾਰ ਪ੍ਰਾਪਤ ਹਨ ਜਿਸ ਨੂੰ ਅਕਾਲ ਤਖ਼ਤ ਸਾਹਿਬ ਦੀ ਅਦਾਲਤੀ ਭਾਸ਼ਾ ਵਿੱਚ 'ਤਨਖਾਹ ਲਾਉਣੀ' ਕਿਹਾ ਜਾਂਦਾ ਹੈ। ਸਿੱਖਾਂ ਦੀ ਇਸ ਸਭ ਤੋਂ ਉੱਚੀ ਅਦਾਲਤ ਵੱਲੋਂ ਸਮੇਂ-ਸਮੇਂ ਸਿੱਖ ਪੰਥ ਦੇ ਨਾਂ 'ਹੁਕਮਨਾਮੇ' ਜਾਰੀ ਕਰਨ ਦੀ ਪੰਪਰਾ ਵੀ ਚੱਲੀ ਆਉਂਦੀ ਹੈ। ਇਹਨਾਂ ਹੁਕਮਨਾਮਿਆਂ ਨੂੰ ਸਮੂਹ ਸਿੱਖ ਸੰਗਤਾਂ ਵੱਲੋਂ ਅਕਾਲ ਪੁਰਖ ਦਾ ਹੁਕਮ ਅਥਵਾ ਇਲਾਹੀ ਹੁਕਮ ਸਮਝ ਕੇ ਮਾਨਤਾ ਦਿੱਤੀ ਜਾਂਦੀ ਹੈ ਤੇ ਇਸ 'ਤੇ ਅਮਲ ਕੀਤਾ ਜਾਂਦਾ ਹੈ।

10 ਜੂਨ 1978 ਨੂੰ ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਦੇ ਮੌਕੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਕ 'ਹੁਕਮਨਾਮਾ' ਜਾਰੀ ਕੀਤਾ ਗਿਆ ਜਿਸ ਨੂੰ ਸਿੰਘ ਸਾਹਿਬ ਜਥੇਦਾਰ ਸਾਧੂ ਸਿੰਘ ਭੌਰਾ ਨੇ ਭਰੇ ਦੀਵਾਨ ਵਿੱਚ ਪੜ੍ਹ ਕੇ ਸੁਣਾਇਆ। ਹੁਕਮਨਾਮੇ ਦਾ ਅੱਖਰ-ਅੱਖਰ ਹੇਠਾਂ ਦਿੱਤਾ ਜਾ ਰਿਹਾ ਹੈ:

ੴ ਵਾਹਿਗੁਰੂ ਜੀ ਕੀ ਫ਼ਤਹ ॥
ਸ੍ਰੀ ਅਕਾਲ ਜੀ ਸਹਾਇ ॥

ਹੁਕਮਨਾਮਾ

ਸੁਹਿਰਦ ਸੰਤ ਖ਼ਾਲਸਾ

Scanned with CamScanner

ਸ੍ਰੀ ਅਕਾਲ ਤਖਤ ਸਾਹਿਬ

ਦੇਗ ਤੇਗ ਫਤਹ ਨੁਸਰਤ ਬੇ ਦਰੰਗ॥

ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ਸਰਬੱਤ ਖਾਲਸਾ ਸੰਸਾਰ ਭਰ ਦੇ ਮਾਈ ਭਾਈ ਦੀ ਕਲਿਆਣ ਸ੍ਰੀ ਗੁਰੂ ਅਕਾਲ ਪੁਰਖ ਦੇ ਹੁਕਮ ਨੂੰ ਸਵੀਕਾਰ ਕਰਨ ਵਿੱਚ ਹੈ। ਅਕਾਲ ਪੁਰਖ ਸਰਬ ਸ਼ਕਤੀਮਾਨ ਅਤੇ ਦਇਆ ਨਿਧੀ ਹੈ ਅਤੇ ਉਸਦੀ ਰਜ਼ਾ ਵਿੱਚ ਸਰਬ ਸੁੱਖਦਾਤਾ, ਜਗਤ ਭਰ ਦੇ ਮਨੁੱਖ ਮਾਤਰ ਲਈ ਕਲਿਆਣਕਾਰੀ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖ ਮਤ ਦਾ ਪ੍ਰਕਾਸ਼ ਹੋਇਆ ਹੈ ਅਤੇ ਖ਼ਾਲਸੇ ਦਾ ਬਿਰਦ ਹੈ:

ਧਰਮ ਚਲਾਵਨ ਸੰਤ ਉਬਾਰਨ॥

ਦੁਸਟ ਸਭਨ ਕੋ ਮੂਲ ਉਪਾਰਨ॥

ਕੁੱਝ ਸਮੇਂ ਤੋਂ ਸਾਡੇ ਦੇਸ਼ ਵਿੱਚ ਅਖੌਤੀ 'ਨਿਰੰਕਾਰੀ ਦਿੱਲੀ' ਦੀ ਸੰਗਿਆ ਹੇਠ ਚੱਲ ਰਹੀ ਲਹਿਰ ਜਿਸਦਾ ਮੁਖੀ ਗੁਰਬਚਨ ਸਿੰਘ ਹੈ, ਉਸ ਦਾ ਨਿਸ਼ਾਨਾ ਧਰਮ ਤੇ ਸਦਾਚਾਰ ਦਾ ਵਿਨਾਸ਼ ਕਰਨਾ ਤਾਂ ਹੈ ਹੀ, ਪਰ ਉਹ ਸਿੱਖੀ ਤੇ ਖ਼ਾਲਸੇ ਦੇ ਸਿਧਾਂਤਾਂ, ਰਹੁ-ਰੀਤਾਂ ਤੇ ਗੌਰਵ ਉਤੇ ਵਿਸ਼ੇਸ਼ ਕਰਕੇ ਪ੍ਰਚੰਡ ਹਮਲੇ ਕਰ ਰਿਹਾ ਹੈ। ਜਿਸ ਦੇ ਪਰਿਣਾਮ ਵਜੋਂ ਦੇਸ਼ ਵਿੱਚ ਕਈ ਥਾਵਾਂ ਉੱਤੇ ਗੰਭੀਰ ਫਸਾਦ ਹੋ ਚੁੱਕੇ ਹਨ ਅਤੇ ਪਿਛਲੀ ਵਿਸਾਖੀ 13 ਅਪ੍ਰੈਲ ਸੰਨ 1978 ਨੂੰ ਇਸੇ ਕਾਰਨ ਸ੍ਰੀ ਅੰਮ੍ਰਿਤਸਰ ਵਿੱਚ ਅਨੇਕਾਂ ਸਿੱਖ ਧਰਮ ਹੇਤ ਜਖਮੀ ਤੇ ਸ਼ਹੀਦ ਹੋਏ।

ਧਰਮ ਤੇ ਸਿੱਖੀ ਦੇ ਇਹ ਸ਼ਤਰੂ ਆਪਣੇ ਆਪ ਨੂੰ 'ਸੰਤ ਨਿਰੰਕਾਰੀ' ਕਹਾਉਂਦੇ ਹਨ ਅਤੇ ਇਨ੍ਹਾਂ ਦਾ ਆਗੂ ਗੁਰਬਚਨ ਸਿੰਘ ਈਸ਼ਵਰ ਦਾ ਅਵਤਾਰ ਹੋਣ ਦਾ ਦਾਅਵਾ ਕਰਦਾ ਹੈ। ਇਹ ਸਰੀਰਕ ਤ੍ਰਿਪਤੀਆਂ ਤੇ ਸੁੱਖਾਂ ਨੂੰ ਮਨੁੱਖਾ ਜਨਮ ਦਾ ਮੁੱਖ ਮੰਤਵ ਸਮਝਦੇ ਹਨ। ਇਹ ਧਰਮ ਦੇ ਉੱਚਤਮ ਸਿਧਾਂਤ 'ਸ਼ਬਦ ਗੁਰੂ' ਤੋਂ ਮੁਨਕਰ ਹੋ ਕੇ ਦੇਹਧਾਰੀ ਮਨੁੱਖਾਂ ਦੀ ਪੂਜਾ ਦਾ ਪ੍ਰਚਾਰ ਕਰਦੇ ਹਨ ਅਤੇ ਸਦਾਚਾਰ ਦਾ ਵਿਰੋਧ ਇਹ ਕਹਿ ਕੇ ਕਰਦੇ ਹਨ ਕਿ ਪਾਪ ਤੇ ਪੁੰਨ ਐਵੇਂ ਮਨੋਕਲਪਤ ਹਨ, ਜਿਨ੍ਹਾਂ ਦਾ ਇਹ ਪ੍ਰਚਾਰ ਸੰਸਾਰ ਭਰ ਦੇ ਧਰਮਾਂ ਅਤੇ ਸਦਾਚਾਰਕ ਵਿਧਾਨਾਂ ਵਾਸਤੇ ਇੱਕ ਮਾਰੂ ਹਮਲਾ ਹੈ। ਸਿੱਖ ਪੰਥ ਇਸ ਚੈਲੰਜ ਨੂੰ ਚੁਣੌਤੀ ਦਿੱਤੇ ਬਿਨਾਂ ਬਚ ਨਹੀਂ ਸਕਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਅਧਿਕਾਰ ਹੇਠਾਂ ਇਹ ਹੁਕਮ ਹਰ ਇੱਕ ਸਿੱਖ ਮਾਈ ਭਾਈ ਅਤੇ ਹਰ ਇੱਕ ਪ੍ਰਾਣੀ ਮਾਤਰ ਲਈ ਹੈ, ਇਸ ਧਰਮ-ਸ਼ਤਰੂ ਅਤੇ ਮਨੁੱਖ ਮਾਤਰ ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ ਅਤੇ ਇਸ ਨੂੰ ਸਮਾਜ ਅਤੇ ਸੰਸਾਰ ਵਿੱਚ ਵਧਣ ਫੈਲਣ ਨਾ ਦਿੱਤਾ ਜਾਵੇ। ਜੋ ਸਿੱਖ ਇਸ ਦੰਭੀ ਅਤੇ ਪਾਖੰਡੀ ਨਿਰੰਕਾਰੀ ਸੰਸਥਾ ਦਾ ਅੰਗ ਬਣ ਚੁੱਕੇ ਹਨ, ਉਨ੍ਹਾਂ ਅਤੇ ਉਨ੍ਹਾਂ ਦੇ ਆਗੂ ਗੁਰਬਚਨ ਸਿੰਘ ਨਾਲ ਖਾਲਸਾ ਪੰਥ ਹਰ ਤਰ੍ਹਾਂ ਦਾ ਮੇਲ ਜੋਲ ਤੇ ਸੰਸਾਰਕ ਸਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰੇ।

ਇਹ ਸ੍ਰੀ ਅਕਾਲ ਤਖਤ ਸਾਹਿਬ

(ਮੋਹਰ) ਦਾ ਹੁਕਮਨਾਮਾ ਹੈ।

ਜੋ ਮੰਨੇਗਾ ਉਸ ਦਾ ਲੋਕ ਪ੍ਰਲੋਕ ਦੋਹੀਂ ਥਾਈਂ ਭਲਾ ਹੋਵੇਗਾ।

ਗੁਰੂ ਕੀ ਆਗਿਆ:

ਪੂਜਾ ਅਕਾਲ ਪੁਰਖ ਕੀ॥

ਪਰਚਾ ਸ਼ਬਦ ਕਾ॥ ਦਰਸ਼ਨ ਖਾਲਸੇ ਕਾ॥

ਮਿਤੀ 28 ਜੇਠ ਸਾਧੂ ਸਿੰਘ

ਸੰਮਤ, ਨਾਨਕਸ਼ਾਹੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

509, 10 ਜੂਨ, 1978 ਸ੍ਰੀ ਅੰਮ੍ਰਿਤਸਰ

ਨੋਟ : ਸੰਗਤਾਂ ਦੇ ਗਿਆਤ ਹਿੱਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਦੀ ਕਾਪੀ ਹੇਠ ਦਿੱਤੀ ਜਾ ਰਹੀ ਹੈ।

Scanned with CamScanner

ੴ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਅਕਾਲ ਜੀ ਸਹਾਇ ॥

ਹੁਕਮਨਾਮਾ

ਸ੍ਰੀ ਅਕਾਲ ਤਖ਼ਤ ਸਾਹਿਬ

ਦੇਗ ਤੇਗ ਫਤਹ ਨੁਸਰਤ ਬੇਦਰੰਗ ॥
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਸਰਬੱਤ ਖਾਲਸਾ ਜਿਥਾ ਤਕ ਹੈ ਸਹੀ ਅਰਥਾਂ ਚ ਅਕਾਲਪੁਰਖ ਨੂੰ ਸਮਰਪਿਤ ਹੋਣ ਕਰਕੇ ਅਕਾਲ ਪੁਰਖ ਦਾ ਰੂਪ ਸਮਝਿਆ ਜਾਂਦਾ ਹੈ। ਅਕਾਲ ਪੁਰਖ ਸਰਬ ਸਮਰੱਥਾਵਾਨ ਅਤੇ ਸਰਬ-ਵਿਧ ਹੈ, ਅਤੇ ਉਸ ਦੀ ਰਜ਼ਾ ਵਿਚ ਸਾਰਾ ਸੁਖ ਹੈ ਪਰ, ਸਰਬ ਕਲ ਹੈ ਅਨੰਤ ਹਨਦੇ ਲਈ ਕਰਿਆਣਕਾਰੀ ਹਰੀ ਨਾਮ ਸਿੰਮਰਨ ਸਿਖ ਦਰਸ਼ਨ ਸਿਖ ਮਤ ਦਾ ਪਰਚਾਰ ਕੀਤਾ ਹੈ, ਅਤੇ ਮਾਰਨ ਦਾ ਸਿਖਾ ਹੈ :

ਧਰਮ ਚਲਾਵਣ ਸੰਤ ਉਬਾਰਣ ॥
ਦੁਸਟ ਸਭਨ ਕੇ ਮੂਲ ਉਪਾਰਣ ॥

ਪੂਰਨ ਸਮਾਂ ਹੋਂ ਆਏ ਚੋਣ ਵਿਚ ਅਖੰਡੀ ਪਰਮੇਸ਼ਰੀ ਦਿਲਾਂ ਦੀ ਸੰਗਿਕਾ ਹੋਣ ਕਰ ਸਭੋ ਸ਼ਹਿਰ ਸਿਖ ਦਾ ਮੁਖੀ ਨੁਮਾਇਦਾ ਸਿੰਘ ਹੈ, ਉਸ ਦਾ ਮਿਆਰ ਬਣਾ ਹੈ ਸਾਰਾਕਾਰ ਨੂੰ ਵਿਹਾਰ ਕਰਨਾ ਹੈ ਹੋ ਹੋ, ਪਰ ਉਸ ਸਿੰਘੀ ਨੂੰ ਆਲਸੀ ਦੇ ਸਿਧਾਂਤ, ਬਹੁਮੱਤਾਂ ਦੇ ਪੈਰਾਂ ਉਪੱਰ ਝਿਜੱਕ ਕਰਕੇ ਯਤਾਰਥ ਹਾਲਤ ਕਰ ਦਿਤਾ ਹੈ। ਜਿਸ ਦੇ ਪਰਤਾਪ ਕਾਰਨ ਦੇਸ਼ ਵਿਚ ਕਈ ਛੋਟੇ ਵੱਡੇ ਸੰਗੀਤ ਸਮਾਰੋਹ ਦੇ ਹੁਣੇ ਹਨ, ਅਤੇ ਪਿਛਲੀ ਵਿਸਾਖੀ ਤੋਂ ਅਖੰਡ ਸੰਤ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਅਤੇ ਸਿੰਘ ਧਰਮ ਪੈਰ ਸਮਾਜੀ ਤੇ ਸ਼ਰੀਰ ਹੋਏ।

ਹਰਮ ਤੇ ਸਿੰਘੀ ਦੇ ਵਿਚ ਸਰਬ-ਆਪਣੇ ਆਪ ਨੂੰ 'ਸੰਤ ਸਿਪਾਹੀ' ਕਹਾਉਂਦੇ ਹਨ ਅਤੇ ਦਿਨ ਦਾ ਅਖੰਡ ਗੁਰਸਮਤ ਸਿੰਘ ਵੀਹਵਾਂ ਦਾ ਅਦਭੁਤ ਰੂਪ ਦਾ ਪਰਚਾ ਕਰਦਾ ਹੈ। ਇਹ ਸਰੀਰਕ ਤ੍ਰਿਪਤੀਆਂ ਤੋਂ ਉਪਰ ਹੈ ਜੋ ਮਨੁੱਖਾ ਸਰੀਰ ਦਾ ਮੂਲ ਮਿਤਰ ਸਮਝਦੇ ਹਨ। ਇਹ ਪਰਮ ਹੈ ਉਪਦੇਸ਼ ਸਿਖਾਣ ਸਮਰ ਤੱਕ ਮੁਸਕਰ ਹੈ ਕਿ ਦੇਹਧਾਰੀ ਮਨੁੱਖਾ ਦੀ ਪੂਜਾ ਦਾ ਪਸਤਾਵ ਕਰਦੇ ਹਨ ਅਤੇ ਸਰਬਾਤਮ ਦਾ ਵਿਰੋਧ, ਇਹ ਕਹਿ ਕੇ ਛਡਦੇ ਹਨ ਕਿ ਖੁਦ ਤੇ ਪੁੱਤ ਮੋਏ" ਮਰੇਕਸਪਰ ਹਨ। ਇਨ੍ਹਾ ਦਾ ਇਹ ਪਰਤਾਪ ਸਿੰਘਾ ਸਭ ਦੇ ਧਰਮਾ, ਅਤੇ ਸਦਾਚਾਰ ਵਿਹਾਰ ਵਾਲਾ ਇਹ ਸਾਰੂ ਸੋਭਾ ਹੈ। ਇਥ ਪੰਥ ਵਿਚ ਬੁੱਝਣ ਨੂੰ ਨਵੇਂਤੇ ਵਿਰੁੱਤ ਜਿਸ ਬਹੁ ਨਹੀਂ ਸਕਦਾ।

ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਸਾਧਾਰਣ ਹੋਣ ਵਿਚ ਪੂਰਨ ਤਰ ਸਿਖ ਸਾਰੀ ਭਾਈ ਅਤੇ ਹਰ ਇਕ ਪ੍ਰਦੀ ਸਾਤਧ ਸਾਹ ਹੈ ਕਿ ਇਸ ਧਰਮ-ਸਤਾਨ ਅਤੇ ਸਾਡੀ ਸਾਂਝ ਸਾਰੇ ਦੁਖੀ ਹਾਲੀਕਾਪਖ ਵੱਲ ਦਾ ਹਰ ਯੋਗ ਤਰੀਕੇ ਨਾਲ ਦਿਤਾ ਜਾਂਦਾ ਚਾਹੀ, ਅਤੇ ਇਸ-ਨੂੰ ਸਮਰਥ ਅਤੇ ਯੋਗ ਇਹ ਦਾਦ ਦੇਣਦ ਨਾ ਮਿਲਣ ਹੋਵੇ। ਜੋ ਸਿਖ ਇਹ ਵੇਤੀ ਤੇ ਮਾਯੂਤੀ ਸਾਰੀਤੀ ਸਿਖਿਆਵੀ ਸੰਸਥਾ ਦਾ ਮੰਤੀ ਛੱਡ ਚਲੇ ਗਏ, ਉਹਨਾ ਅਤੇ ਇਸਾ ਦੇ ਸਾਰੂ ਸਮਰਥਨ ਸਿਖ ਸਾਰੇ ਆਸਰਾ ਦੀਨ, ਚਹ ਮਾ ਦਾ ਸਰ ਸਾਰ ਤੇ ਸਾਧਨਾ ਸਮਰਥ ਸਰ ਹਰੀ ਧਰੀ ਦੀ ਸਾਰ ਸਮ ਸਮ ।

ਇਸ ਸ੍ਰੀ ਅਕਾਲ ਤਖਤ ਸਾਹਿਬ ਦਾ ਹੁਕਮਨਾਮਾ ਹੈ,
ਜੋ ਸੰਗਤਾਂ, ਪੂਰਨ ਦਾ ਲੰਮਾ ਪ੍ਰਚਿਤ ਚੋਹਾਂ ਕਾਮੀਂ ਭਲਾ ਹੋਵੇਗਾ।

ਹੁਕਮ ਕੀ ਆਗਿਆ ਹੈ :
ਪੂਰਾ ਅਕਾਲ ਪੁਰਖ ਕੀ ॥
ਪਰਤਾ ਖ਼ਾਲਸ ਕਾ ॥
ਵਾਹਗੁਰ ਖਾਲਸਾ ਕਾ ॥

ਸ੍ਰੀ ਅਕਾਲ ਤਖਤ ਸਾਹਿਬ ਦਾ ਮੋਹਰ

ਮਿਤੀ ਸਾਵਣ ਵਦੀ ੩੦ ਸੰਮਤ ਨਾਨਕਸ਼ਾਹੀ ੫੫੦
੧੦ ਜੁਲਾਈ, ੧੯੭੮

ਜਥੇਦਾਰ
ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅਨੰਦਪੁਰ

Scanned with CamScanner

ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨਕਲੀ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਹੋ ਜਾਣ ਨਾਲ ਸੰਤ ਜਰਨੈਲ ਸਿੰਘ ਖ਼ਾਲਸਾ ਤੇ ਸਮੁੱਚੇ ਖ਼ਾਲਸਾ ਪੰਥ ਨੂੰ ਭਾਰੀ ਤਸੱਲੀ ਮਿਲੀ ਕਿ ਇਸ ਨਾਲ ਸਮੁੱਚੇ ਸਿੱਖ ਜਗਤ ਵਿੱਚ ਇਸ ਗੱਲ ਦਾ ਸਿੱਧਾ ਸੁਨੇਹਾ ਜਾਵੇਗਾ ਕਿ ਸਿੱਖਾਂ ਨੂੰ ਦੰਭੀ ਨਿਰੰਕਾਰੀਆਂ ਨਾਲ ਕਿਸੇ ਵੀ ਕਿਸਮ ਦਾ ਤਾਲਮੇਲ ਨਹੀਂ ਰੱਖਣਾ ਚਾਹੀਦਾ। ਇਸ ਦੇ ਨਾਲ ਹੀ ਇਨ੍ਹਾਂ ਦੇ ਕੂੜ ਮਿਸ਼ਨ ਨੂੰ ਰੋਕਣ ਲਈ ਪੰਜਾਬ ਵਿੱਚੋਂ ਇਨ੍ਹਾਂ ਦੇ ਅਖੌਤੀ ਨਿਰੰਕਾਰੀ ਭਵਨ ਬੰਦ ਕਰਵਾਉਣ ਦਾ ਰਾਹ ਵੀ ਪੱਧਰਾ ਹੋ ਜਾਵੇਗਾ। ਇਸ ਦੇ ਨਾਲ ਹੀ ਪੰਥ ਦੀਆਂ ਸਿੱਖ ਸੰਪਰਦਾਵਾਂ, ਸਿੰਘ ਸਭਾਵਾਂ, ਧਾਰਮਿਕ ਅਤੇ ਰਾਜਨੀਤਿਕ ਜਥੇਬੰਦੀਆਂ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਨਾਮੇ ਨਾਲ ਬਹੁਤ ਰਾਹਤ ਮਿਲੀ, ਕਿਉਂਕਿ ਸਿੱਖਾਂ ਵਿੱਚੋਂ ਹੀ ਕੁਝ ਲੋਕ ਅਜਿਹੇ ਸਨ ਜੋ ਇਨ੍ਹਾਂ ਦੇ ਕੂੜ ਮਿਸ਼ਨ ਦੇ ਨਾਪਾਕ ਇਰਾਦਿਆਂ ਨੂੰ ਸਮਝੇ ਬਿਨਾਂ ਹੀ ਸਿੱਧੇ ਅਸਿੱਧੇ ਢੰਗ ਨਾਲ ਇਨ੍ਹਾਂ ਦੀ ਮਦਦ ਕਰਦੇ ਸਨ। ਹੁਣ ਉਨ੍ਹਾਂ ਨੂੰ ਵੀ ਪਤਾ ਲੱਗ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਵਿਰੁੱਧ ਹੁਕਮਨਾਮਾ ਜਾਰੀ ਕਰਨ ਦਾ ਅਰਥ ਹੈ ਕਿ ਨਕਲੀ ਨਿਰੰਕਾਰੀਏ ਸਿੱਖ ਪੰਥ ਦੇ ਮੂਲ ਸਿਧਾਂਤਾਂ ਦੇ ਵਿਰੁੱਧ ਹਨ।

ਹੁਣ ਸਿੱਖ ਸੰਗਤਾਂ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਵੱਲੋਂ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਸੀ ਕਿ ਸਾਨੂੰ ਸਭ ਨੂੰ ਮਿਲ ਕੇ ਇਨ੍ਹਾਂ ਦੇ ਅਖੌਤੀ ਭਵਨ ਬੰਦ ਕਰਵਾਉਣੇ ਚਾਹੀਦੇ ਹਨ। ਇਸ ਕਾਰਜ ਲਈ ਸਮੁੱਚੇ ਖ਼ਾਲਸਾ ਪੰਥ ਨੂੰ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਸ ਸਬੰਧ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ, ਜਥੇਦਾਰ ਸ. ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਮਿਲੇ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਅਤੇ ਨਾਲ ਹੀ ਸਿੱਖ ਸੰਪਰਦਾਵਾਂ ਦੇ ਮੁਖੀਆਂ ਨਾਲ ਵੀ ਸਿੱਧਾ ਸੰਪਰਕ ਕੀਤਾ ਗਿਆ ਕਿ ਇਹ ਕਾਰਜ ਕਿਸੇ ਇੱਕ ਸੰਪਰਦਾ ਦਾ ਨਹੀਂ ਬਲਕਿ ਸਮੁੱਚੇ ਸਿੱਖ ਪੰਥ ਦਾ ਹੈ। ਸੰਤਾਂ ਦੇ ਇਹਨਾਂ ਯਤਨਾਂ ਸਦਕਾ ਸਿੱਖ ਪੰਥ ਵਿੱਚ ਆਵਾਜ਼ ਬੁਲੰਦ ਹੋਣ ਲੱਗੀ ਕਿ ਇਨ੍ਹਾਂ ਦੰਭੀ ਲੋਕਾਂ ਦੇ ਮਿਸ਼ਨ ਨੂੰ ਰੋਕਣ ਲਈ ਇਨ੍ਹਾਂ ਦੇ ਭਵਨ ਬੰਦ ਕਰਵਾਉਣੇ ਜ਼ਰੂਰੀ ਹਨ। ਇਥੋਂ ਹਮੇਸ਼ਾ ਹੀ ਇਹ ਲੋਕ ਗੁਰਬਾਣੀ ਅਤੇ ਗੁਰੂ ਸਾਹਿਬਾਨਾਂ ਦੇ ਬਖਸ਼ੇ ਸਿਧਾਂਤ ਨੂੰ ਚੈਲੰਜ ਕਰਦੇ ਹਨ ਅਤੇ ਗੁਰੂ ਸਾਹਿਬਾਨਾਂ ਪ੍ਰਤੀ ਮੰਦੀ ਸ਼ਬਦਾਵਲੀ ਰਾਹੀਂ ਨਿਰਾਦਰ ਕਰਦੇ ਹਨ।

ਜੱਥੇ ਦੇ ਸੀਨੀਅਰ ਸਿੰਘਾਂ ਵੱਲੋਂ ਵਿਸ਼ੇਸ਼ ਸਿਮਰਨ

1 ਜੁਲਾਈ 1978 ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਜੱਥੇ ਦੇ ਸਾਰੇ ਸਿੰਘਾਂ ਦੀ ਮੀਟਿੰਗ ਬੁਲਾਈ। ਜਿਸ ਵਿੱਚ ਫੈਸਲਾ ਲਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਕਥਾ ਦੀ ਸੰਥਿਆ ਲੈ ਚੁੱਕੇ ਸਾਰੇ ਸਿੰਘ ਮਹਿਤੇ ਗੁਰਦੁਆਰਾ ਸਾਹਿਬ ਵਿਖੇ ਰਹਿ ਕੇ ਵਿਸ਼ੇਸ਼ ਸਿਮਰਨ ਕਰਨ। ਭਾਵ ਨਿਤਨੇਮ ਤੋਂ ਇਲਾਵਾ ਰੋਜ਼ਾਨਾ 18 ਘੰਟੇ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕਰਨੇ ਹਨ। ਇਸ ਸਮੇਂ ਦੌਰਾਨ ਵੱਧ ਤੋਂ ਵੱਧ ਜਿੰਨੇ ਦਾ ਪਾਠ ਹੋ ਸਕਣ ਯਤਨ ਕਰਨਾ ਹੈ। ਇਨ੍ਹਾਂ ਸਿੰਘਾਂ ਵਿੱਚ ਵਿਸ਼ੇਸ਼ ਤੌਰ 'ਤੇ ਬਾਬਾ ਬਾਕੂ ਸਿੰਘ, ਭਾਈ ਗੁਰਮੁੱਖ ਸਿੰਘ ਗੜਵਈ, ਭਾਈ ਹਰਚਰਨ ਸਿੰਘ ਮੁਕੜਾ, ਭਾਈ ਰਾਮ ਸਿੰਘ ਸੁਲਤਾਨਪੁਰੀ, ਭਾਈ ਜਗੀਰ ਸਿੰਘ ਰੋਡੇ, ਗਿਆਨੀ ਜੁਗਿੰਦਰ ਸਿੰਘ ਮਹਿਤਾ, ਭਾਈ ਜਗੀਰ ਸਿੰਘ ਧੀਰਾ ਪੱਤਰਾ, ਪੰਡਤ ਬਖਸ਼ੀਸ਼ ਸਿੰਘ, ਭਾਈ ਸੁੱਚਾ ਸਿੰਘ ਭਰਗੜ, ਭਾਈ ਪ੍ਰੇਮ ਸਿੰਘ ਚੁਸਤਾਦ, ਭਾਈ ਉਜੱਲ ਸਿੰਘ ਮਲਸੀਹਾਂ, ਭਾਈ ਲੱਖਾ ਸਿੰਘ ਕਾਹਲਵਾਂ, ਭਾਈ ਰਾਮ ਸਿੰਘ ਰਾਗੀ, ਭਾਈ ਦਰਸ਼ਨ ਸਿੰਘ ਝੱਕ ਹਰੀਹਰ ਆਦਿ 20 ਸਿੰਘ ਸਨ। ਬਾਪੂ ਜਗੀਰ ਸਿੰਘ ਜੀ ਕਠਾਰੀ ਦੀ ਨਿਗਰਾਨੀ ਹੇਠ ਦੋ ਸਿੰਘਾਂ ਭਾਈ ਨੰਦ ਸਿੰਘ ਅਤੇ ਭਾਈ ਹੀਰਾ ਸਿੰਘ ਦੀ ਡਿਊਟੀ ਲਗਾਈ ਕਿ ਉਹ ਇਨ੍ਹਾਂ ਸਿੰਘਾਂ ਦੇ ਲੰਗਰ ਪਾਣੀ ਦਾ ਧਿਆਨ ਰੱਖਣ।

ਹਫਤਾ ਕੁ ਸੰਤ ਜੀ ਵੀ ਇੱਥੇ ਰਹੇ। ਫਿਰ ਇਨ੍ਹਾਂ ਸਿੰਘਾਂ ਨੂੰ ਦਿਹ ਕਹਿ ਕੇ ਅਗਲੇ ਪ੍ਰੋਗਰਾਮ 'ਤੇ ਚਲੇ ਗਏ ਕਿ ਜਦੋਂ ਤੱਕ ਅਸੀਂ ਵਾਪਸ ਮਹਿਤੇ ਨਹੀਂ ਆਉਂਦੇ, ਤਦ ਤੱਕ ਤੁਸੀਂ ਨਿਯਮ ਜਾਰੀ ਰੱਖਣਾ ਹੈ। ਇਸ ਤਰ੍ਹਾਂ ਸੰਤ ਜੀ ਪਿੰਡ ਅਖਾੜਾ, ਜੱਸਿਵਾਲ, ਮਲਕ, ਬੋਪਾਰਾਏ ਆਦਿ ਪ੍ਰੋਗਰਾਮ ਕਰਦੇ ਹੋਏ 25 ਜੁਲਾਈ ਨੂੰ ਗੁਰਦੁਆਰਾ ਦੁਖ ਨਿਵਾਰਨ ਪਟਿਆਲੇ ਪਹੁੰਚੇ। ਇੱਥੇ 10 ਦਿਨ ਦਾ ਪ੍ਰੋਗਰਾਮ ਸੀ। ਜਿਸ ਵਿੱਚ ਸ਼ਹਿਰ ਅਤੇ ਇਲਾਕੇ ਦੀਆਂ ਸੰਗਤਾਂ ਨੇ ਕਥਾ ਕੀਰਤਨ ਦਾ ਆਨੰਦ ਮਾਣਿਆ ਤੇ ਅੰਮ੍ਰਿਤ ਅਭਿਲਾਖੀ ਸੰਗਤਾਂ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ। ਸੰਤਾਂ ਦੇ ਗੜਵਈ ਭਾਈ ਗੁਰਮੁਖ ਸਿੰਘ ਸਿਮਰਨ ਕਰਨ ਵਾਲੇ ਸਿੰਘਾਂ ਨਾਲ ਮਹਿਤੇ ਠਹਿਰ ਗਏ ਸਨ ਇਸ ਲਈ ਗੜਵਈ ਦੀ ਸੇਵਾ ਭਾਈ ਅਜੈਬ ਸਿੰਘ ਅਭਿਆਸੀ ਕਰ ਰਹੇ ਸਨ।

Scanned with CamScanner

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਭਾਈ ਹਰਨਾਮ ਸਿੰਘ ਨੂੰ ਜੱਥੇ ਵਿੱਚ ਲਿਆਉਣਾ

ਗੁਰਦੁਆਰਾ ਦੂਖ ਨਿਵਾਰਨ ਦੇ ਪ੍ਰੋਗਰਾਮ ਦੀ ਸਮਾਪਤੀ ਤੇ ਉਪਰੰਤ ਜੱਥਾ ਸੰਗਤ ਨੇ ਰਵਾਨਗੀ ਲਈ। ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ, ਰਾਗੀ ਜੱਥਾ ਅਤੇ ਜਥੇ ਦੇ ਸਿੰਘਾਂ ਸਮੇਤ ਜਿਨ੍ਹਾਂ ਨੇ ਅਗਲੇ ਪ੍ਰੋਗਰਾਮ 'ਤੇ ਨਗਰ ਕਾਦੀਆਂ ਵਿਖੇ ਪਹੁੰਚਣਾ ਸੀ। ਸੰਤ ਜੀ ਮਿਨੀ ਬੱਸ ਤੇ ਸਵਾਰ ਸਨ ਜਿਨ੍ਹਾਂ ਨੇ ਇੱਕ ਦੋ ਹੋਰ ਪ੍ਰੋਗਰਾਮਾਂ ਤੋਂ ਹੋ ਕੇ ਫਿਰ ਕਾਦੀਆਂ ਆਉਣਾ ਸੀ। ਜਦੋਂ ਜਥਾ ਇੱਥੋਂ ਚੱਲਿਆ ਤਾਂ ਸੰਤਾਂ ਵਾਲੀ ਮਿਨੀ ਬੱਸ ਵਿੱਚ ਇਲਾਕੇ ਦੇ ਕੁੱਝ ਸਿੰਘ ਵੀ ਚੜ੍ਹ ਗਏ। ਉਨ੍ਹਾਂ ਕਿਹਾ ਕਿ ਅਸੀਂ ਸਰਹਿੰਦ ਤੱਕ ਜਾਣਾ ਹੈ। ਬੱਸ ਦੇ ਚੱਲਦਿਆਂ ਹੀ ਬਾਕੀ ਵਿੱਚ ਖੜ੍ਹੇ ਭਾਈ ਤਰਲੋਚਨ ਸਿੰਘ ਨੂੰ ਪੁੱਛਿਆ ਕਿ ਇਹ ਭੁਝੰਗੀ ਤੁਹਾਡਾ ਹੈ। ਉਸ ਨੇ ਕਿਹਾ ਕਿ ਹਾਂ ਜੀ। ਸੰਤਾਂ ਪੁੱਛਿਆ ਕਿੰਨੇ ਭੁਝੰਗੀ ਹਨ? ਤਾਂ ਉਨ੍ਹਾਂ ਕਿਹਾ ਕਿ ਸਤਿਗੁਰੂ ਦੀ ਕ੍ਰਿਪਾ ਨਾਲ ਚਾਰ ਭੁਝੰਗੀ ਹਨ ਤਾਂ ਸੰਤਾਂ ਨੇ ਕਿਹਾ ਕਿ ਇਹ ਭੁਝੰਗੀ ਸਾਨੂੰ ਦੇ ਦੇਵੋ। ਅਸੀਂ ਇਸ ਨੂੰ ਜੱਥੇ ਵਿੱਚ ਰੱਖ ਕੇ ਪੜ੍ਹਾਵਾਂਗੇ ਤਾਂ ਭਾਈ ਤਰਲੋਚਨ ਸਿੰਘ ਨੇ ਕਿਹਾ ਕਿ ਲੈ ਜਾਉ ਇਹ ਹੁਣ ਤੁਹਾਡਾ ਹੀ ਭੁਝੰਗੀ ਹੈ। ਤੁਸੀਂ ਆਪ ਹੀ ਇਸ ਦਾ ਖ਼ਿਆਲ ਰੱਖਣਾ। ਇਸ ਤਰ੍ਹਾਂ ਇਹ ਕਹਿ ਕੇ ਸੰਤਾਂ ਨੂੰ ਫਤਹਿ ਬੁਲਾ ਕੇ ਬੱਸ ਵਿੱਚੋਂ ਉਤਰ ਗਏ ਤੇ ਭੁਝੰਗੀ ਹਰਨਾਮ ਸਿੰਘ ਨੂੰ ਸੰਤ ਆਪਣੇ ਨਾਲ ਲੈ ਆਏ।

ਸੰਤ ਜੀ ਇੱਕ ਦਿਨ ਦੇ ਪ੍ਰੋਗਰਾਮ 'ਤੇ ਆਪਣੇ ਪਿੰਡ ਰੋਡੇ ਗਏ। ਉੱਥੇ ਰਾਤ ਦੀ ਕਥਾ ਕੀਤੀ। ਪ੍ਰੋਗਰਾਮ ਦਾ ਪਤਾ ਹੋਣ ਕਾਰਨ ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀ ਸੰਗਤਾਂ ਦਾ ਬਹੁਤ ਇੱਕਠ ਸੀ। ਇਸੇ ਤਰ੍ਹਾਂ ਅਗਲੇ ਦਿਨ ਸਵੇਰੇ ਵੀ ਕਥਾ ਕੀਰਤਨ ਦਾ ਪ੍ਰੋਗਰਾਮ ਹੋਇਆ। ਉਪਰੰਤ ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀ ਸੰਗਤਾਂ ਨਾਲ ਬਚਨ ਬਿਲਾਸ ਕਰਦੇ ਰਹੇ। ਜੋ ਮੌਜੂਦਾ ਹਾਲਾਤਾਂ ਬਾਰੇ ਵੀ ਸਨ। ਇੱਥੋਂ ਚੱਲ ਕੇ ਸ਼ਾਮ ਨੂੰ ਸੰਤ ਜੀ ਮਹਿਤੇ ਪਹੁੰਚੇ ਅਤੇ ਵਿਸ਼ੇਸ਼ ਸਿਮਰਨ ਵਿੱਚ ਲੱਗੇ ਹੋਏ ਸਾਰੇ ਸਿੰਘਾਂ ਨਾਲ ਮਿਲੇ ਅਤੇ ਸਿਮਰਨ ਬੰਦਗੀ ਬਾਰੇ ਕੁੱਝ ਚੜ੍ਹਦੀ ਕਲਾ ਦੇ ਬਚਨ ਬਿਲਾਸ ਵੀ ਕੀਤੇ। ਅਗਲੇ ਦਿਨ ਸੰਤ ਜੀ ਨਗਰ ਕਾਦੀਆਂ ਚਲੇ ਗਏ। ਜਿੱਥੇ ਬਾਬਾ ਠਾਕੁਰ ਸਿੰਘ ਜੀ ਜੱਥੇ ਸਮੇਤ ਪਹਿਲਾਂ ਹੀ ਪਹੁੰਚੇ ਹੋਏ ਸਨ। ਇੱਥੇ ਚਾਰ ਦਿਨ ਦਾ ਕਥਾ ਕੀਰਤਨ ਪ੍ਰੋਗਰਾਮ ਕਰਨ ਉਪਰੰਤ ਅੰਮ੍ਰਿਤ ਸੰਚਾਰ ਕੀਤਾ ਅਤੇ ਜੱਥੇ ਸਮੇਤ 11 ਅਗਸਤ ਨੂੰ ਵਾਪਸ ਮਹਿਤੇ ਪਹੁੰਚ ਗਏ। ਰਾਤ ਨੂੰ ਉਨ੍ਹਾਂ ਸਾਰੇ ਸਿੰਘਾਂ ਜੋ ਵਿਸ਼ੇਸ਼ ਸਿਮਰਨ ਵਿੱਚ ਲੱਗੇ ਹੋਏ ਸਨ, ਉਨ੍ਹਾਂ ਨਾਲ ਸਲਾਹ ਕੀਤੀ ਕਿ ਹੁਣ ਅਸੀਂ ਸਭਨਾਂ ਨੇ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਬਰਸੀ ਸਬੰਧੀ ਤਿਆਰੀਆਂ ਕਰਨੀਆਂ ਹਨ। ਇਸ ਲਈ ਸਤਿਗੁਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਆਪ ਕ੍ਰਿਪਾ ਕਰਕੇ ਸਿਮਰਨ ਬੰਦਗੀ ਵਿੱਚ ਜਿੰਨੀ ਵੀ ਸੇਵਾ ਲਈ ਹੈ। ਇਹ ਅਕਾਲ ਪੁਰਖ ਦੀ ਮਿਹਰ ਹੋਈ ਹੈ। ਹੁਣ ਸਭ ਸਿੰਘ ਆਪੋ-ਆਪਣੀਆਂ ਡਿਊਟੀਆਂ ਸਾਭ ਕੇ ਬਰਸੀ ਦੀਆਂ ਤਿਆਰੀਆਂ ਕਰੋ।

ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਦੀ ਪਹਿਲੀ ਬਰਸੀ

16.08.1978 ਨੂੰ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਪਹਿਲੀ ਬਰਸੀ ਮਨਾਉਣ ਲਈ ਸੰਤ ਜਰਨੈਲ ਸਿੰਘ ਜੀ ਵੱਲੋਂ ਵੱਡੀ ਪੱਧਰ 'ਤੇ ਤਿਆਰੀਆਂ ਕੀਤੀਆਂ ਗਈਆਂ। ਜੱਥੇ ਦੇ ਸਿੰਘਾਂ ਦੀਆਂ ਡਿਊਟੀਆਂ ਲਾ ਕੇ ਟਕਸਾਲ ਨਾਲ ਸਥੰਪਤ ਸ਼ਰਧਾਲੂ ਪਰਿਵਾਰਾਂ ਤੱਕ ਇਸ ਪ੍ਰੋਗਰਾਮ ਸਬੰਧੀ ਸੁਨੇਹਾ ਭੇਜਿਆ ਗਿਆ। ਸਿੱਖ ਸ਼ਰਧਾਵਾਨਾਂ ਅਤੇ ਸਿੱਖ ਆਗੂਆਂ ਨੇ ਸੰਤਾਂ ਨਾਲ ਆਪ ਮੇਲ ਮਿਲਾਪ ਕੀਤਾ। ਬਾਬਾ ਬਾਰਾ ਸਿੰਘ ਨੇ ਇਲਾਕੇ ਦੀਆਂ ਸੰਗਤਾਂ ਦੀ ਸਹੂਲਤ ਲਈ ਜ਼ਿੰਮੇਵਾਰੀ ਸੰਭਾਲੀ। ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੇ ਸਦਕਾ ਪਹਿਲੀ ਭਾਦੋਂ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਭਾਰੀ ਇਕੱਠ ਹੋਇਆ ਜਿਸ ਵਿੱਚ ਸੰਤ ਮਹਾਪੁਰਖਾਂ ਤੋਂ ਇਲਾਵਾ ਬਹੁਤ ਸਾਰੇ ਅਕਾਲੀ ਆਗੂ ਵੀ ਇਸ ਸਮਾਗਮ ਵਿੱਚ ਪਹੁੰਚੇ ਹੋਏ ਸਨ। ਇਨ੍ਹਾਂ ਸਭ ਆਗੂਆਂ ਦੀ ਮੌਜੂਦਗੀ ਸਮੇਂ ਇਸ ਵੱਡੇ ਇਕੱਠ ਵਿੱਚ ਨਕਲੀ ਨਿਰੰਕਾਰੀਆਂ ਦੇ ਭਵਨ ਬੰਦ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਹ ਐਲਾਨ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਆਪ ਕੀਤਾ ਕਿ 20 ਅਗਸਤ ਨੂੰ ਸੰਗਤਾਂ ਦੇ ਸਹਿਯੋਗ ਨਾਲ ਸਵੇਰੇ 10.00 ਵਜੇ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਦੀਵਾਨ ਸਜਾਇਆ ਜਾਵੇਗਾ ਅਤੇ ਇਸ ਪ੍ਰੋਗਰਾਮ ਸਬੰਧੀ ਉੱਚ ਆਪ ਸੰਗਤਾਂ ਦੇ ਸਹਿਯੋਗ ਨਾਲ ਅਰਦਾਸਾ ਸੋਧ ਕੇ ਭਵਨ ਬੰਦ ਕਰਵਾਉਣ ਲਈ ਜਾਣਗੇ। ਇਹ ਐਲਾਨ ਸੁਣਦਿਆਂ ਹੀ ਸੰਗਤਾਂ ਨੇ ਜੋਸ਼ ਨਾਲ ਜੈਕਾਰੇ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ। ਭਵਨ ਬੰਦ

Scanned with CamScanner

ਕਰਵਾਉਣ ਦੀ ਤਰੀਕ ਵਿੱਚ ਸਿਰਫ ਚਾਰ ਦਿਨ ਬਾਕੀ ਸਨ ਪਰ ਭਖਦਾ ਮਸਲਾ ਹੋਣ ਕਾਰਨ ਇਹ ਖਬਰ ਜੰਗਲ ਦੀ ਅੱਗ ਵਾਂਗ ਦੂਰ ਤੱਕ ਫੈਲ ਗਈ। ਜਿੱਥੇ ਸ਼ਰਧਾਵਾਨ ਸਿੱਖ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਸੋਚ ਰਹੇ ਸਨ। ਉੱਥੇ ਪੰਜਾਬ ਦੀ ਅਕਾਲੀ ਸਰਕਾਰ ਦੁਚਿੱਤੀ ਵਿੱਚ ਸੀ ਕਿ ਜੇਕਰ ਕਿਸੇ ਵੀ ਢੰਗ ਨਾਲ ਅਸੀਂ ਇਸ ਪ੍ਰੋਗਰਾਮ ਦੀ ਹਮਾਇਤ ਕਰਦੇ ਹਾਂ ਤਾਂ ਕੇਂਦਰ ਵਿੱਚ ਸਾਡੀ ਭਾਈਵਾਲ ਸਰਕਾਰ ਸਾਡੇ ਨਾਲ ਨਾਰਾਜ਼ਗੀ ਜ਼ਾਹਿਰ ਕਰੇਗੀ। ਜਿਸ ਕਾਰਨ ਪੰਜਾਬ ਦੀ ਅਕਾਲੀ ਸਰਕਾਰ ਦੀ ਕੁਰਸੀ ਨੂੰ ਖ਼ਤਰਾ ਵੀ ਹੋ ਸਕਦਾ ਹੈ। ਜੇਕਰ ਸੰਤ ਜਰਨੈਲ ਸਿੰਘ ਵੱਲੋਂ ਉਲੀਕੇ ਜਾ ਰਹੇ ਪ੍ਰੋਗਰਾਮ ਦਾ ਵਿਰੋਧ ਕਰਦੇ ਹਾਂ ਤਾਂ ਲੋਕਰਾਇ ਸਾਡੇ ਵਿਰੁੱਧ ਹੋ ਜਾਵੇਗੀ। ਇਸ ਦੁਚਿੱਤੀ ਵਿੱਚ ਅਕਾਲੀ ਲੀਡਰਾਂ ਨੇ ਇਸ ਸਬੰਧੀ ਕਈ ਮੀਟਿੰਗਾਂ ਕੀਤੀਆਂ ਪਰ ਕੋਈ ਨਿਰਣਾ ਨਾ ਲੈ ਸਕੇ।

ਬਾਬਾ ਬਕਾਲਾ ਸਾਹਿਬ ਵਿਖੇ ਮੇਲਾ ਰੱਖੜ ਪੁੰਨਿਆ

17.08.78 ਨੂੰ ਰੱਖੜ ਪੁੰਨਿਆ ਸੀ ਇਸ ਦਿਨ ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਵਨ ਅਸਥਾਨ ਵਿਖੇ ਭਾਰੀ ਮੇਲਾ ਲੱਗਦਾ ਹੈ ਅਤੇ ਰਾਜਨੀਤਿਕ ਕਾਨਫਰੰਸਾਂ ਵੀ ਹੁੰਦੀਆਂ ਹਨ। ਅਕਾਲੀ ਦਲ ਵੱਲੋਂ ਵੀ ਹਰ ਸਾਲ ਦੀ ਤਰ੍ਹਾਂ ਕਾਨਫਰੰਸ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਅਕਾਲੀ ਦਲ ਦੇ ਬਹੁਤ ਸਾਰੇ ਆਗੂ ਕਾਨਫਰੰਸ ਦੀ ਸਟੇਜ 'ਤੇ ਮੌਜੂਦ ਸਨ ਜਿਨ੍ਹਾਂ ਵਿੱਚ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ, ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਗੁਰਚਰਨ ਸਿੰਘ ਟੌਹੜਾ, ਮੇਜਰ ਸਿੰਘ ਉਬੋਕੇ ਅਤੇ ਇਸ ਇਲਾਕੇ ਦਾ ਅਕਾਲੀ ਆਗੂ ਜੀਵਨ ਸਿੰਘ ਉਮਰਾਨੰਗਲ ਮਾਲ ਮੰਤਰੀ ਪੰਜਾਬ ਮੌਜੂਦ ਸਨ। ਕਾਨਫਰੰਸ ਦੇ ਚੱਲਦਿਆਂ ਸੰਤ ਜਰਨੈਲ ਸਿੰਘ ਜੀ ਖਾਲਸਾ ਵੀ ਕੁੱਝ ਟਕਸਾਲੀ ਸਿੰਘਾਂ ਨੂੰ ਨਾਲ ਲੈ ਕੇ ਸਟੇਜ ਉਪਰ ਆ ਬੈਠੇ। ਯਾਦ ਰਹੇ ਕਿ ਪਹਿਲਾਂ ਵੀ ਟਕਸਾਲ ਦੇ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਰੱਖੜ ਪੁੰਨਿਆ ਵਾਲੇ ਦਿਨ ਬਾਬਾ ਬਕਾਲਾ ਪਹੁੰਚ ਕੇ ਇਸੇ ਤਰ੍ਹਾਂ ਹੀ ਸਜੀ ਕਾਨਫਰੰਸ ਵਿੱਚ ਸੰਗਤਾਂ ਨੂੰ ਸੰਬੋਧਨ ਕਰਿਆ ਕਰਦੇ ਸਨ। ਦੂਸਰਾ ਕਾਰਨ ਇਹ ਵੀ ਹੈ ਕਿ ਦਮਦਮੀ ਟਕਸਾਲ ਦਾ ਕੇਂਦਰੀ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ, ਬਾਬਾ ਬਕਾਲਾ ਸਾਹਿਬ ਤੋਂ ਕੁੱਝ ਹੀ ਦੂਰੀ 'ਤੇ ਹੈ। ਇਸ ਲਈ ਇਲਾਕੇ ਦੀਆਂ ਸੰਗਤਾਂ ਵੀ ਚਾਹੁੰਦੀਆਂ ਸਨ ਕਿ ਟਕਸਾਲ ਦਾ ਮੁਖੀ ਸੰਗਤਾਂ ਵਿੱਚ ਧਾਰਮਿਕ ਵਿਚਾਰਾਂ ਰੱਖੇ। ਇਸ ਕਾਰਨ ਪਿਛਲੇ ਕਈ ਸਾਲਾਂ ਤੋਂ ਅਜਿਹਾ ਹੀ ਹੁੰਦਾ ਆ ਰਿਹਾ ਸੀ। ਪਰ ਇਸ ਵਾਰੀ ਸੰਤ ਜਰਨੈਲ ਸਿੰਘ ਜੀ ਦੇ ਸਟੇਜ ਉਪਰ ਆਉਣ 'ਤੇ ਅਕਾਲੀ ਆਗੂਆਂ ਵਿੱਚ ਕੁੱਝ ਹਿਲਜੁੱਲ ਵੇਖਣ ਨੂੰ ਨਜ਼ਰ ਆਈ। ਜਦੋਂ ਸਟੇਜ ਸੈਕਟਰੀ ਵੱਲੋਂ ਸੰਤਾਂ ਨੂੰ ਸੰਬੋਧਨ ਕਰਨ ਲਈ ਆਖਿਆ ਗਿਆ ਤਾਂ ਸੰਤਾਂ ਨੇ ਸਭ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਲਈ ਪ੍ਰੇਰਨਾ ਕੀਤੀ ਅਤੇ ਦੱਸਿਆ ਕਿ ਸਿੱਖਾਂ ਦਾ ਕੇਂਦਰ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਹੈ। ਇਸ ਲਈ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਪਰ ਅੱਜ ਕੁਝ ਵਿਅਕਤੀ ਬੜੇ ਸਾਜਿਸ਼ੀ ਢੰਗ ਨਾਲ ਸ਼ਬਦ ਗੁਰੂ ਨੂੰ ਚੈਲੰਿਜ ਕਰਨ ਲਈ ਆਪਣੇ ਆਪ ਨੂੰ ਗੁਰੂ ਅਖਵਾਉਣ ਦਾ ਭਰਮ ਪਾਲ ਰਹੇ ਹਨ। ਪਰ ਅਜਿਹੀ ਕਿਸੇ ਵੀ ਚਾਲ ਨੂੰ ਖ਼ਾਲਸਾ ਪੰਥ ਸਫਲ ਨਹੀਂ ਹੋਣ ਦੇਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਬੀਤੇ ਕੱਲ੍ਹ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਦੀ ਬਰਸੀ ਸਮੇਂ ਵੱਡੇ ਇਕੱਠ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਆਉਣ ਵਾਲੀ 20 ਤਰੀਕ ਨੂੰ ਨਕਲੀ ਨਿਰੰਕਾਰੀਆਂ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਚਲਾ ਭਵਨ ਬੰਦ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਅਤੇ ਇਸ ਦੇ ਨਾਲ ਹੀ ਪੰਜਾਬ ਵਿਚਲੇ ਉਨ੍ਹਾਂ ਦੇ ਸਾਰੇ ਭਵਨ ਬੰਦ ਕਰਵਾਉਣ ਲਈ ਮੁਹਿੰਮ ਚਲਾਈ ਜਾਵੇਗੀ। ਇਹ ਸਿਰਫ ਨਾਂ ਦੇ "ਨਿਰੰਕਾਰੀ ਸਤਿਸੰਗ ਭਵਨ" ਹਨ ਪਰ ਅਸਲ ਵਿੱਚ ਇੱਥੋਂ ਗੁਰਬਾਣੀ ਅਤੇ ਗੁਰੂ ਸਾਹਿਬਾਨਾਂ ਦੇ ਨਿਰਾਦਰ ਲਈ ਕੋਝੀਆਂ ਚਾਲਾਂ ਚੱਲੀਆਂ ਜਾਂਦੀਆਂ ਹਨ ਅਤੇ ਪਿਛਲੀ ਵਿਸਾਖੀ 'ਤੇ ਇਨ੍ਹਾਂ ਵੱਲੋਂ ਜਿਵੇਂ ਵਹਿਸ਼ੀਆਨਾ ਢੰਗ ਨਾਲ ਨਿਹੱਥੇ ਅਤੇ ਸ਼ਾਂਤਮਈ ਸਿੰਘਾਂ ਦੇ ਜੱਥੇ ਉਪਰ ਗੋਲੀਆਂ ਚਲਾ ਕੇ ਸਿੰਘਾਂ ਦਾ ਕਤਲੇਆਮ ਕੀਤਾ ਗਿਆ ਹੈ ਉਸ ਨਾਲ ਇਨ੍ਹਾਂ ਦੇ ਸਿੱਖੀ ਵਿਰੋਧੀ ਮਨਸੂਬੇ ਜੱਗ ਜ਼ਾਹਿਰ ਹੋ ਚੁੱਕੇ ਹਨ। ਇਸ ਲਈ 20 ਅਗਸਤ ਨੂੰ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੱਖ ਪੰਥ ਨੂੰ ਇਕੱਠੇ ਹੋਣ ਲਈ ਸੱਦਾ ਦਿੱਤਾ ਗਿਆ ਹੈ ਕਿ ਉਸੇ ਦਿਨ ਉੱਥੋਂ ਅਰਦਾਸ ਕਰਨ ਉਪਰੰਤ ਭਵਨ

Scanned with CamScanner

ਬੰਦ ਕਰਵਾਉਣ ਲਈ ਚਾਲੇ ਪਾਏ ਜਾਣਗੇ। ਜਿਸ ਵਿੱਚ ਦਾਸ ਖੁਦ ਵੀ ਸ਼ਾਮਿਲ ਹੋਵੇਗਾ। ਇਥੇ ਇਕੱਤਰ ਹੋਈਆਂ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਸੰਗਤਾਂ 20 ਤਰੀਕ ਨੂੰ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਣ ਦੀ ਕ੍ਰਿਪਾਲਤਾ ਕਰੋ।

ਸੰਤਾਂ ਦੇ ਬੋਲਦਿਆਂ ਸੰਗਤਾਂ ਵਿੱਚੋਂ ਕਈ ਵਾਰ ਜੈਕਾਰਿਆਂ ਦੀਆਂ ਗੂੰਜਾਂ ਪਈਆਂ, ਜਿਸ ਕਾਰਨ ਮਾਹੌਲ ਨੂੰ ਇਕਤਰਫਾ ਹੁੰਦਾ ਵੇਖ ਜੀਵਨ ਸਿੰਘ ਉਮਰਾਨੰਗਲ ਘਬਰਾ ਗਿਆ ਕਿਉਂਕਿ ਉਹ ਆਪਣੇ ਆਪ ਨੂੰ ਇਸ ਇਲਾਕੇ ਦਾ ਆਗੂ ਸਮਝਦਾ ਸੀ ਅਤੇ ਸਮੁੱਚੀ ਅਕਾਲੀ ਲੀਡਰਸ਼ਿਪ ਦੇ ਬੈਠਿਆਂ ਸੰਗਤਾਂ ਵੱਲੋਂ ਸੰਤ ਜਰਨੈਲ ਸਿੰਘ ਖ਼ਾਲਸਾ ਦੇ ਹੱਕ ਵਿੱਚ ਭਰਵੇਂ ਜੈਕਾਰਿਆਂ ਦੀ ਆਵਾਜ਼ ਨੂੰ ਆਪਣੇ ਲਈ ਚੈਲੰਿਜ ਸਮਝਿਆ। ਸੰਤਾਂ ਦੇ ਬੋਲਣ ਤੋਂ ਤੁਰੰਤ ਬਾਅਦ ਉਮਰਾਨੰਗਲ ਨੇ ਸੰਤਾਂ ਵੱਲੋਂ ਦਿੱਤੇ ਗਏ ਪ੍ਰੋਗਰਾਮ ਦਾ ਖੰਡਨ ਕਰਨਾ ਚਾਹਿਆ ਅਤੇ ਸੰਤਾਂ ਪ੍ਰਤੀ ਸ਼ਬਦਾਵਲੀ ਵੀ ਕੁੱਝ ਅਜਿਹੀ ਵਰਤੀ ਜਿਸ ਨਾਲ ਪੰਡਾਲ ਵਿੱਚ ਬੈਠੀਆਂ ਸੰਗਤਾਂ ਗੁੱਸੇ ਵਿੱਚ ਆ ਗਈਆਂ ਅਤੇ ਪੰਡਾਲ ਵਿੱਚੋਂ ਉਮਰਾਨੰਗਲ ਨੂੰ ਮਾਈਕ ਤੋਂ ਲਾਂਭੇ ਕਰਨ ਲਈ ਆਵਾਜ਼ਾਂ ਆਉਣ ਲੱਗੀਆਂ। ਇਸ ਦੇ ਨਾਲ ਹੀ ਕੁਝ ਸਿੱਖ ਨੌਜਵਾਨ ਸਟੇਜ 'ਤੇ ਚੜ੍ਹ ਆਏ ਤਾਂ ਉਨ੍ਹਾਂ ਨੇ ਉਮਰਾਨੰਗਲ ਨੂੰ ਫੜ੍ਹ ਕੇ ਮਾਈਕ ਤੋਂ ਪਾਸੇ ਕਰ ਦਿੱਤਾ। ਸਥਿਤੀ ਨੂੰ ਭਾਂਪਦਿਆਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਆਪ ਹੀ ਸਮੇਂ ਨੂੰ ਸੰਭਾਲਣਾ ਕਰੋ। ਉਨ੍ਹਾਂ ਦੇ ਕਹਿਣ 'ਤੇ ਸੰਤ ਜਰਨੈਲ ਸਿੰਘ ਖ਼ਾਲਸਾ ਦੁਬਾਰਾ ਮਾਈਕ 'ਤੇ ਆਏ ਅਤੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਅਜਿਹਾ ਕਰਨਾ ਸਿੱਖੀ ਲਈ ਸ਼ੋਭਾ ਨਹੀਂ ਦਿੰਦਾ। ਇਸ ਲਈ ਮੇਰੀ ਬੇਨਤੀ ਹੈ ਕਿ ਤੁਸੀਂ ਸ. ਉਮਰਾਨੰਗਲ ਦੇ ਪੰਜ ਮਿੰਟ ਹੋਰ ਵਿਚਾਰ ਸੁਣੋ ਭਾਵੇਂ ਉਹ ਸਾਡੇ ਖਿਲਾਫ ਹੀ ਕਿਉਂ ਨਾ ਬੋਲੇ। ਸੰਤਾਂ ਨੇ ਬੜੀ ਗੰਭੀਰਤਾ ਨਾਲ ਕਿਹਾ ਕਿ ਆਪਣੇ ਖਿਲਾਫ ਟਿੱਪਣੀਆਂ ਵੀ ਜ਼ਰੂਰ ਸੁਣਨੀਆਂ ਚਾਹੀਦੀਆਂ ਹਨ, ਘਬਰਾਉਣਾ ਨਹੀਂ ਚਾਹੀਦਾ। ਪਰ ਸੰਗਤ ਵਿੱਚੋਂ ਫਿਰ ਅਜਿਹੀ ਆਵਾਜ਼ ਆਈ ਕਿ ਨਹੀਂ ਉਮਰਾਨੰਗਲ ਨੂੰ ਬੋਲਣ ਨਹੀਂ ਦਿੱਤਾ ਜਾਵੇਗਾ। ਸੰਤਾਂ ਨੇ ਉਨ੍ਹਾਂ ਨੂੰ ਸ਼ਾਂਤ ਕੀਤਾ ਅਤੇ ਉਮਰਾਨੰਗਲ ਨੂੰ ਬੋਲਣ ਲਈ ਕਿਹਾ। ਇੰਨੇ ਚਿਰ ਵਿੱਚ ਉਮਰਾਨੰਗਲ ਵੀ ਸਮਝ ਚੁੱਕਾ ਸੀ ਕਿ ਮੇਰੇ ਦੁਬਾਰਾ ਬੋਲਣ ਨਾਲ ਮੇਰੀ ਪੁਜੀਸ਼ਨ ਹੋਰ ਖਰਾਬ ਹੋ ਸਕਦੀ ਹੈ ਕਿਉਂਕਿ ਸੰਗਤ ਮੈਨੂੰ ਸੁਣਨਾ ਨਹੀਂ ਚਾਹੁੰਦੀ। ਇਸ ਲਈ ਉਸ ਨੇ ਆਪ ਬੋਲਣ ਦੀ ਥਾਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਬੋਲਣ ਲਈ ਸੱਦਾ ਦਿੱਤਾ। ਇਸ ਤੋਂ ਉਪਰੰਤ ਬਾਕੀ ਸਿੱਖ ਲੀਡਰਾਂ ਨੇ ਵੀ ਸਟੇਜ ਤੋਂ ਸੰਗਤਾਂ ਨੂੰ ਸੰਬੋਧਨ ਕੀਤਾ ਪਰ ਸੰਤਾਂ ਵੱਲੋਂ ਦਿੱਤੇ ਗਏ ਪ੍ਰੋਗਰਾਮ ਪ੍ਰਤੀ ਕੁੱਝ ਵੀ ਨਾ ਕਿਹਾ ਗਿਆ।

ਇਸ ਤੋਂ ਉਪਰੰਤ ਸੰਤ ਜਰਨੈਲ ਸਿੰਘ ਜੀ ਨੇ ਦੋ ਦਿਨਾਂ ਵਿੱਚ ਬਹੁਤ ਸਾਰੇ ਥਾਵਾਂ 'ਤੇ ਜਾ ਕੇ ਸੰਗਤਾਂ ਨਾਲ ਖੁੱਲ੍ਹ ਕੇ ਵਿਚਾਰਾਂ ਕੀਤੀਆਂ ਕਿ ਨਕਲੀ ਨਿਰੰਕਾਰੀਆਂ ਦੇ ਭਵਨ ਬੰਦ ਕਰਵਾਉਣੇ ਕਿਉਂ ਜਰੂਰੀ ਹਨ। ਸੰਤਾਂ ਨੇ ਨਿਰੰਕਾਰੀਆਂ ਦੇ ਦੈਵੀ ਮਿਸ਼ਨ ਬਾਰੇ ਬਹੁਤ ਸਾਰੀਆਂ ਵਿਚਾਰਾਂ ਰੱਖੀਆਂ ਜਿਸ ਰਾਹੀਂ ਦੱਸਿਆ ਗਿਆ ਕਿ ਇਹ ਸਿੱਖ ਸਿਧਾਂਤ ਲਈ ਵੱਡਾ ਖ਼ਤਰਾ ਹਨ। ਨਾਲ ਹੀ ਉਨ੍ਹਾਂ ਨੇ 20 ਤਰੀਕ ਨੂੰ ਉਲੀਕੇ ਗਏ ਪ੍ਰੋਗਰਾਮ ਪ੍ਰਤੀ ਸੰਗਤਾਂ ਨੂੰ ਜਾਣੂੰ ਕਰਵਾਇਆ। ਪਿਛਲੇ ਕਈ ਦਿਨਾਂ ਦੀ ਭਰਪੂਰ ਸਰਗਰਮੀ ਕਾਰਨ ਸੰਗਤਾਂ ਵਿੱਚ ਵੀ ਕਾਫੀ ਹੱਦ ਤੱਕ ਜਾਗਰੂਕਤਾ ਪੈਦਾ ਹੋ ਚੁੱਕੀ ਸੀ।

ਨਕਲੀ ਨਿਰੰਕਾਰੀਆਂ ਦੇ ਭਵਨ ਬੰਦ ਕਰਵਾਉਣ ਲਈ ਮਾਰਚ

20.08.78 ਨੂੰ ਉਲੀਕੇ ਗਏ ਪ੍ਰੋਗਰਾਮ ਮੁਤਾਬਿਕ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਦੀਵਾਨ ਸਜਿਆ। ਥੋੜ੍ਹੇ ਹੀ ਚਿਰ ਵਿੱਚ ਸੰਗਤਾਂ ਦਾ ਭਾਰੀ ਇਕੱਠ ਹੋਇਆ। ਬਹੁਤ ਸਾਰੇ ਸੰਤ ਮਹਾਂਪੁਰਖ ਵੀ ਪਹੁੰਚ ਚੁੱਕੇ ਸਨ। ਸੰਗਤਾਂ ਨੂੰ ਸੰਬੋਧਨ ਕਰਦਿਆਂ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਕਿਹਾ ਕਿ ਸੰਗਤਾਂ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਨਿਰੰਕਾਰੀਆਂ ਵੱਲੋਂ ਅਖੌਤੀ ਸਤਿਸੰਗ ਨਹੀਂ ਕਰਨ ਦਿੱਤੇ ਜਾਣਗੇ। ਸੋ ਇਸ ਫੈਸਲੇ ਸਬੰਧੀ ਅਸੀਂ ਦ੍ਰਿੜ੍ਹ ਸੰਕਲਪ ਹਾਂ। ਉਨ੍ਹਾਂ ਨੂੰ ਪੰਜਾਬ ਦੀ ਧਰਤੀ 'ਤੇ ਸਿੱਧੀ ਵਿਰੋਧੀ ਕੋਈ ਗਤਵਿਧੀ ਨਹੀਂ ਕਰਨ ਦਿਆਂਗੇ ਅਤੇ ਕਿਸੇ ਕਿਸਮ ਦਾ ਉਨ੍ਹਾਂ ਦਾ ਜਲਸਾ ਜਲੂਸ ਨਹੀਂ ਹੋਣ ਦਿਆਂਗੇ। ਸੋ ਅੱਜ ਦੇ ਪ੍ਰੋਗਰਾਮ ਮੁਤਾਬਿਕ ਇਥੋਂ ਜਲੂਸ ਦੀ ਸ਼ਕਲ ਵਿੱਚ ਚੱਲਿਆ ਜਾਵੇਗਾ। ਅਸੀਂ ਆਏ ਹੋਏ ਸੰਤਾਂ ਮਹਾਂਪੁਰਖਾਂ ਨਾਲ ਵਿਚਾਰ ਕੀਤੀ ਹੈ ਕਿ ਇੱਥੋਂ ਚੱਲਣ ਵਾਲੇ ਜਲੂਸ

Scanned with CamScanner

ਦੀ ਪੰਜ ਪਿਆਰੇ ਅਗਵਾਈ ਕਰਨਗੇ। ਉਨ੍ਹਾਂ ਪੰਜਾਂ ਵਿੱਚ ਦਾਸ (ਸੰਤ ਜਰਨੈਲ ਸਿੰਘ ਖ਼ਾਲਸਾ), ਜਥੇਦਾਰ ਮੋਹਣ ਸਿੰਘ ਤੁੜ, ਬਾਬਾ ਬਿਕਰਮਾਜੀਤ ਸਿੰਘ, ਬਾਬਾ ਦਇਆ ਸਿੰਘ ਸੁਰਸਿੰਘ ਵਾਲੇ, ਬਾਬਾ ਉਤਮ ਸਿੰਘ ਖਡੂਰ ਸਾਹਿਬ ਵਾਲੇ' ਪੰਜਾਂ ਪਿਆਰਿਆਂ ਦੀ ਸੇਵਾ ਵਿੱਚ ਲੱਗਣਗੇ। ਇਸ ਤੋਂ ਬਾਅਦ ਇਥੋਂ ਅਰਦਾਸਾ ਸੋਧ ਕੇ ਚਾਲੇ ਪਾਏ ਜਾਣਗੇ। ਦਾਸ ਦੀ ਬੇਨਤੀ ਹੈ ਕਿਸੇ ਵੀ ਕਿਸਮ ਦੀ ਭੜਕਾਊ ਕਾਰਵਾਈ ਜਲੂਸ ਵਿੱਚ ਸੰਗਤਾਂ ਵੱਲੋਂ ਨਹੀਂ ਹੋਣੀ ਚਾਹੀਦੀ। ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਚੱਲਣਾ ਹੈ। ਦੂਜੇ ਪਾਸੇ ਸਰਕਾਰ ਅਤੇ ਪ੍ਰਸਾਸ਼ਨ ਦੀ ਮਰਜ਼ੀ ਹੈ ਕਿ ਉਸ ਨੇ ਇਸ ਕਾਰਜ ਲਈ ਸਾਡੇ ਨਾਲ ਕਿਸ ਤਰ੍ਹਾਂ ਪੇਸ਼ ਆਉਣਾ ਹੈ ਪਰ ਆਪਾਂ ਗੁਰੂ 'ਤੇ ਭਰੋਸਾ ਰੱਖ ਕੇ ਚੱਲਣਾ ਹੈ ਅਤੇ ਹਰ ਹਾਲਤ ਵਿੱਚ ਨਕਲੀ ਨਿਰੰਕਾਰੀਆਂ ਦਾ ਭਵਨ ਬੰਦ ਕਰਵਾਉਣਾ ਹੈ। ਇਹ ਕਾਰਜ ਕੀਤਿਆਂ ਬਗੈਰ ਵਾਪਸ ਨਹੀਂ ਪਰਤਣਾ। ਬਾਕੀ ਜਿਵੇਂ-ਜਿਵੇਂ ਸਮਾਂ ਆਏਗਾ ਸੰਗਤਾਂ ਨੂੰ ਦੱਸ ਦਿੱਤਾ ਜਾਵੇਗਾ।

ਇਸ ਤੋਂ ਬਾਅਦ ਅਰਦਾਸ ਕਰਕੇ ਉਪਰੋਕਤ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਜਲੂਸ ਆਰੰਭ ਹੋਇਆ ਅਤੇ ਨਿਰੰਕਾਰੀ ਭਵਨ ਵੱਲ ਚਾਲੇ ਪਾ ਦਿੱਤੇ। ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੁਲਿਸ ਨੇ ਕਾਫੀ ਵੱਡੀ ਪੱਧਰ 'ਤੇ ਬੰਦੋਬਸਤ ਕੀਤਾ ਹੋਇਆ ਸੀ। ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਜਦੋਂ ਇਹ ਜਲੂਸ ਨਿਰੰਕਾਰੀ ਭਵਨ ਦੇ ਨੇੜੇ ਪਹੁੰਚਿਆ ਤਾਂ ਪੁਲਿਸ ਪ੍ਰਸਾਸ਼ਨ ਨੇ ਇਸ ਜਲੂਸ ਨੂੰ ਰੋਕ ਲਿਆ। ਪੁਲਿਸ ਅਫਸਰਾਂ ਨੇ ਸੰਤ ਭਿੰਡਰਾਂਵਾਲਿਆਂ ਨੂੰ ਬੇਨਤੀ ਕੀਤੀ ਕਿ ਉਹ ਜਲੂਸ ਨੂੰ ਇੱਥੇ ਰੁਕਿਆ ਰਹਿਣ ਦੇਣ ਅਤੇ ਉਹ ਆਪਣੇ ਸਿੰਘ ਭੇਜ ਕੇ ਜਾਂ ਆਪ ਜਾ ਕੇ ਤਸੱਲੀ ਕਰ ਲੈਣ ਕਿ ਭਵਨ ਨੂੰ ਪਹਿਲਾਂ ਹੀ ਜਿੰਦਰੇ ਮਾਰ ਕੇ ਬੰਦ ਕਰ ਦਿੱਤਾ ਗਿਆ ਹੈ। ਅਸਲ ਵਿੱਚ ਅਕਾਲੀ ਸਰਕਾਰ ਵੱਲੋਂ ਸਮੇਂ ਦੀ ਨਜਾਕਤ ਸਮਝਦਿਆਂ ਜ਼ਿਲ੍ਹਾ ਪ੍ਰਸਾਸ਼ਨ ਨੂੰ ਹਦਾਇਤਾਂ ਕਰ ਦਿੱਤੀਆਂ ਗਈਆਂ ਸਨ ਕਿ ਉਸ ਦਿਨ ਨਿਰੰਕਾਰੀ ਭਵਨ ਵਿੱਚ ਸਤਿਸੰਗ ਨਾ ਹੋਣ ਦਿੱਤਾ ਜਾਵੇ ਅਤੇ ਜਿੰਦਰੇ ਮਾਰ ਕੇ ਨਿਰੰਕਾਰੀ ਭਵਨ ਬੰਦ ਕਰ ਦਿੱਤੇ ਜਾਣ। ਇਸ ਲਈ ਉਸ ਵੇਲੇ ਦੇ ਐੱਸ.ਐੱਸ. ਪੀ. ਗੁਰਬਚਨ ਜਗਤ ਨੇ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਦਿਆਂ ਅਜਿਹਾ ਕੀਤਾ ਸੀ। ਇਸ ਲਈ ਜਦੋਂ ਸੰਤਾਂ ਨੂੰ ਦੱਸਿਆ ਗਿਆ ਕਿ ਭਵਨ ਨੂੰ ਜਿੰਦਰੇ ਮਾਰ ਦਿੱਤੇ ਗਏ ਹਨ ਤਾਂ ਸੰਤਾਂ ਨੇ ਕਿਹਾ ਕਿ ਜਦੋਂ ਤੱਕ ਅਸੀਂ ਆਪ ਜਾ ਕੇ ਤਸੱਲੀ ਨਹੀਂ ਕਰ ਲੈਂਦੇ ਤਦ ਤੱਕ ਕਿਸੇ ਤਰ੍ਹਾਂ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ ਤਾਂ ਕੁੱਝ ਮੁਖੀ ਸਿੰਘਾਂ ਸਮੇਤ ਆਪ ਤਸਦੀਕ ਕਰਨ ਗਏ ਕਿ ਅਸਲੀਅਤ ਕੀ ਹੈ। ਜਦੋਂ ਜਾ ਕੇ ਵੇਖਿਆ ਕਿ ਵਾਕਿਆ ਹੀ ਭਵਨ ਬੰਦ ਹੈ ਅਤੇ ਬਾਹਰ ਜਿੰਦਰੇ ਲੱਗੇ ਹੋਏ ਹਨ ਤਾਂ ਵੀ ਚੰਗੀ ਤਰ੍ਹਾਂ ਤਸੱਲੀ ਕੀਤੀ ਗਈ ਤਾਂ ਇਸ ਬਾਰੇ ਸੰਗਤਾਂ ਨੂੰ ਦੱਸਣ ਲਈ ਵਾਪਸ ਜਲੂਸ ਵਾਲੀ ਥਾਂ 'ਤੇ ਪਹੁੰਚ ਕੇ ਜੈਕਾਰੇ ਬੁਲਾ ਦਿੱਤੇ ਗਏ। ਇੱਥੇ ਹੀ ਸੰਖੇਪ ਸ਼ਬਦਾਂ ਵਿੱਚ ਸੰਤਾਂ ਨੇ ਮਹਾਂਪੁਰਖਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਨਾਲ ਹੀ ਸੰਗਤਾਂ ਨੂੰ ਸੁਚੇਤ ਕੀਤਾ ਕਿ ਇਹ ਸਭ ਕੁੱਝ ਕੇਵਲ ਵਕਤੀ ਤੌਰ 'ਤੇ ਹੀ ਨਾ ਕੀਤਾ ਗਿਆ ਹੋਵੇ, ਇਸ ਪ੍ਰਤੀ ਸਮੁੱਚੀਆਂ ਸੰਗਤਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸੰਤਾਂ ਨੇ ਪ੍ਰਸਾਸ਼ਨ ਨੂੰ ਵੀ ਚਿਤਾਵਨੀ ਦਿੱਤੀ ਕਿ ਭਵਨਾਂ ਦੀ ਤਾਲਾਬੰਦੀ ਵਕਤੀ ਤੌਰ 'ਤੇ ਨਹੀਂ ਬਲਕਿ ਪੱਕੇ ਤੌਰ 'ਤੇ ਹੋਣੀ ਚਾਹੀਦੀ ਹੈ। ਇਸ ਸਬੰਧ ਵਿੱਚ ਪ੍ਰਸਾਸ਼ਨ ਵੱਲੋਂ ਸੰਗਤਾਂ ਨਾਲ ਕਿਸੇ ਗੱਲ ਦਾ ਵਲ ਫਰੇਬ ਕੀਤਾ ਗਿਆ ਤਾਂ ਸੰਗਤ ਇਸ ਨੂੰ ਬਰਦਾਸ਼ਤ ਨਹੀਂ ਕਰੇਗੀ।

ਇਸ ਦਿਨ ਕੇਵਲ ਅੰਮ੍ਰਿਤਸਰ ਸਾਹਿਬ ਵਿਖੇ ਹੀ ਨਹੀਂ ਬਲਕਿ ਹੋਰ ਵੀ ਬਹੁਤ ਸਾਰੇ ਥਾਵਾਂ 'ਤੇ ਸਿੱਖ ਸੰਗਤਾਂ ਨੇ ਨਕਲੀ ਨਿਰੰਕਾਰੀਆਂ ਦੇ ਭਵਨਾਂ ਵਿੱਚ ਸਤਿਸੰਗ ਨਹੀਂ ਸੀ ਹੋਣ ਦਿੱਤਾ। ਇਸ ਨਾਲ ਸਿੱਖ ਵਿਰੋਧੀ ਅਫਸਰ ਤੇ ਗੌਰ ਸਿੱਖ ਆਗੂ ਬੇਚੈਨ ਹੋ ਉਠੇ ਸਨ। ਉਨ੍ਹਾਂ ਨੇ ਆਪਣੇ ਢੰਗ ਨਾਲ ਕੇਂਦਰ ਸਰਕਾਰ ਰਾਹੀਂ ਪੰਜਾਬ ਦੀ ਅਕਾਲੀ ਸਰਕਾਰ ਉੱਪਰ ਦਬਾਅ ਪਾਇਆ ਕਿ ਹਰ ਤਰੀਕੇ ਨਿਰੰਕਾਰੀਆਂ ਦੇ ਭਵਨ ਖੋਲ੍ਹੇ ਜਾਣ ਅਤੇ ਸਿੱਖਾਂ ਨੂੰ ਜਥਰਦਸਤੀ ਭਵਨ ਬੰਦ ਕਰਵਾਉਣ ਤੋਂ ਰੋਕਿਆ ਜਾਵੇ।

ਇਸ ਤਰ੍ਹਾਂ ਦੇ ਹਾਲਾਤਾਂ ਵਿੱਚ ਕੇਂਦਰ ਸਰਕਾਰ ਦਾ ਦਬਾਅ ਨਾ ਸਹਾਰਦਿਆਂ ਹੋਇਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੁਬਾਰਾ ਜ਼ਿਲ੍ਹਾ ਪ੍ਰਸਾਸ਼ਨ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਕਿ ਹਰ ਤਰ੍ਹਾਂ ਦਾ ਬੰਦੋਬਸਤ ਕਰਕੇ ਆਉਣ ਵਾਲੀ 27 ਤਰੀਕ ਨੂੰ ਸਤਿਸੰਗ ਕਰਨ ਲਈ ਨਿਰੰਕਾਰੀ ਭਵਨ ਖੁਲਵਾਇਆ ਜਾਵੇ। ਅਜਿਹਾ ਕਰਨ ਲਈ ਬੇਸ਼ੱਕ ਕਿਸੇ ਵੱਡੇ ਤੋਂ ਵੱਡੇ ਆਗੂ ਨੂੰ ਗ੍ਰਿਫਤਾਰ ਕਿਉਂ ਨਾ ਕਰਨਾ ਪਵੇ ਜਾਂ ਤਾਕਤ ਦੀ ਵਰਤੋਂ ਵੀ ਕਰਨੀ ਪਵੇ ਤਾਂ ਢਿੱਲ ਨਹੀਂ ਵਰਤਣੀ। ਮੁੱਖ ਮੰਤਰੀ ਦਾ ਸਪੱਸ਼ਟ ਸੰਕੇਤ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ

Scanned with CamScanner

ਕਰਨਾ ਸੀ। ਇਸ ਤੋਂ ਇਲਾਵਾ ਅੰਮ੍ਰਿਤਸਰ ਦੇ ਜਨਸੰਘੀ ਨੇਤਾ ਸ੍ਰੀ ਹਰਬੰਸ ਲਾਲ ਖੰਨਾ ਨੇ ਸਰਕਾਰ ਦੀ ਨੀਤੀ ਨੂੰ ਸਮਝਦਿਆਂ ਐਲਾਨ ਕਰ ਛੱਡਿਆ ਕਿ ਉਹ 27 ਅਗਸਤ ਨੂੰ ਅੰਮ੍ਰਿਤਸਰ ਦਾ ਨਿਰੰਕਾਰੀ ਭਵਨ ਖੁਲ੍ਹਵਾਉਣ ਲਈ ਖੁਦ ਜਾਣਗੇ। ਅਜਿਹਾ ਕਰਨ ਨਾਲ ਅੰਮ੍ਰਿਤਸਰ ਵਿਚਲੇ ਨਿਰੰਕਾਰੀਆਂ ਦੇ ਪੈਰੋਕਾਰਾਂ ਨੂੰ ਕਾਫੀ ਬਲ ਮਿਲਿਆ। ਜਿਨ੍ਹਾਂ ਨੇ ਆਪਸ ਵਿੱਚ ਮਿਲ ਕੇ ਆਉਣ ਵਾਲੀ 27 ਤਰੀਕ ਨੂੰ ਨਿਰੰਕਾਰੀ ਭਵਨ ਖੁਲਵਾਉਣ ਲਈ ਮੀਟਿਗਾਂ ਕੀਤੀਆਂ ਅਤੇ ਇਸ ਬਾਰੇ ਤਿਆਰੀ ਕੀਤੀ। ਦੂਜੇ ਪਾਸੇ ਸੰਤ ਭਿੰਡਰਾਂਵਾਲੇ ਵੀ ਅਜਿਹੇ ਹਾਲਾਤਾਂ ਤੋਂ ਅਨਜਾਣ ਨਹੀਂ ਸਨ। ਉਨ੍ਹਾਂ ਵੀ ਐਲਾਨ ਕਰ ਦਿੱਤਾ ਕਿ ਉਹ ਨਕਲੀ ਨਿਰੰਕਾਰੀਆਂ ਨੂੰ ਕੁਝ ਪ੍ਰਚਾਰ ਕਰਨ ਦੀ ਆਗਿਆ ਨਹੀਂ ਦੇਣਗੇ ਅਤੇ ਨਾ ਹੀ ਉਨ੍ਹਾਂ ਦਾ ਭਵਨ ਖੁੱਲ੍ਹਣ ਦੇਣਗੇ।

ਅਕਾਲੀ ਲੀਡਰਾਂ ਦੀ ਸਰਦਾਰ ਕਪੂਰ ਸਿੰਘ ਨਾਲ ਮਿਲਣੀ

ਹਾਲਾਤ ਨਾਲ ਨਜਿੱਠਣ ਲਈ ਅਗਲੇ ਕਦਮ ਉਠਾਉਣ ਤੋਂ ਪਹਿਲਾਂ ਅਕਾਲੀ ਆਗੂ ਕੁੱਝ ਹੋਰ ਵਿਦਵਾਨਾਂ ਨਾਲ ਸਲਾਹ ਮਸ਼ਵਰਾ ਕਰਨ ਦੇ ਇਰਾਦੇ ਨਾਲ ਚੰਡੀਗੜ੍ਹ ਵਿਖੇ ਸਾਬਕਾ ਆਈ. ਸੀ. ਐਸ. ਅਫਸਰ ਅਤੇ ਮੰਨੇ ਪ੍ਰਮੰਨੇ ਸਿੱਖ ਵਿਦਵਾਨ ਸ. ਕਪੂਰ ਸਿੰਘ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲਣ ਗਏ। ਇਨ੍ਹਾਂ ਵਿੱਚ ਜਥੇਦਾਰ ਜਗਦੇਵ ਸਿੰਘ ਤਲਵੰਡੀ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼ਾਮਿਲ ਸਨ। ਰਸਮੀ ਸੁਖ-ਸਾਂਦ ਪੁੱਛਣ ਤੋਂ ਬਾਅਦ ਸ. ਕਪੂਰ ਸਿੰਘ ਨੇ ਕਿਹਾ ਕਿ ਦੱਸੋ ਕਿਵੇਂ ਆਉਣਾ ਹੋਇਆ ਹੈ? ਤਾਂ ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਸੰਤ ਜਰਨੈਲ ਸਿੰਘ ਵੱਲੋਂ ਬਿਨਾ ਕਿਸੇ ਵੱਡੇ ਕਾਰਨ ਹਾਲਾਤਾਂ ਨੂੰ ਅਣਸੁਖਾਵੇਂ ਬਣਾ ਕੇ ਲੋਕਾਂ ਵਿੱਚ ਭੜਕਾਹਟ ਪੈਦਾ ਕੀਤੀ ਜਾ ਰਹੀ ਹੈ। ਇਸ ਬਾਰੇ ਅਸੀਂ ਤੁਹਾਡੀ ਰਾਇ ਜਾਨਣ ਲਈ ਆਏ ਹਾਂ ਤਾਂ ਸ. ਕਪੂਰ ਸਿੰਘ ਨੇ ਪੁੱਛਿਆ ਕਿ ਇਸ ਬਾਰੇ ਤੁਸੀਂ ਕੀ ਕਰਨਾ ਚਾਹੁੰਦੇ ਹੋ? ਤਾਂ ਉਨ੍ਹਾਂ ਨੇ ਕਿਹਾ ਜੇਕਰ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਜਾਵੇ ਤਾਂ ਇਸ ਬਾਰੇ ਪੰਜਾਬ ਦੇ ਲੋਕਾਂ ਦਾ ਕੀ ਪ੍ਰਤੀਕਰਮ ਹੋਵੇਗਾ? ਸ. ਕਪੂਰ ਸਿੰਘ ਨੇ ਕਿਹਾ ਕਿ ਸੰਤਾਂ ਨਾਲ ਹਜ਼ਾਰਾਂ ਸਿੰਘ ਗ੍ਰਿਫਤਾਰੀ ਦੇਣਗੇ। ਇਸ ਦੇ ਜਵਾਬ ਵਿੱਚ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਤੁਹਾਨੂੰ ਗਲਤਫਹਿਮੀ ਹੈ ਕਿਉਂਕਿ ਉਹ ਸਿਰਫ 150-200 ਸਿਘਾਂ ਦਾ ਜੱਥਾ ਹੈ ਤਾਂ ਫਿਰ ਸ. ਕਪੂਰ ਸਿੰਘ ਨੇ ਕਿਹਾ ਕਿ ਘੱਟੋ ਘੱਟ ਉਨ੍ਹਾਂ ਨਾਲ ਦਸਵੀਂ ਟਕਸਾਲ ਦਾ ਜੱਥਾ ਤਾਂ ਗ੍ਰਿਫਤਾਰੀ ਦੇਵੇਗਾ ਹੀ। ਇਹ ਗੱਲ ਸੁਨਣ ਤੋਂ ਬਾਅਦ ਵੀ ਅਕਾਲੀ ਲੀਡਰਾਂ ਦੀ ਚੁੱਪ ਵੇਖ ਕੇ ਕੁਝ ਗੁੱਸੇ ਵਿੱਚ ਸ. ਕਪੂਰ ਸਿੰਘ ਨੇ ਕਿਹਾ ਕਿ ਜੇਕਰ ਅੱਜ ਤੋਂ 15-20 ਸਾਲ ਪਹਿਲਾਂ ਇਹੀ ਸਵਾਲ ਮੈਨੂੰ ਕੋਲੋਂ ਪੁੱਛਿਆ ਜਾਂਦਾ ਤਾਂ ਇਸ ਦਾ ਉੱਤਰ ਕੁਝ ਹੋਰ ਹੋਣਾ ਸੀ ਕਿਉਂਕਿ ਅੱਜ ਦੀ ਤਰੀਕ ਵਿੱਚ ਮੈਂ ਸਰੀਰਕ ਤੌਰ 'ਤੇ ਆਪ ਕੁੱਝ ਕਰਨ ਜੋਗਾ ਨਹੀਂ ਰਿਹਾ ਅਤੇ ਮਰਦਾਂ ਦੇ ਕੰਮ ਅਜਿਹੇ ਨਹੀਂ ਹੋਇਆ ਕਰਦੇ ਜੋ ਉਹ ਆਪ ਨਾ ਕਰ ਸਕਣ ਅਤੇ ਹੋਰਨਾਂ ਨੂੰ ਕਰਨ ਵਾਸਤੇ ਪ੍ਰੇਰਨਾ ਦੇਣ। ਤੁਸੀਂ ਸਮਝ ਹੀ ਗਏ ਹੋਵੋਗੇ ਕਿ ਮੈਂ ਕੀ ਕਹਿਣਾ ਚਾਹੁੰਦਾ ਹਾਂ? ਕਿਉਂਕਿ ਸਿੱਖ ਪੰਥ ਪ੍ਰਤੀ ਤੁਹਾਡੀ ਜੋ ਸੋਚ ਹੈ ਉਸ 'ਤੇ ਮੈਂ ਸਿਰਫ ਅਫਸੋਸ ਹੀ ਜਾਹਿਰ ਕਰ ਸਕਦਾ ਹਾਂ, ਹੁਣ ਹੋਰ ਕੁੱਝ ਕਰਨ ਦੀ ਮੇਰੀ ਸ਼ਮਰੱਥਾ ਨਹੀਂ ਰਹੀ। ਹਾਂ ਇੱਕ ਗੱਲ ਜ਼ਰੂਰ ਤੁਹਾਨੂੰ ਦੱਸ ਦੇਣੀ ਚਾਹੁੰਦਾ ਹਾਂ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨਾਲ ਜੇਕਰ ਹੋਰ ਕੋਈ ਵੀ ਗ੍ਰਿਫਤਾਰੀ ਨਹੀਂ ਦੇਵੇਗਾ ਤਾਂ ਮੈਂ ਜ਼ਰੂਰ ਉਨ੍ਹਾਂ ਨਾਲ ਗ੍ਰਿਫਤਾਰ ਹੋਵਾਂਗਾ, ਕਿਉਂਕਿ ਮੈਂ ਉਨ੍ਹਾਂ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਉਨ੍ਹਾਂ ਤੋਂ ਅਜਿਹਾ ਜਵਾਬ ਸੁਣ ਕੇ ਸ. ਗੁਰਚਰਨ ਸਿੰਘ ਟੌਹੜਾ ਨੇ ਕਿਹਾ ਕਿ ਅਕਾਲੀ ਸਰਕਾਰ ਹੁੰਦਿਆਂ ਅਸੀਂ ਤੁਹਾਨੂੰ ਕਿਵੇਂ ਗ੍ਰਿਫਤਾਰ ਕਰ ਸਕਦੇ ਹਾਂ ਤਾਂ ਸ. ਕਪੂਰ ਸਿੰਘ ਨੇ ਕਿਹਾ ਚੰਗਾ ਫਿਰ ਸੰਤਾਂ ਨੂੰ ਫੜ੍ਹ ਕੇ ਵੇਖ ਲਉ ਅਤੇ ਸਿੱਖ ਸੰਗਤਾਂ ਦਾ ਪ੍ਰਤੀਕਰਮ ਵੀ ਸਾਂਭ ਲਇਉ। ਇਸ ਤਰ੍ਹਾਂ ਦਾ ਦੋ ਟੁੱਕ ਉੱਤਰ ਸੁਣ ਕੇ ਇਹ ਲੀਡਰ ਉੱਥੋਂ ਵਾਪਸ ਪਰਤ ਆਏ ਅਤੇ ਆਪਸ ਵਿੱਚ ਸਲਾਹ ਕੀਤੀ ਕਿ ਸੰਤਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ ਅਤੇ ਕੋਈ ਹੋਰ ਰਾਹ ਲੱਭਿਆ ਜਾਵੇ।

ਅਜਿਹੀ ਸਥਿਤੀ ਨੂੰ ਦੇਖਦਿਆਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਗੁਰਚਰਨ ਸਿੰਘ ਟੌਹੜਾ ਨੇ ਆਪਸ ਵਿੱਚ ਵਿਚਾਰਾਂ ਕੀਤੀਆਂ ਕਿ ਸੰਤ ਭਿੰਡਰਾਂਵਾਲਿਆਂ ਦਾ ਅਕਾਲੀ ਸਰਕਾਰ ਨਾਲ ਜਾਂ ਜਨਸੰਘੀਆਂ ਤੇ ਨਿਰੰਕਾਰੀਆਂ ਨਾਲ ਟਕਰਾਅ ਰੋਕਿਆ

Scanned with CamScanner

ਜਾਵੇ, ਨਹੀਂ ਤਾਂ ਵੱਡੀ ਪੱਧਰ 'ਤੇ ਖ਼ੂਨ ਖਰਾਬਾ ਹੋ ਸਕਦਾ ਹੈ। ਇਸ ਸਬੰਧ ਵਿੱਚ ਇਨ੍ਹਾਂ ਦੋਵਾਂ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਸਲਾਹ ਮਸ਼ਵਰਾ ਕੀਤਾ ਕਿ ਕਿਸੇ ਵੀ ਢੰਗ ਨਾਲ ਆਉਣ ਵਾਲੀ 27 ਤਰੀਕ ਦਾ ਟਕਰਾਅ ਰੋਕਿਆ ਜਾਵੇ।

ਇਹ ਸੋਚ ਕੇ ਜਥੇਦਾਰ ਤਲਵੰਡੀ ਅਤੇ ਸ. ਟੌਹੜਾ ਨੇ ਜ਼ਰੂਰੀ ਸਲਾਹ ਮਸ਼ਵਰਾ ਕਰਨ ਲਈ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਲੁਧਿਆਣੇ ਇਕੱਠੇ ਹੋਣ ਲਈ ਬੇਨਤੀ ਕੀਤੀ। ਜਿਸ ਨੂੰ ਮੰਨ ਕੇ ਸੰਤ ਜਰਨੈਲ ਸਿੰਘ ਖ਼ਾਲਸਾ ਮਿਥੇ ਸਮੇਂ 'ਤੇ ਲੁਧਿਆਣਾ ਪਹੁੰਚ ਗਏ ਜਿੱਥੇ ਉਪਰੋਕਤ ਦੋਵੇਂ ਆਗੂ ਪਹਿਲਾਂ ਹੀ ਮੌਜੂਦ ਸਨ। ਇੱਥੇ ਤਿੰਨਾਂ ਪੰਥਕ ਮੁਖੀਆਂ ਨੇ ਮੀਟਿੰਗ ਕੀਤੀ। ਸ. ਟੌਹੜਾ ਅਤੇ ਜਥੇਦਾਰ ਤਲਵੰਡੀ ਨੇ ਸੰਤਾਂ ਨੂੰ ਆਖਿਆ ਕਿ ਉਹ 27 ਤਰੀਕ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਾ ਜਾਣ ਕਿਉਂਕਿ ਉਥੇ ਜਾਣ ਨਾਲ ਹਿੰਦੂ ਸਿੱਖਾਂ ਵਿੱਚ ਤਣਾਅ ਵੱਧ ਸਕਦਾ ਹੈ ਅਤੇ ਆਪਸੀ ਝਗੜਾ ਵੀ ਹੋ ਸਕਦਾ ਹੈ ਜਿਸ ਕਾਰਨ ਖ਼ੂਨ ਖਰਾਬਾ ਹੋਣ ਦਾ ਖ਼ਤਰਾ ਹੈ। ਇਸ ਦੇ ਨਾਲ ਹੀ ਇਨ੍ਹਾਂ ਆਗੂਆਂ ਨੇ ਸੰਤਾਂ ਨੂੰ ਆਖਿਆ ਕਿ ਜਿਥੋਂ ਤੱਕ ਨਿਰੰਕਾਰੀ ਭਵਨ ਬੰਦ ਰੱਖਣ ਦਾ ਸਵਾਲ ਹੈ ਇਹ ਜ਼ਿੰਮੇਵਾਰੀ ਅਸੀਂ ਆਪਣੇ ਉੱਪਰ ਲੈਂਦੇ ਹਾਂ ਅਤੇ ਯਕੀਨ ਦੁਆਉਂਦੇ ਹਾਂ ਕਿ ਕਿਸੇ ਹਾਲਤ ਵਿੱਚ ਵੀ ਉਹ ਨਿਰੰਕਾਰੀ ਭਵਨ ਨੂੰ ਖੁੱਲ੍ਹਣ ਨਹੀਂ ਦੇਣਗੇ। ਜਵਾਬ ਵਿੱਚ ਸੰਤਾਂ ਨੇ ਆਖਿਆ ਕਿ ਅਸੀਂ ਉਥੇ ਭਵਨ ਬੰਦ ਕਰਵਾਉਣ ਹੀ ਜਾਣਾ ਹੈ। ਜੇ ਇਸ ਦੀ ਜ਼ਿੰਮੇਵਾਰੀ ਤੁਸੀਂ ਚੁੱਕਦੇ ਹੋ ਤਾਂ ਮੈਨੂੰ ਤੁਹਾਡੇ 'ਤੇ ਯਕੀਨ ਕਰਨਾ ਚਾਹੀਦਾ ਹੈ ਕਿਉਂਕਿ ਤੁਸੀਂ ਪੰਥ ਦੀਆਂ ਵੱਡੀਆਂ ਸੰਸਥਾਵਾਂ ਦੇ ਮੁਖੀ ਹੋ। ਇਸ ਲਈ ਮੈਂ 27 ਤਰੀਕ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਹੀਂ ਜਾਵਾਂਗਾ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਪੰਥਕ ਆਗੂਆਂ ਨਾਲ ਕੀਤੇ ਬਚਨ ਮੁਤਾਬਿਕ 27 ਤਰੀਕ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਹੀਂ ਗਏ ਬਲਕਿ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਇੱਕ ਧਾਰਮਿਕ ਸਮਾਗਮ ਨੂੰ ਸੰਬੋਧਨ ਕਰਨ ਲਈ ਚਲੇ ਗਏ। ਇੱਥੇ ਦੋ ਦਿਨ ਦਾ ਸਮਾਗਮ ਸੀ। 27 ਤਰੀਕ ਸ਼ਾਮ ਨੂੰ ਸੰਤਾਂ ਨੂੰ ਪਤਾ ਲੱਗਾ ਕਿ ਪੰਜਾਬ ਸਰਕਾਰ ਨੇ ਪੁਲਿਸ ਦੇ ਭਾਰੀ ਪਹਿਰੇ ਹੇਠ ਨਿਰੰਕਾਰੀ ਭਵਨ ਖੁੱਲ੍ਹਵਾਏ ਹਨ। ਇਸ ਸਬੰਧੀ ਕਈ ਥਾਵਾਂ 'ਤੇ ਸਿੱਖਾਂ ਨੇ ਸਰਕਾਰ ਦੀ ਇਸ ਕਾਰਗੁਜ਼ਾਰੀ ਵਿਰੁੱਧ ਰੋਸ ਮੁਜਾਹਰੇ ਵੀ ਕੀਤੇ ਅਤੇ ਗ੍ਰਿਫਤਾਰੀਆਂ ਵੀ ਦਿੱਤੀਆਂ। ਪਰ ਸੰਤ ਇਸ ਗੱਲ ਲਈ ਸਭ ਤੋਂ ਵੱਧ ਫਿਕਰਮੰਦ ਸਨ ਕਿ ਪੰਥ ਦੇ ਦੋ ਵੱਡੇ ਮੁੱਖ ਅਹੁਦੇਦਾਰਾਂ ਨੇ ਸਾਡੇ ਨਾਲ ਬਚਨ ਕਰਕੇ ਆਪਣਾ ਫ਼ਰਜ਼ ਕਿਉਂ ਨਹੀਂ ਨਿਭਾਇਆ? ਇਸ ਸਬੰਧ ਵਿੱਚ ਸੰਤਾਂ ਨੇ ਸੁਨੇਹਾ ਭੇਜ ਕੇ ਜਥੇਦਾਰ ਤਲਵੰਡੀ ਅਤੇ ਸ. ਟੌਹੜਾ ਨੂੰ ਅਗਲੇ ਦਿਨ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮਿਲਣ ਦਾ ਸੱਦਾ ਦਿੱਤਾ।

ਦੂਜੇ ਦਿਨ 28.08.78 ਨੂੰ ਜਥੇਦਾਰ ਟੌਹੜਾ ਅਤੇ ਜਥੇਦਾਰ ਤਲਵੰਡੀ ਦੋਵੇਂ ਆਗੂ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਪਹੁੰਚ ਕੇ ਸੰਤਾਂ ਨੂੰ ਮਿਲੇ ਅਤੇ ਖਿਮਾ ਮੰਗਦਿਆਂ ਹੋਇਆਂ ਕਹਿਣ ਲੱਗੇ ਕਿ ਅਸੀਂ ਭਵਨ ਬੰਦ ਕਰਵਾਉਣ ਲਈ ਬਹੁਤ ਵਾਹ ਲਾਈ ਪਰ ਸ. ਬਾਦਲ ਨਹੀਂ ਮੰਨਿਆ। ਸੰਤਾਂ ਨੇ ਇਨ੍ਹਾਂ ਆਗੂਆਂ ਦੀ ਸਥਿਤੀ ਨੂੰ ਸਮਝਦਿਆਂ ਹੋਇਆਂ ਬਹੁਤ ਗੱਲਾਂ ਨੂੰ ਅਣਡਿੱਠ ਕਰ ਦਿੱਤਾ ਅਤੇ ਇਨ੍ਹਾਂ ਦੋਵਾਂ ਆਗੂਆਂ ਨੂੰ ਫਿਰ ਇਹੀ ਕਿਹਾ ਕਿ ਸਮੇਂ ਦੀ ਨਜ਼ਾਕਤ ਨੂੰ ਸਮਝੋ, ਕਿਉਂਕਿ ਤੁਹਾਡੀਆਂ ਵੀ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਹਨ। ਇਸ ਲਈ ਪੰਥਕ ਹਿੱਤਾਂ ਵੱਲ ਧਿਆਨ ਦੇਵੋ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਦੱਸ ਦੇਵੋ ਕਿ ਮੁੱਖ ਮੰਤਰੀ ਦੀ ਕੁਰਸੀ ਨੂੰ ਪੰਥਕ ਹਿੱਤਾਂ ਤੋਂ ਵੱਡੀ ਨਾ ਸਮਝਣ।

ਕੇਂਦਰ ਸਰਕਾਰ ਦੇ ਭਾਰੀ ਦਬਾਅ ਥੱਲੇ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਦੀਆਂ ਹਦਾਇਤਾਂ 'ਤੇ ਪੰਜਾਬ ਪੁਲਿਸ ਦੇ ਭਾਰੀ ਪਹਿਰੇ ਥੱਲੇ 27 ਅਗਸਤ ਨੂੰ ਅੰਮ੍ਰਿਤਸਰ ਵਿਚਲਾ ਨਿਰੰਕਾਰੀ ਭਵਨ ਭਾਵੇਂ ਖੁਲਵਾ ਦਿੱਤਾ ਗਿਆ ਸੀ ਪਰ ਭਿੰਡਰਾਂਵਾਲੇ ਸੰਤ ਇਸ ਦੀ ਪ੍ਰਵਾਹ ਕੀਤੇ ਬਿਨਾ ਉਨ੍ਹਾਂ ਵੱਲੋਂ ਸਿੱਖ ਪੰਥ ਸਾਹਮਣੇ ਲਏ ਗਏ ਫੈਸਲੇ ਮੁਤਾਬਿਕ ਦ੍ਰਿੜ੍ਹ ਸਨ ਕਿ ਇਨ੍ਹਾਂ ਦੇਸ਼ੀ ਲੋਕਾਂ ਦੇ ਭਵਨ ਨਹੀਂ ਖੁੱਲ੍ਹਣ ਦਿੱਤੇ ਜਾਣਗੇ। ਇਸੇ ਮਨੋਰਥ ਨੂੰ ਮੁੱਖ ਰੱਖਦਿਆਂ ਸੰਤਾਂ ਨੇ ਪੰਜਾਬ ਵਿੱਚ ਵਿਸ਼ੇਸ਼ ਪ੍ਰੋਗਰਾਮਾਂ ਤਹਿਤ ਸਿੱਖ ਕੌਮ ਨੂੰ ਲਾਮਬੰਦ ਕੀਤਾ ਤਾਂ ਕਿ ਨਕਲੀ ਨਿਰੰਕਾਰੀਆਂ ਦਾ ਕੂੜ ਪ੍ਰਚਾਰ ਰੋਕਿਆ ਜਾ ਸਕੇ। ਉਨ੍ਹਾਂ ਸਿੱਖ ਸੰਗਤਾਂ ਨੂੰ ਕਿਹਾ ਕਿ ਸਰਕਾਰ ਦੀਆਂ ਕੁਝ ਮਜ਼ਬੂਰੀਆਂ ਅਤੇ ਕਮਜ਼ੋਰੀਆਂ ਹੋ ਸਕਦੀਆਂ ਹਨ ਜਿਸ ਕਾਰਨ ਉਨ੍ਹਾਂ ਵੱਲੋਂ ਡਾਂਵਾਡੋਲ ਫੈਸਲੇ ਲਏ ਜਾ ਰਹੇ ਹਨ ਜਿਸ ਕਾਰਨ ਸਿੱਖ ਪੰਥ ਵਿੱਚ ਦੁਬਿਧਾ ਪੈਦਾ ਹੋ ਰਹੀ ਹੈ। ਪਰ ਅਸੀਂ ਸੰਗਤਾਂ ਨੂੰ ਸਪੱਸ਼ਟ ਦੱਸਣਾ ਚਾਹੁੰਦੇ ਹਾਂ ਕਿ ਸਿੱਖ ਪੰਥ

Scanned with CamScanner

ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਦਬ ਸਤਿਕਾਰ ਪਹਿਲਾਂ ਹੈ ਬਾਕੀ ਸਭ ਕੁੱਝ ਬਾਅਦ ਵਿੱਚ। ਇਸ ਲਈ ਸਮੁੱਚੀ ਸਿੱਖ ਕੌਮ ਨੂੰ ਇਕਮੁੱਠ ਹੋ ਕੇ ਲਾਮਬੰਦ ਹੋਣਾ ਚਾਹੀਦਾ ਹੈ ਕਿ ਅਸੀਂ ਨਕਲੀ ਨਿਰੰਕਾਰੀਆਂ ਦੇ ਭਵਨ ਕਿਸੇ ਕੀਮਤ 'ਤੇ ਨਹੀਂ ਖੁੱਲ੍ਹਣ ਦਿਆਂਗੇ। ਸੰਤਾਂ ਦੀਆਂ ਇਨ੍ਹਾਂ ਸਰਗਰਮੀਆਂ ਕਾਰਨ ਸਿੱਖ ਪੰਥ ਅਤੇ ਸਿੱਖ ਸੰਪਰਦਾਵਾਂ ਵਿੱਚ ਵੱਡੀ ਜਾਗ੍ਰਿਤੀ ਪੈਦਾ ਹੋਈ। ਇਸਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਸੀ ਕਿ ਬਹੁਤ ਸਾਰੇ ਸਿੱਖ ਨੌਜਵਾਨਾਂ ਨੇ ਨਕਲੀ ਨਿਰੰਕਾਰੀਆਂ ਦੇ ਭਵਨਾਂ 'ਤੇ ਤਿੱਖੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਤਾਂ ਕਿ ਇਨ੍ਹਾਂ ਵੱਲੋਂ ਥੋੜ੍ਹੀ ਬਹੁਤੀ ਹਿਲਜੁੱਲ ਵੀ ਹੋਵੇ ਤਾਂ ਉਸ ਪ੍ਰਤੀ ਢੁੱਕਵਾਂ ਜਵਾਬ ਦਿੱਤਾ ਜਾ ਸਕੇ।

ਸੰਤ ਭਿੰਡਰਾਂਵਾਲਿਆਂ ਵੱਲੋਂ ਪੰਜਾਬ ਤੇ ਕੇਂਦਰ ਸਰਕਾਰ ਨੂੰ ਯਾਦ ਪੱਤਰ

ਸੰਤ ਭਿਡਰਾਂਵਾਲਿਆਂ ਵੱਲੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਯਾਦ ਪੱਤਰ ਦਿੱਤਾ ਗਿਆ ਤਾਂ ਕਿ ਪੰਜਾਬ ਵਿੱਚ ਅਣਸੁਖਾਵੇਂ ਹਾਲਾਤ ਪੈਦਾ ਨਾ ਹੋਣ। ਇਹ ਯਾਦ ਪੱਤਰ ਇਸ ਤਰ੍ਹਾਂ ਲਿਖਿਆ ਗਿਆ :

"ਸਿੱਖ ਧਰਮ ਸਰਬੱਤ ਦਾ ਭਲਾ ਲੋਚਣ ਵਾਲਾ ਕੇਵਲ ਇੱਕੋ ਇੱਕ ਧਰਮ ਹੈ ਜਿਸ ਦੀ ਸਿਰਜਣਾ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ' ਦੇ ਸਿਧਾਂਤ 'ਤੇ ਕੀਤੀ ਗਈ ਹੈ। ਪਰ ਬਦਕਿਸਮਤੀ ਦੀ ਗੱਲ ਹੈ ਕਿ ਕੁੱਝ ਮਨਮਤੀਏ ਗੁਰਸਿੱਖੀ ਦੀ ਪ੍ਰਫੁੱਲਤਾ ਨੂੰ ਨਾ ਸਹਾਰਦੇ ਹੋਏ, ਈਰਖਾ ਦਾ ਸ਼ਿਕਾਰ ਹੋ ਕੇ, ਦਸਾਂ ਸਤਿਗੁਰਾਂ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਮੰਦੀ ਭਾਸ਼ਾ ਵਰਤਦੇ ਹਨ।

ਭਾਰਤ ਇੱਕ ਲੋਕਤੰਤਰੀ ਦੇਸ਼ ਹੈ। ਇਸ ਵਿੱਚ ਸਰਬ ਧਰਮਾਂ ਅਤੇ ਸਰਬ ਭਾਵਨਾਵਾਂ ਦੇ ਵਿਅਕਤੀਆਂ ਨੂੰ ਵਿਚਰਨ ਅਤੇ ਪੂਜਾ ਪ੍ਰਤਿਸ਼ਟਾ ਦੀ ਆਜ਼ਾਦੀ ਹੈ। ਪਰ ਕਿਸੇ ਮਨੁੱਖ ਨੂੰ ਇਹ ਅਧਿਕਾਰ ਹਾਸਿਲ ਨਹੀਂ ਕਿ ਉਹ ਦੂਸਰੇ ਧਰਮਾਂ, ਧਾਰਮਿਕ ਰਹਿਬਰਾਂ ਅਤੇ ਬਜ਼ੁਰਗਾਂ ਪ੍ਰਤੀ ਹੇਠੀਜਨਕ ਸ਼ਬਦ ਵਰਤੇ। ਇਸ ਨੂੰ ਰੋਕਣਾ ਸਰਕਾਰ ਦਾ ਫ਼ਰਜ਼ ਹੁੰਦਾ ਹੈ ਪਰ ਬਦਕਿਸਮਤੀ ਨਾਲ ਅਜਿਹਾ ਨਹੀਂ ਕੀਤਾ ਗਿਆ।

ਨਕਲੀ ਨਿਰੰਕਾਰੀ ਮੰਡਲ ਦਿੱਲੀ ਦੇ ਮੁਖੀ ਤੇ ਉਸ ਦੇ ਚੇਲਿਆਂ ਨੇ ਇਸ ਮੰਦ-ਭਾਵਨਾ ਅਤੇ ਸਿੱਖੀ ਵਿਰੋਧੀ ਰੁਚੀ ਨੂੰ ਪ੍ਰਗਟ ਕਰਦਿਆਂ 13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਸ਼ਾਂਤ-ਚਿੱਤ, ਗੁਰਬਾਣੀ ਤੇ ਕੀਰਤਨ ਦੇ ਰਸੀਏ 13 ਸਿੰਘਾਂ ਨੂੰ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ਅਤੇ 78 ਸਿੰਘ ਜ਼ਖਮੀ ਕੀਤੇ। ਸਿੰਘਾਂ ਦਾ ਕਸੂਰ ਕੇਵਲ ਇਨਾ ਸੀ ਕਿ ਉਹ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸਤਿਕਾਰ ਅਤੇ ਸ਼ਰਧਾ ਪ੍ਰਗਟ ਕਰ ਰਹੇ ਸਨ।

ਖ਼ਾਲਸਾ ਪੰਥ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਅਮਨ ਅਤੇ ਸ਼ਾਂਤੀ ਬਹਾਲ ਰੱਖਣ ਲਈ ਅਤੇ ਗੁਰਸਿੱਖਾਂ ਦੇ ਹਿਰਦਿਆਂ ਨੂੰ ਠਾਰਨ ਲਈ ਜ਼ਰੂਰੀ ਹੈ ਕਿ ਅੰਮ੍ਰਿਤਸਰ ਦਾ ਨਕਲੀ ਨਿਰੰਕਾਰੀਆਂ ਦਾ ਭਵਨ ਅਦਾਲਤ ਦੇ ਫੈਸਲੇ ਤੱਕ ਬੰਦ ਕਰ ਦਿੱਤਾ ਜਾਵੇ।

ਨਕਲੀ ਨਿਰੰਕਾਰੀਆਂ ਦੀਆਂ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁੱਗ ਪੁਰਸ਼' ਜਿਨ੍ਹਾਂ ਵਿੱਚ ਸਰਬ ਧਰਮਾਂ ਦੀ ਨਿੰਦਿਆ ਕੀਤੀ ਗਈ ਹੈ ਅਤੇ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਸਿਧਾਂਤਾਂ ਪ੍ਰਤੀ ਨਿੰਦਣ ਯੋਗ ਸ਼ਬਦ ਵਰਤੇ ਹਨ, ਤੁਰੰਤ ਜ਼ਬਤ ਕੀਤੀਆਂ ਜਾਣ।

ਨਕਲੀ ਨਿਰੰਕਾਰੀਆਂ ਦੇ ਕੁਸੱਤ-ਸੰਗ ਨੂੰ ਬੰਦ ਕਰਾਉਣ ਦੇ ਸਬੰਧ ਵਿੱਚ ਜੋ ਸਿੰਘ ਅਤੇ ਸਿੰਘਣੀਆਂ ਗ੍ਰਿਫਤਾਰ ਹੋਏ ਹਨ ਉਹਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ ਅਤੇ ਮੁਕੱਦਮੇ ਵਾਪਸ ਲਏ ਜਾਣ"

(ਸਹੀ) ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ (ਸੰਤ)

ਬਾਦਲ ਸਰਕਾਰ ਨੇ ਜਦ ਦੇਖਿਆ ਕਿ ਪੰਜਾਬ ਅੰਦਰ ਨਿਰੰਕਾਰੀਆਂ ਵਿਰੋਧੀ ਅੰਦੋਲਨ ਤੇਜ਼ ਹੁੰਦਾ ਜਾ ਰਿਹਾ ਹੈ ਜਿਸ ਨੂੰ ਠੱਲ੍ਹ ਪਾਉਣੀ ਅਸੰਭਵ ਹੈ ਤਾਂ ਸਰਕਾਰੀ ਤੌਰ 'ਤੇ ਫੈਸਲਾ ਕਰ ਲਿਆ ਗਿਆ ਕਿ ਨਿਰੰਕਾਰੀ ਭਵਨ ਖੁੱਲ੍ਹਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਤੇ ਨਾਲ ਹੀ ਉਨ੍ਹਾਂ ਵੱਲੋਂ ਲਿਖੀਆਂ ਗਈਆਂ ਇਤਰਾਜ਼ਯੋਗ 2 ਪੁਸਤਕਾਂ ਯੁੱਗ ਪੁਰਸ਼ ਅਤੇ ਅਵਤਾਰ ਬਾਣੀ ਉੱਪਰ ਵੀ ਪਾਬੰਦੀ ਲਗਾ ਦਿੱਤੀ ਗਈ।

Scanned with CamScanner

ਦੀਵਾਨ ਹਾਲ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਵਿਸ਼ੇਸ਼ ਇਕੱਠ

ਪੰਜਾਬ ਸਰਕਾਰ ਵੱਲੋਂ ਲਏ ਗਏ ਇਸ ਫੈਸਲੇ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਸਾਝੇ ਤੌਰ 'ਤੇ 24.09.78 ਨੂੰ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਇਕੱਠ ਸੱਦਿਆ ਗਿਆ। ਜਿਸ ਵਿੱਚ ਅਕਾਲੀ ਆਗੂਆਂ ਤੋਂ ਇਲਾਵਾ ਸਿੱਖ ਸੰਪਰਦਾਵਾਂ ਦੇ ਮੁਖੀ ਵੀ ਮੌਜੂਦ ਸਨ। ਇਸ ਸਟੇਜ ਤੋਂ ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਸੁਜਾਨ ਸਿੰਘ ਆਦਿ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਭਵਨ ਬੰਦ ਕਰਨ ਦੇ ਲਏ ਗਏ ਫੈਸਲਿਆਂ ਦੀ ਸ਼ਲਾਘਾ ਕੀਤੀ। ਇਸੇ ਸਟੇਜ ਤੋਂ ਬੋਲਦਿਆਂ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਆਖਿਆ ਕਿ ਸਰਕਾਰ ਨੇ ਨਿਰੰਕਾਰੀ ਭਵਨ ਬੰਦ ਕਰਨ ਦੀ ਖ਼ਾਲਸਾ ਪੰਥ ਦੀ ਮੰਗ ਮੰਨ ਲਈ ਹੈ ਅਤੇ ਨਿਰੰਕਾਰੀਆਂ ਦੀਆਂ ਪੁਸਤਕਾਂ ਅਵਤਾਰ ਬਾਣੀ ਅਤੇ ਯੁਗ ਪੁਰਸ਼ ਤੇ ਪਾਬੰਦੀ ਲਾ ਦਿੱਤੀ ਗਈ ਹੈ। ਅਸੀਂ ਚਾਹੁੰਦੇ ਹਾਂ ਕਿ ਇਹ ਪੁਸਤਕਾਂ ਸਰਕਾਰ ਵੱਲੋਂ ਜ਼ਬਤ ਕਰ ਲਈਆਂ ਜਾਣ ਅਤੇ ਨਿਰੰਕਾਰੀਆਂ ਦੇ ਭਵਨ ਬੰਦ ਕਰਵਾਉਣ ਗਏ ਥਾਨੇ ਵਿਖੇ ਗ੍ਰਿਫਤਾਰ ਕੀਤੇ ਸਿੰਘ ਵੀ ਸਰਕਾਰ ਨੂੰ ਤੁਰੰਤ ਛੱਡ ਦੇਣੇ ਚਾਹੀਦੇ ਹਨ।

ਉਨ੍ਹਾਂ ਆਖਿਆ ਕਿ ਅਕਾਲੀ ਸਰਕਾਰ ਸਾਡੀ ਆਪਣੀ ਬਣਾਈ ਹੋਈ ਸਰਕਾਰ ਹੈ। ਅੰਮ੍ਰਿਤਸਰ ਵਿੱਚ ਨਿਰੰਕਾਰੀ ਭਵਨ ਦਾ ਬੰਦ ਹੋਣਾ ਅਤੇ ਇਨ੍ਹਾਂ ਦੀਆਂ ਸਿੱਧੀ ਵਿਰੋਧੀ ਕਿਤਾਬਾਂ 'ਤੇ ਪਾਬੰਦੀ ਲੱਗਣਾ ਸਿੱਖ ਪੰਥ ਦੀ ਜਿੱਤ ਹੈ। ਇਹ ਰਾਜਭਾਗ ਆਪਣਾ ਹੈ ਇਸ ਨੂੰ ਕਾਇਮ ਰੱਖਣਾ ਹੈ। ਸਮੁੱਚੇ ਸਿੱਖ ਪੰਥ ਅੱਗੇ ਮੇਰੀ ਬੇਨਤੀ ਹੈ ਕਿ ਉਹ ਆਪਸੀ ਏਕਤਾ ਕਾਇਮ ਰੱਖਣ ਅਤੇ ਭਰਮ ਭੁਲੇਖਿਆਂ ਦਾ ਸ਼ਿਕਾਰ ਨਾ ਹੋਣ। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਸਾਰੇ ਸੰਸਾਰ ਨੂੰ ਆਤਮਿਕ ਰੋਸ਼ਨੀ ਮਿਲਦੀ ਹੈ। ਹਰ ਧਰਮ ਵਧਣਾ ਫੁਲਣਾ ਚਾਹੀਦਾ ਹੈ, ਅਸੀਂ ਇਸ ਦੇ ਹਾਮੀ ਹਾਂ। ਜਦੋਂ ਹਿੰਦੂ ਧਰਮ ਖ਼ਤਰੇ ਵਿੱਚ ਸੀ ਤਾਂ ਉਸ ਨੂੰ ਬਚਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਸਰੀਰ ਦਾ ਬਲੀਦਾਨ ਦੇ ਕੇ ਹਿੰਦੂ ਧਰਮ ਦੀ ਰਿਫਾਜ਼ਤ ਕੀਤੀ। ਸਿੱਖ ਧਰਮ ਕਿਸੇ ਧਰਮ ਦੇ ਖਿਲਾਫ ਨਹੀਂ ਲੇਕਿਨ ਸਿੱਖ ਪੰਥ ਉੱਤੇ ਅਤੇ ਇਸ ਦੀਆਂ ਪ੍ਰੰਪਰਾਵਾਂ ਉੱਪਰ ਕੋਈ ਹਮਲਾ ਕਰੇ ਇਸ ਨੂੰ ਅਸੀਂ ਬਿਲਕੁੱਲ ਬਰਦਾਸ਼ਤ ਨਹੀਂ ਕਰਾਂਗੇ।

ਨਿਰੰਕਾਰੀ ਭਵਨ ਇੱਕ ਪਾਖੰਡ ਅਤੇ ਅੱਯਾਸ਼ੀ ਦਾ ਅੱਡਾ ਹੈ। ਇਨ੍ਹਾਂ ਦਾ ਕੋਈ ਧਰਮ ਨਹੀਂ ਹੈ। ਮੈਂ ਸਭ ਧਰਮਾਂ ਦੇ ਆਗੂਆਂ ਨੂੰ ਅਪੀਲ ਹੈ ਕਿ ਉਹ ਇਨ੍ਹਾਂ ਨਿਰੰਕਾਰੀਆਂ ਦੇ ਵਿਰੁੱਧ ਇਕ ਹੋ ਜਾਣ ਕਿਉਂਕਿ ਇਨ੍ਹਾਂ ਵੱਲੋਂ ਲਿਖੀ ਗਈ ਕੂੜ ਦੀ ਕਿਤਾਬ ਅਵਤਾਰ ਬਾਣੀ ਵਿੱਚ ਸਭ ਧਰਮਾਂ ਦੀ ਵਿਰੋਧਤਾ ਅਤੇ ਨਿਰਾਦਰ ਕੀਤਾ ਗਿਆ ਹੈ ਅਤੇ ਸਭ ਪੀਰ ਪੈਗੰਬਰ, ਅਵਤਾਰ ਅਤੇ ਗੁਰੂਆਂ ਨਾਲੋਂ ਵੱਧ ਆਪਣੇ ਆਪ ਨੂੰ ਅਲੌਕਿਕ ਸ਼ਕਤੀ ਦਾ ਅਵਤਾਰ ਮੰਨਦੇ ਹਨ ਜੋ ਨਿਰਾ ਝੂਠ ਅਤੇ ਪਾਖੰਡ ਹੈ। ਇਸ ਲਈ ਸਭ ਕੌਮਾਂ ਨੂੰ ਨਕਲੀ ਨਿਰੰਕਾਰੀਆਂ ਦੇ ਕੋਝੇ ਮਨਸ਼ਿਆਂ ਪ੍ਰਤੀ ਜਾਗ੍ਰਿਤ ਹੋਣਾ ਚਾਹੀਦਾ ਹੈ।

ਕੁੱਝ ਲੋਕ ਆਖਦੇ ਹਨ ਕਿ ਸੰਤ ਭਿੰਡਰਾਂਵਾਲੇ ਰਾਜਸੀ ਕੁਰਸੀ ਦੇ ਲਾਲਚੀ ਹਨ ਮਞ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕੁਰਸੀ ਨਹੀਂ ਲੈਣਾ ਚਾਹੁੰਦੇ। ਆਪ ਰਾਜ ਕਰਨ ਦਾ ਸਾਡਾ ਨਿਸ਼ਾਨਾ ਨਹੀਂ ਬਲਕਿ ਜੋ ਆਗੂ ਰਾਜਭਾਗ ਕਰ ਰਹੇ ਹਨ ਇਨ੍ਹਾਂ ਨੂੰ ਪੰਥ ਨੇ ਰਾਜਭਾਗ ਲੈ ਕੇ ਦਿੱਤਾ ਹੈ। ਇਹੀ ਸਾਡੀ ਮਨਸ਼ਾ ਸੀ ਕਿ ਪੰਜਾਬ ਵਿੱਚ ਸਿੱਖਾਂ ਦਾ ਰਾਜਭਾਗ ਹੋਵੇ। ਲੇਕਿਨ ਜੇ ਕੋਈ ਨੇਤਾ ਸਿੱਖ ਧਰਮ 'ਤੇ ਹਮਲਾ ਹੁੰਦਿਆ ਵੇਖ ਕੇ ਚੁੱਪ ਕਰ ਰਹੇ ਤਾਂ ਸਿੱਖ ਪੰਥ ਉਸ ਨੂੰ ਗੱਦੀ ਤੋਂ ਉਤਾਰ ਵੀ ਸਕਦਾ ਹੈ।

ਉਨ੍ਹਾਂ ਆਖਿਆ ਖ਼ਾਲਸਾ ਜੀ! ਮੌਕਾਪ੍ਰਸਤ ਲੋਕਾਂ ਤੋਂ ਬਚੋ, ਫੁੱਟ ਦਾ ਸ਼ਿਕਾਰ ਨਾ ਬਣੋ, ਪੰਥ ਵਿੱਚ ਏਕਤਾ ਕਾਇਮ ਰੱਖੋ ਕਿਉਂਕਿ ਜਿਨ੍ਹਾਂ ਘਰਾ ਵਿੱਚ ਫੁੱਟ ਪੈ ਜਾਵੇ ਉਹ ਘਰ ਤਬਾਹ ਹੋ ਜਾਂਦੇ ਹਨ। ਪੰਥ ਦੀ ਚੜ੍ਹਦੀ ਕਲਾ ਲਈ ਸਭ ਨੂੰ ਰਲ ਕੇ ਚੱਲਣ ਦੀ ਲੋੜ ਹੈ।

ਸੰਤ ਭਿੰਡਰਾਂਵਾਲਿਆਂ ਵੱਲੋਂ ਨਿਰੰਕਾਰੀਆਂ ਦੇ ਭਵਨ ਬੰਦ ਕਰਵਾਉਣ ਦੀ ਮੁਹਿੰਮ ਨੂੰ ਸਿੱਖ ਪੰਥ ਵੱਲੋਂ ਭਰਵਾਂ ਹੁੰਗਾਰਾ

ਸੰਤ ਜਰਨੈਲ ਸਿੰਘ ਖ਼ਾਲਸਾ ਵੱਲੋਂ ਨਕਲੀ ਨਿਰੰਕਾਰੀਆਂ ਦੇ ਭਵਨ ਬੰਦ ਕਰਵਾਉਣ ਦੀ ਮੁਹਿੰਮ ਨੂੰ ਸਿੱਖਾਂ ਨੇ ਇਨਾ ਭਰਵਾਂ ਹੁੰਗਾਰਾ ਦਿੱਤਾ ਕਿ 27 ਅਗਸਤ 1978 ਤੋ ਬਾਅਦ ਪੰਜਾਬ ਵਿਚਲਾ ਇਨ੍ਹਾਂ ਦਾ ਕੋਈ ਵੀ ਭਵਨ

Scanned with CamScanner

ਨਹੀਂ ਪੱਲ੍ਹਣ ਦਿੱਤਾ ਗਿਆ। ਸੰਤਾਂ ਵੱਲੋਂ ਪੰਜਾਬ ਵਿੱਚ ਚੱਲ ਰਹੀਆਂ ਸਰਗਰਮੀਆਂ ਦਾ ਹਿੰਦੁਸਤਾਨ ਭਰ ਦੇ ਸਿੱਖਾਂ 'ਤੇ ਇੰਨਾ ਅਸਰ ਪਿਆ ਕਿ ਹਰ ਥਾਂ 'ਤੇ ਨਿਸ਼ਠਾਵਾਨ ਸਿੱਖਾਂ ਨੇ ਫੈਸਲਾ ਕਰ ਲਿਆ ਕਿ ਕਿਸੇ ਵੀ ਥਾਂ 'ਤੇ ਨਿਰੰਕਾਰੀਆਂ ਨੂੰ ਇਨ੍ਹਾਂ ਦਾ ਅਖੌਤੀ ਸਤਿਸੰਗ ਨਹੀਂ ਕਰਨ ਦਿੱਤਾ ਜਾਵੇਗਾ। ਪੰਜਾਬ ਵਿਚਲੀਆਂ ਨਕਲੀ ਨਿਰੰਕਾਰੀਆਂ ਦੀਆਂ ਗਤੀਵਿਧੀਆਂ ਠੱਪ ਹੋ ਜਾਣ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਤੋਂ ਬਾਹਰ ਦੂਸਰੇ ਸੂਬਿਆਂ ਵੱਲ ਆਪਣੀਆਂ ਸਰਗਰਮੀਆਂ ਦਾ ਰੁਖ ਮੋੜਿਆ।

ਇਲਾਹਾਬਾਦ, ਆਜਮਗੜ੍ਹ, ਵਾਰਾਨਸੀ ਵਿਖੇ ਸਿੱਖਾਂ ਨੇ ਨਿਰੰਕਾਰੀਆਂ ਦੇ ਜਲਸੇ ਨਾ ਹੋਣ ਦਿੱਤੇ

ਪੰਜਾਬ ਵਿੱਚ ਸਿੱਖਾਂ ਵੱਲੋਂ ਨਕਲੀ ਨਿਰੰਕਾਰੀਆਂ ਦੇ ਭਾਰੀ ਵਿਰੋਧ ਕਾਰਨ ਪੰਜਾਬ ਵਿਚਲੀਆਂ ਇਨ੍ਹਾਂ ਦੀਆਂ ਸਰਗਰਮੀਆਂ ਲਗਭਗ ਠੱਪ ਹੋ ਗਈਆਂ ਸਨ ਜਿਸ ਕਾਰਨ ਇਹ ਮਾਯੂਸ ਵੀ ਸਨ ਅਤੇ ਬਦਲਵੇਂ ਰੂਪ ਵਿੱਚ ਇਸਦਾ ਜਵਾਬ ਦੇਣਾ ਚਾਹੁੰਦੇ ਸਨ। ਜਿਸ ਤਹਿਤ 25 ਸਤੰਬਰ 1978 ਨੂੰ ਇਲਾਹਾਬਾਦ, ਵਾਰਾਨਸੀ ਅਤੇ ਆਜਮਗੜ੍ਹ ਤਿੰਨਾਂ ਸ਼ਹਿਰਾਂ ਵਿੱਚ ਨਿਰੰਕਾਰੀ ਸੰਮੇਲਨ ਕਰਨ ਦਾ ਐਲਾਨ ਕੀਤਾ। ਪਰ ਉਥੋਂ ਦੇ ਸੁਹਿਰਦ ਸਿੱਖਾਂ ਨੇ ਵੀ ਫੈਸਲਾ ਕਰ ਲਿਆ ਕਿ ਇੱਥੇ ਇਨ੍ਹਾਂ ਦਾ ਜਲਸਾ ਨਹੀਂ ਹੋਣ ਦਿੱਤਾ ਜਾਵੇਗਾ। ਇਸ ਗੱਲ ਦਾ ਕਿਸੇ ਨੂੰ ਵੀ ਇਲਮ ਨਹੀਂ ਸੀ ਕਿ ਪੰਜਾਬ ਤੋਂ ਬਾਹਰ ਵੀ ਸਿੱਖ ਏਡੀ ਵੱਡੀ ਪੱਧਰ 'ਤੇ ਇਨ੍ਹਾਂ ਦੇ ਏਡੀ ਜਲਸੇ ਦਾ ਵਿਰੋਧ ਕਰ ਸਕਦੇ ਹਨ। ਸੋ 25 ਸਤੰਬਰ ਨੂੰ ਇਲਾਹਾਬਾਦ, ਵਾਰਾਨਸੀ, ਆਜਮਗੜ੍ਹ ਵਿਖੇ ਸਿੱਖਾਂ ਨੇ ਇਕੱਠਿਆਂ ਹੋ ਕੇ ਜ਼ਬਰਦਸਤ ਵਿਰੋਧ ਕੀਤਾ ਜਿਸ ਕਾਰਨ ਨਕਲੀ ਨਿਰੰਕਾਰੀ ਮੁਖੀ ਬਿਨਾਂ ਜਲਸਾ ਕੀਤਿਆਂ ਹੀ ਉਥੋਂ ਵਾਪਸ ਪਰਤ ਗਿਆ।

26 ਸਤੰਬਰ 1978 ਨੂੰ ਕਾਨਪੁਰ ਵਿਖੇ ਨਕਲੀ ਨਿਰੰਕਾਰੀਆਂ ਵੱਲੋਂ ਸਿੱਖਾਂ ਦਾ ਕਤਲੇਆਮ

25 ਸਤੰਬਰ ਦੇ ਅਲਾਹਾਬਾਦ, ਵਾਰਾਨਸੀ, ਆਜਮਗੜ੍ਹ ਵਿਖੇ ਸਿੱਖਾਂ ਵੱਲੋਂ ਜਲਸੇ ਨਾ ਹੋਣ ਦੇਣ ਦੇ ਕਾਰਨ ਇਨ੍ਹਾਂ ਨੂੰ ਹੋਰ ਵੀ ਮਾਯੂਸੀ ਦਾ ਸਾਹਮਣਾ ਕਰਨਾ ਪਿਆ। ਕਾਨਪੁਰ ਵਿਖੇ ਆਪਣੇ ਜਲਸੇ ਨੂੰ ਸਫਲ ਬਣਾਉਣ ਲਈ 25 ਸਤੰਬਰ ਨੂੰ ਰਾਤ ਦੇ 9 ਵਜੇ ਭਾਰੀ ਲਾਮ ਲਕਸ਼ਰ ਸਮੇਤ ਨਕਲੀ ਨਿਰੰਕਾਰੀ ਮੁਖੀ ਕਾਨਪੁਰ ਪਹੁੰਚ ਗਏ। ਅਗਲੇ ਦਿਨ ਭਾਵ 26 ਸਤੰਬਰ ਨੂੰ ਉਸ ਨੇ ਇੱਕ ਜਲਸਾ ਕਾਨਪੁਰ ਵਿਖੇ ਰੱਖਿਆ ਹੋਇਆ ਸੀ ਜਿਸ ਪ੍ਰਤੀ ਉਸ ਦੇ ਮਨ ਵਿੱਚ ਤੌਖਲਾ ਪਣਪਨ ਲੱਗਾ ਕਿ ਸ਼ਾਇਦ ਉਥੇ ਵੀ ਮੈਨੂੰ ਸਿੱਖਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪ੍ਰਵੇਗਾ। ਇਸ ਲਈ ਉਸ ਨੇ ਕੇਂਦਰ ਸਰਕਾਰ ਤੋਂ ਸੂਬਾ ਸਰਕਾਰ ਨੂੰ ਸ਼ਖਤ ਹਦਾਇਤਾਂ ਕਰਾਈਆਂ ਕਿ ਕਾਨਪੁਰ ਵਿਖੇ ਹੋ ਰਹੇ ਜਲਸੇ ਲਈ ਭਾਰੀ ਫੋਰਸ ਦਾ ਇੰਤਜ਼ਾਮ ਕੀਤਾ ਜਾਵੇ ਤਾਂ ਕਿ ਕਾਨਪੁਰ ਵਿਖੇ ਜਲਸਾ ਹਰ ਹਾਲਤ ਵਿੱਚ ਕੀਤਾ ਜਾ ਸਕੇ। ਇਸ ਤਰ੍ਹਾਂ ਕਾਨਪੁਰ ਵਿੱਚ ਯੂਪੀ ਪੁਲਿਸ ਦੀਆਂ ਬੰਦੂਕਾਂ ਦੀ ਛਾਂ ਹੇਠ ਜਲਸਾ ਕਰਨ ਦੀ ਯੋਜਨਾ ਬਣਾ ਕੇ ਮਿੱਥੇ ਸਮੇਂ 'ਤੇ ਜਲਸਾ ਅਰੰਭ ਕਰ ਦਿੱਤਾ। ਜਿਸ ਵਿੱਚ ਇਸ ਮਿਸ਼ਨ ਦਾ ਮੁਖੀ ਗੁਰਬਚਨ ਸਿੰਘ ਵੀ ਪਹੁੰਚ ਚੁੱਕਾ ਸੀ।

ਦੂਜੇ ਪਾਸੇ ਕਾਨਪੁਰ ਦੇ ਸਿੱਖਾਂ ਨੇ ਵੀ ਪੂਣ ਕਰ ਲਿਆ ਸੀ ਕਿ ਨਿਰੰਕਾਰੀਆਂ ਵੱਲੋਂ ਕੀਤੇ ਜਾ ਰਹੇ ਜਲਸੇ ਦੌਰਾਨ ਗੁਰਬਾਣੀ ਅਤੇ ਗੁਰੂ ਸਾਹਿਬਾਨਾਂ ਦਾ ਕੀਤਾ ਜਾਣ ਵਾਲਾ ਅਪਮਾਨ ਉਹ ਆਪਣੇ ਕੰਨੀ ਨਹੀਂ ਸੁਣ ਸਕਦੇ। ਇਸ ਲਈ ਉਸ ਦੇ ਜਲਸੇ ਨੂੰ ਰੋਕਣ ਲਈ ਵੱਡੀ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੰਤਵ ਲਈ ਵੱਡੀ ਪੱਧਰ 'ਤੇ ਸਿੱਖ ਸੰਗਤ ਗੁਰਦੁਆਰਾ ਗੋਬਿੰਦਪੁਰੀ ਵਿਖੇ ਇਕੱਤਰ ਹੋਈ ਜਿਸ ਵਿੱਚ ਸਭ ਰਾਜਸੀ ਪਾਰਟੀਆਂ ਦੇ ਆਗੂ ਸ਼ਾਮਿਲ ਸਨ। ਇਸ ਤੋਂ ਇਲਾਵਾ ਔਰਤਾਂ ਅਤੇ ਬੱਚੇ ਵੀ ਇਸ ਇਕੱਤਰਤਾ ਵਿੱਚ ਸ਼ਾਮਿਲ ਸਨ। ਇਸ ਤਰ੍ਹਾਂ ਸੰਗਤਾਂ ਕਾਫਲੇ ਦੇ ਰੂਪ ਵਿੱਚ ਗੁਰਦੁਆਰਾ ਗੋਬਿੰਦਪੁਰੀ ਤੋਂ ਜਲਸੇ ਵਾਲੀ ਥਾਂ ਵੱਲ ਨੂੰ ਚੱਲ ਪਈਆਂ ਜੋ ਕਿ ਲਗਭਗ 3 ਕਿਲੋਮੀਟਰ ਦੀ ਦੂਰੀ 'ਤੇ ਸੀ। ਜਿਉਂ ਹੀ ਇਹ ਸ਼ਾਂਤਮਈ ਜਲੂਸ ਨਿਰੰਕਾਰੀਆ ਦੇ ਜਲਸੇ ਵਾਲੀ ਥਾਂ ਦੇ ਨੇੜੇ ਪਹੁੰਚਿਆ ਤਾਂ ਦੰਭੀ ਨਿਰੰਕਾਰੀਆਂ ਵੱਲੋਂ ਸਿੱਖ ਸਿਧਾਂਤਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਸੀ। ਜਿਸ ਨੂੰ ਸੁਣਦਿਆਂ ਸਾਰ ਜਲੂਸ ਵਿੱਚ ਸ਼ਾਮਿਲ ਸਿੱਖ ਸੰਗਤਾਂ ਦੇ ਜਜ਼ਬਾਤ ਭੜਕੇ ਅਤੇ ਉਨ੍ਹਾਂ ਨੇ ਜੋਸ਼ ਨਾਲ ਜੈਕਾਰੇ ਛੱਡੇ ਅਤੇ

Scanned with CamScanner

ਲਗਾਤਾਰ ਡੰਡਦੇ ਰਹੇ। ਸਿੱਖਾਂ ਦੇ ਜੈਕਾਰਿਆਂ ਦੀ ਗੂੰਜ ਸੁਣ ਕੇ ਨਿਰੰਕਾਰੀਆਂ ਦੇ ਜਲਸੇ ਵਿੱਚ ਵੀ ਹਫੜਾ-ਦਫੜੀ ਮੱਚ ਗਈ ਜਿਸ ਕਾਰਨ ਇਨ੍ਹਾਂ ਦਾ ਮੁਖੀ ਗੁਰਬਚਨ ਸਿੰਘ ਚੱਲਦੇ ਜਲਸੇ ਨੂੰ ਛੱਡ ਕੇ ਭਵਨ ਦੀਆਂ ਪੌੜੀਆਂ ਚੜ੍ਹਦਾ ਹੋਇਆ ਉੱਪਰਲੀ ਮੰਜ਼ਿਲ 'ਤੇ ਚਲਾ ਗਿਆ ਅਤੇ ਬੰਲਿਓਂ ਪੌੜੀਆਂ ਦੇ ਦਰਵਾਜੇ ਬੰਦ ਕਰ ਦਿੱਤੇ ਗਏ। ਪਰ ਕਾਨਪੁਰ ਦੇ ਕੁੱਝ ਪੁਲਿਸ ਅਫਸਰ ਜਿਨ੍ਹਾਂ ਨੂੰ ਪਹਿਲਾਂ ਹੀ ਹਦਾਇਤਾਂ ਹੋ ਚੁੱਕੀਆਂ ਸਨ ਕਿ ਅਜਿਹਾ ਹੋਣ 'ਤੇ ਸਿੱਖਾਂ ਨੂੰ ਸਬਕ ਸਿਖਾਉਣਾ ਹੈ। ਉਨ੍ਹਾਂ ਨੇ ਪੁਲਿਸ ਫੋਰਸ ਨੂੰ ਸਿੱਖਾਂ ਉੱਪਰ ਗੋਲੀਆਂ ਚਲਾਉਣ ਦਾ ਹੁਕਮ ਦੇ ਦਿੱਤਾ। ਇਸ ਤੋਂ ਬਾਅਦ ਪੱਥਰਬਾਜੀ ਕੀਤੀ, ਅੱਥਰੂ ਗੈਸ ਦੇ ਗੋਲੇ ਸੁੱਟਦਿਆਂ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ ਜਿਸ ਕਾਰਨ 9 ਸਿੰਘ ਅਤੇ ਇੱਕ ਬੀਬੀ ਨੂੰ ਮੌਕੇ 'ਤੇ ਹੀ ਸ਼ਹੀਦ ਕਰ ਦਿੱਤਾ ਗਿਆ ਅਤੇ ਇਸ ਖੂਨੀ ਕਾਂਡ ਵਿੱਚ 74 ਦੇ ਲਗਭਗ ਸਿੱਖ ਗੰਭੀਰ ਜ਼ਖਮੀ ਹੋ ਗਏ। ਇਸ ਖੂਨ ਖਰਾਬੇ ਤੋਂ ਤੁਰੰਤ ਬਾਅਦ ਅਖੌਤੀ ਨਿਰੰਕਾਰੀ ਮੁਖੀ ਹਵਾਈ ਜਹਾਜ ਰਾਹੀਂ ਦਿੱਲੀ ਪਹਤ ਗਿਆ। ਨਿਰੰਕਾਰੀਆਂ ਵੱਲੋਂ ਭਾਰੀ ਹੰਕਾਰ ਵਿੱਚ ਕੀਤੇ ਗਏ ਖੂਨੀ ਕਾਂਡ ਨਾਲ ਕੇਵਲ ਯੂਪੀ ਵਿੱਚ ਹੀ ਨਹੀਂ ਬਲਕਿ ਭਾਰਤ ਭਰ ਦੇ ਸਿੱਖਾਂ ਵਿੱਚ ਰੋਸ ਹੋਰ ਵਧਿਆ ਅਤੇ ਸਿੱਖੀ ਪ੍ਰਤੀ ਅਵੇਸਲੀ ਪਈ ਮਾਨਸਿਕਤਾ ਪੂਰੀ ਤਰ੍ਹਾਂ ਝੰਜੋੜੀ ਗਈ। ਕਾਨਪੁਰ ਵਿਖੇ ਸ਼ਹੀਦੀਆਂ ਪਾਉਣ ਵਾਲਿਆਂ ਦੇ ਨਾਮ ਇਸ ਤਰ੍ਹਾਂ ਹਨ:

1. ਬੀਬੀ ਦਰਸ਼ਨ ਕੌਰ 2. ਭਾਈ ਜਗਜੀਤ ਸਿੰਘ 3. ਭਾਈ ਹਰਚਰਨ ਸਿੰਘ 4. ਜਥੇਦਾਰ ਕਰਮ ਸਿੰਘ 5. ਜਥੇਦਾਰ ਕਿਸ਼ਨ ਸਿੰਘ 6. ਬਾਬਾ ਕਸ਼ਮੀਰਾ ਸਿੰਘ 7. ਬਾਬਾ ਮਨਮੋਹਨ ਸਿੰਘ 8. ਭਾਈ ਗੁਰਬੀਰ ਸਿੰਘ 9. ਭਾਈ ਬਲਵੰਤ ਸਿੰਘ 10. ਭਾਈ ਗੁਰਜੀਤ ਸਿੰਘ।

ਕਾਨਪੁਰ ਦੇ ਇਸ ਗੋਲੀ ਕਾਂਡ ਨੇ ਸਿੱਖ ਭਾਈਚਾਰੇ ਵਿੱਚ ਸਰਕਾਰ ਅਤੇ ਨਿਰੰਕਾਰੀਆਂ ਖਿਲਾਫ ਪੈਦਾ ਹੋ ਚੁੱਕੇ ਰੋਹ ਵਿੱਚ ਹੋਰ ਵਾਧਾ ਕਰ ਦਿੱਤਾ। ਜਿਸ ਕਾਰਨ 27 ਸਤੰਬਰ ਨੂੰ ਸ੍ਰੀ ਅੰਮ੍ਰਿਤਸਰ, ਦਿੱਲੀ, ਮੁੰਬਈ, ਲਖਨਊ, ਕਾਨਪੁਰ, ਗੰਗਾ ਨਗਰ ਅਤੇ ਹੋਰ ਵੱਡੇ-ਵੱਡੇ ਸ਼ਹਿਰਾਂ ਵਿੱਚ ਰੋਸ ਵਜੋਂ ਇੱਕ ਦਿਨ ਲਈ ਬੰਦ ਦਾ ਸੱਦਾ ਦੇ ਦਿੱਤਾ ਜਿਸ ਕਾਰਨ ਇਨ੍ਹਾਂ ਸ਼ਹਿਰਾਂ ਵਿੱਚ ਖਾਸਕਰ ਸਿੱਖਾਂ ਵੱਲੋਂ ਅਤੇ ਆਮ ਲੋਕਾਂ ਵੱਲੋਂ ਮੁਕੰਮਲ ਹੜਤਾਲ ਰੱਖੀ ਗਈ।

28 ਸਤੰਬਰ ਨੂੰ ਕਾਨਪੁਰ 'ਚ ਕਤਲੇਆਮ ਦੌਰਾਨ ਸ਼ਹੀਦਾਂ ਦੀਆਂ ਲਾਸ਼ਾਂ ਸਮੇਤ ਇੱਕ ਵੱਡਾ ਜਲੂਸ ਕੱਢਿਆ ਗਿਆ। ਜਿਸ ਵਿੱਚ ਕਾਨਪੁਰ ਦਾ ਹਰ ਇੱਕ ਸਿੱਖ ਪਰਿਵਾਰ ਸ਼ਾਮਿਲ ਹੋਇਆ ਅਤੇ ਨੇੜ-ਤੇੜ ਦੇ ਇਲਾਕਿਆਂ ਵਿੱਚੋਂ ਵੀ ਸਿੱਖ ਸੰਗਤਾਂ ਨੇ ਇਸ ਮਾਤਮੀ ਜਲੂਸ ਵਿੱਚ ਸ਼ਮੂਲੀਅਤ ਕੀਤੀ।

ਇਸ ਦੁਖਦਾਈ ਘਟਨਾ ਦਾ ਪਤਾ ਲੱਗਦਿਆਂ ਹੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜਥੇ ਦੇ ਕੁੱਝ ਸਿੰਘਾਂ ਨਾਲ ਅੰਬੈਸਡਰ ਕਾਰ ਰਾਹੀਂ ਕਾਨਪੁਰ ਨੂੰ ਰਵਾਨਾ ਹੋ ਗਏ। ਅੰਬਾਲੇ ਤੋਂ 10 ਕੁ ਕਿਲੋਮੀਟਰ ਅੱਗੇ ਕਾਰ ਖਰਾਬ ਹੋ ਗਈ ਜਿਸ ਕਾਰਨ ਸੰਤ ਜੀ ਆਪ ਇਨ੍ਹਾਂ ਸ਼ਹੀਦ ਸਿੰਘਾਂ ਦੇ ਸਸਕਾਰ 'ਤੇ ਨਹੀਂ ਪਹੁੰਚ ਸਕੇ, ਪਰ ਅੰਬਾਲੇ ਤੋਂ ਹੀ ਜਥੇਦਾਰ ਰਾਮ ਸਿੰਘ ਸੁਲਤਾਨਪੁਰ ਵਾਲੇ ਅਤੇ ਸ. ਤੇਜਵੰਤ ਸਿੰਘ ਨੂੰ ਰੇਲ ਗੱਡੀ ਰਾਹੀਂ ਕਾਨਪੁਰ ਭੇਜਿਆ।

ਕਾਨਪੁਰ ਦੀ ਇਸ ਘਟਨਾ ਨਾਲ ਇੱਕ ਹਕੀਕਤ ਉੱਭਰ ਕੇ ਸਾਹਮਣੇ ਆਈ ਕਿ ਧਰਮ ਦੇ ਸਵਾਲ 'ਤੇ ਸਾਰੇ ਸਿੱਖ ਇਕਮੁਠ ਹਨ ਭਾਵੇਂ ਉਹ ਕਿਸੇ ਵੀ ਸਿਆਸੀ ਪਾਰਟੀ ਵਿੱਚ ਹੋਣ। ਸ਼ਬਦ ਗੁਰੂ ਦੀ ਮਹਾਨਤਾ ਨੂੰ ਚੈਲੰਿਜ ਕਰਨ ਵਾਲੇ ਅਖੌਤੀ ਗੁਰੂ-ਡੰਮ੍ਹ ਦੇ ਖਿਲਾਫ ਸਮੂਹ ਸਿੱਖ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਦਿੱਤੇ ਜਾ ਰਹੇ ਮਾਰਗ ਦਰਸ਼ਨ ਨੂੰ ਸਹੀ ਸਮਝਦੇ ਸਨ।

ਕਾਨਪੁਰ ਦੇ ਸ਼ਹੀਦ ਸਿੰਘਾਂ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ

4 ਅਕਤੂਬਰ 1978 ਨੂੰ ਇਥੇ ਕਾਨਪੁਰ ਵਿਖੇ ਸ਼ਹੀਦ ਹੋਏ ਸਿੰਘਾਂ ਦਾ ਭੋਗ ਗੁਰਦੁਆਰਾ ਗੋਬਿੰਦਪੁਰੀ ਕਾਨਪੁਰ ਵਿਖੇ ਪਾਇਆ ਗਿਆ। ਇਥੇ ਸ਼ਹਿਰ ਦੀਆਂ ਸੰਗਤਾਂ ਦਾ ਭਾਰੀ ਇਕੱਠ ਹੋਇਆ। ਹੋਰ ਸੂਬਿਆਂ ਵਿੱਚੋਂ ਵੀ ਚੋਣਵੇ ਸਿੱਖ ਆਗੂ ਇਸ ਸੋਕ ਸਮਾਗਮ ਵਿੱਚ ਪਹੁੰਚੇ ਹੋਏ ਸਨ ਅਤੇ ਪੰਜਾਬ ਤੋਂ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ, ਅਕਾਲੀ ਦਲ ਮਾਸਟਰ ਦੇ ਪ੍ਰਧਾਨ ਜਥੇਦਾਰ ਰਛਪਾਲ ਸਿੰਘ, ਅਕਾਲੀ ਆਗੂ ਸ. ਸੁਖਦੇਵ ਸਿੰਘ ਢੀਡਸਾ ਆਦਿ ਪਹੁੰਚੇ ਹੋਏ ਸਨ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ

Scanned with CamScanner

ਵੀ ਜੱਥੇ ਸਮੇਤ ਉੱਥੇ ਪਹੁੰਚ ਗਏ। ਭੋਗ ਦੇ ਸਮੇਂ ਵੱਖ-ਵੱਖ ਸਿੱਖ ਆਗੂਆਂ ਨੇ ਇਸ ਗੋਲੀ ਕਾਂਡ ਲਈ ਨਕਲੀ ਨਿਰੰਕਾਰੀਆਂ ਨੂੰ ਮੁੱਖ ਦੋਸ਼ੀ ਮੰਨਦਿਆਂ ਗੰਭੀਰ ਨੋਟਿਸ ਲਿਆ ਕਿ ਸਿੱਖ ਸਿਧਾਂਤਾਂ ਨੂੰ ਖਤਮ ਕਰਨ ਲਈ ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਵੀ ਇਨ੍ਹਾਂ ਨਕਲੀ ਨਿਰੰਕਾਰੀਆਂ ਨੂੰ ਸਿੱਧੇ ਤੌਰ 'ਤੇ ਸ਼ਹਿ ਦੇ ਰਹੀਆਂ ਹਨ। ਜਿਸ ਨੂੰ ਖ਼ਾਲਸਾ ਪੰਥ ਕਦਾਚਿਤ ਬਰਦਾਸ਼ਤ ਨਹੀਂ ਕਰ ਸਕਦਾ।

ਇਸੇ ਤਰ੍ਹਾਂ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਆਪਣੇ ਵਿਚਾਰ ਰੱਖਦਿਆਂ ਆਖਿਆ ਕਿ ਅਸੀਂ ਇਨ੍ਹਾਂ ਮਹਾਨ ਸ਼ਹੀਦਾਂ ਦੇ ਵਰਜ਼ਦਾਰ ਹਾਂ ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਮੰਨਦਿਆਂ ਇਨ੍ਹਾਂ ਦੰਭੀ ਨਿਰੰਕਾਰੀਆਂ ਵੱਲੋਂ ਸਿੱਖ ਪੰਥ ਦੇ ਅਸੂਲਾਂ ਅਤੇ ਸਿੱਖ ਗੁਰੂਆਂ ਪ੍ਰਤੀ ਬੋਲੀ ਜਾ ਰਹੀ ਅਪਮਾਨਜਨਕ ਭਾਸ਼ਾ ਨੂੰ ਰੋਕਣ ਲਈ ਭਾਰੀ ਰੋਸ ਵਿਖਾਵਾ ਕੀਤਾ। ਕੀ ਭਾਰਤ ਵਿੱਚ ਸਿੱਖ ਸ਼ਾਂਤਮਈ ਰੋਸ ਮੁਜਾਹਰਾ ਵੀ ਨਹੀਂ ਕਰ ਸਕਦੇ? ਜੇਕਰ ਅਜਿਹਾ ਨਹੀਂ ਕਰ ਸਕਦੇ ਤਾਂ ਸਾਨੂੰ ਸਮੁੱਚੇ ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਸ ਦੇਸ਼ ਵਿੱਚ ਅਸੀਂ ਕਿੰਨੇ ਕੁ ਆਜ਼ਾਦ ਹਾਂ। ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸੱਚੇ ਦਿਲੋਂ ਇਹੀ ਸ਼ਰਧਾਂਜਲੀ ਹੋਵੇਗੀ ਕਿ ਅਸੀਂ ਨਿੱਜੀ ਵਿਵਾਦਾਂ ਤੋਂ, ਰਾਜਨੀਤਿਕ ਧੜੇਬੰਦੀਆਂ ਤੋਂ, ਜਾਤੀ ਫਿਰਕੇ ਤੋਂ ਅਤੇ ਹਰ ਤਰ੍ਹਾਂ ਦੇ ਛੋਟੇ-ਮੋਟੇ ਵਖਰੇਵੇਂ ਤੋਂ ਉਪਰ ਉਠ ਕੇ ਧਾਰਮਿਕ ਰਵਾਇਤਾਂ ਲਈ ਅਤੇ ਗੁਰੂ ਸਾਹਿਬਾਨਾਂ ਦੇ ਅਦਬ ਸਤਿਕਾਰ ਲਈ ਇੱਕਮੁਠ ਹੋਈਏ। ਮੈਂ ਇੱਥੇ ਦੇ ਸਿੱਖਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਹਰ ਤਰ੍ਹਾਂ ਤੁਹਾਡੇ ਨਾਲ ਹਾਂ ਅਤੇ ਇਸ ਗੱਲ 'ਤੇ ਵੀ ਭਰੋਸਾ ਰੱਖਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸੀਮ ਸ਼ਕਤੀ ਹੈ ਜਿਸ ਦੀ ਕ੍ਰਿਪਾ ਨਾਲ ਇਨ੍ਹਾਂ ਨਕਲੀ ਨਿਰੰਕਾਰੀਆਂ ਦੇ ਝੂਠੇ ਪ੍ਰਚਾਰ ਨੂੰ ਠੱਲ੍ਹ ਪਾਈ ਜਾ ਸਕੇਗੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਆਪਣੇ ਆਪ ਨੂੰ ਗੁਰੂ ਸਥਾਪਿਤ ਕਰਨ ਵਾਲੇ ਇਨ੍ਹਾਂ ਅਧੰਤੀ ਨਿਰੰਕਾਰੀਆਂ ਨੂੰ ਸਬਕ ਸਿਖਾਇਆ ਜਾ ਸਕੇਗਾ। ਸਮੁੱਚੀ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ 'ਤੇ ਭਰੋਸਾ ਰੱਖੋ, ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਰਹੋ, ਗੁਰੂ ਦੀ ਕ੍ਰਿਪਾ ਨਾਲ ਕੂੜ ਦੇ ਬੱਦਲ ਆਪਣੇ ਆਪ ਖਤਮ ਹੋ ਜਾਣਗੇ।

ਦਿੱਲੀ ਦੇ ਸਿੱਖਾਂ ਵੱਲੋਂ ਕਾਨਪੁਰ ਵਿਖੇ ਸ਼ਹੀਦ ਹੋਏ ਸਿੱਖਾਂ ਦੇ ਰੋਸ ਵਜੋਂ ਰੋਸ ਮਾਰਚ

30.09.78 ਨੂੰ ਦਿੱਲੀ ਦੇ ਸਿੱਖਾਂ ਨੇ ਕਾਨਪੁਰ ਵਿਖੇ ਸ਼ਹੀਦ ਹੋਏ ਸਿੱਖਾਂ ਦੇ ਨਮਿੱਤ ਰੋਸ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਉਲੀਕਿਆ। ਇਸ ਸਬੰਧ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਸੇਠੀ ਨੇ ਦਿੱਲੀ ਦੀਆਂ ਸਭ ਸਿੰਘ ਸਭਾਵਾਂ ਨੂੰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਇਕੱਤਰ ਹੋਣ ਲਈ ਸੰਦੇਸ਼ ਭੇਜਿਆ। ਇਸ ਤਰ੍ਹਾਂ ਗੁਰਦੁਆਰਾ ਸਾਹਿਬ ਵਿਖੇ ਵੱਡੀ ਪੱਧਰ 'ਤੇ ਸਿੱਖ ਸੰਗਤਾਂ ਇਕੱਤਰ ਹੋਈਆਂ। ਜਿਸ ਵਿੱਚ ਗੁਰਮਤਾ ਕੀਤਾ ਗਿਆ ਕਿ ਸੰਗਤਾਂ ਵੱਲੋਂ ਭਾਰਤ ਦੇ ਉਪ ਰਾਸ਼ਟਰਪਤੀ ਨੂੰ ਰੋਸ ਪੱਤਰ ਦਿੱਤਾ ਜਾਵੇ। ਇਸ ਸਬੰਧ ਵਿੱਚ ਸੰਗਤਾਂ ਜਲੂਸ ਦੀ ਸ਼ਕਲ ਵਿੱਚ ਗੁਰਦੁਆਰਾ ਬੰਗਲਾ ਸਾਹਿਬ ਤੋਂ ਚੱਲੀਆਂ ਜਿਨ੍ਹਾਂ ਵਿੱਚ ਸ. ਜਸਵੰਤ ਸਿੰਘ ਸੇਠੀ, ਜਥੇਦਾਰ ਸੰਤੋਖ ਸਿੰਘ, ਜਥੇਦਾਰ ਰਛਪਾਲ ਸਿੰਘ, ਪ੍ਰੋਫੈਸਰ ਜਸਵੰਤ ਸਿੰਘ ਫੂਲ, ਸ. ਕ੍ਰਿਪਾਲ ਸਿੰਘ ਸੰਗਤਪੁਰੀ, ਸ. ਅਵਤਾਰ ਸਿੰਘ ਹਿਤ, ਸ. ਕੁਲਦੀਪ ਸਿੰਘ ਭੋਗਲ ਅਤੇ ਹੋਰ ਆਗੂ ਸ਼ਾਮਿਲ ਸਨ। ਜਲੂਸ ਦੇ ਪ੍ਰਬੰਧਕਾਂ ਨੇ ਯੂਪੀ ਪੁਲਿਸ ਵੱਲੋਂ ਕਾਨਪੁਰ ਦੇ ਸਿੱਖਾਂ ਉਪਰ ਕੀਤੇ ਗਏ ਅੱਤਿਆਚਾਰ ਅਤੇ ਮਾਰੇ ਗਏ ਸਿੱਖਾਂ ਦੇ ਸਬੰਧ ਵਿੱਚ ਇੱਕ ਰੋਸ ਪੱਤਰ ਭਾਰਤ ਦੇ ਉਪ ਰਾਸ਼ਟਰਪਤੀ ਸ੍ਰੀ ਬੀ. ਡੀ. ਜਤੀ ਨੂੰ ਦਿੱਤਾ।

ਅਕਤੂਬਰ 1978 ਦੀ ਲੁਧਿਆਣਾ ਵਿਖੇ ਸਰਬਹਿੰਦ ਅਕਾਲੀ ਦਲ ਕਾਨਫਰੰਸ

28 ਅਕਤੂਬਰ 1978 ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਲੁਧਿਆਣਾ ਵਿਖੇ ਸਰਬਹਿੰਦ ਅਕਾਲੀ ਕਾਨਫਰੰਸ ਕਰਨ ਦਾ ਪ੍ਰੋਗਰਾਮ ਉਲੀਕਿਆ ਜਿਸ ਦੀਆਂ ਵੱਡੀ ਪੱਧਰ 'ਤੇ ਤਿਆਰੀਆਂ ਕੀਤੀਆਂ ਗਈਆਂ। ਕਿਉਂਕਿ ਇਸ ਕਾਨਫਰੰਸ ਵਿੱਚ ਜਿਥੇ ਭਾਰਤ ਭਰ ਵਿੱਚੋਂ ਵੱਖ-ਵੱਖ ਸੂਬਿਆਂ ਦੇ ਅਕਾਲੀ ਜਥੇਦਾਰ ਪਹੁੰਚਣੇ ਸਨ ਉਥੇ ਵਿਸ਼ੇਸ਼ ਤੌਰ 'ਤੇ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਜੀ ਨੇ ਵੀ ਇਸ ਕਾਨਫਰੰਸ ਵਿੱਚ ਸ਼ਮੂਲੀਅਤ ਕਰਨੀ ਸੀ। ਇਸ

Scanned with CamScanner

ਸਬੰਧ ਵਿੱਚ ਲੁਧਿਆਣਾ ਵਿਖੇ 26 ਅਕਤੂਬਰ ਨੂੰ ਅਕਾਲੀ ਦਲ ਵੱਲੋਂ ਇੱਕ ਵਿਸ਼ਾਲ ਜਲੂਸ ਕੱਢਿਆ ਗਿਆ। ਇਸ ਜਲੂਸ ਵਿੱਚ ਸਭ ਤੋਂ ਅੱਗੇ ਕੇਸਰੀ ਨਿਸ਼ਾਨ ਸਾਹਿਬ ਵਾਲੇ ਪੰਜ ਪਿਆਰੇ ਘੋੜਿਆਂ 'ਤੇ ਸਵਾਰ ਸਨ। ਜਲੂਸ ਵਿੱਚ ਹਜ਼ਾਰਾਂ ਹੀ ਲੋਕ ਸ਼ਾਮਿਲ ਹੋਏ। ਸਾਈਕਲ ਸਕੂਟਰ, ਜੀਪਾਂ, ਕਾਰਾਂ, ਬੱਸਾਂ, ਟਰੱਕਾਂ, ਟਰਾਲੀਆਂ ਅਤੇ ਪੈਦਲ ਚੱਲਣ ਵਾਲਿਆਂ ਦਾ ਵੱਡਾ ਕਾਫਲਾ ਸੀ। ਅਕਾਲੀ ਦਲ ਦੇ ਆਗੂ ਬਾਦਲ, ਲੌਂਗੋਵਾਲ ਅਤੇ ਟੌਹੜਾ ਖੁੱਲ੍ਹੀ ਜੀਪ ਵਿੱਚ ਸਵਾਰ ਸਨ ਤੇ ਅਕਾਲੀ ਦਲ ਦਾ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਤੇ ਠੇਕੇਦਾਰ ਸੁਰਜਨ ਸਿੰਘ ਇੱਕ ਸਜਾਏ ਹੋਏ ਹਾਥੀ ਉੱਪਰ ਸਵਾਰ ਸੀ। ਇਸ ਜਲੂਸ ਨੂੰ ਵੇਖਣ ਵਾਲੇ ਗੁਰਸਿੱਖਾਂ ਦੇ ਮਨਾਂ ਵਿੱਚ ਇਸ ਗੱਲ ਦੀ ਘਾਟ ਰੜਕਣ ਲੱਗੀ ਕਿ ਕਿਧਰੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਨਜ਼ਰ ਨਾ ਆਈ। ਅਕਾਲੀ ਦਲ ਵੱਲੋਂ ਕੀਤੀ ਜਾ ਰਹੀ ਕਾਨਫਰੰਸ ਪ੍ਰਤੀ ਲੁਧਿਆਣਾ ਨਿਵਾਸੀਆਂ ਨੂੰ ਉਤਸ਼ਾਹਿਤ ਕਰਨ ਲਈ ਇਹ ਜਲੂਸ ਕੱਢਿਆ ਗਿਆ ਸੀ। ਅਗਲੇ ਦਿਨ ਇਸ ਜਲੂਸ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਪੀਆਂ ਅਤੇ ਆਮ ਸਿੱਖਾਂ ਵਿੱਚ ਵੀ ਇਸ ਦੀ ਚਰਚਾ ਸੀ। ਜਦੋਂ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਇਸ ਬਾਰੇ ਪਤਾ ਲੱਗਾ ਕਿ ਜਲੂਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਨਹੀਂ ਸੀ ਅਤੇ ਹਾਥੀ 'ਤੇ ਸਜੇ ਅਕਾਲੀ ਦਲ ਦੇ ਪ੍ਰਧਾਨ ਦੀ ਅਗਵਾਈ ਕਰਨ ਲਈ ਪੰਜ ਪਿਆਰੇ ਚੱਲ ਰਹੇ ਸਨ ਤਾਂ ਇਹ ਵੀ ਪੰਜ ਪਿਆਰਿਆਂ ਦੀ ਰਵਾਇਤ ਦੇ ਅਨੁਕੂਲ ਨਹੀਂ ਸੀ, ਕਿਉਂਕਿ ਪੰਜ ਪਿਆਰਿਆਂ ਨਾਲੋਂ ਕੋਈ ਵਿਅਕਤੀ ਵਿਸ਼ੇਸ਼ ਮਹਾਨ ਨਹੀਂ ਹੋ ਸਕਦਾ। ਇਸ ਗੱਲ ਦੀ ਸੰਤ ਜਰਨੈਲ ਸਿੰਘ ਖ਼ਾਲਸਾ ਦੇ ਹਿਰਦੇ ਨੂੰ ਬਹੁਤ ਠੇਸ ਪਹੁੰਚੀ। ਇਸੇ ਸਬੰਧ ਵਿੱਚ ਉਨ੍ਹਾਂ ਨੇ ਕਾਨਫਰੰਸ ਵਾਲੇ ਦਿਨ 28 ਅਕਤੂਬਰ ਨੂੰ ਜਥੇਦਾਰ ਮੋਹਣ ਸਿੰਘ ਤੁੜ ਨਾਲ ਲੁਧਿਆਣਾ ਵਿਖੇ ਜਥੇਦਾਰ ਤੇਜਵੰਤ ਸਿੰਘ ਦੇ ਘਰ ਮੀਟਿੰਗ ਕੀਤੀ ਅਤੇ ਕਾਫੀ ਗੰਭੀਰ ਵਿਚਾਰਾਂ ਹੋਈਆਂ।

ਕਾਨਫਰੰਸ ਚੱਲ ਰਹੀ ਸੀ ਸੰਗਤਾਂ ਦਾ ਬਹੁਤ ਭਾਰੀ ਇਕੱਠ ਸੀ। ਇਸੇ ਦੌਰਾਨ ਬਣੇ ਹੋਏ ਪ੍ਰੋਗਰਾਮ ਮੁਤਾਬਿਕ ਸੰਤ ਜਰਨੈਲ ਸਿੰਘ ਖ਼ਾਲਸਾ ਜਥੇ ਦੇ ਕੁੱਝ ਸਿੰਘਾਂ ਸਮੇਤ ਕਾਨਫਰੰਸ ਵਿੱਚ ਸ਼ਾਮਿਲ ਹੋਏ ਅਤੇ ਸਟੇਜ 'ਤੇ ਜਾ ਬੈਠੇ। ਜਨਤਾ ਦਲ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਅਤੇ ਕੇਂਦਰ ਦੇ ਕੁਝ ਹੋਰ ਵਜ਼ੀਰ ਜਿਨ੍ਹਾਂ ਵਿੱਚ ਧੰਨਾ ਸਿੰਘ ਗੁਲਸ਼ਨ, ਸੁਰਜੀਤ ਸਿੰਘ ਬਰਨਾਲਾ ਵੀ ਸਟੇਜ 'ਤੇ ਹਾਜ਼ਰ ਸਨ। ਵੱਖ-ਵੱਖ ਆਗੂਆਂ ਨੇ ਆਪੋ ਆਪਣੇ ਭਾਸ਼ਨ ਦਿੱਤੇ। ਇਸ ਦੌਰਾਨ ਸੰਗਤਾਂ ਵਿੱਚੋਂ ਵਾਰ-ਵਾਰ ਮੰਗ ਉੱਠ ਰਹੀ ਸੀ ਕਿ ਸੰਤ ਜਰਨੈਲ ਸਿੰਘ ਨੂੰ ਬੋਲਣ ਦਾ ਸਮਾਂ ਦਿੱਤਾ ਜਾਵੇ। ਕਿਉਂਕਿ ਇਸ ਕਾਨਫਰੰਸ ਦੀ ਸਟੇਜ ਦਾ ਸਟੇਜ ਸੈਕਟਰੀ ਸ. ਬਸੰਤ ਸਿੰਘ ਖ਼ਾਲਸਾ ਅਕਾਲੀ ਆਗੂਆਂ ਦੀ ਰਾਇ ਮੁਤਾਬਿਕ ਚਾਹੁੰਦਾ ਸੀ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਟਾਈਮ ਨਾ ਦਿੱਤਾ ਜਾਵੇ। ਜੇਕਰ ਮਜਬੂਰੀ ਵੱਸ ਸਮਾਂ ਦੇਣਾ ਪਵੇ ਤਾਂ ਜਦੋਂ ਸ੍ਰੀ ਚੰਦਰ ਸ਼ੇਖਰ ਜੀ ਬੋਲ ਕੇ ਚਲੇ ਜਾਣ ਤਾਂ ਉਸ ਤੋਂ ਬਾਅਦ ਇਨ੍ਹਾਂ ਨੂੰ ਟਾਈਮ ਦਿੱਤਾ ਜਾਵੇ, ਪਰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਵਰਕਰਾਂ ਅਤੇ ਸੰਗਤਾਂ ਦੇ ਬਾਰ-ਬਾਰ ਕਹਿਣ 'ਤੇ ਸਟੇਜ ਸੈਕਟਰੀ ਨੇ ਅਕਾਲੀ ਲੀਡਰਾਂ ਨੂੰ ਪੁੱਛ ਕੇ ਸੰਤਾਂ ਨੂੰ ਬੋਲਣ ਲਈ ਵਕਤ ਦੇ ਦਿੱਤਾ। ਸੰਤਾਂ ਨੇ ਸਟੇਜ ਤੋਂ ਸੰਬੋਧਨ ਹੁੰਦਿਆਂ ਅਕਾਲੀ ਦਲ ਦੇ ਆਗੂਆਂ ਵਿੱਚ ਪੈਦਾ ਹੋ ਰਹੀਆਂ ਗਲਤਫਹਿਮੀਆਂ ਨੂੰ ਦੂਰ ਕਰਨ ਲਈ ਆਖਿਆ ਕਿ ਧਰਮ ਦੇ ਮਾਮਲੇ ਵਿੱਚ ਮੈਂ ਅਕਾਲੀ ਦਲ ਦੇ ਨਾਲ ਹਾਂ। ਅਕਾਲੀ ਦਲ ਸਿੱਖਾਂ ਦੀ ਰਾਜਨੀਤਿਕ ਜਥੇਬੰਦੀ ਹੈ। ਇਸ ਲਈ ਇਸ ਦੇ ਆਗੂਆਂ ਨੂੰ ਧਰਮ ਦੀਆਂ ਕਦਰਾਂ ਕੀਮਤਾਂ ਲਈ ਹਮੇਸ਼ਾ ਹੀ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਪੰਜਾਬ ਵਿੱਚ ਸਾਡੀ ਆਪਣੀ ਸਰਕਾਰ ਹੋਣ ਦੇ ਬਾਵਜੂਦ ਵਿਸਾਖੀ ਸਮੇਂ ਕਤਲ ਕੀਤੇ ਗਏ 13 ਸਿੱਖਾਂ ਦੇ ਕਾਤਲਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ ਇਹ ਸਾਡੀ ਸਰਕਾਰ ਦੀ ਕਮਜ਼ੋਰੀ ਹੈ। ਇਹ ਟਿੱਪਣੀ ਸੁਣਦਿਆਂ ਹੀ ਸਟੇਜ 'ਤੇ ਬੈਠੇ ਅਕਾਲੀ ਲੀਡਰ ਇੱਕ ਦੂਜੇ ਦੇ ਮੂੰਹ ਵੱਲ ਵੇਖਣ ਲੱਗ ਪਏ ਅਤੇ ਕੁੱਝ ਕੁ ਕਾਨਾਫੂਸੀ ਵੀ ਕੀਤੀ। ਸੰਤਾਂ ਨੇ ਇਹ ਵੀ ਕਿਹਾ ਕਿ ਕੱਲ੍ਹ ਕੱਢੇ ਜਾ ਚੁੱਕੇ ਜਲੂਸ ਸਮੇਂ ਅਕਾਲੀ ਦਲ ਦੇ ਪ੍ਰਧਾਨ ਸ. ਜਗਦੇਵ ਸਿੰਘ ਤਲਵੰਡੀ ਨੂੰ ਹਾਥੀ 'ਤੇ ਨਹੀਂ ਬੈਠਣਾ ਚਾਹੀਦਾ ਸੀ ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਪਾਲਕੀ ਵਿੱਚ ਸਜਾ ਕੇ ਜਲੂਸ ਦੇ ਅੱਗੇ ਚੱਲਣਾ ਚਾਹੀਦਾ ਸੀ। ਜੇਕਰ ਅਜਿਹਾ ਹੁੰਦਾ ਤਾਂ ਦਾਸ ਨੇ ਵੀ ਜਥੇ ਸਮੇਤ ਜਲੂਸ ਵਿੱਚ ਸ਼ਾਮਿਲ ਹੋਣਾ ਸੀ। ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਸ਼ੋਭਾ ਨਹੀਂ ਦਿੰਦਾ ਕਿ ਪੰਜ ਪਿਆਰੇ ਅੱਗੇ ਚੱਲਦੇ ਹੋਣ ਅਤੇ ਇੱਕ ਮਨੁੱਖ ਉਨ੍ਹਾਂ ਤੋਂ ਉੱਚੀ ਥਾਂ ਹਾਥੀ 'ਤੇ ਬੈਠਾ ਹੋਵੇ। ਜੇਕਰ ਅਸੀਂ ਆਪ ਹੀ ਪੰਥਕ ਰਵਾਇਤਾਂ ਦਾ ਪਾਲਣ ਨਹੀਂ ਕਰਾਂਗੇ ਤਾਂ ਇਹ ਪੰਥਕ ਅਸੂਲ ਪੰਥ ਵਿੱਚ ਪ੍ਰਪੱਕ ਕਿਵੇਂ ਰਹਿ ਸਕਦੇ ਹਨ? ਉਨ੍ਹਾਂ ਕਿਹਾ ਕਿ ਸੰਸਾਰੀ ਅਹੁਦੇ ਮਰਤਬਿਆਂ ਤੋਂ ਪੰਥ ਦੇ ਅਸੂਲਾਂ

Scanned with CamScanner

ਨੂੰ ਉੱਚਾ ਰੱਖਣਾ ਚਾਹੀਦਾ ਹੈ ਤਾਂ ਹੀ ਅਸੀਂ ਪੰਥ ਦੇ ਨੁਮਾਇੰਦੇ ਕਹਾਉਣ ਦਾ ਹੱਕ ਰੱਖਦੇ ਹਾਂ। ਅਸੀਂ ਪੰਥ ਵਿਰੋਧੀ ਤਾਕਤਾਂ ਨਾਲ ਤਾਂ ਹੀ ਡਟਵੀਂ ਟੱਕਰ ਲੈ ਸਕਦੇ ਹਾਂ ਜੇਕਰ ਅਸੀਂ ਖੁਦ ਪੰਥ ਦੀਆਂ ਸੁਨਿਹਰੀ ਰਵਾਇਤਾਂ ਦੀ ਪਾਲਣਾ ਕਰਾਂਗੇ। ਇਸ ਤਰ੍ਹਾਂ ਦੇ ਵਿਚਾਰ ਰੱਖਦਿਆਂ ਹੋਇਆਂ ਸੀਮਿਤ ਸਮੇਂ ਵਿੱਚ ਹੀ ਸੰਤਾਂ ਨੇ ਆਪਣਾ ਭਾਸ਼ਣ ਸਮਾਪਤ ਕਰ ਦਿੱਤਾ। ਸੰਤਾਂ ਦੇ ਅਜਿਹੇ ਸਪੱਸ਼ਟ ਵਿਚਾਰ ਸੁਣ ਕੇ ਅਕਾਲੀ ਲੀਡਰਾਂ ਵਿੱਚ ਕੁੱਝ ਹਲਚਲ ਹੋਈ ਅਤੇ ਉਨ੍ਹਾਂ ਦੇ ਚਿਹਰਿਆਂ 'ਤੇ ਪੈਦਾ ਹੋਈ ਨਮੋਸ਼ੀ ਨੂੰ ਸਪੱਸ਼ਟ ਵੇਖਿਆ ਜਾ ਸਕਦਾ ਸੀ। ਇਸ ਉਪਰੰਤ ਸੰਤ ਆਪਣੇ ਜੱਥੇ ਸਮੇਤ ਕਾਨਫਰੰਸ ਤੋਂ ਵਾਪਸ ਪਰਤ ਆਏ। ਸੰਤਾਂ ਦੇ ਚਲੇ ਜਾਣ ਪਿੱਛੋਂ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਸੰਤਾਂ ਦੇ ਵਿਚਾਰਾਂ ਦਾ ਇਹ ਕਹਿੰਦਿਆਂ ਖੰਡਨ ਕੀਤਾ ਕਿ ਸਿਆਸੀ ਅਤੇ ਧਾਰਮਿਕ ਜਲੂਸਾਂ ਵਿੱਚ ਕੁਝ ਅੰਤਰ ਹੁੰਦਾ ਹੈ। ਭਾਰੀ ਤੈਸ਼ ਵਿੱਚ ਆਏ ਜਥੇਦਾਰ ਤਲਵੰਡੀ ਨੇ ਸੰਤਾਂ ਬਾਰੇ ਕਈ ਅਪਸ਼ਬਦ ਵੀ ਬੋਲੇ, ਕਿਹਾ ਕਿ ਐਵੇਂ ਢਾਈ ਟੋਟਰੂਆਂ ਦਾ ਟੋਲਾ ਹੈ ਹੋਰ ਇਸ ਦੇ ਕੋਲ ਕੀ ਹੈ? ਇਹ ਬਦਾਮਾਂ ਦੀਆਂ ਗਿਰੀਆਂ ਖਾਣ ਵਾਲੇ ਸਾਨੂੰ ਇਸ ਤਰ੍ਹਾਂ ਮੱਤਾਂ ਦਿੰਦੇ ਹਨ ਕਿ ਜਿਵੇਂ ਸਾਨੂੰ ਕੁੱਝ ਪਤਾ ਹੀ ਨਾ ਹੋਵੇ। ਇਸ ਦੇ ਨਾਲ ਹੀ ਆਪਣੇ ਵੱਲੋਂ ਸ਼ਾਹੀ ਠਾਠ ਨਾਲ ਕਢਾਏ ਗਏ ਜਲੂਸ ਦੇ ਹੱਕ ਵਿੱਚ ਸੰਗਤਾਂ ਤੋਂ ਹੱਥ ਖੜ੍ਹੇ ਕਰਵਾਏ। ਪਰ ਇਸ ਸਭ ਕੁੱਝ ਦੇ ਬਾਵਜੂਦ ਸੰਤਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਦੇ ਹੱਕ ਵਿੱਚ ਸਿੱਖੀ ਅਸੂਲਾਂ ਪ੍ਰਤੀ ਛਿੜੀ ਚਰਚਾ ਨੂੰ ਜਥੇਦਾਰ ਤਲਵੰਡੀ ਰੋਕ ਨਾ ਸਕੇ। ਸੰਤਾਂ ਦੇ ਚਲੇ ਜਾਣ ਤੋਂ ਬਾਅਦ ਫੈਡਰੇਸ਼ਨ ਆਗੂ ਵੀ ਵਰਕਰਾਂ ਸਮੇਤ ਪੰਡਾਲ ਵਿੱਚ ਉਠ ਕੇ ਚਲੇ ਗਏ। ਸ੍ਰੀ ਚੰਦਰ ਸ਼ੇਖਰ ਨੇ ਇਹ ਸਭ ਕੁੱਝ ਬਹੁਤ ਹੀ ਧਿਆਨ ਨਾਲ ਵੇਖਿਆ ਅਤੇ ਸੋਚਣ ਲੱਗ ਪਏ ਕਿ ਅਜਿਹੇ ਨੌਜਵਾਨ ਸੰਤ ਕੌਣ ਹਨ ਜੋ ਸਮੁੱਚੀ ਅਕਾਲੀ ਲੀਡਰਸ਼ਿਪ ਦੇ ਸਾਹਮਣੇ ਉਨ੍ਹਾਂ ਵੱਲੋਂ ਕੀਤੀ ਗਈ ਧਾਰਮਿਕ ਅਵੱਗਿਆ ਬਾਰੇ ਖੁੱਲ੍ਹ ਕੇ ਬੇਝਿਜਕ ਸਟੇਜ ਉਪਰੋਂ ਬੋਲ ਰਹੇ ਹਨ। ਜਦੋਂ ਅਜਿਹਾ ਵਾਪਰਿਆ ਉਸ ਸਮੇਂ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਜਿਨ੍ਹਾਂ ਵਿੱਚ ਖਾਸ ਤੌਰ 'ਤੇ ਸ. ਪ੍ਰਕਾਸ਼ ਸਿੰਘ ਬਾਦਲ, ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਟੌਹੜਾ, ਸੁਰਜਨ ਸਿੰਘ ਠੱਕੇਦਾਰ, ਸੁਰਜੀਤ ਸਿੰਘ ਬਰਨਾਲਾ, ਬਸੰਤ ਸਿੰਘ ਖ਼ਾਲਸਾ, ਜਥੇਦਾਰ ਮੋਹਣ ਸਿੰਘ ਤੁੜ, ਅਕਾਲੀ ਮੰਤਰੀ ਬਲਵੰਤ ਸਿੰਘ, ਕੁਲਦੀਪ ਸਿੰਘ ਵਡਾਲਾ, ਸਰੂਪ ਸਿੰਘ ਜਲੰਧਰ, ਜਥੇਦਾਰ ਤੋਤਾ ਸਿੰਘ, ਸੁਖਦੇਵ ਸਿੰਘ ਢੀਂਡਸਾ ਆਦਿ ਮੌਜੂਦ ਸਨ।

ਇਸ ਤੋਂ ਉਪਰੰਤ ਸੰਤ ਜਰਨੈਲ ਸਿੰਘ ਖ਼ਾਲਸਾ ਜਥੇ ਦੇ ਸਿੰਘਾ ਸਮੇਤ ਸ. ਤੇਜਵੰਤ ਸਿੰਘ ਗਰੇਵਾਲ ਦੇ ਘਰ ਚਲੇ ਗਏ ਜਿਥੇ ਭਾਈ ਅਮਰੀਕ ਸਿੰਘ, ਹਰਮਿਦਰ ਸਿੰਘ ਸੰਧੂ, ਰਾਜਿੰਦਰ ਸਿੰਘ ਮਹਿਤਾ ਅਤੇ ਕੁੱਝ ਹੋਰ ਫੈਡਰੇਸ਼ਨ ਵਰਕਰ ਵੀ ਉਥੇ ਆ ਗਏ। ਥੋੜ੍ਹੇ ਸਮੇਂ ਬਾਅਦ ਜਥੇਦਾਰ ਮੋਹਣ ਸਿੰਘ ਤੁੜ ਵੀ ਦੋ ਕੁ ਅਕਾਲੀ ਆਗੂਆਂ ਸਮੇਤ ਇੱਥੇ ਪਹੁੰਚ ਗਏ। ਅੱਜ ਦੀ ਵਾਪਰੀ ਘਟਨਾ ਤੋਂ ਫੈਡਰੇਸ਼ਨ ਆਗੂਆਂ ਵਿੱਚ ਕੁੱਝ ਮਾਯੂਸੀ ਨੂੰ ਤੱਕਦਿਆਂ ਸੰਤਾਂ ਨੇ ਕਿਹਾ ਕਿ ਨੌਜਵਾਨੋ, ਕਿਸੇ ਗੱਲ ਦਾ ਫਿਕਰ ਨਾ ਕਰੋ। ਧਾਰਮਿਕ ਅਸੂਲਾਂ 'ਤੇ ਪਹਿਰਾ ਦੇਣਾ ਸਾਡਾ ਮੁੱਢਲਾ ਫਰਜ਼ ਹੈ ਜਿਸ ਨੂੰ ਹਰ ਕੀਮਤ 'ਤੇ ਬਰਕਰਾਰ ਰੱਖਣਾ ਹੈ। ਜੇਕਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਥਕ ਰਵਾਇਤਾਂ ਦਾ ਸਨਮਾਨ ਕਰਾਂਗੇ ਤਾਂ ਹੀ ਦੁਨੀਆਂ ਵਿੱਚ ਸਾਡਾ ਸਨਮਾਨ ਹੋਵੇਗਾ। ਇਹ ਸਿਆਸੀ ਲੋਕ ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਵਾਲੇ ਹੁੰਦੇ ਹਨ। ਇਸ ਲਈ ਇਨ੍ਹਾਂ ਦੀ ਧੌਂਸ ਦੀ ਫਿਕਰ ਕਰਨ ਦੀ ਲੋੜ ਨਹੀਂ। ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਜੇਕਰ ਸਤਿਗੁਰੂ ਨੂੰ ਭਾਇਆ ਅਸੀਂ ਸੱਚਾਈ 'ਤੇ ਪਹਿਰਾ ਦਿੰਦੇ ਰਹੇ ਤਾਂ ਇੱਕ ਦਿਨ ਜ਼ਰੂਰ ਇਨ੍ਹਾਂ ਅਕਾਲੀ ਲੀਡਰਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਵੇਗਾ।

ਦਿੱਲੀ ਵਿਖੇ ਨਕਲੀ ਨਿਰੰਕਾਰੀਆਂ ਵੱਲੋਂ ਨਵੇਂ ਸਿਰੇ ਤੋਂ ਸ਼ਕਤੀ ਪ੍ਰਦਰਸ਼ਨ

ਇਲਾਹਾਬਾਦ ਅਤੇ ਆਜਮਗੜ੍ਹ ਵਿਖੇ ਸਿੱਖਾਂ ਦੇ ਭਾਰੀ ਰੋਸ ਪ੍ਰਦਰਸ਼ਨ ਦੇ ਕਾਰਨ ਨਿਰੰਕਾਰੀ ਆਪਣੇ ਜਲਸੇ ਨਹੀਂ ਸਨ ਕਰ ਸਕੇ। ਇਸ ਨਮੋਸ਼ੀ ਵਿੱਚੋਂ ਨਿਕਲਣ ਲਈ ਅਤੇ ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰਨ ਲਈ ਇਨ੍ਹਾਂ ਨੇ ਪ੍ਰੋਗਰਾਮ ਉਲੀਕਿਆ ਕਿ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਵੱਡਾ ਸਮਾਗਮ ਕੀਤਾ ਜਾਵੇ। ਇਥੇ ਪ੍ਰੋਗਰਾਮ ਉਲੀਕਣ ਦੇ ਦੋ ਕਾਰਨ ਸਨ ਇੱਕ ਤਾਂ ਦਿੱਲੀ ਵਿਖੇ ਇਨ੍ਹਾਂ ਨੂੰ ਭਾਰੀ ਸੁਰੱਖਿਆ ਛੱਤਰੀ ਮਿਲੀ ਹੋਈ ਸੀ ਦੂਸਰਾ ਕਾਫੀ ਵੱਡੀ ਤਾਦਾਦ ਵਿੱਚ ਸਿੱਖ ਦਿੱਲੀ ਵਿੱਚ ਰਹਿੰਦੇ ਹਨ। ਇਥੇ ਰਹਿੰਦੇ ਸਿੱਖਾਂ ਉੱਪਰ ਆਪਣਾ ਅਸਰ ਰਸੂਖ ਵਿਖਾਉਣ ਲਈ ਅਤੇ ਆਪਣਾ ਦਬਦਬਾ ਬਣਾਉਣ ਲਈ ਇਥੇ ਪ੍ਰੋਗਰਾਮ ਉਲੀਕਿਆ ਗਿਆ ਕਿ 4 ਨਵੰਬਰ 1978

Scanned with CamScanner

ਨੂੰ ਦਿੱਲੀ ਵਿਖੇ ਵੱਡਾ ਜਲੂਸ ਕੱਢਿਆ ਜਾਵੇ। ਜਿਸ ਵਿੱਚ ਅਖੌਤੀ ਨਿਰੰਕਾਰੀ ਮਿਸ਼ਨ ਨੂੰ ਉਡਾਰਿਆ ਜਾਵੇ ਅਤੇ ਨਾਲ ਹੀ ਇਸ ਮਿਸ਼ਨ ਦੇ ਮੁਖੀ ਗੁਰਬਚਨ ਸਿੰਘ ਨੂੰ ਵੀ ਪ੍ਰਚਾਰਿਆ ਜਾ ਸਕੇ ਕਿ ਇਹ ਹੀ ਅਸਲੀ ਨਿਰੰਕਾਰੀ ਹੈ। 5 ਨਵੰਬਰ ਨੂੰ ਰਾਮਲੀਲਾ ਗਰਾਊਂਡ ਵਿਖੇ ਵੱਡਾ ਜਲਸਾ ਕੀਤਾ ਜਾਵੇ ਅਤੇ ਉਸ ਜਲਸੇ ਵਿੱਚ ਉਹੀ ਅਖੌਤੀ ਸਿਧਾਂਤ ਉਡਾਰਿਆ ਜਾਵੇ ਜੋ ਵਿਸਾਖੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਤੇ 26 ਸਤੰਬਰ ਨੂੰ ਕਾਨਪੁਰ ਵਿਖੇ ਉਡਾਰਿਆ ਗਿਆ ਸੀ।

ਇਸਦਾ ਪਤਾ ਲੱਗਦਿਆਂ ਹੀ ਸਿੱਖ ਆਗੂਆਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਮੁਰਾਰਜੀ ਦੇਸਾਈ ਤੱਕ ਪਹੁੰਚ ਕੀਤੀ ਕਿ ਨਿਰੰਕਾਰੀਆਂ ਦੇ ਉਪਰੋਕਤ ਪ੍ਰੋਗਰਾਮ ਰੱਦ ਕੀਤੇ ਜਾਣ ਕਿਉਂਕਿ ਇਨ੍ਹਾਂ ਦੇ ਮਨਸੂਬੇ ਨੇਕ ਨਹੀਂ ਹਨ, ਜਿਸ ਕਾਰਨ ਸ੍ਰੀ ਅੰਮ੍ਰਿਤਸਰ ਅਤੇ ਕਾਨਪੁਰ ਵਿਖੇ ਭਾਰੀ ਖੂਨ-ਖਰਾਬਾ ਹੋ ਚੁੱਕਾ ਹੈ। ਜੇਕਰ ਦਿੱਲੀ ਵਿਖੇ ਇਨ੍ਹਾਂ ਦਾ ਪ੍ਰੋਗਰਾਮ ਨਹੀਂ ਰੋਕਿਆ ਜਾਂਦਾ ਤਾਂ ਇੱਥੇ ਵੀ ਅਜਿਹੇ ਅਣਸੁਖਾਵੇਂ ਹਾਲਾਤ ਪੈਦਾ ਹੋਣ ਦਾ ਖ਼ਤਰਾ ਹੈ। ਸਿੱਖ ਆਗੂਆਂ ਦੀ ਪ੍ਰਧਾਨ ਮੰਤਰੀ ਨੇ ਰਤਾ ਵੀ ਪ੍ਰਵਾਹ ਨਾ ਕੀਤੀ, ਹਾਲਾਂਕਿ ਜਨਤਾ ਪਾਰਟੀ ਦੀ ਸਰਕਾਰ ਨਾਲ ਅਕਾਲੀ ਦਲ ਦੀ ਭਾਈਵਾਲੀ ਸੀ। ਸਿੱਖ ਆਗੂਆਂ ਦੇ ਜ਼ੋਰ ਦੇਣ 'ਤੇ ਸਿਰਫ ਇਨਾ ਹੀ ਹੋ ਸਕਿਆ ਕਿ ਨਿਰੰਕਾਰੀਆਂ ਦੇ ਜਲਸੇ ਦੀ ਜਗ੍ਹਾ ਬਦਲ ਕੇ ਰਾਮ ਲੀਲਾ ਗਰਾਊਂਡ ਤੋਂ ਇੰਡੀਆ ਗੇਟ ਕਰ ਦਿੱਤੀ ਗਈ। ਪਰ ਕਿਸੇ ਕਿਸਮ ਦੀ ਰੋਕ ਨਾ ਲਾਈ ਗਈ। ਪ੍ਰਧਾਨ ਮੰਤਰੀ ਦੇ ਇਸ ਤਰ੍ਹਾਂ ਦੇ ਰਵੱਈਏ ਨਾਲ ਸਿੱਖ ਆਗੂਆਂ ਨੂੰ ਬਹੁਤ ਨਿਰਾਸ਼ਾ ਹੋਈ। ਜਿਸ ਕਾਰਨ ਦਿੱਲੀ ਦੇ ਸਿੱਖਾਂ ਨੇ ਉਸੇ ਦਿਨ ਰੋਸ ਵਿਖਾਵਾ ਕਰਨ ਦਾ ਪ੍ਰੋਗਰਾਮ ਤੈਅ ਕਰ ਲਿਆ।

ਦਿੱਲੀ ਦੇ ਸਿੱਖਾਂ ਵੱਲੋਂ ਨਕਲੀ ਨਿਰੰਕਾਰੀਆਂ ਦੇ ਜਲਸੇ ਨੂੰ ਰੋਕਣ ਲਈ ਰੋਸ ਮਾਰਚ

ਦਿੱਲੀ ਦੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਅਕਾਲੀ ਦਲ ਅਤੇ ਦਿੱਲੀ ਦੀਆਂ ਸਿੰਘ ਸਭਾਵਾਂ ਨੇ ਇਕੱਠਿਆਂ ਹੋ ਕੇ ਇੱਕ ਲਿਖਤੀ ਮਤਾ ਤਿਆਰ ਕੀਤਾ, ਜਿਸ ਵਿੱਚ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਨਿਰੰਕਾਰੀਆਂ ਨੂੰ ਦਿੱਲੀ ਵਿਖੇ ਜਲਸਾ ਕਰਨ ਦੀ ਆਗਿਆ ਨਾ ਦਿੱਤੀ ਜਾਵੇ ਕਿਉਂਕਿ ਇਹ ਆਪਣੇ ਜਲਸਿਆਂ ਨੂੰ ਸਿੱਖੀ ਅਸੂਲਾਂ ਦੇ ਅਪਮਾਨ ਲਈ ਹਥਿਆਰ ਦੇ ਤੌਰ 'ਤੇ ਵਰਤਦੇ ਹਨ ਅਤੇ ਅਜਿਹਾ ਕਰਨ ਨਾਲ ਸਿੱਖ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਦੀ ਹੈ। ਇਸ ਕਾਰਨ ਉਹ ਇਨ੍ਹਾਂ ਹਾਲਾਤਾਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਨਕਲੀ ਨਿਰੰਕਾਰੀਆਂ ਦੇ ਕੂੜ ਪ੍ਰਚਾਰ ਸਦਕਾ ਅਣਸੁਖਾਵੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਅਜਿਹਾ ਪੱਤਰ ਲਿਖ ਕੇ ਦਿੱਲੀ ਦੀਆਂ ਸਿੱਖ ਸੰਸਥਾਵਾਂ ਵੱਲੋਂ ਮਿਲ ਕੇ ਪ੍ਰਧਾਨ ਮੰਤਰੀ ਨੂੰ ਦਿੱਤਾ ਗਿਆ। ਪਰ ਪ੍ਰਧਾਨ ਮੰਤਰੀ ਨੇ ਦਿੱਲੀ ਦੀਆਂ ਸਿੱਖ ਸੰਸਥਾਵਾਂ ਦੇ ਮੁਖੀਆਂ ਪ੍ਰਤੀ ਪੂਰੀ ਤਰ੍ਹਾਂ ਬੇਰੁਖੀ ਅਪਣਾਈ, ਕਿਉਂਕਿ ਪ੍ਰਧਾਨ ਮੰਤਰੀ ਮੁਰਾਰਜੀ ਦੇਸਾਈ ਬਾਰੇ ਤਾਂ 13 ਅਪ੍ਰੈਲ 1978 ਨੂੰ ਅੰਮ੍ਰਿਤਸਰ ਦੇ ਵਾਪਰੇ ਸਾਕੇ ਤੋਂ ਸਾਫ ਹੋ ਚੁੱਕਾ ਸੀ ਕਿ ਇਹ ਹਰ ਤਰੀਕੇ ਨਾਲ ਨਿਰੰਕਾਰੀਆਂ ਦੀ ਮਦਦ ਕਰ ਰਿਹਾ ਹੈ, ਇਸ ਲਈ ਸਿੱਖ ਪ੍ਰਤੀਨਿਧੀਆਂ ਨੂੰ ਉਸ ਨੇ ਇਨਾ ਹੀ ਕਿਹਾ ਕਿ ਮੈਂ ਪਹਿਲਾਂ ਹੀ ਸਿੱਖਾਂ ਦੀ ਗੱਲ ਮੰਨ ਲਈ ਹੈ। ਨਿਰੰਕਾਰੀਆਂ ਦਾ ਸੰਮੇਲਨ ਰਾਮਲੀਲਾ ਗਰਾਊਂਡ ਵਿੱਚ ਨਹੀਂ ਹੋਵੇਗਾ ਉਹ ਕੇਵਲ ਇੰਡੀਆ ਗੇਟ ਵਿਖੇ ਹੀ ਆਪਣਾ ਜਲਸਾ ਕਰਨਗੇ। ਪ੍ਰਧਾਨ ਮੰਤਰੀ ਤੋਂ ਕੋਰਾ ਜਵਾਬ ਮਿਲਣ ਉਪਰੰਤ ਸਿੱਖ ਨਿਰਾਸ਼ ਵਾਪਸ ਪਰਤ ਆਏ।

ਦਿੱਲੀ ਦੀਆਂ ਸਮੂਹ ਸਿੱਖ ਸੰਸਥਾਵਾਂ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਅਕਾਲੀ ਦਲ ਨਾਲ ਮਿਲ ਕੇ ਸ਼ਾਂਤਮਈ ਰੋਸ ਵਿਖਾਵਾ ਕਰਨ ਦਾ ਐਲਾਨ ਕਰ ਦਿੱਤਾ ਕਿ ਉਸੇ ਦਿਨ 5 ਨਵੰਬਰ ਨੂੰ ਦਿੱਲੀ ਦੀਆਂ ਸਭ ਸਿੱਖ ਸੰਸਥਾਵਾਂ ਅਤੇ ਸਿੱਖ ਸੰਗਤਾਂ ਵੱਲੋਂ ਸਾਂਝੇ ਰੂਪ ਵਿੱਚ ਨਕਲੀ ਨਿਰੰਕਾਰੀਆਂ ਦੇ ਜਲਸੇ ਵਿਰੁੱਧ ਰੋਸ ਵਿਖਾਵਾ ਕੀਤਾ ਜਾਵੇਗਾ। ਇਸੇ ਤਰ੍ਹਾਂ 5 ਨਵੰਬਰ ਨੂੰ ਵੱਡੀ ਗਿਣਤੀ ਵਿੱਚ ਦਿੱਲੀ ਦੀਆਂ ਸਿੱਖ ਸੰਗਤਾਂ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਇਕੱਤਰ ਹੋਈਆਂ ਜਿਥੋਂ ਅਰਦਾਸ ਕਰਕੇ ਸ਼ਾਂਤਮਈ ਜਲੂਸ ਇੰਡੀਆ ਗੇਟ ਵੱਲ ਨੂੰ ਆਰੰਭ ਹੋਇਆ। ਹਾਲੇ ਇਹ ਜਲੂਸ ਥੋੜ੍ਹੀ ਹੀ ਦੂਰ ਗਿਆ ਸੀ ਜਿਥੇ ਦਿੱਲੀ ਪੁਲਿਸ ਨੇ ਇਸ ਜਲੂਸ ਉਪਰ ਲਾਠੀਚਾਰਜ ਕਰ ਦਿੱਤਾ। ਅੱਗੋਂ ਜਲੂਸ ਵਿੱਚੋਂ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਅਵਤਾਰ ਸਿੰਘ ਕੋਹਲੀ ਨੂੰ ਚੁੱਕ ਕੇ ਇੱਕ ਪੁਲਿਸ ਵੈਨ ਵਿੱਚ ਬਿਠਾ ਲਿਆ ਅਤੇ ਸ਼ਾਂਤਮਈ ਜਲੂਸ ਉੱਪਰ ਇਕਦਮ ਅੱਥਰੂ ਗੈਸ ਦੇ ਗੋਲਿਆਂ ਦੀ ਵਰਖਾ ਕਰ ਦਿੱਤੀ ਗਈ

Scanned with CamScanner

ਅਤੇ ਗੋਲੀਆਂ ਵੀ ਚਲਾਈਆਂ ਗਈਆਂ। ਇਨ੍ਹਾਂ ਵਿੱਚੋਂ ਹੀ ਇੱਕ ਗੋਲਾ ਪੁਲਿਸ ਦੀ ਖੁੱਲ੍ਹੀ ਵੈਨ ਵਿੱਚ ਬੈਠੇ ਅਵਤਾਰ ਸਿੰਘ ਕੋਹਲੀ ਦੀ ਛਾਤੀ ਵਿੱਚ ਲੱਗਾ ਜਿਸ ਕਾਰਨ ਉਹ ਮੌਕੇ 'ਤੇ ਹੀ ਸ਼ਹੀਦ ਹੋ ਗਏ ਅਤੇ ਪੁਲਿਸ ਲਾਠੀਚਾਰਜ ਕਾਰਨ ਭਾਈ ਦਰਸ਼ਨ ਸਿੰਘ ਅਤੇ 13 ਸਾਲਾਂ ਦਾ ਇੱਕ ਸਿੱਖ ਲੜਕਾ ਮਨਜਿੰਦਰ ਸਿੰਘ ਵੀ ਸ਼ਹੀਦੀ ਪਾ ਗਿਆ। ਇਸ ਘਟਨਾ ਵਿੱਚ ਜਥੇਦਾਰ ਸੰਤੋਖ ਸਿੰਘ ਸਮੇਤ 9 ਸਿੰਘ ਜ਼ਖਮੀ ਹੋ ਗਏ। ਇਹ ਸਭ ਕੁੱਝ ਵਾਪਰ ਜਾਣ ਦੇ ਬਾਵਜੂਦ ਸਿੱਖਾਂ ਦਾ ਸ਼ਾਂਤਮਈ ਰੋਸ ਮਾਰਚ ਇੰਡੀਆ ਗੇਟ ਵੱਲ ਵੱਧਦਾ ਰਿਹਾ ਬਲਕਿ ਅਵਤਾਰ ਸਿੰਘ ਕੋਹਲੀ ਅਤੇ ਦੋ ਹੋਰ ਸਿੱਖਾਂ ਦੀ ਸ਼ਹੀਦੀ ਕਾਰਨ ਸਿੱਖ ਭਾਰੀ ਜੋਸ਼ ਵਿੱਚ ਆ ਗਏ ਅਤੇ ਉਹ ਜੈਕਾਰੇ ਬੁਲਾਉਂਦੇ ਇੰਡੀਆ ਗੇਟ ਦੇ ਨਜਦੀਕ ਪਹੁੰਚ ਗਏ। ਸਿੱਖਾਂ ਦੇ ਬਹੁਤ ਵੱਡੇ ਇਕੱਠ ਨੂੰ ਇੰਡੀਆ ਗੇਟ ਵੱਲ ਵੱਧਦਾ ਦੇਖ ਕੇ ਦਿੱਲੀ ਪੁਲਿਸ ਨੇ ਵਾਇਰਲੈਸ ਰਾਹੀਂ ਨਿਰੰਕਾਰੀਆਂ ਦੇ ਜਲਸੇ ਦੇ ਪ੍ਰਬੰਧਕ ਨੂੰ ਸੂਚਿਤ ਕਰ ਦਿੱਤਾ ਕਿ ਸਿੱਖਾਂ ਦਾ ਰੋਸ ਮਾਰਚ ਬਹੁਤ ਜਲਦੀ ਇੰਡੀਆ ਗੇਟ ਪਹੁੰਚ ਜਾਵੇਗਾ ਕਿਉਂਕਿ ਪੁਲਿਸ ਵੱਲੋਂ ਵਰਤੀ ਜਾ ਰਹੀ ਭਾਰੀ ਸਖਤੀ ਦਾ ਇਨ੍ਹਾਂ ਉੱਪਰ ਕੋਈ ਅਸਰ ਨਹੀਂ ਪੈ ਰਿਹਾ। ਵਾਇਰਲੈਸ ਰਾਹੀਂ ਅਜਿਹਾ ਸੁਨੇਹਾ ਸੁਣਨ ਤੋਂ ਉਪਰੰਤ ਦੰਭੀ ਨਿਰੰਕਾਰੀਏ ਆਪਣਾ ਜਲਸਾ ਖਤਮ ਕਰਕੇ ਉੱਥੋਂ ਚਲੇ ਗਏ।

ਜਥੇਦਾਰ ਅਵਤਾਰ ਸਿੰਘ ਕੋਹਲੀ ਅਤੇ ਦੋ ਹੋਰ ਸਿੰਘਾਂ ਦੇ ਭੋਗ ਸਮੇਂ ਦਿੱਲੀ ਦੀਆਂ ਸਿੱਖ ਸੰਗਤਾਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਇਕੱਠੀਆਂ ਹੋਈਆਂ ਜਿਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਅਕਾਲੀ ਦਲ ਵੱਲੋਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ।

ਸੰਤ ਭਿੰਡਰਾਂਵਾਲਿਆਂ ਦਾ ਪੰਜਾਬ ਤੋਂ ਬਾਹਰ ਧਰਮ ਪ੍ਰਚਾਰ ਪ੍ਰੋਗਰਾਮ

20 ਨਵੰਬਰ 1978 ਤੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਜੱਥੇ ਸਮੇਤ ਹਰ ਸਾਲ ਦੀ ਤਰ੍ਹਾਂ ਪੰਜਾਬ ਤੋਂ ਬਾਹਰਲੇ ਸੂਬਿਆਂ ਦਾ ਧਰਮ ਪ੍ਰਚਾਰ ਪ੍ਰੋਗਰਾਮ ਬਣਾਇਆ। ਪਹਿਲਾਂ ਯੂਪੀ ਦੇ ਕਈ ਸ਼ਹਿਰਾਂ, ਕਸਬਿਆਂ ਵਿੱਚ ਧਰਮ ਪ੍ਰਚਾਰ ਕਰਦੇ ਹੋਏ ਸੰਗਤਾਂ ਦੇ ਸੱਦੇ 'ਤੇ ਵਿਸ਼ੇਸ਼ ਤੌਰ 'ਤੇ ਇਲਾਹਾਬਾਦ ਅਤੇ ਫਿਰ ਆਜਮਗੜ੍ਹ ਪਹੁੰਚੇ। ਜਿੱਥੇ ਕੁਝ ਸਮਾਂ ਪਹਿਲਾਂ ਹੀ ਨਕਲੀ ਨਿਰੰਕਾਰੀਆਂ ਦਾ ਜਲਸਾ ਰੋਕਣ ਲਈ ਅਤੇ ਉਨ੍ਹਾਂ ਦੇ ਮੁਖੀ ਗੁਰਬਚਨ ਸਿੰਘ ਨੂੰ ਜਲਸੇ ਵਿੱਚ ਸੰਬੋਧਨ ਕਰਨ ਤੋਂ ਰੋਕਣ ਲਈ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਉਸਦਾ ਵਿਰੋਧ ਕੀਤਾ ਸੀ ਤੇ ਉਨ੍ਹਾਂ ਨੂੰ ਜਲਸਾ ਕਰਨ ਤੋਂ ਰੋਕ ਦਿੱਤਾ ਸੀ। ਉਸ ਤੋਂ ਉਪਰੰਤ ਆਜਮਗੜ੍ਹ ਦੀਆਂ ਸੰਗਤਾਂ ਨੇ ਇਲਾਹਾਬਾਦ ਦੀਆਂ ਸੰਗਤਾਂ ਨਾਲ ਮਿਲ ਕੇ ਭਿੰਡਰਾਂਵਾਲੇ ਸੰਤਾਂ ਦਾ ਧਰਮ ਪ੍ਰਚਾਰ ਦਾ ਪ੍ਰੋਗਰਾਮ ਬਣਾਇਆ ਸੀ। ਇਸ ਤਰ੍ਹਾਂ ਜਿਵੇਂ ਹੀ ਸੰਤ ਜਰਨੈਲ ਸਿੰਘ ਜੀ ਆਜਮਗੜ੍ਹ ਪਹੁੰਚੇ ਤਾਂ ਇੱਥੋਂ ਦੀਆਂ ਸੰਗਤਾਂ ਨੇ ਖਾਸ ਕਰਕੇ ਨੌਜਵਾਨਾਂ ਨੇ ਗਰਮਜੋਸ਼ੀ ਨਾਲ ਸੰਤਾਂ ਨੂੰ ਜੀ ਆਇਆਂ ਆਖਿਆ। ਆਜਮਗੜ੍ਹ ਵਿਖੇ ਦੋ ਥਾਵਾਂ 'ਤੇ ਜੱਥੇ ਦੇ ਸਮਾਗਮ ਹੋਇਆ ਕਰਦੇ ਸਨ। ਸਵੇਰ ਦਾ ਕਥਾ ਕੀਰਤਨ ਦਾ ਪ੍ਰੋਗਰਾਮ ਗੁਰਦੁਆਰਾ ਸ੍ਰੀ ਸਿੰਘ ਸਭਾ ਵਿਖੇ ਅਤੇ ਸ਼ਾਮ ਨੂੰ ਬਾਹਰਲੀ ਕਲੋਨੀ ਵਿਖੇ ਗੁਰਦੁਆਰੇ 'ਚ ਪ੍ਰੋਗਰਾਮ ਹੋਇਆ ਕਰਦਾ ਸੀ। 6 ਦਿਨ ਦੇ ਪ੍ਰੋਗਰਾਮਾਂ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਇਕੱਤਰ ਹੁੰਦੀਆਂ। ਸੰਤਾਂ ਨੇ ਧਰਮ ਪ੍ਰਚਾਰ ਕਰਦਿਆਂ, ਇਥੋਂ ਦੀਆਂ ਸੰਗਤਾਂ ਅਤੇ ਸਿੱਖ ਨੌਜਵਾਨਾਂ ਨੂੰ ਇਸ ਗੱਲ 'ਤੇ ਸ਼ਾਬਾਸ਼ ਦਿੱਤੀ ਕਿ ਤੁਸੀਂ ਸਤਿਗੁਰੂ ਦੇ ਨਿੰਦਕਾਂ ਨੂੰ ਆਪਣੇ ਸ਼ਹਿਰ ਵਿੱਚ ਆਉਣ ਤੋਂ ਵਰਜਿਆ ਹੈ ਅਤੇ ਨਾਲ ਹੀ ਸੰਗਤਾਂ ਨੂੰ ਬੇਨਤੀ ਕੀਤੀ ਕਿ ਅੱਗੇ ਤੋਂ ਵੀ ਸੁਚੇਤ ਰਹਿਣਾ ਹੈ ਕਿਉਂਕਿ ਸਿੱਖਾਂ ਦਾ ਗੁਰੂ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਕੋਈ ਵੀ ਮਨੁੱਖ ਸਿੱਖਾਂ ਦਾ ਗੁਰੂ ਨਹੀਂ। ਇਸ ਲਈ ਸਭ ਸਿੱਖ ਸੰਗਤਾਂ ਅੰਮ੍ਰਿਤਧਾਰੀ ਹੋ ਕੇ ਗੁਰੂ ਵਾਲੇ ਬਣੋ, ਤਿਆਰ-ਬਰ-ਤਿਆਰ ਰਹੋ, ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ ਦੇ ਸਿਧਾਂਤ ਨੂੰ ਅਪਣਾਓ ਇਸ ਵਿੱਚ ਹੀ ਗੁਰੂ ਦੀਆਂ ਬਖਸ਼ਿਸ਼ਾਂ ਹਨ। ਅਖੀਰਲੇ ਦੀਵਾਨ ਉਪਰੰਤ ਗੁਰਦੁਆਰਾ ਸਿੰਘ ਸਭਾ ਵਿਖੇ ਅੰਮ੍ਰਿਤ ਸੰਚਾਰ ਹੋਇਆ ਜਿੱਥੇ ਅੰਮ੍ਰਿਤ ਅਭਿਲਾਖੀਆਂ ਨੇ ਅੰਮ੍ਰਿਤ ਛਕਿਆ।

ਇਥੋਂ ਰਵਾਨਗੀ ਲੈ ਕੇ ਭਿੰਡਰਾਂ ਵਾਲਾ ਜਥਾ ਕਾਨਪੁਰ ਵਿਖੇ ਪੁੱਜਾ। ਇਥੋਂ ਦੀਆਂ ਸੰਗਤਾਂ ਨੇ ਵੀ ਸੰਤਾਂ ਦੇ ਆਉਣ ਤੋਂ ਪਹਿਲਾਂ ਹੀ ਗੁਰਦੁਆਰਾ ਸਾਹਿਬ ਵਿਖੇ ਵੱਡੀ ਇਕੱਤਰਤਾ ਕੀਤੀ। ਇੱਕ ਹਫਤੇ ਦੇ ਪ੍ਰੋਗਰਾਮਾਂ ਦਾ ਵੇਰਵਾ

Scanned with CamScanner

ਉਲੀਕਿਆ ਗਿਆ ਅਤੇ ਨਾਲ ਹੀ ਅੱਜ ਆ ਰਹੇ ਜੱਥੇ ਨੂੰ ਜੀ ਆਇਆਂ ਕਹਿਣ ਲਈ ਸੰਗਤਾਂ ਉਡੀਕ ਕਰਨ ਲੱਗੀਆਂ, ਜਿਉਂ ਹੀ ਜੱਥੇ ਦੀਆਂ ਬੱਸਾਂ ਗੁਰਦੁਆਰੇ ਦੇ ਬਾਹਰ ਪਹੁੰਚੀਆਂ ਤਾਂ ਜੈਕਾਰਿਆਂ ਦੀ ਗੂੰਜ ਵਿੱਚ ਸੰਗਤਾਂ ਵੱਲੋਂ ਜੱਥੇ ਦਾ ਸਵਾਗਤ ਕੀਤਾ ਗਿਆ। ਸੰਤਾਂ ਨੇ ਜੱਥੇ ਸਮੇਤ ਬੱਸਾਂ ਵਿੱਚੋਂ ਉੱਤਰ ਕੇ ਸੰਗਤਾਂ ਨੂੰ ਫ਼ਤਿਹ ਬੁਲਾਈ ਅਤੇ ਗੁਰਦੁਆਰਾ ਸਾਹਿਬ ਵਿਖੇ ਨਮਸਕਾਰ ਕੀਤੀ। ਯਾਦ ਰਹੇ 1978 ਦੀ ਵਿਸਾਖੀ ਤੋਂ ਬਾਅਦ ਇੱਥੇ ਕਾਨਪੁਰ ਵਿਖੇ 26.09.1978 ਨੂੰ ਨਕਲੀ ਨਿਰੰਕਾਰੀਆਂ ਵੱਲੋਂ ਸਰਕਾਰ ਦੀ ਮਿਲੀਭੁਗਤ ਨਾਲ ਸ਼ਾਂਤਮਈ ਰੋਸ ਮੁਜਾਹਰਾ ਕਰ ਰਹੇ ਸਿੱਖਾਂ ਦੇ ਜਥੇ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ 10 ਸਿੰਘ ਸ਼ਹੀਦ ਕਰ ਦਿੱਤੇ ਸਨ ਅਤੇ 73 ਸਿੱਖ ਜ਼ਖਮੀ ਕਰ ਦਿੱਤੇ ਗਏ ਸਨ। ਇਸ ਲਈ ਇੱਥੋਂ ਦੀਆਂ ਸੰਗਤਾਂ ਵਿੱਚ ਇਸ ਵਾਪਰ ਚੁੱਕੀ ਘਟਨਾ ਪ੍ਰਤੀ ਰੋਸ ਵੀ ਸੀ ਅਤੇ ਨਕਲੀ ਨਿਰੰਕਾਰੀਆਂ ਵੱਲੋਂ ਗੁਰਮਤਿ ਦੇ ਉਲਟ ਕੀਤੀਆਂ ਜਾ ਰਹੀ ਆਪਹੁਦਰੀਆਂ ਕਾਰਵਾਈਆਂ ਨੂੰ ਰੋਕਣ ਲਈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਦ੍ਰਿੜ੍ਹਤਾ ਭਰਪੂਰ ਲਏ ਗਏ ਫੈਸਲਿਆਂ ਪ੍ਰਤੀ ਹਮਦਰਦੀ ਵੀ ਸੀ। ਜਿਸ ਕਾਰਨ ਇੱਥੇ ਦੀਆਂ ਸੰਗਤਾਂ ਸੰਤਾਂ ਦੇ ਖਿਆਲ ਜਾਨਣ ਲਈ ਉਤਾਵਲੀਆਂ ਸਨ।

ਧਰਮ ਪ੍ਰਚਾਰ ਦੇ ਦੌਰਾਨ ਸੰਤਾਂ ਨੇ ਵਿਸਥਾਰਪੂਰਵਕ ਇਸ ਗੱਲ ਦਾ ਖੁਲਾਸਾ ਕੀਤਾ ਕਿ ਕਿਵੇਂ ਨਕਲੀ ਨਿਰੰਕਾਰੀਆਂ ਵੱਲੋਂ ਸਿੱਖੀ ਵਿਰੁੱਧ ਕੁਟਲ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਸਿੱਖ ਪੰਥ ਦੇ ਸਿਧਾਂਤ ਗੁਰੂ ਸਾਹਿਬ ਵੱਲੋਂ ਬਖਸ਼ਿਸ਼ ਕੀਤੇ ਗਏ ਹਨ। ਜਿਵੇਂ ਸਭ ਤੋਂ ਪਹਿਲਾਂ ਸਾਨੂੰ ਸਭ ਸਿੱਖਾਂ ਨੂੰ ਹੁਕਮ ਹੈ ਕਿ ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਕੋਈ ਸਾਡਾ ਗੁਰੂ ਨਹੀਂ ਹੈ।

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਅਤੇ ਪੰਜ ਪਿਆਰਿਆਂ ਦੀ ਪ੍ਰਥਾ ਸਤਿਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਪ੍ਰਚਲਿਤ ਕੀਤੀ ਹੈ। ਆਪ ਸੰਗਤਾਂ ਜਾਣਦੇ ਹੋ ਕਿ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਲਗੀਧਰ ਮਹਾਰਾਜ ਨੇ ਪੰਜ ਸਿਰਾਂ ਦੀ ਮੰਗ ਕੀਤੀ ਅਤੇ ਸੰਗਤ ਵਿੱਚੋਂ ਇਕੱਲੇ-ਇਕੱਲੇ ਸਿੱਖ ਨੇ ਆਪਣਾ ਸੀਸ ਭੇਟਾ ਕੀਤਾ। ਇਸ ਤਰ੍ਹਾਂ ਪੰਜ ਸਿੱਖਾਂ ਦੇ ਸਿਰ ਲੈ ਕੇ ਉਨ੍ਹਾਂ ਨੂੰ ਸੁਰਜੀਤ ਕੀਤਾ ਅਤੇ ਉਨ੍ਹਾਂ ਨੂੰ ਖ਼ਾਲਸੇ ਦਾ ਰੂਪ ਬਖਸ਼ਿਆ ਅਤੇ ਉਦੋਂ ਹੀ ਪੰਜਾਂ ਪਿਆਰਿਆਂ ਦੀ ਪ੍ਰੰਪਰਾ ਆਰੰਭ ਕੀਤੀ ਪਰ ਇਨ੍ਹਾਂ ਦੇਤੀ ਨਿਰੰਕਾਰੀਆਂ ਨੇ ਗੁਰੂ ਸਾਹਿਬ ਵੱਲੋਂ ਆਰੰਭ ਕੀਤੀ ਪੰਜਾਂ ਪਿਆਰਿਆਂ ਦੀ ਪ੍ਰੰਪਰਾ ਦਾ ਮਜ਼ਾਕ ਉਡਾਇਆ ਅਤੇ ਉਸ ਦੀ ਥਾਂ 'ਤੇ ਇਨ੍ਹਾਂ ਦੇ ਅਖੌਤੀ ਮੁਖੀ ਗੁਰਬਚਨ ਸਿੰਘ ਨੇ ਸੱਤ ਸਿਤਾਰੇ ਸਾਜਣ ਦਾ ਢਕਵੰਜ ਰਚਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਥਾਂ ਆਪਣੇ ਆਪ ਨੂੰ ਪਾਲਕੀ ਵਿੱਚ ਬਿਠਾ ਕੇ ਨਿਰੰਕਾਰੀ ਹੋਣ ਦਾ ਸੰਦੇਸ਼ ਦਿੱਤਾ। ਖ਼ਾਲਸਾ ਜੀ! ਇਹ ਸਭ ਕੁੱਝ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਪਾਵਨ ਧਰਤੀ 'ਤੇ ਕੀਤਾ ਗਿਆ ਅਤੇ ਇਨ੍ਹਾਂ ਦੇ ਇਸ ਝੂਠੇ ਪਰਪੰਚ ਨੂੰ ਰੋਕਣ ਵਾਸਤੇ ਗਏ ਸ਼ਾਂਤਮਈ ਜਥੇ ਉਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ। ਜਿਸ ਦੌਰਾਨ ਮੌਕੇ 'ਤੇ ਹੀ 13 ਸਿੰਘ ਸ਼ਹੀਦ ਹੋ ਗਏ ਅਤੇ ਬਹੁਤ ਸਾਰੇ ਜ਼ਖਮੀ ਵੀ ਹੋਏ। ਅਸੀਂ ਸਮਝਦੇ ਹਾਂ ਕਿ ਅਜਿਹਾ ਘਿਨਾਉਣਾ ਕਾਂਡ ਕੇਂਦਰ ਅਤੇ ਸੂਬੇ ਦੀ ਸਰਕਾਰ ਦੀ ਮਿਲੀਭੁਗਤ ਤੋਂ ਬਿਨਾਂ ਨਹੀਂ ਹੋ ਸਕਦਾ। ਇਸਦਾ ਵੱਡਾ ਸਬੂਤ ਇਹ ਹੈ ਕਿ ਹਾਲੇ ਤੱਕ 13 ਸਿੰਘਾਂ ਦੇ ਕਾਤਲਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਜਦੋਂ ਕਿ ਸਿੱਧੇ ਤੌਰ 'ਤੇ ਨਕਲੀ ਨਿਰੰਕਾਰੀਆਂ ਦੇ ਆਗੂਆਂ ਨੂੰ ਇਸ ਕੇਸ ਵਿੱਚ ਨਾਮਜਦ ਕੀਤਾ ਗਿਆ। ਹੁਣ ਇਹ ਕੇਸ ਅਦਾਲਤ ਵਿੱਚ ਚੱਲ ਰਿਹਾ ਹੈ, ਹਾਲਾਂਕਿ ਸਾਨੂੰ ਦੁਨਿਆਵੀ ਅਦਾਲਤਾਂ ਉਪਰ ਬਹੁਤ ਉਮੀਦ ਨਹੀਂ ਰੱਖਣੀ ਚਾਹੀਦੀ। ਫਿਰ ਵੀ ਫੈਸਲਾ ਆਉਣ ਤੱਕ ਉਡੀਕ ਕਰਨੀ ਚਾਹੀਦੀ ਹੈ।

ਦਾਸ ਆਪ ਸੰਗਤਾਂ ਨੂੰ ਦੱਸਣਾ ਚਾਹੁੰਦਾ ਹੈ ਕਿ ਖ਼ਾਲਸਾ ਪੰਥ ਦੇ ਸਹਿਯੋਗ ਨਾਲ ਪੰਜਾਬ ਦੀ ਧਰਤੀ ਤੋਂ ਇਨ੍ਹਾਂ ਦੇ ਅਖੌਤੀ ਭਵਨ ਭਾਵ ਕੂੜ ਦੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਕਿਸੇ ਕਿਸਮ ਦਾ ਸਮਾਗਮ ਜਲੂਸ ਕਰਨ ਉਪਰ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਗੱਲ ਦੀ ਵੀ ਸੰਗਤਾਂ ਨੂੰ ਭਾਰੀ ਤਸੱਲੀ ਹੋਈ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਨ੍ਹਾਂ ਦੀਆਂ ਭੈੜੀਆਂ ਕਰਤੂਤਾਂ ਵੇਖ ਕੇ ਇਨ੍ਹਾਂ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕਰ ਦਿੱਤਾ ਹੈ। ਜਿਸ ਨਾਲ ਕੇਵਲ ਪੰਜਾਬ ਹੀ ਨਹੀਂ ਸਗੋਂ ਸਭ ਥਾਵਾਂ 'ਤੇ ਸਿੱਖ ਸੰਗਤਾਂ ਜਾਗਰੂਕ ਹੋ ਗਈਆਂ ਹਨ। ਇਸ ਲਈ ਮੈਂ ਕਾਨਪੁਰ ਦੀਆਂ ਸੰਗਤਾਂ ਦਾ ਬਹੁਤ ਰਿਣੀ ਹਾਂ ਕਿ ਤੁਸੀਂ ਸ੍ਰੀ

Scanned with CamScanner

ਅਕਾਲ ਤਖ਼ਤ ਸਾਹਿਬ ਜੀ ਦਾ ਹੁਕਮ ਮੰਨਦਿਆਂ ਹੋਇਆਂ ਇਥੇ ਵੀ ਨਕਲੀ ਨਿਰੰਕਾਰੀਆਂ ਦੇ ਜਲਸੇ ਨੂੰ ਰੋਕਣ ਲਈ ਵੱਡੀ ਗਿਣਤੀ ਵਿੱਚ ਸ਼ਾਂਤਮਈ ਰੋਸ ਪ੍ਰਗਟਾਵਾ ਕੀਤਾ। ਹੋਰ ਵੀ ਤਸੱਲੀ ਵਾਲੀ ਗੱਲ ਹੈ ਕਿ ਆਪ ਸੰਗਤਾਂ ਨੇ ਪਾਰਟੀ ਪੱਧਰ ਤੋਂ ਉਪਰ ਉਠ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕੀਤੀ ਹੈ। ਹਾਲਾਂਕਿ ਇੱਥੇ ਵੀ ਸ਼ਾਂਤਮਈ ਰੋਸ ਪ੍ਰਗਟਾਉਂਦੀਆਂ ਸੰਗਤਾਂ 'ਤੇ ਇਥੋਂ ਦੀ ਪੁਲਿਸ ਅਤੇ ਨਕਲੀ ਨਿਰੰਕਾਰੀਆਂ ਨੇ ਮਿਲ ਕੇ ਸਿੱਧਾ ਉਪਰ ਲਾਠੀਚਾਰਜ ਕੀਤਾ ਅਤੇ ਗੋਲੀਆਂ ਚਲਾਈਆਂ। ਜਿਸ ਕਾਰਨ ਇੱਥੇ 10 ਸਿੰਘ ਸ਼ਹੀਦ ਹੋ ਗਏ। ਦਾਸ ਉਸ ਵੇਲੇ ਉਨ੍ਹਾਂ ਦੇ ਭੋਗ 'ਤੇ ਵੀ ਹਾਜ਼ਰ ਹੋਇਆ ਸੀ। ਉਸ ਸਮੇਂ ਵੀ ਕੁੱਝ ਬੇਨਤੀਆਂ ਕੀਤੀਆਂ ਸਨ ਅਤੇ ਅੱਜ ਫਿਰ ਬੇਨਤੀ ਕਰਦਾ ਹਾਂ ਕਿ ਮੈਂ ਇਕੱਲਾ ਨਹੀਂ ਬਲਕਿ ਸਮੁੱਚੀ ਸਿੱਖ ਕੌਮ ਇਸ ਕਾਰਜ ਲਈ ਸ਼ਹੀਦ ਹੋਣ ਵਾਲੇ ਸਿੱਖਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਰਿਣੀ ਹੈ। ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਸਿੰਘਾਂ ਦੀਆਂ ਸ਼ਹਾਦਤਾਂ ਅਜਾਈਂ ਨਹੀਂ ਜਾਣਗੀਆਂ। ਤੁਸੀਂ ਦੇਖੋਗੇ ਕਿ ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਨ੍ਹਾਂ ਗੁਰੂ ਦੇ ਨਿੰਦਕਾਂ ਨੂੰ ਆਪਣੀ ਭੈੜੀ ਅਤੇ ਘਿਨਾਉਣੀ ਕਰਨੀ ਦਾ ਫਲ ਭੁਗਤਣਾ ਪਵੇਗਾ। ਸੰਤਾਂ ਵੱਲੋਂ ਦਿਲ ਨੂੰ ਛੂਹ ਜਾਣ ਵਾਲੇ ਕਹੇ ਗਏ ਬਚਨਾਂ ਨੂੰ ਸੁਣਦਿਆਂ ਹੀ ਸੰਗਤਾਂ ਵਿੱਚੋਂ ਕਈ ਵਾਰ ਜੈਕਾਰੇ ਬੁਲਾਏ ਗਏ। ਇਥੇ ਵੀ ਅਖੀਰਲੇ ਦਿਨ ਅੰਮ੍ਰਿਤ ਸੰਚਾਰ ਹੋਇਆ ਜਿਸ ਵਿੱਚ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ। ਇਸ ਤਰ੍ਹਾਂ ਸਿੱਖੀ ਦਾ ਪ੍ਰਚਾਰ ਕਰਦਿਆਂ ਸੰਤ ਯੂਪੀ ਤੋਂ ਭਲਾਈ ਨਗਰ ਦੁਰਗ ਆਦਿ ਨੂੰ ਰਵਾਨਾ ਹੋ ਗਏ।

ਇਸ ਤੋਂ ਅਗਲੇ ਪ੍ਰੋਗਰਾਮ ਜੋ ਹਰ ਸਾਲ ਹੀ ਜੱਥੇ ਵੱਲੋਂ ਧਰਮ ਪ੍ਰਚਾਰ ਕਰਦਿਆਂ ਨਿਭਾਏ ਜਾਂਦੇ ਹਨ। ਉਨ੍ਹਾਂ ਨੂੰ ਨਿਭਾਉਂਦਿਆਂ ਹੋਇਆਂ ਦੁਰਗ, ਭਲਾਈ, ਸੰਭਲਪੁਰ ਤੋਂ ਰੋਡ ਕਿਲ੍ਹਾ, ਕਲਕੱਤਾ ਤੋਂ ਹੁੰਦਿਆਂ ਹੋਇਆਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਉਪਰੰਤ ਬੰਬੇ ਪਹੁੰਚੇ। ਇਥੇ ਹੀ ਖ਼ਬਰ ਮਿਲੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਖ਼ਬਰ ਸੁਣਦਿਆਂ ਹੀ ਬੰਬਈ ਦੇ ਕੁੱਝ ਸੂਝਵਾਨ ਸਿੱਖ ਆਗੂਆਂ ਨੇ ਸੰਤਾਂ ਨੂੰ ਸੁਝਾਅ ਦਿੱਤਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਕਹਿ ਕੇ ਅਜਿਹਾ ਪ੍ਰਬੰਧ ਕਰਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੀ ਚੋਣ ਲੜਨ ਵਾਲੇ ਮੈਂਬਰ ਪਰਿਵਾਰਾਂ ਸਮੇਤ ਅੰਮ੍ਰਿਤਧਾਰੀ ਹੋਣ ਕਿਉਂਕਿ ਅਜਿਹਾ ਸ਼੍ਰੋਮਣੀ ਕਮੇਟੀ ਦਾ ਵਿਧਾਨਿਕ ਸਿਸਟਮ ਵੀ ਹੈ। ਕੁੱਝ ਸਿੱਖ ਆਗੂਆਂ ਨੇ ਇਹ ਵੀ ਰਾਇ ਦਿੱਤੀ ਜੇਕਰ ਅਕਾਲੀ ਆਗੂ ਤੁਹਾਡੀ ਰਾਇ ਨਾ ਮੰਨਣ ਤਾਂ ਅਜਿਹੇ ਥਾਵਾਂ 'ਤੇ ਆਪਣੇ ਵੱਲੋਂ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਚੋਣ ਲੜਨ ਲਈ ਖੜ੍ਹੇ ਕਰ ਦੇਣੇ ਚਾਹੀਦੇ ਹਨ ਜਿਨ੍ਹਾਂ ਥਾਵਾਂ 'ਤੇ ਅਕਾਲੀ ਦਲ ਵੱਲੋਂ ਖੜ੍ਹੇ ਕੀਤੇ ਗਏ ਉਮੀਦਵਾਰ ਅੰਮ੍ਰਿਤਧਾਰੀ ਨਾ ਹੋਣ ਜਾਂ ਉਨ੍ਹਾਂ ਦਾ ਪਿਛੋਕੜ ਗੁਰਮਤਿ ਸਿਧਾਂਤਾਂ 'ਤੇ ਪਹਿਰਾ ਦੇਣ ਵਾਲਾ ਨਾ ਹੋਵੇ, ਇਤ ਆਦਿਕ ਬਹੁਤ ਸਾਰੇ ਸਿੱਖਾਂ ਨੇ ਆਪੋ ਆਪਣੀ ਰਾਏ ਦਿੱਤੀ ਜਿਸ ਦੇ ਉੱਤਰ ਵਿੱਚ ਸੰਤਾਂ ਨੇ ਆਖਿਆ ਕਿ ਕਈ ਗੱਲ ਨਹੀਂ ਅਸੀਂ ਪੰਜਾਬ ਵਿੱਚ ਜਾ ਕੇ ਸਾਰੇ ਸਿੰਘਾਂ ਅਤੇ ਸਿੱਖ ਆਗੂਆਂ ਨਾਲ ਸਲਾਹ ਮਸ਼ਵਰਾ ਕਰਾਂਗੇ ਅਤੇ ਉਨ੍ਹਾਂ ਨੂੰ ਭਰੋਸਾ ਵੀ ਦਿੱਤਾ ਜੇਕਰ ਸਤਿਗੁਰੂ ਜੀ ਨੂੰ ਭਾਇਆ ਤਾਂ ਅਜਿਹਾ ਹੀ ਹੋਵੇਗਾ। ਅਜਿਹੀਆਂ ਵਿਚਾਰਾਂ ਤੋਂ ਉਪਰੰਤ ਸੰਤ ਜੀ ਜੱਥੇ ਸਮੇਤ ਪੰਜਾਬ ਨੂੰ ਚੱਲ ਪਏ। ਬਹੁਤ ਸਾਰੇ ਜੱਥੇ ਦੇ ਸਿੰਘ ਰੇਲ ਗੱਡੀ ਰਾਹੀਂ ਰਵਾਨਾ ਹੋਏ ਪਰ ਸੰਤਾਂ ਨੇ ਚਾਰ ਕੁ ਸਿੰਘਾਂ ਸਮੇਤ ਕਾਰ ਰਾਹੀਂ ਪੰਜਾਬ ਨੂੰ ਚਾਲੇ ਪਾ ਦਿੱਤੇ।

ਸੰਤਾਂ ਦੇ ਨਾਲ ਗੜਵਈ ਭਾਈ ਗੁਰਮੁਖ ਸਿੰਘ, ਮਨਜੀਤ ਸਿੰਘ (ਬਾਣੇਦਾਰ), ਭਾਈ ਰਸ਼ਪਾਲ ਸਿੰਘ ਪੀਏ ਅਤੇ ਡਰਾਇਵਰ ਭਾਈ ਗੁਰਮੁਖ ਸਿੰਘ ਇਹ ਸਾਰੇ ਸਿੰਘ ਦੂਸਰੀ ਸ਼ਾਮ ਨੂੰ ਗੰਗਾ ਨਗਰ ਵਿਖੇ ਲਾਇਲਪੁਰੀਆਂ ਦੇ ਚੱਕ ਸ. ਕਰਤਾਰ ਸਿੰਘ ਦੇ ਘਰ ਪਹੁੰਚ ਗਏ। ਪਹੁੰਚਣ ਸਾਰ ਹੀ ਲਾਇਲਪੁਰੀਆਂ ਦੇ ਪਰਿਵਾਰ ਨੇ ਨੇੜਲੇ ਸਿੰਘਾਂ ਨੂੰ ਸੁਨੇਹਾ ਲਾ ਦਿੱਤਾ ਕਿ ਸੰਤ ਜੀ ਕੁੱਝ ਕੁ ਸਿੰਘਾਂ ਸਮੇਤ ਇੱਥੇ ਪਹੁੰਚੇ ਹਨ ਅਤੇ ਸਿਰਫ਼ ਅੱਜ ਦਾ ਦਿਨ ਹੀ ਰੁਕਣਗੇ। ਇਸ ਤਰ੍ਹਾਂ ਟਕਸਾਲ ਦੇ ਕੁੱਝ ਸਿੰਘ ਰਾਤ ਨੂੰ ਸੰਤਾਂ ਕੋਲ ਪਹੁੰਚ ਗਏ, ਜਿਨ੍ਹਾਂ ਵਿੱਚ ਭਾਈ ਆਤਮਾ ਸਿੰਘ ਚੱਕ ਮਹਿਰਾਜ, ਭਾਈ ਗੁਰਜੰਟ ਸਿੰਘ, ਜਥੇਦਾਰ ਤੇਜਵੰਤ ਸਿੰਘ, ਸ. ਰਣਬੀਰ ਸਿੰਘ ਗਰੇਵਾਲ ਅਤੇ ਲਾਇਲਪੁਰੀਆਂ ਦਾ ਸਾਰਾ ਹੀ ਪਰਿਵਾਰ ਭਾਵ ਸ. ਨਿਰੰਜਨ ਸਿੰਘ, ਸ. ਅਵਤਾਰ ਸਿੰਘ, ਸ. ਅਜੀਤ ਸਿੰਘ ਆਦਿ। ਇਸੇ ਤਰ੍ਹਾਂ ਗੁਰਦੁਆਰਾ ਸਿੰਘ ਸਭਾ ਸ੍ਰੀ ਗੰਗਾ ਨਗਰ ਦੇ ਪ੍ਰਧਾਨ ਭਾਈ ਪਾਖਰ ਸਿੰਘ ਅਤੇ ਕੁੱਝ ਹੋਰ ਸਿੰਘ ਸੰਤਾਂ ਕੋਲ ਪਹੁੰਚ ਗਏ। ਆਮ ਸੁੱਖ ਸਾਂਦ ਪੁੱਛਣ ਤੋਂ ਬਾਅਦ ਇਨ੍ਹਾਂ ਸਿੰਘਾਂ ਨੂੰ ਸੰਤਾਂ ਨੇ ਪੁੱਛਿਆ ਕਿ ਪੰਜਾਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੀਆਂ ਚੋਣਾਂ ਦਾ

Scanned with CamScanner

ਐਲਾਨ ਹੋ ਗਿਆ ਹੈ ਇਸ ਸਬੰਧ ਵਿੱਚ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ? ਤਾਂ ਇਕੱਤਰ ਹੋਏ ਸਿੰਘਾਂ ਨੇ ਅੱਗੋਂ ਕੋਈ ਜਵਾਬ ਨਾ ਦਿੱਤਾ ਬਲਕਿ ਇੰਨਾ ਹੀ ਕਿਹਾ ਕਿ ਆਪ ਜੀ ਜੋ ਵੀ ਫੈਸਲਾ ਲਵੋਗੇ ਅਸੀਂ ਉਸ ਉੱਪਰ ਫੁੱਲ ਚੜ੍ਹਾਵਾਂਗੇ। ਸੰਤਾਂ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਇਸ ਵਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਜੋ ਮੈਂਬਰ ਚੋਣਾਂ ਵਿੱਚ ਖੜ੍ਹੇ ਕੀਤੇ ਜਾਣ ਉਹ ਪਰਿਵਾਰਾਂ ਸਮੇਤ ਅੰਮ੍ਰਿਤਧਾਰੀ ਹੋਣ ਤਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਰਾਹੀਂ ਧਰਮ ਦਾ ਪ੍ਰਚਾਰ ਹੋ ਸਕਦਾ ਹੈ। ਕਾਫੀ ਸਮਾਂ ਅਜਿਹੀਆਂ ਵਿਚਾਰਾਂ ਚੱਲਦੀਆਂ ਰਹੀਆਂ। ਅਖੀਰ ਇਹੀ ਫੈਸਲਾ ਹੋਇਆ ਕਿ ਪੰਜਾਬ ਵਿੱਚ ਹੋਰ ਵੀ ਸਿੱਖ ਸੰਗਤਾਂ ਨਾਲ ਅਤੇ ਸੰਪਰਦਾਵਾਂ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਯੋਗ ਫੈਸਲਾ ਲਿਆ ਜਾਵੇਗਾ।

ਗੁਰਦੁਆਰਾ ਚੋਣਾਂ ਸਬੰਧੀ ਚੌਣਵੇਂ ਸਿੱਖ ਆਗੂਆਂ ਅਤੇ ਸੰਤਾਂ ਮਹਾਂਪੁਰਖਾਂ ਨਾਲ ਸਲਾਹ ਮਸ਼ਵਰਾ

ਪੰਜਾਬ ਵਿੱਚ ਪ੍ਰਵੇਸ਼ ਹੁੰਦਿਆਂ ਹੀ ਸੰਤਾਂ ਨੇ ਖਾਸ-ਖਾਸ ਸਹਿਯੋਗੀਆਂ ਨਾਲ ਸਲਾਹ ਮਸ਼ਵਰਾ ਕਰਨਾ ਆਰੰਭ ਕਰ ਦਿੱਤਾ। ਸ੍ਰੀ ਗੰਗਾ ਨਗਰ ਤੋਂ ਚਲ ਕੇ ਸ੍ਰੀ ਮੁਕਤਸਰ ਸਾਹਿਬ ਪਹੁੰਚਦਿਆਂ ਹੀ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਮੱਥਾ ਟੇਕਣ ਤੋਂ ਬਾਅਦ ਮਾਸਟਰ ਜਗਦੀਸ਼ ਸਿੰਘ ਦੇ ਘਰ ਇਸ ਇਲਾਕੇ ਦੇ ਕੁੱਝ ਸਿੰਘਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਦੀਆਂ ਵਿਚਾਰਾਂ ਜਾਨਣ ਤੋਂ ਬਾਅਦ ਸ਼ਾਮ ਨੂੰ ਸੰਤ ਜੀ ਪਿੰਡ ਰੋਡੇ ਆਪਣੇ ਗ੍ਰਹਿ ਵਿਖੇ ਪਹੁੰਚੇ। ਇਥੇ ਹੀ ਸੰਤ ਬਾਬਾ ਕ੍ਰਿਪਾਲ ਸਿੰਘ, ਸੰਤਾਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਅਤੇ ਸੰਤਾਂ ਦੇ ਭਾਈ ਸ. ਜਗਜੀਤ ਸਿੰਘ ਤੋਂ ਇਲਾਵਾ ਪਿੰਡ ਦੇ ਹੋਰ ਬਹੁਤ ਸਾਰੇ ਸਿੰਘਾਂ ਨੂੰ ਘਰ ਬੁਲਾ ਕੇ ਇਸ ਸਬੰਧੀ ਸਲਾਹ ਮਸ਼ਵਰਾ ਕੀਤਾ। ਇੱਥੇ ਹੀ ਰਾਤ ਰੁਕੇ, ਸਵੇਰ ਸਾਰ ਚੱਲ ਕੇ ਸੰਤ ਬਾਬਾ ਤਾਰਾ ਸਿੰਘ ਜੀ ਪਾਸ ਸਰਹਾਲੀ ਵਿਖੇ ਰੁਕੇ। ਇਸ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਸ਼ਨ ਦੀਦਾਰੇ ਕਰਕੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚ ਗਏ। ਇੱਥੇ ਜਲਦੀ ਹੀ ਪੰਜਾਬ ਭਰ ਦੇ ਸਹਿਯੋਗੀ ਸਿੱਖਾਂ ਦੀ ਇੱਕ ਭਰਵੀਂ ਮੀਟਿੰਗ ਬੁਲਾਈ, ਜਿਸ ਵਿੱਚ ਲਗਭਗ ਸਾਰੇ ਹੀ ਜਿਲ੍ਹਿਆਂ ਤੋਂ ਸਿੰਘ ਪਹੁੰਚੇ ਹੋਏ ਸਨ। ਗੁਰਦੁਆਰਾ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕਰਦਿਆਂ ਲਏ ਗਏ ਫੈਸਲੇ ਮੁਤਾਬਿਕ ਜਥੇ ਦੇ ਦੋ ਸਿੰਘ ਭੇਜ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਮਿਲ ਕੇ ਉਨ੍ਹਾਂ ਤੋਂ ਇਹ ਮੰਗ ਕੀਤੀ ਗਈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਚੋਣ ਮੈਦਾਨ ਵਿੱਚ ਖੜ੍ਹੇ ਕੀਤੇ ਜਾਣ ਵਾਲੇ ਸਾਰੇ ਉਮੀਦਵਾਰ ਪਰਿਵਾਰਾਂ ਸਮੇਤ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਨਿਤਨੇਮੀ ਹੋਣੇ ਚਾਹੀਦੇ ਹਨ ਤਾਂ ਅਸੀਂ ਵੀ ਤੁਹਾਡੇ ਨਾਲ ਰਲ ਕੇ ਚੜ੍ਹਦੀ ਕਲਾ ਵਿੱਚ ਪ੍ਰਚਾਰ ਕਰਾਂਗੇ।

ਅਜਿਹਾ ਕਰਨ ਪਿੱਛੇ ਸੰਤਾਂ ਦਾ ਅਰਥ ਭਰਪੂਰ ਤਰਕ ਸੀ ਕਿ ਇੱਕ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਲਈ ਸੰਵਿਧਾਨਿਕ ਤੌਰ ਅਤੇ ਪੰਥ ਦਾ ਗੁਰਮਤਾ ਹੈ ਕਿ ਚੋਣ ਲੜਨ ਵਾਲਾ ਵਿਅਕਤੀ ਪਰਿਵਾਰ ਸਮੇਤ ਅੰਮ੍ਰਿਤਧਾਰੀ ਹੋਵੇ ਤਾਂ ਹੀ ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਹੋ ਸਕਦਾ ਹੈ, ਧਰਮ ਪ੍ਰਚਾਰ ਦੀ ਲਹਿਰ ਚਲਾਈ ਜਾ ਸਕਦੀ ਹੈ, ਅੰਮ੍ਰਿਤ ਸੰਚਾਰ ਵਿੱਚ ਤੇਜ਼ੀ ਲਿਆਈ ਜਾ ਸਕਦੀ ਹੈ, ਦੇਹਧਾਰੀ ਗੁਰੂਆਂ ਦੇ ਕੂੜ ਪ੍ਰਚਾਰ ਨੂੰ ਰੋਕਿਆ ਜਾ ਸਕਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਣ ਸਤਿਕਾਰ ਬਹਾਲ ਰੱਖਿਆ ਜਾ ਸਕਦਾ ਹੈ, ਇਸ ਸੰਸਥਾ ਵੱਲੋਂ ਪੰਥ ਪ੍ਰਸਤ ਹੋਣ ਦੀ ਲਹਿਰ ਪ੍ਰਚੰਡ ਕੀਤੀ ਜਾ ਸਕੇਗੀ ਅਤੇ ਆਮ ਸਿੱਖ ਸੰਗਤਾਂ ਵਿੱਚ ਸਿੱਖੀ ਪ੍ਰਤੀ ਆਸਥਾ, ਪਿਆਰ ਅਤੇ ਸ਼ਰਧਾ ਪੈਦਾ ਕੀਤੀ ਜਾ ਸਕਦੀ ਹੈ।

ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਸੰਤਾਂ ਵੱਲੋਂ ਆਏ ਸੰਦੇਸ਼ ਨੂੰ ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਟੌਹੜਾ ਨਾਲ ਸਾਂਝਾ ਕੀਤਾ। ਇਨ੍ਹਾਂ ਨੇ ਆਪਣੇ ਸੁਭਾਅ ਮੁਤਾਬਿਕ ਸੰਤਾਂ ਵੱਲੋਂ ਆਈ ਸਲਾਹ ਨੂੰ ਗੰਭੀਰਤਾ ਨਾਲ ਨਾ ਲਿਆ ਬਲਕਿ ਆਪਣੀ ਮਰਜ਼ੀ ਮੁਤਾਬਿਕ ਸਾਰੇ ਉਮੀਦਵਾਰ ਖੜ੍ਹੇ ਕੀਤੇ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਅੰਮ੍ਰਿਤਧਾਰੀ ਨਹੀਂ ਸਨ। ਇਸੇ ਤਰ੍ਹਾਂ ਹਲਕਾ ਬਿਆਸ ਤੋਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੂੰ ਉਮੀਦਵਾਰ ਐਲਾਨਿਆ ਗਿਆ। 1978 ਦੀ ਵਿਸਾਖੀ ਸਮੇਂ ਜਿਸਦਾ ਰਚੇਂਈਆ ਨਿਰੰਕਾਰੀ ਪੱਖੀ ਸੀ ਅਤੇ ਇਸ ਅੰਦਰ ਦੂਰ ਦ੍ਰਿਸ਼ਟੀ ਸੋਚ ਦੀ ਘਾਟ ਹੋਣ ਕਾਰਨ ਹੀ ਇਸ ਸਮੇਂ ਗੋਲੀ ਕਾਂਡ ਵਾਪਰਿਆ ਅਤੇ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ।

Scanned with CamScanner

ਬਹੁਤ ਸਾਰੇ ਉਮੀਦਵਾਰਾਂ ਦੀ ਪੁੱਛ ਪੜਤਾਲ ਕਰਨ ਤੋਂ ਉਪਰੰਤ ਸੰਤਾਂ ਨੇ ਇੱਕ ਵਾਰ ਫਿਰ ਜਥੇਦਾਰ ਤਲਵੰਡੀ ਨੂੰ ਕਿਹਾ ਕਿ ਇੱਕ ਤਾਂ ਉਮਰਾਨੰਗਲ ਨੂੰ ਧਾਰਮਿਕ ਟਿਕਟ ਨਾ ਦਿੱਤੀ ਜਾਵੇ ਕਿਉਂਕਿ ਉਹ ਪਹਿਲਾਂ ਹੀ ਅਕਾਲੀ ਵਜ਼ਾਰਤ ਵਿੱਚ ਮੰਤਰੀ ਹਨ। ਅਸੀਂ ਚਾਹੁੰਦੇ ਹਾਂ ਕਿ ਬਿਆਸ ਹਲਕੇ ਤੋਂ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੇ ਵੱਡੇ ਸਪੁੱਤਰ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੂੰ ਟਿਕਟ ਦਿੱਤੀ ਜਾਵੇ ਅਤੇ ਐਲਾਨੇ ਗਏ ਉਮੀਦਵਾਰਾਂ ਵਿੱਚੋਂ ਜਿਹੜੇ ਬੇ-ਅੰਮ੍ਰਿਤੀਏ ਹਨ ਉਨ੍ਹਾਂ ਦੀਆਂ ਟਿਕਟਾਂ ਕੱਟ ਕੇ ਸਾਬਤ ਸੂਰਤ ਅੰਮ੍ਰਿਤਧਾਰੀ ਸਿੰਘਾਂ ਨੂੰ ਦਿੱਤੀਆਂ ਜਾਣ। ਸੰਤਾਂ ਦਾ ਇਹ ਸੁਨੇਹਾ ਲੈ ਕੇ ਗਏ ਭਾਈ ਰਛਪਾਲ ਸਿੰਘ ਪੀਏ ਅਤੇ ਜਥੇਦਾਰ ਰਾਮ ਸਿੰਘ ਸੁਲਤਾਨਪੁਰੀ ਨੂੰ ਜਥੇਦਾਰ ਤਲਵੰਡੀ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਅਸੀਂ ਅਕਾਲੀ ਦਲ ਵਿੱਚ ਇਸ ਗੱਲ ਨੂੰ ਵਿਚਾਰਾਂਗੇ ਤਾਂ ਇਸ 'ਤੇ ਜਥੇਦਾਰ ਰਾਮ ਸਿੰਘ ਨੇ ਕਿਹਾ ਕਿ ਤਲਵੰਡੀ ਸਾਹਿਬ ਕਦੋਂ ਤੱਕ ਸਾਨੂੰ ਦੱਸੋਗੇ ਕਿ ਤੁਹਾਡਾ ਫੈਸਲਾ ਕੀ ਹੈ? ਤਾਂ ਉਸ ਨੇ ਕਿਹਾ ਕਿ 3-4 ਦਿਨਾਂ ਵਿੱਚ ਦੱਸ ਦਿਆਂਗੇ ਤਾਂ ਭਾਈ ਰਛਪਾਲ ਸਿੰਘ ਨੇ ਕਿਹਾ ਕਿ ਅਸੀਂ ਉਡੀਕ ਕਰਾਂਗੇ। ਪਰ ਇਸ ਗੱਲ ਦੀ ਪ੍ਰਵਾਹ ਕੀਤੇ ਬਿਨਾ ਅਕਾਲੀ ਦਲ ਵੱਲੋਂ ਖੜ੍ਹੇ ਕੀਤੇ ਗਏ ਉਮੀਦਵਾਰਾਂ ਲਈ ਪੂਰੀ ਤਰ੍ਹਾਂ ਪ੍ਰਚਾਰ ਮੁਹਿੰਮ ਤੇਜ਼ ਕਰ ਦਿੱਤੀ ਗਈ।

ਜਦੋਂ ਪੂਰਾ ਇੱਕ ਹਫਤਾ ਬੀਤ ਗਿਆ ਤਾਂ ਸੰਤਾਂ ਨੇ ਐਲਾਨ ਕਰ ਦਿੱਤਾ ਕਿ ਅਕਾਲੀ ਦਲ ਵੱਲੋਂ ਗੁਰਦੁਆਰਾ ਚੋਣਾਂ ਵਿੱਚ ਖੜ੍ਹੇ ਕੀਤੇ ਗਏ ਉਮੀਦਵਾਰਾਂ ਵਿੱਚੋਂ ਜਿਹੜੇ ਬੇ-ਅੰਮ੍ਰਿਤੀਏ ਹਨ ਉਨ੍ਹਾਂ ਦੀ ਥਾਂ 'ਤੇ ਅਸੀਂ ਆਪਣੇ ਉਮੀਦਵਾਰ ਖੜ੍ਹੇ ਕਰਾਂਗੇ। ਸੰਤਾਂ ਦੇ ਇਸ ਬਿਆਨ ਦਾ ਅਕਾਲੀ ਦਲ ਅਤੇ ਅਕਾਲੀ ਸਰਕਾਰ ਵੱਲੋਂ ਬੇਲੋੜਾ ਵਾਵੇਲਾ ਖੜ੍ਹਾ ਕੀਤਾ ਗਿਆ ਕਿ ਸੰਤ ਸਰਨੈਲ ਸਿੰਘ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਲਈ, ਕਾਂਗਰਸ ਦੇ ਕਹਿਣ 'ਤੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਕਰਨ ਦੀ ਮਨਸ਼ਾ ਨਾਲ ਆਪਣੇ ਸਿੰਘਾਂ ਨੂੰ ਚੋਣਾਂ ਲੜਾਉਣਾ ਚਾਹੁੰਦੇ ਹਨ।

ਸੰਤਾਂ ਵੱਲੋਂ ਚੋਣਾਂ ਲੜਨ ਸਬੰਧੀ ਸਥਿਤੀ ਸਪੱਸ਼ਟ ਕਰਨਾ

ਸੰਤਾਂ ਨੇ ਕਿਹਾ ਕਿ ਅਕਾਲੀ ਦਲ ਦੇ ਮੁੱਖ ਆਗੂ ਮੇਰੇ 'ਤੇ ਇਲਜ਼ਾਮ ਲਗਾ ਰਹੇ ਹਨ ਕਿ ਮੈਂ ਅਕਾਲੀ ਦਲ ਦਾ ਨੁਕਸਾਨ ਕਰਨਾ ਚਾਹੁੰਦਾ ਹਾਂ। ਮੈਂ ਸਿੱਖ ਸੰਗਤਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਜਨਮ ਤੋਂ ਅਕਾਲੀ ਹਾਂ ਮੇਰੇ ਜਨਮ ਤੋਂ ਪਹਿਲਾਂ ਮੇਰਾ ਪਰਿਵਾਰ ਅਕਾਲੀ ਹੈ। ਕੀ ਅਕਾਲੀ ਦਲ ਵੱਲੋਂ ਅੰਮ੍ਰਿਤਧਾਰੀ ਉਮੀਦਵਾਰਾਂ ਨੂੰ ਟਿਕਟਾਂ ਦੇਣ ਸਬੰਧੀ ਕਹਿਣਾ ਅਕਾਲੀ ਦਲ ਦਾ ਵਿਰੋਧ ਹੈ? ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਵਿਧਾਨ ਵਿੱਚ ਅਜਿਹਾ ਜ਼ਰੂਰੀ ਨਹੀਂ ਕਿ ਚੋਣ ਲੜਨ ਵਾਲਾ ਵਿਅਕਤੀ ਪਰਿਵਾਰ ਸਮੇਤ ਅੰਮ੍ਰਿਤਧਾਰੀ ਹੋਵੇ? ਕੀ ਗੁਰਦੁਆਰਿਆਂ ਦੇ ਪ੍ਰਬੰਧ ਲਈ ਅੰਮ੍ਰਿਤਧਾਰੀ ਵਿਅਕਤੀ ਹੋਣੇ ਕੋਈ ਪੰਥ ਵਿਰੋਧੀ ਗੱਲ ਹੈ? ਜੇਕਰ ਮੈਂ ਅਕਾਲੀ ਦਲ ਦਾ ਵਿਰੋਧ ਹੀ ਕਰਨਾ ਹੁੰਦਾ ਤਾਂ ਮੈਂ ਅਕਾਲੀ ਦਲ ਦੇ ਪ੍ਰਧਾਨ ਨੂੰ ਇਹ ਬੇਨਤੀ ਕਿਉਂ ਕਰਦਾ ਕਿ ਆਪਣੇ ਸਾਰੇ ਉਮੀਦਵਾਰ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ। ਉਲਟਾ ਮੇਰੇ ਕਹਿਣ ਦੇ ਬਾਵਜੂਦ ਜੋਧਾ ਸਿੰਘ ਉਮਰਾਨੰਗਲ ਵਰਗੇ ਵਿਅਕਤੀਆਂ ਨੂੰ ਜਾਣ ਬੁੱਝ ਕੇ ਅਕਾਲੀ ਦਲ ਦੀ ਵਜ਼ੀਰੀ ਤੋਂ ਅਸਤੀਫਾ ਦਿਵਾ ਕੇ ਬਿਆਸ ਹਲਕੇ ਦੀ ਟਿਕਟ ਦਿੱਤੀ ਗਈ ਹੈ। (ਹਾਲਾਂਕਿ ਅਸਤੀਫਾ ਦੇਣ ਵੇਲੇ ਹੀ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕਰ ਦਿੱਤਾ ਸੀ ਕਿ ਚੋਣਾਂ ਤੋਂ ਬਾਅਦ ਇਸ ਨੂੰ ਫਿਰ ਇਹੀ ਮੰਤਰੀ ਪਦ ਦਿੱਤਾ ਜਾਵੇਗਾ) ਜਿਸ ਵਿਅਕਤੀ ਦੇ ਕਾਰਨ 1978 ਦੀ ਵਿਸਾਖੀ ਦਾ ਕਾਂਡ ਵਾਪਰਿਆ, ਇਸ ਸੌੜੀ ਸੋਚ ਵਾਲੇ ਵਿਅਕਤੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੁਮਾਇੰਦਗੀ ਦੇਣਾ ਕਿੱਧਰ ਦੀ ਪੰਥ ਪ੍ਰਸਤੀ ਹੈ? ਅੱਜ ਵੀ ਮੈਂ ਐਲਾਨ ਕਰਦਾ ਹਾਂ ਕਿ ਅਕਾਲੀ ਦਲ ਵੱਲੋਂ ਜਿਹੜੇ ਉਮੀਦਵਾਰ ਅੰਮ੍ਰਿਤਧਾਰੀ, ਪੰਥ ਪ੍ਰਸਤ ਹੋਣਗੇ ਉਨ੍ਹਾਂ ਦੀ ਅਸੀਂ ਡਟ ਕੇ ਹਮਾਇਤ ਕਰਾਂਗੇ। ਪਰ ਜਿੱਥੇ ਬੇ-ਅੰਮ੍ਰਿਤੀਏ ਉਮੀਦਵਾਰ ਹੋਏ ਉਥੇ ਅਸੀਂ ਅੰਮ੍ਰਿਤਧਾਰੀ ਉਮੀਦਵਾਰ ਖੜ੍ਹੇ ਕਰਾਂਗੇ। ਖਾਸ ਕਰਕੇ ਹਲਕਾ ਬਿਆਸ ਤੋਂ ਅਸੀਂ ਭਾਈ ਅਮਰੀਕ ਸਿੰਘ ਨੂੰ ਚੋਣ ਲੜਾਵਾਂਗੇ।

ਇਸ ਢੰਗ ਨਾਲ ਸਮੁੱਚੇ ਪੰਜਾਬ ਵਿੱਚ ਅਕਾਲੀ ਦਲ ਵੱਲੋਂ ਖੜ੍ਹੇ ਕੀਤੇ ਗਏ ਉਮੀਦਵਾਰਾਂ ਦੀ ਛਾਣਬੀਣ ਕੀਤੀ ਗਈ ਅਤੇ ਜਿੱਥੇ-ਜਿੱਥੇ ਇਨ੍ਹਾਂ ਵੱਲੋਂ ਬੇ-ਅੰਮ੍ਰਿਤੀਏ ਉਮੀਦਵਾਰ ਸਨ ਉਨ੍ਹਾਂ ਦੀ ਥਾਂ 'ਤੇ ਸੰਤਾਂ ਨੇ ਆਪਣੇ ਉਮੀਦਵਾਰ ਐਲਾਨ ਦਿੱਤੇ, ਜਿਨ੍ਹਾਂ ਦੀ ਗਿਣਤੀ ਲਗਭਗ 19 ਸੀ। ਜਿਨ੍ਹਾਂ ਵਿੱਚ ਹਲਕਾ ਬਿਆਸ ਤੋਂ ਭਾਈ

Scanned with CamScanner

ਅਮਰੀਕ ਸਿੰਘ, ਅਜਨਾਲਾ ਤੋਂ ਜਥੇਦਾਰ ਮੋਹਣ ਸਿੰਘ ਮਟੀਆਂ, ਭਿਖੀਵਿੰਡ ਤੋਂ ਗੁਰਵਰਿਆਮ ਸਿੰਘ, ਫਲਟੋਹਾ ਤੋਂ ਭਾਈ ਸੁਜਾਨ ਸਿੰਘ, ਕਾਹਨੂੰਵਾਨ ਤੋਂ ਮਾਸਟਰ ਸੁਰਜੀਤ ਸਿੰਘ, ਗੁਰੂ ਹਰਸਹਾਏ ਤੋਂ ਸ. ਗੁਲਾਬ ਸਿੰਘ ਮਿਸ਼ਰੀਵਾਲਾ, ਕਾਦੀਆਂ ਤੋਂ ਅਮਰ ਸਿੰਘ ਬੁੱਟਰ, ਬਾਘਾ ਪੁਰਾਣਾ ਤੋਂ ਜਥੇਦਾਰ ਮਹਿੰਦਰ ਸਿੰਘ, ਖਡੂਰ ਸਾਹਿਬ ਤੋਂ ਸ. ਬੰਤਾ ਸਿੰਘ, ਮੁੱਲਾਂਪੁਰ ਦਾਖਾ ਤੋਂ ਗਰੇਵਾਲ ਮਨੋਹਰ ਸਿੰਘ ਨਾਰੰਗਵਾਲ, ਜਥੇਦਾਰ ਜੋਗਿੰਦਰ ਸਿੰਘ ਚੱਕ ਰਾਜੂ, ਜਥੇਦਾਰ ਰੇਸ਼ਮ ਸਿੰਘ ਆਰਫਕੇ ਮੱਲਾਂਵਾਲਾ ਤੋਂ ਅਤੇ ਬਾਬਾ ਸਵਰਨ ਸਿੰਘ ਜੱਫਰਵਾਲ ਧਾਰੀਵਾਲ ਤੋਂ ਇਤਿਆਦਿਕ ਸਾਰੇ 19 ਮੈਂਬਰ ਸਨ। ਇਨ੍ਹਾਂ ਵਿੱਚੋਂ ਵੀ ਜੋ ਕਿਸੇ ਹਲਕੇ ਵਿੱਚ ਅਕਾਲੀ ਦਲ ਵੱਲੋਂ ਐਲਾਨਿਆ ਗਿਆ ਉਮੀਦਵਾਰ ਅੰਮ੍ਰਿਤਧਾਰੀ ਪਾਇਆ ਗਿਆ ਤਾਂ ਸੰਤਾਂ ਨੇ ਉੱਥੋਂ ਆਪਣਾ ਉਮੀਦਵਾਰ ਬਿਠਾ ਲਿਆ ਸੀ ਕਿਉਂਕਿ ਸੰਤਾਂ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਅਸੀਂ ਕਿਸੇ ਪੰਥ ਪ੍ਰਸਤ ਅੰਮ੍ਰਿਤਧਾਰੀ ਸਿੰਘ ਦੇ ਖਿਲਾਫ ਆਪਣਾ ਉਮੀਦਵਾਰ ਖੜ੍ਹਾ ਨਹੀਂ ਕਰਾਂਗੇ। ਇਸ ਤਰ੍ਹਾਂ ਮੁੱਲਾਂਪੁਰ ਦਾਖਾ ਤੋਂ ਜਥੇਦਾਰ ਮੱਲ ਸਿੰਘ ਘੁਮਾਣ ਜੋ ਅਕਾਲੀ ਦਲ ਵੱਲੋਂ ਇਸ ਹਲਕੇ ਦਾ ਉਮੀਦਵਾਰ ਸੀ ਨੇ ਸੰਤਾਂ ਵੱਲੋਂ ਐਲਾਨੇ ਗਏ ਉਮੀਦਵਾਰ ਭਾਈ ਮਨੋਹਰ ਸਿੰਘ ਗਰੇਵਾਲ ਤੱਕ ਪਹੁੰਚ ਕੀਤੀ। ਉਨ੍ਹਾਂ ਨੂੰ ਕਿਹਾ ਕਿ ਮੈਂ ਤਾਂ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਹਾਂ ਬਲਕਿ ਮੇਰਾ ਪਰਿਵਾਰ ਵੀ ਅੰਮ੍ਰਿਤਧਾਰੀ ਹੈ ਇਸ ਲਈ ਤੁਸੀਂ ਮੇਰੇ ਵਿਰੁੱਧ ਇਲੈਕਸ਼ਨ ਨਾ ਲੜੋ ਤਾਂ ਮਨੋਹਰ ਸਿੰਘ ਨੇ ਕਿਹਾ ਕਿ ਤੁਸੀਂ ਸੰਤਾਂ ਨੂੰ ਮਿਲੋ ਅਤੇ ਆਪਣੇ ਬਾਰੇ ਦੱਸੋ ਕਿਉਂਕਿ ਮੈਂ ਉਨ੍ਹਾਂ ਦਾ ਉਮੀਦਵਾਰ ਹਾਂ। ਉਨ੍ਹਾਂ ਦੇ ਹੁਕਮ ਤੋਂ ਬਿਨਾ ਮੈਂ ਚੋਣ ਮੈਦਾਨ ਵਿੱਚੋਂ ਪਿੱਛੇ ਨਹੀਂ ਹਟ ਸਕਦਾ। ਇਸ ਤੋਂ ਬਾਅਦ ਮੱਲ ਸਿੰਘ ਘੁਮਾਣ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਮਿਲ ਕੇ ਆਪਣੀ ਸਥਿਤੀ ਸਪੱਸ਼ਟ ਕੀਤੀ। ਸੰਤਾਂ ਨੇ ਜਥੇਦਾਰ ਮੱਲ ਸਿੰਘ ਦੀ ਗੱਲ ਸੁਣਨ ਤੋਂ ਬਾਅਦ ਤਸੱਲੀ ਪ੍ਰਗਟ ਕੀਤੀ ਅਤੇ ਉਸ ਨੂੰ ਭਰਸਾ ਦਿੱਤਾ ਕਿ ਅਸੀਂ ਆਪਣੇ ਵੱਲੋਂ ਐਲਾਨਿਆ ਗਿਆ ਉਮੀਦਵਾਰ ਬਿਠਾ ਲੈਂਦੇ ਹਾਂ ਅਤੇ ਇਸ ਤੋ ਇਲਾਵਾ ਤੇਰੀ ਮਦਦ ਵੀ ਕਰਾਂਗੇ। ਇਸ ਤਰ੍ਹਾਂ ਜਥੇਦਾਰ ਮਨੋਹਰ ਸਿੰਘ ਜੋ ਮੁੱਲਾਂਪੁਰ ਦਾਖਾ ਤੋਂ ਚੋਣ ਲੜ ਰਿਹਾ ਸੀ ਚੋਣ ਮੈਦਾਨ ਵਿੱਚੋਂ ਹਟਾ ਲਿਆ ਗਿਆ। ਇਸੇ ਤਰ੍ਹਾਂ ਸ. ਜੋਗਿੰਦਰ ਸਿੰਘ ਚੱਕ ਰਾਜੂ ਜੋ ਹੁਸ਼ਿਆਰਪੁਰ ਦੇ ਹਲਕੇ ਤੋਂ ਚੋਣ ਲੜ ਰਹੇ ਸਨ ਤਾਂ ਇਸ ਸਬੰਧੀ ਉੱਥੇ ਦੇ ਮਹਾਂਪੁਰਖ ਬਾਬਾ ਚਰਨ ਸਿੰਘ ਜੀ ਭੀਖੀ ਵਾਲੇ ਸੰਤਾਂ ਨੂੰ ਮਿਲੇ ਅਤੇ ਦੱਸਿਆ ਕਿ ਜਿੱਥੇ ਤੁਸੀਂ ਸ. ਜੋਗਿੰਦਰ ਸਿੰਘ ਚੱਕ ਰਾਜੂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ ਉੱਥੇ ਵੀ ਅਕਾਲੀ ਦਲ ਵੱਲੋਂ ਐਲਾਨਿਆ ਗਿਆ ਉਮੀਦਵਾਰ ਅੰਮ੍ਰਿਤਧਾਰੀ ਹੈ ਅਸੀਂ ਉਸ ਬਾਰੇ ਜਾਣਦੇ ਹਾਂ ਤਾਂ ਸੰਤਾਂ ਨੇ ਸ. ਜੋਗਿੰਦਰ ਸਿੰਘ ਚੱਕ ਰਾਜੂ ਨੂੰ ਵੀ ਚੋਣ ਮੈਦਾਨ ਵਿੱਚੋਂ ਹਟਾ ਲਿਆ। ਇਸੇ ਤਰ੍ਹਾਂ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਅਕਾਲੀ ਦਲ ਦੇ ਉਮੀਦਵਾਰ ਸ. ਸ਼ਿਵ ਸਿੰਘ ਬੇਲਾ ਦੇ ਵਿਰੁੱਧ ਖੜ੍ਹੇ ਕੀਤੇ ਗਏ ਉਮੀਦਵਾਰ ਨੂੰ ਵੀ ਇਸ ਲਈ ਚੋਣ ਮੈਦਾਨ ਵਿੱਚੋਂ ਹਟਾ ਲਿਆ ਗਿਆ ਸੀ ਬਲਕਿ ਸ. ਸ਼ਿਵ ਸਿੰਘ ਬੇਲਾ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਵੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਆਪ ਗਏ। ਇਸ ਤਰ੍ਹਾਂ ਕਰਨ ਨਾਲ ਆਮ ਲੋਕਾਂ ਵਿੱਚ ਸੰਤਾਂ ਵੱਲੋਂ ਚੋਣ ਲੜਨ ਦੀ ਸਥਿਤੀ ਚਿੱਟੇ ਵਾਂਗ ਸਪੱਸ਼ਟ ਹੋ ਗਈ ਸੀ ਕਿ ਸੰਤ ਅਕਾਲੀ ਦਲ ਦੇ ਵਿਰੁੱਧ ਨਹੀਂ ਬਲਕਿ ਅਕਾਲੀ ਦਲ ਵੱਲੋਂ ਪੰਥਕ ਸਿਧਾਂਤਾਂ ਤੋਂ ਪਾਸਾ ਵੱਟਣ ਦੇ ਵਿਰੁੱਧ ਹਨ।

ਹਲਕਾ ਬਿਆਸ ਦਾ ਚੋਣ ਦੰਗਲ

ਲਗਭਗ 13 ਸਾਲ ਦੇ ਅਰਸੇ ਬਾਅਦ ਅਪ੍ਰੈਲ 1979 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ ਜਾ ਰਹੀਆਂ ਸਨ। ਪਿਛਲੇ ਸਾਲ 1978 ਦੀ ਵਿਸਾਖੀ ਸਮੇਂ ਵਾਪਰੇ ਭਿਆਨਕ ਗੋਲੀ ਕਾਂਡ ਸਮੇਂ ਜਿਥੇ 13 ਨਿਹੱਤਵਾਨ ਗੁਰਸਿੱਖਾਂ ਦੀ ਸ਼ਹਾਦਤ ਹੋਈ ਉਥੇ ਅਕਾਲੀ ਵਜ਼ਾਰਤ ਦੇ ਜਵੱਈਏ ਪੁਤੀ ਵੀ ਗੰਭੀਰ ਸੱਟੇ ਖੜ੍ਹੇ ਹੋਏ। ਖਾਸ ਕਰਕੇ ਜਦੋਂ ਇਹ ਕਾਂਡ ਵਾਪਰਿਆ ਤਾਂ ਉਸ ਦਿਨ ਅਕਾਲੀ ਵਜ਼ਾਰਤ ਦਾ ਮਾਲ ਮੰਤਰੀ ਉਮਰਾਨੰਗਲ ਮੌਕੇ 'ਤੇ ਮੌਜੂਦ ਹੋਣ ਦੇ ਬਾਵਜੂਦ ਪੰਥ ਦਾ ਪੱਖ ਪੂਰਨ ਦੀ ਥਾਂ 'ਤੇ ਆਨੇ ਬਹਾਨੇ ਨਕਲੀ ਨਿਰੰਕਾਰੀਆਂ ਦੀ ਪੁਸ਼ਤ ਪਨਾਹੀ ਕਰਦਾ ਰਿਹਾ। ਬੇਸ਼ੱਕ ਇਸ ਦੇ ਕਾਰਨ ਪੜ੍ਹਦੇ ਪਿੱਛੇ ਹੋਰ ਵੀ ਹਨ ਪਰ ਉਮਰਾਨੰਗਲ ਨੇ ਜੋ ਰੋਲ ਅਦਾ ਕੀਤਾ ਉਹ ਪੰਥ ਵਿੱਚ ਰੋਸ ਦਾ ਕਾਰਨ ਬਣਿਆ ਹੋਇਆ ਸੀ। ਇਸ ਲਈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿੱਚ ਅਕਾਲੀ ਦਲ ਵੱਲੋਂ ਟਿਕਟ ਦਿੱਤੇ ਜਾਣ ਦੇ ਵਿਰੋਧ ਵਿੱਚ ਸਨ। ਇਸੇ ਲਈ ਇਸ ਸੀਟ ਤੋਂ ਐੱਮ. ਏ. ਤੱਕ ਦੀ ਵਿਦਿਅਕ

Scanned with CamScanner

ਯੋਗਤਾ ਰੱਖਦਾ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਭਾਈ ਅਮਰੀਕ ਸਿੰਘ ਉਮੀਦਵਾਰ ਐਲਾਨਿਆ ਗਿਆ।

ਦੂਜੇ ਪਾਸੇ ਅਕਾਲੀ ਦਲ ਨੇ ਸਿਧਾਂਤਾਂ ਦੀ ਲੜਾਈ ਨੂੰ ਪਾਸੇ ਰੱਖ ਕੇ ਇਸ ਨੂੰ ਵੱਕਾਰੀ ਲੜਾਈ ਸਮਝ ਲਿਆ ਅਤੇ ਉਮਰਾਨੰਗਲ ਤੋਂ ਮਾਲ ਮੰਤਰੀ ਪਦ ਦਾ ਅਸਤੀਫਾ ਲੈ ਕੇ ਪੱਕੇ ਤੌਰ 'ਤੇ ਉਮੀਦਵਾਰ ਦਾ ਐਲਾਨ ਕਰਦਿਆਂ ਚੋਣ ਪ੍ਰਚਾਰ ਆਰੰਭ ਦਿੱਤਾ। ਇੱਥੇ ਹੀ ਬੱਸ ਨਹੀਂ, ਸਰਕਾਰੀ ਮਸ਼ੀਨਰੀ ਦੀ ਹਰ ਤਰ੍ਹਾਂ ਦੁਰਵਰਤੋਂ ਕਰਕੇ, ਮਾਲ ਮਹਿਕਮੇ ਦੇ ਕਰਮਚਾਰੀਆਂ ਰਾਹੀਂ ਜੱਟ ਵੋਟਰਾਂ 'ਤੇ ਭਾਰੀ ਦਬਾਅ ਪਾਇਆ ਗਿਆ। ਇਸੇ ਕਰਕੇ ਚੋਣਾਂ ਦੇ ਚਲਦਿਆਂ ਹੀ ਪੰਜਾਬ ਦੇ ਮੁੱਖ ਮੰਤਰੀ ਨੇ ਐਲਾਨ ਕਰ ਦਿੱਤਾ ਸੀ ਕਿ ਸ. ਉਮਰਾਨੰਗਲ ਤੋਂ ਮੰਤਰੀ ਪਦ ਦਾ ਅਸਤੀਫਾ ਲੈਣਾ ਸਾਡੀ ਸੰਵਿਧਾਨਿਕ ਮਜ਼ਬੂਰੀ ਹੈ। ਚੋਣਾਂ ਲੰਘਣ ਸਾਰ ਹੀ ਇਸ ਨੂੰ ਮੁੜ ਮਾਲ ਮੰਤਰੀ ਦੇ ਅਹੁਦੇ 'ਤੇ ਬਿਠਾ ਦਿੱਤਾ ਜਾਵੇਗਾ। ਇਸ ਦਾ ਕਾਰਨ ਵੀ ਇਹੀ ਸੀ ਕਿ ਵੋਟਰਾਂ ਉਪਰ ਮੰਤਰੀ ਪਦ ਦਾ ਦਬਾਅ ਬਣਿਆ ਰਹੇ, ਬਹੁਤ ਸਾਰੇ ਪੈਟਰੋਲ ਪੰਪਾਂ ਨੂੰ ਗੁਪਤ ਹਦਾਇਤਾਂ ਕੀਤੀਆਂ ਕਿ ਭਿੰਡਰਾਂਵਾਲਿਆਂ ਦੀਆਂ ਗੱਡੀਆਂ ਵਿੱਚ ਡੀਜ਼ਲ ਪੈਟਰੋਲ ਨਾ ਪਾਇਆ ਜਾਵੇ, ਭਿੰਡਰਾਂਵਾਲਿਆਂ ਦਾ ਹਊਆ ਖੜ੍ਹਾ ਕਰਕੇ ਨਿਰੰਕਾਰੀਆਂ, ਰਾਧਾਸੁਆਮੀਆਂ ਆਦਿ ਨੂੰ ਡਰਾ ਕੇ ਉਨ੍ਹਾਂ ਦੀਆਂ ਵੋਟਾਂ ਹਾਸਲ ਕੀਤੀਆਂ ਗਈਆਂ। ਚੋਣ ਅਮਲੇ 'ਤੇ ਸਰਕਾਰੀ ਅਸਰ ਰਸੂਖ ਵਰਤ ਕੇ ਟਕਸਾਲ ਪੱਖੀ ਹਜ਼ਾਰਾਂ ਵੋਟਾਂ ਕੱਟ ਦਿੱਤੀਆਂ ਗਈਆਂ। ਬਹੁਤ ਸਾਰੀਆਂ ਪੰਚਾਇਤਾਂ, ਪੰਚਾਂ-ਸਰਪੰਚਾਂ ਨੂੰ ਅੰਮ੍ਰਿਤ ਅੰਮ੍ਰਿਤ ਧੀ ਰਾਹੀਂ ਗੁਪਤ ਢੰਗ ਨਾਲ ਡਰਾਇਆ ਧਮਕਾਇਆ ਗਿਆ। ਝਲਕਿ ਹਰ ਤਰ੍ਹਾਂ ਦੇ ਕਾਨੂੰਨ ਛਿੱਕੇ ਟੰਗ ਕੇ ਇਸ ਹਲਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਗਿਆ। ਇਥੋਂ ਤੱਕ ਕਿ ਕੁਝ ਬਦਮਾਸ਼ ਕਿਸਮ ਦੇ ਲੋਕਾਂ ਨੂੰ ਹਥਿਆਰਬੰਦ ਕਰਕੇ ਸੰਤਾਂ ਦੇ ਹਮਾਇਤੀਆਂ ਉਪਰ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਗਈ।

ਇਨ੍ਹਾਂ ਤਣਾਅਪੂਰਵਕ ਹਾਲਾਤਾਂ ਦਾ ਸਾਹਮਣਾ ਕਰਨ ਲਈ ਸੰਤਾਂ ਨੇ ਸਿਥੇ ਆਪ ਸਾਰੇ ਹਲਕੇ ਵਿੱਚ ਜੁਡਾਨੀ ਚੋਣ ਪ੍ਰਚਾਰ ਕੀਤਾ ਉਥੇ ਇਨ੍ਹਾਂ ਦੀਆਂ ਹਰਕਤਾਂ ਨੂੰ ਸਮਝਦਿਆਂ ਹੋਇਆਂ ਕਿ ਚੋਣਾਂ ਵਾਲੇ ਦਿਨ ਇਨ੍ਹਾਂ ਦੇ ਬਦਮਾਸ਼ ਗਰੁੱਪ ਵੱਲੋਂ ਬਦਤਮੀਜ਼ੀ ਕੀਤੀ ਜਾ ਸਕਦੀ ਹੈ ਤਾਂ ਸੰਤਾਂ ਨੇ ਵੀ ਇਨ੍ਹਾਂ ਹਾਲਾਤਾਂ ਨੂੰ ਘੋਖਦਿਆਂ ਹੋਇਆਂ ਇਲੈਕਸ਼ਨ ਵਾਲੇ ਦਿਨ ਸੰਤਾਂ ਵੱਲੋਂ ਪੈਸ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਤਾਂ ਕਿ ਅਖ਼ਬਾਰਾਂ ਵਾਲੇ ਨੁਮਾਇੰਦੇ ਆਪਣੀਆਂ ਅੱਖੀਂ ਡੇਂਟਾਂ ਪੈਂਦੀਆਂ ਵੇਖ ਲੈਣ ਅਤੇ ਜੇਕਰ ਕਿਸੇ ਕਿਸਮ ਦੀ ਗੈਰ ਕਾਨੂੰਨੀ ਚਾਲ ਚੱਲੀ ਜਾਂਦੀ ਹੈ ਤਾਂ ਉਸ ਨੂੰ ਫੀ ਲੋਟ ਕਰ ਲੈਣ। ਇਸ ਲਈ ਅਖ਼ਬਾਰੀ ਨੁਮਾਇੰਦਿਆਂ ਦਾ ਵੀ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕਰਕੇ ਉਨ੍ਹਾਂ ਨੂੰ ਗੱਡੀ ਦਾ ਇੰਤਜ਼ਾਮ ਕਰਕੇ ਦਿੱਤਾ ਸੀ ਚੋਣਾਂ ਵਾਲੇ ਦਿਨ ਵਾਪਰੀਆਂ ਘਟਨਾਵਾਂ ਨੂੰ ਆਪ ਵੇਖਦੇ ਅਤੇ ਸੁਣਦੇ ਰਹੇ ਅਤੇ ਕੁਝ ਨੇ ਅਖ਼ਬਾਰਾਂ ਵਿੱਚ ਛਾਪਿਆ ਵੀ। ਵੋਟਾਂ ਪੈਣੀਆਂ ਸ਼ੁਰੂ ਹੋਈਆਂ ਤਾਂ ਜਿਵੇਂ-ਜਿਵੇਂ ਇਸ ਹਲਕੇ ਦੇ ਵੋਟਰ ਵੋਟਾਂ ਪਾਉਣ ਜਾਂਦੇ ਤਾਂ ਹਰ ਪਿੰਡ ਵਿਚੋਂ ਵੱਡੀ ਗਿਣਤੀ ਵਿੱਚ ਭਾਈ ਅਮਰੀਕ ਸਿੰਘ ਦੇ ਹਮਾਇਤੀ ਨਿਰਾਸ਼ਾ ਸਹਿਤ ਵਾਪਸ ਪਰਤ ਆਉਂਦੇ ਕਿਉਂਕਿ ਵੋਟਰ ਸੂਚੀ ਵਿੱਚ ਉਨ੍ਹਾਂ ਦੀਆਂ ਵੋਟਾਂ ਕੱਟੀਆਂ ਜਾ ਚੁੱਕੀਆਂ ਸਨ। ਜਦੋਂ ਪੈਸ ਦੇ ਨੁਮਾਇੰਦਿਆਂ ਨੇ ਇੱਕ ਤੋਂ ਦੂਜੇ ਅਤੇ ਦੂਜੇ ਤੋਂ ਹਰ ਪਿੰਡ ਵਿੱਚ ਜਾ ਕੇ ਵੇਖਿਆ ਕਿ ਇਹ ਆਲਮ ਸਾਰੇ ਹੀ ਹਲਕੇ ਵਿੱਚ ਹੈ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਭਾਈ ਅਮਰੀਕ ਸਿੰਘ ਦੇ ਹਮਾਇਤੀਆਂ ਦੀਆਂ ਵੋਟਾਂ ਕੱਟੀਆਂ ਜਾ ਚੁੱਕੀਆਂ ਹਨ ਕਿਉਂਕਿ ਸਰਕਾਰੀ ਅਮਲਾ ਫੈਲਾ, ਚੋਣ ਅਧਿਕਾਰੀ ਅਤੇ ਸਬੰਧਤ ਹੋਰ ਕਰਮਚਾਰੀ ਵਿਸ਼ੇਸ਼ ਤੌਰ 'ਤੇ ਇਸ ਡਿਊਟੀ ਉਪਰ ਤਾਇਨਾਤ ਸਨ ਕਿ ਉਮਰਾਨੰਗਲ ਦੇ ਹਮਾਇਤੀ ਆਗੂਆਂ ਤੋਂ ਪੁੱਛ-ਪੁੱਛ ਕੇ ਵੋਟਾਂ ਕੱਟੀਆਂ ਜਾਣ। ਅਜਿਹਾ ਹੀ ਹੋਇਆ ਪਰ ਇਸਦੇ ਬਾਵਜੂਦ ਵੀ ਅਕਾਲੀ ਸਰਕਾਰ ਦੇ ਕਰਮਚਾਰੀਆਂ ਨੇ ਜਿਨ੍ਹਾਂ ਵੋਟਰਾਂ ਨੂੰ ਉਮਰਾਨੰਗਲ ਦੇ ਹਮਾਇਤੀ ਸਮਝ ਕੇ ਉਨ੍ਹਾਂ ਦੀਆਂ ਵੋਟਾਂ ਬਰਕਰਾਰ ਰੱਖੀਆਂ ਸਨ ਉਨ੍ਹਾਂ ਵਿਚੋਂ ਹੀ ਕੁੱਝ ਵੋਟਾਂ ਭਾਈ ਅਮਰੀਕ ਸਿੰਘ ਨੂੰ ਪੈ ਗਈਆਂ। ਜਿਸ ਕਾਰਨ ਸਰਕਾਰ ਵੱਲੋਂ ਵੱਡੀਆਂ ਧਾਂਦਲੀਆਂ ਕਰਨ ਦੇ ਬਾਵਜੂਦ ਸਿਰਫ ਤਿੰਨ ਹਜਾਰ ਵੋਟਾਂ ਦੇ ਫਰਕ ਨਾਲ ਉਮਰਾਨੰਗਲ ਦੀ ਜਿੱਤ ਦਾ ਐਲਾਨ ਕੀਤਾ ਗਿਆ। ਪਰ ਇਖਲਾਕੀ ਕਦਰਾਂ ਕੀਮਤਾਂ ਦੀ ਰੋਸ਼ਨੀ ਵਿੱਚ ਪੰਜਾਬ ਸਰਕਾਰ ਅਤੇ ਖਾਸ ਕਰਕੇ ਸ. ਬਾਦਲ ਦਾ ਵੱਕਾਰ ਮਿੱਟੀ ਵਿੱਚ ਮਿਲ ਗਿਆ ਕਿਉਂਕਿ ਸਰਕਾਰ ਵੱਲੋਂ ਕੇਵਲ ਕਾਨੂੰਨ ਦੀਆਂ ਹੀ ਧੱਜੀਆਂ ਨਹੀਂ ਉਡਾਈਆਂ ਗਈਆਂ ਬਲਕਿ ਧਰਮ ਦੀਆਂ ਕਦਰਾਂ ਕੀਮਤਾਂ ਵੀ ਮਿੱਟੀ ਵਿੱਚ ਰੋਲੀਆਂ ਗਈਆਂ। ਯਾਦ ਰਹੇ ਕਿ ਇਸੇ ਹੀ ਭਾਈ ਅਮਰੀਕ ਸਿੰਘ ਦੇ ਸਤਿਕਾਰਯੋਗ ਪਿਤਾ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭੋਗ ਸਮੇਂ ਸ. ਬਾਦਲ ਨੇ ਸਟੇਜ ਤੋਂ ਇਹ ਬੋਲਿਆ ਸੀ ਕਿ ਅਜਿਹੇ ਮਹਾਨ

Scanned with CamScanner

ਮਹਾਪੁਰਖਾ ਦੀ ਉਸਤਤ ਕਰਨ ਲਈ ਮੇਰੇ ਕੋਲੋਂ ਯੋਗ ਸ਼ਬਦ ਨਹੀਂ ਹਨ। ਉਨ੍ਹਾਂ ਦੀ ਇੱਕ ਨਿਵੇਕਲੀ ਯਾਦਗਾਰ ਬਣਾਈ ਜਾਵੇਗੀ। ਪਰ ਆਪਣੇ ਰਾਜਨੀਤਿਕ ਹਿੱਤਾਂ ਦੀ ਪੂਰਤੀ ਲਈ ਭਾਈ ਅਮਰੀਕ ਸਿੰਘ ਨੂੰ ਹਰਾਉਣ ਲਈ ਆਪਣੀ ਸੌੜੀ ਸੋਚ ਦਾ ਪ੍ਰਗਟਾਵਾ ਕਰਦਿਆਂ ਧਰਮ ਦੇ ਨਾਂ 'ਤੇ ਵੋਟਾਂ ਮੰਗਣ ਲਈ ਘਰ-ਘਰ ਅੰਦਰ ਸ਼ਰਾਬ ਦੀਆਂ ਪੇਟੀਆਂ ਭੇਜੀਆਂ ਗਈਆਂ।

ਦੂਜੇ ਪਾਸੇ ਭਿੰਡਰਾਂਵਾਲੇ ਸੰਤਾਂ ਵੱਲੋਂ ਭਾਈ ਅਮਰੀਕ ਸਿੰਘ ਦੀ ਚੋਣ ਧਰਮ ਨੂੰ ਅਧਾਰ ਮੰਨ ਕੇ ਲੜੀ ਗਈ ਜਿਸਦਾ ਹਰ ਪਾਸੇ ਤੋਂ ਸਵਾਗਤ ਹੋਇਆ। ਚੋਣ ਨਤੀਜਿਆਂ ਵਾਲੇ ਦਿਨ ਵੱਡੀ ਗਿਣਤੀ ਵਿੱਚ ਸੰਤਾਂ ਦੇ ਹਮਾਇਤੀ ਸਿੱਖ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਇਕੱਠੇ ਹੋਏ ਅਤੇ ਹਰ ਪਿੰਡ ਵਿੱਚੋਂ ਇਕੱਤਰ ਕੀਤੀ ਜਾਣਕਾਰੀ ਸੰਤਾਂ ਨੂੰ ਦਿੱਤੀ। ਉਦੋਂ ਤੱਕ ਕਈ ਅਖ਼ਬਾਰਾਂ ਵਿੱਚ ਵੀ ਖ਼ਬਰਾਂ ਲੱਗ ਚੁੱਕੀਆਂ ਸਨ ਕਿ ਬਿਆਸ ਹਲਕੇ ਵਿੱਚ ਸਰਕਾਰ ਵੱਲੋਂ ਸਰਕਾਰੀ ਮਸ਼ੀਨਰੀ ਦਾ ਦੁਰਉਪਯੋਗ ਕੀਤਾ ਗਿਆ ਹੈ, ਨਸ਼ਿਆਂ ਦੀ ਵਰਤੋਂ ਕੀਤੀ ਗਈ ਹੈ, ਵੋਟਾਂ ਵਿੱਚ ਧਾਂਦਲੀਬਾਜੀ ਹੋਈ ਹੈ ਅਤੇ ਵੋਟਰਾਂ ਨੂੰ ਖਾਸ ਕਰਕੇ ਪੰਚਾਂ-ਸਰਪੰਚਾਂ ਨੂੰ ਧਮਕਾਇਆ ਗਿਆ ਹੈ ਆਦਿ। ਇਹ ਸਭ ਰਿਪੋਰਟਾਂ ਸੰਤਾਂ ਕੋਲ ਪਹੁੰਚ ਚੁੱਕੀਆਂ ਸਨ। ਦੂਜੇ ਪਾਸੇ ਸਾਰੇ ਪੰਜਾਬ ਵਿੱਚ ਸੰਤਾਂ ਵੱਲੋਂ ਚੋਣ ਮੈਦਾਨ ਵਿੱਚ ਖੜ੍ਹੇ ਕੀਤੇ ਗਏ ਉਮੀਦਵਾਰਾਂ ਵਿੱਚੋਂ ਬਹੁਤ ਸਾਰੇ ਉਮੀਦਵਾਰ ਚੋਣ ਮੈਦਾਨ ਵਿੱਚੋਂ ਹਟਾ ਲਏ ਗਏ ਸਨ ਕਿਉਂਕਿ ਉਨ੍ਹਾਂ ਦੇ ਸਾਹਮਣੇ ਚੋਣ ਲੜਨ ਵਾਲੇ ਅਕਾਲੀ ਉਮੀਦਵਾਰ ਅੰਮ੍ਰਿਤਧਾਰੀ ਸਨ। ਇਸ ਲਈ ਬਾਕੀ ਰਹਿ ਗਏ ਉਮੀਦਵਾਰਾਂ ਵਿੱਚੋਂ 9 ਉਮੀਦਵਾਰ ਚੋਣਾਂ ਜਿੱਤਣ ਵਿੱਚ ਕਾਮਯਾਬ ਹੋ ਗਏ ਸਨ। ਇਹ ਗੱਲ ਧਿਆਨਯੋਗ ਹੈ ਕਿ ਸੰਤਾਂ ਦੇ ਵਿਰੋਧੀਆਂ ਨੇ ਕਈ ਤਰ੍ਹਾਂ ਦੀਆਂ ਕਹਾਣੀਆਂ ਲਿਖ ਮਾਰੀਆਂ, ਕਿਤਾਬਾਂ ਛਪਵਾ ਦਿੱਤੀਆਂ ਕਿ ਸੰਤ ਭਿੰਡਰਾਂਵਾਲਿਆਂ ਨੇ ਸਾਰੇ ਪੰਜਾਬ ਵਿੱਚ ਉਮੀਦਵਾਰ ਖੜ੍ਹੇ ਕੀਤੇ ਸਨ ਪਰ ਇਨ੍ਹਾਂ ਦਾ ਕੋਈ ਵੀ ਉਮੀਦਵਾਰ ਜਿੱਤ ਪ੍ਰਾਪਤ ਨਹੀਂ ਕਰ ਸਕਿਆ। ਇਹ ਕੋਰਾ ਝੂਠ ਹੈ ਕਿਉਂਕਿ ਸੰਤਾਂ ਵੱਲੋਂ ਜਿੱਤੇ ਉਮੀਦਵਾਰ ਲੰਮਾ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਜਲਾਸ ਵਿੱਚ ਧਾਰਮਿਕ ਮੁੱਦਿਆਂ 'ਤੇ ਸਾਰਥਕ ਬਹਿਸ ਕਰਦੇ ਰਹੇ ਹਨ। ਅੱਜ ਇੱਥੇ ਇਕੱਤਰ ਹੋਈਆਂ ਸਿੱਖ ਸੰਗਤਾਂ ਨੂੰ ਸੰਤਾਂ ਨੇ ਸੰਬੋਧਨ ਕਰਦਿਆਂ ਆਖਿਆ ਕਿ ਆਪਾਂ ਅਸੂਲਾਂ ਦੀ ਲੜਾਈ ਲੜੀ ਹੈ। ਅੱਜ ਵੇਖਣ ਨੂੰ ਬੇਸ਼ੱਕ ਇਹ ਨਜ਼ਰ ਆਏਗਾ ਕਿ ਸਾਨੂੰ ਚੋਣ ਦੰਗਲ ਵਿੱਚ ਨਹੀਂ ਉਤਰਨਾ ਚਾਹੀਦਾ ਸੀ ਪਰ ਤੁਹਾਡੇ ਵੱਲੋਂ ਲੜੀ ਗਈ ਚੋਣ ਸੁਹਿਰਦ ਅਤੇ ਤਿਆਰ ਬਰ ਤਿਆਰ ਗੁਰਸਿੱਖਾਂ ਲਈ ਮਾਰਗ ਦਰਸ਼ਨ ਸਾਬਤ ਹੋਵੇਗੀ। ਇਸ ਲਈ ਚੜ੍ਹਦੀ ਕਲਾ ਵਿੱਚ ਰਹਿਣਾ ਹੈ ਜਿੱਥੋਂ ਤੱਕ ਬਹੁਤ ਸਾਰੇ ਸਿੱਖਾਂ ਦੀਆਂ ਵੋਟਾਂ ਕੱਟਣ ਦਾ ਸਵਾਲ ਹੈ ਇਸ ਬਾਰੇ ਵੀ ਮੈਂ ਭਲੀਭਾਂਤ ਜਾਣਦਾ ਹਾਂ ਪਰ ਜੋ ਲੋਕ ਆਪਣੀ ਸਿਆਸਤ ਲਈ ਸ਼ਰੇਆਮ ਸਿੱਖ ਕਾਤਲਾਂ ਦੀ ਪੁਸ਼ਤ ਪਨਾਹੀ ਕਰਦੇ ਹਨ ਉਨ੍ਹਾਂ ਨੂੰ ਸਿੱਖਾਂ ਦੀਆਂ ਵੋਟਾਂ ਕੱਟਣ ਦਾ ਕੀ ਦਰਦ ਹੋ ਸਕਦਾ ਹੈ। ਪਰ ਆਪਣੇ ਵੱਲੋਂ ਲੜੀ ਗਈ ਇਲੈਕਸ਼ਨ ਸਿਧਾਂਤਕ ਅਤੇ ਸੰਕੇਤਕ ਹੈ। ਇਸ ਲਈ ਨਿਸ਼ਚਿੰਤ ਰਹੋ।

ਸੰਤਾਂ ਵੱਲੋਂ ਪਿੰਡਾਂ ਵਿੱਚ ਕਥਾ ਕੀਰਤਨ ਦੇ ਪ੍ਰੋਗਰਾਮ

ਚੋਣਾਂ ਤੋਂ ਬਾਅਦ ਸੰਤਾਂ ਨੇ ਪਿੰਡਾਂ ਵਿੱਚ ਕਥਾ ਕੀਰਤਨ ਦੇ ਪ੍ਰੋਗਰਾਮ ਆਰੰਭ ਕੀਤੇ ਜੋ ਪਹਿਲਾਂ ਹੀ ਉਲੀਕੇ ਹੋਏ ਸਨ। ਇਨ੍ਹਾਂ ਪ੍ਰੋਗਰਾਮਾਂ ਤਹਿਤ ਲਗਭਗ ਸਾਰੇ ਪੰਜਾਬ ਨੂੰ ਹੀ ਘੇਰੇ ਵਿੱਚ ਲਿਆ ਗਿਆ। ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਘੱਟੋ ਘੱਟ 20-25 ਪਿੰਡਾਂ ਵਿੱਚ ਪ੍ਰੋਗਰਾਮ ਉਲੀਕੇ ਗਏ। ਜਿਸ ਪਿੰਡ ਵਿੱਚ ਪ੍ਰੋਗਰਾਮ ਹੁੰਦਾ ਉਸ ਦੇ ਨੇੜਲੇ ਪਿੰਡਾ ਦੀਆਂ ਸੰਗਤਾਂ ਨੂੰ ਵੀ ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਾਮਿਲ ਕਰਨ ਦਾ ਯਤਨ ਕੀਤਾ ਜਾਂਦਾ, ਜਿਨ੍ਹਾਂ ਪਿੰਡਾਂ ਵਿੱਚ ਪ੍ਰੋਗਰਾਮ ਕੀਤੇ ਜਾਂਦੇ ਹਨ ਉਨ੍ਹਾਂ ਦੀ ਸੂਚੀ ਅਖੀਰ ਵਿੱਚ ਇੱਕ ਥਾਂ 'ਤੇ ਹੀ ਦੇ ਦਿੱਤੀ ਜਾਂਦੀ ਕਿਉਂਕਿ ਹਰ ਸਾਲ ਲਗਭਗ ਉਨ੍ਹਾਂ ਹੀ ਪਿੰਡਾਂ ਵਿੱਚ ਦੁਬਾਰਾ ਜਾਇਆ ਜਾਂਦਾ। ਇਸ ਵਾਰ ਧਰਮ ਪ੍ਰਚਾਰ ਦੇ ਪ੍ਰੋਗਰਾਮ ਨੂੰ ਇਸ ਗੱਲ 'ਤੇ ਕੇਂਦਰਿਤ ਕੀਤਾ ਗਿਆ ਕਿ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ 'ਤੇ ਅਮਲ ਕਰਦਿਆਂ ਨਕਲੀ ਨਿਰੰਕਾਰੀਆਂ ਦਾ ਪੂਰੀ ਤਰ੍ਹਾਂ ਬਾਈਕਾਟ ਕਰ ਦੇਣ ਅਤੇ ਕਿਸੇ ਵੀ ਥਾਂ 'ਤੇ ਉਨ੍ਹਾਂ ਦਾ ਜਲਸਾ ਜਾਂ ਜਲੂਸ ਨਾ ਹੋਣ ਦਿੱਤਾ ਜਾਵੇ ਜਾਂ ਫਿਰ ਇਸ ਬਾਰੇ ਸੰਤਾਂ ਨੂੰ ਜ਼ਰੂਰ ਸੂਚਨਾ ਦਿੱਤੀ ਜਾਵੇ। ਇਸ ਤਰ੍ਹਾਂ ਸਿੱਖ ਸੰਗਤਾਂ ਨੂੰ ਸੁਚੇਤ ਕਰਦਿਆਂ ਥਾਂ-ਥਾਂ 'ਤੇ ਅੰਮ੍ਰਿਤ ਸੰਚਾਰ ਕਰਨਾ, ਦਾੜ੍ਹੀ ਕੇਸ ਰਖਾਉਣੇ, ਨਸ਼ੇ ਛੁਡਾਉਣੇ, ਸਾਦੇ ਢੰਗ ਨਾਲ ਵਿਆਹ ਸ਼ਾਦੀਆਂ ਕਰਨੇ, ਵਹਿਮਾਂ-ਭਰਮਾਂ ਤੋਂ

Scanned with CamScanner

ਬਚਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਪੂਰਨ ਭਰੋਸਾ ਰੱਖਣਾ। ਇਸ ਤਰ੍ਹਾਂ ਦੇ ਪ੍ਰਚਾਰ ਦੀ ਮੁੱਖ ਧਾਰਨਾ ਸੀ। ਲਗਭਗ ਅੱਧੇ ਕੁ ਪੰਜਾਬ ਦੇ ਪਿੰਡਾਂ ਵਿੱਚ ਧਰਮ ਪ੍ਰਚਾਰ ਕਰਦੇ ਹੋਏ ਸੰਤ ਜਥੇ ਸਮੇਤ ਵਾਪਿਸ ਮਹਿਤੇ ਪਰਤ ਆਏ ਕਿਉਂਕਿ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਦੂਸਰੀ ਬਰਸੀ ਦੀਆਂ ਤਿਆਰੀਆਂ ਕਰਨੀਆਂ ਸਨ।

ਸੰਤ ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੀ ਦੂਸਰੀ ਬਰਸੀ

16.08.1979 ਨੂੰ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੀ ਬਰਸੀ ਮਨਾਈ ਜਾਣੀ ਸੀ ਜਿਸ ਵਿੱਚ ਕੁੱਝ ਹੀ ਦਿਨ ਬਾਕੀ ਬਚੇ ਸਨ। ਇਸ ਲਈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਬਹੁਤ ਸਾਰੇ ਸੰਤ ਮਹਾਂਪੁਰਖਾਂ, ਸਿੱਖ ਸੰਪਰਦਾਵਾਂ ਅਤੇ ਹੋਰ ਸਿੱਖ ਆਗੂਆਂ ਨੂੰ ਨਿੱਜੀ ਤੌਰ 'ਤੇ ਸੁਨੇਹੇ ਭੇਜੇ ਕਿ ਉਹ ਮਹਾਪੁਰਖਾਂ ਦੀ ਬਰਸੀ ਦੇ ਇਕੱਠ ਵਿੱਚ ਸ਼ਾਮਿਲ ਹੋਣ। ਇੱਥੇ ਇਹ ਵੀ ਵਰਨਣਯੋਗ ਹੈ ਕਿ ਦਮਦਮੀ ਟਕਸਾਲ ਦੇ ਸਹਿਯੋਗੀ ਗੁਰਸਿੱਖਾਂ ਤੇ ਕੁੱਝ ਮਹਾਂਪੁਰਖਾਂ ਨੇ ਪਹਿਲਾਂ ਹੀ ਸੰਤਾਂ ਤੋਂ ਬਰਸੀ ਦੇ ਪ੍ਰੋਗਰਾਮ ਬਾਰੇ ਪਤਾ ਕਰ ਲਿਆ ਸੀ ਅਤੇ ਉਨ੍ਹਾਂ ਵੱਲੋਂ ਆਪਣੇ ਤੌਰ 'ਤੇ ਅੱਗੇ ਹੋਰ ਗੁਰਸਿੱਖ ਸੰਗਤਾਂ ਨੂੰ ਸੁਨੇਹੇ ਲਾਏ ਜਾ ਰਹੇ ਸਨ ਕਿ ਉਹ ਸੰਗਤਾਂ ਸਮੇਤ ਬਰਸੀ ਦੇ ਸਮੇਂ ਮਹਿਤੇ ਪਹੁੰਚਣ। ਇਸ ਦੇ ਨਾਲ ਹੀ ਨੇੜਲੇ ਇਲਾਕੇ ਦੀਆਂ ਸੰਗਤਾਂ ਨੂੰ ਵੀ ਸੱਦਾ ਪੱਤਰ ਭੇਜੇ ਗਏ। ਇਸ ਢੰਗ ਨਾਲ ਬਾਕੀ ਟਕਸਾਲੀ ਸਿੱਖਾਂ ਅਤੇ ਜਥੇਬੰਦੀਆਂ ਨਾਲ ਵੱਡੇ ਸੰਤਾਂ ਦੀ ਦੂਸਰੀ ਬਰਸੀ 'ਤੇ ਭਾਰੀ ਇਕੱਠ ਹੋਇਆ। ਹਰ ਸਾਲ ਦੀ ਤਰ੍ਹਾਂ ਬਰਸੀ ਤੋਂ ਪਹਿਲੀ ਰਾਤ ਭਾਵ 15 ਅਗਸਤ ਦੀ ਰਾਤ ਨੂੰ ਅਖੰਡ ਕੀਰਤਨੀ ਜਥੇ ਵੱਲੋਂ ਰੈਣ ਸਬਾਈ ਕੀਰਤਨ ਕੀਤਾ ਗਿਆ। ਸਵੇਰ ਨੂੰ ਭੋਗ ਉਪਰੰਤ ਖੁੱਲ੍ਹੇ ਦੀਵਾਨ ਸਜੇ ਜਿਨ੍ਹਾਂ ਵਿੱਚ ਵੱਖ-ਵੱਖ ਸੰਤ ਮਹਾਂਪੁਰਖਾਂ ਅਤੇ ਸਿੱਖ ਆਗੂਆਂ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਨਾਲ-ਨਾਲ ਮੌਜੂਦਾ ਸਮੇਂ ਵਿੱਚ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਜ਼ਿਕਰ ਵੀ ਕੀਤਾ ਗਿਆ। ਅਖੀਰ ਵਿੱਚ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੇ ਸੰਤਾਂ ਦੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦਾ ਨਿੱਤਨੇਮ ਉਨ੍ਹਾਂ ਦੀ ਦੂਰ ਦ੍ਰਿਸ਼ਟੀ, ਪੰਥ ਲਈ ਘਾਲਣਾ, ਨਗਰ ਕੀਰਤਨਾਂ ਰਾਹੀਂ ਧਰਮ ਪ੍ਰਚਾਰ, ਅਮਰਜੈਂਸੀ ਦਾ ਵਿਰੋਧ, ਗੁਰਬਾਣੀ ਦੇ ਮੰਗਲਾਂ ਦੀ ਸੇਵਾ ਅਤੇ ਅਖੀਰ ਨੂੰ ਸਿੱਖੀ ਕੇਸਾਂ ਸੰਗ ਨਿਭਾਉਣ ਦੀ ਸਿੱਖੀ ਰਵਾਇਤ ਨੂੰ ਬਰਕਰਾਰ ਰੱਖਣਾ। ਉਨ੍ਹਾਂ ਦੱਸਿਆ ਕਿ ਅਖੀਰਲੇ ਸਮੇਂ ਜਦੋਂ ਐਕਸੀਡੈਂਟ ਤੋਂ ਬਾਅਦ ਸੰਤ ਹਸਪਤਾਲ ਵਿੱਚ ਸਨ ਤਾਂ ਡਾਕਟਰਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਸਰੀਰ ਦਾ ਆਪ੍ਰੇਸ਼ਨ ਕਰਨਾ ਪੈਣਾ ਹੈ ਜਿਸ ਕਾਰਨ ਸਰੀਰ ਤੋਂ ਕੇਸ ਕੱਟਣੇ ਪੈਣਗੇ ਤਾਂ ਸੰਤਾਂ ਨੇ ਸਰੀਰ ਨੂੰ ਜਿੰਦਾ ਰੱਖਣ ਦੀ ਥਾਂ ਸਿੱਖ ਰਵਾਇਤਾਂ ਨੂੰ ਬਰਕਰਾਰ ਰੱਖਣ ਲਈ ਤਰਜੀਹ ਦਿੱਤੀ ਅਤੇ ਸਰੀਰ ਤੋਂ ਕੇਸ ਕੱਟਣ ਤੋਂ ਮਨ੍ਹਾ ਕਰ ਦਿੱਤਾ। ਸੰਤਾਂ ਨੇ ਕਈ ਵਿਦਵਾਨ ਗਿਆਨੀ ਪੈਦਾ ਕੀਤੇ, ਸੈਂਕੜੇ ਵਿਦਿਆਰਥੀਆਂ ਨੂੰ ਗੁੱਥੀ ਪਾਠ ਸਿਖਾ ਕੇ ਗ੍ਰੰਥੀ ਬਣਾਇਆ ਅਤੇ ਲੱਖਾਂ ਨੂੰ ਅੰਮ੍ਰਿਤਧਾਰੀ ਕਰਕੇ ਖ਼ਾਲਸਾ ਪੰਥ ਦੀ ਸੇਵਾ ਕੀਤੀ। ਉਨ੍ਹਾਂ ਦਾ ਜੀਵਨ ਬਹੁਤ ਹੀ ਮਹਾਨ ਅਤੇ ਵਿਸ਼ਾਲ ਹੈ ਪਰ ਇਹ ਸੰਖੇਪ ਵਿੱਚ ਬੇਨਤੀ ਕਰ ਰਹੇ ਹਾਂ। ਉਨ੍ਹਾਂ ਇਹ ਵੀ ਦੱਸਿਆ ਕਿ ਸੰਤਾਂ ਨੇ ਅਖੌਤੀ ਗੁਰੂ ਡੰਮ੍ਹ ਦੇ ਖਿਲਾਫ ਜੱਹਾਦ ਆਰੰਭਿਆ ਜੋ ਉਨ੍ਹਾਂ ਦੀ ਪ੍ਰੇਰਨਾ ਸਦਕਾ ਅੱਜ ਵੀ ਚੱਲ ਰਿਹਾ ਹੈ।

ਸੰਤਾਂ ਨੇ ਕਿਹਾ ਅੱਜ ਜਿੱਥੇ ਧਰਮ ਪ੍ਰਚਾਰ ਦੀ ਜ਼ਰੂਰਤ ਹੈ ਉੱਥੇ ਸਿੱਖੀ ਰਵਾਇਤਾਂ ਨੂੰ ਬਰਕਰਾਰ ਰੱਖਣਾ ਅਤੇ ਗੁਰੂ ਸਾਹਿਬਾਨਾਂ ਦਾ ਅਦਬ ਸਤਿਕਾਰ ਕਾਇਮ ਰੱਖਣਾ ਵੀ ਸਮੇਂ ਦੀ ਮੁੱਖ ਲੋੜ ਹੈ ਕਿਉਂਕਿ ਪਿਛਲੇ ਕਈ ਸਾਲਾਂ ਤੋਂ ਅਖੌਤੀ ਗੁਰੂ ਡੰਮ੍ਹ ਖਾਸ ਕਰਕੇ ਨਕਲੀ ਨਿਰੰਕਾਰੀ ਦਿਨ ਪ੍ਰਤੀ ਦਿਨ ਸਿੱਖ ਪੰਥ ਲਈ ਚੁਣੌਤੀ ਬਣਦੇ ਜਾ ਰਹੇ ਹਨ। ਹਾਲਾਂਕਿ ਸਿੱਖਾਂ ਦੀ ਸੁਪਰੀਮ ਸ਼ਕਤੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਜਿਹੇ ਗੁਰੂ ਡੰਮ੍ਹ ਦੇ ਖਿਲਾਫ ਹੁਕਮਨਾਮਾ ਜਾਰੀ ਕੀਤਾ ਹੈ ਤਾਂ ਕਿ ਸਮੁੱਚੀ ਸਿੱਖ ਕੌਮ ਨੂੰ ਸੁਚੇਤ ਕੀਤਾ ਜਾ ਸਕੇ। ਸੋ ਅੱਜ ਸਮੁੱਚੀ ਸਿੱਖ ਸੰਗਤ ਨੂੰ ਬੇਨਤੀ ਹੈ ਖਾਸ ਕਰਕੇ ਸਿੱਖ ਆਗੂਆਂ, ਸੰਤਾਂ ਮਹਾਂਪੁਰਖਾਂ ਨੂੰ ਕਿ ਆਪਾਂ ਸਾਰੇ ਰਲ ਕੇ ਸਿੱਖ ਸੰਗਤਾਂ ਨੂੰ ਇਸ ਗੱਲ ਤੋਂ ਜਾਣੂੰ ਕਰਵਾਈਏ ਕਿ ਇਨ੍ਹਾਂ ਨਕਲੀ ਨਿਰੰਕਾਰੀਆਂ ਵਿਰੁੱਧ ਡੱਟਣ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੰਦੇਸ਼ ਮਿਲ ਚੁੱਕਾ ਹੈ।

ਸੰਤਾਂ ਨੇ ਅੱਗੇ ਕਿਹਾ ਕਿ 1978 ਦੀ ਵਿਸਾਖੀ ਨੂੰ ਭਿਆਨਕ ਗੋਲੀ ਕਾਂਡ ਵਾਪਰਿਆ ਜਿਸ ਦੌਰਾਨ

Scanned with CamScanner

ਨਿਹੱਥੇ 13 ਸਿੰਘਾਂ ਨੂੰ ਸ਼ਹੀਦ ਕੀਤਾ ਗਿਆ। ਪਰ ਅੱਜ ਤੱਕ ਉਨ੍ਹਾਂ ਸਿੰਘਾਂ ਦੇ ਕਾਤਲਾਂ ਨੂੰ ਸਜ਼ਾ ਤਾਂ ਕੀ ਮਿਲਣੀ ਹੈ ਹਾਲੇ ਤੱਕ ਮੁੱਖ ਦੋਸ਼ੀਆਂ ਨੂੰ ਗ੍ਰਿਫਤਾਰ ਵੀ ਨਹੀਂ ਕੀਤਾ ਗਿਆ। ਇਸ ਲਈ ਸਾਡੀ ਮੰਗ ਹੈ ਕਿ ਉਨ੍ਹਾਂ ਦੋਸ਼ੀਆਂ ਨੂੰ ਜ਼ੁਰੰਤ ਫੜਿਆ ਜਾਵੇ ਅਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ।

ਨਕਲੀ ਨਿਰੰਕਾਰੀਆਂ ਵੱਲੋਂ ਵਿਸਾਖੀ ਕਾਂਡ ਦਾ ਮੁਕੱਦਮਾ ਪੰਜਾਬ ਤੋਂ ਬਦਲ ਕੇ ਹਰਿਆਣੇ ਲਿਆਂਦਾ

ਸਤੰਬਰ 1979 ਵਿੱਚ ਨਕਲੀ ਨਿਰੰਕਾਰੀਆਂ ਨੇ ਭਾਰਤ ਦੀ ਸੁਪਰੀਮ ਕੋਰਟ ਵਿੱਚ ਦਰਖ਼ਾਸਤ ਦਾਇਰ ਕੀਤੀ ਕਿ ਉਨ੍ਹਾਂ ਦਾ ਅੰਮ੍ਰਿਤਸਰ ਜਾਂ ਪੰਜਾਬ ਦੀ ਕਿਸੇ ਵੀ ਅਦਾਲਤ ਵਿੱਚ ਤਰੀਕ ਭੁਗਤਣ ਆਉਣਾ ਖ਼ਤਰੇ ਤੋਂ ਖਾਲੀ ਨਹੀਂ। ਇਸ ਲਈ ਉਨ੍ਹਾਂ ਉਪਰ ਚੱਲ ਰਿਹਾ ਮੁਕੱਦਮਾ ਹਰਿਆਣੇ ਦੀ ਕਿਸੇ ਅਦਾਲਤ ਵਿੱਚ ਤਬਦੀਲ ਕਰ ਦਿੱਤਾ ਜਾਵੇ। ਯਾਦ ਰਹੇ ਵਿਸਾਖੀ 1978 ਦੇ ਕਤਲੇਆਮ ਦਾ ਮੁਕੱਦਮਾ ਅੰਮ੍ਰਿਤਸਰ ਦੀ ਅਦਾਲਤ ਵਿੱਚ ਚੱਲ ਰਿਹਾ ਸੀ। 13 ਸਿੰਘਾਂ ਦੇ ਕਤਲ ਲਈ ਨਾਮਜਦ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਜਾ ਚੁੱਕੇ ਸਨ। ਉਨ੍ਹਾਂ ਨੂੰ ਇਸ ਗੱਲ ਦਾ ਡਰ ਸੀ ਕਿ ਕੋਈ ਵੀ ਇਨਸਾਫ ਪਸੰਦ ਜੱਜ ਇਸ ਕੇਸ ਦੀ ਸੁਣਵਾਈ ਕਰੇਗਾ ਤਾਂ ਉਨ੍ਹਾਂ ਨੂੰ ਸਜ਼ਾ ਜ਼ਰੂਰ ਹੋਵੇਗੀ। ਇਸ ਲਈ ਉਨ੍ਹਾਂ ਨੇ ਕੇਂਦਰ ਸਰਕਾਰ ਦੀ ਦਖਲ ਅੰਦਾਜ਼ੀ ਨਾਲ ਇਸ ਕੇਸ ਨੂੰ ਹਰਿਆਣਾ ਵਿਖੇ ਆਪਣੀ ਮਨਮਰਜ਼ੀ ਦੇ ਜੱਜ ਹਵਾਲੇ ਕਰਵਾਉਣਾ ਸੀ। ਉੱਚ ਅਦਾਲਤ ਨੇ ਕੇਂਦਰ ਦੀ ਮਿਲੀਭੁਗਤ ਕਾਰਨ ਨਕਲੀ ਨਿਰੰਕਾਰੀਆਂ ਦੀ ਦਰਖ਼ਾਸਤ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੱਲ ਰਿਹਾ ਕੇਸ ਇੱਥੋਂ ਬਦਲ ਕੇ ਕਰਨਾਲ ਦੇ ਸੈਸ਼ਨ ਕੋਰਟ ਦੇ ਹਵਾਲੇ ਕਰ ਦਿੱਤਾ। ਜਿਸ ਦੀ ਸੁਣਵਾਈ ਸੈਸ਼ਨ ਜੱਜ ਸ੍ਰੀ ਆਰ. ਐੱਸ. ਗੁਪਤਾ ਨੂੰ ਸੌਂਪ ਦਿੱਤੀ ਗਈ। ਜੋ ਕਿ ਨਿਰੰਕਾਰੀ ਮਿਸ਼ਨ ਦਾ ਪੈਰੋਕਾਰ ਸੀ ਅਤੇ ਇੱਕ ਜੱਜ ਹੁੰਦਿਆਂ ਹੋਇਆਂ ਇਸ ਦੀ ਕਾਰਜਸ਼ੈਲੀ ਵੀ ਸ਼ੱਕ ਦੇ ਘੇਰਿਆ ਵਿੱਚ ਸੀ। ਇਸ ਲਈ ਨਕਲੀ ਨਿਰੰਕਾਰੀਆਂ ਨੇ ਭਾਰੀ ਰਾਹਤ ਮਹਿਸੂਸ ਕੀਤੀ ਕਿ ਸਾਡੇ ਮਨ ਭਾਉਂਦੇ ਵਿਅਕਤੀ ਕੋਲ ਇਸ ਕੇਸ ਦੀ ਸੁਣਵਾਈ ਆ ਗਈ ਹੈ। ਜਿੱਥੇ ਉਨ੍ਹਾਂ ਨੇ ਆਪਣੀ ਮਨਮਰਜ਼ੀ ਅਨੁਸਾਰ ਝੂਠੇ ਗਵਾਹ ਭੁਗਤਾਏ, ਮਨਮਰਜ਼ੀ ਦੀਆਂ ਤਰੀਕਾਂ ਦਿਤੀਆਂ ਅਤੇ ਦੂਜੇ ਪਾਸੇ ਪੰਜਾਬ ਸਰਕਾਰ ਸਿੱਖ ਪੰਥ ਦੇ ਇਸ ਕੇਸ ਵੱਲੋਂ ਬਿਲਕੁੱਲ ਹੀ ਅਵੇਸਲੀ ਸੀ ਕਿਉਂਕਿ ਸਰਕਾਰ ਨੇ ਨਾ ਤਾਂ ਵਕੀਲਾਂ ਦਾ ਕੋਈ ਪੈਨਲ ਤਿਆਰ ਕੀਤਾ ਜੋ ਬਾਰੀਕੀ ਨਾਲ ਇਸ ਕੇਸ ਦੀ ਪੈਰਵਾਈ ਕਰ ਸਕਦੇ ਅਤੇ ਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਇਸ ਵੱਲ ਕੋਈ ਧਿਆਨ ਦਿੱਤਾ। ਪਰ ਸਟੇਜਾਂ 'ਤੇ ਸਿੱਖ ਸੰਗਤਾਂ ਦੇ ਸਾਹਮਣੇ ਝੂਠੀ ਬਿਆਨਬਾਜ਼ੀ ਕਰਦੇ ਰਹੇ ਕਿ ਪੰਜਾਬ ਸਰਕਾਰ ਵੱਲੋਂ ਪੂਰੀ ਤਨਦੇਹੀ ਨਾਲ ਇਸ ਕੇਸ ਦੀ ਪੈਰਵਾਈ ਕੀਤੀ ਜਾ ਰਹੀ ਹੈ। ਜਦੋਂ ਕਿ ਅਸਲੀਅਤ ਬਿਲਕੁੱਲ ਹੀ ਇਸ ਦੇ ਉਲਟ ਸੀ। ਇੱਥੇ ਇਹ ਵੀ ਵਰਨਣਯੋਗ ਹੈ ਕਿ ਹਿੰਦ ਸਮਾਚਾਰ ਗਰੁੱਪ ਦੇ ਐਡੀਟਰ ਅਤੇ ਮਾਲਕ ਲਾਲਾ ਜਗਤ ਨਰਾਇਣ ਨੇ ਇਸ ਅਦਾਲਤ ਵਿੱਚ ਝੂਠੀ ਗਵਾਹੀ ਦਿੱਤੀ ਕਿ ਸਿੱਖਾਂ ਦਾ ਸ਼ਸ਼ਤਰਧਾਰੀ ਜਥਾ ਕਤਲੋਗਾਰਤ ਦੇ ਮਨਸੂਬੇ ਨਾਲ ਨਿਰੰਕਾਰੀ ਜਲਸੇ ਵੱਲ ਵਧ ਰਿਹਾ ਸੀ ਜਿਸ ਕਾਰਨ 13.04.78 ਦਾ ਖੂਨੀ ਕਾਂਡ ਵਾਪਰਿਆ। ਇਸ ਲਈ ਉਹ ਹੀ ਜ਼ਿੰਮੇਵਾਰ ਹਨ ਉਸ ਵਿੱਚ ਨਿਰੰਕਾਰੀ ਪੈਰੋਕਾਰਾਂ ਦਾ ਕੋਈ ਕਸੂਰ ਨਹੀਂ ਹੈ। ਇਤਿਆਦਿਕ ਬਹੁਤ ਸਾਰੀਆਂ ਮਨ ਘੜਤ ਝੂਠੀਆਂ ਕਹਾਣੀਆਂ ਗਵਾਹੀ ਦੇ ਰੂਪ ਵਿੱਚ ਪੇਸ਼ ਕੀਤੀਆਂ ਗਈਆਂ ਜਿਹੋ ਜਿਹੀਆਂ ਜੱਜ ਗੁਪਤਾ ਚਾਹੁੰਦਾ ਸੀ। ਇਸ ਤਰ੍ਹਾਂ ਦੇ ਹੋਰ ਵੀ ਕਈ ਗਵਾਹ ਭੁਗਤਾਏ ਗਏ। ਦੂਜੇ ਪਾਸੇ ਸਿੱਖਾਂ ਵੱਲੋਂ ਪੈਰਵਾਈ ਕਰਨ ਵਾਲੇ ਨੁਮਾਇੰਦੇ ਜਾਂ ਵਕੀਲਾਂ ਦੀ ਕੋਈ ਦਲੀਲ ਆਦਿ ਨਹੀਂ ਸੁਣੀ ਜਾ ਰਹੀ ਸੀ ਬਲਕਿ ਜਦੋਂ ਦੂਜੀ ਧਿਰ ਦੇ ਗਵਾਹ ਬੁਲਾਏ ਜਾਂਦੇ ਸਨ ਤਾਂ ਉਨ੍ਹਾਂ ਨੂੰ ਬਾਰ-ਬਾਰ ਅਗਲੀ ਤਰੀਕ ਦੇ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਦੀ ਘੰਜਲ ਖੁਆਰੀ ਕਾਰਨ ਕਈ ਵਾਰ ਨਿਰੰਕਾਰੀਆਂ ਦੇ ਉਲਟ ਭੁਗਤਣ ਵਾਲੇ ਗਵਾਹ ਅਦਾਲਤ ਵਿੱਚ ਪੇਸ਼ ਹੋਣ ਤੋਂ ਰਹਿ ਵੀ ਜਾਂਦੇ ਸਨ ਤਾਂ ਉਨ੍ਹਾਂ ਦੀ ਗਵਾਹੀ ਪੱਕੇ ਤੌਰ 'ਤੇ ਹੀ ਕੱਟ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਜੱਜ ਗੁਪਤਾ ਵੱਲੋਂ ਤਰੀਕ ਦਰ ਤਰੀਕ ਭੁਗਤਾਈਆਂ ਜਾਣ ਲੱਗੀ। ਉਹ ਚਾਹੁੰਦਾ ਸੀ ਕਿ ਜਲਦੀ ਤੋਂ ਜਲਦੀ ਆਪਣੀ ਮਰਜ਼ੀ ਅਨੁਸਾਰ ਨਿਰੰਕਾਰੀਆਂ ਦੇ ਹੱਕ ਵਿੱਚ ਫੈਸਲਾ ਦਿੱਤਾ ਜਾ ਸਕੇ। ਇਸ ਤਰ੍ਹਾਂ ਕੇਸ ਚੱਲਦਾ ਰਿਹਾ।

ਗੁਰਦਾਸਪੁਰ ਜ਼ਿਲ੍ਹੇ ਵਿੱਚ ਬਾਦੀਆਂ, ਸ੍ਰੀ ਹਰਗੋਬਿੰਦਪੁਰ, ਬਟਾਲਾ, ਖੁਜਾਲਾ ਪਿੰਡ, ਜੱਫਰਵਾਲ, ਧਾਰੀਵਾਲ,

Scanned with CamScanner

ਗੁਰਦਾਸਪੁਰ ਸ਼ਹਿਰ ਵਿਖੇ ਧਾਰਮਿਕ ਪ੍ਰੋਗਰਾਮ ਕਰਦੇ ਹੋਏ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਜੱਥੇ ਸਮੇਤ ਦਸੂਹਾ-ਮੁਕੇਰੀਆਂ, ਟਾਂਡਾ ਉੜਮੁੜ ਤੋਂ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਪਾਸ ਪਹੁੰਚੇ, ਜਿਥੇ ਉਨ੍ਹਾਂ ਵੱਲੋਂ ਨਾਮ ਅਭਿਆਸ ਕਮਾਈ ਸਮਾਗਮ ਕੀਤਾ ਜਾ ਰਿਹਾ ਸੀ। ਇਹ ਪੂਰੇ ਪੰਜਾਬ ਵਿੱਚੋਂ ਆਪਣੀ ਕਿਸਮ ਦਾ ਵਿਲੱਖਣ ਪ੍ਰੋਗਰਾਮ ਹੋਇਆ ਕਰਦਾ ਸੀ। ਜਿਸ ਸਮਾਗਮ ਵਿੱਚ ਨਾਮ ਸਿਮਰਨ ਕਰਵਾਇਆ ਜਾਂਦਾ ਅਤੇ ਨਾਮ ਸਿਮਰਨ ਦੇ ਅਭਿਆਸ ਦਾ ਤਰੀਕਾ ਵੀ ਸਮਝਾਇਆ ਜਾਂਦਾ। (ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ ਵਾਲਿਆਂ ਵੱਲੋਂ ਆਰੰਭ ਕੀਤਾ ਗਿਆ ਇਹ ਸਮਾਗਮ ਅੱਜ ਵੀ ਨਿਰੰਤਰ ਜਾਰੀ ਹੈ) ਇੱਥੇ ਕਥਾ ਕੀਰਤਨ ਵੀ ਹੁੰਦਾ ਹੈ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਇਸ ਸਮਾਗਮ ਵਿੱਚ ਨਾਮ ਬਾਣੀ ਦਾ ਲਾਹਾ ਲੈਣ ਲਈ ਪਹੁੰਚਦੀਆਂ ਹਨ। ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ ਦਮਦਮੀ ਟਕਸਾਲ ਨਾਲ ਦਿਲੀ ਪ੍ਰੇਮ ਕਰਦੇ ਸਨ। ਉਹ ਆਮ ਸੰਗਤਾਂ ਨੂੰ ਕਹਿੰਦੇ ਸਨ ਕਿ ਬਾਣੀ ਦੀ ਸ਼ੁੱਧ ਸੰਥਿਆ ਲੈਣ ਲਈ ਭਾਵ ਬਾਣੀ ਸਿੱਖਣ ਲਈ ਸਿੱਖਾਂ ਕੋਲ ਸਭ ਤੋਂ ਸਰਵੋਤਮ ਸੰਸਥਾ ਦਮਦਮੀ ਟਕਸਾਲ ਹੈ, ਜੋ ਕਲਗੀਧਰ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪ ਚਲਾਈ ਹੈ। ਸੰਤ ਬਾਬਾ ਹਰਨਾਮ ਸਿੰਘ ਰਾਮਪੁਰ ਖੇੜੇ ਵਾਲੇ ਬਹੁਤ ਪਹੁੰਚੀ ਹੋਈ ਆਤਮਾ ਸਨ। ਉਹ ਹਮੇਸ਼ਾ ਹੀ ਨਾਮ ਸਿਮਰਨ ਅਤੇ ਗੁਰਬਾਣੀ ਦੀਆਂ ਵਿਚਾਰਾਂ ਹੀ ਆਮ ਕਰਿਆ ਕਰਦੇ ਸਨ। ਦੁਨਿਆਵੀ ਚਰਚਾ ਤੋਂ ਹਮੇਸ਼ਾ ਸੰਕੋਚ ਹੀ ਕਰਦੇ ਸਨ। ਉਨ੍ਹਾਂ ਦੇ ਜੀਵਨ ਦਾ ਇਲਾਕੇ ਵਿੱਚ ਬਹੁਤ ਪ੍ਰਭਾਵ ਸੀ। ਇਥੇ ਸੰਤ ਦਿਨ ਦੇ ਸਮਾਗਮਾਂ ਦੇ ਅਖੀਰਲੇ ਦਿਨ ਅੰਮ੍ਰਿਤ ਸੰਚਾਰ ਤੋਂ ਉਪਰੰਤ ਸੰਤ ਜੀ ਜਥੇ ਸਮੇਤ ਹੁਸ਼ਿਆਰਪੁਰ ਵਿਖੇ ਗੁਰਦੁਆਰਾ ਟਿੱਬਾ ਸਾਹਿਬ ਵਿਖੇ ਸੰਤ ਲਛਮਣ ਸਿੰਘ ਹੁਰਾਂ ਪਾਸ ਪਹੁੰਚੇ ਜਿੱਥੇ ਕਥਾ ਕੀਰਤਨ ਦੇ ਪ੍ਰਵਾਹ ਚੱਲੇ। ਇਸ ਤੋਂ ਬਾਅਦ ਨੰਗਲ-ਸਲਾਲਾ, ਝੀਂਗੜੀਆਂ, ਚੱਕਵਾਲ, ਚੱਕ ਰਾਜੂ ਆਦਿ ਦੇ ਪ੍ਰੋਗਰਾਮ ਕਰਕੇ ਸੰਤ ਜੀ ਜੱਥੇ ਸਮੇਤ ਲੁਧਿਆਣੇ ਜ਼ਿਲ੍ਹੇ ਵਿੱਚ ਪਿੰਡ ਮਲਕ, ਜੱਸੋਵਾਲ, ਮਨਸੂਰਾਂ ਤੋਂ ਧਰਮ ਪ੍ਰਚਾਰ ਕਰਦੇ ਪਿੰਡ ਨਾਰੰਗਵਾਲ ਪਹੁੰਚੇ, ਜਿੱਥੇ ਹਰ ਸਾਲ ਦੀ ਤਰ੍ਹਾਂ ਸੱਤ ਦਿਨ ਦਾ ਪ੍ਰੋਗਰਾਮ ਸੀ। ਇਨ੍ਹਾਂ ਸੱਤਾਂ ਦਿਨਾਂ ਵਿੱਚ ਇਸ ਪਿੰਡ ਤੋਂ ਇਲਾਵਾ ਇਲਾਕੇ ਵਿੱਚ ਵੀ ਭਾਰੀ ਗੁਰਮੱਤ ਪ੍ਰਚਾਰ ਕੀਤਾ ਜਾਂਦਾ ਅਤੇ ਸਭ ਸੰਗਤਾਂ ਨੂੰ ਨਾਰੰਗਵਾਲ ਵਿਖੇ ਪਹੁੰਚ ਕੇ ਅੰਮ੍ਰਿਤ ਛਕਣ ਦੀ ਬੇਨਤੀ ਕੀਤੀ ਜਾਂਦੀ। ਇਹ ਨਗਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਨਗਰ ਹੈ ਜਿਸ ਕਾਰਨ ਇਸ ਸਮਾਗਮ ਵਿੱਚ ਅਖੰਡ ਕੀਰਤਨੀ ਜੱਥੇ ਦੇ ਸਿੰਘ ਵੀ ਕਾਫੀ ਗਿਣਤੀ ਵਿੱਚ ਆਇਆ ਕਰਦੇ ਸਨ। ਇਥੇ ਭਾਈ ਦਲਜੀਤ ਸਿੰਘ ਗਰੇਵਾਲ ਪਰਿਵਾਰ ਸਮੇਤ ਸਾਰੇ ਪ੍ਰੋਗਰਾਮ ਦੀ ਦੇਖ ਰੇਖ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਿਆ ਕਰਦੇ ਸਨ। ਇਥੇ ਅੰਮ੍ਰਿਤ ਸੰਚਾਰ ਕਰਨ ਤੋਂ ਉਪਰੰਤ ਸਮਾਗਮਾਂ ਦੀ ਸਮਾਪਤੀ ਹੋਈ ਤਾਂ ਸੰਤ ਜੀ ਜੱਥੇ ਸਮੇਤ ਰਾੜਾ ਸਾਹਿਬ ਇੱਕ ਦੀਵਾਨ ਦੀ ਕਥਾ ਕਰਕੇ ਖੰਨੇ ਪਹੁੰਚੇ। ਖੰਨੇ ਦੇ ਨੇੜੇ ਵੀ ਪਿੰਡਾਂ ਵਿੱਚ 4-5 ਸਮਾਗਮ ਹੋਏ। ਇਨ੍ਹਾਂ ਸਮਾਗਮਾਂ ਤੋਂ ਉਪਰੰਤ ਨਵੰਬਰ ਦੇ ਅਖੀਰਲੇ ਦਿਨਾਂ ਵਿੱਚ ਸੰਤ ਜੀ ਜੱਥੇ ਸਮੇਤ ਪਟਨਾ ਸਾਹਿਬ ਚਲੇ ਗਏ।

ਹਰ ਸਾਲ ਦੀ ਤਰ੍ਹਾਂ ਪਟਨਾ ਸਾਹਿਬ ਵਿਖੇ ਇੱਥੋਂ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪੁਰਬ ਬਹੁਤ ਚੜ੍ਹਦੀ ਕਲਾ ਨਾਲ ਮਨਾਇਆ ਜਾਂਦਾ ਹੈ ਅਤੇ ਹਰ ਸਾਲ ਹੀ ਦਮਦਮੀ ਟਕਸਾਲ ਇੱਥੇ ਗੁਰਪੁਰਬ ਮਨਾਉਣ ਲਈ ਹਾਜ਼ਰੀਆਂ ਲਵਾਉਂਦੀ ਹੈ। ਇਸ ਵਾਰੀ ਵੀ ਗੁਰਪੁਰਬ ਮਨਾਉਂਦਿਆਂ ਹੋਇਆਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਜੀਵਨ ਕਥਾ ਸੁਣਾ ਕੇ ਪਟਨਾ ਸਾਹਿਬ ਦੀ ਪਾਵਨ ਧਰਤੀ ਦਾ ਇਤਿਹਾਸ ਦੱਸਿਆ। ਜੋ ਕਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਕਰ ਕਮਲਾਂ ਨਾਲ ਸ੍ਰੀ ਦਸਮ ਗ੍ਰੰਥ ਵਿੱਚ ਅੰਕਿਤ ਕੀਤੀ ਗਈ ਹੈ ਜਿਵੇਂ :

ਅਬ ਮੈ ਅਪਨੀ ਕਥਾ ਬਖਾਨੋ ॥
ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥

ਗੁਰਪੁਰਬ ਸਮਾਗਮਾਂ ਵਿੱਚ ਦਮਦਮੀ ਟਕਸਾਲ ਤੋਂ ਇਲਾਵਾ ਹੋਰ ਵੀ ਸਿੱਖ ਸੰਪਰਦਾਵਾਂ, ਸੰਤ ਮਹਾਂਪੁਰਖ, ਧਾਰਮਿਕ ਅਤੇ ਰਾਜਨੀਤਿਕ ਆਗੂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਰਧਾ ਭਾਵਨਾ ਦੇ ਨਾਲ ਸ੍ਰੀ ਪਟਨਾ ਸਾਹਿਬ ਵਿਖੇ ਗੁਰੂ ਸਾਹਿਬ ਜੀ ਦਾ ਅਵਤਾਰ ਪੁਰਬ ਮਨਾਉਣ ਆਉਂਦੀਆਂ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਸਮਾਗਮਾਂ ਤੋਂ ਉਪਰੰਤ ਦੁਰਗ ਭਲਾਈ, ਮੰਡਲਾ, ਮਨਵਾੜ

Scanned with CamScanner

ਹੁੰਦੇ ਹੋਏ ਸੰਤ ਜੀ ਉੱਤਰ ਪ੍ਰਦੇਸ਼ ਵਿੱਚ ਸਿੱਖ ਸੰਗਤਾਂ ਵੱਲੋਂ ਬਣਾਏ ਗਏ ਪ੍ਰੋਗਰਾਮਾਂ 'ਤੇ ਕਥਾ ਕੀਰਤਨ ਅਤੇ ਧਰਮ ਪ੍ਰਚਾਰ ਲਈ ਪਹੁੰਚ ਗਏ। ਕੁੱਝ ਥਾਵਾਂ 'ਤੇ ਪ੍ਰਚਾਰ ਕਰਦਿਆਂ ਸੰਤ ਜੀ ਲਧੀਮਪੁਰ ਵਿਖੇ ਪਹੁੰਚੇ ਅਤੇ ਇੱਥੇ ਅੰਮ੍ਰਿਤ ਸੰਚਾਰ ਕਰਨ ਉਪਰੰਤ ਛੋਟੇ-ਛੋਟੇ ਪੜਾਅ ਕਰਦਿਆਂ ਵਾਪਸ ਪੰਜਾਬ ਪਰਤ ਆਏ।

ਬਾਬਾ ਜੈਮਲ ਸਿੰਘ ਉਰਫ ਰੱਬ ਦਾ ਕੁੱਤਾ

ਪਾਕਿਸਤਾਨ ਦੀ ਵੰਡ ਤੋਂ ਬਾਅਦ ਇੱਕ ਫਕੀਰ ਸਾਧੂ ਦਿੱਲੀ ਦੇ ਨੇੜੇ ਇੱਕ ਕੁਟੀਆ ਬਣਾ ਕੇ ਰਹਿਣ ਲੱਗਾ ਅਤੇ ਇੱਥੇ ਹੀ ਬਾਣੀ ਪੜ੍ਹਦਾ ਜਪ ਤਪ ਕਰਦਾ ਰਹਿੰਦਾ ਉਹ ਆਪਣੇ ਆਪ ਨੂੰ ਹਮੇਸ਼ਾ ਰੱਬ ਦਾ ਕੁੱਤਾ ਕਿਹਾ ਕਰਦਾ ਸੀ। ਇੱਥੇ ਨੇੜੇ ਦੇ ਹੀ ਇੱਕ ਸ਼ਰਦਾਰ ਜਿਮੀਂਦਾਰ ਨੇ ਕਈ ਸਾਲ ਇਸ ਫਕੀਰ ਬਾਬਾ ਜੈਮਲ ਸਿੰਘ ਜੀ ਨੂੰ ਇਸ ਭਰਤੀ ਭਾਓ ਹਾਲਾਤ ਵਿੱਚ ਵੇਖਿਆ ਤਾਂ ਉਸ ਨੇ ਆਪਣੀ ਦੋ ਏਕੜ ਜਮੀਨ ਇਸ ਬਾਬੇ ਨੂੰ ਸੌਂਪ ਦਿੱਤੀ ਅਤੇ ਬਾਬੇ ਦੇ ਕਹਿਣ 'ਤੇ ਇੱਥੇ ਦੋ ਕਮਰੇ ਬਣਾਏ ਜਿਥੇ ਬਾਬੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਲਿਆ ਅਤੇ ਰੋਜ਼ਾਨਾ ਲਾਊਡ ਸਪੀਕਰ ਰਾਹੀਂ ਨਿੱਤਨੇਮ ਕਰਦਾ ਅਤੇ ਉਸ ਦਾ ਨਿਯਮ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖ ਆਸਣ ਵਾਲੇ ਪਲੰਘ ਥੱਲੇ ਆਪ ਸੌਂਇਆ ਕਰਦਾ ਸੀ। ਸਮਾਂ ਪਾ ਕੇ ਇੱਥੇ ਨੇੜੇ ਹੀ ਨਕਲੀ ਨਿਰੰਕਾਰੀਆਂ ਨੇ ਆਪਣਾ ਭਵਨ ਉਸਾਰ ਲਿਆ ਅਤੇ ਬਾਬੇ ਦੀ ਗੁਰਦੁਆਰੇ ਵਾਲੀ ਜ਼ਮੀਨ 'ਤੇ ਵੀ ਕਬਜਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਦਾ ਬਾਬਾ ਜੈਮਲ ਸਿੰਘ ਨੇ ਵਿਰੋਧ ਕੀਤਾ ਅਤੇ ਇੱਥੇ ਆਉਣ ਵਾਲੀਆਂ ਸੰਗਤਾਂ ਨੇ ਵੀ ਭਾਰੀ ਵਿਰੋਧ ਕੀਤਾ ਤਾਂ ਨਕਲੀ ਨਿਰੰਕਾਰੀਆਂ ਨੇ ਆਪਣੇ ਏਲਚੀ ਭੇਜ ਕੇ ਬਾਬਾ ਜੈਮਲ ਸਿਘ ਉਪਰ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਕਿ ਸਾਡਾ ਨਿਰੰਕਾਰੀ ਬਾਬਾ ਰੱਬ ਰੂਪ ਹੈ ਇਸ ਲਈ ਤੁਸੀਂ ਕਿਤੇ ਹੋਰ ਰੈਣ ਬਸੇਰੇ ਦਾ ਪ੍ਰਬੰਧ ਕਰੋ, ਜੇ ਚਾਹੋ ਤਾਂ ਤੁਹਾਡੇ ਡੇਰੇ ਦੀ ਅਸੀਂ ਕੀਮਤ ਦੇ ਦਿੰਦੇ ਹਾਂ ਕਿਉਂਕਿ ਜਦੋਂ ਅਸੀਂ ਆਪਣਾ ਜਲਸਾ ਕਰਦੇ ਹਾਂ ਤਾਂ ਉਸ ਵੇਲੇ ਤੁਹਾਡੇ ਡੇਰੇ 'ਚੋਂ ਲਾਊਡ ਸਪੀਕਰ ਰਾਹੀਂ ਉੱਚੀਆਂ ਆਵਾਜ਼ਾਂ ਆਉਂਦੀਆਂ ਹਨ ਜਿਸ ਨੂੰ ਸਾਡਾ ਨਿਰੰਕਾਰੀ ਬਾਬਾ ਪਸੰਦ ਨਹੀਂ ਕਰਦਾ ਤਾਂ ਇਸ ਦੇ ਉੱਤਰ ਵਿੱਚ ਬਾਬਾ ਜੈਮਲ ਸਿੰਘ ਨੇ ਕਿਹਾ ਕਿ ਅਸਲੀ ਨਿਰੰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ ਇਸ ਤੋਂ ਬਿਨਾਂ ਸਭ ਨਕਲੀ ਅਤੇ ਦੰਭੀ ਹਨ ਜੋ ਆਪਣੇ ਆਪ ਨੂੰ ਨਿਰੰਕਾਰ ਦੱਸਦੇ ਹਨ। ਇਸ ਲਈ ਨਾ ਤਾਂ ਤੁਹਾਨੂੰ ਇੱਥੇ ਕਬਜਾ ਕਰਨ ਦਿੱਤਾ ਜਾਵੇਗਾ ਅਤੇ ਨਾ ਹੀ ਇਹ ਜਮੀਨ ਵੇਚੀ ਜਾਵੇਗੀ ਕਿਉਂਕਿ ਮੈਂ ਤਾਂ ਇਹ ਜਮੀਨ ਖਰੀਦੀ ਨਹੀਂ। ਇਹ ਤਾਂ ਮੇਰੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸੰਗਤਾਂ ਨੇ ਭੇਟ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਤੁਹਾਡੇ ਕੋਲ ਸਿਰਫ ਦੋ ਕਮਰੇ ਹਨ ਇੱਕ ਵਿੱਚ ਤੁਸੀਂ ਪ੍ਰਕਾਸ਼ ਕਰਦੇ ਹੋ ਅਤੇ ਦੂਸਰੇ ਵਿੱਚ ਸੁੱਖ ਆਸਣ ਪਰ ਤੁਸੀਂ ਆਪ ਪਲੰਘ ਦੇ ਥੱਲੇ ਸੌਂਦੇ ਹੋ ਤਾਂ ਬਾਬੇ ਨੇ ਕਿਹਾ ਮੈਂ ਤਾਂ ਆਪਣੇ ਮਾਲਕ ਦਾ ਕੁੱਤਾ ਹਾਂ ਅਤੇ ਕੁੱਤਾ ਮਾਲਕ ਦੇ ਪਲੰਘ ਥੱਲੇ ਹੀ ਸੌਂਦਾ ਹੈ ਅਤੇ ਦੋ ਟਾਈਮ ਭੌਂਕਣਾ ਮੇਰੀ ਡਿਊਟੀ ਹੈ (ਭਾਵ ਸੁਖ਼ਾ ਜ਼ਨਮ ਸਪੀਕਰ ਲਾ ਕੇ ਬਾਣੀ ਪੜ੍ਹਨੀ)

ਹਮ ਕੂਕਰ ਤੇਰੇ ਦਰਬਾਰਿ॥
ਭਉਕਹਿ ਆਗੈ ਬਦਨੁ ਪਸਾਰਿ॥੧॥ (੯੭੦)

ਅਸਲ ਵਿੱਚ ਜਿਸ ਸਮੇਂ ਨਿਰੰਕਾਰੀ ਭਵਨ ਵਿੱਚ ਹੋ ਰਹੇ ਜਲਸੇ ਦੌਰਾਨ ਉਹ ਆਪਣੀ ਅਧੋਤੀ ਅਵਤਾਰ ਬਾਣੀ ਪੜ੍ਹਦੇ ਸਨ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਖੰਡਨ ਕਰਦੀ ਸੀ। ਬਾਬਾ ਜੈਮਲ ਸਿੰਘ ਨਿਰੰਕਾਰੀਆਂ ਵੱਲੋਂ ਬੋਲੇ ਜਾਂਦੇ ਅਜਿਹੇ ਸ਼ਬਦਾਂ ਨੂੰ ਆਪਣੇ ਕੰਨੀ ਨਹੀਂ ਸੁਣਨਾ ਚਾਹੁੰਦੇ ਸਨ ਕਿਉਂਕਿ ਗੁਰੂ ਦਾ ਹੁਕਮ ਹੈ ਗੁਰਿ ਕੀ ਨਿੰਦਾ ਸੁਣੈ ਨਾ ਕਾਨ ਇਸ ਲਈ ਉਹ ਆਪਣਾ ਸਪੀਕਰ ਲਾ ਕੇ ਗੁਰਬਾਣੀ ਪੜ੍ਹਨੀ ਸ਼ੁਰੂ ਕਰ ਦਿੰਦੇ ਸਨ। ਇਨ੍ਹਾਂ ਦੇ ਸਥਾਨ ਦਾ ਮੁੱਖ ਦਰਵਾਜਾ ਨਿਰੰਕਾਰੀ ਭਵਨ ਦੇ ਗੇਟ ਦੇ ਬਿਲਕੁਲ ਸਾਹਮਣੇ ਸੀ। ਜਿਸ ਕਾਰਨ ਉਹ ਇਸ ਬਾਬੇ ਨੂੰ ਵੱਡੀ ਦਿੱਕਤ ਸਮਝਦੇ ਸਨ। ਨਿਰੰਕਾਰੀਆਂ ਨੇ ਕਈ ਪਾਸਿਆਂ ਤੋਂ ਜ਼ੋਰ ਪਾਇਆ ਕਿ ਇਸ ਬਾਬੇ ਨੂੰ ਇੱਥੋਂ ਚੱਲਦਾ ਕੀਤਾ ਜਾ ਸਕੇ ਪਰ ਬਾਬਾ ਜੈਮਲ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸਰੇ ਕਿਸੇ ਦੀ ਪ੍ਰਵਾਹ ਨਾ ਕੀਤੀ ਬਲਕਿ ਇੱਥੇ ਆਉਣ ਜਾਣ ਵਾਲੀਆਂ ਸੰਗਤਾਂ ਨੂੰ ਲੰਗਰ ਪਾਣੀ ਛਕਾਉਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਣਾ ਅਤੇ ਦੰਭੀ ਗੁਰੂਆਂ ਦੇ ਭਰਮ ਜਾਲ ਤੋਂ ਬਚਣ ਲਈ ਉਪਦੇਸ਼ ਦੇਣਾ। ਇਸ ਤੋਂ ਬਾਅਦ ਉਨ੍ਹਾਂ ਨੇ ਇੱਥੇ ਆਉਣ ਵਾਲੀਆਂ ਸੰਗਤਾਂ ਨੂੰ ਵੀ ਕਹਿ ਦਿੱਤਾ ਕਿ ਮੈਨੂੰ ਕੋਈ ਬਾਬਾ ਨਾ ਕਹੇ, ਮੈਂ ਤਾਂ ਰੱਬ ਦਾ ਕੁੱਤਾ ਹਾਂ ਅਤੇ ਮੈਨੂੰ

Scanned with CamScanner

ਇਸੇ ਨਾਮ ਨਾਲ ਹੀ ਬੁਲਾਇਆ ਜਾਵੇ।

ਇਹ ਵੀ ਇੱਕ ਕੁਦਰਤੀ ਸਬੱਬ ਸੀ ਕਿ ਗੁਰਬਾਣੀ ਦੇ ਨਿੰਦਕ ਅਖੌਤੀ ਗੁਰੂ ਗੁਰਬਚਨ ਸਿੰਘ ਨੂੰ ਸੋਧਣ ਵਾਲੇ ਸਿੰਘ ਵੀ ਬਾਬਾ ਜੈਮਲ ਸਿੰਘ ਦੇ ਇਸ ਟਿਕਾਣੇ 'ਤੇ ਆ ਕੇ ਅਕਸਰ ਹੀ ਠਹਿਰਦੇ, ਰਾਤ ਕੱਟਦੇ ਅਤੇ ਨਰਕਧਾਰੀਏ ਦੀਆਂ ਸਰਗਰਮੀਆਂ ਦਾ ਜਾਇਜਾ ਲੈਂਦੇ। ਹਾਲਾਂਕਿ ਇਸ ਬਾਰੇ ਬਾਬਾ ਜੈਮਲ ਸਿੰਘ ਨੂੰ ਕੋਈ ਜਾਣਕਾਰੀ ਨਹੀਂ ਸੀ ਕਿਉਂਕਿ ਇਸ ਅਸਥਾਨ 'ਤੇ ਹੋਰ ਸਿੱਖ ਸ਼ਰਧਾਲੂਆਂ ਦਾ ਵੀ ਆਮ ਆਉਣਾ ਜਾਣਾ ਬਣਿਆ ਰਹਿੰਦਾ ਸੀ।

ਬਾਬਾ ਜੈਮਲ ਸਿੰਘ ਵਰਗਾ ਹੀ ਉਨ੍ਹਾਂ ਦਾ ਇੱਕ ਹਮਜੋਲੀ ਸ. ਹਰਸਾ ਸਿੰਘ ਪਿੰਡ ਜਮਾਲਪੁਰ ਜਿਲ੍ਹਾ ਲੁਧਿਆਣਾ ਦਾ ਰਹਿਣ ਵਾਲਾ ਸੀ। ਇਹ ਦੋਵੇਂ ਅਕਸਰ ਹੀ ਇਕੱਠੇ ਹੋ ਕੇ ਨਾਮ ਜਪਦੇ ਅਤੇ ਸੰਗਤਾਂ ਦੀ ਸੇਵਾ ਕਰਦੇ। ਸ. ਹਰਸਾ ਸਿੰਘ ਕਾਫੀ ਸਮਾਂ ਉਨ੍ਹਾਂ ਕੋਲ ਹੀ ਰਹਿੰਦੇ ਸਨ ਜਦੋਂ ਕਿਤੇ ਘਰ ਜਾਂਦੇ ਤਾਂ ਜਲਦੀ ਹੀ ਵਾਪਿਸ ਆ ਜਾਂਦੇ। ਇੱਕ ਦਿਨ ਆਪਸ ਵਿੱਚ ਗੱਲ ਕਰਦਿਆਂ ਬਾਬਾ ਜੈਮਲ ਸਿੰਘ ਨੇ ਕਿਹਾ ਹਰਸਾ ਸਿੰਹਾਂ ਮੈਨੂੰ ਲੱਗਦਾ ਹੈ ਕਿ ਬਹੁਤ ਵੱਡਾ ਅਨਰਥ ਹੋਣ ਵਾਲਾ ਹੈ ਕਿਉਂਕਿ ਇੰਦਰਾ ਗਾਂਧੀ ਨੇ ਸ੍ਰੀ ਹਰਿਮੰਦਰ ਸਾਹਿਬ ਉਪਰ ਫੌਜਾਂ ਭੇਜ ਕੇ ਹਮਲਾ ਕਰ ਦੇਣਾ ਹੈ ਜਿਸ ਨਾਲ ਗੁਰੂ ਨਾਨਕ ਨਾਮਲੇਵਾ ਸਿੱਖਾਂ ਦੇ ਮਨਾਂ ਵਿੱਚ ਗੁੱਸੇ ਦੀ ਜਵਾਲਾ ਭੜਕੇਗੀ ਜਿਸ ਨਾਲ ਇੰਦਰਾ ਗਾਂਧੀ ਅਤੇ ਇਸਦੇ ਕਈ ਹੁਕਮਰਾਨ ਵੀ ਮਾਰੇ ਜਾ ਸਕਦੇ ਹਨ। ਇਹ ਗੱਲ ਸੁਣਦਿਆਂ ਹੀ ਹਰਸਾ ਸਿੰਘ ਨੇ ਕਿਹਾ ਕਿ ਬਾਬਾ ਜੀ ਆਪਾਂ ਜਾ ਕੇ ਇੰਦਰਾ ਗਾਂਧੀ ਨੂੰ ਰੋਕ ਕੇ ਆਈਏ ਕਿ ਉਹ ਅਜਿਹਾ ਨਾ ਕਰੇ। ਉਨ੍ਹਾਂ ਕਿਹਾ ਕਿ ਠੀਕ ਹੈ ਆਪਾ ਕਹਿ ਆਉਂਦੇ ਹਾਂ ਪਰ ਉਹ ਮੰਨੇਗੀ ਨਹੀਂ। ਇਸ ਤਰ੍ਹਾਂ ਇੱਕ ਦਿਨ ਇਹ ਦੋਵੇਂ ਜਣੇ ਇੰਦਰਾ ਗਾਂਧੀ ਦੀ ਕੋਠੀ ਗਏ ਅਤੇ ਉਥੋਂ ਦੇ ਪ੍ਰਬੰਧਕ ਕਰਮਚਾਰੀਆਂ ਨੂੰ ਦੱਸਿਆ ਅਸੀਂ ਬੀਬੀ ਨੂੰ ਮਿਲਣਾ ਹੈ ਪਰ ਉਨ੍ਹਾਂ ਨੇ ਇਨ੍ਹਾਂ ਵੱਲ ਖਾਸ ਧਿਆਨ ਨਾ ਦਿੱਤਾ। ਪਰ ਫਿਰ ਵੀ ਇਨ੍ਹਾਂ ਬਾਰੇ ਉਨ੍ਹਾਂ ਅਧਿਕਾਰੀਆਂ ਨੂੰ ਦੱਸ ਦਿੱਤਾ ਜੋ ਪ੍ਰਧਾਨ ਮੰਤਰੀ ਦੀਆਂ ਮੁਲਾਕਾਤਾਂ ਕਰਵਾਉਂਦੇ ਸੀ ਕਿ ਦੋ ਸਾਧੂ ਫਕੀਰ ਇੰਦਰਾ ਗਾਂਧੀ ਨੂੰ ਮਿਲਣਾ ਚਾਹੁੰਦੇ ਹਨ। ਫਿਰ ਕੋਈ ਜ਼ਿੰਮੇਵਾਰ ਵਿਅਕਤੀ ਬਾਬਾ ਜੈਮਲ ਸਿੰਘ ਕੋਲ ਆਏ ਜਿਨ੍ਹਾਂ ਨੇ ਬਾਬਾ ਜੈਮਲ ਸਿੰਘ ਨੂੰ ਪੁੱਛਿਆ ਕਿ ਦੱਸੋ ਕੀ ਕੰਮ ਹੈ? ਤਾਂ ਉਨ੍ਹਾਂ ਨੇ ਕਿਹਾ ਕਿ ਸਾਨੂੰ ਕੋਈ ਕੰਮ ਨਹੀਂ ਅਸੀਂ ਸਿਰਫ ਪ੍ਰਧਾਨ ਮੰਤਰੀ ਨੂੰ ਮਿਲਣਾ ਹੈ ਅਤੇ ਕੰਮ ਵੀ ਉਨ੍ਹਾਂ ਦੇ ਹਿੱਤ ਦਾ ਹੀ ਹੈ, ਮਿਲ ਲੈਣਗੇ ਭਾਂ ਚੰਗਾ ਹੈ ਨਹੀਂ ਤਾਂ ਉਨ੍ਹਾਂ ਦੀ ਮਰਜੀ। ਇਸ ਤੋਂ ਬਾਅਦ ਵੀ ਉਹ ਉੱਥੇ ਹੀ ਬੈਠੇ ਰਹੇ। ਕਾਫੀ ਸਮਾਂ ਬੀਤ ਜਾਣ ਤੋਂ ਬਾਅਦ ਦੋ ਵਿਅਕਤੀ ਆਏ ਉਹ ਬਾਬਾ ਜੈਮਲ ਸਿੰਘ ਅਤੇ ਸ. ਹਰਸਾ ਸਿੰਘ ਨੂੰ ਅੰਦਰ ਲੈ ਗਏ। ਇਹ ਘਟਨਾ ਉਪ੍ਰੇਸ਼ਨ ਬਲਿਊ ਸਟਾਰ ਤੋਂ ਕੁੱਝ ਮਹੀਨੇ ਪਹਿਲਾਂ ਦੀ ਹੈ। ਜਦੋਂ ਇੰਦਰਾ ਗਾਂਧੀ ਨੇ ਇਨ੍ਹਾਂ ਨੂੰ ਇੱਥੇ ਆਉਣ ਬਾਰੇ ਪੁੱਛਿਆ ਤਾ ਬਾਬਾ ਜੈਮਲ ਸਿੰਘ ਨੇ ਬੜੀ ਬੇਪ੍ਰਵਾਹੀ ਨਾਲ ਕਿਹਾ ਕਿ ਤੁਸੀਂ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਨਾ ਕਰਿਉ। ਉਹ ਬਹੁਤ ਪਵਿੱਤਰ ਅਸਥਾਨ ਹੈ ਅਜਿਹਾ ਕਰਨਾ ਭਾਰੀ ਪਾਪ ਹੋਵੇਗਾ ਤਾਂ ਇੰਦਰਾ ਗਾਂਧੀ ਨੇ ਕਿਹਾ ਕਿ ਬਾਬਾ ਜੀ ਇਹ ਕਿਵੇਂ ਹੋ ਸਕਦਾ ਹੈ? ਅਸੀਂ ਤਾਂ ਆਪ ਸ੍ਰੀ ਦਰਬਾਰ ਸਾਹਿਬ ਨੂੰ ਬਹੁਤ ਪਵਿੱਤਰ ਅਸਥਾਨ ਮੰਨਦੇ ਹਾਂ ਪਰ ਬਾਬੇ ਨੇ ਫਿਰ ਕਿਹਾ ਕਿ ਅਸੀਂ ਆਪਣਾ ਫਰਜ਼ ਪੂਰਾ ਕਰ ਚੱਲੇ ਹਾਂ ਇਹ ਪਾਪ ਕਰਨ ਤੋਂ ਬਚਿਓ, ਇੰਨਾ ਕਹਿ ਕੇ ਉਹ ਵਾਪਸ ਚਲੇ ਗਏ ਅਤੇ ਕੁੱਝ ਮਹੀਨੇ ਬਾਅਦ ਬਾਬਾ ਜੈਮਲ ਸਿੰਘ ਅਤੇ ਹਰਸਾ ਸਿੰਘ ਫਿਰ ਮਿਲਣ ਲਈ ਆਏ ਤੇ ਇਨ੍ਹਾਂ ਨੂੰ 4-5 ਘੰਟੇ ਦੀ ਖੱਜਲ ਖੁਆਰੀ ਤੋਂ ਬਾਅਦ ਹੀ ਦੁਬਾਰਾ ਮਿਲਣ ਦਿੱਤਾ ਗਿਆ। ਜਦ ਇੰਦਰਾ ਗਾਂਧੀ ਨੇ ਫਿਰ ਉਸੇ ਬਾਬੇ ਨੂੰ ਦੇਖਿਆ ਅਤੇ ਆਉਣ ਦਾ ਕਾਰਨ ਪੁੱਛਿਆ ਅਤੇ ਬਾਬਾ ਜੀ ਨੇ ਫਿਰ ਉਹੀ ਗੱਲ ਦੁਹਰਾਉਂਦਿਆਂ ਕਿਹਾ ਕਿ ਅਸੀਂ ਤੈਨੂੰ ਫਿਰ ਸੁਚੇਤ ਕਰਨ ਆਏ ਹਾਂ ਕਿ ਭੁੱਲ ਕੇ ਵੀ ਦਰਬਾਰ ਸਾਹਿਬ 'ਤੇ ਹਮਲਾ ਨਾ ਕਰੀਂ। ਬੱਸ ਇੰਨਾ ਕਹਿ ਕੇ ਇਹ ਸਾਧੂ ਫਕੀਰ ਵਾਪਸ ਚਲੇ ਗਏ। ਪਰ ਉਸ ਸਮੇਂ ਦੇ ਹਾਲਾਤ ਅਤੇ ਇੰਦਰਾ ਗਾਂਧੀ ਦੀਆਂ ਸ੍ਰੀ ਦਰਬਾਰ ਸਾਹਿਬ ਪ੍ਰਤੀ ਘਿਨਾਉਣੀਆਂ ਚਾਲਾਂ ਕਾਰਨ ਉਹ ਦਿਮਾਗੀ ਤੌਰ 'ਤੇ ਬੇਚੈਨ ਹੋਈ ਕਿ ਇਨ੍ਹਾਂ ਸਾਧੂਆਂ ਦੀ ਚਿਤਾਵਨੀ ਵੀ ਸਾਹਮਣੇ ਹੈ ਅਤੇ ਸਿੱਖਾਂ ਨੂੰ ਸਬਕ ਸਿਖਾਉਣ ਦੀਆਂ ਚੱਲੀਆਂ ਜਾ ਰਹੀਆਂ ਚਾਲਾਂ ਲਈ ਵੀ ਪ੍ਰਧਾਨ ਮੰਤਰੀ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ।

ਜੂਨ 1984 ਵਿੱਚ ਜਦੋਂ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਉਸ ਸਮੇਂ ਸ. ਹਰਸਾ ਸਿੰਘ ਆਪਣੇ ਪਿੰਡ ਜਮਾਲਪੁਰ ਸਨ। ਇਨ੍ਹਾਂ ਕੋਲ ਵੀ ਇਲਾਕੇ ਦੇ ਕਈ ਜ਼ਿੰਮੇਵਾਰ ਵਿਅਕਤੀ ਇਨ੍ਹਾਂ ਨੂੰ ਮਿਲਣ ਲਈ ਆਇਆ ਕਰਦੇ ਸਨ ਜੋ ਲੋਕ ਜਾਣਦੇ ਸਨ ਕਿ ਹਰਸਾ ਸਿੰਘ ਨਾਮ ਜਪਣ ਵਾਲਾ ਸਾਧਾਰਨ ਜਿਮੀਂਦਾਰ ਅਤੇ ਬਾਬਾ ਜੈਮਲ ਸਿੰਘ ਦਾ ਨਜਦੀਕੀ ਹੈ।

Scanned with CamScanner

ਇਨ੍ਹਾਂ ਦਿਨਾਂ 'ਚ ਹੀ ਕੁਝ ਸੰਗਤਾਂ ਹਰਸਾ ਸਿੰਘ ਕੋਲ ਉਪ੍ਰੋਕਤ ਬਲਿਊ ਸਟਾਰ ਬਾਰੇ ਗੱਲਬਾਤ ਕਰਨ ਆਏ ਤਾਂ ਉਨ੍ਹਾਂ ਕਿਹਾ ਕਿ ਅਸੀਂ ਇਨ੍ਹਾਂ ਨੂੰ ਰੋਕਿਆ ਸੀ ਪਰ ਇਨ੍ਹਾਂ ਇਹ ਵੱਡਾ ਪਾਪ ਕੀਤਾ ਹੈ ਹੁਣ ਸਮਝੋ ਇੰਦਰਾ ਗਾਂਧੀ ਵੀ ਮਰੀ ਕੋ ਮਰੀ, ਜਿਨਾ ਮਰਜ਼ੀ ਯਤਨ ਕਰ ਲਵੋ ਪਰ ਬਚ ਨਹੀਂ ਸਕੇਗੀ। ਜਦੋਂ 1984 ਦੇ ਅੰਦਰ ਹੀ ਇੰਦਰਾ ਗਾਂਧੀ ਮਾਰੀ ਗਈ ਤਾਂ ਫਿਰ ਵੀ ਬਾਬਾ ਹਰਸਾ ਸਿੰਘ ਨੇ ਕਿਹਾ ਹੋਰ ਵੀ ਕਈ ਹਮਲਾਵਰ ਮਰਨਗੇ।

ਇੱਥੇ ਇਹ ਵਰਨਣਯੋਗ ਹੈ ਕਿ ਕਿ ਰੱਬ ਦੇ ਪਿਆਰੇ ਸਿਮਰਨ ਕਰਨ ਵਾਲੇ ਵਿਰਲੇ-ਵਿਰਲੇ ਅਜਿਹੇ ਪਹੁੰਚੇ ਹੋਏ ਪੁਰਸ਼ ਹੁੰਦੇ ਹਨ ਜਿਨ੍ਹਾਂ ਨੂੰ ਅਜਿਹੀਆਂ ਹੋਣ ਵਾਲੀਆਂ ਵੱਡੀਆਂ ਘਟਨਾਵਾਂ ਬਾਰੇ ਕੁਦਰਤ ਵੱਲੋਂ ਹੀ ਗਿਆਨ ਹੁੰਦਾ ਹੈ।

ਬਾਬਾ ਜੈਮਲ ਸਿੰਘ ਨੇ ਆਪਣੇ ਹੁੰਦਿਆਂ ਹੀ ਇਸ ਡੇਰੇ ਦੀ ਜ਼ਮੀਨ ਨੂੰ ਜਥੇਦਾਰ ਕਪੂਰਾ ਸਿੰਘ ਰਾਹੀਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ ਸੀ ਜਿੱਥੇ ਅੱਜ ਦਿੱਲੀ ਕਮੇਟੀ ਵੱਲੋਂ ਸੁੰਦਰ ਗੁਰਦੁਆਰਾ ਉਸਾਰਿਆ ਗਿਆ ਹੈ ਅਤੇ ਨਾਲ ਹੀ ਇੱਕ ਵਧੀਆ ਸਕੂਲ ਚੱਲ ਰਿਹਾ ਹੈ।

ਢਿਲੌਰ ਨੇੜੇ ਪਿੰਡ ਮੋਰੋਂ ਵਿਖੇ ਸੰਤ ਭਿੰਡਰਾਂਵਾਲਿਆਂ ਦਾ ਪ੍ਰੋਗਰਾਮ

ਇੱਕ ਵਾਰੀ ਕਰਨਲ ਹਰਬੰਤ ਸਿੰਘ ਨੇ ਪਿੰਡ ਦੀ ਸੰਗਤ ਨਾਲ ਮਿਲ ਕੇ ਭਿੰਡਰਾਂਵਾਲਿਆਂ ਸੰਤਾਂ ਦਾ ਪ੍ਰੋਗਰਾਮ ਪਿੰਡ ਵਿੱਚ ਰੱਖਿਆ। ਇਨ੍ਹਾਂ ਦਾ ਅਖੰਡ ਕੀਰਤਨੀ ਜੱਥੇ ਨਾਲ ਵੀ ਚੰਗਾ ਮਿਲਵਰਤਨ ਸੀ। ਇਸ ਲਈ ਉਨ੍ਹਾਂ ਨੂੰ ਵੀ ਇਸ ਪ੍ਰੋਗਰਾਮ 'ਤੇ ਬੁਲਾਇਆ ਹੋਇਆ ਸੀ। ਪਿੰਡ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਨੂੰ ਇਸ ਬਾਰੇ ਦੱਸਿਆ ਗਿਆ ਕਿ ਮੋਰੋਂ ਵਿਖੇ ਧਾਰਮਿਕ ਸਮਾਗਮ ਕੀਤੇ ਜਾ ਰਹੇ ਹਨ। ਜਿੱਥੇ ਪ੍ਰੋਗਰਾਮ ਮੁਤਾਬਿਕ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਨੇ ਕੀਰਤਨ ਕੀਤਾ ਅਤੇ ਇਸ ਤੋਂ ਉਪਰੰਤ ਦਮਦਮੀ ਟਕਸਾਲ ਦੇ ਬਾਗੀ ਜਥੇ ਭਾਈ ਰਾਮ ਸਿੰਘ ਹੁਰਾਂ ਨੇ ਵੀ ਕੀਰਤਨ ਦੀ ਹਾਜ਼ਰੀ ਭਰੀ। ਬਾਅਦ ਵਿੱਚ ਸੰਗਤਾਂ ਨੂੰ ਸੰਬੋਧਨ ਕਰਨ ਵਾਲੇ ਵੱਖ-ਵੱਖ ਬੁਲਾਰਿਆਂ ਨੇ ਨਕਲੀ ਨਿਰੰਕਾਰੀਆਂ ਵੱਲੋਂ 1978 ਨੂੰ ਵਿਸਾਖੀ ਵਾਲੇ ਦਿਨ ਸ਼ਾਂਤਮਈ ਸਿੱਖਾਂ 'ਤੇ ਗੋਲੀਆਂ ਚਲਾ ਕੇ 13 ਸਿੱਖਾਂ ਦਾ ਕੀਤਾ ਗਿਆ ਕਤਲ ਅਤੇ ਫਿਰ 26 ਸਤੰਬਰ 1978 ਨੂੰ ਕਾਨਪੁਰ ਵਿਖੇ ਵੀ ਇਸੇ ਤਰ੍ਹਾਂ ਸ਼ਾਂਤਮਈ ਸਿੱਖਾਂ ਦੇ ਜਥੇ 'ਤੇ ਗੋਲੀਆਂ ਚਲਾ ਕੇ ਇੱਕ ਬੀਬੀ ਸਮੇਤ 10 ਸਿੱਖ ਕਤਲ ਕਰਨ ਦੀ ਯਾਦ ਦਿਵਾਈ ਤੇ ਕਿਹਾ ਕਿ ਨਕਲੀ ਨਿਰੰਕਾਰੀ ਉਪਰ ਚੱਲ ਰਹੇ ਮੁਕੱਦਮੇ ਦਾ ਉਸ ਨੂੰ ਰਤਾ ਭਰ ਵੀ ਕੋਈ ਡਰ ਨਹੀਂ ਕਿਉਂਕਿ ਉਸ ਨੂੰ ਕੇਂਦਰ ਸਰਕਾਰ ਦੀ ਹਮਾਇਤ ਜੱਗ ਜ਼ਾਹਿਰ ਹੈ। ਸਮਾਗਮ ਦੇ ਮੁੱਖ ਪ੍ਰਬੰਧਕ ਕਰਨਲ ਹਰਬੰਸ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਵੀ ਸਿੱਖ ਕੌਮ ਵਿੱਚੋਂ ਸੁੱਖਾ ਸਿੰਘ, ਮਹਿਤਾਬ ਸਿੰਘ ਖਤਮ ਨਹੀਂ ਹੋਏ। ਇਸ ਲਈ ਸਿੱਖ ਕੌਮ ਨੂੰ ਹੌਸਲਾ ਰੱਖਣਾ ਚਾਹੀਦਾ ਹੈ। ਇਸ ਤੋਂ ਬਾਅਦ ਬੀਬੀ ਹਰਸ਼ਰਨ ਕੌਰ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਜੋ ਕਿ ਕਰਨਲ ਭਾਈ ਦਲਜੀਤ ਸਿੰਘ ਦੀ ਧਰਮ ਸੁਪਤਨੀ ਹੈ ਅਤੇ ਭਾਈ ਦਲਜੋਤ ਸਿੰਘ ਅਖੰਡ ਕੀਰਤਨੀ ਜੱਥੇ ਦੇ ਸਰਗਰਮ ਮੈਂਬਰ ਹਨ। ਬੀਬੀ ਹਰਸ਼ਰਨ ਕੌਰ ਨੇ ਆਪਣੇ ਢੰਗ ਨਾਲ ਕਿਹਾ ਕਿ ਹੁਣ ਨਕਲੀ ਨਿਰੰਕਾਰੀ ਨੂੰ ਸਬਕ ਸਿਖਾਉਣਾ ਸੌਖੀ ਗੱਲ ਨਹੀਂ ਕਿਉਂਕਿ ਸਰਕਾਰ ਦੀ ਸਹਾਇਤਾ ਨਾਲ ਉਹ ਬਹੁਤ ਹੀ ਸੁਰੱਖਿਅਤ ਥਾਂ 'ਤੇ ਬੈਠਾ ਹੈ ਅਤੇ ਉਸ ਦੀ ਸੁਰੱਖਿਆ ਦਾ ਪੂਰਾ ਪ੍ਰਬੰਧ ਵੀ ਭਾਰਤ ਸਰਕਾਰ ਕਰ ਰਹੀ ਹੈ। ਇਸ ਲਈ ਕਦੀ ਵੀ ਸ਼ੁਲਾਰਾ ਜਾਂ ਵਿਅਕਤੀ ਸੰਗਤ ਨੂੰ ਗੁਮਰਾਹ ਨਾ ਕਰੇ ਕਿ ਉਸ ਤੋਂ ਜਲਦੀ ਹੀ ਬਦਲਾ ਲੈ ਲਿਆ ਜਾਵੇਗਾ, ਕਿਉਂਕਿ ਉਹ ਉਹੀ ਵਕਤ ਸੀ ਜਦੋਂ ਸੁੱਖਾ ਸਿੰਘ ਮਹਿਤਾਬ ਸਿੰਘ ਵਰਗੇ ਕਰਨੀ ਕਮਾਈ ਵਾਲੇ ਯੋਧੇ ਹੁੰਦੇ ਸਨ। ਅੱਜ ਦ ਸਮੇਂ ਵਿੱਚ ਸੁੱਖਾ ਸਿੰਘ ਮਹਿਤਾਬ ਸਿੰਘ ਬਨਣਾ ਅਸੰਭਵ ਨਜ਼ਰ ਆਉਂਦਾ ਹੈ। ਇਸ ਲਈ ਸਾਨੂੰ ਉਨੀਂ ਹੀ ਗੱਲ ਕਰਨੀ ਚਾਹੀਦੀ ਹੈ ਜੋ ਅਸੀਂ ਕਰ ਸਕੀਏ। ਸੰਗਤ ਨੂੰ ਭੜਕਾ ਕੇ ਹੋਰ ਨੁਕਸਾਨ ਨਹੀਂ ਕਰਵਾਉਣਾ ਚਾਹੀਦਾ, ਬਲਕਿ ਬਹੁਤ ਹੀ ਸਿਆਣਪ ਨਾਲ ਸੋਚ ਸਮਝ ਕੇ ਅਗਲਾ ਕਦਮ ਪੁੱਟਣ ਦੀ ਜ਼ਰੂਰਤ ਹੈ। ਸੀਬੀ ਜੀ ਹਾਲੇ ਬਲ ਹੀ ਰਹੇ ਸਨ ਜਦੋਂ ਸੰਤ ਜਰਨੈਲ ਸਿੰਘ ਖ਼ਾਲਸਾ ਵੀ ਪੰਡਾਲ ਵਿੱਚ ਆ ਗਏ। ਉਨ੍ਹਾਂ ਦੇ ਆਉਂਦਿਆਂ ਹੀ ਪੰਡਾਲ ਵਿੱਚੋਂ ਸੰਗਤਾਂ ਨੇ ਜੈਕਾਰੇ ਛੱਡੇ। ਬੀਬੀ ਜੀ ਦੇ ਬੋਲਣ ਤੋਂ ਬਾਅਦ ਕਰਨਲ ਹਰਬੰਤ ਸਿੰਘ ਨੇ ਸੰਤਾਂ ਨੂੰ ਸੰਬੋਧਨ ਕਰਨ ਵਾਸਤੇ ਬੇਨਤੀ ਕੀਤੀ ਅਤੇ ਨਾਲ ਹੀ ਕਿਹਾ ਕਿ ਅਸੀਂ ਸੰਤ ਜੀ ਨੂੰ ਦੱਸਣਾ ਚਾਹੁੰਦੇ ਹਾ ਕਿ ਕਈ ਥਾਵਾਂ 'ਤੇ ਪਿੰਡਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ ਕਿ ਨਰਕਧਾਰੀ ਗੁਰਬਚਨ ਸਿੰਘ ਨੇ ਥਾਂ-ਥਾਂ 'ਤੇ

Scanned with CamScanner

ਸਿੱਖੀ ਵਿਰੁੱਧ ਗਦਰ ਮਚਾਇਆ ਹੋਇਆ ਹੈ ਅਤੇ ਜਗ੍ਹਾ-ਜਗ੍ਹਾ ਸਿੰਘਾਂ ਦੇ ਖੂਨ ਦੀ ਹੋਲੀ ਖੇਡੀ ਜਾ ਰਹੀ ਹੈ। ਇਸ ਲਈ ਸੰਗਤਾਂ ਨੂੰ ਕੀ ਕਰਨਾ ਚਾਹੀਦਾ ਹੈ ਇਸ ਬਾਰੇ ਸੰਤ ਜੀ ਜਰੂਰ ਦੱਸਣ।

ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਭ ਤੋਂ ਪਹਿਲਾਂ ਕਰਨਲ ਹਰਬੰਸ ਸਿੰਘ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਸੰਗਤਾਂ ਦਾ ਇਕੱਠ ਕਰਕੇ ਗੁਰਮਤਿ ਸਮਾਗਮ ਕੀਤਾ ਹੈ। ਸਤਿਗੁਰੂ ਦੀ ਕਿਰਪਾ ਨਾਲ ਗੁਰਬਾਣੀ ਦਾ ਕੀਰਤਨ ਹੋਇਆ ਹੈ। ਦਮਦਮੀ ਟਕਸਾਲ ਦੇ ਰਾਗੀ ਜੱਥੇ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ ਹੈ, ਉੱਥੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੇ ਵੀ ਨਾਮ ਬਾਣੀ ਦੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਹੈ। ਸਤਿਗੁਰੂ ਦੀ ਕਿਰਪਾ ਨਾਲ ਅੰਮ੍ਰਿਤ ਸੰਚਾਰ ਹੋ ਰਿਹਾ ਹੈ, ਵਡਭਾਗੀ ਗੁਰੂ ਕੇ ਸਿੱਖ ਸਿੰਘਣੀਆਂ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਰਹੇ ਹਨ। ਇਹ ਕਲਗੀਧਰ ਪਾਤਿਸ਼ਾਹ ਦੀ ਕਿਰਪਾ ਹੈ।

ਅਜੋਕੇ ਸਮੇਂ ਵਿੱਚ ਜੋ ਸਿੱਖ ਕੌਮ ਵਿੱਚ ਆਮ ਚਰਚਾ ਅਤੇ ਫਿਕਰ ਹੈ ਕਿ ਨਰਕਧਾਰੀਆਂ ਨੂੰ ਕੇਂਦਰ ਸਰਕਾਰ ਵੱਲੋਂ ਭਾਰੀ ਸ਼ਹਿ ਦੇ ਕੇ ਸਿੱਖੀ ਦਾ ਨੁਕਸਾਨ ਕੀਤਾ ਜਾ ਰਿਹਾ ਹੈ। ਪਰ ਸੰਗਤਾਂ ਨੂੰ ਬੇਨਤੀ ਹੈ ਕਿ ਇਹ ਕੌਮ ਗੁਰੂ ਕਲਗੀਧਰ ਮਹਾਰਾਜ ਨੇ ਆਪ ਸਾਜੀ ਹੈ, ਜਿਨ੍ਹਾਂ-ਜਿਨ੍ਹਾਂ ਲੋਕਾਂ ਨੇ ਸੱਤਾ ਦਾ ਸਹਿਯੋਗ ਲੈ ਕੇ ਗੁਰੂ ਘਰ ਨਾਲ ਮੱਥਾ ਲਾਇਆ ਹੈ ਉਨ੍ਹਾਂ ਦਾ ਹਸ਼ਰ ਚੰਗਾ ਨਹੀਂ ਹੋਇਆ। ਉਹ ਭਾਵੇਂ ਮੱਸਾ ਰੰਘੜ ਸੀ ਭਾਵੇਂ ਅਬਦਾਲੀ ਸੀ ਜੋ ਉਨ੍ਹਾਂ ਦਾ ਹਸ਼ਰ ਹੋਇਆ ਉਹੀ ਹਸ਼ਰ ਅੱਜ ਦੇ ਮੱਸਾ ਰੰਘੜ ਨਕਲੀ ਨਿਰੰਕਾਰੀਏ ਦਾ ਹੋਣਾ ਹੈ। ਕਿਉਂਕਿ ਜਦੋਂ-ਜਦੋਂ ਅਜਿਹੀਆਂ ਘਿਨਾਉਣੀਆਂ ਸ਼ਕਤੀਆਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਦੇ ਭੈੜੇ ਮਨਸੂਬਿਆਂ ਕਾਰਨ ਧਾਰਮਿਕ ਮੌਕਿਆ ਸਮੇਂ ਧਰਮੀ ਲੋਕਾਂ ਦਾ ਨੁਕਸਾਨ ਹੁੰਦਾ ਹੈ। ਪਰ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਅਜਿਹੇ ਸਮੇਂ ਅਕਾਲ ਪੁਰਖ ਆਪ ਆਪਣੀ ਸ਼ਕਤੀ ਦੁਆਰਾ ਧਰਮੀ ਜਿੰਦਿਆਂ ਨੂੰ ਉੱਦਮ ਬਖਸ਼ਦਾ ਹੈ ਜੋ ਅਜਿਹੀਆਂ ਘਿਨਾਉਣੀਆਂ ਸ਼ਕਤੀਆਂ ਦਾ ਖਾਤਮਾ ਕਰ ਦਿੰਦੇ ਹਨ। ਸੰਤਾਂ ਨੇ ਆਖਿਆ ਕਿ ਭਾਵੇਂ ਸਾਨੂੰ ਦੁਨਿਆਵੀ ਅਦਾਲਤਾਂ 'ਤੇ ਬਹੁਤਾ ਭਰੋਸਾ ਨਹੀਂ ਕਿਉਂਕਿ ਅਦਾਲਤਾਂ ਦੇ ਫੈਸਲੇ ਅਕਸਰ ਹੀ ਬਹੁਗਿਣਤੀ ਨੂੰ ਖੁਸ਼ ਕਰਨ ਵਾਲੇ ਹੁੰਦੇ ਹਨ ਅਤੇ ਭਾਰਤੀ ਅਦਾਲਤਾਂ ਦੀ ਇਹ ਕਿਤਰਤ ਬਣ ਚੁੱਕੀ ਹੈ, ਫਿਰ ਵੀ ਉਡੀਕ ਕਰੋ ਕਿ ਨਕਲੀ ਨਿਰੰਕਾਰੀਆਂ ਵਿਰੁੱਧ ਅਦਾਲਤ ਵਿੱਚ ਚੱਲ ਰਹੇ ਮੁਕੱਦਮੇ ਦਾ ਫੈਸਲਾ ਕੀ ਹੁੰਦਾ ਹੈ। ਜੇਕਰ ਅਦਾਲਤ ਵਿੱਚੋਂ ਕਾਨੂੰਨੀ ਇਨਸਾਫ ਨਾ ਮਿਲਿਆ ਤਾਂ ਸਿੱਖ ਕੌਮ ਆਪਣਾ ਹੱਕ ਲੈਣਾ ਜਾਣਦੀ ਹੈ। ਕਦਾਚਿਤ ਵੀ ਸ਼ਹੀਦਾਂ ਦੇ ਖੂਨ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾਵੇਗਾ। ਅਸੀਂ ਪੂਰਾ ਸੌ ਫੀਸਦੀ ਹੱਕ ਲੈਣਾ ਹੈ।

ਖਾਲਸਾ ਜੀ, ਤੁਹਾਡੀ ਏਕਤਾ ਨੇ ਨਕਲੀ ਨਿਰੰਕਾਰੀਆਂ ਦੇ ਪੰਜਾਬ ਵਿਚਲੇ ਭਵਨ ਬੰਦ ਕਰਵਾ ਦਿੱਤੇ ਹਨ ਅਤੇ ਇਥ ਉਨ੍ਹਾਂ ਦੀ ਹਰ ਤਰ੍ਹਾਂ ਦੀ ਸਰਗਰਮੀ ਠੱਪ ਕਰ ਦਿੱਤੀ ਗਈ ਹੈ ਉਹ ਕਿਸੇ ਕਿਸਮ ਦਾ ਜਲਸਾ ਜਲੂਸ ਨਹੀਂ ਕਰ ਸਕਦੇ। ਉਨ੍ਹਾਂ ਵੱਲੋਂ ਜੋ ਭੈੜੀਆਂ ਹਰਕਤਾਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸਿੱਖ ਸਿਧਾਂਤਾਂ ਦਾ ਮਜਾਕ ਉਡਾਇਆ ਜਾਂਦਾ ਸੀ ਉਸ ਨੂੰ ਮੱਦੇਨਜ਼ਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨਕਲੀ ਨਿਰੰਕਾਰੀਆ ਵਿਰੁੱਧ ਹੁਕਮਨਾਮਾ ਜਾਰੀ ਹੋ ਚੁੱਕਾ ਹੈ। ਇਹ ਵੀ ਖਾਲਸਾ ਪੰਥ ਦੇ ਦਿਲਾਂ ਦੀ ਤਰਜ਼ਮਾਨੀ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਲਿਆ ਗਿਆ ਵੱਡਾ ਫੈਸਲਾ ਹੈ। ਸਾਨੂੰ ਸਮੁੱਚੀ ਸਿੱਖ ਕੌਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਉੱਪਰ ਪਹਿਰਾ ਦੇਣਾ ਚਾਹੀਦਾ ਹੈ। ਅਖੀਰ ਵਿੱਚ ਦਾਸ ਵੱਲੋਂ ਸਭ ਸੰਗਤਾਂ ਨੂੰ ਅਤੇ ਪ੍ਰਬੰਧਕਾ ਨੂੰ ਇਹੀ ਬੇਨਤੀ ਹੈ ਆਓ ਸਭ ਮਿਲ ਕੇ ਏਕਤਾ ਦਾ ਸਬੂਤ ਦਿਓ, ਅੰਮ੍ਰਿਤਧਾਰੀ ਹੋ ਕੇ ਗੁਰੂ ਵਾਲੇ ਬਣੋ, ਵੱਧ ਤੋਂ ਵੱਧ ਗੁਰਬਾਣੀ ਪੜ੍ਹੋ ਬਾਕੀ ਸਾਰੇ ਕਾਰਜ ਸਤਿਗੁਰੂ ਜੀ ਨੇ ਆਪ ਕਰ ਦੇਣੇ ਹਨ।

ਸੰਤ ਭਿੰਡਰਾਂਵਾਲੇ ਪਿੰਡ ਸਰਹਾਲੀ ਵਿਖੇ ਸੰਤ ਬਾਬਾ ਤਾਰਾ ਸਿੰਘ ਜੀ ਦੀ ਮਾਤਾ ਦੇ ਭੋਗ 'ਤੇ ਗਏ

ਮਈ 1979 ਵਿੱਚ ਸ੍ਰੀਮਾਨ ਸੰਤ ਬਾਬਾ ਤਾਰਾ ਸਿੰਘ ਜੀ ਦੀ ਸੰਤਿਕਾਰਯੋਗ ਮਾਤਾ ਮੰਗਲ ਕੌਰ ਜੀ ਸਵਰਗਵਾਸ ਹੋ ਗਏ। ਸਰਹਾਲੀ ਵਿਖੇ ਹੀ ਮਾਤਾ ਜੀ ਦਾ ਭੋਗ ਪਾਇਆ ਜਾਣਾ ਸੀ। ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲੇ ਬਹੁਤ ਨਾਮ ਰਸੀਏ ਪਹੁੰਚੇ ਹੋਏ ਮਹਾਂਪੁਰਖ ਸਨ। ਉਨ੍ਹਾਂ ਦਾ ਦਮਦਮੀ ਟਕਸਾਲ ਨਾਲ ਬਹੁਤ ਸਨੇਹ

Scanned with CamScanner

ਸੀ। ਇਸ ਲਈ ਸੰਤ ਜਰਨੈਲ ਸਿੰਘ ਜੀ ਵੀ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਸ਼ਾਮਿਲ ਹੋਏ। ਮਾੜਾ ਜੀ ਦੇ ਨਮਿੱਤ ਗੁਰਬਾਣੀ ਦੇ ਭੋਗ ਪਾਏ ਗਏ, ਗੁਰਬਾਣੀ ਦਾ ਕੀਰਤਨ ਹੋਇਆ ਅਤੇ ਸੰਤ ਜਰਨੈਲ ਸਿੰਘ ਜੀ ਨੇ ਕੁਝ ਸਮੇਂ ਲਈ ਗੁਰਬਾਣੀ ਦੀ ਕਥਾ ਕੀਤੀ, ਬੱਸ ਏਨਾ ਹੀ ਪ੍ਰੋਗਰਾਮ ਸੀ। ਹੋਰ ਕੋਈ ਵੀ ਬੁਲਾਰਾ ਨਹੀਂ ਬੁਲਾਇਆ ਗਿਆ। ਪਰ ਸੰਗਤਾਂ ਬਹੁਤ ਵੱਡੀ ਗਿਣਤੀ ਵਿੱਚ ਪਹੁੰਚੀਆਂ ਹੋਈਆਂ ਸਨ। ਹੋਰ ਵੀ ਕਈ ਸੰਪਰਦਾਵਾਂ ਦੇ ਸੰਤ ਮਹਾਂਪੁਰਖ ਵੀ ਪਹੁੰਚੇ ਹੋਏ ਸਨ। ਸਮਾਗਮ ਤੋਂ ਬਾਅਦ ਸੰਤ ਬਾਬਾ ਤਾਰਾ ਸਿੰਘ ਜੀ ਨਾਲ ਕੁੱਝ ਸਮਾਂ ਬਚਨ ਬਿਲਾਸ ਕਰਨ ਉਪਰੰਤ ਸੰਤ ਜਰਨੈਲ ਸਿੰਘ ਜੀ ਨੇ ਜਾਣ ਦੀ ਆਗਿਆ ਲਈ। ਸੰਤਾਂ ਦੀਆਂ ਬੱਸਾਂ ਪੰਡਾਲ ਤੋਂ ਕਾਫੀ ਦੂਰ ਖੜ੍ਹੀਆਂ ਸਨ। ਸੰਤ ਕਣਕਾਂ ਵਾਲੇ ਵੱਢ ਵਿੱਚ ਦੀ ਬੱਸ ਵੱਲ ਨੂੰ ਚੱਲ ਪਏ ਅਤੇ ਜਥੇ ਦੇ ਸਿੰਘਾਂ ਤੋਂ ਇਲਾਵਾ ਹੋਰ ਵੀ ਕੁੱਝ ਕੁ ਸਿੰਘ ਨਾਲ ਚੱਲ ਪਏ। ਕੁੱਝ ਕੁ ਸਿੰਘ ਬੱਸਾਂ ਵਿੱਚ ਸਵਾਰ ਹੋ ਚੁੱਕੇ ਸਨ। ਸੰਤ ਜੀ ਕਿੱਕਰ ਦੇ ਦਰੱਖਤ ਥੱਲੇ ਖੜ੍ਹੇ ਕੁੱਝ ਕੁ ਸਿੰਘਾਂ ਨਾਲ ਵਿਚਾਰਾਂ ਕਰ ਰਹੇ ਸਨ। ਉਸ ਕਿੱਕਰ ਦੀ ਛਾਂ ਵੀ ਵਿਰਲੀ ਜਿਹੀ ਸੀ। ਸੰਤ ਬਾਬਾ ਤਾਰਾ ਸਿੰਘ ਨਾਲ ਬਹੁਤ ਪਿਆਰ ਰੱਖਣ ਵਾਲੇ ਭਾਈ ਦਲਜੀਤ ਸਿੰਘ ਗਰੇਵਾਲ ਵੀ ਇੱਕ ਪਾਸੇ ਖੜ੍ਹੇ ਸਨ। ਸੰਤਾਂ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾਇਆ ਅਤੇ ਕਹਿਣ ਲੱਗੇ ਭਾਈ ਬਹੁਤ ਜ਼ਰੂਰੀ ਗੱਲ ਕਰਨੀ ਹੈ। ਬਾਕੀ ਸਿੰਘਾਂ ਨੂੰ ਫਰਿਹ ਬੁਲਾ ਕੇ ਸੰਤਾਂ ਨੇ ਤੋਰ ਦਿੱਤਾ ਅਤੇ ਭਾਈ ਦਲਜੀਤ ਸਿੰਘ ਨੂੰ ਕਹਿਣ ਲੱਗੇ ਕਿ ਤੁਹਾਡੇ ਨਾਲ ਇੱਕ ਬਹੁਤ ਜ਼ਰੂਰੀ ਭੇਦ ਭਰੀ ਗੱਲ ਕਰਨੀ ਹੈ ਜੋ ਮੈਂ ਕਿਸੇ ਨਾਲ ਨਹੀਂ ਕੀਤੀ ਅਤੇ ਤੁਸੀਂ ਵੀ ਕਿਸੇ ਨਾਲ ਨਾ ਕਰਿਓ। ਉਨ੍ਹਾਂ ਕਿਹਾ, ਜੀ ਸਤ ਬਚਨ। ਸੰਤ ਜੀ ਕਹਿਣ ਲੱਗੇ ਮੇਰੇ ਦਿਲ ਉੱਪਰ ਸ਼ਹੀਦ ਸਿੰਘਾਂ ਦੇ ਖੂਨ ਦੇ ਕਰਜ਼ੇ ਦਾ ਭਾਰੀ ਬੋਝ ਦਿਨ ਰਾਤ ਮੇਰੇ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪਰ ਇੱਕ ਦੋ ਦਿਨ ਪਹਿਲਾਂ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਮੇਰਾ ਬੋਝ ਹਲਕਾ ਕਰ ਦਿੱਤਾ ਹੈ। ਉਹ ਮੈਨੂੰ ਸੁਪਨੇ ਵਿੱਚ ਮਿਲੇ ਅਤੇ ਕਹਿਣ ਲੱਗੇ ਕਿਸੇ ਕਿਸਮ ਦਾ ਫਿਕਰ ਨਹੀਂ ਕਰਨਾ ਮੈਂ ਕਿਤੇ ਨਹੀਂ ਗਿਆ ਬਲਕਿ ਜਥੇ ਦੇ ਵਿੱਚ ਹੀ ਹਾਂ। ਬਾਕੀ ਜੋ ਕਾਰਜ ਆਰੰਭੇ ਹਨ, ਜਿਨ੍ਹਾਂ ਕਾਰਨ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ ਹਨ ਇਹ ਸ਼ਹੀਦੀਆਂ ਗੁਰਬਾਣੀ ਨੂੰ ਮੁੱਖ ਰੱਖ ਕੇ ਹੋਈਆਂ ਹਨ ਇਸ ਲਈ ਇਸ ਸਬੰਧ ਵਿੱਚ ਸਾਰੇ ਕਾਰਜ ਸਤਿਗੁਰੂ ਜੀ ਨੇ ਪੂਰੇ ਕਰਨੇ ਹਨ। ਨਾ ਤਾਂ ਕਿਸੇ ਅੱਗੇ ਝੁਕਣ ਦੀ ਲੋੜ ਹੈ ਅਤੇ ਨਾ ਹੀ ਡਰਨ ਦੀ, ਕਲਗੀਧਰ ਸਤਿਗੁਰੂ ਅੰਗ-ਸੰਗ ਹੋ ਕੇ ਮਦਦ ਕਰਨਗੇ। ਸੰਤਾਂ ਨੇ ਕਿਹਾ ਕਿ ਗਰੇਵਾਲ ਜੀ ਜਦੋਂ ਦਾ ਇਹ ਫੈਸਲਾ ਹੋਇਆ ਹੈ ਉਸ ਤੋਂ ਬਾਅਦ ਇੰਝ ਪ੍ਰਤੀਤ ਹੁੰਦਾ ਹੈ ਕਿ ਸ਼ਹੀਦਾਂ ਦਾ ਡੁੱਲ੍ਹਿਆ ਖੂਨ ਅਜਾਈਂ ਨਹੀਂ ਜਾਵੇਗਾ ਅਤੇ ਗੁਰੂ ਘਰ ਦੇ ਨਿੰਦਕ ਜ਼ਰਕਪਾਰੀਏ ਜਿਆਦਾ ਚਿਰ ਦਨਦਨਾਉਂਦੇ ਨਹੀਂ ਰਹਿ ਸਕਦੇ। ਇਸ ਤੋਂ ਬਾਅਦ ਬੱਸ ਦੇ ਨੇੜੇ ਖੜ੍ਹੇ ਫੈਡਰੇਸ਼ਨ ਪ੍ਰਧਾਨ ਭਾਈ ਅਮਰੀਕ ਸਿੰਘ ਨੂੰ ਕੋਲ ਸੱਦਿਆ ਅਤੇ ਕੁਝ ਸਮਾਂ ਤਿੰਨਾਂ ਜਣਿਆਂ ਨੇ ਬਚਨ ਸਾਂਝੇ ਕੀਤੇ ਅਤੇ ਫਿਰ ਉੱਥਾਂ ਚੱਲ ਪਏ।

ਸ਼ਹੀਦ ਸਿੰਘਾਂ ਦਾ ਕਰਜਾ ਸਿਰ 'ਤੇ ਹੈ : ਸੰਤ ਭਿੰਡਰਾਂਵਾਲੇ

ਸੰਨ 1979 ਦੇ ਅਕਤੂਬਰ ਮਹੀਨੇ ਵਿੱਚ ਸੰਤ ਜੀ ਜੱਥੇ ਸਮੇਤ ਨਾਰੰਗਵਾਲ ਸਨ। ਇੱਥੇ ਜਥੇ ਦੇ ਸਿੰਘਾਂ ਅਤੇ ਆਮ ਸੰਗਤ ਦੇ ਲੰਗਰ ਦੀ ਜ਼ਿੰਮੇਵਾਰੀ ਭਾਈ ਮਨੋਹਰ ਸਿੰਘ ਗਰੇਵਾਲ ਦੀ ਸੀ। ਸੰਤਾਂ ਦੇ ਗੜਵਈ ਭਾਈ ਗੁਰਮੁਖ ਸਿੰਘ ਨੇ ਭਾਈ ਮਨੋਹਰ ਸਿੰਘ ਨੂੰ ਪਰਦੇ ਨਾਲ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਸੰਤਾਂ ਨੇ ਪ੍ਰਸ਼ਾਦਾ ਨਹੀਂ ਛਕਿਆ। ਭਾਈ ਮਨੋਹਰ ਸਿੰਘ ਨੇ ਪੁੱਛਿਆ ਕਿ ਕੀ ਕਾਰਨ ਹੈ? ਤਾਂ ਉਨ੍ਹਾਂ ਕਿਹਾ ਸਾਨੂੰ ਪਤਾ ਨਹੀਂ ਪਰ ਹਰ ਰੋਜ਼ ਪ੍ਰਸ਼ਾਦਾ ਵਾਪਸ ਭੇਜ ਦਿੰਦੇ ਹਨ। ਗਰੇਵਾਲ ਨੇ ਕਿਹਾ ਕਿ ਕੋਈ ਗੱਲ ਨਹੀਂ। ਜਦੋਂ ਰਾਤ ਦੇ ਲੰਗਰ ਦੀ ਪੰਗਤ ਲੱਗੀ ਤਾਂ ਭਾਈ ਮਨੋਹਰ ਸਿੰਘ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਆਓ ਪੰਗਤ ਵਿੱਚ ਸਜੋ, ਲੰਗਰ ਦੀ ਤਿਆਰੀ ਹੈ। ਬਾਕੀ ਸਭਾ ਸੰਗਤ ਆਪ ਜੀ ਨੂੰ ਉਡੀਕ ਰਹੀ ਹੈ। ਉਨ੍ਹਾਂ ਇਸ ਢੰਗ ਨਾਲ ਬੇਨਤੀ ਕੀਤੀ ਕਿ ਸੰਤ ਜੀ ਜਵਾਬ ਨਾ ਦੇ ਸਕੇ, ਉੱਠ ਕੇ ਨਾਲ ਤੁਰ ਪਏ ਅਤੇ ਪੰਗਤ ਵਿੱਚ ਸਜ ਗਏ। ਸਾਰੀ ਸੰਗਤ ਨੂੰ ਲੰਗਰ ਵਰਤਾਇਆ ਗਿਆ ਪਰ ਸੰਤ ਜੀ ਨੇ ਲੰਗਰ ਵਾਲੀ ਥਾਲੀ ਨਾ ਲਈ, ਉੱਥੇ ਹੀ ਪੰਗਤ ਵਿੱਚ ਬੈਠੇ ਰਹੇ। ਜਦੋਂ ਮਨੋਹਰ ਸਿੰਘ ਨੇ ਵੇਖਿਆ ਕਿ ਸੰਤ ਜੀ ਪੰਗਤ ਵਿੱਚ ਵੈਸੇ ਹੀ ਬੈਠੇ ਹਨ, ਲੰਗਰ ਨਹੀਂ ਛਕ ਰਹੇ ਤਾਂ ਉਹ ਜਲਦੀ ਨਾਲ ਅੰਦਰ ਗਏ ਤਾਂ ਅੰਦਰੋਂ ਹੀ ਲੋਜ਼ ਮੁਤਾਬਿਕ ਥਾਲੀ ਵਿੱਚ ਦਾਲ ਪ੍ਰਸ਼ਾਦਾ ਆਦਿ ਲੈ ਆਏ। ਉੱਥੇ ਹੀ ਸੰਤਾਂ ਦੇ ਹੱਥ ਸੁੱਚੇ ਕਰਾਏ ਅਤੇ ਪ੍ਰਸ਼ਾਦੇ ਵਾਲਾ ਥਾਲ ਸੰਤਾਂ

Scanned with CamScanner

ਅੱਗੇ ਰੱਖ ਦਿੱਤਾ। ਸੰਤਾ ਨੇ ਮਨ੍ਹਾਂ ਕੀਤਾ ਕਿ ਭਾਈ ਸਾਹਿਬ ਜੀ ਮੈਂ ਪ੍ਰਸ਼ਾਦਾ ਨਹੀਂ ਛਕਣਾ ਤਾਂ ਉਹ ਕਹਿਣ ਲੱਗੇ ਜਿੰਨੀ ਲੋੜ ਹੈ ਉਨਾ ਹੀ ਛਕ ਲਓ, ਬਹੁਤਾ ਜ਼ੋਰ ਦੇਣ 'ਤੇ ਸੰਤਾਂ ਨੇ ਸਿਰਫ ਅੱਧਾ ਪ੍ਰਸ਼ਾਦਾ ਲੈ ਕੇ ਛਕ ਲਿਆ। ਬਾਕੀ ਸਾਰੀ ਸੰਗਤ ਨੇ ਪ੍ਰਸ਼ਾਦਾ ਛਕਿਆ, ਅਰਦਾਸਾ ਸੋਧਿਆ ਗਿਆ। ਸਿਘ ਉੱਠ ਕੇ ਆਪੋ ਆਪਣੇ ਆਸਣਾਂ 'ਤੇ ਚਲੇ ਗਏ ਤਾਂ ਭਾਈ ਮਨੋਹਰ ਸਿੰਘ ਨੇ ਸੰਤਾਂ ਨੂੰ ਪੁੱਛਿਆ ਕਿ ਆਪ ਜੀ ਪ੍ਰਸ਼ਾਦਾ ਕਿਉਂ ਨਹੀਂ ਛਕਦੇ ਤਾਂ ਸੰਤਾਂ ਨੇ ਕਿਹਾ ਮਨੋਹਰ ਸਿਘਾ, ਪ੍ਰਸ਼ਾਦਾ ਗਲੇ ਤੋਂ ਅੱਗੇ ਨਹੀਂ ਲੰਘਦਾ ਕਿਉਂਕਿ ਸਿੰਘਾਂ ਦੀਆਂ ਸ਼ਹੀਦੀਆਂ ਦੇ ਕਰਜ਼ੇ ਦਾ ਬੋਝ ਸਿਰ 'ਤੇ ਹੈ। ਫਿਰ ਕੁੱਝ ਸਮਾਂ ਦੋਵੇਂ ਚੁੱਪ ਰਹੇ। ਫਿਰ ਮਨੋਹਰ ਸਿੰਘ ਨੇ ਪੁੱਛਿਆ ਜਦੋਂ ਕਰਜ਼ਾ ਲੱਥ ਗਿਆ ਫਿਰ ਪ੍ਰਸ਼ਾਦਾ ਰੱਜ ਕੇ ਛਕੋਗੇ? ਸੰਤ ਕਹਿੰਦੇ ਫਿਰ ਜੀਅ ਭਰ ਕੇ ਛਕਾ ਲਈਂ ਜਿੰਨਾ ਕਹੇਂਗਾ ਉਨਾਂ ਹੀ ਛਕ ਲਵਾਂਗੇ। ਉਨ੍ਹਾਂ ਕਿਹਾ, ਜੀ ਠੀਕ ਹੈ ਅਤੇ ਯਾਦ ਰੱਖਿਓ। ਜਦੋਂ ਅਗਲੇ ਸਾਲ ਸੰਤ ਜੀ ਜਥੇ ਸਮੇਤ ਇੱਥੇ ਪ੍ਰੋਗਰਾਮ 'ਤੇ ਆਏ ਉਦੋਂ ਤੱਕ ਨਰਕਧਾਰੀਆ ਸੋਧਿਆ ਜਾ ਚੁੱਕਿਆ ਸੀ। ਪ੍ਰੋਗਰਾਮ ਦੇ ਪਹਿਲੇ ਹੀ ਦਿਨ ਭਾਈ ਮਨੋਹਰ ਸਿੰਘ ਹੁਰਾਂ ਨੇ ਸਾਰੀ ਸੰਗਤ ਲਈ ਕਸਟਡ ਤਿਆਰ ਕੀਤਾ ਅਤੇ ਸਾਰੇ ਜੱਥੇ ਨੂੰ ਛਕਾਇਆ। ਸੰਤ ਜੀ ਆਸਣ 'ਤੇ ਬੈਠੇ ਸਨ। ਮਨੋਹਰ ਸਿੰਘ ਚੁੱਪਚਾਪ ਕਸਟਡ ਦਾ ਬਾਟਾ ਭਰ ਕੇ ਲਿਆਇਆ ਅਤੇ ਸੰਤਾਂ ਅੱਗੇ ਲਿਆ ਧਰਿਆ। ਸੰਤ ਇੱਕਦਮ ਹੈਰਾਨ ਰਹਿ ਗਏ ਤੇ ਇੱਧਰ-ਉੱਧਰ ਸਿੰਘਾਂ ਵੱਲ ਵੇਖਣ ਲੱਗੇ। ਹੋਰ ਕੁੱਝ ਕਹਿਣ ਤੋਂ ਪਹਿਲਾਂ ਹੀ ਮਨੋਹਰ ਸਿੰਘ ਨੇ ਕਿਹਾ ਕਿ ਸੰਤ ਜੀ ਇੱਧਰ-ਉੱਧਰ ਸਿੰਘਾਂ ਵੱਲ ਨਾ ਵੇਖੋ ਆਹ ਭੋਜਨ ਛਕੋ। ਅਸਲ ਵਿੱਚ ਸੰਤਾਂ ਨਾਲ ਅਜਿਹੇ ਬਚਨ ਕੋਈ ਅੰਦਰੂਨੀ ਪਿਆਰ ਵਾਲਾ ਵਿਅਕਤੀ ਹੀ ਕਰ ਸਕਦਾ ਸੀ। ਮਨੋਹਰ ਸਿੰਘ ਕੋਲੋਂ ਪਿਆਰ ਭਿੱਜੇ ਬਚਨ ਸੁਣ ਕੇ ਜੋ ਕਿ ਅਨਜਾਣ ਸੁਨਣ ਵਾਲੇ ਨੂੰ ਭਾਵੇਂ ਖਰ੍ਹਵੇ ਲੱਗਦੇ ਹੋਣ, ਪਰ ਸੰਤਾਂ ਲਈ ਪਿਆਰ ਭਿੱਜੇ ਸਨ। ਇਸ ਲਈ ਸੰਤ ਜੀ ਬਿਨਾਂ ਕੁੱਝ ਬੋਲਿਆਂ ਕਸਟਡ ਛਕਣ ਲੱਗ ਪਏ। ਮਨੋਹਰ ਸਿੰਘ ਪਾਣੀ ਵਾਲਾ ਗੜਵਾ ਲਿਆਇਆ ਅਤੇ ਗੁਰਮੁਖ ਸਿੰਘ ਨੂੰ ਕਿਹਾ ਆ ਫੜ ਗੜਵਾ ਅਤੇ ਸੰਤਾਂ ਦੇ ਹੱਥ ਮੁੱਚੇ ਕਰਵਾ ਦੇ। ਗੜਵਾ ਉਸ ਨੂੰ ਫੜ੍ਹਾ ਕੇ ਭਾਈ ਮਨੋਹਰ ਸਿੰਘ ਨੇ ਕਸਟਡ ਵਾਲਾ ਬਾਟਾ ਸੰਤਾਂ ਦੇ ਅੱਗੇ ਚੁੱਕ ਲਿਆ ਅਤੇ ਨਾਲ ਹੀ ਕਿਹਾ ਤੁਹਾਨੂੰ ਸਾਰਾ ਬਾਟਾ ਖਾਣ ਨੂੰ ਥੋੜ੍ਹੀ ਕਿਹਾ ਹੈ, ਅਸੀਂ ਵੀ ਤਾਂ ਛਕਣਾ ਹੈ, ਨਾਲੇ ਇਹ ਤਾਂ ਮੈਂ ਵੇਖਣਾ ਹੀ ਸੀ ਕਿ ਪਿਛਲੇ ਸਾਲ ਵਾਲੇ ਬਚਨ ਤੁਹਾਨੂੰ ਯਾਦ ਹਨ ਪਰ ਮੈਨੂੰ ਪੁੱਛਣ ਦੀ ਲੋੜ ਨਹੀਂ ਰਹੀ। ਤੁਸੀਂ ਬਿਨਾਂ ਪੁੱਛਿਆਂ ਹੀ ਮੇਰੇ ਇਸ ਪ੍ਰਸ਼ਨ ਦਾ ਉੱਤਰ ਦੇ ਦਿੱਤਾ ਹੈ ਕਿਉਂਕਿ ਪਿਛਲੇ ਸਾਲ ਤੁਸੀਂ ਦੱਸਿਆ ਸੀ ਕਿ ਸਿੰਘਾਂ ਦੀਆਂ ਸ਼ਹੀਦੀਆਂ ਦੇ ਕਰਜ਼ੇ ਦਾ ਬੋਝ ਹੋਣ ਕਾਰਨ ਭੋਜਨ ਪਾਣੀ ਚੰਗਾ ਨਹੀਂ ਲੱਗਦਾ ਪਰ ਇਸ ਸਾਲ ਤਾਂ ਕਾਫੀ ਹੱਦ ਤੱਕ ਸਿੰਘਾਂ ਨੇ ਕਰਜ਼ਾ ਲਾਹ ਦਿੱਤਾ ਹੈ (ਭਾਵ ਨਕਲੀ ਨਿਰੰਕਾਰੀ ਸੋਧਿਆ ਗਿਆ ਹੈ)। ਇਸੇ ਲਈ ਸਹਿਜ ਸੁਭਾਅ ਹੀ ਭੋਜਨ ਛਕ ਲਿਆ ਹੈ ਬਲਕਿ ਜੇਕਰ ਮੈਂ ਆਪ ਜੀ ਅੱਗੋਂ ਬਾਟਾ ਨਾ ਚੁੱਕਦਾ ਤਾਂ ਤੁਸੀਂ ਬਾਕੀ ਰਹਿੰਦਾ ਮੇਰੇ ਹਿੱਸੇ ਦਾ ਬਾਟਾ ਵੀ ਖਾਲੀ ਕਰ ਦੇਣਾ ਸੀ। ਇੰਨਾ ਕਹਿੰਦਿਆਂ ਭਾਈ ਮਨੋਹਰ ਸਿੰਘ ਸੰਤਾਂ ਵਾਲਾ ਬਾਟਾ ਲੈ ਕੇ ਬਰਾਂਡੇ ਅੰਦਰ ਚਲਾ ਗਿਆ ਅਤੇ ਸੰਤ ਜੀ ਹੋਰ ਸਿੰਘਾਂ ਨਾਲ ਬਚਨ ਬਿਲਾਸ਼ ਕਰਨ ਲੱਗ ਪਏ।

ਸੰਤਾਂ ਵੱਲੋਂ ਮਾਤਾ ਭਜਨ ਕੌਰ ਦਾ ਹਾਲ ਪੁੱਛਣ ਹਸਪਤਾਲ ਜਾਣਾ

ਸੰਨ 1981 ਦੇ ਸ਼ੁਰੂ ਵਿੱਚ ਭਾਈ ਦਲਜੀਤ ਸਿੰਘ ਹੁਰਾਂ ਦੀ ਮਾਤਾ ਭਜਨ ਕੌਰ ਕਾਫੀ ਬਿਮਾਰ ਪੈ ਗਏ। ਉਨ੍ਹਾਂ ਨੂੰ ਸੀ. ਐਮ. ਸੀ. ਹਸਪਤਾਲ ਲੁਧਿਆਣਾ ਵਿਖੇ ਇਲਾਜ ਲਈ ਦਾਖਲ ਕਰਵਾਉਣਾ ਪਿਆ। ਜਦੋਂ ਇਸ ਗੱਲ ਦਾ ਪਤਾ ਸੰਤ ਭਿੰਡਰਾਂਵਾਲਿਆਂ ਨੂੰ ਲੱਗਾ ਤਾਂ ਉਹ ਜਥੇ ਸਮੇਤ ਹਸਪਤਾਲ ਪਹੁੰਚੇ। ਸੰਤਾਂ ਦੇ ਕਈ ਸਿੰਘਾਂ ਕੋਲ ਆਪਣੇ ਲਾਇਸੈਂਸੀ ਹਥਿਆਰ ਸਨ। ਇਸ ਲਈ ਬਹੁਤ ਸਾਰੇ ਹਥਿਆਰਬੰਦ ਸਿੰਘਾਂ ਨੂੰ ਦੇਖ ਕੇ ਹਸਪਤਾਲ ਦਾ ਸਟਾਫ ਘਬਰਾ ਗਿਆ ਅਤੇ ਇਕਦਮ ਚੌਕੰਨੇ ਹੋ ਗਏ। ਸੰਤਾਂ ਨੂੰ ਬਾਹਰ ਹੀ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਸਰਦਾਰ ਤੇਜਵੰਤ ਸਿੰਘ ਗਰੇਵਾਲ ਨੇ ਮੌਕੇ ਦੇ ਸੀਨੀਅਰ ਡਾਕਟਰਾਂ ਨੂੰ ਸਮਝਾਇਆ ਕਿ ਇਹ ਦਮਦਮੀ ਟਕਸਾਲ ਦੇ ਮੁਖੀ ਹਨ ਹਮਦਰਦੀ ਨਾਲ ਸਾਡੀ ਮਾਤਾ ਜੀ ਦਾ ਹਾਲ-ਚਾਲ ਪੁੱਛਣ ਲਈ ਆਏ ਹਨ ਕਿਸੇ ਤਰ੍ਹਾਂ ਵੀ ਘਬਰਾਉਣ ਦੀ ਲੋੜ ਨਹੀਂ। ਪੂਰੀ ਤਸੱਲੀ ਹੋਣ ਤੇ ਬਾਅਦ ਡਾਕਟਰਾਂ ਨੇ ਅੱਗੇ ਜਾਣ ਲਈ ਆਗਿਆ ਦਿੱਤੀ। ਜਦੋਂ ਸੰਤ ਮਾਤਾ ਜੀ ਕੋਲ ਪਹੁੰਚੇ ਤਾਂ ਉਹ ਕਾਫੀ ਨਿਢਾਲ ਅਵਸਥਾ ਵਿੱਚ ਸਨ। ਫਿਰ ਸੰਤਾਂ ਨੂੰ ਦੇਖਦਿਆਂ ਸਾਰ ਹੱਥ ਜੋੜ ਕੇ ਫਤਿਹ ਬੁਲਾਈ। ਪਰਿਵਾਰ ਦੇ ਕੁਝ ਹੋਰ ਮੈਂਬਰ ਵੀ ਮਾਤਾ ਜੀ ਕੋਲ ਖੜ੍ਹੇ ਸਨ ਉਨ੍ਹਾਂ ਨੇ ਵੀ ਸੰਤਾਂ ਨੂੰ ਫਤਿਹ ਬੁਲਾਈ। ਇਥੇ ਵੀ ਵੇਖਣ

Scanned with CamScanner

ਨੂੰ ਉਪਰੀ-ਉਪਰੀ ਅਤੇ ਅੰਦਰੋਂ ਪ੍ਰੇਮ ਭਿੱਜੀ ਵਾਰਤਾ ਹੋਈ। ਸੰਤਾਂ ਨੇ ਮਾਤਾ ਜੀ ਦੇ ਲੜੇ ਹੋ ਕੇ ਕਿਹਾ ਕਿ ਮਾਤਾ ਅਸੀਂ ਤੁਹਾਡੇ ਕੋਲੋਂ ਪ੍ਰਸ਼ਾਦਾ ਛਕਣਾ ਹੈ ਤਾਂ ਮਾਤਾ ਨੇ ਅਸਮਰੱਥਾ ਜ਼ਾਹਿਰ ਕਰਦਿਆਂ ਹੱਥ ਦੇ ਇਸ਼ਾਰੇ ਨਾਲ ਕਿਹਾ ਕਿ ਹੁਣ ਤਾਂ ਮੁਸ਼ਕਿਲ ਹੈ। ਸੰਤ ਜੀ ਹੱਸ ਪਏ ਕਹਿੰਦੇ, "ਮਾਤਾ ਜੀ, ਇਹ ਵੀ ਕੋਈ ਗੱਲ ਹੋਈ, ਅਸੀਂ ਪ੍ਰਸ਼ਾਦਾ ਮੰਗਦੇ ਹਾਂ ਪਰ ਤੁਸੀਂ ਜਵਾਬ ਦਿੰਦੇ ਹੋ। ਅਸੀਂ ਹਰ ਹਾਲ ਤੁਹਾਡੇ ਕੋਲੋਂ ਪ੍ਰਸ਼ਾਦਾ ਛਕਣਾ ਹੈ, ਮਾਤਾ ਜੀ ਚੁੱਪ ਰਹੇ। ਪਰ ਨੇੜੇ ਖੜ੍ਹੇ ਸੀਨੀਅਰ ਡਾਕਟਰ ਇਸ ਗੱਲੋਂ ਹੈਰਾਨ ਸਨ ਕਿ ਏਡੀ ਵੱਡੀ ਸੰਸਥਾ ਦੇ ਮੁਖੀ ਬਿਨਾਂ ਕਿਸੇ ਸਦਾਚਾਰਕ ਮਾਹੌਲ ਤੋਂ ਸਿੱਧੇ ਸਾਧੇ ਲਫ਼ਜ਼ਾਂ ਵਿੱਚ ਮਾਤਾ ਜੀ ਨਾਲ ਲੰਗਰ ਪਾਣੀ ਦੀ ਗੱਲ ਕਰ ਰਹੇ ਹਨ। ਜਦੋਂ ਕਿ ਮਾਤਾ ਜੀ ਦੀ ਸਿਹਤ ਅਜਿਹਾ ਕੁੱਝ ਕਰਨ ਦੀ ਸਮਰੱਥਾ ਨਹੀਂ ਰੱਖਦੀ। ਡਾਕਟਰ ਆਪਣੇ ਕਿੱਤੇ ਵਿੱਚ ਭਾਵੇਂ ਮਾਹਿਰ ਸਨ ਪਰ ਉਹ ਗੁਰਮੁਖਤਾਈ ਅਵਸਥਾ ਤੋਂ ਅਣਜਾਣ ਸਨ ਕਿ ਸੰਤ ਜੀ ਕਿਸ ਪਿਆਰ ਵਿੱਚ ਮਾਤਾ ਜੀ ਨਾਲ ਇਹ ਬਚਨ ਕਰ ਰਹੇ ਹਨ।

ਜਿਸ ਦਿਨ ਸੰਤ ਜੀ ਸੀ. ਐੱਮ. ਸੀ. ਹਸਪਤਾਲ ਵਿੱਚ ਮਾਤਾ ਜੀ ਦਾ ਪਤਾ ਲੈਣ ਗਏ ਤਾਂ ਉਸੇ ਹਸਪਤਾਲ ਵਿੱਚ ਇੱਕ ਹੋਰ ਵਿਅਕਤੀ ਰਾਮ ਨਰਾਇਣ ਸਿੰਘ ਦਰਦੀ ਦੀ ਪਤਨੀ ਵੀ ਹਸਪਤਾਲ ਵਿੱਚ ਦਾਖਲ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਸੰਤ ਜੀ ਭਾਈ ਤੇਜਵੰਤ ਸਿੰਘ ਦੀ ਮਾਤਾ ਦਾ ਪਤਾ ਲੈਣ ਆਏ ਹਨ ਤਾਂ ਉਸ ਨੇ ਭਾਈ ਤੇਜਵੰਤ ਸਿੰਘ ਨੂੰ ਕਿਹਾ ਕਿ ਤੁਸੀਂ ਸੰਤਾਂ ਨੂੰ ਬੇਨਤੀ ਕਰੋ ਕਿ ਉਹ ਮੇਰੀ ਪਤਨੀ ਦੇ ਕਮਰੇ ਵਿੱਚ ਵੀ ਹੋ ਕੇ ਜਾਣ। ਉਸ ਨੂੰ ਇਸ ਗੱਲ ਦੀ ਬਹੁਤ ਧਰਵਾਸ ਮਿਲੇਗੀ ਤਾਂ ਭਾਈ ਤੇਜਵੰਤ ਸਿੰਘ ਨੇ ਕਿਹਾ ਕਿ ਤੂੰ ਇੱਥੇ ਹੀ ਰੁਕ ਜਾ, ਸੰਤ ਜੀ ਆਉਣ ਵਾਲੇ ਹਨ, ਆਪਾਂ ਉਨ੍ਹਾਂ ਨੂੰ ਬੇਨਤੀ ਕਰ ਦੇਵਾਂਗੇ। ਇੰਨੇ ਚਿਰ ਵਿੱਚ ਸੰਤ ਜੀ ਅੰਦਰੋਂ ਆਏ ਤਾਂ ਭਾਈ ਤੇਜਵੰਤ ਸਿੰਘ ਨੇ ਕਿਹਾ ਕਿ ਇਹ ਰਾਮ ਨਰਾਇਣ ਸਿੰਘ ਦਰਦੀ ਹਨ ਜੋ ਕਿ ਪ੍ਰੋਫੈਸਰ ਹਨ ਅਤੇ ਗੁਰੂ ਘਰ ਦੇ ਚੰਗੇ ਸ਼ਰਧਾਵਾਨ ਕਵੀ ਵੀ ਹਨ। ਇਨ੍ਹਾਂ ਦੀ ਪਤਨੀ ਵੀ ਹਸਪਤਾਲ ਦੇ ਇਸੇ ਵਾਰਡ ਵਿੱਚ ਹੈ ਇਹ ਚਾਹੁੰਦੇ ਹਨ ਕਿ ਆਪ ਜੀ ਉਨ੍ਹਾਂ ਨੂੰ ਵੀ ਹੌਸਲਾ ਦੇ ਕੇ ਜਾਓ ਤਾਂ ਸੰਤਾਂ ਨੇ ਕਿਹਾ ਕਿ ਚੱਲੋ ਭਾਈ ਕਿੱਥੇ ਹੈ। ਤਾਂ ਕਾਹਲੀ-ਕਾਹਲੀ ਦਰਦੀ ਜੀ ਅੱਗੇ ਚੱਲ ਪਏ, ਜਿਥੇ ਉਸ ਦੀ ਪਤਨੀ ਸੀ ਉਸ ਕਮਰੇ ਵਿੱਚ ਚਲੇ ਗਏ। ਉਸ ਦਾ ਬੇਟਾ ਅਮਰਜੀਤ ਸਿੰਘ ਦੁਆ ਵੀ ਉਨ੍ਹਾਂ ਦੇ ਨਾਲ ਸੀ। ਉਸ ਦਾ ਵੀ ਹਾਲ ਚਾਲ ਪੁੱਛਿਆ। ਸੰਤਾਂ ਨੇ ਇਹ ਵੀ ਕਿਹਾ ਕਿ ਸਾਡੇ ਲਈ ਕੋਈ ਸੇਵਾ ਦੱਸੋ ਤਾਂ ਦਰਦੀ ਜੀ ਨੇ ਕਿਹਾ ਕਿ ਤੁਸੀਂ ਕਿਰਪਾ ਕਰਕੇ ਇਸ ਦੀ ਸਿਹਤਯਾਬੀ ਲਈ ਅਰਦਾਸ ਕਰੋ ਤਾਂ ਸੰਤਾਂ ਨੇ ਕਿਹਾ ਕਿ ਤੁਸੀਂ ਆਪ ਅਰਦਾਸ ਕਰੋ, ਸੱਤਿਗੁਰੂ ਮਹਾਰਾਜ ਕਿਰਪਾ ਕਰਨਗੇ। ਇੰਨੇ ਬਚਨ ਕਹਿ ਕੇ ਸੰਤ ਜੀ ਉਨ੍ਹਾਂ ਨੂੰ ਹੌਸਲਾ ਦੇ ਕੇ ਉੱਥੋਂ ਚਲੇ ਗਏ। ਦਰਦੀ ਜੀ ਨੇ ਗੁਰਦੁਆਰੇ ਜਾ ਕੇ ਅਰਦਾਸ ਕੀਤੀ। ਉਸ ਦੀ ਪਤਨੀ ਨੂੰ ਜੋ 14-15 ਦਿਨ ਤੋਂ ਕਿਸੇ ਦਵਾਈ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ ਤਾਂ ਉਸ ਦਿਨ ਤੋਂ ਹੀ ਉਸ ਨੂੰ ਆਰਾਮ ਆਉਣਾ ਸ਼ੁਰੂ ਹੋ ਗਿਆ ਅਤੇ ਇੱਕ ਹਫ਼ਤੇ ਬਾਅਦ ਉਸ ਨੂੰ ਹਸਪਤਾਲ ਵਿੱਚ ਛੁੱਟੀ ਦੇ ਕੇ ਘਰ ਭੇਜ ਦਿੱਤਾ ਗਿਆ। ਬਾਅਦ ਵਿੱਚ ਰਾਮ ਨਰਾਇਣ ਸਿੰਘ ਦਰਦੀ ਸੰਤਾਂ ਦਾ ਧੰਨਵਾਦ ਕਰਨ ਲਈ ਗਏ। ਸੰਤਾਂ ਨੂੰ ਮਿਲ ਕੇ ਧੰਨਵਾਦ ਕਰਨ ਲੱਗਾ ਤਾਂ ਸੰਤਾਂ ਨੇ ਸਮਝਾਇਆ ਕਿ ਧੰਨਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਤੁਹਾਡੀ ਅਰਦਾਸ ਬੇਨਤੀ ਪ੍ਰਵਾਨ ਕੀਤੀ ਅਤੇ ਤੁਹਾਡੀ ਪਤਨੀ ਨੂੰ ਸਿਹਤਯਾਬੀ ਬਖਸ਼ੀ ਹੈ ਕਿਉਂਕਿ ਕੇਵਲ ਪ੍ਰਮਾਤਮਾ ਹੀ ਕਰਨ ਕਾਰਨ ਸਮਰੱਥ ਹੈ, ਕੋਈ ਵਿਅਕਤੀ ਨਹੀਂ। ਅਜਿਹਾ ਉਪਦੇਸ਼ ਸੁਣ ਕੇ ਪ੍ਰੋਫੈਸਰ ਦਰਦੀ ਦੀ ਜਿੱਥੇ ਖੁਸ਼ੀ ਦੀ ਹੱਦ ਨਾ ਰਹੀ ਉੱਥੇ ਬਹੁਤ ਸਾਰੇ ਭਰਮ ਭੁਲੇਖੇ ਵੀ ਦੂਰ ਹੋਏ ਕਿ ਇਹ ਸੰਤ ਆਪਣੀ ਪੂਜਾ ਕਰਵਾਉਣ ਵਾਲਿਆਂ ਵਿੱਚੋਂ ਨਹੀਂ ਹਨ, ਇਹ ਤਾਂ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਭਰੋਸਾ ਰੱਖਦੇ ਹਨ ਅਤੇ ਹੋਰਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਭਰੋਸਾ ਰੱਖਣ ਦੀ ਪ੍ਰੇਰਨਾ ਦਿੰਦੇ ਹਨ।

ਜੇਲ੍ਹ ਦੀ ਰਿਹਾਈ ਉਪਰੰਤ ਧੰਨਵਾਦੀ ਦੌਰੇ ਸਮੇਂ ਮਾਤਾ ਤੋਂ ਪ੍ਰਸ਼ਾਦਾ ਛਕਣਾ

ਕੁੱਝ ਸਮਾਂ ਬਾਅਦ ਮਾਤਾ ਜੀ ਠੀਕ ਹੋ ਕੇ ਘਰ ਚਲੇ ਗਏ ਅਤੇ ਲਗਭਗ 9-10 ਮਹੀਨੇ ਬਾਅਦ ਸੰਤ ਜੀ ਨਗਰ ਵਿੱਚ ਉਸ ਵੇਲੇ ਆਏ ਜਦੋਂ ਫਿਰੋਜ਼ਪੁਰ ਦੀ ਜੇਲ੍ਹ ਵਿੱਚੋਂ ਰਿਹਾਅ ਹੋਣ ਉਪਰੰਤ ਪੰਜਾਬ ਦੇ ਚੋਣਵੇਂ ਪਿੰਡਾਂ ਦੇ ਧੰਨਵਾਦੀ ਦੌਰੇ 'ਤੇ ਸਨ ਤਾਂ ਉਸ ਵੇਲੇ ਸੰਤ ਜੀ ਜਥੇ ਦੇ ਕੁਝ ਸਿੰਘਾਂ ਸਮੇਤ ਦੋ ਰਾਤਾਂ ਨਾਰੰਗਵਾਲ ਪਿੰਡ ਵਿੱਚ ਠਹਿਰੇ ਸਨ। ਦਿਨ ਵੇਲੇ ਇਲਾਕੇ ਦੇ ਪਿੰਡਾਂ ਵਿੱਚ ਧੰਨਵਾਦੀ ਦੌਰੇ 'ਤੇ ਜਾਇਆ ਕਰਦੇ ਸਨ ਅਤੇ ਰਾਤ ਨੂੰ ਇੱਥੇ ਆ

Scanned with CamScanner

ਨੂੰ ਆਰਾਮ ਕਰਿਆ ਕਰਦੇ ਸਨ। ਅਖੀਰਲੇ ਦਿਨ ਜਦੋਂ ਪਿੰਡ ਨਾਰੰਗਵਾਲ ਵਿਖੇ ਹੀ ਪੰਨਵਾਦੀ ਦੀਵੇ ਦਾ ਸਮਾਗਮ ਸੀ ਤੇ ਪ੍ਰਸ਼ਾਦਾ ਸਾਮ ਨੂੰ ਮਾਤਾ ਭਜਨ ਕੌਰ ਜੀ ਨੇ ਘਰ ਦੀਆਂ ਹੋਰ ਬੀਬੀਆਂ (ਨੂੰਹਾਂ) ਆਦਿ ਨੂੰ ਕਿਹਾ ਕਿ ਤੁਸੀਂ ਚੁੱਲ੍ਹੇ ਤੋਂ ਪਰੇ ਹੋਵੋ, ਮੈਂ ਪ੍ਰਸ਼ਾਦਾ ਤਿਆਰ ਕਰਨਾ ਹੈ ਅਤੇ ਸੰਤਾਂ ਨੂੰ ਛਕਾਉਣਾ ਹੈ ਤਾਂ ਘਰ ਦੀਆਂ ਬੀਬੀਆਂ ਨੇ ਆਖਿਆ ਕਿ ਤੁਸੀਂ ਅਜੇ ਪੂਰੀ ਤਰ੍ਹਾਂ ਠੀਕ ਨਹੀਂ ਹੋ ਇਸ ਲਈ ਤੁਸੀਂ ਸਾਹਮਣੇ ਬੈਠ ਜਾਓ, ਪ੍ਰਸ਼ਾਦਾ ਅਸੀਂ ਆਪ ਤਿਆਰ ਕਰ ਲੈਂਦੀਆਂ ਹਾਂ ਤਾਂ ਮਾਤਾ ਜੀ ਨੇ ਕਿਹਾ ਤੁਹਾਨੂੰ ਮੈਂ ਸਭ ਕੁੱਝ ਨਹੀਂ ਦੱਸ ਸਕਦੀ, ਪਰ ਪ੍ਰਸ਼ਾਦਾ ਮੈਂ ਆਪ ਤਿਆਰ ਕਰਨਾ ਹੈ। ਮਾਤਾ ਜੀ ਨੇ ਪ੍ਰਸ਼ਾਦਾ ਤਿਆਰ ਕੀਤਾ, ਸਬਜੀ ਬਣਾਈ, ਪੂਰੀ ਤਿਆਰੀ ਨਾਲ ਛਕ ਕੇ ਰੱਖ ਲਿਆ ਅਤੇ ਪੁੱਤਰ ਭਾਈ ਮਨੋਹਰ ਸਿੰਘ ਨੂੰ ਕਿਹਾ ਕਿ ਜਿਵੇਂ ਹੀ ਸੰਤ ਜੀ ਨਗਰ ਵਿੱਚ ਆਉਣ ਤੂੰ ਉਨ੍ਹਾਂ ਨੂੰ ਦੱਸ ਦੀਂ ਕਿ ਮਾਤਾ ਨੇ ਲੰਗਰ ਤਿਆਰ ਕੀਤਾ ਹੈ, ਜ਼ਰੂਰ ਛਕਣ। ਇਸੇ ਤਰ੍ਹਾਂ ਹੀ ਹੋਇਆ, ਪਹੁੰਚਦਿਆਂ ਹੀ ਸੰਤਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਕਿ ਦਾਸ ਦੇ ਜੇਲ੍ਹ ਵਿੱਚ ਹੁੰਦਿਆਂ ਆਪ ਸੰਗਤਾਂ ਨੇ ਬਹੁਤ ਪਿਆਰ ਦਾ ਸਬੂਤ ਦਿੱਤਾ ਹੈ ਆਦਿ। ਸਮਾਗਮ ਤੋਂ ਉਪਰੰਤ ਭਾਈ ਮਨੋਹਰ ਸਿੰਘ ਨੇ ਸੰਤਾਂ ਨੂੰ ਕਿਹਾ ਕਿ ਮਾਤਾ ਜੀ ਨੇ ਨਗਰ ਤਿਆਰ ਕੀਤਾ ਹੈ ਅਤੇ ਆਪ ਜੀ ਨੂੰ ਛਕਣ ਲਈ ਬੇਨਤੀ ਕੀਤੀ ਹੈ। ਕੁੱਝ ਸਿੰਘਾਂ ਸਮੇਤ ਸੰਤ ਜੀ ਘਰੇ ਆਏ ਆਉਂਦਿਆਂ ਸਾਰ ਮੁਸਕਰਾਉਂਦਿਆਂ ਹੋਇਆਂ ਮਾਤਾ ਜੀ ਕੋਲੋਂ ਪ੍ਰਸ਼ਾਦਾ ਮੰਗਿਆ ਅਤੇ ਨਾਲ ਹੀ ਚੇਤੇ ਕਰਾਇਆ, "ਮਾਤਾ ਮੈਂ ਤੁਹਾਨੂੰ ਕਿਹਾ ਸੀ ਨਾ ਕਿ ਮੈਂ ਤੁਹਾਡੇ ਕੋਲੋਂ ਪ੍ਰਸਾਦਾ ਛਕਣਾ ਹੈ ਪਰ ਤੂੰ ਮੰਨਦੀ ਨਹੀਂ ਸੀ, ਉਸ ਵੇਲੇ ਮੈਂ ਵੜਾ ਹੈਰਾਨ ਸਾਂ ਕਿ ਮਾਤਾ ਜੀ ਹਮੇਸ਼ਾ ਹੀ ਬੜੇ ਪਿਆਰ ਨਾਲ ਪ੍ਰਸ਼ਾਦਾ ਛਕਾਉਂਦੇ ਹਨ ਪਰ ਅੱਜ ਪ੍ਰਸ਼ਾਦਾ ਛਕਾਉਣ ਲਈ ਮੰਨਦੇ ਨਹੀਂ, ਚੇਤਾ ਹੈ ਨਾ ਮਾਤਾ? ਚੰਗਾ ਲਿਆ ਪ੍ਰਸ਼ਾਦਾ ਮਾਤਾ, ਹੁਣ ਤਾਂ ਭੁੱਖ ਵੀ ਬਹੁਤ ਲੱਗੀ ਹੈ।" ਮਾਤਾ ਜੀ ਨੇ ਕੋਲ ਬੈਠ ਕੇ ਪ੍ਰੇਮ ਨਾਲ ਪ੍ਰਸ਼ਾਦਾ ਛਕਾਇਆ। ਬਾਅਦ ਵਿੱਚ ਸੰਤਾਂ ਨੇ ਅਰਦਾਸਾ ਕੀਤਾ ਅਤੇ ਮਾਤਾ ਨੂੰ ਸੰਬੋਧਨ ਹੋ ਕੇ ਫਿਰ ਕਿਹਾ ਕਿ ਮਾਤਾ ਤੂੰ ਤਾਂ ਉਦੋਂ ਹੀ ਤਿਆਰੀ ਕਰੀ ਬੈਠੀ ਸੀ ਜਦੋਂ ਤੈਨੂੰ ਹਸਪਤਾਲ ਵਿੱਚ ਮਿਲਣ ਗਏ ਸੀ ਤਾਂ ਅਸੀਂ ਤੈਨੂੰ ਕਿਹਾ ਸੀ ਕਿ ਹਾਲੇ ਤੈਨੂੰ ਨਹੀਂ ਜਾਣ ਦੇਣਾ ਇੰਤਿਆਦਿਕ ਅੰਦਰੂਨੀ ਰਮਜ਼ਾਂ ਹਨ, ਜਿਨ੍ਹਾਂ ਨੂੰ ਹਰ ਕੋਈ ਨਹੀਂ ਜਾਣ ਸਕਦਾ।

ਇਸੇ ਤਰ੍ਹਾਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਸਮੇਂ ਦੀ ਇੱਕ ਘਟਨਾ

ਜਿੱਥੇ ਸ਼ੀ. ਐੱਮ. ਸੀ. ਹਸਪਤਾਲ ਵਿੱਚ ਮਾਤਾ ਭਜਨ ਕੌਰ ਦਾ ਪਤਾ ਕਰਨ ਲਈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਆਏ ਸਨ, ਇਥੇ ਹੀ ਇੱਕ ਵਾਰੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਇਸੇ ਮਾਤਾ ਦੇ ਸੰਤਿਸ਼ਾਰਯੋਗ ਪਤੀ ਸ. ਰਸ਼ਪਾਲ ਸਿੰਘ ਗਰੇਵਾਲ ਦਾ ਪਤਾ ਕਰਨ ਵੀ ਆਏ ਸਨ। ਜੋ ਕਿ ਬੜੇ ਸਹਿਜ ਸੁਭਾਅ ਅਤੇ ਗੁਰਮਤਿ ਦੇ ਪ੍ਰਪੱਕ ਗੁਰਸਿੱਖ ਸਨ, ਜਦੋਂ ਸੰਤਾਂ ਨੇ ਉਨ੍ਹਾਂ ਕੋਲ ਪਹੁੰਚ ਕੇ ਉਨ੍ਹਾਂ ਦੀ ਸਿਹਤ ਬਾਰੇ ਹਾਲ ਚਾਲ ਪੁੱਛਿਆ ਤਾਂ ਸ. ਰਸ਼ਪਾਲ ਸਿੰਘ ਨੇ ਬੜੇ ਹੀ ਸਹਿਜ ਵਿੱਚ ਉੱਤਰ ਦਿੱਤਾ ਕਿ ਸਤਿਗੁਰੂ ਦੇ ਹੁਕਮ ਵਿੱਚ ਸਭ ਕੁੱਝ ਠੀਕ ਹੈ ਕਿਹਾ ਹੈ। ਸੰਤਾਂ ਨੇ ਜਦੋਂ ਡਾਕਟਰਾਂ ਤੋਂ ਜਾਣਕਾਰੀ ਲਈ ਤਾਂ ਪਤਾ ਲੱਗਾ ਕਿ ਖ਼ਾਸ ਕਾਰਨ ਕਰਕੇ ਉਨ੍ਹਾਂ ਦੀ ਇੱਕ ਅੱਖ ਕੱਢਣੀ ਪਈ ਹੈ। ਗੱਲ ਭਾਵੇਂ ਵੱਡੀ ਸੀ ਪਰ ਸਹਿਜ ਸੁਭਾਅ ਹੀ ਗੁਰੂ ਦਾ ਭਾਣਾ ਮੰਨ ਕੇ ਸ. ਰਛਪਾਲ ਸਿੰਘ ਨੇ ਇਸ ਬਾਰੇ ਕੋਈ ਦੁੱਖ ਜ਼ਾਹਿਰ ਨਾ ਕੀਤਾ। ਇਸ ਸਮੁੱਚੀ ਜਾਣਕਾਰੀ ਉਪਰੰਤ ਸੰਤ ਜੀ ਮਨ ਹੀ ਮਨ ਵਿੱਚ ਪ੍ਰਸੰਨ ਹੋਏ ਕਿ ਗੁਰਸਿੱਖਾਂ ਦੀ ਅਜਿਹੀ ਅਵਸਥਾ ਹੀ ਚਾਹੀਦੀ ਹੈ ਤਾਂ ਉਨ੍ਹਾਂ ਨੇ ਸ. ਰਸ਼ਪਾਲ ਸਿੰਘ ਦੇ ਨੇੜੇ ਹੋ ਕੇ ਕਿਹਾ ਕਿ ਕੋਈ ਗੱਲ ਨਹੀਂ ਜੇ ਇੱਕ ਨੇਤਰ ਦੀ ਨਿਗ੍ਹਾ ਬੰਦ ਹੋ ਗਈ ਹੈ ਤਾਂ ਤੀਸਰਾ ਨੇਤਰ ਖੋਲ੍ਹ ਲਵੋ ਭਾਵ ਦਿਬ ਦ੍ਰਿਸ਼ਟੀ ਨਾਲ ਤੱਕਣਾ ਸ਼ੁਰੂ ਕਰੋ। ਇਹ ਗੱਲ ਸੁਣਦਿਆਂ ਹੀ ਸ. ਰਸ਼ਪਾਲ ਸਿੰਘ ਨੇ ਹੱਥ ਜੋੜ ਲਏ ਅਤੇ ਕਿਹਾ ਕਿ ਇਹ ਕਿਪਾ ਤਾ ਆਪ ਜੀ ਹੀ ਕਰ ਸਕਦੇ ਹੋ ਤਾਂ ਸੰਤਾਂ ਨੇ ਕਿਹਾ ਸਤਿਗੁਰੂ ਆਪ ਹੀ ਕ੍ਰਿਪਾ ਕਰਨਗੇ। ਹਸਪਤਾਲ ਤੋਂ ਛੁੱਟੀ ਮਿਲਣ ਉਪਰੰਤ ਸ. ਰਛਪਾਲ ਸਿੰਘ ਜੀ ਨੇ ਆਪਣੇ ਨੇੜਲੇ ਸਰਕਲ ਦੇ ਗੁਰਮੁਖਾਂ ਕੋਲ ਇਹ ਭੇਦ ਦੱਸਿਆ ਕਿ ਸੰਤਾਂ ਦੇ ਇਨ੍ਹਾਂ ਬਚਨਾ ਤੋਂ ਬਾਅਦ ਸਾਨੂੰ ਬਹੁਤ ਮਾਨਸਿਕ ਤਸੱਲੀ ਪ੍ਰਾਪਤ ਹੋਈ ਅਤੇ ਮਨ ਹਮੇਸ਼ਾ ਇੱਕ ਅਰੰਮੀ ਖੇੜੇ ਵਿੱਚ ਰਹਿਣ ਲੱਗਾ ਅਤੇ ਇਉਂ ਪ੍ਰਤੀਤ ਹੁੰਦਾ ਸੀ ਕਿ ਵਾਕਿਆ ਹੀ ਸੰਤਾਂ ਨੇ ਦਿਬ ਦ੍ਰਿਸ਼ਟੀ ਖੋਲ੍ਹ ਦਿੱਤੀ ਹੈ।

Scanned with CamScanner

ਲੁਧਿਆਣਾ ਵਿਖੇ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਟਰੱਸਟ ਵਿਖੇ ਸੰਤਾਂ ਦਾ ਪ੍ਰੋਗਰਾਮ

ਨਵੰਬਰ 1979 ਨੂੰ ਲੁਧਿਆਣਾ ਦੇ ਕੁੱਝ ਸੋਹਣਬਰ ਸਿੰਘਾਂ ਨੇ ਗਿਆਨੀ ਹਰਭਗਤ ਸਿੰਘ ਦੇ ਸਹਿਯੋਗ ਨਾਲ ਗੁਰਦੁਆਰਾ ਗਿੱਲ ਰੋਡ ਵਿਖੇ ਸੰਤ ਭਿੰਡਰਾਂਵਾਲਿਆਂ ਦਾ ਪ੍ਰੋਗਰਾਮ ਰੱਖਿਆ, ਜਿੱਥੇ ਮੁੱਖ ਪ੍ਰਬੰਧਕ ਭਾਈ ਲਛਮਣ ਸਿੰਘ ਰੀਪਰਬ ਸਨ। ਉਨ੍ਹਾਂ ਦਿਨਾਂ ਵਿੱਚ ਸੁਹਿਰਦ ਸਿੱਖਾਂ ਵਿੱਚ ਇਸ ਗੱਲ ਦੀ ਗੰਭੀਰ ਚਰਚਾ ਸੀ ਕਿ ਨਕਲੀ ਨਿਰੰਕਾਰੀਆਂ ਵੱਲੋਂ ਕਈ ਥਾਵਾਂ 'ਤੇ ਨਿਰਦੋਸ਼ ਸਿੰਘਾਂ ਦਾ ਕਤਲ ਕੀਤਾ ਗਿਆ ਹੈ। ਪਰ ਜਾਤਲਾਂ ਨੂੰ ਕਾਨੂੰਨੀ ਤੌਰ 'ਤੇ ਸਜ਼ਾ ਨਹੀਂ ਦਿੱਤੀ ਗਈ ਅਤੇ ਕਾਤਲ ਨਰਕਧਾਰੀਏ ਪਹਿਲਾਂ ਨਾਲੋਂ ਵੀ ਵਧੇਰੇ ਐਸੀਆਂ ਹਰਕਤਾਂ ਕਰਦੇ ਹਨ ਜਿਨ੍ਹਾਂ ਨਾਲ ਪਹਿਲਾਂ ਹੀ ਜ਼ਖਮੀ ਸਿੱਖ ਹਿਰਦਿਆਂ ਨੂੰ ਹੋਰ ਠੇਸ ਪਹੁੰਚਦੀ ਹੈ। ਇਨ੍ਹਾਂ ਹਾਲਾਤਾਂ 'ਚ ਇਸ ਦੁਖਦਾਈ ਵਿਸ਼ੇ ਉਪਰ ਚਰਚਾ ਹੋਣੀ ਸੁਭਾਵਿਕ ਸੀ। ਸਟੇਜ ਤੋਂ ਵੱਖ-ਵੱਖ ਬੁਲਾਰਿਆਂ ਨੇ ਮੌਜੂਦਾ ਹਾਲਾਤਾਂ ਉੱਪਰ ਵਿਚਾਰਾਂ ਰੱਖਦਿਆਂ ਆਖਿਆ ਕਿ ਨਿਰਦੋਸ਼ ਸਿੱਖਾਂ ਦੇ ਕਾਤਲ ਕਾਨੂੰਨੀ ਪਕੜ ਤੋਂ ਬਾਹਰ ਹਨ ਕਿਉਂਕਿ ਕਾਨੂੰਨ ਦੇ ਰਖਵਾਲੇ ਹੀ ਉਨ੍ਹਾਂ ਨਾਲ ਮਿਲੇ ਹੋਏ ਹਨ ਅਤੇ ਇਸ ਤੋਂ ਇਲਾਵਾ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਉਸ ਨੂੰ ਸੁਰੱਖਿਆ ਦੇਣ ਦੀ ਹਾਮੀ ਭਰਦੇ ਹਨ। ਇਸ ਲਈ ਇਨ੍ਹਾਂ ਹਾਲਾਤਾਂ ਵਿੱਚ ਸਿੱਧੇ ਤੌਰ 'ਤੇ ਜਾਂ ਕਾਨੂੰਨੀ ਤੌਰ 'ਤੇ ਸਿੱਖਾਂ ਨੂੰ ਇਨਸਾਫ ਮਿਲਣਾ ਮੁਸ਼ਕਿਲ ਜਾਪਦਾ ਹੈ।

ਇਲਾਕੇ ਦੇ ਮੰਨੇ ਪ੍ਰਮੰਨੇ ਗੁਰਸਿੱਖ ਨਾਮ ਰਸੀਏ ਗਿਆਨੀ ਹਰਭਗਤ ਸਿੰਘ ਜੀ ਨੇ ਵੀ ਆਪਣੇ ਵਿਚਾਰ ਰੱਖਦਿਆਂ ਆਖਿਆ ਕਿ ਸਿੱਖਾਂ ਨੂੰ ਬਹੁਤ ਵਾਰੀ ਅਜਿਹੀਆਂ ਮੁਸ਼ਕਿਲਾਂ ਵਿੱਚੋਂ ਲੰਘਣਾ ਪਿਆ ਹੈ ਪਰ ਦੇਰ ਸਵੇਰ ਸਿੱਖ ਨੇ ਗੁਰੂ ਆਸਰੇ ਆਪਣੇ ਹੱਕ ਪ੍ਰਾਪਤ ਕੀਤੇ ਹਨ। ਅੱਜ ਦੇ ਹਾਲਾਤਾਂ ਵਿੱਚ ਸਾਨੂੰ ਜਾਪਦਾ ਹੈ ਕਿ ਦਮਦਮੀ ਟਕਸਾਲ ਵਾਲੇ ਭਾਈ ਜਰਨੈਲ ਸਿੰਘ ਹੁਰਾਂ ਦਾ ਪੱਖ ਠੀਕ ਹੈ। ਸਾਨੂੰ ਦ੍ਰਿੜਤਾ ਸਹਿਤ ਉਨ੍ਹਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਸੰਗਤ ਜਾਣਦੀ ਹੈ ਕਿ ਇਹੋ ਜਿਹੇ ਸੰਕਟਮਈ ਸਮਿਆਂ ਵਿੱਚ ਜਿੰਨੇ ਮੂੰਹ ਉਨੀਆਂ ਗੱਲਾਂ ਹੋ ਜਾਇਆ ਕਰਦੀਆਂ ਹਨ ਪਰ ਸਾਨੂੰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਪੂਰਨ ਭਰੋਸਾ ਰੱਖਣਾ ਚਾਹੀਦਾ ਹੈ, ਜਿੰਨਾ ਅਸੀਂ ਵੱਧ ਤੋਂ ਵੱਧ ਇਕਮੁੱਠ ਰਹਾਂਗੇ ਉਨੀ ਹੀ ਸਾਡੀ ਸ਼ਕਤੀ ਬਣੀ ਰਹੇਗੀ ਅਤੇ ਗੁਰੂ ਸਾਹਿਬ ਦੀ ਵੀ ਕ੍ਰਿਪਾ ਰਹੇਗੀ।

ਇਸ ਤੋਂ ਬਾਅਦ ਸੰਤ ਜਰਨੈਲ ਸਿੰਘ ਖ਼ਾਲਸਾ ਜੀ ਨੇ ਸੰਬੋਧਨ ਕਰਦਿਆਂ ਆਖਿਆ ਕਿ ਇਤਿਹਾਸ ਵਿੱਚ ਬਹੁਤ ਵਾਰ ਇਸ ਤਰ੍ਹਾਂ ਹੋਇਆ ਹੈ ਕਿ ਸਰਕਾਰਾਂ ਦਾ ਪੱਖ ਖ਼ਾਲਸਾ ਪੰਥ ਦੇ ਵਿਰੁੱਧ ਭੁਗਤਦਾ ਰਿਹਾ ਹੈ ਪਰ ਖ਼ਾਲਸਾ ਪੰਥ ਦੇ ਅਣਖੀਲੇ ਯੋਧਿਆਂ ਨੇ ਕਲਗੀਧਰ ਦੀ ਬਖਸ਼ਿਸ਼ ਨਾਲ ਆਪਣੇ ਹੱਕ ਪ੍ਰਾਪਤ ਕੀਤੇ ਹਨ। ਕਿਸੇ ਸਿੱਖ ਵਿਰੋਧੀ ਸ਼ਕਤੀ ਵੱਲੋਂ ਸਿੱਖਾਂ ਉਪਰ ਜ਼ੁਲਮ ਕਰਦਿਆਂ ਚਾੜ੍ਹੀ ਗਈ ਭਾਜੀ ਨੂੰ ਇੱਕੀ ਦੀ ਇਕੱਤੀ ਕਰਕੇ ਮੋੜਿਆ ਹੈ। ਅੱਜ ਵੀ ਸਮਰੱਥ ਗੁਰੂ ਕਲਗੀਧਰ ਮਹਾਰਾਜ ਦੀ ਸ਼ਕਤੀ ਕਿਤੇ ਗਈ ਨਹੀਂ। ਠੀਕ ਹੈ ਸਿੰਘਾਂ ਨੇ ਇੱਥੋਂ ਸਟੇਜ 'ਤੇ ਬੋਲਦਿਆਂ ਦੱਸਿਆ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਮੁਰਾਰਜੀ ਦੇਸਾਈ, ਨਕਲੀ ਨਿਰੰਕਾਰੀਏ ਨੂੰ ਆਪਣੀ ਵਿਸ਼ੇਸ਼ ਸੁਰੱਖਿਆ ਛਤਰੀ ਥੱਲੇ ਲਈ ਬੈਠਾ ਹੈ। ਪਰ ਮੈਂ ਸੰਗਤ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਵੇਖਿਆ ਹੋਣਾ ਕਿ ਕਈ ਵਾਰ ਕੁੱਕੜੀ ਆਪਣੇ ਬੱਚਿਆਂ ਨੂੰ ਅਚਾਨਕ ਖ਼ਤਰਿਆਂ ਤੋਂ ਬਚਾਉਣ ਲਈ ਆਪਣੇ ਖੰਭਾਂ ਥੱਲੇ ਛੁਪਾ ਲੈਂਦੀ ਹੈ ਪਰ ਜਦੋਂ ਬਾਜ਼ ਦੀ ਝਪਟ ਪੈਂਦੀ ਹੈ ਤਾਂ ਕੁੱਕੜੀ ਸਮੇਤ ਸਭ ਕੁੱਝ ਸਮੇਟਿਆ ਜਾਂਦਾ ਹੈ। ਇਸ ਲਈ ਸ਼ਹੀਦ ਸਿੰਘਾਂ ਦਾ ਖੂਨ ਅਜਾਈਂ ਨਹੀਂ ਜਾਵੇਗਾ। ਸਮਾਂ ਜ਼ਰੂਰ ਵੱਧ ਘੱਟ ਲੱਗ ਸਕਦਾ ਹੈ ਪਰ ਇਹ ਕਦੇ ਵੀ ਨਹੀਂ ਸੋਚਣਾ ਚਾਹੀਦਾ ਕਿ ਸਿੱਖਾਂ ਦੇ ਛੁੱਟੇ ਹੋਏ ਖੂਨ ਨੂੰ ਭੁੱਲ ਕੇ ਸਿੱਖ ਕੌਮ ਸ਼ਹੀਦਾਂ ਦੇ ਕਾਤਲਾਂ ਨੂੰ ਵੀ ਭੁੱਲ ਜਾਵੇਗੀ ਅਜਿਹਾ ਕਦੇ ਵੀ ਨਹੀਂ ਹੋ ਸਕਦਾ। ਸੰਗਤਾਂ ਨੂੰ ਬੇਨਤੀ ਹੈ ਕਿ ਸਾਨੂੰ ਸਕਨਾਂ ਨੂੰ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਖ਼ਾਲਸਾ ਸਜਣਾ ਚਾਹੀਦਾ ਹੈ। ਜੋ ਪਹਿਲਾਂ ਹੀ ਤਿਆਰ-ਬਰ- ਤਿਆਰ ਖ਼ਾਲਸਾ ਸਜਿਆ ਹੋਇਆ ਹੈ ਉਨ੍ਹਾਂ ਨੂੰ ਵੀ ਬੇਨਤੀ ਹੈ ਕਿ ਹੋਰ ਵੱਧ ਤੋਂ ਵੱਧ ਗੁਰਬਾਣੀ ਪੜ੍ਹੋ, ਵਾਹਿਗੁਰੂ ਸ਼ਬਦ ਦਾ ਜਾਪ ਕਰੋ ਅਤੇ ਅਰਦਾਸ ਕਰੋ ਕਿ ਵਾਹਿਗੁਰੂ ਖ਼ਾਲਸਾ ਪੰਥ ਨੂੰ ਆਪਣੇ ਹੱਕ ਲੈਣ ਦੀ ਸ਼ਕਤੀ ਬਖਸ਼ੇ। ਆਪਾਂ ਨੂੰ ਲੋਕਾਂ ਦੀਆਂ ਢਿੱਲੀਆਂ ਮੱਠੀਆਂ ਚਹਿੰਦੀ ਕਲਾਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਉੱਪਰ ਆਸ ਨਹੀਂ ਕਰਨਾ ਚਾਹੀਦਾ ਬਲਕਿ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣਾ ਚਾਹੀਦਾ ਹੈ। ਜਿੰਨਾ ਅਸੀਂ ਗੁਰਬਾਣੀ ਤੇ ਵੱਧ ਭਰੋਸਾ ਕਰਾਂਗੇ ਉਨੀ ਹੀ ਸਾਨੂੰ ਵੱਧ ਸ਼ਕਤੀ ਪ੍ਰਾਪਤ ਹੋਵੇਗੀ। ਫਿਰ ਸਿੱਖ ਤਾਂ ਉਸ ਸਮੇਂ ਵੀ ਚੜ੍ਹਦੀ ਕਲਾ ਵਿੱਚ ਰਹੇ ਜਦੋਂ

Scanned with CamScanner



ਸੰਤ ਭਿੰਡਰਾਂਵਾਲਿਆਂ ਦੀ ਧਰਮ ਸੁਪਤਨੀ ਬੀਬੀ ਪ੍ਰੀਤਮ ਕੌਰ ਅਤੇ ਸਪੁੱਤਰ
ਭਾਈ ਈਸਰ ਸਿੰਘ ਤੇ ਇੰਦਰਜੀਤ ਸਿੰਘ।



ਧਰਮ ਯੁੱਧ ਮੋਰਚੇ ਦੌਰਾਨ ਸੰਤ ਭਿੰਡਰਾਂਵਾਲੇ ਪਰਿਵਾਰਕ ਮੈਂਬਰਾਂ ਨਾਲ, ਸੰਤਾਂ ਦੇ ਵੱਡੇ ਭਰਾਤਾ ਭਾਈ
ਜਗੀਰ ਸਿੰਘ, ਕੈਪਟਨ ਹਰਚਰਨ ਸਿੰਘ ਰੋਡੇ, ਸੰਤਾਂ ਦੇ ਭਤੀਜੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ,
ਭਾਈ ਸਵਰਨ ਸਿੰਘ, ਭਾਈ ਜਗਤਾਰ ਸਿੰਘ, ਭਾਈ ਤਰਲੋਚਨ ਸਿੰਘ, ਭਾਈ ਹਰਦੀਪ ਸਿੰਘ ਤੇ ਭਾਈ
ਗੋਪਾਲ ਸਿੰਘ ਅਤੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਦੀ ਮਾਤਾ ਗੁਰਦੇਵ ਕੌਰ।

Scanned with CamScanner



ਸੰਤ ਭਿੰਡਰਾਂਵਾਲੇ ਆਪਣੇ ਸਤਿਕਾਰਯੋਗ ਮਾਤਾ ਨਿਹਾਲ ਕੌਰ, ਭਰਾਤਾ ਮਾਸਟਰ ਜੁਗਰਾਜ ਸਿੰਘ, ਭਾਈ ਜਗਜੀਤ ਸਿੰਘ ਅਤੇ ਭਤੀਜਾ ਕਾਕਾ ਬਲਜੀਤ ਸਿੰਘ ਨਾਲ।



ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਪਿੰਡ ਨਾਰੰਗਵਾਲ ਵਿਖੇ ਸਤਿਕਾਰਯੋਗ ਮਾਤਾ ਭਜਨ ਕੌਰ ਕੋਲੋਂ ਲੰਗਰ ਛਕਦੇ ਹੋਏ, ਪਿੱਛੇ ਖੜ੍ਹੇ ਹਨ ਬੀਬੀ ਨਰਿੰਦਰ ਕੌਰ, ਨਾਲ ਬੈਠੇ ਹਨ ਸ. ਰਣਬੀਰ ਸਿੰਘ ਤੇ ਸ. ਕੁਲਬੀਰ ਸਿੰਘ ਗਰੇਵਾਲ। ਲੰਗਰ ਛਕਾ ਰਹੇ ਹਨ ਭਾਈ ਗੁਰਮੁਖ ਸਿੰਘ ਗੜ੍ਹਵਈ।

Scanned with CamScanner

ਵਿਰੋਧੀ ਹਕੂਮਤਾਂ ਨੇ ਸਿੱਖਾਂ ਨੂੰ ਖਤਮ ਕਰਨ ਦੇ ਦਮਗਜੇ ਮਾਰੇ ਸਨ। ਉਦੋਂ ਵੀ ਭਾਈ ਬੋਤਾ ਸਿੰਘ, ਭਾਈ ਤਾਰਾ ਸਿੰਘ ਮੈਦਾਨ ਵਿੱਚ ਨਿੱਤਰੇ ਸਨ ਜਿਨ੍ਹਾਂ ਨੇ ਸਿੱਖ ਕੌਮ ਦੀ ਹੋਂਦ ਹੀ ਨਹੀਂ ਜੜਾਈ ਬਲਕਿ ਸਿੱਖ ਕੌਮ ਦੇ ਰਾਜ ਦਾ ਸੰਕਲਪ ਦੁਨੀਆਂ ਦੇ ਸਾਹਮਣੇ ਰੱਖ ਦਿੱਤਾ ਸੀ। ਅੱਜ ਵੀ ਗੁਰੂ ਸਾਹਿਬ ਦੀ ਕ੍ਰਿਪਾ ਨਾਲ ਸਿੱਖ ਕੌਮ ਉਪਰ ਸਿੱਖ ਸ਼ਹੀਦਾਂ ਦਾ ਚੜ੍ਹਿਆ ਕਰਜ਼ਾ ਵਿਆਜ ਸਮੇਤ ਮੋੜਿਆ ਜਾਵੇਗਾ। ਇੰਨਾ ਸੁਣਦਿਆਂ ਹੀ ਪੰਡਾਲ ਵਿੱਚੋਂ ਕੁੱਝ ਨੌਜਵਾਨ ਸਿੰਘਾਂ ਨੇ ਜੋਸ਼ੀਲੇ ਜੈਕਾਰੇ ਛੱਡੇ ਜਿਸ ਨਾਲ ਇੱਕ ਵਾਰ ਸਾਰਾ ਪੰਡਾਲ ਗੂੰਜਿਆ। ਪਰ ਸੰਤਾਂ ਨੇ ਆਪਣਾ ਭਾਸ਼ਣ ਜਾਰੀ ਰੱਖਦਿਆਂ ਜੈਕਾਰੇ ਬੁਲਾਉਣ ਵਾਲੇ ਨੌਜਵਾਨਾਂ ਨੂੰ ਵੀ ਬੇਨਤੀ ਕੀਤੀ ਕਿ ਤੁਸੀਂ ਆਪਣੇ ਥਾਂ ਠੀਕ ਹੋ ਪਰ ਇੱਕ ਵਾਰ ਸਿੰਘਾਂ ਦੇ ਖੂਨ ਦਾ ਚੜ੍ਹਿਆ ਹੋਇਆ ਕਰਜ਼ ਲੱਥ ਲੈਣ ਦਿਓ ਫਿਰ ਹੀ ਤੁਹਾਡੇ ਅਜਿਹੇ ਜੋਸ਼ ਦੀ ਭਾਸ਼ਾ ਦੁਨੀਆਂ ਨੂੰ ਸਮਝ ਆਉਣੀ ਹੈ। ਇਸ ਲਈ ਅੰਮ੍ਰਿਤਧਾਰੀ ਹੋ ਕੇ ਗੁਰੂ ਵਾਲੇ ਬਣੋ, ਸਤਿਗੁਰੂ 'ਤੇ ਭਰੋਸਾ ਰੱਖੋ ਉਸ ਨੇ ਆਪ ਹੀ ਬਖਸ਼ਿਸ਼ਾਂ ਕਰਨੀਆਂ ਹਨ।

ਨਕਲੀ ਨਿਰੰਕਾਰੀ ਦੀਆਂ ਬੁਜ਼ਦਿਲ ਕਲਾਬਾਜੀਆਂ

ਦੰਡੀ ਗੁਰਬਚਨ ਸਿੰਘ ਨੇ ਆਪਣੀ ਗ੍ਰਿਫਤਾਰੀ ਅਤੇ ਜੇਲ੍ਹ ਜਾਣ ਤੋਂ ਬਚਣ ਲਈ ਕਈ ਤਰ੍ਹਾਂ ਦੇ ਤਰਲੇ ਮਾਰੇ। ਉਹ ਦੁਨਿਆਵੀਂ ਸੁੱਖ ਸਹੂਲਤਾਂ ਛੱਡ ਕੇ ਜੇਲ੍ਹ ਦੀਆਂ ਕਾਲ ਕੋਠੜੀਆਂ ਤੋਂ ਪੂਰੀ ਤਰ੍ਹਾਂ ਭੈਅ ਭੀਤ ਸੀ ਪਰ ਦੁਨੀਆਂ ਵਿੱਚ ਆਪਣੀ ਸ਼ਾਖ ਬਰਕਰਾਰ ਰੱਖਣ ਲਈ ਡੇਕੀਆਂ ਫੜ੍ਹਾਂ ਮਾਰਦਾ ਸੀ। ਜਿਵੇਂ ਉਸ ਨੇ ਮਈ 1978 ਦੇ ਪਹਿਲੇ ਹਫਤੇ ਬਿਆਨ ਦਿੱਤਾ ਕਿ ਮੈਂ ਨਾ ਗ੍ਰਿਫਤਾਰੀ ਤੋਂ ਡਰਦਾ ਹਾਂ ਅਤੇ ਨਾ ਹੀ ਜੇਲ੍ਹ ਜਾਣ ਤੋਂ, ਜੇਕਰ ਅਜਿਹਾ ਹੁੰਦਿਆ ਤਾਂ ਮੈਂ ਕਦਾਚਿਤ ਆਪਣੀ ਜ਼ਮਾਨਤ ਨਹੀਂ ਕਰਾਵਾਂਗਾ। ਉਸਦੇ ਅਖਬਾਰਾਂ ਵਿੱਚ ਛਪੇ ਇਸ ਬਿਆਨ ਦੀ ਅਜੇ ਸਿਆਹੀ ਵੀ ਨਹੀਂ ਸੁੱਕੀ ਸੀ ਕਿ ਅਖੌਤੀ ਬਾਬੇ ਵੱਲੋਂ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਪੇਸ਼ਗੀ ਜ਼ਮਾਨਤ ਦੀ ਦਰਖਾਸਤ ਦੇ ਦਿੱਤੀ ਗਈ। ਜੋ ਉਸ ਸਮੇਂ ਦੇ ਜਸਟਿਸ ਐੱਸ. ਐੱਸ. ਸੰਧਾਵਾਲੀਆ ਨੇ 10 ਮਈ 1978 ਨੂੰ ਇਸ ਦੀ ਦਰਖਾਸਤ ਰੱਦ ਕਰ ਦਿੱਤੀ ਅਤੇ ਇਹ ਵੀ ਕਿਹਾ ਕਿ ਇਸ ਉਪਰ ਜੋ ਕੇਸ ਦਰਜ ਹੋਇਆ ਹੈ ਉਹ ਪਹਿਲੀ ਨਜ਼ਰੇ ਹੀ ਦੇਖਣ ਨੂੰ ਸਹੀ ਜਾਪਦਾ ਹੈ। ਯਾਦ ਰਹੇ ਕਿ ਇਸ ਦੰਡੀ ਬਾਬੇ ਸਮੇਤ 63 ਹੋਰ ਇਸਦੇ ਚੇਲਿਆਂ ਸਮੇਤ ਦਫਾ 302, 307, 147, 120ਬੀ ਫਰਦ ਜੁਰਮ ਲੱਗਾ ਹੋਇਆ ਸੀ।

ਇਸ ਤੋਂ ਬਾਅਦ ਡੀ. ਆਈ. ਜੀ. ਮਾਂਗਟ ਨੇ ਉਪਰੋਕਤ ਕੋਰਟ ਨੂੰ ਰਿਪੋਰਟ ਭੇਜੀ ਕਿ ਪੁਲਿਸ ਪਾਰਟੀ ਨੇ ਬਾਬੇ ਸਮੇਤ ਭਗੌੜੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਲਈ ਨਿਰੰਕਾਰੀ ਕਲੋਨੀ ਦੀ ਤਲਾਸ਼ੀ ਲਈ ਹੈ। ਪਰ ਗੁਰਬਚਨ ਸਿੰਘ, ਪ੍ਰਤਾਪ ਸਿੰਘ ਅਤੇ ਜੋਗਿੰਦਰ ਸਿੰਘ ਖੁਰਾਣਾ ਆਦਿ ਪੁਲਿਸ ਦੇ ਹੱਥ ਨਹੀਂ ਆ ਸਕੇ। ਜਦੋਂਕਿ ਇਸੇ ਕੜੀ ਦਾ ਇੱਕ ਅਹਿਮ ਵਿਅਕਤੀ ਨਿਰੰਜਣ ਸਿੰਘ ਪਹਿਲਾਂ ਹੀ ਫੜ੍ਹਿਆ ਜਾ ਚੁੱਕਿਆ ਸੀ।

ਇਸ ਤੋਂ ਬਾਅਦ ਇਸ ਅਖੌਤੀ ਬਾਬੇ ਨੇ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਜ਼ਮਾਨਤ ਦੀ ਦੂਸਰੀ ਦਰਖਾਸਤ ਦਿੱਤੀ ਜੋ ਜਸਟਿਸ ਜੈਨ ਨੇ 30 ਮਈ ਨੂੰ ਖਾਰਜ ਕਰ ਦਿੱਤੀ ਅਤੇ 30 ਮਈ ਨੂੰ ਹੀ ਇਸ ਨੇ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਹੋਣਾ ਸੀ। ਪਰ ਇਹ ਜੇਲ੍ਹ ਜਾਣ ਤੋਂ ਏਨਾ ਡਰਦਾ ਸੀ ਕਿ ਉਸ ਦਿਨ ਵੀ ਬਿਮਾਰੀ ਦਾ ਬਹਾਨਾ ਲਾ ਕੇ ਅਦਾਲਤ ਵਿੱਚ ਪੇਸ਼ ਨਾ ਹੋਇਆ ਅਤੇ ਡਾਕਟਰੀ ਸਰਟੀਫਿਕੇਟ ਭੇਜ ਦਿੱਤਾ।

ਦੂਸਰੀ ਵਾਰ ਹਾਈਕੋਰਟ ਤੋਂ ਜ਼ਮਾਨਤ ਰੱਦ ਹੋ ਜਾਣ ਕਾਰਨ ਇਸ ਨੂੰ ਜੇਲ੍ਹ ਦੀਆਂ ਕਾਲ ਕੋਠੜੀਆਂ ਨਜ਼ਰ ਆਉਣ ਲੱਗ ਗਈਆਂ। ਪਰ ਇਸ ਨੇ ਰਾਜਸੀ ਲੋਕਾਂ ਦੇ ਤਰਲੇ ਮਿਨਤਾਂ ਕੀਤੇ ਜਿਨ੍ਹਾਂ ਵਿੱਚ ਸ੍ਰੀ ਮੁਰਾਰਜੀ ਡੇਸਾਈ, ਸ੍ਰੀ ਵਾਜਪਾਈ ਅਤੇ ਸ੍ਰੀ ਕੇਦਾਰ ਨਾਥ ਸਾਹਨੀ ਆਦਿ ਸ਼ਾਮਿਲ ਸਨ। ਇਨ੍ਹਾਂ ਨੇ ਆਪਣਾ ਅਸਰ ਰਸੂਖ ਵਰਤ ਕੇ ਸੁਪਰੀਮ ਕੋਰਟ ਵਿੱਚ ਇਸ ਦੀ ਪੇਸ਼ਗੀ ਜ਼ਮਾਨਤ ਦੀ ਦਰਖਾਸਤ ਮਨਜ਼ੂਰ ਕਰਵਾ ਲਈ।

10 ਜੂਨ ਨੂੰ ਇਸ ਦੀ ਫਿਰ ਅੰਮ੍ਰਿਤਸਰ ਅਦਾਲਤ ਵਿੱਚ ਪੇਸ਼ੀ ਸੀ ਪਰ ਉਸ ਦਿਨ ਵੀ ਦਿੱਲੀ ਵਿਖੇ ਇੱਕ ਪ੍ਰਾਈਵੇਟ ਨਰਸਿੰਗ ਹੋਮ ਵਿੱਚ ਆਪ੍ਰੇਸ਼ਨ ਕਰਵਾਉਣ ਦਾ ਬਹਾਨਾ ਲਾ ਕੇ ਦਾਖਲ ਹੋ ਗਿਆ। ਗੱਲ ਕੀ ਜਦੋਂ ਤੱਕ ਕੇਸ ਬਦਲ ਕੇ ਹਰਿਆਣਾ ਵਿਖੇ ਕਰਨਾਲ ਦੇ ਸੈਸ਼ਨ ਜੱਜ ਆਰ. ਐੱਸ. ਗੁਪਤਾ ਦੀ ਅਦਾਲਤ ਵਿੱਚ ਨਹੀਂ ਚਲਾ ਗਿਆ ਤਦ ਤੱਕ ਇਹ ਡਰਪੋਕ ਕਿਸੇ ਅਦਾਲਤ ਵਿੱਚ ਪੇਸ਼ ਨਹੀਂ ਹੋਇਆ ਅਤੇ ਹੁਣ ਇਸਦਾ ਚਹੇਤਾ, ਇਸ ਦੇ ਕੂੜ ਪ੍ਰਚਾਰ ਦਾ ਹਿੱਸਾ ਬਣਿਆ ਹੋਇਆ ਹੈ।

Scanned with CamScanner

ਮਿਸ਼ਨ ਦਾ ਪੈਰੋਕਾਰ, ਜੱਜ ਸੀ ਜਿਸ ਨੇ ਇਸਦੀ ਮਰਜ਼ੀ ਦਾ ਹੀ ਫੈਸਲਾ ਕਰਨਾ ਸੀ। ਇਸ ਲਈ ਇਸ ਦੀ ਅਦਾਲਤ ਵਿੱਚ ਪੇਸ਼ ਹੋ ਕੇ ਬਿਆਨ ਦਰਜ ਕਰਵਾਏ।

ਨਕਲੀ ਨਿਰੰਕਾਰੀ ਬਾਕੀ ਮੁਲਜ਼ਮਾਂ ਸਮੇਤ ਅਦਾਲਤ ਵਿੱਚੋਂ ਬਰੀ

1978 ਦੇ ਵਿਸਾਖੀ ਸਮੇਂ ਕਤਲ ਕੀਤੇ ਗਏ 13 ਸਿੰਘਾਂ ਦੇ ਕੇਸ ਦੀ ਸੁਣਵਾਈ ਹਰਿਆਣਾ ਦੇ ਕਰਨਾਲ ਵਿਖੇ ਸੈਸ਼ਨ ਕੋਰਟ ਵਿੱਚ ਜੱਜ ਆਰ. ਐੱਸ. ਗੁਪਤਾ ਦੀ ਅਦਾਲਤ ਵਿੱਚ ਚੱਲ ਰਹੀ ਸੀ। ਨਕਲੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਸਮੇਤ 64 ਬੰਦਿਆਂ ਉੱਪਰ ਦਫਾ 302, 307, 147, 120ਬੀ ਫਰਦ ਜੁਰਮ ਲੱਗਾ ਹੋਇਆ ਸੀ। ਜੱਜ ਗੁਪਤਾ ਇਸ ਕੇਸ ਨੂੰ ਜ਼ੁਰੈਤ ਖਤਮ ਕਰਨ ਦੇ ਇਰਾਦੇ ਨਾਲ ਬੜੀ ਤੇਜ਼ੀ ਨਾਲ ਬਿਆਨ ਅਤੇ ਗਵਾਹੀਆਂ ਲੈ ਰਿਹਾ ਸੀ। ਇਥੇ ਮਨਮਰਜ਼ੀ ਦੇ ਗਵਾਹ ਪੇਸ਼ ਕਰਵਾਏ ਗਏ। ਜੇਕਰ ਦਿੱਤੀ ਹੋਈ ਤਰੀਕ 'ਤੇ ਕਤਲ ਕੀਤੇ ਗਏ ਸਿੰਘਾਂ ਵੱਲੋਂ ਗਵਾਹ ਪਹੁੰਚਦੇ ਤਾਂ ਉਨ੍ਹਾਂ ਨੂੰ ਖੱਜਲ ਖੁਆਰ ਕਰਨ ਲਈ ਬਿਨਾ ਸੁਣਵਾਈ ਕੀਤਿਆਂ ਹੀ ਤਰੀਕ ਅੱਗੇ ਪਾ ਦਿੱਤੀ ਜਾਂਦੀ, ਕਈ ਵਾਰ ਅਜਿਹਾ ਹੋਇਆ। ਇੱਥੇ ਹੀ ਮੁੱਖ ਦੋਸ਼ੀ ਗੁਰਬਚਨ ਸਿੰਘ ਨੇ ਬਿਆਨ ਦਿੱਤਾ ਜੋ ਕਿ ਪਹਿਲਾਂ ਅਦਾਲਤ ਵਿੱਚ ਦਿੱਤੀਆਂ ਗਵਾਹੀਆਂ ਤੋਂ ਉਲਟ ਸੀ। ਉਸ ਨੇ ਕਿਹਾ ਮੇਰੇ ਅਤੇ ਮੇਰੇ ਸਾਥੀਆਂ ਉੱਪਰ ਗਲਤ ਕੇਸ ਬਣਾਇਆ ਗਿਆ ਹੈ। ਇਸ ਪਿੱਛੇ ਅੱਤਵਾਦੀਆਂ ਦੇ ਮੁਖੀ ਸੰਤ ਜਰਨੈਲ ਸਿੰਘ, ਕੁੱਝ ਅਕਾਲੀ ਲੀਡਰ ਅਤੇ ਕੁੱਝ ਸਰਕਾਰੀ ਤੰਤਰ ਜੋ ਮੇਰੀ ਪ੍ਰਭਤਾ ਨੂੰ ਸਹਿਣ ਨਹੀਂ ਕਰਦੇ ਆਦਿ ਹਨ। ਇੱਥੇ ਹੀ ਪੰਜਾਬ ਕੇਸਰੀ ਗਰੁੱਪ ਦੇ ਮੁਖੀ ਲਾਲਾ ਜਗਤ ਨਾਰਾਇਣ ਨੇ ਗਵਾਹੀ ਦਿੰਦਿਆ ਆਖਿਆ ਕਿ ਇਸ ਸਾਰੇ ਗੋਲੀ ਕਾਂਡ ਲਈ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਹੀ ਦੋਸ਼ੀ ਹੈ। ਉਸ ਨੇ ਆਪਣਾ ਹਥਿਆਰਬੰਦ ਦਸਤਾ ਨਿਰੰਕਾਰੀਆਂ ਦੇ ਚੱਲਦੇ ਸਮਾਗਮ ਵੱਲ ਭੇਜਿਆ, ਜਿਸ ਕਾਰਨ ਇਹ ਗੋਲੀ ਕਾਂਡ ਵਾਪਰਿਆ। ਇਸੇ ਤਰ੍ਹਾਂ ਇਸ ਅਦਾਲਤ ਦੇ ਦੋ ਗਵਾਹ ਸ. ਰੋਸ਼ਨ ਸਿੰਘ ਅਤੇ ਸ. ਮਹਿਮਾ ਸਿੰਘ ਜਿਨ੍ਹਾਂ ਨੂੰ ਨਿਰੰਕਾਰੀਆਂ ਨੇ ਕਈ ਤਰ੍ਹਾਂ ਦੇ ਲਾਲਚ ਦੇ ਕੇ ਆਪਣੇ ਹੱਕ ਵਿੱਚ ਬਿਆਨ ਦੇਣ ਵਾਸਤੇ ਤਿਆਰ ਕੀਤਾ ਸੀ। ਇਹ ਦੋਵੇਂ ਆਪਣਾ ਬਿਆਨ ਦੇਣ ਤੱਕ ਖਾਮੋਸ਼ ਰਹੇ ਪਰ ਜਦੋਂ ਬਿਆਨ ਦਿੱਤਾ ਤਾਂ ਇਨ੍ਹਾਂ ਸਪੱਸ਼ਟ ਗਵਾਹੀਆਂ ਦਿੱਤੀਆਂ ਕਿ ਨਕਲੀ ਨਿਰੰਕਾਰੀਆਂ ਨੇ ਸਿੱਖਾਂ 'ਤੇ ਹਮਲਾ ਕੀਤਾ, ਅੰਧਾਧੁੰਦ ਗੋਲੀਆਂ ਚਲਾਈਆਂ ਅਤੇ ਸਾਡੇ ਵੇਖਦਿਆਂ ਇੱਕ ਦਰਜਨ ਦੇ ਕਰੀਬ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਇਨ੍ਹਾਂ ਦੀ ਗਵਾਹੀ ਸੁਣਦਿਆਂ ਹੀ ਜੱਜ ਗੁਪਤਾ ਸਮੇਤ ਨਰਕਧਾਰੀਆਂ ਦੇ ਪ੍ਰਮੁੱਖ ਵਿਅਕਤੀਆਂ ਦੇ ਹੋਸ਼ ਉੱਡ ਗਏ। ਉਸ ਦਿਨ ਦੀ ਅਦਾਲਤੀ ਕਾਰਵਾਈ ਇੱਥੇ ਹੀ ਰੋਕ ਦਿੱਤੀ ਗਈ ਅਤੇ ਕੁੱਝ ਗਵਾਹੀਆਂ ਕੱਟ ਦਿੱਤੀਆਂ ਗਈਆਂ। ਬਾਕੀ ਰਹਿੰਦੇ ਗਵਾਹਾਂ ਨੂੰ ਕਈ ਢੰਗ ਤਰੀਕਿਆਂ ਨਾਲ ਡੁਮਲਾ ਲਿਆ ਗਿਆ ਅਤੇ ਉਨ੍ਹਾਂ ਤੋਂ ਆਪਣੇ ਹੱਕ ਵਿੱਚ ਗਵਾਹੀਆਂ ਦੁਆਈਆਂ ਗਈਆਂ।

ਅਖੀਰ 4 ਜਨਵਰੀ 1980 ਨੂੰ ਸ੍ਰੀ ਆਰ. ਐੱਸ. ਗੁਪਤਾ ਸੈਸ਼ਨ ਜੱਜ ਕਰਨਾਲ ਨੇ ਇਨਸਾਫ ਦੀ ਕੁਰਸੀ 'ਤੇ ਬੈਠ ਕੇ ਬੜੀ ਬੇਸ਼ਰਮੀ ਨਾਲ ਬੇਇਨਸਾਫੀ ਦਾ ਫੈਸਲਾ ਸੁਣਾਇਆ। ਫੈਸਲਾ ਸੁਣਾਉਂਦਿਆਂ ਕਿਹਾ ਕਿ ਭੁਗਤ ਚੁੱਕੀਆਂ ਗਵਾਹੀਆਂ ਨੂੰ ਮੁੱਖ ਰੱਖਦਿਆਂ ਮੁਕੱਦਮੇ ਨਾਲ ਸਬੰਧਤ ਦੋਸ਼ੀਆਂ ਨੂੰ ਗੁਨਾਹਗਾਰ ਸਾਬਤ ਨਹੀਂ ਕੀਤਾ ਜਾ ਸਕਿਆ। ਇਹ ਉਸ ਦਾ ਕੋਰਾ ਝੂਠ ਸੀ ਕਿਉਂਕਿ ਕੁੱਝ ਚਸ਼ਮਦੀਦ ਗਵਾਹਾਂ ਨੇ ਸਪੱਸ਼ਟ ਕਿਹਾ ਸੀ ਕਿ ਨਿਰੰਕਾਰੀਆਂ ਨੇ ਇਹ ਗੋਲੀਆਂ ਚਲਾਈਆਂ ਹਨ ਜਿਸ ਕਾਰਨ ਸਿੱਖਾਂ ਦਾ ਕਤਲੋਗਾਰਤ ਹੋਇਆ ਹੈ। ਫਿਰ ਇਸ ਜੱਜ ਨੂੰ ਸਿੱਖ ਵਕੀਲਾਂ ਨੇ ਇਹ ਵੀ ਪੁੱਛਿਆ ਕਿ ਜੇਕਰ ਤੁਹਾਡੀ ਨੁਕਤਾ ਨਿਗਾਹ ਵਿੱਚ ਉਪਰੋਕਤ ਸਾਰੇ ਦੋਸ਼ੀ ਬੇਗੁਨਾਹ ਹਨ ਤਾਂ ਫਿਰ 13 ਸਿੰਘਾਂ ਦਾ ਕਾਤਲ ਕੌਣ ਹੈ? ਕੀ ਉਨ੍ਹਾਂ ਦੇ ਸੀਨਿਆਂ ਵਿੱਚ ਵੱਜਣ ਵਾਲੀਆਂ ਗੋਲੀਆਂ ਹਵਾ ਵਿੱਚੋਂ ਆਈਆਂ ਸਨ? ਫਿਰ ਇਸ ਘਟਨਾ ਨੂੰ ਸਾਬਤ ਕਰਨ ਵਾਲੀਆਂ ਪ੍ਰਤੱਖ ਗਵਾਹੀਆਂ ਹੋਈਆਂ ਹਨ, ਜਿਨ੍ਹਾਂ ਨੂੰ ਧਿਆਨ ਨਾਲ ਵਾਚਿਆ ਜਾਵੇ ਤਾਂ ਉਪਰੋਕਤ ਦੋਸ਼ੀਆਂ ਨੂੰ ਬੇਗੁਨਾਹ ਨਹੀਂ ਮੰਨਿਆ ਜਾ ਸਕਦਾ ਇਤਿਆਦਿਕ ਭਾਰੀ ਬਹਿਸਬਾਜੀ ਹੋਈ ਪਰ ਕਿਉਂਕਿ ਜੱਜ ਗੁਪਤਾ ਨਿਰੰਕਾਰੀਆਂ ਦੇ ਮਿਸ਼ਨ ਦਾ ਹੀ ਇੱਕ ਕਰਿੰਦਾ ਸੀ ਇਸ ਲਈ ਉਸ ਨੇ ਇੱਕਤਰਫਾ ਫੈਸਲਾ ਕਰਦਿਆਂ ਨਿਰੰਕਾਰੀ ਮੁਖੀ ਸਮੇਤ 64 ਵਿਅਕਤੀਆਂ ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ ਜਿਨ੍ਹਾਂ ਵਿੱਚ ਨਿਰੰਕਾਰੀ ਮੁਖੀ ਸਮੇਤ 4 ਪ੍ਰਮੁੱਖ ਦੋਸ਼ੀ ਸਨ ਅਤੇ 3 ਭਗੌੜੇ ਜੋ ਅੱਜ ਤੱਕ ਕਿਸੇ ਅਦਾਲਤ ਵਿੱਚ ਪੇਸ਼ ਹੀ ਨਹੀਂ ਸਨ ਹੋਏ ਉਹ ਵੀ ਬਰੀ ਕਰ ਦਿੱਤੇ ਗਏ।

Scanned with CamScanner

ਨਕਲੀ ਨਿਰੰਕਾਰੀਆਂ ਨੇ ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਜ਼ਾਹਿਰਾ ਤੌਰ 'ਤੇ ਜਸ਼ਨ ਮਨਾਏ ਅਤੇ ਸਿੱਖਾਂ ਨੂੰ ਚਿੜਾਉਣ ਵਾਲੀਆਂ ਹਰਕਤਾਂ ਕੀਤੀਆਂ। ਇੱਥੋਂ ਤੱਕ ਤਰਕਾਂ ਮਾਰੀਆਂ ਕਿ ਤੁਹਾਡੇ ਛੇਵੇਂ ਗੁਰੂ ਨੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ 52 ਕੈਦੀ ਛੁਡਵਾਏ ਸਨ ਸਾਡੇ ਗੁਰੂ ਗੁਰਬਚਨ ਸਿੰਘ ਨੇ 63 ਵਿਅਕਤੀਆਂ ਨੂੰ ਬਰੀ ਕਰਵਾਇਆ ਹੈ। ਇਸ ਲਈ ਇਹ ਸ਼ਕਤੀ ਕੋਈ ਘੱਟ ਨਹੀਂ ਹੈ। ਇਸ ਤਰ੍ਹਾਂ ਦੀਆਂ ਹੋਰ ਕਈ ਹਰਕਤਾ ਕਰਦਿਆਂ ਇਨ੍ਹਾਂ ਨੇ ਜਸ਼ਨ ਮਨਾਏ। ਹਾਲਾਂਕਿ ਇਹ ਜਾਣਦੇ ਸਨ ਕਿ ਅਦਾਲਤ ਦੀ ਮਾਣ ਮਰਿਆਦਾ ਨੂੰ ਛਿੱਕੇ ਟੰਗ ਕੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ ਅਤੇ ਬੇਇਨਸਾਫੀ ਕਰਦਿਆਂ ਸਭ ਦੇ ਸਭ ਦੋਸ਼ੀਆਂ ਨੂੰ ਬਰੀ ਕੀਤਾ ਗਿਆ ਹੈ ਪਰ ਕਿਉਂਕਿ ਫੈਸਲਾ ਨਿਰੰਕਾਰੀਆਂ ਦੇ ਹੱਕ ਵਿੱਚ ਸੀ। ਇਸ ਲਈ ਉਹ ਇਸ ਕਾਨੂੰਨੀ ਬੇਇਨਸਾਫੀ ਨੂੰ ਹੀ ਆਪਣੀ ਵੱਡੀ ਜਿੱਤ ਸਮਝਦੇ ਸਨ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦਾ ਬਦਲਾ ਲੈਣ ਦਾ ਐਲਾਨ

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਵਿਸਾਖੀ ਦੇ ਖ਼ੂਨੀ ਕਾਂਡ ਸਮੇਤ ਕਾਨਪੁਰ ਅਤੇ ਦਿੱਲੀ ਵਿਖੇ ਹੋਏ ਸਿੱਖਾਂ ਦੇ ਕਤਲ ਬਾਰੇ ਸ਼ੁਰੂ ਤੋਂ ਹੀ ਸੰਗਤਾਂ ਨੂੰ ਸੁਚੇਤ ਕਰਦੇ ਆ ਰਹੇ ਸਨ। ਉਹ ਪੰਜਾਬ ਦੇ ਬਹੁਤ ਸਾਰੇ ਪਿੰਡਾਂ-ਸ਼ਹਿਰਾਂ ਵਿੱਚ ਗਏ ਅਤੇ ਪੰਜਾਬ ਤੋਂ ਬਾਹਰ ਦਿੱਲੀ ਸਮੇਤ ਬਹੁਤ ਸਾਰੇ ਪ੍ਰਾਂਤਾਂ ਵਿੱਚ ਵਿਚਰ ਕੇ ਧਰਮ ਪ੍ਰਚਾਰ ਦੇ ਨਾਲ-ਨਾਲ ਇਨ੍ਹਾਂ ਸ਼ਹੀਦ ਹੋਏ ਸਿੱਖਾਂ ਬਾਰੇ ਚਰਚਾ ਕਰਦਿਆਂ ਅਕਸਰ ਹੀ ਕਿਹਾ ਕਰਦੇ ਸਨ ਕਿ ਅਸੀਂ ਦੁਨਿਆਵੀ ਅਦਾਲਤਾਂ 'ਤੇ ਪੂਰੀ ਤਰ੍ਹਾਂ ਭਰੋਸਾ ਨਹੀਂ ਕਰ ਸਕਦੇ ਕਿਉਂਕਿ ਭਾਰਤੀ ਅਦਾਲਤਾਂ ਬਹੁਗਿਣਤੀ ਦਾ ਪੱਖ ਪੂਰਦੀਆਂ ਹਨ। ਇਸ ਲਈ ਇਹ ਅਦਾਲਤੀ ਫੈਸਲੇ ਘੱਟ ਗਿਣਤੀਆਂ ਦੇ ਹੱਕ ਵਿੱਚ ਨਹੀਂ ਜਾਂਦੇ ਤਾਂ ਸਾਨੂੰ ਵੀ ਬਹੁਤੀ ਆਸ ਨਹੀਂ ਰੱਖਣੀ ਚਾਹੀਦੀ। ਪਰ ਫਿਰ ਵੀ ਅਦਾਲਤੀ ਫੈਸਲਾ ਆਉਣ ਤੱਕ ਇੰਤਜ਼ਾਰ ਕਰਨਾ ਚਾਹੀਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਨੂੰ ਭੁੱਲ ਜਾਵਾਂਗੇ। ਇਸ ਤਰ੍ਹਾਂ ਦੇ ਵਿਚਾਰ ਸੰਤਾਂ ਨੇ ਕੇਵਲ ਸੰਗਤਾਂ ਤੱਕ ਹੀ ਨਹੀਂ ਰੱਖੇ ਬਲਕਿ ਪੰਜਾਬ ਦੀ ਅਕਾਲੀ ਸਰਕਾਰ ਦੇ ਕਈ ਮੰਤਰੀਆਂ ਅਤੇ ਮੁੱਖ ਮੰਤਰੀ ਨੂੰ ਮਿਲ ਕੇ ਵੀ ਕਹਿੰਦੇ ਰਹੇ ਅਤੇ ਹਿੰਦ ਸਰਕਾਰ ਨੂੰ ਪ੍ਰੈੱਸ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਕੇ ਦੱਸਦੇ ਰਹੇ। ਪਰ ਲੰਮਾ ਸਮਾਂ ਇੰਤਜ਼ਾਰ ਕਰਨ ਤੋਂ ਬਾਅਦ 78 ਦੇ ਖ਼ੂਨੀ ਕਾਂਡ ਦਾ ਅਦਾਲਤ ਵੱਲੋਂ ਜੋ ਫੈਸਲਾ ਕੀਤਾ ਗਿਆ ਉਸ ਨਾਲ ਸਿੱਖਾਂ ਵਿੱਚ ਭਾਰੀ ਰੋਹ ਫੈਲਿਆ। ਹੁਣ ਸਿੱਖ ਜਿਥੇ ਵੀ ਇਕੱਠੇ ਹੁੰਦੇ ਉਥੇ ਇਸ ਕਾਂਡ ਪ੍ਰਤੀ ਚਰਚਾ ਚੱਲਣੀ ਸੁਭਾਵਿਕ ਸੀ। ਪਰ 'ਜਿੰਨੇ ਮੂੰਹ ਉਨੀਆਂ ਗੱਲਾਂ' ਵਾਲੀ ਕਹਾਵਤ ਵਾਂਗ ਹਰ ਕੋਈ ਆਪਣੀ ਗੱਲ ਕਰਦਾ। ਕੋਈ ਪੰਜਾਬ ਸਰਕਾਰ ਨੂੰ ਦੋਸ਼ੀ ਠਹਿਰਾਉਂਦਾ, ਕੋਈ ਜੱਜ ਨੂੰ ਨਿਰੰਕਾਰੀ ਮਿਸ਼ਨ ਦਾ ਵਿਅਕਤੀ ਹੋਣ ਦਾ ਕਾਰਨ ਦੱਸਦਾ। ਇਸੇ ਦੌਰਾਨ ਅਕਾਲੀ ਰਾਜਨੀਤੀ ਵਿੱਚ ਵੀ ਭਾਰੀ ਉਥਲ-ਪੁਥਲ ਮੱਚੀ ਹੋਈ ਸੀ। ਉਸ ਦਾ ਮੁੱਖ ਕਾਰਨ ਸੀ ਕਿ ਪੰਜਾਬ ਸਰਕਾਰ ਵੱਲੋਂ ਇਸ ਫੈਸਲੇ ਵਿਰੁੱਧ ਉੱਚ ਅਦਾਲਤ ਵਿੱਚ ਕੇਸ ਨਹੀਂ ਚਲਾਇਆ ਗਿਆ। ਬਲਕਿ ਇਸ ਨੂੰ ਇੱਥੇ ਹੀ ਖਤਮ ਰਹਿਣ ਦਿੱਤਾ ਗਿਆ। ਦੂਜੇ ਪਾਸੇ ਆਮ ਸਿੱਖਾਂ ਵਿੱਚ ਇਸ ਫੈਸਲੇ ਵਿਰੁੱਧ ਰੋਹ ਫੈਲਿਆ ਪ੍ਰਤੱਖ ਨਜ਼ਰ ਆਉਂਦਾ ਸੀ। ਇਸ ਲਈ ਅਕਾਲੀ ਦਲ ਦੇ ਕਈ ਲੀਡਰਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਸੰਤ ਭਿੰਡਰਾਂਵਾਲਾ ਬਹੁਤ ਜਜ਼ਬਾਤੀ ਗੱਲਾਂ ਕਰਦਾ ਸੀ ਅਤੇ ਬੜੀਆਂ ਵੱਡੀਆਂ ਡੀਂਗਾਂ ਮਾਰਦਾ ਸੀ ਕਿ ਅਸੀਂ ਸ਼ਹੀਦਾਂ ਦਾ ਖ਼ੂਨ ਅਜਾਈਂ ਨਹੀਂ ਜਾਣ ਦਿਆਂਗੇ ਪਰ ਹੁਣ ਉਹ ਚੁੱਪ ਕਰਕੇ ਬੈਠ ਗਏ ਹਨ ਕਿਧਰੇ ਵੀ ਨਜ਼ਰ ਨਹੀਂ ਆ ਰਹੇ। ਸ਼ਾਇਦ ਉਹ ਡਰ ਗਏ ਹੋਣ ਜਾਂ ਉਨ੍ਹਾਂ ਉਪਰ ਕੋਈ ਭਾਰੀ ਦਬਾ ਪਿਆ ਹੋਵੇ ਜਾਂ ਫਿਰ ਸਮੇਂ ਨਾਲ ਰੰਗ ਵਟਾ ਲਏ ਹੋਣ। ਹੋ ਸਕਦਾ ਹੈ ਕਿ ਉਹ ਕਿਸੇ ਲਾਲਚ ਵੱਸ ਚੁੱਪ ਕਰ ਗਏ ਹੋਣ। ਅਜਿਹੀਆਂ ਕੁੱਝ ਟਿੱਪਣੀਆਂ ਸੰਤਾਂ ਦੇ ਖਿਲਾਫ ਅਕਾਲੀ ਲੀਡਰਾਂ ਵੱਲੋਂ ਅਖ਼ਬਾਰਾਂ ਵਿੱਚ ਵੀ ਛਪੀਆਂ। ਜਦੋਂ ਅਜਿਹੀ ਤੋਹਮਤ ਭਰੀ ਬਿਆਨਬਾਜੀ ਦਾ ਸੰਤਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਸੰਗਤਾਂ ਨੂੰ ਸੁਚੇਤ ਕਰਨ ਲਈ ਕਿ ਉਹ ਇਨ੍ਹਾਂ ਸ਼ਰਾਰਤੀ ਲੋਕਾਂ ਦੀ ਗੁੰਮਰਾਹਕੁੰਨ ਬਿਆਨਬਾਜੀ ਦਾ ਸ਼ਿਕਾਰ ਨਾ

Scanned with CamScanner

ਹੋਣ ਇਸ ਲਈ ਉਨ੍ਹਾਂ ਨੇ ਜਨਤਕ ਤੌਰ 'ਤੇ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਆਪਣੇ ਵਿਚਾਰ ਪ੍ਰਗਟਾਏ।

ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਪਿਛਲੇ ਕੁੱਝ ਦਿਨਾਂ ਤੋਂ ਸਾਡੇ ਖਿਲਾਫ ਕਈ ਤਰ੍ਹਾਂ ਦੇ ਤਾਹਨੇ ਮਿਹਣਿਆਂ ਭਰੀ ਬਿਆਨਬਾਜੀ ਕੀਤੀ ਜਾ ਰਹੀ ਹੈ। ਅਸਲ ਵਿੱਚ ਅਜਿਹੀ ਬਿਆਨਬਾਜੀ ਕਰਨ ਵਾਲਿਆਂ ਲੋਕਾਂ ਦਾ ਮਨਸੂਬਾ ਸ਼ਰਾਰਤ ਭਰਿਆ ਹੈ। ਸਮੇਂ ਨਾਲ ਇਹ ਹਵਾਈ ਬਿਆਨਬਾਜੀ ਆਪੇ ਹੀ ਖਤਮ ਹੋ ਜਾਵੇਗੀ। ਜਦੋਂ ਤੋਂ 1978 ਦਾ ਕਾਂਡ ਵਾਪਰਿਆ ਹੈ ਉਸ ਦਿਨ ਤੋਂ ਮੈਂ ਇੱਕ ਦਿਨ ਵੀ ਚੈਨ ਨਾਲ ਨਹੀਂ ਬੈਠਾ। ਉਸ ਤੋਂ ਬਾਅਦ ਕਾਨਪੁਰ ਦੇ ਸਿੱਖਾ ਉਪਰ ਅੰਨ੍ਹੇਵਾਹ ਗੋਲੀਆਂ ਚਲਾ ਕੇ ਕਤਲ ਕੀਤਾ ਗਿਆ ਤਾਂ ਦਾਸ ਉੱਥੇ ਵੀ ਪਹੁੰਚਿਆ। ਉਸ ਤੋਂ ਬਾਅਦ ਪੰਜਾਬ ਦੇ ਕੋਨੇ-ਕੋਨੇ ਵਿੱਚ ਅਤੇ ਹਿੰਦੁਸਤਾਨ ਦੇ ਵੱਡੇ ਸ਼ਹਿਰਾਂ ਵਿੱਚ ਸਿੱਖ ਸੰਗਤਾਂ ਦੇ ਇਕੱਠ ਵਿੱਚ ਇਹ ਅਪੀਲਾਂ ਕਰਦਾ ਆ ਰਿਹਾ ਹਾਂ ਕਿ ਸਿੱਖਾਂ ਦੇ ਖੂਨ ਨੂੰ ਅਜਾਈਂ ਨਹੀਂ ਜਾਣ ਦਿਆਂਗੇ। ਅਸੀਂ ਸਿਰਫ ਅਦਾਲਤ ਦੇ ਫੈਸਲੇ ਦੀ ਉਡੀਕ ਕਰ ਰਹੇ ਸਾਂ ਕਿ ਫੈਸਲਾ ਆਉਣ ਤੱਕ ਵੀ ਸੰਗਤਾਂ ਨੂੰ ਬੇਨਤੀਆਂ ਕਰਦੇ ਆ ਰਹੇ ਹਾਂ ਕਿ ਸਾਨੂੰ ਭਾਰਤੀ ਅਦਾਲਤਾਂ 'ਤੇ ਬਹੁਤਾ ਵਿਸ਼ਵਾਸ਼ ਨਹੀਂ ਹੈ। ਹੁਣ ਜੋ ਅਦਾਲਤ ਨੇ ਫੈਸਲਾ ਕੀਤਾ ਹੈ ਸਭ ਦੇ ਸਾਹਮਣੇ ਹੈ ਕਿ ਦਿਨ ਦਿਹਾੜੇ ਸ਼ਾਂਤਮਈ ਸਿੱਖਾਂ ਦੇ ਜਥੇ 'ਤੇ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਕਤਲ ਕੀਤਾ ਗਿਆ ਪਰ ਭਾਰਤ ਦੀ ਨਿਆਂ ਪ੍ਰਣਾਲੀ ਅਨੁਸਾਰ ਇਨ੍ਹਾਂ ਸਿੱਖਾਂ ਦਾ ਕਾਤਲ ਕੋਈ ਨਹੀਂ ਹੈ। ਕੀ ਹੁਣ ਅਸੀਂ ਹੱਥਾਂ 'ਤੇ ਹੱਥ ਰੱਖ ਕੇ ਬੈਠ ਜਾਵਾਂਗੇ? ਖ਼ਾਲਸਾ ਜੀ, ਅਸੀਂ ਕਲਗੀਧਰ ਪਾਤਸ਼ਾਹ ਦੇ ਸਿੱਖ ਹਾਂ ਜਿਨ੍ਹਾਂ ਨੇ ਸਮੇਂ-ਸਮੇਂ ਸਿੱਖੀ ਅਤੇ ਸਿੱਖਾਂ ਉਪਰ ਜ਼ੁਲਮ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ। ਮੈਂ ਪਹਿਲਾਂ ਵੀ ਇਹੀ ਬੇਨਤੀਆਂ ਕੀਤੀਆਂ ਹਨ ਅਤੇ ਅੱਜ ਫਿਰ ਕਰ ਰਿਹਾ ਹਾਂ ਕਿ ਅਸੀਂ ਸਿੱਖਾਂ ਦੇ ਡੁੱਲ੍ਹੇ ਖੂਨ ਦਾ ਹੱਕ ਲੈਣਾ ਹੈ ਉਹ ਵੀ ਪੂਰਾ ਸੌ ਫੀਸਦੀ। ਨਕਲੀ ਨਿਰੰਕਾਰੀਏ ਭਾਰਤ ਦੀਆਂ ਝੂਠੀਆਂ ਅਦਾਲਤਾਂ ਦੇ ਇਕਤਰਫ਼ਾ ਫੈਸਲੇ ਦਾ ਜਿਨਾ ਮਰਜ਼ੀ ਜਸ਼ਨ ਮਨਾ ਲੈਣ ਪਰ ਸਿੱਖਾਂ ਦੀ ਸੁਪਰੀਮ ਅਦਾਲਤ ਸ੍ਰੀ ਅਕਾਲ ਤਖਤ ਸਾਹਿਬ ਨੇ ਤੁਹਾਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸੇ ਰੌਸ਼ਨੀ ਵਿੱਚ ਸਿੱਖਾਂ ਨੇ ਜੋ ਆਪਣੀਆਂ ਸਿੱਖੀ ਰਿਵਾਇਤਾਂ ਮੁਤਾਬਕ ਫੈਸਲਾ ਕਰਨਾ ਹੈ ਉਹ ਹਾਲੇ ਬਾਕੀ ਹੈ। ਇਸ ਲਈ ਸਿੱਖਾਂ ਨੂੰ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿਦ ਸਾਹਿਬ ਜੀ ਤੇ ਭਰੋਸਾ ਰੱਖ ਕੇ ਨਾਮ ਬਾਣੀ ਨਾਲ ਜੁੜਣਾ ਚਾਹੀਦਾ ਹੈ ਫਿਰ ਅਕਾਲ ਪੁਰਖ ਐਸੀ ਸ਼ਕਤੀ ਬਖਸ਼ਣਗੇ ਕਿ ਸੱਚ ਦਾ ਨਿਤਾਰਾ ਦੁਨੀਆਂ ਦੇ ਸਾਹਮਣੇ ਹੋਵੇਗਾ।

ਪੰਜਾਬ ਦੀਆਂ ਅਖਬਾਰਾਂ ਨੇ ਸੰਤਾਂ ਦੇ ਇਸ ਬਿਆਨ ਨੂੰ ਬੜੀ ਰੰਗਤ ਚਾੜ੍ਹ ਕੇ ਛਾਪਿਆ। ਖਬਰਾਂ ਛਾਪਣ ਵਾਲਿਆਂ ਦੀ ਮਨਸ਼ਾ ਕੁੱਝ ਵੀ ਹੋਵੇ ਪਰ ਇਸ ਨਾਲ ਦੁਨੀਆਂ ਭਰ ਵਿੱਚ ਵੱਸਦੇ ਸਿੱਖਾਂ ਨੂੰ ਭਾਰੀ ਤਸੱਲੀ ਹੋਈ ਅਤੇ ਜੋ ਕਿੱਧਰੇ ਰਾਜਨੀਤਿਕ ਲੋਕਾਂ ਦੀ ਝੂਠੀ ਬਿਆਨਬਾਜ਼ੀ ਕਾਰਨ ਥੋੜ੍ਹੀ ਬਹੁਤੀ ਨਿਰਾਸ਼ਤਾ ਪੈਦਾ ਹੋਈ ਸੀ ਉਹ ਵੀ ਖੰਭ ਲਾ ਕੇ ਉੱਡ ਗਈ। ਹੁਣ ਸਿੱਖ ਆਪੇ ਆਪਣੀ ਜਗ੍ਹਾ ਕੇਵਲ ਸੰਤਾਂ ਵੱਲ ਕਹੇ ਬਚਨਾਂ ਦੀ ਉਡੀਕ ਹੀ ਨਹੀਂ ਕਰਨ ਲੱਗੇ ਸਗੋਂ ਆਪੇ ਆਪਣੇ ਥਾਈਂ ਸੁਚੇਤ ਹੋ ਕੇ ਸਿੱਖਾਂ ਦੇ ਡੁੱਲ੍ਹੇ ਖੂਨ ਦਾ ਹੱਕ ਲੈਣ ਲਈ ਯਤਨਸ਼ੀਲ ਵੀ ਹੋਏ।

ਅਵਤਾਰ ਸਿੰਘ ਦੁਰਗ ਵੱਲੋਂ ਨਕਲੀ ਨਿਰੰਕਾਰੀ ਉੱਪਰ ਹਮਲਾ

ਨਕਲੀ ਨਿਰੰਕਾਰੀ ਮੁਖੀ ਨੇ ਆਪਣੇ ਵਸੀਲਿਆਂ ਰਾਹੀਂ ਕੇਂਦਰ ਸਰਕਾਰ ਦੇ ਦਬਾਅ ਸਦਕਾ ਕਰਨਾਲ ਦੀ ਸੈਸ਼ਨ ਕੋਰਟ ਦੇ ਜੱਜ ਆਰ. ਐੱਸ. ਗੁਪਤਾ ਰਾਹੀਂ ਮਿਲੀ ਰਿਹਾਈ ਉਪਰੰਤ ਭਾਰਤ ਭਰ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਜਿੱਤ ਦੇ ਜਸ਼ਨ ਮਨਾਉਣ ਲਈ ਦੌਰਾ ਸ਼ੁਰੂ ਕੀਤਾ। ਉੱਤਰ ਪ੍ਰਦੇਸ਼ ਤੋਂ ਸ਼ੁਰੂ ਹੋ ਕੇ ਉਸ ਨੇ ਬਿਹਾਰ, ਬੰਗਾਲ, ਮੱਧ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਅਤੇ ਆਂਧਰਾ ਹੁੰਦੇ ਹੋਏ ਮਦਰਾਸ ਤੱਕ ਪਹੁੰਚਣਾ ਸੀ। ਨਾਗਪੁਰ ਤੋਂ ਚੱਲ ਕੇ ਦੁਰਗ ਵਿਖੇ ਆਪਣੇ ਇੱਕ ਜਲਸੇ ਨੂੰ ਸੰਬੋਧਨ ਕੀਤਾ। ਅਗਲੇ ਦਿਨ ਭਲਾਈ ਨਗਰ ਵਿਖੇ ਨਿਰੰਕਾਰੀ ਭਵਨ ਦਾ ਨੀਂਹ ਪੱਥਰ ਰੱਖਣਾ ਸੀ। ਇਸ ਲਈ ਰਾਤ ਨੂੰ ਦੁਰਗ ਵਿਖੇ ਹੀ ਆਪਣੇ ਇੱਕ ਚੇਲੇ ਭਜਨ ਸਿੰਘ ਦੇ ਘਰ ਰੁਕ ਗਿਆ। ਸੁਭਾਵਿਕ ਭਜਨ ਸਿੰਘ ਦੇ ਸਾਹਮਣੇ ਹੀ ਸ. ਸੁੱਚਾ ਸਿੰਘ ਢਿੱਲੋਂ ਦਾ ਘਰ ਸੀ। ਜਦ ਸੁੱਚਾ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਇਸ ਬਾਰੇ ਆਪਣੇ ਭਣੇਵੇਂ ਸ. ਅਵਤਾਰ ਸਿੰਘ ਨੂੰ ਦੱਸਿਆ ਤਾਂ ਅਵਤਾਰ ਸਿੰਘ ਨੇ ਨਕਲੀ ਨਿਰੰਕਾਰੀਆਂ ਦੇ ਅਗਲੇ ਦਿਨ ਹੋਣ ਵਾਲੇ ਪ੍ਰੋਗਰਾਮਾਂ ਦਾ ਪਤਾ ਕੀਤਾ। ਯਾਦ ਰਹੇ ਕਿ ਸ. ਸੁੱਚਾ ਸਿੰਘ ਢਿੱਲੋਂ ਪੰਜਾਬ ਵਿੱਚ ਰਈਏ ਦੇ ਪਿੰਡ ਜੱਲੂਵਾਲ (ਅੰਮ੍ਰਿਤਸਰ) ਦਾ ਰਹਿਣ ਵਾਲਾ ਅਤੇ ਦੁਰਗ ਵਿੱਚ ਇੱਕ ਟਰਾਂਸਪੋਰਟ ਕੰਪਨੀ ਦਾ

Scanned with CamScanner

ਮਾਲਕ ਸੀ। ਰਾਜਨੀਤਿਕ ਤੌਰ 'ਤੇ ਵੀ ਚੰਗੀ ਪਹੁੰਚ ਰੱਖਣ ਵਾਲਾ ਵਿਅਕਤੀ ਸੀ। ਦੁਰਗ ਦੀ ਕਾਰਪੋਰੇਸ਼ਨ ਦਾ ਮੇਅਰ ਵੀ ਰਿਹਾ ਹੈ ਅਤੇ ਅਵਤਾਰ ਸਿੰਘ ਰੰਧਾਵਾ ਦਾ ਪਿੰਡ ਮਹਿਤਾ ਦਮਦਮੀ ਟਕਸਾਲ ਦਾ ਕੇਂਦਰੀ ਅਸਥਾਨ ਹੋਣ ਕਾਰਨ ਅਵਤਾਰ ਸਿੰਘ ਵੀ ਟਕਸਾਲ ਦੇ ਨੇੜੇ ਸੀ। ਵੈਸੇ ਵੀ ਦੁਰਗ ਅਤੇ ਭਲਾਈ ਵਿਚਲੇ ਬਹੁਤ ਸਾਰੇ ਸਿੱਖ ਸੰਤ ਭਿੰਡਰਾਂਵਾਲਿਆਂ ਦੀ ਸਖਸ਼ੀਅਤ ਤੋਂ ਪ੍ਰਭਾਵਿਤ ਸਨ। ਖਾਸ ਕਰਕੇ ਸੰਤ ਜਰਨੈਲ ਸਿੰਘ ਜੀ ਖਾਲਸਾ ਵੱਲੋਂ ਅਖੌਤੀ ਗੁਰੂ ਡੰਮ੍ਹ ਦੇ ਖਿਲਾਫ ਫੈਸਲਾਕੁੰਨ ਸੰਘਰਸ਼ ਦੇ ਕਾਰਨ ਸੰਤਾਂ ਨਾਲ ਖੜ੍ਹੇ ਸਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨਕਲੀ ਨਿਰੰਕਾਰੀਆਂ ਵਿਰੁੱਧ ਕੀਤੇ ਗਏ ਹੁਕਮਨਾਮੇ ਨੂੰ ਵੀ ਹਮੇਸ਼ਾ ਧਿਆਨ ਵਿੱਚ ਰੱਖਦੇ ਸਨ। ਇਨ੍ਹਾਂ ਕਾਰਨਾਂ ਕਰਕੇ ਅਵਤਾਰ ਸਿੰਘ ਰੰਧਾਵਾ ਦੇ ਮਨ ਵਿੱਚ ਕਈ ਵਲਵਲੇ ਪੈਦਾ ਹੋਏ ਕਿ ਕਿਸ ਤਰੀਕੇ ਨਾਲ ਨਿਰੰਕਾਰੀਆਂ ਦੇ ਅਖੌਤੀ ਮਿਸ਼ਨ ਨੂੰ ਰੋਕਿਆ ਜਾ ਸਕੇ। ਜਿਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਦੀ ਪਾਲਣਾ ਵੀ ਹੋ ਸਕੇ ਅਤੇ ਸਾਰਥਕ ਢੰਗ ਨਾਲ ਵਿਰੋਧ ਵੀ ਹੋ ਸਕੇ ਕਿਉਂਕਿ ਹੁਣ ਤੱਕ ਸਿੱਖਾਂ ਵੱਲੋਂ ਕੀਤੇ ਗਏ ਸ਼ਾਂਤਮਈ ਰੋਸ ਪ੍ਰਦਰਸ਼ਨਾਂ ਨੂੰ ਸਰਕਾਰੀ ਸਖਤੀ ਅਤੇ ਗੋਲ਼ੀਆਂ ਨਾਲ ਦਬਾਇਆ ਗਿਆ ਅਤੇ ਅੰਮ੍ਰਿਤਸਰ, ਕਾਨਪੁਰ ਆਦਿ ਥਾਵਾਂ 'ਤੇ ਸਿੱਖਾਂ ਦੇ ਖੂਨ ਦੀ ਹੋਲੀ ਖੇਡੀ ਗਈ ਅਤੇ ਉਸ ਤੋਂ ਬਾਅਦ ਸਮੇਂ ਦੀਆਂ ਸਰਕਾਰਾਂ ਅਤੇ ਕਾਨੂੰਨ ਦੀਆਂ ਅਦਾਲਤਾਂ ਨੇ ਇਸ ਦੋਸ਼ੀ ਨਿਰੰਕਾਰੀ ਦੀ ਪੁਸ਼ਤ ਪਨਾਹੀ ਕੀਤੀ। ਇਸ ਲਈ ਹੁਣ ਕੁੱਝ ਅਜਿਹਾ ਕਰਨਾ ਚਾਹੀਦਾ ਹੈ ਜਿਸ ਨਾਲ ਇਸ ਨੂੰ ਦੱਸਿਆ ਜਾ ਸਕੇ ਕਿ ਖਾਲਸੇ ਪੰਥ ਨੇ ਤੇਰ੍ਹਾਂ ਅਜੇ ਝਰੀ ਨਹੀਂ ਕੀਤਾ। ਜਿੱਥੇ ਦੁਰਗ ਅਤੇ ਭਲਾਈ ਦੀਆਂ ਸਿੱਖ ਸੰਗਤਾਂ ਵੱਲੋਂ ਨਕਲੀ ਨਿਰੰਕਾਰੀਆਂ ਦੇ ਨਵੇਂ ਉਸਾਰੇ ਜਾਣ ਵਾਲੇ ਭਵਨ ਦੇ ਨੇੜੇ ਜਬਰਦਸਤ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਸੀ। ਉੱਥੇ ਦੂਜੇ ਪਾਸੇ ਸ. ਅਵਤਾਰ ਸਿੰਘ ਰੰਧਾਵਾ ਨੇ ਦਿਲ ਵਿੱਚ ਪੱਕੀ ਧਾਰ ਲਈ ਕਿ ਇਸ ਪੰਥ ਦੋਖੀ ਨੂੰ ਸਿੱਖਾਂ ਦੇ ਰਸਤੇ 'ਚੋਂ ਸਦਾ ਲਈ ਹਟਾ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਰਾਤ ਨੂੰ ਸਾਰੀ ਤਿਆਰੀ ਕਰ ਲਈ ਸੀ।

19 ਮਾਰਚ 1980 ਨੂੰ ਜਦ ਸਵੇਰੇ ਗੁਰਬਚਨ ਸਿੰਘ ਆਪਣੇ ਚਹੇਤੇ ਭਜਨ ਸਿੰਘ ਨਿਰੰਕਾਰੀ ਦੇ ਘਰੋਂ ਚੱਲਿਆ। ਇਸ ਦਾ ਕਾਫਲਾ ਕਾਲਜ ਚੌਕ ਦੇ ਨੇੜੇ ਪਹੁੰਚਿਆ ਤਾਂ ਅਵਤਾਰ ਸਿੰਘ ਰੰਧਾਵਾ ਨੇ ਪਹਿਲਾਂ ਹੀ ਆਪਣੇ ਇੱਕ ਟਰੱਕ ਨੂੰ ਪਾਸੇ 'ਤੇ ਲਾ ਕੇ ਖੜ੍ਹਾ ਕੀਤਾ ਸੀ। ਜਿਸ ਦਾ ਡਰਾਈਵਰ ਅਜੀਜ਼ ਮੁਹੰਮਦ 21-22 ਸਾਲ ਦਾ ਮੁਸਲਮਾਨ ਨੌਜਵਾਨ ਸੀ ਅਤੇ ਉਸ ਦੇ ਨਾਲ ਅਵਤਾਰ ਸਿੰਘ ਆਪਣੀ ਲਾਇਸੈਂਸੀ 315 ਬੋਰ ਲੈ ਕੇ ਬੈਠ ਗਿਆ, ਜਿਉਂ ਹੀ ਜੀ. ਟੀ. ਰੋਡ 'ਤੇ ਆਉਂਦਾ ਕਾਫਲਾ ਵੇਖਿਆ ਤਾਂ ਬਣੀ ਯੋਜਨਾ ਤਹਿਤ ਪੂਰੀ ਤਾਕਤ ਨਾਲ ਟਰੱਕ ਨੂੰ ਨਿਰੰਕਾਰੀ ਦੀ ਗੱਡੀ ਨਾਲ ਟਕਰਾ ਦਿੱਤਾ ਜਿਸ ਨਾਲ ਉਨ੍ਹਾਂ ਦੀ ਗੱਡੀ ਬੁਰੀ ਤਰ੍ਹਾਂ ਚਕਨਾਚੂਰ ਹੋ ਗਈ। ਇਸ ਗੱਡੀ ਵਿੱਚ ਗੁਰਬਚਨ ਸਿੰਘ ਆਪ ਨਹੀਂ ਸੀ ਕਿਉਂਕਿ ਘਰੋਂ ਚੱਲਣ ਸਮੇਂ ਜਿਸ ਗੱਡੀ ਵਿੱਚ ਆਪ ਬੈਠਾ ਸੀ ਉਸ ਨੂੰ ਰਸਤੇ ਵਿੱਚ ਜਾ ਕੇ ਬਦਲ ਕੇ ਦੂਸਰੀ ਗੱਡੀ ਵਿੱਚ ਬੈਠ ਗਿਆ। ਜਿਸ ਕਾਰਨ ਉਸ ਸਮੇ ਮੌਤ ਦੇ ਸਾਏ ਹੇਠੋਂ ਬਚ ਗਿਆ। ਪਰ ਸਾਹਮਣੇ ਮੌਤ ਮੰਡਰਾਉਂਦੀ ਹੋਈ ਨਜ਼ਰ ਆਈ ਤਾਂ ਤੁਰੰਤ ਹੀ ਕਾਫਲੇ ਵਿੱਚੋਂ ਆਪਣੀ ਗੱਡੀ ਨੂੰ ਪਿੱਛੇ ਮੋੜ ਲਿਆ ਅਤੇ ਐੱਸ. ਪੀ. ਮਹਿੰਦਰੂ ਇਸ ਨੂੰ ਆਪਣੇ ਸਿਹਾਇਸ਼ 'ਤੇ ਲੈ ਗਿਆ। ਜਿਥੇ ਪਹੁੰਚ ਕੇ ਘਬਰਾਏ ਹੋਏ ਨਕਲੀ ਰੱਬ ਨੇ ਐੱਸ. ਪੀ. ਨੂੰ ਕਾਫੀ ਬੁਰਾ ਭਲਾ ਵੀ ਆਖਿਆ ਕਿ ਇਹੋ ਜਿਹੇ ਖ਼ਤਰਨਾਕ ਲੋਕ ਇਥੇ ਰਹਿੰਦੇ ਹਨ ਜੋ ਵੱਡੀ ਤੋਂ ਵੱਡੀ ਘਟਨਾ ਨੂੰ ਅੰਜ਼ਾਮ ਦੇ ਸਕਦੇ ਹਨ। ਇਸ ਬਾਰੇ ਤੁਹਾਨੂੰ ਰੱਤੀ ਵੀ ਜਾਣਕਾਰੀ ਨਹੀਂ ਹੈ। ਇਸ ਦੇ ਨਾਲ ਹੀ ਉਸ ਨੇ ਸਮਝਿਆ ਕਿ ਜਿਆਦਾ ਸਮਾਂ ਇੱਥੇ ਰੁਕਣਾ ਖ਼ਤਰੇ ਤੋਂ ਖਾਲੀ ਨਹੀਂ ਹੈ। ਇਸ ਲਈ ਤੁਰੰਤ ਹੀ ਵੱਡੇ ਸੁਰੱਖਿਆ ਕਾਫਲੇ ਸਹਿਤ ਰਾਏਪੁਰ ਵਿਖੇ ਪਹੁੰਚ ਕੇ ਹਵਾਈ ਜਹਾਜ ਰਾਹੀਂ ਦਿੱਲੀ ਨੂੰ ਰਵਾਨਾ ਹੋ ਗਿਆ। ਦੂਜੇ ਪਾਸੇ ਅਵਤਾਰ ਸਿੰਘ ਨੇ ਟਰੱਕ ਦੀ ਟੱਕਰ ਮਾਰਨ ਤੋਂ ਬਾਅਦ ਵੇਖਿਆ ਕਿ ਕਾਰ ਵਿਚਲੇ ਵਿਅਕਤੀ ਜਿਹਫ਼ ਜ਼ਖਮੀ ਹੋਏ ਹਨ ਤਾਂ ਤੁਰੰਤ ਹੀ ਟਰੱਕ ਵਿੱਚੋਂ ਉੱਤਰ ਕੇ ਆਪਣੀ ਗੰਨ ਨਾਲ ਇਸ ਗੱਡੀ ਉਪਰ ਫਾਇਰਿੰਗ ਕਰ ਦਿੱਤੀ। ਅਵਤਾਰ ਸਿੰਘ ਨੇ ਸੋਚਿਆ ਇਸ ਕਾਰ ਵਿੱਚ ਨਕਲੀ ਨਿਰੰਕਾਰੀ ਦੇ ਘਰ ਵਾਲੀ ਹੈ ਪਰ ਬਾਅਦ ਵਿੱਚ ਪਤਾ ਲੱਗਾ ਕਿ ਇਸ ਦੇ ਸ਼ਮਾਗਮਾਂ ਅਤੇ ਆਮ ਮਨੋਰੰਜਨ ਲਈ ਕਵਿਤਾਵਾਂ ਗਾਉਣ ਵਾਲੀ ਕਵਿੱਤਰੀ ਸੁਦੇਸ਼ ਨੀਲਮ ਸੀ ਜੋ ਮੌਕੇ 'ਤੇ ਮਾਰੀ ਗਈ। ਅਵਤਾਰ ਸਿੰਘ ਨੂੰ ਮੌਕੇ 'ਤੇ ਹੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਜਿਸ ਨੇ ਨਿਧੜਕ ਹੋ ਕੇ ਪੁਲਿਸ ਨੂੰ ਦੱਸਿਆ ਕਿ ਮੇਰਾ ਅਸਲੀ ਨਿਸ਼ਾਨਾ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਸੀ ਪਰ ਉਹ ਆਪਣੀ ਗੱਡੀ ਬਦਲ ਕੇ ਕਿਸੇ ਹੋਰ ਗੱਡੀ ਵਿੱਚ ਬੈਠਾ

Scanned with CamScanner

ਹੋਣ ਕਾਰਨ ਬਚ ਗਿਆ। ਪੁਲਿਸ ਨੇ ਅਵਤਾਰ ਸਿੰਘ ਰੰਧਾਵਾ ਸਹਿਤ ਚੋਟੀ ਦੇ 15 ਸਿੱਖ ਆਗੂਆਂ ਉਪਰ ਐੱਫ. ਆਈ. ਆਰ. ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਜਿਨ੍ਹਾਂ ਵਿੱਚ ਸੁੱਚਾ ਸਿੰਘ ਢਿੱਲੋਂ, ਸੂਰਤਾ ਸਿੰਘ ਢਿੱਲੋਂ, ਰਣਜੀਤ ਸਿੰਘ ਭਾਟੀਆ, ਇੰਦਰਪਾਲ ਸਿੰਘ ਭਾਟੀਆ, ਇਕਬਾਲ ਸਿੰਘ ਭਾਟੀਆ, ਗੁਰਦਿਆਲ ਸਿੰਘ ਚਾਵਲਾ, ਹਰਿੰਦਰ ਸਿੰਘ ਕੁੱਕੀ, ਅਜੀਜ਼ ਖਾਨ ਡਰਾਈਵਰ, ਤਰਲੋਕ ਸਿੰਘ ਭਾਟੀਆ, ਅੱਤਰ ਸਿੰਘ ਸੂਰੀ, ਸੋਹਣ ਸਿੰਘ ਸੇਠੀ, ਗੁਰਜੀਤ ਸਿੰਘ ਜੀ. ਐਮ. ਈ., ਬਲਦੇਵ ਸਿੰਘ ਰੰਧਾਵਾ, ਅਜੀਤ ਸਿੰਘ ਰਗੀਨ ਹੋਟਲ ਆਦਿ।

7 ਦਿਨ ਦੇ ਪੁਲਿਸ ਰਿਮਾਂਡ ਤੋਂ ਬਾਅਦ ਇਨ੍ਹਾਂ ਸਭ ਵਿਅਕਤੀਆਂ ਨੂੰ ਦੁਰਗ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਛੋਟੀ ਹੀ ਨਿਰੰਕਾਰੀਆਂ ਨੇ ਇਹ ਜਾਣ ਲਿਆ ਕਿ ਇਸ ਇਲਾਕੇ ਵਿੱਚ ਇਨ੍ਹਾਂ ਸਿੱਖਾਂ ਦਾ ਭਾਰੀ ਬੋਲਬਾਲਾ ਹੈ। ਇਸ ਲਈ ਇੱਥੋਂ ਦੀ ਕਚਹਿਰੀ ਵਿੱਚ ਕਿਸੇ ਨੇ ਵੀ ਨਿਰੰਕਾਰੀਆਂ ਦੇ ਹੱਕ ਵਿੱਚ ਗਵਾਹੀ ਨਹੀਂ ਦੇਣੀ। ਇਸ ਲਈ ਉਨ੍ਹਾਂ ਇਥੋਂ ਕੇਸ ਬਦਲ ਕੇ ਜ਼ਿਲ੍ਹਾ ਅਦਾਲਤ ਮੰਡਲਾ ਵਿਖੇ ਤਬਦੀਲ ਕਰਵਾ ਲਿਆ ਅਤੇ ਇਨ੍ਹਾਂ ਸਾਰੇ ਕੈਦੀਆਂ ਨੂੰ ਦੁਰਗ ਤੋਂ ਜਬਲਪੁਰ ਭੇਜ ਦਿੱਤਾ ਗਿਆ।

ਸੰਤਾਂ ਵੱਲੋਂ ਸ. ਸੁੱਚਾ ਸਿੰਘ ਅਤੇ ਅਵਤਾਰ ਸਿੰਘ ਨਾਲ ਜਬਲਪੁਰ ਜੇਲ੍ਹ ਵਿੱਚ ਮੁਲਾਕਾਤ

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਪੰਜਾਬ ਤੋਂ ਬਾਹਰ ਜਥੇ ਦੇ ਧਰਮ ਪ੍ਰਚਾਰ ਦੌਰੇ ਸਮੇਂ ਜਦੋਂ ਭਲਾਈ ਨਗਰ ਪਹੁੰਚੇ ਤਾਂ ਇੱਥੋਂ ਦੇ ਸਿੰਘਾਂ ਤੋਂ ਸਾਰੀ ਘਟਨਾ ਦਾ ਪਤਾ ਲੱਗਾ ਕਿ ਕਿਵੇਂ ਦੁਰਗ ਦੇ ਸਿੰਘਾਂ ਨੇ ਗੁਰੂ ਦੀ ਨਿੰਦਾ ਨਾ ਸਹਾਰਦੇ ਹੋਏ ਨਰਕਧਾਰੀਏ ਉੱਪਰ ਹਮਲਾ ਕਰ ਦਿੱਤਾ। ਜਿਸ ਵਿੱਚ ਬਹੁਤ ਸਾਰੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਨ੍ਹਾਂ ਵਿੱਚੋਂ ਸਰਦਾਰ ਸੁੱਚਾ ਸਿੰਘ, ਸ. ਅਵਤਾਰ ਸਿੰਘ ਅਤੇ ਉਨ੍ਹਾਂ ਦਾ ਡਰਾਈਵਰ ਜਬਲਪੁਰ ਜੇਲ੍ਹ ਵਿੱਚ ਬੰਦ ਹਨ ਤਾਂ ਸੰਤਾਂ ਨੇ ਇੱਥੋਂ ਦੇ ਕੁਝ ਮੋਹਤਬਰ ਸਿੰਘਾਂ ਦੀ ਡਿਊਟੀ ਲਾਈ ਕਿ ਉਹ ਪ੍ਰਬੰਧ ਕਰਨ ਤਾਂ ਕਿ ਜੇਲ੍ਹ ਵਿੱਚ ਬੰਦ ਸਿੰਘਾਂ ਨਾਲ ਮੁਲਾਕਾਤ ਕੀਤੀ ਜਾ ਸਕੇ। ਇਥੋਂ ਦੇ ਸਿੰਘਾਂ ਨੇ ਜਬਲਪੁਰ ਦੇ ਜੇਲ੍ਹ ਸੁਪਰਡੈਂਟ ਨਾਲ ਮਿਲ ਕੇ ਜੇਲ੍ਹ ਅੰਦਰ ਸਿੰਘਾਂ ਦੀ ਮੁਲਾਕਾਤ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਸੰਬਰ 1981 ਨੂੰ ਇਨ੍ਹਾਂ ਸਿੰਘਾਂ ਨੂੰ ਜਬਲਪੁਰ ਜੇਲ੍ਹ ਵਿੱਚ ਮਿਲਣ ਗਏ। ਇੱਥੇ ਇਨ੍ਹਾਂ ਦੀ ਕਾਨੂੰਨੀ ਪੈਰਵਾਈ ਦਾ ਜਾਇਜ਼ਾ ਲਿਆ ਅਤੇ ਇਨ੍ਹਾਂ ਨੂੰ ਹੌਸਲਾ ਵੀ ਦਿੱਤਾ ਅਤੇ ਨਾਲ ਉਪਦੇਸ਼ ਵੀ ਦਿੱਤਾ ਅਕਾਲ ਪੁਰਖ ਨੇ ਬਾਣੀ ਪੜ੍ਹਣ ਦਾ ਖੁੱਲ੍ਹਾ ਸਮਾਂ ਦਿੱਤਾ ਹੈ, ਵੱਧ ਤੋਂ ਵੱਧ ਬਾਣੀ ਪੜ੍ਹਿਆ ਕਰੋ, ਨਾਮ ਜਪਿਆ ਕਰੋ, ਕਿਸੇ ਵੀ ਗੱਲ ਦਾ ਫਿਕਰ ਕਰਨ ਦੀ ਲੋੜ ਨਹੀਂ। ਮੁਲਾਕਾਤ ਤੋਂ ਬਾਅਦ ਭਲਾਈ ਨਗਰ ਪਹੁੰਚ ਕੇ ਸੰਤਾਂ ਨੇ ਕੁੱਝ ਸਿੰਘਾਂ ਦੀ ਡਿਊਟੀ ਲਾਈ ਕਿ ਉਹ ਵਕੀਲਾਂ ਨਾਲ ਮਿਲ ਕੇ ਸਾਰੇ ਕੇਸ ਦੀ ਪੈਰਵਾਈ ਕਰਨ ਅਤੇ ਜੇਲ੍ਹ ਵਿੱਚ ਵੀ ਇਨ੍ਹਾਂ ਸਿੰਘਾਂ ਨੂੰ ਮਿਲਦੇ ਰਹਿਣ। ਇਥੋਂ ਤੱਕ ਕਿ ਬਾਹਰ ਇਨ੍ਹਾਂ ਦੇ ਕਾਰੋਬਾਰ ਦਾ ਵੀ ਖਿਆਲ ਰੱਖਿਆ ਜਾਵੇ।

ਜਬਲਪੁਰ ਜੇਲ੍ਹ ਦਾ ਸੁਪਰਡੈਂਟ ਅਤੇ ਬਾਕੀ ਜੇਲ੍ਹ ਅਧਿਕਾਰੀ ਇਸ ਗੱਲੋਂ ਬਹੁਤ ਹੈਰਾਨ ਸਨ ਕਿ ਬਹੁਤ ਵੱਡੇ ਰੁਝੇਵਿਆਂ ਵਿੱਚੋਂ ਅਤੇ ਵੱਡੀਆਂ ਜ਼ਿੰਮੇਵਾਰੀਆਂ ਹੋਣ ਦੇ ਬਾਵਜੂਦ ਸੰਤ ਭਿੰਡਰਾਂਵਾਲੇ ਆਪਣੇ ਨਾਲ ਸਬੰਧਤ ਵਿਅਕਤੀਆਂ ਦੀ ਮੁਲਾਕਾਤ ਕਰਨ ਲਈ ਖੁਦ ਜੇਲ੍ਹ ਵਿੱਚ ਪਹੁੰਚੇ ਹਨ। ਇਸ ਦੇ ਨਾਲ ਹੀ ਸ. ਸੁੱਚਾ ਸਿੰਘ ਅਤੇ ਅਵਤਾਰ ਸਿੰਘ ਵੀ ਇਸ ਗੱਲੋਂ ਅੰਤਾਂ ਪ੍ਰਸੰਨ ਸਨ ਕਿ ਜੋਕਰ ਸੰਤ ਜੀ ਸਾਡਾ ਏਨਾ ਫਿਕਰ ਕਰਦੇ ਹਨ ਤਾਂ ਸਾਨੂੰ ਕਿਸੇ ਗੱਲ ਦਾ ਫਿਕਰ ਨਹੀ ਕਰਨਾ ਚਾਹੀਦਾ ਬਲਕਿ ਇੱਕ ਤਰ੍ਹਾਂ ਨਾਲ ਉਨ੍ਹਾਂ ਨੂੰ ਜੇਲ੍ਹ ਅੰਦਰ ਦੀਆਂ ਮੁਸ਼ਕਿਲਾਂ ਦੀ ਤਕਲੀਫ਼ ਹੀ ਭੁੱਲ ਗਈ ਅਤੇ ਸੰਤਾਂ ਦੀ ਮੁਲਾਕਾਤ ਤੋਂ ਬਾਅਦ ਉਹ ਰੋਜ਼ਾਨਾ ਨੇਮ ਨਾਲ ਬਾਣੀ ਪੜ੍ਹਨ ਲੱਗ ਪਏ।

ਇਨ੍ਹਾਂ ਸਿੰਘਾਂ ਦੀ ਕਾਨੂੰਨੀ ਪੈਰਵਾਈ ਕਰਨ ਲਈ ਸੰਤਾਂ ਨੇ ਸ. ਪੂਰਨ ਸਿੰਘ ਹੁੰਦਲ ਵਕੀਲ ਦੀ ਡਿਊਟੀ ਲਗਾਈ ਹੋਈ ਸੀ। ਉਸ ਨਾਲ ਸਹਿਯੋਗ ਕਰਨ ਲਈ ਸੰਤਾਂ ਨੇ ਸ. ਹੁੰਦਲ ਨੂੰ ਮੰਡਲਾ ਸ਼ਹਿਰ ਦੇ ਹੀ ਸ. ਗੁਰਦਿਆਲ ਸਿੰਘ ਨੂੰ ਮਿਲਾਇਆ ਅਤੇ ਕਿਹਾ ਕਿ ਇਹ ਸਮੇਂ-ਸਮੇਂ ਤੁਹਾਡੀ ਮਦਦ ਕਰਨਗੇ ਅਤੇ ਇੱਥੇ ਸਿੰਘਾਂ ਨੂੰ ਮਿਲਦੇ ਰਹਿਣਗੇ। ਲੋੜ ਅਨੁਸਾਰ ਉਨ੍ਹਾਂ ਨੂੰ ਲੋੜੀਂਦਾ ਸਮਾਨ ਦਵਾਈ, ਰਾਸ਼ਨ ਆਦਿ ਦਿੰਦੇ ਰਹਿਣਗੇ। ਸ. ਹੁੰਦਲ ਨੇ ਜਿੱਥੇ ਆਪਣੀ ਡਿਊਟੀ ਬਾਖੂਬੀ ਨਿਭਾਈ ਉੱਥੇ ਲੋੜ ਅਨੁਸਾਰ ਇੱਥੋਂ ਦੇ ਲੋਕਲ ਵਕੀਲਾਂ ਤੋਂ ਵੀ ਮਦਦ ਲਈ ਜੋ ਸਮੇਂ-ਸਮੇਂ

Scanned with CamScanner



ਅਜੀਜ਼ ਮੁਹੰਮਦ

ਅਦਾਲਤ ਵਿੱਚ ਪੇਸ਼ ਹੁੰਦੇ ਰਹੇ ਅਤੇ ਲੋੜ ਪੈਣ 'ਤੇ ਸ. ਹੁੰਦਲ ਸ੍ਰੀ ਅੰਮ੍ਰਿਤਸਰ ਤੋਂ ਹਵਾਈ ਜਹਾਜ਼ ਰਾਹੀਂ ਵੀ ਦਿੱਲੀ ਆਉਂਦੇ ਰਹੇ।

ਜ਼ਿਲ੍ਹਾ ਅਦਾਲਤ ਮੰਡਲਾ ਵਿਖੇ ਜੱਜ ਕ੍ਰਿਸ਼ਨ ਕੁਮਾਰ ਸੇਠ ਕੇਸ ਚੱਲਿਆ। ਇਥੇ ਵੀ ਕੋਈ ਚਸ਼ਮਦੀਦ ਗਵਾਹ ਹਾਜ਼ਰ ਨਾ ਹੋਇਆ ਜਿਸ ਕਾਰਨ ਨਕਲੀ ਨਿਰੰਕਾਰੀਆਂ ਨੇ ਘਟਨਾ ਸਮੇਂ ਟਰੱਕ ਚਲਾਉਣ ਵਾਲੇ ਡਰਾਈਵਰ ਅਜੀਜ਼ ਮੁਹੰਮਦ ਨੂੰ ਵਾਅਦਾ ਮੁਆਫ਼ ਗਵਾਹ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ ਅਤੇ ਉਸ ਨੂੰ ਭਾਰੀ ਲਾਲਚ ਵੀ ਦਿੱਤਾ ਗਿਆ ਪਰ ਉਸ ਨੇ ਸਭ ਲਾਲਚ ਠੁਕਰਾ ਕੇ ਵਾਅਦਾ ਮੁਆਫ਼ ਗਵਾਹ ਬਣਨ ਤੋਂ ਇਨਕਾਰ ਕਰ ਦਿੱਤਾ। ਅਖੀਰ 27 ਦਸੰਬਰ 1982 ਨੂੰ ਜੱਜ ਕ੍ਰਿਸ਼ਨ ਕੁਮਾਰ ਸੇਠ ਨੇ ਆਖਰੀ ਬਹਿਸ ਦੀ ਤਰੀਕ ਦਿੱਤੀ ਜਿਥੇ ਵਕੀਲ ਦੇ ਤੌਰ 'ਤੇ ਸ. ਪੂਰਨ ਸਿੰਘ ਹੁੰਦਲ ਪੇਸ਼ ਹੋਏ ਅਤੇ ਉਨ੍ਹਾਂ ਨਾਲ ਦੋ ਲੋਕਲ ਵਕੀਲ ਵੀ ਸਨ। ਦੋਹਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਜੱਜ ਨੇ ਫੈਸਲਾ ਸੁਣਾਉਂਦਿਆਂ ਸ. ਅਵਤਾਰ ਸਿੰਘ ਰੰਧਾਵਾ ਨੂੰ ਉਮਰ ਕੈਦ ਅਤੇ ਬਾਕੀ ਸਭ ਬਰੀ ਕਰ ਦਿੱਤੇ। ਅਵਤਾਰ ਸਿੰਘ ਨੇ ਹਾਈ ਕੋਰਟ ਵਿੱਚ ਅਪੀਲ ਦਾਇਰ ਕੀਤੀ ਜਿਥੋਂ ਉਨ੍ਹਾਂ ਨੂੰ 9 ਜੂਨ 1983 ਨੂੰ ਜ਼ਮਾਨਤ ਮਿਲ ਗਈ।

ਅਵਤਾਰ ਸਿੰਘ ਅਤੇ ਸੁੱਚਾ ਸਿੰਘ, ਦੁਰਗ ਦੇ ਬਾਕੀ ਸਿੰਘਾਂ ਸਮੇਤ ਸੰਤਾਂ ਨੂੰ ਮਿਲੇ

ਜ਼ਮਾਨਤ ਹੋਣ 'ਤੇ ਬਾਕੀ ਸਿੰਘਾਂ ਨੂੰ ਨਾਲ ਲੈ ਕੇ 13 ਜੂਨ 1983 ਨੂੰ ਇਹ ਸਾਰੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮੱਥਾ ਟੇਕਣ ਗਏ ਅਤੇ ਉਥੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਮਿਲੇ ਅਤੇ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਕਿ ਤੁਸੀਂ ਬਹੁਤ ਭਾਰੀ ਰੁਝੇਵੇਂ ਹੋਣ ਦੇ ਬਾਵਜੂਦ ਵੀ ਸਾਨੂੰ ਜੇਲ੍ਹ ਵਿੱਚ ਮਿਲ ਕੇ ਆਏ ਅਤੇ ਸਾਡੇ ਕੇਸ ਦੀ ਪੈਰਵਾਈ ਕੀਤੀ। ਇਸ ਸਮੇਂ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਮੁਹੰਮਦ ਅਜੀਜ਼ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਅਤੇ ਉਸ ਨੂੰ ਸ਼ਾਬਾਸ਼ ਦਿੱਤੀ ਕਿ ਤੂੰ ਭਾਰੀ ਦੌਲਤ ਨੂੰ ਠੁਕਰਾ ਕੇ ਇਮਾਨ ਨਿਭਾਉਂਦਿਆਂ ਵਾਅਦਾ ਮੁਆਫ਼ ਗਵਾਹ ਬਣਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੇ ਨਾਲ ਹੀ ਸ. ਸੁੱਚਾ ਸਿੰਘ ਅਤੇ ਅਵਤਾਰ ਸਿੰਘ ਦਾ ਵੀ ਸਨਮਾਨ ਕੀਤਾ ਅਤੇ ਸੰਤਾਂ ਨੇ ਕਿਹਾ ਕਿ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਵੱਡੀ ਕੁਰਬਾਨੀ ਕੀਤੀ ਹੈ। ਜਿਸ ਕਾਰਨ ਤੁਹਾਨੂੰ ਆਰਥਿਕ ਨੁਕਸਾਨ ਵੀ ਉਠਾਉਣਾ ਪਿਆ ਅਤੇ ਜੇਲ੍ਹ ਯਾਤਰਾ ਵੀ ਕਰਨੀ ਪਈ। ਪਰ ਤੁਸੀਂ ਕੋਈ ਫ਼ਿਕਰ ਨਾ ਕਰਿਓ ਪੰਥ ਦੀ ਸੇਵਾ ਕਰਦਿਆਂ ਅਜਿਹਾ ਕੁੱਝ ਸਹਾਰਨਾ ਹੀ ਪੈਂਦਾ ਹੈ। ਕਲਗੀਧਰ ਪਾਤਸ਼ਾਹ ਆਪ ਹੀ ਮਿਹਰ ਕਰਨਗੇ।

ਅਲੌਕਿਕ ਵਰਤਾਰੇ ਰਾਹੀਂ ਸੰਤਾਂ ਵੱਲੋਂ ਅਵਤਾਰ ਸਿੰਘ ਦੁਰਗ ਦੀ ਬੰਦਖਲਾਸੀ ਦਾ ਸੰਕੇਤ

ਇਹ ਗੱਲ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਦੀ ਹੈ। ਜਦੋਂ ਅਗਸਤ 1986 ਵਿੱਚ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਵੱਲੋਂ ਭਾਰਤੀ ਫ਼ੌਜ ਦੇ ਜਨਰਲ ਵੈਦਿਆ ਦਾ ਪੂਨੇ ਵਿੱਚ ਕਤਲ ਕਰ ਦਿੱਤਾ ਸੀ। (ਯਾਦ ਰਹੇ ਕਿ ਜਨਰਲ ਵੈਦਿਆ ਜੂਨ 1984 ਵਿੱਚ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਉਪਰ ਟੈਂਕਾਂ ਤੇ ਤੋਪਾਂ ਨਾਲ ਹਮਲਾ ਕਰਨ ਵਾਲੇ ਭਾਰਤੀ ਫ਼ੌਜ ਦੀ ਅਗਵਾਈ ਕਰ ਰਿਹਾ ਸੀ।) ਭਾਈ ਸੁੱਖੇ-ਜਿੰਦੇ ਹੋਰਾਂ ਦੀ ਗ੍ਰਿਫ਼ਤਾਰੀ ਤੋਂ ਕੁੱਝ ਦਿਨ ਬਾਅਦ ਅਵਤਾਰ ਸਿੰਘ ਦੁਰਗ ਨੂੰ ਵੀ ਮਹਾਂਰਾਸ਼ਟਰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਉਸ ਉੱਪਰ ਦੋਸ਼ ਲਾਇਆ ਗਿਆ ਕਿ ਭਾਈ ਜਿੰਦਾ ਅਤੇ ਸੁੱਖਾ ਅਤੇ ਉਸਦੇ ਸਾਥੀ ਤੇਰੇ ਕੋਲ ਠਹਿਰੇ ਸਨ ਅਤੇ ਤੂੰ ਹੀ ਪੂਨੇ ਵਿੱਚ ਉਨ੍ਹਾਂ ਦੇ ਠਹਿਰਣ ਲਈ ਮਕਾਨ ਕਿਰਾਏ 'ਤੇ ਲੈ ਕੇ ਦਿੱਤਾ ਹੈ। ਇਨ੍ਹਾਂ ਦੋਸ਼ਾਂ ਤਹਿਤ ਅਵਤਾਰ ਸਿੰਘ ਨੂੰ ਕੁੱਝ ਦਿਨ ਪੁਲਿਸ ਰਿਮਾਂਡ ਵਿੱਚ ਰੱਖਿਆ ਅਤੇ ਇਸ ਦੌਰਾਨ ਉਸ ਉੱਪਰ ਭਾਰੀ ਤਸ਼ੱਦਦ ਕੀਤਾ ਗਿਆ। ਇਨ੍ਹਾਂ ਅਣਮਨੁੱਖੀ

Scanned with CamScanner

ਤਸੀਹਿਆਂ ਦੌਰਾਨ ਅਵਤਾਰ ਸਿੰਘ ਦਾ ਚੂਲਾ ਟੁੱਟ ਗਿਆ। ਇਸ ਦੌਰਾਨ ਉਸ ਤੋਂ ਜਨਰਲ ਵੈਦਿਆ ਦੇ ਕਤਲ ਸਬੰਧੀ ਪੁੱਛਗਿੱਛ ਕਰਦੇ ਰਹੇ। ਪਰ ਉਸ ਨੂੰ ਕਿਸੇ ਕਿਸਮ ਦੀ ਡਾਕਟਰੀ ਸਹਾਇਤਾ ਨਾ ਦਿੱਤੀ ਗਈ ਅਤੇ ਇਨ੍ਹਾਂ ਹਾਲਾਤ ਵਿੱਚ ਹੀ ਉਸ ਨੂੰ ਪੂਨੇ ਦੀ ਜੇਲ੍ਹ ਭੇਜ ਦਿੱਤਾ ਗਿਆ। ਇਥੇ ਜੇਲ੍ਹ ਵਿੱਚ ਇਸ ਦੀ ਮੁਲਾਕਾਤ ਕਰਨ ਲਈ ਇਸ ਦੀ ਪਤਨੀ ਬੀਬੀ ਸੁਖਵੰਤ ਕੌਰ ਆਈ ਅਤੇ ਇਸ ਨਾਲ ਸਲਾਹ ਕਰਕੇ ਇਸ ਦੀ ਕਾਨੂੰਨੀ ਪੈਰਵਾਈ ਕਰਨ ਲਈ ਵਕੀਲ ਦਾ ਇੰਤਜ਼ਾਮ ਕੀਤਾ ਤਾਂ ਇਸ ਦੌਰਾਨ ਇਸ ਬੀਬੀ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਸ ਨੂੰ ਵੀ ਮਾਨਸਿਕ ਤਸੀਹੇ ਦਿੱਤੇ ਗਏ। ਹਾਲਾਂਕਿ ਉਸ ਸਮੇਂ ਬੀਬੀ ਸੁਖਵੰਤ ਕੌਰ ਗਰਭਵਤੀ ਸੀ। ਪੁਲਿਸ ਰਿਮਾਂਡ ਤੋਂ ਉਪਰੰਤ ਇਸ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ। ਉਸ ਸਮੇਂ ਇਸ ਬੀਬੀ ਦੀ ਉਮਰ ਸਿਰਫ 24 ਸਾਲ ਦੀ ਸੀ। ਇਸ ਦੀ ਇੱਕ ਬੱਚੀ ਡੇਢ ਸਾਲ ਦੀ ਅਤੇ ਵੱਡੀ ਚਾਰ ਸਾਲ ਦੀ ਸੀ ਜਿਨ੍ਹਾਂ ਦੀ ਦੇਖ-ਰੇਖ ਅਵਤਾਰ ਸਿੰਘ ਦੀ ਮਾਤਾ ਕਰਦੀ ਸੀ। ਤਿੰਨ ਮਹੀਨੇ ਬਾਅਦ ਬੀਬੀ ਸੁਖਵੰਤ ਕੌਰ ਦੀ ਜ਼ਮਾਨਤ ਹੋਈ। ਇਨ੍ਹਾਂ ਦੇ ਆਰਥਿਕ ਕਾਰੋਬਾਰ ਦਾ ਪਹਿਲਾਂ ਹੀ ਨਕਲੀ ਨਿਰੰਕਾਰੀ ਕਾਂਡ ਦੇ ਸਮੇਂ ਵੱਡਾ ਨੁਕਸਾਨ ਹੋ ਚੁੱਕਾ ਸੀ। ਅਵਤਾਰ ਸਿੰਘ ਦੇ ਦੱਸਣ ਤੱਕ ਸੰਨ 1988 ਦੇ ਨਵੰਬਰ ਮਹੀਨੇ ਵਿੱਚ ਇੱਕ ਦਿਨ ਉਹ ਭਾਰੀ ਸੋਚਾਂ ਵਿੱਚ ਪਿਆ ਹੋਇਆ ਸੀ। ਚੁਲੇ ਦਾ ਦਰਦ ਵੀ ਸੀ, ਦੁਪਹਿਰ ਵੇਲੇ ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਹੋਇਆਂ ਕੰਘ ਨਾਲ ਢੋਅ ਲੱਗਾ ਹੋਇਆ ਸੀ। ਪਾਠ ਪੂਰਾ ਕਰਨ ਤੋਂ ਬਾਅਦ ਵੀ ਉਸ ਤਰ੍ਹਾਂ ਢੋਅ ਲਾ ਕੇ ਬੈਠਾ ਰਿਹਾ ਅਤੇ ਗੁਟਕਾ ਸਾਹਿਬ ਵੀ ਹੱਥ ਵਿੱਚ ਹੀ ਸੀ ਅਤੇ ਉਸ ਨੂੰ ਨੀਂਦ ਆ ਗਈ। ਸੁਪਨੇ ਦੌਰਾਨ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਉਨ੍ਹਾਂ ਕੋਲ ਆ ਕੇ ਖੜੇ ਗਏ ਅਤੇ ਪੁੱਛਣ ਲੱਗੇ, "ਭਾਈ ਅਵਤਾਰ ਸਿੰਘ ਕਿੰਨ੍ਹਾਂ ਫਿਕਰਾਂ ਵਿੱਚ ਪਿਆ ਹੋਇਆ ਹੈਂ?" ਪਰ ਉਹ ਚੁੱਪ ਰਿਹਾ। ਸੰਤ ਫਿਰ ਬੋਲੇ, "ਭਾਈ ਤੂੰ ਫਿਕਰ ਨਾ ਕਰ ਜਿਆਦਾ ਸਮਾਂ ਤੈਨੂੰ ਜੇਲ੍ਹ ਵਿੱਚ ਨਹੀਂ ਰਹਿਣ ਦਿੰਦੇ। ਸਤਿਗੁਰੂ ਕ੍ਰਿਪਾ ਕਰਨਗੇ ਜਿਸ ਤਰ੍ਹਾਂ ਮੱਖਣ ਵਿੱਚੋਂ ਵਾਲ ਕੱਢ ਲਿਆ ਜਾਂਦਾ ਹੈ ਤੈਨੂੰ ਵੀ ਇਸ ਤਰ੍ਹਾਂ ਹੀ ਕੱਢ ਲੈਣਗੇ।" ਅਜਿਹੇ ਹੋਰ ਵੀ ਬਚਨ ਹੋਏ। ਥੜ੍ਹੇ ਸਮੇਂ ਬਾਅਦ ਉਸ ਦੀ ਅੱਖ ਖੁੱਲ੍ਹੀ ਅਤੇ ਉਹ ਹੈਰਾਨ ਰਹਿ ਗਿਆ ਕਿ ਇਨ੍ਹਾਂ ਹਾਲਾਤਾਂ ਵਿੱਚ ਵੀ ਸੰਤ ਮੈਨੂੰ ਮਿਲਣ ਆਏ ਹਨ ਅਤੇ ਉਹ ਦੁਚਿੱਤੀ ਵਿੱਚ ਪੈ ਗਿਆ ਕਿ ਜਿਸ ਤਰ੍ਹਾਂ ਦੇ ਮੇਰੇ ਉਪਰ ਮਨਘੜਤ ਕੇਸ ਪਾਏ ਗਏ ਹਨ ਇਸ ਤਰ੍ਹਾਂ ਨੇੜ ਭਵਿੱਖ ਵਿੱਚ ਮੇਰਾ ਜੇਲ੍ਹ ਵਿਚੋਂ ਨਿਕਲਣਾ ਸੰਭਵ ਨਹੀਂ ਅਤੇ ਦੂਸਰੇ ਪਾਸੇ ਮਨ ਹੀ ਮਨ ਵਿੱਚ ਸੋਚ ਰਿਹਾ ਸੀ ਕਿ ਸੰਤਾਂ ਨੇ ਜੋ ਬਚਨ ਕੀਤੇ ਹਨ ਭਾਵੇਂ ਸੁਪਨੇ ਵਿੱਚ ਹੀ ਹਨ, ਇਹ ਜ਼ਰੂਰ ਸੱਚ ਹੋਣਗੇ। ਦੂਸਰੇ ਦਿਨ ਇਸ ਦੀ ਪਤਨੀ ਮੁਲਾਕਾਤ ਲਈ ਆਈ ਤਾਂ ਅਵਤਾਰ ਸਿੰਘ ਨੇ ਸੰਤਾਂ ਵਾਲੀ ਘਟਨਾ ਦਾ ਜ਼ਿਕਰ ਉਸ ਨਾਲ ਵੀ ਕੀਤਾ ਤਾਂ ਉਸ ਨੇ ਵੀ ਕਿਹਾ ਜੇਕਰ ਅਜਿਹੀ ਗੱਲ ਹੈ ਤਾਂ ਵਾਹਿਗੁਰੂ ਦੀ ਜ਼ਰੂਰ ਕ੍ਰਿਪਾ ਹੋਵੇਗੀ। ਬੀਬੀ ਨੇ ਸੰਤਾਂ ਦੇ ਬਚਨਾਂ ਨੂੰ ਮੁੱਖ ਰੱਖਦਿਆਂ ਅਵਤਾਰ ਸਿੰਘ ਦਾ ਕੇਸ ਖਾਰਜ ਕਰਨ ਲਈ ਅਦਾਲਤ ਵਿੱਚ ਅਪੀਲ ਲਾਉਣ ਲਈ ਵਕੀਲ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਕਿਹਾ ਕਿ ਅਜਿਹਾ ਸੰਭਵ ਨਹੀਂ। ਪਰ ਬੀਬੀ ਨੇ ਕਿਹਾ ਤੁਸੀਂ ਮੇਰੇ ਕਹਿਣ 'ਤੇ ਅਜਿਹੀ ਦਰਖਾਸਤ ਕੋਰਟ ਵਿੱਚ ਜ਼ਰੂਰ ਲਾਓ, ਅੱਗੇ ਜੋ ਵਾਹਿਗੁਰੂ ਨੂੰ ਮਨਜ਼ੂਰ ਹੋਵੇਗਾ ਉਹੀ ਹੋਵੇਗਾ ਤਾਂ ਵਕੀਲਾਂ ਨੇ ਅਵਤਾਰ ਸਿੰਘ ਦੀ ਕੇਸ ਖਾਰਜ ਕਰਨ ਦੀ ਅਪੀਲ ਕੋਰਟ ਵਿੱਚ ਲਗਾ ਦਿੱਤੀ। ਚਾਰ ਮਹੀਨੇ ਭੱਜ ਇਹ ਕੇਸ ਚੱਲਿਆ ਅਤੇ ਚਾਰ-ਪੰਜ ਤਰੀਕਾਂ ਪਈਆਂ। ਆਖੀਰ ਜੱਜ ਨੇ ਫੈਸਲਾ ਦਿੰਦਿਆਂ ਅਵਤਾਰ ਸਿੰਘ ਹੁਰਾਂ ਦਾ ਕੇਸ ਖਾਰਜ ਕਰ ਦਿੱਤਾ। ਇਸ ਤਰ੍ਹਾਂ ਮਾਰਚ 1989 ਵਿੱਚ ਜੇਲ੍ਹ ਵਿੱਚੋਂ ਰਿਹਾਅ ਹੋਏ। ਇਸ ਫੈਸਲੇ 'ਤੇ ਕੇਸ ਦੀ ਪੈਰਵਾਈ ਕਰਨ ਵਾਲੇ ਵਕੀਲ ਵੀ ਹੈਰਾਨ ਸਨ ਪਰ ਅਵਤਾਰ ਸਿੰਘ ਦਾ ਅੱਜ ਵੀ ਮੰਨਣਾ ਹੈ ਕਿ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਨੇ ਸੁਪਨੇ ਰਾਹੀਂ ਬਚਨ ਬਿਲਾਸ ਕਰਦਿਆਂ ਕਿਹਾ ਸੀ ਕਿ ਗੁਰੂ ਸਾਹਿਬ ਆਪੇ ਹੀ ਕ੍ਰਿਪਾ ਕਰਕੇ ਮੱਖਣ 'ਚੋਂ ਵਾਲ ਵਾਂਗ ਕੱਢ ਲੈਣਗੇ ਅਤੇ ਉਸ ਤਰ੍ਹਾਂ ਹੀ ਵਾਪਰਿਆ ਹੈ।

ਭਾਈ ਰਣਜੀਤ ਸਿੰਘ ਦਾ ਸੰਤ ਭਿੰਡਰਾਂਵਾਲਿਆਂ ਨਾਲ ਮਿਲਾਪ

ਦਿੱਲੀ ਵਿਖੇ ਭਾਈ ਗੁਰਚਰਨ ਸਿੰਘ ਵੱਲੋਂ ਰਣਜੀਤ ਅਖਾੜਾ ਨਾਂ ਹੇਠ ਗੱਤਕੇ ਦੀ ਸਿਖਲਾਈ ਦਾ ਅਖਾੜਾ ਚਲਾਇਆ ਜਾ ਰਿਹਾ ਸੀ। ਜਿੱਥੇ ਬਹੁਤ ਸਾਰੇ ਨੌਜਵਾਨ ਸਿੰਘ ਰਵਾਇਤੀ ਸ਼ਸ਼ਤਰ ਵਿੱਦਿਆ ਦੀ ਸਿਖਲਾਈ ਲੈਣ ਆਇਆ ਕਰਦੇ ਸਨ। ਇਨ੍ਹਾਂ ਵਿੱਚ ਹੀ ਇੱਕ ਭਾਈ ਗਿਆਨ ਸਿੰਘ ਨਾਮ ਦਾ ਵਿਅਕਤੀ ਇਸ ਅਖਾੜੇ ਦਾ ਮੈਂਬਰ ਸੀ। ਇੱਥੇ ਹੀ ਭਾਈ ਰਣਜੀਤ ਸਿੰਘ ਵੀ ਸ਼ਸ਼ਤਰ ਵਿੱਦਿਆ ਸਿੱਖਣ ਆਇਆ ਕਰਦੇ ਸਨ। ਇੱਕ ਦਿਨ ਉਸ ਨੇ

Scanned with CamScanner

ਤਸੀਹਿਆਂ ਦੌਰਾਨ ਅਵਤਾਰ ਸਿੰਘ ਦਾ ਚੂਲਾ ਟੁੱਟ ਗਿਆ। ਇਸ ਦੌਰਾਨ ਉਸ ਤੋਂ ਜਨਰਲ ਵੈਦਿਆ ਦੇ ਕਤਲ ਸਬੰਧੀ ਪੁੱਛਗਿੱਛ ਕਰਦੇ ਰਹੇ। ਪਰ ਉਸ ਨੂੰ ਕਿਸੇ ਕਿਸਮ ਦੀ ਡਾਕਟਰੀ ਸਹਾਇਤਾ ਨਾ ਦਿੱਤੀ ਗਈ ਅਤੇ ਇਨ੍ਹਾਂ ਹਾਲਾਤਾਂ ਵਿੱਚ ਹੀ ਉਸ ਨੂੰ ਪੂਨੇ ਦੀ ਜੇਲ੍ਹ ਭੇਜ ਦਿੱਤਾ ਗਿਆ। ਇਥੇ ਜੇਲ੍ਹ ਵਿੱਚ ਇਸ ਦੀ ਮੁਲਾਕਾਤ ਕਰਨ ਲਈ ਇਸ ਦੀ ਪਤਨੀ ਬੀਬੀ ਸੁਖਵੰਤ ਕੌਰ ਆਈ ਅਤੇ ਇਸ ਨਾਲ ਸਲਾਹ ਕਰਕੇ ਇਸ ਦੀ ਕਾਨੂੰਨੀ ਪੈਰਵਾਈ ਕਰਨ ਲਈ ਵਕੀਲ ਦਾ ਇੰਤਜ਼ਾਮ ਕੀਤਾ ਤਾਂ ਇਸ ਦੌਰਾਨ ਇਸ ਬੀਬੀ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਸ ਨੂੰ ਵੀ ਮਾਨਸਿਕ ਤਸੀਹੇ ਦਿੱਤੇ ਗਏ। ਹਾਲਾਂਕਿ ਉਸ ਸਮੇਂ ਬੀਬੀ ਸੁਖਵੰਤ ਕੌਰ ਗਰਭਵਤੀ ਸੀ। ਪੁਲਿਸ ਰਿਮਾਂਡ ਤੋਂ ਉਪਰੰਤ ਇਸ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ। ਉਸ ਸਮੇਂ ਇਸ ਬੀਬੀ ਦੀ ਉਮਰ ਸਿਰਫ 24 ਸਾਲ ਦੀ ਸੀ। ਇਸ ਦੀ ਇੱਕ ਬੱਚੀ ਡੇਢ ਸਾਲ ਦੀ ਅਤੇ ਵੱਡੀ ਚਾਰ ਸਾਲ ਦੀ ਸੀ ਜਿਨ੍ਹਾਂ ਦੀ ਦੇਖ-ਰੇਖ ਅਵਤਾਰ ਸਿੰਘ ਦੀ ਮਾਤਾ ਕਰਦੀ ਸੀ। ਤਿੰਨ ਮਹੀਨੇ ਬਾਅਦ ਬੀਬੀ ਸੁਖਵੰਤ ਕੌਰ ਦੀ ਜ਼ਮਾਨਤ ਹੋਈ। ਇਨ੍ਹਾਂ ਦੇ ਆਰਥਿਕ ਕਾਰੋਬਾਰ ਦਾ ਪਹਿਲਾਂ ਹੀ ਨਕਲੀ ਨਿਰੰਕਾਰੀ ਕਾਂਡ ਦੇ ਸਮੇਂ ਵੱਡਾ ਨੁਕਸਾਨ ਹੋ ਚੁੱਕਾ ਸੀ। ਅਵਤਾਰ ਸਿੰਘ ਦੇ ਦੱਸਣ ਤੱਕ ਸੰਨ 1988 ਦੇ ਨਵੰਬਰ ਮਹੀਨੇ ਵਿੱਚ ਇੱਕ ਦਿਨ ਉਹ ਭਾਰੀ ਸੋਚਾਂ ਵਿੱਚ ਪਿਆ ਹੋਇਆ ਸੀ। ਚੂਲੇ ਦਾ ਦਰਦ ਵੀ ਸੀ, ਦੁਪਹਿਰ ਵੇਲੇ ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਹੋਇਆਂ ਕੰਧ ਨਾਲ ਢੋਅ ਲੱਗਾ ਹੋਇਆ ਸੀ। ਪਾਠ ਪੂਰਾ ਕਰਨ ਤੋਂ ਬਾਅਦ ਵੀ ਉਸੇ ਤਰ੍ਹਾਂ ਢੋਅ ਲਾ ਕੇ ਬੈਠਾ ਰਿਹਾ ਅਤੇ ਗੁਟਕਾ ਸਾਹਿਬ ਵੀ ਹੱਥ ਵਿੱਚ ਹੀ ਸੀ ਅਤੇ ਉਸ ਨੂੰ ਨੀਂਦ ਆ ਗਈ। ਸੁਪਨੇ ਦੌਰਾਨ ਸੰਤ ਜਰਨੈਲ ਸਿੰਘ ਜੀ ਖਾਲਸਾ ਉਨ੍ਹਾਂ ਕੋਲ ਆ ਕੇ ਖੜੇ ਗਏ ਅਤੇ ਪੁੱਛਣ ਲੱਗੇ, "ਭਾਈ ਅਵਤਾਰ ਸਿੰਘ ਕਿੰਨ੍ਹਾਂ ਫਿਕਰਾ ਵਿੱਚ ਪਿਆ ਹੋਇਆ ਹੈਂ?" ਪਰ ਉਹ ਚੁੱਪ ਰਿਹਾ। ਸੰਤ ਫਿਰ ਬੋਲੇ, "ਭਾਈ ਤੂੰ ਫਿਕਰ ਨਾ ਕਰ ਜਿਆਦਾ ਸਮਾਂ ਤੈਨੂੰ ਜੇਲ੍ਹ ਵਿੱਚ ਨਹੀਂ ਰਹਿਣ ਦਿੰਦੇ। ਸਤਿਗੁਰੂ ਕ੍ਰਿਪਾ ਕਰਨਗੇ ਜਿਸ ਤਰ੍ਹਾਂ ਮੱਖਣ ਵਿੱਚੋਂ ਵਾਲ ਕੱਢ ਲਿਆ ਜਾਂਦਾ ਹੈ ਤੈਨੂੰ ਵੀ ਇਸ ਤਰ੍ਹਾਂ ਹੀ ਕੱਢ ਲੈਣਗੇ।" ਅਜਿਹੇ ਹੋਰ ਵੀ ਬਚਨ ਹੋਏ। ਥੋੜ੍ਹੇ ਸਮੇਂ ਬਾਅਦ ਉਸ ਦੀ ਅੱਖ ਖੁੱਲ੍ਹੀ ਅਤੇ ਉਹ ਹੈਰਾਨ ਰਹਿ ਗਿਆ ਕਿ ਇਨ੍ਹਾਂ ਹਾਲਾਤਾਂ ਵਿੱਚ ਵੀ ਸੰਤ ਮੈਨੂੰ ਮਿਲਣ ਆਏ ਹਨ ਅਤੇ ਉਹ ਦੁਚਿੱਤੀ ਵਿੱਚ ਪੈ ਗਿਆ ਕਿ ਜਿਸ ਤਰ੍ਹਾਂ ਦੇ ਮੇਰੇ ਉਪਰ ਮਨਘੜਤ ਕੇਸ ਪਾਏ ਗਏ ਹਨ ਇਸ ਤਰ੍ਹਾਂ ਨੇੜ ਭਵਿੱਖ ਵਿੱਚ ਮੇਰਾ ਜੇਲ੍ਹ ਵਿੱਚੋਂ ਨਿਕਲਣਾ ਸੰਭਵ ਨਹੀਂ ਅਤੇ ਦੂਸਰੇ ਪਾਸੇ ਮਨ ਹੀ ਮਨ ਵਿੱਚ ਸੋਚ ਰਿਹਾ ਸੀ ਕਿ ਸੰਤਾਂ ਨੇ ਜੋ ਬਚਨ ਕੀਤੇ ਹਨ ਭਾਵੇਂ ਸੁਪਨੇ ਵਿੱਚ ਹੀ ਹਨ, ਇਹ ਜ਼ਰੂਰ ਸੱਚ ਹੋਣਗੇ। ਦੂਸਰੇ ਦਿਨ ਇਸ ਦੀ ਪਤਨੀ ਮੁਲਾਕਾਤ ਲਈ ਆਈ ਤਾਂ ਅਵਤਾਰ ਸਿੰਘ ਨੇ ਸੰਤਾਂ ਵਾਲੀ ਘਟਨਾ ਦਾ ਜ਼ਿਕਰ ਉਸ ਨਾਲ ਵੀ ਕੀਤਾ ਤਾਂ ਉਸ ਨੇ ਵੀ ਕਿਹਾ ਜੇਕਰ ਅਜਿਹੀ ਗੱਲ ਹੈ ਤਾਂ ਵਾਹਿਗੁਰੂ ਦੀ ਜ਼ਰੂਰ ਕ੍ਰਿਪਾ ਹੋਵੇਗੀ। ਬੀਬੀ ਨੇ ਸੰਤਾਂ ਦੇ ਬਚਨਾਂ ਨੂੰ ਮੁੱਖ ਰੱਖਦਿਆਂ ਅਵਤਾਰ ਸਿੰਘ ਦਾ ਕੇਸ ਧਾਰਨ ਕਰਨ ਲਈ ਅਦਾਲਤ ਵਿੱਚ ਅਪੀਲ ਲਾਉਣ ਲਈ ਵਕੀਲ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਕਿਹਾ ਕਿ ਅਜਿਹਾ ਸੰਭਵ ਨਹੀਂ। ਪਰ ਬੀਬੀ ਨੇ ਕਿਹਾ ਤੁਸੀਂ ਮੇਰੇ ਕਹਿਣ 'ਤੇ ਅਜਿਹੀ ਦਰਖਾਸਤ ਕੋਰਟ ਵਿੱਚ ਜ਼ਰੂਰ ਲਾਓ, ਅੱਗੇ ਜੋ ਵਾਹਿਗੁਰੂ ਨੂੰ ਮਨਜ਼ੂਰ ਹੋਵੇਗਾ ਉਹੀ ਹੋਵੇਗਾ ਤਾਂ ਵਕੀਲਾਂ ਨੇ ਅਵਤਾਰ ਸਿੰਘ ਦੀ ਕੇਸ ਧਾਰਨ ਕਰਨ ਦੀ ਅਪੀਲ ਕੋਰਟ ਵਿੱਚ ਲਗਾ ਦਿੱਤੀ। ਚਾਰ ਮਹੀਨੇ ਤੱਕ ਇਹ ਕੇਸ ਚੱਲਿਆ ਅਤੇ ਚਾਰ-ਪੰਜ ਤਰੀਕਾਂ ਪਈਆਂ। ਅਖੀਰ ਜੱਜ ਨੇ ਫੈਸਲਾ ਦਿੰਦਿਆ ਅਵਤਾਰ ਸਿੰਘ ਹੁਰਾਂ ਦਾ ਕੇਸ ਧਾਰਨ ਕਰ ਦਿੱਤਾ। ਇਸ ਤਰ੍ਹਾਂ ਮਾਰਚ 1989 ਵਿੱਚ ਜੇਲ੍ਹ ਵਿੱਚੋਂ ਰਿਹਾਅ ਹੋਏ। ਇਸ ਫੈਸਲੇ 'ਤੇ ਕੇਸ ਦੀ ਪੈਰਵਾਈ ਕਰਨ ਵਾਲੇ ਵਕੀਲ ਵੀ ਹੈਰਾਨ ਸਨ ਪਰ ਅਵਤਾਰ ਸਿੰਘ ਦਾ ਅੱਜ ਵੀ ਮੰਨਣਾ ਹੈ ਕਿ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਨੇ ਸੁਪਨੇ ਰਾਹੀਂ ਬਚਨ ਬਿਲਾਸ ਕਰਦਿਆਂ ਕਿਹਾ ਸੀ ਕਿ ਗੁਰੂ ਸਾਹਿਬ ਆਪੇ ਹੀ ਕ੍ਰਿਪਾ ਕਰਕੇ ਮੱਖਣ 'ਚੋਂ ਵਾਲ ਵਾਂਗ ਕੱਢ ਲੈਣਗੇ ਅਤੇ ਉਸ ਤਰ੍ਹਾਂ ਹੀ ਵਾਪਰਿਆ ਹੈ।

ਭਾਈ ਰਣਜੀਤ ਸਿੰਘ ਦਾ ਸੰਤ ਭਿੰਡਰਾਂਵਾਲਿਆਂ ਨਾਲ ਮਿਲਾਪ

ਦਿੱਲੀ ਵਿਖੇ ਭਾਈ ਗੁਰਚਰਨ ਸਿੰਘ ਵੱਲੋਂ ਰਣਜੀਤ ਅਖਾੜਾ ਨਾਂ ਹੇਠ ਗੱਤਕੇ ਦੀ ਸਿਖਲਾਈ ਦਾ ਅਖਾੜਾ ਚਲਾਇਆ ਜਾ ਰਿਹਾ ਸੀ। ਜਿੱਥੇ ਬਹੁਤ ਸਾਰੇ ਨੌਜਵਾਨ ਸਿੰਘ ਰਵਾਇਤੀ ਸ਼ਸਤਰ ਵਿੱਦਿਆ ਦੀ ਸਿਖਲਾਈ ਲੈਣ ਆਇਆ ਕਰਦੇ ਸਨ। ਇਨ੍ਹਾਂ ਵਿੱਚ ਹੀ ਇੱਕ ਭਾਈ ਗਿਆਨ ਸਿੰਘ ਨਾਮ ਦਾ ਵਿਅਕਤੀ ਇਸ ਅਖਾੜੇ ਦਾ ਮੈਂਬਰ ਸੀ। ਇੱਥੇ ਹੀ ਭਾਈ ਰਣਜੀਤ ਸਿੰਘ ਵੀ ਸ਼ਸਤਰ ਵਿੱਦਿਆ ਸਿੱਖਣ ਆਇਆ ਕਰਦੇ ਸਨ। ਇੱਕ ਦਿਨ ਉਹ ਨੇ

Scanned with CamScanner

ਸ. ਗਿਆਨ ਸਿੰਘ ਨਾਲ ਸੰਤਾਂ ਨੂੰ ਮਿਲਣ ਵਾਸਤੇ ਜ਼ਿਕਰ ਕੀਤਾ ਤਾਂ ਗਿਆਨ ਸਿੰਘ ਨੇ ਕਿਹਾ ਕਿ ਮੈਂ ਇਸ ਦਾ ਇੰਤਜ਼ਾਮ ਕਰਾਂਗਾ। ਭਾਈ ਗਿਆਨ ਸਿੰਘ ਪਿੰਡ ਨਾਗੋਕੇ ਵਿਖੇ ਵਿਆਹਿਆ ਹੋਇਆ ਸੀ। ਨਾਗੋਕੇ ਪਿੰਡ ਦੇ ਕਈ ਨੌਜਵਾਨ ਸੰਤ ਭਿੰਡਰਾਂਵਾਲਿਆਂ ਦੇ ਸੰਪਰਕ ਵਿੱਚ ਸਨ ਜਿਨ੍ਹਾਂ ਦੀ ਸੰਤਾਂ ਕੋਲ ਆਮ ਆਉਣੀ ਜਾਣੀ ਸੀ। ਜਿਨ੍ਹਾਂ ਵਿੱਚ ਭਾਈ ਕੁਲਵੰਤ ਸਿੰਘ, ਭਾਈ ਮੇਜਰ ਸਿੰਘ, ਭਾਈ ਲੱਖਾ ਸਿੰਘ, ਇਸ ਤਰ੍ਹਾਂ ਹੋਰ ਵੀ ਕਈ ਸਿੰਘ ਇਨ੍ਹਾਂ ਦੇ ਸਾਥੀ ਸਨ। ਇੱਕ ਦਿਨ ਭਾਈ ਗਿਆਨ ਸਿੰਘ ਦਿੱਲੀ ਤੋਂ ਨਾਗੋਕੇ ਵਿਖੇ ਠਹਿਰਿਆ ਅਤੇ ਉਸ ਨੇ ਭਾਈ ਲੱਖਾ ਸਿੰਘ ਨਾਲ ਸੰਤਾਂ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਅਤੇ ਦੱਸਿਆ ਕਿ ਉਨ੍ਹਾਂ ਨਾਲ ਦਿੱਲੀ ਨਿਵਾਸੀ ਭਾਈ ਰਣਜੀਤ ਸਿੰਘ ਵੀ ਸੰਤਾਂ ਨੂੰ ਮਿਲਣਾ ਚਾਹੁੰਦਾ ਹੈ ਤਾਂ ਦੋ ਕੁ ਦਿਨਾਂ ਵਿੱਚ ਹੀ ਭਾਈ ਰਣਜੀਤ ਸਿੰਘ ਵੀ ਇੱਥੇ ਪਹੁੰਚ ਗਏ। ਭਾਈ ਲੱਖਾ ਸਿੰਘ ਨਾਗੋਕੇ ਇਨ੍ਹਾਂ ਨੂੰ ਨਾਲ ਲੈ ਕੇ ਸੰਤਾਂ ਕੋਲ ਗਏ। ਸੰਤਾਂ ਨਾਲ ਕਾਫੀ ਡੂੰਘੀਆਂ ਵਿਚਾਰਾਂ ਹੋਈਆਂ। ਉਪਰੰਤ ਭਾਈ ਲੱਖਾ ਸਿੰਘ ਆਪਣੇ ਪਿੰਡ ਨਾਗੋਕੇ ਚਲਾ ਗਿਆ। ਭਾਈ ਰਣਜੀਤ ਸਿੰਘ ਅਤੇ ਗਿਆਨ ਸਿੰਘ ਵਾਪਸ ਦਿੱਲੀ ਪਰਤ ਗਏ।

ਨਕਲੀ ਨਿਰੰਕਾਰੀ ਤੋਂ ਬਦਲਾ ਲੈਣ ਲਈ ਸਿੰਘਾਂ ਦਾ ਜੋਸ਼ ਆਪੇ ਤੋਂ ਬਾਹਰ ਹੋਣ ਲੱਗਾ

ਇੱਕ ਦਿਨ ਮਹਿਤੇ ਵਿਖੇ ਹੀ ਜੱਥੇ ਦੇ ਕੁੱਝ ਸਿੰਘਾਂ ਨੇ ਸੰਤਾਂ ਨਾਲ ਜ਼ਰੂਰੀ ਗੱਲਬਾਤ ਕਰਨ ਦਾ ਸਮਾਂ ਮੰਗਿਆ। ਇਨ੍ਹਾਂ ਵਿੱਚ ਭਾਈ ਦਲਬੀਰ ਸਿੰਘ, ਭਾਈ ਕਾਬਲ ਸਿੰਘ, ਭਾਈ ਸਵਰਨ ਸਿੰਘ, ਭਾਈ ਭੋਲਾ ਸਿੰਘ ਆਦਿ ਸ਼ਾਮਿਲ ਸਨ। ਇਨ੍ਹਾਂ ਸਿੰਘਾਂ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਸਾਡੇ ਲਈ ਹੋਰ ਇੰਤਜ਼ਾਰ ਕਰਨਾ ਮੁਸ਼ਕਿਲ ਹੈ। ਇਸ ਲਈ ਸਾਨੂੰ ਭਾਵੇਂ ਸ਼ਹੀਦੀਆਂ ਦੇਣੀਆਂ ਪੈਣ ਪਰ ਸਿੰਘਾਂ ਦੇ ਕਾਤਲ ਨੂੰ ਸਬਕ ਸਿਖਾਉਣ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ। ਇਸ ਲਈ ਤੁਸੀਂ ਜਿਵੇਂ ਠੀਕ ਸਮਝੋ ਸਾਨੂੰ ਸੇਵਾ ਬਖਸ਼ੋ ਤਾ ਕਿ ਇਹ ਕਾਰਜ ਤੁਰੰਤ ਕੀਤਾ ਜਾ ਸਕੇ ਤਾਂ ਸੰਤਾਂ ਨੇ ਕਿਹਾ ਕਿ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਤੁਹਾਡੇ ਮਨ ਅੰਦਰ ਅਜਿਹੀ ਵਿਚਾਰ ਪੈਦਾ ਕੀਤੀ ਹੈ ਤਾਂ ਉਸ ਦੇ ਚਰਨਾਂ ਵਿੱਚ ਹੀ ਅਰਦਾਸ ਬੇਨਤੀ ਕਰੋ ਕਿ ਉਹ ਆਪ ਹੀ ਇਸ ਕਾਰਜ ਨੂੰ ਪੂਰਾ ਕਰਵਾ ਲੈਣ ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਨਾਲ ਮੱਥਾ ਲਾਉਣ ਵਾਲਾ ਕੋਈ ਵੀ ਵਿਅਕਤੀ ਸ੍ਰੀ ਅਕਾਲ ਤਖਤ ਸਾਹਿਬ ਦੀ ਅਸੀਮ ਸ਼ਕਤੀ ਅੱਗੇ ਅੜ ਨਹੀਂ ਸਕਿਆ। ਬਾਕੀ ਆਪਾਂ ਜਲਦੀ ਹੀ ਇਸ ਸਬੰਧ ਵਿੱਚ ਅਗਲੀ ਵਿਚਾਰ ਕਰਾਂਗੇ। ਇਹ ਕਹਿ ਕੇ ਅੱਜ ਦੀ ਵਿਚਾਰ ਖਤਮ ਕਰ ਦਿੱਤੀ।

ਅਗਲੇ ਦਿਨ ਭਾਈ ਕਾਬਲ ਸਿੰਘ ਨੂੰ ਅਲੱਗ ਤੌਰ 'ਤੇ ਆਪਣੇ ਕੋਲ ਬੁਲਾਇਆ ਅਤੇ ਕੁੱਝ ਸਮਾਂ ਵਿਚਾਰਾਂ ਕੀਤੀਆਂ। ਉਸ ਨੂੰ ਭਾਈ ਰਣਜੀਤ ਸਿੰਘ ਬਾਰੇ ਵੀ ਜਾਣਕਾਰੀ ਦੇ ਦਿੱਤੀ ਅਤੇ ਇਹ ਵੀ ਪੱਕਿਆਂ ਕੀਤਾ ਕਿ ਤੂੰ ਹੋਰ ਕਿਸੇ ਨੂੰ ਇਸ ਬਾਰੇ ਨਹੀਂ ਦੱਸਣਾ ਅਤੇ ਨਾਲ ਹੀ ਇਹ ਵੀ ਦੱਸ ਦਿੱਤਾ ਕਿ ਲੋੜੀਂਦੀ ਤਿਆਰੀ ਕਰਕੇ ਉਹ ਦਿੱਲੀ ਜਾਵੇ ਅਤੇ ਉਥੇ ਰਣਜੀਤ ਅਖਾੜੇ ਵਿਖੇ ਇੱਕ ਦੋ ਦਿਨ ਦੀ ਹਾਜ਼ਰੀ ਭਰੇ ਅਤੇ ਗੱਤਕਾ ਸਿੱਖਣ ਵਾਲੇ ਸਿੰਘਾਂ ਨਾਲ ਸਿਖਲਾਈ ਅਭਿਆਸ ਕਰੇ। ਉਥੇ ਹੀ ਭਾਈ ਰਣਜੀਤ ਸਿੰਘ ਮਿਲੇਗਾ ਅਤੇ ਅਗਲਾ ਪ੍ਰੋਗਰਾਮ ਉਸ ਦੇ ਮੁਤਾਬਿਕ ਹੋਵੇਗਾ। ਇਸ ਤਰ੍ਹਾਂ ਬਚਨ ਕਰਦਿਆਂ ਸੰਤਾਂ ਨੇ ਕਿਹਾ ਜਦੋਂ ਇਰਾਦਾ ਦ੍ਰਿੜ ਹੋਵੇ, ਗੁਰੂ 'ਤੇ ਅਟੱਲ ਵਿਸ਼ਵਾਸ਼ ਹੋਵੇ, ਕਾਰਜ ਵੀ ਪੰਥਕ ਹੋਵੇ ਅਤੇ ਆਪਾ ਵਾਰਨ ਦੀ ਭਾਵਨਾ ਵੀ ਹੋਵੇ ਤਾਂ ਫਿਰ ਅਕਾਲ ਪੁਰਖ ਆਪ ਹੀ ਸਹਾਈ ਹੁੰਦਾ ਹੈ। ਸੰਤਾਂ ਤੋਂ ਅਜਿਹੇ ਬਚਨ ਸੁਣ ਕੇ ਅੰਦਰ ਹੀ ਅੰਦਰ ਭਾਈ ਕਾਬਲ ਸਿੰਘ ਦਾ ਦਿਲ ਹੌਸਲੇ ਨਾਲ ਲਬਾ-ਲਬ ਭਰ ਗਿਆ। ਇਸੇ ਤਰ੍ਹਾਂ ਭਾਈ ਦਲਬੀਰ ਸਿੰਘ, ਭਾਈ ਭੋਲਾ ਸਿੰਘ ਅਤੇ ਭਾਈ ਸਵਰਨ ਸਿੰਘ ਨੂੰ ਵੀ ਕੁੱਝ ਜ਼ਰੂਰੀ ਹਦਾਇਤਾਂ ਕਰਕੇ ਦਿੱਲੀ ਭੇਜਿਆ। ਲੋੜ ਅਨੁਸਾਰ ਤਿਆਰੀ ਕਰਕੇ ਇਹ ਸਾਰੇ ਦਿੱਲੀ ਜਾਣ ਲਈ ਤਿਆਰ ਹੋਏ। ਦਿਲ ਵਿੱਚ ਭਾਰੀ ਉਮਾਹ ਚਿਹਰਿਆਂ 'ਤੇ ਲਾਲੀਆਂ ਅਤੇ ਸਿੰਘਾਂ ਦੇ ਕਾਤਲ ਨੂੰ ਸੋਧਣ ਦਾ ਦ੍ਰਿੜ ਇਰਾਦਾ ਧਾਰ ਕੇ ਇਨ੍ਹਾਂ ਸਿੰਘਾਂ ਨੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਅਰਦਾਸਾ ਸੋਧਿਆ ਅਤੇ ਦਿੱਲੀ ਨੂੰ ਚਾਲੇ ਪਾ ਦਿੱਤੇ। ਉੱਥੇ ਜਾ ਕੇ ਮਿੱਥੇ ਪ੍ਰੋਗਰਾਮ ਅਨੁਸਾਰ ਭਾਈ ਕਾਬਲ ਸਿੰਘ ਇਨ੍ਹਾਂ ਤੋਂ ਅਲੱਗ ਹੋ ਗਏ ਅਤੇ ਉਸ ਨੇ ਆਪਣਾ ਟਿਕਾਣਾ ਬਣਾ ਕੇ ਸ਼ਾਮ ਨੂੰ ਰਣਜੀਤ ਅਖਾੜੇ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਉੱਥੇ ਹੀ ਇਸ ਨੂੰ ਭਾਈ ਰਣਜੀਤ ਸਿੰਘ

Scanned with CamScanner

ਮਿਲੇ ਅਤੇ ਆਪਸੀ ਜਾਣ ਪਛਾਣ ਹੋਈ। ਅਗਲੇ ਹੀ ਦਿਨ ਭਾਈ ਰਣਜੀਤ ਸਿੰਘ ਨੇ ਭਾਈ ਕਾਬਲ ਸਿੰਘ ਨੂੰ ਆਪਣੇ ਹੈਲਪਰ ਦੇ ਤੌਰ 'ਤੇ ਨਿਰੰਕਾਰੀ ਭਵਨ ਵਿੱਚ ਲਿਜਾਣਾ ਸ਼ੁਰੂ ਕਰ ਦਿੱਤਾ। ਥੋੜ੍ਹੇ ਹੀ ਦਿਨਾਂ ਵਿੱਚ ਇਨ੍ਹਾਂ ਦੋਵਾਂ ਨੇ ਇਸ ਮਿਸ਼ਨ ਦੀ ਪੂਰਤੀ ਲਈ ਆਪਣੀ ਸਕੀਮ ਪੂਰੀ ਕਰ ਲਈ ਅਤੇ ਹੁਣ ਸਮੇਂ ਦਾ ਇੰਤਜ਼ਾਰ ਕਰਨ ਲੱਗੇ। ਇਸ ਕੰਮ ਲਈ ਇਨ੍ਹਾਂ ਦੇ ਦਿਲ ਦੀ ਇੱਛਾ ਏਨੀ ਪ੍ਰਬਲ ਸੀ ਕਿ ਇੱਕ ਇੱਕ ਦਿਨ ਬਿਤਾਉਣਾ ਵੀ ਇਨ੍ਹਾਂ ਲਈ ਔਖਾ ਹੋ ਗਿਆ।

ਦੰਭੀ ਨਿਰੰਕਾਰੀ ਗੁਰਬਚਨ ਸਿੰਘ ਦੇ ਆਖਰੀ ਦਿਨ

ਸ੍ਰੀ ਅੰਮ੍ਰਿਤਸਰ ਵਿਖੇ 13 ਸਿੰਘ, ਕਾਨਪੁਰ ਵਿਖੇ 10 ਸਿੰਘ, ਦਿੱਲੀ ਵਿਖੇ 3 ਸਿੰਘਾਂ ਦੇ ਖੂਨ ਦੀ ਹੋਲੀ ਖੇਡਣ ਤੋਂ ਬਾਅਦ ਨਕਲੀ ਨਿਰੰਕਾਰੀਆਂ ਦੇ ਅਖੌਤੀ ਗੁਰੂ ਗੁਰਬਚਨ ਸਿੰਘ ਦੀ ਰਾਤਾਂ ਦੀ ਨੀਂਦ ਅਲੋਪ ਹੋ ਗਈ ਕਿਉਂਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਇੱਕ ਤੋਂ ਬਾਅਦ ਦੂਸਰੇ ਥਾਂ 'ਤੇ ਇਸ ਨੂੰ ਸਿੱਖਾਂ ਦੇ ਭਾਰੀ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਗੱਲ ਇਥੋਂ ਤੱਕ ਵੱਧ ਚੁਕੀ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇਸ ਦੇ ਖਿਲਾਫ ਜਾਰੀ ਕੀਤੇ ਆਦੇਸ਼ ਦੇ ਬਾਵਜੂਦ ਇਸ ਨੇ ਸਿੱਖੀ ਵਿਰੋਧੀ ਗਤੀਵਿਧੀਆਂ ਨੂੰ ਨਾ ਤਿਆਗਿਆ ਬਲਕਿ ਉਸ ਨੇ ਆਪਣੇ ਆਪ ਨੂੰ ਗੁਰੂ ਹੋਣ ਦਾ ਭਰਮ ਪਾਲ ਰੱਖਿਆ ਸੀ ਜਿਸ ਨੂੰ ਸਿੱਖ ਬਰਦਾਸ਼ਤ ਨਹੀਂ ਸਨ ਕਰ ਸਕਦੇ। ਇਸੇ ਕਾਰਨ ਕਈ ਵਾਰ ਖੂਨੀ ਟਕਰਾਅ ਹੋਏ ਜਿਸ ਵਿੱਚ ਸਿੱਖਾਂ ਦਾ ਭਾਰੀ ਨੁਕਸਾਨ ਹੋਇਆ ਅਤੇ ਹੁਣ ਸਿੱਖ ਇਸ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਇਸ ਨੂੰ ਖਤਮ ਕਰਨ ਲਈ ਦੁਰਗ ਵਿਖੇ ਹੋਈ ਘਟਨਾ ਨਾਲ ਇਸ ਨੇ ਮੌਤ ਨੂੰ ਬਹੁਤ ਨੇੜਿਉਂ ਦੇਖਿਆ ਸੀ। ਇਸ ਲਈ ਉਸ ਨੇ ਆਪਣੇ ਆਲੇ ਦੁਆਲੇ ਹਥਿਆਰਬੰਦ ਬਾਡੀਗਾਰਡਾਂ ਦਾ ਪਹਿਰਾ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਮਜਬੂਤ ਕਰ ਲਿਆ ਸੀ। ਇਸ ਨੂੰ ਹਰ ਸਮੇਂ ਹੀ ਰਹਿਤਵਾਨ ਅੰਮ੍ਰਿਤਧਾਰੀ ਸਿੰਘਾਂ ਦੀਆਂ ਸ਼ਕਲਾਂ ਵਿੱਚੋਂ ਮੌਤ ਦੇ ਫਰਿਸ਼ਤੇ ਦਿਖਾਈ ਦੇਣ ਲੱਗ ਪਏ ਸਨ। ਕਿਹਾ ਜਾਂਦਾ ਹੈ ਕਿ ਕਾਨੂੰਨ ਦੀਆਂ ਬਾਹਾਂ ਬਹੁਤ ਲੰਮੀਆਂ ਹੁੰਦੀਆਂ ਹਨ ਪਰ ਇਸ ਦੇ ਬਾਵਜੂਦ ਉਹ ਬਾਹਾਂ ਇਸ ਕਾਨੂੰਨੀ ਮੁਜ਼ਰਮ ਨੂੰ ਹੱਥ ਪਾਉਣ ਤੋਂ ਅਸਮਰੱਥ ਸਾਬਤ ਹੋਈਆਂ ਸਨ। ਪਰ ਕਾਨੂੰਨ ਦੀ ਗ੍ਰਿਫਤ ਵਿੱਚੋਂ ਆਜ਼ਾਦ ਹੁੰਦਿਆਂ ਹੋਇਆਂ ਵੀ ਆਪਣੀ ਕਰਨੀ ਅਤੇ ਕਰਤੂਤ ਦੇ ਫਲਸਰੂਪ ਇੱਕ ਕੈਦੀ ਵਾਂਗ ਜ਼ਿੰਦਗੀ ਬਸਰ ਕਰਨ ਲਈ ਮਜ਼ਬੂਰ ਹੋ ਕੇ ਆਪਣੇ ਭਵਨ ਦੀਆਂ ਕੰਧਾਂ ਦੇ ਅੰਦਰ ਕੈਦ ਹੋ ਕੇ ਰਹਿ ਗਿਆ ਸੀ। ਜਦ ਉਸ ਨੂੰ ਆਪਣੇ ਹੀ ਭਵਨ ਦੀਆਂ ਕੰਧਾਂ ਅਤੇ ਆਲੀਸ਼ਾਨ ਬੰਗਲਿਆਂ ਵਿੱਚੋਂ ਘੁਟਨ ਮਹਿਸੂਸ ਹੁੰਦੀ ਤਾਂ ਸੁਰੱਖਿਅਤ ਥਾਵਾਂ 'ਤੇ ਭਵਨ ਤੋਂ ਬਾਹਰ ਜਾਣ ਦਾ ਪ੍ਰੋਗਰਾਮ ਬਣਾ ਲੈਂਦਾ। ਪਰ ਜਦੋਂ ਵੀ ਭਵਨ ਵਿੱਚੋਂ ਨਿਕਲਦਾ ਤਾਂ ਆਪਣੀ ਹਿਫਾਜ਼ਤ ਦੇ ਪੂਰੇ ਪ੍ਰਬੰਧ ਕਰਕੇ ਹੀ ਨਿਕਲਦਾ। ਫਿਰ ਵੀ ਉਸ ਦੇ ਦਿਲ ਅੰਦਰ ਇੱਕ ਭਰਾਉਣਾ ਸਹਿਮ ਬਣਿਆ ਰਹਿੰਦਾ ਕਿ ਜ਼ਰੂਰ ਕੋਈ ਅਗਿਆਤ ਸ਼ਕਤੀ ਉਸ ਦਾ ਪਿੱਛਾ ਕਰ ਰਹੀ ਹੈ ਜੋ ਉਸ ਨੂੰ ਕਦੇ ਵੀ ਖਤਮ ਕਰ ਦੇਵੇਗੀ।

ਦੋ ਵਾਰ ਅਜਿਹੇ ਭਿਆਨਕ ਦ੍ਰਿਸ਼ ਨਕਲੀ ਨਿਰੰਕਾਰੀ ਨੇ ਦੇਖੇ ਜਿਸ ਵਿੱਚੋਂ ਮੌਤ ਉਸ ਦੇ ਬਿਲਕੁਲ ਨਜਦੀਕ ਪਹੁੰਚ ਚੁੱਕੀ ਨਜ਼ਰ ਆਈ। ਪਰ ਇਸ ਨੂੰ ਕੁਦਰਤ ਦਾ ਵਰਤਾਰਾ ਹੀ ਸਮਝ ਲਿਆ ਜਾਵੇ ਕਿ ਦੋਵੇਂ ਵਾਰ ਇਹ ਮੌਤ ਦੇ ਸਾਏ ਥੱਲੋਂ ਨਿਕਲ ਕੇ ਬਚ ਜਾਂਦਾ ਰਿਹਾ। ਇਸ ਦੇ ਭੈੜੇ ਇਰਾਦਿਆਂ ਅਤੇ ਸਿੱਖੀ ਵਿਰੁੱਧ ਚੱਲੀਆਂ ਜਾ ਰਹੀਆਂ ਚਾਲਾਂ ਕਾਰਨ ਇਸ ਨੂੰ ਖਤਮ ਕਰਨ ਲਈ ਇਸ ਦਾ ਪਿੱਛਾ ਕਰ ਰਹੇ ਸਿਦਕੀ ਸਿੱਖ ਨੌਜਵਾਨਾਂ ਨੂੰ ਵੀ ਇਸ ਗੱਲ ਦਾ ਤੌਖਲਾ ਸੀ ਕਿ ਸਿਖਾਂ ਦਾ ਕਾਫਲ ਬਾਰ-ਬਾਰ ਬਚ ਕੇ ਨਿਕਲ ਜਾਂਦਾ ਹੈ। ਇਸ ਲਈ ਇਸ ਵਾਰ ਕੁੱਝ ਕਰ ਗੁਜ਼ਰਨ ਦਾ ਦ੍ਰਿੜ ਸੰਕਲਪ ਸੀ। ਦੂਜੇ ਪਾਸੇ ਨਕਲੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੇ ਵੀ ਮੌਤ ਤੋਂ ਡਰਦਿਆਂ ਦਿੱਲੀ ਤੋਂ ਬਾਹਰ ਜਾਣ ਦੇ ਪ੍ਰੋਗਰਾਮ ਤਿਆਗ ਦਿੱਤੇ ਸਨ। ਇਸ ਲਈ ਇਸ ਨੂੰ ਇਸ ਦੇ ਦਿੱਲੀ ਵਿਚਲੇ ਭਵਨ ਵਿੱਚ ਹੀ ਖਤਮ ਕਰਨ ਦੇ ਇਰਾਦੇ ਨਾਲ ਇਸ ਦਾ ਪਿੱਛਾ ਕੀਤਾ ਜਾਣ ਲੱਗਾ। ਇੱਕ ਤੋਂ ਵੱਧ ਅਲੱਗ-ਅਲੱਗ ਗਰੁੱਪਾਂ ਵਿੱਚ ਸਿੱਖ ਨੌਜਵਾਨ ਆਪੋ ਆਪਣੇ ਢੰਗ ਨਾਲ ਅਘਟੀ ਗੁਰੀਲਾ ਨੀਤੀ ਬਣਾ ਰਹੇ ਸਨ। ਉਨ੍ਹਾਂ ਦੀ ਇਸ ਨੀਤੀ ਦੇ ਭੇਦ ਇੰਨੇ ਡੂੰਘੇ ਸਨ ਕਿ ਇਨ੍ਹਾਂ ਗਰੁੱਪਾਂ ਨੂੰ ਆਪਸ ਵਿੱਚ ਵੀ ਨਹੀਂ ਪਤਾ ਸੀ ਕਿ ਸਾਡੇ ਗਰੁੱਪ ਤੋਂ ਬਿਨਾਂ ਹੋਰ ਵੀ ਕੋਈ ਗਰੁੱਪ ਇਸੇ ਹੀ ਮਿਸ਼ਨ ਉੱਪਰ ਸਰਗਰਮ ਹੈ। ਬਹੁਤ ਬਾਰੀਕੀ ਨਾਲ ਇਨ੍ਹਾਂ ਸਿੰਘਾਂ ਨੇ ਦਿੱਲੀ ਦੇ ਨਿਰੰਕਾਰੀ ਭਵਨ ਦਾ ਨਿਰੀਖਣ ਕੀਤਾ ਕਿ ਕਿਸ ਢੰਗ ਨਾਲ ਇਸ ਨੂੰ ਖਤਮ ਕੀਤਾ ਜਾ ਸਕਦਾ ਹੈ। ਦਿੱਲੀ ਭਵਨ ਦੇ ਨੇੜੇ ਹੀ ਨਿਰੰਕਾਰੀ ਕਲੋਨੀ ਵਿਖੇ ਭੇਸ

Scanned with CamScanner

ਬਦਲ ਕੇ ਰਹਿ ਰਹੇ ਨੌਜਵਾਨ ਸਿੱਖਾਂ ਨੇ ਇਸ ਦੀਆਂ ਗਤੀਵਿਧੀਆਂ ਉਪਰ ਬਾਜ਼ ਨਿਗ੍ਹਾ ਰੱਖੀ ਹੋਈ ਸੀ ਅਤੇ ਉਸੇ ਢੰਗ ਨਾਲ ਹੀ ਯੁੱਧ ਨੀਤੀ ਦੀ ਤਿਆਰੀ ਕੀਤੀ ਗਈ ਸੀ। ਪਰ ਇਸ ਦੇ ਬਾਵਜੂਦ ਉਹ ਇਸ ਲਈ ਬਚ ਜਾਂਦਾ ਕਿ ਕਦੇ ਗੱਡੀ ਬਦਲ ਕੇ ਕਦੇ ਸਮਾਂ ਬਦਲ ਕੇ ਭਵਨ ਵਿੱਚ ਨਿਕਲਦਾ ਅਤੇ ਇਸੇ ਢੰਗ ਨਾਲ ਹੀ ਵਾਪਸ ਪਰਤਦਾ। ਪਰ ਵੱਡੀ ਸ਼ਾਨ ਨਾਲ ਗੱਡੀਆਂ ਦੇ ਕਾਫਲੇ ਸਮੇਤ ਆਪਣੇ ਅਖੌਤੀ ਪ੍ਰਵਚਨਾਂ ਲਈ ਜਲਸਿਆਂ ਵਿੱਚ ਜਾਣਾ ਅਤੇ ਸ਼ਾਨਦਾਰ ਸਵਾਗਤ ਕਰਵਾਉਣੇ ਇਸ ਲਈ ਸੁਪਨਾ ਬਣ ਚੁੱਕੇ ਸਨ। ਪਰ ਹੁਣ ਇਸ ਦੇ ਪਾਪਾਂ ਦਾ ਭਾਂਡਾ ਭਰ ਚੁੱਕਾ ਸੀ ਅਤੇ ਇਸ ਦੀ ਅੱਯਾਸ਼ੀ ਦੇ ਖਤਮ ਹੋਣ ਦਾ ਸਮਾਂ ਆ ਪਹੁੰਚਿਆ ਸੀ।

ਅਖੀਰ 24 ਅਪ੍ਰੈਲ 1980 ਨੂੰ ਇਨ੍ਹਾਂ ਦੋਵੇਂ ਮਰਦ ਸਿੰਘਾਂ ਨੇ ਸਮਾਂ ਨੀਅਤ ਕਰ ਲਿਆ ਕਿ ਅੱਜ ਇਸ ਦਾ ਅੰਤ ਕਰ ਦੇਣਾ ਹੈ। ਇਨ੍ਹਾਂ ਸਿੰਘਾਂ ਨੇ ਆਪਣੇ ਹੀ ਸਾਧਨਾਂ ਰਾਹੀਂ ਪਤਾ ਲਗਾ ਲਿਆ ਕਿ ਅੱਜ ਨਿਰੰਕਾਰੀ ਮੁਖੀ ਨੇ ਸ਼ਾਮ ਨੂੰ ਮੁਲਤਾਨੀ ਢਾਂਡਾ (ਨਵੀ ਦਿੱਲੀ ਪਹਾੜਗੰਜ) ਵਿਖੇ ਆਪਣੇ ਅਨੁਯਾਈਆਂ ਵੱਲੋਂ ਰੱਖੇ ਗਏ ਇੱਕ ਜਲਸੇ ਨੂੰ ਸੰਬੋਧਨ ਕਰਨਾ ਹੈ। ਇਹ ਦੋਵੇਂ ਸਿੰਘ ਪੂਰੀ ਤਿਆਰੀ ਨਾਲ ਜਦੋਂ ਇਸਦੇ ਭਵਨ ਦੇ ਗੇਟ ਤੇ ਗਏ ਤਾਂ ਨਿਰੰਕਾਰੀ ਮੁਖੀ ਨਾਲ ਉਨ੍ਹਾਂ ਵੱਲੋਂ ਭਵਨ ਅੰਦਰ ਚੱਲ ਰਹੇ ਫਰਨੀਚਰ ਦੇ ਕੰਮ ਬਾਰੇ ਸੰਖੇਪ ਜਿਹੀ ਗੱਲਬਾਤ ਵੀ ਹੋਈ। ਇਸ ਤੋਂ ਬਾਅਦ ਸਿੰਘ ਭਵਨ ਅੰਦਰ ਚਲੇ ਗਏ ਅਤੇ ਉਹ ਭਵਨ ਵਿੱਚੋਂ ਨਿਕਲ ਕੇ ਜਲਸੇ ਵਾਲੀ ਜਗ੍ਹਾ ਵੱਲ ਰਵਾਨਾ ਹੋ ਗਿਆ। ਉੱਥੇ ਪਹੁੰਚ ਕੇ ਉਸ ਨੇ ਜਲਸੇ ਨੂੰ ਸੰਬੋਧਨ ਕੀਤਾ। ਹਾਲਾਂਕਿ ਇਸ ਜਲਸੇ ਵਿੱਚ ਇਸ ਦੇ ਪੁਰਾਣੇ ਜਾਣਕਾਰ ਬੰਦੇ ਹੀ ਪ੍ਰਬੰਧਕ ਸਨ ਅਤੇ ਇਸ ਨੂੰ ਮੰਨਣ ਵਾਲੇ ਹੀ ਜਲਸੇ ਵਿੱਚ ਪਹੁੰਚੇ ਹੋਏ ਸਨ। ਪਰ ਫਿਰ ਵੀ ਇਸ ਦੇ ਮਨ ਅੰਦਰ ਇੱਕ ਅਜੀਬ ਕਿਸਮ ਦਾ ਡਰ ਬਣਿਆ ਹੋਇਆ ਸੀ। ਇਸ ਲਈ ਉਸ ਨੇ ਵਾਪਸ ਭਵਨ ਜਾਣਾ ਹੀ ਬੇਹਤਰ ਸਮਝਿਆ। ਦੂਜੇ ਪਾਸੇ ਇਸ ਅਖੌਤੀ ਗੁਰੂ ਦੀ ਮੌਤ ਉਡੀਕ ਰਹੀ ਸੀ। ਰਾਤ ਕਾਫੀ ਦੇਰ ਗਏ ਦੰਭੀ ਗੁਰੂ ਗੁਰਬਚਨ ਸਿੰਘ ਆਪਣੀ ਪਤਨੀ ਕੁਲਵੰਤ ਕੌਰ, ਬਾਡੀਗਾਰਡ ਪ੍ਰਤਾਪ ਸਿੰਘ ਅਤੇ ਆਪਣੇ ਡਰਾਈਵਰ ਸਮੇਤ ਇੱਕ ਗੱਡੀ ਵਿੱਚ ਸਵਾਰ ਸੀ ਅਤੇ ਬਾਕੀ ਇਸ ਦੇ ਸੇਵਾ ਦਲ ਦੇ ਕੁੱਝ ਚੋਣਵੇਂ ਮੈਂਬਰ ਦੂਸਰੀਆਂ ਗੱਡੀਆਂ ਵਿੱਚ ਸਨ। ਪਰ ਨਿਰੰਕਾਰੀ ਭਵਨ ਵਿੱਚ ਕੇਵਲ ਇਸ ਦੀ ਆਪਣੀ ਹੀ ਗੱਡੀ ਦਾਖਲ ਹੁੰਦੀ ਸੀ ਬਾਕੀ ਸੇਵਾ ਦਲ ਦੇ ਮੈਂਬਰ ਬਾਹਰ ਰੁਕ ਜਾਂਦੇ ਸਨ। ਇਸ ਲਈ ਜਿਉਂ ਹੀ ਮੇਨ ਗੇਟ ਤੋਂ ਇਸਦੀ ਗੱਡੀ ਭਵਨ ਅੰਦਰ ਦਾਖਲ ਹੋਈ ਤਾਂ ਪਹਿਲਾਂ ਹੀ ਤਿਆਰ ਖੜ੍ਹੇ ਸਿੰਘ ਵੀ ਸੁਚੇਤ ਹੋ ਗਏ। ਜਿਉਂ ਹੀ ਭਵਨ ਦੇ ਅੰਦਰ ਰਿਹਾਇਸ਼ੀ ਕਮਰਿਆਂ ਦੇ ਸਾਹਮਣੇ ਇਸ ਦੀ ਕਾਰ ਰੁਕੀ ਅਤੇ ਕਾਰ ਵਿੱਚੋਂ ਬਾਹਰ ਨਿਕਲਣ ਲਈ ਹਾਲੇ ਧਰਤੀ 'ਤੇ ਪੈਰ ਹੀ ਰੱਖੇ ਸਨ ਕਿ ਭਵਨ ਦੀ ਦੂਸਰੀ ਮੰਜ਼ਿਲ ਤੋਂ ਇਸ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਕਾਹਲੀ ਨਾਲ ਇਸ ਦੇ ਸੇਵਾ ਦਲ ਦਾ ਕਮਾਂਡਰ-ਇਨ-ਚੀਫ ਪ੍ਰਤਾਪ ਸਿੰਘ ਬਾਹਰ ਨਿਕਲਿਆ ਤਾਂ ਉਸ ਨੂੰ ਵੀ ਉੱਥੇ ਹੀ ਮਾਰ ਦਿੱਤਾ ਗਿਆ। ਪਲਾਂ ਵਿੱਚ ਹੀ ਤੜਫਦਿਆਂ, ਹਾਲ ਦੁਹਾਈ ਪਾਉਂਦਿਆਂ ਅਤੇ ਵਿਲਕਦਿਆਂ ਇਹ ਅਖੌਤੀ ਗੁਰੂ ਅਤੇ ਇਸ ਦਾ ਚੇਲਾ ਦੋਵੇਂ ਬਚਾਓ-ਬਚਾਓ ਕਰਦਿਆਂ ਦਮ ਤੋੜ ਗਏ। ਇਸ ਅਖੌਤੀ ਗੁਰੂ ਦੀ ਪਤਨੀ ਦੌੜਦੀ ਹੋਈ ਭਵਨ ਦੇ ਅੰਦਰ ਚਲੀ ਗਈ, ਉਸ ਨੇ ਡਰਦੀ ਨੇ ਪਿੱਛੇ ਪਰਤ ਕੇ ਵੀ ਨਹੀਂ ਦੇਖਿਆ ਕਿ ਮੇਰਾ ਪਤੀ ਪ੍ਰਮੇਸ਼ਵਰ ਗੋਲੀਆਂ ਨਾਲ ਵਿੰਨ੍ਹਿਆ ਗਿਆ ਹੈ ਅਤੇ ਭੋਲੇ ਭਾਲੇ ਲੋਕਾਂ ਨੂੰ ਅਖੌਤੀ ਨਿਰੰਕਾਰ ਦੇ ਦਰਸ਼ਨ ਕਰਵਾਉਣ ਵਾਲਾ ਖੁਦ ਕਾਲ ਦੇ ਮੂੰਹ ਵਿੱਚ ਪੈ ਕੇ ਮੌਨੂੰ ਸਦਾ ਲਈ ਵਿਛੋੜਾ ਦੇ ਚੁੱਕਾ ਹੈ। ਇਨ੍ਹਾਂ ਹਾਲਾਤਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਾ ਰੱਖਦੀ ਹੋਈ ਭਵਨ ਅੰਦਰ ਜਾ ਕੇ ਲੁਕ ਗਈ। ਪੂਰੇ ਭਵਨ ਵਿੱਚ ਹਾਲ ਦੁਹਾਈ ਮੱਚ ਚੁੱਕੀ ਸੀ। ਇਸੇ ਦੌਰਾਨ ਇਸ ਅਖੌਤੀ ਗੁਰੂ ਨੂੰ ਇਸ ਦੇ ਪਾਪਾਂ ਦੀ ਸਜ਼ਾ ਭੁਗਤਾਉਣ ਵਾਲੇ ਸਿਦਕੀ ਸਿੰਘ ਭਵਨ ਵਿੱਚੋਂ ਅਲੋਪ ਹੋ ਗਏ।

ਇਹ ਹਮਲਾ ਅਜਿਹੀ ਵਿਉਂਤਬੰਦੀ ਨਾਲ ਕੀਤਾ ਗਿਆ ਕਿ ਅਖੌਤੀ ਗੁਰੂ ਨੂੰ ਕਤਲ ਕਰਨ ਵਾਲਿਆਂ ਦੀ ਕੋਈ ਉੱਘ-ਸੁੱਘ ਨਾ ਨਿਕਲ ਸਕੀ ਕਿ ਉਹ ਕੌਣ ਸਨ, ਕਿੰਨੇ ਸਨ ਅਤੇ ਫਰਾਰ ਹੋ ਕੇ ਕਿੱਥੇ ਚਲੇ ਗਏ? ਅਖੌਤੀ ਗੁਰੂ ਗੁਰਬਚਨ ਸਿੰਘ ਤੇ ਉਸਦੇ ਬਾਡੀਗਾਰਡ ਪ੍ਰਤਾਪ ਸਿੰਘ ਦੇ ਕਤਲ ਬਾਰੇ ਨਿਰੰਕਾਰੀਆਂ ਦੇ ਮੈਨੇ ਪ੍ਰਮੈਨੇ ਆਗੂ ਗੋਬਿੰਦ ਸਿੰਘ ਨੇ ਐਫ ਆਈ ਆਰ ਲਿਖਵਾਈ ਜਿਸ ਵਿੱਚ ਸਪੱਸ਼ਟ ਤੌਰ 'ਤੇ ਲਿਖਵਾਉਣਾ ਚਾਹੁੰਦਾ ਸੀ ਕਿ ਇਹ ਕਤਲ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਵੱਲੋਂ ਕਰਵਾਇਆ ਗਿਆ। ਇਸ ਹੱਤਿਆਕਾਂਡ ਵਿੱਚ ਭਿੰਡਰਾਂਵਾਲੇ ਸੰਤ, ਉਨ੍ਹਾਂ ਦੇ ਭਰਾ ਸ. ਜਗੀਰ ਸਿੰਘ ਅਤੇ ਹੋਰ ਕਈ ਨਜਦੀਕੀਆਂ ਨੂੰ ਫਸਾਇਆ ਜਾਵੇ। ਪਰ ਅਜਿਹਾ ਪੁਲਿਸ

Scanned with CamScanner

ਪੜਤਾਲ ਸਮੇਂ ਕੋਈ ਦੋਸ਼ ਸਾਬਤ ਨਾ ਹੋ ਸਕਿਆ।

ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਅਤਿ ਸੁਰੱਖਿਅਤ ਸਮਝੇ ਜਾਣ ਵਾਲੇ ਅਸਥਾਨ ਨਿਰੰਕਾਰੀ ਭਵਨ ਵਿੱਚ ਹੀ ਅਖੌਤੀ ਨਿਰੰਕਾਰੀ ਮੁਖੀ ਦਾ ਕਤਲ ਕਰ ਦਿੱਤਾ ਗਿਆ ਪਰ ਕਤਲ ਕਰਨ ਵਾਲਿਆਂ ਬਾਰੇ ਕੋਈ ਉੱਘ-ਸੁੱਘ ਨਹੀਂ ਨਿਕਲ ਰਹੀ ਸੀ। ਇਹ ਦਿੱਲੀ ਦੀ ਸਰਕਾਰ ਲਈ ਵੱਡੀ ਚੁਣੌਤੀ ਸੀ ਕਿਉਂਕਿ ਸਰਕਾਰ ਵੱਲੋਂ ਉਸ ਦੀ ਹਰ ਤਰ੍ਹਾਂ ਨਾਲ ਹਿਫਾਜ਼ਤ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਸੀ ਅਤੇ ਹਾਲਾਤਾਂ ਨੂੰ ਮੁੱਖ ਰੱਖਦਿਆਂ ਹੀ ਉਸ ਨੂੰ ਦਿੱਲੀ ਤੋਂ ਬਾਹਰ ਜਾਣ ਤੋਂ ਰੋਕ ਦਿੱਤਾ ਗਿਆ ਸੀ। ਪਰ ਇਹ ਚਿੱਤ-ਚੇਤੇ ਵੀ ਨਹੀਂ ਸੀ ਕਿ ਇਥੇ ਵੀ ਏਡੀ ਵੱਡੀ ਘਟਨਾ ਨੂੰ ਅੰਜ਼ਾਮ ਦਿੱਤਾ ਜਾ ਸਕਦਾ ਹੈ। ਇਸ ਲਈ ਸਰਕਾਰ ਨੇ ਇਸ ਚੁਣੌਤੀ ਨੂੰ ਮੁੱਖ ਰੱਖਦਿਆਂ ਦਿੱਲੀ ਪੁਲਿਸ ਦੇ ਨੱਕ 'ਚ ਦਮ ਕਰ ਦਿੱਤਾ ਅਤੇ ਕੇਂਦਰ ਦੀਆਂ ਸਭ ਵੱਡੀਆਂ ਏਜੰਸੀਆਂ ਵੀ ਇਸ ਕਤਲ ਦੀ ਖੋਜ ਕਰਨ ਵਿੱਚ ਝੋਕ ਦਿੱਤੀਆਂ ਗਈਆਂ। ਜਿਸ ਦੇ ਫਲਸਰੂਪ ਉਹ ਇਥੋਂ ਤੱਕ ਹੀ ਪਹੁੰਚ ਸਕੇ ਕਿ ਉਸ ਨੂੰ ਭਵਨ ਦੇ ਅੰਦਰੋਂ ਹੀ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਹੈ ਅਤੇ ਕਤਲ ਕਰਨ ਵਾਲੇ ਦੋ ਸਿੱਖ ਨੌਜਵਾਨ ਭਾਈ ਰਣਜੀਤ ਸਿੰਘ ਅਤੇ ਭਾਈ ਕਾਬਲ ਸਿੰਘ ਹਨ। ਇਨ੍ਹਾਂ ਨਾਲ ਹੋਰ ਕੌਣ-ਕੌਣ ਸਨ ਜਾਂ ਕਿਸ ਦੀ ਮਦਦ ਨਾਲ ਇਸ ਘਟਨਾ ਨੂੰ ਅੰਜ਼ਾਮ ਦਿੱਤਾ ਗਿਆ ਇਸ ਬਾਰੇ ਏਜੰਸੀਆਂ ਦੇ ਪੱਲੇ ਕੁੱਝ ਨਾ ਪਿਆ।

ਉਸ ਸਮੇਂ ਦਿੱਲੀ ਪੁਲਿਸ ਦੇ ਕਮਿਸ਼ਨਰ ਸ. ਪ੍ਰੀਤਮ ਸਿੰਘ ਭਿੰਡਰ ਸਨ ਜਿਨ੍ਹਾਂ ਉੱਪਰ ਨਿਰੰਕਾਰੀਆਂ ਵੱਲੋਂ ਅਤੇ ਉਨ੍ਹਾਂ ਨਾਲ ਸਬੰਧਤ ਰਾਜਨੀਤਿਕ ਨੇਤਾਵਾਂ ਵੱਲੋਂ ਭਾਰੀ ਦਬਾਅ ਪਾਇਆ ਜਾ ਰਿਹਾ ਸੀ ਕਿ ਐੱਫ. ਆਈ. ਆਰ. ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਸ਼ਾਮਿਲ ਕੀਤਾ ਜਾਵੇ। ਪਰ ਇਸ ਕੇਸ ਵਿੱਚ ਕਮਿਸ਼ਨਰ ਪੁਲਿਸ ਕਿਸੇ ਕਿਸਮ ਦੀ ਜਲਦਬਾਜ਼ੀ ਨਹੀਂ ਸਨ ਕਰਨਾ ਚਾਹੁੰਦੇ ਕਿਉਂਕਿ ਇਸ ਕਤਲ ਕੇਸ 'ਤੇ ਦੁਨੀਆਂ ਦੇ ਲੋਕਾਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਸਨ। ਇਸ ਲਈ ਉਨ੍ਹਾਂ ਨੇ ਤੁਰੰਤ ਹੀ ਕਾਰਵਾਈ ਕਰਦਿਆਂ ਐੱਸ.ਐੱਸ.ਪੀ. ਗੁਰਬਚਨ ਜਗਤ ਜੋ ਕਿ ਉਸ ਸਮੇਂ ਅੰਮ੍ਰਿਤਸਰ ਵਿਖੇ ਡਿਊਟੀ 'ਤੇ ਸੀ ਉਸ ਨਾਲ ਰਾਬਤਾ ਕੀਤਾ ਅਤੇ ਉਸ ਨੂੰ ਹਦਾਇਤ ਕੀਤੀ ਕਿ ਮੈਨੂੰ ਤੁਰੰਤ ਰਿਪੋਰਟ ਕੀਤੀ ਜਾਵੇ ਕਿ ਐਸ ਵੇਲੇ ਸੰਤ ਭਿੰਡਰਾਂਵਾਲੇ ਕਿੱਥੇ ਹਨ ਅਤੇ ਪਿਛਲੇ 24 ਘੰਟਿਆਂ ਤੋਂ ਕਿੱਥੇ ਸਨ ਤਾਂ ਐੱਸ. ਐੱਸ. ਪੀ. ਨੇ ਥਾਣਾ ਮਹਿਤਾ ਦੇ ਐੱਸ. ਐੱਚ. ਓ. ਦੀ ਡਿਊਟੀ ਲਾਈ ਕਿ ਉਹ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਜਾਵੇ ਅਤੇ ਸਾਰੀ ਪੜਚੋਲ ਕਰੇ ਕਿ ਸੰਤ ਕਿੱਥੇ ਹਨ? ਨਾਲ ਹੀ ਉਸ ਨੇ ਐੱਸ. ਪੀ. ਸੀ. ਆਈ. ਡੀ. ਨੂੰ ਵੀ ਹਦਾਇਤ ਕੀਤੀ ਕਿ ਸੰਤਾਂ ਦੀ ਪਿਛਲੇ 24 ਘੰਟਿਆਂ ਦੀ ਹਾਜ਼ਰੀ ਬਾਰੇ ਵਿਸ਼ਥਾਰ ਸਹਿਤ ਜਾਣਕਾਰੀ ਦੇਵੇ। ਐੱਸ. ਐੱਚ. ਓ. ਥਾਣਾ ਮਹਿਤਾ ਤੁਰੰਤ ਗੁਰਦੁਆਰਾ ਮਹਿਤੇ ਪਹੁੰਚਿਆ ਤਾਂ ਸੰਤ ਜੀ ਸਾਹਮਣੇ ਹੀ ਕੁੱਝ ਸਿੰਘਾਂ ਵਿੱਚ ਬੈਠੇ ਸਨ ਅਤੇ ਸਾਧਾਰਣ ਰੂਪ ਵਿੱਚ ਆਪਸ ਵਿੱਚ ਗੱਲਬਾਤ ਕਰ ਰਹੇ ਹਨ। ਐੱਸ. ਐੱਚ. ਓ. ਇੱਧਰ-ਉੱਧਰ ਘੁੰਮ ਕੇ ਪਤਾ ਕਰ ਆਇਆ ਕਿ ਕੱਲ੍ਹ ਤੋਂ ਸੰਤ ਜੀ ਇੱਥੇ ਹੀ ਹਨ। ਉਸ ਨੇ ਥਾਣੇ ਪਹੁੰਚ ਕੇ ਐੱਸ. ਐੱਸ. ਪੀ. ਨੂੰ ਦੱਸਿਆ ਕਿ ਸੰਤ ਜੀ ਇਸ ਸਮੇਂ ਗੁਰਦੁਆਰੇ ਮਹਿਤੇ ਹੀ ਹਨ ਅਤੇ ਕੱਲ੍ਹ ਤੋਂ ਹੀ ਇਥੇ ਹਨ। ਐੱਸ. ਐੱਸ. ਪੀ. ਨੇ ਇਹ ਰਿਪੋਰਟ ਦਿੱਲੀ ਪੁਲਿਸ ਕਮਿਸ਼ਨਰ ਨੂੰ ਦਿੱਤੀ ਕਿ ਸੰਤ ਜੀ ਮਹਿਤੇ ਹਨ। ਪੂਰੀ ਤਸੱਲੀ ਕਰਨ ਉਪਰੰਤ ਕਮਿਸ਼ਨਰ ਦਿੱਲੀ ਪੁਲਿਸ ਇਸ ਨਿਰਣੇ 'ਤੇ ਪਹੁੰਚਿਆ ਕਿ ਦਿੱਲੀ ਤੋਂ 450 ਕਿਲੋਮੀਟਰ ਦੂਰੀ 'ਤੇ ਬੈਠੇ ਸੰਤ ਭਿੰਡਰਾਂਵਾਲੇ ਸਿੱਧੇ ਤੌਰ 'ਤੇ ਐੱਫ. ਆਈ. ਆਰ. ਵਿੱਚ ਸ਼ਾਮਿਲ ਨਹੀਂ ਕੀਤੇ ਜਾ ਸਕਦੇ। ਜਦੋਂ ਉਸ ਨੂੰ ਬਾਰ-ਬਾਰ ਅਜਿਹਾ ਕਰਨ ਲਈ ਕਿਹਾ ਗਿਆ ਤਾਂ ਉਸ ਨੇ ਸਲਾਹ ਦਿੱਤੀ ਕਿ ਉਨ੍ਹਾਂ ਤੋਂ ਪੁੱਛ ਪੜਤਾਲ ਕੀਤੀ ਜਾ ਸਕਦੀ ਹੈ ਪਰ ਸਿੱਧੇ ਤੌਰ 'ਤੇ ਉਨ੍ਹਾਂ ਨੂੰ ਇਸ ਕੇਸ ਵਿੱਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ। ਜੇਕਰ ਅਜਿਹਾ ਕੀਤਾ ਜਾਵੇ ਤਾਂ ਅਸੀਂ ਸ਼ਾਰੀ ਦੁਨੀਆਂ ਵਿੱਚ ਸ਼ੋਪਰਦ ਹੋ ਜਾਵਾਂਗੇ ਕਿ ਇਸ ਕੇਸ ਦੀ ਪੁਲਿਸ ਵੱਲੋਂ ਝੂਠੀ ਕਹਾਣੀ ਘੜੀ ਜਾ ਰਹੀ ਹੈ, ਅਜਿਹਾ ਮੈਂ ਨਹੀਂ ਕਰ ਸਕਦਾ। ਪਰ ਇਸ ਦੇ ਨਾਲ ਹੀ ਦਿੱਲੀ ਦੀਆਂ ਏਜੰਸੀਆਂ ਪੂਰੀ ਤਰ੍ਹਾਂ ਸਰਗਰਮ ਹੋ ਗਈਆਂ ਕਿ ਕਿਸ ਢੰਗ ਨਾਲ ਸੰਤ ਭਿੰਡਰਾਂਵਾਲਿਆਂ ਤੋਂ ਪੁੱਛਗਿੱਛ ਕੀਤੀ ਜਾ ਸਕੇ ਅਤੇ ਕਿਹਨਾਂ-ਕਿਹਨਾਂ ਨਾਮਵਰ ਸਖਸ਼ੀਅਤਾਂ ਦੀ ਮਦਦ ਲਈ ਜਾ ਸਕੇ।

ਦੂਜੇ ਪਾਸੇ ਸਮੁੱਚੀ ਦੁਨੀਆ ਦੇ ਸਿੱਖਾਂ ਵਿੱਚ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਗਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਕਰਨ ਵਾਲਾ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਾਉਣ ਵਾਲਾ, ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਾ, ਅਤੇ ਸ਼ਾਂਤਮਈ ਸਿੱਖਾਂ ਉਪਰ ਅੰਨ੍ਹੇਵਾਹ ਗੋਲੀਆਂ ਚਲਾ ਕੇ ਸਿੱਖਾਂ ਨੂੰ

Scanned with CamScanner

ਕਤਲ ਕਰਨ ਵਾਲਾ ਕਾਤਲ ਆਖਰ ਸਿੱਖ ਕੌਮ ਦੇ ਯੋਧਿਆਂ ਨੇ ਸੋਧ ਦਿੱਤਾ।

ਹਾਲਾਂਕਿ ਬਹੁਤ ਸਾਰੇ ਸਿੱਖ ਪਰਿਵਾਰਾਂ ਨੂੰ ਇਸ ਘਟਨਾ ਉਪਰੰਤ ਭਾਰੀ ਜ਼ੋਖਮ ਉਠਾਉਣਾ ਪਿਆ ਪਰ ਸਭ ਤੋਂ ਵੱਧ ਭਾਈ ਰਣਜੀਤ ਸਿੰਘ ਨੂੰ ਇਸ ਕੇਸ ਦਾ ਸਾਹਮਣਾ ਕਰਨਾ ਪਿਆ। ਉਹ ਲੰਮਾ ਸਮਾਂ ਦਿੱਲੀ ਦੀ ਤਿਹਾੜ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਰਹੇ। ਇਸੇ ਸਮੇਂ ਦੌਰਾਨ ਹੀ ਭਾਈ ਰਣਜੀਤ ਸਿੰਘ ਨੇ ਸਿੱਖ ਇਤਿਹਾਸ ਦੀ ਘੋਖ ਕੀਤੀ ਅਤੇ ਬਹੁਤ ਸਮਾਂ ਗੁਰਬਾਣੀ ਪੜ੍ਹਨ ਵਿੱਚ ਗੁਜ਼ਾਰਿਆ ਅਤੇ ਬਹੁਤ ਸਿਦਕ ਦਿਲੀ ਨਾਲ ਇਨ੍ਹਾਂ ਬਿਖਮ ਹਾਲਾਤਾਂ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਅਤੇ ਲੰਮੇ ਸਮੇਂ ਬਾਅਦ ਜੇਲ੍ਹ ਦੀ ਰਿਹਾਈ ਤੋਂ ਉਪਰੰਤ ਇਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਥਾਪਿਆ ਗਿਆ। ਬਾਕੀ ਪਰਿਵਾਰ ਸਮੇਤ ਭਾਈ ਰਣਜੀਤ ਸਿੰਘ ਦੀ ਬਜ਼ੁਰਗ ਮਾਤਾ ਨੇ ਇਸ ਔਖੇ ਸਮੇਂ ਨੂੰ ਗੁਰੂ ਦਾ ਭਾਣਾ ਸਮਝ ਕੇ ਬਹੁਤ ਹੀ ਸਿਦਕ ਨਾਲ ਇਸ ਸਮੇਂ ਨੂੰ ਗੁਜ਼ਾਰਿਆ ਅਤੇ ਭਾਈ ਰਣਜੀਤ ਸਿੰਘ ਦਾ ਦੂਸਰਾ ਸਾਥੀ ਭਾਈ ਕਾਬਲ ਸਿੰਘ ਜੋ ਲੰਮਾ ਸਮਾਂ ਪੁਲਿਸ ਦੇ ਹੱਥ ਨਹੀਂ ਆਇਆ ਅਤੇ ਅਖੀਰ ਜੂਨ 1984 ਵਿੱਚ ਭਾਰਤੀ ਹਕੂਮਤ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਕੀਤੇ ਫੌਜੀ ਹਮਲੇ ਦੌਰਾਨ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਉਪਰ ਹਮਲਾਵਰ ਹੋਈਆਂ ਫੌਜਾਂ ਦਾ ਮੁਕਾਬਲਾ ਕਰਦੇ ਜੂਝਦਿਆਂ ਹੋਇਆਂ ਗੁਰਧਾਮਾਂ ਦੀ ਰੱਖਿਆ ਕਰਦਿਆਂ ਸ਼ਹੀਦੀ ਪ੍ਰਾਪਤ ਕਰ ਗਿਆ ਸੀ

ਜਦੋਂ ਨਕਲੀ ਨਿਰੰਕਾਰੀਏ ਦੇ ਮਾਰੇ ਜਾਣ ਦੀ ਖ਼ਬਰ ਦੁਨੀਆਂ ਭਰ ਵਿੱਚ ਫੈਲੀ ਤਾਂ ਹਰ ਇੱਕ ਸੁਹਿਰਦ ਸਿੱਖ ਨੇ ਇਨ੍ਹਾਂ ਯੋਧਿਆਂ ਦੀ ਚੜ੍ਹਦੀ ਕਲਾ ਲਈ ਅਕਾਲ ਪੁਰਖ ਅੱਗੇ ਅਰਦਾਸ ਕੀਤੀ।

ਸ਼ੱਕ ਦੇ ਆਧਾਰ 'ਤੇ ਅਣਗਿਣਤ ਸਿੱਖਾਂ ਨੂੰ ਇਸ ਕੇਸ ਵਿੱਚ ਜਬਰਦਸਤੀ ਫਸਾਉਣ ਦੇ ਯਤਨ ਕੀਤੇ ਜਾ ਰਹੇ ਸਨ ਜਿਸ ਕਾਰਨ ਉਹ ਘਰੋਂ ਬੇਘਰ ਹੋ ਕੇ ਸਮਾਂ ਗੁਜ਼ਾਰਦੇ ਰਹੇ। ਇਨ੍ਹਾਂ ਸਾਰੇ ਕੇਸਾਂ ਵਿੱਚ ਜਥੇਦਾਰ ਸੰਤੋਖ ਸਿੰਘ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖਾਂ ਦੀ ਹਰ ਤਰ੍ਹਾਂ ਦੀ ਸਮੇਂ-ਸਮੇਂ ਸਿਰ ਮਦਦ ਕੀਤੀ ਜਾਂਦੀ ਰਹੀ।

ਭਾਰਤੀ ਹਕੂਮਤ ਵੱਲੋਂ ਇਸ ਕਾਂਡ ਦੀ ਸ਼ੱਕ ਦੀ ਸੂਈ ਸੰਤ ਭਿੰਡਰਾਂਵਾਲਿਆਂ 'ਤੇ

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੀ ਪੈਦਾ ਹੋ ਚੁੱਕੇ ਹਾਲਾਤਾਂ ਤੋਂ ਅਨਜਾਣ ਨਹੀਂ ਸਨ ਪਰ ਉਹ ਬੇਖੌਫ਼ ਪੰਜਾਬ ਦੇ ਵੱਡੇ-ਵੱਡੇ ਸ਼ਹਿਰਾਂ ਕਸਬਿਆਂ ਵਿੱਚ ਉਲੀਕੇ ਹੋਏ ਧਾਰਮਿਕ ਪ੍ਰੋਗਰਾਮਾਂ ਨੂੰ ਨਿਭਾਉਂਦੇ ਰਹੇ। ਬਲਕਿ ਉਨ੍ਹਾਂ ਨੇ ਆਪਣੇ ਪ੍ਰਚਾਰ ਵਿੱਚ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ ਗੁਰਬਾਣੀ ਦੇ ਨਿੰਦਕ ਅਖੌਤੀ ਨਿਰੰਕਾਰੀ ਨੂੰ ਦੁਨਿਆਵੀ ਅਦਾਲਤਾਂ ਨੇ ਝੂਠ ਦਾ ਸਹਾਰਾ ਲੈਂਦਿਆਂ ਭਾਵੇਂ ਬਰੀ ਕਰ ਦਿੱਤਾ ਸੀ ਪਰ ਦਰਗਾਹੀ ਅਦਾਲਤਾਂ ਦੁਨਿਆਵੀਂ ਅਦਾਲਤਾਂ ਨਾਲੋਂ ਸ਼ਕਤੀਸ਼ਾਲੀ ਹੁੰਦੀਆਂ ਹਨ। ਇਸ ਲਈ ਅਕਾਲ ਪੁਰਖ ਨੇ ਆਪ ਹੀ ਜਿਨ੍ਹਾਂ ਗੁਰਸਿੱਖਾਂ ਨੂੰ ਇਹ ਸੇਵਾ ਦਿੱਤੀ ਉਨ੍ਹਾਂ ਨੇ ਉਸ ਦੰਭੀ ਅਤੇ ਨਿੰਦਕ ਦਾ ਮੂੰਹ ਸਦਾ ਲਈ ਬੰਦ ਕਰ ਦਿੱਤਾ। ਜਿਸ ਵਿਅਕਤੀ ਨੇ ਥਾਂ-ਥਾਂ 'ਤੇ ਸਿੱਖਾਂ ਦੇ ਖ਼ੂਨ ਦੀ ਹੋਲੀ ਖੇਡੀ ਉਸ ਨੂੰ ਉਸ ਦੇ ਹੀ ਘਰ ਜਾ ਕੇ ਉਸ ਦੇ ਕੀਤੇ ਕੁਕਰਮਾਂ ਦਾ ਫਲ ਭੁਗਤਾਉਂਦਿਆਂ ਉਨ੍ਹਾਂ ਗੁਰਸਿੱਖਾਂ ਨੇ ਨਕਲੀ ਨਿਰੰਕਾਰੀ ਨੂੰ ਗੱਡੀ ਚਾੜ੍ਹ ਦਿੱਤਾ ਕਿਉਂਕਿ ਉਹ ਗੁਰਸਿੱਖ ਗੁਰਬਾਣੀ ਆਸ਼ੇ ਮੁਤਾਬਿਕ ਗੁਰਬਾਣੀ ਦੀ ਨਿੰਦਿਆ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ। ਮੈਂ ਵਿਸ਼ੇਸ਼ ਤੌਰ 'ਤੇ ਉਨ੍ਹਾਂ ਸਿੱਖ ਸੂਰਬੀਰ ਬਹਾਦਰਾਂ ਦਾ ਰਿਣੀ ਹਾਂ ਅਤੇ ਉਨ੍ਹਾਂ ਨੂੰ ਸ਼ਾਬਾਸ਼ ਦਿੰਦਾ ਹਾਂ ਜਿਨ੍ਹਾਂ ਨੇ ਗੁਰਬਾਣੀ ਦੇ ਨਿੰਦਕ ਨੂੰ ਸੋਧ ਦਿੱਤਾ।

ਕਈ ਪੜ੍ਹੇ ਲਿਖੇ ਗੁਰਸਿੱਖ ਪ੍ਰੋਫੈਸਰ, ਆਈ. ਏ. ਐੱਸ., ਆਈ. ਪੀ. ਐੱਸ., ਪੱਤਰਕਾਰ ਅਤੇ ਉੱਚੇ ਵਕੀਲ ਸੰਤਾਂ ਨੂੰ ਸਲਾਹ ਦਿੰਦੇ ਕਿ ਆਪ ਜੀ ਅਜਿਹੇ ਭਾਸ਼ਣ ਨਾ ਦਿਓ ਜੋ ਕਾਨੂੰਨੀ ਤੌਰ 'ਤੇ ਤੁਹਾਡੇ ਲਈ ਖ਼ਤਰਾ ਬਣ ਸਕਦੇ ਹਨ ਤਾਂ ਸੰਤਾਂ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਤਾਂ ਪੜ੍ਹੇ ਲਿਖੇ ਹੋ ਤੁਸੀਂ ਕਿਹੜੇ ਕਾਨੂੰਨ ਦੀ ਗੱਲ ਕਰਦੇ ਹੋ? ਜਿਹੜੇ ਕਾਨੂੰਨ ਨੇ ਦਿਨ ਦਿਹਾੜੇ ਪਬਲਿਕ ਦੇ ਸਾਹਮਣੇ ਕਤਲ ਕੀਤੇ ਸਿੱਖਾਂ ਦੇ ਕਾਤਲਾਂ ਨੂੰ ਇੱਕ ਘੰਟੇ ਦੀ ਸਜ਼ਾ ਵੀ ਨਹੀਂ ਦਿੱਤੀ। ਕੀ ਇਹ ਕਾਨੂੰਨ ਦੱਸ ਸਕਦਾ ਹੈ ਕਿ ਨਕਲੀ ਨਿਰੰਕਾਰੀ ਸਮੇਤ ਸਾਰੇ ਦੇ ਸਾਰੇ ਨਾਮਜ਼ਦ ਮੁਜ਼ਰਿਮ ਬਰੀ ਕਿਵੇਂ ਕਰ ਦਿੱਤੇ ਗਏ? ਕੀ ਸਿੱਖਾਂ ਦੀ ਮੌਤ ਦਾ ਕਾਰਨ ਬਣੀਆਂ ਗੋਲੀਆਂ ਹਵਾ ਵਿੱਚੋਂ ਆਈਆਂ ਸਨ? ਫਿਰ ਘੱਟੋ ਘੱਟ

Scanned with CamScanner

ਸਾਨੂੰ ਇੰਨਾ ਤਾਂ ਦੱਸ ਦਿੱਤਾ ਜਾਂਦਾ ਕਿ ਇਹ ਨਾਮਜਦ ਦੋਸ਼ੀ ਜੇਕਰ ਬੇਗੁਨਾਹ ਹਨ ਤਾਂ ਸਿੱਖਾਂ ਦਾ ਕਾਤਲ ਕੌਣ ਹੈ? ਪਰ ਜੇ ਭਾਰਤੀ ਕਾਨੂੰਨ ਦਾ ਤਕਾਜ਼ਾ ਇੱਕਤਰਫ਼ਾ ਹੈ ਅਤੇ ਬਹੁਗਿਣਤੀ ਨੂੰ ਖੁਸ਼ ਕਰਨ ਵਾਲਾ ਹੈ ਤਾਂ ਮੈਨੂੰ ਅਜਿਹੇ ਕਾਨੂੰਨ ਤੋਂ ਕੋਈ ਡਰ ਨਹੀਂ। ਮੇਰਾ ਫਰਜ਼ ਬਣਦਾ ਹੈ ਕਿ ਮੈਂ ਅਸਲੀਅਤ ਤੋਂ ਸਿੱਖ ਕੌਮ ਨੂੰ ਜਾਣੂੰ ਕਰਾ ਕੇ ਰੱਖਾਂ, ਅਜਿਹਾ ਕਰਨ ਵਿੱਚ ਕਿਸੇ ਨੂੰ ਕੋਈ ਤਕਲੀਫ ਹੈ ਤਾਂ ਉਹ ਉਪਰੋਕਤ ਭਾਰਤੀ ਕਾਨੂੰਨ ਦਾ ਬੁਰਕਾ ਪਹਿਨ ਕੇ ਮੇਰੇ ਖਿਲਾਫ ਜੋ ਕਰਨਾ ਚਾਹੁੰਦੇ ਹਨ ਕਰ ਲੈਣ।

ਕਮਿਸ਼ਨਰ ਦਿੱਲੀ ਪੁਲਿਸ ਸ. ਪ੍ਰੀਤਮ ਸਿੰਘ ਭਿੰਡਰ ਨੇ ਕੁਝ ਸਿੱਖ ਆਗੂਆਂ ਦੇ ਸਹਿਯੋਗ ਨਾਲ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਉਨ੍ਹਾਂ ਦੀ ਸਲਾਹ ਲੈਣ ਲਈ ਰਾਬਤਾ ਕਾਇਮ ਕੀਤਾ। ਉਨ੍ਹਾਂ ਨੂੰ ਪੁੱਛਿਆ ਕਿ ਨਿਰੰਕਾਰੀ ਕਤਲ ਕਾਂਡ ਵਿੱਚ ਸੀ. ਬੀ. ਆਈ. ਭਿੰਡਰਾਂਵਾਲੇ ਸੰਤਾਂ ਤੋਂ ਪੁੱਛਗਿੱਛ ਕਰਨਾ ਚਾਹੁੰਦੀ ਹੈ ਤਾਂ ਇਸ ਗੱਲ 'ਤੇ ਜਥੇਦਾਰ ਟੌਹੜਾ ਨੇ ਦੋ ਟੂਕ ਜਵਾਬ ਦੇ ਦਿੱਤਾ ਕਿ ਤੁਸੀਂ ਪੁੱਛਗਿੱਛ ਦੇ ਬਹਾਨੇ ਉਨ੍ਹਾਂ ਨਾਲ ਕਿਸੇ ਵੀ ਕਿਸਮ ਦੀ ਬਦਤਮੀਜ਼ੀ ਕਰ ਸਕਦੇ ਹੋ ਜਾਂ ਆਪਣੀ ਮਨਮਰਜ਼ੀ ਦੀ ਕਹਾਣੀ ਘੜ ਕੇ ਉਨ੍ਹਾਂ ਦੇ ਮੂੰਹੋਂ ਬੁਲਾਉਣ ਦੀ ਕੋਸ਼ਿਸ਼ ਕਰੋਗੇ ਤਾਂ ਕਿ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਰਸਤਾ ਸਾਫ ਕੀਤਾ ਜਾ ਸਕੇ। ਇਸ ਲਈ ਮੈਂ ਇਸ ਕੇਸ ਵਿੱਚ ਖਾਹਮਖਾਹ ਨਹੀਂ ਆਉਣਾ ਚਾਹੁੰਦਾ। ਜਥੇਦਾਰ ਟੌਹੜਾ ਤੋਂ ਖਰੀਆਂ-ਖਰੀਆਂ ਸੁਣਨ ਉਪਰੰਤ ਉਨ੍ਹਾਂ ਕਿਹਾ ਕਿ ਅਸੀਂ ਤੁਹਾਡੀ ਮੌਜੂਦਗੀ ਵਿੱਚ ਸੰਤ ਭਿੰਡਰਾਂਵਾਲਿਆਂ ਤੋਂ ਪੁੱਛਗਿੱਛ ਕਰ ਲਵਾਂਗੇ ਤਾਂ ਜਥੇਦਾਰ ਟੌਹੜਾ ਨੇ ਕਿਹਾ ਕਿ ਇਸ ਸਬੰਧ ਵਿੱਚ ਮੈਨੂੰ ਆਪਣੇ ਕੁੱਝ ਵਕੀਲਾਂ ਅਤੇ ਸੰਤ ਭਿੰਡਰਾਂਵਾਲਿਆਂ ਨਾਲ ਸਲਾਹ ਕਰ ਲੈਣ ਦਿਉ। ਉਸ ਤੋਂ ਬਾਅਦ ਮੈਂ ਤੁਹਾਨੂੰ ਕੁੱਝ ਦੱਸ ਸਕਦਾ ਹਾਂ ਤਾਂ ਇਸ ਗੱਲ 'ਤੇ ਸਹਿਮਤੀ ਹੋ ਗਈ। ਸ. ਟੌਹੜਾ ਨੇ ਜਿਥੇ ਕੁੱਝ ਚੋਟੀ ਵਕੀਲਾਂ ਦੀ ਰਾਇ ਲਈ ਉਥੇ ਸੰਤ ਭਿੰਡਰਾਂਵਾਲਿਆਂ ਨਾਲ ਵੀ ਇਸ ਸਬੰਧ ਵਿੱਚ ਲੰਮੀ ਗੱਲਬਾਤ ਕੀਤੀ। ਅਖੀਰ ਸੰਤਾਂ ਨੇ ਜਥੇਦਾਰ ਟੌਹੜਾ ਨੂੰ ਕਹਿ ਦਿੱਤਾ ਕਿ ਤੁਸੀਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦੇ ਪ੍ਰਧਾਨ ਹੋ ਇਸ ਲਈ ਤੁਸੀਂ ਜੋ ਫੈਸਲਾ ਕਰੋਗੇ ਸਾਨੂੰ ਮਨਜ਼ੂਰ ਹੈ। ਪਰ ਇਨ੍ਹਾਂ ਏਜੰਸੀਆਂ ਨੇ ਕੇਂਦਰ ਦੇ ਇਸ਼ਾਰਿਆਂ 'ਤੇ ਆਪਣੀ ਮਨਮਰਜ਼ੀ ਕਰਨੀ ਹੈ। ਇਸ ਲਈ ਇਨ੍ਹਾਂ ਦਾ ਭਰੋਸਾ ਕੀ ਕਰਨਾ ਹੈ ਪਰ ਫਿਰ ਵੀ ਜੇ ਤੁਸੀਂ ਠੀਕ ਸਮਝਦੇ ਹੋ ਉਸ ਲਈ ਮੈਂ ਸਹਿਮਤ ਹਾਂ। ਇਸ ਤਰ੍ਹਾਂ ਜਥੇਦਾਰ ਟੌਹੜਾ ਨੇ ਕਮਿਸ਼ਨਰ ਪੁਲਿਸ ਦਿੱਲੀ ਨੂੰ ਸੁਨੇਹਾ ਲਾ ਦਿੱਤਾ ਕਿ ਸੀ. ਬੀ. ਆਈ. ਦੀ ਟੀਮ ਸਾਨੂੰ ਦੱਸ ਕੇ ਕਿਸੇ ਵੀ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੈੱਡ ਕੁਆਰਟਰ ਦੇ ਦਫਤਰ ਵਿਖੇ ਸੰਤਾਂ ਨਾਲ ਗੱਲਬਾਤ ਕਰ ਸਕਦੀ ਹੈ।

5 ਮਈ 1980 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੈੱਡ ਕੁਆਰਟਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੀ. ਬੀ. ਆਈ. ਦੀ ਟੀਮ ਪਹੁੰਚੀ ਜਿਸ ਦੀ ਅਗਵਾਈ ਸ੍ਰੀ ਰਜਿੰਦਰ ਸ਼ੇਖਰ ਡੀ. ਆਈ. ਜੀ. ਸੀ. ਬੀ. ਆਈ. ਕਰ ਰਹੇ ਸਨ ਜਿਨ੍ਹਾਂ ਨਾਲ ਚਾਰ ਪੰਜ ਹੋਰ ਵੀ ਉੱਚ ਅਧਿਕਾਰੀ ਸਨ। ਦੂਜੇ ਪਾਸੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਵੀ ਕਮੇਟੀ ਦੇ ਦਫਤਰ ਵਿਖੇ ਪਹੁੰਚ ਗਏ। ਸੰਤਾਂ ਕੋਲੋਂ ਲਗਭਗ 4 ਘੰਟੇ ਸੀ. ਬੀ. ਆਈ. ਨੇ ਕਈ ਉਲਟੇ ਸਿੱਧੇ ਸਵਾਲ ਪੁੱਛੇ। ਸੰਤ ਜੀ ਬਹੁਤ ਹਾਜ਼ਰ ਜਵਾਬ ਸਨ ਇਸ ਲਈ ਸੀ. ਬੀ. ਆਈ. ਅਧਿਕਾਰੀਆਂ ਨੂੰ ਸਵਾਲ ਪੁੱਛਣ ਨੂੰ ਭਾਵੇਂ ਦੇਰੀ ਲੱਗਦੀ ਪਰ ਸੰਤ ਜੀ ਝੱਟ ਹੀ ਜਵਾਬ ਦੇ ਦਿੰਦੇ। ਪੂੰਛ ਪੜਤਾਲ ਦੀ ਤਸੱਲੀ ਤੋਂ ਉਪਰੰਤ ਇਨ੍ਹਾਂ ਅਧਿਕਾਰੀਆਂ ਨੇ ਕਿਹਾ ਕਿ ਅਸੀਂ ਜੋ ਵੀ ਪੁੱਛਣਾ ਸੀ ਪੁੱਛ ਲਿਆ ਹੈ ਤਾਂ ਸੰਤਾਂ ਨੇ ਕਿਹਾ ਇੱਕ ਗੱਲ ਮੈਂ ਵੀ ਪੁੱਛਣੀ ਚਾਹੁੰਦਾ ਹਾਂ ਤਾਂ ਉਨ੍ਹਾਂ ਨੇ ਕਿਹਾ ਜ਼ਰੂਰ ਪੁੱਛੋ। ਸੰਤਾਂ ਨੇ ਪੁੱਛਿਆ ਕਿ ਤੁਹਾਡੀ ਡਿਊਟੀ ਕੀ ਹੈ? ਤਾਂ ਉਨ੍ਹਾਂ ਕਿਹਾ ਬਹੁਤ ਸਾਰੇ ਕੇਸ ਜਿਨ੍ਹਾਂ ਦੀ ਛਾਣਬੀਣ ਪੁਲਿਸ ਕੋਲੋਂ ਨਹੀਂ ਹੋ ਸਕਦੀ ਅਜਿਹੇ ਕੇਸ ਸਾਡੇ ਹਵਾਲੇ ਕਰ ਦਿੱਤੇ ਜਾਂਦੇ ਹਨ ਤਾਂ ਅਸੀਂ ਉਨ੍ਹਾਂ ਵਿੱਚ ਇਨਸਾਫ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸੰਤਾਂ ਨੇ ਪੁੱਛਿਆ ਕਿ 1978 ਵਿੱਚ ਵਿਸਾਖੀ ਵਾਲੇ ਦਿਨ, ਦਿਨ ਦਿਹਾੜੇ 13 ਸਿੱਖ ਕਤਲ ਕਰ ਦਿੱਤੇ ਗਏ, ਕਾਨਪੁਰ ਵਿਖੇ 26 ਸਤੰਬਰ 1978 ਨੂੰ 10 ਸਿੱਖ ਕਤਲ ਕਰ ਦਿੱਤੇ ਗਏ ਜਿਨ੍ਹਾਂ ਬਾਰੇ ਪੁਲਿਸ ਇਨਸਾਫ ਨਹੀਂ ਕਰ ਸਕੀ ਕੀ ਤੁਸੀਂ ਇਨ੍ਹਾਂ ਕੇਸਾਂ ਦਾ ਇਨਸਾਫ ਦਿਵਾ ਸਕਦੇ ਹੋ? ਤਾਂ ਡੀ. ਆਈ. ਜੀ. ਸਮੇਤ ਸਾਰੇ ਅਧਿਕਾਰੀ ਚੁੱਪ ਹੋ ਗਏ। ਸੰਤਾਂ ਨੇ ਫਿਰ ਪੁੱਛਿਆ, "ਕਿਉਂ ਭਾਈ ਦੱਸਦੇ ਕਿਉਂ ਨਹੀਂ" ਤਾਂ ਉਨ੍ਹਾਂ ਇੰਨਾ ਹੀ ਕਿਹਾ ਕਿ ਅਸੀਂ ਆਪਣੇ ਆਪ ਕਿਸੇ ਕੇਸ ਦੀ ਪੜਚੋਲ ਨਹੀਂ ਕਰ ਸਕਦੇ। ਸਾਨੂੰ ਜੋ ਕੇਸ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ ਅਸੀਂ

Scanned with CamScanner

ਉਨ੍ਹਾਂ ਦੀ ਹੀ ਪੜਚੋਲ ਕਰ ਸਕਦੇ ਹਾਂ। ਇਸ ਤਰ੍ਹਾਂ ਕਾਫੀ ਲੰਮੀ ਪੁੱਛ ਪੜਤਾਲ ਤੋਂ ਬਾਅਦ ਸੀ. ਬੀ. ਆਈ. ਦੀ ਇਹ ਟੀਮ ਦਿੱਲੀ ਪਰਤ ਗਈ।

ਸੰਤਾਂ ਵੱਲੋਂ 7 ਮੈਂਬਰੀ ਕਮੇਟੀ ਦਾ ਗਠਨ

ਨਕਲੀ ਨਿਰੰਕਾਰੀ ਦੇ ਕਤਲ ਤੋਂ ਬਾਅਦ ਟਕਸਾਲ ਨਾਲ ਸਬੰਧਤ ਬਹੁਤ ਸਾਰੇ ਸਿੰਘਾਂ 'ਤੇ ਝੂਠੇ ਕੇਸ ਪਾਏ ਜਾ ਰਹੇ ਸਨ ਜਿਸ ਕਾਰਨ ਕਾਫੀ ਸਿੰਘਾਂ ਨੂੰ ਰੂਪੋਸ਼ ਹੋਣਾ ਪਿਆ। ਜਿਨ੍ਹਾਂ ਵਿੱਚ ਕਈ ਜ਼ਿੰਮੇਵਾਰ ਸਿੰਘ ਵੀ ਸਨ। ਇਨ੍ਹਾਂ ਹਾਲਾਤਾਂ ਨੂੰ ਮੁੱਖ ਰੱਖਦਿਆ ਸੰਤਾਂ ਨੇ ਇੱਕ ਜ਼ਰੂਰੀ ਮੀਟਿੰਗ ਸ੍ਰੀ ਅੰਮ੍ਰਿਤਸਰ ਸਾਹਿਬ ਨਾਨਕ ਨਿਵਾਸ ਵਿਖੇ ਬੁਲਾਈ ਕਿਉਂਕਿ ਕੁਝ ਸਮੇਂ ਲਈ ਸੰਤ ਜੀ ਇੱਥੇ ਹੀ ਠਹਿਰੇ ਹੋਏ ਸਨ। ਮੀਟਿੰਗ ਵਿੱਚ ਪੰਜਾਬ ਅਤੇ ਦੂਸਰੀਆਂ ਸਟੇਟਾਂ ਭਾਵ ਹਿੰਦੁਸਤਾਨ ਭਰ 'ਚੋਂ ਸੰਤਾਂ ਦੇ ਸਹਿਯੋਗੀ ਵਿਅਕਤੀਆਂ ਨੂੰ ਬੁਲਾਇਆ ਗਿਆ। ਇਕੱਤਰ ਹੋਏ ਜ਼ਿੰਮੇਵਾਰ ਵਿਅਕਤੀਆਂ ਨੂੰ ਸੰਤਾਂ ਨੇ ਦੱਸਿਆ ਕਿ ਹਾਲਾਤ ਕੁਝ ਅਣਸੁਖਾਵੇਂ ਬਣਦੇ ਨਜ਼ਰ ਆ ਰਹੇ ਹਨ। ਇਸ ਲਈ ਅੱਜ ਆਪਾਂ ਨੂੰ ਕੁੱਝ ਸਿੰਘਾਂ ਦੀ ਕਮੇਟੀ ਗਠਿਤ ਕਰ ਦੇਣੀ ਚਾਹੀਦੀ ਹੈ ਤਾਂ ਕਿ ਟਕਸਾਲ ਪ੍ਰਤੀ ਜਾਂ ਟਕਸਾਲ ਦੇ ਪ੍ਰੋਗਰਾਮ ਪ੍ਰਤੀ ਗੁੰਮਰਾਹਕੁੰਨ ਅਫਵਾਹਾਂ ਤੋਂ ਬਚਿਆ ਜਾ ਸਕੇ ਅਤੇ ਜੇਕਰ ਕਿਸੇ ਵੀ ਸਿੰਘ ਨੂੰ ਟਕਸਾਲ ਦੇ ਪ੍ਰੋਗਰਾਮ ਬਾਰੇ ਕਿਸੇ ਕਿਸਮ ਦੀ ਵੀ ਜਾਣਕਾਰੀ ਚਾਹੀਦੀ ਹੋਵੇਗੀ ਤਾਂ ਅੱਜ ਤੁਹਾਡੇ ਸਭ ਦੇ ਸਾਹਮਣੇ ਜੋ ਕਮੇਟੀ ਗਠਿਤ ਕੀਤੀ ਜਾ ਰਹੀ ਹੈ ਇਨ੍ਹਾਂ ਵਿੱਚੋਂ ਕਿਸੇ ਵੀ ਵਿਅਕਤੀ ਤੋਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਜਾਂ ਇਨ੍ਹਾਂ ਵਿੱਚੋਂ ਕੋਈ ਵੀ ਵਿਅਕਤੀ ਟਕਸਾਲ ਦਾ ਸੁਨੇਹਾ ਲੈ ਕੇ ਜਾਵੇ ਤਾਂ ਉਸ ਨੂੰ ਸਹੀ ਮੰਨਿਆ ਜਾਵੇ। ਸਮੂਹ ਸੰਗਤਾਂ ਦੇ ਵਿਚਾਰਾਂ ਨਾਲ ਹੇਠ ਲਿਖੇ ਵਿਅਕਤੀਆਂ ਦੀ ਕਮੇਟੀ ਗਠਿਤ ਕੀਤੀ ਅਤੇ ਇਸ ਕਮੇਟੀ ਦੇ ਸਹਿਯੋਗ ਲਈ ਤਿੰਨ ਟਕਸਾਲੀ ਮੈਂਬਰਾਂ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਜਿਨ੍ਹਾਂ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ, ਸੰਤਾਂ ਦੇ ਪੀਏ ਭਾਈ ਰਸ਼ਪਾਲ ਸਿੰਘ ਜੀ ਅਤੇ ਰਾਗੀ ਭਾਈ ਰਾਮ ਸਿੰਘ ਜੀ ਅਤੇ ਨਾਲ ਹੀ ਸੱਤ ਮੈਂਬਰੀ ਕਮੇਟੀ ਵੀ ਗਠਿਤ ਕੀਤੀ ਗਈ ਜਿਨ੍ਹਾਂ ਵਿੱਚ ਭਾਈ ਸੁਖਵੰਤ ਸਿੰਘ ਬਾਸਰਕੇ, ਭਾਈ ਜਗਜੀਤ ਸਿੰਘ (ਭਰਾਤਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ), ਭਾਈ ਗੁਰਮੇਲ ਸਿੰਘ ਫਰੀਦਕੋਟ, ਭਾਈ ਤੇਜਵੰਤ ਸਿੰਘ ਗਰੇਵਾਲ, ਭਾਈ ਗੁਰਦਿਆਲ ਸਿੰਘ (ਮਾਮਾ ਜੀ ਭਾਈ ਅਮਰੀਕ ਸਿੰਘ), ਭਾਈ ਦਿਆਲ ਸਿੰਘ ਉਰਫ ਮੀਕਾ ਅਤੇ ਭਾਈ ਸੁਜਾਨ ਸਿੰਘ ਜੀ ਮਨਾਵਾਂ ਇਨ੍ਹਾਂ ਸੱਤ ਸਿੰਘਾਂ ਨੂੰ ਕਮੇਟੀ ਵਿੱਚ ਸ਼ਾਮਿਲ ਕੀਤਾ ਗਿਆ ਅਤੇ ਕਿਹਾ ਗਿਆ ਕਿ ਤੁਸੀਂ ਕਿਸੇ ਕਿਸਮ ਦੀ ਵੀ ਸਲਾਹ ਕਰਨੀ ਹੋਵੇ ਤਾਂ ਉਪਰੋਕਤ ਤਿੰਨ ਮੈਂਬਰੀ ਸਲਾਹਕਾਰ ਕਮੇਟੀ ਨਾਲ ਕਰ ਸਕਦੇ ਹੋ ਅਤੇ ਵੱਖ-ਵੱਖ ਸੂਬਿਆਂ ਵਿੱਚੋਂ ਆਏ ਹੋਏ ਖਾਸ-ਖਾਸ ਸਹਿਯੋਗੀ ਸਿੰਘਾਂ ਨੂੰ ਵੀ ਬੇਨਤੀ ਕੀਤੀ ਕਿ ਇਹ ਸਿੰਘ ਤੁਹਾਡੇ ਸਾਹਮਣੇ ਹਨ ਇਨ੍ਹਾਂ ਵਿੱਚੋਂ ਕੋਈ ਵੀ ਸੁਨੇਹਾ ਲੈ ਕੇ ਆਵੇ ਤਾਂ ਉਸ ਨੂੰ ਦਰੁਸਤ ਸਮਝਣਾ ਹੈ।

ਜਥੇਦਾਰ ਟੌਹੜਾ ਨੇ ਆਪਣੀ ਗਲਤੀ ਲਈ ਸੰਤਾਂ ਤੋਂ ਖਿਮਾ ਮੰਗੀ

ਸੰਨ 1979 ਵਿੱਚ ਇੱਕ ਵਾਰ ਭਿੰਡਰਾਂਵਾਲੇ ਸੰਤ ਜਥੇ ਸਮੇਤ ਪਟਿਆਲੇ ਵਿਖੇ ਧਰਮ ਪ੍ਰਚਾਰ ਲਈ ਪਹੁੰਚੇ। ਇਨ੍ਹਾਂ ਨੇ ਲਗਭਗ 10 ਦਿਨ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਵਿਖੇ ਕਥਾ ਕੀਰਤਨ ਕਰਨਾ ਸੀ। ਇੱਥੇ ਪਹੁੰਚਣ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਕਈ ਵਾਰ ਵੱਡੀਆਂ ਵੱਡੀਆਂ ਸਟੇਜਾਂ ਤੋਂ ਨਕਲੀ ਨਿਰੰਕਾਰੀਆਂ ਦੇ ਮੁਖੀ ਨੂੰ ਉਸ ਵੱਲੋਂ ਕੀਤੇ ਕੁਕਰਮਾਂ ਅਤੇ ਜ਼ੁਲਮਾਂ ਦੇ ਲਈ ਚੁੱਕਵੀਂ ਸਜ਼ਾ ਦੇਣ ਦਾ ਐਲਾਨ ਕਰ ਚੁੱਕੇ ਸਨ। ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਇਸ ਗੱਲ ਦੀ ਕਾਫੀ ਹਲਚਲ ਸੀ। ਇਨ੍ਹਾਂ ਹਾਲਾਤਾਂ ਨੂੰ ਮੱਦੇਨਜ਼ਰ ਰੱਖਦਿਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਮੈਨੇਜਰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਨੂੰ ਕਹਿ ਕੇ ਸੰਤਾਂ ਦਾ ਇੱਥੇ ਹੋਣ ਵਾਲਾ ਪ੍ਰੋਗਰਾਮ ਰੋਕ ਦਿੱਤਾ ਸੀ। ਜਦੋਂ ਮੈਨੇਜਰ ਨੇ ਇਸ ਬਾਰੇ ਸੰਤਾਂ ਨੂੰ ਦੱਸਿਆ ਕਿ ਤੁਹਾਡੇ ਵੱਲੋਂ ਇੱਥੇ ਕੀਤਾ ਜਾਣ ਵਾਲਾ ਕਥਾ ਕੀਰਤਨ ਪ੍ਰਬੰਧਕਾਂ ਵੱਲੋਂ ਰੋਕ ਦਿੱਤਾ ਗਿਆ ਹੈ ਤਾਂ ਸੰਤਾਂ ਨੇ ਉਸ ਨੂੰ ਕੋਈ ਜਵਾਬ ਨਾ ਦਿੱਤਾ। ਬੱਸ ਇਨਾ ਹੀ ਪੁੱਛਿਆ ਕਿ ਤੁਹਾਨੂੰ ਕਿਸ ਨੇ ਅਜਿਹਾ ਕਰਨ ਲਈ ਕਿਹਾ ਹੈ ਤਾਂ ਉਸ ਨੇ ਦੱਸਿਆ ਕਿ ਪ੍ਰਧਾਨ ਟੌਹੜਾ ਸਾਹਿਬ ਵੱਲੋਂ ਇਹ ਸੰਦੇਸ਼ ਆਇਆ ਹੈ। ਉਸ ਤੋਂ ਬਾਅਦ ਸੰਤਾਂ ਨੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੀ ਬਜਾਇ ਧਾਰਮਿਕ ਸਮਾਗਮ ਨੇੜਲੇ ਇਲਾਕੇ ਵਿੱਚ ਕਰਨ ਦਾ ਪ੍ਰੋਗਰਾਮ ਬਣਾਇਆ। ਜਿਸ

Scanned with CamScanner

ਵਿੱਚ ਸ. ਕ੍ਰਿਪਾਲ ਸਿੰਘ ਬਡੂੰਗਰ, ਜਥੇਦਾਰ ਕੋਹਲੀ ਅਤੇ ਹੋਰ ਧਾਰਮਿਕ ਵਿਅਕਤੀਆਂ ਨੇ ਇਲਾਕੇ ਦੇ ਪ੍ਰੋਗਰਾਮ ਉਲੀਕ ਦਿੱਤੇ। ਜਿਸ ਤਹਿਤ ਇਨ੍ਹਾਂ 10 ਦਿਨਾਂ ਅੰਦਰ ਪਟਿਆਲੇ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਵਿੱਚ ਕਥਾ ਕੀਰਤਨ ਦੇ ਪ੍ਰੋਗਰਾਮ ਚਲਾਏ ਗਏ ਅਤੇ ਸਮੇਂ-ਸਮੇਂ ਅੰਮ੍ਰਿਤ ਸੰਚਾਰ ਵੀ ਹੋਇਆ। ਇਸ ਦੌਰਾਨ ਪਿੰਡਾਂ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਅਖੀਰ ਵਿੱਚ ਸੰਤਾਂ ਨੇ ਇਨ੍ਹਾਂ ਪ੍ਰੋਗਰਾਮਾਂ ਵਿੱਚ ਸਹਿਯੋਗ ਦੇਣ ਲਈ ਸਬੰਧਿਤ ਸਿੱਖ ਆਗੂਆਂ ਦਾ ਧੰਨਵਾਦ ਕੀਤਾ ਅਤੇ ਵਾਪਸ ਮਹਿਤੇ ਪਰਤ ਗਏ। ਜਦੋਂ ਜਥੇਦਾਰ ਟੌਹੜਾ ਨੂੰ ਇਸ ਸਾਰੇ ਪ੍ਰੋਗਰਾਮ ਦੇ ਸਫਲਤਾ ਪੂਰਵਕ ਸੰਪੂਰਨ ਹੋਣ ਦੀ ਖਬਰ ਮਿਲੀ ਤਾਂ ਉਸ ਨੂੰ ਮਨ ਹੀ ਮਨ ਅੰਦਰ ਅਜਿਹਾ ਮਹਿਸੂਸ ਹੋਇਆ ਕਿ ਉਸ ਨੇ ਸੰਤਾਂ ਦੇ ਧਾਰਮਿਕ ਪ੍ਰੋਗਰਾਮ ਰੋਕ ਕੇ ਗਲਤੀ ਕੀਤੀ ਹੈ। ਹੁਣ ਜਦੋਂ ਸੰਤ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਾਨਕ ਨਿਵਾਸ ਵਿੱਚ ਠਹਿਰੇ ਹੋਏ ਸਨ ਤਾਂ ਜਥੇਦਾਰ ਟੌਹੜਾ ਨੇ ਸੋਚਿਆ ਕਿ ਸੰਤਾਂ ਨਾਲ ਮੇਲ ਮਿਲਾਪ ਕਰਨਾ ਚਾਹੀਦਾ ਹੈ ਅਤੇ ਉਹ ਇਹ ਵੀ ਸੋਚਦੇ ਸਨ ਕਿ ਸੰਤਾਂ ਨੂੰ ਉਪਰੋਕਤ ਘਟਨਾ ਬਾਰੇ ਸ਼ਾਇਦ ਪੂਰੀ ਤਰ੍ਹਾਂ ਪਤਾ ਵੀ ਨਾ ਹੋਵੇ। ਇਸ ਤਰ੍ਹਾਂ ਇੱਕ ਦਿਨ ਜਥੇਦਾਰ ਟੌਹੜਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਏ ਅਤੇ ਉਨ੍ਹਾਂ ਨੇ ਸ. ਅਬਿਨਾਸ਼ੀ ਸਿੰਘ ਅਤੇ ਸ. ਓਂਕਾਰ ਸਿੰਘ ਮੱਤੇ ਨੰਗਲ ਨੂੰ ਸੁਨੇਹਾ ਦੇ ਕੇ ਭੇਜਿਆ ਕਿ ਸੰਤ ਭਿੰਡਰਾਂਵਾਲਿਆਂ ਨੂੰ ਭੇਜਾ ਸਿੰਘ ਸਮੁੰਦਰੀ ਹਾਲ ਵਿੱਚ ਆਉਣ ਲਈ ਬੇਨਤੀ ਕਰੋ। ਉਨ੍ਹਾਂ ਨਾਲ ਕੁੱਝ ਜ਼ਰੂਰੀ ਵਿਚਾਰਾਂ ਕਰਨੀਆਂ ਹਨ। ਜਦੋਂ ਇਹ ਦੋਵੇਂ ਸੰਤਾਂ ਪਾਸ ਕਮਰਾ ਨੰ. 47 ਗੁਰੂ ਨਾਨਕ ਨਿਵਾਸ ਵਿਖੇ ਪਹੁੰਚੇ ਤਾਂ ਉਨ੍ਹਾਂ ਦੱਸਿਆ ਕਿ ਸਾਨੂੰ ਜਥੇਦਾਰ ਟੌਹੜਾ ਵੱਲੋਂ ਸੁਨੇਹਾ ਦੇ ਕੇ ਭੇਜਿਆ ਗਿਆ ਹੈ ਕਿ ਉਹ ਆਪ ਜੀ ਨੂੰ ਮਿਲਣਾ ਚਾਹੁੰਦੇ ਹਨ ਤਾਂ ਸੰਤਾਂ ਨੇ ਬੜੇ ਪ੍ਰੇਮ ਨਾਲ ਦੋਹਾਂ ਦੀ ਗੱਲ ਸੁਣੀ ਅਤੇ ਉਨ੍ਹਾਂ ਨੂੰ ਕਿਹਾ ਕਿ ਜਥੇਦਾਰ ਸਾਹਿਬ ਨੂੰ ਕਹਿ ਦੇਣਾ ਕਿ ਉਨ੍ਹਾਂ ਨੂੰ ਬਹੁਤ ਸਾਰੇ ਪੰਥਕ ਰੁਝੇਵੇ ਹੋਣਗੇ ਇਸ ਲਈ ਆਪਣਾ ਸਮਾਂ ਜਾਇਆ ਨਾ ਕਰਨ। ਸੰਤਾਂ ਤੋਂ ਇਹ ਜਵਾਬ ਸੁਣ ਕਿ ਦਿਹ ਦੋਵੇਂ ਜਣੇ ਜਥੇਦਾਰ ਟੌਹੜਾ ਪਾਸ ਪਹੁੰਚੇ ਅਤੇ ਉਨ੍ਹਾਂ ਨੂੰ ਸੰਤਾਂ ਵੱਲੋਂ ਦਿੱਤਾ ਜਵਾਬ ਦਸ ਦਿੱਤਾ। ਜਥੇਦਾਰ ਟੌਹੜਾ ਸਮਝ ਗਏ ਅਤੇ ਉਨ੍ਹਾਂ ਨੂੰ ਦੁਬਾਰਾ ਸੰਤਾਂ ਕੋਲ ਭੇਜਿਆ ਕਿ ਉਹ ਗੁਰੂ ਨਾਨਕ ਨਿਵਾਸ ਦੇ ਕਮੇਟੀ ਰੂਮ ਵਿੱਚ ਹੀ ਆ ਜਾਣ ਤਾਂ ਉਥੇ ਮਿਲ ਲਵਾਂਗੇ। ਜਦੋਂ ਇਨ੍ਹਾਂ ਨੇ ਦੁਬਾਰਾ ਸੰਤਾਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਕਿ ਜਥੇਦਾਰ ਟੌਹੜਾ ਆਪ ਜੀ ਨੂੰ ਕਮੇਟੀ ਰੂਮ ਵਿੱਚ ਮਿਲਣ ਆ ਰਹੇ ਹਨ ਤਾਂ ਆਪ ਜੀ ਉਥੇ ਆ ਜਾਓ ਤਾਂ ਸੰਤਾਂ ਨੇ ਇਨ੍ਹਾਂ ਨੂੰ ਦੁਬਾਰਾ ਕਿਹਾ ਕਿ ਜਥੇਦਾਰ ਜੀ ਕਿਉਂ ਖੱਚਲ ਕਰਦੇ ਹਨ ਮੈਨੂੰ ਕਿਸੇ ਵੀ ਕਿਸਮ ਦੀ ਜ਼ਰੂਰਤ ਹੋਵੇਗੀ ਤਾਂ ਮੈਂ ਜਥੇਦਾਰ ਟੌਹੜਾ ਜੀ ਕੋਲ ਜਾ ਕੇ ਖੁਦ ਮਿਲ ਲਵਾਂਗਾ। ਇਸ ਲਈ ਤੁਸੀਂ ਕਿਸੇ ਕਿਸਮ ਦੀ ਖੱਚਲ ਨਾ ਕਰੋ। ਇਹ ਗੱਲ ਸੁਣ ਕੇ ਜਥੇਦਾਰ ਮੱਤੇ ਨੰਗਲ ਕੁੱਝ ਕੁ ਭਲਖੀ ਵਿੱਚ ਆ ਗਿਆ ਅਤੇ ਸੰਤਾਂ ਨੂੰ ਕਹਿਣ ਲੱਗਾ ਕਿ ਆਖਿਰ ਜਥੇਦਾਰ ਟੌਹੜਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਨ ਤੁਸੀਂ ਉਨ੍ਹਾਂ ਦੇ ਰੁਤਬੇ ਦੀ ਜ਼ਰਾ ਵੀ ਪ੍ਰਵਾਹ ਨਹੀਂ ਕਰਦੇ ਤਾਂ ਸੰਤਾਂ ਨੇ ਕਿਹਾ ਕਿ ਮੱਤੇ ਨੰਗਲ ਜੀ ਮੈਂ ਤਾਂ ਖੁਦ ਕਿਹਾ ਹੈ ਕਿ ਮੈਨੂੰ ਜਦੋਂ ਵੀ ਜ਼ਰੂਰਤ ਹੋਵੇਗੀ ਮੈਂ ਆਪ ਜਾ ਕੇ ਉਨ੍ਹਾਂ ਨਾਲ ਗੱਲਬਾਤ ਕਰਾਂਗਾ। ਦੂਜੀ ਗੱਲ ਉਨ੍ਹਾਂ ਦੇ ਰੁਤਬੇ ਨੂੰ ਮੈਂ ਭਲੀਭਾਂਤ ਜਾਣਦਾ ਹਾਂ ਅਤੇ ਮੇਰੇ ਮਨ ਵਿੱਚ ਇਸ ਰੁਤਬੇ ਦਾ ਪੂਰਾ ਸਨਮਾਨ ਹੈ। ਬੱਸ ਇਸੇ ਭਲਖੀ ਵਿੱਚ ਜਥੇਦਾਰ ਮੱਤੇ ਨੰਗਲ ਅਤੇ ਅਬਿਨਾਸ਼ੀ ਸਿੰਘ ਸਮੇਤ ਉੱਠ ਕੇ ਚਲੇ ਗਏ। ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਸੰਤਾਂ ਦੇ ਕੁੱਝ ਕੁ ਨੇੜਲੇ ਸਿੰਘਾਂ ਨੇ ਵੀ ਅਜਿਹਾ ਕਰਨ ਨੂੰ ਬੇਨਤੀ ਕੀਤੀ ਕਿ ਆਪਾਂ ਨੂੰ ਕਮੇਟੀ ਰੂਮ ਵਿੱਚ ਜਾਣ ਵਿੱਚ ਕੀ ਹਰਜ਼ ਹੈ ਤਾਂ ਸੰਤਾਂ ਨੇ ਕਿਹਾ ਕਿ ਭਾਈ ਸਾਨੂੰ ਤਾਂ ਭੇਜਾ ਸਿੰਘ ਸਮੁੰਦਰੀ ਹਾਲ ਵਿੱਚ ਵੀ ਜਾਣ ਨੂੰ ਕੋਈ ਹਰਜ਼ ਲਗੀ ਹੈ। ਪਰ ਇਸ ਗੱਲ ਨੂੰ ਮੈਂ ਜਾਣਦਾ ਹਾਂ ਅਤੇ ਜਥੇਦਾਰ ਟੌਹੜਾ ਵੀ ਜਾਣਦੇ ਹਨ, ਤੁਸੀਂ ਇਹ ਮਸਲਾ ਸਾਡੇ ਉੱਪਰ ਹੀ ਰਹਿਣ ਦਿਓ, ਸਮਾਂ ਆਉਣ 'ਤੇ ਸਭ ਠੀਕ ਹੋ ਜਾਵੇਗਾ। ਕੁੱਝ ਸਮਾਂ ਅਜਿਹੀਆਂ ਵਿਚਾਰਾਂ ਚਲਦੀਆਂ ਰਹੀਆਂ ਤਾਂ ਇੰਨੇ ਚਿਰ ਨੂੰ ਸੰਤਾਂ ਦੇ ਇੱਕ ਸੇਵਾਦਾਰ ਨੇ ਕਮਰੇ ਅੰਦਰ ਆ ਕੇ ਦਸਿਆ ਕਿ ਜਥੇਦਾਰ ਟੌਹੜਾ ਜੀ ਆਪ ਜੀ ਨੂੰ ਮਿਲਣ ਆ ਰਹੇ ਹਨ ਤਾਂ ਸੰਤਾਂ ਨੇ ਨਾਲ ਦੇ ਸਿੰਘਾਂ ਨੂੰ ਕਹਿ ਕੇ ਉਨ੍ਹਾਂ ਲਈ ਬੈਠਣ ਦਾ ਪ੍ਰਬੰਧ ਕੀਤਾ। ਇੰਨੇ ਚਿਰ ਨੂੰ ਜਥੇਦਾਰ ਟੌਹੜਾ ਉਥੇ ਪਹੁੰਚ ਗਏ। ਉਨ੍ਹਾਂ ਆਉਂਦਿਆਂ ਹੀ ਸੰਤਾਂ ਦਾ ਹਾਲ ਚਾਲ ਪੁੱਛਿਆ, ਕੁੱਝ ਹੋਰ ਸਾਧਾਰਨ ਗੱਲਬਾਤ ਹੋਈ। ਇਸ ਸਮੇਂ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ, ਭਾਈ ਤੇਜਵੰਤ ਸਿੰਘ ਨਾਰੰਗਵਾਲ ਵੀ ਕੋਲ ਖੜ੍ਹੇ ਸਨ। ਇਸ ਉਪਰੰਤ ਜਥੇਦਾਰ ਟੌਹੜਾ ਨੇ ਸੰਤਾਂ ਨੂੰ ਪੁੱਛਿਆ ਕਿ ਮੈਥੋਂ ਕੀ ਅਵੱਗਿਆ ਹੋ ਗਈ ਜਿਸ ਕਾਰਨ ਤੁਸੀਂ ਮੇਰੇ ਨਾਲ ਨਾਰਾਜ਼ ਹੋ। ਘੱਟੋ ਘੱਟ ਇਸ ਬਾਰੇ ਮੈਨੂੰ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ

Scanned with CamScanner

ਤੁਹਾਡੀ ਨਾਰਾਜ਼ਗੀ ਦਾ ਕੀ ਕਾਰਨ ਹੈ? ਤਾਂ ਸੰਤਾਂ ਨੇ ਪੁੱਛਿਆ ਕਿ ਜਥੇਦਾਰ ਜੀ, ਤੁਸੀਂ ਦੱਸੋ ਕਿ ਦਮਦਮੀ ਟਕਸਾਲ ਦਾ ਕੰਮ ਕੀ ਹੈ? ਤਾਂ ਜਥੇਦਾਰ ਟੌਹੜਾ ਨੇ ਹੈਰਾਨਗੀ ਜਿਹੇ ਲਹਿਜੇ ਵਿੱਚ ਕਿਹਾ, "ਲਓ ਜੀ, ਇਹ ਤਾਂ ਸਭ ਜਾਣਦੇ ਹਨ ਕਿ ਕਥਾ ਕੀਰਤਨ ਕਰਨਾ, ਸ਼ੁੱਧ ਬਾਣੀ ਪੜ੍ਹਾਉਣੀ, ਧਰਮ ਦਾ ਪ੍ਰਚਾਰ ਕਰਨਾ, ਨਸ਼ੇ ਛੁਡਾਉਣੇ, ਅੰਮ੍ਰਿਤ ਛਕਾਉਣਾ ਆਦਿ ਦਮਦਮੀ ਟਕਸਾਲ ਦੇ ਵੱਡੇ ਪਰਉਪਕਾਰੀ ਕਾਰਜ ਹਨ" ਤਾਂ ਸੰਤਾਂ ਨੇ ਕਿਹਾ ਕਿ ਇਸ ਤੋਂ ਇਲਾਵਾ ਦਮਦਮੀ ਟਕਸਾਲ ਦਾ ਕੰਮ ਚੋਰੀ ਕਰਨਾ, ਝੂਠ ਬੋਲਣਾ, ਠੱਗੀ ਮਾਰਨੀ, ਮੰਦ ਕੰਮ ਕਰਨੇ ਜਾਂ ਸਿਖਾਉਣੇ, ਗੁਰਮਤਿ ਤੋਂ ਉਲਟ ਚੱਲ ਕੇ ਮਨਮਤੀਆਂ ਨੂੰ ਉਤਸ਼ਾਹਿਤ ਕਰਨਾ, ਸ਼ਬਦ ਗੁਰੂ ਨਾਲੋਂ ਸੰਗਤ ਨੂੰ ਤੋੜਣਾ ਕੋਈ ਅਜਿਹਾ ਕੰਮ ਤਾਂ ਨਹੀਂ? ਤਾਂ ਜਥੇਦਾਰ ਟੌਹੜਾ ਨੇ ਇਕਦਮ ਦੋਵੇਂ ਹੱਥ ਜੋੜ ਕੇ ਕਿਹਾ ਕਿ ਇਹ ਤੁਸੀਂ ਕੀ ਕਹਿ ਰਹੇ ਹੋ ਅਤੇ ਕਿਉਂ ਕਹਿ ਰਹੇ ਹੋ? ਸੰਤਾਂ ਨੇ ਕਿਹਾ ਕਿ ਜੇ ਤੁਹਾਡੇ ਦੱਸਣ ਮੁਤਾਬਕ ਦਮਦਮੀ ਟਕਸਾਲ ਦੇ ਕਾਰਜ ਪੰਥ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਧਰਮ ਪ੍ਰਚਾਰ ਕਰਨਾ ਹੈ ਤਾਂ ਪਟਿਆਲਾ ਵਿਖੇ ਗੁਰਦੁਆਰਾ ਦੁਖ ਨਿਵਾਰਨ ਪਾਤਸ਼ਾਹੀ ਨੌਵੀਂ ਵਿੱਚੋਂ ਦਮਦਮੀ ਟਕਸਾਲ ਦਾ ਪ੍ਰੋਗਰਾਮ ਕਿਉਂ ਬੰਦ ਕਰਵਾ ਦਿੱਤਾ ਸੀ? ਤਾਂ ਉਸ ਨੇ ਕਿਹਾ ਕਿ ਨਹੀਂ ਨਹੀਂ, ਇਸ ਤਰ੍ਹਾਂ ਬਿਲਕੁਲ ਨਹੀਂ, ਮੈਂ ਸੋਚ ਵੀ ਨਹੀਂ ਸਕਦਾ। ਟਕਸਾਲ ਦਾ ਪ੍ਰੋਗਰਾਮ ਕਿਸ ਨੇ ਰੋਕਿਆ ਹੈ ਮੈਨੂੰ ਇਸ ਬਾਰੇ ਕੁੱਝ ਵੀ ਪਤਾ ਨਹੀਂ? ਸੰਤਾਂ ਨੇ ਕਿਹਾ ਜਥੇਦਾਰ ਜੀ ਹੋਰ ਗੰਭੀਰਤਾ ਨਾਲ ਸੋਚੋ ਤਾਂ ਤੁਹਾਨੂੰ ਚੇਤਾ ਆ ਜਾਵੇਗਾ? ਜਥੇਦਾਰ ਟੌਹੜਾ ਨੇ ਪੁੱਛਿਆ ਆਪ ਜੀ ਨੂੰ ਕਿਸ ਨੇ ਕਿਹਾ ਹੈ ਕਿ ਮੈਂ ਅਜਿਹਾ ਕੀਤਾ ਹੈ ਤਾਂ ਸੰਤਾਂ ਨੇ ਕਿਹਾ ਮੈਨੂੰ ਦੱਸਣ ਵਿੱਚ ਕੋਈ ਝਿਜਕ ਨਹੀਂ ਮੈਂ ਨਾਂ ਵੀ ਦੱਸ ਦੇਵਾਂਗਾ ਤੁਸੀਂ ਉਸ ਉਪਰ ਜੋ ਮਰਜ਼ੀ ਕਾਰਵਾਈ ਵੀ ਕਰ ਲਓ ਪਰ ਇਹ ਸੱਚਾਈ ਹੈ ਕਿ ਤੁਹਾਡੇ ਆਦੇਸ਼ ਮੁਤਾਬਕ ਮੈਨੇਜਰ ਗੁਰਦੁਆਰਾ ਸ੍ਰੀ ਦੁਖ ਨਿਵਾਰਨ ਵੱਲੋਂ ਅਜਿਹਾ ਕੀਤਾ ਗਿਆ। ਇੰਨਾ ਸੁਣਦਿਆਂ ਹੀ ਜਥੇਦਾਰ ਟੌਹੜਾ ਦੇ ਮੱਥੇ ਉਪਰ ਪਸੀਨਾ ਆ ਗਿਆ। ਉਨ੍ਹਾਂ ਨੇ ਇਕਦਮ ਕਿਹਾ ਕਿ ਸੰਤ ਜੀ, ਛੱਡੋ ਜੇ ਕੁੱਝ ਵੀ ਹੋ ਗਿਆ, ਇਸ ਲਈ ਮੈਂ ਆਪ ਜੀ ਕੋਲੋਂ ਖਿਮਾ ਮੰਗਦਾ ਹਾਂ ਅਤੇ ਨਾਲ ਹੀ ਕੁਰਸੀ 'ਤੇ ਬੈਠਿਆ ਹੋਇਆਂ ਥੱਲੇ ਝੁਕ ਕੇ ਸੰਤਾਂ ਦੇ ਪੈਰੀਂ ਹੱਥ ਲਾਉਣ ਦੀ ਕੋਸ਼ਿਸ਼ ਕੀਤੀ। ਸੰਤ ਸਾਹਮਣੇ ਮੰਜੇ ਉਪਰ ਬੈਠੇ ਸਨ ਤਾਂ ਉਨ੍ਹਾਂ ਨੇ ਕਾਹਲੀ ਨਾਲ ਜਥੇਦਾਰ ਟੌਹੜਾ ਦੇ ਦੋਵੇਂ ਹੱਥ ਫੜ੍ਹ ਲਏ ਅਤੇ ਨਾਰਾਜ਼ਗੀ ਭਰੇ ਲਹਿਜੇ ਵਿੱਚ ਕਿਹਾ ਕਿ ਇਹ ਕੀ ਕਰਦੇ ਹੋ ਤੁਸੀਂ ਕੌਮ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋ ਅਤੇ ਇੱਕ ਆਮ ਸਾਧਾਰਨ ਆਦਮੀ ਦੇ ਪੈਰੀਂ ਹੱਥ ਲਾਉਣ ਲੱਗੇ ਹੋ, ਅਜਿਹਾ ਕਦੇ ਵੀ ਨਹੀਂ ਕਰਨਾ। ਨਾਲ ਹੀ ਸੰਤਾਂ ਨੇ ਕਿਹਾ ਜੇਕਰ ਨਿੱਜੀ ਤੌਰ 'ਤੇ ਮੈਨੂੰ ਉਥੇ ਬੋਲਣ ਜਾਂ ਅਸਥਾਨ 'ਤੇ ਜਾਣ ਤੋਂ ਰੋਕਿਆ ਹੁੰਦਾ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਸੀ ਹੋਣਾ ਪਰ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਚਲਾਈ ਹੋਈ ਦਮਦਮੀ ਟਕਸਾਲ ਨਾਲ ਅਜਿਹਾ ਕਰਨਾ ਵਾਜਿਬ ਨਹੀਂ ਸੀ ਤਾਂ ਮੇਰੇ ਮਨ ਵਿੱਚ ਇਸ ਗੱਲ ਲਈ ਜ਼ਰੂਰ ਇਤਰਾਜ਼ ਸੀ। ਇਸ ਤੋਂ ਉਪਰੰਤ ਇਹ ਤਲਖੀ ਵਾਲਾ ਮਾਹੌਲ ਖਤਮ ਹੋ ਗਿਆ ਤਾਂ ਸੰਤਾਂ ਨੇ ਪੁੱਛਿਆ ਕਿ ਜਥੇਦਾਰ ਸਾਹਿਬ ਤੁਸੀਂ ਕੋਈ ਇਕੱਲਿਆਂ ਨਾਲ ਗੱਲ ਤਾਂ ਨਹੀਂ ਕਰਨੀ ਤਾਂ ਉਨ੍ਹਾਂ ਕਿਹਾ ਕਿ ਮੈਂ ਇਕੱਲਿਆਂ ਨਾਲ ਕੁੱਝ ਕੁ ਸਮਾਂ ਗੱਲ ਕਰਨੀ ਚਾਹੁੰਦਾ ਹਾਂ। ਇਹ ਸੁਣਦਿਆਂ ਹੀ ਭਾਈ ਅਮਰੀਕ ਸਿੰਘ ਅਤੇ ਭਾਈ ਤੇਜਵੰਤ ਸਿੰਘ ਕਮਰੇ ਵਿੱਚੋਂ ਬਾਹਰ ਚਲੇ ਗਏ ਤਾਂ ਜਥੇਦਾਰ ਟੌਹੜਾ ਨੇ ਸੰਤਾਂ ਨੂੰ ਫਿਰ ਕਿਹਾ ਕਿ ਸੰਤ ਜੀ, ਅੱਗੇ ਤੋਂ ਮੇਰੇ ਵੱਲੋਂ ਤੁਹਾਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ ਅਤੇ ਇਸ ਤਰ੍ਹਾਂ ਦਾ ਉਲਾਂਭਾ ਦੇਣ ਦਾ ਮੌਕਾ ਨਹੀਂ ਦੇਵਾਂਗੇ। ਪਰ ਇੱਕ ਵਾਰੀ ਆਪ ਜੀ ਮੈਨੂੰ ਪੂਰੀ ਤਰ੍ਹਾਂ ਦਿਲੋਂ ਖਿਮਾ ਕਰ ਦਿਓ ਤਾਂ ਸੰਤਾਂ ਨੇ ਮੰਜੇ ਤੋਂ ਉੱਠ ਕੇ ਜਥੇਦਾਰ ਟੌਹੜਾ ਨੂੰ ਆਪਣੇ ਹੱਥਾਂ ਨਾਲ ਮੋਢਿਆਂ ਤੋਂ ਘੁੱਟ ਕੇ ਫੜ੍ਹ ਲਿਆ ਅਤੇ ਕਿਹਾ ਚੱਲੋ ਪਿਛਲੀਆਂ ਗੱਲਾਂ ਛੱਡੋ ਅਤੇ ਨਾਲ ਹੀ ਕਿਹਾ ਕਿ ਹੁਣ ਤਾਂ ਖੁਸ਼ ਹੋ ਪ੍ਰਧਾਨ ਜੀ? ਇਸ ਤੋਂ ਬਾਅਦ ਸੰਤਾਂ ਨੇ ਆਪ ਦਰਵਾਜਾ ਖੋਲ੍ਹਿਆ ਅਤੇ ਭਾਈ ਅਮਰੀਕ ਸਿੰਘ ਨੂੰ ਕਿਹਾ ਕਿ ਜਥੇਦਾਰ ਜੀ ਨੂੰ ਨਾਲ ਜਾ ਕੇ ਥੱਲੇ ਛੱਡ ਕੇ ਆਓ।

ਡਾ. ਜੀ. ਐੱਸ. ਗਰੇਵਾਲ ਅਤੇ ਸ. ਮਹੇਸ਼ਇੰਦਰ ਸਿੰਘ ਗਰੇਵਾਲ ਦੀ ਸੰਤਾਂ ਨਾਲ ਮਿਲਣੀ

ਮਈ 1980 ਵਿੱਚ ਡਾ. ਜੀ. ਐੱਸ. ਗਰੇਵਾਲ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਭਾਈ ਰਜਿੰਦਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਕੁੱਝ ਕੁ ਹੋਰ ਵਿਅਕਤੀਆਂ ਨਾਲ ਸੰਤਾਂ ਨੂੰ ਮਿਲੇ।

Scanned with CamScanner

ਇਨ੍ਹਾਂ ਵਿਚਾਰਾਂ ਵਿੱਚ ਪ੍ਰੈਸ ਦੀ ਚਰਚਾ ਸੀ ਕਿ ਨਕਲੀ ਨਿਰੰਕਾਰੀ ਦੇ ਕਤਲ ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਇਸ ਕਾਰਨ ਪੰਜਾਬ ਦਾ ਮਾਹੌਲ ਕਾਫੀ ਗਰਮਾਇਆ ਹੋਇਆ ਸੀ। ਇਸੇ ਸਬੰਧ ਵਿੱਚ ਹੀ ਇਨ੍ਹਾਂ ਨੇ ਸੰਤਾਂ ਨਾਲ ਲਗਭਗ ਇੱਕ ਘੰਟਾ ਗੱਲਬਾਤ ਕੀਤੀ। ਮੀਟਿੰਗ ਤੋਂ ਬਾਅਦ ਜਾਣ ਵੇਲੇ ਇਨ੍ਹਾਂ ਨੇ ਭਾਈ ਅਮਰੀਕ ਸਿੰਘ ਅਤੇ ਸੰਤਾਂ ਦੇ ਪੀ. ਏ. ਭਾਈ ਗੁਰਪਾਲ ਸਿੰਘ ਨਾਲ ਬੜੇ ਹੈਰਾਨੀ ਭਰੇ ਲਹਿਜੇ ਵਿੱਚ ਗੱਲ ਕਰਦਿਆਂ ਕਿਹਾ ਕਿ ਸੰਤ ਜੀ ਬੜੇ ਸਾਧਾਰਨ ਸੁਭਾਅ ਵਿੱਚ ਹੀ ਬੈਠੇ ਹਨ ਅਤੇ ਸਹਿਜ ਅਵਸਥਾ ਵਿੱਚ ਹੀ ਗੱਲਬਾਤ ਕਰ ਰਹੇ ਹਨ। ਜਦੋਂ ਕਿ ਪੰਜਾਬ ਅੰਦਰ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਇਨ੍ਹਾਂ ਨੂੰ ਕਿਸੇ ਵੇਲੇ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸੋਚਿਆ ਸੀ ਕਿ ਸੰਤ ਜੀ ਕਾਫੀ ਚਿੰਤਾ ਵਿੱਚ ਹੋਣਗੇ, ਪਰ ਗੱਲਬਾਤ ਕਰਨ ਵਿੱਚ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਇਨ੍ਹਾਂ ਉੱਪਰ ਸਤਿਗੁਰੂ ਸਾਹਿਬ ਦੀ ਕ੍ਰਿਪਾ ਹੈ। ਇਨ੍ਹਾਂ ਨੂੰ ਕਿਸ ਤਰ੍ਹਾਂ ਦੇ ਖ਼ਤਰੇ ਦੀ ਪ੍ਰਵਾਹ ਨਹੀਂ ਜਾਪਦੀ, ਅਜਿਹੀਆਂ ਵਿਚਾਰਾਂ ਕਰਦਿਆਂ ਇਹ ਵਾਪਸ ਚਲੇ ਗਏ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ

ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਭਾਈ ਹਰਮਿੰਦਰ ਸਿੰਘ ਸੰਧੂ ਸਮੇਤ ਫੈਡਰੇਸ਼ਨ ਦੇ ਮੁੱਖ ਅਹੁਦੇਦਾਰਾਂ ਦੀ ਜ਼ਰੂਰੀ ਮੀਟਿੰਗ ਬੁਲਾਈ ਜਿਸ ਵਿੱਚ ਵਿਚਾਰਾਂ ਕੀਤੀਆਂ ਗਈਆਂ ਕਿ ਜਿਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਰਹੇ ਹਨ ਅਤੇ ਆਏ ਬਹਾਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਇਸ ਤਰ੍ਹਾਂ ਕੇਂਦਰ ਸਰਕਾਰ ਦੀ ਬਦਨੀਤੀ ਦੀ ਝਲਕ ਸਪੱਸ਼ਟ ਨਜ਼ਰ ਆਉਂਦੀ ਹੈ। ਹੋ ਸਕਦਾ ਹੈ ਕਿ ਸੰਤਾਂ ਦੀਆਂ ਧਾਰਮਿਕ ਗਤੀਵਿਧੀਆਂ ਨੂੰ ਰੋਕਣ ਲਈ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਪ੍ਰੇਸ਼ਾਨ ਕੀਤਾ ਜਾਵੇ। ਸਰਕਾਰ ਦੇ ਅਜਿਹੇ ਮਨਸੂਬਿਆਂ ਨੂੰ ਜੱਗ ਜ਼ਾਹਿਰ ਕਰਨ ਲਈ ਸਾਨੂੰ ਕੁੱਝ ਠੋਸ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ ਜਿਸ ਨਾਲ ਅਸੀਂ ਉਨ੍ਹਾਂ ਨੂੰ ਦੱਸ ਸਕੀਏ ਕਿ ਜੇਕਰ ਸੰਤਾਂ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਸਿੱਖ ਨੌਜਵਾਨ ਬਰਦਾਸ਼ਤ ਨਹੀਂ ਕਰਨਗੇ। ਇਹ ਵਿਚਾਰਾਂ ਕਰਕੇ ਸੰਤਾਂ ਦੀ ਸੰਭਾਵਿਤ ਗ੍ਰਿਫ਼ਤਾਰੀ ਵਿਰੁੱਧ ਰੋਸ ਪ੍ਰਗਟ ਕਰਨ ਦਾ ਪ੍ਰੋਗਰਾਮ ਉਲੀਕਿਆ। 07-06-80 ਨੂੰ ਫੈਡਰੇਸ਼ਨ ਪ੍ਰਧਾਨ ਦੀ ਅਗਵਾਈ ਹੇਠ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਸ਼ਾਲਾਂ ਬਾਲ ਕੇ ਵਿਸ਼ਾਲ ਜਲੂਸ ਕੱਢਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਫੈਡਰੇਸ਼ਨ ਵਰਕਰਾਂ ਤੋਂ ਇਲਾਵਾ ਹੋਰ ਨੌਜਵਾਨ ਸਿੱਖ ਵੀ ਇਸ ਵਿੱਚ ਸ਼ਾਮਿਲ ਹੋਏ। ਇਸ ਜਲੂਸ ਦਾ ਸਪੱਸ਼ਟ ਸੰਕੇਤ ਸੀ ਕਿ ਸਿੱਖ ਨੌਜਵਾਨ ਵਰਗ ਪੂਰੀ ਤਰ੍ਹਾਂ ਸੰਤ ਭਿੰਡਰਾਂਵਾਲੇ ਦੀ ਸੋਚ ਨੂੰ ਸਮਰਪਿਤ ਹੈ।

ਇਸੇ ਤਰ੍ਹਾਂ ਸੰਤਾਂ ਦੀ ਸੰਭਾਵਿਤ ਗ੍ਰਿਫ਼ਤਾਰੀ ਵਿਰੁੱਧ 15-06-80 ਨੂੰ ਭਾਈ ਅਮਰੀਕ ਸਿੰਘ ਦੀ ਅਗਵਾਈ ਵਿੱਚ ਪੰਜਾਬ ਭਰ ਵਿੱਚ ਰੋਸ ਮੁਜ਼ਾਹਰੇ ਕੀਤੇ ਗਏ, ਜਿਨ੍ਹਾਂ ਸ਼ਹਿਰਾਂ ਵਿੱਚ ਰੋਸ ਮੁਜਾਹਰੇ ਹੋਏ ਉਨ੍ਹਾਂ ਵਿੱਚੋਂ ਵਿਸ਼ੇਸ਼ ਤੌਰ 'ਤੇ ਚੰਡੀਗੜ੍ਹ, ਜਲੰਧਰ, ਲੁਧਿਆਣਾ, ਪਟਿਆਲਾ, ਮੋਗਾ, ਬਠਿੰਡਾ, ਤਰਨਤਾਰਨ, ਖੇਮਕਰਨ, ਪੱਟੀ, ਗੁਰਦਾਸਪੁਰ, ਫ਼ਿਰੋਜ਼ਪੁਰ, ਸ੍ਰੀ ਗੰਗਾ ਨਗਰ, ਜੰਮੂ ਆਦਿ ਥਾਵਾਂ 'ਤੇ ਬਹੁਤ ਹੀ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਇਹ ਵੱਡਾ ਪ੍ਰਦਰਸ਼ਨ ਸੀ। ਜਿਸ ਨਾਲ ਕੇਵਲ ਪੰਜਾਬ ਵਿੱਚ ਹੀ ਨਹੀਂ ਬਲਕਿ ਗੁਆਂਢੀ ਰਾਜਾਂ ਤੱਕ ਵਸਦੇ ਸਿੱਖਾਂ ਵਿੱਚ ਵੀ ਇਸ ਸਮੱਸਿਆ ਪ੍ਰਤੀ ਜਾਗਰੂਕਤਾ ਪੈਦਾ ਹੋਈ।

ਫੈਡਰੇਸ਼ਨ ਆਗੂਆਂ ਨੇ ਭਾਈ ਅਮਰੀਕ ਸਿੰਘ ਦੀ ਅਗਵਾਈ ਵਿੱਚ ਬਹੁਤ ਹੀ ਦੂਰ ਦ੍ਰਿਸ਼ਟੀ ਨਾਲ ਵਿਚਾਰਿਆ ਕਿ ਸਾਨੂੰ ਅਜਿਹਾ ਰੋਸ ਪ੍ਰਦਰਸ਼ਨ ਦੇਸ਼ ਦੀ ਰਾਜਧਾਨੀ ਵਿੱਚ ਵੀ ਕਰਨਾ ਚਾਹੀਦਾ ਹੈ। ਇਸੇ ਸਬੰਧ ਵਿੱਚ 20-07-80 ਨੂੰ ਦਿੱਲੀ ਵਿਖੇ ਸਿੱਖ ਪੰਥ ਦਾ ਇੱਕ ਪ੍ਰਤੀਨਿਧ ਵਿਸ਼ਾਲ ਜਲੂਸ ਕੱਢਿਆ ਗਿਆ। ਜਿਸ ਵਿੱਚ ਵੀ ਫੈਡਰੇਸ਼ਨ ਨੁਮਾਇੰਦਿਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਇਸ ਸਮੇਂ ਭਾਈ ਅਮਰੀਕ ਸਿੰਘ ਨੇ ਕੇਂਦਰ ਸਰਕਾਰ ਨੂੰ ਵਾਰਨਿੰਗ ਦਿੱਤੀ ਕਿ ਜੇ ਭਿੰਡਰਾਂਵਾਲਿਆਂ ਸੰਤਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਇਆ ਗਿਆ ਤਾਂ ਇਸ ਸਬੰਧ ਪੈਦਾ ਹੋਣ ਵਾਲ ਅਣਸੁਖਾਵੇਂ ਹਾਲਾਤਾਂ ਤੇ ਹੋਣ ਵਾਲੇ ਨੁਕਸਾਨ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਹੋਵੇਗੀ।

ਕੇਂਦਰ ਸਰਕਾਰ ਨਕਲੀ ਨਿਰੰਕਾਰੀ ਕਤਲ ਕੇਸ ਵਿੱਚ ਸੰਤਾਂ ਨੂੰ ਗ੍ਰਿਫ਼ਤਾਰ ਕਰਨ ਦਾ ਮਨਸੂਬਾ ਬਣਾ ਰਹੀ

Scanned with CamScanner

ਸੀ। ਭਾਵੇਂ ਹੁਣ ਤੱਕ ਦੀ ਪੁੱਛ ਪੜਤਾਲ ਵਿੱਚ ਕਿਸੇ ਤਰ੍ਹਾਂ ਵੀ ਸੰਤਾਂ ਦਾ ਸਬੰਧ ਇਸ ਕੇਸ ਨਾਲ ਜੋੜਿਆ ਨਹੀਂ ਜਾ ਸਕਿਆ ਸੀ। ਫਿਰ ਵੀ ਸੰਤਾਂ ਨੂੰ ਗ੍ਰਿਫਤਾਰ ਕਰਨ ਦਾ ਇਰਾਦਾ ਕੇਂਦਰ ਸਰਕਾਰ ਨੇ ਤਿਆਗਿਆ ਨਹੀਂ ਸੀ। ਪਰ ਪੰਜਾਬ ਅਤੇ ਦਿੱਲੀ ਵਿਖੇ ਜ਼ਬਰਦਸਤ ਰੋਸ ਮੁਜਾਹਰਿਆਂ ਨੂੰ ਵੇਖਦਿਆਂ ਇਹ ਮਸਲਾ ਫਿਲਹਾਲ ਰੋਕ ਦੇਣਾ ਹੀ ਠੀਕ ਸਮਝਿਆ। ਜਿਸ ਕਰਕੇ ਭਾਰਤ ਦੇ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਲੋਕ ਸਭਾ ਵਿੱਚ ਬਿਆਨ ਦਿੱਤਾ ਕਿ ਨਿਰੰਕਾਰੀ ਆਗੂ ਗੁਰਬਚਨ ਸਿੰਘ ਦੇ ਕਤਲ ਕੇਸ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਸਬੰਧ ਸਾਬਤ ਨਹੀਂ ਹੋ ਸਕਿਆ। ਇਸ ਲਈ ਸਰਕਾਰ ਦਾ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਕੋਈ ਇਰਾਦਾ ਨਹੀਂ।

ਭਾਰਤ ਦੇ ਗ੍ਰਹਿ ਮੰਤਰੀ ਵੱਲੋਂ ਦਿੱਤੇ ਗਏ ਇਸ ਬਿਆਨ ਨਾਲ ਕਿ ਭਿੰਡਰਾਂਵਾਲੇ ਸੰਤਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਵੇਗਾ। ਇਸ ਨਾਲ ਸਿੱਖ ਨੌਜਵਾਨਾਂ ਅਤੇ ਫੈਡਰੇਸ਼ਨ ਆਗੂਆਂ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ ਅਤੇ ਇਸ ਤੋਂ ਬਾਅਦ ਉਹ ਹੋਰ ਵੀ ਡੱਟਵੇਂ ਢੰਗ ਨਾਲ ਭਾਈ ਅਮਰੀਕ ਸਿੰਘ ਦੀ ਅਗਵਾਈ 'ਚ ਜੱਥੇਬੰਦੀ ਨੂੰ ਮਜ਼ਬੂਤ ਕਰਨ ਵਿੱਚ ਜੁਟ ਗਏ ਅਤੇ ਜੱਥੇਬੰਦੀ ਦੇ ਰਾਹੀਂ ਸਿੱਖ ਮਸਲਿਆਂ ਨੂੰ ਉਭਾਰਨ ਲੱਗੇ।

ਸੰਤਾਂ ਦੀ ਸੰਗਤ ਨੇ ਭਾਈ ਰਸਾਲ ਸਿੰਘ ਦਾ ਜੀਵਨ ਬਦਲ ਦਿੱਤਾ

ਇੱਕ ਵਾਰ 1981 'ਚ ਫਿਰੋਜ਼ਪੁਰ ਜ਼ਿਲ੍ਹੇ ਦੇ ਅਸਮਾਨਵਾਲਾ ਪਿੰਡ ਵਿੱਚ ਸੱਤ ਦਿਨ ਦਾ ਪ੍ਰੋਗਰਾਮ ਸੀ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜਥੇ ਸਮੇਤ ਪਹੁੰਚੇ ਹੋਏ ਸਨ। ਸਵੇਰ ਸ਼ਾਮ ਦੀ ਕਥਾ ਇਸੇ ਪਿੰਡ ਹੀ ਹੁੰਦੀ ਸੀ ਅਤੇ ਦਿਨ ਵੇਲੇ ਨੇੜ ਦੇ ਪਿੰਡਾਂ ਵਿੱਚ ਧਰਮ ਪ੍ਰਚਾਰ ਲਈ ਚਲੇ ਜਾਂਦੇ ਸਨ। ਇੱਕ ਦਿਨ ਸਵੇਰ ਦਾ ਲੰਗਰ ਆਰਫਕੇ ਨਗਰ ਵਿੱਚ ਸੀ। ਸਾਰਾ ਜਥਾ ਨਗਰ ਵਿੱਚ ਦੀ ਸ਼ਬਦ ਪੜ੍ਹਦੇ ਹੋਏ ਜਦ ਲੰਗਰ ਛਕ ਕੇ ਵਾਪਸ ਮੁੜੇ ਤਾਂ ਰਸਤੇ ਵਿੱਚ ਇੱਕ ਵਿਅਕਤੀ ਸ਼ਰਾਬ ਦਾ ਰੱਜਿਆ ਹੋਇਆ ਸੀ ਤਾਂ ਉਸ ਨੇ ਸੰਤਾਂ ਵੱਲ ਵੇਖ ਕੇ ਕਿਹਾ ਕਿ ਤੂੰ ਬਹੁਤ ਵੱਡਾ ਸੰਤ ਬਣਦਾ ਹੈਂ, ਆ ਮੇਰੇ ਨਾਲ ਪੰਜਾ ਪਾ ਕੇ ਵੇਖ। ਸੰਤਾਂ ਨੇ ਉਸ ਵੱਲ ਤੱਕਿਆ ਅਤੇ ਸੁਭਾਵਿਕ ਹੀ ਕਿਹਾ ਕਿ ਭਾਈ ਅਸੀਂ ਤੇਰੇ ਨਾਲ ਕੀ ਪੰਜਾ ਪਾਉਣਾ ਹੈ ਗੁਰੂ ਸਾਹਿਬ ਹੀ ਕ੍ਰਿਪਾ ਕਰਨ ਇੰਨਾ ਕਹਿ ਕੇ ਅੱਗੇ ਚਲੇ ਗਏ। ਨਗਰ ਦੇ ਸਿੰਘਾਂ ਨੇ ਦੱਸਿਆ ਕਿ ਇਹ ਰਸਾਲ ਸਿੰਘ ਰੋਜ਼ ਹੀ ਸ਼ਰਾਬ ਨਾਲ ਰੱਜਿਆ ਰਹਿੰਦਾ ਹੈ। ਸੰਤ ਕਹਿੰਦੇ ਭਾਈ ਬਾਣੀ ਪੜ੍ਹੋ ਸਾਰੇ ਰਾਹ ਕਿਸੇ ਨੇ ਗੱਲ ਨਹੀਂ ਕਰਨੀ। ਇਹ ਜਥੇ ਦਾ ਨਿਯਮ ਹੈ ਕਿ ਜਿਸ ਘਰੋਂ ਲੰਗਰ ਛਕਣਾ ਹੈ ਉਨ੍ਹਾਂ ਨਮਿੱਤ ਜਥੇ ਦੇ ਹਰ ਇੱਕ ਸਿੰਘ ਨੇ ਜਪੁਜੀ ਸਾਹਿਬ ਦਾ ਇੱਕ ਪਾਠ ਕਰਨਾ ਹੁੰਦਾ ਹੈ। ਥੋੜ੍ਹੀ ਦੂਰ ਹੀ ਅਸਮਾਨ ਵਾਲਾ ਪਿੰਡ ਸੀ, ਉਥੇ ਸ਼ਾਮ ਦੀ ਕਥਾ ਕੀਤੀ। ਸ਼ਾਮ ਦੇ ਨਿੱਤਨੇਮ ਤੋਂ ਬਾਅਦ ਸਿੰਘ ਆਪੋ ਆਪਣੇ ਆਸਣਾਂ 'ਤੇ ਚਲੇ ਗਏ ਅਤੇ ਸੰਤ ਵੀ। ਰਾਤ ਦੇ ਇੱਕ ਵਜੇ ਉਹੀ ਰਸਾਲ ਸਿੰਘ ਸੰਤਾਂ ਕੋਲ ਆਇਆ ਅਤੇ ਸੰਤਾਂ ਦੇ ਕਮਰੇ ਤੋਂ ਬਾਹਰ ਪਹਿਰਾ ਦੇ ਰਹੇ ਸਿੰਘਾਂ ਨੂੰ ਕਿਹਾ ਕਿ ਮੈਂ ਇਸੇ ਸਮੇਂ ਸੰਤਾਂ ਨੂੰ ਮਿਲਣਾ ਹੈ। ਸਿੰਘਾਂ ਨੇ ਭਾਈ ਗੁਰਮੁਖ ਸਿੰਘ ਗੜਦਵਲੀ ਨੂੰ ਦੱਸਿਆ ਕਿ ਇਹ ਸਿੰਘ ਹੁਣੇ ਮਿਲਣ ਲਈ ਜ਼ਿੱਦ ਕਰ ਰਿਹਾ ਹੈ। ਗੁਰਮੁਖ ਸਿੰਘ ਨੇ ਮਨ੍ਹਾ ਕਰ ਦਿੱਤਾ ਕਿ ਸਵੇਰੇ ਆ ਜਾਈਂ। ਇਹ ਗੱਲਾਂ ਸੰਤਾਂ ਨੂੰ ਅੰਦਰ ਵੀ ਸੁਣ ਗਈਆਂ ਅਤੇ ਕਿਹਾ ਕਿ ਆ ਲੈਣ ਦਿਉ। ਭਾਈ ਗੁਰਮੁਖ ਸਿੰਘ ਦੋ-ਤਿੰਨ ਸਿੰਘਾਂ ਸਮੇਤ ਇਸ ਨੂੰ ਅੰਦਰ ਲੈ ਗਏ। ਜਾਂਦਿਆਂ ਸਾਰ ਹੀ ਰਸਾਲ ਸਿੰਘ ਨੇ ਕਿਹਾ ਕਿ ਤੂੰ ਬੜਾ ਜ਼ਾਹਿਰਾ ਸੰਤ ਹੈਂ, ਇਸ ਲਈ ਮੱਥੇ 'ਤੇ ਦਇਆ ਕਰ। ਸੰਤਾਂ ਨੇ ਕਿਹਾ ਭਾਈ ਮੈਂ ਤਾਂ ਤੈਨੂੰ ਕੁੱਝ ਕਿਹਾ ਨਹੀਂ ਤਾਂ ਉਸ ਨੇ ਕਿਹਾ ਤੁਸੀਂ ਨਾ ਕਹਿ ਕੇ ਵੀ ਸਭ ਕੁੱਝ ਕਹਿ ਦਿੱਤਾ ਹੈ। ਸੰਤਾਂ ਨੇ ਪੁੱਛਿਆ, "ਮੁਣ ਕੇ ਸ਼ਰਾਬ ਤਾਂ ਨਹੀਂ ਪੀਂਦਾ?" ਕਹਿੰਦਾ, "ਜੀ, ਨਹੀਂ ਪੀਂਦਾ" ਤਾਂ ਸੰਤਾਂ ਨੇ ਕਿਹਾ ਕਿ ਇਥੇ ਹੀ ਦੋ ਦਿਨ ਬਾਅਦ ਅੰਮ੍ਰਿਤ ਸੰਚਾਰ ਹੋਣਾ ਹੈ, ਪਰਿਵਾਰ ਸਮੇਤ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਲੈ ਕੇ ਗੁਰੂ ਵਾਲਾ ਬਣ ਜਾ। ਜ਼ਾਹਰਾ ਸ਼ਕਤੀ ਤਾਂ ਅੰਮ੍ਰਿਤ ਦੀ ਹੈ ਜਾਂ ਅੰਮ੍ਰਿਤ ਦੇ ਦਾਤੇ ਚੋਜੀ ਪ੍ਰੀਤਮ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਹੈ, ਉਹ ਆਪੇ ਬਖਸ਼ ਲੈਣਗੇ। ਰਸਾਲ ਸਿੰਘ ਨੇ ਪਰਿਵਾਰ ਸਮੇਤ ਅੰਮ੍ਰਿਤ ਛਕ ਲਿਆ, ਨਿੱਤਨੇਮੀ ਬਣ ਗਿਆ ਤਾਂ ਕੁੱਝ ਦਿਨਾਂ ਬਾਅਦ ਹੀ ਪਿੰਡ ਵਿੱਚ ਕਹਿਣ ਲੱਗਾ ਕਿ ਸੰਤਾਂ ਨੂੰ ਮਿਲਣ ਨੂੰ ਦਿਲ ਕਰਦਾ ਹੈ। ਭਾਈ ਗੁਰਦੇਵ ਸਿੰਘ ਅਸਮਾਨਵਾਲਾ ਨੂੰ ਨਾਲ ਲੈ ਕੇ ਸੰਤਾਂ ਕੋਲ ਮੱਹਿਤੇ ਚਲੇ ਗਏ। ਇਸ ਤਰ੍ਹਾਂ ਆਉਣੀ-ਜਾਣੀ ਬਣੀ ਰਹੀ, ਜਦੋਂ ਧਰਮਯੁੱਧ ਮੋਰਚਾ ਲੱਗਾ ਤਾਂ ਰਸਾਲ ਸਿੰਘ ਨੇ ਆਪਣੇ ਲਈ ਹਥਿਆਰ ਦਾ ਲਾਇਸੰਸ ਬਣਾਇਆ ਆਪਣੀ ਕੁੱਝ ਜ਼ਮੀਨ ਵੇਚ ਕੇ ਵਧੀਆ ਰਾਈਫਲ ਖਰੀਦ ਲਈ ਅਤੇ ਪੱਕੇ ਤੌਰ 'ਤੇ ਸੰਤਾਂ

Scanned with CamScanner

ਕੋਲ ਸ੍ਰੀ ਅੰਮ੍ਰਿਤਸਰ ਸਾਹਿਬ ਆ ਗਿਆ ਤੇ ਬੇਨਤੀ ਕੀਤੀ ਕਿ ਮੈਂ ਪੱਕੇ ਤੌਰ 'ਤੇ ਸੇਵਾ ਵਿੱਚ ਆ ਗਿਆ ਹਾਂ। ਸੰਤਾਂ ਨੇ ਕਿਹਾ ਠੀਕ ਹੈ, ਰੋਜਾਨਾ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਨਾ ਹੈ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨੇ ਹਨ, ਵੱਧ ਤੋਂ ਵੱਧ ਸਿਮਰਨ ਕਰਨਾ ਹੈ ਤੇ ਸਿੱਖਾਂ ਨਾਲ ਆਪਸੀ ਪਿਆਰ ਨਾਲ ਰਹਿਣਾ ਹੈ, ਖਾਣ-ਪਹਿਨਣ ਦਾ ਲਾਲਚ ਨਹੀਂ ਕਰਨਾ, ਸੇਵਾ ਵਿੱਚ ਆਇਆ ਹੈਂ ਤਾਂ ਸੇਵਾ ਹੀ ਕਰਨੀ ਹੈ। ਰਸਾਲ ਸਿੰਘ ਨੇ ਸਿੱਖਾਂ ਦੀ ਬਹੁਤ ਸੇਵਾ ਕੀਤੀ ਅਤੇ ਬਹੁਤਾ ਸਮਾਂ ਵਾਹਿਗੁਰੂ ਸਿਮਰਨ ਸੇਵਾ ਵਿੱਚ ਲੱਗਾ ਰਹਿੰਦਾ। ਗੁਰੂ ਦੇ ਨਾਮ ਦਾ ਐਸਾ ਰੰਗ ਚੜ੍ਹਿਆ ਕਿ ਅਖੀਰ ਤੱਕ ਸੰਤਾਂ ਨਾਲ ਹੀ ਰਿਹਾ ਅਤੇ 6 ਜੂਨ 1984 ਨੂੰ ਭਾਰਤੀ ਫੌਜਾਂ ਦਾ ਪੂਰੀ ਸ਼ੂਰਬੀਰਤਾ ਨਾਲ ਮੁਕਾਬਲਾ ਕਰਦਾ ਹੋਇਆ ਕਈਆਂ ਨੂੰ ਸਦਾ ਦੀ ਨੀਂਦ ਸੁਆ ਕੇ ਸ਼ਹਾਦਤ ਪ੍ਰਾਪਤ ਕਰ ਗਿਆ।

ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਦੀ ਲਹਿਰ

ਅਪ੍ਰੈਲ 1981 ਦੇ ਅਖੀਰਲੇ ਦਿਨਾਂ ਵਿੱਚ ਫੈਡਰੇਸ਼ਨ ਆਗੂ ਭਾਈ ਅਮਰੀਕ ਸਿੰਘ ਦੀ ਅਗਵਾਈ ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਮਿਲੇ। ਆਉਣ ਵਾਲੇ ਦਿਨਾਂ ਵਿੱਚ ਉਲੀਕੇ ਜਾਣ ਵਾਲੇ ਧਾਰਮਿਕ ਪ੍ਰੋਗਰਾਮ ਪ੍ਰਤੀ ਵਿਚਾਰਾਂ ਸਾਂਝੀਆਂ ਕੀਤੀਆਂ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਲਈ ਵੀ ਵਿਚਾਰ ਹੋਈ। ਜਿਸ 'ਤੇ ਸੰਤਾਂ ਨੇ ਕਿਹਾ ਇਸ ਸਬੰਧ ਵਿੱਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਵਿਚਾਰ ਕਰਨੀ ਜ਼ਰੂਰੀ ਹੈ। ਇਸ ਲਈ ਉਨ੍ਹਾਂ ਤੋਂ ਮੀਟਿੰਗ ਕਰਨ ਦਾ ਸਮਾਂ ਲਿਆ ਜਾਵੇ। ਇੱਕ ਦੋ ਦਿਨਾਂ ਵਿੱਚ ਹੀ ਭਾਈ ਹਰਮਿੰਦਰ ਸਿੰਘ ਸੰਧੂ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮਾਂ ਲੈ ਕੇ ਉਨ੍ਹਾਂ ਦੇ ਗ੍ਰਹਿ ਵਿਖੇ ਹੀ ਮੀਟਿੰਗ ਦਾ ਪ੍ਰਬੰਧ ਕੀਤਾ। ਇਸ ਮੀਟਿੰਗ ਵਿੱਚ ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਅਜਨੋਹਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਲਾਵਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਜਰਨੈਲ ਸਿੰਘ ਜੀ ਖ਼ਾਲਸਾ, ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਫੈਡਰੇਸ਼ਨ ਦੇ ਜਨਰਲ ਸਕੱਤਰ ਭਾਈ ਹਰਮਿੰਦਰ ਸਿੰਘ ਸੰਧੂ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਗੁਰੂ ਕੀ ਨਗਰੀ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਲਈ ਹਿੰਦੂ ਆਗੂਆਂ ਨੂੰ ਵੀ ਭਰੋਸੇ ਵਿੱਚ ਲਿਆ ਜਾਵੇ ਅਤੇ ਸਿੱਖ ਪੰਥ ਦੀਆਂ ਹੋਰ ਸਿੱਖ ਸੰਪਰਦਾਵਾਂ ਨੂੰ ਵੀ ਮੀਟਿੰਗ ਵਿੱਚ ਸੱਦਿਆ ਜਾਵੇ। ਇਸ ਫੈਸਲੇ ਅਨੁਸਾਰ 3 ਮਈ 1981 ਨੂੰ ਵਿਸ਼ੇਸ਼ ਮੀਟਿੰਗ ਸੱਦੀ ਗਈ ਜਿਸ ਵਿੱਚ ਲਗਭਗ ਸਾਰੀਆਂ ਹੀ ਸਿੱਖ ਸੰਸਥਾਵਾਂ ਅਤੇ ਸਿੱਖ ਸੰਪਰਦਾਵਾਂ ਦੇ ਪ੍ਰਤੀਨਿਧ ਸ਼ਾਮਿਲ ਹੋਏ ਅਤੇ ਇਸ ਮੀਟਿੰਗ ਵਿੱਚ ਹਿੰਦੂਆਂ ਦੇ ਧਾਰਮਿਕ ਨੁਮਾਇੰਦਿਆਂ ਸਮੇਤ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਜਿਸ ਵਿੱਚ ਅਕਾਲੀ ਦਲ ਲੌਂਗੋਵਾਲ, ਤਲਵੰਡੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੁਮਾਇੰਦਿਆਂ ਨੂੰ ਸ਼ਾਮਿਲ ਕੀਤਾ ਗਿਆ। ਇਨ੍ਹਾਂ ਸਾਰਿਆਂ ਦੀ ਸਹਿਮਤੀ ਨਾਲ 31 ਮਈ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਵਿਸ਼ਾਲ ਜਲੂਸ ਕੱਢਣ ਦਾ ਪ੍ਰੋਗਰਾਮ ਉਲੀਕਿਆ। ਜਿਸ ਦਾ ਇੱਕੋ ਇੱਕ ਮਕਸਦ ਇਸ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣਾ ਹੀ ਸੀ। ਇਸ ਜਲੂਸ ਦੇ ਮੁੱਖ ਪ੍ਰਬੰਧਕ ਭਾਈ ਅਮਰੀਕ ਸਿੰਘ ਨੂੰ ਬਣਾਇਆ ਗਿਆ। ਉਨ੍ਹਾਂ ਨੇ ਜਿਥੇ ਪੰਜਾਬ ਭਰ ਦੀਆਂ ਨੁਮਾਇੰਦਾ ਜਥੇਬੰਦੀਆਂ ਨੂੰ ਚਿੱਠੀ ਪੱਤਰ ਭੇਜੇ ਉਥੇ ਸਮੁੱਚੇ ਪੰਜਾਬ ਦੀਆਂ ਸਭ ਜ਼ਿਲ੍ਹਾ ਇਕਾਈਆਂ ਨੂੰ ਇਸ ਜਲੂਸ ਵਿੱਚ ਸ਼ਾਮਿਲ ਹੋਣ ਲਈ ਕਿਹਾ ਅਤੇ ਨਾਲ ਹੀ ਜਿਲ੍ਹਾ ਪ੍ਰਸ਼ਾਸਨ ਨੂੰ ਵੀ ਇਸ ਜਲੂਸ ਸਬੰਧੀ ਚਿੱਠੀ ਪੱਤਰ ਭੇਜਿਆ। ਭਾਵ ਇੱਕ ਵਿਸ਼ਾਲ ਜਲੂਸ ਤੋਂ ਪ੍ਰਭਾਵਸ਼ਾਲੀ ਪ੍ਰਦਰਸ਼ਨ ਲਈ ਜ਼ੋਰਦਾਰ ਤਿਆਰੀਆਂ ਆਰੰਭੀਆਂ। ਇਸ ਸਬੰਧ ਵਿੱਚ ਸੰਤਾਂ ਨੇ ਵੀ ਇਸ ਜਲੂਸ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਧਿਆਨ ਦਿੱਤਾ। ਇਸ ਲਈ 31 ਮਈ ਨੂੰ ਕੱਢੇ ਜਾਣ ਵਾਲੇ ਜਲੂਸ ਲਈ ਪੰਜਾਬ ਦੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ ਕਿਉਂਕਿ '31 ਮਈ ਨੂੰ ਸ੍ਰੀ ਅੰਮ੍ਰਿਤਸਰ ਪਹੁੰਚੋ' ਦਾ ਸੱਦਾ ਪਿੰਡ-ਪਿੰਡ ਪਹੁੰਚ ਚੁੱਕਾ ਸੀ।

ਜਲੂਸ ਸਬੰਧੀ ਆਮ ਲੋਕਾਂ ਵੱਲੋਂ ਮਿਲ ਰਹੇ ਹੁੰਗਾਰੇ ਨੂੰ ਮੁੱਖ ਰੱਖਦਿਆਂ ਜਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਵਿੱਚ ਰੁਕਾਵਟਾਂ ਪਾਉਣ ਲਈ ਵਿਉਂਤਬੰਦੀ ਤਹਿਤ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਹਿੰਦੂ ਅਤੇ ਸਿੱਖ ਆਗੂਆਂ ਦੀ ਸਾਂਝੀ ਮੀਟਿੰਗ ਬੁਲਾ ਲਈ। ਇਸ ਮੀਟਿੰਗ ਵਿੱਚ ਐੱਸ. ਐੱਸ. ਪੀ. ਤੋਂ ਖਿਨਾ ਸਿੱਖਾਂ ਵੱਲੋਂ ਭਾਈ ਅਮਰੀਕ ਸਿੰਘ ਅਤੇ

Scanned with CamScanner

ਸ. ਹਰਮਿੰਦਰ ਸਿੰਘ ਸੰਧੂ ਹਿੰਦੂਆਂ ਵੱਲੋਂ ਗੋਪੀ ਚੰਦ ਭਾਟੀਆ, ਭੋਲਾ ਨਾਥ ਦਿਲਾਵਰੀ ਅਤੇ ਓ. ਪੀ. ਪ੍ਰਭਾਕਰ ਸ਼ਾਮਿਲ ਹੋਏ। ਇਨ੍ਹਾਂ ਹਿੰਦੂ ਆਗੂਆਂ ਨੇ ਇਸ ਮੀਟਿੰਗ ਵਿੱਚ ਇੱਕ ਨਵੀਂ ਤਜਵੀਜ਼ ਪੇਸ਼ ਕੀਤੀ। ਜਿਸਦਾ ਮਨੋਰਥ ਸੀ ਕਿ ਸਿੱਖ ਆਗੂ ਇਸ ਸਬੰਧੀ ਇੰਨੀ ਜਲਦੀ ਫੈਸਲਾ ਨਹੀਂ ਲੈ ਸਕਣਗੇ ਅਤੇ 31 ਮਈ ਦਾ ਸਾਂਝੇ ਤੌਰ 'ਤੇ ਕੱਢਿਆ ਜਾਣ ਵਾਲਾ ਜਲੂਸ ਟਾਲ ਦਿੱਤਾ ਜਾਵੇਗਾ। ਉਹ ਤਜਵੀਜ਼ ਇਹ ਸੀ ਕਿ ਸ਼ਹਿਰ ਵਿੱਚ ਪਾਨ, ਬੀੜੀ, ਸਿਗਰਟਾਂ ਅਤੇ ਤੰਬਾਕੂ ਨੂੰ ਸ਼ਹਿਰ 'ਚੋਂ ਬਾਹਰ ਕੱਢਣ ਦੇ ਨਾਲ-ਨਾਲ ਮਾਸ ਅਤੇ ਸ਼ਰਾਬ ਦੀਆਂ ਦੁਕਾਨਾਂ ਵੀ ਬੰਦ ਕਰਵਾਈਆਂ ਜਾਣ। ਇਹ ਤਜਵੀਜ਼ ਆਉਣ ਦੀ ਦੇਰ ਸੀ ਕਿ ਭਾਈ ਅਮਰੀਕ ਸਿੰਘ ਨੇ ਇਸ ਨੂੰ ਤੁਰੰਤ ਹੀ ਪ੍ਰਵਾਨਗੀ ਦੇ ਦਿੱਤੀ। ਜਿਸ ਨਾਲ ਹਿੰਦੂ ਆਗੂ ਹੱਕੇ ਬੱਕੇ ਰਹਿ ਗਏ ਕਿਉਂਕਿ ਉਹ ਸੋਚ ਵੀ ਨਹੀਂ ਸਕਦੇ ਸਨ ਕਿ ਭਾਈ ਅਮਰੀਕ ਸਿੰਘ ਆਪਣੇ ਤੇਰ 'ਤੇ ਹੀ ਇਹ ਫੈਸਲਾ ਲੈ ਲਵੇਗਾ। ਉਨ੍ਹਾਂ ਦੀ ਚੁੱਪ ਵੇਖ ਕੇ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਤੁਹਾਡੀ ਇਸ ਤਜਵੀਜ਼ ਨੂੰ ਵੀ 31 ਮਈ ਨੂੰ ਕੱਢੇ ਜਾਣ ਵਾਲੇ ਜਲੂਸ ਦੀਆਂ ਮੰਗਾਂ ਵਿੱਚ ਸ਼ਾਮਿਲ ਕਰ ਲਿਆ ਜਾਵੇਗਾ। ਪਰ ਤੁਸੀਂ ਇਸ ਜਲੂਸ ਪ੍ਰਤੀ ਪੂਰਾ-ਪੂਰਾ ਸਹਿਯੋਗ ਦੇਵੋ। ਆਪਸੀ ਗੱਲਬਾਤ ਤੋਂ ਬਾਅਦ ਇਸ ਕਾਰਵਾਈ ਨੂੰ ਲਿਖਤੀ ਰੂਪ ਦਿੱਤਾ ਗਿਆ ਅਤੇ ਸਾਰੇ ਮੈਂਬਰਾਂ ਦੇ ਦਸਤਖ਼ਤ ਵੀ ਕਰਵਾਏ ਗਏ ਅਤੇ ਸਰਕਾਰੀ ਦਸਤਾਵੇਜ਼ ਵਿੱਚ ਦਰਜ ਕੀਤਾ ਗਿਆ ਕਿ ਇਹ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਮੰਗ ਕਰਦੀ ਹੈ ਕਿ ਸ਼ਹਿਰ ਦੀ ਚਾਰਦੀਵਾਰੀ ਵਿੱਚ ਸਿਗਰਟ, ਬੀੜੀ, ਤੰਬਾਕੂ, ਮੀਟ, ਸ਼ਰਾਬ ਦੀ ਵਿਕਰੀ ਅਤੇ ਵਰਤੋਂ ਉਪਰ ਪਾਬੰਦੀ ਲਗਾਈ ਜਾਵੇ।

ਸਿੱਖ ਆਗੂ ਹੈਰਾਨ ਰਹਿ ਗਏ ਕਿ 29 ਮਈ ਨੂੰ ਸਿੱਖਾਂ ਦੇ ਵਿਰੁੱਧ ਭੜਕਾਊ ਨਾਅਰੇਬਾਜ਼ੀ ਕਰਦਿਆਂ ਹਿੰਦੂਆਂ ਵੱਲੋਂ ਜਲੂਸ ਕੱਢਿਆ ਜਾ ਰਿਹਾ ਸੀ। ਜਿਸ ਦੀ ਅਗਵਾਈ ਜਨਸੰਘ ਦੇ ਨੇਤਾ ਕਰ ਰਹੇ ਸਨ। ਹੁੱਲੜਬਾਜ਼ ਨੌਜਵਾਨ ਇਸ ਜਲੂਸ ਵਿੱਚ ਸਿੱਖਾਂ ਵਿਰੁੱਧ ਨਾਅਰੇ ਲਗਾ ਰਹੇ ਸਨ ਤਾਂ ਕਿ ਸਿੱਖਾਂ ਨੂੰ ਚਿੜਾਇਆ ਜਾ ਸਕੇ। ਜਿਵੇਂ 'ਕੱਛ, ਕੜਾ, ਕਿਰਪਾਨ ਇਸ ਨੂੰ ਭੇਜੋ ਪਾਕਿਸਤਾਨ, ਦੁੱਕੀ ਤਿੱਕੀ ਰਹਿਣ ਨਹੀਂ ਦੇਣੀ ਨੱਕ 'ਤੇ ਮੱਖੀ ਬਹਿਣ ਨਹੀਂ ਦੇਣੀ' ਸਿਗਰਟ ਬੀੜੀ ਪੀਏਂਗੇ, ਹਮ ਸ਼ਾਨ ਸੇ ਜੀਏਂਗੇ ਆਦਿ। ਜਦੋਂ ਸਿੱਖ ਆਗੂਆਂ ਨੇ ਇਸ ਘਿਨਾਉਣੀ ਕਾਰਵਾਈ ਬਾਰੇ ਹਿੰਦੂ ਆਗੂਆਂ ਨੂੰ ਪੁੱਛਿਆ ਤਾਂ ਉਨ੍ਹਾਂ ਇਹ ਕਹਿ ਕੇ ਟਾਲ ਦਿੱਤਾ ਕਿ ਜਲੂਸ ਵਿੱਚ ਕੁਝ ਹਿੰਦੂ ਮੁੰਡਿਆਂ ਨੇ ਸਿੱਖਾਂ ਵਿਰੁੱਧ ਨਾਅਰੇਬਾਜ਼ੀ ਕੀਤੀ ਹੈ ਇਹ ਉਨ੍ਹਾਂ ਦੀ ਗਲਤੀ ਹੈ ਪਰ ਅਸੀਂ ਵਾਅਦੇ ਮੁਤਾਬਿਕ ਤੁਹਾਡੇ ਨਾਲ ਹਾਂ। ਪਰ ਸਿੱਖ ਆਗੂ ਇਨ੍ਹਾਂ ਹਿੰਦੂ ਆਗੂਆਂ ਦੀ ਮੰਦਭਾਵਨਾ ਨੂੰ ਸਮਝ ਚੁੱਕੇ ਸਨ।

ਸਿੱਖ ਨੌਜਵਾਨਾਂ ਵਿੱਚ ਇਸ ਗੱਲ ਦਾ ਐਸਾ ਪ੍ਰਤੀਕਰਮ ਹੋਇਆ ਕਿ ਉਹ ਹੋਰ ਵੀ ਜੋਸ਼ ਅਤੇ ਵੱਧ ਇਕੱਠ ਨਾਲ 31 ਮਈ ਦੇ ਜਲੂਸ ਵਿੱਚ ਸ਼ਾਮਿਲ ਹੋਣ ਲਈ ਉਤਾਵਲੇ ਹੋ ਗਏ। ਇਸ ਲਈ 31 ਮਈ ਨੂੰ ਸਵੇਰ ਤੋਂ ਹੀ ਸਿੱਖ ਸੰਗਤਾਂ ਜਥਿਆਂ ਦੇ ਰੂਪ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਪਹੁੰਚਣੀਆਂ ਸ਼ੁਰੂ ਹੋ ਗਈਆਂ। ਵੇਖਦੇ ਹੀ ਵੇਖਦੇ ਮੰਜੀ ਸਾਹਿਬ ਦੀਵਾਨ ਹਾਲ ਸੰਗਤਾਂ ਨਾਲ ਪੂਰੀ ਤਰ੍ਹਾਂ ਭਰ ਗਿਆ ਜਿੱਥੇ ਤਿਲ ਸੁੱਟਣ ਨੂੰ ਵੀ ਖਾਲੀ ਜਗ੍ਹਾ ਨਹੀਂ ਸੀ। ਇਸ ਇਕੱਠ ਵਿੱਚ ਸੰਤ ਭਿੰਡਰਾਂਵਾਲਿਆਂ ਤੋਂ ਇਲਾਵਾ ਸਿੱਖ ਸੰਪਰਦਾਵਾਂ ਦੇ ਮੁਖੀ ਅਤੇ ਅਕਾਲੀ ਦਲ ਦੇ ਨੇਤਾਵਾਂ ਸਮੇਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਪਹੁੰਚੇ ਹੋਏ ਸਨ। ਹਾਲੇ ਦੋ ਦਿਨ ਪਹਿਲਾਂ ਹੀ ਹਿੰਦੂਆਂ ਵੱਲੋਂ ਸਿੱਖਾਂ ਵਿਰੁੱਧ ਭੜਕਾਊ ਨਾਅਰੇਬਾਜ਼ੀ ਕਰਦਿਆਂ ਜਲੂਸ ਕੱਢਿਆ ਗਿਆ ਸੀ ਜਿਸ ਕਾਰਨ ਅੱਜ ਦੇ ਇਕੱਠ ਵਿੱਚ ਸਿੱਖ ਰਵਾਇਤੀ ਸ਼ਸ਼ਤਰਾਂ ਸਮੇਤ ਪਹੁੰਚੇ ਹੋਏ ਸਨ। ਜਿਸ ਨੂੰ ਵੇਖਦਿਆਂ ਜਿਲ੍ਹਾ ਪ੍ਰਸ਼ਾਸਨ ਨੂੰ ਵੀ ਹੱਥਾਂ ਪੈਰਾਂ ਦੀ ਪਈ ਹੋਈ ਸੀ। ਜਿਸ ਕਾਰਨ ਡਿਪਟੀ ਕਮਿਸ਼ਨਰ ਨੂੰ ਭਾਰੀ ਚਿੰਤਾ ਪੈ ਗਈ ਸੀ ਕਿ ਅੱਜ ਕਿਸੇ ਵੀ ਕਿਸਮ ਦੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਇਸ ਨੂੰ ਮੁੱਖ ਰੱਖਦਿਆਂ ਪੁਲਿਸ ਵੱਲੋਂ ਪੁਖਤਾ ਬੰਦੋਬਸਤ ਕੀਤਾ ਜਾ ਰਿਹਾ ਸੀ।

ਇਨ੍ਹਾਂ ਹਾਲਾਤਾਂ ਨੂੰ ਮੁੱਖ ਰੱਖਦਿਆਂ ਸੰਤਾਂ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਅੱਜ ਦਾ ਜਲੂਸ ਬਿਲਕੁਲ ਸ਼ਾਂਤਮਈ ਹੋਵੇਗਾ। ਇਸ ਗੱਲ ਦਾ ਪ੍ਰਸ਼ਾਸਨ ਨੂੰ ਵੀ ਭਰੋਸਾ ਰੱਖਣਾ ਚਾਹੀਦਾ ਹੈ ਕਿਉਂਕਿ ਸਿੱਖ ਆਗੂਆਂ ਵੱਲੋਂ ਅੱਜ ਦਾ ਪ੍ਰੋਗਰਾਮ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਦਰਜਾ ਦਿਵਾਉਣ ਲਈ ਸ਼ਾਂਤਮਈ ਜਲੂਸ ਦਾ ਰੱਖਿਆ ਗਿਆ ਹੈ। ਇਸ ਲਈ ਮੈਂ ਸੰਗਤਾਂ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਪੂਰੀ ਤਰ੍ਹਾਂ ਜਾਬਤੇ ਵਿੱਚ ਰਹਿਣਾ ਹੈ। ਸ਼ਹਿਰ ਵਿੱਚ ਦੀ ਲੰਘਦਿਆਂ ਕਿਸੇ ਘਰ ਵਿੱਚੋਂ ਜਲੂਸ ਉਪਰ ਕੋਈ ਰੋੜਾ ਪੱਥਰ ਵੀ ਵੱਜਦਾ ਹੈ ਤਾਂ ਵੀ ਤੁਸੀਂ ਸ਼ਾਂਤ ਰਹਿਣਾ ਹੈ। ਪਰ ਜਿਸ ਘਰ ਵਿੱਚੋਂ ਅਜਿਹੀ ਹਰਕਤ ਹੋਵੇ ਉਸ ਦਾ ਐਡਰੈੱਸ ਜ਼ਰੂਰ ਨੋਟ ਕਰ ਲੈਣਾ, ਪਰ ਹਰ ਹਾਲਤ ਵਿੱਚ ਸ਼ਾਂਤ

Scanned with CamScanner

ਰਹਿਣਾ ਹੈ। ਬਾਕੀ ਜੋ 2 ਦਿਨ ਪਹਿਲਾਂ ਜਨਸੰਘੀ ਨੇਤਾਵਾਂ, ਹਰਬੰਸ ਲਾਲ ਖੰਨੇ ਵਰਗਿਆਂ ਨੇ ਸਿੱਖਾਂ ਵਿਰੁੱਧ ਨਾਅਰੇਬਾਜੀ ਕੀਤੀ ਹੈ ਅਤੇ ਸਿੱਖੀ ਦਾ ਮਜ਼ਾਕ ਉਡਾਉਣ ਦੀ ਕੋਸ਼ਿਸ਼ ਕੀਤੀ ਹੈ ਇਸ ਸਬੰਧ ਵਿੱਚ ਉਨ੍ਹਾਂ ਨਾਲ ਬਾਅਦ ਵਿੱਚ ਨਜਿੱਠਿਆ ਜਾਵੇਗਾ। ਪਰ ਅੱਜ ਕਿਸੇ ਨੇ ਵੀ ਭੜਕਾਹਟ ਵਿੱਚ ਨਹੀਂ ਆਉਣਾ। ਸੰਤਾਂ ਦੇ ਬੋਲਦਿਆਂ ਪੰਡਾਲ ਵਿੱਚੋਂ ਕਈ ਵਾਰ ਜੋਸ਼ੀਲੇ ਜੈਕਾਰੇ ਬੁਲਾਏ ਗਏ ਪਰ ਸੰਤਾਂ ਨੇ ਫਿਰ ਕਿਹਾ ਕਿ ਮੈਂ ਤੁਹਾਡੇ ਜੋਸ਼ ਦੀ ਕਦਰ ਕਰਦਾ ਹਾਂ ਪਰ ਅੱਜ ਦੇ ਜਲੂਸ ਵਿੱਚ ਆਪਾ ਸਭਨਾਂ ਨੇ ਪੂਰਅਮਨ ਰਹਿਣਾ ਹੈ। ਸੰਤਾਂ ਦੇ ਭਾਸ਼ਣ ਤੋਂ ਬਾਅਦ ਅਰਦਾਸ ਹੋਈ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਜਲੂਸ ਨੇ ਚਾਲੇ ਪਾਏ। ਸੰਤ ਭਿੰਡਰਾਂਵਾਲਿਆਂ ਦੀ ਕਮਾਂਡ ਹੇਠ ਜਲੂਸ ਦੀ ਚੜ੍ਹਤ ਸਚਮੁੱਚ ਖਾਲਸਾਈ ਫੌਜ ਦਾ ਜਾਹੋ ਜਲਾਲ ਪੇਸ਼ ਕਰਦੀ ਸੀ। ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਚੱਲਦਿਆਂ ਹੋਇਆਂ ਇਹ ਜਲੂਸ ਅੰਮ੍ਰਿਤਸਰ ਸਾਹਿਬ ਦੇ ਮੁੱਖ ਬਾਜ਼ਾਰਾਂ ਵਿੱਚ ਦੀ ਹੁੰਦਾ ਹੋਇਆ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਨਿਰਵਿਘਨ ਸਮਾਪਤ ਹੋਇਆ।

ਲਾਲਾ ਜਗਤ ਨਰਾਇਣ ਦੀਆਂ ਸਿੱਖੀ ਵਿਰੋਧੀ ਗਤੀਵਿਧੀਆਂ

ਸੰਨ 1947 ਦੀ ਭਾਰਤ-ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਲਾਲਾ ਜਗਤ ਨਾਰਾਇਣ ਦੀ ਪ੍ਰੈਸ ਲਾਹੌਰ ਵਿੱਚ ਸੀ ਜਿੱਥੋਂ ਇਹ ਹਿੰਦ ਸਮਾਚਾਰ ਅਖਬਾਰ ਪ੍ਰਕਾਸ਼ਿਤ ਕਰਦਾ ਸੀ। ਲਾਹੌਰ ਵਿੱਚ ਇਹ ਮੁਸਲਮਾਨਾਂ ਵਿਰੁੱਧ ਹਿੰਦੂਤਵ ਜਜ਼ਬਾਤ ਭੜਕਾ ਕੇ ਆਪਣੀ ਦੁਕਾਨਦਾਰੀ ਚਲਾਉਂਦਾ ਸੀ। ਆਜ਼ਾਦੀ ਤੋਂ ਪਿੱਛੋਂ ਇਹ ਲੋਕ ਲਾਹੌਰ ਛੱਡ ਕੇ ਹਿੰਦ ਵਿਚਲੇ ਪੰਜਾਬ ਵਿੱਚ ਜਲੰਧਰ ਆ ਟਿਕੇ ਅਤੇ ਇੱਥੋਂ ਹਿੰਦ ਸਮਾਚਾਰ ਸਮੂਹ ਦਾ ਪ੍ਰਸਾਰਣ ਆਰੰਭ ਕਰ ਦਿੱਤਾ। ਇੱਥੇ ਮੁਸਲਿਮ ਕੌਮ ਦੀ ਅਣਹੋਂਦ ਨੂੰ ਮਹਿਸੂਸ ਕਰਦਿਆਂ ਇਸ ਨੇ ਪਹਿਲਾਂ ਵਾਂਗ ਹਿੰਦੂਤਵ ਦਾ ਪੱਤਾ ਖੇਡਣ ਲਈ ਸਿੱਖ ਕੌਮ ਨੂੰ ਬਲੀ ਦਾ ਬੱਕਰਾ ਬਣਾਉਣ ਦੀ ਪੱਕੀ ਠਾਣ ਲਈ ਕਿਉਂਕਿ ਲਾਲਾ ਜਗਤ ਨਰਾਇਣ ਕੱਟੜ ਆਰੀਆ ਸਮਾਜੀ ਅਤੇ ਸਿੱਖੀ ਵਿਰੋਧੀ ਸੋਚ ਦਾ ਧਾਰਨੀ ਸੀ। ਇੱਥੇ ਹੀ ਬੱਸ ਨਹੀਂ ਭਾਰਤ ਪਾਕਿਸਤਾਨ ਦੀ ਵੰਡ ਸਮੇਂ ਵੀ ਇਸ ਲਾਲੇ ਦੀਆਂ ਗਤੀਵਿਧੀਆਂ ਨੂੰ ਅੱਖ-ਪਰੋਖੇ ਨਹੀਂ ਕੀਤਾ ਜਾ ਸਕਦਾ। ਭਾਰਤ ਪਾਕਿ ਦੀ ਇਸ ਅਣਸੁਖਾਵੀਂ ਅਤੇ ਗੌਰ ਕੁਦਰਤੀ ਵੰਡ ਸਮੇਂ ਇਹ ਲਾਲਾ ਭਾਰਤੀ ਹੁਕਮਰਾਨਾਂ ਦਾ ਮੁੱਖ ਸਲਾਹਕਾਰ ਸੀ, ਜਿਨ੍ਹਾਂ ਨੇ ਇਸ ਵੰਡ ਸਮੇਂ ਸਿੱਖਾਂ ਨੂੰ ਕੁਚਲਣ ਲਈ ਬਹੁਤ ਡੂੰਘੀਆਂ ਅਤੇ ਬੇਹੂਦਾ ਸਾਜਿਸ਼ਾਂ ਨੂੰ ਅੰਜ਼ਾਮ ਦਿੱਤਾ। ਜਿਸ ਕਾਰਨ ਇਸ ਵੰਡ ਸਮੇਂ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਝਿਆ ਗਿਆ। ਜਾਣ ਬੁੱਝ ਕੇ ਬਹੁਤ ਸਾਰੇ ਸਿੱਖ ਗੁਰਧਾਮਾਂ ਨੂੰ ਪਾਕਿਸਤਾਨ ਵਿੱਚ ਧੱਕ ਦਿੱਤਾ ਗਿਆ ਅਤੇ ਪਾਕਿਸਤਾਨ ਵਿਚਲੇ ਚੰਗੇ ਕਾਲਾਡਾਂ ਅਤੇ ਚੰਗੀਆਂ ਜ਼ਮੀਨ ਜਾਇਦਾਦਾਂ ਦੇ ਮਾਲਕ ਸਿੱਖਾਂ ਨੂੰ ਉੱਥੋਂ ਉਜਾੜ ਦਿੱਤਾ ਗਿਆ ਅਤੇ ਇੱਧਰ ਭਾਰਤ ਵਿੱਚ ਵੀ ਉਨ੍ਹਾਂ ਸਿੱਖਾਂ ਦੇ ਪੈਰ ਨਹੀਂ ਲੱਗਣ ਦਿੱਤੇ ਗਏ। ਉਹ ਲੀਮਾ ਸਾਮਾਂ ਲਾਵਾਰਿਸਾਂ ਜਿਹੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੋਏ। ਇਸ ਤੋਂ ਬਾਅਦ ਭਾਰਤ ਵਿੱਚ ਬੋਲੀ ਦੇ ਆਧਾਰ 'ਤੇ ਸੂਬਿਆਂ ਦੀ ਬਣਤਰ ਬਣਾਈ ਗਈ ਪਰ ਇਨ੍ਹਾਂ ਆਰੀਆ ਸਮਾਜੀ ਲੋਕਾਂ ਨੇ ਪੰਜਾਬੀ ਬੋਲੀ ਆਧਾਰਿਤ ਬਣਨ ਵਾਲੇ ਪੰਜਾਬੀ ਸੂਬੇ ਦੀ ਬਣਤਰ ਵਿੱਚ ਵੀ ਰੋੜੇ ਅਟਕਾਏ।

ਲਾਲਾ ਜਗਤ ਨਾਰਾਇਣ ਨੇ ਆਪਣਾ ਅਸਰ ਰਸੂਖ ਵਰਤ ਕੇ ਪੰਜਾਬ ਵਿੱਚ ਪੰਜਾਬੀ ਬੋਲਣ ਵਾਲੇ ਆਰੀਆ ਸਮਾਜੀ ਹਿੰਦੂਆਂ ਨੂੰ ਕਿਹਾ ਕਿ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾਉਣ ਤਾਂ ਕਿ ਪੰਜਾਬ ਦੀ ਮਰਦਮਸ਼ੁਮਾਰੀ ਸਮੇਂ ਅਜਿਹਾ ਭੰਬਲਭੂਸਾ ਪਿਆ ਰਿਹਾ ਕਿ ਇੱਥੇ ਪੰਜਾਬੀ ਬੋਲਣ ਵਾਲਿਆਂ ਦੀ ਬਹੁ ਗਿਣਤੀ ਨਹੀਂ ਹੈ। ਹਾਲਾਂਕਿ ਭਾਰਤ ਪਾਕਿਸਤਾਨ ਵੰਡ ਤੋਂ ਪਹਿਲਾਂ ਬਹੁਤ ਵੱਡੀ ਗਿਣਤੀ ਵਿੱਚ ਸੂਝਵਾਨ ਹਿੰਦੂ ਵੀ ਦਸ ਪਾਤਿਸ਼ਾਹੀਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਦੇ ਹੋਏ ਗੁਰੂ ਘਰਾਂ ਵਿੱਚ ਜਾ ਕੇ ਕਥਾ ਕੀਰਤਨ ਸੁਣ ਕੇ ਆਪਣਾ ਜੀਵਨ ਸਫਲਾ ਕਰਦੇ ਸਨ।

ਪਰ ਇਹ ਲੋਕ ਆਪਣੀਆਂ ਚਾਲਾਂ ਵਿੱਚ ਇਥੋਂ ਤੱਕ ਸਫਲ ਰਹੇ ਕਿ ਇਨ੍ਹਾਂ ਨੇ ਅੱਜ ਤੱਕ ਪੰਜਾਬੀ ਸੂਬਾ ਹੋਂਦ ਵਿੱਚ ਨਹੀਂ ਆਉਣ ਦਿੱਤਾ। ਇਨ੍ਹਾਂ ਦੇ ਕਾਰਨ ਹੀ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨਾਲੋਂ ਛਾਂਗ ਦਿੱਤੇ ਗਏ। ਹਾਲਾਂਕਿ ਬਹੁਤ ਸਾਰੀਆਂ ਭਾਰਤੀ ਕੌਮਾਂ ਨੂੰ ਉਨ੍ਹਾਂ ਦੀ ਬੋਲੀ ਦੇ ਆਧਾਰ 'ਤੇ ਸੂਬੇ ਬਣਾ ਕੇ ਦਿੱਤੇ ਗਏ ਪਰ ਇੱਕੋ ਇੱਕ ਪੰਜਾਬ ਅਜਿਹਾ ਸੂਬਾ ਹੈ ਜਿਸ ਦੇ ਵਸਨੀਕ ਸਿੱਖਾਂ ਨੇ ਭਾਰਤ ਦੀ ਆਜ਼ਾਦੀ ਵਿੱਚ ਸਾਰੀਆਂ ਕੌਮਾਂ

Scanned with CamScanner

ਨਾਲੋਂ ਵੱਧ ਹਿੱਸਾ ਪਾਇਆ ਅਤੇ ਸਾਰੀਆਂ ਕੌਮਾਂ ਨਾਲੋਂ ਆਜ਼ਾਦ ਭਾਰਤ ਵਿੱਚ ਵੱਧ ਖੱਜਲ ਹੋਏ ਅਤੇ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਵਾਉਣ ਲਈ ਸਿੱਖ ਕੌਮ ਵੱਲੋਂ ਮੋਰਚੇ ਲਾ ਕੇ ਲੰਮੇ ਸਮੇਂ ਤੱਕ ਲੱਖਾਂ ਦੀ ਗਿਣਤੀ ਵਿੱਚ ਸਿੱਖ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਰਹੇ, ਬਹੁਤ ਸਾਰੇ ਸਿੱਖਾਂ ਨੂੰ ਜਾਨਾਂ ਵੀ ਕੁਰਬਾਨ ਕਰਨੀਆਂ ਪਈਆਂ ਅਤੇ ਲੰਮੀ ਜੱਦੋ-ਜਹਿਦ ਕਰਨੀ ਪਈ ਪਰ ਇਸ ਦੇ ਬਾਵਜੂਦ ਵੀ ਭਾਰਤ ਦੇ ਬਾਕੀ ਸੂਬਿਆਂ ਵਾਂਗ ਪੰਜਾਬੀ ਸੂਬਾ ਆਪਣੀ ਬਣਤਰ ਨਾ ਬਣਾ ਸਕਿਆ। ਬਲਕਿ ਪੰਜਾਬ ਵਿਚਲੇ ਇੱਕੋ ਇੱਕ ਕੁਦਰਤੀ ਸਰੋਤ ਪਾਣੀ ਨੂੰ ਵੀ ਪੰਜਾਬ ਕੋਲ ਨਾ ਰਹਿਣ ਦਿੱਤਾ, ਜਿਸ ਦਾ ਰੇੜਕਾ ਅੱਜ ਤੱਕ ਚੱਲ ਰਿਹਾ ਹੈ।

ਹਿੰਦੁਸਤਾਨ ਦਾ ਇੱਕੋ ਇੱਕ ਇਹ ਬਦਨਸੀਬ ਸੂਬਾ ਹੈ ਜਿਸ ਕੋਲ ਨਾ ਆਪਣੀ ਰਾਜਧਾਨੀ ਹੈ ਅਤੇ ਨਾ ਹੀ ਆਪਣਾ ਹਾਈਕੋਰਟ ਹੈ। ਇਥੇ ਹੀ ਬੱਸ ਨਹੀਂ ਪੰਜਾਬ ਵਿੱਚ ਵੱਸਦੇ ਸਿੱਖਾਂ ਨੂੰ ਮੁੱਢੋਂ ਹੀ ਖਤਮ ਕਰਨ ਲਈ ਕੇਂਦਰ ਸਰਕਾਰ ਵੱਲੋਂ ਗੁਰੂ ਭੇਖ ਨੂੰ ਬੜ੍ਹਾਵਾ ਦਿੱਤਾ ਗਿਆ ਜਿਨ੍ਹਾਂ ਨੂੰ ਵਿਸ਼ੇਸ਼ ਰਵਾਇਤਾਂ ਦਿੱਤੀਆਂ ਗਈਆਂ ਕਿ ਉਹ 10 ਸਿੱਖ ਗੁਰੂ ਸਾਹਿਬਾਨਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਸਿੱਖੀ ਦੇ ਸਿਧਾਂਤ, ਅੰਮ੍ਰਿਤ ਦੀ ਬਖਸ਼ਿਸ਼ ਅਤੇ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਵਿੱਚ ਆਪਣਾ ਜ਼ੋਰ ਲਾਉਣ। ਇਸੇ ਮਕਸਦ ਲਈ ਨਿਰੰਕਾਰੀ ਮਿਸ਼ਨ ਸਥਾਪਿਤ ਕੀਤਾ ਗਿਆ। ਜਿਸ ਮਿਸ਼ਨ ਦਾ ਲਾਲਾ ਜਗਤ ਨਾਰਾਇਣ ਮੁੱਖ ਸਲਾਹਕਾਰ ਹੀ ਨਹੀਂ ਬਲਕਿ ਉਨ੍ਹਾਂ ਵੱਲੋਂ ਸਿੱਖੀ ਵਿਰੁੱਧ ਕੀਤੀਆਂ ਜਾ ਰਹੀਆਂ ਘਿਨਾਉਣੀਆਂ ਹਰਕਤਾਂ ਨੂੰ ਨਿੱਖਰਵਾਂ ਰੂਪ ਦੇ ਕੇ ਪੇਸ਼ ਕਰਨ ਲਈ ਲਾਲੇ ਹੁਰਾਂ ਨੇ ਆਪਣੇ ਹਿੰਦ ਸਮਾਚਾਰ ਸਮੂਹ ਵਿੱਚ ਸੰਪਾਦਕੀ ਲੇਖ ਵੀ ਲਿਖੇ ਅਤੇ ਇਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਨੂੰ ਆਪਣੇ ਅਖਬਾਰਾਂ ਦੀਆਂ ਸੁਰਖੀਆਂ ਦਾ ਸ਼ਿੰਗਾਰ ਵੀ ਬਣਾਇਆ। ਜਿਥੇ ਕਿਤੇ ਨਕਲੀ ਨਿਰੰਕਾਰੀਆਂ ਦਾ ਜਲਸਾ ਹੁੰਦਾ ਤਾਂ ਲਾਲਾ ਜਗਤ ਨਾਰਾਇਣ ਨੂੰ ਵਿਸ਼ੇਸ਼ ਮਹਿਮਾਨ ਜਾਂ ਮੁੱਖ ਬੁਲਾਰੇ ਦੇ ਤੌਰ 'ਤੇ ਬੁਲਾਇਆ ਜਾਂਦਾ। ਇਸੇ ਲਈ ਨਕਲੀ ਨਿਰੰਕਾਰੀਆਂ ਵੱਲੋਂ 13.04.1978 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੱਖੀ ਵਿਰੁੱਧ ਜੋ ਜਲਸਾ ਕੀਤਾ ਗਿਆ ਜਿਸ ਵਿੱਚ ਗੁਰਬਾਣੀ ਅਤੇ ਗੁਰੂ ਸਾਹਿਬਾਨਾਂ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ। ਇਸ ਜਲਸੇ ਵਿੱਚ ਲਾਲਾ ਜਗਤ ਨਾਰਾਇਣ ਹੀ ਮੁੱਖ ਬੁਲਾਰਾ ਸੀ। ਯਾਦ ਰਹੇ ਕਿ ਇਸੇ ਹੀ ਦਿਨ ਸ਼ਾਂਤਮਈ ਸਿੱਖਾਂ ਦੇ ਜੱਥੇ 'ਤੇ ਗੋਲੀਆਂ ਚਲਾ ਕੇ ਨਕਲੀ ਨਿਰੰਕਾਰੀਆਂ ਨੇ 13 ਸਿੱਖਾਂ ਦਾ ਕਤਲ ਕਰ ਦਿੱਤਾ ਸੀ। ਇਸੇ ਘਟਨਾ ਵਿਰੁੱਧ ਨਕਲੀ ਨਿਰੰਕਾਰੀਆਂ ਦੇ ਮੁਖੀ ਸਮੇਤ ਹੋਰ ਦੋਸ਼ੀਆਂ ਨੂੰ ਨਾਮਜਦ ਕਰਦਿਆਂ ਐੱਫ ਆਈ ਆਰ ਦਰਜ ਕੀਤੀ ਗਈ ਸੀ ਜਿਨ੍ਹਾਂ ਉੱਪਰ ਅਦਾਲਤ ਵਿੱਚ ਕੇਸ ਚੱਲਿਆ। ਇਹ ਕੇਸ ਪਹਿਲਾਂ ਸ੍ਰੀ ਅੰਮ੍ਰਿਤਸਰ ਅਤੇ ਫਿਰ ਕਰਨਾਲ ਚੱਲਿਆ। ਇਨ੍ਹਾਂ ਅਦਾਲਤਾਂ ਵਿੱਚ ਲਾਲਾ ਜਗਤ ਨਾਰਾਇਣ ਨੇ ਚਸ਼ਮਦੀਦ ਗਵਾਹ ਦੇ ਤੌਰ 'ਤੇ ਪੇਸ਼ ਹੋ ਕੇ ਝੂਠੀ ਗਵਾਹੀ ਦਿੱਤੀ ਕਿ ਨਿਰੰਕਾਰੀਆਂ ਦੇ ਜਲਸੇ ਵਿੱਚੋਂ ਗੋਲੀਆਂ ਨਹੀਂ ਚਲਾਈਆਂ ਗਈਆਂ। ਇਸ ਤਰ੍ਹਾਂ ਦੇ ਹੋਰ ਵੀ ਝੂਠ ਬੋਲੇ ਗਏ। ਇਥੇ ਹੀ ਬੱਸ ਨਹੀਂ ਲਾਲੇ ਹੁਰੀਂ ਝੂਠੀਆਂ ਕਹਾਣੀਆਂ ਘੜ-ਘੜ ਕੇ ਨਿਰੰਕਾਰੀਆਂ ਦੇ ਹੱਕ ਵਿੱਚ ਆਪਣੇ ਅਖ਼ਬਾਰਾਂ ਵਿੱਚ ਛਾਪਦੇ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਵੀ ਆਪਣੀਆਂ ਮਨਘੜਤ ਕਹਾਣੀਆਂ ਅਤੇ ਸਿੱਖ ਵਿਰੋਧੀ ਸਾਜਿਸ਼ਾਂ ਨੂੰ ਫੈਲਾਉਣ ਦੇ ਮਨਸ਼ੇ ਨਾਲ 1978 ਦੀ ਵਿਸਾਖੀ ਤੋਂ ਤੁਰੰਤ ਬਾਅਦ ਲਾਲੇ ਨੇ ਪੰਜਾਬੀ ਦਾ 'ਜਗ ਬਾਣੀ' ਅਖਬਾਰ ਆਰੰਭ ਕੀਤਾ। ਇਸ ਢੰਗ ਨਾਲ ਨਕਲੀ ਨਿਰੰਕਾਰੀ ਲਹਿਰ ਨੂੰ ਸੱਚੀ ਸਾਬਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰੱਖਿਆ ਸੀ ਕਿਉਂਕਿ ਨਿਰੰਕਾਰੀ ਗੁਰਬਚਨ ਸਿੰਘ ਆਪਣੇ ਆਪ ਨੂੰ ਅਸਲੀ ਨਿਰੰਕਾਰੀ ਮੰਨਦਾ ਸੀ ਅਤੇ ਆਪਣੇ ਆਪ ਨੂੰ ਗੁਰੂ ਕਹਾਉਂਦਾ ਸੀ।

ਇਸੇ ਸਾਜਿਸ਼ ਤਹਿਤ ਲਾਲਾ ਜਗਤ ਨਾਰਾਇਣ ਨੇ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਅਪਮਾਨਜਕ ਟਿੱਪਣੀਆਂ ਆਪਣੇ ਅਖ਼ਬਾਰਾਂ ਵਿੱਚ ਲਿਖੀਆ ਅਤੇ ਗੁਰੂ ਸਾਹਿਬਾਨਾਂ ਦੀਆਂ ਫੋਟੋਆਂ ਦੇ ਬਰਾਬਰ ਨਕਲੀ ਨਿਰੰਕਾਰੀ ਦੀਆਂ ਫੋਟੋਆਂ ਵੀ ਲਾਈਆਂ। ਜਿਸ ਦਾ ਸਿੱਖ ਆਗੂਆਂ ਨੇ ਧਾਸ ਕਰਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਗੁਰਦੁਆਰਾ ਸ਼੍ਰੋਮਣੀ ਕਮੇਟੀ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਨੇ ਗੰਭੀਰ ਨੋਟਿਸ ਲਿਆ। ਅਖ਼ਬਾਰਾਂ ਰਾਹੀਂ ਅਤੇ ਜਨਤਕ ਤੌਰ 'ਤੇ ਇਨ੍ਹਾਂ ਸਿੱਖ ਆਗੂਆਂ ਨੇ ਲਾਲਾ ਜਗਤ ਨਾਰਾਇਣ ਨੂੰ ਇਨ੍ਹਾਂ

Scanned with CamScanner

ਕੋਝੀਆਂ ਹਰਕਤਾਂ ਤੋਂ ਵਰਜਿਆ। ਲਾਲੇ ਨੇ ਸਿੱਖ ਆਗੂਆਂ ਦੀਆਂ ਸਿਧਾਂਤਕ ਟਿੱਪਣੀਆਂ 'ਤੇ ਭਾਰੀ ਗੁੱਸਾ ਕੀਤਾ। ਜਿਸ ਦੇ ਫਲਸਰੂਪ ਲਾਲਾ ਜਗਤ ਨਾਰਾਇਣ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੋਵਾਂ ਸਿੱਖ ਆਗੂਆਂ ਨੂੰ ਦੇਸ਼ ਦੇ ਗੱਦਾਰ ਲਿਖਿਆ। ਇਹ ਉਸ ਵੇਲੇ ਹੋਇਆ ਜਦੋਂ ਇਹ ਦੋਵੇਂ ਆਗੂ ਵਿਦੇਸ਼ ਵਿੱਚ ਕਿਸੇ ਧਾਰਮਿਕ ਸਮਾਗਮ ਨੂੰ ਸੰਬੋਧਨ ਕਰਨ ਜਾ ਰਹੇ ਸਨ ਤਾਂ ਲਾਲੇ ਨੇ ਲਿਖਿਆ ਕਿ ਇਹ ਦੋਵੇਂ ਦੇਸ਼ ਦੇ ਗੱਦਾਰ ਹਨ ਇਸ ਲਈ ਇਨ੍ਹਾਂ ਦੇ ਪਾਸਪੋਰਟ ਰੱਦ ਕਰ ਦੇਣੇ ਚਾਹੀਦੇ ਹਨ। ਇਸ ਘਟਨਾ ਦਾ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਗੰਭੀਰ ਨੋਟਿਸ ਲੈਂਦਿਆਂ ਲਾਲੇ ਨੂੰ ਚਿਤਾਵਨੀ ਦਿੱਤੀ ਕਿ ਉਹ ਇਨ੍ਹਾਂ ਘਿਨਾਉਣੀਆਂ ਹਰਕਤਾਂ ਤੋਂ ਬਾਜ ਆਵੇ ਕਿਉਂਕਿ ਜਥੇਦਾਰ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਸਾਧਾਰਨ ਵਿਅਕਤੀ ਨਹੀਂ ਬਲਕਿ ਸਮੁੱਚੀ ਸਿੱਖ ਕੌਮ ਦਾ ਮਾਣ ਹਨ। ਇਸ ਲਈ ਇਨ੍ਹਾਂ ਵਿਰੁੱਧ ਕੀਤੀਆਂ ਕੋਝੀਆਂ ਟਿੱਪਣੀਆਂ ਨੂੰ ਲਾਲਾ ਜਗਤ ਨਾਰਾਇਣ ਆਪਣੇ ਅਖ਼ਬਾਰਾਂ ਵਿੱਚ ਮਾਫੀ ਮੰਗ ਕੇ ਵਾਪਸ ਲਵੇ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਸਿੱਖ ਕੌਮ ਦੇ ਜਜਬਾਤ ਭੜਕਾਉਣ ਕਾਰਨ ਲਾਲੇ ਨੂੰ ਇਸ ਦਾ ਮੁੱਲ ਤਾਰਨਾ ਪੈ ਸਕਦਾ ਹੈ। ਪਰ ਇਸ ਤੋਂ ਬਾਅਦ ਵੀ ਉਹ ਸਿੱਖ ਆਗੂਆਂ ਵਿਰੁੱਧ ਅਤੇ ਸਿੱਖੀ ਅਸੂਲਾਂ ਵਿਰੁੱਧ ਲਿਖਦਾ ਰਿਹਾ ਅਤੇ ਖਾਸ ਕਰਕੇ ਸੰਤ ਜਰਨੈਲ ਸਿੰਘ ਖ਼ਾਲਸਾ ਵਿਰੁੱਧ ਸ਼ਰੇਆਮ ਅੱਗ ਉਗਲਣ ਲੱਗਾ।

ਇਸੇ ਤਰ੍ਹਾਂ ਸਿੱਖ ਜਥੇਬੰਦੀਆਂ ਵੱਲੋਂ 7 ਸਤੰਬਰ 1981 ਨੂੰ ਦਿੱਲੀ ਵਿਖੇ ਕੀਤੇ ਰੋਸ ਮਾਰਚ ਦਾ ਲਾਲਾ ਜਗਤ ਨਾਰਾਇਣ ਨੇ ਡੱਟ ਕੇ ਵਿਰੋਧ ਕੀਤਾ ਸੀ। ਇਹ ਰੋਸ ਮਾਰਚ ਕਰਨਾਲ ਵਿਖੇ ਸ਼ਹੀਦ ਸਿੰਘਾਂ ਦੇ ਰੋਸ ਵਜੋ ਸੀ। ਇਸ ਤਰ੍ਹਾਂ ਸਿੱਖਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਮੰਨਵਾਉਣ ਲਈ ਕੀਤੇ ਜਾ ਰਹੇ ਯਤਨਾਂ ਦਾ ਲਾਲੇ ਵੱਲੋਂ ਸਿੱਧੇ ਢੰਗ ਨਾਲ ਵਿਰੋਧ ਕੀਤਾ ਜਾਣ ਲੱਗਾ।

ਜਦ ਦਿੱਲੀ ਵਿਖੇ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਨੂੰ ਕਤਲ ਕਰ ਦਿੱਤਾ ਗਿਆ ਤਾਂ ਉਸ ਦੇ ਹੋਰਨਾਂ ਹਮਦਰਦੀਆਂ ਵਾਂਗ ਜਗਤ ਨਰਾਇਣ ਦੇ ਵੀ ਹੋਸ਼ ਉੱਡ ਗਏ ਕਿਉਂਕਿ ਇਹ ਤਾਂ ਉਸਦਾ ਸਭ ਤੋਂ ਖਾਸ ਹਮਦਰਦ ਸੀ। ਨਕਲੀ ਨਿਰੰਕਾਰੀ ਨੂੰ ਝੂਠੀਆਂ ਗਵਾਹੀਆਂ ਦੇ ਕੇ ਕਾਨੂੰਨ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਕਾਨੂੰਨ ਦੀ ਗ੍ਰਿਫਤ ਵਿੱਚੋਂ ਬਰੀ ਕਰਵਾਉਣ ਵਿੱਚ ਲਾਲੇ ਦੀ ਕਰੜੀ ਸਾਜਿਸ਼ ਸੀ ਅਤੇ ਇਸ ਦੀ ਮਨਸ਼ਾ ਸੀ ਕਿ ਭਾਰਤ ਭਰ ਵਿੱਚ ਨਕਲੀ ਨਿਰੰਕਾਰੀਆਂ ਦੇ ਜਲਸੇ ਕਰਵਾ ਕੇ ਸਿੱਖ ਸਿਧਾਂਤਾਂ ਦੀ ਖਿੱਲੀ ਉਡਾਈ ਜਾ ਸਕੇ। ਅਖੰਡੀ ਨਿਰੰਕਾਰੀ ਦੇ ਕਤਲ ਦੇ ਨਾਲ ਲਾਲੇ ਨੂੰ ਆਪਣੇ ਮਨਸੂਬਿਆਂ ਉਪਰ ਪਾਣੀ ਫਿਰਦਾ ਨਜ਼ਰ ਆਇਆ। ਪਰ ਇਸ ਦੇ ਬਾਵਜੂਦ ਵੀ ਉਹ ਆਪਣੀਆਂ ਭੈੜੀਆਂ ਹਰਕਤਾਂ ਤੋਂ ਬਾਜ ਨਾ ਆਇਆ ਅਤੇ ਉਸ ਨੇ ਧੁਆਂਧਾਰ ਝੂਠਾ ਪ੍ਰਚਾਰ ਜਾਰੀ ਰੱਖਿਆ ਅਤੇ ਆਪਣੇ ਅਖ਼ਬਾਰਾਂ ਵਿੱਚ ਸੁਰਖੀਆਂ ਬਣਾ-ਬਣਾ ਕੇ ਛਾਪਿਆ ਕਿ ਨਕਲੀ ਨਿਰੰਕਾਰੀ ਦਾ ਕਤਲ ਭਿੰਡਰਾਂਵਾਲੇ ਸੰਤਾਂ ਨੇ ਕਰਵਾਇਆ ਹੈ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ। ਕੇਵਲ ਲਾਲਾ ਆਪ ਹੀ ਨਹੀਂ ਬਲਕਿ ਆਪਣੇ ਕਈ ਚਹੇਤੇ ਲਿਖਾਰੀਆਂ ਤੋਂ ਅਜਿਹੀਆ ਰਿਪੋਰਟਾ ਅਤੇ ਸੰਪਾਦਕੀ ਲੇਖ ਲਿਖਵਾ ਕੇ ਆਪਣੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਾਉਂਦਾ ਤਾਂ ਕਿ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕਰਨ ਦੇ ਹਾਲਾਤ ਬਣਾਏ ਜਾ ਸਕਣ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਬਾਬਾ ਠਾਕੁਰ ਸਿੰਘ ਜੀ ਬਾਰੇ ਅਹਿਮ ਬਚਨ

25/08/1981 ਨੂੰ ਭਰੇ ਦੀਵਾਨ ਵਿੱਚ ਸੰਤਾਂ ਨੇ ਹਾਲਾਤ ਨੂੰ ਮੁੱਖ ਰਖਦਿਆਂ ਕੁੱਝ ਬਚਨ ਕਹੇ ਕਿ ਸਿੱਖੀ ਰੂਪ ਵਿੱਚ ਬਹਿਰੂਪੀਏ ਮੁੱਖ ਮੰਤਰੀ ਅਤੇ ਇਸ ਦੇ ਚਹੇਤੇ ਜੋ ਕਾਂਗਰਸ ਦੇ ਬਹੁਤ ਹਮਾਇਤੀ ਬਣੇ ਹੋਏ ਹਨ, ਇਨ੍ਹਾਂ ਨੇ ਕੁੱਝ ਚਾਲਾਂ ਸਾਜਿਸ਼ਾਂ ਰਚੀਆਂ ਹਨ। ਰਾਜ ਦੇ ਨਸ਼ੇ ਵਿੱਚ ਇਹ ਲੋਕ ਉਪੱਦਰ ਕਰਨ 'ਤੇ ਤੁਲੇ ਹੋਏ ਹਨ। ਜੇ ਇਹ ਲੋਕ ਬਾਜ ਨਾ ਆਏ ਤਾਂ ਇਸ ਤੋਂ ਨਿਕਲਣ ਵਾਲੇ ਸਿੱਟੇ ਲਈ ਸਰਕਾਰ ਜ਼ਿੰਮੇਵਾਰ ਹੋਵੇਗੀ। ਭਾਵੇਂ ਦਾਸ ਇਸ ਸਮੇਂ ਇਸ ਬਾਰੇ ਕੁੱਝ ਵੀ ਕਹਿਣਾ ਨਹੀਂ ਚਾਹੁੰਦਾ ਸੀ ਪਰ ਭਰੇ ਦੀਵਾਨ ਵਿੱਚ ਦਾਸ ਬਾਬਾ ਠਾਕੁਰ ਜੀ ਨੂੰ ਬੇਨਤੀ ਕਰੇਗਾ ਭਾਵੇਂ ਉਹ ਬਹੁਤ ਮਹਿਸੂਸ ਕਰਨਗੇ ਕਿ ਅਜਿਹੇ ਬਚਨ ਦੀਵਾਨ ਵਿੱਚ ਕਿਉਂ ਕੀਤੇ। ਪਰ ਬਾਬਾ ਜੀ ਮੈਨੂੰ ਖਿਮਾ ਕਰਨ। ਅੱਜ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਦੇ ਛੋਟੇ ਸਪੁੱਤਰ ਭਾਈ ਮਨਜੀਤ ਸਿੰਘ ਦੇ ਵਿਆਹ ਵਿੱਚ ਸਿਰਫ

Scanned with CamScanner

ਪੰਜ ਦਿਨ ਬਾਕੀ ਹਨ। ਟਕਸਾਲ ਦਾ ਮੁਖੀ ਹੋਣ ਦੇ ਨਾਤੇ ਵਿਆਹ ਦੀ ਜ਼ਿੰਮੇਵਾਰੀ ਨਿਭਾਉਣਾ ਮੇਰਾ ਫਰਜ਼ ਹੈ।

ਹਾਲਾਤ ਅਜਿਹੇ ਬਣਦੇ ਨਜ਼ਰ ਆ ਰਹੇ ਹਨ ਕਿ ਜਿਸ ਕਰਕੇ ਜਥੇ ਦੀ ਮਜਬੂਰੀ ਕਾਰਨ ਜਾਂ ਪ੍ਰਾਲਬਧ ਮੁਤਾਬਿਕ ਕੋਈ ਵੀ ਤਬਦੀਲੀ ਹੋਵੇ ਉਸ ਨੂੰ ਮੁੱਖ ਰੱਖ ਕੇ ਅਗਲੇ ਪ੍ਰੋਗਰਾਮ ਦੀ ਜੋ ਸੰਭਾਲ ਹੋਵੇਗੀ ਉਸ ਲਈ ਮੁੱਖ ਤੌਰ 'ਤੇ ਬਾਬਾ ਠਾਕੁਰ ਸਿੰਘ ਜੀ ਜ਼ਿੰਮੇਵਾਰ ਹੋਣਗੇ ਅਤੇ ਪੂਰਾ ਜੱਥਾ ਬਾਬਾ ਜੀ ਨੂੰ ਸਹਿਯੋਗ ਦੇਵੇ ਕਿਉਂਕਿ ਅਜਿਹੇ ਸਮਿਆਂ ਵਿੱਚ ਸ਼ਰੀਰਾਂ ਦਾ ਕੁੱਝ ਪਤਾ ਨਹੀਂ ਹੁੰਦਾ। ਜੇਕਰ ਅਚਾਨਕ ਅਜਿਹੇ ਹਾਲਾਤ ਵਾਪਰ ਜਾਣ ਤਾਂ ਕਈ ਵਾਰ ਭਰਮ-ਭੁਲੇਖੇ ਖੜ੍ਹੇ ਹੋ ਜਾਂਦੇ ਹਨ ਇਸ ਲਈ ਬੇਨਤੀ ਕੀਤੀ ਹੈ ਕਿ ਐਸੇ ਹਾਲਾਤ ਵਿੱਚ ਬਾਬਾ ਠਾਕੁਰ ਸਿੰਘ ਜੀ ਹੀ ਮੁੱਖ ਤੌਰ 'ਤੇ ਮੁਖੀ ਹੋਣਗੇ ਜਾਂ ਜਿਸ ਨੂੰ ਉਹ ਯੋਗ ਸਮਝਣ ਜੱਥੇ ਦੇ ਅਗਲੇ ਮੁਖੀ ਦੀ ਚੋਣ ਕਰ ਲੈਣ। ਜੱਥੇ ਵਾਲੇ ਸਿੰਘਾਂ ਨੂੰ ਬੇਨਤੀ ਹੈ ਕਿ ਪਾਰਟੀਬਾਜ਼ੀ ਵਿੱਚ ਪੈ ਕੇ ਕਿਸੇ ਵੀ ਤਰ੍ਹਾਂ ਇਸ ਸੰਬੰਧ ਵਿੱਚ ਬਾਬਾ ਜੀ ਨੂੰ ਗਰੱਸਣਾ ਨਹੀਂ ਹੈ। ਭਾਵ ਮਜ਼ਬੂਰ ਨਹੀਂ ਕਰਨਾ। ਹਾਂ ਇਕ ਗੱਲ ਨਿਸ਼ਚੇਵਾਚਕ ਹੈ ਕਿ ਬਾਬਾ ਜੀ ਤੇ ਜਥਾ ਸੰਗਤ ਮਿਲ ਕੇ ਜਿਸ ਦੀ ਵੀ ਚੋਣ ਕਰਨਗੇ ਉਹ ਕਦੇ ਹਾਰੇਗਾ ਨਹੀਂ, ਹਮੇਸ਼ਾ ਚੜ੍ਹਦੀ ਕਲਾ ਰਹੇਗੀ। ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੀਆਂ ਖੁਸ਼ੀਆਂ ਹੋਣਗੀਆਂ।

ਹਾਲਾਤ ਨੂੰ ਮੁੱਖ ਰਖਦਿਆਂ ਦਾਸ ਦੇ ਮਨ ਵਿੱਚ ਇਹ ਖਿਆਲ ਪ੍ਰਗਟ ਹੋਏ ਸਨ ਜੋ ਸੰਗਤਾਂ ਨਾਲ ਸਾਂਝੇ ਕੀਤੇ ਹਨ। ਇਨ੍ਹਾਂ ਖਿਆਲਾਂ ਨੂੰ ਕਿਸੇ ਵੀ ਸਿੰਘ ਨੇ ਹੋਰ ਖਿਆਲ ਨਾਲ ਨਹੀਂ ਵਿਚਾਰਨਾ। ਇਹ ਕੋਈ ਭਵਿੱਖਬਾਣੀ ਨਹੀਂ ਬਲਕਿ ਹਾਲਾਤ ਨੂੰ ਮੁੱਖ ਰੱਖ ਕੇ ਇਹ ਵਚਨ ਕੀਤੇ ਹਨ।

ਨੋਟ:- ਸੰਤਾਂ ਦੇ ਇਨ੍ਹਾਂ ਬਚਨਾਂ ਦੀ ਆਡੀਓ ਰਿਕਾਰਡਿੰਗ ਮੌਜੂਦ ਹੈ।

ਲਾਲਾ ਜਗਤ ਨਰਾਇਣ ਦਾ ਕਤਲ

ਲਾਲੇ ਦੀਆਂ ਇਤਰਾਜ਼ਯੋਗ ਲਿਖਤਾਂ ਅਤੇ ਗੁੰਮਰਾਹਕੁੰਨ ਪ੍ਰਚਾਰ ਕਾਰਨ ਪੰਜਾਬ ਦੇ ਹਾਲਾਤ ਕਾਫ਼ੀ ਤਣਾਅ ਪੂਰਵਕ ਬਣ ਚੁੱਕੇ ਸਨ ਜੋ ਕਿ ਲਾਲੇ ਦੀ ਦਿਲੀ ਇੱਛਾ ਸੀ ਕਿ ਅਜਿਹੇ ਹਾਲਾਤ ਬਣਾਏ ਜਾ ਸਕਣ, ਪਰ ਇੱਕ ਸਾਜਿਸ਼ ਅਧੀਨ ਇਨ੍ਹਾਂ ਹਾਲਾਤਾਂ ਲਈ ਉਹ ਹਰ ਸਿੱਧੇ ਅਸਿੱਧੇ ਢੰਗ ਨਾਲ ਸੰਤ ਭਿੰਡਰਾਂਵਾਲਿਆਂ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਯਤਨ ਕਰਦਾ ਸੀ। ਸੰਤ ਭਿੰਡਰਾਂਵਾਲੇ, ਲਾਲੇ ਦੀਆਂ ਇਨ੍ਹਾਂ ਸਾਜਿਸ਼ਾਂ 'ਤੇ ਤਿੱਖੀ ਨਜ਼ਰ ਰੱਖ ਰਹੇ ਸਨ ਅਤੇ ਉਨ੍ਹਾਂ ਨੇ ਕਈ ਵਾਰ ਚਿਤਾਵਨੀ ਵੀ ਦਿੱਤੀ ਕਿ ਉਹ ਇਨ੍ਹਾਂ ਹਰਕਤਾਂ ਤੋਂ ਬਾਜ਼ ਆਵੇ। ਪਰ ਲਾਲੇ ਨੇ ਸੰਤ ਭਿੰਡਰਾਂਵਾਲੇ ਨੂੰ ਆਪਣਾ ਨਿੱਜੀ ਦੁਸ਼ਮਣ ਸਮਝ ਕੇ ਉਨ੍ਹਾਂ ਵਿਰੁੱਧ ਆਪਣੀ ਸੁਰ ਹੋਰ ਵੀ ਤਿੱਖੀ ਕੱਢੀ। ਹੁਣ ਉਹ ਆਪਣੀਆਂ ਲਿਖਤਾਂ ਵਿੱਚ ਸੰਤਾਂ ਨੂੰ ਇੱਕ ਅਜਿਹੇ ਹਥਿਆਰਬੰਦ ਗਰੁੱਪ ਦਾ ਮੁਖੀ ਦਰਸਾਉਣ ਦਾ ਯਤਨ ਕਰਦਾ, ਜਿਸਦਾ ਮਨੋਰਥ ਹੀ ਕਤਲ ਕਰਨਾ, ਡਾਕੇ ਮਾਰਨਾ ਅਤੇ ਲੋਕਾਂ ਨੂੰ ਲੁੱਟਣਾ ਹੋਵੇ। ਸਿੱਖ ਸੰਗਤਾਂ ਨੂੰ ਦਮਦਮੀ ਟਕਸਾਲ ਦੇ ਮੁਖੀ ਵਿਰੁੱਧ ਅਜਿਹਾ ਭੰਡੀ ਪ੍ਰਚਾਰ ਰੜਕਣ ਲੱਗ ਪਿਆ ਸੀ। ਲਾਲੇ ਨੇ ਕੇਵਲ ਸੰਤਾਂ ਵਿਰੁੱਧ ਹੀ ਨਹੀਂ ਬਲਕਿ ਸਿੱਖ ਸਿਧਾਂਤਾਂ ਵਿਰੁੱਧ ਕੂੜ ਪ੍ਰਚਾਰ ਦਾ ਸਿਖਰ ਕਰ ਦਿੱਤਾ, ਜਿਸ ਨੂੰ ਬਰਦਾਸ਼ਤ ਕਰਨਾ ਸਿੱਖ ਨੌਜਵਾਨਾਂ ਲਈ ਔਖਾ ਹੋ ਗਿਆ। ਇਸੇ ਲਈ ਕੁਝ ਸਿੱਖ ਨੌਜਵਾਨ ਲਾਲੇ ਦੇ ਇਸ ਕੂੜ ਪ੍ਰਚਾਰ ਵਿਰੁੱਧ ਇਸ ਦੇ ਅੰਮ੍ਰਿਤਸਰ ਤੋਂ ਜਥਾ ਬਾਣੀ ਅਖ਼ਬਾਰ ਦੇ ਪ੍ਰਤੀਨਿਧ ਸ੍ਰੀ ਰਾਮ ਕ੍ਰਿਸ਼ਨ ਸੋਨੀ ਦਾ ਘਿਰਾਓ ਕਰਕੇ ਉਸ ਨੂੰ ਅਜਿਹਾ ਪ੍ਰਚਾਰ ਰੋਕਣ ਲਈ ਚਿਤਵਾਨੀ ਦੇ ਚੁੱਕੇ ਸਨ ਪਰ ਲਾਲੇ ਨੇ ਇਸ ਦੀ ਪ੍ਰਵਾਹ ਨਾ ਕਰਦਿਆਂ ਆਪਣੀਆਂ ਸਾਜਿਸ਼ਾਂ ਜਾਰੀ ਰੱਖੀਆਂ। ਅਜਿਹੀ ਸਥਿਤੀ ਵਿੱਚ 9 ਸਤੰਬਰ 1981 ਨੂੰ ਲਾਲਾ ਜਗਤ ਨਾਰਾਇਣ ਜਦੋਂ ਪਟਿਆਲੇ ਤੋਂ ਅੱਖਾਂ ਦੇ ਕੈਂਪ ਦਾ ਉਦਘਾਟਨ ਕਰਕੇ ਵਾਪਸ ਪਰਤ ਰਿਹਾ ਸੀ ਤਾਂ ਲੁਧਿਆਣੇ ਤੋਂ ਥੋੜ੍ਹਾ ਅੱਗੇ ਜਲੰਧਰ ਵਾਲੇ ਪਾਸੇ ਮੋਟਰਸਾਈਕਲ 'ਤੇ ਸਵਾਰ ਤਿੰਨ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਉਸ ਨੂੰ ਕਤਲ ਕਰ ਦਿੱਤਾ।

ਲਾਲਾ ਜਗਤ ਨਰਾਇਣ ਦੇ ਕਤਲ ਨਾਲ ਪੰਜਾਬ ਭਰ ਵਿੱਚ ਹਫੜਾ-ਦਫੜੀ ਮੱਚ ਗਈ। ਇਹ ਕਤਲ ਲਗਭਗ 6.15 ਵਜੇ ਸ਼ਾਮ ਨੂੰ ਹੋਇਆ। ਸ਼ਾਮ ਨੂੰ 8.00 ਵਜੇ ਖ਼ਬਰ ਆਈ ਕਿ ਲਾਲਾ ਜਗਤ ਨਾਰਾਇਣ ਦਾ ਇੱਕ ਦੋਸ਼ੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਰਾਤ 10.00 ਵਜੇ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਬਿਆਨ ਦਿੱਤਾ ਕਿ "ਲਾਲਾ ਜਗਤ ਨਾਰਾਇਣ ਦੇ ਕਤਲ ਪਿੱਛੇ ਉਨ੍ਹਾਂ ਲੋਕਾਂ ਦਾ ਹੱਥ ਹੈ ਜਿਨ੍ਹਾਂ ਨੇ ਨਿਰੰਕਾਰੀ ਮੁਖੀ ਦਾ ਕਤਲ

Scanned with CamScanner

ਕੀਤਾ ਸੀ। ਇਸ ਸਬੰਧੀ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ"। ਰਾਤ 12.30 ਵਜੇ ਫਿਰ ਖ਼ਬਰ ਆਈ ਕਿ ਤਿੰਨ ਨਹੀਂ ਕੇਵਲ ਇੱਕ ਦੋਸ਼ੀ ਨੂੰ ਹੀ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤਰ੍ਹਾਂ ਪੰਜਾਬ ਸਰਕਾਰ ਨੇ ਕਤਲ ਦੇ ਕੁੱਝ ਘੰਟਿਆਂ ਦੇ ਅੰਦਰ ਹੀ ਸਵੇ ਵਿਰੋਧੀ ਬਿਆਨ ਦੇ ਕੇ ਕਤਲ ਅਤੇ ਸੰਭਾਵਤ ਪ੍ਰਤੀਕ੍ਰਮ ਸਬੰਧੀ ਰੋਲ ਘਚੋਲਾ ਪਾ ਦਿੱਤਾ। ਫਿਰ ਐਲਾਨ ਕੀਤਾ ਕਿ ਕਥਿਤ ਗ੍ਰਿਫਤਾਰ ਕੀਤਾ ਗਿਆ ਦੋਸ਼ੀ ਨਛੱਤਰ ਸਿੰਘ ਪਿੰਡ ਰੋਡੇ ਜਿਲ੍ਹਾ ਫਰੀਦਕੋਟ ਦਾ ਵਸਨੀਕ ਹੈ। ਉਸ ਤੋਂ ਪੁੱਛਗਿੱਛ ਜਾਰੀ ਹੈ। ਦੋ ਦਿਨ ਬਾਦੀ ਨਛੱਤਰ ਸਿੰਘ ਉਪਰ ਭਾਰੀ ਪੁਲਿਸ ਤਸ਼ੱਦਦ ਅਤੇ ਪੁੱਛਗਿੱਛ ਉਪਰੰਤ ਐਲਾਨ ਕੀਤਾ ਕਿ ਦੋ ਕਥਿਤ ਦੋਸ਼ੀ ਸਵਰਨ ਸਿੰਘ (ਭਤੀਜਾ ਸੰਤ ਜਰਨੈਲ ਸਿੰਘ ਖਾਲਸਾ) ਅਤੇ ਦਲਬੀਰ ਸਿੰਘ ਨਾਮਜਦ ਕੀਤੇ ਗਏ ਹਨ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਇਸ ਕਤਲ ਦੀ ਸਾਜਿਸ਼ ਘੜਣ ਲਈ ਦੋਸ਼ੀ ਨਾਮਜਦ ਕੀਤਾ ਗਿਆ।

9 ਸਤੰਬਰ 1981 ਨੂੰ ਸਵੇਰੇ ਹੀ ਸੰਤ ਭਿੰਡਰਾਂਵਾਲੇ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ ਉਥੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗੁਰਦਿਆਲ ਸਿੰਘ ਅਜਨੋਹਾ ਨੂੰ ਮਿਲਣ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਗਏ। ਉਥੇ ਉਨ੍ਹਾਂ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਦੱਸਿਆ ਕਿ ਉਹ ਕੁਝ ਸਮੇਂ ਲਈ ਪੰਜਾਬ ਤੋਂ ਬਾਹਰ ਧਰਮ ਪ੍ਰਚਾਰ ਲਈ ਜਾ ਰਹੇ ਹਨ ਅਤੇ ਅੱਜ ਹੀ ਸਿਰਸੇ ਦੇ ਨੇੜੇ ਚੰਦੋਕਲਾਂ ਵਿਖੇ ਜਾਣਗੇ ਅਤੇ ਉਥੋਂ ਹੀ ਗੁਰਦੁਆਰਾ ਬੰਦੀ ਛੋੜ ਗਵਾਲੀਅਰ, ਮੁੰਬਈ, ਕਲਕੱਤੇ, ਭਲਾਈ ਨਗਰ, ਮਨਵਾੜ, ਕੋਪਰਗਾਉਂ, ਨਾਸਕ ਆਦਿ ਸ਼ਹਿਰਾਂ ਤੋਂ ਹੁੰਦੇ ਹੋਏ ਉਨ੍ਹਾਂ ਦਾ ਜਥੇ ਸਮੇਤ ਸ੍ਰੀ ਹਜ਼ੂਰ ਸਾਹਿਬ ਜਾਣ ਦਾ ਪ੍ਰੋਗਰਾਮ ਹੈ। ਉਨ੍ਹਾਂ ਨੇ ਜਥੇਦਾਰ ਅਜਨੋਹਾ ਪਾਸ ਇਹ ਆਸ ਪ੍ਰਗਟ ਕੀਤੀ ਕਿ ਸ਼ਾਇਦ ਦਸੰਬਰ ਮਹੀਨੇ ਵਿੱਚ ਆਦਮਪੁਰ ਨੇੜੇ ਨੰਗਲ ਸਲਾਲਾ ਵਿਖੇ ਪ੍ਰੋਗਰਾਮ 'ਤੇ ਆਉਣਗੇ ਜਿਸ ਸਬੰਧੀ ਆਪ ਜੀ ਨੂੰ ਦਸ ਦਿੱਤਾ ਜਾਵੇਗਾ ਤੁਸੀਂ ਵੀ ਉਸ ਪ੍ਰੋਗਰਾਮ 'ਤੇ ਜ਼ਰੂਰ ਪਹੁੰਚਣਾ, ਉਥੇ ਹਰ ਸਾਲ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਸਬੰਧੀ ਇਲਾਕੇ ਦਾ ਵਿਸ਼ੇਸ਼ ਪ੍ਰੋਗਰਾਮ ਹੁੰਦਾ ਹੈ। ਇਸ ਤਰ੍ਹਾਂ ਦੀਆਂ ਵਿਚਾਰਾਂ ਕਰਕੇ ਉਹ ਆਪਣੇ ਮਿੱਥੇ ਪ੍ਰੋਗਰਾਮ ਅਨੁਸਾਰ 9 ਸਤੰਬਰ ਨੂੰ ਸਿਰਸਾ ਨੇੜੇ ਚੰਦੋਕਲਾਂ ਵਿਖੇ ਚਲੇ ਗਏ। ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਸੰਤ ਭਿੰਡਰਾਂਵਾਲੇ ਲਾਲਾ ਜਗਤ ਨਾਰਾਇਣ ਦੇ ਕਤਲ ਸਬੰਧੀ ਬੇਖ਼ਬਰ ਸਨ। ਇਸ ਤਰ੍ਹਾਂ ਮਿੱਥੇ ਸਮੇਂ ਅਨੁਸਾਰ ਉਨ੍ਹਾਂ ਨੇ ਧਾਰਮਿਕ ਪ੍ਰੋਗਰਾਮ ਆਰੰਭ ਦਿੱਤੇ। ਉਥੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਸੀ। ਸਵੇਰ ਸ਼ਾਮ ਦੀ ਕਥਾ ਅਤੇ ਕੀਰਤਨ ਦਾ ਦੀਵਾਨ ਗੁਰਦੁਆਰਾ ਚੰਦੋਕਲਾ ਵਿਖੇ ਹੀ ਹੁੰਦਾ ਅਤੇ ਦਿਨ ਵੇਲੇ ਇਲਾਕੇ ਦੀਆਂ ਸੰਗਤਾਂ ਵੱਲੋਂ ਰੱਖੇ ਪ੍ਰੋਗਰਾਮਾਂ ਮੁਤਾਬਕ ਧਾਰਮਿਕ ਦੀਵਾਨ ਹੁੰਦਿਆ ਕਰਦੇ ਸਨ। ਇਸੇ ਤਰ੍ਹਾਂ ਪ੍ਰੋਗਰਾਮ ਚੱਲਦਾ ਰਿਹਾ।

12 ਸਤੰਬਰ ਨੂੰ ਪੰਜਾਬ ਦੀਆਂ ਅਖ਼ਬਾਰਾਂ ਵਿੱਚ ਪੰਜਾਬ ਸਰਕਾਰ ਦਾ ਬਿਆਨ ਛਪਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਲਾਲਾ ਕਤਲ ਕੇਸ ਵਿੱਚ ਮੁੱਖ ਸਾਜਿਸ਼ਕਾਰ ਹਨ। ਇਸ ਲਈ ਉਨ੍ਹਾਂ ਵਿਰੁੱਧ ਵਾਰੰਟ ਗ੍ਰਿਫਤਾਰੀ ਜਾਰੀ ਕੀਤੇ ਗਏ ਹਨ ਕਿ ਲੁਧਿਆਣੇ ਦੇ ਸੀਨੀਅਰ ਪੁਲਿਸ ਕਪਤਾਨ ਡੀ. ਆਰ. ਭੱਟੀ ਨੇ ਬਿਆਨ ਜਾਰੀ ਕੀਤਾ ਕਿ ਸੰਤ ਜਰਨੈਲ ਸਿੰਘ ਦੇ ਇਸ ਕਤਲ ਨਾਲ ਸਬੰਧ ਹੋਣ ਦੇ ਕਾਫੀ ਸਬੂਤ ਮਿਲੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਲਾਲਾ ਜਗਤ ਨਾਰਾਇਣ ਨੂੰ ਸੰਤ ਜਰਨੈਲ ਸਿੰਘ ਨੇ 26 ਜੁਲਾਈ ਦੇ ਇੱਕ ਭਾਸ਼ਣ ਕਾਂਚਨ ਚਿਤਾਵਨੀ ਦੇ ਕੇ ਕਿਹਾ ਸੀ ਕਿ ਜੇ ਉਹ ਸਿੱਖ ਵਿਰੋਧੀ ਲਿਖਤਾਂ ਤੋਂ ਬਾਜ ਨਾ ਆਇਆ ਤਾਂ ਉਸ ਨੂੰ ਸਬਕ ਸਿਖਾਇਆ ਜਾਵੇਗਾ। ਉਸ ਨੇ ਇਹ ਵੀ ਕਿਹਾ ਕਿ ਕੁੱਝ ਵਿਅਕਤੀਆਂ ਵੱਲੋਂ ਪਹਿਲਾਂ ਵੀ ਦੋ ਤਿੰਨ ਵਾਰ ਲਾਲਾ ਜਗਤ ਨਰਾਇਣ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਹ ਵੀ ਦੱਸਿਆ ਕਿ ਇਸ ਸਬੰਧ ਵਿੱਚ ਫੜਿਆ ਗਿਆ ਦੋਸ਼ੀ ਨਛੱਤਰ ਸਿੰਘ ਸੰਤ ਜਰਨੈਲ ਸਿੰਘ ਦਾ ਪਿੰਡ ਰੋਡੇ ਨਾਲ ਸਬੰਧ ਰੱਖਦਾ ਹੈ ਅਤੇ ਦੂਸਰੇ ਦੋ ਵਿਅਕਤੀਆਂ ਵਿੱਚੋਂ ਸਵਰਨ ਸਿੰਘ ਸੰਤ ਜਰਨੈਲ ਸਿੰਘ ਦਾ ਸਕਾ ਭਤੀਜਾ ਹੈ ਅਤੇ ਤੀਸਰਾ ਦਲਬੀਰ ਸਿੰਘ ਉਨ੍ਹਾਂ ਦਾ ਖਾਸ ਵਿਅਕਤੀ ਹੈ। ਇਸ ਤਰ੍ਹਾਂ ਡੀ. ਆਰ. ਭੱਟੀ ਨੇ ਅਜਿਹੀ ਕਹਾਣੀ ਘੜਣ ਦਾ ਯਤਨ ਕੀਤਾ ਜਿਸ ਤੋਂ ਅਜਿਹਾ ਪ੍ਰਤੀਤ ਹੋਵੇ ਕਿ ਸੰਤ ਜਰਨੈਲ ਸਿੰਘ ਵਾਕਿਆ ਹੀ ਇਸ ਕਤਲ ਕੇਸ ਵਿੱਚ ਮੁੱਖ ਸਾਜਿਸ਼ਕਾਰ ਹਨ।

Scanned with CamScanner

ਹਰਿਆਣਾ ਵਿਖੇ ਚੰਦੋਕਲਾਂ ਦੀ ਘਟਨਾ

ਉਪਰੋਕਤ ਘਟਨਾਵਾਂ ਬਾਰੇ 12 ਸਤੰਬਰ ਦੀਆਂ ਅਖਬਾਰਾਂ ਵਿੱਚ ਛਪੀਆਂ ਖ਼ਬਰਾਂ ਦਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸ਼ਾਮ ਤੱਕ ਪਤਾ ਲੱਗਾ ਕਿ ਲਾਲਾ ਕਤਲ ਕੇਸ ਵਿੱਚ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਗ੍ਰਿਫਤਾਰੀ ਵਾਰੰਟ ਵੀ ਜਾਰੀ ਕੀਤੇ ਹਨ। ਇਸੇ ਦਿਨ ਸ਼ਾਮ ਨੂੰ ਕਸਬਾ ਰਤੀਆ ਦਾ ਇੱਕ ਸਿੱਖ ਗੁਰਦੁਆਰਾ ਚੰਦੋ ਕਲਾਂ ਵਿਖੇ ਆਇਆ। ਉਸ ਨੇ ਸੰਤਾਂ ਨੂੰ ਮਿਲ ਕੇ ਦੱਸਿਆ ਕਿ ਥਾਣਾ ਰਤੀਆ ਵਿਖੇ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਪੁਲਿਸ ਫੋਰਸਾਂ ਪਹੁੰਚੀਆਂ ਹੋਈਆਂ ਹਨ। ਜੋ ਤੁਹਾਡਾ ਜਾਨੀ ਨੁਕਸਾਨ ਕਰ ਸਕਦੀਆਂ ਹਨ। ਇਸ ਤਰ੍ਹਾਂ ਦੀਆਂ ਕਨਸੋਆਂ ਮਿਲੀਆਂ ਹਨ। ਮੈਂ ਵਿਸ਼ੇਸ਼ ਤੌਰ 'ਤੇ ਹੀ ਤੁਹਾਨੂੰ ਦੱਸਣ ਲਈ ਇੱਥੇ ਆਇਆ ਹਾਂ। ਇਸ ਸਥਿਤੀ ਨਾਲ ਨਜਿੱਠਣ ਲਈ ਉਨ੍ਹਾਂ ਨੇ ਬਾਬਾ ਠਾਕੁਰ ਸਿੰਘ ਜੀ ਅਤੇ ਟਕਸਾਲ ਦੇ ਹੋਰ ਮੁਖੀ ਸਿੰਘਾਂ ਨਾਲ ਵਿਚਾਰ ਵਟਾਂਦਰਾ ਕੀਤਾ। ਸਭ ਸਿੰਘਾਂ ਨੇ ਰਾਇ ਦਿੱਤੀ ਕਿ ਸਰਕਾਰ ਦੁਸ਼ਮਣੀ ਟਕਸਾਲ ਨੂੰ ਥੰਦ ਕਰਵਾਉਣ ਲਈ ਇਹ ਸਾਰਾ ਝੰਜਟ ਖੜ੍ਹਾ ਕਰ ਰਹੀ ਹੈ। ਇਸ ਲਈ ਸਰਕਾਰ ਦੀ ਇਸ ਡੂੰਘੀ ਸਾਜਿਸ਼ ਦਾ ਮੁਕਾਬਲਾ ਕਰਨ ਲਈ ਸੁਚੱਜੇ ਢੰਗ ਨਾਲ ਵਿਉਂਤਬੰਦੀ ਕਰਨੀ ਸਮੇਂ ਦੀ ਲੋੜ ਹੈ। ਇਸ ਲਈ ਤੁਹਾਨੂੰ ਮਹਿਤੇ ਪਹੁੰਚ ਕੇ ਟਕਸਾਲ ਦੇ ਮੋਹਤਬਰ ਸਹਿਯੋਗੀਆਂ ਨਾਲ ਸਲਾਹ ਮਸ਼ਵਰਾ ਕਰ ਲੈਣਾ ਚਾਹੀਦਾ ਹੈ। ਇਸ ਮੀਟਿੰਗ ਉਪਰੰਤ ਉਸੇ ਸਮੇਂ ਸੰਤ ਭਿੰਡਰਾਂਵਾਲੇ ਕੁਝ ਸਿੰਘਾਂ ਸਮੇਤ ਚੰਦੋਕਲਾਂ ਤੋਂ ਮਹਿਤੇ ਨੂੰ ਚਲ ਪਏ ਤਾਂ ਕਿ ਉੱਥੇ ਜਾ ਕੇ ਸੰਭਾਵਤ ਗ੍ਰਿਫਤਾਰੀ ਸਬੰਧੀ ਪ੍ਰੋਗਰਾਮ ਉਲੀਕਿਆ ਜਾ ਸਕੇ। ਸੰਤ ਜੀ ਇਥੋਂ 350 ਕਿਲੋਮੀਟਰ ਦਾ ਸਫਰ ਤੈਅ ਕਰਕੇ ਚੌਕ ਮਹਿਤੇ ਪੁੱਜੇ। ਪਰ ਇਹ ਅੱਜ ਤੱਕ ਰਹਸਮਈ ਭੇਦ ਹੈ ਕਿ ਉਹ ਕਿਸ ਰਸਤੇ ਅਤੇ ਕਿਸ ਸਵਾਰੀ ਰਾਹੀਂ ਚੰਦੋਕਲਾਂ ਤੋਂ ਮਹਿਤੇ ਗਏ ਕਿਉਂਕਿ ਸਰਕਾਰ ਨੇ ਥਾਂ-ਥਾਂ 'ਤੇ ਪੁਲਿਸ ਦੀਆਂ ਰੋਕਾਂ ਲਾਈਆਂ ਹੋਈਆਂ ਸਨ ਤਾਂ ਜੋ ਉਨ੍ਹਾਂ ਨੂੰ ਪੰਜਾਬ ਅੰਦਰ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਸਕੇ ਜਾਂ ਝੂਠਾ ਪੁਲਿਸ ਮੁਕਾਬਲਾ ਵਿਖਾ ਕੇ ਉਨ੍ਹਾਂ ਨੂੰ ਖਤਮ ਕੀਤਾ ਜਾ ਸਕੇ।

ਕੇਂਦਰ ਸਰਕਾਰ ਨੇ ਲਾਲਾ ਜਗਤ ਨਾਰਾਇਣ ਦੇ ਕਤਲ ਤੋਂ ਬਾਅਦ ਪੈਦਾ ਹੋਏ ਹਾਲਾਤਾਂ ਨੂੰ ਸੰਤ ਜਰਨੈਲ ਸਿੰਘ ਨੂੰ ਖਤਮ ਕਰਨ ਲਈ ਕਾਰਗਰ ਮੌਕਾ ਸਮਝਿਆ ਅਤੇ ਇਸ ਸਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨਾਲ ਮੀਟਿੰਗ ਕਰਕੇ ਅਜਿਹੀ ਸਾਜਿਸ਼ ਘੜੀ ਕਿ ਪੰਜਾਬ ਤੋਂ ਬਾਹਰ ਚੰਦੋਕਲਾਂ ਵਿਖੇ ਹੀ ਸੰਤ ਜਰਨੈਲ ਸਿੰਘ ਦਾ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਵੇ। ਇਸ ਸਬੰਧ ਵਿੱਚ ਪੁਲਿਸ ਅਫਸਰ ਅਤੇ ਮੁਲਾਜਮ ਚੁਣ-ਚੁਣ ਕੇ ਉਹ ਵਰਤੇ ਜਾਣ ਜਿਨ੍ਹਾਂ ਦਾ ਸਬੰਧ ਨਿਰੰਕਾਰੀਆਂ ਨਾਲ ਹੋਵੇ। ਇਸੇ ਸਾਜਿਸ਼ ਤਹਿਤ ਪਟਿਆਲਾ ਰੇਂਜ ਦੇ ਡੀ. ਆਈ. ਜੀ. ਸ. ਜੀ. ਐਸ. ਮਾਂਗਟ ਅਤੇ ਉਨ੍ਹਾਂ ਨਾਲ ਲੁਧਿਆਣੇ ਦੇ ਐੱਸ. ਐਸ. ਪੀ. ਸ੍ਰੀ ਡੀ. ਆਰ. ਭੱਟੀ ਅਤੇ ਇਨ੍ਹਾਂ ਨਾਲ ਡੀ. ਐੱਸ. ਪੀ. ਮਨੋਹਰ ਸਿੰਘ ਸ਼ਾਮਿਲ ਕੀਤੇ ਗਏ ਅਤੇ ਇਨ੍ਹਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਕਿ ਤੁਸੀਂ ਉਪਰੋਕਤ ਇਸ ਮਿਸ਼ਨ ਨੂੰ ਸਿਰੇ ਲਾਉਣਾ ਹੈ ਅਤੇ ਇਸ ਸਬੰਧ ਵਿੱਚ ਪੰਜਾਬ ਪੁਲਿਸ ਵਿੱਚੋਂ ਮਨਭਾਉਂਦੇ ਪੁਲਿਸ ਅਫਸਰ ਅਤੇ ਪੁਲਿਸ ਜਵਾਨ ਲੈ ਸਕਦੇ ਹੋ। ਇਸ ਤਰ੍ਹਾਂ ਇਨ੍ਹਾਂ ਨੇ ਮਨਮਰਜ਼ੀ ਦੇ ਪੁਲਿਸ ਅਫਸਰ ਅਤੇ ਜਵਾਨ ਇਸ ਕੰਮ ਲਈ ਸ਼ਾਮਿਲ ਕੀਤੇ ਅਤੇ ਇਨ੍ਹਾਂ ਸਭਨਾਂ ਨੂੰ ਉਪਰੋਕਤ ਮਿਸ਼ਨ ਨੂੰ ਸਿਰੇ ਚੜ੍ਹਾਉਣ ਦੇ ਢੰਗ ਤਰੀਕੇ ਵੀ ਸਮਝਾਏ। ਬਾਕੀ ਇਸ ਮਿਸ਼ਨ ਨੂੰ ਪੂਰੀ ਤਰ੍ਹਾਂ ਗੁਪਤ ਰੱਖਣ ਦੀ ਹਦਾਇਤ ਕੀਤੀ ਗਈ। ਡੀ. ਆਈ. ਜੀ. ਮਾਂਗਟ ਅਤੇ ਐਸ. ਐਸ. ਪੀ. ਭੱਟੀ ਇਸ ਮਿਸ਼ਨ ਦੇ ਮੁੱਖ ਇੰਚਾਰਜ ਸਨ। ਇਨ੍ਹਾਂ ਦੀ ਮਨਸ਼ਾ ਸੀ ਕਿ ਚੰਦੋਕਲਾਂ ਜਾਂਦਿਆਂ ਹੀ ਭਿੰਡਰਾਂਵਾਲਿਆਂ ਦੀ ਰਿਹਾਇਸ਼ਗਾਹ 'ਤੇ ਅੰਧਾਧੁੰਦ ਗੋਲੀ ਬਾਰੀ ਕਰਨ ਨਾਲ ਉਨ੍ਹਾਂ ਵਿੱਚ ਭੜਕਾਹਟ ਪੈਦਾ ਹੋਵੇਗੀ ਅਤੇ ਉਹ ਜਰੂਰ ਜਵਾਬੀ ਕਾਰਵਾਈ ਕਰਨਗੇ ਜਿਸ ਨਾਲ ਸਾਨੂੰ ਮੌਕਾ ਮਿਲ ਜਾਵੇਗਾ ਤੇ ਅਸੀਂ ਉਨ੍ਹਾਂ ਨੂੰ ਉਥੇ ਹੀ ਖਤਮ ਕਰ ਦੇਵਾਂਗੇ।

ਇਸੇ ਲਈ ਪੁਲਿਸ ਪਾਰਟੀ ਨੇ ਬਿਨਾ ਚਿਤਾਵਨੀ ਦਿੱਤਿਆਂ ਜਾਂ ਕਿਸੇ ਪ੍ਰਕਾਰ ਦੀ ਜਾਂਚ ਪੜਤਾਲ ਕੀਤਿਆਂ ਜਾਂਦਿਆਂ ਸਾਰ ਅੰਧਾਧੁੰਦ ਗੋਲੀ ਚਲਾਈ, ਫਿਰ ਆਪਣੀਆਂ ਗੱਡੀਆਂ 'ਤੇ ਲੱਗੇ ਸਪੀਕਰਾਂ ਰਾਹੀਂ ਅਨਾਊਂਸਮੈਂਟ ਕੀਤੀ ਕਿ ਸੰਤ ਭਿੰਡਰਾਂਵਾਲਿਆਂ ਨੂੰ ਸਾਡੇ ਪੱਸ਼ ਕੀਤਾ ਜਾਵੇ। ਜਦੋਂ ਗੁਰਦੁਆਰਾ ਸਾਹਿਬ ਦੇ ਸਪੀਕਰ ਰਾਹੀਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਟਕਸਾਲ ਦੇ ਸਿੰਘਾਂ ਨੇ ਦੱਸਿਆ ਕਿ ਸੰਤ ਭਿੰਡਰਾਂਵਾਲੇ ਇਥੋਂ ਜਾ ਚੁੱਕੇ ਹਨ। ਜੇਕਰ ਤੁਸੀਂ ਚਾਹੋ ਤਾਂ ਤਲਾਸ਼ੀ ਲੈ ਸਕਦੇ ਹੋ। ਇਹ ਸੁਣਦਿਆਂ ਹੀ ਡੀ. ਆਰ. ਭੱਟੀ ਸਮੇਤ ਪੁਲਿਸ ਅਫਸਰ ਆਪੇ ਤੋਂ

Scanned with CamScanner

ਬਾਹਰ ਹੋ ਗਏ ਕਿਉਂਕਿ ਉਨ੍ਹਾਂ ਦੀ ਸਾਜਿਸ਼ 'ਤੇ ਪਾਣੀ ਫਿਰਦਿਆਂ ਨਜ਼ਰ ਆਇਆ। ਉਨ੍ਹਾਂ ਦੀਆਂ ਹਰਕਤਾਂ ਦੱਸਦੀਆਂ ਸਨ ਕਿ ਉਹ ਇਸ ਵੇਲੇ ਸੰਤਾਂ ਨੂੰ ਝੂਠੇ ਪੁਲਿਸ ਮੁਕਾਬਲੇ ਰਾਹੀਂ ਖਤਮ ਕਰਨ ਆਏ ਸਨ। ਇਸੇ ਲਈ ਭਾਰੀ ਕਰੋਧ ਵਿੱਚ ਆਏ ਇਨ੍ਹਾਂ ਪੁਲਿਸ ਅਫਸਰਾਂ ਨੇ ਬਹੁਤ ਜਬਰਦਸਤ ਫਾਇਰਿੰਗ ਕੀਤੀ ਜਿਸ ਕਾਰਨ ਜੋਗ ਦਾ ਭਿਆਨਕ ਦ੍ਰਿਸ਼ ਨਜ਼ਰ ਆ ਰਿਹਾ ਸੀ। ਇਸ ਦੌਰਾਨ ਹੀ ਟਕਸ਼ਾਲ ਵੀਆਂ ਗੁਰਦੁਆਰਾ ਸਾਹਿਬ ਦੇ ਬਾਹਰ ਖੜ੍ਹੀਆਂ ਦੋ ਬੱਸਾਂ ਨੂੰ ਅੱਗ ਲਾ ਕੇ ਸਾੜ ਦਿੱਤਾ, ਜਿਨ੍ਹਾਂ ਬੱਸਾਂ ਵਿੱਚ ਟਕਸ਼ਾਲ ਨਾਲ ਸਬੰਧਤ ਵੱਡਮੁੱਲਾ ਸਾਹਿਤਕ ਸਰਮਾਇਆ ਗੁਰਬਾਣੀ ਦੀਆਂ ਪੋਥੀਆਂ ਵੀ ਸਨ। ਇਥੇ ਹੀ ਬੱਸ ਨਹੀਂ ਉਨ੍ਹਾਂ ਨੇ ਇਥੇ ਮੌਜੂਦ ਜਥੇ ਦੇ ਸਿੰਘਾਂ ਨੂੰ ਜਿਨ੍ਹਾਂ ਵਿੱਚ ਬਹੁਤੇ ਬਜ਼ੁਰਗ ਸਨ ਜਾਂ ਛੋਟੀ ਉਮਰ ਦੇ ਹੀ ਸਿੰਘ ਸਨ ਗ੍ਰਿਫਤਾਰ ਕਰਕੇ ਭਾਰੀ ਤਸ਼ੱਦਦ ਕੀਤਾ ਅਤੇ ਤਲਾਸ਼ੀ ਲੈਣ ਦੇ ਬਹਾਨੇ ਪੁਲਿਸ ਅਫਸਰ ਪਿੰਡ ਵਾਸੀਆਂ ਨਾਲ ਜਰਵਾਣਿਆਂ ਵਾਂਗ ਪੇਸ਼ ਆਏ ਅਤੇ ਸਿੱਖਾਂ ਦੇ ਘਰਾਂ ਵਿੱਚੋਂ ਗਹਿਣੇ, ਨਗਦੀ ਆਦਿ ਸਮਾਨ ਲੁੱਟਿਆ, ਕਈ ਘਰਾਂ ਨੂੰ ਅੱਗਾਂ ਵੀ ਲਾ ਦਿੱਤੀਆਂ ਅਤੇ ਧੀਆਂ ਭੈਣਾਂ ਦੀ ਇੱਜਤ ਨਾਲ ਵੀ ਖਿਲਵਾੜ ਕੀਤਾ।



14 ਸਤੰਬਰ 1981 ਨੂੰ ਚੰਦੇ ਕਲਾਂ (ਹਰਿਆਣਾ) ਵਿਖੇ ਪੁਲਿਸ ਵੱਲੋਂ ਸਾੜੀਆਂ ਗਈਆਂ ਬੱਸਾਂ।

Scanned with CamScanner

ਜਿਨ੍ਹਾਂ ਸਿੰਘਾਂ ਨੂੰ ਇਥੇ ਗ੍ਰਿਫਤਾਰ ਕੀਤਾ ਗਿਆ ਉਨ੍ਹਾਂ ਵਿੱਚ ਸ਼ਤਿਕਾਰਯੋਗ ਬਾਬਾ ਠਾਕਰ ਸਿੰਘ ਜੀ ਨਾਲ ਟਕਸਾਲ ਦੇ 20 ਕੁ ਸਿੰਘ ਜੋ ਬਾਕੀ ਦੇ ਦਿਨਾਂ ਦਾ ਪ੍ਰੋਗਰਾਮ ਨਿਬਾਉਣ ਲਈ ਚੰਦੋਕਲਾਂ ਵਿਖੇ ਰੁਕੇ ਸਨ ਉਨ੍ਹਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਪਿੰਡ ਦੇ ਮੋਹਤਬਰ ਅਤੇ ਟਕਸਾਲ ਦੇ ਸਿੰਘਾਂ ਨੇ ਬਾਬਾ ਜੀ ਦੀ ਸਖਸ਼ੀਅਤ ਬਾਰੇ ਦੱਸਿਆ ਪਰ ਪੁਲਿਸ ਵਾਲਿਆਂ ਨੇ ਕੋਈ ਗੱਲ ਨਾ ਸੁਣੀ ਬਲਕਿ ਇਨ੍ਹਾਂ ਨੂੰ ਮੁੱਲਾਂਪੁਰ ਦਾਖਾ ਥਾਣਾ ਵਿਖੇ ਲੈ ਆਏ। ਹਾਲਾਂਕਿ ਬਾਬਾ ਠਾਕੁਰ ਸਿੰਘ ਜੀ ਸਮੇਤ ਇਨ੍ਹਾਂ ਸਿੰਘਾਂ ਵਿਰੁੱਧ ਕੋਈ ਕੇਸ ਦਰਜ ਨਹੀਂ ਸੀ। ਬਾਬਾ ਜੀ ਨਾਲ ਕੁਝ ਬਜੁਰਗ ਅਤੇ ਕੁਝ ਛੋਟੇ ਬੱਚੇ ਸਨ। ਇਨ੍ਹਾਂ ਸਿੰਘਾਂ ਵਿੱਚ ਭਾਈ ਸੁੱਚਾ ਸਿੰਘ ਭਗੜ, ਬਾਬਾ ਮਟੌਰ ਜੀ, ਡਰਾਇਵਰ ਦਲੀਪ ਸਿੰਘ, ਭਾਈ ਮੋਹਕਮ ਸਿੰਘ, ਭਾਈ ਦਰਸ਼ਨ ਸਿੰਘ ਆਦਿ ਸਿੰਘ ਸਨ ਜਿਨ੍ਹਾਂ ਦੀ ਪੁਲਿਸ ਵੱਲੋਂ ਬਿਨਾ ਮਤਲਬ ਹੀ ਪੁੱਛਗਿੱਛ ਕੀਤੀ ਜਾਂਦੀ ਰਹੀ ਅਤੇ ਕਈ ਸਿੰਘਾਂ ਤੇ ਅਣਮਨੁੱਖੀ ਤਸ਼ੱਦਦ ਵੀ ਕੀਤਾ ਗਿਆ। ਵਰਣਨਯੋਗ ਹੈ ਕਿ ਇਸ ਸਬੰਧੀ ਭਾਈ ਗੁਰਦੇਵ ਸਿੰਘ ਦਾਖਾ ਅਤੇ ਸਰਦਾਰ ਗੁਰਬਖਸ਼ ਸਿੰਘ ਪੁੜੈਣ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਇਲਾਕੇ ਦੀਆਂ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਿਸ ਕਾਰਨ ਇਲਾਕੇ ਦੀਆਂ ਬਹੁਤ ਸਾਰੀਆਂ ਸੰਗਤਾਂ ਥਾਣਾ ਦਾਖਾ ਵਿਖੇ ਬਾਬਾ ਠਾਕੁਰ ਸਿੰਘ ਨੂੰ ਮਿਲਣ ਲਈ ਪਹੁੰਚ ਗਈਆਂ। ਸੰਗਤਾਂ ਦੀ ਵੱਧ ਰਹੀ ਆਮਦ ਨੂੰ ਮੁੱਖ ਰਖਦਿਆਂ ਬਾਬਾ ਜੀ ਨੂੰ ਇਥੋਂ ਸਿੰਘਾਂ ਸਮੇਤ ਥਾਸੀਆਂ ਰੈਸਟ ਹਾਊਸ ਲੈ ਗਏ। ਇਥੇ ਵੀ ਭਾਈ ਗੁਰਦੇਵ ਸਿੰਘ ਦਾਖਾ ਅਤੇ ਭਾਈ ਗੁਰਬਖਸ਼ ਸਿੰਘ ਪੁੜੈਣ ਸਿੰਘਾਂ ਦੇ ਲੰਗਰ ਪਾਣੀ ਦਾ ਪ੍ਰਬੰਧ ਕਰਦੇ ਰਹੇ। ਪਰ ਆਮ ਸੰਗਤਾਂ ਨੂੰ ਮਿਲਣ ਤੇ ਪਾਬੰਦੀ ਲਗਾ ਦਿੱਤੀ ਗਈ।

ਹਰਿਆਣਾ ਦੇ ਐੱਸ. ਪੀ. ਸ੍ਰੀ ਹਰੀ ਕ੍ਰਿਸ਼ਨ ਵੱਲੋਂ ਖੁਲਾਸਾ

ਐਸ. ਪੀ. ਹਰੀ ਕ੍ਰਿਸ਼ਨ ਅਨੁਸਾਰ ਲੁਧਿਆਣੇ ਦੇ ਡੀ. ਐਸ. ਪੀ. ਮਨੋਹਰ ਸਿੰਘ ਨੇ ਰਤੀਆ ਥਾਣੇ ਵਿੱਚ ਮੁੱਢਲੀ ਜਾਂਚ ਰਿਪੋਰਟ ਦਰਜ ਕਰਵਾਈ ਜਿਸ ਤਹਿਤ ਇਹ ਧਾਰਾਵਾਂ ਦਰਜ ਕਰਵਾਈਆਂ ਗਈਆਂ 307, 353 ਜਿਸ ਵਿੱਚ ਕਿਹਾ ਗਿਆ ਕਿ ਪਿੰਡ ਵਾਸੀਆਂ ਨੇ ਪੁਲਿਸ ਪਾਰਟੀ ਉਪਰ ਫਾਇਰਿੰਗ ਕੀਤੀ ਹੈ। ਐੱਸ. ਪੀ. ਹਰੀ ਕ੍ਰਿਸ਼ਨ ਅਨੁਸਾਰ ਪੰਜਾਬ ਪੁਲਿਸ ਦੀ ਪਾਰਟੀ ਵਿੱਚ ਛੇ ਪੁਲਿਸ ਕਪਤਾਨ, 12 ਉਪ ਪੁਲਿਸ ਕਪਤਾਨ, 500 ਪੁਲਿਸ ਜਵਾਨ, 2 ਡਾਕਟਰ ਸ਼ਾਮਿਲ ਸਨ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਪੰਜਾਬ ਪੁਲਿਸ ਨੇ ਭਾਰੀ ਮਾਤਰਾ ਵਿੱਚ ਫਾਇਰ ਕੀਤੇ। ਜਥੇ ਦੇ 20 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ। ਨਗਰ ਨਿਵਾਸੀਆਂ ਦੀ ਜਾਣਕਾਰੀ ਅਨੁਸਾਰ ਹਰਿਆਣਾ ਅਤੇ ਪੰਜਾਬ ਪੁਲਿਸ ਇਕੱਤਰ ਹੋਈ ਫੋਰਸ ਦੀ ਅਸਲ ਗਿਣਤੀ ਨੂੰ ਜਾਣ-ਬੁੱਝ ਕੇ ਛੁਪਾਇਆ ਗਿਆ ਕਿਉਂਕਿ ਉਥੇ ਲਗਭਗ ਸੱਤ ਹਜ਼ਾਰ ਪੁਲਿਸ ਫੋਰਸਾਂ ਨੇ ਪਿੰਡ ਨੂੰ ਘੇਰਾ ਪਾ ਕੇ ਇਹ ਕਾਰਵਾਈ ਕੀਤੀ ਸੀ।

ਸਿਤਮ ਦੀ ਗੱਲ ਹੈ ਕਿ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰੀ ਵਾਰੰਟ ਵੀ ਨਹੀਂ ਦਿੱਤੇ ਗਏ ਸਨ। ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਵੀ ਨਹੀਂ ਦਿੱਤੀ ਗਈ ਸੀ ਕਿ ਪੁਲਿਸ ਨੂੰ ਤੁਹਾਡੀ ਜ਼ਰੂਰਤ ਹੈ। ਫਿਰ ਸੰਤ ਜੀ ਕੋਈ ਗੁਪਤ ਵਿਅਕਤੀ ਨਹੀਂ ਸਨ ਸਗੋਂ ਉਹ ਜੱਗ ਜ਼ਾਹਿਰ ਧਰਮ ਪ੍ਰਚਾਰ ਲਈ ਪ੍ਰੋਗਰਾਮਾਂ ਤੇ ਵਿਚਰ ਰਹੇ ਸਨ। ਉਨ੍ਹਾਂ ਉਪਰ ਸਾਰੇ ਹਿੰਦੁਸਤਾਨ ਭਰ ਵਿੱਚ ਕੋਈ ਪੁਲਿਸ ਕੇਸ ਵੀ ਦਰਜ ਨਹੀਂ ਸੀ। ਜੇਕਰ ਚੰਦੋਕਲਾਂ ਤੋਂ ਜਾ ਚੁੱਕੇ ਸਨ ਤਾਂ ਪੁਲਿਸ ਅਫਸਰਾਂ ਨੂੰ ਵਾਇਰਲੈਸ ਜਾਂ ਟੈਲੀਫੋਨ ਰਾਹੀਂ ਪਤਾ ਕਰ ਲੈਣਾ ਚਾਹੀਦਾ ਸੀ ਕਿ ਉਹ ਆਪਣੇ ਹੈੱਡ ਕੁਆਰਟਰ ਮਹਿਤੇ ਪਹੁੰਚੇ ਹਨ ਜਾਂ ਨਹੀਂ। ਜਿਵੇਂ ਕਿ ਜਥੇ ਦੇ ਸਿੰਘ ਪੁਲਿਸ ਨੂੰ ਦਸ ਰਹੇ ਸਨ ਕਿ ਉਹ ਮਹਿਤੇ ਚਲੇ ਗਏ ਹਨ। ਪਰ ਇਨ੍ਹਾਂ ਤਮਾਮ ਕਾਰਨਾਂ ਲਈ ਉਪਰੋਕਤ ਹੰਕਾਰੀ ਪੁਲਿਸ ਅਫਸਰ ਕਿਸੇ ਨੂੰ ਜਵਾਬਦੇਹ ਨਹੀਂ ਸਨ। ਬਲਕਿ ਸਟੇਟ ਦੀਆਂ ਸਰਕਾਰਾਂ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਇਨ੍ਹਾਂ ਨੂੰ ਅਥਾਹ ਸ਼ਕਤੀ ਅਤੇ ਹਦਾਇਤਾਂ ਦੇ ਕੇ ਭੇਜਿਆ ਗਿਆ ਸੀ। ਇਸੇ ਲਈ ਅੱਜ ਤੱਕ ਕੇਂਦਰ ਸਰਕਾਰ ਨੇ ਉਪਰੋਕਤ ਕਾਂਡ ਲਈ ਇਨਸਾਫ ਦੇਣ ਦੀ ਜ਼ਰੂਰਤ ਨਹੀਂ ਸਮਝੀ।

ਚੰਦੋਕਲਾਂ ਦੀ ਘਟਨਾ ਜਿੱਥੇ ਸਿੱਖ ਜਗਤ ਲਈ ਦੁਖਦਾਈ ਸੀ, ਉੱਥੇ ਪੁਲਿਸ ਲਈ ਸ਼ਰਮਨਾਕ ਵੀ ਸੀ। ਸ. ਦਰਬਾਰਾ ਸਿੰਘ, ਉਨ੍ਹਾਂ ਦੀ ਸਰਕਾਰ ਅਤੇ ਉੱਚ ਪੁਲਿਸ ਅਧਿਕਾਰੀ ਕੇਂਦਰ ਸਰਕਾਰ ਨੂੰ ਇਸ ਗੱਲ ਦਾ ਜੁਆਬ ਦੇਣ ਵਿੱਚ ਅਸਮਰੱਥ ਸਨ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ, ਚੰਦੋਕਲਾਂ ਤੋਂ ਚੌਕ ਮਹਿਤਾ ਤੱਕ ਦਾ 330 ਕਿਲੋਮੀਟਰ ਦਾ ਸਫਰ ਬਿਨਾ ਰੋਕ ਟੋਕ ਕਰਕੇ ਆਪਣੇ ਮੁੱਖ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਕਿਵੇਂ ਪਹੁੰਚ ਗਏ, ਜਦੋਂ ਕਿ ਮਹਿਤੇ ਜਾਣ ਵਾਲੀਆਂ ਸਭ ਸੜਕਾਂ ਬੰਦ ਕੀਤੀਆਂ ਗਈਆਂ ਸਨ।

Scanned with CamScanner

ਪੰਜਾਬ ਪੁਲਿਸ ਵੱਲੋਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀ ਘੇਰਾਬੰਦੀ

ਜਿਵੇਂ ਹੀ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਪਤਾ ਲੱਗਾ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਆਪਣੇ ਕੇਂਦਰੀ ਸਥਾਨ ਮਹਿਤੇ ਵਿਖੇ ਪਹੁੰਚ ਚੁੱਕੇ ਹਨ ਤਾਂ ਉਨ੍ਹਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਲਈ ਤਿਆਰੀ ਕੀਤੀ ਗਈ। ਚੰਦੋਕਲਾਂ ਦੀ ਘਟਨਾ ਤੋਂ ਬਾਅਦ ਪੈਦਾ ਹੋਏ ਹਾਲਾਤਾਂ ਨੂੰ ਦੇਖਦਿਆਂ ਸੈਂਟਰ ਗੌਰਮਿੰਟ ਸਮਝਦੀ ਸੀ ਕਿ ਸੰਤਾ ਨੂੰ ਗ੍ਰਿਫਤਾਰ ਕਰਨਾ ਪੰਜਾਬ ਪੁਲਿਸ ਦੇ ਵਸ ਦੀ ਗੱਲ ਨਹੀਂ। ਇਸ ਲਈ ਕੇਂਦਰ ਨੇ ਪੰਜਾਬ ਦੇ ਚੀਫ ਸੈਕਟਰੀ ਰਾਹੀ ਫੌਜ ਦੇ ਜਨਰਲ ਐੱਸ. ਕੇ. ਸਿਨਹਾ ਨੂੰ ਕਿਹਾ ਕਿ ਤੁਸੀਂ ਫੌਜ ਦੇ ਕੁੱਝ ਟੈਂਕ ਪੁਲਿਸ ਨੂੰ ਦੇ ਦਿਓ ਤਾਂ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨ ਲਈ ਸਾਡੀ ਮਦਦ ਹੋ ਸਕਦੀ ਹੈ। ਐੱਸ. ਕੇ. ਸਿਨਹਾ ਦਾ ਕਹਿਣਾ ਹੈ ਕਿ ਮੈਂ ਜਵਾਬ ਦੇ ਦਿੱਤਾ ਅਤੇ ਕਿਹਾ ਕਿ ਫੌਜ ਦੀ ਸਮੱਗਰੀ ਦਾ ਇਸਤੇਮਾਲ ਫੌਜ ਹੀ ਕਰ ਸਕਦੀ ਹੈ ਪੁਲਿਸ ਨਹੀਂ। ਇਸ ਤੋਂ ਬਾਅਦ ਜਨਰਲ ਸਿਨਹਾ ਨੂੰ ਮੁੱਖ ਮੰਤਰੀ ਪੰਜਾਬ ਨੇ ਚੰਡੀਗੜ੍ਹ ਮਿਲਣ ਲਈ ਸੱਦਿਆ। ਇਥੇ ਫਿਰ ਦਰਬਾਰਾ ਸਿੰਘ ਨੇ ਇਹੀ ਗੱਲ ਦੁਹਰਾਈ ਕਿ ਸਾਨੂੰ ਕੁਝ ਟੈਂਕ ਦਿੱਤੇ ਜਾਣ ਤਾਂ ਸਿਨਹਾ ਨੇ ਕਿਹਾ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਫੌਜ ਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਜੇਕਰ ਤੁਸੀਂ ਇੱਕ ਗੁਰਦੁਆਰੇ ਦੀ ਘੇਰਾਬੰਦੀ ਲਈ ਅਤੇ ਇੱਕ ਵਿਅਕਤੀ ਨੂੰ ਫੜਣ ਲਈ ਟੈਂਕਾਂ ਦੀ ਵਰਤੋਂ ਕੀਤੀ ਤਾਂ ਦੁਨੀਆਂ ਭਰ ਵਿੱਚ ਆਪਣੀ ਅਲੋਚਨਾ ਹੋਵੇਗੀ ਤਾਂ ਦਰਬਾਰਾ ਸਿੰਘ ਨੇ ਕਿਹਾ ਜੇਕਰ ਟੈਂਕ ਨਹੀਂ ਤਾਂ ਸਾਨੂੰ ਫੌਜ ਦੇ ਦਿਓ ਤਾਂ ਕਿ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕੀਤਾ ਜਾ ਸਕੇ। ਜਰਨਲ ਸਿਨਹਾ ਨੇ ਇਸ ਗੱਲ 'ਤੇ ਵੀ ਸਹਿਮਤੀ ਨਾ ਪ੍ਰਗਟਾਈ ਬਲਕਿ ਕਿਹਾ ਕਿ ਤੁਸੀਂ ਸੀ. ਆਰ. ਪੀ. ਐੱਫ. ਦੀ ਮਦਦ ਲੈ ਸਕਦੇ ਹੋ। ਜਰਨਲ ਸਿਨਹਾ ਦਾ ਕਹਿਣਾ ਹੈ ਸਾਡੀ ਇਹ ਮੀਟਿੰਗ ਤਾਂ ਇੱਥੇ ਹੀ ਖ਼ਤਮ ਹੋ ਗਈ।

ਇਸ ਤੋਂ ਬਾਅਦ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਜਰਨਲ ਪੁਰੀ ਨੂੰ ਅਜਿਹਾ ਕਰਨ ਲਈ ਕਿਹਾ। ਉਸ ਨੇ ਟੈਂਕ ਅਤੇ ਫੌਜ ਭੇਜਣ ਲਈ ਤਿਆਰੀ ਵੀ ਕਰ ਲਈ। ਜਲੰਧਰ ਅਤੇ ਅੰਮ੍ਰਿਤਸਰ ਤੋਂ ਫੌਜੀ ਕਮਾਂਡੋ ਦਸਤੇ ਭੇਜ ਦਿੱਤੇ ਗਏ। ਜਰਨਲ ਸਿਨਹਾ ਨੂੰ ਭਾਜਸਥਾਨ ਵਿਖੇ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਜਰਨਲ ਪੁਰੀ ਨੂੰ ਕਿਹਾ ਕਿ ਇਹ ਆਰਡਰ ਕੈਂਸਲ ਕਰ ਦਿੱਤੇ ਜਾਣ ਤਾਂ ਪੁਰੀ ਨੇ ਕਿਹਾ ਮੈਨੂੰ ਪ੍ਰਧਾਨ ਮੰਤਰੀ ਦਾ ਹੁਕਮ ਹੈ। ਇਸ ਤੋਂ ਬਾਅਦ ਜਰਨਲ ਸਿਨਹਾ ਨੇ ਰਾਸ਼ਟਰਪਤੀ ਵੈਂਕਟਾਰਮਨ ਨਾਲ ਗੱਲ ਕੀਤੀ ਕਿ ਮਹਿਤਾ ਚੌਕ ਵਿਖੇ ਫੌਜ ਨਾ ਭੇਜੀ ਜਾਵੇ ਕਿਉਂਕਿ ਉਥੋਂ ਦੀ ਸਥਿਤੀ ਬਾਰੇ ਫੌਜ ਨੂੰ ਕੋਈ ਗਿਆਨ ਨਹੀਂ। ਫੌਜ ਦੀ ਘੇਰਾਬੰਦੀ ਕਾਰਨ ਗੁਰਦੁਆਰੇ ਦੇ ਅੰਦਰੋਂ ਹੋਈ ਫਾਇਰਿੰਗ ਨਾਲ ਜ਼ਿਆਦਾ ਨੁਕਸਾਨ ਹੋ ਸਕਦਾ ਹੈ ਅਤੇ ਸਥਿਤੀ ਵੀ ਵਿਗੜ ਸਕਦੀ ਹੈ। ਤਕਰੀਬਨ ਦੋ ਘੰਟੇ ਬਾਅਦ ਮੈਨੂੰ ਸੁਨੇਹਾ ਮਿਲਿਆ ਕਿ ਫੌਜ ਮਹਿਤੇ ਨਹੀਂ ਭੇਜੀ ਜਾਵੇਗੀ ਇਹ ਕੰਮ ਪੁਲਿਸ ਹੀ ਕਰੇਗੀ। (ਐੱਸ. ਕੇ. ਸਿਨਹਾ ਨੇ ਇਹ ਸੱਭ ਕੁੱਝ ਕਿਹਾ ਉਸਦੀ ਵੀਡੀਓ ਰਿਕਾਰਡਿੰਗ ਇੰਟਰਵਿਊ ਮੌਜੂਦ ਹੈ)

ਇਸ ਤੋਂ ਬਾਅਦ ਇਸ ਕਾਰਵਾਈ ਲਈ ਐੱਸ. ਐੱਸ. ਪੀ. ਅੰਮ੍ਰਿਤਸਰ ਨੂੰ ਹਦਾਇਤ ਕੀਤੀ ਗਈ ਕਿ ਭਾਰੀ ਫੋਰਸ ਲਿਜਾ ਕੇ ਸੰਤਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਇਸ ਲਈ ਐੱਸ. ਐੱਸ. ਪੀ. ਅਵਤਾਰ ਸਿੰਘ ਅਟਵਾਲ ਨੇ ਦੋ ਜਿਲ੍ਹਿਆਂ ਦੀ ਫੋਰਸ ਤੋਂ ਇਲਾਵਾ ਬੀ. ਐੱਸ. ਐੱਫ. ਦੀ ਸਹਾਇਤਾ ਨਾਲ 10 ਹਜ਼ਾਰ ਦੀ ਫੋਰਸ ਨਾਲ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਨੂੰ ਘੇਰਾ ਪਾ ਲਿਆ। ਸਭ ਪਾਸੇ ਸੜਕਾਂ ਅਤੇ ਖੇਤਾਂ ਵਿੱਚ ਪੁਲਿਸ ਹੀ ਪੁਲਿਸ ਨਜ਼ਰ ਆਉਂਦੀ ਸੀ। ਪਿੰਡਾਂ ਦੇ ਲੋਕ ਇਸ ਕਦਰ ਇਸ ਗੱਲ ਤੋਂ ਅੱਖੇ ਸਨ ਕਿ ਉਨ੍ਹਾਂ ਨੇ ਆਪਣੇ ਘਰਾਂ ਵਿੱਚੋਂ ਫੋਰਸ ਦੇ ਕਿਸੇ ਵੀ ਵਿਅਕਤੀ ਨੂੰ ਪਾਣੀ ਤੱਕ ਨਹੀਂ ਪੀਣ ਦਿੱਤਾ। ਐੱਸ. ਐੱਸ. ਪੀ. ਅਟਵਾਲ ਨੇ ਆਪਣੇ ਸਾਧਨਾਂ ਰਾਹੀਂ ਅੰਦਰ ਦੀ ਜਾਣਕਾਰੀ ਪ੍ਰਾਪਤ ਕੀਤੀ ਕਿ ਜੇਕਰ ਜਬਰਦਸਤੀ ਗੁਰਦੁਆਰੇ ਅੰਦਰ ਜਾ ਕੇ ਸੰਤਾਂ ਨੂੰ ਗ੍ਰਿਫਤਾਰ ਕੀਤਾ ਤਾਂ ਕਿਨ੍ਹਾਂ ਹਾਲਾਤਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਦੇ ਭੇਜੇ ਬੰਦਿਆਂ ਨੇ ਗੁਪਤ ਢੰਗ ਨਾਲ ਸੰਤਾਂ ਨੂੰ ਪੁਛਿਆ ਕਿ ਬਾਹਰ ਵੱਡੀ ਗਿਣਤੀ ਵਿੱਚ ਫੋਰਸਾਂ ਲੱਗੀਆਂ ਹਨ ਜੋ ਤੁਹਾਨੂੰ ਕਦੇ ਵੀ ਗ੍ਰਿਫਤਾਰ ਕਰ ਸਕਦੀਆਂ ਹਨ ਤਾਂ ਉੱਤਰ ਵਿੱਚ ਸੰਤਾਂ ਨੇ ਬੜੇ ਸਹਿਜ ਸੁਭਾਅ ਕਿਹਾ ਕਿ ਮੈਨੂੰ ਇਸ ਗੱਲ 'ਤੇ ਹੈਰਾਨੀ ਹੈ ਕਿ ਬਿਨਾਂ ਵਰੰਟ ਦਿੱਤਿਆਂ ਹੀ ਗ੍ਰਿਫਤਾਰੀ ਲਈ ਫੋਰਸਾਂ ਚਾੜ੍ਹੀਆਂ ਜਾ ਰਹੀਆਂ ਹਨ। ਪੰਜਾਬ ਅਤੇ ਕੇਂਦਰ ਸਰਕਾਰ ਕੀ ਸਮਝਦੇ ਹਨ ਕਿ ਜਦੋਂ ਮਰਜ਼ੀ ਭਿੰਡਰਾਂਵਾਲੇ ਨੂੰ ਗਲੋਂ ਫੜ੍ਹ ਲਿਆਵਾਂਗੇ? ਇਹ ਸਮਾਂ ਹੀ ਦੱਸੇਗਾ ਕਿ ਜੇਕਰ ਬਿਨਾਂ ਵਰੰਟ ਦਿੱਤੇ ਤੁੰ ਪ੍ਰਸ਼ਾਸਨ ਨੇ ਜਬਰਦਸਤੀ ਗ੍ਰਿਫਤਾਰ ਕਰਨਾ ਚਾਹਿਆ ਤਾਂ ਚੰਗੀ ਤਰ੍ਹਾਂ ਲੋਹੇ ਦੇ ਚਨੇ ਚਬਾਵਾਂਗੇ। ਸਿੱਖਾਂ ਲਈ ਕਾਨੂੰਨ ਕਈ ਵੱਖਰੇ ਹਨ? ਕਿ

Scanned with CamScanner

ਜਦੋਂ ਮਰਜ਼ੀ, ਜਿਥੇ ਮਰਜ਼ੀ ਸਿੱਖਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾ ਕੇ ਧਮਕਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਇਹ ਅਮਰ ਸ਼ਹੀਦ ਬਾਬਾ ਦੀਪ ਸਿੰਘ ਵਰਗੇ ਬ੍ਰਹਮਗਿਆਨੀ ਮਹਾਪੁਰਖਾਂ ਦੀ ਟਕਸਾਲ ਹੈ, ਜਿਸਦਾ ਆਪਣਾ ਇੱਕ ਨਿਵੇਕਲਾ ਇਤਿਹਾਸ ਹੈ। ਇਸ ਲਈ ਸਮੇਂ ਤੋਂ ਪਹਿਲਾਂ ਮੈਂ ਬਹੁਤਾ ਕੁੱਝ ਨਹੀਂ ਕਹਿਣਾ ਚਾਹੁੰਦਾ ਪਰ ਜੇ ਹਿੰਦ ਸਰਕਾਰ ਅਤੇ ਪੰਜਾਬ ਦਾ ਜ਼ਕਰੀਆ (ਮੁੱਖ ਮੰਤਰੀ) ਇਹੀ ਚਾਹੁੰਦੇ ਹਨ ਤਾਂ ਇਹ ਗੁਰਦੁਆਰਾ ਸਾਹਿਬ ਦੀ ਹੱਦ ਦੇ ਅੰਦਰ ਆਉਣ ਤਾਂ ਇਸ ਦਾ ਨਤੀਜਾ ਆਪੇ ਹੀ ਵੇਖ ਲੈਣਗੇ। ਸੰਤਾਂ ਤੋਂ ਖਰੀਆਂ-ਖਰੀਆਂ ਸੁਣ ਕੇ ਸਰਕਾਰ ਦੇ ਗੁਪਤਚਰ ਅਧਿਕਾਰੀਆਂ ਨੇ ਜਦੋਂ ਐੱਸ. ਐੱਸ. ਪੀ. ਅਟਵਾਲ ਨੂੰ ਸਾਰੇ ਹਾਲਾਤਾਂ ਬਾਰੇ ਜਾਣੂ ਕਰਵਾਇਆ ਤਾਂ ਉਸ ਦੀ ਅਕਲ ਟਿਕਾਣੇ ਆਈ ਤੇ ਉਸ ਨੇ ਜ਼ੋਖਮ ਉਠਾਉਣਾ ਮੁਨਾਸਬ ਨਾ ਸਮਝਿਆ ਅਤੇ ਸਰਕਾਰ ਨੂੰ ਸੂਚਿਤ ਕੀਤਾ ਕਿ ਗ੍ਰਿਫਤਾਰੀ ਵਰੰਟ ਦਿੱਤਿਆਂ ਤੋਂ ਬਿਨਾਂ ਕੋਈ ਵੀ ਕਾਰਵਾਈ ਕਰਨੀ ਦੁਨੀਆਂ ਭਰ ਵਿੱਚ ਬਦਨਾਮੀ ਦਾ ਕਾਰਨ ਬਣੇਗੀ ਅਤੇ ਜੇ ਅਜਿਹਾ ਕਰਦੇ ਵੀ ਹਾਂ ਤਾਂ ਬਹੁਤ ਵੱਡਾ ਖ਼ੂਨ ਖਰਾਬਾ ਹੋਣ ਦਾ ਖਦਸ਼ਾ ਹੈ। ਇਸ ਲਈ ਕਾਨੂੰਨੀ ਖਾਨਾਪੂਰਤੀ ਆਰੰਭ ਕੇ ਸੰਤਾਂ ਨੂੰ ਲਿਖਤੀ ਵਰੰਟ ਦੇਣ ਦੀ ਪ੍ਰਕਿਆ ਆਰੰਭੀ ਅਤੇ ਆਪਣੀ ਘਿਨਾਉਣੀ ਚਾਲ ਵਿੱਚ ਕੁੱਝ ਕੁ ਤਬਦੀਲੀ ਕਰਦਿਆਂ ਕਿਸੇ ਐੱਸ ਢਿਲਕਤੀ ਦੀ ਲੋੜ ਮਹਿਸੂਸ ਕੀਤੀ ਜੋ ਗੁਰਸਿੱਖ ਅਤੇ ਸੰਤਾਂ ਦਾ ਨਜਦੀਕੀ ਵੀ ਹੋਵੇ। ਉਸ ਪੁਲਿਸ ਅਫਸਰ ਰਾਹੀਂ ਸੰਤਾਂ ਨੂੰ ਗ੍ਰਿਫਤਾਰੀ ਵਰੰਟ ਦਿੱਤੇ ਜਾਣ। ਇਸ ਕੰਮ ਲਈ ਗੁਰਦਾਸਪੁਰ ਦੇ ਐੱਸ. ਐੱਸ. ਪੀ. ਸ. ਜਰਨੈਲ ਸਿੰਘ ਚਾਹਲ ਨੂੰ ਚੁਣਿਆ ਕਿ ਉਹ ਸੰਤਾਂ ਦੇ ਵਰੰਟ ਵੀ ਲੈ ਕੇ ਜਾਵੇ ਅਤੇ ਗ੍ਰਿਫਤਾਰੀ ਤੱਕ ਸਾਰੀ ਡਿਊਟੀ ਨਿਭਾਵੇ।

ਧਾਰਮਿਕ ਅਤੇ ਰਾਜਨੀਤਿਕ ਆਗੂਆਂ ਦੀਆਂ ਸੰਤਾਂ ਨਾਲ ਅਹਿਮ ਵਿਚਾਰਾਂ

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚ ਕੇ ਸੰਤਾਂ ਨੇ ਆਪਣੇ ਸਹਿਯੋਗੀ ਪਤਵੰਤੇ ਸਿੰਘਾਂ ਨਾਲ ਸਲਾਹ ਮਸ਼ਵਰੇ ਆਰੰਭੇ। ਇਸ ਦੇ ਨਾਲ ਹੀ ਸਿੱਖ ਕੌਮ ਦੇ ਧਾਰਮਿਕ ਅਤੇ ਰਾਜਨੀਤਿਕ ਆਗੂ ਵੀ ਇੱਥੇ ਹੀ ਪਹੁੰਚ ਕੇ ਸੰਤਾਂ ਨਾਲ ਸਲਾਹਾਂ ਕਰਦੇ ਰਹੇ ਜਿਨ੍ਹਾਂ ਵਿੱਚ ਕਾਰਸੇਵਾ ਵਾਲੇ ਸੰਤ ਬਾਬਾ ਖੜਕ ਸਿੰਘ ਜੀ, ਸੰਤ ਉੱਤਮ ਸਿੰਘ ਜੀ ਖਡੂਰ ਸਾਹਿਬ, ਸੰਤ ਦੀਵਾਨ ਸਿੰਘ, ਸੰਤ ਖਜਾਨ ਸਿੰਘ ਛਾਬੜੀ ਵਾਲੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਅਜਨੋਹਾ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਐੱਸ. ਜੀ. ਪੀ. ਸੀ. ਸ. ਗੁਰਚਰਨ ਸਿੰਘ ਟੌਹੜਾ, ਸ. ਉਜਾਗਰ ਸਿੰਘ ਸੇਖਵਾਂ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਸੰਤੋਖ ਸਿੰਘ ਆਦਿ ਹੋਰ ਵੀ ਬਹੁਤ ਸਾਰੇ ਸਿੱਖ ਆਗੂ ਸੰਤਾਂ ਨੂੰ ਮਿਲੇ ਅਤੇ ਸਭ ਨੇ ਆਪੋ ਆਪਣੇ ਸੁਝਾਅ ਦਿੱਤੇ। ਜਥੇਦਾਰ ਟੌਹੜਾ ਨੇ ਸੰਤਾਂ ਨੂੰ ਆਖਿਆ ਕਿ ਆਪ ਜੀ ਗ੍ਰਿਫਤਾਰੀ ਦੇਣ ਦਾ ਖਿਆਲ ਤਿਆਗ ਦੇਵੋ, ਸਿੱਖ ਕੌਮ ਆਪੇ ਹੀ ਸਰਕਾਰਾਂ ਨਾਲ ਸਿੱਝ ਲਵੇਗੀ ਤਾਂ ਸੰਤਾਂ ਨੇ ਉਨ੍ਹਾਂ ਨੂੰ ਇਹੀ ਕਿਹਾ ਕਿ ਹੁਣ ਗ੍ਰਿਫਤਾਰੀ ਦੇਣ ਦਾ ਮਨ ਬਣਾ ਲਿਆ ਹੈ। ਇਹ ਮਸਲਾ ਮੇਰੇ ਇਕੱਲੇ ਦਾ ਨਹੀਂ ਬਲਕਿ ਸਮੁੱਚੀ ਕੌਮ ਦਾ ਹੈ ਕਿਉਂਕਿ ਲਾਲਾ ਜਗਤ ਨਰਾਇਣ ਕੌਮ ਪ੍ਰਤੀ, ਪੰਥ ਪ੍ਰਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਇਤਰਾਜ਼ਯੋਗ ਸ਼ਬਦਾਵਲੀ ਵਰਤਦਾ ਰਿਹਾ ਹੈ ਅਤੇ ਉਸ ਦੀ ਮੌਤ ਤੋਂ ਬਾਅਦ ਚੰਦੋਕਲਾ ਵਿਖੇ ਜੋ ਕੁੱਝ ਵਾਪਰਿਆ ਹੈ ਉਹ ਮੇਰੇ ਨਾਲ ਹੀ ਨਹੀਂ ਬਲਕਿ ਸਮੁੱਚੀ ਕੌਮ ਨੂੰ ਸਬਕ ਸਿਖਾਉਣ ਦੀ ਝਲਕੀ ਹੈ। ਇਸ ਲਈ ਮੈਂ ਗ੍ਰਿਫਤਾਰੀ ਦੇਵਾਂਗਾ। ਸਰਕਾਰ ਨੇ ਜੋ ਚਾਹੇ ਲਾਉਣਾ ਹੈ ਲਾ ਲਵੇ। ਇਸ ਤੋਂ ਇਲਾਵਾ ਜਥੇਦਾਰ ਸੰਤੋਖ ਸਿੰਘ ਦਿੱਲੀ ਨੇ ਸੰਤਾਂ ਨਾਲ ਵੱਖਰੇ ਤੌਰ 'ਤੇ ਗੱਲ ਕਰਦਿਆਂ ਸੁਝਾਅ ਦਿੱਤਾ ਕਿ ਜੇਕਰ ਤੁਸੀਂ ਚਾਹੋ ਤਾਂ ਤੁਹਾਡੀ ਇਥੇ ਬੈਠਿਆਂ ਦੀ ਹੀ ਜਮਾਨਤ ਕਰਵਾਈ ਜਾ ਸਕਦੀ ਹੈ। ਇਸ ਲਈ ਤੁਹਾਨੂੰ ਗ੍ਰਿਫਤਾਰੀ ਦੇਣ ਦੀ ਲੋੜ ਨਹੀਂ ਤਾਂ ਸੰਤਾਂ ਨੇ ਸ. ਸੰਤੋਖ ਸਿੰਘ ਨੂੰ ਪੁੱਛਿਆ ਕਿ ਤੁਹਾਨੂੰ ਸਰਕਾਰ ਨੇ ਇਥੇ ਭੇਜਿਆ ਹੈ ਜਾਂ ਕੌਮ ਨਾਲ ਹਮਦਰਦੀ ਕਰਕੇ ਇਥੇ ਪਹੁੰਚੇ ਹੋ। ਤਾਂ ਉਸ ਨੇ ਕਿਹਾ ਮੈਨੂੰ ਸਰਕਾਰ ਨੇ ਨਹੀਂ ਭੇਜਿਆ ਪਰ ਇਸਦੇ ਬਾਵਜੂਦ ਮੈਂ ਜੋ ਕੁੱਝ ਕਹਿ ਰਿਹਾ ਹਾਂ ਉਹ ਕਰ ਸਕਦਾ ਹਾਂ। ਸੰਤਾਂ ਨੇ ਕਿਹਾ ਕਿ ਇਸ ਦੀ ਲੋੜ ਨਹੀਂ। ਮੈਂ ਕਿਸੇ ਹਾਲਤ ਵਿੱਚ ਵੀ ਜ਼ਮਾਨਤ ਨਹੀਂ ਕਰਵਾਉਣੀ ਮੈਂ ਗ੍ਰਿਫਤਾਰੀ ਦੇਵਾਂਗਾ, ਨਹੀਂ ਤਾਂ ਆਏ ਦਿਨ ਕਿਸੇ ਨਾ ਕਿਸੇ ਸੰਤ ਮਹਾਂਪੁਰਖ ਉੱਪਰ ਅਜਿਹਾ ਮਨਘੜਤ ਕੇਸ ਬਣਾ ਕੇ ਨਿੱਤ ਦਾ ਕਲੇਸ਼ ਬਣਾਈ ਰੱਖਣਗੇ। ਇਸ ਲਈ ਗੱਲ ਇੱਕ ਪਾਸੇ ਲੱਗ ਜਾਣੀ ਚਾਹੀਦੀ ਹੈ। ਇਨ੍ਹਾਂ ਦੋਵਾਂ ਤੋਂ ਇਲਾਵਾ ਬਾਕੀ ਜਿੰਨੇ ਵੀ ਧਾਰਮਿਕ ਅਤੇ

Scanned with CamScanner

ਰਾਜਨੀਤਿਕ ਆਗੂ ਸੰਤਾਂ ਨੂੰ ਮਿਲੇ ਉਨ੍ਹਾਂ ਦਾ ਸੁਝਾਅ ਸੀ ਕਿ ਤੁਹਾਨੂੰ ਗ੍ਰਿਫ਼ਤਾਰੀ ਦੇ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਤਿੰਨ ਦਿਨ ਇਨ੍ਹਾਂ ਵਿਚਾਰਾਂ ਦਾ ਦੌਰ ਚੱਲਦਾ ਰਿਹਾ।

ਗ੍ਰਿਫ਼ਤਾਰੀ ਵਰੰਟ ਮਹਿਤੇ ਵਿਖੇ ਦਿੱਤੇ ਗਏ

16 ਸਤੰਬਰ ਬਾਬਾ ਠਾਕੁਰ ਸਿੰਘ ਜੀ ਸਮੇਤ ਜਥੇ ਦੇ ਬਾਕੀ ਸਿੰਘਾਂ ਨਾਲ ਦਾਖਾ ਥਾਣੇ ਤੋਂ ਛੱਡਿਆ ਗਿਆ ਜੋ ਦੁਪਹਿਰ ਤੱਕ ਮਹਿਤੇ ਵਿਖੇ ਪਹੁੰਚ ਚੁੱਕੇ ਸਨ। ਹਾਲੇ ਤੱਕ ਪੁਲਿਸ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਇਨ੍ਹਾਂ ਨੂੰ ਕਿਸ ਕੇਸ ਸਬੰਧੀ ਗ੍ਰਿਫ਼ਤਾਰ ਕੀਤਾ ਗਿਆ ਸੀ। ਪਰ ਸੰਤਾਂ ਵੱਲੋਂ ਪੁਲਿਸ ਨੂੰ ਇਹ ਦੱਸ ਦਿੱਤਾ ਗਿਆ ਸੀ ਕਿ ਜਦ ਤੱਕ ਬਾਬਾ ਜੀ ਮਹਿਤੇ ਨਹੀਂ ਪਹੁੰਚ ਜਾਂਦੇ ਤਦ ਤੱਕ ਮੈਂ ਗ੍ਰਿਫ਼ਤਾਰੀ ਨਹੀਂ ਦੇਵਾਂਗਾ ਕਿਉਂਕਿ ਟਕਸਾਲ ਦੇ ਪ੍ਰਚਾਰ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਨੇ ਸੰਭਾਲਣੀ ਹੈ। ਇਸ ਲਈ ਜਿਉਂ ਹੀ ਬਾਬਾ ਜੀ ਮਹਿਤੇ ਵਿਖੇ ਪਹੁੰਚੇ ਤਾਂ ਪੰਜਾਬ ਪੁਲਿਸ ਵੱਲੋਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸੰਤਾਂ ਨੂੰ ਗ੍ਰਿਫ਼ਤਾਰੀ ਵਰੰਟ ਦਿੱਤੇ ਗਏ। ਉਸੇ ਸਮੇਂ ਸੰਤਾਂ ਨੇ ਬਾਬਾ ਠਾਕੁਰ ਸਿੰਘ, ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਭਾਈ ਹਰਮਿੰਦਰ ਸਿੰਘ ਸੰਧੂ, ਭਾਈ ਰਸ਼ਪਾਲ ਸਿੰਘ ਪੀ. ਏ., ਬਾਬਾ ਬਾਗ਼ ਸਿੰਘ, ਭਾਈ ਰਾਮ ਸਿੰਘ ਰਾਗੀ, ਭਾਈ ਮੁਜਾਨ ਸਿੰਘ, ਭਾਈ ਸੁਖਵੰਤ ਸਿੰਘ ਬਾਸਰਕੇ, ਭਾਈ ਰਾਮ ਸਿੰਘ ਸੁਲਤਾਨਪੁਰ ਅਤੇ ਦਮਦਮੀ ਟਕਸਾਲ ਦੇ ਬਹੁਤ ਸਾਰੇ ਮਹਿਤਬਰ ਸਿੰਘਾਂ ਨਾਲ ਵਿਚਾਰ ਵਟਾਂਦਰਾ ਕਰਕੇ ਫੈਸਲਾ ਲੈ ਲਿਆ ਕਿ 20 ਸਤੰਬਰ ਬਾਅਦ ਦੁਪਹਿਰ 2.00 ਵਜੇ ਇਸੇ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਤੋਂ ਗ੍ਰਿਫ਼ਤਾਰੀ ਦਿੱਤੀ ਜਾਵੇਗੀ। ਇਸ ਸਬੰਧ ਵਿੱਚ ਭਾਈ ਅਮਰੀਕ ਸਿੰਘ ਅਤੇ ਭਾਈ ਰਸ਼ਪਾਲ ਸਿੰਘ ਦੀ ਡਿਊਟੀ ਲਾਈ ਕਿ ਉਹ ਪ੍ਰੈਸ ਰਾਹੀਂ ਸੰਗਤਾਂ ਨੂੰ ਜਾਣਕਾਰੀ ਦੇ ਦੇਣ।

16 ਸਤੰਬਰ ਨੂੰ ਹੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਵਿਦਿਆਰਥੀਆਂ ਨੇ ਚੰਦੋਕਲਾਂ ਵਿਖੇ ਵਾਪਰੀ ਮੰਦਭਾਗੀ ਘਟਨਾ ਦੇ ਰੋਸ ਵਜੋਂ ਕਾਲਜ ਦੇ ਬਾਹਰ ਵੈਰਾਗਮਈ ਦੀ ਅਗਵਾਈ ਵਿੱਚ ਰੋਸ ਮੁਜਾਹਰਾ ਕੀਤਾ ਸੀ। ਜਿੱਥੇ ਵਿਦਿਆਰਥੀਆਂ ਨੇ ਕਾਲਜ ਦੇ ਅੱਗਿਓਂ ਲੰਘਣ ਵਾਲੀ ਸੜਕ ਦੀ ਆਵਾਜਾਈ ਬੰਦ ਕਰ ਦਿੱਤੀ। ਕੇਂਦਰ ਅਤੇ ਪੰਜਾਬ ਸਰਕਾਰ ਵਿਰੁੱਧ ਸਖਤ ਨਾਅਰੇਬਾਜੀ ਕੀਤੀ ਅਤੇ ਨਾਲ ਹੀ ਸ਼ੱਕ ਜ਼ਾਹਿਰ ਕੀਤੀ ਕਿ ਆਨੇ ਬਹਾਨੇ ਕੇਂਦਰ ਸਰਕਾਰ ਆਪਣੇ ਹੱਥ ਠੋਕੇ ਮੁੱਖ ਮੰਤਰੀ ਦਰਬਾਰਾ ਸਿੰਘ ਰਾਹੀਂ ਸੰਤ ਭਿੰਡਰਾਂਵਾਲਿਆਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਦੂਜੇ ਪਾਸੇ ਪੁਲਿਸ ਨੇ ਚੰਦੋਕਲਾਂ ਵਿਖੇ ਮਿਲੀ ਨਿਰਾਸ਼ਾ ਦਾ ਬਦਲਾ ਲੈਣ ਲਈ ਵਿਦਿਆਰਥੀਆਂ ਉਪਰ ਵਹਿਸ਼ੀਆਨਾ ਲਾਠੀਚਾਰਜ ਕੀਤਾ। ਕੇਵਲ ਵਿਦਿਆਰਥੀਆਂ ਉਪਰ ਹੀ ਨਹੀਂ ਬਲਕਿ ਕਈ ਪ੍ਰੋਫੈਸਰਾਂ ਨੂੰ ਵੀ ਬੁਰੀ ਤਰ੍ਹਾਂ ਲਾਠੀਆਂ ਦਾ ਸ਼ਿਕਾਰ ਬਣਾਇਆ ਗਿਆ ਅਤੇ ਪੁਲਿਸ ਨੇ ਕਾਲਜ ਦੀ ਕੰਟੀਨ ਵਿੱਚ, ਨਾਭਾ ਹੋਸਟਲ ਵਿੱਚ ਅਤੇ ਹੋਰ ਥਾਵਾਂ ਤੇ ਕਮਰਿਆਂ ਵਿੱਚ ਜਾ ਕੇ ਬੈਠੇ ਵਿਦਿਆਰਥੀਆਂ ਨੂੰ ਵੀ ਲਾਠੀਆਂ ਨਾਲ ਬੁਰੀ ਤਰ੍ਹਾਂ ਕੁੱਟਿਆ। ਇਸੇ ਤਹਿਤ ਕਾਲਜ ਦੇ ਪ੍ਰਿੰਸੀਪਲ ਸ੍ਰੀ ਐਨ. ਆਰ. ਕੋਹਲੀ ਨੂੰ ਵੀ ਜੱਟਾਂ ਲੱਗੀਆਂ। ਹਾਲਾਂਕਿ ਬਹੁਤ ਸਾਰੇ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨੂੰ ਬੁਰੀ ਤਰ੍ਹਾਂ ਨਾਲ ਕੁੱਟਿਆ ਜਾ ਚੁੱਕਾ ਸੀ ਪਰ ਪੁਲਿਸ ਭਾਰੀ ਬਲ ਪ੍ਰਯੋਗ ਦੇ ਬਾਵਜੂਦ ਵਿਦਿਆਰਥੀਆਂ ਦੇ ਰੋਸ ਮੁਜਾਹਰੇ ਦੇ ਜੋਸ਼ ਨੂੰ ਖਤਮ ਨਾ ਕਰ ਸਕੀ। ਇਸੇ ਚਿਰ ਨੂੰ ਅੰਮ੍ਰਿਤਸਰ ਦੀ ਪ੍ਰੈਸ ਵੀ ਇਥੇ ਪਹੁੰਚ ਗਈ ਜਿਸ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਦੇ ਪ੍ਰਧਾਨ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਜੀ ਦੇ ਲਿਬਟਫਰਤੀ ਭਾਈ ਅਮਰੀਕ ਸਿੰਘ ਨੇ ਐਲਾਨ ਕਰ ਦਿੱਤਾ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਫੈਸਲਾ ਲਿਆ ਹੈ ਕਿ ਉਹ 20 ਸਤੰਬਰ ਨੂੰ ਬਾਅਦ ਦੁਪਹਿਰ 2.00 ਵਜੇ ਗ੍ਰਿਫ਼ਤਾਰੀ ਦੇਣਗੇ। ਉਨ੍ਹਾਂ ਸੰਗਤਾਂ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ 20 ਤਰੀਕ ਤੱਕ ਮਹਿਤੇ ਪਹੁੰਚਣ ਦੀ ਕ੍ਰਿਪਾਲਤਾ ਕਰੋ।

17 ਸਤੰਬਰ ਦੀਆਂ ਅਖ਼ਬਾਰਾਂ ਵਿੱਚ ਖ਼ਬਰਾਂ ਛਪੀਆਂ ਕਿ ਸੰਤ ਜਰਨੈਲ ਸਿੰਘ ਜੀ 20 ਸਤੰਬਰ ਨੂੰ ਗ੍ਰਿਫ਼ਤਾਰੀ ਦੇਣਗੇ। ਸਭ ਅਖ਼ਬਾਰਾਂ ਨੇ ਆਪੋ ਆਪਣੇ ਢੰਗ ਨਾਲ ਵੱਡੀਆਂ ਸੁਰਖੀਆਂ ਰਾਹੀਂ ਇਨ੍ਹਾਂ ਖ਼ਬਰਾਂ ਨੂੰ ਛਾਪਿਆ। ਕਈਆਂ ਨੇ ਸੰਪਾਦਕੀ ਨੋਟ ਵੀ ਲਿਖੇ। ਇੱਥੋਂ ਤੱਕ ਕਿ ਬੀ. ਬੀ. ਸੀ. ਲੰਡਨ, ਵੋਇਸ ਆਫ਼ ਅਮਰੀਕਾ ਵਰਗੇ ਮੰਨੇ ਪ੍ਰਮੰਨੇ ਖ਼ਬਰਾਂ ਦੇ ਵੱਡੇ ਸਾਧਨ ਸਨ, ਇਨ੍ਹਾਂ ਨੇ ਆਪਣੀਆਂ ਪ੍ਰਮੁੱਖ ਖ਼ਬਰਾਂ ਵਿੱਚ ਸੰਤਾਂ ਬਾਰੇ ਕਿਹਾ ਕਿ

Scanned with CamScanner

ਵਿਸਾਖੀ 1978 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਨਕਲੀ ਨਿਰੰਕਾਰੀਆਂ ਦੇ ਕੂੜ ਪ੍ਰਚਾਰ ਨੂੰ ਰੋਕਣ ਸਮੇਂ ਸ਼ਹੀਦ ਹੋਏ 13 ਸਿੰਘ



(1) ਭਾਈ ਰਣਬੀਰ ਸਿੰਘ ਫੌਜੀ (2) ਭਾਈ ਅਮਰੀਕ ਸਿੰਘ (3) ਭਾਈ ਫੌਜਾ ਸਿੰਘ (4) ਬਾਬਾ ਅਵਤਾਰ ਸਿੰਘ
(5) ਭਾਈ ਗੁਰਚਰਨ ਸਿੰਘ (6) ਬਾਬਾ ਦਰਸ਼ਨ ਸਿੰਘ (7) ਭਾਈ ਧਰਮਵੀਰ ਸਿੰਘ (8) ਭਾਈ ਰਘਬੀਰ ਸਿੰਘ
(9) ਭਾਈ ਗੁਰਦਿਆਲ ਸਿੰਘ (10) ਭਾਈ ਪਿਆਰਾ ਸਿੰਘ (11) ਭਾਈ ਕੇਵਲ ਸਿੰਘ (12) ਭਾਈ ਹਰਬੰਸ ਸਿੰਘ (13) ਗਿਆਨੀ ਹਰਜੀ ਸਿੰਘ

ਸੁਹਿਰਦ ਸੰਤ ਖ਼ਾਲਸਾ

Scanned with CamScanner





ਸਿੰਘ ਸਾਹਿਬ ਭਾਈ ਰਣਜੀਤ ਸਿੰਘ ਅਤੇ ਭਾਈ ਕਾਬਲ ਸਿੰਘ (ਨਿਰੰਕਾਰੀ ਕਤਲ ਕਾਂਡ)



ਸੰਨ 1980 ਵਿੱਚ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਵੱਲੋਂ ਦਮਦਮੀ ਟਕਸਾਲ ਦੇ ਸਹਿਯੋਗੀਆਂ ਨਾਲ ਤਾਲਮੇਲ ਲਈ ਬਣਾਈ ਗਈ ਸੱਤ ਮੈਂਬਰੀ ਕਮੇਟੀ ਦੇ ਮੈਂਬਰ ਭਾਈ ਤੇਜਵੰਤ ਸਿੰਘ ਗਰੇਵਾਲ, ਦਿਆਲ ਸਿੰਘ ਮੀਕੇ, ਭਾਈ ਸੁਜਾਨ ਸਿੰਘ ਮਨਾਵਾਂ, ਭਾਈ ਜਗਜੀਤ ਸਿੰਘ ਰੋਡੇ (ਭਰਾਤਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ), ਭਾਈ ਸੁਖਵੰਤ ਸਿੰਘ ਬਾਸਰਕੇ, ਭਾਈ ਗੁਰਦਿਆਲ ਸਿੰਘ ਭੈਣੀ ਅਤੇ ਭਾਈ ਗੁਰਮੇਲ ਸਿੰਘ ਫਰੀਦਕੋਟ।

Scanned with CamScanner




ਭਾਈ ਨਛੱਤਰ ਸਿੰਘ ਰੋਡੇ ਅਤੇ ਭਾਈ ਸਵਰਨ ਸਿੰਘ ਰੋਡੇ ਨੂੰ ਪੁਲਿਸ ਅਦਾਲਤ ਵਿੱਚ ਪੇਸ਼ ਕਰਦੀ ਹੋਈ ਅਤੇ ਉਨ੍ਹਾਂ ਦੇ ਸੀਨੀਅਰ ਵਕੀਲ ਸ. ਪੂਰਨ ਸਿੰਘ ਹੁੰਦਲ (ਲਾਲਾ ਜਗਤ ਨਾਰਾਇਣ ਕਤਲਕਾਂਡ)



ਪਿੰਡ ਅਖਾੜਾ ਤੋਂ ਇੱਕ ਪ੍ਰੋਗਰਾਮ ਲਈ ਜਾਂਦੇ ਹੋਏ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ, ਗੱਡੀ ਚਲਾ ਰਹੇ ਸੰਤ ਅਵਤਾਰ ਸਿੰਘ ਜੀ ਧੂਰਕੋਟ ਵਾਲੇ, ਮਹੰਤ ਜਗੀਰ ਸਿੰਘ ਅਖਾੜੇ ਵਾਲੇ, ਪਿੱਛੇ ਖੜ੍ਹੇ ਹਨ ਭਾਈ ਜੋਗਿੰਦਰ ਸਿੰਘ ਰੋਡੇ (ਬਾਈ ਜੀ), ਰਾਗੀ ਰਾਮ ਸਿੰਘ, ਭਾਈ ਜਸਵੀਰ ਸਿੰਘ ਰੋਡੇ, ਭਾਈ ਕੁਲਦੀਪ ਸਿੰਘ ਮੁੱਛਲ, ਭੈਣੀ ਗੁਰਨਾਮ ਸਿੰਘ ਰੋਡੇ ਅਤੇ ਹੋਰ ਸੰਗਤਾਂ।

Scanned with CamScanner



20 ਸਤੰਬਰ 1981 ਨੂੰ ਮਹਿਤੇ ਵਿਖੇ ਸੰਤ ਭਿੰਡਰਾਂਵਾਲਿਆਂ ਵੱਲੋਂ ਗ੍ਰਿਫ਼ਤਾਰੀ ਦੇਣ ਸਮੇਂ ਸੰਗਤਾਂ ਦਾ ਇਕੱਠ।



4 ਅਗਸਤ 1982 ਨੂੰ ਜਹਾਜ਼ ਅਗਵਾ ਕਰਨ ਵਾਲੇ ਭਾਈ ਗੁਰਬਖਸ਼ ਸਿੰਘ।



20 ਅਗਸਤ 1982 ਨੂੰ ਹਵਾਈ ਜਹਾਜ਼ ਅਗਵਾ ਕਰਨ ਵਾਲੇ ਭਾਈ ਮਨਜੀਤ ਸਿੰਘ ਉਰਫ਼ ਮੁਸੀਬਤ ਸਿੰਘ।



29 ਸਤੰਬਰ 1981 ਨੂੰ ਹਵਾਈ ਜਹਾਜ਼ ਅਗਵਾ ਕਰਨ ਵਾਲੇ ਦਲ ਖ਼ਾਲਸਾ ਦੇ ਆਗੂ ਭਾਈ ਗੁਜਿੰਦਰ ਸਿੰਘ।

ਸੁਹਿਰਦ ਸੰਤ ਖ਼ਾਲਸਾ

Scanned with CamScanner

ਦੁਨੀਆਂ ਦੇ ਇਤਿਹਾਸ ਵਿੱਚ ਪਹਿਲਾ ਮੌਕਾ ਹੈ ਜਦੋਂ ਕਿਸੇ ਇਨਸਾਨ ਦੇ ਗ੍ਰਿਫਤਾਰੀ ਵਰੰਟ ਵਿਖਾਏ ਗਏ ਹੋਣ ਤਾਂ ਉਸ ਨੇ ਮਰਜ਼ੀ ਅਨੁਸਾਰ ਗ੍ਰਿਫਤਾਰੀ ਦੇਣ ਅਤੇ ਸਮਾਂ ਮਿਥਿਆ ਹੋਵੇ। ਇਸ ਤਰ੍ਹਾਂ ਦਮਦਮੀ ਟਕਸਾਲ ਦਾ ਹੈੱਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਸਮੁੱਚੇ ਸਿੱਖਾਂ ਦੀ ਖਿੱਚ ਦਾ ਕੇਂਦਰ ਅਤੇ ਰਾਜਨੀਤਿਕ ਸਰਗਰਮੀਆਂ ਦਾ ਧੁਰਾ ਬਣ ਗਿਆ।

ਹਿੰਦ ਸਮਾਚਾਰ ਸਮੂਹ ਨੇ ਵੱਖਰਾ ਹੀ ਰਾਗ ਅਲਾਪਿਆ

ਇਨ੍ਹਾਂ ਨੇ ਆਪਣੇ ਤਿੰਨਾਂ ਹੀ ਅਖਬਾਰਾਂ ਵਿੱਚ ਹਿੰਦ ਸਮਾਚਾਰ, ਜਗ ਬਾਣੀ ਅਤੇ ਪੰਜਾਬ ਕੇਸਰੀ ਵਿੱਚ ਅਜਿਹੇ ਬਿਆਨ ਛਾਪਦਿਆਂ ਲਿਖਿਆ ਕਿ ਇੱਕ ਮੁਜ਼ਰਮ ਆਪਣੀ ਮਨਮਰਜ਼ੀ ਅਨੁਸਾਰ ਇੱਕ ਵੱਡਾ ਇਕੱਠ ਕਰਕੇ ਆਪਣੀ ਗ੍ਰਿਫਤਾਰੀ ਦੀ ਤਰੀਕ ਸਮਾਂ ਅਤੇ ਸਥਾਨ ਵੀ ਆਪਣੇ ਆਪ ਤੈਅ ਕਰ ਰਿਹਾ ਹੈ। ਇਸ ਲਈ ਸਰਕਾਰ ਨਾਂਅ ਦੀ ਕੋਈ ਚੀਜ਼ ਨਹੀਂ ਰਹਿ ਜਾਂਦੀ। ਜਦੋਂ ਕਾਤਲ ਪਹਿਲਾਂ ਸ਼ਕਤੀ ਪ੍ਰਦਰਸ਼ਨ ਕਰਨ ਅਤੇ ਫਿਰ ਗ੍ਰਿਫਤਾਰੀ ਦੇਣ, ਇਹ ਕਿੱਥੋਂ ਦਾ ਤਰੀਕਾ ਹੈ? ਇਨ੍ਹਾਂ ਨੇ ਇਸ ਸਾਰੇ ਘਟਨਾਚੱਕਰ ਨੂੰ ਆਪਣੇ ਢੰਗ ਦੀ ਰੰਗਤ ਦੇਣੀ ਚਾਹੀ ਕਿ ਤੁਰੰਤ ਹੀ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਜਾਵੇ। ਪਰ ਇਨ੍ਹਾਂ ਦੀਆਂ ਫੋਕੀਆਂ ਫੜ੍ਹਾਂ ਦਾ ਪ੍ਰਸ਼ਾਸਨ ਉਪਰ ਕਿਸੇ ਪ੍ਰਕਾਰ ਦਾ ਕੋਈ ਅਸਰ ਨਹੀਂ ਹੋਇਆ ਕਿਉਂਕਿ ਸਰਕਾਰ ਤਾਂ ਗ਼ਨੀਮਤ ਸਮਝਦੀ ਕਿ ਸੰਤਾਂ ਨੇ ਆਪਣੇ ਆਪ ਨੂੰ ਪੇਸ਼ ਕਰਨ ਦਾ ਸਮਾਂ ਐਲਾਨ ਦਿੱਤਾ ਹੈ।

ਭਾਈ ਅਮਰੀਕ ਸਿੰਘ ਵੱਲੋਂ ਫੈਡਰੇਸ਼ਨ ਅਤੇ ਟਕਸਾਲੀ ਆਗੂਆਂ ਦੀ ਅਹਿਮ ਮੀਟਿੰਗ

17 ਸਤੰਬਰ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅਤੇ ਭਾਈ ਹਰਮਿੰਦਰ ਸਿੰਘ ਸੰਧੂ ਨੇ ਫੈਡਰੇਸ਼ਨ ਦੇ ਅਹੁਦੇਦਾਰਾਂ ਅਤੇ ਟਕਸਾਲ ਦੇ ਅਹਿਮ ਸਹਿਯੋਗੀਆਂ ਦੀ ਇੱਕ ਮੀਟਿੰਗ ਕੀਤੀ। ਜਿਸ ਵਿੱਚ ਪੰਜਾਬ ਭਰ ਤੋਂ ਫੈਡਰੇਸ਼ਨ ਦੇ ਜਿਲ੍ਹਾ ਪ੍ਰਧਾਨ ਅਤੇ ਟਕਸਾਲ ਦੇ ਸਿਰਕੱਢ ਆਗੂ ਇਸ ਮੀਟਿੰਗ ਵਿੱਚ ਸ਼ਾਮਿਲ ਹੋਏ। ਅਸਲ ਵਿੱਚ 16 ਸਤੰਬਰ ਦੀ ਰਾਤ ਨੂੰ ਹੀ ਭਾਈ ਅਮਰੀਕ ਸਿੰਘ, ਭਾਈ ਹਰਮਿੰਦਰ ਸਿੰਘ ਸੰਧੂ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਹਰਮਿੰਦਰ ਸਿੰਘ ਗਿੱਲ, ਸੰਤਾਂ ਦੇ ਪੀ. ਏ. ਭਾਈ ਗੁਸ਼ਪਾਲ ਸਿੰਘ, ਜਥੇਦਾਰ ਰਾਮ ਸਿੰਘ ਸੁਲਤਾਨਪੁਰੀ, ਬਾਬਾ ਬਾਰਾ ਸਿੰਘ, ਭਾਈ ਸੁਜਾਨ ਸਿੰਘ ਅਤੇ ਕੁੱਝ ਹੋਰ ਜਥੇਦਾਰਾਂ ਨੇ ਫੈਸਲਾ ਲੈ ਲਿਆ ਸੀ ਕਿ ਸੰਤਾਂ ਦੀ ਗ੍ਰਿਫਤਾਰੀ ਸਮੇਂ 20 ਸਤੰਬਰ ਨੂੰ ਬੇਮਿਸਾਲ ਇਕੱਠ ਹੋਵੇਗਾ ਕਿਉਂਕਿ ਸੰਗਤਾਂ ਵਿੱਚ ਭਾਰੀ ਰੋਸ ਹੈ ਕਿ ਸੰਤਾਂ ਨੂੰ ਬਿਨਾਂ ਕਾਰਨ ਹੀ ਬੰਦੀ ਬਣਾਇਆ ਜਾ ਰਿਹਾ ਹੈ। ਪਰ ਸਾਨੂੰ ਸਭ ਨੂੰ ਸੰਗਤਾਂ ਦੇ ਲੰਗਰ ਪਾਣੀ, ਸਟੇਜ, ਸਪੀਕਰਾਂ ਆਦਿ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਗੁਰਦੁਆਰੇ ਤੋਂ ਬਾਹਰ ਖੜ੍ਹੀਆਂ ਸੰਗਤਾਂ ਨੂੰ ਵੀ ਸਟੇਜ 'ਤੇ ਚੱਲ ਰਹੀ ਕਾਰਵਾਈ ਬਾਰੇ ਸੁਣਾਈ ਦਿੰਦਾ ਰਹੇ ਅਤੇ ਨਾਲ-ਨਾਲ ਇਸ ਗੱਲ ਦਾ ਵੀ ਖਿਆਲ ਰੱਖਿਆ ਜਾਵੇ ਕਿ ਜਿੱਥੇ ਜਿੱਥੇ ਸੰਗਤਾਂ ਨੂੰ ਮਹਿਤੇ ਪਹੁੰਚਣ ਲਈ ਸਾਧਨਾਂ ਦੀ ਜ਼ਰੂਰਤ ਹੋਵੇ ਉੱਥੇ ਟਰੱਕ, ਬੱਸਾਂ, ਟਰਾਲੀਆਂ ਆਦਿ ਦਾ ਵੀ ਢੁੱਕਵਾਂ ਪ੍ਰਬੰਧ ਕਰਨਾ ਚਾਹੀਦਾ ਹੈ। ਇਹ ਕੰਮ ਕਰਨ ਲਈ ਆਪਣੇ ਕੋਲ ਸਿਰਫ ਦੋ ਦਿਨ ਹਨ ਇਸ ਲਈ ਸਾਨੂੰ ਦਿਨ ਰਾਤ ਇੱਕ ਕਰਕੇ ਕਰੜੀ ਮਿਹਨਤ ਕਰਨੀ ਚਾਹੀਦੀ ਹੈ। ਫੈਡਰੇਸ਼ਨ ਅਤੇ ਟਕਸਾਲੀ ਸਿੰਘਾਂ ਨੇ ਇਸ ਕਾਰਜ ਨੂੰ ਬਾਖੂਬੀ ਨਿਭਾਇਆ।

ਜਥੇ ਦੇ ਅਤੇ ਸਹਿਯੋਗੀ ਸਿੰਘਾਂ ਨਾਲ ਖਾਸ ਵਿਚਾਰਾਂ

ਟਕਸਾਲ ਦੇ ਕੁੱਝ ਸਿੰਘ ਅਤੇ ਸਹਿਯੋਗੀ ਸਿੰਘ ਜਿਨ੍ਹਾਂ ਵਿੱਚ ਨਾਗੋਕੇ ਗਰੁੱਪ ਨਾਮ ਨਾਲ ਮਸ਼ਹੂਰ ਜਿਨ੍ਹਾਂ ਵਿੱਚ ਭਾਈ ਲੱਖਾ ਸਿੰਘ, ਭਾਈ ਕੁਲਵੰਤ ਸਿੰਘ, ਭਾਈ ਮੇਜਰ ਸਿੰਘ, ਬੀਰਾ ਸਿੰਘ, ਭਾਈ ਬਲੀ ਸਿੰਘ, ਭਾਈ ਗਿਆਨ ਸਿੰਘ ਇਹ ਸਾਰੇ ਸਿੰਘ ਪਿੰਡ ਨਾਗੋਕੇ ਦੇ ਸਨ। ਇਨ੍ਹਾਂ ਤੋਂ ਇਲਾਵਾ ਭਾਈ ਬਲਵਿੰਦਰ ਸਿੰਘ ਪੰਜਕੀਪੁਰ, ਭਾਈ ਸੁਰਿੰਦਰ ਸਿੰਘ ਵੜੈਚ, ਭਾਈ ਸੁਲੱਖਣ ਸਿੰਘ ਵੈਰੋਵਾਲ, ਭਾਈ ਧੰਨਾ ਸਿੰਘ ਬਹਾਦਰਪੁਰ, ਭਾਈ ਗੁਰਮੁੱਖ ਸਿੰਘ ਬਹਾਦਰਪੁਰ ਆਦਿ ਕੁੱਝ ਸਿੰਘ ਸਨ ਜਿਨ੍ਹਾਂ ਨੂੰ ਸੰਤਾਂ ਨੇ ਕਿਹਾ ਕਿ ਤੁਹਾਡੀ ਸਭ ਦੀ ਖਾਸ ਜ਼ਿੰਮੇਵਾਰੀ ਬਣਦੀ ਹੈ ਕਿ

Scanned with CamScanner

ਗ੍ਰਿਫ਼ਤਾਰੀ ਦੇ ਸਾਰੇ ਸਮਾਗਮ ਨੂੰ ਸ਼ਾਂਤਮਈ ਰੱਖਣਾ ਹੈ।

ਬਾਬਾ ਲੱਖਾ ਸਿੰਘ ਕਾਹਲਵਾਂ, ਭਾਈ ਭੁਪਿੰਦਰ ਸਿੰਘ, ਭਾਈ ਮਹਿੰਦਰ ਸਿੰਘ ਸੰਧਵਾਂ ਆਦਿ ਦੀ ਡਿਊਟੀ ਲਾਈ ਕਿ ਤੁਸੀਂ ਗ੍ਰਿਫ਼ਤਾਰੀ ਸਬੰਧੀ ਗੁਰਦਾਸਪੁਰ ਜਿਲ੍ਹੇ ਦੀਆਂ ਸੰਗਤਾਂ ਨਾਲ ਰਾਬਤਾ ਕਾਇਮ ਕਰੋ। ਜਦੋਂ ਇਹ ਸਿੰਘ ਪਿੰਡਾਂ ਵਿੱਚ ਗਏ ਤਾਂ ਹੁੰਗਾਰਾ ਮੱਠਾ ਮਿਲਣ ਕਾਰਨ ਇਹ ਸਿੰਘ ਨਿਰਾਸ਼ ਹੋ ਕੇ ਵਾਪਸ ਪਰਤ ਆਏ। ਜਦੋਂ ਇਸ ਬਾਰੇ ਸੰਤਾਂ ਨੂੰ ਦੱਸਿਆ ਤਾਂ ਸੰਤਾਂ ਨੇ ਬਚਨ ਕੀਤਾ ਨਿਰਾਸ਼ ਨਾ ਹੋਵੋ 20 ਸਤੰਬਰ ਨੂੰ ਘਾਹ ਖੋਤਣ ਵਾਲੇ, ਪੱਠੇ ਵੱਢਣ ਵਾਲੇ ਭਾਵ ਜਿੱਥੇ ਵੀ ਕੋਈ ਕੰਮ ਕਰਦਾ ਹੋਇਆ ਕੰਮ ਛੱਡ ਕੇ ਗੁਰਸਿੱਖ ਵਹੀਰਾਂ ਘੱਤ ਕੇ ਮਹਿਤੇ ਆਉਣਗੇ। ਇਹ ਬਚਨ ਪੂਰੇ ਹੋਏ।

ਗ੍ਰਿਫ਼ਤਾਰੀ ਸਮੇਂ ਸੰਗਤਾਂ ਦਾ ਹੜ੍ਹ

ਸੰਤਾਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਸੁਣਦਿਆਂ ਹੀ ਦੇਸ਼ ਭਰ ਵਿੱਚੋਂ ਸੰਗਤਾਂ ਨੇ ਮਹਿਤੇ ਵੱਲ ਵਹੀਰਾਂ ਘੱਤ ਦਿੱਤੀਆਂ। 19 ਤਰੀਕ ਦੀ ਰਾਤ ਤੱਕ ਲਗਭਗ ਪੌਣੀ ਹਜ਼ਾਰ ਸਿੱਖ ਸੰਗਤਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਪਹੁੰਚ ਚੁੱਕੀਆਂ ਸਨ। 20 ਸਤੰਬਰ ਨੂੰ ਸਵੇਰ ਤੋਂ ਹੀ ਇਥੇ ਪਹੁੰਚਣ ਵਾਲੀਆਂ ਸੰਗਤਾਂ ਦਾ ਇੱਕ ਤਰ੍ਹਾਂ ਨਾਲ ਤਾਂਤਾ ਲੱਗਾ ਚੁੱਕਾ ਸੀ ਕਿਉਂਕਿ ਸਰਕਾਰ ਵੱਲੋਂ ਦਮਦਮੀ ਟਕਸਾਲ ਨੂੰ ਬੰਦ ਕਰਵਾਉਣ ਦੀ ਕੋਝੀਆਂ ਹਰਕਤਾਂ ਵਿਰੁੱਧ ਸਿੱਖਾਂ ਵਿੱਚ ਭਾਰੀ ਰੋਹ ਸੀ, ਇਸੇ ਲਈ ਸਿੱਖ ਅਜਿਹੇ ਯਤਨਾਂ ਦੀ ਨਿਖੇਧੀ ਕਰ ਰਹੇ ਸਨ ਅਤੇ ਇਸ ਦਾ ਡਟ ਕੇ ਮੁਕਾਬਲਾ ਕਰਨ ਦੇ ਰੋਹ ਵਿੱਚ ਸਨ, ਪੂਜ੍ਹ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਆਪਣੇ ਵੱਲੋਂ ਗ੍ਰਿਫ਼ਤਾਰੀ ਦੇਣ ਦੇ ਦਿੱਤੇ ਬਿਆਨ ਉੱਪਰ ਪੂਰੀ ਤਰ੍ਹਾਂ ਦ੍ਰਿੜ੍ਹ ਸਨ। ਸੰਗਤਾਂ ਦੀ ਆਮਦ ਨੂੰ ਦੇਖਦਿਆਂ ਵੱਡੀ ਪੱਧਰ 'ਤੇ ਲੰਗਰ ਆਦਿ ਦਾ ਪ੍ਰਬੰਧ ਕੀਤਾ ਗਿਆ ਅਤੇ ਖੁੱਲ੍ਹੇ ਮੈਦਾਨ ਵਿੱਚ ਵੱਡੀ ਸਟੇਜ ਦਾ ਪ੍ਰਬੰਧ ਕੀਤਾ ਗਿਆ ਸੀ। ਸੰਗਤ ਇੰਨੀ ਜਿਆਦਾ ਸੀ ਕਿ ਗੁਰਦੁਆਰੇ ਤੋਂ ਬਾਹਰ ਖੇਤਾਂ ਵਿੱਚ ਵੀ ਦੂਰ ਤੱਕ ਸੰਗਤ ਹੀ ਸੰਗਤ ਨਜ਼ਰ ਆ ਰਹੀ ਸੀ। ਦੂਜੇ ਪਾਸੇ ਪੁਲਿਸ ਵੱਲੋਂ ਸੰਤ ਜਰਨੈਲ ਸਿੰਘ ਦੇ ਆਤਮ ਸਮਰਪਣ ਵੇਲੇ ਸੰਭਾਵੀ ਹਾਲਾਤਾਂ ਨੂੰ ਮੁੱਖ ਰਖਦਿਆਂ ਵੱਡੀ ਪੱਧਰ 'ਤੇ ਪ੍ਰਬੰਧ ਕੀਤੇ ਗਏ ਸਨ, ਜਿਸ ਲਈ ਸੀਮਾ ਸੁਰੱਖਿਆ ਬਲਾਂ ਦੀ 1200, ਪੀ. ਏ. ਪੀ. ਦੇ 4500 ਜਵਾਨਾਂ ਤੋਂ ਇਲਾਵਾ ਪੰਜਾਬ ਪੁਲਿਸ ਵੱਡੀ ਗਿਣਤੀ ਵਿੱਚ ਮਹਿਤੇ ਪਹੁੰਚ ਚੁੱਕੇ ਸਨ। ਇਸ ਦੇ ਨਾਲ ਫੌਜ ਦੇ ਕਮਾਂਡੋ ਦਸਤੇ ਵੀ ਤਾਇਨਾਤ ਸਨ। (ਪ੍ਰਸ਼ਾਸਨ ਨੂੰ ਇਸ ਗੱਲ ਦਾ ਭਰਮ ਸੀ ਕਿ ਸੰਤ ਜੀ ਗ੍ਰਿਫ਼ਤਾਰੀ ਦੇਣਗੇ ਵੀ ਕਿ ਨਹੀਂ।) ਪੁਲਿਸ ਹਲਕਿਆਂ 'ਚ ਆਖਰੀ ਸਮੇਂ ਤੱਕ ਇਹੀ ਸਵਾਲ ਪੁੱਛਿਆ ਜਾ ਰਿਹਾ ਸੀ ਕੀ ਸੰਤ ਜੀ ਗ੍ਰਿਫ਼ਤਾਰੀ ਦੇਣਗੇ? ਸ਼ਾਇਦ ਉਹ ਇਸ ਗੱਲ ਤੋਂ ਅਨਜਾਣ ਸਨ ਕਿ ਸੰਤ ਕਹਿਣੀ ਅਤੇ ਕਰਨੀ ਦੇ ਪੂਰੇ ਹਨ। ਸੰਤਾਂ ਨੇ ਪ੍ਰਸ਼ਾਸਨ ਸਾਹਮਣੇ ਸਿਰਫ਼ ਇੱਕ ਹੀ ਮੰਗ ਰੱਖੀ ਸੀ ਕਿ ਉਹ ਕਿਸੇ ਗੁਰਸਿੱਖ ਪੁਲਿਸ ਅਫ਼ਸਰ ਅੱਗੇ ਹੀ ਆਤਮ ਸਮਰਪਣ ਕਰਨਗੇ। ਇਸ ਲਈ ਪ੍ਰਸਾਸ਼ਨ ਵੱਲੋਂ ਗੁਰਦਾਸਪੁਰ ਦੇ ਐਸ. ਐਸ. ਪੀ. ਸ. ਜਰਨੈਲ ਸਿੰਘ ਚਾਹਲ ਦੀ ਡਿਊਟੀ ਲਗਾਈ ਗਈ ਸੀ ਕਿ ਉਹ ਸੰਤਾਂ ਨੂੰ ਗ੍ਰਿਫ਼ਤਾਰ ਕਰਨਗੇ। ਉੱਪਰ ਗੁਰਦੁਆਰੇ ਦੀ ਚਾਰਦੀਵਾਰੀ ਅੰਦਰ ਅਤੇ ਬਾਹਰ ਸਿਦਕੀ ਸਿੱਖਾਂ ਦਾ ਹੜ੍ਹ ਵਗਦਾ ਨਜ਼ਰ ਆ ਰਿਹਾ ਸੀ। ਇਥੋਂ ਤੱਕ ਕਿ ਗੁਰਦੁਆਰਾ ਸਾਹਿਬ ਦੇ ਅੰਦਰ ਦੀਆਂ ਸਭ ਇਮਾਰਤਾਂ ਉਪਰ ਵੀ ਸੰਗਤ ਚੜ੍ਹੀ ਹੋਈ ਸੀ ਅਤੇ ਗੁਰਦੁਆਰੇ ਤੋਂ ਬਾਹਰ ਵੀ ਦੂਰ ਤੱਕ ਲੱਖਾਂ ਸੰਗਤਾਂ ਦਾ ਇਕੱਠ ਦਿਖਾਈ ਦੇ ਰਿਹਾ ਸੀ। ਇਹ ਇਕੱਠ ਲਗਭਗ ਪੰਜ ਲੱਖ ਸੰਗਤਾਂ ਦਾ ਸੀ।

ਸੰਤਾਂ ਦੀ ਗ੍ਰਿਫ਼ਤਾਰੀ ਸਮੇਂ ਵੱਖ-ਵੱਖ ਸਿੱਖ ਆਗੂਆਂ ਵੱਲੋਂ ਦਿੱਤੇ ਗਏ ਭਾਸ਼ਣ

ਗ੍ਰਿਫ਼ਤਾਰੀ ਤੋਂ ਪਹਿਲਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤੇ ਦੇ ਖੁੱਲ੍ਹੇ ਪੰਡਾਲ ਵਿੱਚ ਲੱਖਾਂ ਹੀ ਸੰਗਤਾਂ ਦੇ ਇਕੱਠ ਦਾ ਜੋਸ਼ ਆਪੇ ਤੋਂ ਬਾਹਰ ਹੋ ਰਿਹਾ ਸੀ। ਸਭ ਸੰਗਤਾਂ ਆਉਣ ਵਾਲੇ ਸਮੇਂ ਲਈ ਸੰਤ ਭਿੰਡਰਾਂਵਾਲਿਆਂ ਤੋਂ ਮਿਲਣ ਵਾਲੇ ਸੰਦੇਸ਼ ਦਾ ਇੰਤਜ਼ਾਰ ਕਰ ਰਹੇ ਸਨ। ਸਟੇਜ ਉੱਪਰ ਅਤੇ ਸਟੇਜ ਦੇ ਆਸ ਪਾਸ ਅਕਾਲੀ ਐੱਮ. ਪੀ., ਐੱਮ. ਐੱਲ. ਏ., ਮੈਂਬਰ ਸ਼੍ਰੋਮਣੀ ਕਮੇਟੀ, ਅਕਾਲੀ ਦਲਾਂ ਦੇ ਲੀਡਰ ਅਤੇ ਅਹੁਦੇਦਾਰ ਸਿੱਖ ਸੰਪਰਦਾਵਾਂ ਅਤੇ

Scanned with CamScanner

ਸੰਸਥਾਵਾਂ ਦੇ ਮੁਖੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ, ਜਦੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਸਟੇਜ 'ਤੇ ਆਏ ਤਾਂ ਉਨ੍ਹਾਂ ਦੇ ਚਿਹਰੇ 'ਤੇ ਇਲਾਹੀ ਨੂਰ ਸੀ, ਸੀਸ 'ਤੇ ਕੇਸਰੀ ਦਸਤਾਰ, ਗਲ ਵਿੱਚ ਚੋਲਾ, ਸਾਢੇ ਤਿੰਨ ਫੁੱਟੀ ਕ੍ਰਿਪਾਨ, ਗਲ ਵਿੱਚ ਪਰਨਾ, ਹੱਥ ਵਿੱਚ ਤੀਰ, ਨੇਤਰਾਂ ਵਿੱਚੋਂ ਜਿਵੇਂ ਸੂਰਜ ਦੀਆਂ ਕਿਰਨਾਂ ਨਿਕਲ ਰਹੀਆਂ ਹੋਣ, ਦਰਗਦਰਾ ਕਰਦਾ ਚਿਹਰਾ, ਮਨ ਵਿੱਚ ਲਾੜੀ ਮੌਤ ਨੂੰ ਵਿਆਹੁਣ ਦਾ ਚਾਅ, ਅਲੌਕਿਕ ਜਾਹੋ ਜਲਾਲ ਨਾਲ ਸੰਤ ਜੀ ਸਟੇਜ 'ਤੇ ਆਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਸੰਗਤਾਂ ਅਤੇ ਸਟੇਜ ਉਪਰ ਬੈਠੇ ਸੰਤਾਂ ਮਹਾਪੁਰਖਾਂ ਨੂੰ ਫ਼ਤਿਹ ਬੁਲਾ ਕੇ ਬੈਠ ਗਏ। ਜੋ ਹੋਰ ਸਖ਼ਸ਼ੀਅਤਾਂ ਸਟੇਜ 'ਤੇ ਹਾਜ਼ਰ ਸਨ ਜਿਨ੍ਹਾਂ ਵਿੱਚ ਵਰਨਣਯੋਗ ਹਸਤੀਆਂ ਸਨ: ਸਿੰਘ ਸਾਹਿਬ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ. ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਸੰਤੋਖ ਸਿੰਘ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸੰਤ ਖੜਕ ਸਿੰਘ ਜੀ, ਨਿਹੰਗ ਸਿੰਘ ਬਾਬਾ ਕਾਹਨ ਸਿੰਘ ਜੀ ਮੁਖੀ ਰਰਨਾ ਦਲ, ਬੀਬੀ ਰਜਿੰਦਰ ਕੌਰ ਐਮ. ਪੀ., ਸ. ਬਲਵੰਤ ਸਿੰਘ ਸਾਬਕਾ ਖਜ਼ਾਨਾ ਮੰਤਰੀ, ਸ. ਸੁਰਜੀਤ ਸਿੰਘ ਬਰਨਾਲਾ, ਜਥੇਦਾਰ ਉਜਾਗਰ ਸਿੰਘ ਸੇਖਵਾਂ, ਸ. ਪ੍ਰਕਾਸ਼ ਸਿੰਘ ਮਜੀਠਾ, ਸ. ਰਣਧੀਰ ਸਿੰਘ ਚੀਮਾ, ਸ. ਗੁਰਨਾਮ ਸਿੰਘ ਤੀਰ, ਸ. ਪ੍ਰੇਮ ਸਿੰਘ ਲਾਲਪੁਰਾ, ਸ. ਦਰਸ਼ਨ ਸਿੰਘ ਮਜਬੂਰ, ਸ. ਦਰਸ਼ਨ ਸਿੰਘ ਈਸਾਪੁਰ, ਸ. ਰਘਬੀਰ ਸਿੰਘ ਜੋੜਾ ਆਦਿ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਸਰਕਾਰ ਆਨੇ ਬਹਾਨੇ ਸੰਤ ਜਰਨੈਲ ਸਿੰਘ ਉਪਰ ਤਸ਼ੱਦਦ ਕਰਨ ਦਾ ਮਨ ਬਣਾਈ ਬੈਠੀ ਹੈ। ਜੇਕਰ ਅਜਿਹਾ ਹੋਇਆ ਤਾਂ ਕੌਮ ਦਾ ਬੱਚਾ-ਬੱਚਾ ਸਰਕਾਰ ਦੇ ਇਸ ਜ਼ੁਲਮ ਵਿਰੁੱਧ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਨੂੰ ਤਿਆਰ ਖੜ੍ਹਾ ਹੈ। ਅਜਿਹੇ ਹਾਲਾਤਾਂ ਦਾ ਸਾਹਮਣਾ ਕਰਨਾ ਕੇਂਦਰ ਅਤੇ ਸਟੇਟ ਸਰਕਾਰ ਲਈ ਔਖਾ ਹੋ ਜਾਵੇਗਾ। ਇਸੇ ਤਰ੍ਹਾਂ ਜਥੇਦਾਰ ਸੰਤੋਖ ਸਿੰਘ ਦਿੱਲੀ ਵਾਲਿਆਂ ਨੇ ਆਖਿਆ ਕਿ ਕੇਂਦਰ ਸਰਕਾਰ ਅੱਜ ਕੇਵਲ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਨਹੀਂ ਬਲਕਿ ਸਿੱਖਾਂ ਦੇ ਦਿਲ ਨੂੰ ਹੱਥ ਪਾ ਰਹੀ ਹੈ ਜਿਸ ਨੂੰ ਸਿੱਖ ਕਦਾਚਿਤ ਵੀ ਬਰਦਾਸ਼ਤ ਨਹੀਂ ਕਰ ਸਕਦੇ। ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਜਦੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਗ੍ਰਿਫ਼ਤਾਰੀ ਦੇਣ ਲਈ ਸਮਾਂ ਨਿਸ਼ਚਿਤ ਕਰ ਚੁੱਕੇ ਹਨ ਤਾਂ ਏਡੀ ਵੱਡੀ ਪੱਧਰ 'ਤੇ ਪੁਲਿਸ ਫੋਰਸਾਂ ਨੂੰ ਇੱਥੇ ਘੇਰੇ ਘੱਤਣ ਦੀ ਕੋਈ ਜ਼ਰੂਰਤ ਹੀ ਨਹੀਂ ਸੀ। ਪਰ ਹਾਲਾਤਾਂ ਨੂੰ ਵੇਖਦਿਆਂ ਸਰਕਾਰ ਦੀ ਨੀਅਤ ਸਾਫ਼ ਨਜ਼ਰ ਨਹੀਂ ਆ ਰਹੀ। ਜੇਕਰ ਸੰਤਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਉੱਪਰ ਕਿਸੇ ਕਿਸਮ ਦਾ ਤਸ਼ੱਦਦ ਹੋਇਆ ਤਾਂ ਇਸ ਦਾ ਖ਼ਮਿਆਜਾ ਸਰਕਾਰ ਨੂੰ ਅਤੇ ਸਮੁੱਚੇ ਦੇਸ਼ ਨੂੰ ਭੁਗਤਣਾ ਪਵੇਗਾ। ਇਸੇ ਤਰ੍ਹਾਂ ਦੇ ਵਿਚਾਰ ਅਕਾਲੀ ਦਲ ਤਲਵੰਡੀ ਦੇ ਲੀਡਰਾਂ ਸ. ਰਣਧੀਰ ਸਿੰਘ ਚੀਮਾ ਅਤੇ ਗੁਰਨਾਮ ਸਿੰਘ ਤੀਰ ਵੱਲੋਂ ਦਿੱਤੇ ਗਏ ਕਿਉਂਕਿ ਜਥੇਦਾਰ ਜਗਦੇਵ ਸਿੰਘ ਤਲਵੰਡੀ ਜੇਲ੍ਹ ਵਿੱਚ ਬੰਦ ਸਨ। ਇਸ ਤੋਂ ਇਲਾਵਾ ਬਾਬਾ ਖੜਕ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਦੇਸ਼ ਦੀ ਆਜ਼ਾਦੀ ਖਾਤਰ ਸਿੱਖਾਂ ਨੂੰ ਆਪਣੀ ਜਾਨ ਤੋਂ ਪਿਆਰੇ ਗੁਰਧਾਮ ਛੱਡਣੇ ਪਏ ਅਤੇ 90% ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਸ਼ਹਾਦਤਾਂ ਦਿੱਤੀਆਂ ਪਰ ਅੱਜ ਆਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਸਬਕ ਸਿਖਾਉਣ ਲਈ ਮਹਾਨ ਪਵਿੱਤਰ ਬਾਣੀ ਦਾ ਨਿਰਾਦਰ ਕੀਤਾ ਜਾ ਰਿਹਾ ਹੈ, ਪੋਥੀਆਂ ਅਤੇ ਗੁਟਕੇ ਸਾੜੇ ਜਾ ਰਹੇ ਹਨ। ਸਿੱਖ ਸੰਪਰਦਾਵਾਂ ਨੂੰ ਬੰਦ ਕਰਵਾਉਣ ਲਈ ਕੋਝੀਆਂ ਸਾਜਿਸ਼ਾਂ ਘੜੀਆਂ ਜਾ ਰਹੀਆਂ, ਇਨਾ ਕਹਿੰਦਿਆਂ ਬਾਬਾ ਖੜਕ ਸਿੰਘ ਦਾ ਗਲਾ ਵੈਰਾਗ ਨਾਲ ਭਰ ਆਇਆ। ਉਨ੍ਹਾਂ ਕਿਹਾ ਜੇਕਰ ਭਿੰਡਰਾਂਵਾਲਿਆਂ ਸੰਤਾਂ ਉਪਰ ਤਸ਼ੱਦਦ ਕੀਤਾ ਗਿਆ ਤਾਂ ਭਾਰਤੀ ਹੁਕਮਰਾਨਾਂ ਨੂੰ ਇਸਦਾ ਖ਼ਮਿਆਜਾ ਭੁਗਤਣਾ ਪਵੇਗਾ। ਬਾਬਾ ਉੱਤਮ ਸਿੰਘ ਆਦਿ ਮਹਾਂਪੁਰਖਾਂ ਨੇ ਵੀ ਅਜਿਹੇ ਭਾਸ਼ਣ ਦਿੱਤੇ। ਅਖੀਰ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗੁਰਦਿਆਲ ਸਿੰਘ ਅਜਨੋਹਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਸੰਤ ਭਿੰਡਰਾਂਵਾਲਿਆਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰ ਹੋਣ ਲਈ ਤਰੀਕ ਨਿਸ਼ਚਿਤ ਕਰ ਦਿੱਤੀ ਹੈ ਤਾਂ ਸਰਕਾਰ ਨੂੰ ਏਨੀ ਵੱਡੀ ਪੱਧਰ 'ਤੇ ਫੋਰਸਾਂ ਭੇਜ ਕੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਨੂੰ ਘੇਰਾ ਪਾ ਕੇ ਸੰਗਤ ਵਿੱਚ ਦਹਿਸ਼ਤ ਪਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਸੀ। ਪਰ ਹਾਲਾਤਾਂ ਨੂੰ ਮੁੱਖ ਰੱਖਦਿਆਂ ਅਸੀਂ ਗੌਰਮਿੰਟ ਨੂੰ ਚਿਤਾਵਨੀ ਦਿੰਦੇ ਹਾਂ ਕਿ ਕਿਸੇ ਵੀ ਕਿਸਮ ਦੇ ਅਣਸੁਖਾਵੇਂ ਹਾਲਾਤ ਪੈਦਾ ਕੀਤੇ ਗਏ ਤਾਂ ਉਸ ਲਈ ਗੌਰਮਿੰਟ ਖੁਦ ਜ਼ਿੰਮੇਵਾਰ ਹੋਵੇਗੀ। ਸਿੰਘ ਸਾਹਿਬ ਨੇ ਇਸ

Scanned with CamScanner

ਗੱਲ ਉਪਰ ਵੀ ਤਸੱਲੀ ਪ੍ਰਗਟਾਈ ਕਿ ਅੱਜ ਸੰਤ ਜਰਨੈਲ ਸਿੰਘ ਨੂੰ ਕਤਲ ਕੇਸ ਵਿੱਚ ਫਸਾਉਣ ਵਿਰੁੱਧ ਸਮੁੱਚਾ ਸਿੱਖ ਪੰਥ ਅਤੇ ਸਿੱਖ ਲੀਡਰਸ਼ਿਪ ਆਪੋ ਆਪਣੇ ਮਤਭੇਦਾਂ ਨੂੰ ਭੁਲਾ ਕੇ ਇੱਕ ਸਟੇਜ 'ਤੇ ਆਣ ਖੜੋਤੇ ਹਨ। ਇਹ ਸਿੱਖ ਕੌਮ ਦੀ ਪੁਰਾਤਨ ਰਵਾਇਤ ਦਾ ਸੁਨਹਿਰੀ ਇਤਿਹਾਸ ਹੈ ਜਿਸ ਉਪਰ ਤੁਸੀਂ ਸਭ ਰਲ ਕੇ ਪਹਿਰਾ ਦੇ ਰਹੇ ਹੋ ਅਤੇ ਇਸ ਤਰ੍ਹਾਂ ਡੱਟ ਕੇ ਪਹਿਰਾ ਦਿੰਦੇ ਰਹਿਣਾ ਤਾਂ ਗੁਰੂ ਸਾਹਿਬ ਆਪ ਸਹਾਈ ਹੋਣਗੇ। ਸਿੰਘ ਸਾਹਿਬ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਆਖਿਆ ਕਿ ਜੇਕਰ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਤਾਂ ਖ਼ਾਲਸਾ ਪੰਥ ਸ਼ਹੀਦੀਆਂ ਲਈ ਮੈਦਾਨ ਵਿੱਚ ਨਿੱਤਰੇਗਾ ਅਤੇ ਸਭ ਤੋਂ ਪਹਿਲਾਂ ਮੈਂ ਖੁਦ ਇਸ ਕਾਰਜ ਲਈ ਪਹਿਲਕਦਮੀ ਕਰਾਂਗਾ। ਉਨ੍ਹਾਂ ਕਿਹਾ ਕਿ ਇਹ ਦਮਦਮੀ ਟਕਸਾਲ ਸਿੱਖ ਕੌਮ ਦਾ ਗਹਿਣਾ ਹੈ ਜਿਸ ਨੂੰ ਕੇਂਦਰ ਸਰਕਾਰ ਆਪਣੀਆਂ ਘਿਨਾਉਣੀਆਂ ਨੀਤੀਆਂ ਰਾਹੀਂ ਖਤਮ ਕਰਨਾ ਚਾਹੁੰਦੀ ਹੈ ਤਾਂ ਕਿ ਸਿੱਖੀ ਪ੍ਰਚਾਰ ਨੂੰ ਰੋਕਿਆ ਜਾ ਸਕੇ। ਸਰਕਾਰ ਦੇ ਇਨ੍ਹਾਂ ਭੈੜੇ ਮਨਸੂਬਿਆਂ ਨੂੰ ਸਿੱਖ ਪੰਥ ਕਦਾਚਿਤ ਬਰਦਾਸ਼ਤ ਨਹੀਂ ਕਰੇਗਾ। ਸਿੰਘ ਸਾਹਿਬ ਦੇ ਬੋਲਣ ਤੋਂ ਬਾਅਦ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਸੰਗਤਾਂ ਨੂੰ ਸੰਬੋਧਨ ਕੀਤਾ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਾ ਭਾਸ਼ਣ

ਸੰਗਤਾਂ ਦੇ ਗਿਆਡ਼ ਚਿੱਤ ਦੱਸਣਾ ਚਾਹੁੰਦੇ ਹਾਂ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ 20-09-1981 ਨੂੰ ਜੋ ਭਾਸ਼ਣ ਦਿੱਤਾ ਉਸ ਨੂੰ ਹੂਬਹੂ ਉਸੇ ਤਰ੍ਹਾਂ ਹੀ ਲਿਖਿਆ ਜਾ ਰਿਹਾ ਹੈ।

ਸਤਿਗੁਰੂ ਗਰੀਬ ਨਿਵਾਜ ਸੱਚੇ ਪਾਤਿਸ਼ਾਹ ਜੀ ਦੀ ਸਾਜੀ-ਨਿਵਾਜੀ ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਉ, ਸਭ ਸੰਗਤ ਗੱਜ ਕੇ ਬੁਲਾਉ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪਿਆਰੇ ਖ਼ਾਲਸਾ ਜੀ ਜੋ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਦਰਸ਼ਨ ਕਰਕੇ ਆਪਾ ਆਪਣੇ ਆਪ ਨੂੰ ਸਫਲਿਆਂ ਕਰ ਰਹੇ ਹਾਂ। ਇਹ ਇਕੱਤਰਤਾ, ਇਹ ਇਕੱਠ, ਇਹ ਸਮਾਗਮ ਕਿਸ ਵਾਸਤੇ ਹੋਇਆ ਹੈ, ਇਸ ਦੇ ਸਬੰਧ ਵਿੱਚ ਇੱਕ ਦੋ ਬੇਨਤੀਆਂ ਕਰਕੇ ਮੈਂ ਛੇਤੀ ਹੀ ਸਮਾਪਤੀ ਕਰ ਦੇਵਾਂਗਾ। ਦਾਸ ਤੋਂ ਪਹਿਲਾਂ ਸਮੂਹ ਪਤਵੰਤੇ ਸੱਜਣ, ਲੀਡਰ ਸਾਹਿਬਾਨ, ਮਹਾਂਪੁਰਖ ਗੁਰਸਿੱਖਾਂ ਨੇ ਆਪਣੇ-ਆਪਣੇ ਵਿਚਾਰ ਦੱਸੇ ਹਨ।

ਚੰਦੇਕਲਾਂ ਵਿਖੇ ਜੋ ਭਾਣਾ ਵਰਤਿਆ ਹੈ, ਉਥੇ ਅੱਗ ਜਿਸ ਤਰੀਕੇ ਨਾਲ ਗੌਰਮਿੰਟ ਨੇ ਲਾਈ ਹੈ। ਉਸ ਤੋਂ ਇਸ ਗੌਰਮਿੰਟ ਦਾ ਛੇਤੀ ਕੀਤਿਆਂ ਛੁਟਕਾਰਾ ਨਹੀਂ ਹੋ ਸਕੇਗਾ। ਜਿਸ ਵੇਲੇ ਦਾਸ ਉਥੇ ਚੰਦੇਕਲਾਂ ਵਿਖੇ ਕਥਾ ਕਰ ਰਿਹਾ ਸੀ, ਜਥੇ ਸਮੇਤ। ਸ਼ਾਮ ਦੀ ਕਥਾ ਤੋਂ ਪਿੱਛੋਂ ਕੁਝ ਸਮਾਂ ਬਾਅਦ ਇਹ ਦੀਵਾਨ ਸਮਾਪਤ ਹੋਇਆ ਤਾਂ ਮੈਨੂੰ ਕਿਸੇ ਪ੍ਰੇਮੀ ਦੁਆਰਾ ਪਤਾ ਲੱਗਾ ਕਿ ਰੇਡੀਉ ਦੇ ਵਿੱਚ ਖਬਰ ਆ ਰਹੀ ਆ ਕਿ ਲਾਲਾ ਜਗਤ ਨਰਾਇਣ ਦੇ ਸਬੰਧ ਵਿੱਚ ਭਿੰਡਰਾਂਵਾਲੇ ਦੇ ਵਰੰਟ ਜਾਰੀ ਕੀਤੇ ਗਏ ਨੇ। ਸਿੰਘਾਂ ਨੇ ਪੁੱਛਿਆ, "ਕਿ ਜੁਣ ਕੀ ਕਰਨਾ ਹੈ। ਇਹ ਝੂਠੇ ਵਰੰਟ ਇਹਨਾਂ ਨੇ ਜਾਰੀ ਕਰਕੇ, ਦੁਨੀਆਂ ਦੇ ਵਿੱਚ, ਜਥੇ ਦੀ ਚੜ੍ਹਦੀ ਕਲਾ ਨੂੰ ਘਟਾਉਣ ਵਾਸਤੇ ਇਹ ਕੋਝੀ ਹਰਕਤ ਕੀਤੀ ਹੈ। ਸੋ ਇਸ ਬਾਰੇ ਤੂੰ ਆਪਣੇ ਵਿਚਾਰ ਰੱਖ।" ਮੈਂ ਬੇਨਤੀ ਕੀਤੀ ਸੀ ਕਿ ਵਰੰਟ ਜਾਰੀ ਹੋ ਜਾਣੇ ਕੋਈ ਵੱਡੀ ਗੱਲ ਨਹੀਂ, ਇਹ ਗੁਰੂ ਸਾਹਿਬਾਨ ਦੇ ਵੀ ਹੁੰਦੇ ਰਹੇ। ਵਿਅਕਤੀਗਤ ਤੌਰ ਤੇ ਕਿਸੇ ਮਨੁੱਖ ਦੇ ਵਰੰਟ ਜਾਰੀ ਹੋ ਜਾਣ ਇਹ ਕੋਈ ਹੈਰਾਨਗੀ ਵਾਲੀ ਗੱਲ ਨਹੀਂ, ਘਬਰਾਉ ਨਾ, ਜਥਾ ਸਾਰਾ ਇਥੇ ਰਹੇ, ਮੈਂ ਮਹਿਤੇ ਜਾਵਾਂਗਾ। ਜੇ ਉਥੇ ਦਾ ਪ੍ਰਬੰਧ ਹੈ, ਜ਼ਿੰਮੇਵਾਰੀ ਹੈ, ਉਸ ਦੇ ਸਬੰਧ ਵਿੱਚ ਸਾਰਾ ਪ੍ਰਬੰਧ ਕਰਕੇ, ਤੁਹਾਡੇ ਕੋਲ ਵਾਪਸ ਆ ਜਾਵਾਂਗਾ, ਘਬਰਾਉਣ ਦੀ ਕੋਈ ਲੋੜ ਨਹੀਂ। ਮੈਂ ਉਥੋਂ ਚਲਿਆ ਆਇਆਂ ਹਾਂ ਤਾਂ ਪਤਾ ਲੱਗਾ ਕਿ ਤਕਰੀਬਨ 2.30-3.00 ਵਜੇ ਦੇ ਟਾਈਮ ਦੇ ਵਿੱਚ, ਉਥੇ ਵਾਲੇ ਸਿੰਘਾਂ ਦੇ ਦੱਸਣ ਤੋਂ ਪਤਾ ਲੱਗਾ ਕਿ ਸੱਤ ਕੁ ਹਜ਼ਾਰ ਪੁਲਿਸ ਕਰਮਚਾਰੀ ਵੱਡੇ ਅਫਸਰ ਜਿਨ੍ਹਾਂ ਵਿੱਚ ਡੀ. ਆਈ. ਜੀ. ਮਾਂਗਟ ਪਟਿਆਲੇ ਵਾਲਾ, ਮੋਹਰ ਸਿੰਘ ਕਿ ਖੰਨੇ ਮਨੋਹਰ ਸਿੰਘ ਡੀ. ਐੱਸ. ਪੀ. ਆ ਉਹ ਤੇ ਇੱਕ ਐੱਸ.ਐੱਸ.ਪੀ.

Scanned with CamScanner

ਭੱਟੀ, ਇਹਨਾਂ ਲੋਕਾਂ ਨੇ ਉਥੇ ਜਾ ਕੇ ਅਤੇ ਘੇਰਾ ਪਵਾ ਕੇ ਫਾਇਰਿੰਗ ਸ਼ੁਰੂ ਕਰ ਦਿੱਤੀ। ਦਾਸ 78 ਤੋਂ ਲੈ ਕੇ, ਗੌਰਮਿੰਟ ਦੇ ਹਲਾਤਾਂ ਨੂੰ ਵੇਖਦਾ ਹੋਇਆ, ਮੁਕੱਦਮੇ ਦੇ ਸਬੰਧ ਵਿੱਚ ਇਹ ਬੇਨਤੀ ਕਰਦਾ ਆ ਰਿਹਾ ਸਾਂ ਕਿ ਜਿਸ ਵੇਲੇ ਵੀ ਮੇਰੇ 'ਤੇ ਸ਼ੱਕ ਉਤਪੰਨ ਹੋਣ ਤੋਂ, ਮੇਰੇ ਵਰੰਟ ਜਾਰੀ ਕੀਤੇ ਜਾਣਗੇ, ਮੈਂ ਗ੍ਰਿਫਤਾਰੀ ਦੇਣ ਤੋਂ ਸੰਕੋਚ ਨਹੀਂ ਕਰਾਂਗਾ। ਇਹ ਇੱਕ ਸਟੇਜ ਤੋਂ ਨਹੀਂ, ਦੋਹਾਂ ਤੋਂ ਨਹੀਂ, ਤਿੰਨ ਸਾਲ ਤੋਂ ਇਹ ਮੈਂ ਸਪੀਚ ਕਰਦਾ ਆ ਰਿਹਾ ਹਾਂ। ਵਕੀਲ ਵੀ ਆਏ ਹੋਏ ਆ, ਪੜ੍ਹੇ ਲਿਖੇ ਪਤਵੰਤੇ, ਗੁਰੂ ਦੀਆਂ ਸੰਗਤਾਂ ਇਕੱਠੀਆਂ ਹੋਈਆਂ ਹੋ, ਅੱਜ ਤੱਕ ਦੁਨੀਆਂ ਦੀ ਹਿਸਟਰੀ ਵਿੱਚ ਇਹ ਕਿਸੇ ਕਾਨੂੰਨ 'ਚ ਤੇ ਕਿਸੇ ਸੰਵਿਧਾਨ ਵਿੱਚ ਨਹੀਂ ਲਿਖਿਆ ਆਉਂਦਾ ਕਿ ਕਿਸੇ ਦੇ ਕਹਿਣ ਤੋਂ, ਕਿਸੇ ਵਿਅਕਤੀ ਦੇ ਵਰੰਟ ਜਾਰੀ ਕਰਕੇ ਤੇ ਉਹਨੂੰ ਬਿਨਾਂ ਵਿਖਾਉਣ ਤੋਂ, ਉਹਦੇ 'ਤੇ ਹਮਲਾ ਕੀਤਾ ਜਾਵੇ। ਜੇ ਇਹ ਕੀਤਾ ਤੇ ਕੇਵਲ ਇੱਕ ਇਸ ਮੌਕੇ ਦੀ ਗੌਰਮਿੰਟ ਨੇ, ਦਰਬਾਰਾ ਸਿੰਹ ਤੇ ਇੰਦਰਾ ਦੇ ਕਹਿਣ 'ਤੇ ਉਹ ਸਾਜਿਸ਼ ਕੀ ਘੜੀ ਗਈ ਕਿ ਭਾਵੇਂ ਪਿੰਡ ਢੁਕਣਾ ਪਵੇ, ਸਾੜਨਾ ਪਵੇ, ਪਰ ਭਿੰਡਰਾਂਵਾਲਾ ਆਪਣੇ ਜਥੇ ਦੇ ਸਮੇਤ ਉਸ ਪਿੰਡ ਵਿੱਚੋਂ ਬਚ ਕੇ ਨਾ ਨਿਕਲ ਜਾਵੇ। ਸੱਤ ਹਜਾਰ ਦਾ ਘੇਰਾ ਪਾ ਕੇ, ਮਸ਼ੀਨਗੰਨਾਂ ਉਥੇ ਫਿਟ ਕੇ, 3.00 ਵਜੇ ਫਾਇਰਿੰਗ ਸ਼ੁਰੂ ਕਰ ਦਿੱਤੀ। ਦਿਨ ਚੜ੍ਹਦੇ ਤੱਕ ਗੋਲੀ ਚਲਦੀ ਰਹੀ, ਜਥੇ ਦੇ ਕਿਸੇ ਵੀ ਸਿੰਘ ਨੇ, ਕੋਈ ਅੱਗੋਂ ਫਾਇਰਿੰਗ ਨਹੀਂ ਕੀਤੀ, ਅਖ਼ਬਾਰਾਂ ਵਿੱਚ ਆਇਆ। ਮੈਂ ਉਹਨਾਂ ਲੋਕਾਂ ਨੂੰ ਪੁੱਛਣਾ ਚਾਹੁੰਦਾ ਗੌਰਮਿੰਟ ਦੇ ਝੂਠੇ ਟਾਊਟਾਂ ਨੂੰ ਕਿ ਜਥੇ ਦਾ ਤੁਸੀਂ ਕੋਈ ਹਥਿਆਰ ਫੜਿਆ ਉੱਥੇ, ਜਿਹਦੇ ਨਾਲ ਗੋਲੀ ਚੱਲੀ ਆ? ਜਿਹੜੇ ਮੇਰੇ ਲਾਇਸੈਂਸੀ ਹਥਿਆਰ ਸੀ, ਜਥੇ ਵਾਲੇ ਸਿੰਘਾਂ ਦੇ, ਉਹ ਮੈਂ ਨਾਲ ਲੈ ਕੇ ਇਥੇ ਪਹੁੰਚ ਗਿਆ। ਗੋਲੀ ਕਾਹਦੇ ਨਾਲ ਉਥੇ ਚਲਾਈ ਸੀ ਜਥੇ ਵੱਲੋਂ? ਇੱਕ ਵੀ ਰਾਉਂਦ ਨਹੀਂ ਕਿਸੇ ਸਿੰਘ ਨੇ ਚਲਾਇਆ। ਉਨ੍ਹਾਂ ਅੰਨ੍ਹਿਆਂ ਦੀ ਤਰ੍ਹਾਂ ਗੋਲੀ ਚਲਾਉਣ ਤੋਂ ਸੰਕੋਚ ਗੌਰਮਿੰਟ ਦੇ ਕਰਮਚਾਰੀਆਂ ਨਹੀਂ ਕੀਤੀ। ਦਿਨ ਚੜ੍ਹੇ ਸਪੀਕਰ ਵਿੱਚ ਬੋਲਿਆ ਗਿਆ ਕਿ ਪਿੰਡ ਖਾਲੀ ਕਰ ਦਿੱਤਾ ਜਾਵੇ, ਭਿੰਡਰਾਂਵਾਲੇ ਸੰਤ ਨੂੰ ਸਾਡੇ ਹਵਾਲੇ ਕਰ ਦਿੱਤਾ ਜਾਵੇ, ਨਹੀਂ ਤਾਂ ਪਿੰਡ ਨਸ਼ਟ ਕੀਤਾ ਜਾਵੇਗਾ। ਅੱਗੋਂ ਜਥੇ ਵਾਲੇ ਸਿੰਘਾਂ ਨੇ ਸਪੀਕਰ ਵਿੱਚ ਬੋਲ ਦਿੱਤਾ ਕਿ ਸੰਤ ਮਹਿਤੇ ਚਲੇ ਗਏ ਹਨ ਤੁਸੀਂ ਸਾਡੀ ਜੋ ਦਿਲਕੁਆਇਰੀ ਕਰਨੀ ਹੈ ਕਰ ਲਵੋ। ਅਸੀਂ ਆਪਣੇ ਆਪ ਨੂੰ ਗੌਰਮਿੰਟ ਦੇ ਹਵਾਲੇ ਕਰਨ ਨੂੰ ਤਿਆਰ ਹਾਂ। ਇਹ ਸਪੀਕਰ ਵਿੱਚ ਕਿਹਾ ਗਿਆ। ਗੌਰਮਿੰਟ ਦੇ ਜਿਹੜੇ ਕਰਮਚਾਰੀ ਸੀ ਗੋਲੀਆਂ ਚਲਾਉਣ ਤੇ ਚਲਵਾਉਣ ਵਾਲੇ ਉਹ ਵੀ ਨੇੜੇ ਪਹੁੰਚ ਗਏ।

ਸਿੰਘਾਂ ਨੂੰ ਘੇਰਾ ਪਾ ਕੇ ਇੱਕ ਪਾਸੇ ਬੈਠਾ ਦਿੱਤਾ ਗਿਆ ਪੁਲਿਸ ਦੇ ਘੇਰੇ ਵਿੱਚ। ਪਿੰਡ ਦੀਆਂ ਮਾਈਆਂ, ਬੱਚੀਆਂ-ਬੱਚੇ ਛੋਟੇ, ਬਜ਼ੁਰਗ ਤੇ ਨੌਜਵਾਨ ਸਾਰਿਆਂ ਨੂੰ ਕੱਢ ਕੇ ਸੜਕ 'ਤੇ ਇੱਕ ਪਾਸੇ ਲਿਜਾਇਆ ਗਿਆ ਕਿ ਪਿੰਡ ਦੀ ਤਲਾਸ਼ੀ ਕੀਤੀ ਗਈ। ਜੋ ਸੋਇਨਾ, ਚਾਂਦੀ, ਨਕਦੀ ਰੁਪਇਆ ਤੇ ਚੰਗਾ ਬਸਤਰ ਉਹ ਜਾਂ ਖੀਸੇ ਵਿੱਚ ਜਾਂ ਪੰਡ ਦੇ ਰੂਪ ਵਿੱਚ ਲਿਆਂਦਾ ਤੇ ਜਿਹੜਾ ਘਿਉ ਤੇ ਦਹੀਂ ਸੀ ਉਸ ਦਿਨ ਦਾ ਜੰਮਿਆ ਹੋਇਆ, ਉਹ ਸਾਰਾ ਪੁਲਿਸ ਨੇ, ਗੌਰਮਿੰਟ ਦੇ ਕਰਮਚਾਰੀਆਂ ਨੇ ਛਕਿਆ, ਕਿਉਂਕਿ ਭੁੱਖੇ ਸੀ ਪਰ ਉਸ ਦਿਨ ਰੋਟੀ ਦੇ ਭੁੱਖੇ ਨਹੀਂ ਸੀ, ਭੁੱਖੇ ਤੇ ਪਿਆਸੇ ਤਾਂ ਸਨ ਦਾਸ ਦੇ ਖ਼ੂਨ ਦੇ, ਪਰ ਬਾਜਾਂ ਵਾਲੇ ਨੇ ਉਹਨਾਂ ਦੀ ਕਾਮਨਾ ਪੂਰੀ ਨਹੀਂ ਹੋਣ ਦਿੱਤੀ।

ਮੈਨੂੰ ਅਖ਼ਬਾਰਾਂ ਵਾਲਿਆਂ ਗੁਰਮੁਖਾਂ ਨੇ ਕਈ ਵਾਰ ਪੁੱਛਿਆ, "ਕਿ ਤੂੰ ਆਇਆ ਕਿਸ ਚੀਜ਼ 'ਤੇ ਆਂ ਚੜ੍ਹ ਕੇ?" ਮੈਂ ਭਾਈ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਕ੍ਰਿਪਾ 'ਤੇ ਚੜ੍ਹ ਕੇ ਆਇਆਂ। ਕਹਿਦੇ, "ਕ੍ਰਿਪਾ 'ਤੇ ਕਿਵੇਂ ਚੜ੍ਹ ਜਾਈਦਾ?" ਕ੍ਰਿਪਾ ਤੇ ਚੜ੍ਹੀਦਾ, ਉਹ (ਵਾਹਿਗੁਰੂ) ਜਿਹਨੂੰ ਕ੍ਰਿਪਾ ਕਰਕੇ ਆਪ ਪਾਰ ਲੰਘਾਵੇ, ਕ੍ਰਿਪਾ ਤੇ ਚੜ੍ਹਾਵੇ ਤੇ ਫਿਰ ਚੜ੍ਹਨਾ ਪੈਂਦਾ। ਉਹਦੀ ਕ੍ਰਿਪਾ ਦੁਆਰਾ ਆਇਆਂ। ਕਹਿੰਦੇ, "350 ਕਿਲੋਮੀਟਰ ਹੈ, ਤੈਨੂੰ ਕੋਈ ਮਿਲਿਆ ਨਹੀਂ।" ਭਾਈ ਜਦੋਂ ਪੁਲਿਸ ਨੇ ਸ਼ਰਾਬ ਪੀ ਕੇ ਸੌਂ ਜਾਣਾ ਤੇ ਤੜਕੇ ਜਾਗ ਕਿਥੋਂ ਆ ਜਾਵੇ। ਤੜਕੇ ਤੇ ਉਹੋ ਅੰਮ੍ਰਿਤਧਾਰੀ ਸਿੰਘ ਈ ਜਾਗਣਗੇ ਜਿਹਨੇ ਗੁਰਬਾਣੀ ਪੜ੍ਹਨੀ ਆਂ। ਮੈਂ ਜਦੋਂ ਮਹਿਤੇ ਆਇਆਂ, ਉਦੋਂ ਇੱਕ ਮੰਨਾ ਜਿਹਾ ਉਥੇ ਬੈਠਾ ਸੀ, ਮੂੰਹ ਮਲੀ ਜਾਂਦਾ ਸੀ। ਸਿੰਘਾਂ ਜੈਕਾਰਾ ਛੱਡ ਦਿੱਤਾ ਕਿ ਮੈਂ ਇਥੇ ਪਹੁੰਚ ਗਿਆ। ਉਥੇ ਬੱਸ ਨੂੰ ਅੱਗ ਲਗਾਈ ਗਈ। ਅੱਗ ਲਗਾਈ ਕਿਹਨੇ ਆਂ, ਮਾਗਟ ਨੇ ਜੋ ਡੀ. ਆਈ. ਜੀ. ਹੈ ਤੇ ਐਸ. ਐਸ. ਪੀ. ਭੱਟੀ ਨੇ। ਉਹਨੇ ਅੱਗ ਲਾ ਦਿੱਤੀ, ਬੱਸਾਂ ਖਤਮ ਕਰ ਦਿੱਤੀਆਂ। ਬਾਬਾ ਖੜਕ ਸਿੰਘ ਜੀ ਨੇ ਤੁਹਾਨੂੰ ਦੱਸਿਆ। ਮੇਰੇ ਮਨ ਵਿੱਚ ਵੀ ਬੱਸਾਂ ਬਾਰੇ ਕੁਝ ਗੁੱਸਾ ਤਾਂ ਜ਼ਰੂਰ ਸੀ ਪਰ ਬਹੁਤਾ ਨਹੀਂ ਸੀ। ਬਹੁਤਾ ਇਸ ਵਾਸਤੇ ਨਹੀਂ ਸੀ ਕਿ ਇਹ ਕੌਮ ਦਾ ਸਰਮਾਇਆ, ਕੌਮ ਦੀ ਚੀਜ਼ ਹੈ। ਇਹਨਾਂ ਸਾੜ ਦਿੱਤੀ ਆ, ਕੌਮ ਜਾਣੇ ਤੇ ਗੌਰਮਿੰਟ ਜਾਣੇ। ਇਸ ਵਾਸਤੇ ਮੇਰੇ ਮਨ

Scanned with CamScanner

ਵਿੱਚ ਕੋਈ ਬਹੁਤੀ ਤਲਖੀ ਨਹੀਂ ਸੀ। ਪਰ ਜਿਸ ਵੇਲੇ ਦਾਸ ਦੇ ਕੰਨ ਵਿੱਚ ਸਿੰਘ ਨੇ ਆ ਕੇ ਦੱਸਿਆ, "ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀਆਂ ਪਥੀਆਂ ਤੇ ਗੁਟਕੇ, ਉਹ ਅਗਨ ਭੇਂਟ ਕੀਤੇ ਗਏ। ਟੋਪਾ ਸਾੜੀਆਂ ਗਈਆਂ ਤੇ ਉਸ ਵੇਲੇ ਐਸ. ਐਸ. ਪੀ. ਭੱਟੀ ਨੇ ਇਹ ਕਿਹਾ, "ਭਿੰਡਰਾਂਵਾਲਿਉ, ਤੁਸੀਂ ਲੋਕਾਂ ਨੂੰ ਸਾਖੀਆਂ ਸੁਣਾਉਂਦੇ ਹੋ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮੱਚਦਾ ਭੱਠ ਠਾਰ ਦਿੱਤਾ, ਆਹ ਬੱਸ ਦੀ ਅੱਗ ਬੁਝਾ ਕੇ ਦਿਖਾਉ।" ਇਹ ਉਸ ਨੇ ਗੱਲ ਕਹੀ, ਪਰ ਜਦੋਂ ਕੋਈ ਪਰਾਏ ਵੱਸ ਹੋਏ ਤਾਂ ਉਦੋਂ ਇਸੇ ਤਰ੍ਹਾਂ ਹੋਇਆ ਕਰਦਾ। ਉਹਦੇ ਵਿੱਚੋਂ ਦੋ ਚੀਜ਼ਾਂ ਮੈਨੂੰ ਬਹੁਤ ਹੀ ਦਿੜ੍ਹਤਾ ਵਾਸਤੇ ਮਿਲੀਆਂ, ਭਾਵੇਂ ਅੱਗੇ ਵੀ ਮਹਾਰਾਜ ਦੀ ਕੁੱਝ ਬਖਸ਼ਿਸ਼ ਸੀ ਪਰ ਇਹ ਦੋ ਚੀਜ਼ਾਂ ਉਸ ਲੱਗੀ ਹੋਈ ਅੱਗ ਵਿੱਚੋਂ ਜੋ ਮੈਨੂੰ ਮਿਲੀਆਂ, ਹੋ ਸਕਦਾ ਹੈ ਉਹ ਦੱਸਣ ਤੋਂ ਕੌਮ ਨੂੰ ਵੀ ਹਾਸਲ ਹੋ ਜਾਣ। ਬੱਸ ਦੇ ਉੱਪਰ ਲਿਖਿਆ ਹੋਇਆ 'ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ'। ਇੱਕ ਥਾਂ 'ਤੇ ਲਿਖਿਆ, 'ਦੇਗ ਤੇਗ ਫਤਹਿ', ਇਹ ਪੰਜਾਬੀ ਵਿੱਚ ਵੀ ਅਤੇ ਅੰਗਰੇਜ਼ੀ ਵਿੱਚ ਵੀ। ਬਸ ਸੜ ਬੇ ਸਵਾਹ ਹੋ ਗਈ ਆ। ਕੇਵਲ ਉਸ ਦੀਆਂ ਗਾਡਰਾਂ ਤੇ ਸਰੀਏ ਰਹਿ ਗਏ ਹਨ। ਜਿਥੇ ਲਿਖਿਆ 'ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਉਹਨਾਂ ਅੱਖਰਾਂ ਨੂੰ ਸੇਕ ਨਹੀਂ ਲੱਗਿਆ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਤੇ ਜਿੱਥੇ ਲਿਖਿਆ ਸੀ, 'ਦੇਗ ਤੇਗ ਫਤਹਿ, ਉਥੇ 'ਦੇਗ' ਅੱਖਰ ਦਾ ਜਿਹੜਾ 'ਦੱਦਾ' ਅੱਖਰ ਆ ਉਹ ਅਗਨ ਭੇਂਟ ਹੋ ਗਿਆ ਤੇ 'ਗੱਗਾ' ਅੱਖਰ ਦਾ ਅੱਧ ਪੱਖ ਰਹਿੰਦਾ, ਤੇ 'ਤੇਗ ਫਤਹਿ' ਨੂੰ ਸੇਕ ਵੀ ਨਹੀਂ ਲੱਗਾ। ਇਹ ਪ੍ਰਤੱਖ ਹੈ ਵੇਖ ਲਓ ਭਾਵੇਂ ਜਾ ਕੇ ਜੇਕਰ ਉਨ੍ਹਾਂ ਪਲੇਟ ਨਾ ਤੋੜੀ ਹੋਈ ਤਾਂ ਇਹਨਾਂ ਚੀਜ਼ਾਂ ਤੋਂ ਇਹ ਨਿਸ਼ਚਾ ਕਿ ਜਿੰਨਾ ਗੌਰਮਿੰਟ ਤੋਂ ਤਸੱਦਦ ਹੁੰਦੇ ਹੋਰ ਵੀ ਕਰੋ। ਜਿਹਨਾਂ ਕੀਤਾ ਉਹਨਾਂ ਦੀ ਬੁੱਧ ਭ੍ਰਿਸ਼ਟ ਹੋਣ 'ਤੇ ਹੋਇਆ। ਆਉਣ ਵਾਲੇ ਸਮੇਂ 'ਚ ਜੋ ਕਰਨਾ ਚਾਹੁੰਦੇ ਆ ਉਹਦੇ ਤੋਂ ਸੰਕੋਚ ਨਾ ਕਰਨ।

ਮੈਂ ਤੁਰਿਆ ਆਉਂਦਾ ਸੀ ਸਿੰਘਾਂ ਨੇ ਪੁੱਛਿਆ, "ਬਾਬਾ ਜੀ, ਨੀਲੀ ਲਾਹ ਦਿੱਤੀ, ਖ਼ਾਲਿਸਤਾਨੀ ਬਣ ਗਿਆ, ਮੈਂ ਹੈਰਾਨ ਹੋ ਗਿਆ।" ਮੈਂ ਉਹਨਾਂ ਨੂੰ ਪੁੱਛਿਆ ਕੀ ਗੱਲ ਭਾਈ? ਕਹਿੰਦੇ, "ਖੱਟੀ ਪੱਗ ਬੰਨ੍ਹ ਲਈ, ਕੇਸਰੀ ਪੱਗ ਬੰਨ੍ਹ ਲਈ।" ਇਹਦੇ ਸਬੰਧ 'ਚ ਮੈਂ ਇਹ ਬੇਨਤੀ ਕਰਦਾਂ ਸੰਗਤ ਨੂੰ, ਕੋਈ ਬਜ਼ੁਰਗ ਆਪਣੇ ਮੁੰਡੇ ਨੂੰ ਵਿਆਹੁਣ ਜਾਵੇ, ਭੁਝੰਗੀ ਨੂੰ, ਉਹਦੇ ਕੇਸਰੀ ਪੱਗ ਬੰਨ੍ਹਦੇ ਆ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਇੱਕ ਮਿੰਟ ਇਹ ਮੇਰੀ ਬੇਨਤੀ ਆ ਸੈਕਾਰੇ ਛੱਡਣ ਤੋਂ ਪਹਿਲਾਂ ਸਾਰਾ ਪ੍ਰੋਗਰਾਮ ਸੁਣ ਲਉ, ਨਹੀਂ ਤੇ ਰਸ ਵਿੱਚ ਫ਼ਰਕ ਪੈ ਜਾਂਦੈ ਕਈ ਵੇਰਾਂ। ਕੇਸਰੀ ਪੱਗ ਕੱਲ੍ਹ ਮੈਂ ਗੁਰਮਤਿ ਦੇ ਉਲਟ ਨਹੀਂ ਬੱਧੀ। ਖ਼ਾਲਸੇ ਦੇ ਪੰਜਾਂ ਪਿਆਰਿਆਂ ਵਿੱਚ ਲੱਗੀ ਦਾ ਹੈ। ਉਸ ਵੇਲੇ ਚਾਰ ਰੰਗ ਦੱਸੀਦੇ ਆ, ਕਾਲਾ, ਨੀਲਾ, ਚਿੱਟਾ ਤੇ ਖੱਟਾ, ਜਿਸ ਨੂੰ ਆਪਾਂ ਕੇਸਰੀ ਰੰਗ ਕਹਿੰਦੇ ਹਾਂ, ਉਹ ਚਾਰੋ ਰੰਗ ਮੈਂ ਬੱਧੇ ਆ। ਕਈ ਕਹਿੰਦੇ, "ਤੂੰ ਵਿਆਹਿਆ ਤਾਂ ਅੱਗੇ ਹੀ ਹੈਂ, ਹੁਣ ਦੁਬਾਰਾ ਕਰਾਉਂਣਾ?" ਮੈਂ ਬੇਨਤੀ ਕਰਦਾਂ, ਮੈਂ ਸੋਹ ਰੂਪੀ ਲਾੜੀ ਨੂੰ ਵਿਆਹੁਣ ਵਾਸਤੇ ਤਿਆਰ-ਬਰ-ਤਿਆਰ ਹੋਇਆ ਹਾਂ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਸੋ ਇਹ ਬੇਨਤੀ ਕਰਾਂ ਸੰਗਤ ਨੂੰ, "ਦਰਬਾਰਾ ਸਿੰਹੁ ਦੇ ਕੋਲ ਜਾਂ ਮਾਂਗਟ ਦੇ ਕੋਲ ਜਾਂ ਐੱਸ. ਐਸ. ਪੀ. ਭੱਟੀ ਦੇ ਕੋਲ ਜਾਂ ਇੰਦਰਾ ਦੇ ਕੋਲ, ਜੇ ਕੋਈ ਗ੍ਰੰਥੀ ਲਾਵਾਂ ਪੜ੍ਹਨ ਵਾਲਾ ਹੈ ਤਾਂ ਉਹ ਮੇਰੀਆਂ ਲਾਵਾਂ ਜ਼ਰੂਰ ਪੜ੍ਹ ਦੇਵੇ, ਮੈਂਨੂੰ ਵੱਲੋਂ ਢਿੱਲ ਕੋਈ ਨਹੀਂ। ਮੈਂ ਸੋਹ ਰੂਪੀ ਲਾੜੀ ਨੂੰ ਵਿਆਹੁਣ ਲਈ ਤਿਆਰ ਹਾਂ।" ਪਰ ਜੇ ਇਹਨਾਂ ਕੋਲ ਗ੍ਰੰਥੀ ਨਾ ਹੋਇਆ ਤਾਂ ਫਿਰ ਮੈਨੂੰ ਸ਼ਾਇਦ ਇਥੇ ਵਾਪਸ ਆਉਣਾ ਪਊ ਦੋਬਾਰਾ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਇਹ ਬੇਨਤੀਆਂ ਤੁਹਾਡੇ ਚਰਨਾਂ ਵਿੱਚ ਰੰਗ ਤੋਂ ਕੀਤੀਆਂ, ਪੱਗ ਅੱਜ ਕਿਉਂ ਬੱਧੀ ਆ, ਪਰਨਾ ਕਿਉਂ ਖੱਟਾ ਪਾਇਆ ਮੈਂ ਇਸ ਵਾਸਤੇ ਪਾਇਆ।

ਸੋ ਪ੍ਰਧਾਨ ਸਾਹਿਬ ਜੀ ਹੋਰਾਂ ਦੋਹਾਂ ਵੱਲੋਂ, ਤਿੰਨਾਂ ਵੱਲੋਂ, ਬਲਕਿ ਚੌਹਾਂ ਵੱਲੋਂ ਹੁਕਮ ਕੀਤਾ ਗਿਆ, ਜੋ ਸੰਤ ਜੀ ਪ੍ਰੋਗਰਾਮ ਉਲੀਕਣਗੇ, ਸਾਨੂੰ ਉਹ ਮਨਜ਼ੂਰ ਹੋਵੇਗਾ।

Scanned with CamScanner

ਅੱਜ ਦੇ ਪ੍ਰੋਗਰਾਮ ਤੋਂ ਪਿੱਛੋਂ ਅਗਲਾ ਜੋ ਪ੍ਰੋਗਰਾਮ ਗੁਰਮੁਖਾਂ ਵੱਲੋਂ ਦਿੱਤਾ ਗਿਆ। ਮੈਂ ਬੇਨਤੀ ਪਹਿਲਾਂ ਸੰਗਤ ਨੂੰ ਆਪਣੇ ਸਬੰਧ ਵਿੱਚ ਕੁੱਝ ਹੋਰ ਕਰ ਲਵਾਂ, 2.00 ਵੱਜਣ ਵਾਲੇ ਆ, ਮੈਂ ਇਥੋਂ 2.00 ਵਜੇ ਚੱਲਾਂਗਾ ਅਰਦਾਸ ਕਰਨ ਪਿੱਛੋਂ, ਹੁਕਮਨਾਮਾ ਲੈ ਕੇ। ਸੰਗਤ ਨੂੰ ਬੇਨਤੀ ਕਰਾਂਗਾ, ਜਿੰਨਾ ਤੁਸੀਂ ਪਿਆਰ ਦਿਖਾਇਆ, ਇਸ ਪਿਆਰ ਨੂੰ ਹੋਰ ਵੀ ਪਿਆਰ ਵਿੱਚ ਲਿਆਉ। ਜਦੋਂ ਅਰਦਾਸ ਹੋਵੇਗੀ, ਹੁਕਮਨਾਮਾ ਲਿਆ ਜਾਵੇਗਾ, ਉਸ ਤੋਂ ਪਿੱਛੋਂ ਸੰਗਤ ਇਸੇ ਤਰ੍ਹਾਂ ਇਥੇ ਬੈਠੀ ਰਹੇ। ਕੇਵਲ ਮੇਰੇ ਨਾਲ ਮਹਾਤਮਾ ਜਾਣਗੇ ਜਿਹੜੇ ਦਾਸ ਨੂੰ ਉਥੇ ਗੱਡੀ 'ਚ ਬੈਠਾਅ ਦੇਣਗੇ। ਕਈ ਕਹਿੰਦੇ ਕਿ ਮਹਾਤਮਾ ਸਿਰ ਕਿਤੇ ਕਲੰਕ ਨਾ ਲੱਗ ਜਾਵੇ, ਇਥੇ ਕੋਈ ਗੱਲ ਹੋਈ ਤਾਂ। ਭਾਈ ਮਹਾਤਮਾ ਸਿਰ ਕਲੰਕ ਤਾਂ ਲੱਗੂ ਜੇ ਮਹਾਤਮਾ ਨੇ ਮੋਰਾ ਗਲਾ ਘੁੱਟਿਆ ਹੋਵੇ, ਮਹਾਤਮਾ ਦੀ ਅਸ਼ੀਰਵਾਦ ਹੈ ਤੇ ਉਹਨਾਂ ਦਾ ਸਤਿਕਾਰ ਹੈ ਇਹਦੇ ਵਿੱਚ ਤੇ ਗੁਰੂ ਕੇ ਪਿਆਰਿਓ ਬਾਕੀ ਦੀ ਸੰਗਤ ਨੇ ਵਾਹਿਗੁਰੂ ਦਾ ਜਾਪ ਕਰਨਾ, ਇਥੇ ਬੈਠੇ ਰਹਿਣਾ। ਜਿਸ ਜੀਪ 'ਚ ਮੈਂ ਬੈਠਣਾ, ਉਸ ਗੱਡੀ ਨੂੰ ਰੋੜਾ ਮਾਰਨਾ ਜਾਂ ਗਾਲ ਕੱਢਣੀ, ਇਹ ਤੁਸੀਂ ਸਮਝ ਲਉ ਕਿ ਅਸੀਂ ਜਰਨੈਲ ਸਿਘ ਨੂੰ ਕੱਢ ਰਹੇ ਹਾਂ। ਇਹੋ ਜਿਹੀ ਕੋਈ ਹਰਕਤ ਨਹੀਂ ਕਰਨੀ।

ਸਤਿਗੁਰੂ ਸੱਚੇ ਪਾਤਿਸ਼ਾਹ ਜੀ ਆਪਾਂ ਨੂੰ ਪਿਆਰ ਤੇ ਸ਼ਰਧਾ ਹੋਰ ਬਖਸ਼ਣ ਤੇ ਗੁਰੂ ਕੇ ਪਿਆਰਿਓ, ਜੋ ਪੁਰਾਤਨ ਗਰੰਥਾਂ ਤੇ ਇਤਿਹਾਸਾਂ ਵਿੱਚੋਂ ਮਿਲਦਾ, ਕਈ ਵੀਰ ਕਹਿੰਦੇ ਹਨ ਤੂੰ ਸਾਡਾ ਸਰਮਾਇਆ ਹੈ। ਸਾਡਾ ਤੂੰ ਮੁਖੀ ਹੈ, ਸਾਡਾ ਤੇਰੇ ਨਾਲ ਪਿਆਰ ਹੈ। ਤੁਸੀਂ ਇਹ ਦੱਸੋ ਕਿ ਬਾਬਾ ਬੁੱਢਾ ਸਾਹਿਬ ਜੀ ਦਾ ਪਿਆਰ ਕੋਈ ਘੱਟ ਸੀ ਛੇਵੇਂ ਪਾਤਿਸ਼ਾਹ ਜੀ ਨਾਲ? ਜਦੋਂ ਗਵਾਲੀਅਰ ਨੂੰ ਮਹਾਰਾਜ ਜੀ ਗਏ ਆ, ਉਸ ਵੇਲੇ ਕਿੰਨਾ ਵੈਰਾਗ ਸੀ ਸੰਗਤਾਂ ਵਿੱਚ, ਪਰ ਸੰਗਤਾਂ ਵਿੱਚੋਂ ਬਾਬਾ ਬੁੱਢਾ ਜੀ ਨੇ ਬੇਨਤੀ ਕੀਤੀ ਕਿ ਮੈਂ ਵੀ ਨਾਲ ਜਾਣਾ। ਮਹਾਰਾਜ ਕਹਿਣ ਲੱਗੇ, "ਬਾਬਾ ਜੀ ਤੁਹਾਡਾ ਅਸੀਂ ਕਦੀ ਬਚਨ ਨਹੀਂ ਮੋੜਿਆ ਤੇ ਨਾ ਮੋੜਾਂਗੇ, ਪਰ ਤੁਸੀਂ ਕਿਰਪਾ ਕਰੋ ਇਥੇ ਰਹਿ ਕਰਕੇ ਸਾਰਾ ਪ੍ਰਬੰਧ ਚਲਾਉ ਸਮਾਂ ਆਵੇਗਾ, ਤੁਹਾਨੂੰ ਦਰਸ਼ਨ ਹੋਣਗੇ। ਜੋ ਮਹਾਰਾਜ ਨੂੰ ਭਾਵੇਗਾ ਸੋ ਇਹ ਗੁਰੂ ਸਾਹਿਬ ਨੇ ਪੂਰਨੇ ਪਾ ਕੇ ਆਪਾਂ ਨੂੰ ਦੱਸਿਆ ਹੈ।

ਮੇਰੇ ਵੱਲੋਂ ਜੋ ਪ੍ਰੋਗਰਾਮ ਉਲੀਕਣ ਬਾਰੇ ਕਿਹਾ ਗਿਆ ਗੁਰਮੁਖਾਂ ਵੱਲੋਂ ਉਸ ਦੇ ਸਬੰਧ ਵਿੱਚ ਮੈਂ ਬੇਨਤੀ ਕਰਦਾ ਹਾਂ। ਮੈਂ ਪ੍ਰੋਗਰਾਮ ਉਲੀਕ ਦਿੱਤਾ ਹੈ ਮੇਰੇ ਵੱਲੋਂ ਪ੍ਰੋਗਰਾਮ ਨਵਾਂ ਉਲੀਕਣ ਵਾਲਾ ਕੋਈ ਨਹੀਂ ਮੈਂ ਪ੍ਰੋਗਰਾਮ ਆਪਣਾ ਸਿਰ ਲਾਉਣ ਵਾਸਤੇ ਉਲੀਕਿਆ, ਉਹਦੇ ਵਿੱਚ ਮੈਂ ਕਦਾਚਿੱਤ ਚਿੱਲ ਨਹੀਂ ਕਰਾਂਗਾ, ਜੇ ਲੈਣ ਵਾਲਾ ਕੋਈ ਹੋਇਆ ਤੇ।" ਅਗਲਾ ਪ੍ਰੋਗਰਾਮ ਜਿਹੜਾ ਉਹ ਪ੍ਰੋਗਰਾਮ ਤਾਂ ਕੌਮ ਦੇ ਮੁਖੀਆਂ ਨੇ ਉਲੀਕਣਾ। ਇੱਕ ਬੇਨਤੀ ਮੈਂ ਵਿਸ਼ੇਸ਼ ਤੌਰ 'ਤੇ ਕਰਦਾਂ, ਜਿਹੜਾ ਇਹ ਕਿਹਾ ਗਿਆ ਜੋ ਹੁਕਮ ਹੋਵੇਗਾ ਅਸੀਂ ਮੰਨਾਂਗੇ। "ਮੈਂ ਸੰਗਤ ਨੂੰ ਹੁਕਮ ਨਹੀਂ ਕਰ ਸਕਦਾ, ਮੈਂ ਆਪਣੇ ਤੋਂ ਜ਼ਿੰਮੇਵਾਰ ਵੀਰਾਂ ਨੂੰ ਹੁਕਮ ਨਹੀਂ ਕਰ ਸਕਦਾ, ਬੇਨਤੀ ਜ਼ਰੂਰ ਕਰਦਾ ਹਾਂ ਕਿ ਜਿਸ ਵੇਲੇ ਇੱਥੋਂ ਗ੍ਰਿਫ਼ਤਾਰ ਹੋ ਕੇ ਲੁਧਿਆਣੇ ਪਹੁੰਚ ਜਾਵਾ ਤਾਂ ਮੇਰੇ ਕੰਨ ਵਿੱਚ ਉਥੋਂ ਇਹ ਅਵਾਜ਼ ਗੇ ਪੈਣੀ ਚਾਹੀਦੀ ਆ ਕਿ ਸਾਰੀਆਂ ਜਥੇਬੰਦੀਆਂ, ਧੜੇਬੰਦੀ ਨੂੰ ਛੱਡ ਕੇ ਇੱਕ ਕੇਸਗੜੀ ਨਿਸ਼ਾਨ ਸਾਹਿਬ ਥੱਲੇ ਇਕੱਠੀਆਂ ਹੋ ਗਈਆਂ।" ਇਹਨੂੰ ਹੁਕਮ ਮੰਨ ਲਉ ਤੇ ਚਾਹੇ ਬੇਨਤੀ ਮੰਨ ਲਉ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਮਤ ਭੇਦ ਹੋ ਸਕਦੇ ਹਨ ਕਿਸੇ ਪ੍ਰਕਾਰ ਦੇ ਉਹ ਦੂਰ ਵੀ ਕੀਤੇ ਜਾ ਸਕਦੇ ਆ। ਇਹਨਾਂ ਨੂੰ ਬੈਠ ਕੇ ਨਜਿੱਠਣਾ ਜ਼ਿੰਮੇਵਾਰਾਂ ਦਾ ਫ਼ਰਜ਼ ਆ।

(ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਸਿੱਖ ਵਿਦਿਆਰਥੀਆਂ ਵੱਲੋਂ ਚੰਦੋਕਲਾਂ ਦੀਆਂ ਘਟਨਾਵਾਂ ਬਾਰੇ ਰੋਸ ਪ੍ਰਦਰਸ਼ਨ ਕਰਦਿਆਂ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਉਪਰ ਜੋ ਤਸ਼ੱਦਦ ਹੋਇਆ ਉਸ ਬਾਰੇ ਸੰਤ ਜੀ ਕਹਿੰਦੇ ਹਨ)

ਇੱਕ ਮੈਨੂੰ ਅੱਜ ਪਤਾ ਲੱਗਾ, ਫੈਡਰੇਸ਼ਨ ਦੇ ਜਿਹੜੇ ਵਿਦਿਆਰਥੀ ਆ, ਉਹਨਾਂ ਦੀਆਂ ਰੀੜ ਦੀਆਂ ਹੱਡੀਆਂ ਵੀ ਟੁੱਟੀਆਂ, ਲੱਤਾਂ ਵੀ ਕਈਆਂ ਦੀਆਂ ਟੁੱਟੀਆਂ। ਕੁੱਟ ਜਿਹੜੀ ਪਈ ਆ ਪ੍ਰੋਫੈਸਰ ਸਾਹਿਬ ਨੇ ਪਹਿਲਾਂ ਦੱਸ ਦਿੱਤਾ। ਸਿੰਘ ਦੇ ਸਿਟ ਠਹਿਰ ਜਾਉ, ਬੜਾ ਭਾਰੀ ਤਸ਼ੱਦਦ ਕੀਤਾ ਗਿਆ ਤੇ ਇਥੇ ਜਿਹੜੀ ਦੁੱਖ ਦੀ ਗੱਲ ਅੱਜ ਸੁਣੀ ਆ, ਉਹ ਇਹ ਪਤਾ ਲੱਗਾ ਕਿ ਇੱਕ ਅੰਮ੍ਰਿਤਧਾਰੀ ਵਿਦਿਆਰਥੀ ਦੀ ਕ੍ਰਿਪਾਨ ਲਾਹ ਲਈ ਆ ਗੌਰਮਿੰਟ ਦੇ ਕਿਸੇ ਕਰਮਚਾਰੀ ਨੇ, ਤੇ ਉਹਨੇ ਮੰਗੀ ਆ ਕ੍ਰਿਪਾਨ ਤੇ ਉਸ (ਕਰਮਚਾਰੀ) ਨੇ ਅੱਗੋਂ ਕਿਹਾ ਕਿ ਜਦੋਂ ਭਿੰਡਰਾਂਵਾਲਾ ਛੁੱਟ ਕੇ

Scanned with CamScanner

ਆ ਜਾਏਗਾ ਨਾ ਉਥੋਂ, ਜੇਲ੍ਹ ਚੋਂ ਜਦੋਂ ਵਾਪਸ ਆ ਜਾਏਗਾ, ਉਦੋਂ ਕ੍ਰਿਪਾਨ ਦਿਆਂਗੇ। ਮੈਂ ਕੌਮ ਨੂੰ, ਜਥੇਬੰਦੀਆਂ ਨੂੰ ਤੇ ਵਿਦਿਆਰਥੀਆਂ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ, "ਸ਼ਾਂਤੀ ਰੱਖੋ, ਧੀਰਜ ਵਿੱਚ ਰਹੋ, ਇਸ ਗੌਰਮਿੰਟ ਨੇ, ਸੈਂਟਰ ਦੀ ਤੇ ਪੰਜਾਬ ਦੀ ਗੌਰਮਿੰਟ ਨੇ ਲਾਲੇ ਜਗਤ ਨਰਾਇਣ ਦਾ ਮੁੱਲ ਪਾ ਦਿੱਤਾ ਆ। ਉਹਦਾ ਮੁੱਲ ਕੀ ਪਾਇਆ? ਦੋ ਬੱਸਾਂ ਸਾੜਨੀਆਂ, ਸਤਿਗੁਰੂ ਗਰੰਥ ਸਾਹਿਬ ਦੀਆਂ ਪੋਥੀਆਂ ਸਾੜਨੀਆਂ ਤੇ ਟਕਸਾਲ ਦੀ ਸ਼ਮਾਪੜੀ ਦੀ ਅਰੰਭਤਾ ਕਰਨੀ। ਇਹ ਮੁੱਲ ਪਾਇਆ ਲਾਲੇ ਜਗਤ ਨਰਾਇਣ ਦਾ ਸੈਂਟਰ ਗੌਰਮਿੰਟ ਨੇ ਤੇ ਪੰਜਾਬ ਦੀ ਗੌਰਮਿੰਟ ਨੇ, ਮੈਂ ਤੁਹਾਨੂੰ ਇੱਕ-ਇੱਕ ਪੁਰਜ਼ੋਰ ਅਪੀਲ ਕਰਦਾ ਹਾਂ, ਹੱਥ ਜੋੜ ਕੇ ਬੇਨਤੀ ਕਰਦਾ ਆਂ ਕਿ ਭਾਈ ਤੁਸੀਂ ਸਤਿਗੁਰੂ ਗਰੰਥ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਣਾ। ਸਤਿਗੁਰੂ ਗਰੰਥ ਸਾਹਿਬ ਦੇ ਸਤਿਕਾਰ ਵਿੱਚ ਫਰਕ ਨਹੀਂ ਪੈਣ ਦੇਣਾ। ਕਿੰਨੀ ਵੱਡੀ ਆਪਾਂ ਨੂੰ ਕੁਰਬਾਨੀ ਕਰਨੀ ਪਵੇ, ਮਰਨਾ ਪਵੇ, ਲੁੱਟੇ ਜਾਈਏ, ਜੋ ਕੁਝ ਮਰਜ਼ੀ ਕਰਨਾ ਪਵੇ, ਸਤਿਗੁਰੂ ਗਰੰਥ ਸਾਹਿਬ ਦੇ ਸਤਿਕਾਰ ਵਾਸਤੇ ਆਪਾਂ ਦ੍ਰਿੜ੍ਹ ਰਹਿਣਾ, ਇਸ ਤੋਂ ਕਦੇ ਡੋਲਣਾ ਨਹੀਂ। ਇਸ ਦੇ ਵਾਸਤੇ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਚਰਨਾਂ ਦੀ ਓਟ ਲੈ ਕੇ "**ਰਹੁ ਦੇਖਿ ਸੂਰੇ ਚਿਤ ਉਲਾਸ**" ਧੀਰਜ ਤੇ ਸ਼ਾਂਤੀ ਨਾਲ ਰਹਿ ਕਰਕੇ ਇਸ ਪ੍ਰੋਗਰਾਮ ਦੇ ਅਨੁਸਾਰ ਆਪਾਂ ਚੱਲਣਾ। ਇਸ ਤੋਂ ਬਿਨਾਂ ਜਿਹੜਾ ਨਵਾਂ ਪ੍ਰੋਗਰਾਮ ਹੈ। ਬੇਨਤੀ ਕੀਤੀ ਗਈ ਸੀ, ਇਕੱਠੇ ਸਾਰੇ ਗੁਰਸਿੱਖ ਲੀਡਰ ਹੋਏ ਸਨ ਤੇ ਉਸ ਵੇਲੇ ਦਾਸ ਨੂੰ ਪੁੱਛਿਆ ਗਿਆ ਸੀ ਕਿ ਭਾਈ ਪ੍ਰੋਗਰਾਮ ਕੀ ਆ? ਮੈਂ ਉਸ ਪ੍ਰੋਗਰਾਮ ਦੇ ਸਬੰਧ ਵਿੱਚ ਬਾਬਾ ਜੀ ਨੂੰ (ਬਾਬਾ ਖੜਕ ਸਿੰਘ ਜੀ), ਸਾਰਿਆਂ ਨੂੰ ਬੇਨਤੀ ਕੀਤੀ ਸੀ, "ਜੇ ਤਾਂ ਇਹ ਧਾਰਮਿਕ ਮਸਲਾ ਹੈ ਤਾਂ ਲਕੀਰ ਤੋਂ ਇਧਰ ਟੱਪ ਆਉ ਤੇ ਜੇ ਨਿੱਜੀ ਤੌਰ ਤੇ ਭਿੰਡਰਾਂਵਾਲੇ ਦਾ ਇਹ ਕੌਮ ਆਂ ਤੇ ਫਿਰ ਆਪੋ-ਆਪਣੇ ਘਰਾਂ ਵਿੱਚ ਬੈਠੇ ਰਹੋ।" ਸਾਰਿਆਂ ਨੇ ਕਿਹਾ ਕਿ ਇਹਦੇ ਵਿੱਚ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ (ਇਹ ਮਸਲਾ ਇਕੱਲੇ ਭਿੰਡਰਾਂਵਾਲੇ ਦਾ), ਇਹ ਪੰਥਕ ਮਸਲਾ, ਧਾਰਮਿਕ ਪੋਥੀਆਂ, ਗੁਰੂ ਸਾਹਿਬ ਦੀਆਂ ਸੌਂਚੀਆਂ ਸਾੜੀਆਂ ਗਈਆਂ ਇਹਦੇ ਵਿੱਚ ਕਿਸੇ ਇਕੱਲੇ ਵਿਅਕਤੀ ਦੀ ਗੱਲ ਨਹੀਂ। ਆਹ ਬਾਬਾ ਖੜਕ ਸਿੰਘ ਜੀ ਨੂੰ ਸੁਣਿਆ ਸੀ ਕਿੰਨਾ ਗਲਾ ਭਰ ਗਿਆ ਸੀ ਉਹਨਾਂ ਦਾ, ਕਿੰਨਾ ਵੈਰਾਗ ਸੀ ਉਹਨਾਂ ਦੇ ਮਨ ਵਿੱਚ।

ਮੈ ਸਿੱਖ ਚਾਹੇ ਕੋਈ ਮੋਨਾ, ਚਾਹੇ ਕੋਈ ਹੋਰ ਕਿਸੇ ਪ੍ਰਕਾਰ ਦਾ ਖੁੱਲ੍ਹਾ, ਮੈਂ ਸਿੱਖ ਨਾਅ ਵਾਲੇ ਨੂੰ ਬੇਨਤੀ ਕਰਾਂਗਾ ਕਿ ਕੇਸ-ਦਾੜ੍ਹਾ ਰੱਖੋ, ਦਾੜ੍ਹੀ ਕਦੇ ਨਹੀਂ ਕਟਾਉਣੀ, ਸ਼ਰਾਬ ਨਹੀਂ ਪੀਣੀ, ਨਸ਼ਾ ਨਹੀਂ ਕਿਸੇ ਪ੍ਰਕਾਰ ਦਾ ਵਰਤਣਾ ਤੇ ਧੀ-ਭੈਣ ਦੀ ਇੱਜ਼ਤ ਕਿਸੇ ਦੀ ਨਹੀਂ ਤੱਕਣੀ, ਗੰਦੀਆਂ ਬੋਲੀਆਂ ਤੋਂ ਬਚੋ, ਗੰਦੇ ਰਿਕਾਰਡਾਂ ਤੋਂ ਬਚੋ, ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਕੇ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਰਹਿ ਕੇ, ਪੰਥ ਦੀ ਸੇਵਾ ਤੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਸੇਵਾ ਵਿੱਚ ਆਪਾਂ ਨੂੰ ਡੱਟਣਾ ਚਾਹੀਦਾ। ਮੈਂ ਆਪਣੇ ਵੱਲੋਂ ਇੰਨੀ ਬੇਨਤੀ ਕਰਦਾਂ ਕਿ ਕੁੱਝ ਸਮਾਂ ਭਾਵੇਂ ਢੱਪ ਲੱਗਾ ਹੋਵੇ, ਪਰ ਸਮੇਂ ਦੀ ਮਜ਼ਬੂਰੀ ਦੇ ਕਾਰਨ ਸੰਕੋਚ ਕੀਤੀ ਆ।

ਇੱਕ ਜਿਹੜੀ ਇਹ ਗੱਲ ਉਡਾਈ ਜਾ ਰਹੀ ਹੈ ਉਹ ਮੈਨੂੰ ਚੇਤੇ ਆ ਗਿਆ, ਜ਼ਿੰਮੇਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਕਹਾਂਗਾ। ਜਥੇਬੰਦੀਆਂ ਦੇ ਜਿੰਨੇ ਪ੍ਰਧਾਨ ਨੇ ਤੇ ਮਹਾਤਮਾ ਨੇ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਅਤੇ ਸਮੁੱਚੇ ਤੌਰ 'ਤੇ ਮੈਂ ਬੇਨਤੀ ਕਰਦਾ, "ਕਈ ਸ਼ਰਾਰਤੀ ਅਨਸਰ ਇਸ ਖਿਆਲ 'ਚ ਪਹੁੰਚੇ ਹੋਏ ਹਨ ਕਿ ਭਿੰਡਰਾਂਵਾਲਾ ਛੇਤੀ ਜਾਵੇ ਲੁਧਿਆਣੇ, ਤੇ ਅਸੀਂ ਇਸ ਜਥੇ ਵਿੱਚ ਕੋਈ ਫੁੱਟ ਪਾ ਕੇ ਆਪਣਾ ਲਾਹਾ ਖੱਟ ਲਈਏ। ਉਹਨਾਂ ਲੋਕਾਂ ਨੂੰ ਮੈਂ ਸੂਚਿਤ ਕਰਦਾਂ, ਜੇ ਮੈਂ ਜਿਉਂਦਾ ਰਿਹਾ ਤਾਂ ਮੈਂ ਮਾਫ਼ ਨਹੀਂ ਜੇ ਕਰਨਾ। ਜਿਹੜੇ ਲੋਕ ਐਸੀਆਂ ਹਰਕਤਾਂ ਕਰਨਾ ਚਾਹੁੰਦੇ ਆ ਉਹ ਬਾਜ ਆਉਣ। ਉਹ ਸ਼ਰਾਰਤੀ ਅਨਸਰ ਆ, ਉਹਦਾ ਗੁਰੂ ਕੇ ਸਿੱਖ ਨਾਲ ਪਿਆਰ ਨਹੀਂ, ਉਹਦਾ ਗੁਰੂ ਕੀ ਬਾਣੀ ਨਾਲ ਪਿਆਰ ਨਹੀਂ, ਉਹਦਾ ਗੁਰਮੀਤ ਨਾਲ ਪਿਆਰ ਨਹੀਂ। ਜਿਹੜਾ ਇਹੋ ਜਿਹੀ ਅਫਵਾਹ ਉਡਾ ਦਿੱਤੀ ਆ, "ਅਖੇ ਜੀ ਜਰਨੈਲ ਸਿੰਘ ਨੇ ਐਲਾਨ ਕਰ ਦਿੱਤਾ ਕਿ ਮੈਂ ਆਪਣਾ ਜਾਨਸ਼ੀਨ ਮਗਰੋਂ ਚੁਣ ਕੇ ਜਾਵਾਂਗਾ।" ਕਿਹਨੂੰ ਕਿਹਾ ਸੀ ਮੈਂ? ਇਹਨਾਂ ਗੱਲਾਂ ਤੇ ਕਦੇ ਭਰੋਸਾ ਨਹੀਂ ਕਰਨਾ ਹੈਗਾ। ਗੁਰਦੁਆਰੇ ਦਾ ਪ੍ਰਬੰਧ ਆ, ਇਹ ਜਥੇਬੰਦੀ 'ਚ ਚੱਲ ਰਿਹਾ। ਵੱਡੇ ਸੰਤਾਂ ਤੋਂ ਲੈ ਕੇ ਸੰਤ ਬਾਬਾ ਕਰਤਾਰ ਸਿੰਘ ਜੀ ਖਾਲਸਾ ਸੱਚਖੰਡ ਵਾਸੀਆਂ ਤੋਂ ਇਥੋਂ ਦੀ ਜਥੇਬੰਦੀ ਦੇ ਮੁਤਾਬਕ, ਇਥੋਂ ਦੇ ਡੇਰਿਆਂ ਦਾ ਜਿਹੜਾ ਪ੍ਰਬੰਧ ਆ, ਉਹ ਠਾਕੁਰ ਸਿੰਘ ਦਾ ਰਿਹਾ ਠਾਕੁਰ ਸਿੰਘ ਦਾ ਪ੍ਰਬੰਧ ਹੈ। ਪਰ ਇਸਦੀ ਟਕਸਾਲ ਦੀ ਜ਼ਿੰਮੇਵਾਰੀ ਤਾਂ ਕੋਈ ਨਹੀਂ। ਟਕਸਾਲ ਦੀ ਜ਼ਿੰਮੇਵਾਰੀ ਦਾ ਪ੍ਰਬੰਧ ਦਾਸ ਨੂੰ ਭੁਸੀਂ ਦਿੱਤਾ, ਟੇਪ ਰਿਕਾਰਡਾਂ ਭਰੀਆਂ ਹੋਈਆਂ ਹਨ। ਜਥੇਬੰਦੀ ਦੇ ਇਸ ਡੇਰੇ ਦਾ ਜੋ ਪ੍ਰਬੰਧ ਹੈ ਇਥੇ ਰੱਖ ਕੇ ਸਿੰਘਾਂ ਨੂੰ ਰਹਾਇਸ਼ ਦੇਣੀ, ਸਿੰਘਾਂ ਨੂੰ

Scanned with CamScanner

ਖਰਚ ਦੇਣਾ, ਲੰਗਰ ਚਲਾਉਣਾ, ਬਾਹਰੋਂ ਆਈ ਹੋਈ ਸੰਗਤ ਉਸ ਨਾਲ ਪਿਆਰ ਕਰਨਾ ਤੇ ਉਹਨਾਂ ਦੀ ਸੇਵਾ ਕਰਨੀ, ਮੁੱਖ ਜਥੇਦਾਰ ਉਹਨੂੰ ਚੁਣਿਆ। ਬਾਕੀ ਸ਼ਾਰੀ ਸੰਗਤ ਜਿਹੜੀ ਹੈ ਉਹ ਉਹਦੇ ਨਾਲ ਰਲ ਕੇ ਇਕੱਠੀ ਸੇਵਾ ਕਰਦੀ ਹੈ। ਮੈਨੂੰ ਭਾਈ ਸਾਹਿਬ ਨੇ ਰੁਣੇ ਪੁੱਛਿਆ, ਕਹਿੰਦਾ, "ਨਾਮ ਮੇਰਾ ਕਿਸੇ ਨੇ ਦੇ ਦਿੱਤਾ ਤੇ ਸ਼ਿਘਾਂ ਦੇ ਮਨਾਂ 'ਚ ਖ਼ਿਆਲ ਆ ਕਿ ਸ਼ਾਇਦ ਭਾਈ ਅਮਰੀਕ ਸਿੰਘ ਕੁੱਝ ਚਾਹੁੰਦਾ ਹੈ।" ਮੈਂ ਬੇਨਤੀ ਕਰਾਂਗਾ, "ਸ਼ਰਾਰਤੀ ਅਨਸਰ ਉਸ ਮਨੁੱਖ ਨੂੰ ਹਮੇਸ਼ਾ ਤੋੜਦੇ ਨੇ ਜਿਹੜਾ ਨੇੜੇ ਤੋਂ ਨੇੜੇ ਹੋਵੇ।" ਇਹਨਾਂ ਚੀਜ਼ਾਂ ਵਿੱਚ ਕਦੇ ਨਹੀਂ ਕਿਸੇ ਨੇ ਫਸਣਾ। ਮੈਂ ਅੱਜ ਜਾਨਸ਼ੀਨ ਬਾਰੇ ਕੋਈ ਐਲਾਨ ਕਰ ਦੇਵਾਂ ਪਰ ਏਨੀ ਮੈਨੂੰ ਗਿਆਤ ਨਹੀਂ ਕਿ ਮੇਰੀ ਉਮਰ ਕਿੰਨੀ ਹੈ ਤੇ ਜੇ ਭਲਾ ਜਾਨਸ਼ੀਨ ਦੀ ਮੌਤ ਈ ਪਹਿਲਾਂ ਹੋ ਜਾਵੇ ਤੇ ਫਿਰ ਕੀ ਫਾਇਦਾ ਹੋਇਆ ਚੁਣਨ ਦਾ। ਇਸ ਵਾਸਤੇ ਐਸੀਆਂ ਚਾਲਾਂ ਤੋਂ ਬਚੋ। ਮੇਰੀ ਆਪਣੀ ਸੇਵਾ ਦੀ ਜੋ ਪਰਪਾਟੀ ਚੱਲ ਰਹੀ ਆ, ਮੈਂ ਇਹਦਾ ਜਾਨਸ਼ੀਨ ਨਾ ਅਜੇ ਕਿਸੇ ਨੂੰ ਚੁਣਿਆ ਨਾ ਅਜੇ ਚੁਣਨ ਦਾ ਇਰਾਦਾ। ਹਾਂ, ਇਹ ਗੌਰਮਿੰਟ ਮੈਨੂੰ ਫਾਂਸੀ ਚਾੜ੍ਹੇਗੀ ਤਾਂ ਮੈਨੂੰ ਵਕੀਲ ਤੋਂ ਕਿਸੇ ਤੋਂ ਪਤਾ ਲੱਗਾ ਹੈ ਕਿ ਓਦੂੰ ਕਹਿੰਦੇ ਹੁੰਦੇ ਹਨ ਕਿ ਕਿਸੇ ਨੂੰ ਕੁਝ ਕਹਿਣਾ ਹੈ ਤਾਂ ਕਹਿ ਲਓ, ਉਸ ਵੇਲੇ ਮੈਂ ਕਹਿ ਦਿਆਂਗਾ। ਉਦੋਂ ਪਹਿਲਾਂ ਕਿਸੇ ਨੇ ਇਹੋ ਜਿਹੀ ਗੱਲ ਨਹੀਂ ਕਰਨੀ। ਇਥੋਂ ਦਾ ਪ੍ਰਬੰਧ, ਜਦੋਂ ਸੰਗਤ ਨੇ ਬਾਹਰੋਂ ਆਉਣਾ, ਉਸ ਟਾਈਮ 'ਤੇ ਭਾਈ ਠਾਰਾ ਸਿੰਘ ਜੀ, ਭਾਈ ਅਮਰੀਕ ਸਿੰਘ ਜੀ ਬਾਕੀ ਮੁਖੀ ਸੱਜਣ ਜਥੇ ਦੇ ਇਕੱਠੇ ਹੋ ਕੇ ਕਰਨ।

ਆਹ ਰਾਤੀਂ ਮੈਨੂੰ ਪਤਾ ਲੱਗਾ ਇੱਕ, ਇਹ ਗੌਰਮਿੰਟ ਨੂੰ ਸ਼ਰਮ ਨਹੀਂ ਆਉਂਦੀ ਅੱਖਰ ਕਹਾਂ ਤਾਂ, ਕਹਿ ਦਿੰਦੇ ਨੇ ਕੋੜਾ ਬੋਲਦਾ, ਜ਼ਿੰਮੇਵਾਰੀ ਹੈ ਮੇਰੀ। ਸ਼ਰਮ ਲੱਥ ਗਈ ਆ ਹੁਣ ਇਹਨਾਂ ਦੀ। ਆਹ ਕੋਈ ਸ਼ਾਦੀ ਲਾਲ ਤੇ ਗਮੀ ਲਾਲ ਮਾਰਿਆ ਗਿਆ ਅਨੰਦਪੁਰ ਸਾਹਿਬ ਤੇ ਰਾਤ ਇਥੇ ਕੋਈ ਕਿਸੇ ਸਿੰਘ ਦੀ ਮਾਂ ਨੂੰ ਫੜ੍ਹ ਕੇ ਲੈ ਆਏ। ਕਹਿੰਦੇ ਅਖੇ, ਇਹ ਸ਼ਾਦੀ ਲਾਲ ਨੂੰ ਵੀ ਭਿੰਡਰਾਂਵਾਲੇ ਨੇ ਮਾਰਿਆ। ਮੈਨੂੰ ਰਾਤ ਪਤਾ ਲੱਗਾ ਹੈ ਉਏ ਨਿਕੰਮਿਓ ਜਿਹੜਾ ਮਰਦਾ ਹੈ ਜੇ ਕਿਸੇ ਦੀ ਬਿੱਲੀ ਬੀਮਾਰ ਹੋ ਗਈ ਤਾਂ ਵੀ ਭਿੰਡਰਾਂਵਾਲੇ ਨੇ ਗੋਲੀ ਦਿੱਤੀ ਹੈ। ਉਹਦਾ ਕੇਸ ਤੁਸੀਂ ਚਲਾ ਲਿਆ, ਕੇਸ ਤੁਸੀਂ ਦਰਜ ਕਰ ਲਿਆ, ਮੁਜ਼ਰਮ ਤੁਸੀਂ ਕਹਿ ਰਹੇ ਹੋ ਅਸੀਂ ਫੜ ਲਏ ਆ ਤੇ ਹੁਣ ਮੇਰੇ ਨਾਅ ਦਾ ਚੇਤਾ ਆ ਗਿਆ। ਮੈਂ ਤੇ ਮਾਣ ਤੇ ਫ਼ਖ਼ਰ ਕਰਦਾ ਇਸ ਗੱਲ 'ਤੇ, "ਸੱਚੇ ਪਾਤਿਸ਼ਾਹ ਕ੍ਰਿਪਾ ਕਰਨ, ਕੌਮ ਦਾ ਵਿਆਜ਼ ਲਹਿੰਦਾ ਜਾਵੇ। ਲਾਹਵੇ ਕੋਈ ਤੇ ਨਾਮ ਮੇਰਾ ਵੱਜਦਾ ਜਾਵੇ, ਮੇਰਾ ਕੀ ਵਿਗੜਦਾ।" ਇੱਕ ਬੇਨਤੀ ਹੋਰ ਆ ਉਹ ਉਥੇ ਜੇਲ੍ਹ 'ਚ ਜਾਣ ਤੋਂ ਪਿਛੋਂ। ਅਖ਼ਬਾਰ ਵਿੱਚ ਕੋਈ ਖ਼ਬਰ ਆਉਂਦੀ ਆ ਕਿ ਭਿੰਡਰਾਂਵਾਲੇ ਨੇ ਆਹ ਗੱਲ ਵੀ ਮੰਨ ਲਈ, ਆਹ ਗੱਲ ਵੀ ਮੰਨ ਲਈ, ਭਿੰਡਰਾਂਵਾਲੇ ਨੇ ਮਾਫ਼ੀ ਮੰਗ ਲਈ। ਸਿਘੋਂ ਜਦੋਂ ਤੱਕ ਮੇਰੇ ਮੂੰਹ 'ਚੋਂ ਗੱਲ ਨਾ-ਨਾ ਸੁਣੋ, ਉਦੋਂ ਤੱਕ ਕਿਸੇ 'ਤੇ ਭਰੋਸਾ ਨਾ ਕਰਿਉ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਮੈਂ ਤੁਹਾਨੂੰ ਇੱਕ ਬੇਨਤੀ ਕਰਦਾ ਹਾਂ ਹੰਕਾਰ ਨਹੀਂ, ਤੇ ਮਾਣ ਨਹੀਂ, ਮਹਾਰਾਜ ਬਖਸ਼ ਲੈਣ ਹੰਕਾਰ ਤੇ ਮਾਣ ਤੋਂ ਭਾਵੇਂ ਉਸ ਤਰ੍ਹਾਂ ਭਰਿਆ ਹੋਇਆ ਹਾਂ, ਪਰ ਮਹਾਂਪੁਰਖ ਤੇ ਸਤਿਗੁਰੂ ਜੀ ਬਖ਼ਸ਼ ਲੈਣ। ਇਹ ਲੋਕ ਜਿਹੋ ਜਿਹੀਆਂ ਗੱਲਾਂ ਕਰਦੇ ਆ ਉਹਦਾ ਸਮੇਂ ਸਮੇਂ ਨਾਲ ਆਪੇ ਨਿਤਾਰਾ ਹੁੰਦਾ ਹੈ। ਗੁਰੂ ਜੀ ਕਰਾਉਂਦੇ ਰਹਿੰਦੇ ਹਨ ਅਤੇ ਕਰਦੇ ਰਹਿੰਦੇ ਹਨ ਜਿਹੜੇ ਲੋਕ ਕਹਿੰਦੇ ਕਿ ਭਿੰਡਰਾਂਵਾਲਾ ਡਰ ਗਿਆ ਜਾਂ ਆਹ ਗੱਲ ਕੀਤੀ ਆ ਕੋਈ ਵੀ ਐਸੀ ਗੱਲ ਹੋਵੇ ਤੇ ਯਕੀਨ ਨਾ ਕਰਿਓ। ਇਹ ਵੱਧ ਤੋਂ ਵੱਧ ਮਾਰ ਸਕਦੇ ਆ, ਪੋਟਾ-ਪੋਟਾ ਵੱਢ ਸਕਦੇ, ਖੜ੍ਹਾ ਕਰ ਸਕਦੇ, ਨੀਂਦਰਾ ਦੇ ਸਕਦੇ ਆ ਤੇ ਭੁੱਖਾ ਰੱਖ ਸਕਦਾ ਆ। ਤਿੰਨ-ਤਿੰਨ ਮਹੀਨੇ ਤਾਂ ਦਾਸ ਨੇ ਕਈ ਵੇਰਾਂ ਭੁੱਖੇ ਅਤੇ ਖੜ੍ਹੇ ਕੇ ਕੱਟੇ ਆ, ਸ਼ਾਇਦ ਇਨ੍ਹਾਂ ਕੋਲੋਂ ਤਾਂ ਤਿੰਨ ਦਿਨ ਵੀ ਨਾ ਭੁੱਖਿਆ ਜਾ ਸਕੇ ਮੈਨੂੰ ਉਥੇ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਇੱਕ ਚੀਜ ਭਾਵੇਂ ਗੁਪਤ ਰੱਖਣ ਵਾਲੀ ਹੈ ਬਾਬਾ ਜੀ (ਬਾਬਾ ਠਾਕੁਰ ਸਿੰਘ ਜੀ) ਨੇ ਕਿਹਾ ਸੀ ਇਸ ਗੱਲ ਤੋਂ ਸੰਕੋਚ ਕਰੀਂ ਪਰ ਮੈਥੋਂ ਰਿਹਾ ਨਹੀਂ ਜਾਵੇਗਾ, ਇਹ ਕਹਿੰਦੇ ਅਸੀਂ ਘੇਰਾ ਪਾ ਲਿਆ। ਹੁਣ ਨਿਕਲ ਕੇ ਵਿਖਾਵੇ। ਮੈਂ ਗੌਰਮਿੰਟ ਨੂੰ ਚੈਲੰਜ ਕਰਦਾ ਹਾਂ ਪੰਜਾਬ ਅਤੇ ਸੈਂਟਰ ਦੀ ਗੌਰਮਿੰਟ ਨੂੰ ਚੈਲੰਜ ਕਰਦਾ ਹਾਂ ਮੈਂ "ਜੇ ਤਾਂ ਕੌਮ ਨੇ ਛਡਾ ਲਿਆ ਉਸ ਤਰ੍ਹਾਂ ਈ ਤਾਂ ਵੱਖਰੀ ਗੱਲ ਆ, ਨਹੀਂ ਤਾਂ ਦੋ ਸਾਲ ਲਈ ਕੈਦ ਕਰਕੇ ਵੇਖੇ ਤੇ ਵੰਗਾਰ ਕੇ ਗੌਰਮਿੰਟ ਨੂੰ ਮੈਂ ਕਹਿਨਾ, ਤੁਹਾਡੀਆਂ ਹੱਥਕੜੀਆਂ ਲੱਗੀਆਂ ਤੋਂ ਇੱਥੇ ਆ ਜਾਵਾਂਗਾ।" ਪਰ ਸਿੱਖ ਜਗਤ ਵਿੱਚ ਚੱਲ ਰਹੇ ਰੋਹ ਨੂੰ ਸ਼ਾਂਤ ਰੱਖਣਾ ਤੁਹਾਡੀ ਜ਼ਿੰਮੇਵਾਰੀ ਹੈ।

Scanned with CamScanner

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਸੋ ਇਹ ਗੱਲ ਮੈਂ ਕੇਵਲ ਜਜ਼ਬਾਤ ਵਿੱਚ ਆ ਕੇ ਨਹੀਂ ਕੀਤੀ, ਗੁੱਸੇ ਵਿੱਚ ਆ ਕੇ ਨਹੀਂ ਕੀਤੀ, ਕੌਮ ਨੂੰ ਖ਼ੁਸ਼ ਕਰਨ ਵਾਸਤੇ ਨਹੀਂ ਕੀਤੀ, ਜੇ ਇਹਦਾ ਇੰਨਾ ਤਜ਼ਰਬਾ ਕਰਨਾ ਤਾਂ ਇਹਨਾਂ ਨੂੰ ਕਹੋ ਇਨ੍ਹਾਂ ਨੂੰ ਦੋ ਸਾਲ ਦੀ ਸਜ਼ਾ ਦੇਣ, ਵੀਹ ਸਾਲ ਦੀ ਸਜ਼ਾ ਦੇ ਦੇਣ ਤਾਂ ਉਹਦੇ ਵਿੱਚ ਤਜ਼ਰਬਾ ਪੂਰਾ ਹੋ ਜਾਊ। ਪਰ ਇਹ ਤਾਂ ਕਹਿੰਦੇ ਨੇ ਅਸੀਂ ਇਸ ਤਰ੍ਹਾਂ ਕਰਨਾ ਤੇ ਗੁਰੂ ਨੂੰ ਕੀ ਭਾਉਂਦਾ ਹੈ, ਉਹ ਮੈਂ ਪੰਗਤੀ ਪੜ੍ਹ ਕੇ ਸਮਾਪਤੀ ਕਰ ਦੇਨਾ, ਇਸ ਤੋਂ ਬਹੁਤਾ ਸਮਾਂ ਲੈਣਾ ਮੈਂ ਯੋਗ ਨਹੀਂ ਸਮਝਦਾ। ਕਿਉਂਕਿ ਮੈਂ ਛਾਵੇਂ ਖੜ੍ਹਾ ਤੇ ਸੰਗਤ ਨੂੰ ਤਿੰਨ-ਚਾਰ ਘੰਟੇ ਤੋਂ ਜਿਆਦਾ ਹੋ ਗਏ ਆ ਬਾਹਰ ਖੜ੍ਹਿਆਂ ਨੂੰ। ਜਿਸ ਦਿਨ ਇਹਨਾਂ ਗੋਲੀ ਚਲਾਈ ਆ ਤੇ ਦਾਸ ਇੱਥੇ ਪਹੁੰਚਿਆ, ਉਸ ਦਿਨ ਹਰਿਮੰਦਰ ਸਾਹਿਬ ਚੋਂ ਅੰਮ੍ਰਿਤ ਵੇਲੇ ਹੁਕਮਨਾਮਾ ਆਇਆ ਸੀ।

ਹਰਿ ਹਰਿ ਲੀਨੇ ਸੰਤ ਉਬਾਰਿ॥
ਹਰਿ ਕੇ ਦਾਸ ਕੀ ਚਿਤਵੈ ਬੁਰਿਆਈ
ਤਿਸ ਹੀ ਕਉ ਫਿਰਿ ਮਾਰਿ ॥੧॥ ਰਹਾਉ॥
(ਧਨਾਸਰੀ ਮਹਲਾ ੫, ੬੭੪)

ਇਹ ਅੰਮ੍ਰਿਤ ਵੇਲੇ ਦਾ ਹੁਕਮਨਾਮਾ, ਜਿਸ ਦਿਨ ਇਥੇ ਪਹੁੰਚਿਆ, ਸਿੰਘ ਲਿਖ ਕੇ ਲਿਆਇਆ ਸੀ। ਸੋ ਮੈਂ ਭਾਵੇਂ ਦਾਸ ਤੇ ਨਹੀਂ ਬਣ ਸਕਿਆ, ਗੁਰੂ ਕਾ ਕੁੱਲੜ, ਅਣਜਾਣ ਤੇ ਅਲਪੱਗ ਹਾਂ, ਪਰ ਮਨ ਵਿੱਚ ਉਤਸ਼ਾਹ ਜ਼ਰੂਰ ਆ ਦਾਸ ਬਣਨ ਦਾ। ਸਾਰੀ ਸੰਗਤ ਅਰਦਾਸ ਕਰੋ, ਮਹਾਰਾਜ ਕ੍ਰਿਪਾ ਕਰਨ ਤੇ ਮੈਨੂੰ ਆਪਣਾ ਪਿਆਰ ਬਖਸ਼ਣ, ਸੱਚੇ ਪਾਤਿਸ਼ਾਹ ਸਿਰ 'ਤੇ ਹੱਥ ਰੱਖਣ। ਮੈਂ ਅਰਦਾਸ ਦੇ ਸਬੰਧ ਵਿੱਚ ਸਮੁੱਚੀ ਸੰਗਤ ਨੂੰ ਬੇਨਤੀ ਕਰਕੇ ਇੱਕ ਮੰਗ ਮੰਗਦਾ। ਜਿੰਨਾ ਲਾਭ ਉੱਥੇ ਜਾਣ ਵਿੱਚ ਹੋਣਾ ਉੰਨਾ ਲਾਭ ਮੈਨੂੰ ਇਥੇ ਰਹਿਣ ਵਿੱਚ ਨਹੀਂ ਹੋਣਾ, ਨਾ ਤੁਹਨੂੰ ਹੋਣਾ। ਕਿਹਾ ਗਿਆ ਸੀ ਕਿ ਕੌਮ ਤੋਂ ਫੜਵਾ ਲੈਣਾ ਚਾਹੀਦਾ ਹੈ। ਮੈਂ ਪਹਿਲਾਂ ਬੇਨਤੀਆਂ ਕੀਤੀਆਂ ਸੀ ਅੱਜ ਤੋਂ ਡੇਢ ਦੋ ਸਾਲ (ਪਹਿਲਾਂ), "ਜੇ ਗੌਰਮਿੰਟ ਮੈਨੂੰ ਨਰਕਧਾਰੀ ਦੇ ਕਾਂਡ ਵਿੱਚ ਫੜ੍ਹ ਲਵੇ, ਜਿੰਨਾ ਸੌ ਸਾਲ ਵਿੱਚ ਮੈਂ ਪ੍ਰਚਾਰ ਕਰਨਾ ਸੀ, ਉਨਾ ਸਾਲ ਵਿੱਚ ਹੋ ਗਿਆ ਸੀ ਤੇ ਮੈਂ ਬੇਨਤੀ ਕੀਤੀ ਸੀ ਕਿ ਜੇ ਇਹ ਫੜ੍ਹਨ, ਮੈਨੂੰ ਜੇਲ੍ਹ ਵਿੱਚ ਲੈ ਚੱਲਣ ਤੇ ਜਿੰਨਾ ਆਪਣਾ ਡੇਢ ਸਾਲ ਵਿੱਚ ਪ੍ਰਚਾਰ ਹੋਇਆ, ਉਹਨਾਂ ਸੱਤਾਂ ਦਿਨਾਂ ਵਿੱਚ ਹੋਣਾ ਸੀ। ਆਹ ਵਰੰਟ ਜਾਰੀ ਹੋਇਆਂ ਨੂੰ, ਅੱਜ ਪੰਜ ਦਿਨ ਹੋ ਗਏ, ਜ਼ਰਾ ਜ਼ਿਆਦਾ ਹੋ ਗਏ ਹੋਣੇ ਆਂ। ਇਹਦੇ ਵਿੱਚ ਹੋਰ ਵੀ ਆ 12 ਤਰੀਕ ਨੂੰ ਵਰੰਟ ਜਾਰੀ ਹੋਏ ਅਤੇ 14 ਤਰੀਕ ਨੂੰ ਬੱਸਾਂ ਸਾੜੀਆਂ ਤੇ 16 ਤਰੀਕ ਨੂੰ 4.00 ਵਜੇ ਸ਼ਾਮ ਨੂੰ ਮੈਨੂੰ ਵਰੰਟ ਮਿਲੇ ਹਨ। ਵਰੰਟ ਪਿੱਛੋਂ ਮਿਲਿਆ, ਬੱਸਾਂ ਪਹਿਲੋਂ ਸਾੜੀਆਂ, ਇਹ ਕਰਤੂਤ ਆ ਇਹਨਾਂ ਲੋਕਾਂ ਦੀ।

ਸੋ ਗੁਰੂ ਕੇ ਪਿਆਰਿਉ, ਸਿੱਧੀ ਨਾਲ ਪਿਆਰ ਕਰੋ, ਇੱਕ ਮੰਗ ਮੇਰੀ ਜ਼ਰੂਰ ਪੂਰੀ ਕਰ ਦਿਉ ਤੇ ਅਰਦਾਸ ਕਰੋ ਸਾਰੇ, ਤੇ ਅਰਦਾਸੀਏ ਦੇ ਮਨ ਵਿੱਚ ਗੁਰੂ ਸਾਹਿਬ ਆਪ ਨਿਵਾਸ ਕਰਨ, ਆਪ ਰਸਨਾ ਤੇ ਬੈਠ ਕੇ ਇਹ ਬਚਨ ਕਹਾ ਲੈਣ ਕਿ ਸਤਿਗੁਰੂ ਗਰੀਬ ਨਿਵਾਜ ਸੱਚੇ ਪਾਤਿਸ਼ਾਹ ਜੀ ਕ੍ਰਿਪਾ ਕਰੋ ਇਸ ਨਿਕੰਮੇ 'ਤੋਂ, ਇਹ ਵੀ ਰੁਲਦਾ ਫਿਰਦਾ ਕੌਮ ਦੇ ਵਿੱਚ, ਇਹਨੂੰ ਵੀ ਕਿਸੇ ਥਿਲੇ ਲਾ ਦਿਉ, ਇਸ ਨਿਕੰਮੀ ਗੌਰਮਿੰਟ ਦੇ ਸਿਰ ਇਸ ਸਰੀਰ ਦਾ ਠੀਕਰਾ ਭੱਜ ਜਾਵੇ। ਜਿਹੜੀਆਂ ਗੱਦੀਆਂ ਵਾਸਤੇ ਯਤਨ ਕਰਨੇ ਹੋਂਦੇ ਆ, ਉਹ ਸਦਾ ਲਈ ਟੈਂਟਾ ਮੁੱਕ ਜਾਵੇ ਤੇ ਲਾਲ ਕਿਲ੍ਹੇ ਤੇ ਕੇਸਰੀ ਨਿਸ਼ਾਨ ਸਾਹਿਬ ਝੁੱਲ ਜਾਵੇ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਇਹ ਮੈਂ ਬੇਨਤੀ ਕਰਦਾਂ ਜਥੇਦਾਰ ਸਾਹਿਬ (ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਅਜਨੋਹਾ) ਨੂੰ ਕਿਉਂਕਿ ਉਹਨਾਂ ਅਰਦਾਸ ਕਰਨੀ ਹੈ ਉਹ ਜਥੇਦਾਰ ਆ ਤੇ ਉਹਨਾਂ ਦੇ ਹਿਰਦੇ ਵਿੱਚ ਮਹਾਰਾਜ ਨਿਵਾਸ ਕਰਨ ਤੇ ਆਪ ਇਹ ਬਚਨ ਕਹਾਉਣ। ਬਾਕੀ ਸੰਗਤ ਦਾ ਅਸ਼ੀਰਵਾਦ, ਸਤਿਗੁਰੂ ਜੀ ਬਖਸ਼ਣ। ਹੁਣ ਅਰਦਾਸ ਹੋਵੇਗੀ, ਅਰਦਾਸ ਤੋਂ ਪਿੱਛੋਂ ਹੁਕਮਨਾਮਾ ਹੋਵੇਗਾ। ਹੁਕਮਨਾਮਾ ਲੈ ਕੇ, ਮੈਂ ਪੁਨਾ-ਪੁਨਾ, ਬਾਰ-ਬਾਰ ਇਹ ਬੇਨਤੀ ਕਰਦਾਂ, "ਸਿੰਘ ਤੁਹਾਡਾ ਪਿਆਰ ਮੇਰੇ ਨਾਲ ਮੈਂ ਤਾਂ ਈ ਪੂਰਾ ਸਮਝਾਂਗਾ, ਜੇ ਮੇਰੀ ਗ੍ਰਿਫਤਾਰੀ ਵਿੱਚ ਇੱਕ ਵੀ ਸਿੰਘ ਦੀ ਅੱਖ 'ਚੋਂ ਅੱਥਰੂ ਨਾ ਕਿਰੇ ਤੇ ਇੱਕ ਵੀ ਸਿੰਘ ਉੱਠ ਕੇ ਮੇਰੇ ਮਗਰ ਨਾ ਆਵੇ। ਇਥੇ ਬੈਠੇ ਰਹੋ, ਸਤਿਗੁਰੂ ਗਰੰਥ ਸਾਹਿਬ ਦਾ ਸਤਿਕਾਰ ਕਰੋ।

Scanned with CamScanner

ਮੈਂ ਇੱਕ ਭੁੱਲੜ, ਅਲਪੱਗ ਤੇ ਕਲਜੁਗੀ ਜੀਵ ਹਾਂ। ਇੱਕ ਬੰਦਾ ਗੁਰੂ ਦੀ ਗੋਦ ਵਿੱਚੋਂ ਉੱਠ ਜਾਵੇ ਤੇ ਸੰਗਤ ਸਾਰੀ ਉੱਠ ਕੇ ਉਹਦੇ ਮਗਰ ਤੁਰ ਪਵੇ ਤੇ ਇਹ ਗੁਰੂ ਗਰੰਥ ਸਾਹਿਬ ਦੇ ਸਤਿਕਾਰ ਵਿੱਚ ਇਹ ਫ਼ਰਕ ਵਾਲੀ ਗੱਲ ਆ। ਸਤਿਗੁਰੂ ਦੇ ਸਤਿਕਾਰ ਨੂੰ ਕਾਇਮ ਰੱਖਣਾ। ਅਰਦਾਸ ਤੋਂ ਪਿੱਛੋਂ ਇਸੇ ਤਰ੍ਹਾਂ ਬੈਠੇ ਰਹਿਣਾ। ਦਾਸ ਦੇ ਨਾਲ ਮਹਾਤਮਾ ਤੇ ਸਾਰੇ ਜਥੇਬੰਦੀਆਂ ਦੇ ਪ੍ਰਧਾਨ ਕੇਵਲ ਇੰਨੇ ਸਿੰਘ ਮੇਰੇ ਨਾਲ ਜਾਣਗੇ, ਬਾਕੀ ਕੋਈ ਸਿੰਘ ਮੇਰੇ ਨਾਲ ਨਹੀਂ ਜਾਵੇਗਾ ਤੇ ਜੇ ਭਾਈ ਤੁਸੀਂ ਮੇਰੇ ਨਾਲ ਧੱਕਾ ਕਰਨਾ ਤੇ ਮੈਨੂੰ ਰੋਕਣਾ ਤੇ ਜਾਂ ਇਹ ਕਹਿਣਾ ਕਿ ਸਾਨੂੰ ਵੀ ਹੱਥਕੜੀ ਲਾਉ, ਸਾਨੂੰ ਵੀ ਲਾਉ, ਇਹ ਕਹਿ ਕੇ ਰੌਲਾ ਪਾਉਣਾ ਤਾਂ ਮੈਂ ਸਮਝਦਾ ਇਹ ਧੱਕਾ ਹੋਵੇਗਾ ਮੇਰੇ ਨਾਲ। ਇਹਦੇ ਤੋਂ ਤੁਹਾਨੂੰ ਸੰਕੋਚ ਕਰਕੇ ਮੇਰੇ 'ਤੇ ਤਰਸ ਕਰਨਾ ਚਾਹੀਦਾ। ਆਪਾਂ ਨੂੰ ਕਿਤੇ ਕੀਤੇ ਬਚਨ ਕਰਕੇ ਉਹਨਾਂ ਤੋਂ ਪਿੱਛੇ ਨਹੀਂ ਹਟਣਾ। ਉਹਨੂੰ ਪੂਰਿਆਂ ਕਰਨ ਵਾਸਤੇ ਬਾਕੀ ਸਿੰਘਾਂ ਨੂੰ ਉਤਸ਼ਾਹ ਸਹਿਤ ਰਹਿਣਾ ਚਾਹੀਦਾ। ਇੰਨੀ ਬੇਨਤੀ ਕਰਕੇ ਖਿਮਾ ਦਾ ਜਾਚਕ ਹਾਂ। ਬੋਲਦੇ ਤੋਂ ਕੋਈ ਕਿਸੇ ਪ੍ਰਕਾਰ ਦੀ ਗਲਤੀ ਹੋ ਗਈ ਹੋਵੇ ਛੋਟਾ ਵੀਰ ਜਾਣਕੇ ਸਾਰੀ ਸੰਗਤ ਦਾਸ ਨੂੰ ਮਾਫੀ ਬਖਸ਼ੋ।

ਜਥੇ ਵਾਲੇ ਸਿੰਘਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਮੇਰੇ ਪਿੱਛੋਂ ਘਬਰਾਉਣਾ ਨਹੀਂ, ਕਾਹਲੇ ਨਹੀਂ ਪੈਣਾ, ਇਸ਼ ਸਾਰੇ ਜਥੇ ਨੇ ਰਹਿਣਾ, ਬੜੇ ਧੀਰਜ ਤੇ ਤਹੱਮਲ ਦੇ ਨਾਲ ਇਹ ਪ੍ਰੋਗਰਾਮ ਨਿਭਾਈ ਜਾਣਾ। ਬਹੁਤਾ ਚਿਰ ਨਹੀਂ ਕੋਈ ਲੱਗੋਗਾ, ਛੇਤੀ ਤੁਹਾਡੇ ਦਰਸ਼ਨ ਕਰਾਂਗਾ, ਸਤਿਗੁਰੂ ਦੀ ਕਿਰਪਾ ਹੋਵੇਗੀ। ਇਸ ਵਾਸਤੇ ਕਿਸੇ ਖਿਆਲ ਵਿੱਚ ਨਾ ਪਰਤ ਜਾਇਓ। ਜੇ ਕੋਈ ਆਣ ਕੇ ਕਹਿਦਾ, ਤੁਹਾਡੇ ਨਾਲ ਆਹ ਕੁੱਝ ਹੋਵੇਗਾ, ਤੁਹਾਡੇ ਸਾਥ ਨੇ ਆਹ ਕਰ ਦਿੱਤਾ ਤੁਹਾਡੇ ਨਾਲ, ਬੜੀ ਚੜ੍ਹਦੀ ਕਲਾ ਵਿੱਚ ਉਸੇ ਤਰ੍ਹਾਂ ਪ੍ਰੇਮ ਦੇ ਨਾਲ ਪੰਜਾ ਪਿਆਰਿਆਂ ਨੂੰ ਪਿੰਡਾਂ ਵਿੱਚ ਲਿਜਾ ਕੇ ਸੇਵਾ ਕਰਿਉ। ਬਾਕੀ ਜੋ ਪ੍ਰੋਗਰਾਮ ਅਗਲਾ, ਉਹ ਭਾਈ ਜ਼ਿੰਮੇਵਾਰ ਜਾਣਨ ਤੇ ਗੁਰੂ ਕੀ ਕੌਮ ਜਾਣੇ। ਮੇਰਾ ਪ੍ਰੋਗਰਾਮ ਕੇਵਲ ਸਿਰ ਦੇਣ ਦਾ, ਉਹ ਮੈਂ ਆਪਣੇ ਸਿਰ 'ਤੇ ਨਿਭਾਵਾਂਗਾ। ਅਗਲਾ ਪ੍ਰੋਗਰਾਮ ਗੁਰੂ ਕੀ ਕੌਮ ਦਾ ਤੇ ਸਾਰੇ ਪ੍ਰਧਾਨਾਂ, ਸਾਰੀਆਂ ਜਥੇਬੰਦੀਆਂ ਦਾ, ਉਹ ਦੇਣ ਤੇ ਚਾਹੇ ਨਾ ਦੇਣ। ਇੰਨੀ ਬੇਨਤੀ ਕਰਕੇ ਮੈਂ ਖਿਮਾ ਦਾ ਜਾਚਕ ਹਾਂ, ਹੁਣ ਅਰਦਾਸ ਹੋਵੇਗੀ।

ਤੂ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡ ਸਭੁ ਤੇਰੀ ਰਾਸਿ॥

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਗੁਰੂ ਚਰਨਾਂ ਵਿੱਚ ਅਰਦਾਸ ਕਰਦਿਆਂ ਇਹ ਬਚਨ ਕਹੇ ਕਿ ਸਰਕਾਰ ਦੇ ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਵਾਸਤੇ ਸੰਤ ਸਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਹਿਦਾਇਤ ਦੇਣੀ ਹੈ। ਸਤਿਗੁਰੂ ਜੀ ਕਿਰਪਾ ਕਰਨ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ-ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (੧੧੦੫)

ਕਲਗੀਧਰ ਸਤਿਗੁਰੂ ਗੋਬਿੰਦ ਸਿੰਘ ਜੀ ਮੇਹਰ ਭਰਿਆ ਹੱਥ ਇਨ੍ਹਾਂ ਦੀ ਕੰਡ ਉਪਰ ਰੱਖਣ

ਜਾ ਕਉ ਮੁਸਕਲੁ ਅਤਿ ਬਣੈ ਓਹੀ ਕੋਇ ਨ ਦੇਇ॥
ਲਾਗੁ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੇ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਹੈ ਨ ਤਤੀ ਵਾਉ॥ (੭੧)

ਦੇ ਮਹਾਂ ਵਾਕ ਅਨੁਸਾਰ ਮਹਾਂਪੁਰਖਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਣਾ ਅਤੇ ਸਮੁੱਚੀ ਕੌਮ ਵਿੱਚ ਏਕਤਾ ਇਤਫ਼ਾਕ ਬਖਸ਼ਿਸ਼ ਕਰਨਾ। ਇਸ ਤਰ੍ਹਾਂ ਦੀ ਅਰਦਾਸ ਗੁਰੂ ਸਾਹਿਬ ਅੱਗੇ ਕੀਤੀ ਗਈ। ਉਪਰੰਤ ਸ੍ਰੀ ਮੁਖਵਾਕ ਸੰਤਾਂ ਨੇ ਆਪ ਲਿਆ ਜੋ ਇਸ ਪ੍ਰਕਾਰ ਸੀ:

ਸੋਰਠਿ ਮਹਲਾ ੫॥
ਵਿਚਿ ਕਰਤਾ ਪੁਰਖ ਖਲੋਆ॥ ਫਾਲੁ ਨਾ ਫਿਗਾ ਹੋਆ॥ (ਅੰਗ ੬੨੩)॥

ਸੰਤਾਂ ਦੇ ਭਾਸ਼ਣ ਪਿਛੋਂ ਸੰਗਤਾਂ ਵਿੱਚ ਤਸੱਲੀ ਦੀ ਲਹਿਰ

Scanned with CamScanner

ਇਥੇ ਵਰਨਣਯੋਗ ਹੈ ਕਿ ਭਾਸ਼ਣ ਕਰਦਿਆਂ ਹੋਇਆਂ ਸੰਤ ਜਰਨੈਲ ਸਿੰਘ ਜੀ ਨੇ ਜਦੋਂ ਇਹ ਲਫਜ਼ ਕਹੇ ਕਿ ਸਟੇਟ ਅਤੇ ਕੇਂਦਰ ਸਰਕਾਰ ਦੇ ਸਾਲ ਦੀ ਸਜ਼ਾ ਕਰਕੇ ਵੇਖ ਲਵੇ ਤਾਂ ਇਸ ਦਾ ਨਤੀਜਾ ਸੰਗਤਾਂ ਦੇ ਸਾਹਮਣੇ ਆ ਜਾਵੇਗਾ। ਉਨ੍ਹਾਂ ਕਿਹਾ ਕਿ ਸਤਿਗੁਰੂ ਕਲਗੀਧਰ ਪਾਤਿਸ਼ਾਹ ਦੀ ਮੇਹਰ ਸਦਕਾ ਸਰਕਾਰ ਦੀਆਂ ਹੱਥਕੜੀਆਂ ਬੇੜੀਆਂ ਸਮੇਤ ਤੁਹਾਡੇ ਕੋਲ ਆ ਜਾਵਾਂਗਾ। ਇਸ ਦਾ ਤਜਰਬਾ ਕਰਨਾ ਹੈ ਤਾਂ ਕਰ ਕੇ ਵੇਖ ਲੈਣ। ਇਹ ਭਾਸ਼ਣ ਸੁਣਦਿਆਂ ਹੀ ਸੰਗਤਾਂ ਵਿੱਚ ਅਜੀਬ ਚਰਚਾ ਛਿੜ ਗਈ। ਕੁੱਝ ਕੁ ਅਨਜਾਣ ਵਿਅਕਤੀਆਂ ਨੇ ਕਿਹਾ ਕਿ ਸੰਤਾਂ ਦਾ ਇਹ ਜਜ਼ਬਾਤੀ ਭਾਸ਼ਣ ਹੈ ਅਤੇ ਸੰਤਾਂ ਦੇ ਸਾਣਕਾਰ ਸ਼ਰਧਾਲੂਆਂ ਨੇ ਜਾਣ ਲਿਆ ਕਿ ਸੰਤਾਂ ਉਪਰ ਕਲਗੀਧਰ ਦਸਮੇਸ਼ ਪਿਤਾ ਦੀ ਪੂਰੀ ਕ੍ਰਿਪਾ ਹੈ ਉਹ ਕਿਸੇ ਪੱਖੋਂ ਚੁਣੇ ਨਹੀਂ ਜਾਂ ਕੇਵਲ ਵਿਖਾਵੇ ਦੇ ਸੰਤ ਨਹੀਂ। ਜੇ ਲੋੜ ਪਈ ਤਾਂ ਜੋ ਕੁੱਝ ਉਨ੍ਹਾਂ ਬੋਲਿਆ ਹੈ, ਕਰਕੇ ਵਿਖਾ ਦੇਣਗੇ ਕਿਉਂਕਿ ਉਹ ਕਹਿਣੀ ਅਤੇ ਕਰਨੀ ਦੇ ਪੂਰੇ ਹਨ।

ਗ੍ਰਿਫਤਾਰੀ ਲਈ ਰਵਾਨਾ

ਅਰਦਾਸ ਤੋਂ ਉਪਰੰਤ ਸੰਗਤਾਂ ਨੇ ਪੰਜ ਜੈਕਾਰੇ ਛੱਡੇ ਅਤੇ ਸੰਤਾਂ ਨੇ ਇੱਕ ਵਾਰ ਫਿਰ ਸੰਗਤ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਮੈਥੋ ਜਿੰਨੇ ਵਾਰ ਹੱਥ ਜੁੜਵਾ ਲਓ ਪਰ ਮੋਰੀਂ ਬੇਨਤੀ ਪ੍ਰਵਾਨ ਕਰੋ। ਮੇਰੇ ਮਗਰ ਕਿਸੇ ਵੀ ਸਿੰਘ ਨੇ ਨਹੀਂ ਆਉਣਾ, ਇਥੇ ਭਾਈ ਜੈਕਾਰਾ ਸਿੰਘ ਵਾਹਿਗੁਰੂ ਦਾ ਜਾਪ ਕਰਾਉਣਗੇ। ਸਾਰੀ ਸੰਗਤ ਇਕ ਰਸ ਵਾਹਿਗੁਰੂ ਦਾ ਜਾਪ ਕਰੋ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਬਰਕਰਾਰ ਰੱਖੋ ਕਿਉਂਕਿ ਜੇ ਇੱਕ ਵਿਅਕਤੀ ਇਥੋਂ ਚਲਿਆ ਜਾਵੇ ਤਾਂ ਸੰਗਤ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚੋਂ ਉਠ ਕੇ ਮਗਰ ਚਲੀ ਜਾਵੇ ਤਾਂ ਇਸ ਤਰ੍ਹਾਂ ਗੁਰੂ ਸਾਹਿਬ ਦੇ ਸਤਿਕਾਰ ਵਿੱਚ ਫਰਕ ਪੈਂਦਾ ਹੈ। ਇਸ ਲਈ ਇੱਥੇ ਹੀ ਬੈਠੇ ਰਹਿਣਾ। ਇੰਨਾ ਕਹਿ ਕੇ ਸੰਤ ਸਟੇਜ ਤੋਂ ਥੱਲੇ ਉਤਰੇ ਅਤੇ ਸੰਗਤ ਦੀ ਭੀੜ ਵਿੱਚ ਦੀ ਗੇਟ ਤੋਂ ਬਾਹਰ ਚਲੇ ਗਏ ਜਿਥੇ ਪੁਲਿਸ ਦੀਆਂ ਗੱਡੀਆਂ ਖੜ੍ਹੀਆਂ ਸਨ।

ਗੁਰਦੁਆਰਾ ਸਾਹਿਬ ਤੋਂ ਬਾਹਰ ਵੀ ਸੰਗਤ ਦੀ ਬਹੁਤ ਜਿਆਦਾ ਭੀੜ ਹੋਣ ਕਾਰਨ ਪੁਲਿਸ ਅਫਸਰ ਵੀ ਭਾਰੀ ਹਫੜਾ-ਦਫੜੀ ਵਿੱਚ ਸਨ ਕਿ ਸੰਤ ਜੀ ਕਿਸ ਦਰਵਾਜੇ ਤੋਂ ਬਾਹਰ ਆਉਣਗੇ। ਸੰਤਾਂ ਨੂੰ ਗ੍ਰਿਫਤਾਰ ਕਰਨ ਆਏ ਐੱਸ. ਐੱਸ. ਪੀ. ਸ. ਜਰਨੈਲ ਸਿੰਘ ਚਾਹਲ ਗੁਰਦੁਆਰੇ ਦੀ ਦਰਸ਼ਨੀ ਡਿਉਢੀ ਦੇ ਸਾਹਮਣੇ ਆਪਣੀ ਫੋਰਸ ਨਾਲ ਖੜ੍ਹੇ ਸੀ ਅਤੇ ਪੁਲਿਸ ਦੇ ਕੁੱਝ ਅਫਸਰ ਇਸ ਨੇ ਆਮ ਦਰਵਾਜੇ ਦੇ ਸਾਹਮਣੇ ਵੀ ਖੜ੍ਹੇ ਕੀਤੇ ਸਨ ਕਿ ਸੰਤ ਜੀ ਜਿੱਧਰ ਵੀ ਆਉਣਗੇ ਉੱਧਰ ਹੀ ਉਨ੍ਹਾਂ ਨੂੰ ਗੱਡੀ ਵਿੱਚ ਬਿਠਾ ਲਿਆ ਜਾਵੇਗਾ। ਜਦੋਂ ਸੰਤ ਜੀ ਆਮ ਆਵਾਜਾਈ ਦੇ ਦਰਵਾਜੇ ਰਾਹੀਂ ਪੁਲਿਸ ਕੋਲ ਪਹੁੰਚੇ ਤਾਂ ਉਥੇ ਐਸ.ਐਸ.ਪੀ. ਮੌਜੂਦ ਨਹੀਂ ਸੀ। ਉਹ ਆਪਣੀ ਥਾਂ ਤੇ ਖੜ੍ਹਾ ਸੰਤਾਂ ਨੂੰ ਉਡੀਕ ਰਿਹਾ ਸੀ ਤਾਂ ਉਸ ਨੂੰ ਵਾਇਰਲੈੱਸ ਕੀਤੀ ਗਈ ਕਿ ਸੰਤ ਜੀ ਸਾਡੇ ਕੋਲ ਪਹੁੰਚ ਚੁੱਕੇ ਹਨ। ਸੰਗਤਾਂ ਵਿੱਚ ਰੋਹ ਵਧ ਰਿਹਾ ਹੈ ਤੁਸੀਂ ਜਲਦੀ ਇੱਥੇ ਆਓ। ਸੰਤਾਂ ਨੇ ਵੀ ਪੁਲਿਸ ਵਾਲਿਆਂ ਨੂੰ ਕਿਹਾ ਕਿ ਚੱਲੋ ਭਾਈ ਗੱਡੀ ਤੋਰੋ, ਨਹੀਂ ਤਾਂ ਸੰਗਤਾਂ ਦੇ ਜੋਸ਼ ਨੂੰ ਕਾਬੂ ਵਿੱਚ ਰੱਖਣਾ ਔਖਾ ਹੋ ਜਾਵੇਗਾ, ਇਸ ਲਈ ਜਲਦੀ ਕਰੋ। ਪਰ ਐੱਸ. ਐੱਸ. ਪੀ. ਚਾਹਲ ਦੇ ਇਥੇ ਪਹੁੰਚਣ ਤੱਕ ਬਹੁਤ ਸਾਰੀਆਂ ਸੰਗਤਾਂ ਅਤੇ ਕੁਝ ਸਿੱਖ ਆਗੂਆਂ ਨੇ ਪੁਲਿਸ ਦੀ ਉਸ ਅੰਬੈਸਡਰ ਕਾਰ ਨੂੰ ਘੇਰ ਲਿਆ ਜਿਸ ਵਿੱਚ ਸੰਤ ਜੀ ਬੈਠੇ ਸਨ। ਸ. ਚਾਹਲ ਨੇ ਆਉਂਦਿਆਂ ਹੀ ਗੱਡੀਆਂ ਨੂੰ ਤੋਰਨ ਲਈ ਕਿਹਾ। ਇੱਥੇ ਸੰਗਤਾਂ ਨੇ ਸਰਕਾਰ ਵਿਰੁੱਧ ਬਹੁਤ ਜੋਸ਼ੀਲੇ ਨਾਅਰੇ ਲਾਏ ਜਿਉਂ ਹੀ ਇਹ ਕਾਫਲਾ ਤੁਰਿਆ ਤਾਂ ਦਿੱਲੀ ਵਾਲੇ ਜਥੇਦਾਰ ਸੰਤੋਖ ਸਿੰਘ ਸੰਤਾਂ ਵਾਲੀ ਕਾਰ ਦੇ ਬੰਨਿਟ 'ਤੇ ਬੈਠ ਗਏ। ਕੁਝ ਸਿੰਘ ਕਾਰ ਅੱਗੇ ਲੰਮੇ ਪੈ ਗਏ ਇਸ ਲਈ ਇਸ ਕਾਫਲੇ ਨੂੰ ਅੱਗੇ ਚੱਲਣਾ ਔਖਾ ਹੋ ਗਿਆ ਅਤੇ ਜੋਸ਼ ਵਿੱਚ ਆਏ ਸਿੰਘਾਂ ਨੇ ਇਸ ਕਾਫਲੇ ਨੂੰ ਜਬਰਦਸਤੀ ਰੋਕਣ ਦੀ ਕੋਸਿਸ਼ ਕੀਤੀ ਅਤੇ ਕੁਝ ਹੱਥੋ ਪਾਈ ਵੀ ਹੋਈ ਜਿਸ ਕਾਰਨ ਐੱਸ. ਐੱਸ. ਪੀ. ਚਾਹਲ ਦੀ ਗੱਡੀ ਵਾਲੀ ਵਾਇਰਲੈੱਸ ਟੁੱਟ ਗਈ, ਪਰ ਟਕਸਾਲ ਦੇ ਜ਼ਿੰਮੇਵਾਰ ਸਿੰਘਾਂ ਨੇ ਇਨ੍ਹਾਂ ਸਿੰਘਾਂ ਨੂੰ ਰਸਤੇ ਤੋਂ ਹਟਾਇਆ ਅਤੇ ਜਥੇਦਾਰ ਸੰਤੋਖ ਸਿੰਘ ਨੂੰ ਵੀ ਬੇਨਤੀ ਕੀਤੀ ਕਿ ਸੰਤਾਂ ਵੱਲੋਂ ਮਿਥੇ ਪ੍ਰੋਗਰਾਮ ਵਿੱਚ ਕਿਸੇ ਪ੍ਰਕਾਰ ਦੀ ਰੁਕਾਵਟ ਖੜ੍ਹੀ ਨਾ ਕੀਤੀ ਜਾਵੇ ਤਾਂ ਬੜੀ ਮੁਸ਼ਕਲ ਨਾਲ ਸਿੰਘਾਂ ਨੇ ਫੜ੍ਹ ਕੇ ਜਥੇਦਾਰ ਸੰਤੋਖ ਸਿੰਘ ਨੂੰ ਕਾਰ ਤੋਂ ਪਾਸੇ ਕੀਤਾ। ਪਰ ਉਹ ਭਰੇ ਹੋਏ ਮਨ ਨਾਲ ਸਰਕਾਰ ਵਿਰੁੱਧ ਨਾਅਰੇ ਲਗਾਉਂਦੇ ਰਹੇ। ਇਸ ਤਰ੍ਹਾਂ ਐੱਸ. ਐੱਸ. ਪੀ. ਚਾਹਲ ਇਸ ਕਾਫਲੇ ਸਮੇਤ ਬਿਆਸ ਵਾਲੇ ਪਾਸੇ ਨੂੰ ਚੱਲ ਪਿਆ ਕਿਉਂਕਿ ਸੰਤਾਂ ਨੂੰ ਲੁਧਿਆਣੇ ਲੈ ਕੇ ਜਾਣਾ ਸੀ।

Scanned with CamScanner

ਸੰਤਾਂ ਨੇ ਦੋ ਦਿਨ ਪਹਿਲਾਂ ਹੀ ਜਥੇ ਦੇ ਸਿੰਘਾਂ ਨਾਲ ਬੈਠ ਕੇ ਫੈਸਲਾ ਲੈ ਲਿਆ ਸੀ ਕਿ ਕੌਣ-ਕੌਣ ਵਿਅਕਤੀ ਉਨ੍ਹਾਂ ਦੇ ਨਾਲ ਜਾਣਗੇ ਅਤੇ ਕਿਹੜੇ-ਕਿਹੜੇ ਵਕੀਲ ਇਸ ਕੇਸ ਦੀ ਪੈਰਵਾਈ ਕਰਨਗੇ ਅਤੇ ਲੁਧਿਆਣੇ ਵਿਖੇ ਰਹਿ ਕੇ ਸਮੁੱਚੇ ਕੇਸ ਦੀ ਨਿਗਰਾਨੀ ਕੌਣ ਕਰੇਗਾ। ਇਹ ਸਭ ਕੁਝ ਪਹਿਲਾਂ ਹੀ ਤੈਅ ਹੋ ਚੁੱਕਾ ਸੀ। ਇਸੇ ਮੁਤਾਬਕ ਜਦੋਂ ਸੰਤ ਜੀ ਇਥੋਂ ਚੱਲੇ ਤਾਂ ਉਨ੍ਹਾਂ ਨਾਲ ਭਾਈ ਸੁਜਾਨ ਸਿੰਘ ਮਨਾਵਾਂ, ਭਾਈ ਆਤਮਾ ਸਿੰਘ ਚੱਕ ਮਹਿਰਾਜ (ਗੰਗਾਨਗਰ) ਨਾਲ ਬੈਠ ਗਏ ਅਤੇ ਪ੍ਰਸਿੱਧ ਵਕੀਲ ਸ. ਪੂਰਨ ਸਿੰਘ ਹੁੰਦਲ ਕੁਝ ਹੋਰ ਵਕੀਲਾਂ ਨੂੰ ਨਾਲ ਲੈ ਕੇ ਭਾਈ ਅਮਰੀਕ ਸਿੰਘ ਫੈਡਰੇਸ਼ਨ ਦੇ ਕੁਝ ਆਗੂਆਂ ਸਮੇਤ ਗੱਡੀ ਵਿੱਚ ਸਵਾਰ ਹੋ ਕੇ ਸੰਤਾਂ ਦੀ ਕਾਰ ਦੇ ਪਿੱਛੇ ਪਿੱਛੇ ਚੱਲ ਪਏ। ਇਸੇ ਤਰ੍ਹਾਂ ਲੁਧਿਆਣਾ ਸ਼ਹਿਰ ਦੇ ਵਸ਼ਨੀਕ ਸ. ਤੇਜਵੰਤ ਸਿੰਘ ਗਰੇਵਾਲ ਦੀ ਡਿਊਟੀ ਲਗਾਈ ਗਈ ਸੀ ਕਿ ਉਹ ਇਸ ਸਮੁੱਚੇ ਕੇਸ 'ਤੇ ਨਿਗਰਾਨੀ ਰੱਖਣ ਕਿ ਸੰਤਾਂ ਨੂੰ ਕਿਹੜੀ ਜਗ੍ਹਾ ਰੱਖਿਆ ਜਾਵੇਗਾ ਅਤੇ ਬਾਕੀ ਪ੍ਰਬੰਧ ਆਦਿ। ਇਸ ਲਈ ਸ. ਤੇਜਵੰਤ ਸਿੰਘ ਵੀ ਆਪਣੇ ਪੁੱਤਰ ਖੁਸ਼ਵਿੰਦਰ ਸਿੰਘ ਸਮੇਤ ਮੋਟਰਸਾਇਕਲ 'ਤੇ ਇਸ ਕਾਫਲੇ ਦੇ ਪਿੱਛੇ-ਪਿੱਛੇ ਚੱਲ ਪਏ। ਇਹ ਕਾਫਲਾ ਬਿਆਸ ਜਾ ਕੇ ਰੁਕ ਗਿਆ ਕਿਉਂਕਿ ਐੱਸ. ਐੱਸ. ਪੀ. ਚਾਹਲ ਹੋਰ ਪੁਲਿਸ ਫੋਰਸ ਦੀ ਉਡੀਕ ਕਰ ਰਿਹਾ ਸੀ ਜਿਸ ਫੋਰਸ ਨੇ ਇਨ੍ਹਾਂ ਦੇ ਨਾਲ ਚੱਲਣਾ ਸੀ। ਇਨੇ ਚਿਰ ਨੂੰ ਸ. ਤੇਜਵੰਤ ਸਿੰਘ ਵੀ ਇਨ੍ਹਾਂ ਪਾਸ ਪਹੁੰਚ ਗਏ।

ਸੰਤਾਂ ਦੇ ਮਹਿਤੇ ਤੋਂ ਚਲੇ ਜਾਣ ਬਾਅਦ ਸੰਗਤਾਂ ਬਹੁਤ ਜੋਸ਼ ਵਿੱਚ ਭਰੀਆਂ ਪੀੜੀਆਂ ਸਨ ਅਤੇ ਇਨ੍ਹਾਂ ਹਾਲਾਤਾਂ ਵਿੱਚ ਉਹ ਆਪੇ ਆਪਣੇ ਕਾਫਲਿਆਂ ਸਮੇਤ ਵਾਪਸ ਪਰਤ ਰਹੇ ਸਨ। ਅਚਾਨਕ ਸੰਗਤਾਂ ਵਿੱਚ ਇਸ ਗੱਲ ਦਾ ਰੌਲਾ ਪਿਆ ਕਿ ਮਹਿਤਾ ਚੌਕ ਦੀ ਦਾਣਾ ਮੰਡੀ ਵਿੱਚ ਸੀ. ਆਰ. ਪੀ. ਫੋਰਸਾਂ ਨੇ ਨਿਹੱਥੇ ਸਿੰਘਾਂ ਉਪਰ ਗੋਲੀਆਂ ਚਲਾ ਕੇ ਕੁੱਝ ਸਿੰਘਾਂ ਨੂੰ ਮਾਰ ਦਿੱਤਾ ਹੈ ਪਰ ਮਰਨ ਵਾਲੇ ਸਿੰਘਾਂ ਦੀ ਗਿਣਤੀ ਹਾਲੇ ਸਪੱਸ਼ਟ ਨਹੀਂ। ਸੰਗਤਾਂ ਪਹਿਲਾਂ ਹੀ ਗੁੱਸੇ ਵਿੱਚ ਸਨ ਅਜਿਹੀ ਘਟਨਾ ਦਾ ਪਤਾ ਲੱਗਦਿਆਂ ਹੀ ਸੰਗਤਾਂ ਵਿੱਚੋਂ ਕਿਸੇ ਨੌਜਵਾਨ ਨੇ ਪੁਲਿਸ ਫੋਰਸ ਦੀ ਇੱਕ ਗੱਡੀ ਨੂੰ ਅੱਗ ਲਾ ਦਿੱਤੀ ਅਤੇ ਹਾਲਾਤ ਭਾਰੀ ਤਣਾਅਪੂਰਵਕ ਬਣ ਗਏ। ਇਸ ਭਿਆਨਕ ਦ੍ਰਿਸ਼ ਨੂੰ ਦੇਖਦਿਆਂ ਹੀ ਸ. ਤੇਜਵੰਤ ਸਿੰਘ ਜੀ ਇੱਥੋਂ ਲੰਘੇ ਸਨ, ਪਰ ਹੈਰਾਨੀ ਦੀ ਗੱਲ ਇਹ ਸੀ ਕਿ ਜਦੋਂ ਸੰਤਾਂ ਨੇ ਸ਼ਾਂਤੀ ਪੂਰਵਕ ਰਹਿ ਕੇ ਆਪਣੇ ਆਪ ਨੂੰ ਪੁਲਿਸ ਹਵਾਲੇ ਕਰ ਦਿੱਤਾ ਤਾਂ ਸਿੰਘਾਂ ਉਪਰ ਗੋਲੀਆਂ ਕਿਸ ਕਾਰਨ ਚਲਾਈਆਂ ਗਈਆਂ। ਸਿੱਖ ਆਗੂਆਂ ਦਾ ਖਿਆਲ ਹੈ ਕਿ ਇਹ ਸਭ ਗਿਣੀ ਮਿਥੀ ਸਾਜਿਸ਼ ਅਧੀਨ ਕੀਤਾ ਗਿਆ, ਤਦ ਤੱਕ ਪੜਤਾ ਵੀ ਲੱਗ ਚੁੱਕਾ ਸੀ ਕਿ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਗਿਣਤੀ ਡੇਢ ਦਰਜਨ ਤੱਕ ਪੁੱਜ ਗਈ ਹੈ।

ਉਧਰ ਜਦੋਂ ਸ. ਤੇਜਵੰਤ ਸਿੰਘ ਨੇ ਸੰਤਾਂ ਨੂੰ ਦੱਸਿਆ ਕਿ ਤੁਹਾਡੇ ਉਥੇ ਆਉਣ ਤੋਂ ਬਾਅਦ ਨਿਹੱਥੇ ਸਿੰਘਾਂ ਉਪਰ ਗੋਲੀ ਚਲਾ ਕੇ ਪੁਲਿਸ ਨੇ ਬਹੁਤ ਸਾਰੇ ਸਿੰਘਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਹੈ। ਇਸ ਬਾਰੇ ਸੰਤਾਂ ਨੇ ਜਦੋਂ ਐੱਸ. ਐੱਸ. ਪੀ. ਚਾਹਲ ਨੂੰ ਪੁੱਛਿਆ ਕਿ ਇਹ ਕੀ ਹੋ ਰਿਹਾ ਹੈ ਤਾਂ ਉਸ ਨੇ ਵੀ ਬੇਵੱਸੀ ਜ਼ਾਹਿਰ ਕੀਤੀ ਕਿ ਮੈਂ ਤਾਂ ਤੁਹਾਨੂੰ ਲੈ ਕੇ ਇਥੇ ਪੁੱਜਾ ਹਾਂ ਅਤੇ ਮੇਰੀ ਵਾਇਰਲੈਸ ਵੀ ਟੁੱਟ ਚੁੱਕੀ ਹੈ। ਇਸ ਲਈ ਮੈਨੂੰ ਪਿੱਛੇ ਵਾਪਰੀ ਘਟਨਾ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਧਰ ਜਿਹੜੀ ਪੁਲਿਸ ਫੋਰਸ ਨੇ ਸੰਤਾਂ ਨਾਲ ਚੱਲਣਾ ਸੀ ਉਹ ਵੀ ਬਿਆਸ ਪਹੁੰਚ ਗਏ। ਉਨ੍ਹਾਂ ਕੋਲੋਂ ਐੱਸ. ਐੱਸ. ਪੀ. ਚਾਹਲ ਨੇ ਉਥੇ ਵਾਪਰੀ ਘਟਨਾ ਬਾਰੇ ਜਾਣਕਾਰੀ ਲੈਣੀ ਚਾਹੀ ਤਾਂ ਉਨ੍ਹਾਂ ਨੇ ਵੀ ਬੇਵਸੀ ਜ਼ਾਹਿਰ ਕੀਤੀ। ਇਸ ਤੋਂ ਬਾਅਦ ਇਹ ਫੋਰਸ ਦਾ ਕਾਫਲਾ ਸੰਤਾ ਨੂੰ ਲੈ ਕੇ ਲੁਧਿਆਣੇ ਨੂੰ ਚੱਲ ਪਿਆ। ਜਦੋਂ ਫਿਲੌਰ ਲੰਘ ਕੇ ਲੋਹੁਵਾਲ ਪਹੁੰਚੇ ਤਾਂ ਉਥੇ ਲੁਧਿਆਣੇ ਦਾ ਐੱਸ. ਐੱਸ. ਪੀ. ਡੀ. ਆਰ. ਭੱਟੀ ਆਪਣੀ ਫੋਰਸ ਸਮੇਤ ਖੜ੍ਹਾ ਸੀ। ਉਸ ਨੇ ਇਸ਼ਾਰਾ ਕੀਤਾ ਕਿ ਲੋਹੁਵਾਲ ਤੋਂ ਸੱਜੇ ਪਾਸੇ ਪਿੰਡ ਹੰਬੜਾਂ ਨੂੰ ਜਾ ਰਹੀ ਸੜਕ ਰਾਹੀਂ ਸੰਤਾਂ ਨੂੰ ਨਹਿਰ ਕਿਨਾਰੇ ਬਣੇ ਬਾਸੀਆਂ ਰੈਸਟ ਹਾਊਸ (ਨੇੜੇ ਮੁੱਲਾਂਪੁਰ ਦਾਖਾ) ਵਿੱਚ ਲਿਜਾਇਆ ਜਾਵੇਗਾ। ਪਰ ਸੰਤਾਂ ਨੇ ਗੱਡੀਆਂ ਨੂੰ ਰੋਕਣ ਲਈ ਕਿਹਾ ਕਿਉਂਕਿ ਲੁਧਿਆਣਾ ਸ਼ਹਿਰ ਦੇ ਸਿੱਖ ਆਗੂ ਜਿਨ੍ਹਾਂ ਵਿੱਚ ਸ. ਸੁਰਜਨ ਸਿੰਘ ਠੇਕੇਦਾਰ, ਹੀਰਾ ਸਿੰਘ ਗਾਬੜੀਆ, ਬਸੰਤ ਸਿੰਘ ਖ਼ਾਲਸਾ, ਰਣਜੀਤ ਸਿੰਘ ਨਾਮ, ਜਥੇਦਾਰ ਸਰੂਪ ਸਿੰਘ ਆਦਿ ਸੰਤਾਂ ਨੂੰ ਦੱਸ ਕੇ ਗਏ ਸਨ ਕਿ ਅਸੀਂ ਬਾਈਪਾਸ ਚੌਕ 'ਤੇ ਉਡੀਕ ਕਰਾਂਗੇ। ਇਸ ਲਈ ਸੰਤਾਂ ਨੇ ਐੱਸ. ਐੱਸ. ਪੀ. ਚਾਹਲ ਨੂੰ ਦੱਸਿਆ ਕਿ ਕੁਝ ਸਿੰਘ ਬਾਈਪਾਸ ਚੌਕ 'ਤੇ ਉਡੀਕ ਰਹੇ ਹੋਣਗੇ ਇਸ ਲਈ ਉਧਰ ਦੀ ਹੀ ਚੱਲਿਆ ਜਾਵੇ। ਉਸ ਤੋਂ ਬਾਅਦ ਤੁਸੀਂ ਆਪਣੇ ਪ੍ਰੋਗਰਾਮ ਮੁਤਾਬਕ ਜਿਥੇ ਮਰਜ਼ੀ ਲੈ ਜਾਇਓ। ਇੰਨਾ ਸੁਣਦਿਆਂ ਹੀ ਐੱਸ.

Scanned with CamScanner

ਐਸ. ਪੀ. ਚਾਹਲ ਨੇ ਡੀ. ਆਰ. ਭੱਟੀ ਨੂੰ ਆਪਣੇ ਕੋਲ ਬੁਲਾਇਆ ਅਤੇ ਉਸ ਨੂੰ ਦੱਸਿਆ ਕਿ ਇਥੋਂ ਸਿੱਧਾ ਹੀ ਚੱਲਣਾ ਹੈ। ਇਸ ਤੇ ਭੱਟੀ ਕੁੱਝ ਨਹੀਂ ਬੋਲਿਆ ਅਤੇ ਇਹ ਕਾਫਲਾ ਜਿਉਂ ਹੀ ਬਾਈਪਾਸ ਚੌਕ ਤੇ ਪਹੁੰਚਿਆ ਤਾਂ ਉਥੇ ਉਪਰੋਕਤ ਸਿੱਖ ਆਗੂਆਂ ਨੇ ਸੰਗਤਾਂ ਸਮੇਤ ਸੰਤਾਂ ਦੇ ਹੱਕ ਵਿੱਚ ਨਾਅਰੇ ਲਾਏ ਅਤੇ ਫੁੱਲਾਂ ਦੀ ਵਰਖਾ ਕੀਤੀ। ਇਸ ਸਥਿਤੀ ਨੂੰ ਦੇਖਦਿਆਂ ਪੁਲਿਸ ਅਫਸਰਾਂ ਨੇ ਤੁਰੰਤ ਹੀ ਫੈਸਲਾ ਲੈ ਲਿਆ ਕਿ ਸੰਤਾਂ ਨੂੰ ਘੰਟਾਘਰ ਚੌਕ ਵੱਲ ਵੀ ਨਾ ਲਿਜਾਇਆ ਜਾਏ ਕਿਉਂਕਿ ਇਸ ਤਰ੍ਹਾਂ ਸ਼ਹਿਰ ਵਿੱਚ ਸੰਗਤਾਂ ਦੇ ਜਜ਼ਬਾਤ ਭੜਕ ਸਕਦੇ ਹਨ। ਇਸ ਤਰ੍ਹਾਂ ਬਾਈਪਾਸ ਚੌਕ 'ਤੇ ਇਹ ਕਾਫਲਾ ਜਿਆਦਾ ਸਮਾਂ ਨਹੀਂ ਰੁਕਿਆ ਬਲਕਿ ਚੱਲਦਿਆਂ-ਚੱਲਦਿਆਂ ਹੀ ਅੱਗੇ ਲੰਘ ਗਿਆ ਅਤੇ ਇਥੋਂ ਸਿੱਧਾ ਸਮਰਾਲਾ ਚੌਕ ਵੱਲ ਦੀ ਘੁੰਮਾ ਕੇ ਅਤੇ ਆਮ ਰਸਤਿਆਂ ਤੋਂ ਪਾਸੇ ਦੀ ਮੁੱਲਾਂਪੁਰ ਦੇ ਨੇੜੇ ਹੀ ਬਾਸੀਆ ਰੈਸਟ ਹਾਊਸ ਵਿੱਚ ਲੈ ਗਏ। ਪਰ ਇਸ ਬਾਰੇ ਕਿਸੇ ਨੂੰ ਕੁੱਝ ਵੀ ਪਤਾ ਨਹੀਂ ਸੀ ਕਿ ਸੰਤਾਂ ਨੂੰ ਇਥੇ ਲਿਆਂਦਾ ਜਾਵੇਗਾ।

ਜਥੇਦਾਰ ਤੇਜਵੰਤ ਸਿੰਘ ਦਾ ਘਰ ਵੀ ਰਸਤੇ ਵਿੱਚ ਹੀ ਜਗਰਾਓਂ ਪੁਲ ਨੇੜੇ ਸੀ। ਇਸ ਲਈ ਉਸ ਨੇ ਮੋਟਰਸਾਇਕਲ ਘਰੇ ਛੱਡ ਕੇ ਆਪਣੀ ਜੀਪ ਲੈ ਕੇ ਸੰਤਾਂ ਦਾ ਪਿੱਛਾ ਕੀਤਾ। ਉਸ ਨੇ ਕਈ ਪੁਲਿਸ ਵਾਲਿਆਂ ਨੂੰ ਪੁੱਛਿਆ ਕਿ ਸੰਤਾਂ ਨੂੰ ਕਿਸ ਜਗ੍ਹਾ ਲੈ ਕੇ ਗਏ ਹਨ। ਸ਼ਾਇਦ ਪੁਲਿਸ ਵਾਲਿਆਂ ਨੂੰ ਵੀ ਇਸ ਬਾਰੇ ਕੋਈ ਭੇਦ ਨਹੀਂ ਸੀ। ਫਿਰ ਅਚਾਨਕ ਹੀ ਰਸਤੇ ਵਿੱਚ ਗਿਆਨੀ ਗੁਰਦੇਵ ਸਿੰਘ ਲਲਤੋਂ ਮਿਲ ਪਏ। ਉਨ੍ਹਾਂ ਤੋਂ ਪਤਾ ਲੱਗਾ ਕਿ ਸੰਤਾਂ ਨੂੰ ਬਾਸੀਆਂ ਰੈਸਟ ਹਾਊਸ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਤੋਂ ਹੀ ਪੁੱਛਿਆ ਕਿ ਇਹ ਰੈਸਟ ਹਾਊਸ ਕਿਥੇ ਹੈ ਤਾਂ ਗਿਆਨੀ ਲਲਤੋਂ ਨੇ ਦਿਹਾ ਇਹ ਮੁੱਲਾਂਪੁਰ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਹੈ ਤਾਂ ਸ. ਤੇਜਵੰਤ ਸਿੰਘ ਨੇ ਹੈਰਾਨੀ ਨਾਲ ਪੁੱਛਿਆ ਕਿ ਬੱਸੀਆਂ ਤਾਂ ਰਾਏਕੋਟ ਦੇ ਨਜਦੀਕ ਹਨ ਤਾਂ ਸ. ਲਲਤੋਂ ਨੇ ਕਿਹਾ ਕਿ ਉਹ ਬੱਸੀਆਂ ਹਨ ਇਹ ਬਾਸੀਆਂ ਹੈ। ਇਸ ਉਪਰੰਤ ਸ. ਤੇਜਵੰਤ ਸਿੰਘ ਵਾਪਸ ਘਰ ਪਰਤ ਗਏ। ਸ਼ਾਮ ਦਾ ਲੰਗਰ ਤਿਆਰ ਕਰਵਾਇਆ ਅਤੇ ਜੀਪ 'ਤੇ ਬਾਸੀਆਂ ਰੈਸਟ ਹਾਊਸ ਵੱਲ ਚਲ ਪਏ। ਇਨ੍ਹਾਂ ਨੇ ਨਾਲ ਹੀ ਆਪਣੇ ਛੋਟੇ ਬੇਟੇ ਕਾਕਾ ਜਸਤੇਜ ਸਿੰਘ ਜਿਸਦੀ ਉਮਰ ਕੇਵਲ 11 ਸਾਲ ਦੀ ਸੀ ਅਤੇ ਵੱਡੇ ਭਾਈ ਸ. ਕੁਲਬੀਰ ਸਿੰਘ ਦੇ ਪੁੱਤਰ ਕਾਕਾ ਅਨੰਤਬੀਰ ਸਿੰਘ ਨੂੰ ਨਾਲ ਲਿਆ (ਕਿਉਂਕਿ ਸਿਆਣੀ ਉਮਰ ਦੇ ਆਦਮੀਆਂ ਨੂੰ ਉੱਥੇ ਜਾਣ 'ਤੇ ਪਾਬੰਦੀ ਸੀ)। ਜਦੋਂ ਰੈਸਟ ਹਾਊਸ ਦੇ ਨੇੜੇ ਪਹੁੰਚੇ ਤਾਂ ਅੱਗੇ ਬੀ. ਐੱਸ. ਐੱਫ. ਦਾ ਨਾਕਾ ਲੱਗਾ ਹੋਇਆ ਸੀ। ਉਨ੍ਹਾਂ ਨੇ ਰੋਕ ਕੇ ਪੁੱਛਿਆ ਕਿ ਤੁਸੀਂ ਕਿੱਥੇ ਜਾਣਾ ਹੈ? ਤਾਂ ਇਨ੍ਹਾਂ ਸਾਫ ਦੱਸਿਆ ਕਿ ਅਸੀਂ ਭਿੰਡਰਾਂਵਾਲੇ ਸੰਤਾਂ ਨੂੰ ਮਿਲਣਾ ਹੈ। ਉਨ੍ਹਾਂ ਮਨ੍ਹਾਂ ਕਰ ਦਿੱਤਾ ਕਿ ਤੁਸੀਂ ਵਾਪਸ ਚਲੇ ਜਾਓ ਉਨ੍ਹਾਂ ਨੂੰ ਕੋਈ ਨਹੀਂ ਮਿਲ ਸਕਦਾ ਅਤੇ ਦੁਬਾਰਾ ਉਨ੍ਹਾਂ ਨੂੰ ਕਿਹਾ ਕਿ ਅਸੀਂ ਉਨ੍ਹਾਂ ਲਈ ਲੰਗਰ ਆਦਿ ਦਾ ਪ੍ਰਬੰਧ ਕਰਕੇ ਆਏ ਹਾਂ ਕਿਉਂਕਿ ਉਨ੍ਹਾਂ ਨੇ ਤੁਹਾਡੇ ਕੋਲੋਂ ਲੰਗਰ ਨਹੀਂ ਛਕਣਾ ਤਾਂ ਸੀ. ਆਰ. ਪੀ. ਵਾਲਿਆਂ ਨੇ ਉੱਥੇ ਦੇ ਇੰਚਾਰਜ ਡੀ. ਐੱਸ. ਪੀ. ਸ਼ਹਾਲ ਸਿੰਘ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਨੂੰ ਆਉਣ ਦਿੱਤਾ ਜਾਵੇ। ਜਦੋਂ ਸ. ਤੇਜਵੰਤ ਸਿੰਘ ਹੁਰੀਂ ਉਥੇ ਪਹੁੰਚੇ ਤਾਂ ਬਿਲਕੁਲ ਸੁੰਨਸਾਨ ਮਾਹੌਲ ਸੀ। ਅੱਗੇ ਹੌਲਦਾਰ ਸੰਪੂਰਨ ਸਿੰਘ ਪਹਿਰੇ 'ਤੇ ਖੜ੍ਹੇ ਸਨ ਜੋ ਕਿ ਸ਼ਾਮ ਨੂੰ ਸੰਤਾਂ ਵਾਸਤੇ ਦੁੱਧ ਲੈ ਕੇ ਆਏ ਸਨ ਤਾਂ ਉਨ੍ਹਾਂ ਨੇ ਸੰਤਾਂ ਨੂੰ ਕਿਹਾ ਕਿ ਅਸੀਂ ਆਪਣੇ ਹੱਥੀਂ ਇਹ ਦੁੱਧ ਚੁਆ ਕੇ ਲਿਆਏ ਹਾਂ ਇਸ ਲਈ ਤੁਸੀਂ ਇਹ ਦੁੱਧ ਪੀ ਲਵੋ ਤਾਂ ਸੰਤਾਂ ਨੇ ਕਿਹਾ ਕਿ ਤੁਸੀਂ ਆਪਣੇ ਹੱਥੀਂ ਲਿਆਏ ਹੋ ਤਾਂ ਆਪਣੇ ਹੱਥੀਂ ਹੀ ਪੀ ਲਵੋ। ਇਸ ਲਈ ਇਨ੍ਹਾਂ ਪੁਲਿਸ ਅਫਸਰਾਂ ਨੂੰ ਰਾਤ ਦੇ ਖਾਣੇ ਦਾ ਫਿਕਰ ਸੀ ਕਿ ਸੰਤਾਂ ਨੇ ਸਾਡੇ ਕੋਲੋਂ ਖਾਣਾ ਵੀ ਨਹੀਂ ਖਾਣਾ। ਪਰ ਜਦੋਂ ਵੇਖਿਆ ਕਿ ਸੰਤਾਂ ਦੇ ਨਜ਼ਦੀਕੀ ਸਿੰਘ ਖਾਣਾ ਲੈ ਕੇ ਆਏ ਹਨ ਤਾਂ ਇਨ੍ਹਾਂ ਅਫਸਰਾਂ ਨੇ ਕੁੱਝ ਰਾਹਤ ਮਹਿਸੂਸ ਕੀਤੀ। ਜਦੋਂ ਸ. ਤੇਜਵੰਤ ਸਿੰਘ ਦੋਵੇਂ ਬੱਚਿਆਂ ਸਮੇਤ ਰੈਸਟ ਹਾਊਸ ਦੇ ਅੰਦਰ ਜਾਣ ਲੱਗੇ ਤਾਂ ਹੌਲਦਾਰ ਸੰਪੂਰਨ ਸਿੰਘ ਨੇ ਛੋਟੇ ਕਾਕੇ ਜਸਤੇਜ ਸਿੰਘ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਤੁਸੀਂ ਦੋਵੇਂ ਚਲੇ ਜਾਵੋ। ਇਸ ਤਰ੍ਹਾਂ ਉਸ ਕਾਕੇ ਨੂੰ ਜੀਪ ਵਿੱਚ ਹੀ ਛੱਡ ਕੇ ਇਹ ਦੋਵੇਂ ਜਣੇ ਅੰਦਰ ਚਲੇ ਗਏ। ਜਦ ਅੰਦਰ ਗਏ ਤਾਂ ਵੇਖਿਆ ਕਿ ਸੰਤ ਜੀ ਇੱਕ ਮੰਜੇ 'ਤੇ ਬੈਠੇ ਹਨ ਅਤੇ ਉਨ੍ਹਾਂ ਦੇ ਸਾਹਮਣੇ ਚਾਰ-ਪੰਜ ਕੁਰਸੀਆਂ ਲੱਗੀਆਂ ਹੋਈਆਂ ਹਨ ਜਿਨ੍ਹਾਂ ਉਪਰ ਪੁਲਿਸ ਅਫਸਰ ਬੈਠੇ ਸੰਤਾਂ ਕੋਲੋਂ ਪੁੱਛਗਿੱਛ ਕਰ ਰਹੇ ਸਨ। ਇਨ੍ਹਾਂ ਅਫਸਰਾਂ ਵਿੱਚ ਵੱਖ-ਵੱਖ ਜਿਲ੍ਹਿਆਂ ਦੇ ਡੀ. ਐੱਸ. ਪੀ. ਮੌਜੂਦ ਸਨ ਅਤੇ ਨੇੜ ਹੀ ਸੰਤਾਂ ਨਾਲ ਦੋ ਸਿੰਘ ਭਾਈ ਸੁਜਾਨ ਸਿੰਘ ਮਨਾਵਾਂ ਅਤੇ ਭਾਈ ਆਤਮਾ ਸਿੰਘ ਚੱਕ ਮਹਿਰਾਜ ਵੀ ਪਾਸ ਹੀ ਬੈਠੇ

Scanned with CamScanner

ਸਨ। ਸੰਤਾਂ ਨੇ ਜਿਉਂ ਹੀ ਸ. ਤੇਜਵੰਤ ਸਿੰਘ ਵੱਲ ਵੇਖਿਆ ਤਾਂ ਪੁੱਛਿਆ ਕਿਉਂ ਭਾਈ ਆ ਗਏ ਅਤੇ ਨਾਲ ਹੀ ਕਹਿਣ ਲੱਗੇ ਕਿ ਮੈਂ ਤਾਂ ਇਹ ਸੋਚ ਕੇ ਮਹਿਤੇ ਤੋਂ ਚੱਲਿਆ ਸਾਂ ਕਿ ਇਹ ਲੋਕ ਮੈਨੂੰ ਰੇੜਾਂ ਅਤੇ ਘੋੜਿਆਂ ਦੇ ਆਸਣ 'ਤੇ ਬਿਠਾਉਣਗੇ ਪਰ ਇਨ੍ਹਾਂ ਨੇ ਮੈਨੂੰ ਮੰਜੇ ਉਪਰ ਬਿਠਾਇਆ ਹੈ। ਇਸ ਤਰ੍ਹਾਂ ਦੇ ਆਸਣ ਤਾਂ ਕਈ ਵਾਰ ਆਮ ਤੌਰ ਤੇ ਬਾਹਰ ਵੀ ਨਹੀਂ ਮਿਲਦੇ। ਇੰਨੇ ਨੂੰ ਪੁਲਿਸ ਅਫਸਰਾਂ ਨੇ ਕਿਹਾ ਕਿ ਆਪ ਜੀ ਖਾਣਾ ਖਾਓ ਬਾਕੀ ਗੱਲਬਾਤ ਬਾਅਦ ਵਿੱਚ ਕਰਾਂਗੇ। ਸੰਤਾਂ ਨੇ ਪ੍ਰਸ਼ਾਦਾ ਛਕਣ ਲੱਗਿਆਂ ਪੁੱਛਿਆ ਕਿ ਬਾਹਰ ਕੋਈ ਹੋਰ ਸਿੰਘ ਵੀ ਹੈ ਤਾਂ ਇਨ੍ਹਾਂ ਦੱਸਿਆ ਕਿ ਛੋਟਾ ਭੁਝੰਗੀ ਜਸਤੇਜ ਸਿੰਘ ਹੈ ਉਸ ਨੂੰ ਪੁਲਿਸ ਨੇ ਬਾਹਰ ਹੀ ਰੋਕ ਲਿਆ। ਸੰਤ ਕਹਿਦੇ ਕਿਉਂ ਭਾਈ ਉਸ ਨੂੰ ਵੀ ਆਉਣ ਦਿਉ ਅਤੇ ਵਿਸ਼ੇਸ਼ ਤੌਰ 'ਤੇ ਡੀ. ਐੱਸ. ਪੀ. ਬਹਾਲ ਸਿੰਘ ਨੂੰ ਪੁੱਛਿਆ ਕਿ ਤੁਹਾਡੇ ਐਡੇ ਵੱਡੇ ਪਹਿਰੇ ਲੱਗੇ ਹੋਏ ਹਨ ਤੇ ਇੱਕ ਛੋਟੇ ਜਿਹੇ ਭੁਝੰਗੀ ਤੋਂ ਤੁਹਾਨੂੰ ਕੀ ਡਰ ਹੈ? ਇਸ ਤਰ੍ਹਾਂ ਉਸ ਨੂੰ ਵੀ ਅੰਦਰ ਸੱਦ ਲਿਆ ਅਤੇ ਪਿਆਰ ਨਾਲ ਆਪਣੇ ਕੋਲ ਬਿਠਾਇਆ। ਇਹ ਸਿੰਘ ਪ੍ਰਸ਼ਾਦਾ ਛਕਾ ਕੇ ਵਾਪਸ ਪਰਤ ਗਏ ਅਤੇ ਪੁਲਿਸ ਅਫਸਰ ਰਾਤ ਦੇਰ ਤੱਕ ਸੰਤਾਂ ਤੋਂ ਪੁੱਛਗਿੱਛ ਕਰਦੇ ਰਹੇ।

ਇਸੇ ਦੌਰਾਨ ਜਲੰਧਰ ਵਿਖੇ ਇੱਕ ਹੋਰ ਘਟਨਾ ਵਾਪਰ ਗਈ

ਜਿਨ੍ਹਾਂ ਸਿੰਘਾਂ ਦੀ ਵਿਸ਼ੇਸ਼ ਮੀਟਿੰਗ ਕਰਕੇ ਸੰਤਾਂ ਨੇ ਸਮੁੱਚੇ ਪ੍ਰੋਗਰਾਮ ਨੂੰ ਸ਼ਾਂਤਮਈ ਢੰਗ ਨਾਲ ਨਿਭਾਉਣ ਦੀ ਜ਼ੁੰਮੇਵਾਰੀ ਲਗਾਈ ਸੀ ਉਨ੍ਹਾਂ ਜਦ ਵੇਖਿਆ ਕਿ ਸੰਤਾਂ ਵੱਲੋਂ ਬੇਸ਼ੁਮਾਰ ਸੰਜੀਦਗੀ ਵਰਤਣ ਤੋਂ ਬਾਅਦ ਵੀ ਕੇਂਦਰ ਅਤੇ ਪੰਜਾਬ ਸਰਕਾਰ ਦੀ ਬਦਨੀਯਤ ਉਸੇ ਤਰ੍ਹਾਂ ਹੀ ਹੈ। ਇਸੇ ਲਈ ਡੇਢ ਦਰਜਨ ਸਿੰਘਾਂ ਨੂੰ ਕਤਲ ਕਰ ਦਿੱਤਾ ਗਿਆ ਅਤੇ ਅੱਜਿਹਾ ਨਾ ਹੋਵੇ ਕਿ ਰਸਤੇ ਵਿੱਚ ਜਾਂਦਿਆਂ ਕਿਸੇ ਤਰ੍ਹਾਂ ਦੀ ਹੁਲੜਬਾਜੀ ਦਾ ਬਹਾਨਾ ਬਣਾ ਕੇ ਸੰਤਾਂ ਦਾ ਨੁਕਸਾਨ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਦੀਆਂ ਵਿਚਾਰਾਂ ਸੋਚ ਕੇ ਕੁਝ ਸਿੰਘ ਆਪੋ ਆਪਣੇ ਵਸੀਲਿਆਂ ਨਾਲ ਸੰਤਾਂ ਦੇ ਕਾਫਲੇ ਪਿੱਛੇ ਚਲੇ ਗਏ। ਜਦੋਂ ਸੰਤਾਂ ਨੂੰ ਲੈ ਕੇ ਪੁਲਿਸ ਫੋਰਸ ਜਲੰਧਰ ਵਿੱਚ ਦੀ ਲੰਘ ਰਹੀ ਸੀ ਤਾਂ ਇੱਥੇ ਕੁੱਝ ਨਕਲੀ ਨਿਰੰਕਾਰੀ ਅਤੇ ਲਾਲਾ ਜਗਤ ਨਾਰਾਇਣ ਦੇ ਸਮਰਥਕਾਂ ਨੇ ਸੰਤਾਂ ਦੀ ਗ੍ਰਿਫਤਾਰੀ ਦਾ ਜਸ਼ਨ ਮਨਾਉਂਦਿਆਂ ਸੰਤਾਂ ਵਿਰੁੱਧ ਨਾਹਰੇਬਾਜੀ ਕੀਤੀ। ਪਿੱਛੇ ਕੁੱਝ ਦੂਰੀ 'ਤੇ ਆ ਰਹੇ ਕੁੱਝ ਸਿੰਘ ਜੋ ਮਹਿਤੇ ਵਿਖੇ ਸਿੰਘਾਂ ਦੇ ਕਤਲੇਆਮ ਤੋਂ ਪਹਿਲਾਂ ਹੀ ਦੁਖੀ ਸਨ ਉਨ੍ਹਾਂ ਵੇਖਿਆ ਕਿ ਕੁੱਝ ਹੁਲੜਬਾਜ ਸੰਤਾਂ ਵਿਰੁੱਧ ਘਿਨਾਉਣੀ ਨਾਅਰੇਬਾਜੀ ਕਰ ਰਹੇ ਹਨ ਤਾਂ ਇਨ੍ਹਾਂ ਸਿੰਘਾਂ ਨੇ ਉਨ੍ਹਾਂ ਹੁਲੜਬਾਜਾਂ ਉਪਰ ਗੋਲੀ ਚਲਾ ਦਿੱਤੀ। ਇਸ ਨਾਲ ਤਿੰਨ ਵਿਅਕਤੀ ਮੌਕੇ 'ਤੇ ਹੀ ਮਾਰੇ ਗਏ ਅਤੇ ਕੁਝ ਫੱਟੜ ਹੋ ਗਏ। ਪਰ ਗੋਲੀਆਂ ਚਲਾਉਣ ਵਾਲੇ ਵਿਅਕਤੀ ਮੋਟਰਸਾਈਕਲਾਂ 'ਤੇ ਫਰਾਰ ਹੋ ਗਏ।

ਜਸਟਿਸ ਗੁਰਦਰਸ਼ਨ ਕੁਮਾਰ ਰਾਏ (ਜੀ.ਕੇ.ਰਾਏ) ਦੀ ਅਦਾਲਤ ਵਿਖੇ ਸੁਣਵਾਈ

ਅਗਲੇ ਦਿਨ 21 ਸਤੰਬਰ 1981 ਨੂੰ ਇਥੇ ਹੀ ਜਸਟਿਸ ਜੀ. ਕੇ. ਰਾਏ ਨੇ ਬਾਸੀਆਂ ਰੈਸਟ ਹਾਊਸ ਵਿਖੇ ਅਦਾਲਤ ਲਾਈ ਅਤੇ ਸੰਤਾਂ ਵੱਲੋਂ ਜਿਹੜੇ ਵਕੀਲ ਪੇਸ਼ ਹੋਏ ਉਨ੍ਹਾਂ ਵਿੱਚ ਸ. ਬਲਦੇਵ ਸਿੰਘ ਬਿੰਦਰਾ, ਸ. ਪੂਰਨ ਸਿੰਘ ਹੁੰਦਲ, ਸ. ਜਗਜੀਤ ਸਿੰਘ, ਸ. ਗੁਰਚਰਨ ਸਿੰਘ ਬੱਲ, ਸ. ਡੀ. ਐੱਸ. ਗਿੱਲ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਸੰਤਾਂ ਦਾ 25 ਸਤੰਬਰ ਤੱਕ ਪੁਲਿਸ ਰਿਮਾਂਡ ਦੇ ਦਿੱਤਾ ਅਤੇ ਅਦਾਲਤ ਉਠਾ ਦਿੱਤੀ। ਹੁਣ ਤੱਕ ਕੁੱਝ ਕੁ ਸਿੱਖ ਆਗੂਆਂ ਨੂੰ ਪਤਾ ਲੱਗ ਚੁੱਕਾ ਸੀ ਕਿ ਸੰਤਾਂ ਨੂੰ ਇਸ ਜਗ੍ਹਾ ਵਿਖੇ ਰੱਖਿਆ ਗਿਆ ਹੈ। ਇਸ ਲਈ ਸ਼ਾਮ ਨੂੰ ਸੁਰਜਨ ਸਿੰਘ ਠੇਕੇਦਾਰ ਅਤੇ ਬਸੰਤ ਸਿੰਘ ਖਾਲਸਾ ਕੁੱਝ ਹੋਰ ਆਗੂਆਂ ਸਮੇਤ ਸੰਤਾਂ ਨੂੰ ਮਿਲੇ ਤਾਂ ਇਥੇ ਹੀ ਡੀ. ਐੱਸ. ਪੀ. ਬਹਾਲ ਸਿੰਘ ਨੇ ਬਸੰਤ ਸਿੰਘ ਖਾਲਸਾ ਨੂੰ ਪਾਸੇ ਲਿਜਾ ਕੇ ਦੱਸਿਆ ਕਿ ਕੱਲ੍ਹ ਮਹਿਤੇ ਵਿਖੇ ਸੰਗਤਾਂ ਦਾ ਭਾਰੀ ਇਕੱਠ ਹੋਣ ਕਾਰਨ ਸੰਤ ਆਪਣਾ ਜੋੜਾ ਵੀ ਨਹੀਂ ਪਾ ਸਕੇ ਸਨ। ਇਸ ਲਈ ਜੁਸੀ ਇਨ੍ਹਾਂ ਦੇ ਜੋੜੇ ਦਾ ਪ੍ਰਬੰਧ ਕਰੋ ਤਾਂ ਉਸ ਨੇ ਉਸੇ ਵੇਲੇ ਮੁੱਲਾਂਪੁਰ ਤੋਂ ਜੋੜਾ ਲਿਆ ਕੇ ਸੰਤਾਂ ਨੂੰ ਪਹਿਨਾਇਆ।

(ਇਥੇ ਇੱਕ ਗੱਲ ਵਰਨਣਯੋਗ ਹੈ ਕਿ ਆਮ ਤੌਰ 'ਤੇ ਪੁਲਿਸ ਨੂੰ ਵੇਖਦਿਆਂ ਹੀ ਡਰਦੇ ਲੋਕ ਬਿਨ੍ਹਾਂ ਜੋੜਾ

Scanned with CamScanner

ਪਾਇਆ ਹੀ ਦੌੜ ਜਾਂਦੇ ਹਨ ਪਰ ਸੰਤਾਂ ਦੀ ਗ੍ਰਿਫਤਾਰੀ ਸਮੇਂ ਸਭ ਕੁਝ ਇਸ ਤੋਂ ਉਲਟ ਹੋਇਆ ਕਿਉਂਕਿ ਗ੍ਰਿਫਤਾਰੀ ਦੇਣ ਲਈ ਸੰਤ ਸੰਗਤਾਂ ਵਿੱਚੋਂ ਕਾਹਲੀ ਨਾਲ ਬਿਨ੍ਹਾਂ ਪੈਰੀਂ ਜੋੜਾ ਪਾਇਆ ਹੀ ਨਿਕਲੇ ਅਤੇ ਤੇਜੀ ਨਾਲ ਪੁਲਿਸ ਦੀਆਂ ਗੱਡੀਆਂ ਤੱਕ ਪਹੁੰਚੇ ਅਤੇ ਸਰਕਾਰ ਦੇ ਸਭ ਭਰਮ ਭੁਲੇਖੇ ਵੀ ਦੂਰ ਕਰ ਦਿੱਤੇ)।

ਸੰਤਾਂ ਦੇ ਪੁਲਿਸ ਰਿਮਾਂਡ ਸਬੰਧੀ ਸੂਚਨਾ ਮਿਲਦਿਆਂ ਹੀ ਵੱਡੇ ਪੁਲਿਸ ਅਫਸਰ ਨੇ 21 ਸਤੰਬਰ ਦੀ ਦੇਰ ਰਾਤ ਸੰਤਾਂ ਨੂੰ ਬਾਸੀਆਂ ਰੈਸਟ ਹਾਊਸ ਤੋਂ ਬਦਲ ਕੇ ਸਮਰਾਲਾ ਮਾਛੀਵਾੜਾ ਰੋਡ 'ਤੇ ਸਥਿਤ ਗੜ੍ਹੀ ਨਹਿਰੀ ਰੈਸਟ ਹਾਊਸ ਵਿੱਚ ਲੈ ਗਏ। ਅਗਲੀ ਸਵੇਰ ਜਦੋਂ ਸੰਤਾਂ ਦੇ ਸਿੰਘ ਜਲ ਪਾਣੀ ਆਦਿ ਲੈ ਕੇ ਪਹੁੰਚੇ ਤਾਂ ਵੇਖਿਆ ਕਿ ਇਥੇ ਤਾਂ ਸੁੰਨਸਾਨ ਹੈ। ਪੁੱਛਣ ਤੋਂ ਪਤਾ ਲੱਗਾ ਕਿ ਰਾਤੀਂ ਸੰਤਾਂ ਦਾ ਟਿਕਾਣਾ ਇਥੋਂ ਬਦਲ ਦਿੱਤਾ ਗਿਆ ਹੈ। ਪਰ ਸਾਨੂੰ ਨਹੀਂ ਪਤਾ ਕਿ ਹੁਣ ਉਨ੍ਹਾਂ ਨੂੰ ਕਿੱਥੇ ਰੱਖਿਆ ਗਿਆ ਹੈ। ਇਸ ਸਬੰਧ ਵਿੱਚ ਸ. ਤੇਜਵੰਤ ਸਿੰਘ ਨੇ ਐੱਸ. ਐੱਸ. ਪੀ. ਨਾਲ ਰਾਬਤਾ ਕਰਕੇ ਪੁੱਛਿਆ ਕਿ ਸੰਤ ਜੀ ਕਿੱਥੇ ਹਨ? ਪਹਿਲਾਂ ਤਾਂ ਉਸ ਨੇ ਦੱਸਣ ਤੋਂ ਆਨਾ-ਕਾਨੀ ਕੀਤੀ ਪਰ ਜਦੋਂ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਉਨ੍ਹਾਂ ਲਈ ਸਵੇਰ ਦਾ ਨਾਸ਼ਤਾ ਲੈ ਕੇ ਆਏ ਹਾਂ ਅਤੇ ਉਨ੍ਹਾਂ ਨੇ ਸੁੱਚਮ ਤੋਂ ਬਿਨਾਂ ਤਿਆਰ ਕੀਤਾ ਭੋਜਨ ਨਹੀਂ ਛਕਣਾ ਤਾਂ ਉਸ ਨੇ ਦੱਸਿਆ ਉਨ੍ਹਾਂ ਨੂੰ ਗੜ੍ਹੀ ਰੈਸਟ ਹਾਊਸ ਵਿੱਚ ਰੱਖਿਆ ਗਿਆ ਹੈ ਤਾਂ ਇਹ ਸਿੰਘ ਉਥੇ ਪਹੁੰਚ ਗਏ ਅਤੇ ਹੋਰ ਸਿੱਖ ਸੰਗਤਾਂ ਨੂੰ ਵੀ ਇਸ ਬਾਰੇ ਦੱਸ ਦਿੱਤਾ। 22 ਸਤੰਬਰ ਦੁਪਹਿਰ ਤੱਕ ਕਾਫੀ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਚੁੱਕੀ ਸੀ, ਪਰ ਹਰ ਕਿਸੇ ਨੂੰ ਸੰਤਾਂ ਨਾਲ ਮਿਲਣ ਨਹੀਂ ਸੀ ਦਿੱਤਾ ਜਾਂਦਾ। ਸੰਗਤਾਂ ਨੇ ਗੜ੍ਹੀ ਦੇ ਸਾਹਮਣੇ ਵਾਲੇ ਨਹਿਰ ਦੇ ਪੁਲ ਉੱਪਰ ਦੀਵਾਨ ਸਜਾ ਦਿੱਤਾ ਅਤੇ ਢਾਡੀ ਕਵੀਸ਼ਰ ਸਮੇਂ-ਸਮੇਂ ਪਹੁੰਚ ਕੇ ਇਸ ਦੀਵਾਨ ਵਿੱਚ ਹਾਜ਼ਰੀ ਭਰਦੇ ਰਹੇ। ਇਹ ਦੀਵਾਨ 25 ਸਤੰਬਰ 1981 ਤੱਕ ਨਿਰੰਤਰ ਚੱਲਦਾ ਰਿਹਾ ਅਤੇ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦੀਆਂ ਰਹੀਆਂ।

ਸੀ.ਬੀ.ਆਈ. ਵੱਲੋਂ ਵੀ ਪੁੱਛਗਿੱਛ

ਉੱਪਰ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਸੀ. ਬੀ. ਆਈ. ਅਤੇ ਆਈ. ਬੀ. ਦੇ ਅਧਿਕਾਰੀ ਵੀ ਪਹੁੰਚ ਚੁੱਕੇ ਸਨ ਜਿਨ੍ਹਾਂ ਵਿੱਚ ਸ੍ਰੀ ਰਜਿੰਦਰ ਸ਼ੇਖਰ ਅਤੇ ਸ. ਜੋਗਿੰਦਰ ਸਿੰਘ ਮੌਜੂਦ ਸਨ। ਇਨ੍ਹਾਂ ਨਾਲ ਹੋਰ ਵੀ ਅਫਸਰ ਸਨ ਜਿਨ੍ਹਾਂ ਨੇ ਤਿੰਨ ਦਿਨ ਸਵੇਰੇ ਸ਼ਾਮ ਸੰਤਾਂ ਤੋਂ ਸੈਂਕੜੇ ਪ੍ਰਸ਼ਨ ਪੁੱਛੇ ਜਿਨ੍ਹਾਂ ਵਿੱਚੋਂ ਕੁਝ ਕੁ ਇਥੇ ਦਿੱਤੇ ਜਾ ਰਹੇ ਹਨ :

ਪ੍ਰ. - ਭਿੰਡਰਾਂਵਾਲੇ ਜਥੇ ਦੀ ਸੰਸਥਾ ਨੂੰ ਮੰਨਣ ਵਾਲਿਆਂ ਦੀ ਤਦਾਦ ਕਿੰਨੀ ਹੈ? ਜਿਸ ਨੂੰ ਸ਼ਾਮਿਲ ਕਰਦੇ ਹੋ ਕੀ-ਕੀ ਸ਼ਰਤਾਂ ਰੱਖਦੇ ਹੋ।

ਉ. - ਗਿਣਤੀ ਦਾ ਪਤਾ ਨਹੀਂ, ਸ਼ਤਿਗੁਰੂ ਜੀ ਜਾਣਦੇ ਹਨ। ਇਸ ਸੰਸਥਾ ਵਿੱਚ ਪੂਰਨ ਰਹਿਤ ਵਿੱਚ ਰਹਿਣ ਵਾਲੇ ਗੁਰਸਿੱਖ ਰਹਿ ਸਕਦੇ ਹਨ।

ਪ੍ਰ. - ਕੌਣ-ਕੌਣ ਉੱਘੇ ਪੈਰੋਕਾਰ ਹਨ?

ਉ. - ਕੋਈ ਪੈਰੋਕਾਰ ਨਹੀਂ ਅਤੇ ਨਾ ਹੀ ਕੋਈ ਉੱਘਾ ਹੈ।

ਪ੍ਰ. - ਸੰਸਥਾ ਦੀ ਮਾਲੀ ਪੁਜੀਸ਼ਨ ਬੈਂਕ ਆਦਿ ਅਕਾਊਂਟ ਕੀ ਹਨ?

ਉ. - ਬੈਂਕ ਵਿੱਚ ਕੋਈ ਵੀ ਰੁਪਿਆ ਜਮ੍ਹਾਂ ਨਹੀਂ ਹੈ। ਗੁਰੂ ਕੀ ਸੰਗਤ ਹੀ ਬੈਂਕ ਅਤੇ ਧਨ ਹੈ।

ਪ੍ਰ. - ਸੰਸਥਾ ਦੀ ਜਾਇਦਾਦ ਕਿੱਥੇ-ਕਿੱਥੇ ਹੈ।

ਉ. - ਮਹਿਤਾ ਚੌਕ ਤੋਂ ਇਲਾਵਾ ਹੋਰ ਕਿਤੇ ਨਹੀਂ। ਤਿੰਨ ਕੁ ਕਿੱਲੇ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਉੱਤੇ ਹੈ।

ਪ੍ਰ. - ਹੋਰ ਆਮਦਨ ਦੇ ਕੀ ਸਾਧਨ ਹਨ?

ਉ. - ਸੰਗਤ ਸੇਵਾ ਕਰਦੀ ਹੈ ਹੋਰ ਕੋਈ ਸਾਧਨ ਨਹੀਂ।

ਪ੍ਰ. - ਸੰਸਥਾ ਵਿੱਚ ਪੱਕੇ ਤੌਰ 'ਤੇ ਕਿੰਨੇ ਬੰਦੇ ਰਹਿੰਦੇ ਹਨ?

ਉ. - ਗਿਣਤੀ ਕੋਈ ਨਹੀਂ, ਸ਼ਰਧਾਲੂ ਸਿੱਖ ਆਉਂਦੇ ਜਾਂਦੇ ਰਹਿੰਦੇ ਹਨ।

ਪ੍ਰ. - ਪੱਕੇ ਤੌਰ 'ਤੇ ਰਹਿਣ ਵਾਲੇ ਸੇਵਾਦਾਰਾਂ ਦਾ ਕੀ-ਕੀ ਨਾਂ ਹੈ ਅਤੇ ਕਿੱਥੋਂ ਦੇ ਰਹਿਣ ਵਾਲੇ ਹਨ?

ਉ. - ਪੱਕਾ ਕੋਈ ਸੇਵਾਦਾਰ ਨਹੀਂ।

Scanned with CamScanner

ਪ੍ਰ. - ਸੰਸਥਾ ਕੋਲ ਕਿੰਨੀਆਂ ਗੱਡੀਆਂ ਹਨ?

ਉ. - ਤਿੰਨ ਗੱਡੀਆਂ ਸਨ, ਦੋ ਬੱਸਾਂ ਚੰਦੇਕਲਾਂ ਵਿਖੇ ਸਾੜ ਦਿੱਤੀਆਂ ਇੱਕ ਮੇਰੇ ਪਾਸ ਹੈ।

ਪ੍ਰ. - ਇਹ ਗੱਡੀਆਂ ਕਿੱਥੋਂ ਖਰੀਦੀਆਂ ਸਨ?

ਉ. - ਗੁਰੂ ਕੀ ਸੰਗਤ ਨੇ ਸੇਵਾ ਕੀਤੀਆਂ।

ਪ੍ਰ. - ਤੁਹਾਡੇ ਨਾਲ ਪੱਕੇ ਤੌਰ 'ਤੇ ਕਿੰਨੇ ਬਾਡੀਗਾਰਡ ਰਹਿੰਦੇ ਹਨ?

ਉ. - ਕੋਈ ਪੱਕਾ ਬਾਡੀਗਾਰਡ ਨਹੀਂ।

ਪ੍ਰ. - ਉਨ੍ਹਾਂ ਕੋਲ ਕੀ-ਕੀ ਅਸਲਾ ਹੈ?

ਉ. - ਮੇਰੇ ਪਾਸ ਪੱਕੇ ਤੌਰ 'ਤੇ ਕੋਈ ਸੇਵਾਦਾਰ ਨਹੀਂ ਸੰਗਤਾਂ ਵਿੱਚੋਂ ਜੇ ਕੋਈ ਜਾਣਕਾਰ ਅਸਲਾ ਲੈ ਕੇ ਆਵੇ ਉਹ ਡਿਊਟੀ ਦੇ ਦਿੰਦਾ ਹੈ।

ਪ੍ਰ. - ਅਸਲਾ ਕਦੋਂ ਅਤੇ ਕਿੱਥੋਂ ਲਿਆ?

ਉ. - ਮੇਰੇ ਨਾਂ 'ਤੇ ਕੋਈ ਅਸਲਾ ਨਹੀਂ।

ਪ੍ਰ. - ਲਾਇਸੈਂਸ ਕਿਸ ਵਸੀਲੇ ਰਾਹੀਂ ਪ੍ਰਾਪਤ ਕੀਤੇ?

ਉ. - ਲਾਇਸੈਂਸਦਾਰ ਹੀ ਵਸੀਲਾ ਦੱਸ ਸਕਦੇ ਹਨ।

ਪ੍ਰ. - ਤੁਹਾਡੇ ਪਰਿਵਾਰ ਦੇ ਬੰਦਿਆਂ ਕੋਲ ਵੀ ਲਾਇਸੈਂਸ ਹਨ?

ਉ. - ਮੇਰੇ ਪਰਿਵਾਰ ਦੇ ਕਿਸ-ਕਿਸ ਮੈਂਬਰ ਪਾਸ ਅਸਲਾ ਹੈ ਉਹ ਖੁਦ ਹੀ ਦੱਸ ਸਕਦੇ ਹਨ।

ਪ੍ਰ. - ਤੁਹਾਡੇ ਮਤ ਦਾ ਮਕਸਦ ਕੀ ਹੈ?

ਉ. - ਮੇਰਾ ਕੋਈ ਨਿੱਜੀ ਮਤ ਨਹੀਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਸੰਗਤਾਂ ਵਿੱਚ ਪ੍ਰਚਾਰਨਾ, ਅੰਮ੍ਰਿਤ ਛਕਾਉਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾਉਣਾ, ਸ਼ਿਆਂ ਦਾ ਤਿਆਗ ਕਰਾਉਣਾ ਆਦਿ।

ਪ੍ਰ. - ਹੋਰ ਕੀ ਪ੍ਰਚਾਰ ਕਰਦੇ ਹੋ?

ਉ. - ਗੁਰਬਾਣੀ ਪੜ੍ਹਨੀ ਅਤੇ ਪੜ੍ਹਾਉਣੀ, ਅਰਥ ਕਰਕੇ ਸਮਝਾਉਣੇ ਅਤੇ ਕਥਾ ਕਰਵਾਉਣੀ।

ਪ੍ਰ. - ਪ੍ਰਚਾਰ ਦੇ ਸਬੰਧ ਵਿੱਚ ਪੰਜਾਬ ਵਿੱਚ ਕਿੱਥੇ-ਕਿੱਥੇ ਜਾਂਦੇ ਹੋ?

ਉ. - ਹਰ ਇੱਕ ਪਿੰਡ ਵਿੱਚ ਜਿੱਥੇ ਸੰਗਤਾਂ ਬੁਲਾ ਲੈਣ ਜਾਂਦਾ ਹਾਂ।

ਪ੍ਰ. - ਪੰਜਾਬ ਤੋਂ ਬਾਹਰ ਕਿਥੇ-ਕਿਥੇ ਜਾਂਦੇ ਹੋ?

ਉ. - ਸਾਰੇ ਭਾਰਤ ਵਿੱਚ ਜਾਂਦਾ ਹਾਂ, ਜਿੱਥੇ ਸੰਗਤ ਯਾਦ ਕਰਦੀ ਹੈ।

ਪ੍ਰ. - ਖਰਚ ਪਾਣੀ ਕੌਣ ਕਰਦਾ ਹੈ?

ਉ. - ਗੁਰੂ ਕੀ ਸੰਗਤ ਹੀ ਕਰਦੀ ਹੈ?

ਪ੍ਰ. - ਅਕਾਲੀ ਪਾਰਟੀ ਨਾਲ ਕੀ ਸਬੰਧ ਹੈ?

ਉ. - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਹਰ ਵਿਅਕਤੀ ਨਾਲ ਜੋ ਸਬੰਧ ਹੈ।

ਪ੍ਰ. - ਨਿਰੰਕਾਰੀ ਮਤ ਨਾਲ ਕੀ ਮਤਭੇਦ ਹਨ?

ਉ. - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿੰਦਿਆ ਕਾਰਨ, ਜਿਸਦਾ ਸਬੂਤ ਉਨ੍ਹਾਂ ਵੱਲੋਂ ਲਿਖੀਆਂ ਕਿਤਾਬਾਂ ਯੁੱਗ ਪੁਰਸ਼ ਅਤੇ ਅਵਤਾਰ ਬਾਣੀ ਹੈ।

ਪ੍ਰ. - ਇਸ ਮਤਭੇਦ ਕਾਰਨ ਝੜਪ ਕਦੋਂ ਸ਼ੁਰੂ ਹੋਈ?

ਉ. - ਜਦੋਂ ਤੋਂ ਗੁਰੂ ਸਾਹਿਬ ਦੀ ਨਿੰਦਿਆ ਕਰਨ ਲੱਗੇ ਹਨ। ਮੇਰੇ ਤੋਂ ਪਹਿਲਾਂ ਤੋਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਸਮੇਂ ਤੋਂ ਚੱਲੇ ਆਉਂਦੇ ਹਨ।

ਪ੍ਰ. - ਕਿੱਥੇ-ਕਿੱਥੇ ਕੀ-ਕੀ ਘਟਨਾ ਵਾਪਰੀ?

ਉ. - ਮੇਰੇ ਨਾਲ 1978 ਵਿੱਚ ਵਿਸਾਖੀ ਵਾਲੇ ਦਿਨ ਘਟਨਾ ਵਾਪਰੀ ਜਦੋਂ ਸੰਗਤਾਂ ਗਈਆਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

Scanned with CamScanner

ਦੀ ਨਿੰਦਿਆ ਨਾ ਕੀਤੀ ਜਾਵੇ ਜਿਸਦੇ ਰੋਕਣ 'ਤੇ ਨਰੰਕਾਰੀਆਂ (ਸੰਤ ਨਿਰੰਕਾਰੀਆਂ) ਵੱਲੋਂ ਗੋਲੀਆਂ ਚਲਾਈਆਂ ਗਈਆਂ। ਇਸ ਸਮੇਂ ਮੈਂ ਮੌਕੇ 'ਤੇ ਹਾਜ਼ਰ ਨਹੀਂ ਸੀ ਪੁੱਤ ਮੇਰਾ ਨਾਂ ਗਲਤ ਤੌਰ 'ਤੇ ਜੋੜਿਆ ਜਾ ਰਿਹਾ ਹੈ ਕਿ ਮੈਂ ਉਸ ਮੌਕੇ ਹਾਜ਼ਰ ਸੀ।

ਪ੍ਰ. - ਅੰਮ੍ਰਿਤਸਰ ਦੀ ਘਟਨਾ ਦੀ ਅਸਲ ਕਹਾਣੀ ਕੀ ਹੈ?

ਉ. - ਜੋ ਤੁਹਾਨੂੰ ਦੱਸ ਦਿੱਤੀ ਹੈ।

ਪ੍ਰ. - ਮੁਕੱਦਮੇ ਦੇ ਮੁਲਜ਼ਮਾਂ ਦੇ ਬਰੀ ਹੋਣ ਦੇ ਕੀ ਕਾਰਨ ਸਮਝਦੇ ਹੋ ਅਤੇ ਬਦਲਾ ਲੈਣ ਲਈ ਕੀ ਸੋਚਿਆ ਹੈ?

ਉ. - ਮੁਲਜ਼ਮਾਂ ਦੇ ਬਰੀ ਹੋਣ ਬਾਰੇ ਅਦਾਲਤ ਹੀ ਦੱਸ ਸਕਦੀ ਹੈ, ਬਦਲਾ ਲੈਣ ਲਈ ਸਿੱਖ ਧਰਮ ਦਾ ਪ੍ਰਚਾਰ ਤੇਜ਼ ਕਰਨ ਬਾਰੇ ਸੋਚਿਆ ਹੈ।

ਪ੍ਰ. - ਇਹਨਾਂ ਘਟਨਾਵਾਂ ਵਿੱਚ ਅਖ਼ਬਾਰਾਂ ਦੀ ਕੀ ਭੂਮਿਕਾ ਸੀ?

ਉ. - ਇਹ ਅਖ਼ਬਾਰ ਨਵੀਸ ਹੀ ਦੱਸ ਸਕਦੇ ਹਨ।

ਪ੍ਰ. - ਤੁਹਾਡੇ ਖਿਆਲ ਵਿੱਚ ਕਿਹੜੀ-ਕਿਹੜੀ ਅਖ਼ਬਾਰ ਵਾਲੇ ਤੁਹਾਡੇ ਵਿਚਾਰਾਂ ਦੀ ਸਹੀ ਪੁਸ਼ਟੀ ਕਰਦੇ ਹਨ?

ਉ. - ਇਹ ਵੀ ਅਖ਼ਬਾਰ ਵਾਲੇ ਹੀ ਜਾਣਦੇ ਹਨ।

ਪ੍ਰ. - ਜੋ ਅਖ਼ਬਾਰਾਂ ਪੁਸ਼ਟੀ ਨਹੀਂ ਕਰਦੀਆਂ ਉਨ੍ਹਾਂ ਸਬੰਧੀ ਟੀਕਾ ਟਿੱਪਣੀ ਕਿਸ ਤਰ੍ਹਾਂ ਦੀ ਸੀ?

ਉ. - ਮੈਂ ਅਖ਼ਬਾਰ ਕਦੇ-ਕਦੇ ਪੰਜਾਬੀ ਦੀ ਪੜ੍ਹਦਾ ਹਾਂ ਪਰ ਲਿਖਤੀ ਟਿੱਪਣੀ ਕਦੇ ਨਹੀਂ ਕੀਤੀ।

ਪ੍ਰ. - ਜੋ ਅਖਬਾਰ ਤੁਹਾਡੇ ਪ੍ਰਤੀ ਗਲਤ ਬਿਆਨਬਾਜ਼ੀ ਕਰਦੇ ਹਨ ਉਨ੍ਹਾਂ ਦੀ ਬਿਆਨਬਾਜ਼ੀ ਬੰਦ ਕਰਵਾਉਣ ਲਈ ਕੀ ਸਾਧਨ ਅਪਣਾਉਂਦੇ ਹੋ?

ਉ. - ਇਹ ਅਖ਼ਬਾਰਾਂ ਵਾਲੇ ਦੱਸ ਸਕਦੇ ਹਨ। ਮੈਂ ਆਪਣੇ ਵੱਲੋਂ ਕੋਈ ਸਾਧਨ ਨਹੀਂ ਵਰਤਿਆ।

ਪ੍ਰ. - ਤੁਸੀਂ ਆਪਣੇ ਵਿਚਾਰ ਅਖ਼ਬਾਰਾਂ ਵਿੱਚ ਕਿਸ ਤਰ੍ਹਾਂ ਛਪਵਾਉਂਦੇ ਹੋ?

ਉ. - ਮੇਰੇ ਵੱਲੋਂ ਸਟੇਜ 'ਤੇ ਪ੍ਰਚਾਰ ਕਰਨ ਸਮੇਂ ਅਖ਼ਬਾਰਾਂ ਵਾਲੇ ਨੋਟ ਕਰ ਲੈਂਦੇ ਹੋਣਗੇ।

ਪ੍ਰ. - ਤੁਹਾਡੇ ਵੱਲੋਂ ਸਪੱਸ਼ਟੀਕਰਨ ਜਾਂ ਪ੍ਰੈੱਸ ਬਿਆਨ ਕੌਣ ਜਾਰੀ ਕਰਦਾ ਹੈ?

ਉ. - ਕੋਈ ਵੀ ਸਿੰਘ ਜੋ ਪੜ੍ਹਿਆ ਲਿਖਿਆ ਮੌਕੇ 'ਤੇ ਹਾਜ਼ਰ ਹੋਵੇ ਮੈਨੂੰ ਵਿਖਾ ਕੇ ਪ੍ਰੈੱਸ ਨੂੰ ਬਿਆਨ ਅਤੇ ਖ਼ਬਰ ਦੇ ਸਕਦਾ ਹੈ।

ਪ੍ਰ. - ਪੰਜਾਬ ਸਰਕਾਰ ਵੱਲੋਂ ਅਸਲੇ 'ਤੇ ਲਾਈ ਪਾਬੰਦੀ ਨੂੰ ਮੁੱਖ ਰੱਖਦਿਆਂ ਕਿਤਨੇ ਹਥਿਆਰ ਜਮ੍ਹਾਂ ਕਰਵਾਏ?

ਉ. - ਮੇਰੇ ਪਾਸ ਕੋਈ ਅਸਲਾ ਨਹੀਂ, ਇਸ ਲਈ ਜਮ੍ਹਾਂ ਕੀ ਕਰਵਾਉਣਾ ਸੀ?

ਪ੍ਰ. - ਤੁਹਾਡਾ ਭਾਈ ਜਗੀਰ ਸਿੰਘ ਅਤੇ ਉਸਦਾ ਪੁੱਤਰ ਸਵਰਨ ਸਿੰਘ ਕਿੱਥੇ ਰਹਿੰਦੇ ਹਨ, ਜਗੀਰ ਸਿੰਘ ਦੀ ਲਾਇਸੈਂਸੀ ਕਾਰਬਾਈਨ ਕਿੱਥੇ ਹੈ?

ਉ. - ਮੈਨੂੰ ਪਤਾ ਨਹੀਂ ਕਿ ਮੇਰਾ ਭਾਈ ਜਗੀਰ ਸਿੰਘ ਅਤੇ ਉਸਦਾ ਪੁੱਤਰ ਸਵਰਨ ਸਿੰਘ ਇਸ ਵੇਲੇ ਕਿੱਥੇ ਰਹਿੰਦੇ ਹਨ ਤਾਂ ਕਾਰਬਾਈਨ ਬਾਰੇ ਵੀ ਉਸ ਨੂੰ ਹੀ ਪਤਾ ਹੋ ਸਕਦਾ ਹੈ।

ਪ੍ਰ. - ਤੁਹਾਡੇ ਭਾਈ ਵੀਰ ਸਿੰਘ ਦੀ ਲਾਇਸੈਂਸੀ ਕਾਰਬਾਈਨ ਕਿੱਥੇ ਹੈ ਅਤੇ ਤੁਹਾਡੇ ਨਜਦੀਕੀ ਸਾਥੀ ਭਾਈ ਅਮਰੀਕ ਸਿੰਘ ਦੀ ਲਾਇਸੈਂਸੀ ਕਾਰਬਾਈਨ ਕਿਥੇ ਹੈ?

ਉ. - ਇਸ ਬਾਰੇ ਉਨ੍ਹਾਂ ਨੂੰ ਹੀ ਪਤਾ ਹੋਵੇਗਾ।

ਪ੍ਰ. - ਨਿਰੰਕਾਰੀ ਕੇਸ ਵਿੱਚ ਤੁਹਾਡੇ ਜਥੇ ਦੇ ਕਿਹੜੇ-ਕਿਹੜੇ ਮੈਂਬਰਾਂ ਦੇ ਵਰੰਟ ਜਾਰੀ ਹੋਏ ਹਨ।

ਉ. - ਕਾਫੀ ਸਿੰਘਾਂ ਦੇ ਵਰੰਟ ਜਾਰੀ ਹੋਏ ਹਨ ਪਰ ਪੂਰਾ ਪਤਾ ਤਾਂ ਵਰੰਟ ਜਾਰੀ ਕਰਨ ਵਾਲਿਆਂ ਨੂੰ ਹੀ ਹੋਵੇਗਾ।

ਪ੍ਰ. - ਦਲਬੀਰ ਸਿੰਘ ਬਾਰੇ ਕੀ ਜਾਣਦੇ ਹੋ ਉਹ ਕਿੱਥੇ ਰਹਿੰਦਾ ਹੈ?

ਉ. - ਦਲਬੀਰ ਸਿੰਘ ਕਈ ਹਨ ਜਿਸ ਬਾਰੇ ਤੁਸੀਂ ਜਾਣਨਾ ਚਾਹੁੰਦੇ ਹੋ ਮੈਂ ਉਸ ਬਾਰੇ ਵੇਖ ਕੇ ਹੀ ਦੱਸ ਸਕਦਾ ਹਾਂ।

Scanned with CamScanner

ਪ੍ਰ. - ਤੁਸੀਂ ਦਲਬੀਰ ਸਿੰਘ ਤੇ ਸਵਰਨ ਸਿੰਘ ਨੂੰ ਪੇਸ਼ ਕਿਉਂ ਨਹੀਂ ਕਰਦੇ?

ਉ. - ਮੇਰੇ ਕੋਲ ਹੋਣ ਤਾਂ ਪੇਸ਼ ਕਰਾਂ।

ਪ੍ਰ. - ਤੁਸੀਂ ਸੰਤ ਕਰਤਾਰ ਸਿੰਘ ਦੀ ਬਰਸੀ 'ਤੇ ਰਣਜੀਤ ਸਿੰਘ ਦੀ ਭੈਣ ਤੇ ਮਾਂ ਕਾਬਲ ਸਿੰਘ ਦੀ ਮਾਂ ਅਤੇ ਬਾਪ ਨੂੰ ਸਿਰੋਪਾਓ ਦੇ ਕੇ ਸਨਮਾਨਿਆ ਇਸ ਦਾ ਕੀ ਕਾਰਨ?

ਉ. - ਮੈਂ ਅਖ਼ਬਾਰਾਂ ਵਿੱਚ ਪੜ੍ਹਿਆ ਸੀ ਕਿ ਰਣਜੀਤ ਸਿੰਘ ਅਤੇ ਕਾਬਲ ਸਿੰਘ ਦੇ ਪਰਿਵਾਰ ਨਾਲ ਬਤੌਰ ਸਿੱਖ, ਸਰਕਾਰ ਧੱਕਾ ਕਰ ਰਹੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਉਨ੍ਹਾਂ ਦਾ ਸਨਮਾਨ ਕੀਤਾ ਸੀ। ਮੈਂ ਵੀ ਆਪਣਾ ਫ਼ਰਜ਼ ਸਮਝ ਕੇ ਉਨ੍ਹਾਂ ਦੇ ਪਰਿਵਾਰਾਂ ਦਾ ਸਿੱਖ ਹੋਣ ਦੇ ਨਾਤੇ ਸਨਮਾਨ ਕੀਤਾ।

ਪ੍ਰ. - ਤੁਸੀਂ ਭਾਸ਼ਣ ਦਿੱਤਾ ਸੀ ਕਿ ਹਾਲਾਤ ਨੇ ਇਜਾਜ਼ਤ ਦਿੱਤੀ ਤਾਂ ਸਮਾਂ ਆਉਣ 'ਤੇ ਰਣਜੀਤ ਸਿੰਘ ਅਤੇ ਕਾਬਲ ਸਿੰਘ ਨੂੰ ਸੋਨੇ ਚਾਂਦੀ ਨਾਲ ਤੋਲਾਂਗਾ, ਇਹ ਕਿਸ ਬਹਾਦਰੀ ਦੇ ਇਵਜ ਵਿੱਚ ਸੀ।

ਉ. - ਮੈਂ ਅਖ਼ਬਾਰਾਂ ਵਿੱਚ ਪੜ੍ਹਿਆ ਸੀ ਕਿ ਭਿੰਡਰਾਂਵਾਲੇ ਨੇ ਕਿਹਾ ਹੈ ਕਿ ਜੇ ਰਣਜੀਤ ਸਿੰਘ ਮੇਰੇ ਕੋਲ ਆ ਜਾਵੇ ਤਾਂ ਮੈਂ ਉਸ ਨੂੰ ਗੌਰਮਿੰਟ ਦੇ ਹਵਾਲੇ ਕਰ ਦਿਆਂਗਾ। ਉਸ ਖ਼ਬਰ ਸਬੰਧ ਦੇ ਵਿੱਚ ਉੱਤਰ ਦਿੰਦਿਆਂ ਹੋਇਆਂ ਮੈਂ ਕਿਹਾ ਸੀ ਕਿ ਜੇ ਮੇਰੇ ਪਾਸ ਰਣਜੀਤ ਸਿੰਘ ਆ ਗਿਆ ਤਾਂ ਸ਼ਹੀਦਾਂ ਦੇ ਸਬੰਧ ਨੂੰ ਮੁੱਖ ਰੱਖ ਕੇ ਉਸ ਨੂੰ ਸੋਨੇ ਦੇ ਨਾਲ ਤੋਲਾਂਗਾ।

ਪ੍ਰ. - ਨਿਰੰਕਾਰੀ ਬਾਬਾ ਗੁਰਬਚਨ ਸਿੰਘ ਦੇ ਕਤਲ ਬਾਰੇ ਕੀ ਪਤਾ ਹੈ?

ਉ. - ਕਤਲ ਕਰਨ ਵਾਲੇ ਹੀ ਜਾਣਦੇ ਹੋਣਗੇ।

ਪ੍ਰ. - ਤੁਹਾਡੇ ਜਥੇ ਦੇ ਬੰਦਿਆਂ ਦਾ ਨਾਂ ਕਿਉਂ ਆਇਆ?

ਉ. - 1978 ਦੇ ਖ਼ੂਨੀ ਸਾਕੇ ਦੇ ਹੋਣ ਕਾਰਨ।

ਪ੍ਰ. - ਜੇ ਤੁਸੀਂ ਸੱਚੇ ਹੋ ਤਾਂ ਉਨ੍ਹਾਂ ਬੰਦਿਆਂ ਨੂੰ ਪੇਸ਼ ਕਿਉਂ ਨਹੀਂ ਕਰਦੇ?

ਉ. - ਮੇਰੇ ਕੋਲ ਹੋਣ ਤਾਂ ਪੇਸ਼ ਕਰਾਂ।

ਪ੍ਰ. - ਤੁਹਾਡੇ ਪਿੰਡ ਦੇ ਕਿੰਨੇ ਬੰਦੇ ਪੱਕੇ ਤੌਰ 'ਤੇ ਜਥੇ ਦੇ ਨਾਲ ਰਹਿੰਦੇ ਹਨ?

ਉ. - ਪੱਕੇ ਤੌਰ 'ਤੇ ਕੋਈ ਨਹੀਂ ਸੰਗਤ ਰੂਪ ਵਿੱਚ ਆਉਂਦੇ ਜਾਂਦੇ ਹਨ।

ਪ੍ਰ. - ਨਛੱਤਰ ਸਿੰਘ ਜਥੇ ਵਿੱਚ ਕਦੋਂ ਰਲਿਆ ਸੀ?

ਉ. - ਸਾਹਮਣੇ ਆਉਣ 'ਤੇ ਦੱਸ ਸਕਦਾ ਹਾਂ ਸਾਡੇ ਪਿੰਡ ਦੇ ਕਈ ਨਛੱਤਰ ਸਿੰਘ ਹਨ ਪੱਕੇ ਤੌਰ 'ਤੇ ਕੋਈ ਨਛੱਤਰ ਸਿੰਘ ਜਥੇ ਨਾਲ ਨਹੀਂ ਰਲਿਆ।

ਪ੍ਰ. - ਉਂਜਲ ਸਿੰਘ ਮਲਸੀਹਾਂ ਵਾਲੇ ਨਾਲ ਕੀ ਸਬੰਧ ਹੈ ਉਸ ਕੋਲ ਸਵਾਰੀ ਦੇ ਕੀ-ਕੀ ਸਾਧਨ ਹਨ?

ਉ. - ਉਂਜਲ ਸਿੰਘ ਨਾਲ ਆਮ ਸੰਗਤਾਂ ਵਾਲੇ ਹੀ ਸਬੰਧ ਹਨ। ਸਵਾਰੀ ਦੇ ਸਾਧਨਾਂ ਬਾਰੇ ਤਾਂ ਉਹ ਹੀ ਦੱਸ ਸਕਦਾ ਹੈ।

ਪ੍ਰ. - ਉਂਜਲ ਸਿੰਘ ਤੋਂ ਮੋਟਰਸਾਇਕਲ ਨਛੱਤਰ ਸਿੰਘ ਨੂੰ ਕਿਸ ਮਤਲਬ ਲਈ ਦਿਵਾਇਆ ਸੀ?

ਉ. - ਮੈਂ ਕਦੇ ਉਂਜਲ ਸਿੰਘ ਤੋਂ ਮੋਟਰਸਾਇਕਲ ਨਛੱਤਰ ਸਿੰਘ ਨੂੰ ਨਹੀਂ ਦਿਵਾਇਆ।

ਪ੍ਰ. - ਪਿਛਲੇ ਤਿੰਨ ਚਾਰ ਮਹੀਨਿਆਂ ਤੋਂ ਜਥਾ ਕਿੱਥੇ-ਕਿੱਥੇ ਰਿਹਾ?

ਉ. - ਤਰੀਕਾਂ ਯਾਦ ਨਹੀਂ ਜਿੱਥੇ ਕਿਤੇ ਸੰਗਤਾਂ ਨੇ ਸੱਦਿਆ, ਗਿਆ ਜ਼ਰੂਰ ਹਾਂ।

ਪ੍ਰ. - ਚੰਦੋਕਲਾਂ ਕਿਹੜੀ ਤਰੀਕ ਗਏ ਸੀ?

ਉ. - ਗਿਆ ਸੀ ਪਰ ਤਰੀਕ ਯਾਦ ਨਹੀਂ।

ਪ੍ਰ. - ਚੰਦੋਕਲਾਂ ਨਾਲ ਕੌਣ-ਕੌਣ ਗਿਆ ਸੀ?

ਉ. - ਸੰਗਤ ਜਥੇ ਦੇ ਰੂਪ ਵਿੱਚ ਗਿਆ ਸੀ ਉਨ੍ਹਾਂ ਵਿੱਚ ਬਾਬਾ ਠਾਕੁਰ ਸਿੰਘ ਜੀ, ਸਾਧੂ ਸਿੰਘ, ਮਹਾਂਸਿੰਘ, ਪ੍ਰੇਮ ਸਿੰਘ, ਜਰਨੈਲ ਸਿੰਘ, ਸੁਰਜੀਤ ਸਿੰਘ, ਰਾਮ ਸਿੰਘ ਆਦਿ ਕਾਫੀ ਸਿੰਘ ਸਨ।

Scanned with CamScanner

ਪ੍ਰ. - ਕੀ-ਕੀ ਗੱਡੀਆਂ ਅਤੇ ਕੀ-ਕੀ ਅਸਲਾ ਸੀ?

ਉ. - ਦੋ ਬੱਸਾਂ ਇੱਕ ਟਰੱਕ ਸੀ। ਅਸਲੇ ਬਾਰੇ ਅਸਲੇ ਵਾਲੇ ਹੀ ਦੱਸ ਸਕਦੇ ਹਨ ਮੇਰੇ ਪਾਸ ਧਾਰਮਿਕ ਪੋਥੀਆਂ ਸਨ।

ਪ੍ਰ. - ਲਾਲਾ ਜਗਤ ਨਰਾਇਣ ਦੇ ਕਤਲ ਦੀ ਖ਼ਬਰ ਕਦੋਂ ਅਤੇ ਕਿੱਥੇ ਮਿਲੀ?

ਉ. - ਜਦੋਂ ਚੰਦੋਕਲਾਂ ਵਿਖੇ ਧਰਮ ਪ੍ਰਚਾਰ ਕਰ ਰਹੇ ਸਾਂ ਉੱਥੇ ਹੀ ਸੰਗਤਾਂ ਨੇ ਦੱਸਿਆ ਸੀ।

ਪ੍ਰ. - ਚੰਦੋਕਲਾਂ ਤੋਂ ਫਾਤ ਨੂੰ ਤੁਹਾਡੇ ਬੰਦੇ ਪੰਜਾਬ ਕਿਉਂ ਗਏ?

ਉ. - ਮੈਂ ਆਪ ਗੁਰਦੁਆਰਾ ਮਹਿਤਾ ਸਾਹਿਬ ਆਇਆ ਸਾਂ, ਉਹ ਦਮਦਮੀ ਟਕਸਾਲ ਦਾ ਕੇਂਦਰੀ ਸਥਾਨ ਹੈ।

ਪ੍ਰ. - ਚੰਦੋਕਲਾਂ ਤੋਂ ਮਹਿਤੇ ਨੂੰ ਆਉਂਦਿਆਂ ਉੱਜਲ ਸਿੰਘ ਦੇ ਪਿੰਡ ਵੀ ਗਏ ਸੀ?

ਉ. - ਚੰਦੋਕਲਾਂ ਤੋਂ ਵਾਪਸੀ ਸਮੇਂ ਉੱਜਲ ਸਿੰਘ ਦੇ ਘਰ ਮਲਸੀਹਾਂ ਲੰਗਰ ਛਕਿਆ ਸੀ।

ਪ੍ਰ. - ਲਾਲਾ ਜਗਤ ਨਰਾਇਣ ਦੇ ਕਤਲ ਸਬੰਧੀ ਵਰੰਟ ਕਦੋਂ ਮਿਲੇ?

ਉ. - ਮੈਨੂੰ 16.09.81 ਨੂੰ ਮਹਿਤੇ ਵਿਖੇ ਵਰੰਟ ਦਿੱਤੇ ਗਏ।

ਪ੍ਰ. - ਚੰਦੋਕਲਾਂ ਤੋਂ ਮਹਿਤੇ ਕਿਸ ਰਸਤੇ ਪੁੱਜੇ ਸੀ?

ਉ. - ਜਿਸ ਰਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲੈ ਆਏ।

ਪ੍ਰ. - ਇਸ ਦੌਰਾਨ ਅੰਮ੍ਰਿਤਸਰ ਕਿਉਂ ਗਏ?

ਉ. - ਸ੍ਰੀ ਅੰਮ੍ਰਿਤਸਰ ਸਾਹਿਬ ਦਰਸ਼ਨ ਇਸ਼ਨਾਨ ਲਈ ਗਿਆ ਸੀ।

ਪ੍ਰ. - ਆਤਮ ਸਮਰਪਣ ਵਿੱਚ ਦੇਰੀ ਕਿਉਂ ਲਾਈ?

ਉ. - ਗੁਰਦੁਆਰਾ ਮਹਿਤੇ ਦਾ ਪ੍ਰਬੰਧ, ਆਈ ਸੰਗਤ ਦੀ ਦੇਖਭਾਲ ਦੀ ਜ਼ਿੰਮੇਵਾਰੀ ਸੌਂਪਣੀ ਸੀ। ਇਹ ਸਾਰੀ ਜ਼ਿੰਮੇਵਾਰੀ ਭਾਈ ਬਾਰਜਾ ਸਿੰਘ ਨੂੰ ਸੰਭਾਲ ਕੇ ਪੇਸ਼ ਹੋ ਗਿਆ ਹਾਂ।

ਪ੍ਰ. - ਕਿਸ-ਕਿਸ ਲੀਡਰ ਨਾਲ ਕੀ-ਕੀ ਸਲਾਹ ਹੋਈ?

ਉ. - ਇਸ ਬਾਰੇ ਮੈਂ ਕੁੱਝ ਨਹੀਂ ਦੱਸਣਾ ਇਹ ਮੇਰਾ ਨਿੱਜੀ ਮਸਲਾ ਹੈ।

ਪ੍ਰ. - ਇਸ ਵੇਲੇ ਗੁਰਦੁਆਰੇ ਮਹਿਤੇ ਵਿੱਚ ਕੌਣ-ਕੌਣ ਵਿਅਕਤੀ ਹਨ ਜਿਨ੍ਹਾਂ ਦੀ ਪੁਲਿਸ ਨੂੰ ਭਾਲ ਹੈ?

ਉ. - ਗੁਰਦੁਆਰਾ ਸਾਹਿਬ ਵਿੱਚ ਕੋਈ ਭਗੌੜਾ ਨਹੀਂ ਜੇ ਹੈ ਤਾਂ ਪੁਲਿਸ ਫੜ ਲਵੇ।

ਪ੍ਰ. - ਨਛੱਤਰ ਸਿੰਘ ਦੇ 12 ਬੋਰ ਪਿਸਤੌਲ ਅਤੇ 303 ਪਿਸਤੌਲ ਕਿੱਥੇ ਹੈ?

ਉ. - ਨਛੱਤਰ ਸਿੰਘ ਨੂੰ ਪਤਾ ਹੋਵੇਗਾ, ਮੈਨੂੰ ਉਸ ਨੇ ਕਦੇ ਕੋਈ ਅਸਲਾ ਨਹੀਂ ਦਿੱਤਾ।

ਪ੍ਰ. - ਸਵਰਨ ਸਿੰਘ ਤੇ ਦਲਬੀਰ ਸਿੰਘ ਨੂੰ 32 ਬੋਰ ਰਿਵਾਲਵਰ ਤੇ 455 ਬੋਰ ਰਿਵਾਲਵਰ ਕਿਸ ਨੇ ਦਿੱਤੇ?

ਉ. - ਇਹ ਉਨ੍ਹਾਂ ਨੂੰ ਹੀ ਪਤਾ ਹੋਵੇਗਾ, ਮੈਨੂੰ ਕੋਈ ਪਤਾ ਨਹੀਂ।

ਸ. ਜੋਗਿੰਦਰ ਸਿੰਘ (ਜੋ ਬਾਅਦ ਵਿੱਚ ਸੀ. ਬੀ. ਆਈ. ਡਾਇਰੈਕਟਰ ਵੀ ਬਣੇ) ਅਤੇ ਸ੍ਰੀ ਰਜਿੰਦਰ ਸ਼ੇਖਰ ਜੋ ਆਈ. ਬੀ. ਦਾ ਅਫ਼ਸਰ ਸੀ ਇਨ੍ਹਾਂ ਨਾਲ ਪੰਜਾਬ ਤੋਂ ਵੀ ਵੱਡੀ ਗਿਣਤੀ ਵਿੱਚ ਵੱਖ-ਵੱਖ ਏਜੰਸੀਆਂ ਅਤੇ ਪੁਲਿਸ ਦੇ ਅਫ਼ਸਰ ਸਨ ਜਿਨ੍ਹਾਂ ਨੇ ਲਗਭਗ 400 ਸਵਾਲ ਇਸੇ ਤਰ੍ਹਾਂ ਦੇ ਪੁੱਛੇ। ਜਦੋਂ ਸਾਰੀ ਪੁੱਛਗਿੱਛ ਕਰ ਚੁੱਕੇ ਸਨ ਤਾਂ ਜੋਗਿੰਦਰ ਸਿੰਘ ਵੱਲੋਂ ਤੱਕ ਕੇ ਸੰਤਾਂ ਨੇ ਕਿਹਾ ਕਿ ਮੈਂ ਵੀ ਤੁਹਾਨੂੰ ਕੋਈ ਸਵਾਲ ਪੁੱਛ ਸਕਦਾ ਹਾਂ? ਤਾਂ ਉਨ੍ਹਾਂ ਹੈਰਾਨੀ ਭਰੇ ਲਹਿਜੇ ਵਿੱਚ ਕਿਹਾ ਕਿ ਜ਼ਰੂਰ ਪੁੱਛੋ ਤਾਂ ਸੰਤਾਂ ਨੇ ਪੁੱਛਿਆ ਕਿ ਤੁਹਾਡੀ ਡਿਊਟੀ ਕੀ ਹੈ ਤਾਂ ਉਨ੍ਹਾਂ ਕਿਹਾ ਜੋ ਵੀ ਗੁੰਝਲਦਾਰ ਕੇਸ ਹੁੰਦੇ ਹਨ ਜੋ ਸਟੇਟ ਦੀਆਂ ਤਫ਼ਤੀਸ਼ੀ ਏਜੰਸੀਆਂ ਦੀ ਸਮਝ ਵਿੱਚ ਨਹੀਂ ਆਉਂਦੇ ਤਾਂ ਉਨ੍ਹਾਂ ਕੇਸਾਂ ਨੂੰ ਸੀ. ਬੀ. ਆਈ. ਸੁਲਝਾਉਣ ਵਿੱਚ ਮਦਦ ਕਰਦੀ ਹੈ। ਸਾਡੀ ਵੀ ਇਹੀ ਡਿਊਟੀ ਹੈ ਕਿ ਅਸੀਂ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਨੂੰ ਸੁਲਝਾ ਸਕੀਏ, ਤਾਂ ਸੰਤਾਂ ਨੇ ਪੁੱਛਿਆ ਕਿ ਇਸੇ ਹੀ ਕੇਸ ਨਾਲ ਸਬੰਧਤ ਕਿਸੇ ਚੋਰ ਚਿਰ ਨਾਲ ਸੋਕਰ ਵਾਲੀ ਹੁੰਦੀ ਹੈ ਤਾਂ ਤੁਸੀਂ ਉਸ ਲਈ ਵੀ ਇਨਸਾਫ਼ ਕਰ ਸਕਦੇ ਹੋ? ਕਹਿੰਦੇ ਜ਼ਰੂਰ ਕਰ ਸਕਦੇ ਹਾਂ, ਤਾਂ ਸੰਤਾਂ ਨੇ ਕਿਹਾ ਫਿਰ ਇਨ੍ਹਾਂ ਦੇ ਗੱਲਾਂ ਦਾ ਵੀ ਇਨਸਾਫ ਜ਼ਰੂਰ ਕਰਨਾ, ਇੱਕ ਤਾਂ ਜਦੋਂ ਮੈਂ ਸ਼ਾਂਤਮਈ ਮਾਹੌਲ ਵਿੱਚ ਗ੍ਰਿਫ਼ਤਾਰੀ ਦੇ ਦਿੱਤੀ ਸੀ ਤਾਂ ਮੇਰੀ ਗ੍ਰਿਫ਼ਤਾਰੀ ਤੋਂ ਬਾਅਦ ਮਹਿਤੇ ਵਿਖੇ ਨਿਹੱਥੀਆਂ ਸੰਗਤਾਂ ਉਪਰ ਅਕਾਰਨ ਗੋਲੀਆਂ

Scanned with CamScanner

ਚਲਾ ਕੇ 18 ਸਿੰਘ ਸ਼ਹੀਦ ਕਰ ਦਿੱਤੇ ਗਏ ਅਤੇ ਕਿਸੇ ਵੀ ਵਿਅਕਤੀ ਉਪਰ ਪਰਚਾ ਨਹੀਂ ਕੱਟਿਆ ਗਿਆ, ਕਿਸੇ ਨੂੰ ਗ੍ਰਿਫ਼ਤਾਰ ਕਰਨਾ ਤਾਂ ਦੂਰ ਦੀ ਗੱਲ ਹੈ। ਦੂਸਰੀ ਗੱਲ ਜਦੋਂ ਲਾਲੇ ਦਾ ਕਤਲ ਹੋ ਗਿਆ ਉਸ ਸਬੰਧ ਵਿੱਚ ਸ਼ੱਕ ਦੇ ਆਧਾਰ 'ਤੇ ਮੇਰੇ ਵਰੰਟ ਜਾਰੀ ਕੀਤੇ ਗਏ ਮੈਨੂੰ ਵਰੰਟ ਦੇਣ ਤੋਂ ਪਹਿਲਾਂ ਹੀ ਚੰਦੋਕਲਾਂ ਨੂੰ ਘੇਰਾ ਪਾਇਆ, ਅੰਧਾਧੁੰਦ ਗੋਲੀਆਂ ਚਲਾਈਆਂ, ਦਹਿਸ਼ਤ ਫੈਲਾਈ, ਸੰਗਤ ਦੀਆਂ ਦਿੱਤੀਆਂ ਜਥੇ ਦੀਆਂ ਦੋ ਬੱਸਾਂ ਸਾੜ ਦਿੱਤੀਆਂ ਗਈਆਂ ਜਿਨ੍ਹਾਂ ਵਿੱਚ ਗੁਰਬਾਣੀ ਦੀਆਂ ਪੋਥੀਆਂ ਅਤੇ ਧਾਰਮਿਕ ਲਿਟਰੇਚਰ ਸੀ। ਇਸ ਤੋਂ ਇਲਾਵਾ ਨਗਰ ਨਿਵਾਸੀਆਂ 'ਤੇ ਅਤੇ ਜਥੇ ਦੇ ਸਿੰਘਾਂ ਉਪਰ ਤਸ਼ੱਦਦ ਕੀਤਾ ਗਿਆ, ਪਿੰਡ ਨੂੰ ਲੁੱਟਿਆ ਗਿਆ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪੁਲਿਸ ਨੇ ਧਾੜਵੀਆਂ ਵਾਂਗ ਪਿੰਡ ਨੂੰ ਘੇਰਾ ਪਾ ਕੇ ਇਹ ਸਭ ਕੁੱਝ ਕੀਤਾ। ਕੀ ਇਸ ਬਾਰੇ ਵੀ ਤੁਸੀਂ ਇਨਸਾਫ ਕਰੋਗੇ? ਤਾਂ ਉਪਰੋਕਤ ਅਧਿਕਾਰੀ ਚੁੱਪ ਹੋ ਗਏ ਅਤੇ ਨਾਲ ਹੀ ਕਿਹਾ ਕਿ ਇਨ੍ਹਾਂ ਗੱਲਾਂ ਦੀ ਤਫਤੀਸ਼ ਕਰਨ ਦਾ ਸਾਨੂੰ ਅਧਿਕਾਰ ਨਹੀਂ ਦਿੱਤਾ ਗਿਆ ਤਾਂ ਸੰਤਾਂ ਨੇ ਕਿਹਾ ਕਿ ਇਹ ਸਭ ਘਟਨਾਵਾਂ ਲਾਲੇ ਦੇ ਕਤਲ ਕੇਸ ਨਾਲ ਸਬੰਧਤ ਹਨ ਅਤੇ ਤੁਹਾਨੂੰ ਲਾਲੇ ਦੇ ਕਤਲ ਸਬੰਧੀ ਸਮੁੱਚੇ ਰੂਪ ਵਿੱਚ ਤਫਤੀਸ਼ ਕਰਨ ਦੇ ਅਧਿਕਾਰ ਦਿੱਤੇ ਹਨ। ਇਹ ਸੁਣ ਕੇ ਅਧਿਕਾਰੀ ਚੁੱਪ ਰਹੇ ਤਾਂ ਸੰਤਾਂ ਕਿਹਾ ਮੈਨੂੰ ਪਤਾ ਹੈ ਕਿ ਤੁਹਾਡੀ ਪੜਤਾਲ ਵੀ ਕੇਂਦਰ ਸਰਕਾਰ ਦੀ ਮਨਸ਼ਾ ਅਨੁਸਾਰ ਇੱਕ ਪਾਸੜ ਹੀ ਹੋਣੀ ਹੈ।

ਅਖੀਰ ਵਿੱਚ ਸੰਤਾਂ ਨੇ ਕਿਹਾ ਤੁਸੀਂ ਵੱਡੇ ਅਫਸਰ ਹੋ, ਇਮਾਨਦਾਰੀ ਨਾਲ ਸਹੀ ਤਫਤੀਸ਼ ਕਰੋ ਅਤੇ ਇੱਕ ਹੋਰ ਗੱਲ ਕਹਿਣੀ ਚਾਹਾਂਗਾ ਕਿ ਆਪਣੀ ਡਿਊਟੀ ਦੇ ਨਾਲ-ਨਾਲ ਬਾਣੀ ਵੀ ਪੜ੍ਹਿਆ ਕਰੋ, ਆਪੋ ਆਪਣੇ ਧਰਮ ਵਿੱਚ ਪੱਕੇ ਰਹੋ ਅਤੇ ਧਰਮ ਦੀ ਇਬਾਦਤ ਕਰਿਆ ਕਰੋ। ਇਹ ਸੁਣਦਿਆਂ ਹੀ ਸ. ਜੋਗਿੰਦਰ ਸਿੰਘ ਕਹਿਣ ਲੱਗੇ ਕਿ ਮੈਂ ਸਵੇਰੇ ਬਾਣੀ ਪੜ੍ਹਦਾ ਹਾਂ ਤਾਂ ਸੰਤਾਂ ਨੇ ਕਿਹਾ ਕਿ ਚੰਗਾ ਪਹਿਲੀ ਪਉੜੀ ਦਾ ਪਾਠ ਸੁਣਾ ਤਾਂ ਉਹ ੧ਓ ਵੀ ਸਹੀ ਉਚਾਰਨ ਨਾ ਕਰ ਸਕਿਆ। ਸੰਤਾਂ ਨੇ ਕਿਹਾ ਸਰਦਾਰ ਜੀ, ਕਿਸੇ ਗ੍ਰੰਥੀ ਸਿੰਘ ਕੋਲੋਂ ਗੁਰਬਾਣੀ ਦੀ ਸੰਥਿਆ ਲੈ ਕੇ ਨਿੱਤਨੇਮ ਕਰਿਆ ਕਰੋ, ਡਿਊਟੀ ਆਪਣੇ ਥਾਂ ਹੈ, ਪਰ ਧਰਮ ਦੇ ਨਿਯਮ ਆਪਣੀ ਥਾਂ 'ਤੇ ਹਨ। ਤਾਂ ਉਸ ਨੇ ਕਿਹਾ ਕਿ ਮੈਂ ਜ਼ਰੂਰ ਕੋਸ਼ਿਸ਼ ਕਰਾਂਗਾ ਕਿ ਬਾਣੀ ਪੜ੍ਹਣ ਦੀ ਸਿੱਖਿਆ ਪ੍ਰਾਪਤ ਕਰ ਸਕਾਂ। ਨਾਲ ਹੀ ਇਹ ਸਭ ਅਫਸਰ ਸੰਤਾਂ ਕੋਲੋਂ ਚਲੇ ਗਏ ਅਤੇ ਹੈਰਾਨ ਵੀ ਸਨ ਕਿ ਐਨੀ ਭਾਰੀ ਪੁੱਛ ਪੜਤਾਲ ਦੇ ਬਾਵਜੂਦ ਇਨ੍ਹਾਂ ਉਪਰ ਕੋਈ ਮਾਨਸਿਕ ਦਬਾਅ ਨਹੀਂ ਹੈ ਬਲਕਿ ਆਮ ਸਾਧਾਰਨ ਹਾਲਾਤਾਂ ਵਾਂਗ ਹੀ ਗੱਲਬਾਤ ਕਰ ਰਹੇ ਹਨ। ਸਾਰੀ ਪੁੱਛ ਪੜਤਾਲ ਕਰਨ ਉਪਰੰਤ ਇਹ ਅਫਸਰ ਵਾਪਸ ਪਰਤ ਗਏ। ਇਨ੍ਹਾਂ ਤੋਂ ਇਲਾਵਾ ਪੰਜਾਬ ਪੁਲਿਸ ਅਤੇ ਪੰਜਾਬ ਰਾਜ ਦੀਆਂ ਕਈ ਏਜੰਸੀਆਂ ਨੇ ਵੀ ਆਪਣੇ ਤੌਰ 'ਤੇ ਪੁੱਛਗਿੱਛ ਕੀਤੀ।

ਗੜ੍ਹੀ ਰੈਸਟ ਹਾਊਸ ਵਿਖੇ ਮਿਲਣ ਵਾਲੇ ਆਗੂ

ਗੜ੍ਹੀ ਰੈਸਟ ਹਾਊਸ ਦੇ ਬਾਹਰ ਜਿਥੇ ਸੰਗਤਾਂ ਨੇ ਪੱਕੇ ਤੌਰ 'ਤੇ ਦੀਵਾਨ ਸਜਾ ਰੱਖੇ ਸਨ, ਉੱਥੇ ਰੋਜ਼ਾਨਾ ਹੀ ਸੰਤਾਂ ਨੂੰ ਮਿਲਣ ਵਾਸਤੇ ਸਵੇਰੇ-ਸ਼ਾਮ ਸਿੱਖ ਆਗੂ ਵੀ ਵੱਡੀ ਗਿਣਤੀ ਵਿੱਚ ਆਉਂਦੇ ਰਹੇ। ਇਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਸ. ਗੁਰਚਰਨ ਸਿੰਘ ਟੌਹੜਾ, ਬਸੰਤ ਸਿੰਘ ਖ਼ਾਲਸਾ, ਸੁਰਜਨ ਸਿੰਘ ਠੇਕੇਦਾਰ, ਹੀਰਾ ਸਿੰਘ ਗਾਬੜੀਆ, ਬਾਬਾ ਅਜੀਤ ਸਿੰਘ, ਜਥੇਦਾਰ ਸਰੈਣ ਸਿੰਘ, ਰਣਜੀਤ ਸਿੰਘ ਨਾਜ, ਸੰਤ ਸਿੰਘ ਗੁੱਜਰਖਾਨੀ, ਗਿਆਨੀ ਹਰਜੀਤ ਸਿੰਘ (ਪਾਪੜ ਵੜੀਆਂ ਵਾਲੇ), ਉਜਾਗਰ ਸਿੰਘ ਸੇਖਵਾਂ, ਸੰਤਾਂ ਦਾ ਭਾਈ ਸ. ਜਗਜੀਤ ਸਿੰਘ, ਸਾਧੂ ਸਿੰਘ ਨੰਬਰਦਾਰ ਰੋਡੇ, ਗੁਰਦੇਵ ਸਿੰਘ ਬਾਦਲ, ਬੰਤ ਸਿੰਘ ਮਲਕ ਆਦਿ ਹੋਰ ਬਹੁਤ ਸਾਰੇ ਸਿੱਖ ਆਗੂ ਵਿਦਵਾਨ, ਮੁਖੀ ਸੰਤਾਂ ਨੂੰ ਮਿਲਦੇ ਰਹੇ। ਰੋਜ਼ਾਨਾ ਦੇ ਲੰਗਰ ਦਾ ਪ੍ਰਬੰਧ ਸ. ਤੇਜਵੰਤ ਸਿੰਘ ਗਰੇਵਾਲ ਨੇ ਸੰਭਾਲਿਆ ਹੋਇਆ ਸੀ। ਸ. ਬਸੰਤ ਸਿੰਘ ਖ਼ਾਲਸਾ, ਰਣਜੀਤ ਸਿੰਘ ਨਾਜ, ਸੰਤ ਸਿੰਘ ਗੁੱਜਰਖਾਨੀ ਆਦਿ ਆਗੂਆਂ ਨੇ ਸੰਤਾਂ ਨੂੰ ਪੁੱਛਿਆ ਕਿ ਸਾਨੂੰ ਕੋਈ ਸੇਵਾ ਦੱਸੋ ਸਾਡੇ ਲਈ ਕੀ ਹੁਕਮ ਹੈ? ਸੰਤਾਂ ਨੇ ਕਿਹਾ ਵੱਧ ਤੋਂ ਵੱਧ ਬਾਣੀ ਪੜ੍ਹਿਆ ਕਰੋ ਤੇ ਵਾਹਿਗੁਰੂ ਦਾ ਨਾਮ ਜਪਿਆ ਕਰੋ, ਕਹਿੰਦੇ ਠੀਕ ਹੈ ਜੀ ਜਿਨੀ ਸਤਿਗੁਰੂ ਜੀ ਪੜ੍ਹਾਉਣਗੇ, ਜ਼ਰੂਰ ਪੜ੍ਹਿਆ ਕਰਾਂਗੇ। ਸੰਤਾਂ ਨੇ ਕਿਹਾ ਤੁਸੀਂ ਬਾਣੀ ਪੜ੍ਹਣੀ ਸ਼ੁਰੂ ਕਰੋ ਜਦੋਂ ਗੁਰੂ ਸਾਹਿਬ ਰੋਕਣਗੇ ਤਾਂ ਰੁਕ ਜਾਣਾ। ਇਹ ਹਾਜ਼ਰ ਜਵਾਬੀ ਸੁਣ ਕੇ ਚੁੱਪ ਹੋ ਗਏ।

Scanned with CamScanner

25 ਸਤੰਬਰ ਨੂੰ ਗੜ੍ਹੀ ਰੈਸਟ ਹਾਊਸ ਵਿਖੇ ਲੱਗੀ ਅਦਾਲਤ

25 ਸਤੰਬਰ 1981 ਨੂੰ ਜਸਟਿਸ ਜੀ. ਕੇ. ਰਾਏ ਨੇ ਇਥੇ ਗੜ੍ਹੀ ਰੈਸਟ ਹਾਊਸ ਵਿਖੇ ਵਿਸ਼ੇਸ਼ ਅਦਾਲਤ ਲਾਈ। ਸੰਤਾਂ ਵੱਲੋਂ ਵਕੀਲ ਸ. ਬਲਦੇਵ ਸਿੰਘ ਬਿੰਦਰਾ, ਸ. ਜਸਬੀਰ ਸਿੰਘ ਬਿੰਦਰਾ, ਸ. ਗੁਰਚਰਨ ਸਿੰਘ ਬੱਲ, ਡੀ. ਐਸ. ਗਿੱਲ ਅਤੇ ਹੋਰ ਪੰਦਰਾਂ ਦੇ ਲਗਭਗ ਸਿੱਖ ਵਕੀਲ ਹਾਜ਼ਰ ਹੋਏ। ਅੱਜ ਦੀ ਬਹਿਸ ਦੀ ਸਮਾਪਤੀ ਉਪਰੰਤ ਅਦਾਲਤ ਨੇ ਸੰਤਾਂ ਦੇ 14 ਦਿਨ ਦੇ ਜੁਡੀਸ਼ੀਅਲ ਰਿਮਾਂਡ ਦਾ ਆਡਰ ਦੇ ਦਿੱਤਾ। ਸਰਕਾਰ ਵੱਲੋਂ ਪਹਿਲਾਂ ਹੀ ਤਿਆਰੀ ਕੀਤੀ ਹੋਈ ਸੀ ਕਿ ਸੰਤਾਂ ਨੂੰ ਕਿਥੇ ਰੱਖਣਾ ਹੈ ਪਰ ਇਸ ਗੱਲ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਹੋਇਆ ਸੀ। ਜਦੋਂ ਪੁਲਿਸ ਅਫਸਰਾਂ ਨੇ ਹੋਰ ਫੋਰਸਾਂ ਨੂੰ ਦੱਸਿਆ ਕਿ ਸੰਤਾਂ ਨੂੰ ਫਿਰੋਜ਼ਪੁਰ ਜੇਲ੍ਹ ਵਿੱਚ ਲੈ ਕੇ ਚੱਲਣਾ ਹੈ ਪਰ ਇਨ੍ਹਾਂ ਨੂੰ ਆਮ ਰਸਤਿਆਂ ਉਪਰ ਦੀ ਨਹੀਂ ਬਲਕਿ ਪਿੰਡਾਂ ਦੀਆਂ ਲਿੰਕ ਸੜਕਾਂ ਰਾਹੀਂ ਘੱਟੋ ਘੱਟ ਮੋਗੇ ਤੱਕ ਲਿਜਾਇਆ ਜਾਵੇ ਤਾਂ ਕਿ ਇਥੋਂ ਦੀਆਂ ਸੰਗਤਾਂ ਅਤੇ ਲੀਡਰਾਂ ਨੂੰ ਇਸ ਬਾਰੇ ਕੋਈ ਭਿਣਕ ਵੀ ਨਾ ਲੱਗ ਸਕੇ ਅਤੇ ਪੁਲਿਸ ਪ੍ਰਸ਼ਾਸਨ ਵੀ ਇਹੋ ਚਾਹੁੰਦਾ ਸੀ ਕਿ ਇੱਥੋਂ ਦੇਰ ਸ਼ਾਮ ਹੀ ਤੁਰਿਆ ਜਾਵੇ ਤਾਂ ਕਿ ਸੰਤਾਂ ਨੂੰ ਲੈ ਕੇ ਜਾਣ ਸਮੇਂ ਕਿਸੇ ਨੂੰ ਪਛਾਣ ਨਾ ਆ ਸਕੇ। ਇਸ ਲਈ ਲਗਭਗ ਸ਼ਾਮ 5.00 ਵਜੇ ਸੰਤਾਂ ਨੂੰ ਉੱਥੋਂ ਚੱਲਣ ਲਈ ਕਿਹਾ। ਜਦੋਂ ਚੱਲਣ ਲੱਗੇ ਤਾਂ ਇਹ ਦੇਵਾ ਸਿੰਘ ਜੋ ਮਹਿਤੇ ਤੋਂ ਸੰਤਾਂ ਦੇ ਨਾਲ ਹੀ ਆਏ ਸਨ ਭਾਈ ਸੁਜਾਨ ਸਿੰਘ ਅਤੇ ਭਾਈ ਆਤਮਾ ਸਿੰਘ ਵੀ ਸੰਤਾਂ ਨਾਲ ਜਾਣ ਲਈ ਭਿਆਰ ਹੋ ਗਏ। ਪਰ ਪੁਲਿਸ ਵਾਲੇ ਇਸ ਗੱਲ ਤੋਂ ਬਜਿੱਦ ਹੋ ਗਏ ਕਿ ਅਸੀਂ ਇਨ੍ਹਾਂ ਨੂੰ ਨਾਲ ਨਹੀਂ ਲੈ ਕੇ ਜਾ ਸਕਦੇ ਕਿਉਂਕਿ ਇਨ੍ਹਾਂ ਖਿਲਾਫ ਅਦਾਲਤ ਵੱਲੋਂ ਕੋਈ ਹੁਕਮ ਨਹੀਂ ਦਿੱਤਾ ਗਿਆ। ਇਸ ਤਰ੍ਹਾਂ ਹੋਰ ਵੀ ਇੱਕ ਘੰਟਾ ਲੱਗ ਗਿਆ, ਜਦੋਂ ਇਹ ਦੇਖਿਆ ਇਨ੍ਹਾਂ ਸਿੰਘਾਂ ਤੋਂ ਬਗੈਰ ਸੰਗਤਾਂ ਨੇ ਸੰਤਾਂ ਨੂੰ ਇਥੋਂ ਤੁਰਨ ਨਹੀਂ ਦੇਣਾ ਤਾਂ ਵੱਡੇ ਅਧਿਕਾਰੀਆਂ ਨਾਲ ਗੱਲ ਕਰਕੇ ਇਸ ਗੱਲ ਦੀ ਇਜ਼ਾਜ਼ਤ ਲੈ ਲਈ ਕਿ ਇਨ੍ਹਾਂ ਵਿੱਚੋਂ ਭਾਈ ਸੁਜਾਨ ਸਿੰਘ ਨੂੰ ਵੀ ਨਾਲ ਜੇਲ੍ਹ ਭੇਜ ਦਿੱਤਾ ਜਾਵੇ। ਜਦ ਤੱਕ ਵਿੱਚੋਂ ਹੀ ਕੁੱਝ ਸਿੰਘਾਂ ਨੂੰ ਪਤਾ ਲੱਗ ਗਿਆ ਕਿ ਸੰਤਾਂ ਨੂੰ ਫਿਰੋਜ਼ਪੁਰ ਜੇਲ੍ਹ ਵਿਖੇ ਲਿਜਾਇਆ ਜਾਵੇਗਾ ਤਾਂ ਸ. ਤੇਜਵੰਤ ਸਿੰਘ, ਸ. ਮਨੋਹਰ ਸਿੰਘ, ਸ. ਜਗਜੀਤ ਸਿੰਘ ਰੋਡੇ, ਸਾਧੂ ਸਿੰਘ ਨੰਬਰਦਾਰ ਰੋਡੇ ਆਦਿ ਨੇ ਸਲਾਹ ਕਰਕੇ ਫਿਰੋਜ਼ਪੁਰ ਦੇ ਅਕਾਲੀ ਲੀਡਰ ਸ. ਮਹਿੰਦਰ ਸਿੰਘ ਸਾਂਈਆਂ ਵਾਲਾ ਦੇ ਸਪੁੱਤਰ ਹਰਪ੍ਰੀਤ ਸਿੰਘ ਸਾਂਈਆਂ ਵਾਲਾ ਨੂੰ ਟੈਲੀਫੋਨ ਰਾਹੀਂ ਦੱਸਿਆ ਕਿ ਸੰਤਾਂ ਨੂੰ ਫਿਰੋਜ਼ਪੁਰ ਜੇਲ੍ਹ ਵਿਖੇ ਲਿਆਂਦਾ ਜਾ ਰਿਹਾ ਹੈ, ਹੋ ਸਕਦਾ ਹੈ ਕਿ ਉਹ ਅੱਜ ਸਾਢੇ ਅੱਠ ਨੌ ਵਜੇ ਫਿਰੋਜ਼ਪੁਰ ਪਹੁੰਚ ਜਾਣ। ਇਸ ਲਈ ਤੁਸੀਂ ਜਲਦੀ ਤੋਂ ਜਲਦੀ ਨੌਜਵਾਨਾਂ ਨੂੰ ਇਕੱਠੇ ਕਰਕੇ ਪ੍ਰਬੰਧ ਕਰੋ ਕਿ ਫਿਰੋਜ਼ਪੁਰ ਦਾਖਲ ਹੁੰਦਿਆਂ ਹੀ ਸੰਤਾਂ ਦਾ ਵੱਡੇ ਇਕੱਠ ਰਾਹੀਂ ਭਰਵਾਂ ਸਵਾਗਤ ਕੀਤਾ ਜਾ ਸਕੇ, ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਫਿਕਰ ਨਾ ਕਰੋ ਇਹ ਸਾਰਾ ਪ੍ਰਬੰਧ ਮੈਂ ਕਰ ਲਵਾਂਗਾ।

ਸੋ ਸ. ਹਰਪ੍ਰੀਤ ਸਿੰਘ ਨੇ ਤੁਰੰਤ ਹੀ ਨੌਜਵਾਨਾਂ ਨਾਲ ਅਤੇ ਹੋਰ ਟਕਸਾਲ ਦੇ ਸਹਿਯੋਗੀਆਂ ਨਾਲ ਤਾਲਮੇਲ ਕਰਕੇ ਇਹ ਸਾਰਾ ਪ੍ਰਬੰਧ ਕਰ ਲਿਆ। ਉੱਧਰ ਸੰਤਾਂ ਨੂੰ ਉਥੋਂ ਲੈ ਕੇ ਚੱਲਣ ਸਮੇਂ ਸਿੱਧੇ ਰਸਤੇ ਲਿਆਉਣ ਦੀ ਥਾਂ ਗੜ੍ਹੀ ਤੋਂ ਨੀਲੋਂ ਪੁਲ, ਦੋਰਾਹਾ, ਸ਼ੰਕਰ, ਡੇਹਲੋਂ, ਨਾਰੰਗਵਾਲ, ਜੋਧਾਂ, ਮਨਸੂਰਾਂ, ਖੜ੍ਹੂਰ, ਮੋਹੀ, ਰਕਬਾ, ਜਗਰਾਓਂ, ਮੋਗਾ ਆਦਿ ਦੇ ਰਸਤੇ ਰਾਹੀਂ ਲਿਆ ਕੇ ਫਿਰੋਜ਼ਪੁਰ ਜੀ. ਟੀ. ਰੋਡ ਉਪਰ ਲਿਆਂਦਾ ਗਿਆ। ਤਦ ਤੱਕ ਇਨ੍ਹਾਂ ਦਾ ਪਿੱਛਾ ਕਰਦੇ ਸ. ਤੇਜਵੰਤ ਸਿੰਘ, ਭਾਈ ਜਗਜੀਤ ਸਿੰਘ, ਸ. ਸਾਧੂ ਸਿੰਘ ਵੀ ਪਿੱਛੇ ਪਹੁੰਚ ਗਏ। ਜਿਉਂ ਹੀ ਸੰਤਾਂ ਨੂੰ ਲੈ ਕੇ ਜਾ ਰਹੀ ਪੁਲਿਸ ਫੋਰਸ ਫਿਰੋਜ਼ਪੁਰ ਫਾਟਕਾਂ ਤੋਂ ਪਹੁੰਚੀ ਤਾਂ ਉਥੇ ਸ. ਹਰਪ੍ਰੀਤ ਸਿੰਘ ਸਾਂਈਆਂ ਵਾਲੇ ਨੇ ਸੈਂਕੜੇ ਸਿੰਘਾਂ ਨਾਲ ਅਕਾਸ਼ ਗੁੰਜਾਊ ਜੈਕਾਰਿਆਂ ਨਾਲ ਸਵਾਗਤ ਕੀਤਾ ਅਤੇ ਫੁੱਲਾਂ ਦੀ ਵਰਖਾ ਕੀਤੀ। ਉਦੋਂ ਤੱਕ ਰਾਤ ਦੇ 9.00 ਵੱਜ ਚੁੱਕੇ ਸਨ। ਪੁਲਿਸ ਅਧਿਕਾਰੀ ਇਸ ਗੱਲੋਂ ਹੈਰਾਨ ਸਨ ਕਿ ਅਸੀਂ ਗੱਲ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਹੈ ਪਰ ਸਾਡੇ ਇੱਥੇ ਪਹੁੰਚਦਿਆਂ-ਪਹੁੰਚਦਿਆਂ ਹੀ ਏਨੀ ਵੱਡੀ ਗਿਣਤੀ ਵਿੱਚ ਸੰਗਤਾਂ ਕਿਵੇਂ ਇਕੱਤਰ ਹੋ ਗਈਆਂ।

ਜਿਉਂ ਹੀ ਸੰਤਾਂ ਨੂੰ ਜੇਲ੍ਹ ਵੱਲ ਲੈ ਕੇ ਗਏ ਤਾਂ ਭਾਈ ਹਰਪ੍ਰੀਤ ਸਿੰਘ ਸਾਂਈਆਂ ਵਾਲੇ ਸਮੇਤ ਇਹ ਸਾਰੇ ਸਿੰਘ ਵੀ ਸੰਤਾਂ ਦੇ ਪਿੱਛੇ ਹੋ ਤੁਰੇ। ਇਹ ਸਭ ਸਿੰਘ ਜੇਲ੍ਹ ਦੇ ਮੇਨ ਗੇਟ ਕੋਲ ਪਹੁੰਚ ਗਏ। ਇਨ੍ਹਾਂ ਸਭ ਸਿੰਘਾਂ ਨੇ ਜੇਲ੍ਹ ਦੇ ਮੇਨ ਗੇਟ ਦੇ ਸਾਹਮਣੇ ਮਿਆਨਾਂ ਵਿੱਚੋਂ ਕਿਰਪਾਨਾਂ ਕੱਢ ਕੇ ਸੰਤਾਂ ਨੂੰ ਸਤਿਕਾਰ ਸਹਿਤ ਸਲਾਮੀ ਦਿੱਤੀ ਅਤੇ ਫੁੱਲਾਂ

Scanned with CamScanner

ਦੀ ਵਰਖਾ ਵੀ ਕੀਤੀ, ਨਾਲ ਹੀ ਸੰਤਾਂ ਦੇ ਹੱਕ ਵਿੱਚ ਨਾਅਰੇ ਲਗਾਏ ਸੰਤ ਭਿੰਡਰਾਂਵਾਲੇ ਜ਼ਿੰਦਾਬਾਦ, ਰਾਜ ਕਰੇਗਾ ਖ਼ਾਲਸਾ, ਦੇਗ ਤੇਗ ਫ਼ਤਿਹ, ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਆਦਿ। ਇਨ੍ਹਾਂ ਸਿੰਘਾਂ ਦੀ ਨਾਅਰੇ ਲਗਾਉਣ ਸਮੇਂ ਆਵਾਜ਼ ਏਨੀ ਬੁਲੰਦ ਸੀ ਕਿ ਜੇਲ੍ਹ ਅੰਦਰ ਬੰਦੀ ਸਿੰਘਾਂ ਨੂੰ ਇਹ ਨਾਅਰੇ ਸੁਣਦਿਆਂ ਹੀ ਪਤਾ ਲੱਗ ਗਿਆ ਕਿ ਭਿੰਡਰਾਂਵਾਲੇ ਸੰਤਾਂ ਨੂੰ ਇਸ ਜੇਲ੍ਹ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਨੇ ਜੇਲ੍ਹ ਦੇ ਅੰਦਰੋਂ ਵੀ ਸੰਤ ਭਿੰਡਰਾਂਵਾਲੇ ਜ਼ਿੰਦਾਬਾਦ, ਬੋਲੇ ਸੋ ਨਿਹਾਲ ਆਦਿ ਦੇ ਨਾਅਰੇ ਲਗਾਏ ਜਿਸ ਨਾਲ ਰਾਤ ਦੇ ਹਨੇਰੇ ਵਿੱਚ ਪੂਰੀ ਜੇਲ੍ਹ ਵਿੱਚ ਹੀ ਗੂੰਜਾਂ ਪੈ ਗਈਆਂ। ਜੇਲ੍ਹ ਦੇ ਮੇਨ ਗੇਟ 'ਤੇ ਖੜ੍ਹੇ ਜੇਲ੍ਹ ਸੁਪਰਡੈਂਟ, ਡਿਪਟੀ ਸੁਪਰਡੈਂਟ ਕੁੱਝ ਹੋਰ ਅਧਿਕਾਰੀ ਅਤੇ ਮੁਲਾਜ਼ਮ ਕਾਫ਼ੀ ਘਬਰਾਹਟ ਵਿੱਚ ਸਨ ਕਿ ਇਨ੍ਹਾਂ ਹਾਲਾਤਾਂ ਵਿੱਚ ਸੰਤਾਂ ਨੂੰ ਇੱਥੇ ਰੱਖਣਾ ਮੁਸ਼ਕਿਲ ਹੋ ਜਾਵੇਗਾ। ਸੰਤਾਂ ਨੇ ਜੇਲ੍ਹ ਅਧਿਕਾਰੀਆਂ ਨੂੰ ਕਿਹਾ ਤੁਸੀਂ ਕਿਸੇ ਕਿਸਮ ਦਾ ਫ਼ਿਕਰ ਨਾ ਕਰੋ ਇਨ੍ਹਾਂ ਨੂੰ ਅਸੀਂ ਆਪੇ ਹੀ ਸ਼ਾਂਤ ਕਰ ਦੇਵਾਂਗੇ। ਫਿਰ ਕੁੱਝ ਸਮੇਂ ਬਾਅਦ ਜੇਲ੍ਹ ਅੰਦਰ ਦੇ ਹਾਲਾਤ ਆਮ ਵਰਗੇ ਹੋ ਗਏ। ਫਿਰ ਸੰਤਾਂ ਨੇ ਬਾਹਰ ਖੜ੍ਹੇ ਸਭ ਸਿੰਘਾਂ ਨੂੰ ਹੱਥ ਜੋੜ ਕੇ ਫ਼ਤਿਹ ਬੁਲਾਈ ਅਤੇ ਆਪਣੇ ਸਾਥੀ ਸਿੰਘਾਂ ਸਮੇਤ ਜੇਲ੍ਹ ਵਿੱਚ ਦਾਖਲ ਹੋ ਗਏ। ਇੱਥੇ ਜੇਲ੍ਹ ਸਟਾਫ਼ ਤੋਂ ਬਿਨਾਂ ਹੋਰ ਬਹੁਤ ਸ਼ਾਰੀਆਂ ਸੁਰੱਖਿਆ ਫੋਰਸਾਂ ਲਾ ਕੇ ਪੂਰੀ ਜੇਲ੍ਹ ਦੇ ਅੰਦਰ ਅਤੇ ਬਾਹਰ ਭਾਰੀ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਮੁੱਢਲੀ ਕਾਰਵਾਈ ਕਰਨ ਉਪਰੰਤ ਜੇਲ੍ਹ ਅਧਿਕਾਰੀਆਂ ਨੇ ਸੰਤਾਂ ਨੂੰ ਇੱਕ ਸੈੱਲ ਵਿੱਚ ਬੰਦ ਕਰ ਦਿੱਤਾ ਅਤੇ ਨਾਲ ਆਏ ਸਹਿਯੋਗੀ ਸਿੰਘਾਂ ਨੂੰ ਦੂਸਰੇ ਸੈੱਲ ਵਿੱਚ ਬੰਦ ਕੀਤਾ।

ਜਦੋਂ ਸੰਤਾਂ ਨੂੰ ਰਾਤ ਦਾ ਖਾਣਾ ਖਾਣ ਲਈ ਆਖਿਆ ਗਿਆ ਤਾਂ ਸੰਤਾਂ ਨੇ ਇਹ ਕਹਿ ਕੇ ਮਨ੍ਹਾ ਕਰ ਦਿੱਤਾ ਕਿ ਅਸੀਂ ਸੁੱਚਮ ਨਾਲ ਤਿਆਰ ਕੀਤਾ ਹੀ ਖਾਂਦੇ ਹਾਂ ਇਸਦਾ ਪ੍ਰਬੰਧ ਕੱਲ੍ਹ ਨੂੰ ਅਸੀਂ ਆਪ ਹੀ ਕਰ ਲਵਾਂਗੇ ਅਤੇ ਅੱਜ ਦਾ ਕੋਈ ਫ਼ਿਕਰ ਨਾ ਕਰੋ ਕਿਉਂਕਿ ਇੱਕ ਟਾਈਮ ਲੰਗਰ ਨਹੀਂ ਛਕਾਂਗੇ ਤਾਂ ਕੁੱਝ ਨਹੀਂ ਹੋਣ ਲੱਗਾ। ਪਰ ਜੇਲ੍ਹ ਅਧਿਕਾਰੀਆਂ ਨੂੰ ਫ਼ਿਕਰ ਪੈ ਗਿਆ ਕਿ ਸਾਡੀ ਡਿਊਟੀ ਬਣਦੀ ਹੈ ਇਸ ਲਈ ਸਾਨੂੰ ਢੁੱਕਵੇਂ ਪ੍ਰਬੰਧ ਕਰਨੇ ਚਾਹੀਦੇ ਸਨ। ਇੰਨੇ ਚਿਰ ਨੂੰ ਡਿਪਟੀ ਸੁਪਰਡੈਂਟ ਬਾਹਰਲੇ ਗੇਟ 'ਤੇ ਆਇਆ ਉਸ ਨੇ ਵੇਖਿਆ ਕਿ ਚਾਰ-ਪੰਜ ਸਿੰਘ ਅਜੇ ਵੀ ਬਾਹਰ ਖੜ੍ਹੇ ਹਨ। ਉਸ ਨੇ ਉਨ੍ਹਾਂ ਨੂੰ ਪੁੱਛਿਆ ਕਿ ਇਸ ਸਮੇਂ ਸੰਤਾਂ ਦੇ ਲੰਗਰ ਦਾ ਕੋਈ ਪ੍ਰਬੰਧ ਹੋ ਸਕਦਾ ਹੈ ਤਾਂ ਉਨ੍ਹਾਂ ਸਿੰਘਾਂ ਵਿੱਚੋਂ ਭਾਈ ਤੇਜਵੰਤ ਸਿੰਘ ਗਰੇਵਾਲ ਨੇ ਕਿਹਾ ਕਿ ਅਸੀਂ ਇਸੇ ਲਈ ਹੀ ਰੁਕੇ ਹੋਏ ਹਾਂ ਕਿਉਂਕਿ ਅਸੀਂ ਉਨ੍ਹਾਂ ਦਾ ਪ੍ਰਸ਼ਾਦਾ ਲੈ ਕੇ ਆਏ ਹਾਂ। ਡਿਪਟੀ ਸੁਪਰਡੈਂਟ ਨੇ ਇੰਨਾ ਸੁਣਦਿਆਂ ਹੀ ਕੁੱਝ ਰਾਹਤ ਮਹਿਸੂਸ ਕੀਤੀ ਅਤੇ ਉਨ੍ਹਾਂ ਸਿੰਘਾਂ ਨੂੰ ਸੰਤਾਂ ਨਾਲ ਮਿਲਾਇਆ ਜਿਨ੍ਹਾਂ ਨੂੰ ਸੰਤਾਂ ਨੇ ਕਿਹਾ ਕਿ ਤੁਸੀਂ ਇਹ ਖੇਚਲ ਕਿਉਂ ਕੀਤੀ ਹੈ? ਆਪੇ ਕੱਲ੍ਹ ਨੂੰ ਕੋਈ ਨਾ ਕੋਈ ਪ੍ਰਬੰਧ ਹੋ ਹੀ ਜਾਣਾ ਸੀ। ਪਰ ਸਿੰਘਾਂ ਨੇ ਬੇਨਤੀ ਕੀਤੀ ਕਿ ਤੁਸੀਂ ਪ੍ਰਸ਼ਾਦਾ ਜ਼ਰੂਰ ਛਕੋ ਅਤੇ ਜਿੰਨਾ ਸਮਾਂ ਜੇਲ੍ਹ ਵਿੱਚ ਹੋ ਇਹ ਸੇਵਾ ਸਾਨੂੰ ਦਿਓ। ਫਿਰ ਸੰਤਾਂ ਨੇ ਪ੍ਰਸ਼ਾਦਾ ਛਕਿਆ।

ਜਦੋਂ ਤੱਕ ਭਾਈ ਤੇਜਵੰਤ ਸਿੰਘ ਗਰੇਵਾਲ ਹੁਰੀਂ ਸੰਤਾਂ ਨੂੰ ਲੰਗਰ ਛਕਾ ਕੇ ਜੇਲ੍ਹ ਤੋਂ ਬਾਹਰ ਨਿਕਲੇ ਉਦੋਂ ਤੱਕ ਰਾਤ ਦੇ 11.00 ਵੱਜ ਚੁੱਕੇ ਸਨ। ਪਰ ਇਹ ਸਿੰਘ ਉਸੇ ਵੇਲੇ ਭਾਈ ਹਰਪ੍ਰੀਤ ਸਿੰਘ ਸਾਂਈਆਂ ਵਾਲੇ ਦੇ ਘਰ ਪਹੁੰਚੇ। ਉਨ੍ਹਾਂ ਵੇਖਿਆ ਕਿ ਇੰਨੀ ਰਾਤ ਗਏ ਵੀ 6-7 ਸਿੰਘ ਟੈਲੀਫ਼ੋਨ 'ਤੇ ਵੱਖ-ਵੱਖ ਥਾਵਾਂ 'ਤੇ ਸੁਨੇਹੇ ਲਾ ਰਹੇ ਸਨ ਕਿ ਸੰਤ ਜੀ ਫ਼ਿਰੋਜ਼ਪੁਰ ਜੇਲ੍ਹ ਵਿੱਚ ਬੰਦ ਕੀਤੇ ਗਏ ਹਨ। ਰਾਤੋ ਰਾਤ ਪੰਜਾਬ ਦੇ ਕੋਨੇ-ਕੋਨੇ ਤੱਕ ਸੁਨੇਹੇ ਲੱਗ ਚੁੱਕੇ ਸਨ ਅਤੇ ਬਹੁਤ ਸਾਰੇ ਪਿੰਡਾਂ ਵਿੱਚ ਤਾਂ ਸਵੇਰ ਵੇਲੇ ਗੁਰਦੁਆਰਾ ਸਾਹਿਬ ਦੇ ਲਾਊਡ ਸਪੀਕਰਾਂ ਤੋਂ ਇਸ ਸਬੰਧੀ ਅਨਾਊਂਸਮੈਂਟ ਵੀ ਕਰ ਦਿੱਤੀ ਗਈ। ਇਸ ਲਈ ਪਿੰਡਾਂ ਦੀਆਂ ਸੰਗਤਾਂ ਨੇ ਆਪੋ ਆਪਣੇ ਸਾਧਨਾਂ ਅਤੇ ਸਮਰੱਥਾ ਅਨੁਸਾਰ ਕੁੱਝ ਦੁੱਧ, ਕੁੱਝ ਪ੍ਰਸ਼ਾਦੇ ਲੈ ਕੇ ਸੰਗਤਾਂ ਦੀਆਂ ਟਰਾਲੀਆਂ ਭਰ ਕੇ ਫ਼ਿਰੋਜ਼ਪੁਰ ਨੂੰ ਚਾਲੇ ਪਾ ਦਿੱਤੇ।

ਸਵੇਰ ਹੁੰਦਿਆਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਜੇਲ੍ਹ ਦੇ ਬਾਹਰ ਇਕੱਤਰ ਹੋ ਗਈਆਂ ਜਿਥੇ ਸੰਗਤਾਂ ਨੇ ਨਾ ਕੇਵਲ ਲੰਗਰ ਹੀ ਚਲਾਇਆ ਸਗੋਂ ਦੀਵਾਨ ਵੀ ਸਜਾ ਲਿਆ ਜਿਸ ਵਿੱਚ ਪਿੰਡਾਂ ਵਿੱਚੋਂ ਆਈਆਂ ਸੰਗਤਾਂ ਜੋਟੀਆਂ ਬਣਾ ਕੇ ਵਾਹਿਗੁਰੂ ਦਾ ਸਿਮਰਨ ਕਰਦੀਆਂ ਅਤੇ ਕੁੱਝ ਗ੍ਰੰਥੀ ਸਿੰਘ ਕੀਰਤਨ ਕਰਨ ਲਈ ਵੀ ਪਹੁੰਚ ਗਏ। ਅਗਲੇ ਦਿਨ ਦੀਆਂ ਅਖ਼ਬਾਰਾਂ ਵਿੱਚ ਵੀ ਖ਼ਬਰਾਂ ਲੱਗ ਗਈਆਂ ਕਿ ਸੰਤ ਜੀ ਫ਼ਿਰੋਜ਼ਪੁਰ ਦੀ ਜੇਲ੍ਹ ਵਿੱਚ ਬੰਦ ਕੀਤੇ ਗਏ ਹਨ ਅਗਲੇ ਦਿਨ ਹੀ ਇਥੇ ਸਿੱਖ ਪੰਥ ਦੇ ਚੋਟੀ ਦੇ ਢਾਡੀ ਅਤੇ ਕਵੀਸ਼ਰੀ ਜਥੇ ਪਹੁੰਚਣ ਲੱਗ ਪਏ। ਇਸ ਤਰ੍ਹਾਂ 24 ਘੰਟੇ ਲੰਗਰ ਵੀ ਚੱਲਦਾ ਅਤੇ ਦੀਵਾਨ ਵੀ ਸਜਦੇ। ਹਰ ਦਿਨ ਇਹ ਗਿਣਤੀ ਵੱਧਦੀ ਗਈ।

Scanned with CamScanner

ਮਾਤਾ ਜੀ ਨੂੰ ਮਿਲ ਕੇ ਆਪਣੇ ਬਾਰੇ ਦੱਸਿਆ। ਮਾਤਾ ਜੀ ਨੇ ਕਿਹਾ ਕਿ ਮੇਰੇ ਪੁੱਤਰ ਦਰਸ਼ਨ ਸਿੰਘ ਨੂੰ ਕੱਲ੍ਹ ਪੁਲਿਸ ਫੜ੍ਹ ਕੇ ਲੈ ਗਈ ਸੀ ਅਤੇ ਉਸ ਨੂੰ ਫਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਹੈ ਅਤੇ ਟਕਸਾਲ ਦੇ ਸਹਿਯੋਗੀ ਹੋਰ ਵੀ ਕਈ ਸਿੰਘ ਪੁਲਿਸ ਨੇ ਫੜ੍ਹੇ ਹੋਏ ਹਨ। ਇਹ ਗੱਲ ਸੁਣ ਕੇ ਇਨ੍ਹਾਂ ਨੇ ਕਿਹਾ ਕਿ ਮਾਤਾ ਜੀ ਸੰਤਾਂ ਨੂੰ ਵੀ ਫਿਰੋਜ਼ਪੁਰ ਜੇਲ੍ਹ ਵਿੱਚ ਹੀ ਲਿਆਂਦਾ ਹੈ। ਇਸੇ ਕਰਕੇ ਹੀ ਸੰਤਾਂ ਦੇ ਸਹਿਯੋਗੀ ਸਿੰਘਾਂ ਨੂੰ ਪੁਲਿਸ ਨੇ ਫੜ੍ਹਿਆ ਹੈ ਅਤੇ ਦਫਾ 107/51 ਲਾ ਕੇ ਜੇਲ੍ਹ ਭੇਜ ਦਿੱਤੇ ਹਨ ਤਾਂ ਕਿ ਉਹ ਇੱਥੇ ਸੰਗਤਾਂ ਦਾ ਬਹੁਤ ਇਕੱਠ ਨਾ ਕਰ ਸਕਣ। (ਇਸ ਤਰ੍ਹਾਂ ਭਾਈ ਦਰਸ਼ਨ ਸਿੰਘ ਭੋਕ ਵੀ ਜੇਲ੍ਹ ਵਿੱਚ ਭਾਈ ਸੁਜਾਨ ਸਿੰਘ ਨਾਲ ਸੰਤਾਂ ਦੀ ਸੇਵਾ ਲਈ ਸ਼ਾਮਿਲ ਹੋ ਗਏ) ਫਿਰ ਉਨ੍ਹਾਂ ਨੇ ਦੱਸਿਆ ਕਿ ਅਸੀਂ ਸੰਤਾਂ ਵਾਸਤੇ ਪ੍ਰਸ਼ਾਦਾ ਲੈਣ ਆਏ ਹਾਂ। ਮਾਤਾ ਨੇ ਪ੍ਰਸ਼ਾਦਾ ਤਿਆਰ ਕਰਕੇ ਦਿੱਤਾ ਅਤੇ ਨਾਲ ਹੀ ਕਿਹਾ ਅੱਗੇ ਤੋਂ ਅਸੀਂ ਆਪੇ ਹੀ ਪ੍ਰਸ਼ਾਦਾ ਦੇ ਆਇਆ ਕਰਾਂਗੇ। ਇਸ ਤਰ੍ਹਾਂ ਇਹ ਸਿੰਘ ਪ੍ਰਸ਼ਾਦਾ ਲੈ ਕੇ ਜੇਲ੍ਹ ਪਹੁੰਚ ਗਏ ਅਤੇ ਉਸ ਤੋਂ ਬਾਅਦ ਭਾਈ ਦਰਸ਼ਨ ਸਿੰਘ ਜੀ ਦੀ ਮਾਤਾ ਨੇ ਰੋਜ਼ਾਨਾ ਦੇ ਲੰਗਰ ਦਾ ਪ੍ਰਬੰਧ ਕਰਕੇ ਪਿੰਡ ਦੇ ਹੀ ਕੁੱਝ ਸਿੰਘਾਂ ਦੀ ਡਿਊਟੀ ਲਾਈ ਜੋ ਹਰ ਰੋਜ਼ ਇਹ ਸੇਵਾ ਨਿਭਾਉਂਦੇ ਰਹੇ।

ਨੋਟ : ਇੱਥੋਂ ਦੇ ਸਾਰੇ ਘਟਨਾਕ੍ਰਮ ਨੂੰ ਪੱਤਰਕਾਰ ਸ. ਗੁਰਿੰਦਰ ਸਿੰਘ ਭੋਲਾ (ਅਜੀਤ), ਸ. ਕਸ਼ਮੀਰ ਸਿੰਘ ਚਾਵਲਾ (ਅੰਗਰੇਜ਼ੀ ਟ੍ਰਿਬਿਊਨ) ਅਤੇ ਫੋਟੋਗ੍ਰਾਫਰ ਹਰਿਦਰ ਸਿੰਘ ਕਾਕਾ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕਰਦੇ ਰਹੇ।

ਸੰਤਾਂ ਦਾ ਫਿਰੋਜ਼ਪੁਰ ਜੇਲ੍ਹ ਸਫਰ

ਸੰਤ ਜੀ ਜੇਲ੍ਹ ਵਿੱਚ ਸਿਮਰਨ ਬੰਦਗੀ ਵਿੱਚ ਲੱਗੇ ਰਹਿੰਦੇ ਅਤੇ ਜੇਲ੍ਹ ਵਿੱਚ ਬੰਦ ਕੈਦੀਆਂ ਨੂੰ ਵੀ ਵੱਧ ਤੋਂ ਵੱਧ ਸਮਾਂ ਸਿਮਰਨ ਕਰਨ ਲਈ ਪ੍ਰੇਰਦਿਆਂ ਕਹਿੰਦੇ ਕਿ ਪ੍ਰਮਾਤਮਾ ਦੀ ਪਰਾਲਬਧ ਅਨੁਸਾਰ ਆਪਾਂ ਜੇਲ੍ਹ ਅੰਦਰ ਬੰਦ ਹਾਂ ਅਤੇ ਇੱਕ ਤਰ੍ਹਾਂ ਨਾਲ ਸਾਨੂੰ ਬਾਹਰ ਨਾਲੋਂ ਵੱਧ ਸਮਾਂ ਸਿਮਰਨ ਕਰਨ ਦਾ ਮੌਕਾ ਮਿਲਿਆ ਹੈ ਕਿਉਂਕਿ ਬਾਹਰ ਤਾਂ ਕਈ ਕਿਸਮ ਦੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਹੁੰਦੀਆਂ ਹਨ ਪਰ ਜੇਲ੍ਹ ਅੰਦਰ ਸਾਡੀ ਕੋਈ ਜ਼ਿੰਮੇਵਾਰੀ ਨਹੀਂ। ਇਸ ਲਈ ਆਪਣੇ ਕਰਮਾਂ ਵਿੱਚ ਜਿਨੇ ਸਮੇਂ ਦੀ ਜੇਲ੍ਹਬੰਦੀ ਲਿਖੀ ਹੈ ਉਹ ਸਮਾਂ ਤਾਂ ਅਸੀਂ ਭੋਗਣਾ ਹੀ ਹੈ ਕਿਉਂ ਨਾ ਵੱਧ ਤੋਂ ਵੱਧ ਸਿਮਰਨ ਕਰਕੇ ਇਸ ਸਮੇਂ ਨੂੰ ਸਫਲਾ ਕਰੀਏ। ਹਰ ਇੱਕ ਵਿਅਕਤੀ ਨੂੰ ਆਪੋ ਆਪਣੇ ਧਰਮ ਵਿੱਚ ਪੱਕਿਆਂ ਰਹਿ ਕੇ ਧਰਮ ਦੇ ਅਸੂਲਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਨਾਲ ਰੱਬ ਦੀਆਂ ਬਖਸ਼ਿਸ਼ਾਂ ਮਿਲਦੀਆਂ ਹਨ। ਇਸ ਤਰ੍ਹਾਂ ਦੀਆਂ ਵਿਚਾਰਾਂ ਦਾ ਕੈਦੀ ਸਿੰਘਾਂ ਉੱਪਰ ਡੂੰਘਾ ਅਸਰ ਹੋਇਆ। ਇਸਦੇ ਨਾਲ ਹੀ ਸੰਗਤਾਂ ਵੱਲੋਂ ਜੋ ਵੀ ਫਲ ਫਰੂਟ ਆਦਿ ਆਉਂਦਾ ਉਹ ਸਭ ਕੈਦੀਆਂ ਵਿੱਚ ਵਰਤਾ ਦਿੰਦੇ।

ਦੂਜੇ ਪਾਸੇ ਜੇਲ੍ਹ ਅਧਿਕਾਰੀ ਸੰਤਾਂ ਉੱਪਰ ਪੂਰੀ ਚੌਕਸੀ ਨਾਲ ਨਜ਼ਰ ਰੱਖ ਰਹੇ ਸਨ ਅਤੇ ਇੱਧਰ ਸਮੁੱਚੇ ਪੰਥ ਵਿੱਚ ਅਜੀਬ ਕਿਸਮ ਦਾ ਮਾਹੌਲ ਬਣਿਆ ਹੋਇਆ ਸੀ ਕਿਉਂਕਿ ਲੱਖਾਂ ਸੰਗਤਾਂ ਦੀ ਹਾਜ਼ਰੀ ਵਿੱਚ ਸੰਤਾਂ ਨੇ ਗ੍ਰਿਫਤਾਰੀ ਦਿੱਤੀ ਉਨ੍ਹਾਂ ਦੀ ਗ੍ਰਿਫਤਾਰੀ ਤੋਂ ਬਾਅਦ ਮਹਿਤਾ ਚੌਕ ਵਿਖੇ ਪੰਜਾਬ ਪੁਲਿਸ ਅਤੇ ਹੋਰ ਸੁਰੱਖਿਆ ਫੋਰਸਾਂ ਵੱਲੋਂ ਬਿਨਾਂ ਕਾਰਨ ਹੀ ਅੰਧਾ ਧੁੰਦ ਗੋਲੀ ਚਲਾ ਕੇ ਅਠਾਰਾਂ ਸਿੰਘਾਂ ਦਾ ਕਤਲ ਕੀਤਾ ਜਾ ਚੁੱਕਾ ਸੀ ਅਤੇ ਕਈ ਦਿਨ ਦੀ ਭਾਰੀ ਪੁੱਛਗਿੱਛ ਉਪਰੰਤ ਸੰਤਾਂ ਨੂੰ ਫਿਰੋਜ਼ਪੁਰ ਜੇਲ੍ਹ ਵਿੱਚ ਬੰਦ ਕੀਤਾ ਗਿਆ ਸੀ। ਇਸ ਲਈ ਸੁਹਿਰਦ ਸਿੱਖ ਜਿਨ੍ਹਾਂ ਵਿੱਚ ਅਕਾਲੀ ਜਥੇਦਾਰ, ਵਕੀਲ, ਪ੍ਰੋਫੈਸਰ, ਸੰਤ ਮਹਾਂਪੁਰਖ, ਸਿੱਖ ਸੰਘਰਸ਼ਾਵਾਂ, ਸਿੱਖ ਫੈਡਰੇਸ਼ਨ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸੰਤਾਂ ਨੂੰ ਜੇਲ੍ਹ ਵਿੱਚ ਮਿਲਣ ਲਈ ਵਰੰਟ ਘਤ ਦਿੱਤੀਆਂ। ਸੰਤਾਂ ਨੂੰ ਮਿਲਣ ਵਾਲੀਆਂ ਸਭ ਸਖਸ਼ੀਅਤਾਂ ਅਤੇ ਸੰਗਤਾਂ ਜੇਲ੍ਹ ਦੇ ਬਾਹਰ ਸੰਤਾਂ ਦੇ ਸਹਿਯੋਗੀਆਂ ਨਾਲ ਤਾਲਮੇਲ ਕਰਦੀਆਂ ਜਿਹੜੇ ਸਮੁੱਚੇ ਪ੍ਰਬੰਧ ਲਈ ਜ਼ਿੰਮੇਵਾਰ ਸਨ, ਜਿਨ੍ਹਾਂ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਦੇ ਪ੍ਰਧਾਨ ਭਾਈ ਅਮਰੀਕ ਸਿੰਘ, ਸ. ਹਰਮਿੰਦਰ ਸਿੰਘ ਸੰਧੂ, ਭਾਈ ਗੁਰਦੀਪ ਸਿੰਘ, ਭਾਈ ਸ਼ੇਰ ਸਿੰਘ, ਸਰਦੂਲ ਸਿੰਘ, ਭਾਈ ਜੋਗਿੰਦਰ ਸਿੰਘ ਲੱਧੂਵਾਲ, ਭਾਈ ਗੁਰਦੇਵ ਸਿੰਘ ਅਸਮਾਨਢਾਲਾ, ਭਾਈ ਆਤਮਾ ਸਿੰਘ ਚੱਕ ਮਹਿਰਾਜ ਰਾਜਸਥਾਨ, ਭਾਈ ਤੇਜਵੰਤ ਸਿੰਘ, ਭਾਈ ਜਗਜੀਤ ਸਿੰਘ ਰੋਡੇ, ਭਾਈ ਸੁਖਵੰਤ ਸਿੰਘ, ਭਾਈ ਸ਼ੇਰ ਸਿੰਘ, ਸ. ਹਰਪ੍ਰੀਤ ਸਿੰਘ ਸਾਈਆਂ ਵਾਲਾ, ਬਾਬਾ ਥਾਰਾ ਸਿੰਘ, ਬਾਬਾ ਜਗੀਰ ਸਿੰਘ ਪੀਰੇਪੱਤਰੇ ਅਤੇ ਹੋਰ ਕਈ ਪ੍ਰਮੁੱਖ ਸਿੰਘ ਵੀ ਸ਼ਾਮਿਲ ਸਨ। ਜੋ ਆਏ ਹੋਏ

Scanned with CamScanner

ਵਿ ਕੜੀਆਂ ਨੂੰ ਸੰਤਾਂ ਨਾਲ ਮੁਲਾਕਾਤ ਕਰਵਾਉਣ ਦਾ ਪ੍ਰਬੰਧ ਕਰਦੇ ਸਨ

ਮਿਲਣ ਵਾਲਿਆਂ ਵਿੱਚ ਸੰਤਾਂ ਦੇ ਵਕੀਲ ਸ. ਬਲਦੇਵ ਸਿੰਘ ਬਿਦਰਾ, ਸ. ਪੂਰਨ ਸਿੰਘ ਹੁੰਦਲ, ਸ. ਬੱਲ ਆਦਿ ਅਕਸਰ ਹੀ ਸੰਤਾਂ ਦੇ ਕੇਸ ਸਬੰਧੀ ਰਾਏ ਮਸ਼ਵਰਾ ਕਰਨ ਆਇਆ ਕਰਦੇ ਸਨ ਅਤੇ ਪੰਥਕ ਸਖਸ਼ੀਅਤਾਂ ਵਿੱਚੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਬਸੰਤ ਸਿੰਘ ਖ਼ਾਲਸਾ, ਸੁਰਜਨ ਸਿੰਘ ਠੇਕੇਦਾਰ, ਜਥੇਦਾਰ ਸੰਤੋਖ ਸਿੰਘ ਦਿੱਲੀ, ਸ. ਮਹਿੰਦਰ ਸਿੰਘ ਸਾਂਈਆਂ ਵਾਲਾ, ਤਰਲੋਚਨ ਸਿੰਘ, ਸੰਤਾਂ ਮਹਾਪੁਰਖਾਂ ਵਿੱਚੋਂ ਸੰਤ ਉੱਤਮ ਸਿੰਘ ਖੜੂਰ ਸਾਹਿਬ ਵਾਲੇ, ਸੰਤ ਕ੍ਰਿਪਾਲ ਸਿੰਘ ਰੋਡਿਆਂ ਵਾਲੇ, ਮਹੰਤ ਜਗੀਰ ਸਿੰਘ ਅਖਾੜਾ ਆਦਿ ਸੰਤਾਂ ਨੂੰ ਮਿਲਣ ਆਉਂਦੇ ਰਹੇ। ਇ ਨ ਤੋਂ ਇਲਾਵਾ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਪਿੰਡਾਂ ਦੇ ਪੰਚ-ਸਰਪੰਚ ਅਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਰੋਜ਼ਾਨਾ ਹੀ ਇਨੀਂ ਗਿਣਤੀ ਵਿੱਚ ਸੰਤਾਂ ਨੂੰ ਮਿਲਣ ਆਉਂਦੀਆਂ ਕਿ ਜੇਲ੍ਹ ਅੱਗੇ ਤਾਂਤਾ ਲੱਗਾ ਰਹਿਦਾ। ਵਕੀਲਾਂ ਜਾਂ ਪੰਥਕ ਸਖਸ਼ੀਅਤਾਂ ਨੂੰ ਜੇਲ੍ਹ ਅੰਦਰ ਡਿਪਟੀ ਸੁਪਰਡੈਂਟ ਦੇ ਦਫ਼ਤਰ ਵਿਖੇ ਮੁਲਾਕਾਤ ਕਰਵਾ ਦਿੱਤੀ ਜਾਂਦੀ ਅਤੇ ਬਾਕੀ ਸਭ ਸੰਗਤਾਂ ਨੂੰ ਸਾਂਝੇ ਰੂਪ ਵਿੱਚ ਹੀ ਸੰਤ ਜੀ ਫ਼ਤਿਹ ਸਾਂਝੀ ਕਰ ਲੈਂਦੇ ਸਨ।

ਸੰਤਾਂ ਦੀ ਰਿਹਾਈ ਸਬੰਧੀ ਸਿੱਖ ਜਥੇਬੰਦੀਆਂ ਅਤੇ ਸੰਗਤਾਂ ਵੱਲੋਂ ਅਖੰਡ ਪਾਠਾਂ ਦੇ ਭੋਗ

ਸੰਤਾਂ ਦੀ ਗ੍ਰਿਫ਼ਤਾਰੀ ਵਾਲੇ ਦਿਨ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿੱਖ ਸੰਗਤਾਂ ਨੂੰ ਇੱਕ ਵਿਸ਼ੇਸ਼ ਪ੍ਰੋਗਰਾਮ ਦਿੱਤਾ ਗਿਆ ਸੀ। ਜਿਸ ਵਿੱਚ ਕਿਹਾ ਗਿਆ ਸੀ ਕਿ ਉਹ ਹਰ ਪਿੰਡ ਸ਼ਹਿਰ ਦੇ ਕਸਬਿਆਂ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਚੜ੍ਹਦੀ ਕਲਾ ਲਈ ਗੁਰਦੁਆਰਾ ਸਾਹਿਬ ਵਿਖੇ 24 ਸਤੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਰੱਖੇ 26 ਨੂੰ ਭੋਗ ਪਾਏ ਜਾਣ ਅਤੇ 27 ਤਰੀਕ ਨੂੰ ਗੁਰਦੁਆਰਾ ਆਲਮਗੀਰ ਲੁਧਿਆਣਾ ਵਿਖੇ ਸੱਦੇ ਗਏ ਵਿਸ਼ੇਸ਼ ਪੰਥਕ ਇਕੱਠ ਵਿੱਚ ਸ਼ਾਮਿਲ ਹੋਣ। ਸੰਗਤਾਂ ਨੇ ਦਿੱਤੇ ਗਏ ਇਸ ਪ੍ਰੋਗਰਾਮ 'ਤੇ ਅਮਲ ਕਰਦਿਆਂ ਥਾਂ-ਥਾਂ 'ਤੇ ਅਖੰਡ ਪਾਠਾਂ ਦੇ ਭੋਗ ਪਾਏ ਅਤੇ ਸੰਤਾਂ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਕੀਤੀਆਂ। 27 ਤਰੀਕ ਦੇ ਪੰਥਕ ਇਕੱਠ ਵਿੱਚ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ।

ਇਸ ਇਕੱਠ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਦਿਲ ਖਿੱਚਵੀਂ ਤਕਰੀਰ ਕੀਤੀ। ਉਨ੍ਹਾਂ ਨੇ ਕਿਹਾ ਕਿ ਇੱਕ ਉਹ ਐਮਰਜੈਂਸੀ ਦਾ ਕਾਲਾ ਦੌਰ ਸੀ ਜਦੋਂ ਸਭ ਰਾਜਨੀਤਿਕ ਆਗੂ ਜੇਲ੍ਹ ਵਿੱਚ ਬੰਦ ਸਨ ਤਾਂ ਕੇਵਲ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਐਮਰਜੈਂਸੀ ਦੇ ਖਿਲਾਫ਼ ਸੰਗਤਾਂ ਵਿੱਚ ਵੱਡੀ ਜਾਗਰਤੀ ਪੈਦਾ ਕੀਤੀ ਸੀ ਅਤੇ ਐਮਰਜੈਂਸੀ ਵਿਰੁੱਧ ਮੋਰਚੇ 'ਚ ਐਸਾ ਜੋਸ਼ ਭਰਿਆ ਕਿ ਸਮੁੱਚੇ ਨਜ਼ਰਬੰਦ ਸਿੱਖ ਆਗੂਆਂ ਲਈ ਕੇਵਲ ਖਿੱਚ ਦਾ ਕਾਰਨ ਹੀ ਨਹੀਂ ਬਣੇ ਬਲਕਿ ਉਨ੍ਹਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਅਜਿਹੇ ਹਾਲਾਤਾਂ ਵਿੱਚ ਵੀ ਗੁਰੂ ਕਲਗੀਧਰ ਪਾਤਿਸ਼ਾਹ ਦਾ ਖ਼ਾਲਸਾ ਜ਼ੁਲਮ ਵਿਰੁੱਧ ਡਟ ਸਕਦਾ ਹੈ। ਸੰਤਾਂ ਨੇ ਐਮਰਜੈਂਸੀ ਖ਼ਤਮ ਹੋਣ ਤੱਕ ਆਪਣੇ ਵੱਲੋਂ ਸਿਰਤੋੜ ਯਤਨ ਜਾਰੀ ਰੱਖੇ ਸਨ। ਅੱਜ ਇਸ ਦੇ ਉਲਟ ਕੇਵਲ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਹਨ ਅਤੇ ਬਾਕੀ ਸਿੱਖ ਕੌਮ ਦੇ ਆਗੂ ਸੁਰੱਤਰ ਹਨ। ਹੁਣ ਆਪਾਂ ਵੇਖਣਾ ਹੈ ਕਿ ਸੰਤਾਂ ਨੂੰ ਜੇਲ੍ਹ ਵਿੱਚੋਂ ਆਜ਼ਾਦ ਕਿਵੇਂ ਕਰਵਾਉਂਦਾ ਹੈ। ਇਸੇ ਇਕੱਠ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਿਵਲ ਨਾਫ਼ਰਮਾਨੀ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਸਿਰਫ਼ ਇੱਕ ਮਹੀਨੇ ਦਾ ਸਮਾਂ ਦਿੰਦੇ ਹਾਂ। ਜੇਕਰ ਇਨੇ ਸਮੇਂ ਅੰਦਰ ਸੰਤਾਂ ਨੂੰ ਜੇਲ੍ਹ 'ਚੋ ਰਿਹਾਅ ਨਾ ਕੀਤਾ ਤਾਂ ਸਮੁੱਚੇ ਪੰਜਾਬ ਵੱਲੋਂ ਸਿਵਲ ਨਾਫ਼ਰਮਾਨੀ ਲਾਗੂ ਕਰ ਦਿੱਤੀ ਜਾਵੇਗੀ। ਜਿਸ ਤਹਿਤ ਪੰਜਾਬ ਵਿੱਚੋਂ ਅਨਾਜ, ਦੁੱਧ, ਸਬਜੀਆਂ ਅਤੇ ਹਰ ਤਰ੍ਹਾਂ ਦੀਆਂ ਵਸਤੂਆਂ ਉਪਰ ਆਉਣ ਜਾਣ 'ਤੇ ਪਾਬੰਦੀਆਂ ਲੱਗ ਜਾਣਗੀਆਂ। ਅਕਾਲੀ ਦਲ ਦੀ ਬਾਕੀ ਹਾਈ ਕਮਾਂਡ ਵੱਲੋਂ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਜੇਕਰ ਸੰਤ ਜਰਨੈਲ ਸਿੰਘ ਨੂੰ ਬਿਨਾ ਸ਼ਰਤ ਰਿਹਾਅ ਨਾ ਕੀਤਾ ਤਾਂ ਇਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰ ਕੇਂਦਰ ਸਰਕਾਰ ਹੋਵੇਗੀ।

Scanned with CamScanner

ਦਲ ਖ਼ਾਲਸਾ ਵੱਲੋਂ ਇੰਡੀਅਨ ਏਅਰ ਲਾਈਨਜ਼ ਦਾ ਹਵਾਈ ਜਹਾਜ਼ ਅਗਵਾ

29 ਸਤੰਬਰ 1981 ਨੂੰ ਦਲ ਖ਼ਾਲਸਾ ਜਥੇਬੰਦੀ ਦੇ ਪੰਜ ਪ੍ਰਮੁੱਖ ਨੁਮਾਇੰਦਿਆਂ ਨੇ ਜਿਨ੍ਹਾਂ ਵਿੱਚ ਭਾਈ ਗਜਿੰਦਰ ਸਿੰਘ, ਭਾਈ ਕਰਨ ਸਿੰਘ, ਭਾਈ ਤਜਿੰਦਰ ਪਾਲ ਸਿੰਘ, ਭਾਈ ਜਸਬੀਰ ਸਿੰਘ ਅਤੇ ਭਾਈ ਸੁਰਜਨਾਮ ਸਿੰਘ ਨੇ ਦਿੱਲੀ ਤੋਂ ਸ੍ਰੀਨਗਰ ਨੂੰ ਜਾ ਰਿਹਾ ਇੰਡੀਅਨ ਏਅਰ ਲਾਈਨਜ਼ ਦਾ ਬੋਇੰਗ 737 ਹਵਾਈ ਜਹਾਜ਼ ਅਗਵਾ ਕਰ ਲਿਆ ਅਤੇ ਉਸਦੇ ਚਾਲਕ ਨੂੰ ਪਾਕਿਸਤਾਨ ਵਿਖੇ ਲਾਹੌਰ ਹਵਾਈ ਅੱਡੇ 'ਤੇ ਜਹਾਜ਼ ਉਤਾਰਨ ਲਈ ਮਜਬੂਰ ਕਰ ਦਿੱਤਾ। ਇੰਜ ਇਸ ਜਹਾਜ਼ ਨੂੰ ਲਾਹੌਰ ਵਿਖੇ ਉਤਾਰ ਲਿਆ ਗਿਆ। ਉਸ ਸਮੇਂ ਜਹਾਜ਼ ਵਿੱਚ ਅਮਲੇ ਦੇ ਛੇ ਵਿਅਕਤੀਆਂ ਸਮੇਤ 117 ਯਾਤਰੂ ਮੌਜੂਦ ਸਨ ਜਿਨ੍ਹਾਂ ਨੂੰ ਕੁੱਝ ਵੀ ਨਹੀਂ ਕਿਹਾ ਗਿਆ ਬਲਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਮਝਾਉਣ ਦਾ ਯਤਨ ਕੀਤਾ ਕਿ ਅਸੀਂ ਸਿੱਖਾਂ ਨਾਲ ਹੋ ਰਹੀ ਬੇਇਨਸਾਫੀ ਨੂੰ ਦੁਨੀਆਂ ਸਾਹਮਣੇ ਉਜਾਗਰ ਕਰਨਾ ਚਾਹੁੰਦੇ ਹਾਂ।

ਉਸੇ ਸਮੇਂ ਦਲ ਖ਼ਾਲਸਾ ਦੇ ਮੁੱਖ ਪੰਚ ਸ. ਹਰਸਿਮਰਤ ਸਿੰਘ ਨੇ ਅੰਮ੍ਰਿਤਸਰ ਵਿਖੇ ਇੱਕ ਪ੍ਰੈਸ ਕਾਨਫਰੰਸ ਕਰਕੇ ਜਹਾਜ਼ ਅਗਵਾ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਅਤੇ ਜਹਾਜ਼ ਨੂੰ ਛੱਡਣ ਲਈ ਆਪਣੀਆਂ ਸ਼ਰਤਾਂ ਰੱਖੀਆਂ। ਉਨ੍ਹਾਂ ਵਿੱਚੋਂ ਸਭ ਤੋਂ ਪਹਿਲੀ ਇਹ ਸੀ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਅੱਜ ਹੀ ਭਾਵ 30 ਸਤੰਬਰ 1981 ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਚੰਦੋਕਲਾਂ ਵਿਖੇ ਗੁਰਬਾਣੀ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ, ਚੌਕ ਮਹਿਤਾ ਵਿਖੇ ਸ਼ਹੀਦ ਹੋਏ ਸਿੱਖਾਂ ਦੇ ਪਰਿਵਾਰਾਂ ਨੂੰ ਮਾਲੀ ਮਦਦ ਦਿੱਤੀ ਜਾਵੇ ਅਤੇ ਉਨ੍ਹਾਂ ਦੇ ਕਾਤਲਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਆਦਿ। ਉਧਰ 30 ਸਤੰਬਰ ਨੂੰ ਸਵੇਰੇ ਦਸ ਵਜੇ ਪਾਕਿਸਤਾਨੀ ਛਾਪਾ ਮਾਰ ਸੈਨਿਕਾਂ ਨੇ ਦਲ ਖ਼ਾਲਸਾ ਦੇ ਇਨ੍ਹਾਂ ਕਾਰਕੁੰਨਾਂ ਹੱਥੋਂ ਜਹਾਜ਼ ਛੁਡਵਾ ਲਿਆ। ਇਨ੍ਹਾਂ ਅਗਵਾਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਜਹਾਜ਼ ਨੂੰ ਯਾਤਰੀਆਂ ਸਮੇਤ ਵਾਪਸ ਭਾਰਤ ਭੇਜ ਦਿੱਤਾ। ਭਾਰਤ ਅਤੇ ਪੰਜਾਬ ਸਰਕਾਰ ਨੇ ਭਾਵੇਂ ਦਲ ਖ਼ਾਲਸਾ ਦੇ ਇਨ੍ਹਾਂ ਨੁਮਾਇੰਦਿਆਂ ਦੀ ਕੋਈ ਸ਼ਰਤ ਨਹੀਂ ਮੰਨੀ ਪਰ ਬਿਨਾਂ ਸ਼ੱਕ ਉਨ੍ਹਾਂ ਨੇ ਭਾਰਤ ਸਰਕਾਰ ਵੱਲੋਂ ਚੰਦੋਕਲਾਂ ਵਿਖੇ ਗੁਰਬਾਣੀ ਦੀ ਹੋਈ ਬੇਅਦਬੀ ਤੇ ਸੰਤ ਜਰਨੈਲ ਸਿੰਘ ਨੂੰ ਇੱਕ ਝੂਠੇ ਕਤਲ ਵਿੱਚ ਫਸਾਉਣ ਦੀ ਚਾਲ ਨੂੰ ਦੁਨੀਆਂ ਸਾਹਮਣੇ ਬੇਪਰਦ ਕਰ ਦਿੱਤਾ ਅਤੇ ਭਾਰਤ ਸਰਕਾਰ ਦਾ ਧਰਮ ਨਿਰਪੱਖਤਾ ਦਾ ਅਖੌਤੀ ਮਖੌਟਾ ਲਾਹੁਣ ਵਿੱਚ ਵੀ ਸਫ਼ਲ ਰਹੇ।

ਸੰਤਾਂ ਦੀ ਗ੍ਰਿਫ਼ਤਾਰੀ ਦੇ ਰੋਸ ਵਜੋਂ ਬੰਬ ਧਮਾਕੇ ਅਤੇ ਹੋਰ ਘਟਨਾਵਾਂ

ਸਿੱਖ ਨੌਜਵਾਨਾਂ ਵਿੱਚ ਭਾਰੀ ਰੋਸ ਪੈਦਾ ਹੋ ਰਿਹਾ ਸੀ ਕਿ ਸੰਤਾਂ ਨੂੰ ਬਿਨਾਂ ਕਾਰਨ ਹੀ ਜੇਲ੍ਹ ਵਿੱਚ ਬੰਦ ਕਰਨ ਸਬੰਧੀ ਕੇਂਦਰ ਸਰਕਾਰ ਦੀ ਵੱਡੀ ਬਦਨੀਅਤ ਹੈ ਜਿਸ ਨਾਲ ਟਕਸਾਲ ਦੇ ਪ੍ਰਚਾਰ ਨੂੰ ਬੰਦ ਕੀਤਾ ਜਾ ਸਕੇ ਪਰ ਸਿੱਖ ਨੌਜਵਾਨ ਇਸ ਗੱਲ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਸੀ ਕਰ ਸਕਦੇ ਬਲਕਿ ਸੰਤਾਂ ਨੂੰ ਰਿਹਾਅ ਕਰਵਾਉਣ ਲਈ ਉਹ ਕਿਸੇ ਵੀ ਹੱਦ ਨੂੰ ਪਾਰ ਕਰਨ ਲਈ ਅੱਗੇ ਵੱਧ ਰਹੇ ਸਨ। ਇਸੇ ਹੀ ਕਾਰਨ ਸਿੱਖ ਨੌਜਵਾਨਾਂ ਨੇ ਆਪਣੇ ਰੋਹ ਦਾ ਪ੍ਰਗਟਾਵਾ ਕਰਨ ਲਈ 5 ਅਕਤੂਬਰ 1981 ਨੂੰ ਪੰਜਾਬ ਦੀ ਆਵਾਜਾਈ ਨੂੰ ਰੋਕਣ ਲਈ ਰੇਲ ਪਟੜੀਆਂ ਉਪਰ ਇੱਕੋ ਸਮੇਂ ਦਸ ਥਾਵਾਂ ਉਪਰ ਬੰਬ ਧਮਾਕੇ ਕਰ ਦਿੱਤੇ। ਜਿਸ ਨਾਲ ਜਲੰਧਰ, ਰਈਆ, ਖਲਚੀਆਂ, ਮੋਗਾ, ਫਿਰੋਜ਼ਪੁਰ ਸਮੇਤ ਕਈ ਥਾਵਾਂ 'ਤੇ ਰੇਲ ਪਟੜੀਆਂ ਉਡਾ ਦਿੱਤੀਆਂ ਗਈਆਂ। ਯਾਦ ਰਹੇ ਕਿ ਕਿਸੇ ਵੀ ਜਗ੍ਹਾ ਉੱਪਰ ਕੋਈ ਜਾਨੀ ਨੁਕਸਾਨ ਨਹੀਂ ਕੀਤਾ। ਪਰ ਪੁਲਿਸ ਨੇ ਫੈਡਰੇਸ਼ਨ ਦੇ ਕਈ ਅਹੁਦੇਦਾਰਾਂ ਉੱਪਰ ਬੰਬ ਧਮਾਕਿਆਂ ਦੇ ਕੇਸ ਪਾ ਦਿੱਤੇ। ਜਿਨ੍ਹਾਂ ਵਿੱਚ ਗਜਿੰਦਰ ਸਿੰਘ ਮਹਿਤਾ, ਹਰਮਿੰਦਰ ਸਿੰਘ ਸੰਧੂ, ਨਰਿੰਦਰ ਸਿੰਘ ਨਿੱਧੀ, ਸ. ਭੂਆ ਸਿੰਘ, ਸੁਰਿੰਦਰਜੀਤ ਸਿੰਘ ਪੀਟੀ, ਅਮਰਜੀਤ ਸਿੰਘ ਚਾਵਲਾ, ਹਰਮੰਦਰ ਸਿੰਘ ਗਿੱਲ ਆਦਿ ਕਈ ਹੋਰ ਨੁਮਾਇੰਦਿਆਂ ਉਪਰ ਵੀ ਕੇਸ ਪਾ ਕੇ ਕਈਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੱਥੋਂ ਤੱਕ ਕਿ ਇੱਕੋ ਹੀ ਨਾਮ ਉਪਰ ਇੱਕੋ ਸਮੇਂ ਦੋ-ਦੋ, ਤਿੰਨ-ਤਿੰਨ ਥਾਵਾਂ ਉਪਰ ਬੰਬ ਧਮਾਕੇ ਕਰਨ ਦੇ ਦੋਸ਼ ਤਹਿਤ ਵੱਖ-ਵੱਖ ਕੇਸ ਦਰਜ ਕੀਤੇ।

6 ਅਕਤੂਬਰ 1981 ਨੂੰ ਚੰਡੀਗੜ੍ਹ ਵਿਖੇ ਕਾਂਗਰਸ ਭਵਨ ਦੇ ਬਾਹਰ 2 ਟਾਈਮ ਬੰਬ ਮਿਲੇ ਜਿਨ੍ਹਾਂ ਨੂੰ ਸਮਾਂ ਰਹਿੰਦਿਆਂ ਨਸ਼ਟ ਕਰ ਦਿੱਤਾ ਗਿਆ ਅਤੇ ਨਾਲ ਹੀ ਕੁੱਝ ਇਸ਼ਤਿਹਾਰ ਪ੍ਰਾਪਤ ਹੋਏ ਜਿਨ੍ਹਾਂ ਵਿੱਚ ਸੰਤ ਭਿੰਡਰਾਂਵਾਲਿਆਂ

Scanned with CamScanner

ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਗਈ ਸੀ। 7 ਅਕਤੂਬਰ ਨੂੰ ਚੰਡੀਗੜ੍ਹ ਦੇ ਸੈਕਟਰ 23 ਅਤੇ 24 ਦੇ ਚੌਕ ਵਿੱਚ ਬਹੁਤ ਜਬਰਦਸਤ ਬੰਬ ਧਮਾਕਾ ਹੋਇਆ ਜਿਸ ਦੀ ਆਵਾਜ਼ ਮੀਲਾਂ ਤੱਕ ਸੁਣਾਈ ਦਿੱਤੀ ਅਤੇ ਨੇੜਲੀਆਂ ਕਈ ਕੋਠੀਆਂ ਦੀਆਂ ਇਮਾਰਤਾਂ ਦੇ ਸ਼ੀਸ਼ੇ ਟੁੱਟ ਗਏ ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਸ ਘਟਨਾ ਨਾਲ ਚੰਡੀਗੜ੍ਹ ਵਿਖੇ ਭਾਰੀ ਸਹਿਮ ਪੈਦਾ ਹੋਇਆ। ਮੌਕੇ 'ਤੇ ਕੋਈ ਮੁਲਜ਼ਮ ਨਾ ਫੜਿਆ ਗਿਆ।

ਇਸੇ ਦਿਨ ਬਠਿੰਡਾ ਵਿਖੇ ਬੀ. ਡੀ. ਓ. ਦੀ ਕੋਠੀ ਵਿਖੇ ਵੀ ਜਬਰਦਸਤ ਬੰਬ ਧਮਾਕਾ ਹੋਇਆ ਜਿਸ ਨਾਲ ਬੀ. ਡੀ. ਓ. ਸ. ਗੁਲਜ਼ਾਰ ਸਿੰਘ ਫੱਟੜ ਹੋ ਗਏ। 8 ਅਕਤੂਬਰ ਨੂੰ ਅੰਮ੍ਰਿਤਸਰ, ਭਰਨਭਾਰਨ, ਮੋਗਾ, ਹੁਸ਼ਿਆਰਪੁਰ, ਪੱਟੀ ਵਿਖੇ ਇੱਕੋ ਸਮੇਂ ਬੰਬ ਧਮਾਕੇ ਹੋਏ। ਜਿਸ ਨਾਲ ਕੁੱਝ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਸੇ ਦਿਨ ਹੀ ਭਰਨਭਾਰਨ ਵਿਖੇ ਕੁੱਝ ਵਿਅਕਤੀ (ਨਿਰੰਕਾਰੀ ਸਤਿਸੰਗ ਘਰ) ਦੇ ਬਾਹਰ ਸੰਤ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਨੂੰ ਲੈ ਕੇ ਜਸ਼ਨ ਮਨਾਉਂਦੇ ਹੋਏ ਭੰਗੜਾ ਪਾ ਰਹੇ ਸਨ ਤਾਂ ਤਿੰਨ ਮੋਟਰਸਾਈਕਲ ਸਵਾਰ ਅਣਪਛਾਤੇ ਵਿਅਕਤੀਆਂ ਨੇ ਇਨ੍ਹਾਂ ਉਪਰ ਅੰਧਾਧੁੰਦ ਗੋਲੀਆਂ ਚਲਾਈਆਂ ਜਿਸ ਨਾਲ ਛੇ ਵਿਅਕਤੀ ਮੌਕੇ 'ਤੇ ਹੀ ਮਾਰੇ ਗਏ।

ਫਿਰੋਜ਼ਪੁਰ ਜੇਲ੍ਹ ਦੀ ਇੱਕ ਅਹਿਮ ਘਟਨਾ

8 ਅਕਤੂਬਰ 1981 ਦੀ ਰਾਤ ਨੂੰ ਹਰ ਰੋਜ਼ ਦੀ ਤਰ੍ਹਾਂ ਜੇਲ੍ਹ ਦੇ ਬਾਹਰ ਸੰਗਤਾਂ ਨੇ ਦੀਵਾਨ ਸਜਾਇਆ ਹੋਇਆ ਸੀ ਜਿਸ ਵਿੱਚ ਵੱਖ-ਵੱਖ ਢਾਡੀ ਅਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਧਾਰਮਿਕ ਵਾਰਾਂ ਸੁਣਾ ਰਹੇ ਸਨ। ਉਸ ਸਮੇਂ ਭਾਈ ਅਮਰੀਕ ਸਿੰਘ ਸਮੇਤ ਬਹੁਤ ਸਾਰੇ ਸਿੱਖ ਆਗੂ ਪੰਡਾਲ ਵਿੱਚ ਹੀ ਮੌਜੂਦ ਸਨ ਕਿਉਂਕਿ ਕਈ ਸੀਨੀਅਰ ਆਗੂ ਵਾਰੀ-ਵਾਰੀ ਰਾਤ ਨੂੰ ਇੱਥੇ ਹੀ ਪੰਡਾਲ ਵਿੱਚ ਰੁਕ ਜਾਇਆ ਕਰਦੇ ਸਨ। ਯਾਦ ਰਹੇ ਕਿ ਜਿੱਥੇ 24 ਘੰਟੇ ਪੰਡਾਲ ਲੱਗੇ ਰਹਿੰਦੇ ਸਨ ਅਤੇ 24 ਘੰਟੇ ਹੀ ਲੰਗਰ ਚੱਲਦੇ ਰਹਿੰਦੇ ਸਨ। ਅੱਜ ਰਾਤ ਵੇਲੇ ਸਟੇਜ ਸੈਕਟਰੀ ਦੀ ਡਿਊਟੀ ਭਾਈ ਸ਼ੇਰ ਸਿੰਘ ਪਿੰਡ ਹਾਮਦ ਜਿਲ੍ਹਾ ਫਿਰੋਜ਼ਪੁਰ ਨਿਭਾ ਰਹੇ ਸਨ। ਰਾਤ ਨੂੰ ਲਗਭਗ 1 ਵਜੇ ਜੇਲ੍ਹ ਦਾ ਇੱਕ ਮੁਲਾਜ਼ਮ ਪੰਡਾਲ ਵਿੱਚ ਆਇਆ ਉਸ ਨੇ ਭਾਈ ਸ਼ੇਰ ਸਿੰਘ ਨੂੰ ਦੱਸਿਆ ਕਿ ਸੁਪਰਡੈਂਟ ਜੇਲ੍ਹ ਅਤੇ ਡਿਪਟੀ ਸੁਪਰਡੈਂਟ ਸ. ਅਮਰੀਕ ਸਿੰਘ ਅਤੇ ਕੁੱਝ ਹੋਰ ਅਧਿਕਾਰੀ ਭਾਈ ਅਮਰੀਕ ਸਿੰਘ ਨੂੰ ਬੁਲਾ ਰਹੇ ਹਨ। ਭਾਈ ਸ਼ੇਰ ਸਿੰਘ ਨੇ ਇਸ ਸਬੰਧੀ ਭਾਈ ਅਮਰੀਕ ਸਿੰਘ ਨੂੰ ਦੱਸਿਆ ਤਾਂ ਉਸ ਨੇ ਭਾਈ ਸ਼ੇਰ ਸਿੰਘ ਨੂੰ ਕਿਹਾ ਕਿ ਇਹ ਸਟੇਜ ਸੈਕਟਰੀ ਵਾਲੀ ਕਾਪੀ ਜਿਸ ਉੱਪਰ ਕਵੀਸ਼ਰੀ ਅਤੇ ਢਾਡੀ ਜੱਥਿਆਂ ਦੇ ਨਾਮ ਲਿਖੇ ਹੋਏ ਸਨ ਇਹ ਕਿਸੇ ਹੋਰ ਸਿੰਘ ਨੂੰ ਫੜਾ ਦੇ, ਤੂੰ ਮੇਰੇ ਨਾਲ ਚੱਲ।

ਭਾਈ ਸ਼ੇਰ ਸਿੰਘ ਦੇ ਮੁਤਾਬਿਕ ਜਦੋਂ ਇਹ ਦੋਵੇਂ ਜਣੇ ਜੇਲ੍ਹ ਅਧਿਕਾਰੀਆਂ ਕੋਲ ਗਏ ਜੋ ਕਿ ਜੇਲ੍ਹ ਦੇ ਵੱਡੇ ਗੇਟ ਤੋਂ ਬਾਹਰ ਹੀ ਖੜ੍ਹੇ ਸਨ ਅਤੇ ਮਾਯੂਸ ਸਨ। ਉਨ੍ਹਾਂ ਨੇ ਬੜੀ ਅਧੀਨਗੀ ਨਾਲ ਭਾਈ ਅਮਰੀਕ ਸਿੰਘ ਨੂੰ ਕਿਹਾ ਕਿ ਭਾਈ ਸਾਹਿਬ ਅਸੀਂ ਸਰਕਾਰ ਦੇ ਮੁਲਾਜ਼ਮ ਹਾਂ ਜੋ ਕੁਝ ਜੇਲ੍ਹ ਅੰਦਰ ਵਾਪਰਿਆ ਹੈ ਇਸ ਨਾਲ ਨਾ ਤਾਂ ਸਾਨੂੰ ਸਰਕਾਰ ਨੇ ਛੱਡਣਾ ਹੈ ਅਤੇ ਨਾ ਹੀ ਸੰਤਾਂ ਦੇ ਸਹਿਯੋਗੀ ਸਿੰਘਾਂ ਨੇ ਸਾਨੂੰ ਬਖਸ਼ਣਾ ਹੈ। ਇਹ ਗੱਲ ਸੁਣਦਿਆਂ ਹੀ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਕੀ ਗੱਲ ਹੋ ਗਈ? ਤਾਂ ਉਨ੍ਹਾਂ ਕਿਹਾ ਕਿ ਅਸੀਂ ਪੰਜ ਜਣੇ ਸੋ ਤੁਹਾਡੇ ਸਾਹਮਣੇ ਖੜ੍ਹੇ ਹਾਂ ਜ਼ੋਰੀ ਤਰ੍ਹਾਂ ਘੋਖ ਕਰਕੇ ਆਏ ਹਾਂ ਕਿ ਸੰਤ ਜੀ ਆਪਣੇ ਸੈੱਲ ਵਿੱਚ ਨਹੀਂ ਹਨ। ਇਹ ਗੱਲ ਸੁਣ ਕੇ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਇਸ ਨਹੀਂ ਹੋ ਸਕਦਾ, ਜਦੋਂ ਤੱਕ ਸਟੇਟ ਅਤੇ ਸੈਂਟਰ ਸਰਕਾਰ ਸੰਤਾਂ ਨੂੰ ਬਾਇੱਜ਼ਤ ਬਰੀ ਨਹੀਂ ਕਰ ਦਿੰਦੇ ਉਦੋਂ ਤੱਕ ਸੰਤ ਜੀ ਕਿਤੇ ਨਹੀਂ ਜਾਣ ਲੱਗੇ ਤੁਹਾਨੂੰ ਐਵੇਂ ਭੁਲੇਖਾ ਲੱਗਾ ਹੋਵੇਗਾ ਤਾਂ ਉਨ੍ਹਾਂ ਨੇ ਕਿਹਾ ਕਿ ਇੱਕ ਵਿਅਕਤੀ ਨੂੰ ਭੁਲੇਖੇ ਲੱਗ ਸਕਦਾ ਹੈ ਪਰ ਸਾਨੂੰ ਸਭ ਨੂੰ ਤਾਂ ਭੁਲੇਖਾ ਨਹੀਂ ਲੱਗ ਸਕਦਾ। ਉਨ੍ਹਾਂ ਨੇ ਕਿਹਾ ਕਿ ਡਿਊਟੀ ਦੇ ਰਹੇ ਮੁਲਾਜ਼ਮ ਨੇ ਇਸ ਸਬੰਧੀ ਸਾਨੂੰ ਸੂਚਨਾ ਦਿੱਤੀ ਹੈ ਤਾਂ ਹੀ ਅਸੀਂ ਇੰਨੀ ਰਾਤ ਗਏ ਇੱਥੇ ਪਹੁੰਚੇ ਹਾਂ ਅਤੇ ਆਪਣੇ ਅੱਖੀਂ ਸਭ ਕੁੱਝ ਵੇਖਿਆ ਹੈ ਅਤੇ ਅਸੀਂ ਇਹ ਮਹਿਸੂਸ ਕੀਤਾ ਹੈ ਕਿ ਹੋਰ ਕਾਰਵਾਈ ਕਰਨ ਤੋਂ ਪਹਿਲਾ ਇਸ ਸਬੰਧੀ ਤੁਹਾਨੂੰ ਸੂਚਿਤ ਕਰ ਦਿੱਤਾ ਜਾਵੇ। ਉਨ੍ਹਾਂ ਦੀਆਂ ਇਹ ਗੱਲਾਂ ਸੁਣ ਕੇ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਚੱਲੋ ਮੈਂ ਤੁਹਾਡੇ ਨਾਲ ਚੱਲਦਾ ਹਾਂ ਅਤੇ ਆਪੀ ਜਾ ਕੇ ਸਭ ਕੁੱਝ ਵੇਖਦੇ ਹਾਂ ਤਾਂ ਉਹ ਸਭ ਅਧਿਕਾਰੀ ਭਾਈ ਅਮਰੀਕ ਸਿੰਘ ਨੂੰ ਨਾਲ ਲੈ ਕੇ ਸੰਤਾਂ ਦੇ ਸੈੱਲ ਕੋਲ ਪਹੁੰਚੇ ਤਾ ਭਾਈ ਅਮਰੀਕ ਸਿੰਘ ਨੇ ਗੌਰ ਨਾਲ ਤੱਕਿਆ ਅਤੇ

Scanned with CamScanner

ਭਾਈ ਸ਼ੇਰ ਸਿੰਘ ਨੂੰ ਆਪਣੇ ਕੋਲ ਬੁਲਾਇਆ ਅਤੇ ਉਸ ਨੂੰ ਕਿਹਾ ਕਿ ਆਹ ਦੇਖੋ, ਸੰਤ ਜੀ ਤਾਂ ਆਪਣੀ ਥੈਰਕ ਵਿੱਚ ਸੁੱਤੇ ਹੋਏ ਹਨ। ਜੇਲ੍ਹ ਅਧਿਕਾਰੀ ਐਵੇਂ ਹੀ ਪ੍ਰੇਸ਼ਾਨ ਹੋ ਰਹੇ ਹਨ। ਜਦੋਂ ਇਸ ਬਾਰੇ ਭਾਈ ਅਮਰੀਕ ਸਿੰਘ ਅਤੇ ਸ਼ੇਰ ਸਿੰਘ ਨੇ ਜੇਲ੍ਹ ਸੁਪਰਡੈਂਟ ਸਮੇਤ ਬਾਕੀ ਅਧਿਕਾਰੀਆਂ ਨੂੰ ਦੱਸਿਆ ਕਿ ਸੰਤ ਜੀ ਤਾਂ ਆਪਣੇ ਸੈੱਲ ਵਿੱਚ ਹਨ ਤੁਸੀਂ ਵੇਖ ਸਕਦੇ ਹੋ। ਫਿਰ ਜੇਲ੍ਹ ਸੁਪਰਡੈਂਟ ਸਮੇਤ ਬਾਕੀ ਅਧਿਕਾਰੀਆਂ ਨੇ ਸੰਤਾਂ ਨੂੰ ਸੈੱਲ ਵਿੱਚ ਵੇਖਿਆ ਅਤੇ ਬਹੁਤ ਹੈਰਾਨੀ ਨਾਲ ਕਿਹਾ ਕਿ ਇੱਥੇ ਸਭ ਕੱਝ ਵੇਖ ਕੇ ਹੀ ਅਸੀਂ ਤੁਹਾਡੇ ਕੋਲ ਗਏ ਸਾਂ ਪਰ ਉਸ ਸਮੇਂ ਸੰਤ ਜੀ ਇੱਥੇ ਨਹੀਂ ਸਨ ਤਾਂ ਭਾਈ ਅਮਰੀਕ ਸਿੰਘ ਨੇ ਕਿਹਾ ਤੁਸੀਂ ਕੋਈ ਫਿਕਰ ਨਾ ਕਰੋ ਬਾਕੀ ਆਪਾਂ ਕੱਲ੍ਹ ਨੂੰ ਸੰਤਾਂ ਨਾਲ ਗੱਲਬਾਤ ਕਰ ਲਵਾਂਗੇ। ਭਾਈ ਸ਼ੇਰ ਸਿੰਘ ਆਰਫ਼ਕੇ ਦੀ ਇਸ ਘਟਨਾ ਸਬੰਧੀ ਕੀਤੀ ਆਡੀਓ ਰਿਕਾਰਡਿੰਗ ਮੌਜੂਦ ਹੈ।

ਯਾਦ ਰਹੇ ਕਿ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕਥਾ ਕਰਦਿਆਂ ਭਾਈ ਬਿਧੀ ਚੰਦ, ਭਾਈ ਜੈਤਾ ਜੀ, ਭਾਈ ਪਰਾਣਾ ਜੀ ਆਦਿ ਗੁਰਸਿੱਖਾਂ ਦੀਆਂ ਹੈਰਾਨ ਕਰ ਦੇਣ ਵਾਲੀਆਂ ਸਾਖੀਆਂ ਸੁਣਾਉਂਦੇ ਤਾਂ ਨਾਲ ਹੀ ਕਦੇ-ਕਦੇ ਇਹ ਜ਼ਿਕਰ ਵੀ ਕਰਦੇ ਸਨ ਕਿ ਸਤਿਗੁਰੂ ਦੀ ਕ੍ਰਿਪਾ ਨਾਲ ਅੱਜ ਵੀ ਜਥੇ ਵਿੱਚ ਅਜਿਹੇ ਸਿਮਰਨ ਭਜਨ ਦੀ ਕਮਾਈ ਕਰਨ ਵਾਲੇ ਸਿੰਘ ਮੌਜੂਦ ਹਨ ਜਿਨ੍ਹਾਂ ਉਪਰ ਸਤਿਗੁਰੂ ਜੀ ਦੀ ਪੁਰਾਤਨ ਸਿੰਘਾਂ ਵਾਂਗ ਹੀ ਬਹੁਤ ਕ੍ਰਿਪਾ ਹੈ। ਪੂਰੀ ਦਸਮੀ ਟਕਸਾਲ ਨੂੰ ਅਜਿਹੇ ਅਭਿਆਸੀ ਸਿੰਘਾਂ ਉਪਰ ਭਾਰੀ ਫ਼ਖਰ ਹੈ ਨਾਲ ਹੀ ਇਹ ਬਚਨ ਵੀ ਕਹਿ ਦਿੰਦੇ ਸਨ ਕਿ ਆਪਣੇ ਨਿੱਜੀ ਸਵਾਰਥ ਜਾਂ ਸ਼ੋਭਾ ਵਡਿਆਈ ਲਈ ਅਜਿਹਾ ਕਾਰਨਾਮਾ ਕਰਨਾ ਗੁਰਸਿੱਖਾਂ ਲਈ ਵਿਵਰਜਤ ਹੈ। ਪਰ ਲੋੜ ਪੈਣ 'ਤੇ ਗੁਰਸਿੱਖੀ ਲਈ, ਕੌਮ ਦੀ ਚੜ੍ਹਦੀ ਕਲਾ ਲਈ ਅਤੇ ਗੁਰਬਾਣੀ ਦੇ ਅੰਮ੍ਰਿਤ ਸੰਚਿਕਾਰ ਲਈ ਕੋਈ ਕਾਰਜ ਹੋਵੇ ਤਾਂ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਮਿਲਦੀਆਂ ਹਨ।

ਅਗਲੇ ਦਿਨ ਇਨ੍ਹਾਂ ਜੇਲ੍ਹ ਅਧਿਕਾਰੀਆਂ ਦੇ ਸਾਹਮਣੇ ਹੀ ਜਦੋਂ ਭਾਈ ਅਮਰੀਕ ਸਿੰਘ ਨੇ ਸੰਤਾਂ ਨਾਲ ਇਹ ਗੱਲ ਕੀਤੀ ਕਿ ਰਾਤ ਦੀ ਘਟਨਾ ਤੋਂ ਇਹ ਜੇਲ੍ਹ ਅਧਿਕਾਰੀ ਬਹੁਤ ਘਬਰਾਏ ਹੋਏ ਹਨ ਤਾਂ ਸੰਤਾਂ ਨੇ ਉਨ੍ਹਾਂ ਵੱਲ ਤੱਕਦਿਆਂ ਹੋਇਆਂ ਕਿਹਾ ਕਿ ਐਸੀ ਕੀ ਗੱਲ ਵਾਪਰੀ ਹੈ? ਤਾਂ ਉਪਰੋਕਤ ਜੇਲ੍ਹ ਅਧਿਕਾਰੀਆਂ ਨੇ ਸੰਤਾਂ ਨੂੰ ਬੜੀ ਨਿਮਰਤਾ ਨਾਲ ਕਿਹਾ ਕਿ ਸਾਡੇ ਕੋਲੋਂ ਕੋਈ ਵੀ ਗਲਤੀ ਹੋਈ ਹੋਵੇ ਤਾਂ ਸਾਨੂੰ ਖਿਮਾ ਕਰ ਦੇਣਾ। ਪਰ ਜਿਸ ਤਰ੍ਹਾਂ ਰਾਤ ਕੁੱਝ ਸਮਾਂ ਆਪ ਜੀ ਸੈੱਲ ਵਿੱਚੋਂ ਅਲੋਪ ਰਹੇ ਜਿਸ ਨਾਲ ਸਾਡੇ ਸਭ ਜੇਲ੍ਹ ਅਧਿਕਾਰੀਆਂ ਦੇ ਸਾਹ ਸੁੱਕ ਗਏ ਸਨ ਅਤੇ ਜਦੋਂ ਆਪ ਜੀ ਨੂੰ ਦੁਬਾਰਾ ਸੈੱਲ ਵਿੱਚ ਵੇਖਿਆ ਤਾਂ ਸਾਨੂੰ ਸੁੱਖ ਦਾ ਸਾਹ ਆਇਆ। ਸਾਡੀ ਬੇਨਤੀ ਹੈ ਕਿ ਅਜਿਹਾ ਅੱਗੇ ਤੋਂ ਨਹੀਂ ਹੋਣਾ ਚਾਹੀਦਾ। ਇਹ ਗੱਲ ਸੁਣ ਕੇ ਸੰਤਾਂ ਨੇ ਕਿਹਾ ਕਿ ਭਾਈ ਤੁਹਾਨੂੰ ਐਵੇਂ ਹੀ ਭੁਲੇਖਾ ਲੱਗਾ ਹੋਵੇਗਾ ਜਦੋਂ ਤੱਕ ਭਾਰਤ ਸਰਕਾਰ ਸਾਨੂੰ ਬਾਇੱਜ਼ਤ ਬਰੀ ਨਹੀਂ ਕਰ ਦਿੰਦੀ ਅਸੀਂ ਕਿਤੇ ਨਹੀਂ ਜਾਣ ਲੱਗੇ ਅਤੇ ਤੁਹਾਨੂੰ ਅਜਿਹਾ ਡਰ ਜਾਂ ਸਹਿਮ ਮਨ ਵਿੱਚੋਂ ਕੱਢ ਦੇਣਾ ਚਾਹੀਦਾ ਹੈ।

ਜੇਲ੍ਹ ਯਾਤਰਾ ਤੋਂ ਬਾਅਦ ਸੰਤਾਂ ਦੇ ਕੁਝ ਨਜ਼ਦੀਕੀ ਸਿੰਘਾਂ ਨੇ ਇਸ ਘਟਨਾ ਬਾਰੇ ਪੁੱਛਣਾ ਚਾਹਿਆ ਤਾਂ ਉਨ੍ਹਾਂ ਇਸ ਗੱਲ ਨੂੰ ਟਾਲਦਿਆਂ ਹੋਇਆਂ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ ਪਰ ਜਦੋਂ ਸਿੰਘਾਂ ਨੇ ਜ਼ੋਰ ਦੇ ਕੇ ਪੁੱਛਿਆ ਤਾਂ ਸੰਤਾਂ ਨੇ ਸਿਰਫ ਏਨਾ ਹੀ ਕਿਹਾ ਕਿ ਇਹ ਤਾਂ ਸਿਰਫ ਘੰਟੇ ਕੁ ਦੀ ਗੱਲ ਸੀ ਜੇਲ੍ਹ ਅਧਿਕਾਰੀ ਐਵੇਂ ਘਬਰਾ ਗਏ।

20 ਸਤੰਬਰ 1981 ਨੂੰ ਗ੍ਰਿਫਤਾਰੀ ਤੋਂ ਪਹਿਲਾਂ ਦਿੱਤੇ ਭਾਸ਼ਣ ਵਿੱਚ ਸੰਤਾਂ ਨੇ ਕਿਹਾ ਸੀ ਕਿ ਅਗਰ ਸਰਕਾਰ ਨੇ ਮੈਨੂੰ ਦੋ ਸਾਲ ਦੀ ਵੀ ਸਜ਼ਾ ਸੁਣਾਈ ਤਾਂ ਮੈਂ ਗੁਰੂ ਕਲਗੀਧਰ ਪਾਤਿਸ਼ਾਹ ਦੇ ਆਸਰੇ ਇਨ੍ਹਾਂ ਦੀਆਂ ਹੱਥਕੜੀਆਂ, ਬੇੜੀਆਂ ਸਮੇਤ, ਸੰਗਤਾਂ ਵਿੱਚ ਆ ਜਾਵਾਂਗਾ। ਉਸ ਸਮੇਂ ਬਹੁਤ ਸਾਰੇ ਲੋਕਾਂ ਨੇ ਇਸ ਨੂੰ ਸਜ਼ਬਾਤੀ ਭਾਸ਼ਣ ਸਮਝ ਕੇ ਛੱਡ ਦਿੱਤਾ ਪਰ ਸੰਤਾਂ ਨੂੰ ਨੇੜਿਓਂ ਜਾਨਣ ਵਾਲੇ ਸਿੰਘ ਜਾਣਦੇ ਸਨ ਕਿ ਸੰਤ ਅਜਿਹਾ ਕਰ ਸਕਦੇ ਹਨ। ਜਦੋਂ ਜੇਲ੍ਹ ਵਿੱਚ ਉਪਰੋਕਤ ਘਟਨਾ ਵਾਪਰੀ ਤਾਂ ਉਸ ਵੇਲੇ ਵੀ ਉਹ ਸਮਝ ਗਏ ਸਨ ਕਿ ਸੰਤਾਂ ਲਈ ਅਜਿਹਾ ਕੁੱਝ ਕਰਨਾ ਸੰਭਵ ਹੈ ਸਚਮੁੱਚ ਹੀ ਉਹ ਕੁੱਝ ਸਮੇਂ ਲਈ ਜੇਲ੍ਹ ਵਿੱਚੋਂ ਅਲੋਪ ਹੋ ਗਏ ਸਨ।

ਡਿਪਟੀ ਸੁਪਰਡੈਂਟ ਜੇਲ੍ਹ ਤੋਂ ਮਿਲੀ ਜਾਣਕਾਰੀ

ਉਪਰੋਕਤ ਘਟਨਾ ਨੂੰ ਵਿਸਥਾਰ ਸਹਿਤ ਜਾਨਣ ਲਈ ਸ. ਗੁਰਤੇਜ ਸਿੰਘ ਅਮਰੀਕਾ ਨਿਵਾਸੀ ਗਿਆਨੀ ਗੁਰਮੁਖ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਪਿੱਪਲੀ ਸਾਹਿਬ ਦੇ ਕੁ ਹੋਰ ਸਿੰਘਾਂ ਨੂੰ ਨਾਲ ਲੈ ਕੇ ਡਿਪਟੀ ਸੁਪਰਡੈਂਟ ਜੇਲ੍ਹ ਸ.

Scanned with CamScanner

ਅਮਰੀਕ ਸਿੰਘ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਮੋਗਾ ਵਿਖੇ ਮਿਲੇ। ਉਸ ਸਮੇਂ ਤੱਕ ਸ. ਅਮਰੀਕ ਸਿੰਘ ਰਿਟਾਇਰ ਹੋ ਚੁੱਕੇ ਸਨ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਸਾਨੂੰ ਇਸ ਘਟਨਾ ਬਾਰੇ ਕੁੱਝ ਜਾਣਕਾਰੀ ਦਿਉ ਕਿਉਂਕਿ ਤੁਸੀਂ ਮੌਕੇ 'ਤੇ ਸਭ ਕੁੱਝ ਵੇਖਿਆ ਹੈ ਤਾਂ ਰਿਟਾਇਰ ਹੋਏ ਅਫ਼ਸਰ ਸ. ਅਮਰੀਕ ਸਿੰਘ ਨੇ ਦੱਸਿਆ ਕਿ ਮੈਂ ਕਾਮਰੇਡੀ ਖਿਆਲਾਂ ਦਾ ਆਦਮੀ ਹਾਂ ਪੜ੍ਹਾਈ ਸਮੇਂ ਤੋਂ ਹੀ ਅਸੀਂ ਪ੍ਰਮਾਤਮਾ ਦੀ ਸ਼ਕਤੀ 'ਤੇ ਵਿਸ਼ਵਾਸ਼ ਨਹੀਂ ਸੀ ਕਰਦੇ, ਕਿਸੇ ਮਨੁੱਖ ਤੇ ਜਾਂ ਕਿਸੇ ਸਾਧੂ ਸੰਤ 'ਤੇ ਵਿਸ਼ਵਾਸ਼ ਕਰਨਾ ਭਾਂ ਬੜੀ ਦੂਰ ਦੀ ਗੱਲ ਹੈ ਪਰ ਸੰਤ ਜਰਨੈਲ ਸਿੰਘ ਖ਼ਾਲਸਾ ਦੀ ਥੋੜ੍ਹੇ ਦਿਨਾਂ ਦੀ ਸੰਗਤ ਕਰਨ ਨਾਲ ਹੀ ਮੇਰੀ ਜ਼ਿੰਦਗੀ ਦਾ ਬਹੁਤ ਕੁੱਝ ਬਦਲ ਗਿਆ। ਅੱਜ ਦਾ ਮੇਰਾ ਸਿੱਖੀ ਸਰੂਪ ਤੁਸੀਂ ਜੋ ਵੇਖ ਰਹੇ ਹੋ ਇਹ ਉਨ੍ਹਾਂ ਦੀ ਸੰਗਤ ਕਰਕੇ ਹੀ ਹੈ। ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਸੰਤਾਂ ਦੀ ਸਖ਼ਸ਼ੀਅਤ ਨੂੰ ਨਾ ਤਾਂ ਸਿੱਖ ਪੰਥ ਨੇ ਹੀ ਸਮਝਿਆ ਹੈ ਅਤੇ ਨਾ ਹੀ ਮੌਕੇ ਦੀਆਂ ਕੇਂਦਰ ਅਤੇ ਪੰਜਾਬ ਸਰਕਾਰਾਂ ਸਮਝ ਸਕੀਆਂ। ਜੇਕਰ ਅਜਿਹਾ ਹੋ ਸਕਦਾ ਤਾਂ ਸੰਤਾਂ ਦੀ ਕਰਨੀ ਕਮਾਈ ਤੋਂ ਸਿੱਖ ਪੰਥ ਵੀ ਅਤੇ ਦੇਸ਼ ਵੀ ਬਹੁਤ ਵੱਡਾ ਲਾਹਾ ਪ੍ਰਾਪਤ ਕਰ ਸਕਦਾ ਸੀ। ਫਿਰ ਇਨ੍ਹਾਂ ਸਿੱਖਾਂ ਨੇ ਪੁੱਛਿਆ ਕਿ ਅਸੀਂ ਇਸ ਵਿਸ਼ੇਸ਼ ਘਟਨਾ ਬਾਰੇ ਜਾਨਣਾ ਚਾਹੁੰਦੇ ਹਾਂ ਕਿ ਇੱਕ ਦਿਨ ਸੰਤ ਜੀ ਕੁੱਝ ਸਮੇਂ ਲਈ ਜੇਲ੍ਹ ਵਿੱਚੋਂ ਅਲੋਪ ਹੋ ਗਏ ਸਨ। ਤੁਹਾਡੇ ਸਮੇਤ ਹੋਰ ਵੀ ਕੁੱਝ ਜੇਲ੍ਹ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਤਾਂ ਇਸ ਦੇ ਉੱਤਰ ਵਿੱਚ ਸ. ਅਮਰੀਕ ਸਿੰਘ ਨੇ ਕਿਹਾ ਹਾਂ ਇਹ ਗੱਲ ਸੱਚ ਹੈ ਕਿ ਇਕ ਰਾਤ ਡਿਊਟੀ ਦੇ ਰਹੇ ਮੁਲਾਜ਼ਮਾਂ ਨੇ ਸਾਨੂੰ ਫੋਨ 'ਤੇ ਦੱਸਿਆ ਕਿ ਸੰਤ ਜੀ ਆਪਣੇ ਸੈੱਲ ਵਿੱਚ ਨਹੀਂ ਹਨ। ਇਸ 'ਤੇ ਫੁਰੰਤ ਹੀ ਮੈਂ ਅਤੇ ਸੁਪਰਡੈਂਟ ਜੇਲ੍ਹ ਐੱਮ. ਐੱਲ. ਸੰਧੂ ਸਮੇਤ ਕੁੱਝ ਅਧਿਕਾਰੀ ਮੌਕੇ 'ਤੇ ਪਹੁੰਚੇ। ਅਸੀਂ ਬੜੀ ਬਾਰੀਕੀ ਨਾਲ ਵੇਖਿਆ ਕਿ ਸੰਤ ਜੀ ਉੱਥੇ ਨਹੀਂ ਹਨ। ਅਸੀਂ ਇਸ ਸਬੰਧੀ ਪੰਜਾਬ ਸਰਕਾਰ ਨੂੰ ਵੀ ਸੂਚਿਤ ਕੀਤਾ ਅਤੇ ਉਨ੍ਹਾਂ ਨੇ ਅੱਗੇ ਕੇਂਦਰ ਸਰਕਾਰ ਨੂੰ ਵੀ ਸੂਚਿਤ ਕਰ ਦਿੱਤਾ ਸੀ। ਅਸੀਂ ਬਹੁਤ ਪ੍ਰੇਸ਼ਾਨ ਸਾਂ ਕਿ ਸਾਡਾ ਕੀ ਬਣੇਗਾ? ਕਿਉਂਕਿ ਇੱਕ ਪਾਸੇ ਸਾਨੂੰ ਸਰਕਾਰ ਦਾ ਡਰ ਸੀ ਕਿ ਉਹ ਕਹੇਗੀ ਕਿ ਤੁਸੀਂ ਡਿਊਟੀ ਸਹੀ ਨਹੀਂ ਨਿਭਾਈ, ਦੂਸਰੇ ਪਾਸੇ ਸਾਨੂੰ ਸਿੱਖਾਂ ਤੋਂ ਵੀ ਡਰ ਸੀ ਕਿ ਸਾਡੇ 'ਤੇ ਅਜਿਹਾ ਇਲਜ਼ਾਮ ਨਾ ਲੱਗ ਜਾਵੇ ਕਿ ਇਨ੍ਹਾਂ ਨੇ ਜਾਣ-ਬੁੱਝ ਕੇ ਅਜਿਹਾ ਕੀਤਾ ਹੈ। ਇੱਕ ਘੰਟੇ ਦੇ ਵਿੱਚ-ਵਿੱਚ ਹੀ ਮੁੱਖ ਮੰਤਰੀ ਪੰਜਾਬ ਸ. ਦਰਬਾਰਾ ਸਿੰਘ ਦੇ ਕਈ ਵਾਰ ਫੋਨ ਆਏ, ਬਲਕਿ ਉਹ ਖੁਦ ਵੀ ਬਹੁਤ ਘਬਰਾਏ ਹੋਏ ਸਨ। ਥੋੜ੍ਹੇ ਸਮੇਂ ਬਾਅਦ ਅਸੀਂ ਸੰਤਾਂ ਦੇ ਬਹੁਤ ਨਜ਼ਦੀਕੀ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਨੂੰ ਦੱਸਿਆ ਜੋ ਜੇਲ੍ਹ ਤੋਂ ਬਾਹਰ ਚੱਲ ਰਹੇ ਪੰਡਾਲ ਵਿੱਚ ਹਾਜ਼ਰ ਸੀ। ਉਹ ਸਾਡੇ ਨਾਲ ਜੇਲ੍ਹ ਅੰਦਰ ਆਏ ਤਾਂ ਉਦੋਂ ਤੱਕ ਸੰਤ ਜੀ ਆਪਣੇ ਪਲੰਘ 'ਤੇ ਪਏ ਹੋਏ ਸਨ, ਜਿਸ 'ਤੇ ਭਾਈ ਅਮਰੀਕ ਸਿੰਘ ਨੇ ਸਾਨੂੰ ਕਿਹਾ ਕਿ ਤੁਹਾਨੂੰ ਗਲਤਫਹਿਮੀ ਹੋਈ ਹੈ। ਇੰਨਾ ਕਹਿ ਕੇ ਉਹ ਵਾਪਸ ਬਾਹਰ ਚਲੇ ਗਏ। ਅਸੀਂ ਤੁਰੰਤ ਹੀ ਮੁੱਖ ਮੰਤਰੀ ਨੂੰ ਸੂਚਿਤ ਕੀਤਾ ਕਿ ਸੰਤ ਜੀ ਸਹੀ ਸਲਾਮਤ ਸਾਡੇ ਪਾਸ ਹਨ ਪਰ ਅਸੀਂ ਸਭ ਜੇਲ੍ਹ ਅਧਿਕਾਰੀ ਹੈਰਾਨ ਸਾਂ ਕਿ ਬੈਰਕ ਦਾ ਤਾਲਾ ਉਸੇ ਤਰ੍ਹਾਂ ਲੱਗਾ ਹੋਇਆ ਸੀ ਫੇਰ ਇਹ ਘਟਨਾ ਕਿਵੇਂ ਵਾਪਰ ਗਈ? ਇਸ ਤੋਂ ਅੱਗੇ ਸ. ਅਮਰੀਕ ਸਿੰਘ ਡਿਪਟੀ ਸੁਪਰਡੈਂਟ ਨੇ ਦੱਸਿਆ ਕਿ ਮੈਂ ਸੋਚਿਆ ਕਿ ਸੰਤ ਜੀ ਨੂੰ ਸਮੇਂ ਸਿਰ ਇਸ਼ਨਾਨ ਪਾਣੀ ਕਰਵਾਉਣਾ ਚਾਹੀਦਾ ਹੈ ਭਾਂ ਅਗਲੇ ਦਿਨ ਮੈਂ ਆਪ ਹੀ ਵਾਰਡ ਦੇ ਤਿੰਨ ਕੁ ਵਜੇ ਦੇ ਮੁਲਾਜ਼ਮਾਂ ਨੂੰ ਨਾਲ ਲੈ ਕੇ ਸੰਤਾਂ ਦੀ ਬੈਰਕ ਦਾ ਤਾਲਾ ਖੁਲ੍ਹਵਾਇਆ, ਜਦੋਂ ਅਸੀਂ ਉਨ੍ਹਾਂ ਦੇ ਕੋਲ ਗਏ ਤਾਂ ਉਹ ਇਕਦਮ ਵਾਹਿਗੁਰੂ ਦਾ ਸਿਮਰਨ ਕਰਦੇ ਹੋਏ ਉਠੇ। ਮੇਰੇ ਵੱਲ ਵੇਖ ਕੇ ਪੁੱਛਣ ਲੱਗੇ ਕੀ ਗੱਲ ਇਸ ਵੇਲੇ ਕਿਵੇਂ ਆਏ ਹੋ ਤਾਂ ਮੈਂ ਕਿਹਾ ਕਿ ਅਸੀਂ ਇਹ ਸੋਚ ਕੇ ਆਏ ਹਾਂ ਕਿ ਤੁਹਾਨੂੰ ਸਵੇਰੇ ਸਵੱਖਤੇ ਹੀ ਇਸ਼ਨਾਨ ਆਦਿ ਕਰਾ ਦਿਆ ਕਰੀਏ। ਸੰਤਾਂ ਨੇ ਕਿਹਾ ਇਸ ਦੀ ਕੀ ਲੋੜ ਸੀ? ਜਦੋਂ ਆਮ ਬੈਰਕਾਂ ਖੁਲ੍ਹਦੀਆਂ ਹਨ ਮੈਂ ਵੀ ਉਸੇ ਵੇਲੇ ਹੀ ਇਸ਼ਨਾਨ ਕਰ ਲਵਾਂਗਾ ਤਾਂ ਉਨ੍ਹਾਂ ਨੇ ਕਿਹਾ ਕਿ ਚੱਲੋ, ਅੱਜ ਜ਼ਰੂਰ ਕਰ ਲਵੋ। ਇੰਨੇ ਨੂੰ ਸਾਡੇ ਨਾਲ ਦੇ ਮੁਲਾਜ਼ਮ ਨੇ ਬੈਰਕ ਦੇ ਅੰਦਰ ਹੀ ਸਾਹਮਣੇ ਕਿੱਲੀ ਉਪਰ ਟੰਗੇ ਸੰਤਾਂ ਦੇ ਕਛਹਿਰੇ ਪਹਨੇ ਨੂੰ ਚੁੱਕਿਆ, ਵੇਖਿਆ ਕਿ ਇਹ ਕੱਪੜੇ ਭਾਂ ਗਿੱਲੇ ਹਨ ਉਸ ਨੇ ਡਿਪਟੀ ਸੁਪਰਡੈਂਟ ਨੂੰ ਦੱਸਿਆ ਕਿ ਲੱਗਦਾ ਹੈ ਸੰਤਾਂ ਨੇ ਇਸ਼ਨਾਨ ਕੀਤਾ ਹੋਇਆ ਹੈ ਕਿਉਂਕਿ ਉਨ੍ਹਾਂ ਦੇ ਇਹ ਕੱਪੜੇ ਗਿੱਲੇ ਹਨ। ਜਦੋਂ ਸ. ਅਮਰੀਕ ਸਿੰਘ ਨੇ ਸੰਤਾਂ ਨੂੰ ਪੁੱਛਿਆ ਕਿ ਤੁਸੀਂ ਇਸ਼ਨਾਨ ਕਰ ਲਿਆ ਹੈ, ਜੇ ਕੀਤਾ ਹੈ ਤਾਂ ਕਿਥੋਂ ਕੀਤਾ? ਕਿਉਂਕਿ ਬੈਰਕ ਅੰਦਰ ਕੋਈ ਨਲਕਾ ਨਹੀਂ ਹੈ। ਸੰਤਾਂ ਨੇ ਇੰਨਾ ਹੀ ਉੱਤਰ ਦਿੱਤਾ ਕਿ ਇਸ ਬਾਰੇ ਭਾਈ ਸੁਜਾਨ ਸਿੰਘ (ਜੇਲ੍ਹ ਅੰਦਰ ਸੰਤਾਂ ਦੇ ਨਾਲ ਗਏ ਸੇਵਾਦਾਰ) ਹੀ ਦੱਸ ਸਕਦੇ ਹਨ। ਸ. ਅਮਰੀਕ ਸਿੰਘ ਨੇ ਦੱਸਿਆ ਕਿ ਇਸ ਘਟਨਾ ਬਾਰੇ ਵੀ ਮੈਂ ਉੱਚ ਅਧਿਕਾਰੀਆਂ

Scanned with CamScanner

ਨੂੰ ਸੂਚਿਤ ਕਰ ਦਿੱਤਾ ਸੀ। ਇਹ ਗੱਲਾਂ ਕਰਦਿਆਂ ਸ. ਅਮਰੀਕ ਸਿੰਘ ਖੁਦ ਵੀ ਵੈਰਾਗ ਵਿੱਚ ਆ ਗਏ। ਉਸ ਨੇ ਕਿਹਾ ਕਿ ਅਜਿਹਾ ਕਰਨੀ ਵਾਲਾ ਸੰਤ ਮੈਂ ਕਦੇ ਨਹੀਂ ਵੇਖਿਆ ਅਤੇ ਅਸੀਂ ਇਸ ਗੱਲ ਤੋਂ ਵੀ ਹੈਰਾਨ ਸਾਂ ਕਿ ਉਹ ਇਨ ਵੇਲੇ ਆਮ ਵਿਅਕਤੀਆਂ ਵਾਂਗ ਹੀ ਰਹਿੰਦੇ ਸਨ ਅਤੇ ਜੇਲ੍ਹ ਦੇ ਕੈਦੀਆਂ ਨੂੰ ਜੇਲ੍ਹ ਅੰਦਰ ਨਾਮ ਸਿਮਰਨ ਕਰਦਿਆਂ ਸਮਾਂ ਬਿਤਾਉਣ ਦੀਆਂ ਹਦਾਇਤਾਂ ਕਰਦੇ ਸਨ ਅਤੇ ਨਸ਼ਿਆਂ ਆਦਿਕ ਤੋਂ ਹਮੇਸ਼ਾਂ ਦੂਰ ਰਹਿਣ ਦੀ ਪ੍ਰੇਰਨਾ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਮੈਂ ਅਤੇ ਸੁਪਰਡੈਂਟ ਜੇਲ੍ਹ ਨੇ ਇਕੱਲਿਆ ਵੀ ਸੰਤਾਂ ਨਾਲ ਗੱਲ ਕੀਤੀ ਕਿ ਅਸੀਂ ਸਰਕਾਰੀ ਮੁਲਾਜ਼ਮ ਹਾਂ ਇਸ ਲਈ ਤੁਹਾਡੀ ਹਰ ਤਰ੍ਹਾਂ ਨਿਗਰਾਨੀ ਕਰਨੀ ਸਾਡਾ ਫਰਜ਼ ਹੈ। ਇਸ ਲਈ ਤੁਹਾਡੇ ਸਬੰਧੀ ਪਲ-ਪਲ ਦੀ ਖ਼ਬਰ ਪੰਜਾਬ ਸਰਕਾਰ ਨੂੰ ਦੇਣ ਦਾ ਸਾਨੂੰ ਹੁਕਮ ਹੈ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਆਪਣੀ ਡਿਊਟੀ ਨਿਭਾਓ ਅਤੇ ਬੇਫਿਕਰ ਰਹੋ। ਮੇਰੇ ਕਾਰਨ ਤੁਹਾਨੂੰ ਕਿਸੇ ਪ੍ਰਕਾਰ ਦੀ ਪ੍ਰੇਸ਼ਾਨੀ ਨਹੀਂ ਹੋਵੇਗੀ। ਸੰਤਾਂ ਕੋਲੋਂ ਇਹ ਗੱਲਾਂ ਸੁਣ ਕੇ ਸਾਨੂੰ ਭਾਰੀ ਤਸੱਲੀ ਹੋਈ। ਉਪਰੋਕਤ ਘਟਨਾ ਸਬੰਧੀ ਜਾਣਕਾਰੀ ਦੇਣ ਵਾਲੇ ਭਾਈ ਗੁਰਭੇਜ ਸਿੰਘ ਮੌਜੂਦਾ ਸਮੇਂ ਅਮਰੀਕਾ ਵਿਖੇ ਰਹਿ ਰਹੇ ਹਨ ਅਤੇ ਉਨ੍ਹਾਂ ਨੂੰ ਜੇਲ੍ਹ ਸੁਪਰਡੈਂਟ ਕੋਲੋਂ ਮਿਲੀ ਇਸ ਜਾਣਕਾਰੀ ਦੀ ਆਡੀਓ ਰਿਕਾਰਡਿੰਗ ਸਾਡੇ ਕੋਲ ਮੌਜੂਦ ਹੈ।

ਸਿੱਧਵਾਂ ਬੇਟ ਕੈਨਾਲ ਰੈਸਟ ਹਾਊਸ ਵਿਖੇ ਵਿਸ਼ੇਸ਼ ਅਦਾਲਤ ਵਿੱਚ ਸੁਣਵਾਈ

9 ਅਕਤੂਬਰ 1981 ਨੂੰ ਭਾਰੀ ਪੁਲਿਸ ਸੁਰੱਖਿਆ ਤਹਿਤ ਸੰਤਾਂ ਨੂੰ ਫਿਰੋਜ਼ਪੁਰ ਜੇਲ੍ਹ ਤੋਂ ਸਿੱਧਵਾਂ ਬੇਟ ਦੇ ਕੈਨਾਲ ਰੈਸਟ ਹਾਊਸ ਵਿਖੇ ਵਿਸ਼ੇਸ਼ ਅਦਾਲਤ ਦਾ ਪ੍ਰਬੰਧ ਕਰਕੇ ਪੇਸ਼ੀ ਵਾਸਤੇ ਲਿਆਂਦਾ ਗਿਆ। ਹਾਲਾਂਕਿ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ ਕਿ ਅੱਜ ਸੰਤਾਂ ਨੂੰ ਇੱਥੇ ਵਿਸ਼ੇਸ਼ ਅਦਾਲਤ ਵਿੱਚ ਲਿਆਂਦਾ ਜਾਵੇਗਾ ਪਰ ਜਿਵੇਂ ਹੀ ਸੰਗਤਾਂ ਨੂੰ ਪਤਾ ਲੱਗਾ ਵੇਖਦਿਆਂ ਹੀ ਵੇਖਦਿਆਂ ਇੱਥੇ ਭਾਰੀ ਇਕੱਠ ਹੋ ਗਿਆ। ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਇੱਥੇ ਜਸਟਿਸ ਗੁਰਦਰਸ਼ਨ ਕੁਮਾਰ ਗਾਏ ਦੀ ਅਦਾਲਤ ਵਿੱਚ ਸੰਤਾਂ ਨੂੰ ਲਿਆਂਦਾ ਗਿਆ ਜਿੱਥੇ ਜਿਲ੍ਹਾ ਅਟਾਰਨੀ ਸ. ਜੇ. ਐੱਸ. ਮਾਨ ਨੇ ਅਦਾਲਤ ਨੂੰ ਦਰਖ਼ਾਸਤ ਦਿੱਤੀ ਕਿ ਲਾਲਾ ਜਗਤ ਨਾਰਾਇਣ ਕਤਲ ਕੇਸ ਦੇ ਦੋਸ਼ੀ ਅਜੇ ਭਗੌੜੇ ਹਨ। ਇਸ ਲਈ ਅੱਗੇ ਸੰਤਾਂ ਕੋਲੋਂ ਪੁੱਛ-ਗਿੱਛ ਲਈ ਹੋਰ ਸਮੇਂ ਦੀ ਲੋੜ ਹੈ। ਸੰਤਾਂ ਵੱਲੋਂ ਵਕੀਲ ਸ੍ਰੀ ਬਲਦੇਵ ਸਿੰਘ ਬਿੰਦਰਾ ਦੀ ਅਗਵਾਈ ਵਿੱਚ ਕਈ ਵਕੀਲ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਜਿਲ੍ਹਾ ਅਟਾਰਨੀ ਦੀਆਂ ਦਲੀਲਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਜਿੰਨੀ ਦੇਰ ਤੱਕ ਕਥਿਤ ਭਗੌੜੇ ਵਿਅਕਤੀ ਨਹੀਂ ਫੜ੍ਹੇ ਜਾਣਗੇ, ਕੀ ਉਦੋਂ ਤੱਕ ਸੰਤਾਂ ਨੂੰ ਬਿਨ੍ਹਾ ਵਜ੍ਹਾ ਹੀ ਜੇਲ੍ਹ ਵਿੱਚ ਰੱਖਿਆ ਜਾਵੇਗਾ?

ਜੱਜ ਨੇ ਦੋਹਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ 14 ਦਿਨ ਦੇ ਜੁਡੀਸ਼ੀਅਲ ਰਿਮਾਂਡ ਵਿੱਚ ਵਾਧਾ ਕਰਕੇ ਅੱਜ ਦੀ ਕਾਰਵਾਈ ਮੁਕੰਮਲ ਕਰ ਦਿੱਤੀ ਅਤੇ ਸੰਤਾਂ ਨੂੰ ਮੁੜ ਫਿਰੋਜ਼ਪੁਰ ਜੇਲ੍ਹ ਵਿੱਚ ਭੇਜ ਦਿੱਤਾ।

ਸੰਤਾਂ ਦੀ ਰਿਹਾਈ ਲਈ ਆਪੋ ਆਪਣੇ ਢੰਗ ਨਾਲ ਜ਼ੋਰ-ਅਜਮਾਇਸ਼

ਇੱਕ ਪਾਸੇ ਸੰਤ ਜਰਨੈਲ ਸਿੰਘ ਜੀ ਦੀ ਰਿਹਾਈ ਲਈ ਉਪਰੋਕਤ ਸ਼ਾਂਤਮਈ ਢੰਗ ਨਾਲ ਪ੍ਰਭਾਵਸ਼ਾਲੀ ਯਤਨ ਹੋ ਰਹੇ ਸਨ ਦੂਜੇ ਪਾਸੇ ਕੇਸ ਦੀ ਕਾਨੂੰਨੀ ਕਾਰਵਾਈ ਚੱਲ ਰਹੀ ਸੀ ਅਤੇ ਇਸ ਦੇ ਨਾਲ ਹੀ ਨੌਜਵਾਨਾਂ ਵੱਲੋਂ ਕਈ ਬੰਬ ਧਮਾਕਿਆਂ ਰਾਹੀਂ ਆਪਣੇ ਜਜ਼ਬਾਤਾਂ ਦਾ ਪ੍ਰਗਟਾਵਾ ਕੀਤਾ ਜਾ ਚੁੱਕਾ ਸੀ ਅਤੇ ਦਲ ਖ਼ਾਲਸਾ ਵੱਲੋਂ ਹਵਾਈ ਜਹਾਜ਼ ਅਗਵਾ ਕਰਕੇ ਕੇਂਦਰ ਸਰਕਾਰ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ। ਜਿਸ ਤੋਂ ਸਰਕਾਰ ਨੇ ਸਹਿਜੇ ਹੀ ਅੰਦਾਜ਼ਾ ਲਾ ਲਿਆ ਹੋਵੇਗਾ ਕਿ ਆਉਣ ਵਾਲੇ ਦਿਨਾਂ 'ਚ ਪੰਜਾਬ ਵਿੱਚ ਕੀ ਵਾਪਰ ਸਕਦਾ ਹੈ।

ਇਨ੍ਹਾਂ ਹੀ ਦਿਨਾਂ ਵਿੱਚ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕਾਮਨਵੈਲਥ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੀ ਕਾਨਫਰੰਸ ਵਿੱਚ ਭਾਗ ਲੈਣ ਲਈ ਆਸਟਰੇਲੀਆ ਗਈ ਹੋਈ ਸੀ। ਪਰ ਉਥੇ ਬੈਠਿਆਂ ਵੀ ਪੰਜਾਬ ਵਿੱਚ ਨਿਤਾਪ੍ਰਤੀ ਹੋ ਰਹੇ ਵਿਸਫੋਟਕ ਧਮਾਕਿਆਂ ਅਤੇ ਖਿਚਾਅਪੂਰਨ ਸਥਿਤੀ ਤੋਂ ਪੂਰੀ ਤਰ੍ਹਾਂ ਜਾਣੂ ਸੀ। ਉਸ ਨੂੰ ਪਤਾ ਸੀ ਕਿ ਪੰਜਾਬ ਜਿਸ ਭਿਆਨਕ ਸਥਿਤੀ 'ਤੋਂ ਖੜ੍ਹਾ ਹੈ ਇਸ ਨੂੰ ਤੁਰੰਤ ਨਾ ਸੰਭਾਲਿਆ ਗਿਆ ਤਾਂ ਹਾਲਾਤ ਬੇਹੱਦ ਵਿਗੜ ਸਕਦੇ ਹਨ। ਇਨ੍ਹਾਂ ਹਾਲਾਤਾਂ ਨੂੰ ਸਮਝਦਿਆਂ ਆਪਣੀ ਸੌੜੀ ਰਾਜਨੀਤੀ ਦਾ ਪੈਂਤੜਾ ਬਦਲ ਕੇ ਦਮਦਮੀ ਟਕਸਾਲ ਨੂੰ

Scanned with CamScanner

ਗੁੱਠੇ ਲਾਉਣ ਦਾ ਮਨਸੂਬਾ ਫ਼ਿਲਹਾਲ ਮਨ ਹੀ ਮਨ ਵਿੱਚ ਅੱਗੇ ਪਾ ਦਿੱਤਾ। ਉਸ ਨੇ ਆਪ ਪੰਜਾਬ ਵਿੱਚ ਆ ਕੇ ਸਿੱਧਾ ਦਖ਼ਲ ਦਿੰਦਿਆਂ ਵਿਰੋਧੀ ਪਾਰਟੀਆਂ ਨਾਲ ਗੱਲਬਾਤ ਆਰੰਭ ਕੀਤੀ।

ਇਸ ਤਹਿਤ ਸ੍ਰੀਮਤੀ ਗਾਂਧੀ ਚੰਡੀਗੜ੍ਹ ਆਏ ਅਤੇ ਉਨ੍ਹਾਂ ਨੇ ਪੰਜਾਬ ਵਿੱਚਲੇ ਹਾਲਾਤ ਨੂੰ ਸ਼ਾਂਤਮਈ ਰੱਖਣ ਲਈ ਕੀਤੀ ਜਾ ਰਹੀ ਮੀਟਿੰਗ ਵਿੱਚ ਸ਼ਾਮਿਲ ਹੋਣ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਸੱਦਾ ਦਿੱਤਾ। ਪਰ ਪੰਜਾਬ ਵਿਚਲੇ ਹਾਲਾਤਾਂ ਨੂੰ ਮੁੱਖ ਰੱਖਦਿਆਂ ਅਤੇ ਸੰਗਤਾਂ ਦੇ ਜਜ਼ਬਾਤਾਂ ਨੂੰ ਭਾਂਪਦਿਆਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਉਦੋਂ ਤੱਕ ਕੇਂਦਰ ਸਰਕਾਰ ਨਾਲ ਕੋਈ ਗੱਲਬਾਤ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ, ਜਦੋਂ ਤੱਕ ਸੰਤ ਜਰਨੈਲ ਸਿੰਘ ਨੂੰ ਬਿਨਾਂ ਸ਼ਰਤ ਰਿਹਾਅ ਨਹੀਂ ਕੀਤਾ ਜਾਂਦਾ ਅਤੇ 12 ਤਰੀਕ ਨੂੰ ਚੰਦੇ ਕਲਾਂ, 16 ਤਰੀਕ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ, 20 ਸਤੰਬਰ ਨੂੰ ਚੌਕ ਮਹਿਤਾ ਵਿਖੇ ਪੁਲਿਸ ਵੱਲੋਂ ਕੀਤੀਆਂ ਵਧੀਕੀਆਂ ਦੀ ਅਦਾਲਤੀ ਜਾਂਚ ਦੇ ਹੁਕਮ ਜਾਰੀ ਨਹੀਂ ਕੀਤੇ ਜਾਂਦੇ ਤਦ ਤੱਕ ਕੇਂਦਰ ਸਰਕਾਰ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਕੇਂਦਰ ਸਰਕਾਰ ਵੱਲੋਂ ਆਪਣੇ ਏਲਚੀਆਂ ਰਾਹੀਂ ਗੱਲਬਾਤ ਕਰਨ ਦਾ ਯਤਨ

ਕੇਂਦਰ ਸਰਕਾਰ ਪੰਜਾਬ ਦੇ ਮੁੱਖ ਮੰਤਰੀ ਰਾਹੀਂ ਸੰਤਾਂ ਨੂੰ ਗ੍ਰਿਫ਼ਤਾਰ ਕਰਵਾ ਕੇ ਕਸੂਤੀ ਸਥਿਤੀ ਵਿੱਚ ਫਸੀ ਮਹਿਸੂਸ ਕਰਨ ਲੱਗੀ ਕਿਉਂਕਿ ਲਾਲੇ ਦੇ ਕਤਲ ਸਬੰਧੀ ਪੁੱਛਗਿੱਛ ਕਰਨ ਵਾਲੇ ਅਧਿਕਾਰੀਆਂ ਨੂੰ ਐਸੇ ਸਬੂਤ ਨਹੀਂ ਮਿਲੇ ਜਿਨ੍ਹਾਂ ਰਾਹੀਂ ਸੰਤਾਂ ਨੂੰ ਦੋਸ਼ੀ ਕਰਾਰ ਦਿੱਤਾ ਜਾ ਸਕੇ। ਦੂਜੇ ਪਾਸੇ ਇੰਦਰਾ ਗਾਂਧੀ ਨੂੰ ਖੁਦ ਇਹ ਅੰਦਾਜ਼ਾ ਨਹੀਂ ਸੀ ਕਿ ਭਿੰਡਰਾਂਵਾਲੇ ਸੰਤਾਂ ਦਾ ਸੰਗਤਾਂ ਵਿੱਚ ਇਸ ਕਦਰ ਪਿਆਰ ਅਤੇ ਸਤਿਕਾਰ ਬਣਿਆ ਹੋਇਆ ਹੈ। ਇਸੇ ਲਈ ਪੰਜਾਬ ਦੇ ਸਿੱਖ, ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਸੰਤਾਂ ਦੀ ਰਿਹਾਈ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਖੜ੍ਹੇ ਹਨ। ਖਾਸ ਕਰਕੇ ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੌਜਵਾਨ ਸਰਹੱਦੀ ਸੂਬੇ ਲਈ ਵੱਡੀ ਸਿਰਦਰਦੀ ਬਣ ਸਕਦੇ ਹਨ। ਇਸ ਲਈ ਇੰਦਰਾ ਗਾਂਧੀ ਨੇ ਆਪਣੇ ਭਰੋਸੇਯੋਗ ਵਿਅਕਤੀਆਂ ਰਾਹੀਂ ਸੰਤਾਂ ਨਾਲ ਮੇਲ ਮਿਲਾਪ ਕਰਨ ਦਾ ਯਤਨ ਕੀਤਾ। ਇਸੇ ਤਹਿਤ ਕੇਂਦਰੀ ਮੰਤਰੀ ਸ. ਬੂਟਾ ਸਿੰਘ ਨੇ ਟੈਲੀਫੋਨ ਰਾਹੀਂ ਭਾਈ ਅਮਰੀਕ ਸਿੰਘ ਨਾਲ ਗੱਲਬਾਤ ਕਰਨ ਦੇ ਕਈ ਯਤਨ ਕੀਤੇ। ਪਰ ਭਾਈ ਅਮਰੀਕ ਸਿੰਘ ਨੇ ਉਸ ਨਾਲ ਗੱਲ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਕੋਰੇ ਲਫ਼ਜ਼ਾਂ ਵਿੱਚ ਕਿਹਾ ਜਦੋਂ ਤੱਕ ਸੰਤਾ ਨੂੰ ਰਿਹਾਅ ਨਹੀਂ ਕਰ ਦਿੱਤਾ ਜਾਂਦਾ ਕਿਸੇ ਵੀ ਕੇਂਦਰੀ ਮੰਤਰੀ ਜਾਂ ਪ੍ਰਧਾਨ ਮੰਤਰੀ ਨਾਲ ਗੱਲਬਾਤ ਨਹੀਂ ਹੋ ਸਕਦੀ।

ਇਸੇ ਤਰ੍ਹਾਂ ਪੰਜਾਬ ਦੇ ਉੱਘੇ ਆਗੂ ਤਰਲੋਚਨ ਸਿੰਘ ਰਿਆਸਤੀ ਨੂੰ ਸੰਤਾਂ ਕੋਲ ਜੇਲ੍ਹ ਵਿੱਚ ਮੁਲਾਕਾਤ ਕਰਨ ਲਈ ਭੇਜਿਆ ਗਿਆ। ਉਸ ਨੇ ਸੰਤਾਂ ਨਾਲ ਮੁਲਾਕਾਤ ਕਰਕੇ ਕਿਹਾ ਕਿ ਮੈਨੂੰ ਪ੍ਰਧਾਨ ਮੰਤਰੀ ਨੇ ਭੇਜਿਆ ਹੈ ਕਿ ਤੁਹਾਨੂੰ ਪੱਕੀ ਜ਼ਮਾਨਤ 'ਤੇ ਰਿਹਾਅ ਕਰ ਦਿੰਦੇ ਹਾਂ ਅਤੇ ਬਾਅਦ ਵਿੱਚ ਤੁਹਾਡੇ ਉਪਰ ਚੱਲ ਰਿਹਾ ਕੇਸ ਵੀ ਵਾਪਸ ਲੈ ਲਵਾਂਗੇ ਕਿਉਂਕਿ ਕੇਂਦਰ ਸਰਕਾਰ ਸੋਚਦੀ ਹੈ ਕਿ ਅਸੀਂ ਬਹੁਤ ਕਸੂਤੀ ਸਥਿਤੀ ਵਿੱਚ ਹਾਂ। ਜੇਕਰ ਤੁਹਾਨੂੰ ਤੁਰੰਤ ਰਿਹਾਅ ਕੀਤਾ ਜਾਂਦਾ ਹੈ ਤਾਂ ਬਾਹਰਲੇ ਸੂਬਿਆਂ ਦਾ ਹਿੰਦੂ ਭਾਈਚਾਰਾ ਸਾਡੇ ਨਾਲੋਂ ਟੁੱਟ ਜਾਵੇਗਾ ਅਤੇ ਜੇਕਰ ਰਿਹਾਈ ਵਿੱਚ ਦੇਰੀ ਹੁੰਦੀ ਹੈ ਤਾਂ ਪੰਜਾਬ ਦੇ ਹਾਲਾਤ ਬੁਰੀ ਤਰ੍ਹਾਂ ਉਲਝ ਸਕਦੇ ਹਨ। ਸੰਤਾਂ ਨੇ ਰਿਆਸਤੀ ਦੀ ਗੱਲ ਸੁਣ ਕੇ ਉਸ ਨੂੰ ਕਿਹਾ ਕਿ ਮੈਨੂੰ ਗ੍ਰਿਫ਼ਤਾਰ ਕਰਨ ਵੇਲੇ ਤਾਂ ਦੇਸ਼ ਦੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਚੰਦੇ ਕਲਾਂ ਪਿੰਡ ਦੇ ਵਸਨੀਕਾਂ ਨੂੰ ਬੁਰੀ ਤਰ੍ਹਾਂ ਲੁੱਟਿਆ ਅਤੇ ਗੁਰੂ ਸਾਹਿਬ ਦੀ ਬਾਣੀ ਦੀ ਬੇਅਦਬੀ ਵੀ ਕੀਤੀ। ਉਦੋਂ ਕੇਂਦਰ ਸਰਕਾਰ ਨੂੰ ਦੇਸ਼ ਦੇ ਹਾਲਾਤਾਂ ਦੀ ਕੋਈ ਚਿੰਤਾ ਨਹੀਂ ਸੀ। ਹੁਣ ਤਾਂ ਮੈਂ ਅਰਦਾਸ ਕਰਕੇ ਆਇਆ ਹਾਂ ਕਿ ਮੇਰੀ ਜ਼ਿੰਦਗੀ ਕੌਮ ਦੇ ਲੇਖੇ ਲੱਗ ਜਾਵੇ ਅਤੇ ਜੇਲ੍ਹ ਅੰਦਰ ਮੈਂ ਫਾਂਸੀ ਦਾ ਤਖ਼ਤਾ ਵੀ ਵੇਖਿਆ ਹੈ ਜੋ ਕਿ ਕਾਫੀ ਪੁਰਾਣਾ ਹੋ ਚੁੱਕਾ ਹੈ। ਇੰਦਰਾ ਗਾਂਧੀ ਨੂੰ ਕਹਿ ਦਿਓ ਕਿ ਇੱਥੇ ਫਾਂਸੀ ਦਾ ਨਵਾਂ ਤਖ਼ਤਾ ਲਿਆ ਕੇ ਲਾਵੇ ਜੋ ਮੇਰਾ ਵਜ਼ਨ ਚੁੱਕ ਸਕੇ ਤਾਂ ਕਿ ਮੈਨੂੰ ਫਾਂਸੀ ਦੇਣ ਸਮੇਂ ਕਿਸੇ ਕਿਸਮ ਦੀ ਰੁਕਾਵਟ ਦਾ ਸਾਹਮਣਾ ਨਾ ਕਰਨਾ ਪਵੇ। ਉਸ ਨੂੰ ਕਹਿ ਦਿਓ ਜਿਨੀ ਜਲਦੀ ਹੋ ਸਕੇ ਮੈਨੂੰ ਫਾਂਸੀ ਦੇ ਫੰਦੇ 'ਤੇ ਲਟਕਾਉਣ ਦਾ ਇੰਤਜ਼ਾਮ ਕੀਤਾ ਜਾਵੇ, ਨਾਲੇ ਰੋਜ਼ ਦਾ ਕਲੇਸ਼ ਵੀ ਖਤਮ ਹੋ ਜਾਵੇਗਾ। ਇਸ ਲਈ ਜ਼ਮਾਨਤ ਕਰਵਾਉਣ ਜਾਂ ਹੋਰ ਕੋਈ ਆਨਾ ਬਹਾਨਾ ਬਣਾਉਣ ਦੀ ਲੋੜ ਨਹੀਂ। ਸੰਤਾਂ ਤੋਂ ਸਪੱਸ਼ਟ ਇਹ

Scanned with CamScanner

ਕੌਰੀਆਂ ਗੱਲਾਂ ਸੁਣ ਕੇ ਗਿਆਜ਼ਤੀ ਵਾਪਸ ਪਰਤ ਗਿਆ ਅਤੇ ਉਸ ਨੇ ਪ੍ਰਧਾਨ ਮੰਤਰੀ ਨੂੰ ਦੱਸ ਦਿੱਤਾ ਕਿ ਸੰਤ ਆਪਣੇ ਅਕੀਦੇ ਦੇ ਪੱਕੇ ਹਨ ਕਿਸੇ ਤਰ੍ਹਾਂ ਦੀ ਧੱਕੇ ਭਰੀ ਚਾਲਬਾਜ਼ੀ ਉੱਥੇ ਨਹੀਂ ਚੱਲ ਸਕੇਗੀ।

ਸੰਤਾਂ ਦੀ ਫਿਰੋਜ਼ਪੁਰ ਜੇਲ੍ਹ 'ਚੋਂ ਰਿਹਾਈ

ਇਸ ਤਰ੍ਹਾਂ ਸੰਤਾਂ ਵੱਲੋਂ ਮਿਲੇ ਸਪੱਸ਼ਟ ਜਵਾਬ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤਾਂ ਦੀ ਰਿਹਾਈ ਸਮੇਤ ਰੱਖੀਆਂ ਕੁਝ ਮੰਗਾਂ ਬਾਰੇ ਧਾਰਨ ਕੀਤਾ ਰਵੱਈਆ ਅਤੇ ਪੰਜਾਬ ਵਿਚਲੀ ਸਥਿਤੀ ਨੂੰ ਮੁੱਖ ਰੱਖਦਿਆਂ ਕੇਂਦਰ ਵੱਲੋਂ ਡੰਗ ਟਪਾਊ ਸਾਜਿਸ਼ੀ ਨੀਤੀ ਅਪਣਾਉਂਦਿਆਂ ਚੌਕ ਮਹਿਤਾ ਵਿਖੇ 20 ਸਤੰਬਰ ਨੂੰ ਹੋਈ ਪੁਲਿਸ ਫਾਇਰਿੰਗ ਦੀ ਜਾਂਚ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਪ੍ਰੀਤਮ ਸਿੰਘ ਪੱਤੜ ਨੂੰ ਨਿਯੁਕਤ ਕਰਕੇ ਅਦਾਲਤੀ ਜਾਂਚ ਕਰਵਾਉਣ ਦਾ ਐਲਾਨ ਕਰ ਦਿੱਤਾ। ਇਸੇ ਹੀ ਤਰਜ਼ 'ਤੇ ਹਰਿਆਣਾ ਸਰਕਾਰ ਨੇ ਚੰਦੋ ਕਲਾਂ ਵਿਖੇ ਹੋਈਆਂ ਪੁਲਿਸ ਵਧੀਕੀਆਂ ਦੀ ਜਾਂਚ ਲਈ ਅਦਾਲਤੀ ਜਾਂਚ ਕਰਵਾਉਣ ਦਾ ਐਲਾਨ ਕੀਤਾ। ਇਨ੍ਹਾਂ ਜਾਂਚ ਕਮਿਸ਼ਨਾਂ ਨੂੰ ਸਮਾਬੱਧ ਤਿੰਨ-ਤਿੰਨ ਮਹੀਨੇ ਦਾ ਸਮਾਂ ਤੈਅ ਕੀਤਾ ਗਿਆ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਜੇਲ੍ਹ 'ਚੋਂ ਰਿਹਾਅ ਕਰਨ ਲਈ ਇਸ ਕੇਸ ਨਾਲ ਸਬੰਧਤ ਜਸਟਿਸ ਜੀ. ਕੇ. ਰਾਏ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ। ਜਿਸ ਤਹਿਤ 15 ਅਕਤੂਬਰ 1981 ਨੂੰ ਫਿਰੋਜ਼ਪੁਰ ਦੀ ਜੇਲ੍ਹ ਵਿੱਚ ਵਿਸ਼ੇਸ਼ ਅਦਾਲਤ ਲਾਈ ਗਈ ਜਿਥੇ ਜੱਜ ਸ਼੍ਰੀ ਜੀ. ਕੇ. ਰਾਏ ਨੇ ਅਦਾਲਤੀ ਫੈਸਲਾ ਸੁਣਾਉਂਦਿਆਂ ਕਿਹਾ ਕਿ ਹੁਣ ਤੱਕ ਦੀ ਪੁਲਿਸ ਜਾਂਚ ਪੜਤਾਲ ਵਿੱਚ ਸੰਤ ਜਰਨੈਲ ਸਿੰਘ ਨੂੰ ਲਾਲਾ ਜਗਤ ਨਾਰਾਇਣ ਕਤਲ ਕੇਸ ਵਿੱਚ ਦੋਸ਼ੀ ਸਿੱਧ ਨਹੀਂ ਕੀਤਾ ਜਾ ਸਕਿਆ। ਇਸ ਲਈ ਇਨ੍ਹਾਂ ਨੂੰ ਅਦਾਲਤ ਬਿਨਾਂ ਸ਼ਰਤ ਬਾਇੱਜ਼ਤ ਰਿਹਾਅ ਕਰਨ ਦਾ ਹੁਕਮ ਕਰਦੀ ਹੈ। ਇਸ ਸਮੇਂ ਦੀ ਅਦਾਲਤੀ ਸੁਣਵਾਈ ਵਿੱਚ ਸੰਤਾਂ ਵੱਲੋਂ ਸਰਦਾਰ ਬਿਦਰਾ ਦੀ ਅਗਵਾਈ ਵਿੱਚ 6 ਵਕੀਲ ਮੌਜੂਦ ਸਨ। ਸ. ਬਿੰਦਰਾ ਨੇ ਕਿਹਾ ਕਿ ਫੈਸਲੇ ਵਿੱਚ ਇਹ ਵੀ ਦਰਜ ਕਰੋ ਕਿ ਇਸ ਕੇਸ ਵਿੱਚ ਸੰਤਾਂ ਨੂੰ ਅੱਗੇ ਤੋਂ ਕਦੇ ਵੀ ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕੋਈ ਪੁੱਛ ਪੜਤਾਲ ਕੀਤੀ ਜਾਵੇਗੀ। ਇਸ ਸਮੇਂ ਸੰਤਾਂ ਦੇ ਕੁੱਝ ਭਰੋਸਯੋਗ ਸਹਿਯੋਗੀ ਸਲਾਹਕਾਰ ਵੀ ਮੌਜੂਦ ਸਨ ਜਿਨ੍ਹਾਂ ਨੇ ਸੰਤਾਂ ਦੀ ਰਿਹਾਈ ਦਾ ਐਲਾਨ ਸੁਣਦਿਆਂ ਹੀ ਜੋਸ਼ ਵਿੱਚ ਜੈਕਾਰੇ ਛੱਡੇ ਜਿਸ ਕਾਰਨ ਜੇਲ੍ਹ ਤੋਂ ਬਾਹਰ ਵੱਡੀ ਗਿਣਤੀ ਵਿੱਚ ਇਕੱਠੀਆਂ ਹੋਈਆਂ ਸਿੱਖ ਸੰਗਤਾਂ ਨੂੰ ਵੀ ਪਤਾ ਲੱਗ ਗਿਆ ਕਿ ਸੰਤਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਉਸ ਮੌਕੇ ਜੇਲ੍ਹ ਤੋਂ ਬਾਹਰ ਦੀਆਂ ਸੰਗਤਾਂ ਦਾ ਜੋਸ਼ ਅਤੇ ਉਤਸ਼ਾਹ ਵੇਖਣ ਯੋਗ ਸੀ ਜਿਨ੍ਹਾਂ ਨੇ ਆਕਾਸ਼ ਗੁੰਜਾਊ ਜੈਕਾਰੇ ਛੱਡੇ ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ।

ਇਸ ਦੇ ਨਾਲ ਹੀ ਭਾਈ ਅਮਰੀਕ ਸਿੰਘ ਅਤੇ ਸੰਤਾਂ ਦੇ ਹੋਰ ਜ਼ਿੰਮੇਵਾਰ ਸਹਿਯੋਗੀ ਸਿੰਘਾਂ ਨੇ ਸੰਤਾਂ ਨੂੰ ਵੱਡੇ ਕਾਫਲੇ ਦੇ ਰੂਪ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲੈ ਕੇ ਜਾਣ ਦਾ ਪ੍ਰਬੰਧ ਕੀਤਾ ਕਿਉਂਕਿ ਇਸ ਕਾਫਲੇ ਨੇ ਜ਼ੀਰਾ, ਮੱਖੂ, ਹਰੀਕੇ ਪੱਤਣ, ਸਰਹਾਲੀ, ਤਰਨਤਾਰਨ ਹੁੰਦਿਆਂ ਹੋਇਆਂ ਸ੍ਰੀ ਅੰਮ੍ਰਿਤਸਰ ਜਾਣਾ ਸੀ। ਇਸ ਲਈ ਇਸ ਰਸਤੇ 'ਤੇ ਸਭ ਸਹਿਯੋਗੀ ਸਿੰਘਾਂ ਅਤੇ ਸੰਗਤਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਕਿ ਉਹ ਆਪੋ ਆਪਣੀ ਸਮਰੱਥਾ ਅਨੁਸਾਰ ਇਸ ਕਾਫਲੇ ਵਿੱਚ ਸ਼ਾਮਲ ਹੋਣ। ਦੂਜੇ ਪਾਸੇ ਫਿਰੋਜ਼ਪੁਰ ਜੇਲ੍ਹ ਦੇ ਬਾਹਰ ਵੀ ਇੰਨਾ ਵੱਡਾ ਇਕੱਠ ਸੀ ਜਿਨ੍ਹਾਂ ਲਈ ਤੁਰੰਤ ਵਹੀਕਲਾਂ ਦਾ ਪ੍ਰਬੰਧ ਕਰਨਾ ਮੁਸ਼ਕਲ ਸੀ ਪਰ ਫਿਰ ਵੀ ਜ਼ਿਲ੍ਹਾ ਫਿਰੋਜ਼ਪੁਰ ਦੀ ਟਰੱਕ ਯੂਨੀਅਨ ਨੇ ਵੱਡੀ ਗਿਣਤੀ ਵਿੱਚ ਆਪਣੀਆਂ ਗੱਡੀਆਂ ਸੇਵਾ ਵਜੋਂ ਇਸ ਕਾਫਲੇ ਨੂੰ ਲੈ ਜਾਣ ਲਈ ਪੇਸ਼ ਕੀਤੀਆਂ ਅਤੇ ਸੰਤਾਂ ਲਈ ਇੱਕ ਖੁੱਲ੍ਹੀ ਜੀਪ ਤਿਆਰ ਕੀਤੀ ਗਈ। ਵੇਖਦਿਆਂ ਹੀ ਵੇਖਦਿਆਂ ਸੈਕੜਿਆਂ ਦੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਨੇ ਆਪੋ-ਆਪਣੇ ਮੋਟਰਸਾਈਕਲਾਂ ਤੇ ਝੰਡੇ ਬੰਨ੍ਹ ਕੇ ਇਸ ਕਾਫਲੇ ਦੇ ਅੱਗੇ ਚੱਲਣ ਦੀ ਤਿਆਰੀ ਕਰ ਲਈ।

ਅੱਜ ਸੰਤਾਂ ਦੀ ਅਦਾਲਤੀ ਸੁਣਵਾਈ ਸਮੇਂ ਜਿਹੜੀਆਂ ਪ੍ਰਮੁੱਖ ਸਖਸ਼ੀਅਤਾਂ ਮੌਜੂਦ ਸਨ ਉਨ੍ਹਾਂ ਵਿੱਚ ਸ. ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ, ਸ. ਸੰਤੋਖ ਸਿੰਘ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਬਾਬਾ ਉੱਤਮ ਸਿੰਘ ਜੀ ਖਡੂਰ ਸਾਹਿਬ ਵਾਲੇ, ਬਾਬਾ ਖਜ਼ਾਨ ਸਿੰਘ ਜੀ, ਬਾਬਾ ਕ੍ਰਿਪਾਲ ਸਿੰਘ ਜੀ, ਭਾਈ ਅਮਰੀਕ ਸਿੰਘ ਜੀ, ਭਾਈ ਸ਼ਮਿੰਦਰ ਸਿੰਘ ਮੁਕਤਸਰ, ਭਾਈ ਆਤਮਾ ਸਿੰਘ ਚੱਕ ਮਹਿਰਾਜ, ਭਾਈ ਜਗਜੀਤ ਸਿੰਘ ਜੀ ਰੋਡੇ,

Scanned with CamScanner



ਫਿਰੋਜ਼ਪੁਰ ਜੇਲ੍ਹ 'ਚੋਂ ਸੰਤ ਭਿੰਡਰਾਂਵਾਲਿਆਂ ਦੀ ਰਿਹਾਈ ਸਮੇਂ ਸੰਗਤਾਂ ਦਾ ਬੇਮਿਸਾਲ ਇਕੱਠ।



ਫਿਰੋਜ਼ਪੁਰ ਜੇਲ੍ਹ ਵਿੱਚੋਂ ਰਿਹਾਈ ਸਮੇਂ ਸੰਤਾਂ ਦਾ ਸਵਾਗਤ ਕਰਦੇ ਹੋਏ ਸ. ਬਸੰਤ ਸਿੰਘ ਖ਼ਾਲਸਾ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਸੁਰਜਨ ਸਿੰਘ ਠੇਕੇਦਾਰ, ਬਾਬਾ ਉੱਤਮ ਸਿੰਘ ਖੜੂਰ ਸਾਹਿਬ ਅਤੇ ਜਥੇਦਾਰ ਰਛਪਾਲ ਸਿੰਘ ਦਿੱਲੀ।

Scanned with CamScanner



ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜਥੇ ਦੇ ਸਿੰਘਾਂ ਨੂੰ ਗੁਰਬਾਣੀ ਕਥਾ ਸੰਥਿਆ ਕਰਵਾਉਂਦੇ ਹੋਏ।



ਸ਼ਹੀਦ ਭਾਈ ਕੁਲਵੰਤ ਸਿੰਘ ਨਾਗੋਕੇ ਦੀ ਅਰਥੀ ਨੂੰ ਮੋਢਾ ਦੇ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਐਸ.ਜੀ.ਪੀ.ਸੀ. ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ। ਪਿੱਛੇ ਸੰਗਤਾਂ ਦਾ ਇਕੱਠ।

Scanned with CamScanner



ਸੰਤ ਭਿੰਡਰਾਂਵਾਲੇ, ਬਾਬਾ ਖੜਕ ਸਿੰਘ ਜੀ, ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਹੋਰ ਸਖਸ਼ੀਅਤਾਂ ਕਾਰਸੇਵਾ ਦੌਰਾਨ।



ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਇੱਕ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।

Scanned with CamScanner



ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੇ ਭੋਗ ਪਾਉਂਦੇ ਹੋਏ। ਉਨ੍ਹਾਂ ਨਾਲ ਪਾਠੀ ਭਾਈ ਜਰਨੈਲ ਸਿੰਘ ਜੀ ਜਾਰਜਪੁਰ।



ਸੰਤ ਭਿੰਡਰਾਂਵਾਲਿਆਂ ਨਾਲ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਸਟੇਹਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੋ ਕਥਾ ਦੇ ਭੋਗ ਸਮੇਂ ਇਨੇ ਪ੍ਰਭਾਵਿਤ ਹੋਏ ਕਿ ਉਹਨਾਂ ਅਰਦਾਸ ਵਿੱਚ ਇਹ ਵੀ ਬੇਨਤੀ ਕਰ ਦਿੱਤੀ ਕਿ ਮੇਰੀ ਬਚਦੀ ਉਮਰ ਮਹਾਤਮਾ ਸੰਤ ਗਿਆਨੀ ਜਰਨੈਲ ਸਿੰਘ ਜੀ ਨੂੰ ਬਖਸ਼ ਦੇਣ

ਸੁਹਿਰਦ ਸੰਤ ਖ਼ਾਲਸਾ

Scanned with CamScanner

ਭਾਈ ਤੇਜਵੰਤ ਸਿੰਘ ਜੀ ਗਰੇਵਾਲ, ਜਥੇਦਾਰ ਸੁਰਜਨ ਸਿੰਘ ਠੇਕੇਦਾਰ, ਸ. ਮਹਿੰਦਰ ਸਿੰਘ ਸਾਂਈਆਂ ਵਾਲਾ, ਸ. ਬਸੰਤ ਸਿੰਘ ਖ਼ਾਲਸਾ, ਸ. ਬਲਦੇਵ ਸਿੰਘ ਬਿੰਦਰਾ ਦੇ ਸਪੁੱਤਰ ਸ. ਜਸਬੀਰ ਸਿੰਘ ਬਿੰਦਰਾ ਅਤੇ ਹੋਰ ਬਹੁਤ ਸਾਰੇ ਸੰਤਾਂ ਦੇ ਅਤਿ ਨਜਦੀਕੀ ਸਿੰਘ ਮੌਜੂਦ ਸਨ।

ਅਦਾਲਤੀ ਕਾਰਵਾਈ ਤੋਂ ਉਪਰੰਤ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਆਪਣੇ ਸਹਿਯੋਗੀ ਸਾਥੀ ਜਿਸ ਨੂੰ ਸੰਤ ਜੀ ਅਤੇ ਜਥੇ ਦੇ ਸਿੰਘ 'ਸਰਬਾਲ੍ਹਾ' ਕਹਿੰਦੇ ਸਨ ਭਾਈ ਸੁਜਾਨ ਸਿੰਘ ਮਨਾਵਾਂ ਨੂੰ ਜੇਲ੍ਹ 'ਚੋਂ ਰਿਹਾਈ ਲਈ ਬਾਹਰ ਕੱਢਣ ਵਾਸਤੇ ਜੇਲ੍ਹ ਦਾ ਵੱਡਾ ਦਰਵਾਜ਼ਾ ਖੋਲ੍ਹਿਆ ਤਾਂ ਸੰਗਤਾਂ ਦਾ ਹੜ੍ਹ ਰੋਕਣਾ ਔਖਾ ਹੋ ਗਿਆ। ਸੰਤਾਂ ਨੇ ਜੇਲ੍ਹ ਤੋਂ ਬਾਹਰ ਨਿਕਲਦਿਆਂ ਹੀ ਸਭ ਸੰਗਤਾਂ ਨੂੰ ਬੇਨਤੀ ਕੀਤੀ ਕਿ ਬਾਹਰ ਲੱਗੇ ਹੋਏ ਪੰਡਾਲ ਵਿੱਚ ਪਹੁੰਚੋ।

ਜੇਲ੍ਹ ਤੋਂ ਬਾਹਰ ਸਜੇ ਪੰਡਾਲ ਵਿੱਚ ਪਹੁੰਚ ਕੇ ਸੰਤਾਂ ਨੇ ਸਭ ਸੰਗਤਾਂ ਦਾ ਹਾਰਦਿਕ ਧੰਨਵਾਦ ਕੀਤਾ ਜਿਨ੍ਹਾਂ ਨੇ ਆਪੋ ਆਪਣੇ ਢੰਗ ਨਾਲ ਆਪਣਾ ਅਸਰ ਰਸੂਖ ਵਰਤਦਿਆਂ ਆਪਣੇ ਜਜ਼ਬਾਤਾਂ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਨਾਲ ਹੀ ਸਭ ਸਿੱਖ ਜਥੇਬੰਦੀਆਂ ਸ਼੍ਰੋਮਣੀ ਅਕਾਲੀ ਦਲ, ਸ਼ਰੋਮਣੀ ਕਮੇਟੀ, ਦਿੱਲੀ ਕਮੇਟੀ, ਸਿੰਘ ਸਭਾਵਾਂ, ਸਿੱਖ ਸੰਪਰਦਾਵਾਂ, ਸੰਤਾਂ ਮਹਾਂਪੁਰਖਾਂ ਆਦਿ ਸਭ ਦਾ ਹਾਰਦਿਕ ਧੰਨਵਾਦ ਕਰਦਿਆਂ ਸੰਖੇਪ ਰੂਪ ਵਿੱਚ ਸੰਗਤਾਂ ਨਾਲ ਵਿਚਾਰ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਖ਼ਾਲਸਾ ਜੀ, ਮੈਂ ਤਾਂ ਅਰਦਾਸ ਕਰਕੇ ਤੁਰਿਆ ਸੀ ਕਿ ਸੱਚੇ ਪਾਤਿਸ਼ਾਹ ਮੈਨੂੰ ਫ਼ਾਂਸੀ ਦੇ ਤਖ਼ਤੇ 'ਤੇ ਚੜ੍ਹਨ ਦਾ ਬਲ ਬਖਸ਼ਣ ਪਰ ਮੇਰੀ ਅਰਦਾਸ ਪ੍ਰਵਾਨ ਨਹੀਂ ਹੋਈ ਕਿਉਂਕਿ ਸਮੁੱਚੀ ਗੁਰੂ ਕੀ ਸੰਗਤ ਨੇ ਦਾਸ ਦੀ ਰਿਹਾਈ ਵਾਸਤੇ ਅਰਦਾਸਾਂ ਕੀਤੀਆਂ, ਜੋ ਸੱਚੇ ਪਾਤਿਸ਼ਾਹ ਨੇ ਪ੍ਰਵਾਨ ਕਰ ਲਈਆਂ, ਕਿਉਂਕਿ ਸੰਗਤ ਦਾ ਰੁਤਬਾ ਵੱਡਾ ਹੈ। ਤੁਸੀਂ ਅਰਦਾਸਾਂ ਕਰਨ ਵਾਲੇ ਬਹੁਤੇ ਸੀ ਮੈਂ ਇਕੱਲਾ ਸਾਂ ਇਸ ਲਈ ਸਤਿਗੁਰਾਂ ਨੇ ਤੁਹਾਡੀਆਂ ਅਰਦਾਸਾਂ ਪ੍ਰਵਾਨ ਕਰਦਿਆਂ ਹੋਇਆਂ ਦਾਸ ਨੂੰ ਜੇਲ੍ਹ 'ਚੋਂ ਬਾਹਰ ਲਿਆਂਦਾ ਹੈ।

ਉਨ੍ਹਾਂ ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਜ਼ਾਲਮ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਅਗਨ ਭੇਟ ਕਰਨ ਅਤੇ ਚੌਦਾਂ ਕਲਾਂ ਵਿਖੇ ਪੁਲਿਸ ਫੋਰਸਾਂ ਦੇ ਸਮੁੱਚੇ ਦਮਨਕਾਰੀ ਘਟਨਾਕ੍ਰਮ ਦੇ ਵਿਰੋਧ ਵਿੱਚ ਅਤੇ ਮਹਿਤੇ ਵਿਖੇ ਨਿਹੱਥੇ ਸਿੰਘਾਂ ਨੂੰ ਸ਼ਹੀਦ ਕਰਨ ਦੇ ਰੋਸ ਵਜੋਂ ਦਲ ਖ਼ਾਲਸਾ ਦੇ ਜਿਨ੍ਹਾਂ ਸਿੰਘਾਂ ਨੇ ਜਹਾਜ਼ ਅਗਵਾ ਕਰਕੇ ਰੋਸ ਮੁਜਾਹਰਾ ਕੀਤਾ ਉਨ੍ਹਾਂ ਦਾ ਇਹ ਕਾਰਜ ਸੌ ਪ੍ਰਤੀਸ਼ਤ ਠੀਕ ਸੀ। ਦਾਸ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਰੋਸ ਮੁਜਾਹਰੇ ਦਾ ਤਰੀਕਾ ਵੀ ਸਾਨੂੰ ਹਿੰਦੂ ਭਰਾਵਾਂ ਨੇ ਹੀ ਸਿਖਾਇਆ ਹੈ। ਜਦੋਂ ਇੰਦਰਾ ਗਾਂਧੀ ਨੂੰ ਆਪਣੇ ਕੀਤੇ ਕਰਮਾਂ ਅਨੁਸਾਰ 1977 ਵਿੱਚ ਕੁੱਝ ਦਿਨਾਂ ਲਈ ਜੇਲ੍ਹ ਜਾਣਾ ਪਿਆ ਸੀ ਤਾਂ ਉਸ ਸਮੇਂ ਉਸ ਦੇ ਸਾਥੀ ਪਾਂਡੇ ਭਰਾਵਾਂ ਨੇ ਜਹਾਜ਼ ਅਗਵਾ ਕਰਕੇ ਇੰਦਰਾ ਗਾਂਧੀ ਨੂੰ ਜੇਲ੍ਹ ਭੇਜਣ ਦਾ ਰੋਸ ਮੁਜਾਹਰਾ ਕੀਤਾ ਸੀ ਅਤੇ ਸਮਾਂ ਆਉਣ 'ਤੇ ਇਨ੍ਹਾਂ ਦੋਵੇਂ ਪਾਂਡੇ ਭਰਾਵਾਂ ਨੂੰ ਸਰਕਾਰ ਵਿੱਚ ਵੱਡੀਆਂ ਵਜ਼ੀਰੀਆਂ ਦੇ ਕੇ ਸਨਮਾਨਿਆ ਗਿਆ ਸੀ। ਉਨ੍ਹਾਂ ਕਿਹਾ ਜੇ ਇੱਕ ਔਰਤ ਦੇ ਕਾਰਨ ਜਹਾਜ਼ ਅਗਵਾ ਕੀਤਾ ਜਾ ਸਕਦਾ ਹੈ ਤਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਅਗਨ ਭੇਂਟ ਕਰਨ ਦੇ ਰੋਸ ਵਜੋਂ ਜਹਾਜ਼ ਅਗਵਾ ਕਿਉਂ ਨਹੀਂ ਕੀਤਾ ਜਾ ਸਕਦਾ? ਫ਼ਰਕ ਸਿਰਫ ਏਨਾ ਹੈ ਕਿ ਉਹ ਜਹਾਜ਼ ਅਗਵਾ ਕਰਨ ਵਾਲੇ ਬਹੁਗਿਣਤੀ ਨਾਲ ਸਬੰਧ ਰੱਖਣ ਵਾਲੇ ਹਿੰਦੂ ਸਨ ਅਤੇ ਦੂਜੇ ਪਾਸੇ ਗੁਰਬਾਣੀ ਦੇ ਨਿਰਾਦਰ ਵਿਰੁੱਧ ਜਹਾਜ਼ ਅਗਵਾ ਕਰਨ ਵਾਲੇ ਸਿੱਖ ਹਨ। ਇਹੀ ਫਰਕ ਹੈ ਕਿ ਉਹ ਭਾਰਤ ਵਿੱਚ ਆਜ਼ਾਦ ਹਨ ਤੇ ਅਸੀਂ ਸਿੱਖ ਇਸ ਆਜ਼ਾਦ ਭਾਰਤ ਵਿੱਚ ਗੁਲਾਮ ਹਾਂ। ਬਾਕੀ ਤੁਸੀਂ ਵੇਖ ਹੀ ਲਿਆ ਹੈ ਬਹੁਗਿਣਤੀ ਦਾ 80 ਸਾਲਾਂ ਦਾ ਲਾਲਾ ਮਰ ਜਾਏ ਤਾਂ ਤਿੰਨਾਂ ਦਿਨਾਂ ਦੇ ਵਿੱਚ-ਵਿੱਚ ਤਫਤੀਸ਼ ਵੀ ਹੋ ਜਾਂਦੀ ਹੈ ਅਤੇ ਬਿਨਾਂ ਵਰੰਟ ਦਿੱਤਿਆਂ ਦਾਸ ਨੂੰ ਭਗੌੜਾ ਕਰਾਰ ਦੇ ਕੇ ਪੁਲਿਸ ਦੀਆਂ ਧਾੜਾਂ ਭੇਜ ਕੇ ਚੌਦਾਂ ਕਲਾਂ ਵਿਖੇ ਹੀ ਝੂਠੇ ਪੁਲਿਸ ਮੁਕਾਬਲੇ ਵਿਖਾ ਕੇ ਦਾਸ ਨੂੰ ਖਤਮ ਕਰਨ ਦੀਆਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ। ਅਜਿਹਾ ਸੰਭਵ ਨਾ ਹੋਣ ਦੀ ਸੂਰਤ ਵਿੱਚ ਪੂਰੇ ਪਿੰਡ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਂਦਾ ਹੈ ਅਤੇ ਗੁਰੂ ਕੀ ਬਾਣੀ ਦਾ ਨਿਰਾਦਰ ਕੀਤਾ ਜਾਂਦਾ ਹੈ। ਇਸ ਤੋਂ ਵੱਡਾ ਸਿੱਖਾਂ ਦੀ ਗੁਲਾਮੀ ਦਾ ਸਬੂਤ ਹੋਰ ਕੀ ਹੋ ਸਕਦਾ ਹੈ? ਇਸ ਲਈ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਕੇਂਦਰ ਸਰਕਾਰ ਦੇ ਮਨਸੂਬਿਆਂ ਨੂੰ ਸਮਝੋ, ਕੇਵਲ ਦਾਸ ਦੀ ਰਿਹਾਈ ਨਾਲ ਗੱਲ ਮੁੱਕ ਨਹੀਂ ਜਾਣੀ। ਸਿੱਖ ਪੰਥ 'ਤੇ ਆਉਣ ਵਾਲੇ ਖ਼ਤਰਿਆਂ ਨੂੰ ਸਮਝੋ। ਇਸ ਦਾ ਹੱਲ ਇੱਕੋ ਇੱਕ ਹੈ ਕਿ ਤਿਆਰ-ਬਰ-ਤਿਆਰ ਹੋਵੋ, ਖੰਡੇ ਬਾਟੇ ਦਾ ਅੰਮ੍ਰਿਤ ਛਕੋ, ਗੁਰਬਾਣੀ ਨਾਲ ਜੁੜੋ, ਆਪਸ ਵਿੱਚ ਏਕਤਾ ਇਤਫ਼ਾਕ ਰੱਖੋ, ਸ਼ਸ਼ਤਰਧਾਰੀ ਹੋਵੋ ਅਤੇ ਖ਼ਾਲਸੇ ਦੇ

Scanned with CamScanner

ਅਸਲੀ ਫ਼ਲਸਫ਼ੇ ਨੂੰ ਸਮਝੋ ਤਾਂ ਹੀ ਆਪਾਂ ਆਉਣ ਵਾਲੇ ਸਮੇਂ ਦਾ ਸਾਹਮਣਾ ਕਰ ਸਕਦੇ ਹਾਂ। ਦਾਸ ਤੁਹਾਡਾ ਸਭ ਦਾ ਫਿਰ ਤੋਂ ਧੰਨਵਾਦ ਕਰਦਾ ਹੋਇਆ ਬੇਨਤੀ ਕਰਦਾ ਹਾਂ ਕਿ ਸਿੱਖਾਂ ਨਾਲ ਹੋ ਰਹੀਆਂ ਬੇਇਨਸਾਫੀਆਂ ਲਈ ਡਟ ਕੇ ਜੂਝਾਂਗੇ।

ਇਸ ਤੋਂ ਬਾਅਦ ਇਹ ਕਾਫ਼ਲਾ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਰਵਾਨਾ ਹੋ ਗਿਆ। ਰਸਤੇ ਵਿੱਚ ਸੰਗਤਾਂ ਨੇ ਥਾਂ-ਥਾਂ 'ਤੇ ਸੰਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਲੰਗਰ ਆਦਿ ਦੇ ਪ੍ਰਬੰਧ ਕੀਤੇ। ਹਰ ਥਾਂ 'ਤੇ ਸੰਗਤਾਂ ਦੇ ਭਾਰੀ ਇਕੱਠ ਵਿੱਚੋਂ ਨਿਕਲ ਕੇ ਅੱਗੇ ਤੁਰਨਾ ਔਖਾ ਹੋ ਜਾਂਦਾ ਸੀ। ਖਾਸ ਤੌਰ 'ਤੇ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਸੰਗਤਾਂ ਦੇ ਬਹੁਤੇ ਵੱਡੇ ਇਕੱਠ ਸਨ ਜਿਸ ਕਾਰਨ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਦਿਆਂ-ਪਹੁੰਚਦਿਆਂ ਕਾਫੀ ਹਨੇਰਾ ਹੋ ਚੁੱਕਾ ਸੀ। ਇੱਥੇ ਪਹੁੰਚ ਕੇ ਸੰਤਾਂ ਨੇ ਅਤੇ ਬਹੁਤ ਸਾਰੀਆਂ ਸੰਗਤਾਂ ਨੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ, ਦੇਗ ਕਰਵਾਈ, ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਅਰਦਾਸ ਕੀਤੀ। ਇਸ ਮੌਕੇ 'ਤੇ ਮੌਜੂਦ ਗ੍ਰੰਥੀ ਸਿੰਘ ਸਾਹਿਬ ਨੇ ਸੰਤਾਂ ਨੂੰ ਸਿਰੋਪਾਓ ਬਖਸ਼ਿਆ। ਇਸ ਤਰ੍ਹਾਂ ਸ਼ਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕਰਨ ਉਪਰੰਤ ਸੰਤ ਇਸੇ ਤਰ੍ਹਾਂ ਵੱਡੇ ਕਾਫ਼ਲੇ ਦੇ ਰੂਪ ਵਿੱਚ ਹੀ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤੇ ਵਿਖੇ ਪਹੁੰਚੇ। ਪਰ ਉਦੋਂ ਤੱਕ ਰਾਤ ਦੇ 12.30 ਵੱਜ ਚੁੱਕੇ ਸਨ ਫਿਰ ਵੀ ਇਲਾਕੇ ਦੇ ਬਹੁਤ ਸਾਰੇ ਸਰਪੰਚ, ਪੰਚ ਅਤੇ ਸੰਗਤਾਂ ਦਾ ਲਾ ਮਿਸਾਲ ਇਕੱਠ ਸੰਤਾਂ ਦੀ ਉਡੀਕ ਕਰ ਰਿਹਾ ਸੀ ਜਿਨ੍ਹਾਂ ਨੇ ਜਥੇ ਦੇ ਸਿੰਘਾਂ ਨਾਲ ਮਿਲ ਕੇ ਸੰਤਾਂ ਦੇ ਇਥੇ ਪਹੁੰਚਣ ਤੇ ਭਾਰੀ ਸਵਾਗਤ ਕੀਤਾ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਉਨ੍ਹਾਂ ਨੂੰ 'ਜੀ ਆਇਆਂ' ਆਖਿਆ। ਇਥੇ ਮੌਜੂਦ ਸੰਗਤਾਂ ਨੂੰ ਸੰਤਾਂ ਨੇ ਸੰਕੇਤ ਦਿੱਤਾ ਕਿ ਇੱਕ ਦੋ ਦਿਨਾਂ ਵਿੱਚ ਹੀ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ।

ਇੱਥੇ ਪਾਠਕਾਂ ਦੇ ਧਿਆਨਯੋਗ ਇੱਕ ਜ਼ਰੂਰੀ ਵਿਸ਼ਾ ਵਿਚਾਰਨਯੋਗ ਇਹ ਹੈ ਕਿ ਸੰਤ ਭਿੰਡਰਾਂਵਾਲਿਆਂ ਵਿਰੁੱਧ ਦਰਜ ਕੀਤਾ ਗਿਆ ਝੂਠਾ ਮੁਕੱਦਮਾ ਨਕਲੀ ਨਿਰੰਕਾਰੀਆਂ ਖ਼ਿਲਾਫ਼ ਬੜੇ ਸਾਧਾਰਨ ਜਿਹੇ ਤਰੀਕੇ ਨਾਲ ਦਰਜ ਕੀਤੇ ਗਏ ਕਤਲ ਦੇ ਮੁਕੱਦਮੇ ਨਾਲ ਤੁਲਨਾ ਕਰਨ ਯੋਗ ਹੈ ਕਿਉਂਕਿ ਜਦੋਂ ਨਕਲੀ ਨਿਰੰਕਾਰੀ ਮੁਖੀ ਦੇ ਅਨੁਯਾਈਆਂ ਵੱਲੋਂ ਸਿੱਖਾਂ ਦਾ ਘਾਣ ਕੀਤਾ ਗਿਆ ਤਾਂ ਉਸ ਸਮੇਂ ਉਹ ਆਪ ਸਟੇਜ ਉਪਰ ਮੌਜੂਦ ਸੀ ਅਤੇ ਇਸਦੇ ਇਸ਼ਾਰੇ 'ਤੇ ਹੀ 13 ਸਿੰਘਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਸੀ। ਏਨੀ ਵੱਡੀ ਘਟਨਾ ਤੋਂ ਬਾਅਦ ਵੀ ਨਕਲੀ ਨਿਰੰਕਾਰੀਆਂ ਦਾ ਜਲਸਾ ਕਈ ਘੰਟੇ ਨਿਰੰਤਰ ਜਾਰੀ ਰਿਹਾ ਅਤੇ ਇਨ੍ਹਾਂ ਦਾ ਮੁਖੀ ਵੀ ਮੌਜੂਦ ਰਿਹਾ। ਦੂਜੇ ਪਾਸੇ ਜਦੋਂ ਲਾਲਾ ਜਗਤ ਨਾਰਾਇਣ ਨੂੰ ਪੰਜਾਬ ਦੇ ਲੁਧਿਆਣਾ ਸ਼ਹਿਰ ਨੇੜੇ ਕਤਲ ਕੀਤੇ ਜਾਣ ਸਮੇਂ ਸੰਤ ਭਿੰਡਰਾਂਵਾਲੇ ਇੱਥੋਂ ਸੈਕੜੇ ਮੀਲ ਦੂਰ ਹਰਿਆਣਾ ਵਿਚਲੇ ਪਿੰਡ ਚੰਦੋ ਕਲਾਂ ਵਿਖੇ ਧਰਮ ਪ੍ਰਚਾਰ ਲਈ ਗਏ ਹੋਏ ਸਨ, ਭਾਰਤੀ ਕਾਨੂੰਨ ਦਾ ਇਨਸਾਫ ਤੱਕੋ ਕਿ ਨਕਲੀ ਨਿਰੰਕਾਰੀ ਮੁਖੀ ਨੂੰ ਗ੍ਰਿਫ਼ਤਾਰ ਵੀ ਨਹੀਂ ਕੀਤਾ ਗਿਆ ਸੀ ਪਰ ਸੰਤ ਭਿੰਡਰਾਂਵਾਲਿਆਂ ਨੂੰ ਅਨਿਆਂਪੂਰਵਕ ਢੰਗ ਨਾਲ ਪੰਜ ਦਿਨ ਪੁਲਿਸ ਰਿਮਾਂਡ ਅੰਦਰ ਵੱਖ-ਵੱਖ ਥਾਵਾਂ 'ਤੇ ਰੱਖ ਕੇ ਪੰਜਾਬ ਪੁਲਿਸ ਅਤੇ ਸੀ. ਬੀ. ਆਈ. ਵੱਲੋਂ ਭਾਰੀ ਪੁੱਛਗਿੱਛ ਕੀਤੀ ਜਾਂਦੀ ਰਹੀ ਅਤੇ 25 ਦਿਨ ਨਜ਼ਰਬੰਦ ਰੱਖਿਆ ਗਿਆ। ਇਸ ਤਰ੍ਹਾਂ ਭਾਰਤ ਸਰਕਾਰ ਦਾ ਸੰਤਾਂ ਦੇ ਵਿਰੁੱਧ ਅਤੇ ਨਿਰੰਕਾਰੀ ਮੁਖੀ ਦੇ ਹਿੱਤ ਵਿੱਚ ਪੱਖਪਾਤੀ ਹੋਣਾ ਬਹੁਤ ਹੀ ਸ਼ਰਮਨਾਕ ਮਾਮਲਾ ਹੈ ਅਤੇ ਭਾਰਤੀ ਕਾਨੂੰਨ ਨੂੰ ਮੂੰਹ ਚਿੜਾਉਣ ਦੇ ਤੁੱਲ ਹੈ।

ਪੰਜਾਬ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ ਦੀ ਨਵੀਂ ਚਾਲ

ਪੰਜਾਬ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ ਅਤੇ ਉਨ੍ਹਾਂ ਦੇ ਉੱਚ ਪੁਲਿਸ ਅਧਿਕਾਰੀ ਸੰਤ ਜਰਨੈਲ ਸਿੰਘ ਦੀ ਲਾਲਾ ਜਗਤ ਨਾਰਾਇਣ ਕਤਲ ਕੇਸ ਵਿੱਚ ਕੀਤੀ ਗਈ ਗ੍ਰਿਫ਼ਤਾਰੀ ਅਤੇ ਬਾਅਦ ਵਿੱਚ ਹੋਈ ਰਿਹਾਈ ਦੇ ਸਬੰਧ ਵਿੱਚ ਆਪਣੀ ਹੀ ਇਸ ਬੇਢੰਗੀ ਕਾਰਵਾਈ ਤੋਂ ਭਾਰੀ ਨਿਰਾਸ਼ਾ ਵਿੱਚ ਸਨ। ਉਹ ਸਮਝ ਰਹੇ ਸਨ ਕਿ ਕੇਂਦਰ ਸਰਕਾਰ ਨੇ ਸਿੱਖ ਕੌਮ ਦੇ ਸੰਤ ਜਰਨੈਲ ਸਿੰਘ ਪ੍ਰਤੀ ਹਮਦਰਦੀ ਭਰੇ ਜਜ਼ਬਾਤ ਨੂੰ ਦੇਖਦਿਆਂ ਉਨ੍ਹਾਂ ਦੀ ਬਿਨਾ ਸ਼ਰਤ ਰਿਹਾਈ ਕਰਵਾ ਕੇ ਅਤੇ ਚੰਦੋ ਕਲਾਂ ਅਤੇ ਚੌਕ ਮਹਿਤਾ ਵਿਖੇ ਪੁਲਿਸ ਵਧੀਕੀਆਂ ਕਾਰਨ ਹੋਏ ਜਾਨੀ-ਮਾਲੀ ਨੁਕਸਾਨ ਪ੍ਰਤੀ ਅਦਾਲਤੀ ਜਾਂਚ ਦੇ ਹੁਕਮ ਦੇ ਕੇ ਮੇਰੀ ਨਿੱਜੀ ਤੌਰ 'ਤੇ ਹੇਠੀ ਕੀਤੀ ਹੈ ਅਤੇ ਪੁਲਿਸ ਅਧਿਕਾਰੀਆਂ ਨੂੰ ਕਸੂਰੀ ਸਥਿਤੀ ਵਿੱਚ ਫਸਾ ਦਿੱਤਾ ਹੈ ਕਿਉਂਕਿ ਚੰਦੋ ਕਲਾਂ ਵਿਖੇ ਸੰਤ ਜਰਨੈਲ ਸਿੰਘ ਦੇ ਆਰਜ਼ੀ ਟਿਕਾਣੇ 'ਤੇ ਪੰਜਾਬ ਪੁਲਿਸ ਵੱਲੋਂ

Scanned with CamScanner

ਕੀਤੀ ਗਈ ਅੰਧਾ-ਧੁੰਦ ਫਾਇਰਿੰਗ, ਸਾੜੀਆਂ ਗਈਆਂ ਬੱਸਾਂ ਅਤੇ ਸਾਹਿਤਕ ਧਾਰਮਿਕ ਸਮੱਗਰੀ, ਪੂਰੇ ਪਿੰਡ ਦੀ ਲੁੱਟ, ਨਗਰ ਨਿਵਾਸੀ ਬੀਬੀਆਂ ਦੀ ਬੇਪੱਤੀ, ਜਥੇ ਅਤੇ ਨਗਰ ਦੇ ਸਿੱਖਾਂ 'ਤੇ ਕੀਤਾ ਗਿਆ ਤਸ਼ੱਦਦ ਅਤੇ ਉਨ੍ਹਾਂ ਨੂੰ ਬਿਨਾਂ ਵਾਰੰਟ ਦਿੱਤਿਆਂ ਤੋਂ ਕੀਤੀ ਗਈ ਕਾਰਵਾਈ ਦੀ ਕਿਸੇ ਵੀ ਅਦਾਲਤੀ ਕਮਿਸ਼ਨ ਵੱਲੋਂ ਨਿਰਪੱਖ ਜਾਂਚ ਕੀਤੀ ਜਾਂਦੀ ਹੈ ਤਾਂ ਸੰਤ ਜਰਨੈਲ ਸਿੰਘ ਨੂੰ ਖ਼ਤਮ ਕਰਨ ਦੇ ਛੁਪੇ ਮਨਸੂਬੇ ਜੱਗ ਜ਼ਾਹਿਰ ਹੋ ਜਾਣਗੇ। ਭਾਵੇਂ ਇਹ ਸਭ ਕੁੱਝ ਕੇਂਦਰ ਸਰਕਾਰ ਦੀ ਮਿਲੀਭੁਗਤ ਨਾਲ ਹੀ ਕੀਤਾ ਗਿਆ ਸੀ ਪਰ ਬਲੀ ਦਾ ਬੱਕਰਾ ਮੈਨੂੰ ਅਤੇ ਪੰਜਾਬ ਪੁਲਿਸ ਦੇ ਕੁੱਝ ਅਧਿਕਾਰੀਆਂ ਨੂੰ ਬਣਾਇਆ ਜਾ ਰਿਹਾ ਹੈ। ਉਹ ਸਮਝਦਾ ਸੀ ਕਿ ਇਸੇ ਤਰ੍ਹਾਂ ਦਾ ਹਸ਼ਰ ਹੀ ਚੌਕ ਮਹਿਤਾ ਵਿਖੇ ਪੁਲਿਸ ਵੱਲੋਂ ਕੀਤੀ ਗਈ ਫਾਈਰਿੰਗ ਦੁਆਰਾ ਮਾਰੇ ਗਏ ਲੋਕਾਂ ਦੀ ਜਸਟਿਸ ਪ੍ਰੀਤਮ ਸਿੰਘ ਪੰਡਤ ਵੱਲੋਂ ਨਿਰਪੱਖ ਜਾਂਚ ਕੀਤੀ ਜਾਂਦੀ ਹੈ ਤਾਂ ਇਸਦਾ ਹਸ਼ਰ ਵੀ ਸਾਡੇ ਲਈ ਮਾੜਾ ਹੀ ਹੋਵੇਗਾ। ਇਸ ਲਈ ਉਸ ਨੇ ਭਾਰੀ ਨਿਰਾਸ਼ਾ ਸਹਿਤ ਹੀ ਸੰਭਾਵਤ ਅਦਾਲਤੀ ਜਾਂਚ ਨੂੰ ਠੱਪ ਕਰਵਾਉਣ ਲਈ ਕੇਂਦਰ ਸਰਕਾਰ ਅੱਗੇ ਗਿੜਗੜਾਉਣਾ ਸ਼ੁਰੂ ਕੀਤਾ। ਇਸ ਸਬੰਧ ਵਿੱਚ ਉਸ ਨੇ ਸ੍ਰੀਮਤੀ ਗਾਂਧੀ ਨਾਲ ਮਿਲ ਕੇ ਇਸ ਸਥਿਤੀ ਤੋਂ ਜਾਣੂ ਕਰਵਾਇਆ ਕਿ ਜੇਕਰ ਨਿਰਪੱਖ ਅਦਾਲਤੀ ਜਾਂਚ ਹੁੰਦੀ ਹੈ ਤਾਂ ਇਸ ਦਾ ਨਤੀਜਾ ਸਾਡੇ ਲਈ ਬਹੁਤ ਮਾੜਾ ਸਾਬਤ ਹੋਵੇਗਾ। ਦੇਸ਼ ਦੀ ਪ੍ਰਧਾਨ ਮੰਤਰੀ ਨੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਭਰੋਸਾ ਦਿੱਤਾ ਕਿ ਤੂੰ ਫਿਕਰ ਨਾ ਕਰ, ਇਹ ਸਭ ਕੁਝ ਵਕਤੀ ਹੈ ਅਤੇ ਸਿੱਖ ਜਥੇਬਾਤਾਂ ਨੂੰ ਠੰਡਾ ਕਰਨ ਦਾ ਆਰਜੀ ਹੁਕਮ ਹੈ। ਫਿਲਹਾਲ ਤਾਂ ਦਮਦਮੀ ਟਕਸਾਲ ਨੂੰ ਹਮੇਸ਼ਾ ਲਈ ਬੰਦ ਕਰਨ ਲਈ ਢਿੱਚੀ ਗਈ ਮੁਹਿੰਮ ਨੂੰ ਸਿਰਫ ਟਾਲਿਆ ਹੈ। ਅਸਲ ਵਿੱਚ ਢੁੱਕਵਾਂ ਸਮਾਂ ਆਉਣ 'ਤੇ ਇਸ ਮੁਹਿੰਮ ਨੂੰ ਚੰਗੇ ਢੰਗ ਨਾਲ ਅੰਜਾਮ ਦਿੱਤਾ ਜਾਵੇਗਾ। ਪ੍ਰਧਾਨ ਮੰਤਰੀ ਨਾਲ ਇਸ ਮਿਲਣੀ ਤੋਂ ਬਾਅਦ ਮੁੱਖ ਮੰਤਰੀ ਪੰਜਾਬ ਨੂੰ ਭਾਰੀ ਤਸੱਲੀ ਹੋਈ।

ਉਸ ਨੇ ਦਿੱਲੀ ਤੋਂ ਪੰਜਾਬ ਪਰਤਦਿਆਂ ਹੀ ਪੁਲਿਸ ਦੇ ਡਰੈਸ਼ਯੋਗ ਉੱਚ ਅਧਿਕਾਰੀਆਂ ਦੀ ਮੀਟਿੰਗ ਸੱਦੀ ਅਤੇ ਸ੍ਰੀਮਤੀ ਗਾਂਧੀ ਨਾਲ ਹੋਈ ਮੀਟਿੰਗ ਬਾਰੇ ਇਨ੍ਹਾਂ ਅਧਿਕਾਰੀਆਂ ਨੂੰ ਦੱਸ ਕੇ ਜਿੱਥੇ ਉਨ੍ਹਾਂ ਦੇ ਮਨ ਅੰਦਰ ਅਦਾਲਤੀ ਕਮਿਸ਼ਨ ਦੁਆਰਾ ਕੀਤੀ ਜਾਣ ਵਾਲੀ ਜਾਂਚ ਪੜਤਾਲ ਦਾ ਡਰ ਦੂਰ ਕੀਤਾ ਉੱਥੇ ਉਨ੍ਹਾਂ ਨੂੰ ਭਿੰਡਰਾਂਵਾਲੇ ਸੰਤਾਂ ਵਿਰੁੱਧ ਕੀਤੀ ਜਾਣ ਵਾਲੀ ਅਗਲੀ ਕਾਰਵਾਈ ਲਈ ਭਰੋਸੇ ਵਿੱਚ ਲਿਆ। ਇਸ ਤੋਂ ਬਾਅਦ ਉਸ ਨੇ ਕੁੱਝ ਉਨ੍ਹਾਂ ਪੁਲਿਸ ਅਤੇ ਸਿਵਲ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਜੋ ਨਕਲੀ ਨਿਰੰਕਾਰੀ ਮਿਸ਼ਨ ਦੇ ਖਾਸ ਸ਼ਰਧਾਲੂ ਸਨ। ਉਨ੍ਹਾਂ ਨੂੰ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਅਜਿਹੀਆਂ ਕਾਰਵਾਈਆਂ ਕਰਨ ਲਈ ਹਦਾਇਤਾਂ ਕੀਤੀਆਂ ਜੋ ਨਕਲੀ ਨਿਰੰਕਾਰੀ ਮਿਸ਼ਨ ਦੇ ਹੱਕ ਵਿੱਚ ਹੋਣ ਅਤੇ ਭਿੰਡਰਾਂਵਾਲੇ ਜਥੇ ਦੇ ਖਿਲਾਫ।

ਅਸਲ ਵਿੱਚ ਮੁੱਖ ਮੰਤਰੀ ਨੇ ਸੰਤਾਂ ਦੇ ਜੇਲ੍ਹ ਅੰਦਰ ਹੁੰਦਿਆਂ ਹੀ ਅਜਿਹੀ ਇੱਕ ਵਿਉਂਤਬੰਦੀ ਬਣਾਈ ਸੀ ਜਿਸ ਕਾਰਨ ਪੰਜਾਬ ਵਿੱਚ ਹੋਣ ਵਾਲੀਆਂ ਹਿੰਸਕ ਘਟਨਾਵਾਂ ਨੂੰ ਭਿੰਡਰਾਂਵਾਲੇ ਜਥੇ ਦੇ ਸਿਰ ਮੜ੍ਹਿਆ ਜਾ ਸਕੇ। ਕੁੱਝ ਸ਼ਰਾਰਤੀ ਲੋਕਾਂ ਨੇ ਗਿਣੀ ਮਿਥੀ ਸਾਜਿਸ਼ ਅਧੀਨ ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਅਜਿਹੀਆਂ ਹਰਕਤਾਂ ਕੀਤੀਆਂ ਜਿਨ੍ਹਾਂ ਵਿੱਚ ਸੰਤ ਭਿੰਡਰਾਂਵਾਲਿਆਂ ਦੇ ਖਿਲਾਫ ਕੂੜ ਪ੍ਰਚਾਰ ਅਤੇ ਨਕਲੀ ਨਿਰੰਕਾਰੀਆਂ ਦੀ ਹਮਾਇਤ ਵਿੱਚ ਖੁੱਲ੍ਹੇਆਮ ਮਾਹੌਲ ਬਣਾਉਣ ਦਾ ਯਤਨ ਕੀਤਾ। ਜਿਸ ਨੂੰ ਸਿੱਖਾਂ ਨੇ ਬਰਦਾਸ਼ਤ ਨਾ ਕੀਤਾ ਤਾਂ ਇਹੀ ਮੁੱਖ ਮੰਤਰੀ ਦਾ ਕੋਝਾ ਮਨਸੂਬਾ ਸੀ। ਇਸੇ ਕਾਰਨ ਪੰਜਾਬ ਵਿੱਚ ਉਪਰ-ਥਲੀ ਕੁੱਝ ਘਟਨਾਵਾਂ ਘਟੀਆਂ। 15 ਅਕਤੂਬਰ 1981 ਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਜੇਲ੍ਹ 'ਚੋਂ ਰਿਹਾਅ ਕੀਤਾ ਗਿਆ ਅਤੇ ਅਗਲੇ ਦਿਨ ਹੀ ਚੰਡੀਗੜ੍ਹ ਵਿਖੇ ਸੈਕਟਰੀਏਟ ਦੇ ਅੱਗੇ ਮੋਟਰ ਸਾਈਕਲ 'ਤੇ ਸਵਾਰ ਅਣਪਛਾਤੇ ਵਿਅਕਤੀਆਂ ਨੇ ਆਈ. ਏ. ਐੱਸ. ਨਿਰੰਜਣ ਸਿੰਘ ਉੱਤੇ ਗੋਲੀ ਚਲਾ ਦਿੱਤੀ। ਜੋ ਨਕਲੀ ਨਿਰੰਕਾਰੀਆ ਸੀ ਅਤੇ ਸਿੱਖਾਂ ਦਾ ਕੱਟੜ ਵਿਰੋਧੀ। ਇਸ ਘਟਨਾ ਵਿੱਚ ਨਿਰੰਜਣ ਸਿੰਘ ਜ਼ਖਮੀ ਹੋ ਕੇ ਵੀ ਬਚ ਗਿਆ ਪ੍ਰੰਤੂ ਇਸ ਦੇ ਛੋਟੇ ਭਰਾ ਦੀ ਮੌਤ ਹੋ ਗਈ। ਜਲੰਧਰ ਦੀ ਮਹਾਸ਼ਾ ਪ੍ਰੈੱਸ ਨੇ ਇਸ ਘਟਨਾ ਨੂੰ ਰਾਜ ਸਰਕਾਰ ਵੱਲੋਂ ਸੰਤ ਜਰਨੈਲ ਸਿੰਘ ਦੀ ਰਿਹਾਈ ਦਾ ਤੋਹਫਾ ਕਰਾਰ ਦਿੱਤਾ। ਵਰਨਣਯੋਗ ਹੈ ਕਿ ਸੰਤ ਜਰਨੈਲ ਸਿੰਘ ਨੂੰ ਬਦਨਾਮ ਕਰਨ ਦੇ ਛੜਯੰਤਰ ਵਿੱਚ ਪੰਜਾਬ ਸਰਕਾਰ ਜਲੰਧਰ ਦੀ ਇਸ ਮਹਾਸ਼ਾ ਪ੍ਰੈੱਸ ਨਾਲ ਪੂਰੀ ਤਰ੍ਹਾਂ ਭਾਈਵਾਲ ਸੀ।

ਕੁੱਝ ਦਿਨਾਂ ਬਾਅਦ ਕਪੂਰਥਲਾ ਵਿਖੇ ਨਕਲੀ ਨਿਰੰਕਾਰੀ ਦੇ ਪ੍ਰਮੁੱਖ ਆਗੂ ਪ੍ਰਹਿਲਾਦ ਚੰਦ ਅਤੇ ਉਸ ਦੇ ਪੁੱਤਰ ਨੂੰ ਤਿੰਨ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ

Scanned with CamScanner

ਵੱਢੂਚੱਕਰ ਹੋ ਗਏ। ਅਜਿਹੀਆਂ ਹੋਰ ਵੀ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੂੰ ਮਹਾਸ਼ਾ ਪ੍ਰੈੱਸ ਰਾਹੀਂ ਪੰਜਾਬ ਸਰਕਾਰ ਨੇ ਭਿੰਡਰਾਂਵਾਲੇ ਜਥੇ ਨਾਲ ਜੋੜਣ ਦਾ ਸਿਰਤੋੜ ਯਤਨ ਕੀਤਾ। ਇਸ ਦੇ ਨਾਲ ਹੀ ਮੁੱਖ ਮੰਤਰੀ ਪੰਜਾਬ ਨੂੰ ਅੰਦਰ ਹੀ ਅੰਦਰ ਇਹ ਖ਼ਤਰਾ ਵੀ ਮਹਿਸੂਸ ਹੋਣ ਲੱਗਾ ਕਿ ਮੇਰੇ ਵੱਲੋਂ ਹੀ ਵਿਉਂਤੇ ਗਏ ਢੰਗ ਨਾਲ ਲਾਈ ਗਈ ਅੱਗ ਕਿਤੇ ਮੈਨੂੰ ਹੀ ਲਪੇਟ ਵਿੱਚ ਨਾ ਲੈ ਲਵੇ। ਇਸੇ ਡਰ ਤਹਿਤ ਆਪਣੇ ਨੇੜਲੇ ਬੁੱਧੀਜੀਵੀਆਂ ਕੋਲ ਲੁਕਵੇਂ ਢੰਗ ਨਾਲ ਇਹ ਚਰਚਾ ਵੀ ਛੇੜੀ ਕਿ ਸਿੱਖਾਂ ਅਤੇ ਨਿਰੰਕਾਰੀਆਂ ਦਾ ਆਪਸੀ ਮਤਭੇਦ ਦੂਰ ਕਰਨ ਲਈ ਯਤਨ ਕਰਨਾ ਚਾਹੀਦਾ।

ਸੰਤਾਂ ਵੱਲੋਂ ਸ਼ਹੀਦ ਪਰਿਵਾਰਾਂ ਦੇ ਨਾਲ ਮੇਲ-ਮਿਲਾਪ

ਰਿਹਾਈ ਤੋਂ ਬਾਅਦ ਸੰਤ ਕੁੱਝ ਕੁ ਸਿੰਘਾਂ ਸਮੇਤ ਉਨ੍ਹਾਂ ਸਿੰਘਾਂ ਦੇ ਪਰਿਵਾਰਾਂ ਨੂੰ ਮਿਲਣ ਲਈ ਗਏ ਜੋ ਮਹਿਤੇ ਵਿਖੇ ਪੁਲਿਸ ਦੇ ਕਹਿਰ ਦਾ ਸ਼ਿਕਾਰ ਹੋ ਗਏ ਸਨ। ਇਹ ਜਿਆਦਾ ਕਰਕੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲੇ ਨਾਲ ਸਬੰਧਤ ਪਰਿਵਾਰ ਸਨ। ਸੰਤ ਜੀ ਇਕੱਲੇ-ਇਕੱਲੇ ਸਿੰਘ ਦੇ ਘਰ ਗਏ। ਲੋੜ ਮੁਤਾਬਕ ਪਰਿਵਾਰਾਂ ਦੀ ਆਰਥਿਕ ਮਦਦ ਵੀ ਕੀਤੀ ਅਤੇ ਭਰੋਸਾ ਦੁਆਇਆ ਕਿ ਇਨ੍ਹਾਂ ਸ਼ਹੀਦਾਂ ਦੇ ਡੁੱਲ੍ਹੇ ਹੋਏ ਖੂਨ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾਵੇਗਾ। ਦਾਸ ਇਸ ਡੁੱਲ੍ਹੇ ਹੋਏ ਖੂਨ ਦਾ ਤਦ ਤੱਕ ਕਰਜਾਈ ਰਹੇਗਾ ਜਦ ਤੱਕ 100 ਪ੍ਰਤੀਸ਼ਤ ਹੱਕ ਨਹੀਂ ਲੈ ਲਿਆ ਜਾਂਦਾ। ਸੰਤਾਂ ਦੇ ਆਉਣ ਨਾਲ ਇਨ੍ਹਾਂ ਪਰਿਵਾਰਾਂ ਨੂੰ ਬਹੁਤ ਧਰਵਾਸ ਮਿਲਿਆ ਅਤੇ ਸੰਗਤਾਂ ਵਿੱਚ ਵੀ ਇਸ ਉਪਰਾਲੇ ਦੀ ਸ਼ਲਾਘਾ ਭਰੀ ਚਰਚਾ ਹੋਈ।

ਦੇਸ਼ੀ ਅਤੇ ਵਿਦੇਸ਼ੀ ਪ੍ਰੈੱਸ ਦੀਆਂ ਨਜ਼ਰਾਂ ਚੌਕ ਮਹਿਤਾ ਵਿਖੇ ਸੰਤਾਂ 'ਤੇ

ਸੰਤਾਂ ਦੀ ਰਿਹਾਈ ਤੋਂ ਬਾਅਦ ਦੁਨੀਆਂ ਭਰ ਵਿੱਚ ਇਹ ਚਰਚਾ ਸ਼ੁਰੂ ਹੋ ਗਈ ਕਿ ਸਿੱਖ ਕੌਮ ਵਿੱਚ ਬਹੁਤ ਦੇਰ ਬਾਅਦ ਕੋਈ ਕੌਮੀ ਜਰਨੈਲ ਉਠਿਆ ਹੈ ਜੋ ਹਿੰਦ ਸਰਕਾਰ ਨੂੰ ਵੰਗਾਰ ਕੇ ਕਹਿ ਰਿਹਾ ਹੈ ਕਿ ਅਸੀਂ ਹਿੰਦੁਸਤਾਨ ਵਿੱਚ ਗੁਲਾਮ ਹਾਂ ਪਰ ਅਸੀਂ ਇਹ ਗੁਲਾਮੀ ਕਬੂਲ ਨਹੀਂ ਕਰਨੀ ਬਲਕਿ ਇਸ ਗੁਲਾਮੀ ਨੂੰ ਗਲੋਂ ਲਾਹੁਣਾ ਹੈ। ਅਜਿਹੀ ਚਰਚਾ ਦੀ ਅਸਲੀਅਤ ਜਾਨਣ ਲਈ ਦੇਸ਼ ਵਿਦੇਸ਼ ਦੀ ਪ੍ਰੈੱਸ, ਰੇਡਿਓ-ਟੈਲੀਵਿਜ਼ਨ ਵਾਲੇ ਸੰਤਾਂ ਦੀ ਇੰਟਰਵਿਊ ਲੈਣ ਵਾਸਤੇ ਸੰਤਾਂ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚਣੇ ਸ਼ੁਰੂ ਹੋ ਗਏ। ਉਨ੍ਹਾਂ ਸੰਤਾਂ ਨੂੰ ਕਿਹਾ ਅਸੀਂ ਆਪ ਜੀ ਕੋਲੋਂ ਕੁੱਝ ਸਵਾਲ ਪੁੱਛਣਾ ਚਾਹੁੰਦੇ ਹਾਂ ਤਾਂ ਸੰਤਾਂ ਨੇ ਸਹਿਜ ਸੁਭਾਅ ਕਿਹਾ ਕਿ ਤੁਸੀਂ ਬੜੀ ਖੁਸ਼ੀ ਨਾਲ ਪੁੱਛ ਸਕਦੇ ਹੋ।

ਉਨ੍ਹਾਂ ਪਹਿਲਾਂ ਸਵਾਲ ਕੀਤਾ ਕਿ ਸਿੱਖਾਂ ਨਾਲ ਕੀ ਵਿਤਕਰਾ ਹੋ ਰਿਹਾ ਹੈ? ਸੰਤਾਂ ਨੇ ਇਸਦੇ ਉੱਤਰ ਵਿੱਚ ਕਿਹਾ:

1. ਦੇਸ਼ ਦੀ ਆਜ਼ਾਦੀ ਸਮੇਂ 90 ਪ੍ਰਤੀਸ਼ਤ ਕੁਰਬਾਨੀਆਂ ਕਰਨ ਵਾਲੇ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਗਏ ਕਿ ਤੁਹਾਨੂੰ ਉੱਤਰੀ ਭਾਰਤ ਵਿੱਚ ਆਜ਼ਾਦ ਖਿੱਤਾ ਦਿੱਤਾ ਜਾਵੇਗਾ ਜਿੱਥੇ ਸਿੱਖ ਪੂਰੀ ਤਰ੍ਹਾਂ ਆਜ਼ਾਦੀ ਮਾਣ ਸਕਣਗੇ। ਪਰ ਬਾਅਦ ਵਿੱਚ ਹਿੰਦੁਸਤਾਨੀ ਹੁਕਮਰਾਨ ਮੁੱਕਰ ਗਏ। ਕੀ ਇਹ ਸਿੱਖਾਂ ਨਾਲ ਵਿਤਕਰਾ ਨਹੀਂ?

2. ਦੇਸ਼ ਵਿੱਚ ਬੋਲੀ ਦੇ ਆਧਾਰ 'ਤੇ ਪ੍ਰਾਂਤ ਬਣੇ ਪਰ ਪੰਜਾਬੀ ਸੂਬਾ ਬਣਾਉਣ ਲਈ ਲੱਖਾਂ ਸਿੱਖਾਂ ਨੇ ਜੇਲ੍ਹਾਂ ਕੱਟੀਆਂ, ਕਈਆਂ ਨੇ ਜਾਨਾਂ ਵਾਰੀਆਂ, ਲੰਮਾ ਸਮਾਂ ਜੱਦੋ-ਜਹਿਦ ਕੀਤੀ ਫਿਰ ਵੀ ਮੁਕੰਮਲ ਪ੍ਰਾਂਤ ਨਸੀਬ ਨਹੀਂ ਹੋਇਆ। ਐਸਾ ਪ੍ਰਾਂਤ ਬਣਿਆ ਜਿਸ ਦੀ ਨਾ ਰਾਜਧਾਨੀ ਹੈ ਨਾ ਹਾਈਕੋਰਟ ਹੈ। ਕੀ ਇਹ ਸਿੱਖਾਂ ਨਾਲ ਵਿਤਕਰਾ ਨਹੀਂ?

3. ਜੇਕਰ ਦੇਸ਼ ਦਾ ਕਾਨੂੰਨ ਇੱਕ ਹੈ ਤਾਂ ਦੱਸਿਆ ਜਾਵੇ ਕਿ ਮੈਨੂੰ ਕਿਹੜੇ ਕਾਨੂੰਨੀ ਜ਼ੁਰਮ ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਜੇਲ੍ਹ ਵਿੱਚ ਬੰਦ ਕੀਤਾ ਗਿਆ ਸੀ। ਜੇਕਰ ਮੇਰੇ ਵਿਰੁੱਧ ਕੁਝ ਜ਼ੁਰਮ ਬਣਦਾ ਸੀ ਤਾਂ ਭਾਰਤ ਸਰਕਾਰ ਦੱਸੇ ਕਿ ਮੈਨੂੰ ਬਿਨਾ ਸ਼ਰਤ ਰਿਹਾਅ ਕਿਉਂ ਕੀਤਾ ਗਿਆ? ਜੇ ਅਜਿਹਾ ਕੋਈ ਜ਼ੁਰਮ ਨਹੀਂ ਬਣਦਾ ਤਾਂ ਮੈਨੂੰ ਗ੍ਰਿਫ਼ਤਾਰ ਕਰਕੇ ਕੇਵਲ ਜੇਲ੍ਹ ਵਿੱਚ ਹੀ ਬੰਦ ਨਹੀਂ ਕੀਤਾ ਗਿਆ ਬਲਕਿ ਗ੍ਰਿਫ਼ਤਾਰੀ ਦੇ ਬਹਾਨੇ ਚੌਦਾਂ ਕਲਾਂ ਵਿਖੇ ਜਥੇ ਦੀਆਂ ਦੋ ਬੱਸਾਂ ਸਾੜੀਆਂ, ਅੰਧਾ ਧੁੰਦ ਫਾਈਰਿੰਗ ਕਰਕੇ ਚੌਦਾਂ ਕਲਾਂ ਦੇ ਇਲਾਕੇ ਵਿੱਚ ਦਹਿਸ਼ਤ ਫੈਲਾਈ, ਪੂਰੇ ਪਿੰਡ ਨੂੰ ਲੁੱਟਿਆ, ਬੀਬੀਆਂ

Scanned with CamScanner

ਦੀ ਬੇਪੱਤੀ ਕੀਤੀ ਅਤੇ ਪਿੰਡ ਦੀਆਂ ਸੰਗਤਾਂ ਉਪਰ ਤਸ਼ੱਦਦ ਕੀਤਾ ਗਿਆ। ਹੈਰਾਨੀ ਦੀ ਗੱਲ ਹੈ ਕਿ ਜਦੋਂ ਲਾਲਾ ਜਗਤ ਨਾਰਾਇਣ ਦਾ ਪੰਜਾਬ ਵਿੱਚ ਕਤਲ ਹੁੰਦਾ ਹੈ ਤਾਂ ਉਸ ਸਮੇਂ ਮੈਂ ਜਥੇ ਸਮੇਤ ਘਟਨਾ ਵਾਲੀ ਥਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਧਰਮ ਪ੍ਰਚਾਰ ਕਰ ਰਿਹਾ ਸੀ ਤਾਂ ਵੀ ਤੁਰੰਤ ਮੇਰੇ ਵਾਰੰਟ ਜਾਰੀ ਕਰ ਦਿੱਤੇ ਗਏ। ਦੂਜੇ ਪਾਸੇ ਜਦੋਂ 1978 ਵਿੱਚ ਵਿਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਵੱਲੋਂ 13 ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਤਾਂ ਉਸ ਸਮੇਂ ਘਟਨਾ ਵਾਲੀ ਥਾਂ 'ਤੇ ਨਕਲੀ ਨਿਰੰਕਾਰੀਆ ਗੁਰਬਚਨ ਸਿੰਘ ਮੌਕੇ 'ਤੇ ਮੌਜੂਦ ਸੀ। ਉਸ ਦੇ ਇਸ਼ਾਰੇ ਉੱਪਰ ਹੀ ਉਸਦੇ ਗੁੰਡਿਆਂ ਨੇ ਅੰਧਾ ਧੁੰਦ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕੀਤਾ। ਪਰ ਭਾਰਤੀ ਕਾਨੂੰਨ ਮੁਤਾਬਕ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਅਤੇ ਨਾ ਹੀ ਇੱਕ ਦਿਨ ਲਈ ਵੀ ਉਸ ਨੂੰ ਜੇਲ੍ਹ ਭੇਜਿਆ ਗਿਆ ਅਤੇ ਨਾ ਹੀ 13 ਸਿੰਘਾਂ ਦੇ ਕਾਤਲਾਂ ਵਿੱਚੋਂ ਕਿਸੇ ਇੱਕ ਨੂੰ ਵੀ ਕੋਈ ਸਜ਼ਾ ਸੁਣਾਈ ਗਈ ਫਿਰ ਇਨ੍ਹਾਂ ਸਿੰਘਾਂ ਦਾ ਕਤਲ ਕਿਸ ਨੇ ਕੀਤਾ? ਇਹ ਆਜ਼ਾਦ ਭਾਰਤ ਵਿੱਚ ਸਿੱਖਾਂ ਨਾਲ ਵਿਤਕਰਾ ਹੈ।

4. ਮੈਨੂੰ ਗ੍ਰਿਫਤਾਰੀ ਵਰੰਟ ਬਾਅਦ ਵਿੱਚ ਦਿੱਤੇ ਗਏ ਪਹਿਲਾਂ ਹਜ਼ਾਰਾਂ ਪੁਲਿਸ ਕਰਮਚਾਰੀਆਂ ਅਤੇ ਅਫਸਰਾਂ ਦੁਆਰਾ ਚੰਦੇ ਕਲਾਂ ਵਿਖੇ ਘੇਰਾਬੰਦੀ ਕੀਤੀ ਗਈ। ਕੀ ਮੈਂ ਕੋਈ ਰੂਪੋਸ਼ ਵਿਅਕਤੀ ਸਾਂ ਜਿਸ ਨੂੰ ਲੱਭਣ ਲਈ ਇੰਨੀ ਵੱਡੀ ਪੱਧਰ 'ਤੇ ਪੁਲਿਸ ਫੋਰਸ ਦੀ ਜ਼ਰੂਰਤ ਸੀ? ਇਹ ਤਾਂ ਸਿਰਫ ਸਾਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਲਈ ਭਾਰਤੀ ਹੁਕਮਰਾਨਾਂ ਦਾ ਫੁਰਮਾਨ ਸੀ। ਜਿਸ ਕਾਰਨ ਗੁਰਬਾਣੀ ਦੀਆਂ ਪੋਥੀਆਂ ਨੂੰ ਸਾੜ ਕੇ ਸਿੱਖ ਕੌਮ ਨੂੰ ਸਿੱਧਾ ਚੈਲੰਿਜ ਕੀਤਾ ਕਿ ਭਾਰਤੀ ਹੁਕਮਰਾਨ ਕਿਥੋਂ ਤੱਕ ਜਾ ਸਕਦੇ ਹਨ। ਕੀ ਭਾਰਤੀ ਹੁਕਮਰਾਨਾਂ ਨੇ ਚੰਦੇ ਕਲਾਂ ਦੇ ਸਮੁੱਚੀ ਘਟਨਾਕ੍ਰਮ ਦੇ ਦੋਸ਼ੀਆਂ ਨੂੰ ਕਾਨੂੰਨ ਮੁਤਾਬਕ ਸਜ਼ਾ ਦਿੱਤੀ ਜਾਂ ਇਹ ਅਖੌਤੀ ਕਾਨੂੰਨ ਸਿਰਫ ਸਿੱਖਾਂ ਲਈ ਹਨ? ਕੀ ਇਹ ਸਿੱਖਾਂ ਨਾਲ ਵਿਤਕਰਾ ਨਹੀਂ?

5. ਜਦੋਂ ਮੈਨੂੰ ਮਹਿਤਾ ਚੌਂਕ ਵਿਖੇ 16 ਸਤੰਬਰ 1981 ਨੂੰ ਗ੍ਰਿਫਤਾਰੀ ਵਰੰਟ ਦਿੱਤੇ ਗਏ ਤਾਂ ਉਸੇ ਦਿਨ ਐਲਾਨ ਕਰ ਦਿੱਤਾ ਕਿ 20 ਤਰੀਕ ਨੂੰ ਮੈਂ ਗ੍ਰਿਫਤਾਰੀ ਦੇਵਾਂਗਾ। ਮੇਰੇ ਇੰਨਾ ਕਹਿਣ ਦੇ ਬਾਵਜੂਦ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬ ਪੁਲਿਸ ਅਤੇ ਬੀ. ਐੱਸ. ਐੱਫ. ਫੋਰਸਾਂ ਵੱਲੋਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀ ਘੇਰਾਬੰਦੀ ਕਰਕੇ ਦਹਿਸ਼ਤ ਭਰਿਆ ਮਾਹੌਲ ਬਣਾਇਆ ਗਿਆ। ਮੇਰੇ ਵੱਲੋਂ ਸ਼ਾਂਤਮਈ ਢੰਗ ਨਾਲ ਗ੍ਰਿਫਤਾਰੀ ਦੇਣ ਦੇ ਬਾਵਜੂਦ ਸੰਗਤਾਂ ਉਪਰ ਅੰਧਾ ਧੁੰਦ ਗੋਲੀ ਚਲਾ ਕੇ 18 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਇਨ੍ਹਾਂ ਸਿੰਘਾਂ ਦੇ ਕਾਤਲਾਂ ਨੂੰ ਕਾਨੂੰਨੀ ਤੌਰ 'ਤੇ ਕੋਈ ਵੀ ਸਜ਼ਾ ਨਹੀਂ ਦਿੱਤੀ ਗਈ। ਕੀ ਇਹ ਸਿੱਖ ਕੌਮ ਨਾਲ ਵਿਤਕਰਾ ਨਹੀਂ?

6. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੋਥੀਆਂ ਸਾੜੇ ਜਾਣ ਦੇ ਰੋਸ ਵਜੋਂ ਦਲ ਖ਼ਾਲਸਾ ਦੇ ਨੌਜਵਾਨਾਂ ਭਾਈ ਗਜਿੰਦਰ ਸਿੰਘ ਹੁਰਾਂ ਨੇ ਜਹਾਜ ਅਗਵਾ ਕੀਤਾ ਪਰ ਜਹਾਜ ਵਿੱਚ ਸਵਾਰ ਯਾਤਰੂਆਂ ਅਤੇ ਜਹਾਜ ਅਮਲੇ ਦੇ ਵਿਅਕਤੀਆਂ ਦਾ ਕੋਈ ਨੁਕਸਾਨ ਨਹੀਂ ਕੀਤਾ। ਇਨ੍ਹਾਂ ਜਹਾਜ ਅਗਵਾਕਾਰਾਂ ਨੂੰ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਸੁੱਟਿਆ ਗਿਆ ਅਤੇ ਭਾਈ ਗਜਿੰਦਰ ਸਿੰਘ ਨੂੰ ਜਲਾਵਤਨੀ ਦੀ ਜ਼ਿੰਦਗੀ ਬਤੀਤ ਕਰਨੀ ਪੈ ਰਹੀ ਹੈ। ਕੀ ਇਹ ਕਾਨੂੰਨ ਸਿੱਖ ਕੌਮ ਤੋਂ ਇਲਾਵਾ ਬਹੁਗਿਣਤੀ ਹਿੰਦੂ ਕੌਮ 'ਤੇ ਵੀ ਲਾਗੂ ਹੁੰਦੇ ਹਨ ਜਾਂ ਨਹੀਂ? ਕਿਉਂਕਿ ਇਸੇ ਤਰ੍ਹਾਂ ਦੀ ਘਟਨਾ ਪਹਿਲਾਂ ਵੀ ਵਾਪਰੀ ਸੀ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਜਨਵਰੀ 1977 ਦੀਆਂ ਹੋਈਆਂ ਆਮ ਚੋਣਾਂ ਹਾਰ ਗਈ ਤਾਂ ਪਾਰਲੀਮੈਂਟ ਵੱਲੋਂ ਉਸ ਨੂੰ ਅਧਿਕਾਰਾਂ ਦੀ ਉਲੰਘਣਾ ਲਈ ਦੋਸ਼ੀ ਠਹਿਰਾਇਆ ਗਿਆ ਅਤੇ 7 ਦਿਨ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਉਸ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਉੱਤਰ ਪ੍ਰਦੇਸ਼ ਦੇ ਦੋ ਪਾਂਡੇ ਭਰਾਵਾਂ ਨੇ ਇੰਡੀਅਨ ਏਅਰ ਲਾਈਨਜ਼ ਦਾ ਹਵਾਈ ਜਹਾਜ ਅਗਵਾ ਕਰ ਲਿਆ। ਉਨ੍ਹਾਂ ਨੂੰ ਨਾ ਗ੍ਰਿਫਤਾਰ ਕੀਤਾ ਗਿਆ ਨਾ ਸਜ਼ਾ ਦਿੱਤੀ ਗਈ ਬਲਕਿ ਇਸ ਦੇ ਉਲਟ ਇੰਦਰਾ ਗਾਂਧੀ ਨੇ 1980 ਵਿੱਚ ਮੁੜ ਸੱਤਾ ਵਿੱਚ ਆਉਣ 'ਤੇ ਉਨ੍ਹਾਂ ਪਾਂਡੇ ਭਰਾਵਾਂ ਨੂੰ ਕਾਂਗਰਸੀ ਉਮੀਦਵਾਰਾਂ ਵਜੋਂ ਵਿਧਾਨ ਸਭਾ ਅਤੇ ਲੋਕ ਸਭਾ ਦੀ ਮੈਂਬਰੀ ਦਿੱਤੀ ਗਈ। ਇਸ ਲਈ ਇਨ੍ਹਾਂ ਲਈ ਕਾਨੂੰਨ ਵੱਖਰਾ ਹੈ ਅਤੇ ਸਿੱਖਾਂ ਦੇ ਲਈ ਵੱਖਰਾ। ਕੀ ਇਹ ਸਿੱਖਾਂ ਨਾਲ ਵਿਤਕਰਾ ਨਹੀਂ?

ਇਸ ਤਰ੍ਹਾਂ ਦੇ ਬਹੁਤ ਸਾਰੇ ਇੰਟਰਵਿਊ ਵੀਡੀਓ ਰਿਕਾਰਡ ਕਰਕੇ ਕਈ ਦੇਸ਼ਾਂ ਦੇ ਪ੍ਰੈੱਸ ਰਿਪੋਰਟਰਾਂ ਅਤੇ ਟੀ. ਵੀ. ਰਿਪੋਰਟਰਾਂ ਦੀਆਂ ਟੀਮਾਂ ਆ ਕੇ ਲੈਂਦੀਆਂ ਅਤੇ ਉਹ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਚੱਲ

Scanned with CamScanner

ਰਹੀਆਂ ਸਰਗਰਮੀਆਂ ਜਿਸ ਵਿੱਚ ਗੁਰਬਾਣੀ ਦੀ ਸੰਥਿਆ ਪੜ੍ਹ ਰਹੇ ਵਿਦਿਆਰਥੀ, ਗੱਤਕੇ ਦੀ ਸਿਖਲਾਈ ਲੈਂਦੇ ਸਿੰਘ, ਲੰਗਰ ਵਰਤਾ ਕੇ ਬਰਤਨ ਸਾਫ਼ ਕਰਨ ਤੱਕ ਦੀ ਸੇਵਾ ਨਿਭਾਉਂਦੇ ਹੋਏ ਸਿੰਘ ਅਤੇ ਬਹੁਤ ਸਾਰੀਆਂ ਸਿੱਖ ਸੰਗਤਾਂ ਅਤੇ ਆਗੂਆਂ ਦੀ ਆਵਾਜਾਈ ਦੀਆਂ ਸਰਗਰਮੀਆਂ ਆਦਿ ਦੀਆਂ ਫਿਲਮਾਂ ਬਣਾ ਕੇ ਅਮਰੀਕਾ, ਬਰਤਾਨੀਆ, ਇਟਲੀ, ਜਰਮਨੀ, ਕੈਨੇਡਾ, ਆਸਟਰੇਲੀਆ ਆਦਿ ਦੇ ਬਹੁਤ ਸਾਰੇ ਦੇਸ਼ਾਂ ਦੀਆਂ ਸੰਗਤਾਂ ਨੂੰ ਜਾ ਕੇ ਵਿਖਾਉਂਦੇ। ਜਿਸ ਨਾਲ ਸੰਤਾਂ ਬਾਰੇ ਪਾਏ ਜਾਂਦੇ ਭਰਮ ਭੁਲੇਖੇ ਸੰਗਤਾਂ ਵਿੱਚੋਂ ਦੂਰ ਹੋਏ ਅਤੇ ਸੰਤ ਸਿੱਖ ਹਿੱਤਾਂ ਦੇ ਰਖਵਾਲੇ ਦੇ ਤੌਰ 'ਤੇ ਦੇਸ਼ ਅਤੇ ਵਿਦੇਸ਼ ਵਿੱਚ ਉਭਰਨ ਲੱਗੇ।

ਦੇਸ਼ ਦੇ ਵੱਖ ਸੂਬਿਆਂ ਦੀਆਂ ਸੰਗਤਾਂ ਵੱਲੋਂ ਸੰਤਾਂ ਦੇ ਪ੍ਰੋਗਰਾਮ ਦੀ ਮੰਗ

ਜੇਲ੍ਹ ਵਿੱਚੋਂ ਰਿਹਾਈ ਤੋਂ ਬਾਅਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਪ੍ਰੋਗਰਾਮ ਲੈਣ ਲਈ ਸੰਗਤਾਂ ਮਹਿਤੇ ਪਹੁੰਚ ਰਹੀਆਂ ਸਨ। ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਤੋਂ ਇਲਾਵਾ ਦੂਰ-ਦੁਰੇਡੇ ਬਾਹਰਲੇ ਸੂਬਿਆਂ ਦੇ ਰਹਿਣ ਵਾਲੇ ਸਿੱਖ ਆਪੋ ਆਪਣੇ ਇਲਾਕੇ ਦਾ ਪ੍ਰੋਗਰਾਮ ਮੰਗ ਰਹੇ ਸਨ। ਜਿਵੇਂ ਬੰਬੇ, ਕਲਕੱਤੇ, ਭਲਾਈ ਨਗਰ, ਹਰਿਆਣਾ, ਯੂਪੀ, ਬਿਹਾਰ, ਰਾਜਸਥਾਨ, ਦਿੱਲੀ ਆਦਿ ਸੂਬਿਆਂ ਤੋਂ ਸੰਗਤਾਂ ਨੇ ਵਿਸ਼ੇਸ਼ ਤੌਰ 'ਤੇ ਇੱਥੇ ਪਹੁੰਚ ਕੇ ਪ੍ਰੋਗਰਾਮਾਂ ਦੀ ਮੰਗ ਕੀਤੀ। ਸੰਤਾਂ ਨੇ ਸਭ ਇਲਾਕਿਆਂ ਦੀਆਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਦੱਸਿਆ ਕਿ ਕੁੱਝ ਦਿਨਾਂ ਲਈ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਉਸ ਤੋਂ ਬਾਅਦ ਸਮੇਂ ਅਨੁਸਾਰ ਪੰਜਾਬ ਤੋਂ ਬਾਹਰਲੇ ਸੂਬਿਆਂ ਦਾ ਪ੍ਰੋਗਰਾਮ ਉਲੀਕ ਕੇ ਆਪ ਸਭ ਸੰਗਤਾਂ ਨੂੰ ਇਸ ਸਬੰਧੀ ਦੱਸ ਦਿੱਤਾ ਜਾਵੇਗਾ। ਭਾਵੇਂ ਪਹਿਲਾਂ ਤੋਂ ਹੀ ਬਾਹਰਲੇ ਸੂਬਿਆਂ ਵਿੱਚ ਟਕਸਾਲ ਦੇ ਪ੍ਰੋਗਰਾਮ ਬਣਦੇ ਰਹੇ ਹਨ ਅਤੇ ਟਕਸਾਲ ਵੱਲੋਂ ਧਰਮ ਪ੍ਰਚਾਰ ਹੁੰਦਾ ਰਿਹਾ ਹੈ, ਪਰ ਇਸ ਸਮੇਂ ਸੰਗਤਾਂ ਵਿੱਚ ਸੰਤਾਂ ਦੇ ਵਿਚਾਰ ਸੁਣਨ ਲਈ ਵਧੇਰੇ ਖਿੱਚ ਬਣੀ ਹੋਈ ਸੀ। ਇਸ ਲਈ ਹਰ ਸੂਬੇ ਦੀਆਂ ਸੰਗਤਾਂ ਪਹਿਲਾਂ ਪ੍ਰੋਗਰਾਮ ਲੈਣ ਲਈ ਇਛੁੱਕ ਸਨ।

ਸੰਤ ਭਿੰਡਰਾਂਵਾਲਿਆਂ ਦਾ ਪੰਜਾਬ ਅੰਦਰ ਧੰਨਵਾਦੀ ਦੌਰਾ ਬਨਾਮ ਜਾਗਰਤੀ ਲਹਿਰ

ਜੇਲ੍ਹ ਦੀ ਰਿਹਾਈ ਤੋਂ ਉਪਰੰਤ ਦਮਦਮੀ ਟਕਸਾਲ ਦੇ ਕੇਂਦਰੀ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸੰਤਾਂ ਨੇ ਆਪਣੇ ਕੁੱਝ ਨਜਦੀਕੀ ਸਹਿਯੋਗੀਆਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਫੈਸਲਾ ਕੀਤਾ ਕਿ ਪੰਜਾਬ ਦੀਆਂ ਸਮੁੱਚੀਆਂ ਸਿੱਖ ਸੰਗਤਾਂ ਨੇ ਜਿਸ ਢੰਗ ਨਾਲ ਸਾਡੇ ਨਾਲ ਹਮਦਰਦੀ ਪ੍ਰਗਟਾਈ ਅਤੇ ਸਹਿਯੋਗ ਦਿੱਤਾ ਇਸ ਲਈ ਉਨ੍ਹਾਂ ਸਭਨਾ ਦਾ ਧੰਨਵਾਦ ਕਰਨ ਲਈ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਕਸਬਿਆਂ, ਨਗਰਾਂ ਵਿੱਚ ਜਾਣਾ ਚਾਹੀਦਾ ਹੈ। ਇਸ ਪ੍ਰੋਗਰਾਮ ਨੂੰ ਪ੍ਰਵਾਨ ਕਰਕੇ ਇਸ ਦੀ ਰੂਪ ਰੇਖਾ ਤਿਆਰ ਕੀਤੀ ਗਈ ਕਿ ਜਿਲ੍ਹੇ ਨੂੰ ਇਕਾਈ ਮੰਨ ਕੇ ਚੋਣਵੇ ਪਿੰਡਾਂ ਵਿੱਚ ਦੀ ਇੱਕ ਕਾਫਲੇ ਦੇ ਰੂਪ ਵਿੱਚ ਧੰਨਵਾਦੀ ਦੌਰਾ ਕੀਤਾ ਜਾਵੇ। ਜਿਸ ਦੇ ਦੋ ਮੰਤਵ ਮੁਖ ਨੰਬਰ ਇੱਕ ਤਾਂ ਸਭ ਸਿੱਖ ਸੰਗਤਾਂ ਦਾ ਦਿਲੋਂ ਧੰਨਵਾਦ ਕਰਨਾ ਅਤੇ ਦੂਸਰਾ ਸਿੱਖਾਂ ਨਾਲ ਕੇਂਦਰ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਕਾਰਨ ਸਿੱਖਾਂ ਉਪਰ ਮੰਡਰਾ ਰਹੇ ਖ਼ਤਰਿਆਂ ਪ੍ਰਤੀ ਸੁਚੇਤ ਕਰਨਾ।

ਇਸ ਦੀ ਸ਼ੁਰੂਆਤ ਫਿਰੋਜ਼ਪੁਰ ਜਿਲ੍ਹੇ ਤੋਂ ਹੀ ਕੀਤੀ ਗਈ ਕਿਉਂਕਿ ਫਿਰੋਜ਼ਪੁਰ ਦੀ ਜੇਲ੍ਹ ਵਿੱਚ ਹੀ ਸੰਤਾਂ ਨੂੰ ਰੱਖਿਆ ਗਿਆ ਸੀ ਅਤੇ ਇਸ ਜਿਲ੍ਹੇ ਦੀਆਂ ਸੰਗਤਾਂ ਨੇ ਭਾਰੀ ਹਮਦਰਦੀ ਭਰਿਆ ਸਹਿਯੋਗ ਦਿੱਤਾ ਸੀ ਜੋ ਇੱਕ ਲਹਿਰ ਦੇ ਰੂਪ ਵਿੱਚ ਉਜਾਗਰ ਹੋਇਆ। ਸ਼ਹਿਰ ਵਿੱਚੋਂ ਸ਼ੁਰੂ ਹੋ ਕੇ ਸੰਤ ਜੀ ਨੇ ਇੱਕ ਕਾਫਲੇ ਦੇ ਰੂਪ ਵਿੱਚ ਕਈ ਪਿੰਡਾਂ ਵਿੱਚ ਦੀ ਹੋ ਕੇ ਤਿੰਨ ਦਿਨਾਂ ਵਿੱਚ ਜਿਲ੍ਹੇ ਦਾ ਧੰਨਵਾਦੀ ਦੌਰਾ ਪੂਰਾ ਕੀਤਾ। ਜਿੱਥੇ-ਜਿੱਥੇ ਵੀ ਸੰਗਤਾਂ ਜੁੜਦੀਆਂ ਸੰਤਾਂ ਵੱਲੋਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤੀਆਂ ਜਾਣ ਵਾਲੀਆਂ ਬੇਨਤੀਆਂ ਇਸ ਢੰਗ ਦੀਆਂ ਹੁੰਦੀਆਂ ਸਨ।

ਸੰਤ ਸੰਗਤਾਂ ਨੂੰ ਦੱਸਦੇ ਕਿ ਸਿੱਖ ਕੌਮ ਆਜ਼ਾਦ ਭਾਰਤ ਵਿੱਚ ਗੁਲਾਮ ਹੈ। 1947 ਤੋਂ ਲੈ ਕੇ ਅੱਜ ਤੱਕ ਸਿੱਖ ਕੌਮ ਨਾਲ ਸਮੇਂ-ਸਮੇਂ 'ਤੇ ਹੋਏ ਵਿਤਕਰਿਆਂ ਸਬੰਧੀ ਵਿਸਥਾਰ ਸਹਿਤ ਸੰਗਤਾਂ ਨੂੰ ਜਾਣੂ ਕਰਵਾਇਆ। ਜਿਸ ਦਾ ਵੇਰਵਾ ਪਿੱਛੇ (ਦੇਸ਼ ਵਿਦੇਸ਼ ਦੀ ਪ੍ਰੈਸ ਇੰਟਰਵਿਊ ਵਿੱਚ ਦੇ ਚੁੱਕੇ ਹਾਂ)

Scanned with CamScanner

ਇਸ ਤਰ੍ਹਾਂ ਸੰਤ ਭਿੰਡਰਾਂਵਾਲਿਆਂ ਨੇ ਪੰਜਾਬ ਦੇ ਕੋਨੇ-ਕੋਨੇ ਵਿੱਚ ਜਾ ਕੇ ਸਿੱਖ ਕੌਮ ਨੂੰ ਜਾਗ੍ਰਤੀ ਹਲੂਣਾ ਦਿੱਤਾ ਕਿ ਕੌਮ ਸੁਚੇਤ ਹੋਵੇ ਅਸੀਂ ਕਿਨ੍ਹਾਂ ਹਾਲਾਤਾਂ ਵਿੱਚੋਂ ਗੁਜ਼ਰ ਰਹੇ ਹਾਂ ਤੇ ਭਵਿੱਖ ਵਿੱਚ ਸਾਡੇ ਨਾਲ ਹੋਰ ਵੀ ਮਾੜਾ ਸਲੂਕ ਕੀਤਾ ਜਾ ਸਕਦਾ ਹੈ। ਇਸ ਲਈ ਨਾਜ਼ੁਕ ਹਾਲਾਤਾਂ ਦਾ ਸਾਹਮਣਾ ਕਰਨ ਲਈ ਅੰਮ੍ਰਿਤ ਛਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੋ, ਵੱਧ ਤੋਂ ਵੱਧ ਬਾਣੀ ਪੜ੍ਹਿਆ ਕਰੋ, ਜਥੇਬੰਦ ਹੋ ਕੇ ਰਵਾਇਤੀ ਹਥਿਆਰ ਰੱਖੋ, ਖ਼ਾਲਸਾ ਜੀ ਦੇ ਬੋਲ ਬਾਲੇ ਨੂੰ ਸਮਝੋ ਜਿਸਦਾ ਸਿੱਧਾ ਅਰਥ ਹੈ ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ॥ ਕਿਸੇ ਨਾਲ ਧੱਕਾ ਕਰਨਾ ਨਹੀਂ ਅਤੇ ਕਿਸੇ ਵੱਲੋਂ ਕੀਤਾ ਹੋਇਆ ਧੱਕਾ ਜਰਨਾ ਵੀ ਨਹੀਂ। ਸੰਤਾਂ ਨੂੰ ਸੁਨਣ ਵਾਲੇ ਕੇਵਲ ਪੇਂਡੂ ਲੋਕ ਹੀ ਨਹੀਂ ਸਨ ਬਲਕਿ ਥਾਵਾਂ-ਥਾਵਾਂ ਤੇ ਵੱਡੇ-ਵੱਡੇ ਸ਼ਹਿਰਾਂ ਵਿੱਚੋਂ ਪੜ੍ਹੇ ਲਿਖੇ ਵਕੀਲ, ਪ੍ਰੋਫੈਸਰ, ਡਾਕਟਰ, ਇੰਜੀਨੀਅਰ ਅਤੇ ਹੋਰ ਕਈ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਰਾਜਨੀਤਿਕ, ਸਮਾਜਿਕ ਸਿੱਖ ਚਿੰਤਕ ਮਿਲਦੇ ਅਤੇ ਡੂੰਘੀਆਂ ਵਿਚਾਰਾਂ ਕਰਦੇ ਅੜੇ ਸੰਤਾਂ ਵੱਲੋਂ ਦਿੱਤੀਆਂ ਗਈਆਂ ਦਲੀਲਾਂ ਦੇ ਕਾਇਲ ਹੋ ਜਾਂਦੇ। ਸੰਤਾਂ ਦੇ ਇਸ ਪੰਨਵਾਦੀ ਦੌਰੇ ਨੂੰ ਸੰਤਾਂ ਮਹਾਪੁਰਖਾਂ, ਸਿੱਖ ਸੰਪਰਦਾਵਾਂ, ਸਿੰਘ ਸਭਾਵਾਂ ਅਤੇ ਹਰ ਵਰਗ ਦੇ ਸਿੱਖਾਂ ਵੱਲੋਂ ਭਰਵਾਂ ਸਹਿਯੋਗ ਦਿੱਤਾ ਗਿਆ ਅਤੇ ਵੱਡੀ ਪੱਧਰ 'ਤੇ ਸੰਗਤਾਂ ਵਿੱਚ ਜਾਗਰਿਤਾ ਪੈਦਾ ਹੋਈ। ਉਸ ਸਮੇਂ ਭਾਵੇਂ ਪ੍ਰਚਾਰ ਲਈ ਸੰਚਾਰ ਦੇ ਸਾਧਨ ਸੀਮਿਤ ਸਨ ਪਰ ਸਹਿਜੇ-ਸਹਿਜੇ ਸੰਤਾਂ ਵੱਲੋਂ ਪ੍ਰਗਟਾਈ ਜਾਂਦੀ ਸਿੱਖੀ ਦੀ ਵਿਚਾਰਧਾਰਾ ਦੂਰ ਦੁਰੇਡੇ ਵਸਦੀਆਂ ਸਿੱਖ ਸੰਗਤਾਂ ਵਿੱਚ ਵੀ ਪ੍ਰਚੰਡ ਹੋਣ ਲੱਗੀ। ਪੰਨਵਾਦੀ ਦੌਰੇ ਦੇ 25 ਕੁ ਦਿਨਾਂ ਦੇ ਪ੍ਰੋਗਰਾਮ ਦੌਰਾਨ ਸੰਗਤਾਂ ਨੇ ਸੰਤ ਜਰਨੈਲ ਸਿੰਘ ਜੀ ਨੂੰ ਨੇੜਿਓਂ ਤੱਕਿਆ ਅਤੇ ਉਨ੍ਹਾਂ ਵੱਲੋਂ ਸਿੱਖਾਂ ਨੂੰ ਦਰਪੇਸ਼ ਖਤਰਿਆਂ ਬਾਰੇ ਜਾਗਰੂਕ ਕਰਨ ਲਈ ਦਿੱਤੀਆਂ ਜਾ ਰਹੀਆਂ ਵਿਚਾਰਾਂ ਨੂੰ ਬਹੁਤ ਧਿਆਨ ਨਾਲ ਸੁਣਿਆ। ਇਸ ਤਰ੍ਹਾਂ ਸਮੁੱਚੇ ਸਿੱਖਾਂ ਅੰਦਰ ਆਤਮਿਕ ਚੇਤਨਾ ਦੀ ਨਵੀਂ ਲਹਿਰ ਆਰੰਭ ਹੋਈ।

ਸੰਤਾਂ ਦਾ ਇਹ ਪੰਨਵਾਦੀ ਦੌਰਾ ਬਹੁਮੰਤਵੀ ਸਿੱਧ ਹੋਇਆ ਕਿਉਂਕਿ ਇਕ ਪਾਸੇ ਤਾਂ ਸੰਗਤਾਂ ਨੂੰ ਧਰਮ ਪ੍ਰਚਾਰ ਰਾਹੀਂ ਵੱਡੀ ਗਿਣਤੀ ਵਿੱਚ ਅੰਮ੍ਰਿਤ ਛਕਾਇਆ ਜਾ ਰਿਹਾ ਸੀ ਨਾਲ-ਨਾਲ ਸਿੱਖ ਕੌਮ ਸਿਰ ਪਈ ਗ਼ੁਲਾਮੀ ਨੂੰ ਵਿਸਥਾਰ ਸਹਿਤ ਸੰਗਤਾਂ ਵਿੱਚ ਪ੍ਰਚਾਰਨ ਦਾ ਯਤਨ ਕੀਤਾ ਜਾ ਰਿਹਾ ਸੀ ਅਤੇ ਇਸਦੇ ਨਾਲ ਹੀ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਅਤੇ ਸਿੱਖਾਂ 'ਤੇ ਹੋ ਰਹੇ ਅਣਮਨੁੱਖੀ ਤਸ਼ੱਦਦ ਬਾਰੇ ਸੰਗਤਾਂ ਰਾਹੀਂ ਦੁਨੀਆਂ ਨੂੰ ਦੱਸਿਆ ਜਾ ਰਿਹਾ ਸੀ, ਸਿੱਖ ਕੌਮ 'ਚੋਂ ਨਿਰਾਸ਼ਤਾ ਦੂਰ ਕਰਨ ਲਈ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦਾ ਪੂਰਾ-ਪੂਰਾ ਹੱਕ ਲੈਣ ਲਈ ਦ੍ਰਿੜ੍ਹਤਾ ਭਰਪੂਰ ਵਿਸ਼ਵਾਸ ਦੁਆਇਆ ਜਾ ਰਿਹਾ ਸੀ। ਇਸ ਲਈ ਨਿਸ਼ਚੇਵਾਚਕ ਹੀ ਸੰਤਾਂ ਵੱਲੋਂ ਦੀਰਘ ਸੋਚ ਅਤੇ ਦੂਰ ਦ੍ਰਿਸ਼ਟੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਸੀ।

ਜੀਪ ਰਾਹੀਂ ਕੀਤਾ ਗਿਆ ਹੈਰਾਨੀ ਭਰਿਆ ਸਫ਼ਰ

ਇਸੇ ਦੌਰਾਨ ਹੀ ਜਲੰਧਰ ਨੇੜੇ ਪਿੰਡ ਵਡਾਲਾ ਵਿਖੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੇ ਸੰਗਤਾਂ ਦੇ ਸਹਿਯੋਗ ਨਾਲ ਸੰਤ ਭਿੰਡਰਾਂਵਾਲਿਆਂ ਦਾ ਪ੍ਰੋਗਰਾਮ ਰੱਖਿਆ ਸੀ ਜਿੱਥੇ ਇਸ ਇਲਾਕੇ ਨਾਲ ਸਬੰਧਤ ਜਥੇਦਾਰ ਅਜੀਤ ਸਿੰਘ ਕੋਹਾੜ, ਜਥੇਦਾਰ ਪ੍ਰੀਤਮ ਸਿੰਘ, ਜਥੇਦਾਰ ਸਰੂਪ ਸਿੰਘ, ਭਾਈ ਬੀਰ ਸਿੰਘ, ਭਾਈ ਸਤਨਾਮ ਸਿੰਘ ਆਦਿ ਬਹੁਤ ਸਾਰੇ ਆਗੂਆਂ ਨੇ ਸਾਂਝੇ ਰੂਪ ਵਿੱਚ ਬਹੁਤ ਵੱਡਾ ਇਕੱਠ ਰੱਖਿਆ ਸੀ। ਇੱਥੇ ਵੀ ਸੰਤਾਂ ਨੇ ਉਨ੍ਹਾਂ ਦੀ ਰਿਹਾਈ ਲਈ ਪਾਏ ਯੋਗਦਾਨ ਲਈ ਸਾਰੇ ਇਲਾਕੇ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੇ ਸਮੇਂ ਦੌਰਾਨ ਸੁਚੇਤ ਰਹਿਣ ਦੀਆਂ ਵੀ ਬੇਨਤੀਆਂ ਕੀਤੀਆਂ। ਉਨ੍ਹਾਂ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਵੀ ਚਿਤਾਵਨੀ ਦਿੱਤੀ ਕਿ ਸਿੱਖ ਨੌਜਵਾਨਾਂ 'ਤੇ ਝੂਠੇ ਕੇਸ ਪਾ ਕੇ ਅਣਮਨੁੱਖੀ ਤਸ਼ੱਦਦ ਕਰਨ ਦਾ ਜੋ ਦੌਰ ਚਲਾਇਆ ਹੈ ਇਸ ਨਾਲ ਤੁਸੀਂ ਖੁਦ ਹੀ ਪੰਜਾਬ ਦੀ ਫਿਜ਼ਾ ਨੂੰ ਅੱਗ ਲਾਉਣ ਦੀਆਂ ਚਾਲਾਂ ਚੱਲ ਰਹੇ ਹੋ ਜਿਸਦਾ ਖਮਿਆਜ਼ਾ ਤੁਹਾਨੂੰ ਭੁਗਤਣਾ ਪਵੇਗਾ। ਇਸ ਪ੍ਰੋਗਰਾਮ 'ਚ ਵਿਸ਼ੇਸ਼ ਤੌਰ 'ਤੇ ਬਹੁਤ ਸਾਰੇ ਪ੍ਰੈਸ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਸ਼ਾਮ ਨੂੰ ਦੀਵਾਨ ਦੀ ਸਮਾਪਤੀ ਤੋਂ ਬਾਅਦ ਇਥੇ ਹੀ ਸ. ਤੇਜਵੰਤ ਸਿੰਘ ਨਾਰੰਗਵਾਲ ਕੁੱਝ ਸਿੰਘਾਂ ਸਮੇਤ ਸੰਤਾਂ ਨੂੰ ਮਿਲੇ। ਉਨ੍ਹਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਸੀਂ ਆਪ ਜੀ ਨੂੰ ਮਿਲਣ ਲਈ ਮਹਿਤੇ ਜਾ ਰਹੇ ਸਾਂ ਤਾਂ ਰਸਤੇ ਵਿੱਚ ਹੀ ਪਤਾ ਲੱਗਾ ਕਿ ਜਥੇ ਦਾ ਪ੍ਰੋਗਰਾਮ ਇੱਥੇ ਹੈ, ਇਸ ਲਈ ਅਸੀਂ ਇੱਥੇ ਹੀ ਆ ਗਏ। ਸੰਤਾਂ ਨੇ ਕਿਹਾ ਕਿ ਆਪਾਂ ਲੁਧਿਆਣੇ ਵਕੀਲ ਬਲਦੇਵ

Scanned with CamScanner

ਸਿੰਘ ਬਿੰਦਰਾ ਨੂੰ ਮਿਲਣਾ ਹੈ। ਸੰਤ ਸੰਗਤਾਂ ਤੋਂ ਆਗਿਆ ਲੈ ਕੇ ਲੁਧਿਆਣੇ ਨੂੰ ਚੱਲ ਪਏ। ਜਥੇ ਦੇ ਸਿੰਘ ਟਰੱਕ ਵਿੱਚ ਸਵਾਰ ਸਨ। ਸੰਤ ਜੀ ਆਪ ਗਰੇਵਾਲ ਦੀ ਜੀਪ ਵਿੱਚ ਬੈਠ ਗਏ। ਲੁਧਿਆਣੇ ਜਾ ਕੇ ਲਗਭਗ ਇੱਕ ਘੰਟਾ ਸ. ਬਲਦੇਵ ਸਿੰਘ ਬਿੰਦਰਾ ਦੇ ਘਰ ਵਿਖੇ ਹੀ ਉਨ੍ਹਾਂ ਨਾਲ ਗੱਲਬਾਤ ਹੋਈ। ਯਾਦ ਰਹੇ ਕਿ ਸ. ਬਿੰਦਰਾ ਨੇ ਆਪਣੇ ਸਹਿਯੋਗੀ ਵਕੀਲਾਂ ਸਮੇਤ ਸੰਤਾਂ 'ਤੇ ਪਾਏ ਲਾਲਾ ਜਗਤ ਨਾਰਾਇਣ ਦੇ ਝੂਠੇ ਕਤਲ ਕੇਸ ਸਬੰਧੀ ਪੈਰਵਾਈ ਕੀਤੀ ਸੀ ਅਤੇ ਹੁਣ ਵੀ ਇਸ ਕੇਸ ਵਿੱਚ ਜੇਲ੍ਹ ਵਿੱਚ ਬੰਦ ਭਾਈ ਨਛੱਤਰ ਸਿੰਘ, ਭਾਈ ਸਵਰਨ ਸਿੰਘ ਹੁਰਾਂ ਦੇ ਕੇਸ ਦੀ ਪੈਰਵਾਈ ਕਰ ਰਹੇ ਸਨ। ਇਸ ਤੋਂ ਬਾਅਦ ਭਾਈ ਤੇਜਵੰਤ ਸਿੰਘ ਦੇ ਘਰ ਲੰਗਰ ਛਕਣ ਉਪਰੰਤ ਸੰਤਾਂ ਨੇ ਜਥੇ ਦੇ ਸਿੰਘਾਂ ਨੂੰ ਕਿਹਾ ਕਿ ਤੁਸੀਂ ਅਖਾੜਾ ਨਰਾਇਣ ਪਹੁੰਚੋ, ਅਸੀਂ ਵੀ ਉੱਥੇ ਆਉਂਦੇ ਹਾਂ। ਉਦੋਂ ਤੱਕ ਰਾਤ ਦੇ ਦਸ ਵੱਜ ਚੁੱਕੇ ਸਨ ਅਤੇ ਜਥੇ ਦੇ ਸਿੰਘ ਅਖਾੜਾ ਨਰਾਇਣ ਨੂੰ ਰਵਾਨਾ ਹੋ ਗਏ ਅਤੇ ਸੰਤ ਜੀ ਸ. ਤੇਜਵੰਤ ਸਿੰਘ ਨਾਲ ਪਿੰਡ ਨਾਰੰਗਵਾਲ ਨੂੰ ਚਲੇ ਗਏ। ਨਾਰੰਗਵਾਲ ਪਹੁੰਚ ਕੇ ਘਰ ਵੱਲ ਨੂੰ ਮੋੜ ਕੇ ਜੀਪ ਬੰਦ ਕਰ ਦਿੱਤੀ ਜਿੱਥੋਂ ਲਗਭਗ 300 ਫੁੱਟ ਦੀ ਦੂਰੀ 'ਤੇ ਘਰ ਦਾ ਦਰਵਾਜਾ ਸੀ। ਜਦੋਂ ਜੀਪ ਘਰ ਦੇ ਮੋਹਰੇ ਹਾਲੇ ਰੁਕੀ ਹੀ ਸੀ ਕਿ ਭਾਈ ਮਨੋਹਰ ਸਿੰਘ ਗਰੇਵਾਲ ਨੇ ਦਰਵਾਜਾ ਖੋਲ੍ਹ ਦਿੱਤਾ। ਸੰਤਾਂ ਨੇ ਉਸਨੂੰ ਪੁੱਛਿਆ ਐਸ ਵੇਲੇ ਕਿੱਧਰ ਚੱਲੇ ਹੋ ਤਾਂ ਉਨ੍ਹਾਂ ਕਿਹਾ ਕਿਤੇ ਵੀ ਨਹੀਂ ਜਾ ਰਿਹਾ ਤੁਹਾਡੇ ਆਉਣ ਕਰਕੇ ਦਰਵਾਜਾ ਖੋਲ੍ਹਿਆ ਹੈ। ਸੰਤ ਥੋੜ੍ਹਾ ਜਿਹਾ ਮੁਸਕਰਾ ਕੇ ਕਹਿਣ ਲੱਗੇ ਇਥੇ ਆਉਣ ਬਾਰੇ ਤਾਂ ਤੁਹਾਨੂੰ ਦੱਸਿਆ ਵੀ ਨਹੀਂ ਸੀ ਤਾਂ ਉਸ ਨੇ ਕਿਹਾ ਨਹੀਂ ਦੱਸਿਆ ਤਾਂ ਫਿਰ ਕੀ ਹੈ? ਆਪ ਤੁਸੀਂ ਦੱਸਦੇ ਹੋ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਹਨ। ਇੱਥੇ ਸਿਰਫ 10-15 ਮਿੰਟ ਰੁਕੇ ਅਤੇ ਮਨੋਹਰ ਸਿੰਘ ਨੂੰ ਨਾਲ ਲੈ ਕੇ ਬਿਨਾਂ ਦੱਸਿਆ ਕਿ ਕਿੱਥੇ ਜਾਣਾ ਹੈ ਇਥੋਂ ਚੱਲ ਪਏ। ਇਸ ਦੌਰਾਨ ਸ. ਤੇਜਵੰਤ ਸਿੰਘ ਨੇ ਡੀਜ਼ਲ ਤੇਲ ਦੀ 20 ਲੀਟਰ ਵਾਲੀ ਕੈਨ ਭਰ ਕੇ ਜੀਪ ਵਿੱਚ ਰੱਖ ਦਿੱਤੀ ਅਤੇ ਮਨੋਹਰ ਸਿੰਘ ਨੂੰ ਦੱਸ ਦਿੱਤਾ ਕਿ ਜੀਪ ਵਿੱਚ ਤੇਲ ਪਵਾਉਣ ਦਾ ਸਮਾਂ ਨਹੀਂ ਲੱਗਾ ਜਦੋਂ ਲੋੜ ਹੋਵੇ ਇਹ ਤੇਲ ਜੀਪ ਵਿੱਚ ਪਾ ਲਿਉ। ਸੰਤਾਂ ਨੇ ਮਨੋਹਰ ਸਿੰਘ ਨੂੰ ਕਿਹਾ ਕਿ ਮਹਿਤੇ ਚੱਲਣਾ ਹੈ, ਰਸਤੇ ਵਿੱਚ ਜਾਂਦਿਆਂ ਇੱਕ ਮੋੜ 'ਤੇ ਜੀਪ ਦੇ ਪਿੱਛੇ ਪਈ ਤੇਲ ਵਾਲੀ ਕੈਨ ਪਲਟ ਗਈ ਜਿਸਦਾ ਖੜਕਾ ਸੁਣ ਕੇ ਮਨੋਹਰ ਸਿੰਘ ਨੇ ਜੀਪ ਰੋਕਣ ਲਈ ਬ੍ਰੇਕ ਲਾਈ, ਸੰਤਾਂ ਨੇ ਕਿਹਾ ਜਲਦੀ ਜਾਣਾ ਹੈ ਉਸ ਨੇ ਕਿਹਾ ਪਿੱਛੇ ਤੇਲ ਵਾਲੀ ਕੈਨ ਪਲਟ ਗਈ ਹੈ ਤਾਂ ਸੰਤਾਂ ਨੇ ਕਿਹਾ ਕੋਈ ਗੱਲ ਨਹੀਂ ਤੇਲ ਥਥੇਰਾ ਹੈ ਤੂੰ ਕੋਈ ਫਿਕਰ ਨਾ ਕਰ। ਇਸ ਤਰ੍ਹਾਂ ਉਹ ਮਹਿਤੇ ਪਹੁੰਚੇ ਉੱਥੇ ਬਾਬਾ ਬਾਰਾ ਸਿੰਘ ਸਮੇਤ ਕੁੱਝ ਸਿੰਘਾਂ ਨੂੰ ਮਿਲੇ ਅਤੇ ਵਾਪਸ ਚੱਲ ਪਏ। ਵਾਪਸ ਆਉਂਦਿਆਂ ਸ. ਮਨੋਹਰ ਸਿੰਘ ਦੀ ਇੱਕ ਦੇ ਵਾਰੀ ਨਜ਼ਰ ਤੇਲ ਵਾਲੀ ਸੂਈ 'ਤੇ ਗਈ ਪਰ ਉਹ ਬੇ-ਫਿਕਰ ਸੀ ਇੱਕ ਤਾਂ ਸੰਤਾਂ ਦੇ ਬਚਨਾਂ ਉਪਰ ਪੂਰਨ ਭਰੋਸਾ ਸੀ (ਕਿਉਂਕਿ ਉਨ੍ਹਾਂ ਕਹਿ ਦਿੱਤਾ ਸੀ ਕਿ ਥਥੇਰਾ ਤੇਲ ਹੈ) ਦੂਸਰਾ ਭਾਈ ਮਨੋਹਰ ਸਿੰਘ ਖੁਦ ਵੀ ਪੱਕਾ ਨਿੱਤਨੇਮੀ, ਸਿਮਰਨ ਭਜਨ ਦੀ ਪ੍ਰਪੱਕਤਾ ਅਤੇ ਪੰਜਾਂ ਕਕਾਰਾਂ ਦੀ ਗਹਿਤ ਵਾਲਾ ਅਤੇ ਸਿੱਖੀ ਅਸੂਲਾਂ ਦਾ ਧਾਰਨੀ ਹੋਣ ਕਾਰਨ ਉੱਚੀ ਅਵਸਥਾ ਵਾਲਾ ਗੁਰਸਿੱਖ ਸੀ। ਰਸਤੇ ਵਿੱਚ ਆਉਂਦਿਆਂ ਸੰਤਾਂ ਨੇ ਉਸ ਨੂੰ ਕਿਹਾ ਕਿ ਸਾਨੂੰ ਅਖਾੜੇ ਛੱਡ ਕੇ ਜਾਣੀਂ। ਤੜਕੇ ਚਾਰ ਵਜੇ ਅਖਾੜੇ ਪਹੁੰਚੇ ਉੱਥੇ ਸੰਤਾ ਨੂੰ ਛੱਡ ਕੇ ਭਾਈ ਮਨੋਹਰ ਸਿੰਘ ਨਾਰੰਗਵਾਲ ਪਹੁੰਚ ਗਏ। ਉਸ ਨੇ ਜੀਪ ਦੀ ਚਾਬੀ ਸ. ਤੇਜਵੰਤ ਸਿੰਘ ਨੂੰ ਫੜਾਉਂਦਿਆਂ ਦੱਸਿਆ ਕਿ ਕੈਨ ਪਲਟਣ ਕਾਰਨ ਉਸ ਵਿਚਲਾ ਤੇਲ ਡੁੱਲ੍ਹ ਗਿਆ ਸੀ ਅਤੇ ਸੰਤਾਂ ਦੇ ਬਚਨਾਂ ਤੋਂ ਬਾਅਦ ਪਵਾਇਆ ਵੀ ਨਹੀਂ। ਉਸ ਨੇ ਚਾਬੀ ਤਾਂ ਲੈ ਲਈ ਪਰ ਬਹੁਤ ਹੈਰਾਨ ਹੋਇਆ ਕਿ ਗੱਡੀ ਵਿੱਚ ਤੇਲ ਤਾਂ ਥੋੜ੍ਹਾ ਹੀ ਸੀ ਪਰ 350 ਕਿਲੋਮੀਟਰ ਦਾ ਸਫਰ ਕਿਵੇਂ ਕਰ ਆਏ। ਇਸ ਗੱਲ ਦੀ ਅੱਜ ਤੱਕ ਵੀ ਉਨ੍ਹਾਂ ਦੇ ਮਨ ਵਿੱਚ ਅਸਚਰਜਤਾ ਹੈ।

ਨਕਲੀ ਨਿਰੰਕਾਰੀਆਂ ਦਾ ਸਿੱਖਾਂ ਨਾਲ ਪੈਦਾ ਹੋਇਆ ਵਿਵਾਦ ਖਤਮ ਕਰਨ ਦਾ ਯਤਨ

ਸਤੰਬਰ 1981 ਤੋਂ ਲੈ ਕੇ ਦਸੰਬਰ ਤੱਕ ਦੇ ਅਰਸੇ ਦੌਰਾਨ ਨਿਰੰਕਾਰੀਆਂ ਦੇ ਹੋਏ ਕਤਲਾਂ, ਬੰਬ ਧਮਾਕਿਆਂ ਅਤੇ ਗੋਲੀ-ਬਾਜੀ ਦੀਆਂ ਹੋਈਆਂ ਘਟਨਾਵਾਂ ਕਾਰਨ ਨਿਰੰਕਾਰੀ-ਸਿੱਖ ਬਖੇੜੇ ਨੂੰ ਸਥਾਈ ਤੌਰ 'ਤੇ ਹੱਲ ਕਰਨ ਦੀ ਲੋੜ ਮਹਿਸੂਸ ਹੋਣ ਲੱਗ ਪਈ ਸੀ ਅਤੇ ਚੰਡੀਗੜ੍ਹ ਦੀਆਂ ਕੁਝ ਸਬੰਧਿਤ ਧਿਰਾਂ ਨੇ ਇਸ ਮਾਮਲੇ ਨੂੰ ਹੱਲ ਕਰਨ ਲਈ ਗੰਭੀਰ ਯਤਨ ਆਰੰਭ ਦਿੱਤੇ। ਇਹਨਾਂ ਯਤਨਾਂ ਵਿੱਚ ਨਾ ਕੇਵਲ ਚੰਡੀਗੜ੍ਹ ਦੇ ਪ੍ਰਸਿੱਧ ਵਕੀਲ ਸ. ਮਨਜੀਤ ਸਿੰਘ ਖਹਿਰਾ, ਸਗੋਂ

Scanned with CamScanner

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਵੀ ਅੱਗੇ ਸਨ। ਪੰਜਾਬ ਦੇ ਖਿਚਾਅ-ਪੂਰਨ ਵਾਤਾਵਰਨ ਨੂੰ ਧਿਆਨ ਵਿੱਚ ਰੱਖਦੇ ਹੋਏ ਇਹੋ ਯੋਗ ਸਮਝਿਆ ਗਿਆ ਕਿ ਕਿਸੇ ਨਾ ਕਿਸੇ ਢੰਗ ਨਾਲ ਸਿੱਖ-ਨਿਰੰਕਾਰੀ ਬਖੇੜਾ ਖਤਮ ਕਰਵਾ ਦਿੱਤਾ ਜਾਏ। ਸ. ਮਨਜੀਤ ਸਿੰਘ ਖਹਿਰਾ ਨਵੇਂ ਨਿਰੰਕਾਰੀ ਮੁਖੀ ਹਰਦੇਵ ਸਿੰਘ ਪਾਸੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਸਵਰਗੀ ਸ. ਗੁਰਦਿਆਲ ਸਿੰਘ ਅਜਨੋਹਾ ਦੇ ਨਾਂ ਇੱਕ ਰਸਮੀ ਚਿੱਠੀ ਪ੍ਰਾਪਤ ਕਰਨ ਵਿੱਚ ਸਫਲ ਵੀ ਹੋ ਗਏ, ਜਿਸ ਵਿੱਚ 'ਸੰਤ ਨਿਰੰਕਾਰੀ ਮੰਡਲ' ਵੱਲੋਂ ਭਰੋਸਾ ਦੁਆਇਆ ਗਿਆ ਸੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਸਤਿਕਾਰ ਕਰਦੇ ਹਨ ਅਤੇ 'ਸੰਤ ਨਿਰੰਕਾਰੀ' ਪੁਸਤਕਾਂ 'ਅਵਤਾਰ ਬਾਣੀ' ਅਤੇ 'ਯੁੱਗ ਪੁਰਸ਼' ਵਿੱਚ ਜੇਕਰ ਕੋਈ ਅਜਿਹੀ ਸਮੱਗਰੀ ਹੋਵੇ, ਜੋ ਸਿੱਖ ਜਜ਼ਬਾਤਾਂ ਨੂੰ ਠੇਸ ਪਹੁੰਚਦੀ ਹੋਵੇ ਤਾਂ ਉਸ ਦੇ ਨਿਪਟਾਰੇ ਲਈ ਉਹ ਦੋਹਾਂ ਧਿਰਾਂ ਦੀ ਇੱਕ ਸਾਂਝੀ ਕਮੇਟੀ ਬਣਾਉਣ ਲਈ ਤਿਆਰ ਹਨ। ਇੱਕ ਪਾਸੇ ਨਿਰੰਕਾਰੀ ਇਸ ਬਖੇੜੇ ਨੂੰ ਹੱਲ ਕਰਨ ਲਈ ਜੱਥੇਦਾਰ ਗੁਰਦਿਆਲ ਸਿੰਘ ਅਜਨੋਹਾ ਨਾਲ ਚਿੱਠੀ ਪੱਤਰ ਕਰ ਰਹੇ ਸਨ ਅਤੇ ਦੂਜੇ ਪਾਸੇ ਉਹ ਸੰਤ ਜਰਨੈਲ ਸਿੰਘ ਜੀ ਨੂੰ ਵੀ ਭਰੋਸੇ ਵਿੱਚ ਲੈਣਾ ਚਾਹੁੰਦੇ ਸਨ ਤਾਂ ਜੋ ਉਨ੍ਹਾਂ ਦੀ ਸੰਤੁਸਟਤਾ ਕਰਵਾਈ ਜਾ ਸਕੇ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਵਰਗੀ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਸਿੱਖ-ਨਿਰੰਕਾਰੀ ਬਖੇੜਾ ਹੱਲ ਕਰਨ ਲਈ ਇੱਕ ਸਮਝੌਤੇ ਦਾ ਖਰੜਾ ਵੀ ਲੈ ਕੇ ਆਏ, ਜਿਸ ਸਬੰਧੀ 'ਨਿਰੰਕਾਰੀ ਮੰਡਲ' ਦੇ ਮੁਖੀਆਂ ਨੇ ਇਹ ਕਿਹਾ ਸੀ ਕਿ ਜੇ ਸੰਤ ਜਰਨੈਲ ਸਿੰਘ ਇਸ ਖਰੜੇ ਨੂੰ ਮੌਖਿਕ ਪ੍ਰਵਾਨਗੀ ਵੀ ਦੇ ਦੇਣ ਤਾਂ ਉਨ੍ਹਾਂ ਦੀ ਸੰਤੁਸ਼ਟੀ ਹੋ ਜਾਏਗੀ। ਪਰੰਤੂ ਇਹ ਗੱਲਬਾਤ ਅਜੇ ਜਾਰੀ ਹੀ ਸੀ ਕਿ 21 ਦਸੰਬਰ 1981 ਈ: ਨੂੰ ਜਥੇਦਾਰ ਸੰਤੋਖ ਸਿੰਘ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੀ ਇੱਕ ਮੈਂਬਰ ਅਤੇ ਉਨ੍ਹਾਂ ਦੇ ਹੀ ਹਮਾਇਤੀ ਸੋਹਣ ਸਿੰਘ ਸੰਧੂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਸੋਹਣ ਸਿੰਘ ਸੰਧੂ ਆਪ ਵੀ ਇਸ ਘਟਨਾ ਵਿੱਚ ਜੱਥੇਦਾਰ ਸੰਤੋਖ ਸਿੰਘ ਦੇ ਅੰਗ ਰੱਖਿਅਕ ਹੱਥੋਂ ਮਾਰਿਆ ਗਿਆ। ਇਸ ਤਰ੍ਹਾਂ ਇਹ ਪ੍ਰਸ਼ਨ ਕਿ ਜੱਥੇਦਾਰ ਸੰਤੋਖ ਸਿੰਘ ਸੰਤ ਜਰਨੈਲ ਸਿੰਘ ਅਤੇ 'ਅਖੌਤੀ ਨਿਰੰਕਾਰੀਆਂ' ਵਿਚਕਾਰ ਕਿਸੇ ਸਮਝੌਤੇ ਦਾ ਆਧਾਰ ਤਿਆਰ ਕਰ ਸਕਦੇ ਜਾਂ ਨਾ, ਇੱਕ ਬੁਝਾਰਤ ਬਣ ਕੇ ਹੀ ਰਹਿ ਗਿਆ। ਇਸ ਦੇ ਬਾਵਜੂਦ ਸੰਤ ਜਰਨੈਲ ਸਿੰਘ ਆਪ ਕਦੇ ਵੀ ਕੋਈ ਅਜਿਹਾ ਸਮਝੌਤਾ ਕਰਨ ਲਈ ਤਿਆਰ ਨਹੀਂ ਹੋਏ ਅਤੇ ਉਨ੍ਹਾਂ ਹਮੇਸ਼ਾ ਇਹੋ ਵਿਚਾਰ ਪ੍ਰਗਟ ਕੀਤਾ ਕਿ ਸਿੱਖ-ਨਿਰੰਕਾਰੀ ਮਸਲੇ ਉੱਤੇ ਰਾਇ ਦੇਣ ਦਾ ਅਧਿਕਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਹੀ ਹੈ, ਕਿਉਂਕਿ ਇਸ ਸਬੰਧ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋ ਚੁੱਕਾ ਸੀ।

ਨਿਰੰਕਾਰੀ ਮੁਖੀ ਹਰਦੇਵ ਸਿੰਘ ਦੀ ਚਿੱਠੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਮਿਲਣ ਉਪਰੰਤ ਉਨ੍ਹਾਂ ਨੇ ਇਸ ਗੰਭੀਰ ਮਸਲੇ ਉਪਰ ਪੂਰੀ ਸੋਚ ਵਿਚਾਰ ਉਪਰੰਤ ਫੈਸਲਾ ਕੀਤਾ ਕਿ ਜੇਕਰ ਅਖੌਤੀ ਨਿਰੰਕਾਰੀਏ ਇਸ ਮਸਲੇ ਨੂੰ ਹੱਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਦੇ ਮੁਖੀ ਨੂੰ ਆਪ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਗੁਰਬਾਣੀ, ਗੁਰੂ ਸਾਹਿਬਾਨਾਂ ਅਤੇ ਸਿੱਖੀ ਸਿਧਾਂਤਾਂ ਵਿਰੁੱਧ ਕੀਤੀਆਂ ਅਪਮਾਨਜਨਕ ਟਿੱਪਣੀਆਂ ਅਤੇ ਲਿਖਤਾਂ ਦੀ ਭੁੱਲ ਬਖਸ਼ਾਉਣ ਲਈ ਤਨਖਾਹ ਲਵਾਉਣੀ ਪਵੇਗੀ ਜੋ ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰੰਪਰਾ ਹੈ। ਸਿੰਘ ਸਾਹਿਬ ਦੇ ਇਨ੍ਹਾਂ ਵਿਚਾਰਾਂ ਦੀ ਉਨ੍ਹਾਂ ਵੱਲੋਂ ਹਾਮੀ ਨਾ ਭਰਨ ਕਾਰਨ ਨਿਰੰਕਾਰੀਆਂ ਵੱਲੋਂ ਸੁਲਾਹ ਦੀ ਇਹ ਪ੍ਰਕ੍ਰਿਆ ਇੱਥੇ ਹੀ ਰੁਕ ਗਈ ਜਿਸ ਕਾਰਨ ਇਹ ਮਸਲਾ ਜਿਉਂ ਦਾ ਤਿਉਂ ਹੀ ਰਹਿ ਗਿਆ।

ਦਰਬਾਰਾ ਸਰਕਾਰ ਵੱਲੋਂ ਸਿੱਖਾਂ 'ਤੇ ਦਮਨਕਾਰੀ ਚੱਕਰ ਅਤੇ ਸੰਤਾਂ ਵੱਲੋਂ ਸਿੱਖ ਹੱਕਾਂ ਦੀ ਪਹਿਰੇਦਾਰੀ

ਦਸੰਬਰ 1981 ਵਿੱਚ ਪੰਜਾਬ ਪੁਲਿਸ ਵਿੱਚ ਰਹੇ ਇੱਕ ਨੌਜਵਾਨ ਸੇਵਾ ਸਿੰਘ ਤਰਮਾਲਾ ਉਪਰ ਝੂਠਾ ਕੇਸ ਪਾ ਕੇ ਉਸ 'ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਿਸ ਕਾਰਨ ਉਹ ਰੂਪੋਸ਼ ਹੋ ਗਿਆ ਤਾਂ ਪੰਜਾਬ ਸਰਕਾਰ ਨੇ 21 ਦਸੰਬਰ ਨੂੰ ਉਸਦੀ ਜ਼ਮੀਨ ਨਿਲਾਮ ਕਰਵਾਉਣ ਦਾ ਆਦੇਸ਼ ਦੇ ਦਿੱਤਾ। ਜਿਸ ਦਾ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਗੰਭੀਰ ਨੋਟਿਸ ਲੈਂਦਿਆਂ ਚਿਤਾਵਨੀ ਦਿੱਤੀ ਕਿ ਅਸੀਂ ਖੁਦ ਤਰਮਾਲਾ ਵਿਖੇ ਸੇਵਾ ਸਿੰਘ ਦੀ ਜ਼ਮੀਨ ਵਾਲੀ ਜਗ੍ਹਾ 'ਤੇ ਜਾਵਾਂਗੇ ਜਿਸ ਨੇ ਵੀ ਸਰਕਾਰ ਵੱਲੋਂ ਤੈਅਸ਼ੁਦਾ ਨੀਤੀ ਤਹਿਤ ਨਿਲਾਮੀ ਦੀ ਬੋਲੀ ਦੇਣੀ ਹੈ ਉਹ ਸੋਚ ਸਮਝ ਕੇ ਉੱਥੇ ਆਵੇ। ਇਸੇ ਤਹਿਤ ਸੰਤ ਭਿੰਡਰਾਂਵਾਲੇ ਨਿਲਾਮੀ ਵਾਲੇ ਸਥਾਨ 'ਤੇ ਗਏ। ਰਸਤੇ ਵਿੱਚ ਜਾਂਦਿਆਂ ਹੀ ਸੰਤਾਂ ਨੂੰ ਇੱਕ

Scanned with CamScanner

ਦੁਖਦਾਈ ਖਬਰ ਮਿਲੀ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਦਾ ਕਤਲ ਕਰ ਦਿੱਤਾ ਗਿਆ ਹੈ। ਖਬਰ ਮਿਲਦਿਆਂ ਹੀ ਸੰਤਾਂ ਦਾ ਪ੍ਰਤੀਕਰਮ ਸੀ ਕਿ ਪੰਥ ਵਿਰੋਧੀ ਸ਼ਕਤੀਆਂ ਬੜੀ ਦੂਰ ਤੱਕ ਆਪਣਾ ਜਾਲ ਵਿਛਾ ਚੁਕੀਆਂ ਹਨ। ਜਥੇਦਾਰ ਸੰਤੋਖ ਸਿੰਘ ਦਾ ਕਤਲ ਕੋਈ ਸਾਧਾਰਨ ਕਤਲ ਨਹੀਂ ਬਲਕਿ ਡੂੰਘੀ ਸਾਜਿਸ਼ ਹੈ। ਇੱਥੇ ਸੰਤਾਂ ਨੇ ਨਾਲ ਦੇ ਸਿੰਘਾਂ ਨੂੰ ਦੱਸਿਆ ਕਿ ਇੱਕ ਵਾਰ ਜਥੇਦਾਰ ਸੰਤੋਖ ਸਿੰਘ ਨੇ ਸਾਨੂੰ ਭਰੋਸਾ ਦਿਵਾਉਂਦਿਆਂ ਬਚਨ ਦਿੱਤਾ ਸੀ ਕਿ ਜਿੰਨੀ ਦੇਰ ਮੇਰੀ ਜ਼ਿੰਦਗੀ ਹੈ ਉਨੀ ਦੇਰ ਤੁਹਾਡੇ ਅਨੁਸਾਰ ਰਹਿ ਕੇ ਸਾਰੀ ਜ਼ਿੰਦਗੀ ਪੰਥ ਦੀ ਸੇਵਾ ਕਰਾਂਗਾ, ਜਿੱਥੇ ਵੀ ਪੰਥਕ ਕਾਰਜ ਹੋਇਆ ਉੱਥੇ ਮੈਂ ਕਦੇ ਵੀ ਪਿੱਛੇ ਨਹੀਂ ਹਟਾਂਗਾ। ਯਾਦ ਰਹੇ ਜਥੇਦਾਰ ਸੰਤੋਖ ਸਿੰਘ ਨੇ ਨਕਲੀ ਨਿਰੰਕਾਰੀ ਕਤਲਕਾਂਡ ਸਮੇਂ ਸੰਤਾਂ ਦੇ ਨਜਦੀਕੀ ਦਰਜਨਾਂ ਸਿੰਘਾਂ ਤੋਂ ਪਾਏ ਗਏ ਝੂਠੇ ਕੇਸਾਂ ਸਮੇਂ ਉਨ੍ਹਾਂ ਦੀ ਹਰ ਤਰ੍ਹਾਂ ਕਾਨੂੰਨੀ ਅਤੇ ਆਰਥਿਕ ਮਦਦ ਕੀਤੀ। ਇਸ ਲਈ ਸੰਤਾਂ ਨੇ ਕਿਹਾ ਕਿ ਜਥੇਦਾਰ ਜੀ ਦੇ ਭੋਗ ਸਮੇਂ ਦਿੱਲੀ ਜ਼ਰੂਰ ਚੱਲਣਾ ਹੈ

ਜਦੋਂ ਸੰਤ ਭਾਈ ਤਰਮਾਲਾ ਦੀ ਜ਼ਮੀਨ ਕੋਲ ਪਹੁੰਚੇ ਤਾਂ ਉੱਥੇ ਸੰਗਤਾਂ ਦਾ ਕਾਫੀ ਵੱਡਾ ਇਕੱਠ ਸੀ ਅਤੇ ਸੰਤਾਂ ਦੀ ਉਡੀਕ ਕੀਤੀ ਜਾ ਰਹੀ ਸੀ। ਸੰਤਾਂ ਨੇ ਜਾਂਦਿਆਂ ਹੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਪਰਿਵਾਰਾਂ ਦੀ ਜ਼ਮੀਨਾਂ ਦੀ ਨਿਲਾਮੀ ਪੰਜਾਬ ਦੇ ਮੁੱਖ ਮੰਤਰੀ ਦੀ ਸਿੱਖਾਂ ਸਿਰ ਨਵੀਂ ਭਾਜੀ ਹੈ ਪਰ ਮੈਂ ਸਭਨਾਂ ਨੂੰ ਬੇਨਤੀ ਕਰਦਾ ਹਾਂ ਕਿ ਅੱਜਹੀਆਂ ਕੋਝੀਆਂ ਚਾਲਾਂ ਦਾ ਕਿਸੇ ਵੀ ਵਿਅਕਤੀ ਨੂੰ ਸ਼ਾਥ ਨਹੀਂ ਦੇਣਾ ਚਾਹੀਦਾ। ਸੰਤਾਂ ਦੇ ਉੱਥੇ ਜਾਣ ਦਾ ਅਸਰ ਇਹ ਹੋਇਆ ਕਿ ਨਾ ਤਾਂ ਪੰਜਾਬ ਸਰਕਾਰ ਦਾ ਕੋਈ ਅਧਿਕਾਰੀ ਹੀ ਬੋਲੀ ਕਰਾਉਣ ਉੱਥੇ ਗਿਆ ਅਤੇ ਨਾ ਹੀ ਕੋਈ ਵਿਅਕਤੀ ਬੋਲੀ ਦੇਣ ਲਈ ਉੱਥੇ ਹਾਜ਼ਰ ਹੋਇਆ।

ਜਥੇਦਾਰ ਸੰਤੋਖ ਸਿੰਘ ਦਿੱਲੀ ਵਾਲਿਆਂ ਦਾ ਭੋਗ

ਦਸੰਬਰ 1981 ਨੂੰ ਸੰਤ ਭਿੰਡਰਾਂਵਾਲਿਆਂ ਦੇ ਸਹਿਯੋਗੀਆਂ ਵਿੱਚੋਂ ਖਾਸ ਗਿਣੇ ਜਾਂਦੇ ਦਿੱਲੀ ਅਕਾਲੀ ਦਲ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਦਾ ਕਤਲ ਕਰ ਦਿੱਤਾ ਗਿਆ। ਜਿਸ ਪਿੱਛੇ ਪੰਜਾਬ ਅਤੇ ਦਿੱਲੀ ਦੇ ਕੁੱਝ ਰਾਜਸੀ ਲੋਕਾਂ ਦੀ ਮਿਲੀਭੁਗਤ ਸੀ। ਇਹ ਇੱਕ ਅਲੱਗ ਵਿਸ਼ਾ ਹੈ। 3 ਜਨਵਰੀ 1982 ਨੂੰ ਉਨ੍ਹਾਂ ਦੀ ਆਤਮਿਕ ਸ਼ਾਂਤੀ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਉਨ੍ਹਾਂ ਦੀ ਕੋਠੀ ਗਰੇਟਰ ਕਲਾਸ ਨਵੀਂ ਦਿੱਲੀ ਵਿਖੇ ਪਾਇਆ ਗਿਆ। ਕੀਰਤਨ ਤੋਂ ਬਾਅਦ ਸ਼ਰਧਾਂਜਲੀ ਸਮਾਗਮ ਦਾ ਪ੍ਰੋਗਰਾਮ ਸੀ। ਇੱਥੇ ਉਨ੍ਹਾਂ ਦੇ ਪਰਿਵਾਰ ਤੋਂ ਇਲਾਵਾ ਬਹੁਤ ਪ੍ਰਭਾਵਸ਼ਾਲੀ ਧਾਰਮਿਕ ਅਤੇ ਰਾਜਨੀਤਿਕ ਵਿਅਕਤੀਆਂ ਨੇ ਇਸ ਸਮੇਂ ਪਹੁੰਚਣਾ ਸੀ। ਸੰਤ ਭਿੰਡਰਾਂਵਾਲਿਆਂ ਨੇ ਸਵਰਗੀ ਜਥੇਦਾਰ ਸੰਤੋਖ ਸਿੰਘ ਦੇ ਭੋਗ ਸਮੇਂ ਪਹੁੰਚਣ ਲਈ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਸਾਨੂੰ ਕਰਵਾਇਆ। ਇਸ ਗੱਲ ਦਾ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਵੀ ਪਤਾ ਲੱਗ ਚੁੱਕਾ ਸੀ ਕਿ ਸੰਤ ਭਿੰਡਰਾਂਵਾਲੇ ਸਵਰਗੀ ਜਥੇਦਾਰ ਸੰਤੋਖ ਸਿੰਘ ਦੇ ਭੋਗ 'ਤੇ ਜ਼ਰੂਰ ਆਉਣਗੇ। ਉਸ ਸਮੇਂ ਗਿਆਨੀ ਜੈਲ ਸਿੰਘ ਕੇਂਦਰ ਵਿੱਚ ਗ੍ਰਹਿ ਮੰਤਰੀ ਸੀ ਤਾਂ ਇੰਦਰਾ ਗਾਂਧੀ ਵੱਲੋਂ ਗਿਆਨੀ ਜੈਲ ਸਿੰਘ ਨੂੰ ਹੁਕਮ ਦਿੱਤਾ ਗਿਆ ਕਿ ਹਰ ਹਾਲਤ ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਇਸ ਭੋਗ ਵਿੱਚ ਸ਼ਿਰਕਤ ਕਰਨ ਤੋਂ ਰੋਕਿਆ ਜਾਵੇ। ਗਿਆਨੀ ਜੈਲ ਸਿੰਘ ਨੇ ਸਵਰਗੀ ਜਥੇਦਾਰ ਸੰਤੋਖ ਸਿੰਘ ਦੇ ਪੁੱਤਰ ਸਰਦਾਰ ਮਨਜੀਤ ਸਿੰਘ ਨੂੰ ਟੈਲੀਫੋਨ 'ਤੇ ਪੁੱਛਿਆ ਕਿ ਕੀ ਸੰਤ ਜਰਨੈਲ ਸਿੰਘ ਜੀ ਖਾਲਸਾ ਭੋਗ ਸਮੇਂ ਪਹੁੰਚ ਰਹੇ ਹਨ? ਤਾਂ ਸਰਦਾਰ ਮਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਸੰਦੇਸ਼ ਮਿਲਿਆ ਹੈ ਕਿ ਉਹ ਭੋਗ ਸਮੇਂ ਪਹੁੰਚ ਕੇ ਸ਼ਰਧਾਂਜਲੀ ਸਮਾਗਮ ਵਿੱਚ ਹਾਜ਼ਰੀ ਲਗਵਾਉਣਗੇ ਤਾਂ ਗ੍ਰਹਿ ਮੰਤਰੀ ਨੇ ਆਪਣੇ ਸਰਕਾਰੀ ਰੁਤਬੇ ਦਾ ਡਰਾਵਾ ਦਿੰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਹੀਂ ਚਾਹੁੰਦੇ ਕਿ ਉਹ ਜਥੇਦਾਰ ਦੇ ਭੋਗ 'ਤੇ ਆਉਣ ਇਸ ਲਈ ਹਰ ਹਾਲਤ ਵਿੱਚ ਉਨ੍ਹਾਂ ਨੂੰ ਰੋਕਿਆ ਜਾਵੇ ਤਾਂ ਸਰਦਾਰ ਮਨਜੀਤ ਸਿੰਘ ਨੇ ਕਿਹਾ ਕਿ ਮੇਰੇ ਘਰ ਵਿੱਚ ਕੋਈ ਖੁਸ਼ੀ ਦਾ ਸਮਾਗਮ ਨਹੀਂ ਹੈ ਜਿਸ ਲਈ ਮੈਂ ਆਮ ਜਾਂ ਖਾਸ ਲੋਕਾਂ ਨੂੰ ਸੱਦਾ ਪੱਤਰ ਭੇਜ ਰਿਹਾ ਹੋਵਾਂ ਬਲਕਿ ਮੇਰੇ ਸੰਤਿਕਾਰਯੋਗ ਪਿਤਾ ਦਾ ਭੋਗ ਹੈ ਇਸ 'ਤੇ ਮੈਂ ਕਿਸੇ ਨੂੰ ਵੀ ਆਉਣ ਤੋਂ ਕਿਵੇਂ ਰੋਕ ਸਕਦਾ ਹਾਂ। ਫਿਰ ਸੰਤ ਭਿੰਡਰਾਂਵਾਲਿਆਂ ਦਾ ਮੇਰੇ ਪਿਤਾ ਜੀ ਨਾਲ ਬਹੁਤ ਹੀ ਸੁਖਾਵਾਂ ਤੇ ਨੇੜਲਾ ਸਬੰਧ ਹੋਣ ਕਾਰਨ ਉਹ ਭੋਗ ਸਮਾਗਮ ਵਿੱਚ ਜ਼ਰੂਰ ਪਹੁੰਚਣਗੇ ਤਾਂ ਗ੍ਰਹਿ ਮੰਤਰੀ ਨੇ ਕਿਹਾ ਜੇਕਰ ਅਜਿਹਾ ਹੋਇਆ ਤਾਂ ਤੈਨੂੰ ਅਤੇ ਤੇਰੇ ਪਰਿਵਾਰ ਨੂੰ ਕੇਂਦਰ

Scanned with CamScanner

ਸਰਕਾਰ ਦੀ ਨਰਾਜ਼ਗੀ ਝੱਲਣੀ ਪਵੇਗੀ ਤਾਂ ਅੰਗੋ ਮਨਜੀਤ ਸਿੰਘ ਨੇ ਕਿਹਾ ਜੋ ਵੀ ਹੋਵੇਗਾ ਵੇਖੀ ਜਾਵੇਗੀ ਪਰ ਭੋਗ ਸਮਾਗਮ ਵਿੱਚ ਕੋਈ ਵੀ ਆ ਸਕਦਾ ਹੈ ਮੈਂ ਕਿਸੇ ਨੂੰ ਵੀ ਨਹੀਂ ਰੋਕਾਂਗਾ। ਇਸ ਭੋਗ ਸਮਾਗਮ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਪਹੁੰਚੇ ਅਤੇ ਭੋਗ ਸਮੇਂ ਆਏ ਹੋਏ ਸ੍ਰੀ ਮੁੱਖਵਾਕ ਦੀ ਕਥਾ ਵਿਆਖਿਆ ਵੀ ਕੀਤੀ ਅਤੇ ਸੁਬਾਵਕ ਆਪਣੇ ਵਿਖਿਆਨ ਅੰਦਰ ਜਿਥੇ ਸਵਰਗੀ ਜਥੇਦਾਰ ਸੰਤੋਖ ਸਿੰਘ ਜੀ ਦੀ ਕੁਰਬਾਨੀ ਅਤੇ ਪੰਥਕ ਸੇਵਾ ਦਾ ਜ਼ਿਕਰ ਕੀਤਾ, ਉਥੇ ਦੇਸ਼ ਦੀ ਕਾਂਗਰਸ ਸਰਕਾਰ ਵੱਲੋਂ ਸਿੱਖਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਦਾ ਵੀ ਪਰਦਾਫਾਸ਼ ਕੀਤਾ। ਸੰਤਾਂ ਨੇ ਆਖਿਆ ਕਿ ਇਸ ਦੁਨੀਆਂ ਤੋਂ ਸਮੇਂ ਅਨੁਸਾਰ ਸਭ ਨੇ ਚਲੇ ਜਾਣਾ ਹੈ ਪਰ ਜਥੇਦਾਰ ਸੰਤੋਖ ਸਿੰਘ ਵਾਂਗ ਪੰਥਕ ਕਾਰਜਾਂ ਲਈ ਡੱਟ ਕੇ ਪਹਿਰਾ ਦੇਣਾ ਕਿਸੇ ਕਿਸੇ ਦੇ ਹਿੱਸੇ ਆਇਆ ਹੈ। ਉਨ੍ਹਾਂ ਗਿਆਨੀ ਜੈਲ ਸਿੰਘ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਕਈ ਲੋਕ ਚਾਪਲੂਸੀਆਂ ਤਹਿਤ ਵੱਡੇ-ਵੱਡੇ ਅਹੁਦੇ ਅਤੇ ਰੁਤਬੇ ਹਾਸਲ ਕਰ ਸਕਦੇ ਹਨ ਪਰ ਜਥੇਦਾਰ ਸੰਤੋਖ ਸਿੰਘ ਵਾਂਗ ਪੰਥਕ ਸੇਵਾ ਕਰਕੇ ਪੰਥਕ ਹਲਕਿਆਂ ਵਿੱਚ ਸਤਿਕਾਰ ਵਿਰਲੇ ਹੀ ਪ੍ਰਾਪਤ ਕਰਦੇ ਹਨ। ਸਮਾਂ ਆਪਣੀ ਚਾਲ ਚੱਲਦਾ ਹੈ ਭਾਵੇਂ ਕੋਈ ਲੋਕਾਂ ਨੂੰ ਵਿਖਾਉਣ ਲਈ ਆਪਣੀਆਂ ਦਾੜ੍ਹੀਆਂ ਨੂੰ ਰੰਗ ਲਾ ਕੇ ਕਾਲਾ ਕਰ ਲਵੇ ਪਰ ਬੁਢਾਪਾ ਆਉਣ ਤੋਂ ਕੋਣ ਰੋਕ ਸਕਦਾ ਹੈ। ਇਸ ਲਈ ਮੂੰਹ ਕਾਲੇ ਕਰਨ ਦੀ ਥਾਂ 'ਤੇ ਇਸ ਦੁਨੀਆਂ ਤੋਂ ਉੱਜਲੇ ਮੁੱਖ ਲੈ ਕੇ ਜਾਣ ਲਈ ਅਤੇ ਉੱਜਲ ਜਸ ਪ੍ਰਾਪਤ ਕਰਨ ਲਈ ਨਿਰਮਲ ਕਰਮ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਸੰਤਾਂ ਨੇ ਸਿੱਧੇ ਢੰਗ ਨਾਲ ਸਪੱਸ਼ਟ ਗੱਲਾਂ ਕਹੀਆਂ ਜਿਸ ਨੂੰ ਦਿੱਲੀ ਦੇ ਸੂਝਵਾਨ ਲੋਕਾਂ ਨੇ ਬਹੁਤ ਧਿਆਨ ਨਾਲ ਸੁਣਿਆ ਅਤੇ ਪੰਜਾਬ ਦੇ ਹਲਾਤਾਂ ਨੂੰ ਸਮਝਣ ਦਾ ਯਤਨ ਕੀਤਾ ਤੇ ਪੰਜਾਬ ਪ੍ਰਤੀ ਕੇਂਦਰ ਸਰਕਾਰ ਦੀ ਬਦਨੀਅਤ ਦਾ ਵੀ ਪਤਾ ਲੱਗਾ। ਪਰ ਸੱਚਾਈ ਨੂੰ ਨਾ ਸਹਾਰਦਿਆਂ ਗਿਆਨੀ ਜੈਲ ਸਿੰਘ ਚੱਲਦੇ ਸਮਾਗਮ ਵਿੱਚੋਂ ਹੀ ਉੱਠ ਕੇ ਚਲੇ ਗਏ। ਇਸ ਤਰ੍ਹਾਂ ਸੰਤਾਂ ਨੇ ਅਖੰਡ ਪਾਠ ਦੇ ਭੋਗ ਉਪਰੰਤ ਆਏ ਹੋਏ ਸ੍ਰੀ ਮੁੱਖਵਾਕ ਦੀ ਕਥਾ ਵੀ ਕੀਤੀ ਅਤੇ ਨਿਸ਼ਚਤ ਕੀਤੇ ਸਮੇਂ ਅੰਦਰ ਸਮਾਪਤੀ ਕਰਦਿਆਂ ਕਿਹਾ ਕਿ ਇਨਾ ਹੀ ਸਮਾਂ ਦਾਸ ਨੂੰ ਦਿੱਤਾ ਗਿਆ ਸੀ। ਇਹ ਲਫਜ਼ ਕਹੇ ਤਾਂ ਸੰਗਤ ਵਿੱਚ ਬੈਠੇ ਬਹੁਤ ਸਾਰੇ ਸੂਝਵਾਨ ਲੋਕਾਂ ਨੇ ਆਪਣੀਆਂ ਘੜੀਆਂ ਵੱਲ ਵੇਖਿਆ ਕਿਉਂਕਿ ਉਹ ਸੰਤਾਂ ਨੂੰ ਸੁਨਣ ਵਿੱਚ ਇਨੇ ਮਗਨ ਸਨ ਕਿ ਪਤਾ ਵੀ ਨਾ ਲੱਗਾ ਕਿ ਇਨਾ ਸਮਾਂ ਬੀਤ ਗਿਆ ਹੈ। ਇਸ ਤੋਂ ਬਾਅਦ ਇੱਕ ਵਿਸ਼ੇਸ਼ ਸਮਾਗਮ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਵੀ ਰੱਖਿਆ ਗਿਆ ਸੀ ਜਿੱਥੇ ਕਈ ਸੰਤ ਮਹਾਪੁਰਖਾਂ, ਧਾਰਮਿਕ ਸਖਸ਼ੀਅਤਾਂ, ਬੁੱਧੀਜੀਵੀਆਂ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆ ਜਥੇਦਾਰ ਸੰਤੋਖ ਸਿੰਘ ਨੂੰ ਸ਼ਰਧਾਂਜਲੀਆਂ ਅਰਪਿਤ ਕੀਤੀਆਂ। ਇਸ ਮੌਕੇ ਸਵਰਗੀ ਜਥੇਦਾਰ ਜੀ ਦੇ ਸਪੁੱਤਰ ਸ. ਮਨਜੀਤ ਸਿੰਘ ਨੇ ਆਪਣੇ ਪਿਤਾ ਦੇ ਪੂਰਨਿਆਂ 'ਤੇ ਤੁਰਦਿਆਂ ਆਪਣਾ ਜੀਵਨ ਪੰਥ ਸੇਵਾ ਚਿੱਤ ਲਾਉਣ ਦੀ ਪ੍ਰਤਿੱਗਿਆ ਕੀਤੀ ਅਤੇ ਸੰਤ ਭਿੰਡਰਾਂਵਾਲਿਆਂ ਨੇ ਜਥੇਦਾਰ ਸੰਤੋਖ ਸਿੰਘ ਦੀਆਂ ਜ਼ਿੰਮੇਵਾਰੀਆਂ ਦੀ ਦਸਤਾਰ ਸ. ਮਨਜੀਤ ਸਿੰਘ ਦੇ ਸਿਰ ਸਜਾ ਦਿੱਤੀ।

ਵਰਨਣਯੋਗ ਹੈ ਕਿ ਜਥੇਦਾਰ ਸੰਤੋਖ ਸਿੰਘ ਦੇ ਘਰ ਗਰੇਟਰ ਕਲਾਸ ਦਿੱਲੀ ਵਿਖੇ ਸਵੇਰੇ ਪਾਏ ਗਏ ਭੋਗ ਤੋਂ ਬਾਅਦ ਦਿੱਲੀ ਪੁਲਿਸ ਦਾ ਕਮਿਸ਼ਨਰ ਸ. ਪ੍ਰੀਤਮ ਸਿੰਘ ਭਿੰਡਰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸੰਤ ਬਾਬਾ ਹਰਬੰਸ ਜੀ ਕਾਰਸੇਵਾ ਵਾਲਿਆਂ ਦੇ ਡੇਰੇ ਸੰਤਾਂ ਕੋਲ ਪਹੁੰਚਾਇਆ। ਉਸ ਨੇ ਆਪਣੇ ਬਾਰੇ ਸਿੱਖਾਂ ਨੂੰ ਦੱਸਿਆ ਅਤੇ ਸੰਤਾਂ ਨੂੰ ਮਿਲਣ ਬਾਰੇ ਕਿਹਾ। ਸੰਤਾਂ ਨੂੰ ਮਿਲ ਕੇ ਉਸ ਨੇ ਦੱਸਿਆ ਕਿ ਮੈਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਭੇਜਿਆ ਹੈ ਉਹ ਤੁਹਾਨੂੰ ਮਿਲਣਾ ਚਾਹੁੰਦੇ ਹਨ। ਇਸ ਲਈ ਤੁਸੀਂ ਕੁੱਝ ਸਮਾਂ ਜ਼ਰੂਰ ਕੱਢੋ ਤਾਂ ਕਿ ਉਨ੍ਹਾਂ ਨਾਲ ਸਿੱਖ ਮਸਲਿਆਂ ਉਪਰ ਵਿਚਾਰ ਕੀਤੀ ਜਾ ਸਕੇ। ਸੰਤਾਂ ਨੇ ਉਸ ਨੂੰ ਕਿਹਾ ਕਿ ਜਦੋਂ ਉਹ ਚਾਹੁਣ ਇਥੇ ਸੰਤ ਬਾਬਾ ਹਰਬੰਸ ਸਿੰਘ ਜੀ ਦੇ ਡੇਰੇ ਆ ਜਾਣ ਜਾਂ ਸ਼ਾਮ ਦੇ ਪ੍ਰੋਗਰਾਮ ਸਮੇਂ ਗੁਰਦੁਆਰਾ ਰਕਾਬਗੰਜ ਸਾਹਿਬ ਆ ਜਾਣ ਜਾਂ ਜਿੱਥੇ-ਜਿੱਥੇ ਵੀ ਦਿੱਲੀ ਦੀਆਂ ਸੰਗਤਾਂ ਨੇ ਜੱਥੇ ਦੇ ਪ੍ਰੋਗਰਾਮ ਉਲੀਕੇ ਹਨ ਉਥੇ ਕਿਸੇ ਵੀ ਗੁਰਦੁਆਰੇ ਵਿਖੇ ਉਹ ਆ ਸਕਦੇ ਹਨ ਅਤੇ ਜੇ ਫਿਰ ਕਿਸੇ ਸਮੇਂ ਆਉਣਾ ਹੋਵੇ ਤਾਂ ਉਹ ਦਮਦਮੀ ਟਕਸਾਲ ਦੇ ਕੇਂਦਰੀ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਵੀ ਆ ਸਕਦੇ ਹਨ। ਸੰਤਾਂ ਤੋਂ ਇਹ ਗੱਲ ਸੁਣ ਕੇ ਸ. ਭਿੰਡਰ ਨੇ ਕਿਹਾ ਕਿ ਇੱਥੇ ਨੇੜੇ ਹੀ ਕਿਸੇ ਕੋਠੀ ਵਿਖੇ ਤੁਹਾਡੀ ਮੀਟਿੰਗ ਦਾ ਪ੍ਰਬੰਧ ਕਰ ਦਿੰਦੇ ਹਾਂ ਤਾਂ ਸੰਤਾਂ ਨੇ ਕਿਹਾ ਕਿ ਅਸੀਂ ਕਿਹੜਾ ਕੋਈ ਗੁਪਤ ਵਾਰਤਾ

Scanned with CamScanner

ਕਰਨੀ ਹੈ। ਸਿੱਖਾਂ ਦੀ ਸਮੱਸਿਆ ਜੱਗ ਜ਼ਾਹਿਰ ਹੈ ਜਿੱਥੇ ਮੈਂ ਦੱਸਿਆ ਹੈ, ਉਨ੍ਹਾਂ 'ਚੋਂ ਕਿਸੇ ਥਾਂ 'ਤੇ ਵੀ ਬੈਠ ਕੇ ਵਿਚਾਰ ਹੋ ਸਕਦੀ ਹੈ। ਉਸ ਤੋਂ ਇਲਾਵਾ ਮੈਂ ਕਿਸੇ ਕੋਠੀ ਜਾਂ ਕਿਸੇ ਵਿਸ਼ੇਸ਼ ਥਾਂ 'ਤੇ ਜਾ ਕੇ ਨਹੀਂ ਮਿਲਾਂਗਾ। ਸ. ਭਿੰਡਰ ਨੇ ਸੰਤਾਂ ਦੀਆਂ ਵਿਚਾਰਾਂ ਤੋਂ ਇੰਦਰਾ ਗਾਂਧੀ ਨੂੰ ਜਾਣੂੰ ਕਰਵਾਇਆ ਇਸ ਦੇ ਨਾਲ ਹੀ ਉਨ੍ਹਾਂ ਨੇ ਕੇਂਦਰੀ ਮੰਤਰੀ ਸ. ਬੂਟਾ ਸਿੰਘ, ਗਿਆਨੀ ਜੈਲ ਸਿੰਘ ਨੂੰ ਵੀ ਇਸ ਬਾਰੇ ਦੱਸਿਆ। ਇਸ ਤੋਂ ਬਾਅਦ ਵੀ ਦੋ-ਤਿੰਨ ਵਾਰੀ ਸ. ਪ੍ਰੀਤਮ ਸਿੰਘ ਭਿੰਡਰ ਨੇ ਸੰਤਾਂ ਨੂੰ ਮਿਲ ਕੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਸਕਿਉਰਿਟੀ ਦਾ ਫਿਕਰ ਕਰਦਿਆਂ ਸੰਤਾਂ ਨੂੰ ਮਨਾਉਣ ਦਾ ਯਤਨ ਕੀਤਾ ਕਿ ਉਹ ਸਾਡੇ ਵੱਲੋਂ ਤੈਅ ਕੀਤੀ ਜਗ੍ਹਾ 'ਤੇ ਮਿਲਣ ਲਈ ਮੰਨ ਜਾਣ ਤਾਂ ਸੰਤਾਂ ਨੇ ਪਹਿਲਾਂ ਵਾਲਾ ਹੀ ਉੱਤਰ ਦਿੱਤਾ ਅਤੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਸੰਗਤ ਵਿੱਚ ਆ ਕੇ ਮਿਲਣ ਲਈ ਕਿਸੇ ਵੀ ਗੱਲੋਂ ਸੰਕੋਚ ਨਾ ਕਰਨ। ਸੰਗਤ ਦਾ ਰੁਤਬਾ ਬਹੁਤ ਵੱਡਾ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਨੂੰ ਮੁੱਖ ਰੱਖ ਕੇ ਵੀ ਕਿਸੇ ਗੱਲੋਂ ਕੋਈ ਫਿਕਰ ਕਰਨ ਦੀ ਲੋੜ ਨਹੀਂ। ਪਰ ਸ੍ਰੀਮਤੀ ਇੰਦਰਾ ਗਾਂਧੀ ਆਪ ਸੰਤਾਂ ਕੋਲ ਚੱਲ ਕੇ ਜਾਣ ਨੂੰ ਆਪਣੀ ਹੇਠੀ ਸਮਝਦੀ ਸੀ। ਜਿਸ ਕਾਰਨ ਉਨ੍ਹਾਂ ਨਾਲ ਕੋਈ ਮੀਟਿੰਗ ਨਹੀਂ ਹੋ ਸਕੀ।

ਸੰਤ ਭਿੰਡਰਾਂਵਾਲੇ ਇਸ ਗੱਲ ਤੋਂ ਚੰਗੀ ਤਰ੍ਹਾਂ ਸੁਚੇਤ ਸਨ ਕਿ ਜੇਕਰ ਕੇਂਦਰ ਸਰਕਾਰ ਸਿੱਖਾਂ ਦੇ ਮਸਲੇ ਨੂੰ ਢਿੱਲੇ ਨਿਬੇੜਣਾ ਚਾਹੁੰਦੀ ਹੋਵੇਗੀ ਤਾਂ ਫਿਰ ਮੀਟਿੰਗ ਦੇ ਸਥਾਨ ਦੀ ਕੋਈ ਗੱਲ ਨਹੀਂ ਹੁੰਦੀ। ਫਿਰ ਤਾਂ ਜ਼ਰੂਰ ਇਥੇ ਬਾਬਾ ਹਰਬੰਸ ਸਿੰਘ ਦੇ ਡੇਰੇ ਆ ਕੇ ਹੀ ਮੀਟਿੰਗ ਕਰ ਲੈਣਗੇ ਨਹੀਂ ਤਾਂ ਆਨੇ ਬਹਾਨੇ ਸਿੱਖ ਸੰਗਤਾਂ ਵਿੱਚ ਇਸ ਗੱਲ ਨੂੰ ਪ੍ਰਚਾਰਨਗੇ ਕਿ ਭਿੰਡਰਾਂਵਾਲਾ ਸਾਨੂੰ ਮਿਲਣ ਵਾਸਤੇ ਸਾਡੇ ਮਗਰ-ਮਗਰ ਫਿਰਦਾ ਹੈ। ਇਸੇ ਲਈ ਸੰਤਾਂ ਨੇ ਮੀਟਿੰਗ ਲਈ ਉਪਰੋਕਤ ਸਥਾਨ ਨਿਸ਼ਚਿਤ ਕਰਨ ਲਈ ਕਿਹਾ ਸੀ।

ਸੰਤ ਭਿੰਡਰਾਂਵਾਲੇ ਜਥੇਦਾਰ ਤਲਵੰਡੀ ਨੂੰ ਤਿਹਾੜ ਜੇਲ੍ਹ 'ਚ ਮਿਲਣ ਗਏ

4 ਜਨਵਰੀ 1982 ਨੂੰ ਸੰਤ ਜੀ ਤਿਹਾੜ ਜੇਲ੍ਹ ਵਿਖੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਮਿਲਣ ਗਏ, ਜਿਸ ਬਾਰੇ ਦਿੱਲੀ ਨਿਵਾਸੀ ਸਿੱਖ ਆਗੂਆਂ ਨੇ ਜੇਲ੍ਹ ਅਧਿਕਾਰੀਆਂ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ, ਜਿਵੇਂ ਹੀ ਸੰਤ ਜੀ ਤਿਹਾੜ ਜੇਲ੍ਹ ਦੀ ਡਿਉਢੀ ਵਿੱਚ ਦਾਖਲ ਹੋਏ ਤਾਂ ਜਥੇਦਾਰ ਤਲਵੰਡੀ ਉਨ੍ਹਾਂ ਨੂੰ ਪਹਿਲਾ ਹੀ ਉਡੀਕ ਰਹੇ ਸਨ, ਜੋ ਸੰਤਾਂ ਨੂੰ ਵੇਖਦਿਆਂ ਹੀ ਨਮਸਕਾਰ ਕਰਨ ਲਈ ਝੁੱਕ ਕੇ ਸੰਤਾਂ ਦੇ ਪੈਰੀਂ ਹੱਥ ਲਾਉਣ ਲੱਗੇ। ਜਿਸ ਨੂੰ ਸੰਤਾਂ ਨੇ ਕਾਹਲੀ ਨਾਲ ਫੜ੍ਹ ਕੇ ਉਠਾਇਆ ਅਤੇ ਆਪਣੀ ਗਲਵੱਕੜੀ ਵਿੱਚ ਲੈ ਲਿਆ ਅਤੇ ਕੁੱਝ ਨਾਰਾਜ਼ਗੀ ਵੀ ਜ਼ਾਹਿਰ ਕੀਤੀ ਤੇ ਕਿਹਾ ਕਿ ਜਥੇਦਾਰ ਜੀ ਕਿਸੇ ਵਿਅਕਤੀ ਦੇ ਪੈਰੀਂ ਹੱਥ ਨਹੀਂ ਲਾਈਦੇ ਬਲਕਿ ਗੁਰੂ ਦੀ ਬਖਸ਼ੀ ਫ਼ਤਿਹ ਬੁਲਾਉਣ ਵਿੱਚ ਹੀ ਗੁਰਸਿੱਖਾਂ ਦਾ ਆਪਸੀ ਮਾਣ-ਸਨਮਾਨ ਹੈ, ਫਿਰ ਆਪਾਂ ਤਾਂ ਗੁਰਭਾਈ ਹਾਂ। ਸੰਤਾਂ ਤੋਂ ਇਹ ਬਚਨ ਸੁਣਦਿਆਂ ਜਥੇਦਾਰ ਤਲਵੰਡੀ ਦੀਆਂ ਅੱਖਾਂ ਨਮ ਹੋ ਗਈਆਂ ਤੇ ਉਸ ਨੇ ਕਿਹਾ ਇਹੀ ਕਿ ਤੁਹਾਡਾ ਵਡੱਪਣ ਹੈ। ਇਹ ਦ੍ਰਿਸ਼ ਵੇਖਣ ਹੀ ਵਾਲਾ ਸੀ। ਸੰਤਾਂ ਨੇ ਜਥੇਦਾਰ ਤਲਵੰਡੀ ਨੂੰ ਦ੍ਰਿੜ੍ਹਤਾ ਸਹਿਤ ਲਾਏ ਮੋਰਚੇ ਲਈ ਸ਼ਾਬਾਸ਼ ਵੀ ਦਿੱਤੀ ਅਤੇ ਕੁੱਝ ਸਮਾਂ ਆਪਸ ਵਿੱਚ ਗੱਲਬਾਤ ਕਰਨ ਤੋਂ ਬਾਅਦ ਵਾਪਸ ਪਰਤ ਆਏ। ਪਰ ਜਥੇਦਾਰ ਤਲਵੰਡੀ ਗੰਭੀਰਤਾ ਨਾਲ ਸੋਚਣ ਲੱਗੇ ਕਿ ਸੰਤ ਜੀ ਨਿਰਵੈਰ ਹਸਤੀ ਤੇ ਅਸੂਲਾਂ ਦੇ ਪੱਕੇ ਹਨ। ਇਸੇ ਲਈ 1978 ਦੀ ਲੁਧਿਆਣਾ ਅਕਾਲੀ ਕਾਨਫਰੰਸ ਸਮੇਂ ਉਨ੍ਹਾਂ ਜੋ ਵੀ ਕੁੱਝ ਮੇਰੇ ਬਾਰੇ ਕਿਹਾ ਉਹ ਗੁਰਮਤਿ ਅਸੂਲਾਂ ਅਨੁਸਾਰ ਸੀ। ਇਸ ਦੇ ਬਾਵਜੂਦ ਮੈਂ ਉਨ੍ਹਾਂ ਨੂੰ ਬਹੁਤ ਵੱਧ-ਘੱਟ ਵੀ ਬੋਲ ਦਿੱਤਾ ਪਰ ਵਿਅਕਤੀਗਤ ਬੋਲੇ ਗਏ ਕੌੜੇ ਬੋਲਾਂ ਨੂੰ ਉਨ੍ਹਾਂ ਰੱਤੀ ਭਰ ਵੀ ਮਨ ਵਿੱਚ ਨਹੀਂ ਰੱਖਿਆ ਸਗੋਂ ਕੌਮੀ ਹੱਕਾਂ ਲਈ ਲਾਏ ਗਏ ਮੋਰਚੇ ਕਾਰਨ ਮੈਨੂੰ ਇੱਥੇ ਜੇਲ੍ਹ ਵਿੱਚ ਵਿਸ਼ੇਸ਼ ਤੌਰ 'ਤੇ ਮਿਲਣ ਲਈ ਆਏ ਹਨ। ਦਮਦਮੀ ਟਕਸਾਲ ਦਾ ਸਿੱਖਾਂ ਵਿੱਚ ਵਿਸ਼ੇਸ਼ ਸਥਾਨ ਹੈ ਇਸ ਲਈ ਟਕਸਾਲ ਮੁਖੀ ਦਾ ਮੈਨੂੰ ਇੱਥੇ ਆ ਕੇ ਮਿਲਣਾ ਮੋਰਚੇ ਲਈ ਮਾਣ ਵਾਲੀ ਗੱਲ ਹੈ।

ਲਾਲ ਕਿਲ੍ਹੇ 'ਤੇ ਝੰਡਾ ਝੁਲਾਉਣ ਬਾਰੇ ਬਚਨ

5 ਜਨਵਰੀ 1982 ਨੂੰ ਸਵੇਰੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਮੱਥਾ ਟੇਕ ਕੇ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਦੇ ਦਰਸ਼ਨ ਦੀਦਾਰ ਕਰਨ ਲਈ ਜਥਾ ਚੱਲਿਆ। ਰਸਤੇ ਵਿੱਚ ਜਾਂਦਿਆਂ ਜਾਮਾ ਮਸਜਿਦ ਦੇ ਨੇੜੇ

Scanned with CamScanner

ਲਾਲ ਬੱਤੀਆਂ 'ਤੇ ਗੱਡੀਆਂ ਰੁਕੀਆਂ ਹੋਈਆਂ ਸਨ। ਸੰਤਾਂ ਵਾਲੀ ਮਿੰਨੀ ਬੱਸ ਵਿੱਚ ਪੰਦਰਾਂ ਕੁ ਸਿੰਘ ਸਵਾਰ ਸਨ ਜਿਨ੍ਹਾਂ ਵਿੱਚ ਸ. ਤੇਜਵੰਤ ਸਿੰਘ, ਸ. ਜਗੀਰ ਸਿੰਘ ਧੀਰਾਪੱਤੜਾ, ਜਥੇਦਾਰ ਰਾਮ ਸਿੰਘ ਸੁਲਤਾਨਪੁਰੀ, ਭਾਈ ਸੁਰਜੀਤ ਸਿੰਘ ਰਾਗੀ, ਭਾਈ ਰਾਮ ਸਿੰਘ ਰਾਗੀ, ਭਾਈ ਗਜ਼ਪਾਲ ਸਿੰਘ ਪੀਏ, ਭਾਈ ਸੁਜਾਨ ਸਿੰਘ, ਦਾਸ (ਭਾਈ ਜਸਵੀਰ ਸਿੰਘ ਰੋਡੇ) ਆਦਿ ਸਿੰਘ ਹਾਜ਼ਰ ਸਨ। ਸੰਤਾਂ ਨੇ ਸੁਭਾਵਿਕ ਹੀ ਭਾਈ ਜਗੀਰ ਸਿੰਘ ਧੀਰਾਪੱਤੜਾ ਨੂੰ ਪੁੱਛਿਆ ਕਿ ਦੱਸਦੇ ਹਨ ਲਾਲ ਕਿਲ੍ਹਾ ਜਾਮਾ ਮਸਜਿਦ ਦੇ ਨੇੜੇ ਹੀ ਹੈ ਤਾਂ ਭਾਈ ਜਗੀਰ ਸਿੰਘ ਨੇ ਬੱਸ ਵਿੱਚ ਸਵਾਰ ਹੋਰ ਸਿੰਘਾਂ ਨੂੰ ਕਿਹਾ ਕਿ ਸੰਤਾਂ ਦੀ ਗੱਲ ਸੁਣੋ। ਇੱਕਦਮ ਸਭ ਸਿੰਘ ਸੁਚੇਤ ਹੋ ਗਏ ਤੇ ਉਸ ਵੱਲ ਵੇਖਣ ਲੱਗੇ। ਭਾਈ ਜਗੀਰ ਸਿੰਘ ਨੇ ਫਿਰ ਕਿਹਾ ਕਿ ਸੰਤ ਪੁੱਛਦੇ ਹਨ ਲਾਲ ਕਿਲ੍ਹਾ ਕਿੱਥੇ ਹੈ? ਤਾਂ ਭਾਈ ਤੇਜਵੰਤ ਸਿੰਘ ਨੇ ਕਿਹਾ ਕਿ ਆਹ ਸੱਜੇ ਪਾਸੇ ਲਾਲ ਕਿਲ੍ਹਾ ਹੀ ਹੈ। ਸੰਤਾਂ ਨੇ ਬਾਰੀ ਦੇ ਸ਼ੀਸ਼ੇ ਵਿੱਚ ਦੀ ਉੱਧਰ ਨੂੰ ਤੱਕਿਆ ਤੇ ਸੁਭਾਵਿਕ ਹੀ ਬਚਨ ਕੀਤਾ ਅੱਛਾ ਇਹ ਲਾਲ ਕਿਲ੍ਹਾ ਹੈ ਤੇ ਨਾਲ ਹੀ ਸਿੰਘਾਂ ਵੱਲ ਵੇਖ ਕੇ ਕਹਿਣ ਲੱਗੇ ਇਸੇ ਹੀ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਉਣਾ ਹੈ ਕਿਉਂ ਨਾ ਹੁਣੇ ਝੁਲਾ ਚੱਲੀਏ ਕਿਉਂਕਿ ਫਿਰ ਵੀ ਤਾਂ ਝੁਲਾਉਣਾ ਹੀ ਹੈ ਤੇ ਥੋੜ੍ਹਾ ਜਿਹਾ ਮੁਸਕਰਾ ਕਿ ਕਹਿਣ ਲੱਗੇ ਸਿੰਘੋ ਚਲਦੇ ਕਿਉਂ ਨਹੀਂ ਤਾਂ ਭਾਈ ਜਗੀਰ ਸਿੰਘ ਨੇ ਕਿਹਾ ਕਿ ਇਸ ਗੱਲ ਦਾ ਉੱਤਰ ਦੇਣਾ ਸਾਡੀ ਸਮਝ ਤੋਂ ਬਾਹਰ ਹੈ। ਆਪ ਜੀ ਜੋ ਠੀਕ ਸਮਝੋ ਅਸੀਂ ਆਪ ਜੀ ਦੇ ਹੁਕਮ ਵਿੱਚ ਹੀ ਹਾਂ। ਇਨੇ ਨੂੰ ਹਰੀ ਬੱਤੀ ਹੋਣ 'ਤੇ ਗੱਡੀਆਂ ਚੱਲ ਪਈਆਂ ਤੇ ਸਾਰੇ ਸਿੰਘ ਬੜੀ ਗੰਭੀਰਤਾ ਨਾਲ ਸੰਤਾਂ ਵੱਲ ਵੇਖਣ ਲੱਗੇ। ਸੰਤਾਂ ਨੇ ਫਿਰ ਕਿਹਾ ਦੁਨੀਆਂ ਇਸ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਝੁਲਦੇ ਦੇਖੇਗੀ। ਖੱਬੇ ਪਾਸੇ ਮੁੜ ਕੇ ਸਾਹਮਣੇ ਹੀ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਹੈ ਇੱਥੇ ਪਹੁੰਚ ਕੇ ਸੰਤਾਂ ਨੇ ਕੜਾਹ ਪ੍ਰਸਾਦ ਦੀ ਦੇਗ ਕਰਾਈ, ਜਥੇ ਸਮੇਤ ਮੱਥਾ ਟੇਕਿਆ, ਪੰਜਾ ਘੰਟਾ ਕਥਾ ਕੀਤੀ। ਫਿਰ ਪ੍ਰਬੰਧਕ ਗੁਰਮੁਖਾਂ ਨੇ ਸੰਗਤਾਂ ਸਮੇਤ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸੰਤਾਂ ਨੂੰ ਬਖਸ਼ਿਸ਼ ਕੀਤਾ।

ਇੱਥੇ ਹੀ ਦਿੱਲੀ ਨਿਵਾਸੀ ਸਿੰਘਾਂ ਨੇ ਸੰਤਾਂ ਨੂੰ ਦੱਸਿਆ ਕਿ ਨੇੜੇ ਹੀ ਸਿੱਖ ਆਗੂ ਸ. ਹਰਚਰਨ ਸਿੰਘ ਦਾ ਘਰ ਹੈ ਅਤੇ ਉਸ ਦੀ ਲੱਤ ਟੁੱਟੀ ਹੋਈ ਹੈ। ਇਸ ਲਈ ਉਨ੍ਹਾਂ ਦਾ ਹਾਲ-ਚਾਲ ਪੁੱਛ ਆਈਏ। ਸੰਤ ਉਸ ਨੂੰ ਮਿਲੇ ਤੇ ਹੌਸਲਾ ਦਿੰਦੇ ਹਇਆਂ ਕਿਹਾ ਕਿ ਭਾਈ ਜਿਨੀ ਵੱਧ ਬਾਣੀ ਪੜ੍ਹੇਗਾ ਉਨਾ ਜਲਦੀ ਠੀਕ ਹੋ ਜਾਵੇਗਾ। ਥੋੜ੍ਹਾ ਸਮਾਂ ਉਸ ਨਾਲ ਗੱਲਬਾਤ ਕੀਤੀ ਤੇ ਉਥੋਂ ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ ਦੀਦਾਰੇ ਕਰਦਿਆਂ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਾਪਸ ਪਰਤ ਆਏ।

ਵਕੀਲ ਸ. ਬਲਦੇਵ ਸਿੰਘ ਬਿੰਦਰਾ ਨੂੰ 2 ਰੁਪਏ ਮਾਇਆ ਦਿੱਤੀ

ਲੁਧਿਆਣੇ ਜ਼ਿਲ੍ਹੇ ਵਿੱਚ ਮੁੱਲਾਂਪੁਰ ਦਾਖੇਕੋਟ ਦੇ ਵਿਚਕਾਰ ਪਿੰਡ ਸੁਧਾਰ ਆਉਂਦਾ ਹੈ। ਇੱਥੋਂ ਦੇ ਵਸਨੀਕ ਭਾਈ ਸ਼ੇਰ ਸਿੰਘ ਬਹੁਤ ਹੀ ਨਾਮ ਸਿਮਰਨ ਵਾਲੇ ਰਹਿਤ ਵਿੱਚ ਤਿਆਰ-ਬਰ-ਤਿਆਰ, ਅੰਮ੍ਰਿਤਧਾਰੀ ਅਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਇਨਸਾਨ ਸਨ। ਉਨ੍ਹਾਂ ਦੀ ਸੰਤ ਭਿੰਡਰਾਂਵਾਲਿਆਂ ਨਾਲ ਕਾਫੀ ਨੇੜਤਾ ਸੀ। ਇਨ੍ਹਾਂ ਦਾ ਇੱਕ ਪੁੱਤਰ ਸ. ਜਗਜੀਤ ਸਿੰਘ ਵਕੀਲ, ਜੋ ਵਕੀਲ ਸ. ਬਲਦੇਵ ਸਿੰਘ ਬਿੰਦਰਾ ਦਾ ਵੀ ਨਜ਼ਦੀਕੀ ਸੀ। ਕਈ ਕੇਸਾਂ ਵਿੱਚ ਇਹ ਇਕੱਠੇ ਹੀ ਵਕਾਲਤ ਕਰਦੇ ਸਨ ਅਤੇ ਭਾਈ ਸ਼ੇਰ ਸਿੰਘ ਦਾ ਦੂਸਰਾ ਪੁੱਤਰ ਸ. ਆਤਮਦੇਵ ਸਿੰਘ ਜੋ ਪੁਲਿਸ ਵਿੱਚ ਇੰਸਪੈਕਟਰ ਸੀ ਅਤੇ ਤੀਸਰਾ ਪੁੱਤਰ ਸ. ਇਕਬਾਲ ਸਿੰਘ ਸੀ। ਇਸ ਪਰਿਵਾਰ ਦੀ ਸ. ਦਰਬਾਰਾ ਸਿੰਘ ਮੁੱਖ ਮੰਤਰੀ ਪੰਜਾਬ ਨਾਲ ਵੀ ਰਿਸ਼ਤੇਦਾਰੀ ਸੀ। ਅਚਾਨਕ ਹੀ ਸ. ਆਤਮਦੇਵ ਸਿੰਘ ਦੀ ਮੌਤ ਹੋ ਗਈ। ਉਸ ਨਮਿੱਤ 9 ਫਰਵਰੀ 1982 ਨੂੰ ਪਾਠ ਦਾ ਭੋਗ ਸੀ ਜਿੱਥੇ ਸੰਤ ਭਿੰਡਰਾਂਵਾਲਿਆਂ ਨੇ ਪਹੁੰਚਣਾ ਸੀ ਅਤੇ ਇੱਥੇ ਹੀ ਸ. ਦਰਬਾਰਾ ਸਿੰਘ ਨੇ ਵੀ ਆਉਣਾ ਸੀ। ਭੋਗ ਵਾਲੇ ਦਿਨ ਸ. ਦਰਬਾਰਾ ਸਿੰਘ ਪਿੰਡ ਸੁਧਾਰ ਪਹੁੰਚੇ। ਉਸ ਨੂੰ ਐੱਸ. ਐੱਸ. ਪੀ. ਭੱਟੀ ਨੇ ਦੱਸਿਆ ਕਿ ਸੰਤ ਭਿੰਡਰਾਂਵਾਲੇ ਵੀ ਪਹੁੰਚਣ ਵਾਲੇ ਹਨ, ਮੋਰੀ ਜਾਣਕਾਰੀ ਅਨੁਸਾਰ ਉਹ ਲੁਧਿਆਣੇ ਤੋਂ ਚੱਲ ਪਏ ਹਨ ਤਾਂ ਦਰਬਾਰਾ ਸਿੰਘ ਨੇ ਕਿਹਾ ਕਿ ਕਿਸੇ ਢੰਗ ਨਾਲ ਉਨ੍ਹਾਂ ਨੂੰ ਕੁੱਝ ਸਮੇਂ ਲਈ ਰਸਤੇ ਵਿੱਚ ਰੋਕਿਆ ਜਾਵੇ ਤਾਂ ਭੱਟੀ ਨੇ ਆਪਣਾ ਅਸਹ ਰਸੂਖ ਵਰਤ ਕੇ ਮੁੱਲਾਂਪੁਰ ਸੁਧਾਰ ਰੋਡ 'ਤੇ ਪੈਂਦੇ ਰੇਲਵੇ ਫਾਟਕ ਨੂੰ

Scanned with CamScanner

ਉਸ ਵੇਲੇ ਬੰਦ ਕਰਵਾ ਦਿੱਤਾ। ਜਦੋਂ ਸੰਤ ਭਿੰਡਰਾਂਵਾਲਿਆਂ ਦੀਆਂ ਗੱਡੀਆਂ ਉੱਥੇ ਪਹੁੰਚੀਆਂ ਕਾਫੀ ਸਮਾਂ ਫਾਟਕ ਬੰਦ ਰੱਖਿਆ ਗਿਆ ਤੇ ਦੋਵੇਂ ਪਾਸੀਂ ਕਾਫੀ ਟਰੈਫਿਕ ਜਮ੍ਹਾਂ ਹੋ ਗਿਆ ਤਾਂ ਰੇਲਵੇ ਫਾਟਕ ਖੋਲ੍ਹ ਦਿੱਤਾ ਗਿਆ। ਬੇਸ਼ੱਕ ਇਸ ਸਮੇਂ ਦੌਰਾਨ ਕੋਈ ਵੀ ਰੇਲ ਗੱਡੀ ਜਾਂ ਰੇਲਵੇ ਇੰਜਣ ਨਹੀਂ ਲੰਘਿਆ। ਸਿਰਫ ਸੰਤਾਂ ਨੂੰ ਰੋਕਣ ਲਈ ਹੀ ਫਾਟਕ ਬੰਦ ਕੀਤਾ ਗਿਆ ਸੀ, ਜਦੋਂ ਸੰਤ ਇੱਥੋਂ ਚੱਲੇ ਤਾਂ ਉਹ ਫੀਅਟ ਕਾਰ ਵਿੱਚ ਸਵਾਰ ਸਨ। ਉਨ੍ਹਾਂ ਨਾਲ ਵਕੀਲ ਬਲਦੇਵ ਸਿੰਘ ਬਿੰਦਰਾ ਅਤੇ ਗੱਡੀ ਚਲਾ ਰਿਹਾ ਉਸਦਾ ਪੁੱਤਰ ਜਸਵੀਰ ਸਿੰਘ ਬਿੰਦਰਾ, ਸ. ਤੇਜਵੰਤ ਸਿੰਘ ਗਰੇਵਾਲ ਅਤੇ ਭਾਈ ਕਾਬਲ ਸਿੰਘ (ਨਕਲੀ ਨਿਰੰਕਾਰੀ ਕਤਲ ਕਾਂਡ ਵਾਲੇ) ਕਾਰ ਵਿੱਚ ਸਵਾਰ ਸਨ ਅਤੇ ਬਾਕੀ ਜਥੇ ਦੇ ਸਿੰਘ ਬੱਸ ਵਿੱਚ ਸਨ। ਇਸ ਦੌਰਾਨ ਸੰਤਾਂ ਨੇ ਭਾਈ ਕਾਬਲ ਸਿੰਘ ਨੂੰ ਕਿਹਾ ਕਿ ਇੱਕ ਗੱਲ ਦਾ ਧਿਆਨ ਰੱਖਣਾ ਹੈ ਕਿ ਅਸੀਂ ਇੱਕ ਸਿੰਘ ਦੇ ਭੋਗ 'ਤੇ ਜਾ ਰਹੇ ਹਾਂ। ਪਤਾ ਲੱਗਾ ਹੈ ਕਿ ਉੱਥੇ ਦਰਬਾਰਾ ਸਿੰਘ ਵੀ ਆਇਆ ਹੋਵੇਗਾ ਪਰ ਸਭ ਸਿੰਘਾਂ ਨੂੰ ਦਸ ਦੇਣਾ ਕਿ ਸਭ ਨੇ ਸ਼ਾਂਤ ਰਹਿਣਾ ਹੈ। ਜਦੋਂ ਸੰਤ ਜੀ ਭਾਈ ਸ਼ੇਰ ਸਿੰਘ ਦੇ ਘਰ ਪਹੁੰਚੇ ਤਾਂ ਉਦੋਂ ਤੱਕ ਸਮਾਗਮ ਦੀ ਸਮਾਪਤੀ ਹੋ ਚੁੱਕੀ ਸੀ। ਸੰਤ ਭਿੰਡਰਾਂਵਾਲੇ ਭਾਈ ਆਤਮਦੇਵ ਸਿੰਘ ਦੀ ਮਾਤਾ ਨੂੰ ਮਿਲਣ ਲਈ ਘਰ ਗਏ ਤਾਂ ਸ. ਦਰਬਾਰਾ ਸਿੰਘ ਪਹਿਲਾਂ ਹੀ ਉੱਥੇ ਗਏ ਹੋਏ ਸਨ। ਸੰਤਾਂ ਨੂੰ ਆਉਂਦਿਆਂ ਵੇਖ ਕੇ ਉਹ ਪਿਛਲੇ ਦਰਵਾਜਿਉਂ ਹੀ ਨਿਕਲ ਗਿਆ। ਇੱਥੇ ਹੀ ਜ਼ਿਲ੍ਹਾ ਅੰਮ੍ਰਿਤਸਰ ਦੇ ਥਾਣਾ ਲੋਪੋਕੇ ਦੇ ਇੰਸਪੈਕਟਰ ਸ. ਦਰਸ਼ਨਜੀਤ ਸਿੰਘ ਢੀਂਡਸਾ ਨੇ ਸੰਤਾਂ ਨੂੰ ਦੱਸਿਆ ਕਿ ਤੁਹਾਡੇ ਇੱਕ ਸਹਿਯੋਗੀ ਫੈਡਰੇਸ਼ਨ ਆਗੂ ਅਮਰਜੀਤ ਸਿੰਘ ਚਾਵਲਾ ਨੂੰ 6 ਫਰਵਰੀ ਦਾ ਪੁਲਿਸ ਨੇ ਫੜ੍ਹਿਆ ਹੋਇਆ ਹੈ ਤੇ ਡੀ. ਐੱਸ. ਪੀ. ਬਚਨ ਸਿੰਘ ਨੇ ਉਸ ਉੱਪਰ ਭਾਰੀ ਤਸ਼ੱਦਦ ਕੀਤਾ ਹੈ ਅਤੇ ਇਸ ਸਮੇਂ ਉਹ ਲੋਪੋਕੇ ਥਾਣੇ ਵਿੱਚ ਹੀ ਹੈ। ਸੰਤਾਂ ਨੇ ਕਿਹਾ ਕਿ ਕੋਈ ਗੱਲ ਨਹੀਂ, ਭਾਈ ਅਮਰੀਕ ਸਿੰਘ ਉਨ੍ਹਾਂ ਦੀ ਦੇਖ-ਰੇਖ ਕਰ ਰਹੇ ਹਨ। ਇਸ ਤੋਂ ਬਾਅਦ ਸੰਤਾਂ ਨੇ ਮਾਤਾ ਸਮੇਤ ਸਾਰੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਫਿਰ ਬਾਹਰ ਆ ਗਏ। ਬਾਹਰ ਬਹੁਤ ਸਾਰੀਆਂ ਸੰਗਤਾਂ ਸੰਤਾਂ ਨੂੰ ਮਿਲਣ ਲਈ ਖੜ੍ਹੀਆਂ ਸਨ। ਕੁੱਝ ਸੰਗਤਾਂ ਨੇ ਆਪਣੇ ਨਗਰਾਂ ਵਿੱਚ ਕਥਾ ਕੀਰਤਨ ਦੇ ਪ੍ਰੋਗਰਾਮ ਦੀ ਮੰਗ ਕੀਤੀ। ਜਿਸ ਬਾਰੇ ਸੰਤਾਂ ਨੇ ਭਾਈ ਰਸ਼ਪਾਲ ਸਿੰਘ ਨੂੰ ਕਿਹਾ ਕਿ ਇਹ ਤਰੀਕਾਂ ਲਿਖ ਲਵੋ ਅਤੇ ਸਮੇਂ ਮੁਤਾਬਕ ਇਨ੍ਹਾਂ ਸਿੰਘਾਂ ਨੂੰ ਪ੍ਰੋਗਰਾਮ ਬਾਰੇ ਦੱਸ ਦਿੱਤਾ ਜਾਵੇਗਾ।

ਸੰਤ ਇੱਥੋਂ ਤੁਰਨ ਲਈ ਮਿੰਨੀ ਬੱਸ ਵਿੱਚ ਸਵਾਰ ਹੋਏ ਤਾਂ ਬੱਸ ਦੀ ਬਾਰੀ ਵਿੱਚ ਖਲ੍ਹੋ ਕੇ ਸਭ ਸੰਗਤਾਂ ਨੂੰ ਫਤਹਿ ਬੁਲਾਈ ਤਾਂ ਇੱਕ ਬਜ਼ੁਰਗ ਮਾਤਾ ਨੇ ਸੰਤਾਂ ਨੂੰ 2 ਰੁਪਏ ਦੇ ਕੇ ਫਤਹਿ ਬੁਲਾਈ ਤੇ ਸੰਤਾਂ ਨੇ ਉਹ 2 ਰੁਪਏ ਆਪਣੇ ਹੱਥ ਵਿੱਚ ਫੜ੍ਹ ਲਏ ਅਤੇ ਉਸੇ ਤਰ੍ਹਾਂ ਹੀ ਸੰਗਤਾਂ ਨਾਲ ਬਚਨ ਬਿਲਾਸ ਕਰਦੇ ਰਹੇ। ਵਕੀਲ ਬਲਦੇਵ ਸਿੰਘ ਬਿੰਦਰਾ ਜੋ ਕਾਫੀ ਪਿੱਛੇ ਸੰਗਤਾਂ ਵਿੱਚ ਖੜ੍ਹੇ ਸਨ, ਸੰਤਾਂ ਨੇ ਉਸ ਨੂੰ ਆਵਾਜ਼ ਮਾਰੀ, ਜਦੋਂ ਉਹ ਨੇੜੇ ਆਏ ਤਾਂ ਉਦੋਂ ਤੱਕ ਸੰਤ ਬੱਸ ਵਿੱਚ ਸ਼ਟੈਂਡ 'ਤੇ ਬੈਠ ਚੁੱਕੇ ਸਨ। ਸ. ਬਿੰਦਰਾ ਨੇ ਬੱਸ ਵਿੱਚ ਚੜ੍ਹ ਕੇ ਸੰਤਾਂ ਨੂੰ ਪੁੱਛਿਆ ਕਿ ਸੰਤ ਜੀ ਕੀ ਹੁਕਮ ਹੈ? ਤਾਂ ਸੰਤਾਂ ਨੇ ਕਿਹਾ ਕਿ ਤੁਹਾਨੂੰ ਕੁੱਝ ਮਾਇਆ ਦੇਣੀ ਸੀ ਤੇ ਹੱਥ ਵਿੱਚ ਫੜ੍ਹੇ ਹੋਏ 2 ਰੁਪਏ ਸ. ਬਿੰਦਰਾ ਨੂੰ ਦੇ ਦਿੱਤੇ ਪਰ ਚੁੱਪ ਰਹੇ। ਸ. ਬਿੰਦਰਾ ਨੇ ਉਹ 2 ਰੁਪਏ ਆਪਣੇ ਹੱਥ ਵਿੱਚ ਫੜ੍ਹ ਲਏ ਅਤੇ ਸੰਤਾਂ ਨੂੰ ਫਤਹਿ ਬੁਲਾ ਕੇ ਬੱਸ ਵਿੱਚੋਂ ਹੇਠਾਂ ਉਤਰ ਆਏ ਤੇ ਸੰਤਾਂ ਦੀ ਬੱਸ ਇੱਥੋਂ ਚੱਲ ਪਈ।

ਲੁਧਿਆਣੇ ਘਰੇ ਪਹੁੰਚ ਕੇ ਸ. ਬਿੰਦਰਾ ਨੇ ਤੇਜਵੰਤ ਸਿੰਘ ਗਰੇਵਾਲ ਨੂੰ ਪੁੱਛਿਆ ਕਿ ਆਹ 2 ਰੁਪਏ ਕਿਸ ਲਈ ਹਨ? ਤਾਂ ਸ. ਗਰੇਵਾਲ ਨੇ ਥੋੜ੍ਹਾ ਗੰਭੀਰ ਹੋ ਕੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਸੰਤਾਂ ਨੇ ਤੁਹਾਨੂੰ ਮਾਇਆ ਦੇ ਗੱਫੇ ਬਖਸ਼ ਦਿੱਤੇ ਹਨ। ਕਿਉਂਕਿ ਤੁਸੀਂ ਸਿੰਘਾਂ ਦੇ ਕੇਸ ਲੜਣ ਦੀ ਤਾਂ ਕੋਈ ਫੀਸ ਲੈਂਦੇ ਨਹੀਂ ਤੇ ਮੇਰਾ ਸੁਝਾਅ ਹੈ ਕਿ ਤੁਸੀਂ ਇਹ 2 ਰੁਪਏ ਸਾਂਭ ਕੇ ਰੱਖਿਉ। ਸ. ਬਿੰਦਰਾ ਨੇ ਇਸੇ ਤਰ੍ਹਾਂ ਹੀ ਕੀਤਾ ਤੇ ਕਾਫੀ ਦਿਨਾਂ ਬਾਅਦ ਉਸ ਨੇ ਸਿੰਘਾਂ ਨੂੰ ਦੱਸਿਆ ਕਿ ਵਾਕਿਆ ਹੀ ਸੰਤਾਂ ਨੇ ਗੁਪਤ ਰੂਪ ਵਿੱਚ ਮਾਇਆ ਦੇ ਗੱਫੇ ਬਖਸ਼ੇ ਹਨ ਕਿਉਂਕਿ ਬਹੁਤ ਸਾਰੇ ਅਦਾਲਤੀ ਕੇਸਾਂ ਵਿੱਚੋਂ ਜਿਨ੍ਹਾਂ ਲੋਕਾਂ ਵੱਲ ਮੇਰੀ ਫੀਸ ਦਾ ਬਕਾਇਆ ਰਹਿੰਦਾ ਸੀ ਉਹ ਆਪਣੇ ਆਪ ਹੀ ਮੇਰੇ ਘਰ ਆ ਕੇ ਮੈਨੂੰ ਰਹਿੰਦੀ ਫੀਸ ਦੇ ਕੇ ਜਾ ਰਹੇ ਹਨ। ਉਨ੍ਹਾਂ ਵਿੱਚੋਂ ਕਈਆਂ ਨੂੰ ਤਾਂ ਮੈਂ ਬੁਲਾਈ ਬੈਠਾ ਸੀ। ਬਾਅਦ ਵਿੱਚ ਸ. ਬਿੰਦਰਾ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਕਿਹਾ ਕਿ ਭਾਈ ਆਹ ਖਜ਼ਾਨਾ ਸਾਂਭ ਕੇ ਰੱਖਣਾ ਹੈ ਤੇ ਉਸ ਨੇ ਆਪਣੇ ਅੰਤਿਮ ਸਮੇਂ ਤੱਕ ਸੰਤਾਂ ਵੱਲੋਂ ਦਿੱਤੀ ਮਾਇਆ ਆਪਣੇ ਪਰਸ ਵਿੱਚ ਹੀ ਰੱਖੀ ਸੀ। ਯਾਦ ਰਹੇ ਕਿ ਸ. ਬਿੰਦਰਾ ਨੇ ਜਥੇ ਨਾਲ ਸਬੰਧਿਤ ਸਿੰਘਾਂ ਦੇ ਕੇਸਾਂ ਦੀ ਪੈਰਵਾਈ ਕਰਦਿਆਂ ਫੀਸ ਵਜੋਂ ਕਦੇ ਵੀ ਕੋਈ ਪੈਸਾ ਨਹੀਂ ਸੀ ਲਿਆ।

Scanned with CamScanner

ਸੰਤ ਭਿੰਡਰਾਂਵਾਲੇ ਭਾਈ ਚਾਵਲਾ ਨੂੰ ਜੇਲ੍ਹ 'ਚ ਮਿਲਣ ਗਏ

6 ਫਰਵਰੀ 1982 ਨੂੰ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਭਾ ਹੋਸਟਲ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਪੰਜਾਬ ਪੁਲਿਸ ਵੱਲੋਂ ਛਾਪਾ ਮਾਰਿਆ ਗਿਆ। ਪੂਰੇ ਹੋਸਟਲ ਨੂੰ ਘੇਰ ਕੇ ਭਾਈ ਅਮਰਜੀਤ ਸਿੰਘ ਚਾਵਲਾ ਨੂੰ ਗ੍ਰਿਫਤਾਰ ਕਰ ਲਿਆ ਤੇ ਉਸ ਨੂੰ ਥਾਣਾ ਲੋਪੋਕੇ ਵਿਖੇ ਲਿਜਾਇਆ ਗਿਆ। ਫੈਡਰੇਸ਼ਨ ਵਰਕਰਾਂ ਨੇ ਇਸ ਸਬੰਧੀ ਭਾਈ ਅਮਰੀਕ ਸਿੰਘ ਨੂੰ ਦੱਸ ਦਿੱਤਾ। ਰਾਤੋ ਰਾਤ ਭਾਈ ਅਮਰੀਕ ਸਿੰਘ ਜੀ ਨੇ ਇਸ ਬਾਰੇ ਪੜਾ ਲਗਾ ਲਿਆ ਕਿ ਚਾਵਲਾ ਨੂੰ ਕਿੱਥੇ ਰੱਖਿਆ ਗਿਆ ਹੈ ਤੇ ਉਹ 7 ਫਰਵਰੀ ਨੂੰ ਸਵੇਰੇ ਹੀ ਕੁੱਝ ਸਿੰਘਾਂ ਸਮੇਤ ਥਾਣਾ ਲੋਪੋਕੇ ਵਿਖੇ ਪਹੁੰਚ ਗਏ। ਉਨ੍ਹਾਂ ਵੇਖਿਆ ਕਿ ਬਿਨ੍ਹਾਂ ਕੱਪੜਿਆਂ ਤੋਂ ਹੀ ਭਾਈ ਚਾਵਲਾ ਨੂੰ ਹਵਾਲਾਤ ਵਿੱਚ ਬੰਦ ਕੀਤਾ ਹੋਇਆ ਹੈ। ਭਾਈ ਸਾਹਿਬ ਨੇ ਆਪਣੇ ਉੱਪਰ ਲਈ ਹੋਈ ਲੋਈ ਭਾਈ ਚਾਵਲਾ ਉੱਪਰ ਦੇ ਦਿੱਤੀ ਅਤੇ ਕਿਹਾ ਕਿ ਕੋਈ ਫਿਕਰ ਨਾ ਕਰੀਂ। ਇੰਨੇ ਨੂੰ ਡੀ. ਐੱਸ. ਪੀ. ਬਚਨਾ ਵੀ ਭਾਰੀ ਫੋਰਸ ਸਮੇਤ ਇੱਥੇ ਪਹੁੰਚ ਗਿਆ। ਉਹ ਹੈਰਾਨ ਸੀ ਕਿ ਭਾਈ ਸਾਹਿਬ ਨੂੰ ਡੀ. ਐੱਸ. ਪੀ. ਦੀ ਬਦਲੀ ਵੀ ਭਾਰੀ ਫੋਰਸ ਸਮੇਤ ਇੱਥੇ ਕਿਵੇਂ ਪਹੁੰਚ ਗਏ ਤੇ ਇਹ ਸਾਰੀ ਜਾਣਕਾਰੀ ਇਨ੍ਹਾਂ ਨੂੰ ਕਿਵੇਂ ਮਿਲੀ। ਭਾਈ ਅਮਰੀਕ ਸਿੰਘ ਇੰਨੀ ਜਲਦੀ ਇੱਥੇ ਕਿਵੇਂ ਪਹੁੰਚ ਗਏ ਤੇ ਇਹ ਸਾਰੀ ਜਾਣਕਾਰੀ ਇਨ੍ਹਾਂ ਨੂੰ ਕਿਵੇਂ ਮਿਲੀ। ਭਾਈ ਸਾਹਿਬ ਨੇ ਡੀ. ਐੱਸ. ਪੀ. ਨੂੰ ਪੁੱਛਿਆ ਕਿ ਕਿੰਨੇ ਵਜੇ ਭਾਈ ਚਾਵਲਾ ਨੂੰ ਅਦਾਲਤ ਵਿੱਚ ਪੇਸ਼ ਕਰੋਗੇ? ਤਾਂ ਉਸ ਨੇ ਕਿਹਾ ਕਿ ਇਹ ਸਾਡੀ ਮਰਜ਼ੀ ਹੈ, ਤੁਸੀਂ ਸਰਕਾਰੀ ਕੰਮ ਵਿੱਚ ਦਖਲ ਅੰਦਾਜ਼ੀ ਨਹੀਂ ਕਰ ਸਕਦੇ। ਹੋ ਸਕਦਾ ਹੈ ਕਿ ਇੱਕ ਹਫਤਾ ਅਸੀਂ ਇਸ ਨੂੰ ਪੇਸ਼ ਨਾ ਕਰੀਏ ਤਾਂ ਭਾਈ ਅਮਰੀਕ ਸਿੰਘ ਨੇ ਕਰੜੇ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਤੁਸੀਂ ਅੱਜ ਹੀ ਪੇਸ਼ ਕਰਨ ਦਾ ਸਮਾਂ ਨਾ ਦੱਸਿਆ ਤਾਂ ਸੰਗਤਾਂ ਵੱਲੋਂ ਲੋਪੋਕੇ ਥਾਣੇ ਦਾ ਤੇ ਐੱਸ. ਐੱਸ. ਪੀ. ਦਫਤਰ ਦਾ ਘਿਰਾਓ ਕੀਤਾ ਜਾਵੇਗਾ। ਇੰਨੇ ਨੂੰ ਏ. ਪੀ. ਪਾਂਡੇ ਜ਼ਿਲ੍ਹੇ ਦੇ ਐੱਸ. ਪੀ. ਵੀ ਪਹੁੰਚ ਗਿਆ। ਉਸ ਨੇ ਹਾਲਾਤ ਨੂੰ ਦੇਖਦਿਆਂ ਭਾਈ ਚਾਵਲਾ ਨੂੰ 2.00 ਵਜੇ ਅਦਾਲਤ ਵਿੱਚ ਪੇਸ਼ ਕਰਨ ਦਾ ਸਮਾਂ ਦੇ ਦਿੱਤਾ। 2.00 ਵਜੇ ਭਾਈ ਅਮਰੀਕ ਸਿੰਘ ਵਕੀਲ ਸ. ਪੂਰਨ ਸਿੰਘ ਹੁੰਦਲ ਤੇ ਹੋਰ ਬਹੁਤ ਸਾਰੀਆਂ ਸੰਗਤਾਂ ਜ਼ਿਲ੍ਹਾ ਕਚਿਹਰੀਆਂ ਵਿੱਚ ਪਹੁੰਚੀਆਂ ਹੋਈਆਂ ਸਨ। ਜਦੋਂ ਭਾਈ ਚਾਵਲਾ ਨੂੰ ਭਾਰੀ ਪੁਲਿਸ ਪਹਿਰੇ ਬੱਲੋ ਅਦਾਲਤ ਵਿੱਚ ਪੇਸ਼ ਕੀਤਾ ਉਦੋਂ ਤੱਕ ਭਾਈ ਰਾਮ ਸਿੰਘ ਸੁਲਤਾਨਪੁਰੀ ਕੁੱਝ ਸਿੰਘਾਂ ਸਮੇਤ ਇੱਥੇ ਪਹੁੰਚ ਗਏ ਤੇ ਇਨ੍ਹਾਂ ਅਦਾਲਤ ਵਿੱਚ ਪਹੁੰਚਦਿਆਂ ਹੀ ਉੱਚੀ ਆਵਾਜ਼ ਵਿੱਚ ਜੈਕਾਰਾ ਛੱਡਿਆ ਤਾਂ ਇਲਾਕਾ ਮੈਜਿਸਟਰੇਟ ਨੇ ਸਕਿਉਰਿਟੀ ਅਧਿਕਾਰੀਆਂ ਨੂੰ ਕਿਹਾ ਕਿ ਇਸ ਬੰਦੇ ਨੂੰ ਫੜ੍ਹ ਕੇ ਲਿਆਉ ਜਿਸ ਨੇ ਇਹ ਜੈਕਾਰਾ ਛੱਡਿਆ ਹੈ। ਇਸ ਤੇ ਸਕਿਉਰਿਟੀ ਅਫਸਰ, ਭਾਈ ਰਾਮ ਸਿੰਘ ਨੂੰ ਜੱਜ ਸਾਹਮਣੇ ਲਿਆਏ ਜਿੱਥੇ ਭਾਈ ਅਮਰੀਕ ਸਿੰਘ ਤੇ ਵਕੀਲ ਹੁੰਦਲ ਪਹਿਲਾਂ ਹੀ ਖੜ੍ਹੇ ਸਨ। ਜੱਜ ਨੇ ਭਾਈ ਰਾਮ ਸਿੰਘ ਨੂੰ ਪੁੱਛਿਆ ਕਿ ਜੈਕਾਰਾ ਤੁਸੀਂ ਛੱਡਿਆ ਹੈ? ਉਸ ਨੇ ਕਿਹਾ, "ਜੀ ਹਾਂ ਅਸੀਂ ਹੀ ਛੱਡਿਆ ਹੈ" ਤਾਂ ਜੱਜ ਨੇ ਕਿਹਾ ਕਿ ਤੁਹਾਨੂੰ ਪਤਾ ਨਹੀਂ ਇਹ ਅਦਾਲਤ ਹੈ? ਤਾਂ ਜਥੇਦਾਰ ਨੇ ਕਿਹਾ ਕਿ ਜੀ ਇਹ ਤਾਂ ਪਤਾ ਹੈ ਇਹ ਅਦਾਲਤ ਹੈ। "ਫਿਰ ਜੈਕਾਰਾ ਕਿਉਂ ਛੱਡਿਆ"? ਜਥੇਦਾਰ ਰਾਮ ਸਿੰਘ ਨੇ ਕਿਹਾ ਕਿ ਸਾਡਾ ਸਿੰਘ ਤਾਂ ਤੁਹਾਡੇ ਕੋਲ ਹੈ ਸਾਡੇ ਕੋਲ ਤਾਂ ਜੈਕਾਰਾ ਹੀ ਹੈ। ਉਸ ਦੀ ਇਹ ਗੱਲ ਸੁਣ ਕੇ ਅਦਾਲਤ ਵਿੱਚ ਖੜ੍ਹੇ ਦੇਵਾ ਪੱਖੀ ਦੇ ਵਕੀਲ ਹੱਸ ਪਏ ਤੇ ਜੱਜ ਵੀ ਹੱਸ ਪਿਆ। ਜੱਜ ਨੇ ਕਿਹਾ ਜਾਓ ਭਾਈ ਸਾਹਿਬ ਅਦਾਲਤ ਵਿੱਚ ਇਸ ਤਰ੍ਹਾਂ ਨਹੀਂ ਕਰੀਦਾ। ਪੁਲਿਸ ਨੇ ਭਾਈ ਚਾਵਲਾ 'ਤੇ ਥਾਣਾ ਰਾਮਬਾਗ ਵਿਖੇ ਹੋਏ ਬੰਬ ਧਮਾਕੇ ਦਾ ਕੇਸ ਪਾ ਕੇ 4 ਦਿਨ ਦਾ ਰਿਮਾਂਡ ਲੈ ਲਿਆ ਤੇ ਫਿਰ ਵੱਖ-ਵੱਖ ਥਾਣਿਆਂ ਵਿੱਚ ਰੱਖ ਕੇ ਉਸ ਉੱਪਰ ਭਾਰੀ ਤਸ਼ੱਦਦ ਕੀਤਾ ਜਿਸ ਕਾਰਨ ਉਸ ਦਾ ਇੱਕ ਅੰਗੂਠਾ ਟੁੱਟ ਗਿਆ, ਚਿਹਰਾ ਸੁੱਜ ਗਿਆ ਅਤੇ ਸਾਰੇ ਸਰੀਰ 'ਤੇ ਸੱਟਾਂ ਦੀਆਂ ਲਾਸਾਂ ਸਨ। ਪਰ ਭਾਈ ਚਾਵਲਾ ਭਾਰੀ ਤਸ਼ੱਦਦ ਦੇ ਬਾਵਜੂਦ ਪੁਲਿਸ ਮੁਤਾਬਕ ਕੁੱਝ ਵੀ ਨਾ ਬੋਲਿਆ। ਪੁਲਿਸ ਚਾਹੁੰਦੀ ਸੀ ਕਿ ਭਾਈ ਚਾਵਲਾ ਕਹੇ ਕਿ ਬੰਬ ਧਮਾਕੇ ਸੰਤ ਭਿੰਡਰਾਂਵਾਲਿਆਂ ਦੇ ਕਹਿਣ 'ਤੇ ਕੀਤੇ। ਜਦ 10 ਤਰੀਕ ਨੂੰ ਫਿਰ ਅਦਾਲਤ ਵਿੱਚ ਪੇਸ਼ ਕੀਤਾ ਤਾਂ ਉਸ ਸਮੇਂ ਭਾਈ ਚਾਵਲਾ ਤੋਂ ਸਹੀ ਢੰਗ ਨਾਲ ਤੁਰਿਆ ਵੀ ਨਹੀਂ ਸੀ ਜਾ ਰਿਹਾ ਅਤੇ ਚਿਹਰਾ ਸੁੱਜਿਆ ਹੋਇਆ ਸੀ। ਦੂਜੇ ਪਾਸੇ ਬਹੁਤ ਸਾਰੀਆਂ ਸੰਗਤਾਂ ਭਾਈ ਅਮਰੀਕ ਸਿੰਘ ਦੇ ਨਾਲ ਜ਼ਿਲ੍ਹਾ ਕਚਿਹਰੀਆਂ ਵਿੱਚ ਪਹੁੰਚੀਆਂ ਹੋਈਆਂ ਸਨ। ਭਾਈ ਚਾਵਲਾ ਦੀ ਹਾਲਤ ਵੇਖਦਿਆਂ ਭਾਈ ਅਮਰੀਕ ਸਿੰਘ ਨੇ ਜੱਜ ਨੂੰ ਸੰਬੋਧਨ ਹੋ ਕੇ ਕਿਹਾ ਕਿ ਆਹ ਤੁਹਾਡੀ ਪੁਲਿਸ ਦੀ ਕਰਤੂਤ ਹੈ ਜੋ ਭਾਈ ਚਾਵਲੇ ਦੇ ਸਰੀਰ ਤੋਂ ਵੇਖੀ ਜਾ ਸਕਦੀ ਹੈ। ਜੱਜ ਨੇ ਇੱਕ ਵਾਰ ਭਾਈ ਚਾਵਲਾ ਵੱਲ ਗਹੁ ਨਾਲ ਤੱਕਿਆ ਪਰ ਚੁੱਪ ਰਿਹਾ। ਪੁਲਿਸ ਨੇ 4 ਦਿਨਾਂ ਦਾ ਪੁਲਿਸ ਰਿਮਾਂਡ ਹੋਰ ਮੰਗਿਆ ਜਿਸ ਦੀ ਬਹਿਸ ਕਰਦਿਆਂ ਵਕੀਲ ਹੁੰਦਲ ਨੇ ਸਿੱਧੇ ਲਫਜ਼ਾਂ

Scanned with CamScanner

ਵਿੱਚ ਜੱਜ ਸਾਹਿਬ ਨੂੰ ਕਿਹਾ ਕਿ ਜੇਕਰ ਇਨ੍ਹਾਂ ਚਾਰਾਂ ਦਿਨਾਂ ਵਿੱਚ ਭਾਈ ਚਾਵਲਾ ਨੂੰ ਭਰੋਸਾ ਕਰਾਰ ਦਿੱਤਾ ਜਾਂ ਮਾਰ ਦਿੱਤਾ ਤਾਂ ਇਸਦੇ ਜ਼ਿੰਮੇਵਾਰ ਤੁਸੀਂ ਹੋਵੋਗੇ। ਭਾਈ ਅਮਰੀਕ ਸਿੰਘ ਨੇ ਇਹ ਵੀ ਪੁੱਛਿਆ ਕਿ ਹਾਲੇ ਪੁਲਿਸ ਵੱਲੋਂ ਤਸ਼ੱਦਦ ਕਰਨ ਦੀ ਕੋਈ ਕਸਰ ਬਾਕੀ ਰਹਿ ਗਈ ਹੈ? ਇਸ ਤਰ੍ਹਾਂ ਗਰਮਾ-ਗਰਮੀ ਦੀ ਬਹਿਸ ਤੋਂ ਬਾਅਦ ਭਾਈ ਚਾਵਲਾ ਨੂੰ ਜੁਡੀਸ਼ਲ ਰਿਮਾਂਡ 'ਤੇ ਜੇਲ੍ਹ ਭੇਜ ਦਿੱਤਾ। ਇਸਦੇ ਨਾਲ ਹੀ ਫੈਡਰੇਸ਼ਨ ਵਰਕਰ ਭਾਈ ਬੂਆ ਸਿੰਘ ਨੂੰ ਵੀ ਸ਼ਹਿਰ ਵਿੱਚੋਂ ਗ੍ਰਿਫਤਾਰ ਕੀਤਾ ਸੀ ਤੇ ਉਸ ਉੱਪਰ ਵੀ ਇਹੀ ਝੂਠਾ ਕੇਸ ਪਾਇਆ ਗਿਆ ਸੀ। ਇਸ ਲਈ ਉਸ ਨੂੰ ਵੀ ਨਾਲ ਹੀ ਜੇਲ੍ਹ ਭੇਜ ਦਿੱਤਾ ਗਿਆ।

ਉਸ ਸਮੇਂ ਸੰਤ ਭਿੰਡਰਾਂਵਾਲੇ ਪਿੰਡ ਰੱਕੜ ਵਿਖੇ ਕਥਾ ਕੀਰਤਨ ਦੇ ਪ੍ਰੋਗਰਾਮ 'ਤੇ ਗਏ ਹੋਏ ਸਨ ਤਾਂ ਉਨ੍ਹਾਂ ਨੂੰ 10 ਫਰਵਰੀ ਦੀ ਰਾਤ ਨੂੰ ਇਹ ਸਾਰੀ ਘਟਨਾ ਬਾਰੇ ਸਾਨੂੰ ਕਰਵਾਇਆ ਗਿਆ, 11 ਫਰਵਰੀ ਨੂੰ ਸੰਤ ਜੀ ਜਥੇ ਦੇ ਕੁੱਝ ਸਿੰਘਾਂ ਸਮੇਤ ਭਾਈ ਚਾਵਲਾ ਨੂੰ ਸ੍ਰੀ ਅੰਮ੍ਰਿਤਸਰ ਜੇਲ੍ਹ 'ਚ ਮਿਲੇ ਤੇ ਉੱਥੇ ਹੀ ਭਾਈ ਬੂਆ ਸਿੰਘ ਨੂੰ ਵੀ ਸੱਦ ਲਿਆ। ਸੰਤਾਂ ਨੇ ਭਾਈ ਚਾਵਲਾ ਵੱਲ ਵੇਖਦਿਆਂ ਕਿਹਾ ਕਿ ਤੂੰ ਸਿਦਕੀ ਸਿੰਘਾਂ ਵਾਂਗ ਪੁਲਿਸ ਤਸ਼ੱਦਦ ਝੱਲਿਆ ਹੈ ਤੈਂ ਨਾਲ ਇਹ ਵੀ ਕਿਹਾ ਕਿ ਇਹ ਸਮੇਂ ਦੇ ਉਤਰਾਅ-ਚੜ੍ਹਾਅ ਹੁੰਦੇ ਹਨ, ਘਬਰਾਉਣਾ ਨਹੀਂ। ਅਸੀਂ ਤੇਰੇ ਲਈ ਬਦਾਨਾ ਅਤੇ ਲੱਡੂਆਂ ਦਾ ਪੀਪਾ ਲੈ ਕੇ ਆਏ ਹਾਂ ਤੇ ਨਾਲ ਹੀ ਆਪਣੇ ਕਲਾਵੇ ਵਿੱਚ ਲੈ ਕੇ ਬਹੁਤ ਪਿਆਰ ਨਾਲ ਕਿਹਾ ਕਿ ਚਾਵਲਾ, ਕਲਗੀਧਰ ਸਤਿਗੁਰੂ ਦੀ ਕ੍ਰਿਪਾ ਹੋਵੇਗੀ, ਤੂੰ ਆਹ ਦੁਨਿਆਵੀ ਜਮਦੂਤਾਂ ਦੀ ਮਾਰ ਝੱਲ ਲਈ ਹੈ ਹੁਣ ਹੋਰ ਨਹੀਂ ਝੱਲਣੀ ਪਵੇਗੀ ਤੇ ਪ੍ਰਲੋਕ ਵਿੱਚ ਵੀ ਵਾਹਿਗੁਰੂ ਸਹਾਈ ਹੋਵੇਗਾ। ਅਜਿਹੇ ਬਚਨ ਸੁਣਦਿਆਂ ਭਾਈ ਚਾਵਲਾ ਦਾ ਪ੍ਰੇਮ ਨਾਲ ਗਲਾ ਭਰ ਗਿਆ ਤੇ ਅੱਖਾਂ ਵਿੱਚ ਅੱਥਰੂ ਵੀ ਡਿੱਗੇ ਪਰ ਉਹ ਸਭ ਸਰੀਰਕ ਪੀੜਾ ਭੁੱਲ ਗਏ। ਅੱਜ ਵੀ ਉਸ ਸਮੇਂ ਨੂੰ ਯਾਦ ਕਰਕੇ ਭਾਈ ਚਾਵਲਾ ਦੇ ਲੂ ਕੰਡੇ ਖੜ੍ਹੇ ਹੋ ਜਾਂਦੇ ਹਨ।

ਉੱਘੇ ਵਕੀਲ ਸ. ਬਲਦੇਵ ਸਿੰਘ ਬਿੰਦਰਾ ਨੂੰ ਵਿਸ਼ੇਸ਼ ਸੁਨੇਹਾ

20 ਫਰਵਰੀ 1982 ਨੂੰ ਸੰਤ ਜਰਨੈਲ ਸਿੰਘ ਜੀ ਖਾਲਸਾ ਜਥੇ ਸਮੇਤ ਕੁੱਝ ਦਿਨਾਂ ਲਈ ਅਖਾੜਾ ਨਗਰ ਵਿਖੇ ਕਥਾ ਕੀਰਤਨ ਦਾ ਪ੍ਰਵਾਹ ਚਲਾ ਰਹੇ ਸਨ ਤਾਂ ਉਨ੍ਹਾਂ ਨੂੰ ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਅਜਨੋਹਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸੰਦੇਸ਼ ਮਿਲਿਆ ਕਿ ਸੰਤ ਉਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਿਲਣ। ਸੰਤਾਂ ਨੇ ਉਸੇ ਦਿਨ ਸ਼ਾਮ ਦੇ ਦੀਵਾਨ ਦੀ ਕਥਾ ਅਖਾੜਾ ਨਗਰ ਵਿਖੇ ਕੀਤੀ ਅਤੇ ਸਿੰਘਾਂ ਨੂੰ ਮਹਿਤੇ ਜਾਣ ਲਈ ਆਖ ਦਿੱਤਾ ਅਤੇ ਇਥੋਂ ਦੇ ਪ੍ਰਬੰਧਕ ਮਹੰਤ ਜਗੀਰ ਸਿੰਘ ਨੂੰ ਦੱਸ ਦਿੱਤਾ ਕਿ ਸਾਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਜਾਣਾ ਪਵੇਗਾ। ਇਥੇ ਡੁਰਨ ਲੱਗਿਆ ਸ. ਮਨੋਹਰ ਸਿੰਘ ਨੂੰ ਆਪਣੇ ਕੋਲ ਸੱਦ ਕੇ ਕਿਹਾ ਕਿ ਅੱਜ ਸ. ਬਲਦੇਵ ਸਿੰਘ ਬਿੰਦਰਾ ਵਕੀਲ ਦੀ ਸਾਨੂੰ ਬਹੁਤ ਯਾਦ ਆ ਰਹੀ ਹੈ, ਚਾਹੀਦਾ ਤਾਂ ਇਹ ਸੀ ਕਿ ਅਸੀਂ ਉਸ ਨੂੰ ਮਿਲ ਕੇ ਜਾਦੇ ਪਰ ਸਮਾਂ ਇਜਾਜ਼ਤ ਨਹੀਂ ਦਿੰਦਾ ਇਸ ਲਈ ਤੁਸੀਂ ਇਥੋਂ ਸਿੱਧੇ ਬਿੰਦਰਾ ਸਾਹਿਬ ਦੇ ਘਰ ਜਾਓ ਤੇ ਉਨ੍ਹਾਂ ਨੂੰ ਦੱਸ ਦਿਉ ਕਿ ਉਨ੍ਹਾਂ ਨੇ ਆਪ ਆਉਣਾ ਸੀ ਪਰ ਜ਼ਰੂਰੀ ਕਾਰਨ ਕਰਕੇ ਨਹੀਂ ਆ ਸਕੇ। (ਥੋੜ੍ਹਾ ਜਿਹਾ ਮੁਸਕਰਾ ਕੇ ਮਨੋਹਰ ਸਿੰਘ ਨੂੰ ਕਿਹਾ ਕਿ ਇਹ ਵੀ ਕਹਿ ਦੇਣਾ ਕਿ ਐਸਾ ਨਹੀਂ ਕਿ ਕੇਵਲ ਅਸੀਂ ਹੀ ਤੈਨੂੰ ਯਾਦ ਕਰਦੇ ਹਾਂ ਸ਼ਾਇਦ ਤੁਸੀਂ ਮੇਰੇ ਤੋਂ ਵੀ ਵੱਧ ਯਾਦ ਕਰ ਰਹੇ ਹੋਵੋਗੇ) ਸਦੋਂ ਮਨੋਹਰ ਸਿੰਘ ਸ. ਬਿੰਦਰਾ ਦੇ ਘਰ ਪਹੁੰਚੇ ਫਤਿਹ ਬੁਲਾਈ, ਹਾਲਚਾਲ ਪੁੱਛਿਆ ਤਾਂ ਵਕੀਲ ਬਿੰਦਰਾ ਨੇ ਕਿਹਾ ਕਿ ਅੱਜ ਸੰਤਾਂ ਦੀ ਬਹੁਤ ਯਾਦ ਆ ਰਹੀ ਹੈ ਤਾਂ ਮਨੋਹਰ ਸਿੰਘ ਨੇ ਕਿਹਾ ਕਿ ਮੈਨੂੰ ਇਸੇ ਲਈ ਹੀ ਸੰਤਾਂ ਨੇ ਤੁਹਾਡੇ ਪਾਸ ਭੇਜਿਆ ਹੈ ਅਤੇ ਉਪਰੋਕਤ ਬਚਨ ਵੀ ਦੱਸੇ। ਇਹ ਸੁਣ ਕੇ ਸ. ਬਿੰਦਰਾ ਗਦ-ਗਦ ਹੋ ਗਏ।

ਚੱਲ ਰਹੀ ਲੜੀਵਾਰ ਕਥਾ ਦਾ ਭੋਗ

ਦਮਦਮੀ ਟਕਸਾਲ ਦਾ ਇਹ ਸ਼ੁਰੂ ਤੋਂ ਹੀ ਨਿਯਮ ਹੈ ਕਿ ਉਹ ਆਪਣੇ ਰੁਝੇਵਿਆਂ ਦੌਰਾਨ ਚੱਲਦੇ ਫਿਰਦਿਆਂ, ਧਰਮ ਪ੍ਰਚਾਰ ਕਰਦਿਆਂ ਪੰਥਕ ਕਾਰਜ ਕਰਦਿਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਜਾਰੀ ਰੱਖਦੇ ਹਨ ਤਾਂ ਕਿ ਜਥੇ ਵਿੱਚ ਰਹਿਣ ਵਾਲੇ ਸਿੰਘ ਗੁਰਬਾਣੀ ਦੇ ਅਰਥ ਬੋਧ ਨੂੰ ਜਾਣ ਸਕਣ ਅਤੇ ਵੱਖ-ਵੱਖ ਥਾਵਾਂ 'ਤੇ ਜਾ ਕੇ ਗੁਰਬਾਣੀ ਦਾ ਸ਼ੁੱਧ ਪਾਠ ਅਤੇ ਵਿਆਖਿਆ ਰਾਹੀਂ ਸਦਾ ਨਿਭਾਉਂਚੇ ਰਹਿਣ। ਇਸੇ ਲਈ ਦਮਦਮੀ ਟਕਸਾਲ ਨੂੰ ਸਿੱਖਾਂ ਦੀ ਚੱਲਦੀ

Scanned with CamScanner

ਫਿਰਦੀ ਯੂਨੀਵਰਸਿਟੀ ਵੀ ਕਿਹਾ ਜਾਂਦਾ ਹੈ। ਇਸ ਸਮੇਂ ਜਥੇ ਦਾ ਪ੍ਰੋਗਰਾਮ ਖਡੂਰ ਸਾਹਿਬ ਵਿਖੇ ਸੀ ਅਤੇ ਗੁਰਦੁਆਰਾ ਸ੍ਰੀ ਤਪਿਆਣਾ ਸਾਹਿਬ ਵਿਖੇ ਕਥਾ ਦੇ ਪ੍ਰਵਾਹ ਚੱਲਦੇ ਸਨ। ਕਥਾ ਦੇ ਭੋਗ ਦੇ ਸਮਾਗਮ ਨੂੰ ਮੁੱਖ ਰੱਖ ਕੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਪੰਥ ਦੀਆਂ ਹੋਰ ਵੀ ਬਹੁਤ ਸਾਰੀਆਂ ਸਖਸ਼ੀਅਤਾਂ ਸੰਤ ਮਹਾਪੁਰਖਾਂ ਨੂੰ ਇਸ ਸਮੇਂ ਪਹੁੰਚਣ ਲਈ ਬੇਨਤੀ ਕੀਤੀ ਗਈ ਸੀ। 15 ਮਾਰਚ 1982 ਨੂੰ ਸੰਗਰਾਂਦ ਦਾ ਦਿਹਾੜਾ ਸੀ ਜਿਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੇ ਭੋਗ ਪਾਏ ਜਾਣੇ ਸਨ। ਸੰਗਤਾਂ ਦੇ ਵਿਸ਼ਾਲ ਇਕੱਠ ਵਿੱਚ ਗੁਰਦੁਆਰਾ ਤਪਿਆਣਾ ਸਾਹਿਬ ਦੇ ਖੁੱਲ੍ਹੇ ਪੰਡਾਲ ਵਿੱਚ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਨੇ ਕਥਾ ਦੀ ਸਮਾਪਤੀ ਕਰਦਿਆਂ ਲਗਭਗ ਡੇਢ ਘੰਟੇ ਵਿੱਚ ਰਾਗ ਮਾਲਾ ਬਾਣੀ ਦੇ ਤਿੰਨ ਵਾਰੀ ਅਰਥ ਕੀਤੇ। ਅਧਿਆਤਮਕ ਪੱਖ ਤੋਂ ਇਨੇ ਡੂੰਘੇ ਅਰਥ ਸਨ ਕਿ ਸਰੋਤਿਆਂ ਦੇ ਮਨਾਂ 'ਤੇ ਪ੍ਰਭਾਵਸ਼ਾਲੀ ਅਸਰ ਪਿਆ। ਅਖੀਰ ਵਿੱਚ ਸੰਤਾਂ ਨੇ ਜਥੇ ਵਿੱਚ ਰਹਿ ਕੇ ਕਥਾ ਦੇ ਅਰਥ ਲਿਖਣ ਵਾਲੇ ਵਿਦਿਆਰਥੀਆਂ ਲਈ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਸਤਿਗੁਰੂ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਆਰੰਭ ਹੋਏ ਸੰਪਰਦਾਇ ਗੁਰਬਾਣੀ ਅਰਥ ਪੜ੍ਹ ਕੇ ਅੱਗੇ ਸਿੱਖ ਸੰਗਤਾਂ ਵਿੱਚ ਵਿਦਿਆਰਥੀਆਂ ਨੂੰ ਅਰਥ ਬੋਧ ਦੀ ਸੇਵਿਆ ਦਿੰਦੇ ਰਹਿਣ ਅਤੇ ਜਦੋਂ ਵੀ ਕਿਤੇ ਸਮਾਂ ਮਿਲੇ ਕਥਾ ਵਿਆਖਿਆ ਰਾਹੀਂ ਸੰਗਤਾਂ ਦੀ ਸੇਵਾ ਦਾ ਯਤਨ ਕਰਦੇ ਰਹਿਣ। ਉਨ੍ਹਾਂ ਆਖਿਆ ਕਿ ਹੁਣ ਕਥਾ ਦੇ ਭੋਗ ਅਤੇ ਨਵੇਂ ਸਿਰਿਓਂ ਕਥਾ ਦੀ ਆਰੰਭਤਾ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਅਰਦਾਸ ਕਰਨਗੇ। ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬ ਬਹੁਤ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਇੱਥੇ ਪਹੁੰਚੇ ਹਨ ਇਸ ਲਈ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ। ਸਤਿਗੁਰੂ ਜੀ ਉਨ੍ਹਾਂ ਨੂੰ ਹੋਰ ਵੀ ਦ੍ਰਿੜ੍ਹਤਾ ਨਾਲ ਇਸ ਉੱਚ ਪਦਵੀ ਦੀ ਸੇਵਾ ਨਿਭਾਉਣ ਦੀ ਸਮਰੱਥਾ ਪ੍ਰਦਾਨ ਕਰਨ।

ਸਿੰਘ ਸਾਹਿਬ ਗੁਰਦਿਆਲ ਸਿੰਘ ਅਜਨੋਹਾ ਵੱਲੋਂ
ਕਥਾ ਦੇ ਭੋਗ ਦੀ ਅਰਦਾਸ

ਸਿੰਘ ਸਾਹਿਬ ਜੀ ਸੰਤਾਂ ਕੋਲੋਂ ਕਥਾ ਦੇ ਅਰਥ ਸੁਣ ਕੇ ਧਾਸ ਕਰਕੇ ਰਾਗ ਮਾਲਾ ਬਾਣੀ ਦੇ ਅਰਥ ਸੁਣ ਕੇ ਬਹੁਤ ਪ੍ਰਭਾਵਿਤ ਹੋਏ ਕਿਉਂਕਿ ਇਸ ਪਵਿੱਤਰ ਬਾਣੀ ਬਾਰੇ ਕੁਝ ਲੋਕਾਂ ਵੱਲੋਂ ਜਾਣੇ ਅਨਜਾਣੇ ਵਿੱਚ ਭਰਮ ਭੁਲੇਖੇ ਪਾਉਣ ਦਾ ਯਤਨ ਕੀਤਾ ਗਿਆ ਸੀ। ਸਿੰਘ ਸਾਹਿਬ ਜੀ ਨੇ ਅਰਦਾਸ ਕਰਦਿਆਂ ਪੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਕਿ ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਫਰੋਸਾਈ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਗੁਰਬਾਣੀ ਦੀ ਲੜੀਵਾਰ ਕਥਾ ਕਰਦਿਆਂ ਅੱਜ ਭੋਗ ਪਾਏ ਗਏ ਹਨ। ਟਕਸਾਲ ਵਿੱਚ ਪੜ੍ਹਨ ਵਾਲੇ ਸਮੂਹ ਵਿਦਿਆਰਥੀਆਂ ਨੂੰ ਸਤਿਗੁਰੂ ਜੀ ਬ੍ਰਹਮ ਵਿੱਦਿਆ ਬਖਸ਼ ਕੇ ਨਿਹਾਲ ਕਰਨ ਤਾਂ ਕਿ ਉਹ ਪੰਥ ਦੇ ਵੱਖ-ਵੱਖ ਖੇਤਰਾਂ ਵਿੱਚ ਗੁਰਬਾਣੀ ਦੇ ਅਰਥ ਬੋਧ ਸੰਗਤਾਂ ਨੂੰ ਸਿਖਾਉਂਦੇ ਰਹਿਣ। ਉਨ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਅਜੋਕੇ ਸਮੇਂ ਵਿੱਚ ਜਿੱਥੇ ਅਖੌਤੀ ਗੁਰੂ ਡੰਮ੍ਹ ਦੇ ਪਸਾਰੇ ਦਾ ਭਾਰੀ ਖਤਰਾ ਹੈ ਉੱਥੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਵਰਗੇ ਮਹਾਂਪੁਰਖਾਂ ਦੀ ਪੰਥ ਨੂੰ ਭਾਰੀ ਜ਼ਰੂਰਤ ਹੈ। ਇਸ ਲਈ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਅਰਦਾਸ ਬੇਨਤੀ ਕਰਦਾ ਹਾਂ ਕਿ ਮੇਰੀ ਰਹਿੰਦੀ ਉਮਰ ਸੰਤ ਜਰਨੈਲ ਸਿੰਘ ਜੀ ਨੂੰ ਸਹਾਈ ਹੋਵੇ ਤਾਂ ਕਿ ਉਹ ਹੋਰ ਵੱਧ ਸਮਾਂ ਪੰਥ ਦੀ ਸੇਵਾ ਕਰ ਸਕਣ, ਨਾਲ ਹੀ ਉਨ੍ਹਾਂ ਨੇ ਨਵੇਂ ਸਿਰਿਓਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਆਰੰਭ ਕਰਨ ਵਾਸਤੇ ਅਰਦਾਸ ਬੇਨਤੀ ਕੀਤੀ ਕਿ ਇਸੇ ਤਰ੍ਹਾਂ ਗੁਰਬਾਣੀ ਦੇ ਅਰਥਾਂ ਦੀ ਕਥਾ ਕਰਕੇ ਦਮਦਮੀ ਟਕਸਾਲ ਪੰਥ ਦੀ ਹਮੇਸ਼ਾ ਲਈ ਸੇਵਾ ਕਰਦੀ ਰਹੇ। ਅੱਜ ਦੀ ਕਥਾ ਦੇ ਭੋਗ ਲਈ ਉਨ੍ਹਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸ਼ੁਕਰਾਨਾ ਕਰਦਿਆਂ ਕੋਟਿਨ ਕੋਟਿ ਧੰਨਵਾਦ ਕੀਤਾ ਅਤੇ ਇਸ ਸਮੇਂ ਸਭ ਸੰਗਤਾਂ ਦੀਆਂ ਹਾਜ਼ਰੀਆਂ ਪ੍ਰਵਾਨ ਕਰਨ ਦੀ ਬੇਨਤੀ ਕਰਦਿਆਂ ਅਰਦਾਸ ਦੀ ਸੰਪੂਰਨਤਾ ਕੀਤੀ।

ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੇ ਸ੍ਰੀ ਮੁੱਖ ਵਾਕ ਲਿਆ ਉਪਰੰਤ ਪੰਜ ਵਾਰ ਮੂਲ ਮੰਤਰ ਪੜ੍ਹਿਆ (ੴ ਤੋਂ ਨਾਨਕ ਹੋਸੀ ਭੀ ਸਚੁ ਤੱਕ) ਅਤੇ ਪੰਜ ਵਾਰ ਗੁਰਮੰਤਰ (ਵਾਹਿਗੁਰੂ) ਸੰਗਤਾਂ ਸਮੇਤ ਉੱਚੀ ਧੁਨ ਵਿੱਚ ਪੜ੍ਹਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੀ ਆਰੰਭਤਾ ਕੀਤੀ। ਉਪਰੰਤ ਸੰਗਤਾਂ ਨੂੰ

Scanned with CamScanner

ਦੇਗ ਵਰਤਾਈ। ਵਿਸ਼ੇਸ਼ ਤੌਰ 'ਤੇ ਸੰਤ ਬਾਬਾ ਉੱਤਮ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਵੱਲੋਂ ਅਤੇ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਵੱਲੋਂ, ਸਿੰਘ ਸਾਹਿਬ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਬਾਅਦ ਵਿੱਚ ਸੰਤ ਜੀ, ਸਿੰਘ ਸਾਹਿਬ ਜੀ ਨੂੰ ਬਹੁਤ ਹੀ ਸਤਿਕਾਰ ਨਾਲ ਆਪਣੇ ਆਸਨ 'ਤੇ ਲੈ ਗਏ ਅਤੇ ਜਾਂਦਿਆਂ ਸਾਰ ਹੀ ਬਹੁਤ ਨਾਰਾਜ਼ਗੀ ਜ਼ਾਹਿਰ ਕੀਤੀ ਕਿ ਸਿੰਘ ਸਾਹਿਬ ਜੀ ਤੁਸੀਂ ਪੰਥ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋ ਅਤੇ ਇੱਕ ਮੇਰੇ ਵਰਗੇ ਸਾਧਾਰਨ ਵਿਅਕਤੀ ਲਈ ਇਹ ਅਰਦਾਸ ਕਿਉਂ ਕੀਤੀ ਕਿ ਮੇਰੀ ਰਹਿੰਦੀ ਉਮਰ ਉਸ ਨੂੰ ਲੱਗ ਜਾਵੇ। ਇਹ ਗੱਲ ਸੁਣ ਕੇ ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ ਨੇ ਬੜੇ ਪਿਆਰ ਨਾਲ ਸੰਤਾਂ ਦੇ ਦੋਵੇਂ ਹੱਥ ਫੜ੍ਹ ਲਏ ਅਤੇ ਕਿਹਾ ਕਿ ਸ਼ਾਇਦ ਤੁਸੀਂ ਖੁਦ ਵੀ ਨਹੀਂ ਜਾਣਦੇ ਕਿ ਤੁਸੀਂ ਕੋਈ ਸਾਧਾਰਨ ਵਿਅਕਤੀ ਨਹੀਂ ਬਲਕਿ ਤੁਹਾਡੇ ਉਪਰ ਕਲਗੀਧਰ ਦਸਮੇਸ਼ ਪਿਤਾ ਦੀ ਬਖਸ਼ਿਸ਼ ਹੈ ਅਤੇ ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਤੁਸੀਂ ਪੰਥ ਦੀ ਸੇਵਾ ਜਿੰਤ ਬਹੁਤ ਕੁੱਝ ਕਰ ਸਕਦੇ ਹੋ। ਇਸੇ ਲਈ ਹੀ ਮੈਂ ਤਹਿ ਦਿਲੋਂ ਸਤਿਗੁਰੂ ਦੇ ਚਰਨਾਂ ਵਿੱਚ ਇਹ ਅਰਦਾਸ ਕੀਤੀ ਹੈ ਕਿ ਤੁਸੀਂ ਵੱਧ ਤੋਂ ਵੱਧ ਸਮਾਂ ਇਹ ਸੇਵਾ ਨਿਭਾ ਸਕੋ। ਇਸ ਤੋਂ ਬਾਅਦ ਕੁੱਝ ਸਮਾਂ ਦੋਵੇਂ ਜਣੇ ਚੁੱਪ ਹੋ ਗਏ। ਬਲਕਿ ਸੰਤ ਜੀ ਬਹੁਤ ਜ਼ਿਆਦਾ ਗੰਭੀਰ ਹੋ ਗਏ।

ਸਿੱਖਾਂ ਦੇ ਸਰਬ ਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੱਖ ਪੰਥ ਵਿੱਚੋਂ ਜੇ ਕਿਸੇ ਵਿਅਕਤੀ ਨੂੰ ਦਿਲੋਂ ਇਸ ਕਦਰ ਸਨਮਾਨ ਦਿੰਦੇ ਹਨ ਅਤੇ ਭਰੋਸਾ ਰੱਖਦੇ ਹਨ ਕਿ ਇਹ ਪੰਥ ਲਈ ਕੁਝ ਕਰ ਗੁਜ਼ਰਨ ਲਈ ਆਸ ਦੀ ਕਿਰਨ ਹੈ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਿਨ੍ਹਾਂ ਬਾਰੇ ਜਥੇਦਾਰ ਸਾਹਿਬ ਵੱਲੋਂ ਇਹ ਆਸਾਂ ਰੱਖੀਆਂ ਜਾ ਰਹੀਆਂ ਹਨ ਉਨ੍ਹਾਂ ਦੀ ਕਿੰਨੀ ਕੁ ਜ਼ਿੰਮੇਵਾਰੀ ਪਹਿਲਾਂ ਨਾਲੋਂ ਹੋਰ ਵੱਧ ਜਾਵੇਗੀ ਅਤੇ ਕਿਸ ਕਦਰ ਪੰਥ ਦੀ ਸੇਵਾ ਨਿਭਾਉਣਗੇ। ਇਹ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਜੇਕਰ ਇਹ ਸਮਝਿਆ ਜਾਵੇ ਕਿ ਸਿੰਘ ਸਾਹਿਬ ਨੂੰ ਪ੍ਰਮਾਤਮਾ ਦੀ ਕ੍ਰਿਪਾ ਨਾਲ ਪਹਿਲਾਂ ਹੀ ਪਤਾ ਸੀ ਕਿ ਸੰਤਾਂ ਨੇ ਪੰਥ ਪ੍ਰਤੀ ਵੱਡੀਆਂ ਸੇਵਾਵਾਂ ਨਿਭਾਉਣੀਆਂ ਹਨ ਅਤੇ ਇਸੇ ਤਰ੍ਹਾਂ ਹੀ ਹੋਇਆ।

ਦੋ ਸਿੱਖ ਜਰਨੈਲਾਂ ਦਾ ਮਿਲਾਪ

1982 ਦੇ ਠੰਡ ਦੇ ਦਿਨਾਂ ਵਿੱਚ ਸੰਤ ਜੀ ਜਥੇ ਸਮੇਤ ਮਹਿਤੇ ਸਨ। ਵਿਦਿਆਲੇ ਦੀ ਉਪਰਲੀ ਮੰਜ਼ਿਲ 'ਤੇ ਦਰੀਆਂ ਵਿਛੀਆਂ ਹੋਈਆਂ ਸਨ ਅਤੇ ਇੱਥੇ ਹੀ ਸੰਤ ਆਸਣ ਲਾ ਕੇ ਬੈਠੇ ਹੋਏ ਸਨ। ਆਉਣ ਜਾਣ ਵਾਲੀ ਸੰਗਤ ਨੂੰ ਇੱਥੇ ਹੀ ਮਿਲ ਰਹੇ ਸਨ। ਦਿਨ ਵੇਲੇ ਇੱਕ ਚੰਗਾ ਰਿਸ਼ਟ ਪੁਸ਼ਟ ਰੋਬ-ਸੋਬ ਵਾਲਾ ਅੱਧਖੜ ਜਿਹੀ ਉਮਰ ਦਾ ਵਿਅਕਤੀ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੇ ਮੁੱਖ ਗੇਟ 'ਤੇ ਪਹੁੰਚਿਆ ਅਤੇ ਉੱਥੇ ਖੜ੍ਹੇ ਪਹਿਰੇਦਾਰ ਨੂੰ ਪੁੱਛਿਆ ਕਿ ਮੈਂ ਸੰਤਾਂ ਨੂੰ ਮਿਲਣਾ ਹੈ। ਉਸ ਨੇ ਕਿਹਾ ਕਿ ਬੱਲੋ 7 ਨੰਬਰ ਕਮਰੇ ਵਿੱਚ ਜਥੇ ਦਾ ਦਫ਼ਤਰ ਹੈ ਉਥੇ ਬੈਠ ਕੇ ਜਲ-ਪਾਣੀ ਛਕੋ ਤਦ ਤੱਕ ਅਸੀਂ ਸੰਤਾਂ ਨੂੰ ਪੁੱਛ ਕੇ ਤੁਹਾਨੂੰ ਉਨ੍ਹਾਂ ਨਾਲ ਮਿਲਾ ਦੇਵਾਂਗੇ। ਜਦ ਨੂੰ ਭਾਈ ਮੋਹਕਮ ਸਿੰਘ ਸੰਤਾਂ ਕੋਲੋਂ ਥੱਲੇ ਆਇਆ ਤਾਂ ਪਹਿਰੇ 'ਤੇ ਖੜ੍ਹੇ ਸਿੰਘ ਨੇ ਦੱਸਿਆ 7 ਨੰਬਰ ਕਮਰੇ ਵਿੱਚ ਇੱਕ ਆਦਮੀ ਬੈਠਾ ਹੈ ਉਹ ਸੰਤਾਂ ਨੂੰ ਮਿਲਣਾ ਚਾਹੁੰਦਾ ਹੈ। ਭਾਈ ਮੋਹਕਮ ਸਿੰਘ ਉਸ ਨੂੰ ਮਿਲੇ ਅਤੇ ਉਹ ਆਪਣੇ ਨਾਲ ਉਸ ਨੂੰ ਸੰਤਾਂ ਕੋਲ ਲੈ ਗਏ। ਪੌੜੀਆਂ ਚੜ੍ਹ ਕੇ ਜਦ ਉਪਰ ਗਏ ਤਾਂ ਉਸ ਨੇ ਕਿਹਾ ਕਿ ਤੁਸੀਂ ਇੱਥੇ ਰੁਕੋ ਮੈਂ ਸੰਤਾਂ ਨੂੰ ਪੁੱਛ ਲਵਾਂ। ਉਸੇ ਵੇਲੇ ਹੀ ਸੰਤਾਂ ਨੇ ਵੀ ਇੱਧਰ ਨੂੰ ਵੇਖਿਆ ਅਤੇ ਕਿਹਾ ਕਿ ਆ ਜਾਓ, ਭਾਈ। ਜਦੋਂ ਇਹ ਵਿਅਕਤੀ ਸੰਤਾਂ ਕੋਲ ਗਿਆ ਫ਼ਤਿਹ ਬੁਲਾ ਕੇ ਕੋਲ ਬੈਠ ਗਿਆ ਤਾਂ ਸੰਤਾਂ ਨੇ ਅਚਾਨਕ ਹੀ ਕਿਹਾ ਕਿ ਅਸੀਂ ਤਾਂ ਕਈ ਦਿਨਾਂ ਤੋਂ ਤੁਹਾਨੂੰ ਉਡੀਕ ਰਹੇ ਹਾਂ ਚੰਗਾ ਹੋਇਆ ਅੱਜ ਤੁਸੀਂ ਆ ਗਏ। ਨਾਲ ਹੀ ਭਾਈ ਮੋਹਕਮ ਸਿੰਘ ਨੂੰ ਕਿਹਾ ਕਿ ਇਨ੍ਹਾਂ ਲਈ ਜਲ-ਪਾਣੀ ਲਿਆਉ। ਕੁੱਝ ਹੋਰ ਸਿੰਘ ਵੀ ਕੋਲ ਖੜ੍ਹੇ ਸਨ ਪਰ ਇਹ ਵਿਅਕਤੀ ਹੈਰਾਨ ਸੀ ਕਿ ਮੈਂ ਸੰਤਾਂ ਨੂੰ ਕਦੇ ਮਿਲਿਆ ਨਹੀਂ ਇਹ ਮੈਨੂੰ ਕਿਵੇਂ ਜਾਣਦੇ ਹਨ ਜਾਂ ਇਨ੍ਹਾਂ ਨੂੰ ਕੋਈ ਭੁਲੇਖਾ ਲੱਗਾ ਹੈ। ਫਿਰ ਸੰਤਾਂ ਨੇ ਕਿਹਾ ਜਰਨਲ ਸਾਹਿਬ ਭਾਰਤੀ ਫੌਜ ਵਿੱਚ ਤੁਹਾਡੀ ਬੜੀ ਘਾਲਣਾ ਹੈ ਪਰ ਕੇਵਲ ਸਿੱਖ ਹੋਣ ਦੇ ਨਾਤੇ ਤੁਹਾਡੇ ਨਾਲ ਬੇਇਨਸਾਫੀ ਹੋਈ ਅਤੇ ਨਾਲ ਹੀ ਥੋੜ੍ਹਾ ਮੁਸਕਰਾ ਕੇ ਕਹਿਣ ਲੱਗੇ ਸ਼ਾਇਦ ਆਪਣੇ ਮਿਲਣ ਦਾ ਇਹੀ ਸਬੱਬ ਬਣਨਾ ਸੀ। ਸੰਤਾਂ ਕੋਲੋਂ ਇਹ ਬਚਨ ਸੁਣ ਕੇ

Scanned with CamScanner

ਉਸਦਾ ਭੁਲੇਖਾ ਨਿਕਲ ਗਿਆ ਕਿ ਸੰਤ ਜੀ ਮੇਰੇ ਬਾਰੇ ਕੋਈ ਭੁਲੇਖਾ ਰੱਖਦੇ ਹਨ ਅਤੇ ਉਸ ਨੂੰ ਆਪਣੀ ਜਾਣ-ਪਛਾਣ ਦੱਸਣ ਦੀ ਵੀ ਜ਼ਰੂਰਤ ਨਾ ਰਹੀ। ਫਿਰ ਸਾਧਾਰਨ ਗੱਲਾਂ ਬਾਤਾਂ ਹੋਈਆਂ। ਜਦੋਂ ਮਹਕਮ ਸਿੰਘ ਇਸ ਵਿਅਕਤੀ ਲਈ ਜਲ-ਪਾਣੀ ਲੈ ਕੇ ਵਾਪਸ ਆਇਆ ਤਾਂ ਸੰਤਾਂ ਨੇ ਕਿਹਾ ਇਹ ਸਰਦਾਰ ਜਰਨਲ ਸੁਬੇਗ ਸਿੰਘ ਹਨ। ਇਨ੍ਹਾਂ ਦੇ ਰਹਿਣ ਦਾ ਪ੍ਰਬੰਧ ਕਰੋ ਇਹ ਪੱਕੇ ਤੌਰ 'ਤੇ ਜਥੇ ਵਿੱਚ ਰਹਿਣਾ ਚਾਹੁੰਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਰਹਿਣ ਲਈ ਉਨ੍ਹਾਂ ਨੂੰ ਇੱਕ ਕਮਰਾ ਦੇ ਦਿੱਤਾ ਗਿਆ ਅਤੇ ਅੱਜ ਦੀ ਮਿਲਣੀ ਤੋਂ ਬਾਅਦ ਉਹ ਪੱਕੇ ਤੌਰ 'ਤੇ ਸੰਤਾਂ ਨਾਲ ਮਿਲ ਗਏ। ਅਸਲ ਵਿੱਚ ਇਸ ਇੱਕ ਘੰਟੇ ਦੀ ਮੁਲਾਕਾਤ ਨੇ ਉਸ ਵਿਅਕਤੀ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਜਿਸ ਨੇ ਆਪਣੀ ਯੂਨੀਵਰਸਿਟੀ ਦੀ ਪੜ੍ਹਾਈ ਵਿੱਚੇ ਹੀ ਛੱਡ ਕੇ ਪਾਕਿਸਤਾਨ ਦੀ ਯੂਨੀਵਰਸਿਟੀ ਵਿੱਚ ਦਾਖਲਾ ਲਿਆ ਉੱਥੋਂ ਦੀ ਮਿਲਟਰੀ ਵਿੱਚ ਭਰਤੀ ਹੋਏ ਉੱਥੇ ਰਹਿ ਕੇ ਮੁਕਤੀ ਵਾਹਿਨੀ ਸੈਨਾ ਬਣਾਈ ਜਿਸ ਤਹਿਤ ਬੰਗਲਾਦੇਸ਼ ਆਜ਼ਾਦ ਕਰਵਾਇਆ। ਆਪਣੇ ਆਪ ਨੂੰ ਵੱਡੇ ਜੋਧਿਆਂ ਵਿੱਚ ਪਾ ਕੇ ਭਾਰਤ ਸਰਕਾਰ ਦੀ 1962 ਦੌਰਾਨ ਚੀਨ ਨਾਲ ਲੜਾਈ ਵਿੱਚ ਹੋਈ ਨਮੋਸ਼ੀ ਨੂੰ ਜਿੱਤ ਵਿੱਚ ਬਦਲਦਿਆਂ ਇਸ ਜਰਨਲ ਨੇ ਵੱਡੀਆਂ ਮੱਲਾਂ ਮਾਰੀਆਂ ਪਰ ਇੱਕ ਸਿੱਖ ਹੋਣ ਕਾਰਨ ਇਸ ਜਿੱਤ ਦਾ ਸਿਹਰਾ ਇਸ ਸਰਦਾਰ ਨੂੰ ਦੇਣ ਦੀ ਬਜਾਇ ਝੂਠੇ ਤੇ ਨਿਗੂਣੇ ਦੋਸ਼ ਲਾ ਕੇ ਜਬਰਦਸਤੀ ਸੇਵਾ ਮੁਕਤ ਕਰ ਦਿੱਤਾ ਗਿਆ ਅਤੇ ਇਸ ਦੀ ਬਹਾਦਰੀ ਦਾ ਤਗਮਾ ਇਹ ਦਿੱਤਾ ਕਿ ਇਸ ਦੀ ਪੈਨਸ਼ਨ ਵੀ ਬੰਦ ਕਰ ਦਿੱਤੀ ਗਈ ਸੀ। ਇਹ ਇੱਕ ਲੰਮੀ ਵਿਥਿਆ ਹੈ ਜੋ ਇਸ ਜਰਨਲ ਸਰਦਾਰ ਨਾਲ ਜੁੜੀ ਹੋਈ ਹੈ। ਪਰ ਬੜਾ ਤੇਜ ਤਰਾਰ ਹੋਣਹਾਰ ਜਰਨਲ ਇੱਕ ਘੰਟੇ ਦੀ ਮਿਲਣੀ ਵਿੱਚ ਹੀ ਸਮਝ ਗਿਆ ਕਿ ਇਹ ਭਿੰਡਰਾਂਵਾਲਾ ਸੰਤ ਕੋਈ ਸਾਧਾਰਨ ਵਿਅਕਤੀ ਨਹੀ ਬਲਕਿ ਇਹ ਸਿੱਖਾਂ ਨੂੰ ਗੁਲਾਮੀ ਦੀ ਅਧੋਗਤੀ ਵਿੱਚੋਂ ਕੱਢਣ ਨੂੰ ਹੰਭਲਾ ਮਾਰੇਗਾ ਅਤੇ ਸਿੱਖਾਂ 'ਤੇ ਹੋ ਰਹੀਆਂ ਵਧੀਕੀਆਂ ਨੂੰ ਚੈਲੰਜ ਕਰਦਿਆਂ ਸਿੱਖ ਕੌਮ ਦੀ ਰੂਹ ਨੂੰ ਟੁੰਬੇਗਾ। ਇਸ ਲਈ ਮੈਨੂੰ ਆਪਣੇ ਤਜ਼ਰਬਿਆਂ ਦੀ ਯੋਗਤਾ ਦਾ ਸਾਥ ਇਸ ਸੰਤ ਦੀ ਝੋਲੀ ਵਿੱਚ ਪਾ ਦੇਣਾ ਚਾਹੀਦਾ ਹੈ। ਬਾਕੀ ਮੈਂ ਸਮਝਦਾ ਹਾਂ ਕਿ ਕੇਵਲ ਮੇਰੇ ਨਾਲ ਹੀ ਬੇਇਨਸਾਫੀ ਹੋਈ ਹੈ ਪਰ ਇਨ੍ਹਾਂ ਸੰਤਾਂ ਨੂੰ ਮਿਲ ਕੇ ਪਤਾ ਲੱਗਾ ਹੈ ਕਿ ਸਮੁੱਚੀ ਕੌਮ ਨਾਲ ਸਿਰਫ ਬੇਇਨਸਾਫੀ ਹੀ ਨਹੀਂ ਬਲਕਿ ਧੱਕੇਸ਼ਾਹੀ ਹੋ ਰਹੀ ਹੈ ਜਿਸ ਲਈ ਸ਼ਾਨੂੰ ਸਾਂਝੇ ਤੌਰ 'ਤੇ ਹੰਭਲਾ ਮਾਰਨ ਦੀ ਲੋੜ ਹੈ। ਸੰਤਾਂ ਨੇ ਸੁਭਾਵਿਕ ਹੀ ਕਿਹਾ ਸੀ ਕਿ ਜਰਨਲ ਸਾਹਿਬ ਤੁਸੀਂ ਭਾਰਤ ਦੀ ਆਜ਼ਾਦੀ ਲਈ ਵੱਡੀਆਂ ਮੱਲ੍ਹਾਂ ਮਾਰੀਆਂ ਹਨ ਪਰ ਜੇ ਗੁਰੂ ਦੀਆਂ ਖੁਸ਼ੀਆਂ ਲੈਣੀਆਂ ਹਨ ਤਾਂ ਸਿੱਖਾਂ ਦੀ ਆਜ਼ਾਦੀ ਲਈ ਵੀ ਕੁੱਝ ਕਰ ਗੁਜ਼ਰਨਾ ਪਵੇਗਾ। ਬੱਸ ਇਥੇ ਇਨ੍ਹਾਂ ਜਰਨੈਲਾਂ ਦਾ ਮੇਲ ਹੋਇਆ ਅਤੇ ਅਖੀਰ ਤੱਕ ਨਿਭਿਆ।

ਸਿੰਘ ਸਾਹਿਬ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦਾ ਅਕਾਲ ਚਲਾਣਾ

ਸੰਗਤ ਸਹਿਜੇ ਹੀ ਅੰਦਾਜ਼ਾ ਲਗਾ ਸਕਦੀ ਹੈ ਕਿ ਸਿੰਘ ਸਾਹਿਬ ਜੀ ਨੇ ਖਡੂਰ ਸਾਹਿਬ ਵਿਖੇ ਅਰਦਾਸ ਕਰਦਿਆਂ ਬਚਨ ਕਹੇ ਸਨ ਕਿ ਮੇਰੀ ਉਮਰ ਸੰਤਾਂ ਨੂੰ ਲੱਗ ਜਾਵੇ ਇਹ ਅਰਦਾਸ ਕਿੰਨੀ ਤਹਿ ਦਿਲੋਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਗ ਸੰਗ ਸਮਝ ਕੇ ਕੀਤੀ ਗਈ ਹੋਵੇਗੀ। ਕਿਉਂਕਿ ਇਸ ਤੋਂ ਦੋ ਦਿਨ ਬਾਅਦ ਹੀ ਜਥੇਦਾਰ ਸਾਹਿਬ ਅਕਾਲ ਚਲਾਣਾ ਕਰ ਗਏ। 18 ਮਾਰਚ 1982 ਨੂੰ ਉਨ੍ਹਾਂ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਪਿੰਡ ਅਜਨੋਹਾ ਵਿਖੇ ਕੀਤਾ ਗਿਆ। ਸੰਤ ਭਿੰਡਰਾਂਵਾਲਿਆਂ ਨੇ ਜਥੇਦਾਰ ਅਜਨੋਹਾ ਦੇ ਸਰੀਰ ਦਾ ਆਪਣੇ ਹੱਥੀਂ ਇਸ਼ਨਾਨ ਕਰਾਇਆ। ਪੰਥ ਦੀਆਂ ਹੋਰ ਨਾਮਵਰ ਸਖਸ਼ੀਅਤਾਂ ਜਿਨ੍ਹਾਂ ਵਿੱਚ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਬਲਦੇਵ ਸਿੰਘ ਮਾਹਿਲਪੁਰ, ਸ਼੍ਰੋਮਣੀ ਕਮੇਟੀ ਦੇ ਬਹੁਤ ਸਾਰੇ ਹੋਰ ਮੈਂਬਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਹਰਚਰਨ ਸਿੰਘ ਮਹਾਲੋਂ ਅਤੇ ਹੋਰ ਬਹੁਤ ਸਾਰੀਆਂ ਪੰਥਕ ਸਖਸ਼ੀਅਤਾਂ ਜਥੇਦਾਰ ਜੀ ਦੇ ਅੰਤਿਮ ਸਸਕਾਰ 'ਤੇ ਪਹੁੰਚੇ। ਸੰਤਾਂ ਨੇ ਅਰਦਾਸ ਕੀਤੀ ਅਤੇ ਪਰਿਵਾਰ ਵੱਲੋਂ ਜਥੇਦਾਰ ਸਾਹਿਬ ਦੇ ਸਰੀਰ ਨੂੰ ਅਗਨ ਭੇਟ ਕੀਤਾ ਗਿਆ। ਇਸ ਤਰ੍ਹਾਂ ਸਮੂਹ ਸੰਗਤਾਂ ਸਿੰਘ ਸਾਹਿਬ ਜੀ ਦੇ ਦਿਲ ਅੰਦਰ ਪੰਥ ਪ੍ਰਤੀ ਆਪਾ ਨਿਸ਼ਾਵਰ ਕਰਨ ਦੀ ਭਾਵਨਾ ਨੂੰ ਸਮਝ ਸਕਦੀਆਂ ਹਨ। 20 ਮਾਰਚ 1982 ਨੂੰ ਜਥੇਦਾਰ ਜੀ ਦਾ ਅੰਗੀਠਾ ਸ੍ਰੀ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ ਕੀਤਾ ਗਿਆ। ਇਸ ਸਮੇਂ ਵੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਵੱਡੀ ਗਿਣਤੀ ਵਿੱਚ ਇਲਾਕੇ ਭਰ ਦੀਆਂ ਸੰਗਤਾਂ ਕਾਫਲੇ ਦੇ ਰੂਪ ਵਿੱਚ ਜਥੇਦਾਰ ਜੀ ਦਾ ਅੰਗੀਠਾ ਨਗਰ ਤੋਂ ਲੈ ਕੇ ਕੀਰਤਪੁਰ ਸਾਹਿਬ ਗਈਆਂ। ਇਸ ਸਮੇਂ ਹੋਰ ਵੀ ਬਹੁਤ ਸਾਰੇ ਸੰਤ ਮਹਾਂਪੁਰਖ, ਮੈਂਬਰ ਸ਼੍ਰੋਮਣੀ ਕਮੇਟੀ ਜਥੇਦਾਰ

Scanned with CamScanner

ਗੁਰਚਰਨ ਸਿੰਘ ਟੌਹੜਾ ਆਦਿ ਆਗੂ ਮੌਜੂਦ ਸਨ। ਇਸ ਤੋਂ ਬਾਅਦ 27 ਮਾਰਚ 1982 ਨੂੰ ਭੋਗ ਸਮੇਂ ਵੀ ਬਹੁਤ ਸਾਰੀਆਂ ਸਖਸ਼ੀਅਤਾਂ ਸਮੇਤ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਜਥੇਦਾਰ ਅਜਨੋਹਾ ਦੀਆਂ ਪੰਥ ਪ੍ਰਤੀ ਸੇਵਾਵਾਂ ਦਾ ਵੇਰਵਾ ਦਿੰਦਿਆਂ ਖਾਸ ਤੌਰ 'ਤੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਸਿੰਘ ਸਾਹਿਬ ਜੀ ਨੇ ਅਖੰਡੀ ਗੁਰੂ ਡੰਮ੍ਹ ਪ੍ਰਤੀ ਸ਼ੰਗਤਾਂ ਨੂੰ ਹਮੇਸ਼ਾ ਸੁਚੇਤ ਰੱਖਿਆ ਅਤੇ ਇਸ ਪ੍ਰਤੀ ਬਣਦੀ ਕਾਰਵਾਈ ਕਰਦਿਆਂ ਰਤਾ ਭਰ ਵੀ ਢਿੱਲ ਨਹੀਂ ਕੀਤੀ। ਪੰਥ ਨੂੰ ਉਨ੍ਹਾਂ ਵਰਗੇ ਬੇਦਾਗ਼ ਜਥੇਦਾਰ ਦੀ ਅਗਵਾਈ ਦੀ ਜ਼ਰੂਰਤ ਹੈ।

ਕਾਮਰੇਡਾਂ ਦੇ ਗੜ੍ਹ ਤੋੜਨ ਲਈ ਨੌਜਵਾਨਾਂ ਦੀਆਂ ਕਾਨਫਰੰਸਾਂ

ਪੰਜਾਬ ਦੇ ਸਕੂਲਾਂ ਕਾਲਜਾਂ ਯੂਨੀਵਰਸਿਟੀਆਂ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ (ਪੀ ਐੱਸ ਯੂ.) ਦਾ ਬਹੁਤ ਜੋਰ ਸੀ। ਇਹ ਕਾਮਰੇਡ ਖਿਆਲਾਂ ਦੀ ਜਥੇਬੰਦੀ ਸੀ। ਇਹ ਸਕੂਲਾਂ ਕਾਲਜਾਂ ਵਿੱਚ ਡਰਾਮੇ, ਜਲਸੇ ਆਦਿ ਦੇ ਮਨੋਰੰਜਕ ਪ੍ਰੋਗਰਾਮਾਂ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚਦੇ ਸਨ ਅਤੇ ਰੱਬ ਦੀ ਹੋਂਦ ਮੰਨਣ ਤੋਂ ਇਨਕਾਰੀ ਸਨ। ਕਿਸੇ ਵੀ ਧਰਮ ਵਿੱਚ ਆਸਥਾ ਨੂੰ ਬੇਕਾਰ ਸਮਝਦੇ ਸਨ। ਇਸ ਲਈ ਸਿੱਖਾਂ ਦੇ ਬੱਚੇ ਸਿੱਖੀ ਤੋਂ ਦੂਰ ਜਾ ਰਹੇ ਸਨ। ਬਾਣੀ ਪੜ੍ਹਨ ਜਾਂ ਨਿੱਤਨੇਮ ਕਰਨ ਨੂੰ ਇਹ ਮਜ਼ਾਕ ਸਮਝਦੇ ਸਨ। ਸਾਬਤ ਸੂਰਤ ਕੇਸਾਧਾਰੀ ਹੋਣਾ ਤਾਂ ਦੂਰ ਦੀ ਗੱਲ ਸੀ। ਇਨ੍ਹਾਂ ਹਾਲਾਤਾਂ ਨੂੰ ਮੁੱਖ ਰੱਖਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਪੰਜਾਬ ਦੇ ਕੁਝ ਕਾਲਜਾਂ ਵਿੱਚ ਵਿਦਿਆਰਥੀ ਕਾਨਫਰੰਸਾਂ ਕਰਨੀਆਂ ਹਨ ਜਿਥੇ ਇੱਕ ਕਾਨਫਰੰਸ ਵਿੱਚ ਕਈ ਕਾਲਜਾਂ ਦੇ ਵਿਦਿਆਰਥੀਆਂ ਨੂੰ ਇਕੱਤਰ ਕਰਨ ਦਾ ਯਤਨ ਕੀਤਾ ਜਾਵੇਗਾ। ਸੰਤਾਂ ਵੱਲੋਂ ਸਹਿਮਤੀ ਦਿੱਤੇ ਜਾਣ 'ਤੇ ਸਭ ਤੋਂ ਪਹਿਲਾਂ ਗੁਰੂ ਨਾਨਕ ਕਾਲਜ ਮੋਗਾ ਵਿਖੇ ਕਾਨਫਰੰਸ ਕਰਨ ਦਾ ਫੈਸਲਾ ਕੀਤਾ। ਇਸ ਦੀ ਤਿਆਰੀ ਲਈ ਭਾਈ ਅਮਰੀਕ ਸਿੰਘ ਨੇ ਮੋਗੇ ਵਿਖੇ ਜਿਲ੍ਹਾ ਜਥੇਬੰਦੀ ਦੀ ਮੀਟਿੰਗ ਕੀਤੀ ਉਦੋਂ ਜਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਭਾਈ ਅਮਰਜੀਤ ਸਿੰਘ ਚਾਵਲਾ ਸਨ ਜੋ ਕਿ ਉਸ ਸਮੇਂ ਜੇਲ੍ਹ ਵਿੱਚ ਸਨ। ਮੀਤ ਪ੍ਰਧਾਨ ਨਿਧਲਕ ਸਿੰਘ ਬਰਾੜ ਅਤੇ ਹੋਰ ਅਹੁਦੇਦਾਰ ਭਾਈ ਬਲਦੇਵ ਸਿੰਘ ਭਿੰਡਰ, ਭਾਈ ਹਰਪਾਲ ਸਿੰਘ ਝਾੜ ਸਾਹਿਬ, ਭਾਈ ਜਗਮੋਹਨ ਸਿੰਘ ਮੋਗਾ, ਸੁਖਰਾਜ ਸਿੰਘ, ਭਗਵੰਤ ਸਿੰਘ, ਤੇਜਿੰਦਰ ਸਿੰਘ ਉਰਫ ਟੀਟੂ ਬੁੱਟਰ ਕਲਾਂ, ਭਾਈ ਕਲਵੰਤ ਸਿੰਘ ਸੰਦੋਵਾਲਾ, ਭਾਈ ਚਮਕੌਰ ਸਿੰਘ ਰੋਡੇ, ਭਾਈ ਤਰਲੋਚਨ ਸਿੰਘ ਰੋਡੇ ਆਦਿ ਹੋਰ ਬਹੁਤ ਸਾਰੇ ਨੌਜਵਾਨਾਂ ਨੇ ਇਸ ਮੀਟਿੰਗ ਵਿੱਚ ਭਾਗ ਲਿਆ। ਭਾਈ ਅਮਰੀਕ ਸਿੰਘ ਨੇ ਪੰਜ ਕਾਲਜਾਂ ਦੇ ਪ੍ਰਧਾਨਾਂ ਨੂੰ ਵਿਦਿਆਰਥੀਆਂ ਸਮੇਤ ਇਸ ਕਾਨਫਰੰਸ ਵਿੱਚ ਭਾਗ ਲੈਣ ਲਈ ਸੁਨੇਹਾ ਲਾਇਆ। ਜਿਵੇਂ ਆਰ. ਐੱਸ. ਡੀ. ਕਾਲਜ ਅਤੇ ਗੁਰੂ ਨਾਨਕ ਕਾਲਜ ਫਿਰੋਜ਼ਪੁਰ, ਬਰਜਿੰਦਰਾ ਕਾਲਜ ਫ਼ਰੀਦਕੋਟ, ਡੀ. ਐੱਮ. ਕਾਲਜ ਮੋਗਾ, ਆਈ. ਟੀ. ਆਈ. ਮੋਗਾ, ਜੀ. ਟੀ. ਬੀ. ਕਾਲਜ ਰੋਡੇ ਆਦਿ ਸ਼ਾਮਿਲ ਸਨ। ਇੱਥੇ ਇੱਕ ਹੋਰ ਘਟਨਾ ਵਾਪਰੀ ਕਿ ਪੀ. ਐੱਸ. ਯੂ. ਦੇ ਪੰਜਾਬ ਦਾ ਜਨਰਲ ਸਕੱਤਰ ਸ. ਮਾਲਵਿੰਦਰ ਸਿੰਘ ਮਾਲੀ ਕੁਝ ਵਰਕਰਾਂ ਨਾਲ ਇੱਥੇ ਪਹੁੰਚ ਗਿਆ। ਉਸ ਨੇ ਭਾਈ ਅਮਰੀਕ ਸਿੰਘ ਨੂੰ ਕਿਹਾ ਕਿ ਜੇਕਰ ਸੰਤ ਭਿੰਡਰਾਂਵਾਲਿਆਂ ਨੂੰ ਕਾਨਫਰੰਸ ਵਿੱਚ ਬੁਲਾਇਆ ਗਿਆ ਤਾਂ ਅਸੀਂ ਕਾਲੀਆਂ ਝੰਡੀਆਂ ਵਿਖਾ ਕੇ ਉਨ੍ਹਾਂ ਦਾ ਵਿਰੋਧ ਕਰਾਂਗੇ। ਉਸ ਨੂੰ ਮਾਣ ਸੀ ਕਿ ਸਾਡੀ ਜਥੇਬੰਦੀ ਦੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਮੋਗਾ ਕਾਲਜ ਵਿੱਚ ਪੜ੍ਹਦੇ ਹਨ। ਭਾਈ ਅਮਰੀਕ ਸਿੰਘ ਨੇ ਕਿਹਾ ਕਿ ਤੂੰ ਪੰਜ ਸੱਤ ਵਿਦਿਆਰਥੀਆਂ ਨੂੰ ਲੈ ਕੇ ਆ ਮੈਂ ਵੀ ਪੰਜ ਸੱਤ ਵਿਦਿਆਰਥੀਆਂ ਨੂੰ ਲਿਆਉਂਦਾ ਹਾਂ ਆਪਾਂ ਬੈਠ ਕੇ ਵਿਚਾਰ ਕਰ ਲਵਾਂਗੇ। ਜੇ ਤੇਰੀਆਂ ਵਿਚਾਰਾਂ ਵਿੱਚ ਦਮ ਹੋਇਆ ਮੈਨੂੰ ਗਲਤ ਸਾਬਤ ਕਰ ਦਿੱਤਾ ਤਾਂ ਅਸੀਂ ਕਾਨਫਰੰਸ ਨਹੀਂ ਕਰਾਂਗੇ। ਜੇ ਤੂੰ ਮੇਰੀਆਂ ਦਲੀਲਾਂ ਦਾ ਜਵਾਬ ਨਾ ਦੇ ਸਕਿਆ ਤਾਂ ਫਿਰ ਤੁਸੀਂ ਕਾਨਫਰੰਸ ਵਿੱਚ ਸ਼ਾਮਿਲ ਹੋ ਕੇ ਸੰਤਾਂ ਦੀਆਂ ਵਿਚਾਰਾਂ ਸੁਣੋ। ਮਾਲਵਿੰਦਰ ਜਾਣਦਾ ਸੀ ਕਿ ਭਾਈ ਅਮਰੀਕ ਸਿੰਘ ਟਕਸਾਲੀ ਖਿਆਲਾਂ ਦਾ ਪੱਕਾ ਹੈ। ਇਸ ਨੂੰ ਦਲੀਲਾਂ ਸਹਿਤ ਮਾਤ ਨਹੀਂ ਦਿੱਤੀ ਜਾ ਸਕਦੀ। ਇਸ ਲਈ ਉਹ ਗੱਲਬਾਤ ਕਰਨ ਤੋਂ ਪਾਸਾ ਵੱਟ ਗਿਆ ਜਿਸ ਨਾਲ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਿਦਿਆਰਥੀਆਂ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਮਾਲਵਿੰਦਰ ਨੇ ਪ੍ਰਿੰਸੀਪਲ ਨੂੰ ਕਹਿ ਕੇ ਕਾਨਫਰੰਸ ਵਾਲੇ ਦਿਨ ਛੁੱਟੀ ਕਰਵਾ ਦਿੱਤੀ ਤਾਂ ਕਿ ਵਿਦਿਆਰਥੀ ਘਰੋਂ ਹੀ ਨਾ ਆਉਣ। ਪਰ ਛੁੱਟੀ ਦਾ ਕੋਈ ਅਸਰ ਨਾ ਹੋਇਆ, ਸਗੋਂ ਭਾਰੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

Scanned with CamScanner

ਕਾਲਜ ਵਿੱਚ ਭਰਵੀਂ ਕਾਨਫਰੰਸ ਹੋਈ। ਪਹਿਲਾਂ ਭਾਈ ਜਗੀਰ ਸਿੰਘ ਮਸਤ ਦੇ ਕਵੀਸ਼ਰੀ ਜਥੇ ਨੇ ਜਿਨ੍ਹਾਂ ਵਿੱਚ ਭਾਈ ਜਰਨੈਲ ਸਿੰਘ, ਨਿਰਮਲ ਸਿੰਘ ਅਤੇ ਸੁਲੱਖਣ ਸਿੰਘ ਜਥੇ ਦੇ ਸਾਥੀ ਸ਼ਨ, ਨੇ ਸੰਗਤਾਂ ਨੂੰ ਮੌਜੂਦਾ ਹਾਲਾਤਾਂ ਦੀਆਂ ਜੋਸ਼ੀਲੀਆਂ ਵਾਰਾਂ ਸੁਣਾ ਕੇ ਨਿਹਾਲ ਕੀਤਾ। ਬਾਅਦ ਵਿੱਚ ਸੰਤ ਵੀ ਪਹੁੰਚ ਗਏ ਜਿਸਦਾ ਵਿਦਿਆਰਥੀਆਂ ਨੇ ਜੈਕਾਰਿਆਂ ਦੀ ਗੂੰਜ ਨਾਲ ਸਵਾਗਤ ਕੀਤਾ। ਇਥੇ ਸੰਤਾਂ ਨੇ ਸੰਬੋਧਨ ਕਰਦਿਆਂ ਪ੍ਰਬੰਧਕ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਕਿ ਤੁਸੀਂ ਨੌਜਵਾਨਾਂ ਨਾਲ ਰੂ-ਬ-ਰੂ ਹੋਣ ਦਾ ਮੌਕਾ ਦਿੱਤਾ ਹੈ। ਸੰਤਾਂ ਨੇ 1978 ਤੋਂ ਲੈ ਕੇ ਅੱਜ ਤੱਕ ਦੀਆਂ ਘਟਨਾਵਾਂ ਦਾ ਵੇਰਵਾ ਦਿੱਤਾ ਅਤੇ ਕੇਂਦਰ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਬਾਰੇ ਚਾਨਣਾ ਪਾਇਆ ਜਿਨ੍ਹਾਂ ਵਿੱਚ 1978 ਦੇ ਸ਼ਹੀਦ, ਚੌਦਾਂ ਕਲਾਂ ਦਾ ਸਾਕਾ, ਮਹਿਤੇ ਗ੍ਰਿਫਤਾਰੀ ਸਮੇਂ ਸਿੰਘਾਂ ਦੀ ਸ਼ਹੀਦੀ, ਨਜਾਇਜ਼ ਤੌਰ 'ਤੇ ਜੇਲ੍ਹ ਵਿੱਚ ਰੱਖਣਾ ਅਤੇ ਥਾਂ-ਥਾਂ 'ਤੇ ਸਿੱਖ ਨੌਜਵਾਨਾਂ 'ਤੇ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿੱਚ ਸੁੱਟਣਾ, ਹਾਈਜੈਕਰਾਂ ਨੂੰ ਜਲਾਵਤਨੀ ਦੀ ਜ਼ਿੰਦਗੀ ਲਈ ਮਜ਼ਬੂਰ ਕਰਨਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਹ ਸਭ ਸਿੱਖਾਂ ਦੀ ਗੁਲਾਮੀ ਦੀਆਂ ਨਿਸ਼ਾਨੀਆਂ ਹਨ। ਇਸ ਗੁਲਾਮੀ ਨੂੰ ਗਲੋਂ ਲਾਹੁਣ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਪਵੇਗਾ। ਸਭ ਤੋਂ ਪਹਿਲਾਂ ਨੌਜਵਾਨ ਸਾਬਤ ਸੂਰਤ ਅੰਮ੍ਰਿਤਧਾਰੀ ਹੋਣ, ਨਿੱਤਨੇਮੀ ਬਣਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਅਤੇ ਆਪਣੇ ਖ਼ਾਲਸਾਈ ਫਲਸਫ਼ੇ ਨੂੰ ਸਮਝਣ ਕਿ ਸਾਡੇ ਵੱਡਿਆਂ ਨੇ ਗੁਰੂ ਸਾਹਿਬ ਦੇ ਆਸ਼ੇ ਮੁਤਾਬਿਕ ਕਿਵੇਂ ਜ਼ੁਲਮ ਵਿਰੁੱਧ ਤਸੀਹੇ ਝੱਲੇ, ਯੁੱਧ ਲੜੇ ਅਤੇ ਜ਼ਾਲਮ ਸੋਧੇ ਹਨ। ਸਾਨੂੰ ਉਸੇ ਤਰ੍ਹਾਂ ਹੀ ਕਲਗੀਧਰ ਸਤਿਗੁਰੂ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਤਿਆਰ-ਬਰ-ਤਿਆਰ ਹੋਣਾ ਪਵੇਗਾ। ਉਨ੍ਹਾਂ ਨੇ ਮੋਗੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੈਨੂੰ ਪਤਾ ਲੱਗਾ ਹੈ ਕਿ ਇੱਥੋਂ ਦੇ ਕੁੱਝ ਪੀ. ਐੱਸ. ਯੂ. ਦੇ ਵਿਦਿਆਰਥੀਆਂ ਨੇ ਦਾਸ ਨੂੰ ਕਾਲੀਆਂ ਝੰਡੀਆਂ ਵਿਖਾ ਕੇ ਵਿਰੋਧ ਕਰਨ ਦਾ ਪ੍ਰੋਗਰਾਮ ਬਣਾਇਆ ਸੀ। ਪਰ ਪਤਾ ਨਹੀਂ ਕਿਉਂ ਡਰ ਗਏ। ਮੈਂ ਉਨ੍ਹਾਂ ਨੂੰ ਅਪੀਲ ਕਰਨੀ ਚਾਹਾਂਗਾ ਕਿ ਸਿੱਖਾਂ ਦੇ ਪੁੱਤਰ ਹੋ ਕੇ ਇਹ ਨੌਜਵਾਨ ਕਿਹੜੀ ਸੋਚ ਅਧੀਨ ਸਾਨੂੰ ਕਾਲੀਆਂ ਝੰਡੀਆਂ ਵਿਖਾਉਣਾ ਚਾਹੁੰਦੇ ਸਨ ਕਿਉਂਕਿ ਇੱਕ ਪਾਸੇ ਅਸੀਂ ਕੇਂਦਰ ਸਰਕਾਰ ਦੀਆਂ ਵਧੀਕੀਆਂ ਦਾ ਪਰਦਾਫ਼ਾਸ਼ ਕਰਨ ਲਈ ਜੂਝ ਰਹੇ ਹਾਂ। ਇਹ ਕੋਈ ਆਸਾਨ ਰਸਤਾ ਨਹੀਂ ਸਾਡੇ ਬਹੁਤ ਸਾਰੇ ਤਿਆਰ-ਬਰ-ਤਿਆਰ ਸਿੰਘ ਸ਼ਹਾਦਤਾਂ ਪਾ ਚੁੱਕੇ ਹਨ, ਮੈਨੂੰ ਖੁਦ ਜੇਲ੍ਹ ਯਾਤਰਾ ਕਰਨੀ ਪਈ ਕਿਉਂਕਿ ਭਾਰਤੀ ਹੁਕਮਰਾਨ ਭਾਰਤ ਦੀ ਆਜ਼ਾਦੀ ਸਮੇਂ ਸਿੱਖਾਂ ਨਾਲ ਕੀਤੇ ਵਾਅਦਿਆਂ ਨੂੰ ਭੁੱਲ ਚੁੱਕੇ ਹਨ ਕਿ ਜੁਹਾਨੂੰ ਉੱਤਰੀ ਭਾਰਤ ਵਿੱਚ ਆਜ਼ਾਦ ਸੂਬਾ ਦਿੱਤਾ ਜਾਵੇਗਾ ਬਲਕਿ ਇਸ ਤੋਂ ਉਲਟ ਉਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਕੁਚਲਣ 'ਤੇ ਉਤਾਰੂ ਹਨ। ਪੈਰ-ਪੈਰ 'ਤੇ ਸਾਡੇ ਨਾਲ ਧੱਕਾ ਹੋ ਰਿਹਾ ਹੈ, ਇਸ ਲਈ ਤੁਸੀਂ ਸਾਡਾ ਵਿਰੋਧ ਕਰਕੇ ਕਿਸ ਦੀ ਮਦਦ ਕਰਨੀ ਚਾਹੁੰਦੇ ਹੋ? ਕਿਹੜੇ ਹਨੇਰੇ ਦੀ ਦੁਨੀਆਂ ਵਿੱਚ ਜੀਅ ਰਹੇ ਹੋ? ਤੁਸੀਂ ਪੜ੍ਹੇ ਲਿਖੇ ਵਿਦਿਆਰਥੀ ਹੋ ਤੁਹਾਨੂੰ ਸਾਡੇ ਨਾਲੋਂ ਵੱਧ ਪਤਾ ਹੋਣਾ ਚਾਹੀਦਾ ਹੈ ਕਿ ਆਜ਼ਾਦ ਭਾਰਤ ਵਿੱਚ ਸਾਡੀ ਹੋਂਦ ਕੀ ਹੈ ਅਤੇ ਸਾਡਾ ਭਵਿੱਖ ਕੀ ਹੈ? ਸੰਤਾਂ ਦੀਆਂ ਇਨ੍ਹਾਂ ਦਿਲ ਖਿੱਚਵੀਆਂ ਦਲੀਲਾਂ ਤੋਂ ਬਾਅਦ ਪੀ. ਐੱਸ. ਯੂ. ਦੇ ਬਹੁਤ ਸਾਰੇ ਵਿਦਿਆਰਥੀ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਜਥੇਬੰਦੀ ਵਿੱਚ ਸ਼ਾਮਿਲ ਹੋ ਗਏ ਸਨ।

ਇਸੇ ਤਰ੍ਹਾਂ ਦੀਆਂ ਪੰਜਾਬ ਵਿੱਚ ਵੱਖ-ਵੱਖ ਪੰਜ ਕਨਵੈਂਸ਼ਨਾਂ ਕੀਤੀਆਂ ਗਈਆਂ ਜਿਸ ਨਾਲ ਇੱਕ ਤਰ੍ਹਾਂ ਕਾਮਰੇਡਾਂ ਦਾ ਗੜ੍ਹ ਤੋੜ ਦਿੱਤਾ ਗਿਆ ਅਤੇ ਸਕੂਲਾਂ ਕਾਲਜਾਂ, ਯੂਨੀਵਰਸਿਟੀਆਂ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਬੋਲਬਾਲਾ ਵੱਧ ਗਿਆ। ਜਿਸ ਕਾਰਨ ਆਮ ਵਿਦਿਆਰਥੀ ਕੇਸਾਧਾਰੀ, ਅੰਮ੍ਰਿਤਧਾਰੀ ਅਤੇ ਕੇਸਰੀ ਦਸਤਾਰਾਂ ਸਹਿਤ ਨਜ਼ਰ ਆਉਣ ਲੱਗੇ। ਇਸ ਨਾਲ ਪੰਜਾਬ ਦੀ ਫ਼ਿਜ਼ਾ ਹੀ ਬਦਲ ਗਈ ਅਤੇ ਭਾਈ ਅਮਰੀਕ ਸਿੰਘ ਦੀ ਅਗਵਾਈ ਵਿੱਚ ਫੈਡਰੇਸ਼ਨ ਪੂਰੇ ਜੋਬਨ ਵੱਲ ਵਧਣ ਲੱਗੀ।

ਪੰਜਾਬ ਵਿੱਚ ਕਈ ਵਰਨਣਯੋਗ ਧਾਰਮਿਕ ਪ੍ਰੋਗਰਾਮ

ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸੰਤਾਂ ਨੇ ਸੋਚਿਆ ਕਿ ਪੰਜਾਬ ਦੇ ਹਰ ਇੱਕ ਪਿੰਡ ਜਾਂ ਕਸਬੇ ਵਿੱਚ ਜਾਣਾ ਸੰਭਵ ਨਹੀਂ ਇਸ ਲਈ ਜਿਲ੍ਹਾ ਵਾਈਜ਼ ਕਈ ਪ੍ਰੋਗਰਾਮ ਕੀਤੇ। ਇਨ੍ਹਾਂ ਦਿਨਾਂ ਵਿੱਚ ਹੀ ਸੰਤਾਂ ਦੇ ਜੱਦੀ ਪਿੰਡ ਰੋਡੇ ਦੀਆਂ ਸੰਗਤਾਂ ਨੇ ਸੰਤਾਂ ਦੀ ਰਿਹਾਈ ਲਈ 101 ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਹੋਈ ਸੀ। ਜਿਸ ਦਾ

Scanned with CamScanner

ਪ੍ਰਬੰਧ ਸੰਤ ਬਾਬਾ ਕ੍ਰਿਪਾਲ ਸਿੰਘ ਜੀ ਰੋਡੇਆਂ ਵਾਲੇ ਅਤੇ ਸਮੁੱਚੇ ਨਗਰ ਨਿਵਾਸੀਆਂ ਨੇ ਸੰਤਾਂ ਦੇ ਸਤਿਕਾਰਯੋਗ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਅਰੰਭਿਆ ਸੀ। ਇਸ ਇਕੋਤਰੀ ਦੇ ਭੋਗ 'ਤੇ ਦੂਰ-ਦੂਰ ਤੱਕ ਇਲਾਕੇ ਦੀਆਂ ਸੰਗਤਾਂ ਨੂੰ ਸੱਦਾ ਦਿੱਤਾ ਗਿਆ ਕਿ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਇਸ ਦਿਨ ਸੰਗਤਾਂ ਨੂੰ ਸੰਬੋਧਨ ਕਰਨਗੇ। ਸਾਰੇ ਪਿੰਡ ਨੇ ਮਿਲ ਕੇ ਵੱਡੇ ਪ੍ਰਬੰਧ ਕੀਤੇ ਅਤੇ ਵੱਡੇ ਪੰਡਾਲ ਦੀ ਸੋਹਣੀ ਸਜਾਵਟ ਕੀਤੀ ਗਈ। ਵੱਡੀ ਪੱਧਰ 'ਤੇ ਹੀ ਲੰਗਰ ਆਦਿ ਦਾ ਪ੍ਰਬੰਧ ਕੀਤਾ ਗਿਆ। ਆਮ ਸੰਗਤਾਂ ਦੇ ਨਾਲ-ਨਾਲ ਫੈਡਰੇਸ਼ਨ ਦੇ ਵਰਕਰਾਂ ਨੂੰ ਵੀ ਇਸ ਪ੍ਰੋਗਰਾਮ ਵਿੱਚ ਪਹੁੰਚਣ ਲਈ ਸਰਗਰਮ ਕੀਤਾ ਗਿਆ। ਇਕੋਤਰੀ ਦੇ ਭੋਗ 'ਤੇ ਸੰਤ ਜੀ ਪਹੁੰਚੇ। ਭੋਗ ਪੈਣ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਗੁਰਮਤਿ ਦਾ ਕੀਰਤਨ ਹੋਇਆ। ਇੱਥੇ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਹੋਰ ਬਹੁਤ ਸਾਰੇ ਆਗੂ ਪਹੁੰਚੇ ਹੋਏ ਸਨ। ਇਨ੍ਹਾਂ ਆਗੂਆਂ ਤੋਂ ਬਾਅਦ ਜਦੋਂ ਸੰਗਤਾਂ ਨੂੰ ਸੰਤ ਜੀ ਸੰਬੋਧਨ ਕਰਨ ਲੱਗੇ ਤਾਂ ਉਸ ਸਮੇਂ ਸਾਰਾ ਪੰਡਾਲ ਖਚਾਖਚ ਭਰਿਆ ਹੋਇਆ ਸੀ। ਦੂਰ-ਦੂਰ ਤੱਕ ਬੈਠੀਆਂ ਬਹੁਤ ਸਾਰੀਆਂ ਸੰਗਤਾਂ ਇਹ ਵੇਖਣ ਲਈ ਉਤਾਵਲੀਆਂ ਸਨ ਕਿ ਐਸੀ ਕਿਹੜੀ ਸ਼ਕਤੀ ਹੈ ਜਿਹੜੀ ਸਿੱਖਾਂ ਦੇ ਗਲੋਂ ਗ਼ੁਲਾਮੀ ਲਾਹੁਣ ਲਈ ਕੇਂਦਰ ਸਰਕਾਰ ਦੀਆਂ ਵਧੀਕੀਆਂ ਵਿਰੁੱਧ ਆਵਾਜ਼ ਬੁਲੰਦ ਕਰ ਰਹੀ ਹੈ। ਸੰਤਾਂ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ 1947 ਤੋਂ ਲੈ ਕੇ ਵੱਖ-ਵੱਖ ਸਮਿਆਂ ਅਦਰਸ਼ ਵੱਖ-ਵੱਖ ਪਹਿਲੂਆਂ 'ਤੇ ਕੇਂਦਰ ਸਰਕਾਰ ਵੱਲੋਂ ਵਧੀਕੀਆਂ ਦਾ ਜ਼ਿਕਰ ਕੀਤਾ। ਜਿਸ ਵਿੱਚ ਖਾਸ ਤੌਰ 'ਤੇ 1978 ਦੀ ਵਿਸਾਖੀ ਦਾ ਕਤਲੇਆਮ, ਚੰਦੇ ਕਲਾਂ ਵਿਖੇ ਪ੍ਰਸ਼ਾਸਨ ਦੀ ਦਹਿਸ਼ਤਗਰਦੀ, ਮਹਿਤੇ ਵਿਖੇ ਗ੍ਰਿਫਤਾਰੀ ਤੇ ਬਾਅਦ ਸਿੰਘਾਂ ਦੀਆਂ ਸ਼ਹੀਦੀਆਂ ਆਦਿ ਦਾ ਜ਼ਿਕਰ ਕਰਦਿਆਂ ਕਿਹਾ ਕਿ ਬਹੁਗਿਣਤੀ ਦੇ ਹਿੰਦੂਆਂ ਦਾ ਲਾਲਾ ਮਰ ਜਾਵੇ ਤਾਂ ਤਿੰਨਾ ਦਿਨਾਂ ਵਿੱਚ ਤਫਤੀਸ਼ ਹੋ ਜਾਂਦੀ ਹੈ ਸਾਡੇ ਵਰੰਟ ਨਿਕਲ ਜਾਂਦੇ ਹਨ ਗ੍ਰਿਫਤਾਰ ਕਰਕੇ ਜੇਲ੍ਹ ਭੇਜਿਆ ਜਾਂਦਾ ਹੈ ਪਰ 1978 ਦੀ ਵਿਸਾਖੀ ਸਮੇਂ 13 ਸਿੰਘਾਂ ਦੇ ਕਾਤਲਾਂ ਨੂੰ ਕੋਈ ਸਜ਼ਾ ਨਹੀਂ, ਮਹਿਤਾ ਚੌਕ ਵਿਖੇ 18 ਸਿੰਘਾਂ ਦੀਆਂ ਸ਼ਹੀਦੀਆਂ ਲਈ ਕੋਈ ਜ਼ਿੰਮੇਵਾਰ ਨਹੀਂ, ਚੰਦੇ ਕਲਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਬੇਅਦਬੀ ਅਤੇ ਪਿੰਡ ਵਾਸੀਆਂ ਉਪਰ ਹੋਏ ਤਸ਼ੱਦਦ ਲਈ ਕੋਈ ਤਫਤੀਸ਼ ਨਹੀਂ। ਇਹ ਸਿੱਖ ਕੌਮ ਦੀ ਗ਼ੁਲਾਮੀ ਦੀਆਂ ਨਿਸ਼ਾਨੀਆਂ ਹਨ। ਭਾਰਤ ਦੀ ਆਜ਼ਾਦੀ ਸਮੇਂ ਸਿੱਖ ਕੌਮ ਨਾਲ ਕੀਤੇ ਵਾਅਦੇ ਭੁਲਾ ਕੇ ਹਿੰਦ ਸਰਕਾਰ ਨੇ ਸਿੱਖ ਕੌਮ ਦੀ ਤਬਾਹੀ ਕਰਨ ਦਾ ਰਸਤਾ ਚੁੱਣਿਆ ਹੈ। ਇਸ ਲਈ ਸਾਨੂੰ ਸਭ ਸਿੱਖਾਂ ਨੂੰ ਆਪਸੀ ਮਤਭੇਦ ਭੁਲਾ ਕੇ ਇਕੱਤਰ ਹੋਣਾ ਚਾਹੀਦਾ ਹੈ। ਆਪਣੇ ਭਵਿੱਖ ਲਈ ਆਜ਼ਾਦੀ ਦੀ ਜ਼ਿੰਦਗੀ ਜਿਉਣ ਲਈ ਸੰਘਰਸ਼ਸ਼ੀਲ ਹੋਣਾ ਚਾਹੀਦਾ ਹੈ। ਇਸ ਲਈ ਸਭ ਸਿੱਖ ਸੰਗਤਾਂ ਅੰਮ੍ਰਿਤਧਾਰੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗੋ। ਜੋ ਸਾਡੇ ਵਡਿਆ ਨੇ ਜ਼ੁਲਮ ਨਾਲ ਟੱਕਰ ਲੈਣ ਦਾ ਰਾਹ ਸਿਖਾਇਆ ਹੈ ਆਪਣੇ ਉਸ ਸਰਮਾਏ ਨੂੰ ਸਾਭੋ ਅਤੇ ਖ਼ਾਲਸਾਈ ਸਿਧਾਂਤਾ 'ਤੇ ਚੱਲਣ ਲਈ ਤਿਆਰ-ਬਰ-ਤਿਆਰ ਹੋਵੋ। ਸੰਤਾਂ ਨੇ ਕਿਹਾ ਕਿ ਅੱਜ ਹੀ ਇੱਥੇ ਅੰਮ੍ਰਿਤ ਸੰਚਾਰ ਹੋਵੇਗਾ ਜਿਸ ਦਾ ਆਪ ਸੰਗਤਾਂ ਨੂੰ ਪਹਿਲਾ ਹੀ ਪਤਾ ਹੈ ਇਸ ਲਈ ਜਿਸ ਨੇ ਅੰਮ੍ਰਿਤ ਨਹੀਂ ਛਕਿਆ, ਉਹ ਅੱਜ ਹੀ ਅੰਮ੍ਰਿਤਧਾਰੀ ਹੋਣ ਲਈ ਤਿਆਰ-ਬਰ-ਤਿਆਰ ਹੋਵੋ। ਸੰਤਾਂ ਦੀਆਂ ਉਪਰੋਕਤ ਦਲੀਲਾਂ ਦਾ ਸੰਗਤਾਂ 'ਤੇ ਐਸਾ ਅਸਰ ਹੋਇਆ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਉਸੇ ਦਿਨ ਸੰਗਤਾਂ ਨੇ ਅੰਮ੍ਰਿਤ ਛਕਿਆ।

ਇਸੇ ਤਰ੍ਹਾਂ ਦੇ ਕਈ ਵੱਡੇ ਪ੍ਰੋਗਰਾਮ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੋਏ ਜੋ ਇਸ ਤੋਂ ਬਾਅਦ ਝੋਕ ਟਹਿਲ ਸਿੰਘ ਵਾਲਾ (ਫਿਰੋਜ਼ਪੁਰ), ਪਿੰਡ ਨੰਗਲ ਸਲਾਲਾ (ਜ਼ਿਲ੍ਹਾ ਹੁਸ਼ਿਆਰਪੁਰ), ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ), ਕਸਬਾ ਘੁਮਾਣ (ਜ਼ਿਲ੍ਹਾ ਗੁਰਦਾਸਪੁਰ), ਬੀੜ ਬਾਬਾ ਬੁੱਢਾ ਜੀ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਇਸੇ ਤਰ੍ਹਾਂ ਦੇ ਵੱਡੇ ਪ੍ਰੋਗਰਾਮ ਹੋਏ ਅਤੇ ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿੱਚ ਭਾਰੀ ਗਿਣਤੀ ਵਿੱਚ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਇਸੇ ਦੌਰਾਨ ਧੰਨਵਾਦੀ ਦੌਰੇ ਸਮੇਂ ਜਲੰਧਰ ਬਾਈਪਾਸ 'ਤੇ ਸੰਗਤਾਂ ਨੇ ਵੱਡਾ ਇਕੱਠ ਕੀਤਾ। ਇੱਥੇ ਵੀ ਸੰਤਾਂ ਨੇ ਸਿੱਖਾਂ ਵਿਰੁੱਧ ਵਧੀਕੀਆਂ ਦਾ ਖੁੱਲ੍ਹ ਕੇ ਖੁਲਾਸਾ ਕੀਤਾ ਅਤੇ ਆਉਣ ਵਾਲੇ ਸਮੇਂ ਲਈ ਸੁਚੇਤ ਰਹਿਣ ਦੀ ਅਪੀਲ ਕੀਤੀ। ਸੰਤਾਂ ਦੀ ਗ੍ਰਿਫਤਾਰੀ ਸਮੇਂ ਸੰਗਤਾਂ ਵੱਲੋਂ ਦਿੱਤੇ ਸਹਿਯੋਗ ਦਾ ਧੰਨਵਾਦ ਕੀਤਾ। ਇੱਥੇ ਹੀ ਜਲੰਧਰ ਦੇ ਮਸ਼ਹੂਰ ਗੋਰ ਸਿੱਖ ਰਾਜਨੀਤਿਕ ਆਗੂ ਸ੍ਰੀ ਲਾਲ ਚੰਦ ਸਭਰਵਾਲ ਸਾਬਕਾ ਐੱਮ. ਐੱਲ. ਏ. ਨੇ ਸੰਤਾਂ ਨਾਲ ਵਿਸ਼ੇਸ਼ ਗੱਲਬਾਤ ਕੀਤੀ ਅਤੇ ਕਿਹਾ ਕਿ ਤੁਹਾਡੇ ਨਾਲ ਕੇਵਲ ਸਿੱਖ ਹੀ ਨਹੀਂ ਬਲਕਿ ਬਹੁਤ ਸਾਰੇ ਹਿੰਦੂ ਵੀ ਇਸ ਹੱਕ ਸੱਚ ਦੀ ਜੱਦੋ-ਜਹਿਦ ਵਿੱਚ ਸ਼ਾਮਿਲ ਹੋਣ ਲਈ ਤਿਆਰ ਹਨ। ਭਲਾ ਉਨ੍ਹਾਂ ਨੂੰ ਵੀ ਆਪਣੇ ਨੇੜੇ ਲਾਉਣ ਦਾ ਯਤਨ ਕਰੋ। ਸੰਤਾਂ ਨੇ

Scanned with CamScanner

ਉਸ ਨੂੰ ਪੁੱਛਿਆ ਕਿ ਤੂੰ ਕਿਸੇ ਕਿਸਮ ਦਾ ਨਸ਼ਾ ਆਦਿ ਤਾਂ ਨਹੀਂ ਵਰਤਦਾ ਤਾਂ ਉਸ ਨੇ ਕਿਹਾ ਮੈਂ ਕੋਈ ਨਸ਼ਾ ਨਹੀਂ ਵਰਤਦਾ। ਮੈਂ ਆਪਣੇ ਧਰਮ ਦੇ ਨਿਯਮਾਂ ਦਾ ਪੱਕਾ ਹਾਂ ਤਾਂ ਸੰਤਾਂ ਨੇ ਕਿਹਾ ਕਿ ਤੁਸੀਂ ਕਿਸੇ ਵੀ ਸਮਾਗਮ 'ਤੇ ਮਹਿਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਆਓ ਤਾਂ ਤੁਹਾਨੂੰ ਬਣਦਾ ਸਤਿਕਾਰ ਵੀ ਦੇਵਾਂਗੇ ਅਤੇ ਸਟੇਜ ਤੋਂ ਬੋਲਣ ਦਾ ਸਮਾਂ ਵੀ। ਸੰਤਾਂ ਦਾ ਇਹ ਉੱਤਰ ਸੁਣ ਕੇ ਸਭਰਵਾਲ ਹੈਰਾਨ ਵੀ ਹੋਇਆ ਅਤੇ ਉਸ ਨੂੰ ਭਾਰੀ ਤਸੱਲੀ ਵੀ ਹੋਈ।

ਇਸੇ ਤਰ੍ਹਾਂ ਦਾ ਇੱਕ ਪ੍ਰੋਗਰਾਮ ਚੰਡੀਗੜ੍ਹ ਦੇ ਸੈਕਟਰ 11 ਵਿਖੇ ਰੱਖਿਆ ਗਿਆ ਜਿਸਦਾ ਪ੍ਰਬੰਧ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਿਦਿਆਰਥੀਆਂ ਨੇ ਕੀਤਾ, ਜਿੱਥੇ ਕਈ ਦਿਨ ਤੋਂ ਤਿਆਰੀਆਂ ਕਰਕੇ ਵੱਡੇ ਇਕੱਠ ਦਾ ਇੰਤਜ਼ਾਮ ਕੀਤਾ ਗਿਆ ਸੀ। ਇੱਥੇ ਪਹੁੰਚ ਕੇ ਵੀ ਸੰਤਾਂ ਨੇ ਕੇਂਦਰ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦਾ ਖੁਲਾਸਾ ਕੀਤਾ। ਚੰਡੀਗੜ੍ਹ ਦੀ ਵਿਸ਼ੇਸ਼ ਗੱਲ ਇਹ ਸੀ ਕਿ ਇਹ ਪੜ੍ਹੇ ਲਿਖੇ ਲੋਕਾਂ ਦਾ ਸ਼ਹਿਰ ਹੈ। ਇਸ ਲਈ ਵੱਡੀ ਗਿਣਤੀ ਵਿੱਚ ਉਹ ਲੋਕ ਪਹੁੰਚੇ ਹੋਏ ਸਨ ਜੋ ਪਹਿਲਾਂ ਸੰਤ ਭਿੰਡਰਾਂਵਾਲਿਆਂ ਦੀ ਸੋਚ ਨਾਲ ਸਹਿਮਤ ਨਹੀਂ ਸਨ। ਪਰ ਸੰਤਾਂ ਦੀ ਦਲੀਲਾਂ ਭਰੀ ਤਕਰੀਰ ਸੁਣ ਕੇ ਚੰਡੀਗੜ੍ਹ ਵਾਸੀਆਂ ਦੀ ਸੋਚ ਵਿੱਚ ਵੱਡਾ ਬਦਲਾਅ ਆਇਆ। ਬਾਅਦ ਵਿੱਚ ਚੰਡੀਗੜ੍ਹ ਦੇ ਥਾਂ-ਥਾਂ 'ਤੇ ਚਰਚਾ ਹੋਣ ਲੱਗੀ ਕਿ ਸੰਤ ਭਿੰਡਰਾਂਵਾਲੇ ਜੋ ਸੋਚਦੇ ਹਨ ਅਤੇ ਜਿਸ ਰਸਤੇ ਉਪਰ ਚੱਲ ਰਹੇ ਹਨ ਵਾਕਿਆ ਹੀ ਅੱਜ ਸਿੱਖਾਂ ਨੂੰ ਅਜਿਹੇ ਦਲੇਰ ਅਤੇ ਸੱਚੇ ਸੁੱਚੇ ਆਗੂ ਦੀ ਜ਼ਰੂਰਤ ਹੈ। ਇਸ ਤੋਂ ਬਾਅਦ ਸੰਗਤਾਂ ਦਾ ਪ੍ਰੋਗਰਾਮ ਗੁਰਦੁਆਰਾ ਸੋਪਲੀ ਸਾਹਿਬ ਵਿਖੇ ਸੀ, ਜੋ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੇ ਨਜਦੀਕ ਪੈਂਦਾ ਹੈ। ਸੰਤ ਬਾਬਾ ਜੋਗਾ ਸਿੰਘ ਜੀ ਸੋਪਲੀ ਸਾਹਿਬ ਵਾਲਿਆਂ ਨੇ ਭਿੰਡਰਾਂਵਾਲਿਆਂ ਸੰਤਾਂ ਨੂੰ ਬੇਨਤੀ ਕਰਕੇ ਇਥੇ ਦਾ ਵਿਸ਼ੇਸ਼ ਪ੍ਰੋਗਰਾਮ ਰੱਖਿਆ ਸੀ। ਬਾਬਾ ਜੋਗਾ ਸਿੰਘ ਦਾ ਪੂਰੇ ਇਲਾਕੇ ਵਿੱਚ ਬਹੁਤ ਸਤਿਕਾਰ ਸੀ। ਉਨ੍ਹਾਂ ਨੇ ਵੱਡੀ ਗਿਣਤੀ ਵਿੱਚ ਸੰਗਤਾਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਆ ਹੋਇਆ ਸੀ ਅਤੇ ਇਹ ਵੀ ਸੰਗਤਾਂ ਨੂੰ ਕਿਹਾ ਸੀ ਕਿ ਭਿੰਡਰਾਂਵਾਲੇ ਸੰਤ ਆਪ ਪੰਜਾਂ ਪਿਆਰਿਆਂ ਵਿੱਚ ਲੱਗ ਕੇ ਅੰਮ੍ਰਿਤ ਛਕਾਉਣਗੇ। ਮਿਥੇ ਹੋਏ ਪ੍ਰੋਗਰਾਮ ਮੁਤਾਬਕ ਸੰਤਾਂ ਦੇ ਪਹੁੰਚਣ ਤੋਂ ਪਹਿਲਾਂ ਭਾਈ ਜਗੀਰ ਸਿੰਘ ਮਸਤ ਦਾ ਕਵੀਸ਼ਰੀ ਜਥਾ ਸੰਗਤਾਂ ਨੂੰ ਜੋਸ਼ੀਲੀਆਂ ਵਾਰਾਂ ਨਾਲ ਨਿਹਾਲ ਕਰ ਰਿਹਾ ਸੀ। ਜਿਉਂ ਹੀ ਸੰਤ ਜੀ ਪੰਡਾਲ ਵਿੱਚ ਪਹੁੰਚੇ ਤਾਂ ਭਾਈ ਮਸਤ ਨੇ ਪੰਜ ਜੈਕਾਰਿਆਂ ਨਾਲ ਸੰਤਾਂ ਦਾ ਸਵਾਗਤ ਕੀਤਾ ਅਤੇ ਬੇਨਤੀ ਕੀਤੀ ਕਿ ਹੁਣ ਸੰਤ ਜੀ ਸੰਗਤਾਂ ਨੂੰ ਸੰਬੋਧਨ ਕਰਨਗੇ। ਸੰਤਾਂ ਨੇ ਸਭ ਤੋਂ ਪਹਿਲਾਂ ਸੰਤ ਬਾਬਾ ਜੋਗਾ ਸਿੰਘ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਏਡੇ ਵੱਡੇ ਇਕੱਠ ਦੁਆਰਾ ਸੰਗਤਾਂ ਦੇ ਦਰਸ਼ਨ ਕਰਵਾਏ ਹਨ ਅਤੇ ਦਾਸ ਨੂੰ ਇਹ ਜਾਣ ਕੇ ਹੋਰ ਵੀ ਪ੍ਰਸੰਨਤਾ ਹੋਈ ਹੈ ਕਿ ਇੱਥੇ ਪੰਜ ਹਜ਼ਾਰ ਤੋਂ ਵੱਧ ਸੰਗਤਾਂ ਅੰਮ੍ਰਿਤ ਛਕਣ ਲਈ ਤਿਆਰ ਹਨ। ਦੀਵਾਨ ਦੀ ਸਮਾਪਤੀ ਤੋਂ ਬਾਅਦ ਸ਼ਾਇਦ ਸਾਰੀ ਰਾਤ ਹੀ ਅੰਮ੍ਰਿਤ ਛਕਾਉਣ ਦੀ ਸੇਵਾ ਨਿਭਾਈ ਜਾਵੇਗੀ। ਇਸ ਲਈ ਸੰਗਤਾਂ ਕਾਹਲੀ ਨਾ ਕਰਨ ਧਿਆਨ ਪੂਰਵਕ ਕੁੱਝ ਬੇਨਤੀਆਂ ਸੁਨਣ ਦੀ ਖੇਚਲ ਕਰੋ। ਇੱਥੇ ਵੀ ਸੰਤਾਂ ਨੇ ਕੇਂਦਰ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਅਤੇ ਕੇਂਦਰ ਦੇ ਇਸ਼ਾਰੇ 'ਤੇ ਪੰਜਾਬ ਦੇ ਮੁੱਖ ਮੰਤਰੀ ਜਿਸ ਨੂੰ ਸੰਤ ਜੀ ਜ਼ਕਰੀਆ ਖਾਨ ਨਾਲ ਤੁਲਨਾ ਦਿੰਦੇ ਸਨ, ਬਾਰੇ ਵੀ ਦੱਸਿਆ ਕਿ ਸਿੱਖੀ ਦੇ ਮੁਖੌਟੇ ਅੰਦਰ ਸਿੱਖ ਵਿਰੋਧੀ ਤਾਕਤਾਂ ਨਾਲ ਮਿਲੇ ਹੋਏ ਇਹ ਲੋਕ ਸਿੱਖੀ ਦਾ ਭਾਰੀ ਨੁਕਸਾਨ ਕਰ ਰਹੇ ਹਨ। ਸੰਤਾਂ ਨੇ 1947 ਤੋਂ ਲੈ ਕੇ ਅੱਜ ਤੱਕ ਦੀਆਂ ਕਈ ਜ਼ੁਲਮ ਭਰੀਆਂ ਘਟਨਾਵਾਂ ਦਾ ਖੁਲਾਸਾ ਕੀਤਾ ਅਤੇ ਕਿਹਾ ਕਿ ਇਸ ਦੇਸ਼ ਵਿੱਚ ਬਹੁ ਗਿਣਤੀ ਲਈ ਕਾਨੂੰਨ ਉਨ੍ਹਾਂ ਦੇ ਹੱਕ ਵਿੱਚ ਹਨ ਪਰ ਘੱਟ ਗਿਣਤੀ ਦੇ ਸਿੱਖਾਂ ਲਈ ਉਹੀ ਕਾਨੂੰਨ ਸਿੱਖਾਂ ਦੇ ਵਿਰੁੱਧ ਹਨ। ਉਨ੍ਹਾਂ ਨੇ ਇਥੇ ਕਈ ਉਦਾਹਰਨਾਂ ਵੀ ਦਿੱਤੀਆਂ ਜਿਨ੍ਹਾਂ ਦੁਆਰਾ ਸਪੱਸ਼ਟ ਕੀਤਾ ਕਿ ਅਸੀਂ ਆਜ਼ਾਦ ਭਾਰਤ ਵਿੱਚ ਕਿਵੇਂ ਗੁਲਾਮ ਹਾਂ (ਸੰਤਾਂ ਵੱਲੋਂ ਦਿੱਤੀਆਂ ਗਈਆਂ ਦਲੀਲਾਂ ਦਾ ਖੁਲਾਸਾ ਪਿੱਛੇ ਕਰ ਚੁੱਕੇ ਹਾਂ)। ਪਰ ਇਨ੍ਹਾਂ ਵਧੀਕੀਆਂ ਦਾ ਹੱਕ ਲੈਣ ਲਈ ਸਾਨੂੰ ਸਭ ਸੰਗਤਾਂ ਨੂੰ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ, ਸ਼ਸ਼ਤਰਧਾਰੀ ਹੋਣਾ ਪਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਪੂਰਨ ਭਰੋਸਾ ਰੱਖ ਕੇ ਜੈਕਰ ਅਸੀਂ ਆਪਣੇ ਬਜ਼ੁਰਗਾਂ ਦੇ ਉਨ੍ਹਾਂ ਸਿਧਾਂਤਾਂ ਨੂੰ ਯਾਦ ਕਰਾਂਗੇ ਜਿਨ੍ਹਾਂ ਨੇ ਜ਼ੁਲਮ ਦੇ ਖਿਲਾਫ਼ ਸਿਰ ਤਲੀ 'ਤੇ ਰੱਖ ਕੇ ਯੁੱਧ ਲੜੇ ਹਨ ਜ਼ਾਲਮਾਂ ਨੂੰ ਸੋਧ ਕੇ ਜ਼ੁਲਮ ਦਾ ਨਾਸ਼ ਕੀਤਾ, ਇਹ ਖ਼ਾਲਸੇ ਦੀ ਵਿਰਾਸਤ ਹੈ। ਇਸ ਲਈ ਸਾਨੂੰ ਖ਼ਾਲਸਾਈ ਸਿਧਾਂਤਾਂ ਨੂੰ ਸਮਝਣਾ ਚਾਹੀਦਾ ਹੈ ਤਾਂ ਹੀ ਅਸੀਂ ਸ਼ਹੀਦਾਂ ਦੇ ਛੁੱਲ੍ਹੇ ਖੂਨ ਦਾ ਪੂਰਾ-ਪੂਰਾ ਹੱਕ ਲੈ ਸਕਾਂਗੇ। ਇਸ ਤੋਂ ਬਾਅਦ ਸੰਤ ਜੀ ਨੇ ਆਪ ਪੰਜਾਂ ਪਿਆਰਿਆਂ ਵਿੱਚ ਲੱਗ ਕੇ ਅੰਮ੍ਰਿਤ ਛਕਾਉਣ ਦੀ ਸੇਵਾ ਨਿਭਾਈ। ਇਥੇ ਪੰਜ ਹਜ਼ਾਰ ਦੇ ਕਰੀਬ ਤਾਂ ਪਹਿਲਾਂ ਹੀ ਅੰਮ੍ਰਿਤ ਛਕਣ

Scanned with CamScanner

ਵਾਸਤੇ ਸੰਗਤਾਂ ਤਿਆਰ ਸਨ ਪਰ ਸੰਤਾਂ ਦੇ ਵਿਚਾਰ ਸੁਨਣ ਤੋਂ ਬਾਅਦ ਹੋਰ ਸੈਂਕੜੇ ਪ੍ਰਾਣੀ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ। ਵਰਨਣਯੋਗ ਹੈ ਕਿ ਇਥੇ ਪ੍ਰਬੰਧਕਾਂ ਵੱਲੋਂ ਕੀਤੇ ਪ੍ਰਬੰਧ ਪੂਰੇ ਨਾ ਉਤਰ ਸਕੇ। ਅੰਮ੍ਰਿਤ ਅਭਿਲਾਖੀ ਸੰਗਤਾਂ ਨੂੰ ਪਹਿਨਣ ਵਾਸਤੇ ਕਕਾਰਾਂ ਦੀ ਘਾਟ ਆ ਗਈ। ਜਿਸ ਕਰਕੇ ਸੰਤਾਂ ਨੇ ਸੰਗਤਾਂ ਵਿੱਚ ਐਲਾਨ ਕੀਤਾ ਕਿ ਕੁੱਝ ਦਿਨਾਂ ਬਾਅਦ ਫਿਰ ਇੱਥੇ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਛਕਾਇਆ ਜਾਵੇਗਾ।

ਸੰਤਾਂ ਵੱਲੋਂ ਅਖ਼ਬਾਰ ਕੱਢਣ ਲਈ ਵਿਚਾਰਾਂ

ਜਥੇ ਦਾ ਪ੍ਰੋਗਰਾਮ ਸਲੌਦੀ ਸਿੰਘਾਂ ਦੀ ਪਿੰਡ ਵਿਖੇ ਸੀ ਜਿਥੇ ਰੋਜ਼ਾਨਾ ਹੀ ਭਾਰੀ ਗਿਣਤੀ ਵਿੱਚ ਸੰਗਤਾਂ ਦੋਵੇਂ ਟਾਈਮ ਕਥਾ ਕੀਰਤਨ ਸੁਣਨ ਵਾਸਤੇ ਆਉਂਦੀਆਂ। ਇੱਥੇ ਹੀ ਕੁੱਝ ਸਿੰਘਾਂ ਦੀ ਸੰਤਾਂ ਨਾਲ ਵਿਚਾਰ ਹੋਈ ਕਿ ਜੋ ਅਸੀਂ ਧਰਮ ਪ੍ਰਚਾਰ ਕਰ ਰਹੇ ਹਾਂ ਜਾਂ ਸਾਡੀਆਂ ਧਾਰਮਿਕ ਸਰਗਰਮੀਆਂ ਜਿਵੇਂ ਜਥੇ ਵੱਲੋਂ ਗੁਰਸਿੱਖਾਂ ਨੂੰ ਸਾਬਤ ਸੂਰਤ ਹੋਣ ਲਈ ਪ੍ਰੇਰਿਆ ਜਾ ਰਿਹਾ ਹੈ, ਨਸ਼ੇ ਛੁਡਾਏ ਜਾ ਰਹੇ ਹਨ, ਗੁਰਬਾਣੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਅੰਮ੍ਰਿਤ ਸੰਚਾਰ ਹੋ ਰਿਹਾ ਹੈ। ਇਨ੍ਹਾਂ ਸਾਰੇ ਕਾਰਜਾਂ ਨੂੰ ਪ੍ਰੈਸ ਵੱਲੋਂ ਯਤਨ ਕਰਨ ਦੇ ਬਾਵਜੂਦ ਪ੍ਰਕਾਸ਼ਿਤ ਨਹੀਂ ਕੀਤਾ ਜਾ ਰਿਹਾ ਬਲਕਿ ਪੰਜਾਬ ਵਿਚਲੀ ਵਾਪਰ ਰਹੀ ਹਰ ਮਾੜੀ ਘਟਨਾ ਨੂੰ ਭਿੰਡਰਾਂਵਾਲੇ ਜਥੇ ਨਾਲ ਜੋੜਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਲਈ ਸਾਨੂੰ ਆਪਣਾ ਅਖ਼ਬਾਰ ਕੱਢਣਾ ਚਾਹੀਦਾ ਹੈ। ਇਸ ਪ੍ਰਤੀ ਸਾਧਾਰਨ ਗੱਲਬਾਤ ਤਾਂ ਪਹਿਲਾਂ ਵੀ ਕਈ ਵਾਰ ਹੋਈ ਸੀ ਪਰ ਇਸ ਵਿਸ਼ੇ 'ਤੇ ਕੁੱਝ ਗੁਰਸਿੱਖਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ ਸੀ ਅਤੇ ਇਸ ਤੋਂ ਪਹਿਲਾਂ ਸੰਤਾਂ ਨੇ ਜਥੇ ਦੇ ਹੀ ਕੁੱਝ ਸਿੰਘਾਂ ਦੀ ਡਿਊਟੀ ਲਾਈ ਸੀ ਕਿ ਉਹ ਪ੍ਰੈਸ ਨਾਲ ਸਬੰਧਤ ਵਿਅਕਤੀਆਂ ਨਾਲ ਸਲਾਹ ਮਸ਼ਵਰਾ ਕਰਨ ਕਿ ਸਾਨੂੰ ਅਖ਼ਬਾਰ ਕੱਢਣ ਲਈ ਕਿੰਨੇ ਖਰਚੇ ਦੀ ਜ਼ਰੂਰਤ ਹੈ, ਅਖਬਾਰ ਨੂੰ ਕਿੱਥੇ ਪ੍ਰਕਾਸ਼ਿਤ ਕੀਤਾ ਜਾਵੇ ਆਦਿ, ਇਹ ਸਾਰੀ ਰਿਪੋਰਟ ਤਿਆਰ ਕਰਨ ਲਈ ਜਿਨ੍ਹਾਂ ਸਿੰਘਾਂ ਦੀ ਕਮੇਟੀ ਬਣਾਈ ਗਈ ਉਨ੍ਹਾਂ ਵਿੱਚ ਭਾਈ ਅਮਰੀਕ ਸਿੰਘ, ਭਾਈ ਰਸ਼ਪਾਲ ਸਿੰਘ, ਭਾਈ ਰਾਮ ਸਿੰਘ ਸੁਲਤਾਨਪੁਰੀ, ਭਾਈ ਤੇਜਵੰਤ ਸਿੰਘ ਗਰੇਵਾਲ ਲੁਧਿਆਣਾ, ਭਾਈ ਗੁਰਦੀਪ ਸਿੰਘ ਗਰੇਵਾਲ ਪਟਿਆਲਾ, ਭਾਈ ਸੁਖਵੰਤ ਸਿੰਘ ਬਾਸਰਕੇ ਆਦਿ। ਇਨ੍ਹਾਂ ਸਿੰਘਾਂ ਨੇ ਸੰਤਾਂ ਨੂੰ ਦੱਸਿਆ ਕਿ ਸਾਨੂੰ ਅਖਬਾਰ ਚਾਲੂ ਕਰਨ ਲਈ ਘੱਟ ਘੱਟ ਇੱਕ ਕਰੋੜ ਰੁਪਏ ਦੇ ਖਰਚੇ ਦੀ ਜ਼ਰੂਰਤ ਹੈ। ਅਖ਼ਬਾਰ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ਜਾਵੇ ਕਿਉਂਕਿ ਇਥੇ ਪ੍ਰੈਸ ਲਗਾਉਣ ਲਈ ਸਰਕਾਰ ਵੱਲੋਂ ਸਸਤੇ ਭਾਅ 'ਤੇ ਪਲਾਟ ਮਿਲ ਸਕਦਾ ਹੈ ਅਤੇ ਪੰਜਾਬੀ ਦੇ ਨਾਲ-ਨਾਲ ਇਹ ਅਖਬਾਰ ਅੰਗਰੇਜ਼ੀ ਭਾਸ਼ਾ ਵਿੱਚ ਵੀ ਹੋਣਾ ਜ਼ਰੂਰੀ ਹੈ। ਇਸ ਦੇ ਪ੍ਰਬੰਧਕੀ ਇੰਤਜ਼ਾਮ ਲਈ ਸਾਊਥ ਇੰਡੀਅਨ ਜਨਰਲ ਮੈਨੇਜਰ ਨਿਯੁਕਤ ਕਰਨਾ ਚਾਹੀਦਾ ਹੈ ਤਾਂ ਸੰਤਾਂ ਨੇ ਆਖਿਆ ਇਹ ਭਾਈ ਤੁਹਾਡਾ ਕੰਮ ਹੈ, ਪਰ ਖਰਚੇ ਦਾ ਇੰਤਜ਼ਾਮ ਜਿੰਨਾ ਜੁਸੀ ਕਿਹਾ ਹੈ ਇਹ ਕਰ ਲਵਾਂਗੇ ਕਿਉਂਕਿ ਇੱਕ ਹਜ਼ਾਰ ਸਿੰਘਾਂ ਦੀ ਡਿਊਟੀ ਲਾਉਣੀ ਪਵੇਗੀ ਕਿ ਉਹ 10-10 ਹਜ਼ਾਰ ਰੁਪਏ ਦੀ ਮਦਦ ਕਰਨ। ਇਹ ਕੋਈ ਔਖਾ ਕਾਰਜ ਨਹੀਂ ਪਰ ਅਖਬਾਰ ਨੂੰ ਮਿਆਰੀ ਪੱਧਰ 'ਤੇ ਪ੍ਰਕਾਸ਼ਤ ਕਰਨਾ ਸਾਧਾਰਨ ਗੱਲ ਨਹੀਂ ਹੈ। ਸੋ ਇਸ ਦੀ ਹੋਰ ਵੀ ਘੋਖ ਕਰ ਲਵੋ ਅਤੇ ਇਸ ਦੀਆਂ ਤਿਆਰੀਆਂ ਆਰੰਭ ਕਰੋ। ਚੰਡੀਗੜ੍ਹ ਵਿਖੇ ਜਗ੍ਹਾ ਵੇਖੋ ਅਤੇ ਉਸ ਨੂੰ ਪ੍ਰਾਪਤ ਕਰਨ ਦਾ ਉਪਰਾਲਾ ਕਰੋ। ਬਾਕੀ ਗੱਲਾਂ ਆਪਾਂ ਅਗਲੀ ਮੀਟਿੰਗ ਵਿੱਚ ਵਿਚਾਰ ਲਵਾਂਗੇ। ਲਗਭਗ 1 ਸਾਲ ਇਸ ਸਬੰਧ ਵਿੱਚ ਵਿਚਾਰਾਂ ਚੱਲਦੀਆਂ ਰਹੀਆਂ ਇਸ ਦੌਰਾਨ ਧਰਮ ਯੁੱਧ ਮੋਰਚਾ ਵੀ ਲੱਗ ਗਿਆ ਸੀ। ਸੰਤਾਂ ਨੇ ਸੈਂਕੜੇ ਸਿੱਖ ਵਿਦਵਾਨਾਂ ਅਤੇ ਕੁੱਝ ਵਿਸ਼ੇਸ਼ ਪੱਤਰਕਾਰਾਂ ਨਾਲ ਵੀ ਇਸ ਸਬੰਧੀ ਗੰਭੀਰ ਵਿਚਾਰਾਂ ਕੀਤੀਆਂ, ਜਿਨ੍ਹਾਂ ਸਿੰਘਾਂ ਦੀਆਂ ਡਿਊਟੀਆਂ ਲੱਗੀਆਂ ਸਨ ਕਿ ਇਸ ਸਬੰਧੀ ਖਰਚੇ ਦਾ ਪ੍ਰਬੰਧ ਕੀਤਾ ਜਾਵੇ ਤਾਂ ਉਨ੍ਹਾਂ ਵੱਲੋਂ ਵੀ ਹਾਂ ਪੱਖੀ ਹੁੰਗਾਰਾ ਮਿਲਿਆ ਸੀ ਅਤੇ ਕੁੱਝ ਕੁ ਸਿੰਘਾਂ ਨੇ ਆਪਣੇ ਵੱਲੋਂ ਨਿੱਜੀ ਤੌਰ 'ਤੇ ਸੰਤਾਂ ਕੋਲ ਮਾਇਆ ਜਮ੍ਹਾਂ ਵੀ ਕਰਵਾ ਦਿੱਤੀ ਸੀ। 1983 ਨੂੰ ਇੱਕ ਵਾਰ ਫਿਰ ਸੰਤਾਂ ਨੇ ਉਪਰੋਕਤ ਕਮੇਟੀ ਨਾਲ ਮੀਟਿੰਗ ਕੀਤੀ ਜਿਸ ਵਿੱਚ ਵਿਚਾਰਿਆ ਗਿਆ ਕਿ ਹਾਲਾਤ ਸਾਜਗਾਰ ਨਹੀਂ ਹਨ ਕਿਉਂਕਿ ਟਕਸਾਲ ਨਾਲ ਸਬੰਧਤ ਸਿੰਘਾਂ ਦਾ ਖੁੱਲ੍ਹੇਆਮ ਵਿਚਰਨਾ ਵੀ ਖ਼ਤਰੇ ਤੋਂ ਖਾਲੀ ਨਹੀਂ। ਇਸ ਲਈ ਸਾਨੂੰ ਅਖਬਾਰ ਕੱਢਣ ਦਾ ਮਸ਼ਵਰਾ ਫਿਲਹਾਲ ਮੁਲਤਵੀ ਕਰ ਦੇਣਾ ਚਾਹੀਦਾ ਹੈ। ਜੇਕਰ ਸਮੇਂ ਨੇ ਇਜਾਜ਼ਤ ਦਿੱਤੀ ਤਾਂ ਫਿਰ ਵਿਚਾਰ ਲਿਆ ਜਾਵੇਗਾ। ਇਸ ਲਈ ਜਿਨ੍ਹਾਂ ਸਿੰਘਾਂ ਨੇ ਇਸ ਕਾਰਜ ਲਈ ਮਾਇਆ ਜਮ੍ਹਾਂ ਕਰਵਾਈ ਹੈ ਉਹ ਭਾਈ ਰਸ਼ਪਾਲ ਸਿੰਘ ਕੋਲ ਨੋਟ ਕੀਤੀ ਹੋਈ ਹੈ। ਉਨ੍ਹਾਂ ਨੂੰ ਵਾਪਸ ਕਰ ਦਿੱਤੀ ਜਾਵੇ। ਪਰ ਬਹੁਤ ਸਾਰੇ ਸਿੰਘਾਂ ਨੇ ਇਹ ਮਾਇਆ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ।

Scanned with CamScanner

ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਪ੍ਰੋਗਰਾਮ

ਸੋਂਧਲੀ ਸਾਹਿਬ ਤੋਂ ਅਗਲਾ ਪ੍ਰੋਗਰਾਮ ਹਰਿਆਣੇ ਦਾ ਸੀ ਜੋ ਖਾਸ ਤੌਰ 'ਤੇ ਬਾਬਾ ਹਰਬੰਸ ਸਿੰਘ ਕਾਰਸੇਵਾ ਵਾਲਿਆਂ ਨੇ ਬਣਾਇਆ ਸੀ ਅਤੇ ਨਾਲ ਹੀ ਟਕਸਾਲ ਨਾਲ ਰਹੇ ਸਹਿਜੋਗੀ ਸਿੰਘ ਗਿਆਨੀ ਗੁਰਨਾਮ ਸਿੰਘ ਪੰਜੋਖਰਾ ਸਾਹਿਬ, ਭਾਈ ਗੁਰਦੀਪ ਸਿੰਘ ਜਲਮਾਣਾ ਅਤੇ ਅਕਾਲੀ ਆਗੂ ਜਥੇਦਾਰ ਕਰਤਾਰ ਸਿੰਘ ਟੱਕਰ ਸ਼ਾਮਿਲ ਸਨ। ਬਣੇ ਹੋਏ ਪ੍ਰੋਗਰਾਮ ਮੁਤਾਬਿਕ ਅੰਬਾਲਾ, ਕਰਨਾਲ, ਕੈਥਲ, ਜਲਮਾਣਾ, ਪਿਹੋਵਾ ਅਤੇ ਕੁਰਕਸ਼ੇਤਰ ਆਦਿ ਦੇ ਪ੍ਰੋਗਰਾਮਾਂ ਵਿੱਚ ਸੰਤਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ 1978 ਤੋਂ ਲੈ ਕੇ ਅੱਜ ਤੱਕ ਦੇ ਘਟਨਾਕ੍ਰਮ ਦਾ ਵਿਸਥਾਰ ਸਹਿਤ ਵਰਨਣ ਕੀਤਾ, ਜਿਸ ਵਿੱਚ ਸਿੱਖਾਂ 'ਤੇ ਜ਼ੁਲਮ-ਤਸ਼ੱਦਦ ਅਤੇ ਵਿਤਕਰੇ ਦਾ ਵੀ ਭਰਪੂਰ ਖੁਲਾਸਾ ਕੀਤਾ। ਇਨ੍ਹਾਂ ਸਭ ਗੱਲਾਂ ਦੇ ਮੁਕਾਬਲੇ ਲਈ ਸੰਗਤਾਂ ਨੂੰ ਸੁਚੇਤ ਕੀਤਾ ਕਿ ਸਭ ਗੁਰਸਿੱਖ ਅੰਮ੍ਰਿਤਧਾਰੀ ਹੋਵੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੋ, ਦੇਹਧਾਰੀ ਪਾਖੰਡੀਆਂ ਤੋਂ ਬਚੋ, ਆਪਸੀ ਮਤਭੇਦ ਭੁਲਾ ਕੇ ਇਕਮੁੱਠ ਰਹੋ, ਖਾਲਸੇ ਦਾ ਧਰਮ ਹੈ ਕਿ ਕਿਸੇ ਉਪਰ ਜ਼ੁਲਮ ਕਰਨਾ ਨਹੀਂ ਅਤੇ ਕਿਸੇ ਵੱਲੋਂ ਕੀਤਾ ਗਿਆ ਜ਼ੁਲਮ ਬਰਦਾਸ਼ਤ ਵੀ ਨਹੀਂ ਕਰਨਾ। ਸੰਤਾਂ ਦੀਆਂ ਦਲੀਲ ਭਰਪੂਰ ਤਕਰੀਰਾਂ ਅਤੇ ਪੰਥਕ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਾਰੇ ਪ੍ਰੋਗਰਾਮ ਦੌਰਾਨ ਵੱਖ-ਵੱਖ ਥਾਵਾਂ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਅੰਮ੍ਰਿਤਪਾਨ ਕੀਤਾ। ਇੱਥੇ ਹੀ ਦਿੱਲੀ ਤੋਂ ਕੁਝ ਮਹੱਤਵਪੂਰਨ ਆਗੂ ਸੰਤਾਂ ਨੂੰ ਦਿੱਲੀ ਲੈ ਕੇ ਜਾਣ ਲਈ ਪੁੱਜ ਗਏ।

ਦਿੱਲੀ ਦਾ ਧਰਮ ਪ੍ਰਚਾਰ ਪ੍ਰੋਗਰਾਮ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵੱਖ-ਵੱਖ ਸਿੰਘ ਸਭਾਵਾਂ ਅਤੇ ਦਿੱਲੀ ਦੀਆਂ ਸੰਗਤਾਂ ਨੇ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਅਤੇ ਵਿਸਥਾਰਪੂਰਵਕ ਤਿਆਰੀਆਂ ਕੀਤੀਆਂ। ਸੰਤ ਜੀ ਜਥੇ ਸਮੇਤ ਦਿੱਲੀ ਦੇ ਕੁੱਝ ਆਗੂਆਂ ਨਾਲ ਜਿਉਂ ਹੀ ਦਿੱਲੀ ਵਿਖੇ ਗੁਰਦੁਆਰਾ ਨਾਨਕ ਪਿਆਓ ਵਿਖੇ ਪਹੁੰਚੇ ਤਾਂ ਇੱਥੇ ਦਿੱਲੀ ਦੀਆਂ ਸੰਗਤਾਂ ਨੇ ਭਰਵਾਂ ਸਵਾਗਤ ਕੀਤਾ। ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸੰਤਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਇੱਥੇ ਵੀ ਸੰਤਾਂ ਨੇ 1978 ਤੋਂ ਲੈ ਅੱਜ ਤੱਕ ਦੇ ਸਾਰੇ ਘਟਨਾ ਚੱਕਰ ਦਾ ਵੇਰਵਾ ਦਿੱਤਾ ਅਤੇ ਹਿੰਦ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦਾ ਵੀ ਖੁਲਾਸਾ ਕੀਤਾ। ਇਸ ਦੌਰਾਨ ਦਿੱਲੀ ਦੇ ਸਿੱਖ ਆਗੂਆਂ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਏ ਯੋਗਦਾਨ ਦਾ ਵੀ ਧੰਨਵਾਦ ਕੀਤਾ। ਜਦੋਂ ਸੰਤ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ ਤਾਂ ਨੌਜਵਾਨਾਂ ਨੇ ਕਈ ਵਾਰ ਜੈਕਾਰੇ ਬੁਲਾਏ। ਇਸ ਤੋਂ ਅੱਗੇ ਦਿੱਲੀ ਦੀਆਂ ਸੰਗਤਾਂ ਖਾਸ ਕਰਕੇ ਨੌਜਵਾਨ ਅਤੇ ਪ੍ਰਬੰਧਕਾਂ ਨੇ ਇੱਥੋਂ ਸੰਤਾਂ ਨੂੰ ਜਲੂਸ ਦੀ ਸ਼ਕਲ ਵਿੱਚ ਲੈ ਕੇ ਜਾਣ ਦਾ ਪ੍ਰਬੰਧ ਕੀਤਾ ਸੀ। ਜਿਸ ਦਾ ਮੁੱਖ ਮੰਤਵ ਸੀ ਕਿ ਦੇਸ਼ ਦੀ ਰਾਜਧਾਨੀ ਦੇ ਗੈਰ ਸਿੱਖਾਂ ਨੂੰ ਵੀ ਪਤਾ ਲੱਗ ਜਾਵੇ ਕਿ ਸਿੱਖਾਂ ਦਾ ਅਹਿਮ ਧਾਰਮਿਕ ਆਗੂ ਦਿੱਲੀ ਵਿਖੇ ਪਹੁੰਚਿਆ ਹੋਇਆ ਹੈ। ਜਿੱਥੇ ਮੋਟਰਸਾਈਕਲ, ਕਾਰਾਂ, ਜੀਪਾਂ ਦਾ ਵੱਡਾ ਕਾਫਲਾ ਸੀ ਉੱਥੇ ਦਮਦਮੀ ਟਕਸਾਲ ਦਾ ਜਥਾ ਇੱਕ ਜੀਪ ਅਤੇ ਟਰੱਕ ਵਿੱਚ ਆਪਣੇ ਲਾਇਸੈਂਸੀ ਹਥਿਆਰਾਂ ਸਮੇਤ ਸਵਾਰ ਸੀ। ਸੰਤਾਂ ਨੂੰ ਇੱਕ ਖੁੱਲ੍ਹੀ ਜੀਪ ਵਿੱਚ ਸਵਾਰ ਕੀਤਾ, ਜਿਸ ਵਿੱਚ ਸਪੀਕਰ ਦਾ ਪ੍ਰਬੰਧ ਕੀਤਾ ਗਿਆ ਸੀ। ਜਿਸ ਰਾਹੀਂ ਪੰਥਕ ਨਾਅਰੇ ਲਾਉਂਦਿਆਂ ਇਹ ਕਾਫਲਾ ਗੁਰਦੁਆਰਾ ਨਾਨਕ ਪਿਆਉ ਤੋਂ ਆਰੰਭ ਹੋਇਆ ਅਤੇ ਥਾਂ-ਥਾਂ 'ਤੇ ਸੰਗਤਾਂ ਨੇ ਸੰਤਾਂ ਦੇ ਸਵਾਗਤ ਲਈ ਵੱਡੇ ਇਕੱਠ ਅਤੇ ਫਲ ਫਰੂਟ, ਚਾਹ ਮਿਠਾਈਆਂ ਆਦਿ ਦਾ ਪ੍ਰਬੰਧ ਕੀਤਾ ਹੋਇਆ ਸੀ। ਜਿੱਥੇ ਵੀ ਸੰਗਤ ਰੋਕਦੀ ਉੱਥੇ ਸੰਤ ਕੁਝ ਮਿੰਟਾਂ ਲਈ ਸੰਗਤਾਂ ਨੂੰ ਸੰਬੋਧਨ ਕਰਦੇ ਅਤੇ ਨਾਲ ਹੀ ਦੱਸਦੇ ਕਿ ਰੋਜ਼ਾਨਾ ਸ਼ਾਮ ਦਾ ਪ੍ਰੋਗਰਾਮ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਵਿਖੇ ਹੋਇਆ ਕਰੇਗਾ ਜਿਸ ਦੌਰਾਨ ਅਸੀਂ ਲਗਭਗ 15 ਦਿਨ ਦਿੱਲੀ ਨਿਵਾਸੀ ਸੰਗਤਾਂ ਵਿੱਚ ਧਰਮ ਪ੍ਰਚਾਰ ਕਰਾਂਗੇ। ਇਸ ਤਰ੍ਹਾਂ ਦੇਰ ਸ਼ਾਮ ਤੱਕ ਸੰਤ ਜੀ ਗੁਰਦੁਆਰਾ ਬੰਗਲਾ ਸਾਹਿਬ ਪਹੁੰਚੇ। ਸੰਗਤਾਂ ਸਮੇਤ ਸੰਤਾਂ ਨੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਇੱਥੇ ਹੀ ਕਾਰਸੇਵਾ ਵਾਲੇ ਮਹਾਂਪੁਰਖ ਸੰਤ ਬਾਬਾ ਹਰਬੰਸ ਸਿੰਘ ਜੀ ਦੇ ਡੇਰੇ ਵਿਖੇ ਹੀ ਰੁਕਣ ਦਾ ਪ੍ਰੋਗਰਾਮ ਬਣਾਇਆ ਅਤੇ ਜਿੰਨੇ ਦਿਨ ਸੰਤ ਜੀ ਦਿੱਲੀ ਰਹੇ ਰਾਤ ਨੂੰ ਇਸੇ ਹੀ ਰੁਕਿਆ ਕਰਦੇ ਸਨ। ਰੋਜ਼ਾਨਾ ਸ਼ਾਮ ਨੂੰ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਦੀਵਾਨ ਵਿੱਚ ਸੰਗਤਾਂ ਨੂੰ ਸੰਬੋਧਨ ਕਰਿਆ ਕਰਦੇ ਸਨ। ਸਵੇਰ ਅਤੇ ਦੁਪਹਿਰ ਵੱਖ-ਵੱਖ ਸਿੰਘ

Scanned with CamScanner

ਸਭਾਵਾਂ ਵੱਲੋਂ ਬਣਾਏ ਪ੍ਰੋਗਰਾਮਾਂ 'ਤੇ ਜਾਇਆ ਕਰਦੇ ਸਨ, ਜਿੱਥੇ-ਜਿੱਥੇ ਵੀ ਸੰਤ ਜੀ ਜਾਂਦੇ ਟਰੱਕ ਵਿੱਚ ਸਵਾਰ ਜੱਥੇ ਦੇ ਸਿੰਘ ਹਥਿਆਰਾਂ ਸਮੇਤ ਸਵਾਰ ਹੋਇਆ ਕਰਦੇ ਸਨ। ਵੱਖ-ਵੱਖ ਇਲਾਕਿਆਂ ਵਿੱਚ ਸੰਤਾਂ ਦੇ ਪ੍ਰੋਗਰਾਮ ਸਮੇਂ ਸੰਗਤਾਂ ਵੱਲੋਂ ਸੰਤਾਂ ਦਾ ਭਰਵਾਂ ਸਵਾਗਤ ਕੀਤਾ ਗਿਆ।

ਸੰਤ ਜੀ ਦਿੱਲੀ ਵਿਖੇ 15 ਦਿਨ ਰਹੇ ਅਤੇ ਵੱਖ-ਵੱਖ ਦੀਵਾਨਾਂ ਵਿੱਚ ਸਿੱਖ ਕੌਮ ਨਾਲ ਹੋ ਰਹੇ ਵਿਤਕਰਿਆਂ ਦਾ ਜ਼ਿਕਰ ਕਰਦੇ ਅਤੇ 1947 ਵੇਲੇ ਭਾਰਤ ਦੀ ਆਜ਼ਾਦੀ ਸਮੇਂ ਸਿੱਖਾਂ ਨਾਲ ਕੀਤੇ ਵਾਅਦਿਆਂ ਤੋਂ ਹਿੰਦ ਸਰਕਾਰ ਵੱਲੋਂ ਮੁੱਕਰ ਜਾਣ ਦਾ ਵੀ ਪ੍ਰਚਾਰ ਕਰਦੇ। ਵਿਸ਼ਥਾਰਪੂਰਵਕ ਦਲੀਲ ਸਹਿਤ ਦੱਸਦੇ ਕਿ ਅਸੀਂ ਆਜ਼ਾਦ ਭਾਰਤ ਵਿੱਚ ਗੁਲਾਮ ਕਿਵੇਂ ਹਾਂ। ਇਸ ਤੋਂ ਇਲਾਵਾ ਮੌਜੂਦਾ ਸਮੇਂ ਵਿੱਚ ਜੋ ਦਮਨਕਾਰੀ ਚੱਕਰ ਸਿੱਖ ਕੌਮ ਦੇ ਸਿਰ 'ਤੇ ਚੱਲ ਰਿਹਾ ਹੈ ਇਸ ਦਾ ਵੀ ਖੁਲਾਸਾ ਕੀਤਾ। ਇਨ੍ਹਾਂ ਸਭ ਗੱਲਾਂ ਦਾ ਹੱਲ ਦੱਸਦਿਆ ਹੋਇਆਂ ਉਨ੍ਹਾਂ ਆਖਿਆ ਕਿ ਸਾਨੂੰ ਸਿੱਖ ਕੌਮ ਦੇ ਅਣਖੀਲੇ ਇਤਿਹਾਸ ਤੋਂ ਜਾਣੂੰ ਹੋਣਾ ਚਾਹੀਦਾ ਹੈ ਕਿ ਕਿਵੇਂ ਸਾਡੇ ਵੱਡਿਆਂ ਨੇ ਜ਼ੁਲਮ ਨਾਲ ਟੱਕਰ ਲੈ ਕੇ ਖ਼ਾਲਸੇ ਸਿਧਾਂਤ ਨੂੰ ਕਾਇਮ ਰੱਖਿਆ ਹੈ। ਅੱਜ ਵੀ ਸਾਨੂੰ ਸੁਚੇਤ ਹੋਣ ਦੀ ਲੋੜ ਹੈ ਇਸ ਲਈ ਸਭ ਗੁਰੂ ਕੇ ਸਿੱਖ ਅੰਮ੍ਰਿਤਧਾਰੀ ਹੋਵੋ, ਦੇਹਧਾਰੀਆਂ ਦੇ ਅਖੌਤੀ ਗੁਰੂ ਡੰਮ੍ਹ ਤੋਂ ਬਚੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੋ, ਨਿੱਤਨੇਮੀ ਬਣੋ, ਆਪਸ ਵਿੱਚ ਏਕਤਾ ਰੱਖੋ, ਤਿਆਰ-ਬਰ-ਤਿਆਰ ਰਹੋ। ਅਖੀਰ ਵਿੱਚ ਸੰਤਾਂ ਵੱਲੋਂ ਦ੍ਰਿੜ੍ਹਤਾ ਸਹਿਤ ਸੰਗਤਾਂ ਨੂੰ ਭਰੋਸਾ ਦਿਵਾਇਆ ਜਾਂਦਾ ਕਿ ਅਸੀਂ ਸਿੱਖ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦਾ 100 ਪ੍ਰਤੀਸ਼ਤ ਹੱਕ ਲੈਣਾ ਹੈ।

ਇਸ ਤਰ੍ਹਾਂ ਸੰਤਾਂ ਵੱਲੋਂ ਦਿੱਲੀ ਦੇ ਵੱਖ-ਵੱਖ ਇਲਾਕਿਆਂ ਵਿੱਚ ਕੀਤਾ ਗਿਆ ਧਰਮ ਪ੍ਰਚਾਰ, ਅੰਮ੍ਰਿਤ ਸੰਚਾਰ ਅਤੇ ਮੌਜੂਦਾ ਸਮੇਂ ਦੇ ਹਾਲਾਤਾਂ ਬਾਰੇ ਪਾਇਆ ਗਿਆ ਚਾਨਣਾ ਅਤੇ ਆਪਣੇ ਹੱਕ ਲੈਣ ਲਈ ਵਿਖਾਈ ਗਈ ਦ੍ਰਿੜ੍ਹਤਾ ਦਾ ਦਿੱਲੀ ਨਿਵਾਸੀਆਂ 'ਤੇ ਡੂੰਘਾ ਅਸਰ ਹੋਇਆ। ਇਹ ਦਿੱਲੀ ਵਿੱਚ ਅਜਿਹਾ ਪਹਿਲਾ ਪ੍ਰੋਗਰਾਮ ਸੀ ਜਿਸ ਵਿੱਚ ਕਿਸੇ ਸਿੱਖ ਆਗੂ ਨੇ ਦੇਸ਼ ਦੀ ਰਾਜਧਾਨੀ ਵਿੱਚ ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਦਾ ਖੁੱਲ੍ਹਮ ਖੁੱਲ੍ਹਾ ਪ੍ਰਚਾਰ ਕੀਤਾ ਹੋਵੇ ਅਤੇ ਸਿੱਖਾਂ ਦੇ ਬੁਨਿਆਦੀ ਹੱਕਾਂ ਬਾਰੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੋਵੇ ਅਤੇ ਇੱਥੋਂ ਤੱਕ ਸਾਫ ਲਫਜ਼ਾਂ ਵਿੱਚ ਕਹਿਣਾ ਕਿ ਅਸੀਂ ਭਾਰਤ ਦੇਸ਼ ਵਿੱਚ ਦੂਜੇ ਨੰਬਰ ਦੇ ਸ਼ਹਿਰੀ ਬਣ ਕੇ ਨਹੀਂ ਰਹਿਣਾ ਆਦਿ। ਸੰਤਾਂ ਦੇ ਪ੍ਰਚਾਰ ਸਮੇਂ ਕੇਂਦਰ ਸਰਕਾਰ ਦੀਆਂ ਖੁਫ਼ੀਆ ਏਜੰਸੀਆਂ ਨੇ ਵੀ ਬਾਜ਼ ਨਜ਼ਰ ਲਗਾਈ ਹੋਈ ਸੀ ਅਤੇ ਸੰਤ ਭਿੰਡਰਾਂਵਾਲੇ ਵੀ ਇਸ ਗੱਲੋਂ ਬੇਖ਼ਬਰ ਨਹੀਂ ਸਨ। ਇਸ ਤੋਂ ਬਾਅਦ ਸੰਤਾਂ ਨੇ ਬੰਬੇ ਲਈ ਰਵਾਨਾ ਹੋਣਾ ਸੀ ਇਸ ਲਈ ਦਿੱਲੀ ਦੀਆਂ ਸੰਗਤਾਂ ਨੇ ਸੰਤਾਂ ਨੂੰ ਸਿਰੋਪਾਓ ਦੇ ਕੇ ਜੈਕਾਰਿਆਂ ਨਾਲ ਵਿਦਾਇਗੀ ਦਿੱਤੀ।

ਸੰਤਾਂ ਦਾ ਬੰਬੇ ਵਿਖੇ ਧਰਮ ਪ੍ਰਚਾਰ ਪ੍ਰੋਗਰਾਮ

ਪਹਿਲਾਂ ਬਣੇ ਹੋਏ ਪ੍ਰੋਗਰਾਮ ਮੁਤਾਬਕ 15 ਅਪ੍ਰੈਲ 1982 ਨੂੰ ਸੰਤ ਜੱਥੇ ਸਮੇਤ ਬੰਬੇ ਪਹੁੰਚ ਗਏ। ਇਥੇ ਵੱਖ-ਵੱਖ ਇਲਾਕਿਆਂ ਵਿੱਚ ਪ੍ਰੋਗਰਾਮ ਉਲੀਕਣ ਅਤੇ ਉਨ੍ਹਾਂ ਨੂੰ ਸਫਲ ਬਣਾਉਣ ਵਿੱਚ ਬੰਬੇ ਦੇ ਬਹੁਤ ਸਾਰੇ ਮੋਹਤਬਰ ਸਿੰਘ ਉਤਸ਼ਾਹ ਸਹਿਤ ਸੇਵਾ ਲਈ ਤਤਪਰ ਰਹਿੰਦੇ ਸਨ। ਇਨ੍ਹਾਂ ਵਿੱਚੋਂ ਪ੍ਰਮੁੱਖ ਤੌਰ 'ਤੇ ਸ. ਸੇਵਾ ਸਿੰਘ ਖਡੂਰ ਸਾਹਿਬ, ਸ. ਹਰਚਰਨ ਸਿੰਘ ਗਿੱਲ ਢੁੱਡੀਕੇ, ਸ. ਤੇਜਾ ਸਿੰਘ ਖਾਨਪੁਰ, ਸ. ਹਲਵੰਤ ਸਿੰਘ ਬਾਠ, ਸ. ਅਮਰ ਸਿੰਘ (ਸਟੇਜ ਸੈਕਟਰੀ), ਸ. ਕੁੰਦਨ ਸਿੰਘ, ਸ. ਦਾਰਾ ਸਿੰਘ, ਜਥੇਦਾਰ ਜਗੀਰ ਸਿੰਘ, ਸ. ਸੁੱਚਾ ਸਿੰਘ, ਸ. ਅਜੈਬ ਸਿੰਘ, ਮੇਜਰ ਸਿੰਘ ਕੁਹਾੜਕੇ, ਸ. ਦਲੀਪ ਸਿੰਘ, ਸ. ਜੋਗਿੰਦਰ ਸਿੰਘ ਪੱਲਾ, ਸ. ਗਮਬੀਰ ਸਿੰਘ, ਸ. ਚੰਚਲ ਸਿੰਘ, ਸ. ਕੁਲਵੰਤ ਸਿੰਘ, ਭਾਪਾ ਨਰਾਇਣ ਸਿੰਘ, ਸ. ਮਿਲਖਾ ਸਿੰਘ ਨੱਥੂਚੱਕ ਵਾਲੇ (ਇਹਨਾਂ ਦਾ ਪੋਤਰਾ ਸ. ਜਸਪਾਲ ਸਿੰਘ ਸਿੱਧੂ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਬੇਲਾਪੁਰ, ਚੇਅਰਮੈਨ ਮਹਾਰਾਸ਼ਟਰਾ ਟੈਕਰ ਯੂਨੀਅਨ ਅੱਜ ਵੀ ਜੱਥੇ ਸੰਗਤ ਦੀ ਸੇਵਾ ਵਿੱਚ ਸਰਗਰਮ ਹੈ), ਸ. ਗਿਆਨ ਸਿੰਘ, ਸ. ਨਿਰਵੈਰ ਸਿੰਘ, ਸ. ਖੁਸ਼ਹਾਲ ਸਿੰਘ, ਸ. ਗੁਰਮੇਲ ਸਿੰਘ, ਸ. ਦਿਵਾਨ ਸਿੰਘ, ਸ. ਰਤਨ ਸਿੰਘ, ਸ. ਸਾਧੂ ਸਿੰਘ, ਸ. ਹੀਰਾ ਸਿੰਘ, ਹਰਭਜਨ ਸਿੰਘ, ਰਾਮ ਸਿੰਘ ਪਹਿਲਵਾਨ ਆਦਿ ਹੋਰ ਬਹੁਤ ਸਾਰੇ ਸਿੰਘ ਸਰਗਰਮੀ ਨਾਲ ਸੇਵਾ ਲਈ ਤਤਪਰ ਰਹਿੰਦੇ ਸਨ।

ਜਥੇ ਸਮੇਤ ਸੰਤਾਂ ਦੇ ਰਹਿਣ ਦਾ ਇੰਤਜ਼ਾਮ ਗੁਰਦੁਆਰਾ ਸਿੰਘ ਸਭਾ ਦਾਦਰ ਵਿਖੇ ਸੀ। ਇਥੋਂ ਵੱਖ-ਵੱਖ ਥਾਵਾਂ 'ਤੇ ਕਥਾ ਪ੍ਰਚਾਰ ਕਰਨ ਲਈ ਜਥਾ ਜਾਇਆ ਕਰਦਾ ਸੀ। ਇੱਕ ਦਿਨ ਵਿੱਚ ਦੋ ਦੀਵਾਨ ਸਵੇਰੇ ਅਤੇ ਸ਼ਾਮ

Scanned with CamScanner

ਜਥੇ ਸਮੇਤ ਹੋਇਆ ਕਰਦੇ ਸਨ ਭਾਵ ਲੰਮੇ ਰਹੀ ਲੜੀਵਾਰ ਗੁਰਬਾਣੀ ਅਤੇ ਇਤਿਹਾਸ ਦੀ ਕਥਾ ਦੇ ਹੋਇਆ ਕਰਦੇ ਸਨ ਅਤੇ ਦਿਨ ਵਿੱਚ ਦੋ ਜਾਂ ਤਿੰਨ ਦੀਵਾਨ ਸੰਗਤ ਵੱਲੋਂ ਉਚੇਚੇ ਤੌਰ 'ਤੇ ਰੱਖੇ ਜਾਂਦੇ ਸਨ। ਜੇਲ੍ਹ ਦੀ ਰਿਹਾਈ ਤੋਂ ਬਾਅਦ ਸੰਤ ਪਹਿਲੀ ਵਾਰ ਬੰਬੇ ਗਏ ਸਨ ਇਸ ਲਈ ਸੰਗਤ ਵਿੱਚ ਨੌਜਵਾਨਾਂ ਦੀ ਗਿਣਤੀ ਪਹਿਲਾਂ ਨਾਲੋਂ ਬਹੁਤ ਵੱਧ ਹੋਇਆ ਕਰਦੀ ਸੀ। ਇੱਥੇ ਵੀ ਸੰਤਾਂ ਨੇ ਪੰਜਾਬ ਵਿੱਚ ਸਟੇਟ ਤੇ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਰਹੀ ਧੱਕਾਸ਼ਾਹੀ, ਸਿੱਖਾਂ 'ਤੇ ਪਾਏ ਜਾ ਰਹੇ ਝੂਠੇ ਕੇਸ ਅਤੇ ਪੁਲਿਸ ਵੱਲੋਂ ਕੀਤੇ ਜਾਂਦੇ ਅਣਮਨੁੱਖੀ ਤਸ਼ੱਦਦ ਦਾ ਵਰਨਣ ਕਰਨ ਦੇ ਨਾਲ-ਨਾਲ 1947 ਤੋਂ ਲੈ ਕੇ ਅੱਜ ਤੱਕ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰਿਆਂ ਦਾ ਦਲੀਲ ਸਹਿਤ ਪ੍ਰਚਾਰ ਕੀਤਾ ਅਤੇ ਦੱਸਿਆ ਕਿ ਸਿੱਖ ਅੱਜ ਵੀ ਆਜ਼ਾਦ ਭਾਰਤ ਵਿੱਚ ਗੁਲਾਮ ਹਨ ਕਿਉਂਕਿ ਭਾਰਤੀ ਕਾਨੂੰਨ ਮੁਤਾਬਿਕ ਸਿੱਖਾਂ ਲਈ ਇਸ ਕਾਨੂੰਨ ਦੇ ਅਰਥ ਹੋਰ ਹਨ ਅਤੇ ਬਹੁਗਿਣਤੀ ਲਈ ਹੋਰ। ਇਸ ਦੀਆਂ ਵੀ ਬਹੁਤ ਉਦਾਹਰਨਾ ਦਿੱਤੀਆਂ ਅਤੇ ਸਮੁੱਚੀਆਂ ਸਿੱਖ ਸੰਗਤਾਂ ਨੂੰ ਭਵਿੱਖ ਵਿੱਚ ਪੰਥ ਨੂੰ ਆਉਣ ਵਾਲੇ ਖਤਰਿਆਂ ਤੋਂ ਸੁਚੇਤ ਕਰਦਿਆਂ ਕਿਹਾ ਕਿ ਜੇਕਰ ਗੁਰਸਿੱਖਾਂ ਨੇ ਖ਼ਾਲਸਾਈ ਸਿਧਾਂਤ ਨੂੰ ਨਾ ਸਮਝਿਆ ਅਤੇ ਨਾ ਅਪਣਾਇਆ, ਤਾਂ ਫਿਰ ਸਾਡਾ ਹਾਲ ਜੈਨੀਆਂ ਅਤੇ ਬੋਧੀਆਂ ਨਾਲੋਂ ਵੀ ਮਾੜਾ ਹੋਵੇਗਾ। ਇਸ ਲਈ ਆਪਣੇ ਇਤਿਹਾਸ ਵੱਲ ਝਾਤੀ ਮਾਰੋ ਕਿ ਕਲਗੀਧਰ ਮਹਾਰਾਜ ਨੇ ਖਾਲਸਾ ਪੰਥ ਦੀ ਸਿਰਜਨਾ ਕਰਕੇ ਜੁਲਮ ਵਿਰੁੱਧ ਡੱਟਣ ਦਾ ਢੰਗ ਸਿਖਾਇਆ ਹੈ। ਇਸ ਲਈ ਅੰਮ੍ਰਿਤਧਾਰੀ ਹੋ ਕੇ ਖ਼ਾਲਸਾ ਸਜੋ, ਗੁਰਬਾਣੀ ਦੇ ਲੜ ਲੱਗੋ, ਪਖੰਡੀਆਂ ਦੇਹਧਾਰੀਆਂ ਤੋਂ ਬਚੋ, ਆਪਸੀ ਏਕਤਾ ਰੱਖੋ ਅਤੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੋ। ਫਿਰ ਗੁਰੂ ਸਾਡੇ ਅੰਗ-ਸੰਗ ਸਹਾਈ ਹੋਵੇਗਾ। ਇੱਕ ਗੱਲ 'ਤੇ ਦ੍ਰਿੜ੍ਹ ਵਿਸ਼ਵਾਸ਼ ਰੱਖੋ ਕਿ ਪੰਥਕ ਸਿਧਾਂਤਾਂ ਮੁਤਾਬਕ ਸ਼ਹੀਦਾਂ ਦੇ ਬੁੱਲ੍ਹੇ ਖੂਨ ਦਾ ਪੂਰਾ-ਪੂਰਾ ਹੱਕ ਲੈਣਾ ਹੈ। ਲਗਭਗ ਇਸ ਤਰ੍ਹਾਂ ਦਾ ਪ੍ਰਚਾਰ ਸੰਤਾਂ ਨੇ ਹਰ ਇਲਾਕੇ ਵਿੱਚ ਕੀਤਾ ਅਤੇ ਹਰ ਇਲਾਕੇ ਵਿੱਚ ਹੀ ਅੰਮ੍ਰਿਤ ਛਕਾਇਆ ਗਿਆ। ਇੱਥੇ ਸੰਗਤਾਂ ਉਤਸ਼ਾਹ ਸਹਿਤ ਵੱਡੀ ਗਿਣਤੀ ਵਿੱਚ ਅੰਮ੍ਰਿਤ ਛਕ ਰਹੀਆਂ ਸਨ। ਦਿਨੋ ਦਿਨ ਸੰਤਾਂ ਦੇ ਪ੍ਰੋਗਰਾਮਾਂ ਵਿੱਚ ਸੰਗਤਾਂ ਦੀ ਗਿਣਤੀ ਦਾ ਭਾਰੀ ਵਾਧਾ ਹੋ ਰਿਹਾ ਸੀ।

ਦਰਬਾਰਾ ਸਰਕਾਰ ਦੀ ਇੱਕ ਹੋਰ ਕੁਟਲ ਚਾਲ

ਪੰਜਾਬ ਸਰਕਾਰ ਨੇ ਸੰਤ ਜਰਨੈਲ ਸਿੰਘ ਦੀ ਵੱਧਦੀ ਹੋਈ ਲੋਕ ਸ਼ਕਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਹੀ ਗਿਰਫਤਾਰ ਕਰਨ ਦਾ ਫੈਸਲਾ ਲਿਆ। ਇਸ ਮੰਤਵ ਲਈ ਜਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਕੋਲੋਂ ਕੌਮੀ ਸੁਰੱਖਿਆ ਅਧੀਨ ਨਜ਼ਰਬੰਦ ਕਰਨ ਲਈ ਵਾਰੰਟ ਜਾਰੀ ਕਰਵਾ ਦਿੱਤੇ। ਪੰਜਾਬ ਸਰਕਾਰ ਨੇ ਇਨ੍ਹਾਂ ਵਾਰੰਟਾਂ ਸਹਿਤ ਕੇਂਦਰ ਸਰਕਾਰ ਨੂੰ ਆਪਣੀ ਰਿਪੋਰਟ ਵਿੱਚ ਕਿਹਾ ਕਿ ਸੰਤ ਭਿੰਡਰਾਂਵਾਲੇ ਪੂਰੇ ਹਿੰਦੁਸਤਾਨ ਵਿੱਚ ਭੜਕਾਊ ਪ੍ਰਚਾਰ ਕਰ ਰਹੇ ਹਨ। ਇਸ ਕਾਰਨ ਦੇਸ਼ ਦੀ ਅਖੰਡਤਾ ਨੂੰ ਖ਼ਤਰਾ ਹੋ ਸਕਦਾ ਹੈ। ਇਹ ਵੀ ਸਿਫਾਰਸ਼ ਕੀਤੀ ਗਈ ਕਿ ਸੰਤ ਜਰਨੈਲ ਸਿੰਘ ਨੂੰ ਪੰਜਾਬ ਤੋਂ ਬਾਹਰ ਹੀ ਗ੍ਰਿਫਤਾਰ ਕੀਤਾ ਜਾਵੇ ਕਿਉਂਕਿ ਪੰਜਾਬ ਵਿੱਚ ਉਨ੍ਹਾਂ ਦੀ ਗ੍ਰਿਫਤਾਰੀ ਹੋਣ ਨਾਲ ਵੱਡੀ ਪੱਧਰ 'ਤੇ ਗੜਬੜ ਹੋਣ ਦਾ ਖ਼ਤਰਾ ਹੈ। ਕੇਂਦਰ ਸਰਕਾਰ ਨਾਲ ਪਹਿਲਾਂ ਹੀ ਮਿਲੀਭੁਗਤ ਸੀ ਇਸ ਲਈ ਉਸ ਨੇ ਸੰਤਾਂ ਨੂੰ ਬੰਬੇ ਵਿਖੇ ਹੀ ਗ੍ਰਿਫਤਾਰ ਕਰਨ ਲਈ ਸਹਿਮਤੀ ਦੇ ਦਿੱਤੀ। ਇਸ ਸਬੰਧ ਵਿੱਚ ਇੱਕ ਖਾਸ ਜਹਾਜ਼ ਬੰਬੇ ਦੇ ਕਾਂਗਰਸੀ ਮੁੱਖ ਮੰਤਰੀ ਬਾਬਾ ਸਾਹਿਬ ਅਨੰਤਰਾਓ ਭੋਸਲੇ ਨੂੰ ਭੇਜੀ ਗਈ। (ਅਸਲ ਵਿੱਚ ਸੰਤਾਂ ਨੂੰ ਗ੍ਰਿਫਤਾਰ ਕਰਨ ਲਈ ਨਹੀਂ ਬਲਕਿ ਝੂਠੇ ਪੁਲਿਸ ਮੁਕਾਬਲੇ ਰਾਹੀਂ ਸੰਤਾਂ ਨੂੰ ਖਤਮ ਕਰਨ ਦੀ ਯੋਜਨਾ ਬਣਾਈ ਗਈ ਸੀ।) ਦਿੱਲੀ ਅਤੇ ਪੰਜਾਬ ਤੋਂ ਪੁਲਿਸ ਨੂੰ ਵਿਸ਼ੇਸ਼ ਅਧਿਕਾਰ ਦੇ ਕੇ ਬੰਬੇ ਭੇਜਿਆ।

ਉਧਰ ਅੰਮ੍ਰਿਤਸਰ ਦੀਆਂ ਜਿਲ੍ਹਾ ਕਚਿਹਰੀਆਂ ਵਿੱਚੋਂ ਸੰਤਾਂ ਉਪਰ ਕੌਮੀ ਸੁਰੱਖਿਆ ਕਾਨੂੰਨ ਤਹਿਤ ਵਾਰੰਟ ਜਾਰੀ ਹੋਣ ਦੀ ਖਬਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਤੱਕ ਪਹੁੰਚ ਗਈ ਅਤੇ ਉਸ ਨੂੰ ਇਹ ਵੀ ਜਾਣਕਾਰੀ ਮਿਲ ਗਈ ਕਿ ਬਹੁਤ ਜਲਦੀ ਸੰਤਾਂ ਨੂੰ ਬੰਬੇ ਵਿਖੇ ਹੀ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਇਸ ਲਈ ਉਸ ਨੇ ਆਪਣੇ ਇੱਕ ਖਾਸ ਵਿਅਕਤੀ ਨੂੰ ਅੰਮ੍ਰਿਤਸਰ ਤੋਂ ਬੰਬੇ ਭੇਜਿਆ ਤਾਂ ਕਿ ਸੰਤਾਂ ਨੂੰ ਤੁਰੰਤ ਜਾਣਕਾਰੀ ਦਿੱਤੀ ਜਾ ਸਕੇ। ਜਦੋਂ ਇਹ ਸਿੰਘ ਬੰਬੇ ਪਹੁੰਚਿਆ ਤਾਂ ਇਸ ਨੇ ਵੇਖਿਆ ਕਿ ਇੱਥੋਂ ਦੀ ਪੁਲਿਸ ਫੋਰਸ ਵਿੱਚ ਕਾਫੀ ਹਲਚਲ ਹੈ, ਪਰ ਉਹ ਜਿਉਂ ਹੀ ਸੰਤਾਂ ਨੂੰ ਮਿਲਿਆ ਤਾਂ ਸੰਤਾਂ ਨੇ ਉਸ ਨੂੰ ਸੁੱਖਸਾਂਦ ਪੁੱਛੀ ਅਤੇ ਕਿਹਾ ਕਿ

Scanned with CamScanner

ਤੂੰ ਕੁੱਝ ਘਬਰਾਹਟ ਵਿੱਚ ਲੱਗ ਰਿਹਾ ਹੈਂ ਕੀ ਗੱਲ ਹੋ ਗਈ? ਸਿੰਘ ਘਬਰਾਉਂਦੇ ਨਹੀਂ ਹੁੰਦੇ ਤੂੰ ਜਲ ਪਾਣੀ ਛਕ, ਅਸੀਂ ਕਥਾ ਕਰਕੇ ਆ ਕੇ ਰਾਤ ਨੂੰ ਗੱਲਬਾਤ ਕਰਾਂਗੇ। ਭਾਵੇਂ ਉਹ ਕਾਹਲੀ ਵਿੱਚ ਸੰਤਾਂ ਨੂੰ ਕੁੱਝ ਕਹਿਣਾ ਚਾਹੁੰਦਾ ਸੀ ਪਰ ਸੰਤ ਜੀ ਬਿਨਾਂ ਰੁਕੇ ਸੰਗਤਾਂ ਵਿੱਚ ਕਥਾ ਕਰਨ ਚਲੇ ਗਏ। ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਇਹ ਸਿੰਘ ਵੀ ਸੰਤਾਂ ਦੇ ਪਿੱਛੇ-ਪਿੱਛੇ ਦੀਵਾਨ ਵਾਲੀ ਜਗ੍ਹਾ 'ਤੇ ਪਹੁੰਚ ਗਿਆ ਜੋ ਗੁਰਦੁਆਰਾ ਬੇਲਾਬਾ ਵਿਖੇ ਅਤੇ ਗੁਰਦੁਆਰਾ ਸਿੰਘ ਸਭਾ ਰਾਮਾ ਬਾਈ ਕਲੋਨੀ ਸੀ। ਇਥੇ ਪੰਡਾਲ ਵਾਲੀ ਜਗ੍ਹਾ ਦੇ ਬਾਹਰ ਭਾਰੀ ਪੁਲਿਸ ਫੋਰਸਾਂ ਜਮ੍ਹਾਂ ਹੋ ਗਈਆਂ ਸਨ। ਸੰਤਾਂ ਨੇ ਕਥਾ ਕਰਦਿਆਂ ਅਖੀਰ ਵਿੱਚ ਸੰਗਤਾਂ ਨੂੰ ਬੇਨਤੀ ਕੀਤੀ ਕਿ ਪੁਲਿਸ ਫੋਰਸਾਂ ਦੀ ਹਰਕਤ ਤੋਂ ਲੱਗਦਾ ਹੈ ਕਿ ਇਨ੍ਹਾਂ ਦੇ ਇਰਾਦੇ ਠੀਕ ਨਹੀਂ ਇਸ ਲਈ ਹੋ ਸਕਦਾ ਹੈ ਕਿ ਸੰਗਤਾਂ ਨੂੰ ਦਿੱਤੇ ਹੋਏ ਪ੍ਰੋਗਰਾਮ ਵਿੱਚ ਕੁੱਝ ਤਬਦੀਲੀਆਂ ਕਰਨੀਆਂ ਪੈਣ ਪਰ ਕਥਾ ਕੀਰਤਨ ਦੇ ਪ੍ਰੋਗਰਾਮ ਇਸੇ ਤਰ੍ਹਾਂ ਚੱਲਦੇ ਰਹਿਣਗੇ। ਇੱਥੇ ਸੰਗਤਾਂ ਦਾ ਬਹੁਤ ਵੱਡਾ ਇਕੱਠ ਵੇਖ ਕੇ ਪੁਲਿਸ ਨੇ ਸੰਤਾਂ ਨੂੰ ਗ੍ਰਿਫਤਾਰ ਕਰਨ ਦੀ ਹਿੰਮਤ ਨਾ ਕੀਤੀ। ਸੰਤ ਜੀ ਵਾਪਸ ਗੁਰਦੁਆਰਾ ਸਿੰਘ ਸਭਾ ਦਾਦਰ ਪਹੁੰਚ ਗਏ। ਜਦੋਂ ਰਾਤ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਏ ਸਿੰਘ ਨੂੰ ਸੱਦ ਕੇ ਹਾਲ ਚਾਲ ਪੁੱਛਿਆ ਤਾਂ ਉਹ ਹੈਰਾਨ ਸੀ ਕਿ ਮੈਂ ਤਾਂ ਸੰਤਾਂ ਨੂੰ ਹਾਲੇ ਕੁੱਝ ਵੀ ਨਹੀਂ ਦੱਸਿਆ ਪਰ ਇਨ੍ਹਾਂ ਨੂੰ ਸਭ ਕੁੱਝ ਪਤਾ ਹੈ। ਫਿਰ ਵੀ ਉਸ ਨੇ ਆਪਣੀ ਡਿਊਟੀ ਪੂਰੀ ਕਰਦਿਆਂ ਸੰਤਾਂ ਨੂੰ ਬੇਨਤੀ ਕੀਤੀ ਕਿ ਮੈਂ ਦੀਵਾਨ ਵਿੱਚੋਂ ਹੀ ਆਇਆ ਹਾਂ ਅਤੇ ਜੋ ਕੁੱਝ ਆਪ ਨੇ ਬੋਲਿਆ ਮੈਂ ਸੁਣ ਲਿਆ ਹੈ। ਇਸ ਲਈ ਤੁਹਾਨੂੰ ਕੁੱਝ ਦੱਸਣ ਦੀ ਲੋੜ ਨਹੀਂ ਪਰ ਫਿਰ ਵੀ ਜੋ ਭਾਈ ਅਮਰੀਕ ਸਿੰਘ ਨੇ ਮੋਰਚੇ ਡਿਊਟੀ ਲਾਈ ਹੈ ਉਸ ਮੁਤਾਬਕ ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬ ਸਰਕਾਰ ਨੇ ਆਪ ਜੀ ਵਿਰੁੱਧ ਕੌਮੀ ਸੁਰੱਖਿਆ ਕਾਨੂੰਨ ਤਹਿਤ ਵਾਰੰਟ ਜਾਰੀ ਕੀਤੇ ਹਨ ਅਤੇ ਸੈਂਟਰ ਸਰਕਾਰ ਨੇ ਬੰਬੇ ਸਰਕਾਰ ਨੂੰ ਹਦਾਇਤਾਂ ਕੀਤੀਆਂ ਹਨ ਕਿ ਤੁਹਾਨੂੰ ਇੱਥੇ ਹੀ ਗ੍ਰਿਫਤਾਰ ਕਰ ਲਿਆ ਜਾਵੇ ਬਲਕਿ ਉਨ੍ਹਾਂ ਦੀ ਨੀਅਤ ਇਸ ਤੋਂ ਵੀ ਮਾੜੀ ਹੈ। ਸੰਤਾਂ ਨੇ ਉਸ ਸਿੰਘ ਨੂੰ ਕਿਹਾ ਕਿ ਕੋਈ ਫਿਕਰ ਨਾ ਕਰੋ, ਗੁਰੂ ਕਲਗੀਧਰ ਪਿਤਾ ਨੂੰ ਜਿਵੇਂ ਭਾਵੇਗਾ ਉਵੇਂ ਹੀ ਹੋਣਾ ਹੈ। ਅਗਲੇ ਦਿਨ ਸਵੇਰ ਦੀ ਕਥਾ ਗੁਰਦੁਆਰਾ ਸਿੰਘ ਸਭਾ ਚੈਂਬੂਰ ਵਿਖੇ ਸੀ ਅਤੇ ਸ਼ਾਮ ਨੂੰ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਕੋਹਲੀਵਾੜਾ ਵਿਖੇ ਸੀ। ਇੱਥੇ ਵੀ ਸੰਗਤਾਂ ਦਾ ਵੱਡਾ ਇਕੱਠ ਸੀ ਕਿਉਂਕਿ ਪੁਲਿਸ ਦੀ ਹਰਕਤ ਨੂੰ ਵੇਖਦਿਆਂ ਹੋਇਆਂ ਬੰਬੇ ਦੀਆਂ ਸਿੱਖ ਸੰਗਤਾਂ ਵਿੱਚ ਰੋਸ ਵੀ ਸੀ ਅਤੇ ਜੋਸ਼ ਵੀ ਜਿਸ ਕਰਕੇ ਸੰਗਤਾਂ ਦੂਰ ਦੁਰੇਡੇ ਤੋਂ ਵੀ ਆਉਂਦੀਆਂ ਸਨ। ਇੱਥੇ ਵੀ ਪੁਲਿਸ ਨੇ ਘੇਰਾਬੰਦੀ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਪਰ ਸੰਗਤਾਂ ਅੱਗੇ ਕੋਈ ਪੇਸ਼ ਨਾ ਗਈ ਅਤੇ ਸੰਤ ਜੀ ਪ੍ਰਚਾਰ ਤੋਂ ਬਾਅਦ ਗੁਰਦੁਆਰਾ ਸਿੰਘ ਸਭਾ ਦਾਦਰ ਵਿਖੇ ਪਹੁੰਚ ਗਏ।

ਸੰਤਾਂ ਦੀ ਆਖਰੀ ਕਥਾ ਨੌਵੀ ਨਗਰ ਗੁਰਦੁਆਰੇ ਸੀ। ਇੱਥੇ ਸੰਤਾਂ ਤੋਂ ਪਹਿਲਾਂ ਬੋਲਣ ਵਾਲੇ ਬੁਲਾਰਿਆਂ ਨੇ ਬਹੁਤ ਜੋਸ਼ੀਲੀਆਂ ਤਕਰੀਰਾਂ ਕੀਤੀਆਂ ਕਿ ਜੇਕਰ ਸੰਤਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਸ ਦਾ ਨਤੀਜਾ ਠੀਕ ਨਹੀਂ ਹੋਵੇਗਾ। ਸੰਤਾਂ ਨੇ ਉਸੇ ਤਰ੍ਹਾਂ ਸਹਿਜ ਸੁਭਾਅ ਵਿੱਚ ਉਹ ਸਭ ਤਕਰੀਰਾਂ ਕਰਦਿਆਂ ਹਵਾਲੇ ਦਿੱਤੇ ਜੋ ਆਮ ਤੌਰ 'ਤੇ ਹਰ ਸਟੇਜ 'ਤੇ ਦੱਸਿਆ ਹੀ ਕਰਦੇ ਸਨ। ਸੰਗਤਾਂ ਇਸ ਗੱਲੋਂ ਵੀ ਹੈਰਾਨ ਸਨ ਕਿ ਪਲ-ਪਲ ਸਮੇਂ ਵਿੱਚ ਪੁਲਿਸ ਦਾ ਘੇਰਾ ਤੰਗ ਹੁੰਦਾ ਜਾ ਰਿਹਾ ਹੈ ਪਰ ਸੰਤਾਂ ਦੇ ਮਨ ਵਿੱਚ ਕੋਈ ਭੈਅ ਨਹੀਂ ਅਤੇ ਪ੍ਰਚਾਰ ਵਿੱਚ ਕੋਈ ਬਦਲਾਅ ਨਹੀਂ ਬਲਕਿ ਬੇਪ੍ਰਵਾਹੀ ਨਾਲ ਉਸੇ ਤਰ੍ਹਾਂ ਪ੍ਰਚਾਰ ਵਹੀਰ ਚਲਾ ਰਹੇ ਹਨ। ਇੱਥੇ ਸਮਾਪਤੀ ਤੋਂ ਬਾਅਦ ਸੰਤ ਜੱਥੇ ਸਮੇਤ ਜਦੋਂ ਗੁਰਦੁਆਰਾ ਸਿੰਘ ਸਭਾ ਦਾਦਰ ਨੂੰ ਚੱਲੇ ਤਾਂ ਸੰਗਤਾਂ ਦਾ ਭਾਰੀ ਇਕੱਠ ਸੰਤਾਂ ਦੇ ਨਾਲ ਹੀ ਗਿਆ। ਇਸ ਤਰ੍ਹਾਂ ਸੰਤ ਜੀ ਗੁਰਦੁਆਰਾ ਦਾਦਰ ਵਿਖੇ ਪਹੁੰਚ ਗਏ ਅੱਜ ਸੰਤਾਂ ਨੇ ਕੁੱਝ ਸਿੰਘਾਂ ਦੀ ਡਿਊਟੀ ਲਾਈ ਸੀ ਕਿ ਉਹ ਬੰਬੇ ਤੋਂ ਘੱਟੋ ਘੱਟ 30-30 ਕਿਲੋਮੀਟਰ ਦੂਰ ਤੱਕ ਪਤਾ ਕਰਨ ਕਿ ਪੁਲਿਸ ਨੇ ਕਿੱਥੇ-ਕਿੱਥੇ ਅਤੇ ਕਿਨੀ-ਕਿਨੀ ਫੋਰਸ ਨਾਲ ਨਾਕੇ ਲਾਏ ਹੋਏ ਹਨ। ਉਨ੍ਹਾਂ ਨੇ ਪਤਾ ਕਰਨ ਉਪਰੰਤ ਸੰਤਾਂ ਨੂੰ ਦੱਸਿਆ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਫੋਰਸਾਂ ਦਾ ਘੇਰਾ ਹੈ ਬੰਬੇ ਤੋਂ ਲੈ ਕੇ ਗੁਜਰਾਤ ਬਾਰਡਰ ਤੱਕ ਵਿਸ਼ੇਸ਼ ਨਾਕੇ ਲਾਏ ਗਏ ਹਨ ਅਤੇ ਇਸੇ ਤਰ੍ਹਾਂ ਪੂਨਾ ਰੋਡ 'ਤੇ ਵੀ ਵਿਸ਼ੇਸ਼ ਨਾਕੇ ਲੱਗੇ ਹੋਏ ਹਨ। ਸੰਤਾਂ ਨੇ ਪੁਲਿਸ ਫੋਰਸਾਂ ਦੇ ਘੇਰੇ ਸਬੰਧੀ ਜਾਣਕਾਰੀ ਲੈਣ ਉਪਰੰਤ ਬੰਬੇ ਦੇ ਕੁੱਝ ਵਿਅਕਤੀਆਂ ਨੂੰ ਆਪਣੇ ਕੋਲ ਬੁਲਾਇਆ ਜਿਨ੍ਹਾਂ ਵਿੱਚ ਸ. ਤੇਜਾ ਸਿੰਘ ਸੇਠ, ਸ. ਹਰਚਰਨ ਸਿੰਘ ਗਿੱਲ, ਕੁੰਦਨ ਸਿੰਘ ਛਾਪਾ, ਜੋਗਿੰਦਰ ਸਿੰਘ ਪੱਲਾ, ਦਾਰਾ ਸਿੰਘ, ਮਿਲਖਾ ਸਿੰਘ, ਦਲੀਪ ਸਿੰਘ ਆਦਿ ਸਿੰਘਾਂ ਨਾਲ ਸਲਾਹ ਮਸ਼ਵਰਾ ਕੀਤਾ।

Scanned with CamScanner

ਇਸੇ ਦੌਰਾਨ ਬੰਬੇ ਦੇ ਕੁੱਝ ਅਸਰ ਰਸੂਖ ਵਾਲੇ ਵਿਅਕਤੀਆਂ ਨੇ ਮੁੱਖ ਮੰਤਰੀ ਤੱਕ ਪਹੁੰਚ ਕੀਤੀ ਕਿ ਇਹ ਸਭ ਕੁੱਝ ਕਿਉਂ ਹੋ ਰਿਹਾ ਹੈ? ਕਿਉਂਕਿ ਸੰਤਾਂ ਦਾ ਗਿਲਾ ਕੇਂਦਰ ਸਰਕਾਰ ਦੇ ਰਵੱਈਏ ਨਾਲ ਹੈ ਤੁਹਾਡੇ ਨਾਲ ਨਹੀਂ ਅਤੇ ਨਾ ਹੀ ਸੰਤਾਂ ਦੇ ਪ੍ਰਚਾਰ ਕਾਰਨ ਇਥੋਂ ਦੇ ਲੋਕਾਂ 'ਤੇ ਅਜਿਹਾ ਅਸਰ ਪੈ ਰਿਹਾ ਹੈ ਜਿਸ ਨਾਲ ਆਪਸੀ ਮਤਭੇਦ ਪੈਦਾ ਹੋ ਸਕਦੇ ਹੋਣ। ਮੁੱਖ ਮੰਤਰੀ ਨੇ ਆਪਣੀ ਬੇਵੱਸੀ ਜ਼ਾਹਿਰ ਕਰਦਿਆਂ ਦੱਸਿਆ, ਕਿ ਕੇਂਦਰ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਹੀ ਸਭ ਕੁੱਝ ਹੋ ਰਿਹਾ ਹੈ। ਇਨ੍ਹਾਂ ਸਿੰਘਾਂ ਨੇ ਸੰਤਾਂ ਨੂੰ ਸਾਰੇ ਹਾਲਾਤ ਬਾਰੇ ਦੱਸਿਆ ਪਰ ਸੰਤ ਪਹਿਲਾਂ ਹੀ ਤਿਆਰੀ ਕਰ ਚੁੱਕੇ ਸਨ। ਸੰਤਾਂ ਨੇ ਜਥੇ ਦੇ ਜ਼ਿੰਮੇਵਾਰ ਸਿੰਘਾਂ ਨਾਲ ਮੀਟਿੰਗ ਕੀਤੀ ਅਤੇ ਜਥੇਦਾਰ ਭਾਈ ਰਾਮ ਸਿੰਘ ਸੁਲਤਾਨਪੁਰੀ ਦੀ ਡਿਊਟੀ ਲਾਈ ਕਿ ਜਿੱਥੇ-ਜਿੱਥੇ ਵੀ ਕਥਾ ਦੇ ਪ੍ਰੋਗਰਾਮ ਉਲੀਕੇ ਗਏ ਹਨ ਤੁੰ ਕਥਾ ਕਰਨ ਜਾਇਆ ਕਰਨਾ ਹੈ ਅਤੇ ਇੱਕ ਰਾਗੀ ਜਥੇ ਦੀ ਵੀ ਨਾਲ ਡਿਊਟੀ ਲਾ ਦਿੱਤੀ।

ਸੰਤਾਂ ਦਾ ਬੰਬੇ ਤੋਂ ਗੁਰਦੁਆਰਾ ਮਹਿਤਾ ਵਿਖੇ ਪਹੁੰਚਣਾ

ਗੁਰਦੁਆਰਾ ਸਿੰਘ ਸਭਾ ਦਾਦਰ ਦੇ ਦੋਵੇਂ ਦਰਵਾਜ਼ਿਆਂ 'ਤੇ ਭਾਰੀ ਪੁਲਿਸ ਫੋਰਸ ਦਾ ਪਹਿਰਾ ਸੀ। ਇਸ ਦਿਨ ਗੁਰਦੁਆਰਾ ਸਾਹਿਬ ਅੰਦਰਲੀ ਪਾਣੀ ਦੀ ਮੋਟਰ ਖਰਾਬ ਹੋਣ ਕਾਰਨ ਸੰਗਤਾਂ ਲਈ ਟੈਂਕਰਾਂ ਵਿੱਚ ਪਾਣੀ ਲਿਆਂਦਾ ਜਾ ਰਿਹਾ ਸੀ। ਇਸੇ ਰਾਤ ਸੰਤਾਂ ਨੇ ਇੱਥੋਂ ਪੰਜਾਬ ਜਾਣ ਦੀ ਤਿਆਰੀ ਕੀਤੀ। ਜਿਸ ਬਾਰੇ ਕੁੱਝ ਕੁ ਸਿੰਘਾਂ ਨੂੰ ਹੀ ਦੱਸਿਆ ਗਿਆ ਅਤੇ ਨਾਲ ਇਹ ਵੀ ਸਲਾਹ ਦਿੱਤੀ ਕਿ ਸਾਡੇ ਆਸਣ 'ਤੇ ਜਿਥੇ ਅਸੀਂ ਆਰਾਮ ਕਰਦੇ ਹਾਂ ਉਸ ਕਮਰੇ ਨੂੰ ਬਾਹਰੋਂ ਬੰਦ ਕਰਕੇ ਪਹਿਰਾ ਸਖਤ ਕਰ ਦਿੱਤਾ ਜਾਵੇ ਕੋਈ ਵੀ ਮਿਲਣ ਆਵੇ ਤਾਂ ਉਸ ਨੂੰ ਮਿਲਣ ਤੋਂ ਮਨ੍ਹਾਂ ਕਰ ਦੇਣਾ, ਪਰ ਸਾਡੇ ਬਾਰੇ ਕੁੱਝ ਨਹੀਂ ਦੱਸਣਾ। ਜਦੋਂ ਤੱਕ ਅਸੀਂ ਪੰਜਾਬ ਪਹੁੰਚਣ ਦੀ ਸੂਚਨਾ ਨਹੀਂ ਦਿੰਦੇ ਉਦੋਂ ਤੱਕ ਇਥੇ ਪਹਿਰਾ ਜਾਰੀ ਰੱਖਣਾ। ਬਾਕੀ ਸਿਰਫ ਨਾਲ ਜਾਣ ਵਾਲੇ ਸਿੰਘਾਂ ਨੂੰ ਹੀ ਜਾਣਕਾਰੀ ਦਿੱਤੀ ਕਿ ਆਪਾ ਜਾਣਾ ਹੈ ਜਿਨ੍ਹਾਂ ਵਿੱਚ ਭਾਈ ਗਜ਼ਪਾਲ ਸਿੰਘ ਪੀ. ਏ., ਸ. ਗਿਆਨ ਸਿੰਘ, ਗੁਰਮੁਖ ਸਿੰਘ ਗਡਵਈ ਅਤੇ ਭਾਗੀ ਰਾਮ ਸਿੰਘ ਸ਼ਾਮਿਲ ਸਨ। ਜਦੋਂ ਕਾਫੀ ਰਾਤ ਬੀਤ ਗਈ ਤਾਂ ਜਥੇਦਾਰ ਜਗੀਰ ਸਿੰਘ, ਕੁੰਦਨ ਸਿੰਘ, ਗਿਆਨ ਸਿੰਘ ਅਤੇ ਦਾਰਾ ਸਿੰਘ ਹੁਰਾਂ ਨੇ ਜੋ ਬੰਬੇ ਦੇ ਅਨਜਾਣ ਰਸਤਿਆਂ ਬਾਰੇ ਵੀ ਜਾਣੂ ਸਨ ਉਨ੍ਹਾਂ ਨੇ ਤਿਆਰੀ ਕਰਕੇ ਜਿਸ ਪਾਸਿਓਂ ਪਾਣੀ ਵਾਲੇ ਟੈਂਕਰ ਆ ਰਹੇ ਸਨ ਉਸ ਪਾਸਿਓਂ ਇੱਕ ਫੀਏਟ ਕਾਰ ਲਿਆ ਕੇ ਖੜ੍ਹੀ ਕਰ ਲਈ। ਸੰਤ ਜੀ ਆਪਣੇ ਸਾਥੀ ਸਿੰਘਾਂ ਅਤੇ ਹਥਿਆਰਾਂ ਸਮੇਤ ਇਸ ਗੱਡੀ ਵਿੱਚ ਸਵਾਰ ਹੋ ਕੇ ਪਿਛਲੇ ਪਾਸੇ ਦੀ ਰਵਾਨਾ ਹੋ ਗਏ। ਮੁੱਖ ਸੜਕ ਨੂੰ ਛੱਡ ਕੇ ਭਾਈ ਗਿਆਨ ਸਿੰਘ ਨੇ ਹੋਰ ਰਸਤਿਆਂ ਰਾਹੀਂ ਸੰਤਾਂ ਨੂੰ ਬੰਬੇ ਤੋਂ 20-25 ਕਿਲੋਮੀਟਰ ਤੱਕ ਬਾਹਰ ਲੈ ਆਂਦਿਆ। ਇੱਥੇ ਦੋ ਗੱਡੀਆਂ ਹੋਰ ਪਹਿਲਾਂ ਹੀ ਖੜ੍ਹੀਆਂ ਸਨ ਇਸ ਲਈ ਇੱਥੋਂ ਪਹਿਲਾਂ ਵਾਲੀ ਗੱਡੀ ਬਦਲ ਦਿੱਤੀ ਗਈ ਅਤੇ ਇਨ੍ਹਾਂ ਗੱਡੀਆਂ ਵਿੱਚ ਸਵਾਰ ਹੋ ਕੇ ਚੱਲ ਪਏ, ਨਾਲ ਹੀ ਇੱਕ ਟਰੱਕ ਦਾ ਇੰਤਜ਼ਾਮ ਕੀਤਾ ਗਿਆ ਸੀ ਕਿ ਜੇ ਲੋੜ ਪਵੇ ਤਾਂ ਟਰੱਕ ਦੀ ਸਵਾਰੀ ਵਰਤੀ ਜਾ ਸਕਦੀ ਹੈ। ਮੰਨ ਰੋਡ 'ਤੇ ਚੜ੍ਹਦਿਆਂ ਹੀ ਕੁੱਝ ਨਾਕਿਆਂ 'ਤੇ ਇਨ੍ਹਾਂ ਗੱਡੀਆਂ ਨੂੰ ਰੋਕਿਆ ਗਿਆ ਪਰ ਥੋੜ੍ਹੀ ਪੁੱਛਗਿੱਛ ਕਰਨ ਤੋਂ ਬਾਅਦ ਜਾਣ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ ਕਿ ਸੰਤ ਜੀ ਇੱਥੋਂ ਜਾ ਰਹੇ ਹਨ।

ਪਰ ਗੁਜਰਾਤ ਬਾਰਡਰ 'ਤੇ ਜਿਸ ਨੂੰ ਮਨੌਰ ਮੋੜ ਕਹਿੰਦੇ ਹਨ ਮਹਾਂਰਾਸ਼ਟਰ ਅਤੇ ਪੰਜਾਬ ਪੁਲਿਸ ਦਾ ਬਹੁਤ ਜਬਰਦਸਤ ਨਾਕਾ ਸੀ ਜਿੱਥੇ ਪਹੁੰਚਦਿਆਂ ਹੀ ਇਹ ਗੱਡੀਆਂ ਰੋਕ ਲਈਆਂ ਗਈਆਂ ਕੁੱਝ ਸ਼ੱਕ ਹੋਣ 'ਤੇ ਕਿ ਇਹ ਸਾਬਤ ਸੂਰਤ ਸਿੰਘ ਭਿੰਡਰਾਂਵਾਲੇ ਸੰਤਾਂ ਦੇ ਨਜਦੀਕੀ ਲੱਗਦੇ ਹਨ। ਸੁਭਾਵਿਕ ਇੱਕ ਪੁਲਿਸ ਵਾਲੇ ਨੇ ਸੰਤਾਂ ਨੂੰ ਹੀ ਪੁੱਛਿਆ ਕਿ ਸੰਤ ਭਿੰਡਰਾਂਵਾਲੇ ਕਿੱਥੇ ਹਨ ਤਾਂ ਸੰਤ ਹਾਲੇ ਚੁੱਪ ਹੀ ਸਨ ਉਸ ਨੇ ਦੂਸਰਾ ਪ੍ਰਸ਼ਨ ਕੀਤਾ ਕਿ ਸਾਨੂੰ ਪਿੱਛੋਂ ਇਤਲਾਹ ਮਿਲੀ ਹੈ ਕਿ ਇੱਕ ਗੱਡੀ ਵਿੱਚ ਛੇ ਸਿੰਘ ਆ ਰਹੇ ਹਨ ਉਨ੍ਹਾਂ ਨੂੰ ਚੈੱਕ ਕਰੋ। ਇਸਦੇ ਨਾਲ ਹੀ ਉਸ ਨੇ ਗੱਡੀ ਵਿੱਚ ਬੈਠੇ ਸਿੰਘਾਂ ਦੀ ਗਿਣਤੀ ਕੀਤੀ ਅਤੇ ਨੇੜੇ ਖੜ੍ਹੇ ਆਪਣੇ ਅਫਸਰ ਨੂੰ ਦੱਸਿਆ ਕਿ ਇਹ ਪੰਜ ਜਣੇ ਹਨ। ਉਸ ਨੇ ਕਿਹਾ ਚੰਗੀ ਤਰ੍ਹਾਂ ਦੁਬਾਰਾ ਚੈੱਕ ਕਰੋ, ਦੁਬਾਰਾ ਗਿਣਤੀ ਕਰਨ ਉਪਰੰਤ ਫਿਰ ਦੱਸਿਆ ਕਿ ਗੱਡੀ ਵਿੱਚ ਸਿਰਫ ਪੰਜ ਜਣੇ ਹਨ ਤਾਂ ਉਸ ਅਫਸਰ ਨੇ ਪਿੱਛੇ ਵਾਇਰਲੈੱਸ 'ਤੇ ਦੱਸਿਆ ਕਿ ਸੰਤਾਂ ਦੇ ਜਾਣਕਾਰ ਕੁੱਝ ਬੰਦੇ ਨਾਕੇ 'ਤੇ ਰੋਕੇ ਹੋਏ ਹਨ ਤਾਂ ਉਨ੍ਹਾਂ ਪੁਲਿਸ ਵਾਲਿਆਂ ਨੇ ਪਿੱਛੋਂ ਗੁਰਦੁਆਰਾ ਸਿੰਘ ਸਭਾ ਦਾਦਰ ਤੋਂ ਜਾਣਕਾਰੀ ਲਈ ਕਿ

Scanned with CamScanner

ਇਸੇ ਦੌਰਾਨ ਬੰਬੇ ਦੇ ਕੁੱਝ ਅਸਰ ਰਸੂਖ ਵਾਲੇ ਵਿਅਕਤੀਆਂ ਨੇ ਮੁੱਖ ਮੰਤਰੀ ਤੱਕ ਪਹੁੰਚ ਕੀਤੀ ਕਿ ਇਹ ਸਭ ਕੁੱਝ ਕਿਉਂ ਹੋ ਰਿਹਾ ਹੈ? ਕਿਉਂਕਿ ਸ਼ੰਤਾਂ ਦਾ ਗਿਲਾ ਕੇਂਦਰ ਸਰਕਾਰ ਦੇ ਰਵੱਈਏ ਨਾਲ ਹੈ ਤੁਹਾਡੇ ਨਾਲ ਨਹੀਂ ਅਤੇ ਨਾ ਹੀ ਸੰਤਾਂ ਦੇ ਪ੍ਰਚਾਰ ਕਾਰਨ ਇਥੋਂ ਦੇ ਲੋਕਾਂ 'ਤੇ ਅਜਿਹਾ ਅਸਰ ਪੈ ਰਿਹਾ ਹੈ ਜਿਸ ਨਾਲ ਆਪਸੀ ਮਤਭੇਦ ਪੈਦਾ ਹੋ ਸਕਦੇ ਹੋਣ। ਮੁੱਖ ਮੰਤਰੀ ਨੇ ਆਪਣੀ ਬੇਵੱਸੀ ਜ਼ਾਹਿਰ ਕਰਦਿਆਂ ਦੱਸਿਆ, ਕਿ ਕੇਂਦਰ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਹੀ ਸਭ ਕੁੱਝ ਹੋ ਰਿਹਾ ਹੈ। ਇਨ੍ਹਾਂ ਸਿੰਘਾਂ ਨੇ ਸੰਤਾਂ ਨੂੰ ਸਾਰੇ ਹਾਲਾਤ ਬਾਰੇ ਦੱਸਿਆ ਪਰ ਸੰਤ ਪਹਿਲਾਂ ਹੀ ਤਿਆਰੀ ਕਰ ਚੁੱਕੇ ਸਨ। ਸੰਤਾਂ ਨੇ ਜਥੇ ਦੇ ਜ਼ਿੰਮੇਵਾਰ ਸਿੰਘਾਂ ਨਾਲ ਮੀਟਿੰਗ ਕੀਤੀ ਅਤੇ ਜਥੇਦਾਰ ਭਾਈ ਰਾਮ ਸਿੰਘ ਸੁਲਤਾਨਪੁਰੀ ਦੀ ਡਿਊਟੀ ਲਾਈ ਕਿ ਜਿੱਥੇ-ਜਿੱਥੇ ਵੀ ਕਥਾ ਦੇ ਪ੍ਰੋਗਰਾਮ ਉਲੀਕੇ ਗਏ ਹਨ ਤੂੰ ਕਥਾ ਕਰਨ ਜਾਇਆ ਕਰਨਾ ਹੈ ਅਤੇ ਇੱਕ ਰਾਗੀ ਜਥੇ ਦੀ ਵੀ ਨਾਲ ਡਿਊਟੀ ਲਾ ਦਿੱਤੀ।

ਸੰਤਾਂ ਦਾ ਬੰਬੇ ਤੋਂ ਗੁਰਦੁਆਰਾ ਮਹਿਤਾ ਵਿਖੇ ਪਹੁੰਚਣਾ

ਗੁਰਦੁਆਰਾ ਸਿੰਘ ਸਭਾ ਦਾਦਰ ਦੇ ਚੌਵੇਂ ਦਰਵਾਜ਼ਿਆਂ 'ਤੇ ਭਾਰੀ ਪੁਲਿਸ ਫੋਰਸ ਦਾ ਪਹਿਰਾ ਸੀ। ਇਸ ਦਿਨ ਗੁਰਦੁਆਰਾ ਸਾਹਿਬ ਅੰਦਰਲੀ ਪਾਣੀ ਦੀ ਮੋਟਰ ਖਰਾਬ ਹੋਣ ਕਾਰਨ ਸੰਗਤਾਂ ਲਈ ਟੈਂਕਰਾਂ ਵਿੱਚ ਪਾਣੀ ਲਿਆਂਦਾ ਜਾ ਰਿਹਾ ਸੀ। ਇਸੇ ਰਾਤ ਸੰਤਾਂ ਨੇ ਇੱਥੋਂ ਪੰਜਾਬ ਜਾਣ ਦੀ ਤਿਆਰੀ ਕੀਤੀ। ਜਿਸ ਬਾਰੇ ਕੁੱਝ ਕੁ ਸਿੰਘਾਂ ਨੂੰ ਹੀ ਦੱਸਿਆ ਗਿਆ ਅਤੇ ਨਾਲ ਇਹ ਵੀ ਸਲਾਹ ਦਿੱਤੀ ਕਿ ਸਾਡੇ ਆਸਣ 'ਤੇ ਜਿਥੇ ਅਸੀਂ ਆਰਾਮ ਕਰਦੇ ਹਾਂ ਉਸ ਕਮਰੇ ਨੂੰ ਬਾਹਰੋਂ ਬੰਦ ਕਰਕੇ ਪਹਿਰਾ ਸਖਤ ਕਰ ਦਿੱਤਾ ਜਾਵੇ ਕੋਈ ਵੀ ਮਿਲਣ ਆਵੇ ਤਾਂ ਉਸ ਨੂੰ ਮਿਲਣ ਤੋਂ ਮਨ੍ਹਾਂ ਕਰ ਦੇਣਾ, ਪਰ ਸਾਡੇ ਬਾਰੇ ਕੁੱਝ ਨਹੀਂ ਦੱਸਣਾ। ਜਦੋਂ ਤੱਕ ਅਸੀਂ ਪੰਜਾਬ ਪਹੁੰਚਣ ਦੀ ਸੂਚਨਾ ਨਹੀਂ ਦਿੰਦੇ ਉਦੋਂ ਤੱਕ ਇਥੇ ਪਹਿਰਾ ਜਾਰੀ ਰੱਖਣਾ। ਬਾਕੀ ਸਿਰਫ ਨਾਲ ਜਾਣ ਵਾਲੇ ਸਿੰਘਾਂ ਨੂੰ ਹੀ ਜਾਣਕਾਰੀ ਦਿੱਤੀ ਕਿ ਆਪਾਂ ਜਾਣਾ ਹੈ ਜਿਨ੍ਹਾਂ ਵਿੱਚ ਭਾਈ ਰਸ਼ਪਾਲ ਸਿੰਘ ਪੀ. ਏ., ਸ. ਗਿਆਨ ਸਿੰਘ, ਗੁਰਮੁਖ ਸਿੰਘ ਗੜਵਈ ਅਤੇ ਰਾਗੀ ਰਾਮ ਸਿੰਘ ਸ਼ਾਮਿਲ ਸਨ। ਜਦੋਂ ਕਾਫੀ ਰਾਤ ਬੀਤ ਗਈ ਤਾਂ ਜਥੇਦਾਰ ਜਗੀਰ ਸਿੰਘ, ਕੁੰਦਨ ਸਿੰਘ, ਗਿਆਨ ਸਿੰਘ ਅਤੇ ਦਾਰਾ ਸਿੰਘ ਹੁਰਾਂ ਨੇ ਜੋ ਬੰਬੇ ਦੇ ਅਨਜਾਣ ਰਸਤਿਆਂ ਬਾਰੇ ਵੀ ਜਾਣੂ ਸਨ ਉਨ੍ਹਾਂ ਨੇ ਤਿਆਰੀ ਕਰਕੇ ਜਿਸ ਪਾਸਿਓਂ ਪਾਣੀ ਵਾਲੇ ਟੈਂਕਰ ਆ ਰਹੇ ਸਨ ਉਸ ਪਾਸਿਓਂ ਇੱਕ ਫੀਏਟ ਕਾਰ ਲਿਆ ਕੇ ਖੜ੍ਹੀ ਕਰ ਲਈ। ਸੰਤ ਜੀ ਆਪਣੇ ਸਾਥੀ ਸਿੰਘਾਂ ਅਤੇ ਹਥਿਆਰਾਂ ਸਮੇਤ ਇਸ ਗੱਡੀ ਵਿੱਚ ਸਵਾਰ ਹੋ ਕੇ ਪਿਛਲੇ ਪਾਸੇ ਦੀ ਰਵਾਨਾ ਹੋ ਗਏ। ਮੁੱਖ ਸੜਕ ਨੂੰ ਛੱਡ ਕੇ ਭਾਈ ਗਿਆਨ ਸਿੰਘ ਨੇ ਹੋਰ ਰਸਤਿਆਂ ਰਾਹੀਂ ਸੰਤਾਂ ਨੂੰ ਬੰਬੇ ਤੋਂ 20-25 ਕਿਲੋਮੀਟਰ ਤੱਕ ਬਾਹਰ ਲੈ ਆਂਦਿਆ। ਇੱਥੇ ਦੋ ਗੱਡੀਆਂ ਹੋਰ ਪਹਿਲਾਂ ਹੀ ਖੜ੍ਹੀਆਂ ਸਨ ਇਸ ਲਈ ਇੱਥੋਂ ਪਹਿਲਾਂ ਵਾਲੀ ਗੱਡੀ ਬਦਲ ਦਿੱਤੀ ਗਈ ਅਤੇ ਇਨ੍ਹਾਂ ਗੱਡੀਆਂ ਵਿੱਚ ਸਵਾਰ ਹੋ ਕੇ ਚੱਲ ਪਏ, ਨਾਲ ਹੀ ਇੱਕ ਟਰੱਕ ਦਾ ਇੰਤਜ਼ਾਮ ਕੀਤਾ ਗਿਆ ਸੀ ਕਿ ਜੇ ਲੋੜ ਪਵੇ ਤਾਂ ਟਰੱਕ ਦੀ ਸਵਾਰੀ ਵਰਤੀ ਜਾ ਸਕਦੀ ਹੈ। ਮੋਨ ਰੋਡ 'ਤੇ ਚੜ੍ਹਦਿਆਂ ਹੀ ਕੁੱਝ ਨਾਕਿਆਂ 'ਤੇ ਇਨ੍ਹਾਂ ਗੱਡੀਆਂ ਨੂੰ ਰੋਕਿਆ ਗਿਆ ਪਰ ਥੋੜ੍ਹੀ ਪੁੱਛਗਿੱਛ ਕਰਨ ਤੋਂ ਬਾਅਦ ਜਾਣ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ ਕਿ ਸੰਤ ਜੀ ਇੱਥੇ ਜਾ ਰਹੇ ਹਨ।

ਪਰ ਗੁਜਰਾਤ ਬਾਰਡਰ 'ਤੇ ਜਿਸ ਨੂੰ ਮਨੌਰ ਮੋੜ ਕਹਿੰਦੇ ਹਨ ਮਹਾਂਰਾਸ਼ਟਰ ਅਤੇ ਪੰਜਾਬ ਪੁਲਿਸ ਦਾ ਬਹੁਤ ਜਬਰਦਸਤ ਨਾਕਾ ਸੀ ਜਿੱਥੇ ਪਹੁੰਚਦਿਆਂ ਹੀ ਇਹ ਗੱਡੀਆਂ ਰੋਕ ਲਈਆਂ ਗਈਆਂ ਕੁੱਝ ਸ਼ੱਕ ਹੋਣ 'ਤੇ ਕਿ ਇਹ ਸਾਥਤ ਸੁਰਤ ਸਿੰਘ ਭਿੰਡਰਾਂਵਾਲੇ ਸੰਤਾਂ ਦੇ ਨਜਦੀਕੀ ਲੱਗਦੇ ਹਨ। ਸੁਭਾਵਿਕ ਇੱਕ ਪੁਲਿਸ ਵਾਲੇ ਨੇ ਸੰਤਾਂ ਨੂੰ ਹੀ ਪੁੱਛਿਆ ਕਿ ਸੰਤ ਭਿੰਡਰਾਂਵਾਲੇ ਕਿੱਥੇ ਹਨ ਤਾਂ ਸੰਤ ਹਾਲੇ ਚੁੱਪ ਹੀ ਸਨ ਉਸ ਨੇ ਦੂਸਰਾ ਪ੍ਰਸ਼ਨ ਕੀਤਾ ਕਿ ਸਾਨੂੰ ਪਿੱਛੋਂ ਇਤਲਾਹ ਮਿਲੀ ਹੈ ਕਿ ਇੱਕ ਗੱਡੀ ਵਿੱਚ ਛੇ ਸਿੰਘ ਆ ਰਹੇ ਹਨ ਉਨ੍ਹਾਂ ਨੂੰ ਚੈੱਕ ਕਰੋ। ਇਸਦੇ ਨਾਲ ਹੀ ਉਸ ਨੇ ਗੱਡੀ ਵਿੱਚ ਬੈਠੇ ਸਿੰਘਾਂ ਦੀ ਗਿਣਤੀ ਕੀਤੀ ਅਤੇ ਨੇੜੇ ਖੜ੍ਹੇ ਆਪਣੇ ਅਫਸਰ ਨੂੰ ਦੱਸਿਆ ਕਿ ਇਹ ਪੰਜ ਜਣੇ ਹਨ। ਉਸ ਨੇ ਕਿਹਾ ਚੰਗੀ ਤਰ੍ਹਾਂ ਦੁਬਾਰਾ ਚੈੱਕ ਕਰੋ, ਦੁਬਾਰਾ ਗਿਣਤੀ ਕਰਨ ਉਪਰੰਤ ਫਿਰ ਦੱਸਿਆ ਕਿ ਗੱਡੀ ਵਿੱਚ ਸਿਰਫ ਪੰਜ ਜਣੇ ਹਨ ਤਾਂ ਉਸ ਅਫਸਰ ਨੇ ਪਿੱਛੇ ਵਾਇਰਲੈੱਸ 'ਤੇ ਦੱਸਿਆ ਕਿ ਸੰਤਾਂ ਦੇ ਜਾਣਕਾਰ ਕੁੱਝ ਬੰਦੇ ਨਾਕੇ 'ਤੇ ਰੋਕੇ ਹੋਏ ਹਨ ਤਾਂ ਉਨ੍ਹਾਂ ਪੁਲਿਸ ਵਾਲਿਆਂ ਨੇ ਪਿੱਛੋਂ ਗੁਰਦੁਆਰਾ ਸਿੰਘ ਸਭਾ ਦਾਦਰ ਤੋਂ ਜਾਣਕਾਰੀ ਲਈ ਕਿ

Scanned with CamScanner

ਸੰਤ ਜੀ ਤਾਂ ਹਾਲੇ ਉੱਥੇ ਹੀ ਹਨ ਇਸ ਲਈ ਇਨ੍ਹਾਂ ਨੂੰ ਜਾਣ ਦਿੱਤਾ ਜਾਵੇ। ਜਦੋਂ ਗੱਡੀ ਨਾਕੇ ਤੋਂ ਕਾਫੀ ਅੱਗੇ ਚਲੀ ਗਈ ਤਾਂ ਭਾਈ ਰਸ਼ਪਾਲ ਸਿੰਘ ਨੇ ਸੰਤਾਂ ਨੂੰ ਹੈਰਾਨੀ ਨਾਲ ਪੁੱਛਿਆ ਕਿ ਤੁਸੀਂ ਕਿੱਥੇ ਸੀ ਤਾਂ ਉਨ੍ਹਾਂ ਕਿਹਾ ਮੈਂ ਤੁਹਾਡੇ ਨਾਲ ਹੀ ਤਾਂ ਹਾਂ। ਭਾਈ ਰਸ਼ਪਾਲ ਸਿੰਘ ਨੇ ਕਿਹਾ ਪੁਲਿਸ ਵਾਲਾ ਬਾਰ-ਬਾਰ ਪੰਜ ਤੱਕ ਹੀ ਗਿਣਤੀ ਕਿਉਂ ਕਰਦਾ ਸੀ ਕਿਉਂਕਿ ਆਪਾਂ ਤਾਂ ਛੇ ਜਣੇ ਸਾਂ ਸੰਤਾਂ ਨੇ ਕਿਹਾ ਇਹ ਤਾਂ ਵਾਹਿਗੁਰੂ ਅਕਾਲ ਪੁਰਖ ਹੀ ਜਾਣਦਾ ਹੈ।

ਇਸ ਤੋਂ ਥੋੜ੍ਹਾ ਅੱਗੇ ਜਾ ਕੇ ਇੱਕ ਕਾਰ ਵਾਪਸ ਮੋੜ ਦਿੱਤੀ ਅਤੇ ਸੰਤ ਜੀ ਟਰੱਕ ਵਿੱਚ ਸਵਾਰ ਹੋ ਗਏ ਅਤੇ 100 ਕੁ ਮੀਲ ਅੱਗੇ ਜਾ ਕੇ ਟਰੱਕ ਵੀ ਮੋੜ ਦਿੱਤਾ ਅਤੇ ਸੰਤ ਜੀ ਫੀਏਟ ਕਾਰ ਵਿੱਚ ਸਵਾਰ ਹੋ ਕੇ ਪੰਜਾਬ ਨੂੰ ਰਵਾਨਾ ਹੋ ਗਏ। ਨਾਕਿਆਂ ਤੋਂ ਇਲਾਵਾ ਬਿਨਾਂ ਰੁਕਿਆਂ 28 ਘੰਟਿਆਂ ਵਿੱਚ ਬੰਬੇ ਤੋਂ ਪੰਜਾਬ ਤੱਕ ਦਾ ਪੂਰਾ ਸਫਰ ਤੈਅ ਕਰਕੇ ਸੰਤ ਜੀ ਸ੍ਰੀ ਮੁਕਤਸਰ ਸਾਹਿਬ ਪਹੁੰਚ ਗਏ। ਇਥੇ ਸਰੋਵਰ ਵਿੱਚ ਇਸ਼ਨਾਨ ਕੀਤਾ, ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਅਰਦਾਸ ਕੀਤੀ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦਿੱਤੇ। ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਕੇ ਸੰਤਾਂ ਨੇ ਸਿੰਘਾਂ ਸਮੇਤ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕੀਤਾ, ਦੇਗ ਕਰਾਈ, ਅਰਦਾਸ ਕੀਤੀ ਅਤੇ ਮੱਥਾ ਟੇਕਿਆ। ਕੁੱਝ ਸਮਾਂ ਕੀਰਤਨ ਸੁਣਨ ਉਪਰੰਤ ਸੰਤ ਜੀ ਮਹਿਤੇ ਨੂੰ ਚੱਲ ਪਏ। ਸੰਤਾਂ ਦੇ ਮਹਿਤੇ ਪਹੁੰਚਣ ਤੋਂ ਪਹਿਲਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਚਲਾ ਦ੍ਰਿਸ਼ ਵੀ ਵਰਨਣਯੋਗ ਹੈ ਕਿਉਂਕਿ ਇੱਥੇ ਦੋ ਦਿਨ ਤੋਂ ਬਾਬਾ ਬਾਰਾ ਸਿੰਘ ਨੇ ਸੰਤਾਂ ਦੇ ਆਸਣ ਉਪਰ ਕਮਰੇ ਦੇ ਬਾਹਰ ਪਹਿਰਾ ਲਗਾ ਰੱਖਿਆ ਸੀ। ਆਉਣ ਜਾਣ ਵਾਲੀ ਸੰਗਤ ਇਹ ਪਹਿਰਾ ਵੇਖ ਕੇ ਬਾਬਾ ਬਾਰਾ ਸਿੰਘ ਨੂੰ ਪੁੱਛਦੀ ਕਿ ਸੰਤ ਜੀ ਇਥੇ ਪਹੁੰਚ ਚੁੱਕੇ ਹਨ ਤਾਂ ਬਾਬਾ ਬਾਰਾ ਸਿੰਘ ਦਾ ਉੱਤਰ ਹੁੰਦਾ ਕਿ ਤੁਸੀਂ ਆਪ ਹੀ ਸੋਚ ਲਵੋ ਕਿ ਅਜਿਹੇ ਪਹਿਰੇ ਕਿਨ੍ਹਾਂ ਦੇ ਆਸਣ ਤੇ ਲੱਗਦੇ ਹਨ (ਇਹ ਵੀ ਨਹੀਂ ਕਿਹਾ ਕਿ ਸੰਤ ਆ ਗਏ ਹਨ ਅਤੇ ਇਹ ਵੀ ਨਹੀਂ ਕਿਹਾ ਕਿ ਨਹੀਂ ਆਏ) ਇਸ ਤੋਂ ਆਉਣ ਜਾਣ ਵਾਲੀ ਸੰਗਤ ਇਹ ਹੀ ਪ੍ਰਭਾਵ ਲੈਂਦੀ ਸੀ ਕਿ ਸੰਤ ਮਹਿਤੇ ਪਹੁੰਚ ਚੁੱਕੇ ਹਨ। ਦੇਰ ਰਾਤ ਗਿਆਂ ਸੰਤ ਆਪਣੇ ਕੇਂਦਰੀ ਸਥਾਨ ਮਹਿਤੇ ਵਿਖੇ ਪਹੁੰਚ ਚੁੱਕੇ ਸਨ।

ਉਧਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਤਾਂ ਨੂੰ ਇਸ਼ਨਾਨ ਕਰਦਿਆਂ ਵੇਖ ਕੇ ਉੱਥੇ ਦੀ ਸੀ. ਆਈ. ਡੀ. ਨੇ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਕਿ ਸੰਤ ਜੀ ਅੰਮ੍ਰਿਤਸਰ ਵਿਖੇ ਪਹੁੰਚ ਚੁੱਕੇ ਹਨ। ਇਨ੍ਹਾਂ ਉੱਚ ਅਧਿਕਾਰੀਆਂ ਨੇ ਬੰਬੇ ਪੁਲਿਸ ਨਾਲ ਤਾਲਮੇਲ ਕਰਕੇ ਦੱਸਿਆ ਕਿ ਸੰਤ ਅੰਮ੍ਰਿਤਸਰ ਪਹੁੰਚ ਚੁੱਕੇ ਹਨ ਤਾਂ ਉਨ੍ਹਾਂ ਕਿਹਾ ਕਿ ਤੁਹਾਨੂੰ ਭੁਲੇਖਾ ਹੈ ਸੰਤ ਜੀ ਇੱਥੇ ਹੀ ਹਨ। ਇਸ ਤਰ੍ਹਾਂ ਕੁੱਝ ਸਮਾਂ ਇਹ ਬੁਝਾਰਤ ਬਣੀ ਰਹੀ ਕਿ ਸੰਤ ਕਿਥੇ ਹਨ। ਉੱਧਰ ਬੰਬੇ ਦੀ ਖੁਫੀਆ ਪੁਲਿਸ ਨੇ ਇਸ ਬਾਰੇ ਅਸਲੀਅਤ ਜਾਨਣ ਦੀ ਕੋਸ਼ਿਸ਼ ਕੀਤੀ। ਭੇਸ ਬਦਲ ਕੇ ਸ਼ਰਧਾਲੂਆਂ ਦੇ ਰੂਪ ਵਿੱਚ ਗੁਰਦੁਆਰਾ ਸਿੰਘ ਸਭਾ ਦਾਦਰ ਵਿਖੇ ਪਹੁੰਚ ਕੇ ਸੰਤਾਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਸੰਤਾਂ ਦੇ ਉਲੀਕੇ ਪ੍ਰੋਗਰਾਮ ਮੁਤਾਬਿਕ ਸੰਤਾਂ ਦੇ ਆਸਣ ਤੇ ਸਖਤ ਪਹਿਰਾ ਸੀ ਹਰ ਇੱਕ ਨੂੰ ਸੰਤਾਂ ਨਾਲ ਮਿਲਣ ਤੋਂ ਮਨ੍ਹਾ ਕੀਤਾ ਜਾ ਰਿਹਾ ਸੀ। ਪਰ ਹਰ ਮਿਲਣ ਵਾਲੇ ਨੂੰ ਇਹੀ ਪ੍ਰਭਾਵ ਹੁੰਦਾ ਸੀ ਕਿ ਸੰਤ ਜੀ ਇੱਥੇ ਹੀ ਹਨ ਪਰ ਹਾਲੇ ਮਿਲਣ ਨਹੀਂ ਦਿੱਤਾ ਜਾ ਰਿਹਾ। ਉੱਧਰ ਸੰਤਾਂ ਨੇ ਮਹਿਤੇ ਪਹੁੰਚ ਕੇ ਟੈਲੀਫੋਨ ਰਾਹੀਂ ਜੱਥੇ ਦੇ ਸਿੰਘਾਂ ਨੂੰ ਇਤਲਾਹ ਦੇ ਦਿੱਤੀ ਸੀ ਕਿ ਸਿੰਘ ਠੀਕ ਠਾਕ ਮਹਿਤੇ ਪਹੁੰਚ ਚੁੱਕੇ ਹਨ। ਇਸ ਤੋਂ ਬਾਅਦ ਵੀ ਜਥੇ ਦਾ ਪ੍ਰੋਗਰਾਮ 20 ਮਈ ਤੱਕ ਦਾ ਸੀ ਉਦੋਂ ਤੱਕ ਜਥੇਦਾਰ ਰਾਮ ਸਿੰਘ ਜੀ ਸੁਲਤਾਨਪੁਰ ਵਾਲੇ ਕਥਾ ਦੀ ਸੇਵਾ ਨਿਭਾਉਂਦੇ ਰਹੇ ਅਤੇ ਰਾਗੀ ਜਥਾ ਭਾਈ ਗੁਰਸ਼ਰਨ ਸਿੰਘ, ਗੁਰਮੇਲ ਸਿੰਘ ਅਤੇ ਮੁਖਤਿਆਰ ਸਿੰਘ ਮੁਖੀ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਬਹੁਤ ਸਾਰੇ ਜਥੇ ਦੇ ਸਿੰਘਾਂ ਨੂੰ ਵੀ ਇਹੀ ਭੁਲੇਖਾ ਸੀ ਕਿ ਸੰਤਾਂ ਦੀ ਸਿਹਤ ਠੀਕ ਨਾ ਹੋਣ ਕਾਰਨ ਦੀਵਾਨਾਂ ਵਿੱਚ ਨਹੀਂ ਜਾ ਰਹੇ ਇਸ ਲਈ ਜਥੇਦਾਰ ਰਾਮ ਸਿੰਘ ਜੀ ਕਥਾ ਕਰ ਰਹੇ ਹਨ।

ਉਧਰ ਇਨ੍ਹਾਂ ਹੀ ਦਿਨਾਂ ਵਿੱਚ ਸੰਤਾਂ ਦੇ ਭਣੋਈਏ ਸ. ਅਮਰਜੀਤ ਸਿੰਘ ਕੋਕਰੀ ਫੂਲਾ ਸਿੰਘ ਵਾਲਿਆਂ ਦੀ ਵਿਦੇਸ਼ ਵਿੱਚ ਇੱਕ ਐਕਸੀਡੈਂਟ ਦੌਰਾਨ ਮੌਤ ਹੋ ਚੁੱਕੀ ਸੀ। ਜਿਸ ਦੇ ਸਰੀਰ ਨੂੰ ਲੈ ਕੇ ਸੰਤਾਂ ਦਾ ਭਤੀਜਾ ਭਾਈ ਲਖਵੀਰ ਸਿੰਘ, ਕੋਕਰੀ ਪਿੰਡ ਵਿਖੇ ਪਹੁੰਚ ਚੁੱਕਿਆ ਸੀ ਅਤੇ ਅਗਲੇ ਦਿਨ ਉਨ੍ਹਾਂ ਦਾ ਸਸਕਾਰ ਸੀ। ਸੰਤ ਜੀ ਉਥੇ ਜਥੇ ਦੇ ਸਿੰਘਾਂ ਸਮੇਤ ਸਸਕਾਰ ਲਈ ਪਹੁੰਚ ਗਏ। ਉਨ੍ਹਾਂ ਆਪਣੇ ਹੱਥੀਂ ਸ. ਅਮਰਜੀਤ ਸਿੰਘ ਦਾ ਸਸਕਾਰ ਕੀਤਾ, ਆਪਣੀ ਭੈਣ ਇੰਦਰਜੀਤ ਕੌਰ ਅਤੇ ਪਰਿਵਾਰ ਨੂੰ ਗੁਰੂ ਦੇ ਭਾਣੇ ਵਿੱਚ ਰਹਿਣ ਲਈ ਕਿਹਾ। ਜਦੋਂ ਕੋਕਰੀ ਵਿਖੇ ਸੰਗਤਾਂ ਵਿੱਚ ਸੰਤਾਂ ਨੂੰ ਵੇਖਿਆ ਗਿਆ ਤਾਂ ਇਹ ਗੱਲ ਜੰਗਲ ਅੱਗ ਜ਼ਾਹਿਰ ਹੋ ਗਈ ਕਿ ਸੰਤ ਜੀ ਪੰਜਾਬ ਪਹੁੰਚ ਚੁੱਕੇ ਹਨ।

Scanned with CamScanner

ਕੇਂਦਰ, ਪੰਜਾਬ ਅਤੇ ਮਹਾਰਾਸ਼ਟਰ ਸਰਕਾਰਾਂ ਇਸ ਗੱਲ ਤੋਂ ਚਿੰਤਤ ਵੀ ਸਨ ਅਤੇ ਹੈਰਾਨ ਵੀ ਕਿ ਸੰਤ ਭਿੰਡਰਾਂਵਾਲੇ ਏਨੀ ਸਖਤ ਘੇਰਾਬੰਦੀ ਵਿੱਚੋਂ ਕਿਵੇਂ ਬਚਕੇ ਨਿਕਲੇ ਅਤੇ ਕਿਵੇਂ ਪੰਜਾਬ ਪਹੁੰਚ ਗਏ? ਕੇਵਲ ਸਰਕਾਰਾਂ ਹੀ ਨਹੀਂ ਬਲਕਿ ਬਹੁਤ ਸਾਰੇ ਹੋਰ ਲੋਕਾਂ ਵਿੱਚ ਵੀ ਚਰਚਾ ਦਾ ਵਿਸ਼ਾ ਸੀ ਕਿ ਆਖਰ ਸੰਤ ਜੀ ਕਿਵੇਂ ਬਚ ਕੇ ਨਿਕਲ ਆਏ? ਉਹ ਕਿਹੜੀ ਸ਼ਕਤੀ ਹੈ ਜੋ ਸੰਤਾਂ ਨੂੰ ਏਨੀ ਵੱਡੀ ਆਫਤ ਦੇ ਮੂੰਹ ਵਿੱਚੋਂ ਕੱਢ ਕੇ ਲੈ ਆਈ। ਸਰਕਾਰਾਂ ਸਮੇਤ ਇਨ੍ਹਾਂ ਸਭ ਲੋਕਾਂ ਦੀ ਸੋਚਣ ਸ਼ਕਤੀ ਦੁਨਿਆਵੀ ਮਸ਼ੀਨਰੀ ਅਤੇ ਗੁਪਤ ਸੂਚਨਾਵਾਂ 'ਤੇ ਨਿਰਭਰ ਕਰਦੀ ਸੀ। ਦਰਅਸਲ ਸੰਤਾਂ ਨੂੰ ਵੱਡੀ ਆਫਤ ਤੋਂ ਹੱਥ ਦੇ ਕੇ ਬਚਾ ਲੈਣ ਵਾਲੀ ਅਸਲ ਸ਼ਕਤੀ ਉਹ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਸੀ, ਉਸ ਇਲਾਹੀ ਨੂਰ ਵੱਲੋਂ ਕੀਤੀ ਗਈ ਰਹਿਨੁਮਾਈ ਸੀ ਅਤੇ ਉਸ ਅਕਾਲ ਪੁਰਖ ਦੀ ਕ੍ਰਿਪਾ ਭਰਿਆ ਹੱਥ ਸੰਤਾਂ ਦੇ ਸਿਰ ਉੱਪਰ ਸੀ। ਉਸ ਅਦਿੱਖ ਰੱਬੀ ਸ਼ਕਤੀ ਦਾ ਹੀ ਕ੍ਰਿਸ਼ਮਾ ਸੀ ਕਿ ਸਰਕਾਰਾਂ ਦੇ ਮੰਦੇ ਮਨਸੂਬੇ ਧਰੇ ਧਰਾਏ ਰਹਿ ਗਏ ਅਤੇ ਸੰਤ ਜੀ ਸੁਰਖਰੂ ਮਹਿਤੇ ਵਿਖੇ ਪਹੁੰਚ ਗਏ।

ਜਦੋਂ ਇਸਦਾ ਪਤਾ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਲੱਗਾ ਤਾਂ ਉਸ ਨੇ ਪ੍ਰੈਸ ਬਿਆਨ ਦਿੰਦਿਆਂ ਕਿਹਾ ਕਿ ਭਿੰਡਰਾਂਵਾਲਾ ਕੈਸੀ ਸ਼ਕਤੀ ਹੈ ਜਿਸ ਨੇ ਹਮਾਰਾ ਨਾਕ ਕਾਟ ਦੀਆ ਹੈ। ਉੱਧਰ ਪੰਜਾਬ ਪੁਲਿਸ ਦੇ ਅਧਿਕਾਰੀ ਅਤੇ ਪੁਲਿਸ ਜੋ ਸੰਤਾਂ ਨੂੰ ਗ੍ਰਿਫਤਾਰ ਕਰਨ ਲਈ (ਜਾਂ ਖਤਮ ਕਰਨ ਲਈ) ਵਿਸ਼ੇਸ਼ ਅਧਿਕਾਰ ਲੈ ਕੇ ਬੰਬੇ ਗਈ ਸੀ ਉਨ੍ਹਾਂ ਨੂੰ ਵੀ ਭਾਰੀ ਨਿਰਾਸ਼ਤਾ ਪੱਲੇ ਪਈ। ਖਾਸ ਕਰਕੇ ਪੰਜਾਬ ਦੇ ਮੁੱਖ ਮੰਤਰੀ ਜਿਸ ਨੂੰ ਸੰਤ ਜੀ ਜ਼ਕਰੀਆ ਕਹਿ ਕੇ ਬੁਲਾਉਂਦੇ ਸਨ ਉਸ ਨੂੰ ਬਹੁਤੀ ਨਮੋਸ਼ੀ ਝੱਲਣੀ ਪਈ ਅਤੇ ਇਸੇ ਨਿਮੋਸ਼ੀ ਤਹਿਤ ਉਸ ਨੇ ਝੂਠ ਬੋਲਿਆ ਕਿ ਸੰਤਾਂ ਨੂੰ ਗ੍ਰਿਫਤਾਰ ਕਰਨ ਵਾਸਤੇ ਪੰਜਾਬ ਸਰਕਾਰ ਨੇ ਕੋਈ ਵਾਰੰਟ ਜਾਰੀ ਨਹੀਂ ਕੀਤੇ। ਪਰ ਅਗਲੇ ਹੀ ਦਿਨ ਮੁੱਖ ਮੰਤਰੀ ਮਹਾਰਾਸ਼ਟਰ ਨੇ ਸੱਚਾਈ ਜੱਗ ਜ਼ਾਹਿਰ ਕਰ ਦਿੱਤੀ ਕਿ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਰਾਹੀਂ ਮੇਰੇ ਕੋਲ ਗ੍ਰਿਫਤਾਰੀ ਵਰੰਟ ਭੇਜੇ ਸਨ ਅਤੇ ਕਿਹਾ ਸੀ ਕਿ ਢੁੱਕਵੇਂ ਢੰਗ ਨਾਲ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਇਸ ਬਿਆਨ ਨਾਲ ਮੁੱਖ ਮੰਤਰੀ ਪੰਜਾਬ ਨੂੰ ਹੋਰ ਵੀ ਸ਼ਰਮਸਾਰ ਹੋਣਾ ਪਿਆ, ਪਰ ਮਨ ਹੀ ਮਨ ਵਿੱਚ ਇਸ ਨਮੋਸ਼ੀ ਦਾ ਬਦਲਾ ਲੈਣ ਲਈ ਸੋਚਣ ਲੱਗਾ।

ਹਰ ਅਣਸੁਖਾਵੀਂ ਘਟਨਾ ਲਈ ਭਿੰਡਰਾਂਵਾਲੇ ਜਥੇ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼

ਬੰਬੇ ਤੋਂ ਭਾਰੀ ਸੁਰੱਖਿਆ ਘੇਰੇ ਵਿੱਚੋਂ ਸੁਰਖਰੂ ਨਿਕਲ ਕੇ ਸੰਤਾਂ ਵੱਲੋਂ ਪੰਜਾਬ ਪਹੁੰਚ ਜਾਣ ਕਾਰਨ ਦਰਬਾਰ ਸਰਕਾਰ ਭਾਰੀ ਨਿਰਾਸ਼ਾ ਵਿੱਚ ਸੀ ਅਤੇ ਹੁਣ ਹਰ ਹਾਲਤ ਵਿੱਚ ਸੰਤਾਂ ਦੀਆਂ ਪ੍ਰਚਾਰ ਸਰਗਰਮੀਆਂ ਬੰਦ ਕਰਨ ਲਈ ਵੱਡੀ ਪੱਧਰ 'ਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਉਣ ਦੀਆਂ ਕੋਝੀਆਂ ਸਕੀਮਾਂ ਬਣਾਈਆਂ ਗਈਆਂ। ਜਿਸ ਤਹਿਤ ਅਣਮਨੁੱਖੀ ਤਸ਼ੱਦਦ ਦੀ ਅਜਿਹੀ ਹਨੇਰਗਰਦੀ ਮਚੀ ਜਿਸ ਕਾਰਨ ਸਮੁੱਚਾ ਪੰਜਾਬ ਦੀ ਫਿਜ਼ਾ ਧੁੰਦਲੀ ਹੁੰਦੀ ਨਜ਼ਰ ਆਈ।

22 ਮਈ 1982 ਨੂੰ ਪੱਟੀ ਵਿਖੇ 4-5 ਵਿਅਕਤੀਆਂ ਨੇ ਬਾਜ਼ਾਰ ਵਿੱਚ ਖੁੱਲ੍ਹੇਆਮ ਗੋਲੀ ਚਲਾਈ ਅਤੇ ਇਸ ਗੋਲੀ-ਕਾਂਡ ਵਿੱਚ ਤਿੰਨ ਵਿਅਕਤੀ ਮਾਰੇ ਗਏ ਅਤੇ 6 ਫੱਟੜ ਹੋਏ। ਇਹ ਘਟਨਾ ਪੁਲਿਸ ਥਾਣੇ ਦੇ ਕੋਲ ਹੋਈ ਸੀ ਅਤੇ ਬੰਦੂਕਧਾਰੀ ਹਨ੍ਹੇਰੇ ਦੀ ਆੜ ਲੈ ਕੇ ਪੈਦਲ ਹੀ ਦੌੜਨ ਵਿੱਚ ਸਫਲ ਹੋ ਗਏ ਸਨ। ਪੁਲਿਸ ਅਤੇ ਸਰਕਾਰ ਇਸ ਘਟਨਾ ਲਈ ਆਪਣੀ ਨਮੋਸ਼ੀ ਛੁਪਾਉਣਾ ਚਾਹੁੰਦੀ ਸੀ, ਕਿਉਂਕਿ ਇਸ ਘਟਨਾ ਵਿੱਚ ਮ੍ਰਿਤਕ ਹਿੰਦੂ ਜਾਂ ਨਿਰੰਕਾਰੀ ਸਨ, ਇਸ ਲਈ ਪੁਲਿਸ ਇਸ ਪੂਰਵ-ਕਲਪਨਾ ਉੱਤੇ ਹੀ ਜਾਂਚ ਲਈ ਤੁਰੀ ਕਿ ਕਥਿਤ ਦੋਸ਼ੀਆਂ ਦਾ ਸਬੰਧ ਭਿੰਡਰਾਂਵਾਲੇ ਜਥੇ ਨਾਲ ਸੀ ਅਤੇ ਉਨ੍ਹਾਂ ਨੂੰ ਹਥਿਆਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਤੋਂ ਉਪਲਬਧ ਕਰਵਾਏ ਗਏ ਸਨ। ਸਰਕਾਰ ਅਤੇ ਪੁਲਿਸ ਰੋਹ ਵਿੱਚ ਆ ਕੇ ਹਰ ਅੰਮ੍ਰਿਤਧਾਰੀ ਸਿੱਖ ਨੂੰ ਕਾਤਲ ਸਮਝ ਕੇ ਉਸ ਨੂੰ ਗ੍ਰਿਫਤਾਰ ਕਰ ਲੈਂਦੀ ਅਤੇ ਉਸ ਉੱਤੇ ਤਸ਼ੱਦਦ ਕੀਤਾ ਜਾਂਦਾ ਅਤੇ ਉਸ ਨੂੰ ਇਹ ਕਹਿਣ ਲਈ ਮਜ਼ਬੂਰ ਕੀਤਾ ਜਾਂਦਾ ਕਿ ਉਸ ਨੇ ਇਹ ਕਤਲ ਜਾਂ ਬੰਬ ਧਮਾਕਾ ਸੰਤ ਜਰਨੈਲ ਸਿੰਘ ਦੇ ਕਹਿਣ 'ਤੇ ਕੀਤਾ ਹੈ। ਪੱਟੀ ਗੋਲੀ ਕਾਂਡ ਵਿੱਚ ਵੀ ਅਜਿਹੇ ਹੀ ਅੰਮ੍ਰਿਤਧਾਰੀ ਸਿੱਖਾਂ ਨੂੰ ਬਲੀ ਦਾ ਬੱਕਰਾ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਸੀ।

24 ਮਈ ਨੂੰ ਪੁਲਿਸ ਨੇ ਅਮਰ ਸਿੰਘ ਪੱਟੀ, ਸ਼ੇਰ ਸਿੰਘ ਮੀਆਂਵਿੰਡ ਨੂੰ ਗ੍ਰਿਫਤਾਰ ਕਰ ਲਿਆ ਅਤੇ 25 ਮਈ

Scanned with CamScanner

ਨੂੰ ਬਲਵਿੰਦਰ ਸਿੰਘ ਖੰਜਕੀਪੁਰ ਨੂੰ ਉਸ ਦੇ ਘਰੋਂ ਫੜ੍ਹ ਲਿਆ ਗਿਆ। ਇਨ੍ਹਾਂ ਤਿੰਨਾਂ ਨੂੰ ਘਰਿੰਡਾ ਥਾਣਾ ਵਿਖੇ ਰੱਖ ਕੇ ਭਾਰੀ ਅਣਮਨੁੱਖੀ ਤਸ਼ੱਦਦ ਕੀਤਾ ਗਿਆ। 25 ਤਰੀਕ ਰਾਤ ਨੂੰ ਬਲਵਿੰਦਰ ਸਿੰਘ ਖੰਜਕੀਪੁਰ ਨੂੰ ਸਿਟੀ ਥਾਣਾ ਤਰਨਤਾਰਨ ਵਿਖੇ ਲਿਜਾ ਕੇ ਡੀ. ਐੱਸ. ਪੀ. ਗੁਰਬਚਨ ਸਿੰਘ (ਬਚਨਾ ਬੁੱਚੜ) ਨੇ ਅੰਨ੍ਹਾ ਤਸ਼ੱਦਦ ਕੀਤਾ। 27 ਤਰੀਕ ਨੂੰ ਭਾਈ ਕੁਲਵੰਤ ਸਿੰਘ ਨਾਰੋਕੇ ਵਾਲਿਆਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਇਸ ਨੂੰ ਇੰਸਪੈਕਟਰ ਹਰੀਸ਼ ਭੰਧਾਵਾ ਬੱਸ ਸਟੈਂਡ ਚੌਂਕੀ ਅੰਮ੍ਰਿਤਸਰ ਵਿਖੇ ਲੈ ਗਿਆ ਜਿਥੇ ਡੀ. ਐੱਸ. ਪੀ. ਬਚਨਾ, ਹੌਲਦਾਰ ਮੱਖਣ ਸਿੰਘ, ਐਸ. ਐਸ. ਪੀ. ਡਾਂਗ ਨੇ ਬਹੁਤ ਬਾਰੀਕੀ ਨਾਲ ਪੁੱਛਗਿੱਛ ਕੀਤੀ। ਜਦੋਂ ਭਾਈ ਕੁਲਵੰਤ ਸਿੰਘ ਨੇ ਪੱਟੀ ਕਾਂਡ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਤਾਂ ਉਸ ਨੂੰ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਕਿ ਉਹ ਕਹਿ ਦੇਵੇ ਕਿ ਇਹ ਕਾਂਡ ਸੰਤ ਭਿੰਡਰਾਂਵਾਲੇ ਦੇ ਕਹਿਣ 'ਤੇ ਕੀਤਾ ਹੈ। ਪਰ ਕੁਲਵੰਤ ਸਿੰਘ ਕਿਸੇ ਵੀ ਤਰ੍ਹਾਂ ਦੀ ਪੁਲਿਸ ਦੀ ਮਨਘੜਤ ਕਹਾਣੀ ਨੂੰ ਬਿਆਨ ਕਰਨ ਲਈ ਤਿਆਰ ਨਾ ਹੋਇਆ ਤਾਂ ਕਈ ਦਿਨ ਇਸ ਉੱਪਰ ਭਾਰੀ ਤਸ਼ੱਦਦ ਹੁੰਦਾ ਰਿਹਾ। ਇਥੋਂ ਤੱਕ ਕਿ ਉਸ ਦੇ ਸਰੀਰ ਦੇ ਕਈ ਅੰਗ ਤੋੜ ਦਿੱਤੇ ਗਏ, ਲੋਹੇ ਦੇ ਸਰੀਆਂ ਦੀਆਂ ਸਲਾਖਾਂ ਨੂੰ ਗਰਮ ਕਰਕੇ ਉਸ ਦੇ ਸਰੀਰ 'ਚੋਂ ਆਰ-ਪਾਰ ਲੰਘਾ ਦਿੱਤੀਆਂ ਜਾਂਦੀਆਂ। ਹਰ ਰੋਜ਼ ਉਸ ਨੂੰ ਇਹੀ ਗੱਲ ਕਹੀ ਜਾਂਦੀ ਕਿ ਜਦੋਂ ਤੱਕ ਤੂੰ ਇਸ ਕਾਂਡ ਲਈ ਭਿੰਡਰਾਂਵਾਲੇ ਸੰਤਾਂ ਦਾ ਨਾਮ ਨਹੀਂ ਲੈਂਦਾ ਤਦ ਤੱਕ ਤੇਰੀ ਜਾਨ ਨਹੀਂ ਛੁੱਟ ਸਕਦੀ। ਤਦ ਫਿਰ ਵੀ ਉਸ ਨੇ ਕਿਹਾ ਤੁਸੀਂ ਕਿਉਂ ਭਿੰਡਰਾਂਵਾਲੇ ਸੰਤਾਂ ਦਾ ਨਾਂ ਇਸ ਕਾਂਡ ਨਾਲ ਜੋੜਣਾ ਚਾਹੁੰਦੇ ਹੋ ਤਾਂ ਉਨ੍ਹਾਂ ਕਿਹਾ ਕਿ ਤੂੰ ਉਨ੍ਹਾਂ ਨੂੰ ਬਚਾਉਂਦਾ-ਬਚਾਉਂਦਾ ਆਪਣੀ ਜਾਨ ਗੁਆ ਬੈਠੇਗਾ ਤਾਂ ਸੁਭਾਵਿਕ ਕੁਲਵੰਤ ਸਿੰਘ ਦੇ ਮੂੰਹ ਵਿੱਚੋਂ ਨਿਕਲਿਆ ਜਿਵੇਂ ਗੁਰੂ ਨੂੰ ਭਾਵੇ, ਇੰਨਾ ਸੁਣਦਿਆਂ ਹੀ ਡੀ. ਐੱਸ. ਪੀ. ਨੇ ਤਾਹਨਾ ਮਾਰਿਆ ਕਿ ਕਿਥੇ ਐ ਤੇਰਾ ਗੁਰੂ? ਤਾਂ ਭਾਈ ਕੁਲਵੰਤ ਸਿੰਘ ਨੇ ਕਿਹਾ ਜੇਕਰ ਮੇਰੀ ਜ਼ਿੰਦਗੀ ਰਹੀ ਤਾਂ ਮੈਂ ਇਸ ਦਾ ਉੱਤਰ ਜ਼ਰੂਰ ਤੁਹਾਨੂੰ ਦੇਵਾਂਗਾ ਨਹੀਂ ਤਾਂ ਸਿੱਖ ਪੰਥ ਨੇ ਕਿਸੇ ਦਾ ਉਧਾਰ ਨਹੀਂ ਰੱਖਿਆ ਬਲਕਿ ਸਿਰ 'ਤੇ ਚੜ੍ਹੀ ਭਾਜੀ ਨੂੰ 21 ਦੀਆਂ 31 ਕਰਕੇ ਮੋੜਿਆ ਹੈ। ਇਤਿਹਾਸ ਪੜ੍ਹ ਲਉ ਕਿ ਜ਼ੁਲਮ ਕਰਨ ਵਾਲੇ ਜ਼ਾਲਮਾਂ ਦਾ ਕੀ ਹਸ਼ਰ ਹੋਇਆ ਹੈ, ਤੁਹਾਡਾ ਵੀ ਇਹੋ ਹੋਵੇਗਾ। ਭਾਈ ਕੁਲਵੰਤ ਸਿੰਘ ਦੀ ਏਨੀ ਦ੍ਰਿੜ੍ਹਤਾ ਵੇਖ ਕੇ ਉਸ ਉੱਪਰ ਹੋਰ ਵੀ ਤਸ਼ੱਦਦ ਕੀਤਾ ਗਿਆ।

6 ਜੂਨ ਨੂੰ ਇੱਕ ਹੌਲਦਾਰ ਜੋ ਮਹਿਤੇ ਪਿੰਡ ਦਾ ਸੀ ਉਸ ਨੇ ਸਿਟੀ ਥਾਣਾ ਤਰਨਤਾਰਨ ਵਿਖੇ ਬਲਵਿੰਦਰ ਸਿੰਘ ਖੰਜਕੀਪੁਰ ਨੂੰ ਕਿਹਾ ਕਿ ਤੁਹਾਡੇ ਵਿੱਚੋਂ ਇੱਕ ਬਲਵਿੰਦਰ ਸਿੰਘ ਨਾਂ ਦਾ ਵਿਅਕਤੀ ਪੁਲਿਸ ਹਿਰਾਸਤ ਵਿੱਚੋਂ ਦੌੜ ਗਿਆ ਹੈ ਤਾਂ ਉਸ ਨੇ ਕਿਹਾ ਕਿ ਬਲਵਿੰਦਰ ਸਿੰਘ ਤਾਂ ਮੈਂ ਹੀ ਹਾਂ ਅਤੇ ਮੈਂ ਤੁਹਾਡੇ ਸਾਹਮਣੇ ਬੈਠਾ। ਇਹ ਸੁਣ ਕੇ ਹੌਲਦਾਰ ਨੇ ਕਿਹਾ ਜਿੰਨਾ ਹੋ ਸਕਦਾ ਹੈ ਰੱਬ ਦਾ ਨਾਮ ਲਵੋ। ਚੱਲ ਰਿਹਾ ਸਮਾਂ ਤੁਹਾਡੇ ਲਈ ਚੰਗਾ ਨਹੀਂ ਹੈ। ਇਸੇ ਰਾਤ ਡੀ. ਐੱਸ. ਪੀ. ਸਵਰਨ ਸਿੰਘ ਘੋਟਣਾ ਸਮੇਤ ਕਈ ਪੁਲਿਸ ਅਧਿਕਾਰੀਆਂ ਨੇ ਬਲਵਿੰਦਰ ਸਿੰਘ ਖੰਜਕੀਪੁਰ ਦੀ ਪੁੱਛਗਿੱਛ ਕਰਦਿਆਂ ਕੋਸ਼ਿਸ਼ ਕੀਤੀ ਕਿ ਉਹ ਸੰਤ ਭਿੰਡਰਾਂਵਾਲਿਆਂ ਦਾ ਨਾਂ ਲੈ ਦੇਵੇ ਕਿ ਉਨ੍ਹਾਂ ਨੇ ਇਸ ਕੰਮ ਲਈ ਸਾਨੂੰ ਕਿਹਾ ਹੈ। ਇਸੇ ਤਰ੍ਹਾਂ ਅਮਰ ਸਿੰਘ ਪੱਟੀ ਅਤੇ ਸ਼ੇਰ ਸਿੰਘ ਮੀਆਂਵਿੰਡ ਦੀ ਪੁੱਛਗਿੱਛ ਹੁੰਦੀ ਰਹੀ ਅਤੇ ਤਸ਼ੱਦਦ ਵੀ ਕੀਤਾ ਗਿਆ। 8 ਜੂਨ ਨੂੰ ਸਵੇਰੇ ਹੀ ਉਸ ਹੌਲਦਾਰ ਨੇ ਦੱਸਿਆ ਕਿ ਦੌੜਨ ਵਾਲਾ ਵਿਅਕਤੀ ਬਲਵਿੰਦਰ ਸਿੰਘ ਨਹੀਂ, ਸਗੋਂ ਕੁਲਵੰਤ ਸਿੰਘ ਹੈ। ਉਸ ਤੋਂ ਇਹ ਗੱਲ ਸੁਣ ਕੇ ਬਲਵਿੰਦਰ ਸਿੰਘ ਸਮਝ ਗਿਆ ਸੀ ਕਿ ਸਾਨੂੰ ਵੱਖ-ਵੱਖ ਪੁਲਿਸ ਮੁਕਾਬਲਿਆਂ ਵਿੱਚ ਖਤਮ ਕੀਤਾ ਜਾ ਸਕਦਾ ਹੈ।

ਅਸਲ ਵਿੱਚ ਪੁਲਿਸ ਅਧਿਕਾਰੀ ਜੋ ਕਹਾਣੀਆਂ ਘੜਦੇ ਸਨ ਕਿ ਇਸ ਨੂੰ ਭਗੌੜਾ ਕਰਾਰ ਦੇ ਕੇ ਜਾਂ ਝੂਠਾ ਮੁਕਾਬਲਾ ਬਣਾ ਕੇ ਖਤਮ ਕਰਨਾ ਹੈ ਅਜਿਹਾ ਸੁਣ ਕੇ ਹੀ ਉਸ ਹੌਲਦਾਰ ਨੇ ਇਨ੍ਹਾਂ ਸਿੰਘਾਂ ਨਾਲ ਇਹ ਗੱਲਾਂ ਸਾਂਝੀਆਂ ਕੀਤੀਆਂ ਸਨ ਕਿ ਹੁਣ ਇਹ ਤਿੰਨੋਂ ਭਾਵ ਬਲਵਿੰਦਰ ਸਿੰਘ, ਸ਼ੇਰ ਸਿੰਘ ਅਤੇ ਅਮਰ ਸਿੰਘ ਸੋਚ ਰਹੇ ਸਨ ਕਿ ਸਾਨੂੰ ਕੱਲ੍ਹ ਨੂੰ ਅਦਾਲਤ ਵਿੱਚ ਪੇਸ਼ ਕਰਨਾ ਹੈ। ਇੱਕ ਵਾਰੀ ਇਕੱਠਿਆਂ ਹੋਣ 'ਤੇ ਪਤਾ ਚੱਲ ਸਕੇਗਾ ਕਿ ਕਿਸ ਨਾਲ ਕੀ ਵਾਪਰਿਆ ਹੈ?

ਅਖੀਰ 9 ਜੂਨ 1982 ਨੂੰ ਅੰਮ੍ਰਿਤਸਰ ਮਹਿਤਾ ਰੋਡ 'ਤੇ ਪੈਂਦੇ ਪਿੰਡ ਵੱਲਾ ਨੇੜੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਝੂਠੀ ਮਨਘੜਤ ਕਹਾਣੀ ਬਣਾਈ ਕਿ ਭਾਈ ਕੁਲਵੰਤ ਸਿੰਘ ਇੱਕ ਪੁਲਿਸ ਮੁਕਾਬਲੇ ਦੌਰਾਨ ਮਾਰਿਆ ਗਿਆ ਹੈ। ਅਸਲ ਵਿੱਚ ਇਸੇ ਦਿਨ ਉਸ ਨੂੰ ਅਦਾਲਤ ਵਿੱਚ ਪੇਸ਼ ਕਰਨਾ ਸੀ। ਪਰ ਤਸ਼ੱਦਦ ਨਾਲ ਉਸ ਦੀ

Scanned with CamScanner

ਸਰੀਰਕ ਹਾਲਤ ਅੱਤ ਨਾਜ਼ੁਕ ਸੀ ਜਿਸ ਕਾਰਨ ਕਿਸੇ ਵੀ ਹਾਲਤ ਵਿੱਚ ਉਸ ਨੂੰ ਅਦਾਲਤ ਵਿੱਚ ਪੇਸ਼ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਪੁਲਿਸ ਨੇ ਝੂਠੇ ਪੁਲਿਸ ਮੁਕਾਬਲੇ ਦਾ ਬਹਾਨਾ ਬਣਾ ਕੇ ਉਸ ਨੂੰ ਸ਼ਹੀਦ ਕਰ ਦਿੱਤਾ। ਇਹ ਪੰਜਾਬ ਵਿੱਚ ਪਹਿਲਾ ਝੂਠਾ ਪੁਲਿਸ ਮੁਕਾਬਲਾ ਸੀ। ਪੁਲਿਸ ਦੀ ਇਸ ਅਨਘੜਤ ਕਹਾਣੀ ਨਾਲ ਪੰਜਾਬ ਵਿੱਚ ਪੰਥਕ ਹਲਕਿਆਂ ਅੰਦਰ ਭਾਰੀ ਹਲਚਲ ਪੈਦਾ ਹੋਈ ਅਤੇ ਜ਼ੋਰਦਾਰ ਢੰਗ ਨਾਲ ਇਸ ਕਾਂਡ ਦੀ ਨਿਖੇਧੀ ਕੀਤੀ ਗਈ। ਖਾਸ ਕਰਕੇ ਸੰਤ ਭਿੰਡਰਾਂਵਾਲਿਆਂ ਨੇ ਇਸ ਦਾ ਗੰਭੀਰ ਨੋਟਿਸ ਲਿਆ ਅਤੇ ਸਮੁੱਚੇ ਪੰਥ ਦਰਦੀਆਂ ਨੂੰ ਭਾਈ ਕੁਲਵੰਤ ਸਿੰਘ ਨਾਗੋਕੇ ਦੇ ਸਸਕਾਰ 'ਤੇ ਪਹੁੰਚਣ ਦੀ ਅਪੀਲ ਕੀਤੀ। ਇਸੇ ਤਰ੍ਹਾਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਗੁਰਚਰਨ ਸਿੰਘ ਟੌਹੜਾ ਨੇ ਵੀ ਸਰਕਾਰੀ ਤਸ਼ੱਦਦ ਦਾ ਵਿਰੋਧ ਕੀਤਾ। 10 ਜੂਨ ਨੂੰ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਭਾਈ ਨਾਗੋਕੇ ਦੇ ਸਸਕਾਰ 'ਤੇ ਪਹੁੰਚੀਆਂ ਜਿਨ੍ਹਾਂ ਵਿੱਚ ਖਾਸ ਤੌਰ 'ਤੇ ਸੰਤ ਭਿੰਡਰਾਂਵਾਲੇ, ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਹੋਰ ਬਹੁਤ ਸਾਰੇ ਸਿੱਖ ਆਗੂ, ਪੰਚ-ਸਰਪੰਚ ਪਹੁੰਚੇ ਹੋਏ ਸਨ। ਇੱਥੇ ਇਹ ਵੀ ਵਰਨਣਯੋਗ ਹੈ ਕਿ ਪੁਲਿਸ ਨੇ ਭਾਈ ਕੁਲਵੰਤ ਸਿੰਘ ਦਾ ਸ਼ਰੀਰ ਦੇਣ ਤੋਂ ਵੀ ਆਨਾ-ਕਾਨੀ ਕਰਨੀ ਚਾਹੀ ਸੀ। ਪਰ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਅਗਵਾਈ ਵਿੱਚ ਗਏ ਸਿੱਖਾਂ ਦੇ ਜਥੇ ਨੇ ਭਾਰੀ ਕੋਸ਼ਿਸ਼ ਕਰਕੇ ਭਾਈ ਕੁਲਵੰਤ ਸਿੰਘ ਦਾ ਸ਼ਰੀਰ ਨਗਰ ਵਿਖੇ ਲਿਆਂਦਾ ਸੀ।

ਭਾਈ ਕੁਲਵੰਤ ਸਿੰਘ ਦਾ ਸਸਕਾਰ ਸੰਤਾਂ ਨੇ ਆਪਣੇ ਹੱਥੀ ਕਰਵਾਇਆ। ਉਸ ਦਾ ਇਸ਼ਨਾਨ ਕਰਵਾਉਣ ਸਮੇਂ ਵੇਖਿਆ ਕਿ ਉਸ ਦੇ ਸਰੀਰ ਦੇ ਬਹੁਤ ਸਾਰੇ ਅੰਗ ਟੁੱਟੇ ਹੋਏ ਸਨ ਅਤੇ ਕਈਆਂ ਥਾਵਾਂ ਤੋਂ ਸਰੀਰ ਨੂੰ ਸਾੜੇ ਜਾਣ ਦੇ ਨਿਸ਼ਾਨ ਸਨ। ਇਸ਼ਨਾਨ ਕਰਵਾਉਣ ਉਪਰੰਤ ਉਸ ਦੀ ਅਰਥੀ ਨੂੰ ਸੰਤਾਂ ਨੇ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਮੋਢਾ ਦਿੱਤਾ ਅਤੇ ਬਹੁਤ ਵੱਡੇ ਇਕੱਠ ਵਿੱਚ ਭਾਈ ਕੁਲਵੰਤ ਸਿੰਘ ਦਾ ਸਸਕਾਰ ਕੀਤਾ ਗਿਆ। ਇਸੇ ਤਰ੍ਹਾਂ ਉਸ ਦੇ ਭੋਗ ਸਮੇਂ ਵੀ ਸੰਤਾਂ ਨੇ ਜ਼ਾਲਮ ਪੁਲਿਸ ਅਧਿਕਾਰੀਆਂ ਨੂੰ ਵੰਗਾਰਦਿਆਂ ਹੋਇਆਂ ਕਿਹਾ ਕਿ ਜਿਨ੍ਹਾਂ ਨੇ ਭਾਈ ਕੁਲਵੰਤ ਸਿੰਘ 'ਤੇ ਅਣਮਨੁੱਖੀ ਤਸ਼ੱਦਦ ਕਰਕੇ ਸ਼ਹੀਦ ਕੀਤਾ ਹੈ ਖ਼ਾਲਸਾ ਪੰਥ ਸਿੱਖੀ ਰਵਾਇਤਾਂ ਅਨੁਸਾਰ ਉਨ੍ਹਾਂ ਨਾਲ ਹਿਸਾਬ ਕਰੇਗਾ। ਜਥੇਦਾਰ ਟੌਹੜਾ ਸਮੇਤ ਹੋਰ ਵੀ ਬਹੁਤ ਸਾਰੇ ਸਿੱਖ ਆਗੂਆਂ ਨੇ ਭਾਈ ਨਾਗੋਕੇ ਦੇ ਭੋਗ ਸਮੇਂ ਹਾਜ਼ਰੀਆਂ ਭਰੀਆਂ ਅਤੇ ਪ੍ਰਸ਼ਾਸਨ ਦੇ ਵਤੀਰੇ ਨੂੰ ਗੰਭੀਰਤਾ ਨਾਲ ਲਿਆ।

28 ਜੂਨ ਨੂੰ ਨਕਲੀ ਨਿਰੰਕਾਰੀ ਮੰਡਲ ਅੰਮ੍ਰਿਤਸਰ ਦੇ ਪ੍ਰਮੁੱਖ ਨੇਤਾ ਜੋਗਿੰਦਰ ਸਿੰਘ ਸ਼ਾਂਤ ਉੱਤੇ ਬੁੱਢ ਅਣਪਛਾਤੇ ਲੋਕਾਂ ਨੇ ਗੋਲੀ ਚਲਾ ਦਿੱਤੀ। ਪੁਲਿਸ ਇਸ ਕੇਸ ਵਿੱਚ ਵੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਅਸਫਲ ਰਹੀ ਸੀ। ਅੰਮ੍ਰਿਤਧਾਰੀ ਸਿੱਖਾਂ ਉੱਤੇ ਪੁਲਿਸ ਤਸ਼ੱਦਦ ਦੇ ਮਾਮਲੇ 'ਤੇ ਸੰਤ ਜਰਨੈਲ ਸਿੰਘ ਸਰਕਾਰ ਉੱਤੇ ਏਨੇ ਸੁਚੱਜੇ ਢੰਗ ਨਾਲ ਆਪਣੇ ਪ੍ਰਚਾਰ ਦੌਰਾਨ ਹੀ ਹਮਲੇ ਕਰ ਰਹੇ ਸਨ ਕਿ ਸਰਕਾਰ ਲਈ ਕੋਈ ਵੀ ਦਲੀਲ ਦੇਣੀ ਔਖੀ ਹੋ ਰਹੀ ਸੀ। ਮੁੱਖ ਮੰਤਰੀ ਸ. ਦਰਬਾਰਾ ਸਿੰਘ ਨੇ ਇਹਨੀਂ ਦਿਨੀਂ ਹੀ ਆਪਣੀ ਪੁਰਾਣੀ ਦਲੀਲ ਦੀ ਮੁੜ ਰਟ ਲਾਉਣੀ ਆਰੰਭ ਕਰ ਦਿੱਤੀ ਕਿ ਗੁਰਦੁਆਰਿਆਂ ਵਿੱਚ ਮੁਜ਼ਰਮ ਛੁਪੇ ਹੋਏ ਹਨ। ਸਰਕਾਰ ਵੱਲੋਂ ਵੱਖ-ਵੱਖ ਹਿੰਸਕ ਘਟਨਾਵਾਂ ਦੇ ਦੋਸ਼ੀ ਨਾ ਲੱਭ ਸਕਣ ਦੀ ਉਨ੍ਹਾਂ ਕੋਲ ਸ਼ਾਇਦ ਇਹੋ ਦਲੀਲ ਰਹਿ ਗਈ ਸੀ ਅਤੇ ਉਹ ਇੱਕ ਤਰ੍ਹਾਂ ਨਾਲ ਆਪਣੀ ਬੇਵੱਸੀ ਦਾ ਪ੍ਰਗਟਾਵਾ ਕਰ ਰਹੇ ਸਨ।

1981-82 ਦੌਰਾਨ ਲਗਾਤਾਰ ਕਈ ਹਿੰਸਕ ਘਟਨਾਵਾਂ ਵਾਪਰੀਆਂ ਜੋ ਹਾਲੇ ਵੀ ਰੁਕਦੀਆਂ ਨਜ਼ਰ ਨਹੀਂ ਸਨ ਆਉਂਦੀਆਂ ਅਤੇ ਨਾ ਹੀ ਇਨ੍ਹਾਂ ਘਟਨਾਵਾਂ ਨਾਲ ਸਬੰਧਤ ਅਸਲ ਵਿਅਕਤੀਆਂ ਨੂੰ ਪੁਲਿਸ ਪ੍ਰਸ਼ਾਸਨ ਗ੍ਰਿਫ਼ਤਾਰ ਕਰ ਸਕਿਆ। ਬਲਕਿ ਝੂਠੀਆਂ ਕਹਾਣੀਆਂ ਘੜਕੇ ਵਾਪਰ ਰਹੀਆਂ ਘਟਨਾਵਾਂ ਦੀ ਪੜਦਾਪੋਸ਼ੀ ਕੀਤੀ ਜਾ ਰਹੀ ਸੀ। ਜਿਸ ਨਾਲ ਸਰਕਾਰ ਦੀ ਪ੍ਰਜੀਸ਼ਨ ਹਾਸੋਹੀਣੀ ਬਣਦੀ ਨਜ਼ਰ ਆ ਰਹੀ ਸੀ। ਅਜਿਹੇ ਹਾਲਾਤਾਂ ਵਿੱਚ ਸ. ਦਰਬਾਰਾ ਸਿੰਘ ਨੂੰ ਆਪਣੀ ਕੁਰਸੀ ਖੁੱਸਦੀ ਨਜ਼ਰ ਆਉਣ ਲੱਗੀ ਅਤੇ ਉਸ ਨੂੰ ਆਪਣੀ ਰਾਜਨੀਤਿਕ ਹੋਂਦ ਵੀ ਖਤਰੇ ਵਿੱਚ ਪ੍ਰਤੀਤ ਹੋਈ। ਜਿਸ ਕਾਰਨ ਉਹ ਆਪਣੇ ਘਸੇ-ਪਿਟੇ ਤਜ਼ਰਬੇ ਅਜਮਾਉਣ ਲੱਗਾ। ਉਸ ਨੇ ਕੇਂਦਰ ਨੂੰ ਸਲਾਹ ਦਿੱਤੀ ਕਿ ਸੰਤ ਭਿੰਡਰਾਂਵਾਲਿਆਂ ਨੂੰ ਨੈਸ਼ਨਲ ਸਕਿਊਰਿਟੀ ਐਕਟ ਅਧੀਨ ਗ੍ਰਿਫਤਾਰ ਕਰਕੇ ਲੰਮੇ ਸਮੇਂ ਲਈ ਨਜ਼ਰਬੰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਦੇ ਕਾਰਨ ਵੱਖਵਾਦੀ ਤਾਕਤਾਂ ਸਰਗਰਮੀ ਫੜ ਰਹੀਆਂ ਹਨ। ਮੁੱਖ ਮੰਤਰੀ ਨੇ ਸੋਚਿਆ ਕਿ ਅਜਿਹਾ ਕਰਨ ਨਾਲ ਉਹ ਆਪਣੀ ਹੋਂਦ ਸੁਰੱਖਿਅਤ ਰੱਖ ਸਕਦੇ ਹਨ। ਪਰ ਕੇਂਦਰ ਸਰਕਾਰ ਦਰਬਾਰਾ

Scanned with CamScanner

ਸਿੰਘ ਦੇ ਕਹਿਣ 'ਤੇ ਇੱਕ ਵਾਰ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕਰਕੇ ਆਪਣੀਆਂ ਸਿਆਸੀ ਉਂਗਲਾਂ ਸਾੜ ਚੁੱਕੀ ਸੀ। ਇਸ ਲਈ ਕੇਂਦਰ ਸਰਕਾਰ ਨੇ ਮੁੜ ਇਹ ਸੁਝਾਅ ਪ੍ਰਵਾਨ ਕਰਨਾ ਯੋਗ ਨਾ ਸਮਝਿਆ ਤਾਂ ਦਰਬਾਰਾ ਸਿੰਘ ਨੇ ਇੱਕ ਹੋਰ ਜ਼ੋਖਮ ਉਠਾਉਣ ਦਾ ਰਸਤਾ ਅਖਤਿਆਰ ਕੀਤਾ। ਇਸ ਸਾਜਿਸ਼ ਅਧੀਨ ਭਿੰਡਰਾਂਵਾਲੇ ਸੰਤਾਂ ਦੇ ਨਿਕਟਵਰਤੀਆਂ ਨੂੰ ਵੱਖੋ-ਵੱਖਰੇ ਫੌਜਦਾਰੀ ਮਾਮਲਿਆਂ ਵਿੱਚ ਫਸਾਉਣ ਦੀ ਯੋਜਨਾ ਬਣਾਈ।

15 ਜੁਲਾਈ 1982 ਨੂੰ ਸੰਤ ਜਰਨੈਲ ਸਿੰਘ ਜੀ ਖਾਲਸਾ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਅਚਾਨਕ ਬਿਮਾਰ ਹੋ ਗਏ। ਸਰੀਰਕ ਹਾਲਤ ਏਨੀ ਖਰਾਬ ਹੋ ਗਈ ਕਿ ਉਨ੍ਹਾਂ ਨੂੰ ਗੁਲੂਕੋਜ਼ ਚੜ੍ਹਾਉਣਾ ਪਿਆ। ਸੰਤਾਂ ਦੇ ਬਿਮਾਰ ਹੋਣ ਦੀ ਖਬਰ ਮਿਲਦਿਆਂ ਹੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਅਬਿਨਾਸ਼ੀ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਓਂਕਾਰ ਸਿੰਘ ਮੱਤਿਨੰਗਲ ਅਤੇ ਡਾ. ਬਲਦੇਵ ਸਿੰਘ ਬਰਾੜ ਮੈਡੀਕਲ ਸੁਪਰਡੈਂਟ ਗੁਰੂ ਰਾਮਦਾਸ ਹਸਪਤਾਲ ਇਹ ਸਾਰੇ ਸੰਤਾਂ ਦੀ ਖ਼ਬਰ ਲੈਣ ਮਹਿਤੇ ਵਿਖੇ ਪਹੁੰਚੇ। ਡਾ. ਬਰਾੜ ਨੇ ਸੰਤਾਂ ਨੂੰ ਚੈੱਕਅਪ ਕੀਤਾ। ਲੋੜੀਦੀ ਦਵਾਈ ਦਿੱਤੀ ਅਤੇ ਕੁੱਝ ਦਿਨ ਆਰਾਮ ਕਰਨ ਲਈ ਕਿਹਾ ਅਤੇ ਇਹ ਕਹਿ ਕੇ ਵਾਪਸ ਪਰਤ ਗਏ ਕਿ ਅਸੀਂ ਸਮੇਂ-ਸਮੇਂ ਚੈੱਕਅਪ ਕਰਦੇ ਰਹਾਂਗੇ।

ਭਾਈ ਅਮਰੀਕ ਸਿੰਘ ਅਤੇ ਬਾਬਾ ਠਾਕੁਰ ਸਿੰਘ ਸਮੇਤ ਜਥੇ ਦੇ ਸਿੰਘਾਂ ਦੀ ਗ੍ਰਿਫਤਾਰੀ

ਸੰਤਾਂ ਦੀ ਸਿਹਤ ਦਾ ਪਤਾ ਲੱਗਦਿਆਂ ਹੀ ਕੁੱਝ ਪੰਥਕ ਸਖਸ਼ੀਅਤਾਂ ਸੰਤਾਂ ਦੀ ਖ਼ਬਰ ਲੈਣ ਲਈ ਮਹਿਤੇ ਆ ਰਹੀਆਂ ਸਨ। ਇਸੇ ਦੌਰਾਨ ਸੰਤ ਬਾਬਾ ਉੱਤਮ ਸਿੰਘ ਜੀ ਖਡੂਰ ਸਾਹਿਬ ਵਾਲੇ ਸੰਤਾਂ ਦਾ ਪਤਾ ਕਰਨ ਆਏ। ਜਾਣ ਸਮੇਂ ਸੰਤਾਂ ਨੇ ਜਥੇ ਦੇ ਸਿੰਘਾਂ ਨੂੰ ਕਿਹਾ ਕਿ ਆਪਣੀ ਜੀਪ ਵਿੱਚ ਬਾਬਾ ਉੱਤਮ ਸਿੰਘ ਜੀ ਨੂੰ ਉਨ੍ਹਾਂ ਦੇ ਸਥਾਨ ਖਡੂਰ ਸਾਹਿਬ ਵਿਖੇ ਛੱਡ ਕੇ ਆਉਣ। 17 ਜੁਲਾਈ ਨੂੰ ਭਿੰਡਰਾਂਵਾਲੇ ਸੰਤਾਂ ਦੇ ਤਿੰਨ ਸਿੰਘ ਜਿਨ੍ਹਾਂ ਵਿੱਚ ਡਰਾਇਵਰ ਭਾਈ ਅਜਾਇਬ ਸਿੰਘ ਮਹਿਤਾ, ਭਾਈ ਜਗੀਰ ਸਿੰਘ ਮਹੰਤ, ਭਾਈ ਨਰਿੰਦਰ ਸਿੰਘ ਨੰਦੂ ਬਾਬਾ ਉੱਤਮ ਸਿੰਘ ਜੀ ਨੂੰ ਛੱਡ ਕੇ ਵਾਪਿਸ ਪਰਤ ਰਹੇ ਸਨ ਤਾਂ ਬਾਬਾ ਬਕਾਲਾ ਵਿਖੇ ਥਾਣੇਦਾਰ ਇਕਬਾਲ ਸਿੰਘ ਲਾਲਪੁਰਾ ਨੇ ਜੀਪ ਰੋਕੀ ਅਤੇ ਜੀਪ ਦੇ ਕਾਗਜ਼, ਅਸਲਾ ਲਾਇਸੰਸ ਆਦਿ ਵਿਖਾਉਣ ਲਈ ਕਿਹਾ, ਜਦੋਂ ਇਨ੍ਹਾਂ ਸਿੰਘਾਂ ਨੇ ਲੋੜੀਂਦੇ ਕਾਗਜ਼ਾਤ ਵਿਖਾ ਦਿੱਤੇ ਤਾਂ ਥਾਣੇਦਾਰ ਨੇ ਉਨ੍ਹਾਂ ਨੂੰ ਡੀ. ਐੱਸ. ਪੀ. ਬਿਆਸ ਕੋਲ ਜਾਣ ਲਈ ਕਿਹਾ। ਇਨ੍ਹਾਂ ਸਿੰਘਾਂ ਦੇ ਮਨ ਵਿੱਚ ਕਿਸੇ ਕਿਸਮ ਦਾ ਤੌਖਲਾ ਨਹੀਂ ਸੀ। ਇਸ ਲਈ ਬੋਖੜ ਥਾਣਾ ਬਿਆਸ ਵਿਖੇ ਚਲੇ ਗਏ ਉੱਥੇ ਹੀ ਥਾਣੇ ਵਿੱਚ ਇਨ੍ਹਾਂ ਸਿੰਘਾਂ ਨੂੰ ਬੰਦ ਕਰ ਦਿੱਤਾ ਗਿਆ ਅਤੇ ਜੀਪ ਵੀ ਥਾਣੇ ਵਿੱਚ ਖੜ੍ਹੀ ਕਰ ਲਈ ਗਈ। ਇਨ੍ਹਾਂ ਉੱਪਰ ਝੂਠਾ ਕੇਸ ਬਣਾਇਆ ਕਿ ਇਨ੍ਹਾਂ ਨੇ ਥਾਣੇਦਾਰ ਉੱਪਰ ਗੋਲੀ ਚਲਾ ਕੇ ਉਸ ਨੂੰ ਕਤਲ ਕਰਨ ਦਾ ਯਤਨ ਕੀਤਾ। ਥੋੜ੍ਹੇ ਸਮੇਂ ਬਾਅਦ ਹੀ ਇਹ ਖਬਰ ਮਹਿਤੇ ਵਿਖੇ ਸੰਤਾਂ ਕੋਲ ਵੀ ਪਹੁੰਚ ਗਈ। ਸੰਤਾਂ ਨੇ ਕੁੱਝ ਸਿੰਘ ਇਸ ਬਾਰੇ ਪੂਰਾ ਪਤਾ ਕਰਨ ਲਈ ਭੇਜੇ, ਜਦੋਂ ਸਿੰਘਾਂ ਨੇ ਬਿਆਸ ਥਾਣੇ ਵਿੱਚ ਜਾ ਕੇ ਪੁੱਛ-ਪੜਤਾਲ ਕੀਤੀ ਤਾਂ ਉਨ੍ਹਾਂ ਨੇ ਸਿੰਘਾਂ ਨੂੰ ਦੱਸਿਆ ਕਿ ਇਨ੍ਹਾਂ ਸਿੰਘਾਂ 'ਤੇ ਥਾਣੇਦਾਰ ਨੂੰ ਕਤਲ ਕਰਨ ਦਾ ਇਰਾਦਾ ਕਤਲ ਕੇਸ ਪਾਇਆ ਗਿਆ ਹੈ। ਇਸ ਲਈ ਇਨ੍ਹਾਂ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਅਗਲੇ ਦਿਨ 18 ਜੁਲਾਈ ਨੂੰ ਸੰਤਾਂ ਨੇ ਭਾਈ ਅਮਰੀਕ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਲੱਖਾ ਸਿੰਘ, ਰਾਗੀ ਕੁਲਵੰਤ ਸਿੰਘ ਨੂੰ ਬਿਆਸ ਵਿਖੇ ਗ੍ਰਿਫਤਾਰ ਹੋਏ ਜਥੇ ਦੇ ਸਿੰਘਾਂ ਦੀ ਪੈਰਵਾਈ ਕਰਨ ਲਈ ਭੇਜਿਆ। ਅਚਾਨਕ ਉਸੇ ਦਿਨ ਪੰਜਾਬ ਦੇ ਰਾਜਪਾਲ ਡਾਕਟਰ ਚੰਨਾ ਰੈਡੀ ਅੰਮ੍ਰਿਤਸਰ ਆਏ ਹੋਏ ਸਨ। ਭਾਈ ਅਮਰੀਕ ਸਿੰਘ ਇੱਕ ਵਫਦ ਦੇ ਰੂਪ ਵਿੱਚ ਰਾਜਪਾਲ ਸ਼ੀ ਰੈਡੀ ਨੂੰ ਮਿਲੇ ਅਤੇ ਉਨ੍ਹਾਂ ਨੂੰ ਦੱਸਿਆ ਕਿ ਭਿੰਡਰਾਂਵਾਲੇ ਜਥੇ ਦੇ ਮੈਂਬਰਾਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਜਾ ਰਿਹਾ ਹੈ। ਡਾ. ਚੰਨਾ ਰੈਡੀ ਨੇ ਪੰਜਾਬ ਸਰਕਾਰ ਦੀ ਬਣੀ ਯੋਜਨਾ ਅਨੁਸਾਰ ਭਾਈ ਅਮਰੀਕ ਸਿੰਘ ਦੀ ਗੱਲ ਸੁਣਨ ਤੋਂ ਵੀ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਪੰਜਾਬ ਵਿੱਚ ਵਾਪਰ ਰਹੀਆਂ ਹਿੰਸਕ ਘਟਨਾਵਾਂ ਨੂੰ ਰੋਕਣ ਲਈ ਪੁਲਿਸ ਨੇ ਆਪਣਾ ਰਸਤਾ ਅਖਤਿਆਰ ਕਰਨਾ ਹੈ। ਉਸ ਸਮੇਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਚਰਨ ਸਿੰਘ ਅਜਨਾਲਾ ਵੀ ਮੌਕੇ 'ਤੇ ਹਾਜ਼ਰ ਸਨ। ਉਨ੍ਹਾਂ ਨੇ ਵੀ ਭਾਈ ਅਮਰੀਕ ਸਿੰਘ ਦੀ ਗੱਲ ਨੂੰ ਟੋਕਣ ਦਾ ਯਤਨ ਕੀਤਾ। ਭਾਈ ਅਮਰੀਕ ਸਿੰਘ ਨੇ ਉਸ ਨੂੰ ਸਿੱਧੇ ਲਫਜ਼ਾਂ ਵਿੱਚ ਝਾੜ ਪਾਉਂਦਿਆਂ ਕਿਹਾ ਅਸੀਂ ਤੁਹਾਨੂੰ ਮਿਲਣ ਨਹੀਂ ਆਏ ਕਿਉਂਕਿ ਤੁਹਾਡੀ ਸਰਕਾਰ ਅਤੇ ਮੁੱਖ ਮੰਤਰੀ ਦੀ ਬਦਨੀਅਤ

Scanned with CamScanner

ਸਾਫ਼ ਨਜ਼ਰ ਆਉਂਦੀ ਹੈ। ਅਸੀਂ ਤਾਂ ਰਾਜਪਾਲ ਨੂੰ ਮਿਲਣ ਆਏ ਸਾਂ, ਇਨ੍ਹਾਂ ਨੂੰ ਮਿਲ ਕੇ ਵੀ ਇਉਂ ਲੱਗਦਾ ਹੈ ਕਿ ਇਹ ਵੀ ਤੁਹਾਡੀ ਕੋਈ ਸਾਜ਼ਿਸ਼ ਦੀ ਕੜੀ ਬਣ ਚੁੱਕੇ ਹਨ। ਇਸ ਤਰ੍ਹਾਂ ਦੇ ਬੋਲ ਬੁਲਾਰੇ ਤੋਂ ਬਾਅਦ ਭਾਈ ਅਮਰੀਕ ਸਿੰਘ ਵਾਪਸ ਪਰਤ ਆਏ। ਅਗਲੇ ਦਿਨ ਭਾਈ ਅਮਰੀਕ ਸਿੰਘ ਆਪਣੇ ਸਾਥੀ ਸਿੰਘਾਂ ਨਾਲ ਜਿਲ੍ਹਾ ਕਚਹਿਰੀਆਂ ਵਿਖੇ ਜਥੇ ਦੇ ਸਿੰਘਾਂ ਦੀ ਪੈਰਵਾਈ ਕਰਨ ਲਈ ਪਹੁੰਚੇ ਤਾਂ ਰਾਜ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਨੇ ਭਾਈ ਅਮਰੀਕ ਸਿੰਘ ਸਮੇਤ ਇਨ੍ਹਾਂ ਸਿੰਘਾਂ ਨੂੰ ਵੱਖ-ਵੱਖ ਝੂਠੇ ਕੇਸਾਂ ਅਧੀਨ ਗ੍ਰਿਫਤਾਰ ਕਰ ਲਿਆ।

ਇਹ ਗੱਲ ਸੰਤਾਂ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਉਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਇੱਕ ਹਫਤੇ ਲਈ ਆਰਾਮ ਕਰਨ ਦਾ ਸਮਾਂ ਵੀ ਨਹੀਂ ਮਿਲ ਸਕੇਗਾ। ਅੱਜ 19 ਤਰੀਕ ਨੂੰ ਵੀ ਡਾਕਟਰ ਬਰਾੜ ਨਾਲ ਕੁੱਝ ਸੀਨੀਅਰ ਡਾਕਟਰਾਂ ਦੀ ਟੀਮ ਆਈ ਜਿਨ੍ਹਾਂ ਨੇ ਲੋੜੀਂਦੀਆਂ ਦਵਾਈਆਂ ਦਿੱਤੀਆਂ ਅਤੇ ਕਿਹਾ ਕਿ ਹਾਲੇ ਕੁੱਝ ਦਿਨ ਹੋਰ ਆਰਾਮ ਕਰਨਾ ਚਾਹੀਦਾ ਹੈ। ਦਵਾਈ ਦੇਣ ਉਪਰੰਤ ਡਾ. ਬਰਾੜ ਬਾਕੀ ਦੇ ਡਾਕਟਰਾਂ ਸਮੇਤ ਵਾਪਸ ਪਰਤ ਗਏ। ਕੁੱਝ ਸਮੇਂ ਬਾਅਦ ਭਾਈ ਅਮਰੀਕ ਸਿੰਘ ਦੇ ਛੋਟੇ ਭਰਾ ਭਾਈ ਮਨਜੀਤ ਸਿੰਘ ਨੇ ਫੋਨ ਕਰਕੇ ਸੰਤਾਂ ਨੂੰ ਦੱਸਿਆ ਕਿ ਭਾਈ ਅਮਰੀਕ ਸਿੰਘ ਹੁਰਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਉਸ ਸਮੇਂ ਦੁਪਹਿਰ ਦਾ 1.00 ਵੱਜ ਚੁੱਕਾ ਸੀ ਜਦੋਂ ਉਨ੍ਹਾਂ ਨੇ ਜਥੇ ਦੇ ਕੁੱਝ ਸੀਨੀਅਰ ਸਿੰਘਾਂ ਨਾਲ ਗਾਇ ਮਸ਼ਵਰਾ ਕੀਤਾ ਅਤੇ ਸਰੀਰਕ ਬਿਮਾਰੀ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਬੁਖਾਰ ਦੀ ਹਾਲਤ ਵਿੱਚ ਹੀ ਗੁਰੂ ਨਾਨਕ ਨਿਵਾਸ ਅੰਮ੍ਰਿਤਸਰ ਵਿਖੇ ਪਹੁੰਚ ਗਏ। ਉਸ ਸਮੇਂ 2.30 ਵੱਜ ਚੁੱਕੇ ਸਨ। ਭਾਈ ਅਮਰੀਕ ਸਿੰਘ ਦੀ ਗ੍ਰਿਫਤਾਰੀ ਅਤੇ ਸੰਤਾਂ ਦਾ ਅੰਮ੍ਰਿਤਸਰ ਵਿਖੇ ਪਹੁੰਚਣ ਦਾ ਪਤਾ ਲੱਗਦਿਆਂ ਹੀ ਜਥੇ ਦੇ ਕੁੱਝ ਹੋਰ ਸਹਿਯੋਗੀ ਗੁਰੂ ਨਾਨਕ ਨਿਵਾਸ ਵਿਖੇ ਪਹੁੰਚ ਗਏ ਅਤੇ ਇਨ੍ਹਾਂ ਸਿੰਘਾਂ ਨਾਲ ਵੀ ਕੁੱਝ ਵਿਚਾਰ ਵਟਾਂਦਰਾ ਕਰਨ ਉਪਰੰਤ ਭਾਈ ਅਮਰੀਕ ਸਿੰਘ ਅਤੇ ਜਥੇ ਦੇ ਗ੍ਰਿਫਤਾਰ ਮੈਂਬਰਾਂ ਦੀ ਬਿਨਾਂ ਸ਼ਰਤਾਂ ਰਿਹਾਈ ਦੀ ਮੰਗ ਨੂੰ ਲੈ ਕੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਸ਼ਾਇਦ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਵਾਪਰਿਆ ਹੋਵੇ ਕਿ ਇਨੇ ਥੋੜ੍ਹੇ ਸਮੇਂ ਵਿੱਚ ਸਰਕਾਰੀ ਜ਼ੁਲਮ ਨਾਲ ਟੱਕਰ ਲੈਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੋਰਚਾ ਲਾਇਆ ਗਿਆ ਹੋਵੇ, ਕਿਉਂਕਿ 1.00 ਵਜੇ ਸਿੰਘਾਂ ਦੀ ਗ੍ਰਿਫਤਾਰੀ ਦਾ ਪਤਾ ਲੱਗਿਆ, 2.30 ਵਜੇ ਸੰਤ ਭਿੰਡਰਾਂਵਾਲੇ ਸਿੰਘਾਂ ਸਮੇਤ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚੇ ਅਤੇ 5.00 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੋਰਚਾ ਲਾਉਣ ਦੀ ਅਰਦਾਸ ਹੋ ਗਈ। ਅਰਦਾਸ ਕਰਦਿਆਂ ਸੰਤਾਂ ਨੇ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ "ਕਿ ਹੇ ਚੰਜੀ ਪ੍ਰੀਤਮ ਜੇ ਤਾਂ ਮੈਂ ਆਪਣੀ ਨਿੱਜੀ ਸ਼ੋਹਰਤ ਵਾਸਤੇ ਮੋਰਚਾ ਸ਼ੁਰੂ ਕਰ ਰਿਹਾ ਹਾਂ ਤਾਂ ਦਾਸ ਨੂੰ ਅਸਫਲਤਾ ਪ੍ਰਾਪਤ ਹੋਵੇ ਤੇ ਜੇ ਪੰਥ ਅਤੇ ਕੌਮ ਦੀ ਚੜ੍ਹਦੀ ਕਲਾ ਵਾਸਤੇ, ਧਰਮ ਦੀ ਪ੍ਰਪੱਕਤਾ ਵਾਸਤੇ ਕਮਰਕੱਸਾ ਕਰ ਰਿਹਾ ਹਾਂ ਤਾਂ ਕ੍ਰਿਪਾ ਕਰੋ ਸਿੱਖ ਕੌਮ ਤੇ ਪੰਥ ਨੂੰ ਚੜ੍ਹਦੀ ਕਲਾ ਲਈ ਮੋਰਚੇ ਦੀ ਫ਼ਤਹਿਯਾਬੀ ਬਖਸ਼ੋ"।

ਸੰਤ ਭਿੰਡਰਾਂਵਾਲਿਆਂ ਵੱਲੋਂ ਮੋਰਚਾ ਆਰੰਭ

19 ਜੁਲਾਈ 1982 ਤੋਂ ਹੀ ਰੋਜ਼ਾਨਾ 51-51 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਣ ਦਾ ਨਿਰਣਾ ਲਿਆ। ਪਹਿਲੇ ਜਥੇ ਵਿੱਚ ਮਹਿਤੇ ਪਿੰਡ ਅਤੇ ਇਸ ਇਲਾਕੇ ਦੇ ਇਹ ਸਿੰਘ ਸਨ ਜਥੇਦਾਰ ਦਲੀਪ ਸਿੰਘ ਪਿੰਡ ਮਹਿਤਾ, ਗਿਆਨੀ ਸੁਰਜੀਤ ਸਿੰਘ ਸੋਧੀ, ਸ. ਰਣ ਸਿੰਘ ਮਹਿਤਾ, ਸ. ਹਰਭਜਨ ਸਿੰਘ ਮਹਿਤਾ, ਸ. ਪਿਆਰਾ ਸਿੰਘ ਮਹਿਤਾ ਚੌਕ, ਸ. ਸੁਦਾਗਰ ਸਿੰਘ ਮਹਿਤਾ ਚੌਕ, ਸ. ਸਵਰਨ ਸਿੰਘ ਮਹਿਤਾ, ਸ. ਚਰਨ ਸਿੰਘ ਨੰਬਰਦਾਰ ਮਹਿਤਾ, ਸ. ਦਲੀਪ ਸਿੰਘ ਮਹਿਤਾ, ਸ. ਸ਼ੇਰਾਵਾ ਸਿੰਘ ਮਹਿਤਾ, ਸ. ਕਰਮ ਸਿੰਘ ਪ੍ਰਧਾਨ ਮਹਿਤਾ, ਸ. ਕੁਲਵੰਤ ਸਿੰਘ ਮਹਿਤਾ, ਸ. ਮਹਿੰਦਰ ਸਿੰਘ ਮਹਿਤਾ, ਸ. ਗੁਰਮੇਜ ਸਿੰਘ ਮਹਿਤਾ, ਸ. ਰਾਮ ਸਿੰਘ ਸੁਨਿਆਰਾ ਮਹਿਤਾ, ਸ. ਜੈਲ ਸਿੰਘ ਮਹਿਤਾ, ਸ. ਅਜੀਤ ਸਿੰਘ ਮਹਿਤਾ, ਸ. ਨਿਰੰਜਣ ਸਿੰਘ ਮਹਿਤਾ, ਸ. ਮਹਿੰਦਰ ਸਿੰਘ ਮਹਿਤਾ, ਸ. ਲੱਖਾ ਸਿੰਘ ਮਹਿਤਾ, ਸ. ਚਰਨ ਸਿੰਘ ਉਦੋਨੰਗਲ, ਸ. ਚਾਨਣ ਸਿੰਘ ਮਹਿਤਾ, ਸ. ਕਰਤਾਰ ਸਿੰਘ ਰੱਖੜਾਹ, ਸ. ਬਚਨ ਸਿੰਘ ਮਹਿਤਾ, ਸ. ਮੋਹਣ ਸਿੰਘ ਮਹਿਤਾ, ਸ. ਕਸ਼ਮੀਰ ਸਿੰਘ ਮਹਿਤਾ, ਸ. ਪਾਲ ਸਿੰਘ ਮਹਿਤਾ, ਸ. ਕਰਮ ਸਿੰਘ ਨੰਗਲੀ, ਸ. ਦਰਸ਼ਨ ਸਿੰਘ ਨੰਗਲੀ, ਸ. ਗੁਰਮੇਜ ਸਿੰਘ ਖੁਜਾਲਾ, ਸ. ਮੋਮਨਵਾਲ ਭੁਝੰਗੀ, ਸ. ਪ੍ਰੀਤਮ ਸਿੰਘ ਨੰਗਲ, ਸ. ਨਿਰੰਜਣ ਸਿੰਘ

Scanned with CamScanner

ਮਹਿਤਾ। ਜਥੇ ਨੇ ਲਗਭਗ 6.00 ਵਜੇ ਸੈਕਾਰਿਆਂ ਦੀ ਗੂੰਜ ਵਿੱਚ ਜ਼ਿਲ੍ਹਾ ਕਚਹਿਰੀਆਂ ਵੱਲ ਕੂਚ ਕੀਤਾ। ਉਧਰ ਪ੍ਰਸ਼ਾਸਨ ਨੂੰ ਚਿਤ ਚੇਤੇ ਵੀ ਨਹੀਂ ਸੀ ਕਿ ਏਨੀ ਜਲਦੀ ਸੰਤ ਭਿੰਡਰਾਂਵਾਲੇ ਸਿੰਘਾਂ ਦੀਆਂ ਗ੍ਰਿਫਤਾਰੀਆਂ ਵਿਰੁੱਧ ਮੋਰਚਾ ਲਗਾ ਦੇਣਗੇ। ਇਸ ਲਈ ਦੇਰ ਤੱਕ ਇਸ ਜਥੇ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਬਲਕਿ ਜ਼ਿਲ੍ਹਾ ਪ੍ਰਸ਼ਾਸਨ ਚੰਡੀਗੜ੍ਹ ਤੋਂ ਆਉਣ ਵਾਲੀਆਂ ਹਦਾਇਤਾਂ ਦਾ ਇੰਤਜ਼ਾਰ ਕਰਦੇ ਰਹੇ। ਇੱਧਰ ਜਥੇ ਦੇ ਸਿੰਘ ਸਰਕਾਰੀ ਜ਼ੁਲਮ ਦੇ ਵਿਰੁੱਧ ਨਾਅਰੇਬਾਜ਼ੀ ਕਰਦੇ ਡਟੇ ਹੋਏ ਸਨ। ਅਖੀਰ ਰਾਤ ਦੇ 1.00 ਵਜੇ ਜਥੇ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤਰ੍ਹਾਂ ਧਰਮ ਯੁੱਧ ਮੋਰਚਾ ਆਰੰਭ ਹੋਇਆ।

ਪੰਜਾਬ ਵਿੱਚ ਵਾਪਰ ਰਹੀਆਂ ਘਟਨਾਵਾਂ ਅਤੇ ਸਿੰਘਾਂ ਦੀ ਨਜਾਇਜ਼ ਫੜ੍ਹੋ-ਫੜ੍ਹੀ

ਅਗਲੇ ਦਿਨ 20 ਜੁਲਾਈ 1982 ਨੂੰ ਭਿੰਡਰਾਂਵਾਲੇ ਜਥੇ ਦੇ ਬਹੁਤ ਹੀ ਸੰਭਿਕਾਰਯੋਗ ਆਗੂ ਬਾਬਾ ਠਾਕੁਰ ਸਿੰਘ ਸਮੇਤ ਟਕਸਾਲ ਦੇ ਕੁੱਝ ਵਿਦਿਆਰਥੀ ਜਦੋਂ ਜ਼ਿਲ੍ਹਾ ਕਚਹਿਰੀਆਂ ਵਿੱਚ ਭਾਈ ਅਮਰੀਕ ਸਿੰਘ ਅਤੇ ਹੋਰ ਮੋਰਚਾ ਦੇ ਕੇਸਾਂ ਦੀ ਪੈਰਵਾਈ ਕਰਨ ਲਈ ਗਏ ਹੋਏ ਸਨ ਤਾਂ ਇਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਤਾਂ ਸੰਤ ਭਿੰਡਰਾਂਵਾਲਿਆਂ ਨੇ ਦਮਦਮੀ ਟਕਸਾਲ ਦੇ ਜ਼ਿੰਮੇਵਾਰ ਸਿੰਘਾਂ ਦੀ ਗ੍ਰਿਫਤਾਰੀ ਨੂੰ ਚਿਤਾਵਨੀ ਦੇ ਰੂਪ ਵਿੱਚ ਲਿਆ ਅਤੇ ਇਸ ਮਸਲੇ 'ਤੇ ਗੰਭੀਰ ਵਿਚਾਰਾਂ ਕਰਨ ਲਈ 25 ਜੁਲਾਈ 1982 ਨੂੰ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਵਿਖੇ ਇੱਕ ਵਿਸ਼ਾਲ ਪ੍ਰਤੀਨਿਧ ਕਨਵੈਨਸ਼ਨ ਸੱਦ ਲਈ।

ਪੰਜਾਬ ਵਿੱਚ ਵਾਪਰ ਰਹੀਆਂ ਘਟਨਾਵਾਂ ਅਤੇ ਅੰਮ੍ਰਿਤਧਾਰੀ ਸਿੰਘਾਂ ਦੀ ਨਜਾਇਜ਼ ਫੜ੍ਹੋ-ਫੜ੍ਹੀ ਭਾਈ ਅਮਰੀਕ ਸਿੰਘ ਅਤੇ ਦਮਦਮੀ ਟਕਸਾਲ ਦੇ ਹੋਰ ਵਿਦਿਆਰਥੀਆਂ ਦੀ ਗ੍ਰਿਫਤਾਰੀ ਆਦਿ ਨੂੰ ਅਕਾਲੀ ਦਲ ਨੇ ਵੀ ਗੰਭੀਰਤਾ ਨਾਲ ਲਿਆ। ਸੰਤ ਲੌਂਗੋਵਾਲ ਨੇ ਸਰਕਾਰ ਦੇ ਦਮਨਕਾਰੀ ਰਵੱਈਏ ਦੀ ਸਖਤ ਆਲੋਚਨਾ ਕੀਤੀ। ਅਕਾਲੀ ਦਲ ਇਹ ਵੀ ਸਮਝਦਾ ਸੀ ਕਿ ਸਰਕਾਰ ਅਜਿਹੀਆਂ ਨਜਾਇਜ਼ ਗ੍ਰਿਫ਼ਤਾਰੀਆਂ ਕਰਕੇ ਇਹ ਪਰਖਣਾ ਚਾਹੁੰਦੀ ਹੈ ਕਿ ਸਿੱਖ ਸੰਗਤਾਂ ਵਿੱਚ ਸਤੰਬਰ 1981 ਵਾਲਾ ਜੋਸ਼ ਹੈ ਜਾਂ ਨਹੀਂ। ਇਨ੍ਹਾਂ ਸਭ ਹਾਲਾਤਾਂ ਦੇ ਬਾਵਜੂਦ ਸ. ਪ੍ਰਕਾਸ਼ ਸਿੰਘ ਬਾਦਲ ਸਮੇਤ ਅਕਾਲੀ ਦਲ ਦੇ ਕੁਝ ਆਗੂ ਸੰਤ ਭਿੰਡਰਾਂਵਾਲਿਆਂ ਤੋਂ ਦੂਰੀ ਬਣਾ ਕੇ ਰੱਖਣਾ ਚਾਹੁੰਦੇ ਸਨ। ਇਸੇ ਲਈ 24.07.82 ਦੀ ਰਾਤ ਨੂੰ ਚੰਡੀਗੜ੍ਹ ਦੇ ਸੈਕਟਰ-9 ਵਿੱਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਵਿਖੇ ਪ੍ਰਮੁੱਖ ਅਕਾਲੀਆਂ ਦੀ ਅਹਿਮ ਮੀਟਿੰਗ ਸੱਦੀ ਗਈ, ਜਿਸ ਵਿੱਚ ਇਹ ਸਲਾਹ ਮਸ਼ਵਰਾ ਕੀਤਾ ਗਿਆ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਭਿੰਡਰਾਂਵਾਲੇ ਸੰਤਾਂ ਵੱਲੋਂ ਲਾਏ ਗਏ ਮੋਰਚੇ ਸਬੰਧੀ ਕੀ ਰਵੱਈਆ ਧਾਰਨ ਕੀਤਾ ਜਾਵੇ? ਇਸ ਮੀਟਿੰਗ ਵਿੱਚ ਜਥੇਦਾਰ ਟੌਹੜਾ ਸਮੇਤ ਕੁੱਝ ਸੀਨੀਅਰ ਆਗੂਆਂ ਦੇ ਵਿਚਾਰ ਸਨ ਕਿ ਸਾਨੂੰ ਸੰਤ ਭਿੰਡਰਾਂਵਾਲਿਆਂ ਵੱਲੋਂ ਲਾਇਆ ਮੋਰਚਾ ਆਪਣਾ ਲੈਣਾ ਚਾਹੀਦਾ ਹੈ ਨਹੀਂ ਤਾਂ ਹਾਲਾਤ ਅਜਿਹੇ ਬਣ ਸਕਦੇ ਹਨ ਕਿ ਅਸੀਂ ਕਿਤੇ ਵੀ ਸੰਗਤਾਂ ਨੂੰ ਮੂੰਹ ਦਿਖਾਉਣਯੋਗ ਨਹੀਂ ਰਹਾਂਗੇ। ਪਰ ਸ. ਬਾਦਲ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਨਹੀਂ ਸਨ। ਇਸ ਲਈ ਇਸ ਮਸਲੇ ਨੂੰ ਹੋਰ ਗੰਭੀਰਤਾ ਨਾਲ ਘੋਖਣ ਲਈ ਅਕਾਲੀ ਦਲ ਨੇ ਵੀ ਸੰਤ ਭਿੰਡਰਾਂਵਾਲਿਆਂ ਦੇ ਬਰਾਬਰ 25 ਜੁਲਾਈ ਨੂੰ ਮਸਲੇ ਨੂੰ ਹੋਰ ਗੰਭੀਰਤਾ ਨਾਲ ਘੋਖਣ ਲਈ ਅਕਾਲੀ ਦਲ ਨੇ ਵੀ ਸੰਤ ਭਿੰਡਰਾਂਵਾਲਿਆਂ ਦੇ ਬਰਾਬਰ 25 ਜੁਲਾਈ ਨੂੰ ਹੀ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਅਕਾਲੀ ਹਾਈ ਕਮਾਂਡ ਦੀ ਮੀਟਿੰਗ ਰੱਖ ਲਈ, ਪਰ ਜਥੇਦਾਰ ਟੌਹੜਾ ਸਮੇਤ ਕੁਝ ਸੀਨੀਅਰ ਅਕਾਲੀ ਆਗੂਆਂ ਨੂੰ ਸੰਤ ਭਿੰਡਰਾਂਵਾਲਿਆਂ ਵੱਲੋਂ ਸੱਦੀ ਮੀਟਿੰਗ ਵਿੱਚ ਰੋਜ਼ਿਆ ਗਿਆ।

25 ਜੁਲਾਈ ਨੂੰ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਅਕਾਲੀ ਹਾਈ ਕਮਾਂਡ ਦੀ ਮੀਟਿੰਗ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਅਜੀਤ ਸਿੰਘ ਸਰਹੱਦੀ, ਬਾਬੂ ਆਤਮਾ ਸਿੰਘ, ਸ. ਹਰਬੰਸ ਸਿੰਘ ਮਜੀਠਾ ਅਤੇ ਸ. ਬਲਵੰਤ ਸਿੰਘ ਸਾਬਕਾ ਖਜ਼ਾਨਾ ਮੰਤਰੀ ਆਦਿ ਪਹੁੰਚੇ, ਜਿਨ੍ਹਾਂ ਨੇ ਕੁੱਝ ਵਿਚਾਰਾਂ ਵੀ ਕੀਤੀਆਂ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਭਿੰਡਰਾਂਵਾਲੇ ਸੰਤਾਂ ਵੱਲੋਂ ਸੱਦੀ ਮੀਟਿੰਗ ਵਿੱਚ ਹੋ ਰਹੀਆਂ ਵਿਚਾਰਾਂ 'ਤੇ ਵੀ ਡਿੱਘੀ ਨਜ਼ਰ ਰੱਖੀ। ਅਕਾਲੀ ਦਲ ਦੇ ਆਮ ਆਗੂਆਂ ਦਾ ਇਹ ਸੁਝਾਅ ਸੀ ਕਿ ਸਾਡੇ ਵੱਲੋਂ ਲਾਇਆ ਗਿਆ ਕਪੂਰੀ ਮੋਰਚਾ ਦਮ ਤੋੜ ਰਿਹਾ ਹੈ, ਸਿਵਲ ਨਾ-ਫੁਰਮਾਨੀ ਵਰਗੇ ਦਾਅਵਿਆਂ ਵਿੱਚ ਸਾਡੇ ਵੱਲੋਂ ਲਾਇਆ ਗਿਆ ਕਪੂਰੀ ਮੋਰਚਾ ਦਮ ਤੋੜ ਰਿਹਾ ਹੈ, ਸਿਵਲ ਨਾ-ਫੁਰਮਾਨੀ ਵਰਗੇ ਦਾਅਵਿਆਂ ਵਿੱਚ ਕੋਈ ਬਹੁਤਾ ਦਮ ਨਹੀਂ ਲੱਗਦਾ ਤੇ ਸਾਡੀ ਆਸ ਦੇ ਮੁਤਾਬਕ ਸੰਗਤਾਂ ਵੱਲੋਂ ਸਹਿਯੋਗ ਨਹੀਂ ਮਿਲ ਰਿਹਾ। ਉੱਧਰ ਕੋਈ ਬਹੁਤਾ ਦਮ ਨਹੀਂ ਲੱਗਦਾ ਤੇ ਸਾਡੀ ਆਸ ਦੇ ਮੁਤਾਬਕ ਸੰਗਤਾਂ ਵੱਲੋਂ ਸਹਿਯੋਗ ਨਹੀਂ ਮਿਲ ਰਿਹਾ। ਉੱਧਰ ਜਥੇਦਾਰ ਜਗਦੇਵ ਸਿੰਘ ਤਲਵੰਡੀ ਵੱਖਰਾ ਅਕਾਲੀ ਦਲ ਬਣਾ ਕੇ ਦਿੱਲੀ ਵਿੱਚ ਮੋਰਚਾ ਲਾਈ ਬੈਠੇ ਹਨ। ਜਿਸ ਨਾਲ ਜਥੇਦਾਰ ਜਗਦੇਵ ਸਿੰਘ ਤਲਵੰਡੀ ਵੱਖਰਾ ਅਕਾਲੀ ਦਲ ਬਣਾ ਕੇ ਦਿੱਲੀ ਵਿੱਚ ਮੋਰਚਾ ਲਾਈ ਬੈਠੇ ਹਨ। ਜਿਸ ਨਾਲ

Scanned with CamScanner

ਅਕਾਲੀ ਦਲ ਦੀ ਸ਼ਕਤੀ ਵੰਡੀ ਗਈ ਹੈ ਅਤੇ ਸੰਗਤਾਂ ਵਿੱਚ ਨਿਰਾਸ਼ਤਾ ਹੈ। ਇਸ ਲਈ ਸਾਨੂੰ ਸੰਤ ਭਿੰਡਰਾਂਵਾਲਿਆਂ ਨਾਲ ਮਿਲ ਕੇ ਸਰਕਾਰ ਦੇ ਸਿੱਖ ਵਿਰੋਧੀ ਰਵੱਈਏ ਦਾ ਮੁਕਾਬਲਾ ਕਰਨ ਲਈ ਸਾਂਝਾ ਮੋਰਚਾ ਲਾਉਣਾ ਚਾਹੀਦਾ ਹੈ। ਜਿਸ ਦੀ ਅਗਵਾਈ ਬੇਸ਼ੱਕ ਅਕਾਲੀ ਦਲ ਹੀ ਕਰੇ, ਇਸ ਬਾਰੇ ਸੰਤ ਭਿੰਡਰਾਂਵਾਲਿਆਂ ਨੂੰ ਪੁੱਛ ਲੈਣਾ ਚਾਹੀਦਾ ਹੈ। ਜਦੋਂ ਇਸ ਗੱਲ 'ਤੇ ਵੀ ਸ. ਪ੍ਰਕਾਸ਼ ਸਿੰਘ ਬਾਦਲ ਦਾ ਧੜਾ ਪੂਰੀ ਤਰ੍ਹਾਂ ਸਹਿਮਤ ਨਾ ਹੋਇਆ ਤਾਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਅਗਲੇ ਦਿਨ 26 ਜੁਲਾਈ 1982 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਅਕਾਲੀ ਦਲ ਦਾ ਜਨਰਲ ਇਜਲਾਸ ਸੱਦ ਲਿਆ। ਇਹ ਇਤਿਹਾਸ ਵਿੱਚ ਪਹਿਲੀ ਵਾਰ ਵਾਪਰਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਟੈਲੀਫੋਨ ਅਤੇ ਟੈਲੀਗਰਾਮ ਨੋਟਿਸ 'ਤੇ ਸਿਰਫ 24 ਘੰਟਿਆਂ ਦੇ ਅੰਦਰ-ਅੰਦਰ ਸਮੁੱਚਾ ਜਨਰਲ ਇਜਲਾਸ ਸੱਦਿਆ ਹੋਵੇ।

ਉੱਧਰ ਸੰਤ ਭਿੰਡਰਾਂਵਾਲਿਆਂ ਵੱਲੋਂ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸੱਦੀ ਗਈ ਕਨਵੈਨਸ਼ਨ ਵਿੱਚ ਸੰਗਤਾਂ ਦਾ ਭਾਰੀ ਇਕੱਠ ਹੋਇਆ ਅਤੇ ਸੰਬੋਧਨ ਕਰਨ ਵਾਲਿਆਂ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ, ਜਥੇਦਾਰ ਗੁਰਚਰਨ ਸਿੰਘ ਟੋਹੜਾ, ਬੀਬੀ ਨਿਰਮਲੇਪ ਕੌਰ ਸਾਬਕਾ ਐਮ.ਪੀ., ਬੀਬੀ ਰਜਿੰਦਰ ਕੌਰ ਐਮ.ਪੀ., ਸ. ਬਸੰਤ ਸਿੰਘ ਸਾਬਕਾ ਐਮ.ਐਲ.ਏ. ਸ. ਰਣਧੀਰ ਸਿੰਘ ਚੀਮਾ, ਸ. ਕੁਲਦੀਪ ਸਿੰਘ ਵਡਾਲਾ, ਸ. ਗੁਰਨਾਮ ਸਿੰਘ ਤੀਰ ਆਦਿ ਆਗੂ ਮੌਜੂਦ ਸਨ। ਇੱਥੋਂ ਬੋਲਣ ਵਾਲੇ ਹਰ ਬੁਲਾਰੇ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਨਿਰਦੋਸ਼ ਅੰਮ੍ਰਿਤਧਾਰੀ ਸਿੰਘਾਂ 'ਤੇ ਅੱਤਿਆਚਾਰ ਬੰਦ ਕਰੇ, ਨਹੀਂ ਤਾਂ ਇਸ ਤੋਂ ਨਿਕਲਣ ਵਾਲੇ ਨਤੀਜਿਆਂ ਲਈ ਸਰਕਾਰ ਜ਼ਿੰਮੇਵਾਰ ਹੋਵੇਗੀ। ਇਨ੍ਹਾਂ ਆਗੂਆਂ ਨੇ ਇਹ ਵੀ ਆਖਿਆ ਕਿ ਜਿੰਨੀ ਦੇਰ ਭਾਈ ਅਮਰੀਕ ਸਿੰਘ ਅਤੇ ਉਨ੍ਹਾਂ ਦੇ ਨਾਲ ਫਾਹੇ ਸਾਰੇ ਸਿੰਘਾਂ ਨੂੰ, ਜਿਹੜੇ ਝੂਠੇ ਕੇਸਾਂ ਅਧੀਨ ਅੰਦਰ ਕੀਤੇ ਗਏ ਹਨ, ਰਿਹਾਅ ਨਹੀਂ ਕੀਤਾ ਜਾਂਦਾ ਸਿੱਖ ਪੰਥ ਵੱਲੋਂ ਲਾਇਆ ਗਿਆ ਇਹ ਮੋਰਚਾ ਜਾਰੀ ਰਹੇਗਾ। ਸੰਤ ਭਿੰਡਰਾਂਵਾਲਿਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁਲਿਸ ਵੱਲੋਂ ਅੰਮ੍ਰਿਤਸਰ ਦੀ ਨਾਕਾਬੰਦੀ ਕਰਕੇ, ਸਿੰਘਾਂ ਨੂੰ ਆਪਣੇ ਧਰਮ ਦੀ ਗੱਲ ਕਰਨ ਤੋਂ ਰੋਕਿਆ ਜਾ ਰਿਹਾ ਹੈ। ਇੱਥੋਂ ਤੱਕ ਕਿ ਪਾਵਨ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਵਾਲੀਆਂ ਸਿੱਖ ਸੰਗਤਾਂ ਦੇ ਰਾਹ ਵਿੱਚ ਵੀ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ। ਅੱਜ ਦੇ ਇਕੱਠ ਵਿੱਚ ਆਉਣ ਵਾਲੀਆਂ ਬਹੁਤ ਸਾਰੀਆਂ ਸੰਗਤਾਂ ਨੂੰ 10-10 ਮੀਲ ਪਿੱਛੇ ਹੀ ਰੋਕ ਲਿਆ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਜੰਡਿਆਲਾ ਗੁਰੂ ਥਾਣੇ ਵਿੱਚ 300 ਸਿੱਖਾਂ ਨੂੰ ਜ਼ਬਰਦਸਤੀ ਬੰਦ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਾਡੇ ਵੱਲੋਂ ਸਰਕਾਰੀ ਜ਼ੁਲਮਾਂ ਵਿਰੁੱਧ ਸ਼ਾਂਤਮਈ ਮੋਰਚਾ ਲਾਇਆ ਗਿਆ ਹੈ। ਇਸ ਪ੍ਰੋਗਰਾਮ ਤਹਿਤ ਰੋਜ਼ਾਨਾ ਸਿੰਘਾਂ ਦੀ ਗ੍ਰਿਫਤਾਰੀ ਦਾ ਸਿਲਸਿਲਾ ਜਾਰੀ ਰਹੇਗਾ। ਅੰਮ੍ਰਿਤਧਾਰੀ ਸਿੰਘਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਕੀਤਾ ਗਿਆ ਹੈ। ਇਨ੍ਹਾਂ ਬੁਲਾਰਿਆਂ ਨੇ ਜ਼ੋਰ ਦੇ ਕੇ ਆਖਿਆ ਕਿ ਜਦੋਂ ਤੱਕ ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਸਮੇਤ ਸਾਰੇ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਉਦੋਂ ਤੱਕ ਮੋਰਚਾ ਮੁਲਤਵੀ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸੰਤਾਂ ਨੇ ਕਿਹਾ ਕਿ ਸਰਕਾਰੀ ਬੰਦਸ਼ਾਂ ਦੇ ਬਾਵਜੂਦ ਵੀ ਏਨਾ ਵੱਡਾ ਇਕੱਠ ਯਕੀਨ ਦਿਵਾਉਂਦਾ ਹੈ ਕਿ ਸੰਗਤਾਂ ਇਸ ਮੋਰਚੇ ਪ੍ਰਤੀ ਪੂਰੀ ਤਰ੍ਹਾਂ ਦ੍ਰਿੜ੍ਹ ਹਨ।

ਫੈਡਰੇਸ਼ਨ ਅਤੇ ਟਕਸਾਲੀ ਸਹਿਯੋਗੀਆਂ ਨਾਲ ਸੰਤਾਂ ਵੱਲੋਂ ਮੋਰਚੇ ਪ੍ਰਤੀ ਵਿਚਾਰ

25 ਤਰੀਕ ਦੀ ਕਨਵੈਨਸ਼ਨ ਉਪਰੰਤ ਸ਼ਾਮ ਨੂੰ ਸੰਤਾਂ ਨੇ ਕੁਝ ਖਾਸ ਸਹਿਯੋਗੀਆਂ ਦੀ ਮੀਟਿੰਗ ਕੀਤੀ ਜਿਨ੍ਹਾਂ ਵਿੱਚ ਫੈਡਰੇਸ਼ਨ ਵੱਲੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ. ਹਰਮਿੰਦਰ ਸਿੰਘ ਸੰਧੂ ਸਮੇਤ ਫੈਡਰੇਸ਼ਨ ਦੇ ਹੋਰ ਕਈ ਅਹੁਦੇਦਾਰ ਸ਼ਾਮਿਲ ਸਨ। ਦਮਦਮੀ ਟਕਸਾਲ ਦੇ ਬਹੁਤ ਸਾਰੇ ਅਜਿਹੇ ਖਾਸ ਸਹਿਯੋਗੀ ਸਿੰਘ ਸਨ ਜਿਹੜੇ ਦੂਰ ਦੁਰਾਡੇ ਹੋਣ ਕਾਰਨ ਮੋਰਚਾ ਲੱਗਣ ਤੋਂ ਸ਼ਾਇਦ ਇਥੇ 24 ਤਰੀਕ ਨੂੰ ਹੀ ਪਹੁੰਚੇ ਸਨ। ਉਹ ਸੰਤਾਂ ਵੱਲੋਂ ਮੋਰਚੇ ਦੀ ਰੂਪ ਰੇਖਾ ਸਮਝਣਾ ਚਾਹੁੰਦੇ ਸਨ। ਸੰਤਾਂ ਨੇ ਇਨ੍ਹਾਂ ਸਹਿਯੋਗੀਆਂ ਨੂੰ ਕਿਹਾ ਕਿ ਕੱਲ੍ਹ ਨੂੰ ਅਕਾਲੀ ਦਲ ਦੇ ਹੋਣ ਵਾਲੇ ਜਨਰਲ ਹਾਊਸ ਵਿੱਚ ਕਈ ਅਜਿਹੇ ਮਸਲੇ ਉਠਣ ਦੀ ਸੰਭਾਵਨਾ ਹੈ ਜਿਨ੍ਹਾਂ ਬਾਰੇ ਸਾਨੂੰ ਅੱਜ ਹੀ ਵਿਚਾਰਾਂ ਕਰਨੀਆਂ ਚਾਹੀਦੀਆਂ ਹਨ। ਸੰਤਾਂ ਨੇ ਇਨ੍ਹਾਂ ਨੂੰ ਪੁੱਛਿਆ ਕਿ ਜੇ ਅਕਾਲੀ ਦਲ ਆਪਣੇ

Scanned with CamScanner

ਨਾਲ ਮੋਰਚਾ ਸਾਂਝਾ ਕਰਨਾ ਚਾਹੇ ਤਾਂ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ? ਇਸ ਦੇ ਜਵਾਬ ਵਿੱਚ ਕੁੱਝ ਮੋਹਤਬਰ ਸਿੰਘਾਂ ਨੇ ਆਪੋ ਆਪਣੀਆਂ ਸਲਾਹਾਂ ਦਿੱਤੀਆਂ। ਸ. ਹਰਮਿੰਦਰ ਸਿੰਘ ਸੰਧੂ ਨੇ ਕਿਹਾ ਕਿ ਅਕਾਲੀ ਦਲ ਨਾਲ ਮੋਰਚੇ ਸਬੰਧੀ ਬੇਸ਼ੱਕ ਸਾਂਝ ਪਾ ਲਈ ਜਾਵੇ ਪਰ ਮੋਰਚੇ ਦੀ ਕਮਾਂਡ ਆਪਣੇ ਹੱਥ ਵਿੱਚ ਹੀ ਰੱਖਣੀ ਚਾਹੀਦੀ ਹੈ ਕਿਉਂਕਿ ਮੌਜੂਦਾ ਅਕਾਲੀਆਂ ਨੇ ਬਹੁਤ ਸਾਰੇ ਮੋਰਚੇ ਲਾਏ, ਪਰ ਅੱਧਵਾਟੇ ਹੀ ਛੱਡ ਦਿੱਤੇ। ਸਿੰਘਾਂ ਨੇ ਆਪੋ ਆਪਣੇ ਵਿਚਾਰ ਦੇਣ ਉਪਰੰਤ ਸੰਤਾਂ ਉੱਪਰ ਇਹ ਫੈਸਲਾ ਛੱਡ ਦਿੱਤਾ ਕਿ ਜਿਵੇਂ ਤੁਸੀਂ ਠੀਕ ਸਮਝਦੇ ਹੋ ਉਸੇ ਤਰ੍ਹਾਂ ਕਰ ਲੈਣਾ। ਤਾਂ ਸੰਤਾਂ ਨੇ ਕਿਹਾ ਕਿ ਇਸ ਵਾਰ ਅਜਿਹਾ ਕੋਈ ਵੀ ਨਹੀਂ ਕਰ ਸਕਦਾ ਕਿ ਸੰਗਤਾਂ ਵਿੱਚ ਕੀਤੀ ਗਈ ਅਰਦਾਸ ਤੋਂ ਪਿਛਾਂਹ ਹੱਟ ਕੇ ਮੋਰਚਾ ਵਿੱਚੇ ਹੀ ਛੱਡ ਦਿੱਤਾ ਜਾਵੇ। ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਕ੍ਰਿਪਾ ਕਰਨ ਸਭ ਠੀਕ ਹੋਵੇਗਾ। ਜਦੋਂ ਸਾਡੇ ਵਿੱਚ ਕੋਈ ਵਲ-ਛਲ ਨਹੀਂ ਤਾਂ ਉਮੀਦ ਹੈ ਇਨ੍ਹਾਂ ਭਾਈਆਂ ਦੇ ਵਲ-ਛਲ ਵੀ ਨਹੀਂ ਚੱਲਣ ਦੇਵਾਂਗੇ। ਆਪਸੀ ਭਰੋਸੇ ਅਤੇ ਦ੍ਰਿੜ੍ਹਤਾ ਨਾਲ ਰਲ ਕੇ ਚੱਲਾਂਗੇ ਤਾਂ ਮੋਰਚੇ ਨੂੰ ਹੋਰ ਮਜਬੂਤੀ ਮਿਲੇਗੀ। ਬਾਕੀ ਜਿਹੋ ਜਿਹਾ ਸਮਾਂ ਆਵੇਗਾ ਵੇਖ ਲਵਾਂਗੇ। ਅੱਜ ਦੀ ਮੀਟਿੰਗ ਵਿੱਚ ਪਹੁੰਚੇ ਟਕਸਾਲ ਦੇ ਸਹਿਯੋਗੀ ਜਥੇਦਾਰਾਂ ਨੇ ਆਪੋ-ਆਪਣੇ ਇਲਾਕਿਆਂ ਵਿੱਚੋਂ ਮੋਰਚੇ ਵਿੱਚ ਜਥੇ ਭੇਜਣ ਲਈ ਤਰੀਕਾਂ ਲਈਆਂ। ਜਦੋਂ ਜਥੇ ਲਿਖਵਾਉਣ ਵਾਲਿਆਂ ਦੀ ਗਿਣਤੀ ਕਾਫੀ ਵੱਧ ਗਈ ਤਾਂ ਸੰਤਾਂ ਦੇ ਪੀ. ਏ. ਭਾਈ ਗੁਰਪਾਲ ਸਿੰਘ ਨੇ ਸੰਤਾਂ ਨੂੰ ਪੁੱਛਿਆ ਕਿ ਕਦੋਂ ਤੱਕ ਦੀਆਂ ਤਰੀਕਾਂ ਦਿੱਤੀਆਂ ਜਾਣ ਤਾਂ ਉਨ੍ਹਾਂ ਕਿਹਾ ਕਿ ਲਗਭਗ ਇੱਕ ਮਹੀਨੇ ਦੀਆਂ ਤਰੀਕਾਂ ਦੇ ਦਿਉ ਬਾਕੀ ਬਾਅਦ ਵਿੱਚ ਦੇ ਦਿਆਂਗੇ ਪਰ ਨਾਮ ਜ਼ਰੂਰ ਲਿਖ ਲਓ।

ਅਕਾਲੀ ਲੀਡਰਾਂ ਦੀ ਭਿੰਡਰਾਂਵਾਲੇ ਸੰਤਾਂ ਨਾਲ ਮੀਟਿੰਗ

25 ਜੁਲਾਈ ਦੀ ਰਾਤ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਓਂਕਾਰ ਸਿੰਘ ਮੰਡੇਸੰਗਲ ਅਤੇ ਕੁਝ ਹੋਰ ਅਕਾਲੀ ਆਗੂਆਂ ਨੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਲੰਮੀਆਂ ਵਿਚਾਰਾਂ ਕਰਨ ਉਪਰੰਤ ਸੰਤ ਭਿੰਡਰਾਂਵਾਲਿਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਨੂੰ ਕੱਲ੍ਹ ਦੇ ਜਨਰਲ ਇਜਲਾਸ ਵਿੱਚ ਲਏ ਜਾਣ ਵਾਲੇ ਫੈਸਲਿਆਂ ਬਾਰੇ ਦੱਸਿਆ ਅਤੇ ਨਾਲ ਹੀ ਉਨ੍ਹਾਂ ਨੇ ਸੰਤਾਂ ਤੋਂ ਪੁੱਛਿਆ ਕਿ ਤੁਸੀਂ ਦੱਸੋ ਆਪਾਂ ਧਰਮ ਯੁੱਧ ਮੋਰਚਾ ਇਕੱਠਾ ਕਿਵੇਂ ਕਰ ਸਕਦੇ ਹਾਂ? ਤਾਂ ਸੰਤ ਭਿੰਡਰਾਂਵਾਲਿਆਂ ਨੇ ਆਖਿਆ ਕਿ ਜੇਕਰ ਤੁਸੀਂ ਟਕਸਾਲ ਵੱਲੋਂ ਲਾਏ ਮੋਰਚੇ ਵਿੱਚ ਸ਼ਾਮਿਲ ਹੁੰਦੇ ਹੋ ਤਾਂ ਮੈਂ ਤੁਹਾਨੂੰ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਮੋਰਚੇ ਦੀ ਸਫਲਤਾ ਤੱਕ ਕਿਸੇ ਵੀ ਕਿਸਮ ਦੀ ਢਿੱਲ ਨਹੀਂ ਵਿਖਾਈ ਜਾਵੇਗੀ ਬਲਕਿ ਪੰਥ ਲਈ ਸਿਰ ਵੀ ਦੇਣਾ ਪਿਆ ਤਾਂ ਮੈਂ ਆਪਣਾ ਸਿਰ ਲਾ ਦਿਆਂਗਾ। ਜੇਕਰ ਸ਼੍ਰੋਮਣੀ ਅਕਾਲੀ ਦਲ ਆਪਣੀ ਅਗਵਾਈ ਵਿੱਚ ਇਸ ਮੋਰਚੇ ਦੀ ਕਮਾਂਡ ਸੰਭਾਲਣਾ ਚਾਹੁੰਦਾ ਹੈ ਤਾਂ ਮੈਂ ਤੁਹਾਡੇ ਪਿੱਛੇ ਲੱਗ ਕੇ ਹਰ ਤਰ੍ਹਾਂ ਦੀ ਸੇਵਾ ਨਿਭਾਵਾਂਗਾ ਜੋ ਵੀ ਤੁਸੀਂ ਹੁਕਮ ਕਰੋਗੇ। ਪਰ ਇੱਕ ਗੱਲ ਯਾਦ ਰੱਖਿਓ ਕਿ ਅਰਦਾਸ ਕਰਕੇ ਮੋਰਚਾ ਅੱਧਵਾਟੇ ਨਹੀਂ ਛੱਡਣਾ, ਜਦੋਂ ਤੱਕ ਸਾਰੀਆਂ ਮੰਗਾਂ ਮੰਨ ਨਹੀਂ ਲਈਆਂ ਜਾਂਦੀਆਂ ਉਦੋਂ ਤੱਕ ਕਿਸੇ ਕਿਸਮ ਦੀ ਢਿੱਲ ਨਹੀਂ ਵਿਖਾਉਣੀ। ਅੱਗੋਂ ਜੋ ਤੁਸੀਂ ਫੈਸਲਾ ਕਰਨਾ ਹੈ ਤੁਹਾਡੀ ਮਰਜ਼ੀ ਹੈ ਅਕਾਲੀ ਆਗੂਆਂ ਨੇ ਕਿਹਾ ਕਿ ਸੰਤ ਜੀ, ਅਸੀਂ ਧਰਮ ਯੁੱਧ ਮੋਰਚੇ ਅੰਦਰ ਅਜਿਹਾ ਕੋਈ ਫੈਸਲਾ ਨਹੀਂ ਲਵਾਂਗੇ ਜਿਸ ਨਾਲ ਤੁਸੀਂ ਸਹਿਮਤ ਨਾ ਹੋਵੋ ਅਤੇ ਤੁਹਾਡੀ ਸਲਾਹ ਤੋਂ ਬਿਨਾ ਇਹ ਧਰਮ ਯੁੱਧ ਮੋਰਚਾ ਸਮਾਪਤ ਨਹੀਂ ਕੀਤਾ ਜਾਵੇਗਾ ਸੰਤਾਂ ਨੇ ਸਲਾਹ ਦਿੱਤੀ ਕਿ ਅਕਾਲੀ ਦਲ ਤੋਂ ਵੱਖ ਹੋਏ ਬੈਠੇ ਸ. ਜਗਦੇਵ ਸਿੰਘ ਤਲਵੰਡੀ, ਸ. ਸੁਖਜਿੰਦਰ ਸਿੰਘ ਆਦਿ ਨੂੰ ਵੀ ਇਸ ਧਰਮ ਯੁੱਧ ਮੋਰਚੇ ਵਿੱਚ ਸ਼ਾਮਿਲ ਕਰਨ ਦਾ ਯਤਨ ਕੀਤਾ ਜਾਵੇ ਤਾਂ ਜਥੇਦਾਰ ਟੌਹੜਾ ਨੇ ਬੇਨਤੀ ਕੀਤੀ ਕਿ ਅਸੀਂ ਵੀ ਯਤਨ ਕਰਾਂਗੇ ਪਰ ਗੱਲ ਤੁਹਾਡੇ ਕੀਤਿਆਂ ਹੀ ਬਣਨੀ ਹੈ। ਇਨ੍ਹਾਂ ਵਿਚਾਰਾਂ ਵਿੱਚ ਆਮ ਸਹਿਮਤੀ ਬਣਾ ਕੇ ਇਹ ਅਕਾਲੀ ਲੀਡਰ, ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਕੋਲ ਚਲੇ ਗਏ।

ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਇਜਲਾਸ

26.07.82 ਨੂੰ ਭੋਜਾ ਸਿੰਘ ਸਮੁੰਦਰੀ ਹਾਲ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਇਜਲਾਸ ਹੋਇਆ ਜਿਸ ਵਿੱਚ ਡੂੰਘੀਆਂ ਵਿਚਾਰਾਂ ਕੀਤੀਆਂ ਗਈਆਂ। ਇਸ ਇਜਲਾਸ ਵਿੱਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ

Scanned with CamScanner

ਭਿੰਡਰਾਂਵਾਲੇ ਸੰਤਾਂ ਵੱਲੋਂ ਬੀਤੇ ਕੱਲ੍ਹ ਕੀਤੀ ਗਈ ਕਨਵੈਨਸ਼ਨ ਬਾਰੇ ਵੀ ਕੁੱਝ ਖੁਲਾਸੇ ਕੀਤੇ ਅਤੇ ਉਨ੍ਹਾਂ ਨੂੰ ਸੰਗਤਾਂ ਵੱਲੋਂ ਮਿਲ ਰਹੇ ਸਹਿਯੋਗ ਦਾ ਵੀ ਜ਼ਿਕਰ ਕੀਤਾ। ਕੁਝ ਆਗੂਆਂ ਦੀ ਦਲੀਲ ਸੀ ਕਿ ਸਾਨੂੰ ਅਜਿਹਾ ਕੋਈ ਕਦਮ ਨਹੀਂ ਉਠਾਉਣਾ ਚਾਹੀਦਾ ਜਿਸ ਨਾਲ ਅਕਾਲੀ ਦਲ ਦੀ ਹੋਂਦ ਖ਼ਤਰੇ ਵਿੱਚ ਪੈ ਜਾਵੇ। ਅਸਲ ਵਿੱਚ ਅਜਿਹੀਆਂ ਦਲੀਲਾਂ ਦੇਣ ਵਾਲੇ ਆਗੂ ਅੰਦਰੋਂ ਅੰਦਰੀ ਸੰਤ ਭਿੰਡਰਾਂਵਾਲਿਆਂ ਦੀ ਸਖਸ਼ੀਅਤ ਤੋਂ ਭੈਅ-ਭੀਤ ਸਨ। ਨਿਰਆਧਾਰ ਸੋਚਾਂ ਵਿੱਚ ਡੁੱਬੇ ਹੋਏ ਇਨ੍ਹਾਂ ਆਗੂਆਂ ਦੀ ਗਲਤ ਫਹਿਮੀ ਸੀ ਕਿ ਸੰਤ ਭਿੰਡਰਾਂਵਾਲੇ ਇਸ ਮੋਰਚੇ ਰਾਹੀਂ ਅਕਾਲੀ ਸਿਆਸਤ ਉਪਰ ਹੀ ਕਾਬਜ ਨਾ ਹੋ ਜਾਣ। ਭਾਵੇਂ ਜਨਰਲ ਇਜਲਾਸ ਅੰਦਰ ਹੀ ਕੁੱਝ ਅਕਾਲੀ ਆਗੂਆਂ ਨੇ ਇਨ੍ਹਾਂ ਦਲੀਲਾਂ ਨੂੰ ਨਿਰਆਧਾਰ ਦੱਸਿਆ ਅਤੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸੰਤ ਭਿੰਡਰਾਂਵਾਲਿਆਂ ਨਾਲ ਇਕੱਠੇ ਹੋਣ 'ਤੇ ਜ਼ੋਰ ਦਿੱਤਾ। ਇਨ੍ਹਾਂ ਭਖਵੀਆਂ ਵਿਚਾਰਾਂ ਤੋਂ ਬਾਅਦ ਹੇਠ ਲਿਖੇ ਮਤੇ ਪਾਸ ਕੀਤੇ ਗਏ:

1. ਕਪੂਰੇ ਪਿੰਡ ਜਿਲ੍ਹਾ ਪਟਿਆਲਾ ਵਿੱਚ ਅਕਾਲੀ ਦਲ ਵੱਲੋਂ ਲਾਏ ਗਏ ਨਹਿਰ ਰੋਕੂ ਮੋਰਚੇ ਦੀ ਜਗ੍ਹਾ ਬਦਲੀ ਕਰਕੇ ਅੰਮ੍ਰਿਤਸਰ ਕਰ ਦਿੱਤੀ ਗਈ ਹੈ।
2. ਨਹਿਰ ਰੋਕੂ ਮੋਰਚੇ ਦਾ ਨਾਂ ਬਦਲ ਕੇ ਧਰਮ ਯੁੱਧ ਮੋਰਚਾ ਰੱਖ ਦਿੱਤਾ ਗਿਆ ਹੈ।
3. ਧਰਮ ਯੁੱਧ ਮੋਰਚੇ ਦਾ ਮੁੱਖ ਮਨੋਰਥ ਅਨੰਦਪੁਰ ਦੇ ਮਤੇ ਨੂੰ ਲਾਗੂ ਕਰਵਾਉਣਾ ਹੋਵੇਗਾ।
4. ਅਕਾਲੀ ਦਲ ਦਾ 45 ਮੰਗਾਂ ਦਾ ਚਾਰਟਰ ਉਸੇ ਤਰ੍ਹਾਂ ਕਾਇਮ ਰਹੇਗਾ।
5. ਭਿੰਡਰਾਂਵਾਲੇ ਸੰਤਾਂ ਵੱਲੋਂ ਲਾਏ ਗਏ ਮੋਰਚੇ ਦੀ ਮੁੱਖ ਮੰਗ ਭਾਈ ਅਮਰੀਕ ਸਿੰਘ, ਢਾਢਾ ਠਾਰਾ ਸਿੰਘ ਅਤੇ ਹੋਰ ਨਿਰਦੋਸ਼ ਫੜ੍ਹੇ ਗਏ ਸਿੰਘਾਂ ਨੂੰ ਰਿਹਾਅ ਕਰਵਾਉਣਾ ਧਰਮ ਯੁੱਧ ਮੋਰਚੇ ਵਿੱਚ ਸ਼ਾਮਿਲ ਕੀਤਾ ਗਿਆ ਹੈ।
6. ਭਿੰਡਰਾਂਵਾਲੇ ਸੰਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਆਪਣਾ ਮੋਰਚਾ ਖਤਮ ਕਰਕੇ ਅਕਾਲੀ ਦਲ ਦੇ ਮੋਰਚੇ ਵਿੱਚ ਸ਼ਾਮਿਲ ਹੋ ਜਾਣ।
7. ਅਪੀਲ ਕੀਤੀ ਗਈ ਕਿ ਸਾਰੇ ਸਿੱਖ ਵੱਖਰੇ-ਵੱਖਰੇ ਮੋਰਚੇ ਲਾਉਣ ਦੀ ਥਾਂ ਇਸ ਧਰਮ ਯੁੱਧ ਮੋਰਚੇ ਵਿੱਚ ਸ਼ਾਮਿਲ ਹੋ ਕੇ ਏਕਤਾ ਦਾ ਸਬੂਤ ਦੇਣ।
8. ਧਰਮ ਯੁੱਧ ਮੋਰਚਾ 04.08.82 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ਼ੁਰੂ ਕੀਤਾ ਜਾਵੇਗਾ ਅਤੇ ਅਕਾਲੀ ਦਲ ਵੱਲੋਂ ਪ੍ਰਕਾਸ਼ ਸਿੰਘ ਬਾਦਲ 4 ਅਗਸਤ ਨੂੰ ਗ੍ਰਿਫਤਾਰ ਹੋਣ ਵਾਲੇ ਜਥੇ ਦੀ ਅਗਵਾਈ ਕਰਨਗੇ।

ਇਨ੍ਹਾ ਮਤਿਆਂ ਨਾਲ ਜਨਰਲ ਇਜਲਾਸ ਦੀ ਸਮਾਪਤੀ ਕਰ ਦਿੱਤੀ ਗਈ ਅਤੇ ਸੰਤ ਭਿੰਡਰਾਂਵਾਲਿਆਂ ਵੱਲੋਂ ਕੀਤੇ ਜਾਣ ਵਾਲੇ ਪ੍ਰਤੀਕਰਮ ਦਾ ਇੰਤਜ਼ਾਰ ਕਰਨ ਲੱਗੇ। ਕੁਝ ਅਕਾਲੀ ਆਗੂ ਆਪਣੇ ਭੁਲੇਖਿਆਂ ਅਨੁਸਾਰ ਗਲਤ ਅੰਦਾਜ਼ੇ ਲਾ ਕੇ ਬੈਠੇ ਸਨ ਕਿ ਜਿਨੀ ਸਿੱਖ ਸੰਗਤਾਂ ਵਿੱਚ ਸੰਤ ਭਿੰਡਰਾਂਵਾਲਿਆਂ ਦੀ ਚੜ੍ਹਤ ਹੈ ਉਸ ਅਨੁਸਾਰ ਉਹ ਅਕਾਲੀ ਦਲ ਦੀ ਡਾਂਵਾਡੋਲ ਕਿਸ਼ਤੀ ਵਿੱਚ ਸਵਾਰ ਨਹੀਂ ਹੋਣ ਲੱਗੇ ਬਲਕਿ ਉਹ ਸਿੱਖ ਸਿਆਸਤ ਦੇ ਮਹਾਂਰਥੀ ਬਣ ਕੇ ਉੱਭਰਨਗੇ। ਇਸ ਤਰ੍ਹਾਂ ਸਭ ਦੇ ਆਪੋ ਆਪਣੇ ਅੰਦਾਜ਼ੇ ਅਤੇ ਕਿਆਸਰਾਈਆਂ ਸਨ।

ਅਗਲੇ ਦਿਨ ਸੰਤ ਭਿੰਡਰਾਂਵਾਲਿਆਂ ਨੇ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਜਿਥੇ 27 ਜੁਲਾਈ ਦੇ ਜਥੇ ਨੂੰ ਗ੍ਰਿਫਤਾਰੀ ਲਈ ਤੋਰਨਾ ਸੀ ਉਨ੍ਹਾਂ ਨੂੰ ਹਰ ਰੋਜ਼ ਦੀ ਤਰ੍ਹਾਂ ਕੁੱਝ ਬੇਨਤੀਆਂ ਕੀਤੀਆਂ ਕਿ ਜੇਲ੍ਹ ਅੰਦਰ ਨਾਮ ਸਿਮਰਨ ਅਤੇ ਵੱਧ ਤੋਂ ਵੱਧ ਗੁਰਬਾਣੀ ਪੜ੍ਹਨ ਵਿੱਚ ਸਮਾਂ ਗੁਜਾਰਨਾ ਹੈ ਕਿਉਂਕਿ ਬਾਣੀ ਦਾ ਹੀ ਸਭ ਤੋਂ ਵੱਡਾ ਆਸਰਾ ਹੈ ਅਤੇ ਨਾਲ ਹੀ ਉਨ੍ਹਾਂ ਨੇ ਆਖਿਆ ਕਿ ਕੱਲ੍ਹ ਸ਼੍ਰੋਮਣੀ ਅਕਾਲੀ ਦਲ ਨੇ ਜਨਰਲ ਇਜਲਾਸ ਵਿੱਚ ਜੋ ਫੈਸਲਾ ਲਿਆ ਹੈ ਮੈਂ ਪੂਰੀ ਤਰ੍ਹਾਂ ਉਸ ਫੈਸਲੇ ਦਾ ਸਵਾਗਤ ਕਰਦਾ ਹਾਂ। ਇਹ ਵੀ ਦੱਸਿਆ ਕਿ ਅਕਾਲੀ ਦਲ ਨੇ ਗ੍ਰਿਫਤਾਰੀਆਂ ਲਈ ਜਥੇ ਭੇਜਣ ਵਿੱਚ 10 ਦਿਨ ਦਾ ਵਕਫਾ ਪਾ ਦਿੱਤਾ ਹੈ ਜਿਸ ਦੀ ਜਰੂਰਤ ਨਹੀਂ ਸੀ। ਪਰ ਫਿਰ ਵੀ ਜੋ ਉਨ੍ਹਾਂ ਫੈਸਲਾ ਲਿਆ ਹੈ ਅਸੀਂ ਉਨ੍ਹਾਂ ਫੈਸਲਿਆਂ ਨਾਲ ਸਹਿਮਤ ਹਾਂ ਪਰ 4 ਅਗਸਤ ਤੱਕ ਰੋਜ਼ਾਨਾ ਉਸੇ ਤਰ੍ਹਾਂ ਹੀ ਜਥੇ ਭੇਜੇ ਜਾਇਆ ਕਰਨਗੇ ਭਾਵ ਜੋ 19 ਜੁਲਾਈ ਤੋਂ ਮੋਰਚਾ ਆਰੰਭ ਕੀਤਾ ਹੈ ਉਸ ਵਿੱਚ ਕੋਈ ਢਿੱਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ 4 ਅਗਸਤ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ

Scanned with CamScanner

ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਇਸ ਮੋਰਚੇ ਦੀ ਵਾਗਡੋਰ ਸੰਭਾਲਣਗੇ। ਉਨ੍ਹਾਂ ਨੂੰ ਧਰਮ ਯੁੱਧ ਮੋਰਚੇ ਦਾ ਡਿਕਟੇਕਟਰ ਬਣਾਇਆ ਗਿਆ ਹੈ। ਸੰਤਾਂ ਨੇ ਆਖਿਆ ਕਿ ਸੰਗਤਾਂ ਕਿਸੇ ਤਰ੍ਹਾਂ ਦੇ ਵੀ ਭਰਮ ਭੁਲੇਖੇ ਵਿੱਚ ਨਾ ਪੈਣ। ਮੋਰਚਾ ਚੜ੍ਹਦੀ ਕਲਾ ਵਿੱਚ ਚੱਲਦਾ ਰਹੇਗਾ, ਸੰਗਤਾਂ ਵੱਧ ਤੋਂ ਵੱਧ ਸਹਿਯੋਗ ਦੇਣ ਅਤੇ ਗ੍ਰਿਫਤਾਰੀਆਂ ਦੇਣ ਵਾਲੇ ਜੱਥਿਆਂ ਵਿੱਚ ਸ਼ਾਮਿਲ ਹੋ ਕੇ ਧਰਮ ਯੁੱਧ ਮੋਰਚੇ ਨੂੰ ਹੋਰ ਚੜ੍ਹਦੀ ਕਲਾ ਵਿੱਚ ਲੈ ਜਾਣ। ਉਨ੍ਹਾਂ ਨੇ ਆਖਿਆ ਕਿ ਖ਼ਾਲਸਾ ਪੰਥ ਵੱਲੋਂ ਇਕੱਠਿਆਂ ਹੋ ਕੇ ਜੋ ਹੰਭਲਾ ਮਾਰਨ ਬਾਰੇ ਸੋਚਿਆ ਜਾ ਰਿਹਾ ਹੈ ਇਸ ਵਿੱਚ ਜੇ ਸਾਰੇ ਸਿੱਖ ਲੀਡਰ ਸੁਹਿਰਦਤਾ ਨਾਲ ਸਿਰ ਜੋੜ ਕੇ ਚੱਲਣ ਤਾਂ ਆਪਾਂ ਸਾਰੇ ਰਲ ਕੇ ਜ਼ਾਲਮ ਸਰਕਾਰ ਦਾ ਨੱਕ ਵਿੱਚ ਦਮ ਕਰ ਦਿਆਂਗੇ। ਦੁਨੀਆਂ ਵਿੱਚ ਪਤਾ ਚੱਲ ਜਾਵੇਗਾ ਕਿ ਸ਼ਾਂਤਮਈ ਮੋਰਚਾ ਕੀ ਹੁੰਦਾ ਹੈ। ਸਰਕਾਰ ਜਿੰਨੇ ਵੱਡੇ ਮਰਜ਼ੀ ਪ੍ਰਬੰਧ ਕਰ ਲਵੇ ਪਰ ਸਿੱਖ ਸੰਗਤਾਂ ਦੇ ਹੜ੍ਹ ਸਾਹਮਣੇ ਇਨ੍ਹਾਂ ਦੇ ਕੀਤੇ ਸਭ ਪ੍ਰਬੰਧ ਛੋਟੇ ਪੈ ਜਾਣਗੇ। ਇਸ ਦੇ ਨਾਲ ਹੀ ਉਨ੍ਹਾਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ. ਸੁਖਜਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਆਪੋ ਆਪਣੇ ਤੌਰ 'ਤੇ ਲਾਏ ਮੋਰਚਿਆਂ ਨੂੰ ਛੱਡ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ ਮੋਰਚੇ ਵਿੱਚ ਸ਼ਾਮਿਲ ਹੋ ਜਾਣ ਤਾਂ ਕਿ ਜਿਨੀ ਸਿੱਖ ਸ਼ਕਤੀ ਨੂੰ ਵੱਧ ਇਕੱਤਰ ਕਰਾਂਗੇ ਉਨੀਂ ਜਲਦੀ ਸਾਨੂੰ ਕਾਮਯਾਬੀ ਮਿਲੇਗੀ। ਸੰਤਾਂ ਦੇ ਅੱਜ ਦੇ ਭਾਸ਼ਣ ਨੇ ਬਹੁਤ ਸਾਰੇ ਅਕਾਲੀ ਆਗੂਆਂ ਦੇ ਭਰਮ ਭੁਲੇਖੇ ਦੂਰ ਕਰ ਦਿੱਤੇ। ਅਸਲ ਵਿੱਚ ਨਿਸ਼ਚੇ ਹੀ ਸੰਤ ਭਿੰਡਰਾਂਵਾਲੇ ਨਿਸ਼ਕਾਮ ਸੇਵਾ ਭਾਵਨਾ ਨਾਲ ਖ਼ਾਲਸਾ ਪੰਥ ਦੀ ਸੇਵਾ ਕਰਨ ਲਈ ਦ੍ਰਿੜ੍ਹ ਸੰਕਲਪ ਸਨ।

ਜਥੇ ਭੇਜਣ ਦਾ ਪ੍ਰੋਗਰਾਮ ਜਾਰੀ ਰਿਹਾ

ਭਾਵੇਂ ਸ਼੍ਰੋਮਣੀ ਅਕਾਲੀ ਦਲ ਨੇ ਧਰਮ ਯੁੱਧ ਮੋਰਚੇ ਵਿੱਚ ਸ਼ਾਮਿਲ ਹੋ ਕੇ ਆਪਣੇ ਵੱਲੋਂ ਜੱਥੇ ਭੇਜਣ ਲਈ 4 ਅਗਸਤ ਦੀ ਤਰੀਕ ਨਿਸ਼ਚਤ ਕਰ ਲਈ ਸੀ ਪਰ ਜੋ ਸੰਤ ਭਿੰਡਰਾਵਾਲਿਆਂ ਨੇ 19 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੋਰਚਾ ਆਰੰਭ ਕੀਤਾ ਹੋਇਆ ਸੀ ਉਹ ਨਿਰੰਤਰ ਜਾਰੀ ਰਿਹਾ। ਰੋਜ਼ਾਨਾ ਸ਼ਾਮ ਤੱਕ ਮੰਜੀ ਸਾਹਿਬ ਵਿਖੇ ਦੀਵਾਨ ਹਾਲ ਵਿਚ ਦੀਵਾਨ ਸਜਦੇ, ਕਵੀਸ਼ਰੀ ਤੇ ਢਾਡੀ ਜਥਿਆਂ ਵੱਲੋਂ ਜੋਸ਼ੀਲੀਆਂ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਂਦਾ। ਅਖੀਰ ਜਥਾ ਤੁਰਨ ਤੋਂ ਪਹਿਲਾਂ ਸੰਤ ਭਿੰਡਰਾਂਵਾਲੇ ਆਪ ਤਕਰੀਰ ਕਰਦੇ। ਸੰਤਾਂ ਵੱਲੋਂ ਹੁਣ ਤੱਕ ਦੇ ਸਰਕਾਰਾਂ ਵੱਲੋਂ ਕੀਤੇ ਗਏ ਜ਼ੁਲਮਾਂ ਦਾ ਖੁਲਾਸਾ ਕੀਤਾ ਜਾਂਦਾ ਅਤੇ ਸਿੱਖ ਕੌਮ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਜਾਂਦਾ। 1978 ਤੋਂ ਲੈ ਕੇ ਅੱਜ ਤੱਕ ਸਿੱਖਾਂ ਨਾਲ ਹੋਈਆਂ ਬੇਇਨਸਾਫੀਆਂ ਬਾਰੇ ਦੱਸਿਆ ਜਾਂਦਾ। ਗ੍ਰਿਫਤਾਰੀ ਦੇਣ ਵਾਲੇ ਜਥੇ ਨੂੰ ਸੰਤਾਂ ਵੱਲੋਂ ਪ੍ਰੇਰਨਾ ਕੀਤੀ ਜਾਂਦੀ ਕਿ ਜੇਲ੍ਹ ਵਿੱਚ ਨਾਮ ਸਿਮਰਨ ਅਤੇ ਵੱਧ ਤੋਂ ਵੱਧ ਗੁਰਬਾਣੀ ਪੜ੍ਹਨ ਵਿੱਚ ਹੀ ਸਮਾਂ ਬਤੀਤ ਕਰਨਾ ਹੈ ਕਿਉਂਕਿ ਸਾਨੂੰ ਇਸ ਤੋਂ ਵਿੱਚ ਨਾਮ ਸਿਮਰਨ ਅਤੇ ਵੱਧ ਤੋਂ ਵੱਧ ਗੁਰਬਾਣੀ ਪੜ੍ਹਨ ਵਿੱਚ ਹੀ ਸਮਾਂ ਬਤੀਤ ਕਰਨਾ ਹੈ ਕਿਉਂਕਿ ਸਾਨੂੰ ਇਸ ਤੋਂ ਵੱਡਾ ਹੋਰ ਕੋਈ ਆਸਰਾ ਨਹੀਂ। ਉਹ ਸਰਕਾਰ ਨੂੰ ਵੀ ਚਿਤਾਵਨੀ ਦਿੰਦੇ ਕਿ ਜਦੋਂ ਤੱਕ ਨਿਰਦੋਸ਼ ਫੜੇ ਗਏ ਸਾਰੇ ਸਿੱਖਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਅਤੇ ਬਾਕੀ ਸਿੱਖਾਂ ਦੇ ਬਣਦੇ ਹੱਕ ਨਹੀਂ ਦਿੱਤੇ ਜਾਂਦੇ ਇਹ ਮੋਰਚਾ ਨਿਰੰਤਰ ਚੱਲਦਾ ਰਹੇਗਾ। ਇਸੇ ਤਰ੍ਹਾਂ 19 ਜੁਲਾਈ ਤੋਂ 3 ਅਗਸਤ ਤੱਕ ਸੰਤਾਂ ਵੱਲੋਂ ਗ੍ਰਿਫਤਾਰੀ ਲਈ ਜਥੇ ਭੇਜੇ ਜਾਂਦੇ ਅਤੇ ਇਸ ਤੋਂ ਬਾਅਦ ਵੀ ਲੰਮੀ ਲਿਸਟ ਤਿਆਰ ਸੀ ਜੋ ਸਿੱਖ ਆਪੋ ਆਪਣੇ ਇਲਾਕਿਆਂ ਤੋਂ ਜਥੇ ਭੇਜਣਾ ਚਾਹੁੰਦੇ ਸਨ। ਪਰ ਹੁਣ ਧਰਮਯੁੱਧ ਮੋਰਚੇ ਦੇ ਪ੍ਰਬੰਧਕਾਂ ਵੱਲੋਂ ਸਮਾਂ ਮਿਲਣ 'ਤੇ ਹੀ ਉਨ੍ਹਾਂ ਨੂੰ ਗ੍ਰਿਫਤਾਰੀ ਲਈ ਜਥਾ ਲੈ ਕੇ ਜਾਣ ਦੀ ਆਗਿਆ ਦਿੱਤੀ ਜਾ ਸਕਦੀ ਸੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਮ ਯੁਧ ਮੋਰਚੇ ਵਿੱਚ ਸ਼ਮੂਲੀਅਤ

ਸੰਤ ਭਿੰਡਰਾਂਵਾਲਿਆਂ ਵੱਲੋਂ 19 ਜੁਲਾਈ ਤੋਂ ਚਲਾਏ ਗਏ ਧਰਮ ਯੁੱਧ ਮੋਰਚੇ ਵਿੱਚ ਅੱਜ 4 ਅਗਸਤ 1982 ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੇਵਲ ਸ਼ਮੂਲੀਅਤ ਹੀ ਨਹੀਂ ਕੀਤੀ ਗਈ ਬਲਕਿ ਸੰਤ ਭਿੰਡਰਾਂਵਾਲਿਆਂ ਨਾਲ ਰਲ ਕੇ ਇਸ ਮੋਰਚੇ ਦਾ ਡਿਕਟੇਕਟਰ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਨਿਯੁਕਤ ਕਰ ਲਿਆ ਗਿਆ। ਇਸ ਲਈ ਚਾਰ ਅਗਸਤ ਦਾ ਗ੍ਰਿਫਤਾਰੀ ਲਈ ਭੇਜਿਆ ਜਾਣ ਵਾਲਾ ਜੱਥਾ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਜਾ ਰਿਹਾ ਸੀ। ਕਾਫੀ ਵੱਡੇ ਜਥੇ ਦੀ ਅਗਵਾਈ ਕਰਕੇ ਜਾਣ ਲਈ ਸ. ਪ੍ਰਕਾਸ਼ ਸਿੰਘ

Scanned with CamScanner



19 ਜੁਲਾਈ 1982 ਨੂੰ ਸਿੰਘਾਂ ਦੀ ਰਿਹਾਈ ਲਈ ਮੋਰਚਾ ਲਾਉਣ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਸੰਗਤਾਂ ਨੂੰ ਸੰਬੋਧਨ ਕਰਕੇ ਪਹਿਲੇ ਜਥੇ ਦੀ ਗ੍ਰਿਫ਼ਤਾਰ ਲਈ ਰਵਾਨਗੀ ਦੇਣ ਸਮੇਂ ਦਾ ਦ੍ਰਿਸ਼।

Scanned with CamScanner



4 ਅਗਸਤ 1982 ਨੂੰ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਵੱਡੀ ਗਿਣਤੀ ਵਿੱਚ ਧਰਮ ਯੁੱਧ ਮੋਰਚੇ ਲਈ ਗ੍ਰਿਫ਼ਤਾਰੀ ਦੇਣ ਸਮੇਂ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਸੰਤ ਭਿੰਡਰਾਂਵਾਲੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਅਤੇ ਸਟੇਜ 'ਤੇ ਬੈਠੇ ਹੋਏ ਅਕਾਲੀ ਲੀਡਰ।



ਸ੍ਰੀ ਅੰਮ੍ਰਿਤਸਰ ਦੇ ਸਮੂਹ ਪੱਤਰਕਾਰਾਂ ਨਾਲ ਸੰਤ ਭਿੰਡਰਾਂਵਾਲੇ।



ਧਰਮ ਯੁੱਧ ਮੋਰਚੇ ਦੌਰਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਦਇਆ ਸਿੰਘ ਜੀ ਸੁਰ ਸਿੰਘ ਵਾਲੇ, ਸੰਤ ਭਿੰਡਰਾਂਵਾਲੇ ਅਤੇ ਹੋਰ ਸਿੰਘ।

ਸੁਹਿਰਦ ਸੰਤ ਖ਼ਾਲਸਾ

Scanned with CamScanner




ਉੱਪਰਲੀ ਤਸਵੀਰ 'ਚ ਸੀਨੀਅਰ ਵਕੀਲ ਸ. ਬਲਦੇਵ ਸਿੰਘ ਬਿੰਦਰਾ ਅਤੇ ਹੇਠਲੀ ਤਸਵੀਰ 'ਚ ਸੀਨੀਅਰ ਵਕੀਲ ਸ. ਪੂਰਨ ਸਿੰਘ ਹੁੰਦਲ ਨੂੰ ਸੰਤ ਭਿੰਡਰਾਂਵਾਲੇ ਸਨਮਾਨਿਤ ਕਰਦੇ ਹੋਏ।

ਸੁਹਿਰਦ ਸੰਤ ਖ਼ਾਲਸਾ

Scanned with CamScanner





ਸਾਬਕਾ ਸਿੱਖ ਫੌਜੀਆਂ ਦੀ ਕਨਵੈਨਸ਼ਨ ਸਮੇਂ ਸੰਤ ਭਿੰਡਰਾਂਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਹੋਏ ਅਤੇ ਸੰਗਤ ਵਿੱਚ ਸਮੂਹ ਅਕਾਲੀ ਲੀਡਰ ਅਤੇ ਸਾਬਕਾ ਫੌਜੀ।

Scanned with CamScanner

ਬਾਦਲ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਪਹੁੰਚੇ। ਅੱਜ ਬਹੁਤ ਸਾਰੇ ਅਕਾਲੀ ਲੀਡਰਾਂ, ਪੱਤਰਕਾਰਾਂ, ਸੰਤਾਂ ਮਹਾਪੁਰਖਾਂ ਅਤੇ ਹੋਰ ਕੁਝ ਪੰਥਕ ਵਿਅਕਤੀਆਂ ਵੱਲੋਂ ਖਾਸ ਤਵੱਜੋ ਨਾਲ ਸਟੇਜ ਦੀ ਕਾਰਵਾਈ ਨੂੰ ਵੇਖਿਆ ਜਾ ਰਿਹਾ ਸੀ ਕਿ ਸੰਤ ਲੌਂਗੋਵਾਲ ਕੀ ਬੋਲਦੇ ਹਨ ਅਤੇ ਸੰਤ ਭਿੰਡਰਾਂਵਾਲੇ ਕੀ ਵਿਸ਼ੇਸ਼ ਵਿਚਾਰ ਦੇਣਗੇ? ਜਥੇਦਾਰ ਗੁਰਚਰਨ ਸਿੰਘ ਟੋਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਸਟੇਜ 'ਤੇ ਮੌਜੂਦ ਸੀ। ਉਧਰ ਸੰਤ ਭਿੰਡਰਾਂ ਵਾਲਿਆਂ ਦੇ ਸਹਿਯੋਗੀ ਅਤੇ ਸ. ਹਰਮਿੰਦਰ ਸਿੰਘ ਸੰਧੂ ਸਮੇਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਲੀਡਰਸ਼ਿਪ ਵੀ ਮੌਜੂਦ ਸੀ।

ਸੰਤ ਭਿੰਡਰਾਂਵਾਲਿਆਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਅਸੀਂ ਪੰਜਾਬ ਅਤੇ ਕੇਂਦਰ ਸਰਕਾਰ ਦੇ ਜ਼ੁਲਮੀ ਰਵੱਈਏ ਵਿਰੁੱਧ ਮੋਰਚਾ ਲਾਇਆ ਹੈ। ਬਿਨਾਂ ਕਾਰਨ ਹੀ ਭਾਈ ਕੁਲਵੰਤ ਸਿੰਘ ਨਾਗੋਕੇ ਵਰਗੇ ਸਿੰਘਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕੀਤਾ ਜਾ ਚੁੱਕਾ ਹੈ ਅਤੇ ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਸਮੇਤ ਦਮਦਮੀ ਟਕਸਾਲ ਦੇ ਹੋਰ ਬਹੁਤ ਸਾਰੇ ਸੀਨੀਅਰ ਮੈਂਬਰਾਂ ਨੂੰ ਝੂਠੇ ਕੇਸ ਪਾ ਕੇ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ ਜਿਨ੍ਹਾਂ ਦੀ ਰਿਹਾਈ ਲਈ ਇਹ ਮੋਰਚਾ ਆਰੰਭ ਕੀਤਾ ਸੀ। ਪਰ ਹੁਣ ਗੱਲ ਇੱਥੇ ਹੀ ਸੀਮਿਤ ਨਹੀਂ ਰਹੀ ਬਲਕਿ ਸ਼੍ਰੋਮਣੀ ਅਕਾਲੀ ਦਲ ਨੇ ਮੇਰੇ ਨਾਲ ਕਾਫੀ ਗੰਭੀਰ ਵਿਚਾਰਾਂ ਕਰਨ ਉਪਰੰਤ ਇਸ ਮੋਰਚੇ ਦੀ ਵਾਗਡੋਰ ਸੰਭਾਲੀ ਹੈ ਅਤੇ ਇਹ ਫੈਸਲਾ ਲਿਆ ਹੈ ਕਿ "ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਤੱਕ" ਇਹ ਮੋਰਚਾ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਮੈਂ ਫਖਰ ਮਹਿਸੂਸ ਕਰਦਾ ਹਾਂ ਕਿ ਪੰਥਕ ਆਗੂਆਂ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਅਤੇ ਸਰਕਾਰੀ ਜ਼ੁਲਮ ਦਾ ਟਾਕਰਾ ਕਰਨ ਲਈ ਇੱਕਜੁਟ ਹੋ ਕੇ ਜੂਝਣ ਲਈ ਕਦਮ ਵਧਾਏ ਹਨ। ਏਕਤਾ ਸਭ ਤੋਂ ਵੱਡੀ ਸ਼ਕਤੀ ਹੁੰਦੀ ਹੈ ਅਤੇ ਆਪਸੀ ਇੱਕਤਰਤਾ ਨਾਲ ਵੱਡੇ ਤੋਂ ਵੱਡੇ ਮਸਲੇ ਹੱਲ ਕੀਤੇ ਜਾ ਸਕਦੇ ਹਨ। ਜਿਥੇ ਮੈਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਹਰ ਢੰਗ ਨਾਲ ਟਕਸਾਲ ਵੱਲੋਂ ਸੰਗਤਾਂ ਵੱਲੋਂ ਅਤੇ ਨਿੱਜੀ ਤੌਰ 'ਤੇ ਇਸ ਮੋਰਚੇ ਦਾ ਸਾਥ ਨਿਭਾਵਾਂਗਾ। ਇਸਦੇ ਨਾਲ ਹੀ ਮੈਂ ਬੇਨਤੀ ਕਰਦਾ ਹਾਂ ਕਿ ਇਸ ਮੋਰਚੇ ਤੋਂ ਪਾਸੇ ਰਹਿ ਚੁੱਕੇ ਆਗੂਆਂ ਨੂੰ ਵੀ ਇਸ ਵਿੱਚ ਸ਼ਾਮਿਲ ਕਰਨ ਦਾ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। ਉਨ੍ਹਾਂ ਖਾਸ ਕਰਕੇ ਅਕਾਲੀ ਲੀਡਰਸ਼ਿਪ ਨੂੰ ਕਿਹਾ ਕਿ ਭਰੋਸਾ ਰੱਖੋ, ਮੈਂ ਕੋਈ ਰਾਜਸੀ ਅਹੁਦਾ ਨਹੀਂ ਲੈਣਾ ਐਵੇਂ ਗਲਤਫਹਿਮੀਆਂ ਵਿੱਚ ਹੀ ਕਈ ਵਾਰ ਦੂਰੀਆਂ ਵੱਧ ਜਾਂਦੀਆਂ ਹਨ। ਮੇਰੀ ਇੱਕੋ ਮਨਸ਼ਾ ਹੈ ਕਿ ਸਮੁੱਚਾ ਖ਼ਾਲਸਾ ਪੰਥ ਚੜ੍ਹਦੀ ਕਲਾ ਵਿੱਚ ਹੋਵੇ, ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਬਹੁਤ ਚੜ੍ਹਦੀ ਕਲਾ ਨਾਲ ਧਰਮ ਯੁੱਧ ਮੋਰਚੇ ਵਿੱਚ ਗ੍ਰਿਫਤਾਰੀਆਂ ਦੇਣ ਲਈ ਵੱਡੀ ਪੱਧਰ 'ਤੇ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ।

ਇਸ ਤੋਂ ਉਪਰੰਤ ਜਥੇਦਾਰ ਗੁਰਚਰਨ ਸਿੰਘ ਟੋਹੜਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਸਭ ਸਮਝਦੇ ਹਾਂ ਕਿ ਕੇਂਦਰ ਸਰਕਾਰ ਸਿੱਖ ਕੌਮ ਨਾਲ ਕੇਵਲ ਵਿਤਕਰਾ ਹੀ ਨਹੀਂ ਕਰ ਰਹੀ ਬਲਕਿ ਜ਼ੁਲਮ ਵੀ ਕਰ ਰਹੀ ਹੈ ਜਿਸ ਕਾਰਨ ਧਰਮ ਯੁੱਧ ਮੋਰਚਾ ਆਰੰਭ ਹੋਇਆ ਹੈ। ਉਨ੍ਹਾਂ ਕਿਹਾ ਕਿ ਦੋਵੇਂ ਸੰਤਾਂ ਨੇ ਮਿਲ ਕੇ ਇਹ ਕਾਰਜ ਸਾਂਭਣਾ ਹੈ ਜੋ ਆਨੰਦਪੁਰ ਦੇ ਮਤੇ ਦੀ ਪ੍ਰਾਪਤੀ ਤੱਕ ਜਾਰੀ ਰਹੇਗਾ। ਮੈਂ ਇਹ ਵੀ ਆਸ ਕਰਦਾ ਹਾਂ ਕਿ ਜਿਸ ਢੰਗ ਨਾਲ ਮੋਰਚੇ ਦੀ ਰੂਪ-ਰੇਖਾ ਬਣਦੀ ਜਾ ਰਹੀ ਹੈ, ਖ਼ਾਲਸਾ ਪੰਥ ਨੂੰ ਜ਼ਰੂਰ ਫ਼ਤਿਹ ਮਿਲੇਗੀ।

ਅਖੀਰ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਮਦਮੀ ਟਕਸਾਲ ਦੀਆਂ ਬਹੁਤ ਵੱਡੀਆਂ ਕੁਰਬਾਨੀਆਂ ਹਨ। ਇਸ ਦੇ ਮੁਖੀ ਮਹਾਂਪੁਰਖ ਕਹਿਣੀ ਕਰਨੀ ਦੇ ਪੂਰੇ ਹੁੰਦੇ ਹਨ। ਇਸ ਲਈ ਸਾਨੂੰ ਮਾਣ ਹੈ ਕਿ ਦਮਦਮੀ ਟਕਸਾਲ ਦੇ ਮੁਖੀ ਮਹਾਂਪੁਰਖ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਜਿਸ ਦੂਰ ਦ੍ਰਿਸ਼ਟੀ ਨਾਲ ਇਸ ਮੋਰਚੇ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਨੂੰ ਸੌਂਪੀ ਹੈ ਇਹ ਵੀ ਆਪਣੀ ਮਿਸਾਲ ਆਪ ਹੀ ਹੈ। ਮੈਂ ਸਮੁੱਚੇ ਅਕਾਲੀ ਦਲ ਵੱਲੋਂ ਸੰਤ ਭਿੰਡਰਾਂਵਾਲਿਆਂ ਨੂੰ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਇਸ ਮੋਰਚੇ ਸਬੰਧੀ ਕੋਈ ਵੀ ਫੈਸਲਾ ਤੁਹਾਡੀ ਸਹਿਮਤੀ ਤੋਂ ਬਿਨਾਂ ਨਹੀਂ ਕੀਤਾ ਜਾਵੇਗਾ। ਬਲਕਿ ਤੁਸੀਂ ਆਪਣਾ ਰੁਤਬਾ ਅਤੇ ਅਸਰ ਰਸੂਖ ਵਰਤ ਕੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ. ਸੁਖਜਿੰਦਰ ਸਿੰਘ ਆਦਿ ਆਗੂਆਂ ਨੂੰ ਵੀ ਅਤੇ ਅਸਰ ਰਸੂਖ ਵਰਤ ਕੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ. ਸੁਖਜਿੰਦਰ ਸਿੰਘ ਆਦਿ ਆਗੂਆਂ ਨੂੰ ਵੀ ਇਸ ਮੋਰਚੇ ਵਿੱਚ ਸ਼ਾਮਿਲ ਕਰ ਲਵੋ, ਕਿਉਂਕਿ ਉਨ੍ਹਾਂ ਦਾ ਵੀ ਇਹੀ ਮਨੋਰਥ ਹੈ ਕਿ ਅਨੰਦਪੁਰ ਮਤੇ ਦੀ ਪ੍ਰਾਪਤੀ ਕਰਕੇ ਇਸ ਮੋਰਚੇ ਵਿੱਚ ਸ਼ਾਮਿਲ ਕਰ ਲਵੋ, ਕਿਉਂਕਿ ਉਨ੍ਹਾਂ ਦਾ ਵੀ ਇਹੀ ਮਨੋਰਥ ਹੈ ਕਿ ਅਨੰਦਪੁਰ ਮਤੇ ਦੀ ਪ੍ਰਾਪਤੀ ਕਰਕੇ ਸਿੱਖਾਂ ਨੂੰ ਖੁਦ ਮੁਖਤਿਆਰੀ ਮਿਲ ਸਕੇ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅਤੇ ਵਰਕਰਾਂ ਨੂੰ ਵੀ ਅਪੀਲ

Scanned with CamScanner

ਕੀਤੀ ਕਿ ਸਾਨੂੰ ਪੂਰੀ ਤਨਦੇਹੀ ਨਾਲ ਇਸ ਮੋਰਚੇ ਦੀ ਕਾਮਯਾਬੀ ਲਈ ਦਿਨ ਰਾਤ ਇੱਕ ਕਰ ਦੇਣਾ ਚਾਹੀਦਾ ਹੈ। ਇਸ ਤੋਂ ਬਾਅਦ ਇੱਕ ਬਹੁਤ ਵੱਡਾ ਜਥਾ ਜਿਸਦੀ ਗਿਣਤੀ ਹਜ਼ਾਰਾਂ ਵਿੱਚ ਸੀ, ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਗ੍ਰਿਫ਼ਤਾਰੀ ਦੇਣ ਲਈ ਚੱਲਿਆ, ਜੋ ਜੈਕਾਰਿਆਂ ਦੀ ਗੂੰਜ ਨਾਲ ਮੰਜੀ ਸਾਹਿਬ ਦੀਵਾਨ ਹਾਲ ਤੋਂ ਤੁਰਿਆ ਅਤੇ ਪੰਥਕ ਨਾਅਰੇ ਲਾਉਂਦੇ ਹੋਏ ਗ੍ਰਿਫ਼ਤਾਰੀ ਦੇ ਦਿੱਤੀ।

ਸੰਤ ਭਿੰਡਰਾਂਵਾਲੇ ਹਮੇਸ਼ਾ ਗੁਰਮਤਿ ਵਾਲੀ ਸ਼ਬਦਾਵਲੀ ਹੀ ਵਰਤਦੇ

ਭਾਵੇਂ ਸਟੇਜ 'ਤੇ ਲੈਕਚਰ ਕਰਨ, ਕਥਾ ਕਰਨ, ਸਾਧਾਰਨ ਰੂਪ ਵਿੱਚ ਸੰਗਤਾਂ ਨੂੰ ਸੰਬੋਧਨ ਕਰਨ, ਖੁਸ਼ੀ ਵਿੱਚ ਹੋਣ, ਬੀਰ ਰਸ ਵਿੱਚ ਹੋਣ, ਵੱਡੇ ਤੋਂ ਵੱਡੇ ਮਸਲੇ 'ਤੇ ਗੱਲਬਾਤ ਚੱਲ ਰਹੀ ਹੋਵੇ, ਭਾਵੇਂ ਮਾਹੌਲ ਵੀ ਸੁਖਾਵਾਂ ਨਾ ਹੋਵੇ, ਹੋਰ ਸਿੱਖ ਆਗੂਆਂ ਨਾਲ ਗੱਲਬਾਤ ਹੁੰਦੀ ਹੋਵੇ ਜਾਂ ਪ੍ਰੈਸ ਨੂੰ ਸੰਬੋਧਨ ਕਰਦੇ ਹੋਣ ਇੱਥੋਂ ਤੱਕ ਕਿ ਭਾਵੇਂ ਕਿਸੇ ਜ਼ੁਲਮ ਕਰਨ ਵਾਲੇ ਜ਼ਾਲਮ ਨੂੰ ਚਿਤਾਵਨੀ ਵੀ ਕਿਉਂ ਨਾ ਦਿੰਦੇ ਹੋਣ, ਸੰਤ ਭਿੰਡਰਾਂਵਾਲੇ ਹਮੇਸ਼ਾ ਹੀ ਗੁਰਮਤਿ ਅਸੂਲਾਂ ਦਾ ਖਿਆਲ ਰੱਖਦੇ। ਕਿਸੇ ਨੂੰ ਵੀ ਅਪਸ਼ਬਦ ਜਾਂ ਅਸੱਭਿਅਕ ਸ਼ਬਦ ਨਹੀਂ ਸਨ ਬੋਲਦੇ। ਪ੍ਰੈਸ ਵਿੱਚ ਜੋ ਕੁਝ ਕਹਿਣਾ ਹੁੰਦਾ ਬਹੁਤ ਸੋਚ ਵਿਚਾਰ ਕੇ ਕਹਿੰਦੇ ਅਤੇ ਆਪਣੇ ਵੱਲੋਂ ਕਹੀ ਗੱਲ ਦਾ ਕਦੇ ਖੰਡਨ ਨਹੀਂ ਸਨ ਕਰਦੇ। ਆਮ ਵਿਚਾਰਾਂ ਕਰਦਿਆਂ ਵੀ ਜੇਕਰ ਗੁਰੂ ਸਾਹਿਬਾਨ ਦਾ ਜ਼ਿਕਰ ਕਰਦੇ ਤਾਂ ਬਹੁਤ ਹੀ ਸਤਿਕਾਰ ਸਹਿਤ ਸਤਿਗੁਰੂ ਜੀ ਦਾ ਨਾਮ ਲੈਂਦੇ ਸਨ। ਜਿਨੀ ਮਰਜ਼ੀ ਬਾਹਲੀ ਹੋਵੇ ਪਰ ਜਿਸ ਸਬੰਧ ਵਿੱਚ ਗੱਲ ਕੀਤੀ ਜਾ ਰਹੀ ਹੁੰਦੀ ਉਸ ਨੂੰ ਪੂਰੀ ਤਰ੍ਹਾਂ ਸਮਝਾ ਕੇ ਅੱਗੇ ਚੱਲਦੇ। ਜੇਕਰ ਕਿਸੇ ਸ਼ਹੀਦ ਸਿੰਘ ਜਾਂ ਪੁਰਾਤਨ ਗੁਰਸਿੱਖਾਂ ਦਾ ਜ਼ਿਕਰ ਆਉਂਦਾ ਤਦ ਵੀ ਉਨ੍ਹਾਂ ਪ੍ਰਤੀ ਸਤਿਕਾਰ ਸਹਿਤ ਸ਼ਬਦਾਵਲੀ ਨਾਲ ਸੰਬੋਧਨ ਹੁੰਦੇ। ਜੇਕਰ ਸਿੱਖ ਵਿਰੋਧੀ ਤਾਕਤਾਂ ਨੂੰ ਤਾੜਨਾ ਕਰਨੀ ਹੁੰਦੀ ਤਾਂ ਵੀ ਸ਼ਬਦਾਵਲੀ ਸਦਾਚਾਰ ਵਾਲੀ ਹੀ ਹੁੰਦੀ। ਗੱਲ ਭਾਵੇਂ ਸਖਤ ਕਹਿ ਦਿੰਦੇ ਸਨ ਪਰ ਕਦੇ ਅਜਿਹਾ ਵੇਖਣ ਵਿੱਚ ਨਹੀਂ ਮਿਲਿਆ ਜਿਸ ਕਾਰਨ ਸੰਤਾਂ ਦੀ ਕਹੀ ਗਈ ਗੱਲ 'ਤੇ ਉਂਗਲ ਉੱਠ ਸਕਦੀ ਹੋਵੇ ਜਾਂ ਕਿੰਤੂ ਪਰੰਤੂ ਕੀਤਾ ਜਾ ਸਕਦਾ ਹੋਵੇ। ਬਲਕਿ ਕੋਈ ਮਿਲਣ ਵਾਲਾ ਦੂਸਰਾ ਵਿਅਕਤੀ ਕਿਸੇ ਤੀਸਰੇ ਵਿਅਕਤੀ ਸਬੰਧੀ ਗੈਰ ਸੱਭਿਅਕ ਸ਼ਬਦਾਂ ਦੀ ਵਰਤੋਂ ਕਰਕੇ ਸੰਬੋਧਨ ਕਰਦਾ ਤਾਂ ਉਸ ਨੂੰ ਵੀ ਟੋਕ ਦਿੰਦੇ ਸਨ। ਕਥਾ ਕਰਦਿਆਂ ਹੋਇਆਂ ਗੈਰ ਸਿੱਖ ਧਰਮਾਂ ਦੀਆਂ ਇਤਿਹਾਸਕ ਉਦਾਹਰਨਾਂ ਦੇਣੀਆਂ ਹੁੰਦੀਆਂ ਤਾਂ ਵੀ ਅਸਲੀਅਤ ਦੇ ਦਾਇਰੇ ਵਿੱਚ ਰਹਿ ਕੇ ਬੋਲ ਬਾਣੀ ਦੇ ਸਦਾਚਾਰ ਦਾ ਹਮੇਸ਼ਾ ਖਿਆਲ ਰੱਖਦੇ। ਇਹੀ ਕਾਰਨ ਸੀ ਕਿ ਦੇਸ਼ ਵਿਦੇਸ਼ ਦੇ ਗੈਰ ਸਿੱਖ ਆਗੂ ਵੀ ਸੰਤਾਂ ਨੂੰ ਮਿਲਣ ਆਉਂਦੇ ਅਤੇ ਕਈ ਤਰ੍ਹਾਂ ਦੇ ਕਟਾਖਸ਼ ਭਰੇ ਤਿੱਖੇ ਪ੍ਰਸ਼ਨ ਕਰਦੇ ਪਰ ਸੰਤਾਂ ਵੱਲੋਂ ਢੁੱਕਵਾਂ ਉੱਤਰ ਮਿਲਣ 'ਤੇ ਤਸੱਲੀ ਮਹਿਸੂਸ ਕਰਦੇ। ਬਹੁਤ ਵਾਰੀ ਅਜਿਹਾ ਵੀ ਹੋਇਆ ਕਿ ਮਿਲਣ ਵਾਲੇ ਅਜਨਬੀ ਆਗੂ ਮਿਲਣ ਸਮੇਂ ਵਿਚਾਰਾਂ ਦੇ ਆਦਾਨ-ਪ੍ਰਦਾਨ ਤੋਂ ਬਾਅਦ ਇਹੀ ਕਹਿੰਦੇ ਕਿ ਅਸੀਂ ਤੁਹਾਡੀਆਂ ਵਿਚਾਰਾਂ ਨਾਲ ਸਹਿਮਤ ਹਾਂ ਅਤੇ ਧਰਮ ਯੁੱਧ ਮੋਰਚੇ ਨਾਲ ਵੀ। ਇੱਥੇ ਹੀ ਬੱਸ ਨਹੀਂ ਪੰਜਾਬ ਵਿਚਲੇ ਬਹੁਤ ਸਾਰੇ ਨੌਜਵਾਨ ਵੀ ਸੰਤਾਂ ਕੋਲ ਇਸ ਭਾਵਨਾ ਨਾਲ ਜਾਂਦੇ ਕਿ ਉਨ੍ਹਾਂ ਤੋਂ ਕਈ ਸਾਰੀਆਂ ਗੱਲਾਂ ਦਾ ਉੱਤਰ ਲੈਣਾ ਹੈ। ਪਰ ਵਿਚਾਰਾਂ ਕਰਨ ਉਪਰੰਤ ਪੂਰੀ ਤਰ੍ਹਾਂ ਸੰਤਾਂ ਨਾਲ ਕੇਵਲ ਸਹਿਮਤ ਹੀ ਨਹੀਂ ਸਨ ਹੁੰਦੇ ਬਲਕਿ ਉਨ੍ਹਾਂ ਦੇ ਹੀ ਬਣ ਕੇ ਰਹਿ ਜਾਂਦੇ ਸਨ।

ਸੰਤਾਂ ਵੱਲੋਂ ਜਥੇਦਾਰ ਤਲਵੰਡੀ ਨੂੰ ਧਰਮਯੁੱਧ ਮੋਰਚੇ ਵਿੱਚ ਸ਼ਾਮਿਲ ਲਈ ਕਹਿਣਾ

4 ਅਗਸਤ ਦੀ ਰਾਤ ਨੂੰ ਇੱਕ ਵਾਰ ਫਿਰ ਸੰਤ ਲੌਂਗੋਵਾਲ ਨੇ ਸੰਤ ਭਿੰਡਰਾਂਵਾਲਿਆਂ ਨੂੰ ਕਿਹਾ ਕਿ ਜਥੇਦਾਰ ਜਗਦੇਵ ਸਿੰਘ ਤਲਵੰਡੀ ਤੁਹਾਡੇ ਉੱਦਮ ਨਾਲ ਹੀ ਧਰਮ ਯੁੱਧ ਮੋਰਚੇ ਵਿੱਚ ਸ਼ਾਮਿਲ ਹੋ ਸਕਦਾ ਹੈ, ਨਹੀਂ ਤਾਂ ਉਹ ਬਹੁਤ ਜ਼ਿੱਦੀ ਸੁਭਾਅ ਦਾ ਵਿਅਕਤੀ ਹੈ। ਇਸ ਲਈ ਤੁਸੀਂ ਆਪ ਯਤਨ ਕਰੋ। ਅਸਲ ਵਿੱਚ ਸੰਤ ਭਿੰਡਰਾਂਵਾਲੇ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਆਪਸੀ ਦੂਰੀ ਅਤੇ ਆਪਸੀ ਨੇੜਤਾ ਇੱਕ ਭੇਦ ਬਣਿਆ ਹੋਇਆ ਸੀ।

1978 ਦੀ ਲੁਧਿਆਣਾ ਵਿਖੇ ਹੋਈ ਸਰਬ ਹਿੰਦ ਅਕਾਲੀ ਕਾਨਫਰੰਸ ਦੌਰਾਨ ਸੰਤਾਂ ਵੱਲੋਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਹਾਥੀ ਉਪਰ ਚੜ੍ਹਨ 'ਤੇ ਕੁੱਝ ਧਾਰਮਿਕ

Scanned with CamScanner

ਅਸੂਲੀ ਇਤਰਾਜ਼ ਉਠਾਏ ਸਨ ਜਿਨ੍ਹਾਂ ਦਾ ਪ੍ਰਗਟਾਵਾ ਉਨ੍ਹਾਂ ਨੇ ਇਸ ਕਾਨਫਰੰਸ ਦੀ ਸਟੇਜ ਤੋਂ ਹੀ ਕੀਤਾ ਸੀ। ਜਿਸ ਕਾਰਨ ਜਥੇਦਾਰ ਤਲਵੰਡੀ ਨਾਰਾਜ਼ ਹੋ ਗਏ ਸਨ (ਜਿਸਦਾ ਖੁਲਾਸਾ ਪਿੱਛੇ ਕਰ ਆਏ ਹਾਂ)। ਇਸ ਦੇ ਬਾਵਜੂਦ ਸੰਤ ਭਿੰਡਰਾਂਵਾਲੇ ਜਥੇਦਾਰ ਤਲਵੰਡੀ ਨੂੰ ਹੋਰਨਾਂ ਅਕਾਲੀ ਨੇਤਾਵਾਂ ਨਾਲੋਂ ਵੱਧ ਅਸੂਲੀ ਅਤੇ ਨਿੱਤਨੇਮੀ ਮੰਨਦੇ ਸਨ। ਇਹੀ ਕਾਰਨ ਸੀ ਕਿ ਜਥੇਦਾਰ ਤਲਵੰਡੀ ਨੇ ਵੀ ਭਾਵੇਂ ਗਰਮਾ-ਗਰਮੀ ਅੰਦਰ ਸੰਤਾਂ ਵੱਲੋਂ ਕਹੀਆਂ ਸਿਧਾਂਤਕ ਗੱਲਾਂ ਦਾ ਵਿਰੋਧ ਕੀਤਾ ਸੀ ਪਰ ਉਸ ਦੇ ਮਨ ਅੰਦਰ ਦਮਦਮੀ ਟਕਸਾਲ ਅਤੇ ਇਸ਼ ਦੇ ਮੁਖੀ ਪ੍ਰਤੀ ਸ਼ਰਧਾ ਸੀ। ਲੁਧਿਆਣਾ ਕਾਨਫਰੰਸ ਤੋਂ ਕੁੱਝ ਮਹੀਨੇ ਬਾਅਦ ਜਥੇਦਾਰ ਤਲਵੰਡੀ ਸੰਤਾਂ ਨੂੰ ਬਿਨਾਂ ਦੱਸੇ ਹੀ ਜਥੇ ਦੇ ਕੇਂਦਰੀ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਆਇਆ। ਉਸ ਸਮੇਂ ਸੰਤ ਵਿਦਿਆਲੇ ਵਿੱਚ ਵਿਦਿਆਰਥੀਆਂ ਨੂੰ ਸੈਂਥਿਆ ਪੜ੍ਹਾ ਰਹੇ ਸਨ। ਜਦੋਂ ਸੈਂਥਿਆ ਦੀ ਸਮਾਪਤੀ ਹੋਈ ਤਾਂ ਕਿਸੇ ਨੇ ਦੱਸਿਆ ਜਥੇਦਾਰ ਤਲਵੰਡੀ ਆਪ ਜੀ ਨੂੰ ਮਿਲਣ ਆਏ ਹਨ। ਸੰਤਾਂ ਨੇ ਕਿਹਾ ਕਿ ਉਨ੍ਹਾਂ ਨੂੰ ਇੱਥੇ ਹੀ ਲੈ ਆਓ। ਝੱਤਿਹ ਬੁਲਾਉਣ ਉਪਰੰਤ ਸੰਤਾਂ ਦੇ ਬਿਲਕੁਲ ਨੇੜੇ ਦਰੀ ਉੱਪਰ ਹੀ ਜਥੇਦਾਰ ਤਲਵੰਡੀ ਵੀ ਬੈਠ ਗਏ। ਸੰਤਾਂ ਨੇ ਵਿਅੰਗਮਈ ਸ਼ਬਦਾਂ ਵਿੱਚ ਇੱਕ ਸਿੰਘ ਨੂੰ ਕਿਹਾ ਭਾਈ ਜਥੇਦਾਰ ਤਲਵੰਡੀ ਦੀ ਕਾਰ ਵਿੱਚੋਂ ਗਿਰੀਆਂ ਵਾਲੀਆਂ ਬੋਰੀਆਂ ਕੱਢ ਲਿਆਓ। (ਅਸਲ ਵਿੱਚ ਇਹ ਸ਼ਬਦ ਜਥੇਦਾਰ ਤਲਵੰਡੀ ਨੇ ਲੁਧਿਆਣਾ ਕਾਨਫਰੰਸ ਵਿੱਚ ਕਹੇ ਸਨ, ਕਿ ਇਹ ਬਦਾਮਾਂ ਦੀਆਂ ਗਿਰੀਆਂ ਖਾਣ ਵਾਲੇ ਸਾਧ ਸਾਨੂੰ ਸਿੱਖਿਆ ਦਿੰਦੇ ਹਨ)। ਜਥੇਦਾਰ ਤਲਵੰਡੀ ਨੇ ਸੰਤਾਂ ਤੋਂ ਇਹ ਬਚਨ ਸੁਣਦਿਆਂ ਹੀ ਕਿਹਾ ਕਿ ਹੁਣ ਛੱਡ ਦਿਓ ਪੁਰਾਣੀਆਂ ਗੱਲਾਂ ਨੂੰ, ਇੰਨਾ ਕਹਿੰਦਿਆਂ ਹੀ ਉਸ ਨੇ ਸੰਤਾਂ ਦੇ ਚਰਨਾਂ ਨੂੰ ਹੱਥ ਲਾਉਣਾ ਚਾਹਿਆ ਪਰ ਸੰਤਾਂ ਨੇ ਕਾਹਲੀ ਨਾਲ ਆਪਣੇ ਪੈਰ ਪਿੱਛੇ ਖਿੱਚ ਕੇ ਜਥੇਦਾਰ ਤਲਵੰਡੀ ਦੇ ਹੱਥ ਫੜ੍ ਲਏ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ। ਜਥੇਦਾਰ ਤਲਵੰਡੀ ਨੇ ਕਿਹਾ ਕਿ ਸੰਤ ਜੀ, ਮੈਂ ਪਿਛਲੇ ਗਿਲੇ ਸ਼ਿਕਵੇ ਖਤਮ ਕਰਨ ਲਈ ਵਿਸ਼ੇਸ਼ ਤੌਰ 'ਤੇ ਤੁਹਾਡੇ ਕੋਲ ਆਇਆ ਹਾਂ ਤਾਂ ਸੰਤਾਂ ਨੇ ਬੜੇ ਪਿਆਰ ਅਤੇ ਆਤਮਿਕ ਵਿਸ਼ਵਾਸ਼ ਨਾਲ ਕਿਹਾ ਜਥੇਦਾਰ ਜੀ ਮੇਰੇ ਮਨ ਵਿੱਚ ਕੋਈ ਗਿਲਾ ਸ਼ਿਕਵਾ ਨਹੀਂ ਹੈ, ਪਰ ਸਿੱਖੀ ਸਿਧਾਂਤਾਂ ਪ੍ਰਤੀ ਕੋਈ ਗਿਲਾ ਹੋਵੇਗਾ ਤਾਂ ਤਤਪਰ ਤੁਹਾਡੇ ਮੂੰਹ 'ਤੇ ਹੀ ਕਹਿ ਦਿੱਤਾ ਜਾਵੇਗਾ। ਬਾਅਦ ਵਿੱਚ ਮਨ ਅੰਦਰ ਕੋਈ ਕੁੜੱਤਣ ਰੱਖਣੀ ਮੇਰਾ ਸੁਭਾਅ ਨਹੀਂ ਹੈ। ਇਸ ਤੋਂ ਬਾਅਦ ਦਮਦਮੀ ਟਕਸਾਲ ਨਾਲ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਦੁਹਰਾਉਂਦਿਆਂ ਜਥੇਦਾਰ ਤਲਵੰਡੀ ਵਾਪਸ ਪਰਤ ਗਏ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਯਤਨਸ਼ੀਲ ਨਾ ਹੋਣ ਕਾਰਨ ਜਥੇਦਾਰ ਤਲਵੰਡੀ ਦੇ ਪ੍ਰਕਾਸ਼ ਸਿੰਘ ਬਾਦਲ ਅਤੇ ਸੰਤ ਲੌਂਗੋਵਾਲ ਨਾਲ ਮਤਭੇਦ ਪੈਦਾ ਹੋ ਗਏ ਸਨ ਜਿਸ ਕਾਰਨ ਜਥੇਦਾਰ ਤਲਵੰਡੀ ਨੇ ਵੱਖਰਾ ਅਕਾਲੀ ਦਲ ਬਣਾ ਕੇ 13 ਅਪ੍ਰੈਲ 1981 ਵਿਸਾਖੀ ਵਾਲੇ ਦਿਨ ਅਨੰਦਪੁਰ ਮਤੇ ਦੀ ਪ੍ਰਾਪਤੀ ਲਈ ਦਿੱਲੀ ਵਿਖੇ ਮੋਰਚਾ ਲਾ ਦਿੱਤਾ ਸੀ। ਜਿਸ ਕਾਰਨ ਉਸ ਨੂੰ ਤਿਹਾੜ ਜੇਲ੍ਹ ਵਿਖੇ ਨਜ਼ਰਬੰਦ ਕੀਤਾ ਹੋਇਆ ਸੀ।

ਇਸ ਪਿਛੋਕੜ ਨੂੰ ਮੁੱਖ ਰੱਖਦਿਆਂ ਸੰਤਾਂ ਨੇ ਜਥੇਦਾਰ ਤਲਵੰਡੀ ਨੂੰ ਸੁਨੇਹਾ ਭੇਜਿਆ ਕਿ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਚੱਲ ਰਹੇ ਧਰਮ ਯੁੱਧ ਮੋਰਚੇ ਵਿੱਚ ਸ਼ਾਮਿਲ ਹੋ ਜਾਣ ਤਾਂ ਜਥੇਦਾਰ ਤਲਵੰਡੀ ਨੇ ਉਸੇ ਹੀ ਸਿੰਘ ਦੇ ਹੱਥ ਵਾਪਸ ਸੰਤਾਂ ਨੂੰ ਸੁਨੇਹਾ ਭੇਜਿਆ ਕਿ ਮੈਂ ਅਰਦਾਸ ਕਰਕੇ ਮੋਰਚਾ ਲਾਇਆ ਹੈ। ਕੱਲ੍ਹ ਨੂੰ ਮੇਰੇ 'ਤੇ ਕੋਈ ਅਜਿਹਾ ਦੋਸ਼ ਨਾ ਲੱਗੇ ਕਿ ਮੈਂ ਅਰਦਾਸ ਵਿੱਚੇ ਹੀ ਛੱਡ ਕੇ ਆ ਗਿਆ ਹਾਂ। ਇਸ ਲਈ ਜਥੇਦਾਰ ਅਕਾਲ ਤਖਤ ਸਾਹਿਬ ਜੇ ਹੁਕਮ ਕਰਨ, ਤਾਂ ਮੈਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮੋਰਚੇ ਵਿੱਚ ਸ਼ਾਮਿਲ ਹੋਣ ਲਈ ਕੋਈ ਇਤਰਾਜ਼ ਨਹੀਂ। ਸੰਤਾਂ ਨੇ ਤਲਵੰਡੀ ਦੇ ਪੱਖ ਨੂੰ ਸਹੀ ਸਮਝਦਿਆਂ ਸੰਤ ਲੌਂਗੋਵਾਲ ਨਾਲ ਸਲਾਹ ਕੀਤੀ ਅਤੇ ਉਨ੍ਹਾਂ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਸਭ ਅਕਾਲੀ ਧੜਿਆਂ ਦੇ ਆਗੂਆਂ ਨੂੰ ਹੁਕਮ ਕਰ ਦੇਣ ਕਿ ਸਾਂਝੇ ਰੂਪ ਵਿੱਚ ਸਭ ਆਗੂਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਚੱਲ ਰਹੇ ਧਰਮ ਯੁੱਧ ਮੋਰਚੇ ਵਿੱਚ ਸ਼ਾਮਿਲ ਹੋ ਜਾਣਾ ਚਾਹੀਦਾ ਹੈ। ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਅਜਿਹਾ ਹੁਕਮ ਮਿਲਣ 'ਤੇ ਜਥੇਦਾਰ ਤਲਵੰਡੀ ਨਾ ਕੇਵਲ ਧਰਮਯੁੱਧ ਮੋਰਚੇ ਵਿੱਚ ਸ਼ਾਮਿਲ ਹੋਏ ਬਲਕਿ ਉਨ੍ਹਾਂ ਨੇ ਸੰਤਾਂ ਦੀ ਪ੍ਰੇਰਨਾ ਸਦਕਾ ਆਪਣਾ ਅਕਾਲੀ ਦਲ ਵੀ ਭੰਗ ਕਰਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਕਰ ਦਿੱਤਾ। ਇਸੇ ਤਰ੍ਹਾਂ ਹੀ ਸ. ਸੁਖਜਿੰਦਰ ਸਿੰਘ ਵੀ ਧਰਮ ਮੋਰਚੇ ਵਿੱਚ ਸ਼ਾਮਿਲ ਹੋ ਗਏ। ਇਹ ਸੰਤ ਭਿੰਡਰਾਂਵਾਲਿਆਂ ਵੱਲੋਂ ਕੀਤੇ ਗਏ ਸਿਰਤੋੜ ਯਤਨ ਸਨ ਜਿਨ੍ਹਾਂ ਸਦਕਾ ਸਮੁੱਚੇ ਅਕਾਲੀਆਂ ਅੰਦਰ ਏਕਤਾ ਕਰਵਾ ਕੇ ਧਰਮਯੁੱਧ ਮੋਰਚੇ ਦੀ ਸ਼ਕਤੀ ਨੂੰ ਪ੍ਰਫੁੱਲਤ ਕੀਤਾ।

Scanned with CamScanner

ਮੋਰਚੇ ਦੀ ਚੜ੍ਹਤ ਨਾਲ ਦਰਬਾਰਾ ਸਿੰਘ ਦੀ ਪ੍ਰੇਸ਼ਾਨੀ

ਇਹਨੀਂ ਦਿਨੀਂ ਹੀ ਪੰਜਾਬ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ ਨੇ ਇੱਕ ਨਵੀਂ ਚਰਚਾ ਛੇੜ ਦਿੱਤੀ ਕਿ ਦਰਬਾਰ ਸਾਹਿਬ, ਅੰਮ੍ਰਿਤਸਰ ਭਾਂ ਪਵਿੱਤਰ ਅਸਥਾਨ ਹੈ, ਪ੍ਰੰਤੂ ਉਸ ਨਾਲ ਲੱਗਦੀਆਂ ਸਰਾਵਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਆਦਿ ਪਵਿੱਤਰ ਅਸਥਾਨ ਨਹੀਂ, ਇਸ ਲਈ ਪੁਲਿਸ ਨੂੰ ਇਨ੍ਹਾਂ ਸਰਾਵਾਂ ਵਿੱਚ ਵੜਨ ਦੀ ਆਗਿਆ ਦੇਣੀ ਚਾਹੀਦੀ ਹੈ। ਜਲੰਧਰ ਦੀ ਗੈਰ-ਸਿੱਖ ਪ੍ਰੈੱਸ ਦੀ ਸਹਾਇਤਾ ਨਾਲ ਸ. ਦਰਬਾਰਾ ਸਿੰਘ ਨੇ ਆਪਣੀ ਇਸ ਨਵੀਂ ਦਲੀਲ ਦਾ ਹੱਦੋਂ ਵੱਧ ਪ੍ਰਚਾਰ ਕੀਤਾ ਅਤੇ ਇੱਥੋਂ ਤੱਕ ਕਿ ਸਾਬਕਾ ਰਾਜਪਾਲ ਡਾ. ਚੈਨਾ ਰੈਡੀ ਨੂੰ ਕਾਇਲ ਕਰ ਲਿਆ ਕਿ ਜੇ ਪੁਲਿਸ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਸਰਾਵਾਂ ਵਿੱਚ ਭੇਜ ਦਿੱਤੀ ਜਾਏ ਤਾਂ ਇਹ ਧਰਮ ਦਾ ਅਪਮਾਨ ਨਹੀਂ ਹੋਵੇਗਾ। ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਜਰਨੈਲ ਸਿੰਘ ਖ਼ਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਕਹਿਣਾ ਸੀ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਸਮੁੱਚਾ ਕੰਪਲੈਕਸ ਪਵਿੱਤਰ ਅਸਥਾਨ ਹੈ ਅਤੇ ਇਸ ਦਾ ਅਪਮਾਨ ਕਰਨ ਦੀ ਕਿਸੇ ਨੂੰ ਆਗਿਆ ਨਹੀਂ ਦਿੱਤੀ ਜਾ ਸਕਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਾ ਇਹ ਵੀ ਮੱਤ ਸੀ ਕਿ ਰਾਜ ਸਰਕਾਰ ਨੇ ਸਿੱਖ ਧਰਮ ਸਥਾਨਾਂ ਦੀ ਹੋਈ ਬੇਹੁਰਮਤੀ, ਜਿਵੇਂ ਕਿ ਇਸ ਪਵਿੱਤਰ ਅਸਥਾਨ 'ਤੇ ਤੰਬਾਕੂ, ਬੀੜੀਆਂ ਸੁੱਟਣ ਦੇ ਮਾਮਲੇ ਨੂੰ ਅਣਗੌਲਿਆਂ ਕਰ ਕੇ ਕੋਈ ਠੋਸ ਕਾਰਵਾਈ ਨਹੀਂ ਸੀ ਕੀਤੀ ਜਦੋਂ ਕਿ ਇਸ ਦੇ ਮੁਕਾਬਲੇ ਹਿੰਦੂ ਧਰਮ ਅਸਥਾਨਾਂ ਵਿਖੇ ਰਹੁ ਦੀਆਂ ਪੁੜਾਂ ਆਦਿ ਸੁੱਟਣ ਦੇ ਦੋਸ਼ ਵਿੱਚ ਸੈਂਕੜੇ ਅੰਮ੍ਰਿਤਧਾਰੀ ਸਿੱਖਾਂ ਨੂੰ ਜਬਰ ਦਾ ਸ਼ਿਕਾਰ ਬਣਾਇਆ ਗਿਆ ਸੀ। ਉਪਰੋਕਤ ਪ੍ਰਸੰਗ ਵਿੱਚ ਪੰਜਾਬ ਦੇ ਸਿਆਸੀ ਅਤੇ ਪੁਲਿਸ ਹਲਕਿਆਂ ਵਿੱਚ ਇਹ ਪ੍ਰਸ਼ਨ ਪੁੱਛਿਆ ਜਾ ਰਿਹਾ ਸੀ ਕਿ ਕੀ ਪੁਲਿਸ ਗੁਰੂ ਨਾਨਕ ਨਿਵਾਸ ਵਿੱਚ ਦਾਖਲ ਹੋਵੇਗੀ? ਰਾਜ ਸਰਕਾਰ ਨੇ ਇਹ ਪ੍ਰਭਾਵ ਦੇਣ ਦਾ ਵੀ ਯਤਨ ਕੀਤਾ ਕਿ ਗੁਰੂ ਨਾਨਕ ਨਿਵਾਸ ਵਿੱਚ ਅਸਲਾ ਫੈਕਟਰੀ ਲੱਗੀ ਹੋਈ ਹੈ ਅਤੇ ਇੱਥੋਂ ਹੀ ਅਸਲਾ ਕਥਿਤ ਅੱਤਵਾਦੀਆਂ ਨੂੰ ਉਪਲੱਬਧ ਕਰਵਾਇਆ ਜਾ ਰਿਹਾ ਹੈ।

6 ਅਗਸਤ 1982 ਨੂੰ ਭਾਈ ਅਮਰੀਕ ਸਿੰਘ ਅਤੇ ਬਾਬਾ ਥਾਰੂ ਸਿੰਘ ਹੁਰਾਂ ਦੀ ਰਿਹਾਈ

19 ਜੁਲਾਈ 1982 ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਦੇ ਪ੍ਰਧਾਨ ਅਤੇ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵੱਡੇ ਸਪੁੱਤਰ ਭਾਈ ਅਮਰੀਕ ਸਿੰਘ ਨੂੰ ਪੰਜਾਬ ਦੀ ਦਰਬਾਰਾ ਸਰਕਾਰ ਨੇ ਕੇਂਦਰ ਦੀ ਸ਼ਹਿ 'ਤੇ ਸੰਤ ਜਰਨੈਲ ਸਿੰਘ ਖ਼ਾਲਸਾ ਦੇ ਪ੍ਰਚਾਰ ਵਗੈਰ ਦੀ ਘੇਰਾਬੰਦੀ ਕਰਨ ਦੇ ਮਨਸੂਬੇ ਤਹਿਤ ਝੂਠੇ ਕੇਸ ਬਣਾ ਕੇ ਗ੍ਰਿਫ਼ਤਾਰ ਕਰ ਲਿਆ ਸੀ। ਸਰਕਾਰ ਦੀਆਂ ਕੋਝੀਆਂ ਅਤੇ ਘਿਨਾਉਣੀਆਂ ਸਿੱਖ ਵਿਰੋਧੀ ਨੀਤੀਆਂ ਨੂੰ ਮੱਦੇਨਜ਼ਰ ਰੱਖਦਿਆਂ ਸੰਤ ਭਿੰਡਰਾਂਵਾਲਿਆਂ ਨੇ ਉਸੇ ਦਿਨ ਭਾਵ 19 ਜੁਲਾਈ ਨੂੰ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਜਥੇ ਦੇ ਸਿੰਘਾਂ ਦੀ ਰਿਹਾਈ ਲਈ ਮੋਰਚਾ ਆਰੰਭ ਦਿੱਤਾ ਸੀ। ਸੰਤਾਂ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਜਬਰ-ਜ਼ੁਲਮ ਵਿਰੁੱਧ ਅੱਜਹੇ ਸੁਚੱਜੇ ਢੰਗ ਨਾਲ ਇਸ ਮੋਰਚੇ ਦੀ ਅਗਵਾਈ ਕੀਤੀ ਗਈ ਕਿ ਚੰਦ ਦਿਨਾਂ ਵਿੱਚ ਹੀ ਸੰਤਾਂ ਵੱਲੋਂ ਜ਼ੁਲਮ ਵਿਰੁੱਧ ਉਠਾਈ ਆਵਾਜ਼ ਦੀ ਗੂੰਜ ਪੰਜਾਬ ਦੀਆਂ ਹੱਦਾਂ ਨੂੰ ਪਾਰ ਕਰਕੇ ਦੂਰ ਤੱਕ ਪਹੁੰਚ ਚੁੱਕੀ ਸੀ ਅਤੇ ਇਹੀ ਕਾਰਨ ਸੀ ਕਿ ਇਸ ਕਾਫਲੇ ਦੇ ਹਮਸਫ਼ਰ ਬਣਨ ਲਈ ਪੰਥ ਦੀਆਂ ਬਾਕੀ ਧਿਰਾਂ ਨੂੰ ਵੀ ਬਹੁਤੀ ਦੇਰ ਨਾ ਲੱਗੀ। ਇੱਥੇ ਤੱਕ ਕਿ ਸਿੱਖ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਪੂਰੀ ਦੇ ਮੋਰਚੇ ਨੂੰ (ਪਾਣੀਆਂ ਦੇ ਮਸਲੇ ਵਾਲੇ) ਬੰਦ ਕਰਕੇ ਸੰਤ ਭਿੰਡਰਾਂਵਾਲਿਆਂ ਦੀ ਸਹਿਮਤੀ ਨਾਲ ਸਾਂਝੇ ਰੂਪ ਵਿੱਚ ਮੋਰਚਾ ਚਲਾਉਣ ਲਈ ਐਲਾਨ ਕਰ ਦਿੱਤਾ। ਇਸ ਦਾ ਨਾਂ 'ਧਰਮ ਯੁੱਧ ਮੋਰਚਾ' ਰੱਖਿਆ ਗਿਆ ਅਤੇ 4 ਅਗਸਤ 1982 ਨੂੰ ਸਾਂਝੇ ਰੂਪ ਵਿੱਚ ਸ਼ਿਰਕਤ ਇਕੱਠੇ ਹੀ ਨਹੀਂ ਹੋਏ ਬਲਕਿ ਬਕਾਇਦਾ ਇਸਦੀ ਕਮਾਂਡ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸੌਂਪ ਕੇ ਧਰਮ ਯੁੱਧ ਮੋਰਚੇ ਦਾ ਡਿਕਟੇਟਰ ਮੰਨ ਲਿਆ ਗਿਆ। ਮੋਰਚੇ ਵਿੱਚ ਗ੍ਰਿਫ਼ਤਾਰੀਆਂ ਦੇਣ ਵਾਲੀਆਂ ਸੰਗਤਾਂ ਦੀ ਗਿਣਤੀ ਵੀ ਦਿਨੋ ਦਿਨ ਵਧਦੀ ਗਈ। ਜਦੋਂ

Scanned with CamScanner

ਕੌਮਾਂਤਰੀ ਪੱਧਰ 'ਤੇ ਧਰਮ ਯੁੱਧ ਮੋਰਚੇ ਦੀ ਆਵਾਜ਼ ਗੂੰਜਣ ਲੱਗੀ ਤਾਂ ਪੰਜਾਬ ਸਰਕਾਰ ਲਈ ਭਾਈ ਅਮਰੀਕ ਸਿੰਘ ਸਮੇਤ ਬਾਕੀ ਸਿੰਘਾਂ ਨੂੰ ਝੂਠੇ ਕੇਸਾਂ ਤਹਿਤ ਨਜ਼ਰਬੰਦ ਰੱਖਣਾ ਅਸੰਭਵ ਹੋ ਗਿਆ। ਬਲਕਿ ਉਨ੍ਹਾਂ ਨੂੰ ਹੋਰ ਦੇਰ ਤੱਕ ਨਜ਼ਰਬੰਦ ਰੱਖਣਾ ਪੰਜਾਬ ਅਤੇ ਕੇਂਦਰ ਸਰਕਾਰ ਦੀ ਸਿੱਖਾਂ ਪ੍ਰਤੀ ਖੋਟੀ ਨੀਅਤ ਦੇ ਬੇਪਰਦ ਹੋਣ ਦਾ ਖ਼ਤਰਾ ਬਣਕੇ ਮੰਡਰਾਉਣ ਲੱਗਾ। 6 ਅਗਸਤ 1982 ਨੂੰ ਭਾਈ ਅਮਰੀਕ ਸਿੰਘ ਅਤੇ ਬਾਬਾ ਬਾਰੂ ਸਿੰਘ ਦੀ ਅਦਾਲਤ ਵਿੱਚ ਪੇਸ਼ੀ ਸੀ, ਜਿਉਂ ਹੀ ਉਨ੍ਹਾਂ ਨੂੰ ਐਡੀਸ਼ਨਲ ਸੈਸ਼ਨ ਜੱਜ ਸ੍ਰੀ ਜੀ. ਐੱਲ. ਚੋਪੜਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿਥੇ ਇਨ੍ਹਾਂ ਵੱਲੋਂ ਸ. ਪੂਰਨ ਸਿੰਘ ਹੁੰਦਲ ਵਕੀਲ ਪੇਸ਼ ਹੋਏ ਸਨ। ਸ. ਹੁੰਦਲ ਦੀਆਂ ਦਲੀਲਾਂ ਸਾਹਮਣੇ ਸਰਕਾਰੀ ਵਕੀਲ ਦੀ ਕੋਈ ਪੇਸ਼ ਨਾ ਗਈ ਤਾਂ ਜੱਜ ਸ੍ਰੀ ਚੋਪੜਾ ਨੇ ਭਾਈ ਅਮਰੀਕ ਸਿੰਘ, ਬਾਬਾ ਬਾਰੂ ਸਿੰਘ ਅਤੇ ਹੋਰ ਸਾਥੀ ਸਿੰਘਾਂ ਨੂੰ ਬਾ-ਇੱਜ਼ਤ ਬਰੀ ਕਰਨ ਦਾ ਹੁਕਮ ਸੁਣਾ ਦਿੱਤਾ। ਵੇਖਦੇ ਹੀ ਵੇਖਦੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ ਅਦਾਲਤ ਦੇ ਬਾਹਰ ਕਚਿਹਰੀਆਂ ਵਿੱਚ ਇਕੱਠੇ ਹੋ ਗਏ ਅਤੇ ਸਿੰਘ ਇੱਕ ਖੁੱਲ੍ਹੇ ਟਰੱਕ 'ਚ ਭਾਈ ਅਮਰੀਕ ਸਿੰਘ ਅਤੇ ਬਾਬਾ ਬਾਰੂ ਸਿੰਘ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਹਰਮਿੰਦਰ ਸਿੰਘ ਗਿੱਲ, ਭਾਈ ਸੁਰਿੰਦਰ ਸਿੰਘ ਵਲੀਪੁਰ, ਭਾਈ ਜਗੀਰ ਸਿੰਘ ਮਹੰਤ, ਭਾਈ ਅਜੈਬ ਸਿੰਘ ਮਹਿਤਾ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਨਰਿੰਦਰ ਸਿੰਘ ਸਮੇਤ ਅਦਾਲਤ 'ਚੋਂ ਰਿਹਾਅ ਹੋਏ ਸਭ ਸਿੰਘਾਂ ਨੂੰ ਨਾਲ ਲੈ ਕੇ ਜਲੂਸ ਦੀ ਸ਼ਕਲ ਵਿੱਚ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਰਵਾਨਾ ਹੋ ਗਏ। ਰਸਤੇ ਵਿੱਚ ਹੋਰ ਕਾਫਲਾ ਜੁੜਦਾ ਗਿਆ ਅਤੇ ਜਦੋਂ ਇਹ ਸਭ ਸਿੰਘ ਮੰਜੀ ਸਾਹਿਬ ਦੀਵਾਨ ਹਾਲ ਪਹੁੰਚੇ ਤਾਂ ਉਸ ਸਮੇਂ ਤੱਕ ਧਰਮ ਯੁੱਧ ਮੋਰਚੇ ਲਈ ਗ੍ਰਿਫਤਾਰੀ ਦੇਣ ਵਾਲੇ ਜੱਥੇ ਦੀ ਤਿਆਰੀ ਸੀ ਅਤੇ ਸਟੇਜ 'ਤੇ ਭਾਈ ਸਾਹਿਬ ਜੁਰਾਂ ਦੀ ਰਿਹਾਈ ਦਾ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ। ਇਨ੍ਹਾਂ ਦੇ ਪੰਡਾਲ ਵਿੱਚ ਪਹੁੰਚਣ 'ਤੇ ਸੰਗਤਾਂ ਨੇ ਆਕਾਸ਼ ਗੂੰਜਾਊ ਜੈਕਾਰੇ ਬੁਲਾਏ। ਇਸ ਤਰ੍ਹਾਂ ਦਰਬਾਰਾ ਸਰਕਾਰ ਵੱਲੋਂ ਦਮਦਮੀ ਟਕਸਾਲ ਦਾ ਘੇਰਾ ਤੰਗ ਕਰਨ ਲਈ ਘੜੀਆਂ ਸਾਜ਼ਿਸ਼ਾਂ ਧਰੀਆਂ ਧਰਾਈਆਂ ਰਹਿ ਗਈਆਂ। ਮੰਜੀ ਸਾਹਿਬ ਦੀਵਾਨ ਹਾਲ ਤੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲਿਆਂ ਨੇ ਭਾਈ ਅਮਰੀਕ ਸਿੰਘ ਅਤੇ ਬਾਬਾ ਬਾਰੂ ਸਿੰਘ ਸਮੇਤ ਰਿਹਾਅ ਹੋਏ ਸਿੰਘਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ। ਅਸਲ ਵਿੱਚ ਸੰਤ ਭਿੰਡਰਾਂਵਾਲਿਆਂ ਵੱਲੋਂ ਲਾਏ ਮੋਰਚੇ ਦੀ ਇਹ ਸ਼ਾਨਦਾਰ ਜਿੱਤ ਹੋਈ। ਉਨ੍ਹਾਂ ਨੇ ਮੋਰਚਾ ਆਰੰਭ ਕਰਨ ਸਮੇਂ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਵੀ ਇਹੀ ਕੀਤੀ ਸੀ।

8 ਅਗਸਤ 1982 ਨੂੰ ਭਾਈ ਅਮਰੀਕ ਸਿੰਘ ਬਾਬਾ ਬਾਰੂ ਸਿੰਘ ਅਤੇ ਰਿਹਾਅ ਹੋਏ ਸਭ ਸਿੰਘਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਨਮਾਨਤ ਕਰਦਿਆਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਨੇ ਕਿਹਾ ਕਿ ਇਨ੍ਹਾਂ ਸਿੰਘਾਂ ਨੂੰ ਝੂਠੇ ਕੇਸਾਂ ਵਿੱਚ ਨਜ਼ਰਬੰਦ ਕੀਤਾ ਗਿਆ ਸੀ ਜੋ ਕਿ ਪੰਥ ਦੀ ਏਕਤਾ ਅਤੇ ਭਿੰਡਰਾਂਵਾਲੇ ਜੱਥੇ ਦੀ ਸੁਚੱਜੀ ਰਹਿਨੁਮਾਈ ਸਦਕਾ ਇਨ੍ਹਾਂ ਸਿੰਘਾਂ ਦੀ ਰਿਹਾਈ ਨਾਲ ਸਿੱਖ ਪੰਥ ਨੂੰ ਸਫਲਤਾ ਪ੍ਰਾਪਤ ਹੋਈ ਹੈ। ਇਹ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਨੇ ਬਖਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਵੀ ਕਿਹਾ ਕਿ ਭਾਈ ਅਮਰੀਕ ਸਿੰਘ ਕੇਵਲ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਹੀ ਨਹੀਂ ਬਲਕਿ ਸਿੱਖ ਪੰਥ ਦੀ ਮਹਾਨ ਸੰਸਥਾ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਦੇ ਸਪੁੱਤਰ ਤੇ ਅਜੋਕੇ ਸਮੇਂ ਦੇ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਖ਼ਾਲਸਾ ਜੀ ਦੇ ਨਿਕਟਵਰਤੀ ਸਹਿਯੋਗੀ ਵੀ ਹਨ ਅਤੇ ਹਰ ਤਰ੍ਹਾਂ ਪੰਥਕ ਕਾਰਜਾਂ ਲਈ ਸਿੱਖ ਕੌਮ ਨੂੰ ਸਮਰਪਿਤ ਹਨ। ਇਸ ਲਈ ਇਨ੍ਹਾਂ ਸਿੰਘਾਂ ਦੀ ਰਿਹਾਈ ਸਾਡੇ ਲਈ ਫ਼ਖਰ ਵਾਲੀ ਗੱਲ ਹੈ ਅਤੇ ਹੁਣ ਭਾਈ ਅਮਰੀਕ ਸਿੰਘ ਦੇ ਆਉਣ ਨਾਲ ਧਰਮ ਯੁੱਧ ਮੋਰਚੇ ਦੀ ਹੋਰ ਚੜ੍ਹਦੀ ਕਲਾ ਹੋਵੇਗੀ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਭਾਈ ਅਮਰੀਕ ਸਿੰਘ ਬਾਬਾ ਬਾਰੂ ਸਿੰਘ ਅਤੇ ਬਾਕੀ ਸਿੰਘਾਂ ਦੀ ਰਿਹਾਈ ਲਈ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਨੇ ਕਿਹਾ, "ਸਰਕਾਰ ਵਾਲਿਉ ਤੇ ਸੀ. ਆਈ. ਡੀ. ਵਾਲਿਉ, ਚੇਤੇ ਰੱਖਿਉ ਤੇ ਕਿਤੇ ਇਹ ਨਾ ਕਹਿ ਦਿਉ ਭਾਈ ਅਮਰੀਕ ਸਿੰਘ ਅਤੇ ਕੁੱਝ ਸਿੰਘ ਜੇਲ੍ਹਾਂ ਵਿੱਚੋਂ ਰਿਹਾਅ ਹੋ ਕੇ ਆ ਗਏ ਹਨ ਤਾਂ ਕੌਮ ਮੁੱਕ ਗਿਆ, ਨਹੀਂ ਜਿਹੜੇ ਜੇਲ੍ਹਾਂ ਵਿੱਚ ਰਹਿ ਗਏ ਆ, ਉਹਨਾਂ ਵੀਰਾਂ ਨੂੰ ਪੂਰਨ ਭਰੋਸਾ ਦਿਵਾਉਂਦਾ ਹਾਂ, ਜਿਹੜੇ ਪਾਕਿਸਤਾਨ

Scanned with CamScanner

ਵਿੱਚ ਗਏ ਹੋਏ ਆ, ਮੱਧਿਆ ਪ੍ਰਦੇਸ਼ ਵਿੱਚ ਫਸੇ ਹੋਏ ਆ, ਗੁਰਬਚਨੇ ਨਰਕਧਾਰੀਏ ਦੇ ਨਾਅ ਉਪਰ ਵਰੰਟ ਜਿਨ੍ਹਾਂ ਦੇ ਜਾਰੀ ਆ, ਤੇ ਭਗੌੜੇ ਕਰਾਰ ਦਿੱਤਾ ਹੋਇਆ, ਦਹੇੜੂ ਕਾਂਡ ਵਿੱਚ ਫਸਾਏ ਹੋਏ ਆ ਜਾ ਇਸੇ ਤਰ੍ਹਾਂ ਹੀ ਪੱਟੀ ਅਤੇ ਤਰਨਤਾਰਨ ਦੇ ਕੇਸਾਂ ਦੇ ਸਬੰਧ ਵਿੱਚ। ਹੁਣ ਮੈਨੂੰ ਵੱਲੋਂ, ਬਠਿੰਡੇ ਵੱਲੋਂ, ਪਤਾ ਲੱਗਾ ਮੈਨੂੰ, ਬਹੁਤ ਫੈਡਰੇਸ਼ਨ ਦੇ ਵਿਦਿਆਰਥੀ, ਹੋਰ ਸਾਰੇ ਦਲਾਂ ਦੇ ਨਾਲ ਸਬੰਧ ਰੱਖਣ ਵਾਲੇ ਗੁਰਮੁਖਾਂ ਨੂੰ, ਗੌਰਮਿੰਟ ਨੇ ਆਪਣੀ ਕੋਝੀ ਨੀਤੀ ਦੇ ਅਧੀਨ ਫਸਾਉਣ ਦੀ ਕੋਸ਼ਿਸ਼ ਅਰੰਭ ਕੀਤੀ ਹੈ। ਜਦੋਂ ਤੱਕ ਉਹ ਸਾਰੇ ਸਿੰਘ ਰਿਹਾਅ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਖ ਨਹੀਂ ਪਹੁੰਚ ਜਾਂਦੇ ਅਤੇ 'ਅਨੰਦਪੁਰ ਦੇ ਮਤੇ' ਦੀ ਪੂਰੀ ਪ੍ਰਾਪਤੀ ਨਹੀਂ ਹੋ ਜਾਂਦੀ ਤਦੋਂ ਤੱਕ ਧਰਮ ਯੁੱਧ ਮੋਰਚਾ ਜਾਰੀ ਰਹੇਗਾ। ਭਾਵੇਂ ਕਿਤਨੀ ਕੁਰਬਾਨੀ ਦੇਣੀ ਪਵੇ। ਮਤਾ ਗੌਰਮਿੰਟ ਖਿਆਲ ਕਰੇ ਕਿ ਸ਼ਾਇਦ ਭਿੰਡਰਾਂਵਾਲੇ ਦਾ ਇਨਾ ਕੰਮ ਸੀ ਤੇ ਹੁਣ ਚੁੱਕ ਕੇ ਕਛਹਿਰਾ ਪਰਨਾ ਇੱਥੇ ਚਲਾ ਜਾਵੇਗਾ ਤੇ ਲੌਂਗੋਵਾਲ ਇਕੱਲਾ ਰਹਿ ਜਾਵੇਗਾ। ਜਦੋਂ ਤੱਕ ਧਰਮ ਯੁੱਧ ਮੋਰਚੇ ਦੀ ਪੂਰੀ ਸਫਲਤਾ ਹਾਸਲ ਨਹੀਂ ਹੁੰਦੀ ਤਦ ਤੱਕ ਸੰਤ ਲੌਂਗੋਵਾਲ ਅਤੇ ਮੈਂ ਦੋਵੇ ਇੱਥੇ ਹੀ ਹਾਂ ਅਤੇ ਮੋਰਚਾ ਇਸੇ ਤਰ੍ਹਾਂ ਚੱਲਦਾ ਰਹੇਗਾ।"

ਇਸੇ ਤਰ੍ਹਾਂ ਭਾਈ ਅਮਰੀਕ ਸਿੰਘ ਨੇ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਦੂਰ ਦ੍ਰਿਸ਼ਟੀ ਹੈ ਕਿ ਇਨ੍ਹਾਂ ਨੇ ਸਰਕਾਰੀ ਜ਼ੁਲਮ ਨੂੰ ਬਾਪਦਿਆਂ ਦਾਸ ਦੀ ਗ੍ਰਿਫਤਾਰੀ ਨੂੰ ਕੌਮ ਵਿਅਕਤੀਗਤ ਨਾ ਰਹਿਣ ਦਿੱਤਾ। ਕਿਉਂਕਿ ਇਹ ਜਾਣਦੇ ਸਨ ਕਿ ਜੇ ਸਿੱਖਾਂ ਦੀ ਇੱਕ ਜਥੇਬੰਦੀ ਦੇ ਮੁਖੀ ਨੂੰ ਹੱਥ ਪਾਇਆ ਜਾ ਸਕਦਾ ਹੈ ਤਾਂ ਆਮ ਸਿੱਖਾਂ ਨੂੰ ਜ਼ਲੀਲ ਕਰਨਾ ਸਰਕਾਰਾਂ ਲਈ ਕੋਈ ਔਖੀ ਗੱਲ ਨਹੀਂ ਹੋਵੇਗੀ। ਉਨ੍ਹਾਂ ਫੈਡਰੇਸ਼ਨ ਦੇ ਅਹੁਦੇਦਾਰਾਂ ਅਤੇ ਵਰਕਰਾਂ ਦਾ ਵੀ ਧੰਨਵਾਦ ਕੀਤਾ ਅਤੇ ਸ਼੍ਰੋਮਣੀ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਭ ਸਿੱਖ ਜਥੇਬੰਦੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦੇ ਹਾਲਾਤਾਂ ਨੂੰ ਮੱਦੇਨਜ਼ਰ ਰੱਖਦਿਆਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਫਰ ਹਾਲੇ ਬਾਕੀ ਹੈ। ਇਸ ਲਈ ਦੋਵਾਂ ਹੀ ਸੰਤਾਂ ਵੱਲੋਂ ਆਪਸੀ ਤਾਲਮੇਲ ਨਾਲ ਜੋ ਧਰਮ ਯੁੱਧ ਮੋਰਚਾ ਚਲਾਇਆ ਜਾ ਰਿਹਾ ਹੈ, ਇਸ ਵਿੱਚ ਸਾਨੂੰ ਸਭ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਮੈਂ ਨਿੱਜੀ ਤੌਰ 'ਤੇ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਮੈਂ ਆਪਣੇ ਵੱਲੋਂ ਮੋਰਚੇ ਦੀ ਸਫਲਤਾ ਲਈ ਹਰ ਸੰਭਵ ਯਤਨ ਕਰਾਂਗਾ।

ਪੰਜਾਬ ਅੰਦਰ ਸਿੱਖਾਂ 'ਤੇ ਝੂਠੇ ਕੇਸ ਅਤੇ ਪੁਲਿਸ ਤਸ਼ੱਦਦ
ਕਾਰਨ ਨੌਜਵਾਨਾਂ ਵਿੱਚ ਰੋਹ

ਮੁੱਖ ਮੰਤਰੀ ਪੰਜਾਬ ਵੱਲੋਂ ਆਏ ਦਿਨ ਅਜਿਹੇ ਬਿਨਾਂ ਸਿਰ-ਪੈਰ ਬਿਆਨ ਦੇਣ ਨਾਲ ਸਿੱਖ ਨੌਜਵਾਨਾਂ ਵਿੱਚ ਹੋਰ ਰੋਸ ਵੱਧ ਰਿਹਾ ਸੀ। 20 ਅਗਸਤ 1982 ਨੂੰ ਰਾਹੋਂ ਵਿਖੇ ਸ. ਦਰਸ਼ਾਰਾ ਸਿੰਘ ਨੇ ਪਬਲਿਕ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿਚਲੇ ਬਹੁਤ ਸਾਰੇ ਅੱਤਵਾਦੀ ਕੁਚਲ ਦਿੱਤੇ ਗਏ ਹਨ ਅਤੇ ਜੋ ਮੁੱਠੀ ਭਰ ਬਾਕੀ ਬਚੇ ਹਨ ਉਨ੍ਹਾਂ ਦਾ ਵੀ ਸਫਾਇਆ ਕਰ ਦਿੱਤਾ ਜਾਵੇਗਾ। ਹਾਲੇ ਇਹ ਸ਼ਬਦ ਪੂਰੇ ਵੀ ਨਹੀਂ ਹੋਏ ਸਨ ਜਦੋਂ ਇੱਕ ਨੌਜਵਾਨ ਨੇ ਉਸ ਉਪਰ ਹੱਥ ਗੋਲਾ ਸੁੱਟ ਦਿੱਤਾ ਜਿਸ ਨਾਲ ਦਰਬਾਰੇ ਸਮੇਤ ਡੇਢ ਦਰਜਨ ਹੋਰ ਆਦਮੀ ਜ਼ਖਮੀ ਹੋ ਗਏ। ਸ. ਦਰਬਾਰਾ ਸਿੰਘ ਨੇ 23 ਅਗਸਤ ਨੂੰ ਚੰਡੀਗੜ੍ਹ ਵਿਖੇ ਪ੍ਰੈਸ ਕਾਨਫਰੰਸ ਕਰਕੇ ਦੋਸ਼ ਲਾਇਆ ਕਿ ਇਸ ਬੰਬ ਧਮਾਕੇ ਪਿੱਛੇ ਵੀ ਸੰਤ ਭਿੰਡਰਾਂਵਾਲਿਆਂ ਦਾ ਹੱਥ ਹੈ ਅਤੇ ਇਸ ਦੀ ਸਾਜਿਸ਼ ਗੁਰੂ ਨਾਨਕ ਨਿਵਾਸ ਵਿੱਚ ਬਣਾਈ ਗਈ ਹੈ। ਇੱਕ ਵਾਰ ਫਿਰ ਮੁੱਖ ਮੰਤਰੀ ਪੰਜਾਬ ਇਹ ਸਾਬਤ ਕਰਨ ਦਾ ਯਤਨ ਕਰ ਰਿਹਾ ਸੀ ਕਿ ਪੰਜਾਬ ਵਿੱਚ ਹਰ ਵਾਪਰਨ ਵਾਲੀ ਅਣਸੁਖਾਵੀਂ ਘਟਨਾ ਲਈ ਸੰਤ ਜਰਨੈਲ ਸਿੰਘ ਹੀ ਜ਼ਿੰਮੇਵਾਰ ਹਨ।

ਰਾਹੋਂ ਬੰਬ ਕੇਸ ਵਿੱਚ ਸੰਤਾਂ ਦੇ ਇੱਕ ਨਜਦੀਕੀ ਸਿੰਘ ਭਾਈ ਗੁਰਮੀਤ ਸਿੰਘ ਧੂਰਕੋਟ ਨੂੰ ਗ੍ਰਿਫਤਾਰ ਕਰ ਲਿਆ ਅਤੇ ਜਲੰਧਰ ਦੇ ਐੱਸ ਐੱਸ ਪੀ. ਗੁਰਇਕਬਾਲ ਸਿੰਘ ਭੁੱਲਰ ਦੀ ਅਗਵਾਈ ਵਿੱਚ ਪੁਲਿਸ ਨੇ ਉਸ ਤੋਂ ਪੁੱਛਗਿੱਛ ਕੀਤੀ ਅਤੇ ਉਸ ਉੱਪਰ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਦਰਬਾਰਾ ਸਿੰਘ ਦੇ ਕਹਿਣ 'ਤੇ ਪੁਲਿਸ ਗੁਰਮੀਤ ਸਿੰਘ ਧੂਰਕੋਟ ਤੋਂ ਇਹ ਬਿਆਨ ਦਿਵਾਉਣ ਦਾ ਯਤਨ ਕਰ ਰਹੀ ਸੀ ਕਿ ਉਸ ਨੇ ਸੰਤ ਜਨੈਰਲ ਸਿੰਘ ਖ਼ਾਲਸਾ ਦੇ ਇਸ਼ਾਰੇ 'ਤੇ ਹੀ ਮੁੱਖ ਮੰਤਰੀ ਨੂੰ ਖਤਮ ਕਰਨ ਲਈ ਬੰਬ ਸੁੱਟਿਆ ਸੀ। ਪਰ ਭਾਈ ਗੁਰਮੀਤ ਸਿੰਘ ਨੇ ਭਾਰੀ

Scanned with CamScanner

ਤਸ਼ੱਦਦ ਦੇ ਬਾਵਜੂਦ ਵੀ ਝੂਠਾ ਬਿਆਨ ਨਾ ਦਿੱਤਾ। ਇਥੋਂ ਤੱਕ ਕਿ ਉਸਦਾ ਅੰਗ-ਅੰਗ ਤੋੜ ਦਿੱਤਾ ਗਿਆ ਪਰ ਪੁਲਿਸ ਆਪਣੀ ਮਰਜ਼ੀ ਨਾਲ ਉਸ ਕੋਲੋਂ ਬਿਆਨ ਨਾ ਦਿਵਾ ਸਕੀ। ਅਖੀਰ ਗੁਰਮੀਤ ਸਿੰਘ ਨੂੰ ਵੀ ਭਾਈ ਕੁਲਵੰਤ ਸਿੰਘ ਵਾਂਗ ਝੂਠੇ ਪੁਲਿਸ ਮੁਕਾਬਲੇ ਵਿੱਚ ਹੀ ਸ਼ਹੀਦ ਕਰ ਦਿੱਤਾ ਗਿਆ। ਯਾਦ ਰਹੇ ਇ ਭਾਈ ਗੁਰਮੀਤ ਸਿੰਘ ਘਰਦਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਇਸ ਦਾ ਆਨੰਦ ਕਾਰਜ ਹੋਏ ਨੂੰ ਤਾਂ ਕੁੱਝ ਹੀ ਦਿਨ ਹੋਏ ਸਨ।

ਪੰਜਾਬ ਪੁਲਿਸ ਨੇ ਭਿੰਡਰਾਂ ਵਾਲੇ ਜਥੇ ਦੇ ਮੈਂਬਰਾਂ ਅਤੇ ਸਹਿਯੋਗੀ ਸਿੱਖਾਂ ਨੂੰ ਆਪਣੇ ਜਬਰ ਦਾ ਨਿਸ਼ਾਨਾ ਬਣਾ ਲਿਆ ਸੀ ਅਤੇ ਉਹ ਚੁਣ-ਚੁਣ ਕੇ ਤਕਸਾਲ ਨਾਲ ਸਬੰਧਤ ਹਰੇਕ ਸਿੱਖ ਉੱਤੇ ਝੂਠੇ ਕੇਸ ਪਾਈ ਜਾ ਰਹੀ ਸੀ। ਹਿੰਸਕ ਘਟਨਾਵਾਂ ਦੇ ਬਹੁਤੇ ਦੋਸ਼ੀਆਂ ਨੂੰ ਫੜ੍ਹਨ ਵਿੱਚ ਪੁਲਿਸ ਅਸਫਲ ਰਹੀ ਸੀ, ਪ੍ਰੰਤੂ ਜਿਨ੍ਹਾਂ ਨੂੰ ਫੜ੍ਹ ਲੈਂਦੀ ਸੀ ਉਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ-ਬਣਾ ਕੇ ਖ਼ਤਮ ਕੀਤਾ ਜਾ ਰਿਹਾ ਸੀ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵੱਲੋਂ ਵੀ ਪੁਲਿਸ ਦੀਆਂ ਅਜਿਹੀਆਂ ਕਾਰਵਾਈਆਂ ਵਿਰੁੱਧ ਰੋਸ ਪ੍ਰਗਟ ਕੀਤਾ ਜਾ ਰਿਹਾ ਸੀ। ਪੁਲਿਸ ਮੁਕਾਬਲਿਆਂ ਵਿੱਚ ਨੌਜਵਾਨ ਅੰਮ੍ਰਿਤਧਾਰੀ ਸਿੱਖਾਂ ਨੂੰ ਸ਼ਹੀਦ ਕਰਨ ਦਾ ਕ੍ਰਮ, ਜੋ ਭਾਈ ਕੁਲਵੰਤ ਸਿੰਘ ਨਾਗੋਕੇ ਤੋਂ ਆਰੰਭ ਹੋਇਆ ਸੀ, ਉਹ ਅਮਰਜੀਤ ਸਿੰਘ ਦਹੇੜੂ, ਬਲਜੀਤ ਸਿੰਘ, ਗੁਰਮੀਤ ਸਿੰਘ ਧੂਰਕੋਟ, ਜਗਦੇਵ ਸਿੰਘ ਤੇ ਸੁਖਦੇਵ ਸਿੰਘ (ਦੋਵੇਂ ਕੋਟ ਈਸੇ ਖਾਂ), ਭੋਲਾ ਸਿੰਘ ਅਤੇ ਕਸ਼ਮੀਰ ਸਿੰਘ ਤੱਕ ਆਣ ਪਹੁੰਚਿਆ ਅਤੇ ਅਸੇ ਵੀ ਜਾਰੀ ਸੀ।

ਅਕਾਲੀ ਮੋਰਚਿਆਂ ਦੇ ਇਤਿਹਾਸ ਵਿੱਚ ਇਹ ਪਹਿਲਾ ਮੋਰਚਾ ਸੀ ਜਿਸ ਨੇ ਗ੍ਰਿਫ਼ਤਾਰੀਆਂ ਦੇਣ ਦੇ ਸਿਲਸਿਲੇ ਵਿੱਚ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ। ਪਿਛਲੇ ਮੋਰਚਿਆਂ ਵਿੱਚ ਗ੍ਰਿਫ਼ਤਾਰੀਆਂ ਦੇਣ ਵਾਸਤੇ ਹਰ ਰੋਜ਼ 11 ਜਾਂ 21 ਵਿਅਕਤੀ ਅਤੇ ਹੌਦੇ ਵੱਧ 51 ਸਿੱਖਾਂ ਦਾ ਜਥਾ ਤੋਰਿਆ ਜਾਂਦਾ ਰਿਹਾ ਸੀ ਪਰ ਵਰਤਮਾਨ ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀ ਦੇਣ ਵਾਲੇ ਸਿੰਘ ਸਿੰਘਣੀਆਂ ਦੀ ਗਿਣਤੀ ਹਰ ਰੋਜ਼ ਸੈਂਕੜਿਆਂ ਤੋਂ ਘਟੀ ਨਹੀਂ ਬਲਕਿ ਬਹੁਤ ਵਾਰ ਹਜ਼ਾਰਾਂ ਤੋਂ ਵੀ ਵੱਧ ਜਾਂਦੀ ਰਹੀ। ਪੰਜਾਬ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ ਨੇ ਇਹ ਸੋਚ ਕੇ ਗ੍ਰਿਫ਼ਤਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਕਿ ਅਕਾਲੀ ਦਲ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਬੰਦੇ ਨਹੀਂ ਲੱਭਣਗੇ। ਪਰ ਉਹ ਇਹ ਨਾ ਸੋਚ ਸਕਿਆ ਕਿ ਇਸ ਵਾਰ ਗ੍ਰਿਫ਼ਤਾਰੀਆਂ ਲਈ ਪੂਰਨਾ ਸੰਤ ਭਿੰਡਰਾਂਵਾਲੇ ਕਰ ਰਹੇ ਹਨ ਜਿਨ੍ਹਾਂ ਦਾ ਸਿੱਖ ਸੰਗਤਾਂ ਵਿੱਚ ਰਾਜਨੀਤਿਕ ਖੇਤਰ ਨਾਲੋਂ ਧਾਰਮਿਕ ਆਸਥਾ ਕਈਕੇ ਵੱਧ ਸਤਿਕਾਰ ਹੈ। ਸੰਤ ਭਿੰਡਰਾਂਵਾਲਿਆਂ ਦੀ ਦੀਰਘ ਸੋਚ ਅਤੇ ਸਮੇਂ-ਸਮੇਂ ਸ਼ੁਭਵਾਨ ਪੰਥਕ ਦਰਦੀਆਂ ਨਾਲ ਕੀਤੀਆਂ ਜਾਣ ਵਾਲੀਆਂ ਮੀਟਿੰਗਾਂ ਦੁਆਰਾ ਵਿਚਾਰ ਵਟਾਂਦਰਾ, ਸਿੱਖ ਸੰਪ੍ਰਦਾਵਾਂ ਨਾਲ ਰਾਇ ਮਸ਼ਵਰੇ, ਦੇਸ਼ ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਨਾਲ ਵਿਚਾਰ ਵਟਾਂਦਰਾ, ਹਰ ਰੋਜ਼ ਦੀਆਂ ਸਾਹਮਣੇ ਦਿਸ ਰਹੀਆਂ ਚੁਣੌਤੀਆਂ ਅਤੇ ਪੰਥ ਲਈ ਆਪਾ ਵਾਰਨ ਦੀ ਭਾਵਨਾ ਦਾ ਰੰਗ ਦਿਨੋ-ਦਿਨ ਧਰਮ ਯੁੱਧ ਮੋਰਚੇ ਦੀ ਚੜ੍ਹਤ ਵਿੱਚੋਂ ਝਲਕਾਂ ਮਾਰਦਾ। ਇਸ ਲਈ ਮੌਜੂਦਾ ਧਰਮ ਯੁੱਧ ਮੋਰਚਾ ਇੱਕ ਲਹਿਰ ਬਣ ਕੇ ਉੱਭਰਿਆ ਅਤੇ ਸਿੱਖ ਸਿੰਘਣੀਆਂ ਨੇ ਹੜ੍ਹ ਬਣ ਕੇ ਗ੍ਰਿਫ਼ਤਾਰੀਆਂ ਦਿੱਤੀਆਂ। ਇਸ ਵਾਰ ਸੰਤ ਮਹਾਤਮਾ ਸਿੱਖ ਸੰਪ੍ਰਦਾਵਾਂ ਵੀ ਪਿਛੇ ਨਹੀਂ ਰਹੇ। ਬਲਕਿ ਉਨ੍ਹਾਂ ਨੇ ਆਪਣੇ ਹਜ਼ਾਰਾਂ ਸੇਵਕ ਸ਼ਰਧਾਲੂਆਂ ਸਮੇਤ ਗ੍ਰਿਫ਼ਤਾਰੀਆਂ ਦਿੱਤੀਆਂ। ਇਸ ਲਈ ਛੇਤੀ ਹੀ ਪੰਜਾਬ ਦੀਆਂ ਜੇਲ੍ਹਾਂ ਭਰ ਗਈਆਂ ਅਤੇ ਧਰਮ ਯੁੱਧ ਮੋਰਚੇ ਦੇ ਕੈਦੀਆਂ ਲਈ ਵਿਸ਼ੇਸ਼ ਕੈਂਪ ਲਾ ਕੇ ਉਨ੍ਹਾਂ ਨੂੰ ਜੇਲ੍ਹ ਦਾ ਰੂਪ ਦਿੱਤਾ ਗਿਆ। ਜਦ ਗਿਣਤੀ ਬਹੁਤ ਜ਼ਿਆਦਾ ਵੱਧ ਗਈ ਇਹ ਧਰਮ ਯੁੱਧ ਮੋਰਚਾ ਦਰਬਾਰਾ ਸਿੰਘ ਸਰਕਾਰ ਲਈ ਸਿਰਦਰਦੀ ਬਣ ਗਿਆ। ਇਸ ਲਈ ਸ੍ਰੀਮਤੀ ਗਾਂਧੀ ਨੇ ਧਰਮ ਯੁੱਧ ਮੋਰਚੇ ਦੇ ਕੈਦੀਆਂ ਦੀਆਂ ਸਮੂਹਿਕ ਰਿਹਾਈਆਂ ਕਰਕੇ ਸਿਰਦਰਦੀ ਤੋਂ ਬਚਣ ਦਾ ਯਤਨ ਕੀਤਾ। ਪਰ ਮੋਰਚਾ ਉਸੇ ਤਰ੍ਹਾਂ ਨਿਰੰਤਰ ਜਾਰੀ ਰਿਹਾ।

20 ਅਗਸਤ 1982 ਨੂੰ ਇੱਕ ਹੋਰ ਹਵਾਈ ਜਹਾਜ਼ ਅਗਵਾ

ਧਰਮ ਯੁੱਧ ਮੋਰਚੇ ਵੱਲ ਦੁਨੀਆਂ ਭਰ ਦਾ ਧਿਆਨ ਕੇਂਦਰਿਤ ਕਰਨ ਲਈ 20 ਅਗਸਤ 1982 ਨੂੰ ਦਿੱਲੀ ਤੋਂ ਸ੍ਰੀ ਅੰਮ੍ਰਿਤਸਰ ਆ ਰਹੇ ਇੰਡੀਅਨ ਏਅਰ ਲਾਈਨਜ਼ ਦਾ ਜਹਾਜ਼ ਅਗਵਾ ਕਰ ਲਿਆ। ਇੱਕ ਇੱਕ ਅਗਵਾਕਾਰ ਸ. ਮਨਜੀਤ ਸਿੰਘ ਉਰਫ਼ ਮੁਸੀਬਤ ਸਿੰਘ ਜਹਾਜ਼ ਨੂੰ ਲਾਹੌਰ ਵਿਖੇ ਲੈ ਗਏ। ਪਰ ਪਾਕਿਸਤਾਨ ਸਰਕਾਰ ਪਹਿਲਾਂ ਹੀ ਇੱਕ ਅਗਵਾ ਹੋਏ ਜਹਾਜ਼ ਨੂੰ ਇਥੇ ਉਤਾਰਨ ਦੀ ਆਗਿਆ ਦੇ ਕੇ ਭਾਰਤ ਸਰਕਾਰ ਦੀ ਨਾਰਾਜ਼ਗੀ ਵੇਖ ਚੁੱਕੀ ਸੀ। ਇਸ ਲਈ ਪਾਕਿਸਤਾਨ ਸਰਕਾਰ ਨੇ ਜਹਾਜ਼ ਨੂੰ ਲਾਹੌਰ ਵਿੱਚ ਉੱਤਰਨ ਦੀ ਆਗਿਆ ਨਾ ਦਿੱਤੀ ਤਾਂ ਮਜਬੂਰੀ ਵੱਸ

Scanned with CamScanner

ਜਹਾਜ਼ ਨੂੰ ਸ੍ਰੀ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਾਰਿਆ ਗਿਆ। ਜਦੋਂ ਅਗਵਾਕਾਰ ਨੂੰ ਆਤਮ ਸਮਰਪਣ ਕਰਨ ਲਈ ਪ੍ਰੇਰਿਆ ਤਾਂ ਸ. ਮਨਜੀਤ ਸਿੰਘ ਨੇ ਜਹਾਜ਼ ਵਿੱਚੋਂ ਹੀ ਕਿਹਾ ਕਿ ਜਹਾਜ਼ ਅਗਵਾ ਕਰਨ ਦਾ ਮਨੋਰਥ ਇੱਕੋ ਇੱਕ ਹੈ ਕਿ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਮੰਨੀਆਂ ਜਾਣ ਅਤੇ ਸਿੱਖ ਪੰਥ ਨੂੰ ਇਨਸਾਫ ਦਿੱਤਾ ਜਾਵੇ ਤਾਂ ਪੁਲਿਸ ਵੱਲੋਂ ਉਸ ਨੂੰ ਵਿਸ਼ਵਾਸ਼ ਦੁਆਇਆ ਗਿਆ ਕਿ ਤੁਸੀਂ ਆਪਣੀਆਂ ਸਾਰੀਆਂ ਮੰਗਾਂ ਪ੍ਰੈਸ ਰਾਹੀਂ ਦੁਨੀਆਂ ਨੂੰ ਦੱਸ ਸਕਦੇ ਹੋ। ਜਦੋਂ ਉਸ ਨੇ ਆਤਮ ਸਮਰਪਣ ਕਰ ਦਿੱਤਾ ਤਾਂ ਉਸ ਨੂੰ ਬਿਨਾਂ ਕੋਈ ਕੇਸ ਚਲਾਇਆਂ, ਧੋਖੇ ਨਾਲ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਸਰਕਾਰ ਦੇ ਇਸ ਵਹਿਸ਼ੀਆਨਾ ਕਾਰੇ ਤੋਂ ਸੰਤ ਭਿੰਡਰਾਂਵਾਲਿਆਂ ਨੇ ਦੀਵਾਨ ਹਾਲ ਮੰਜੀ ਸਾਹਿਬ ਤੋਂ ਦੁਨੀਆਂ ਭਰ ਦੀ ਪ੍ਰੈਸ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜਦੋਂ ਕੇਂਦਰ ਵਿੱਚ ਜਨਤਾ ਪਾਰਟੀ ਸੱਤਾ ਵਿੱਚ ਸੀ ਤਾਂ ਇੰਦਰਾ ਗਾਂਧੀ ਦੀ ਗ੍ਰਿਫਤਾਰੀ ਵਿਰੁੱਧ ਰੋਸ ਵਜੋਂ ਦੋ ਪਾਂਡੇ ਭਰਾਵਾਂ ਨੇ ਜਹਾਜ਼ ਅਗਵਾ ਕੀਤਾ ਸੀ। ਪਰ ਇੰਦਰਾ ਗਾਂਧੀ ਨੇ 1980 ਵਿੱਚ ਮੁੜ ਸੱਤਾ ਹਥਿਆਉਣ ਉਪਰੰਤ ਉਨ੍ਹਾਂ ਦੋਵਾਂ ਨੂੰ ਉੱਤਰ ਪ੍ਰਦੇਸ਼ ਵਿਧਾਨ ਸਭਾ ਅਤੇ ਲੋਕ ਸਭਾ 'ਚ ਸੀਟਾਂ ਦੇ ਕੇ ਨਿਵਾਜਿਆ ਸੀ। ਪਰ ਮਨਜੀਤ ਸਿੰਘ ਨੂੰ ਪਾਂਡੇ ਭਰਾਵਾਂ ਵਰਗੀ ਹੀ ਕਾਰਵਾਈ ਕਰਨ ਬਦਲੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ, ਕਿਉਂਕਿ ਉਹ ਇੱਕ ਸਿੱਖ ਸੀ। ਇਸ ਦੁਖਾਂਤਕ ਘਟਨਾ ਨੇ ਮੋਰਚੇ ਨੂੰ ਭਾਰੀ ਹੁਲਾਰਾ ਦਿੱਤਾ ਤੇ ਇਸ ਵਿੱਚ ਹੋਰ ਤੇਜ਼ੀ ਆ ਗਈ। ਦੋ ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ 'ਚ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਅਕਾਲੀ ਵਰਕਰਾਂ ਅਤੇ ਸਿੱਖ ਸੰਗਤਾਂ ਨਾਲ ਤੂੜੀਆਂ ਗਈਆਂ। ਇਥੋਂ ਤੱਕ ਕਿ ਸਰਕਾਰੀ ਇਮਾਰਤਾਂ ਵਿੱਚ ਤਿਆਰ ਕੀਤੀਆਂ ਗਈਆਂ ਆਰਜ਼ੀ ਜੇਲ੍ਹਾਂ ਵੀ ਗ੍ਰੰਜਾਇਸ਼ ਨਾਲੋਂ ਵੱਧ ਭਰ ਗਈਆਂ। ਸੱਚਮੁੱਚ ਹੀ ਅਜਿਹੀ ਕੋਈ ਜਗ੍ਹਾ ਨਹੀਂ ਸੀ ਬਚੀ, ਜਿਥੇ ਗ੍ਰਿਫਤਾਰ ਕੀਤੇ ਧਰਮ ਯੁੱਧ ਮੋਰਚੇ ਦੇ ਵਲੰਟੀਅਰਾਂ ਨੂੰ ਨਜ਼ਰਬੰਦ ਕੀਤਾ ਜਾ ਸਕਦਾ। ਵਲੰਟੀਅਰਾਂ ਨਾਲ ਖਚਾ-ਖਚ ਭਰੀਆਂ ਬੱਸਾਂ ਕਈ-ਕਈ ਦਿਨ ਅਤੇ ਕਈ ਵਾਰ ਹਫ਼ਤਿਆਂ ਬੱਧੀ ਜੇਲ੍ਹਾਂ ਦੇ ਬਾਹਰ ਜਗ੍ਹਾ ਮਿਲਣ ਦੀ ਉਡੀਕ 'ਚ ਖੜ੍ਹੀਆਂ ਰਹਿੰਦੀਆਂ। ਪੂਰੇ ਸਿੱਖਾਂ ਦਾ ਵਹਿਣ ਬੇਰੋਕ ਜਾਰੀ ਰਿਹਾ। ਬੁੱਢਿਆਂ ਅਤੇ ਨੌਜਵਾਨਾਂ ਵਿੱਚ ਇਕੋ ਜਿਹਾ ਅਸਾਧਾਰਨ ਉਮਾਹ ਅਤੇ ਟਹਿਕਵਾਂ ਜੋਸ਼ ਦੇਖਿਆ ਜਾ ਸਕਦਾ ਸੀ। ਗਾਤਰੇ, ਕ੍ਰਿਪਾਨਾਂ ਪਾਈ ਅਤੇ ਨੀਲੀਆਂ ਦਸਤਾਰਾਂ 'ਤੇ ਕੇਸਰੀ ਪੱਟੀਆਂ ਬੰਨ੍ਹੀ ਵਲੰਟੀਅਰਾਂ ਅਤੇ ਕੇਸਰੀ ਦੁਪੱਟੇ ਸਿਰਾਂ 'ਤੇ ਲਈ ਸਿੱਖ ਬੀਬੀਆਂ ਨੇ ਪੰਜਾਬ ਦੀ ਫ਼ਿਜ਼ਾ ਨੂੰ ਰਾਜ ਕਰੇਗਾ ਖ਼ਾਲਸਾ" ਅਤੇ "ਦੇਗ ਤੇਗ ਫ਼ਤਹਿ ਦੇ ਗਵਾਇਤੀ ਨਾਅਰਿਆਂ ਨਾਲ ਗੂੰਜਾ ਦਿੱਤਾ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਸਮੁੱਚਾ ਸਿੱਖ ਪੰਥ ਹੀ ਇਸ ਮਿਸ਼ਨ 'ਤੇ ਹੋਵੇ। ਇਸ ਮਿਸ਼ਨ ਲਈ ਹਰ ਕੋਈ ਕੁਝਿਆ ਹੋਇਆ ਨਜ਼ਰ ਆਉਂਦਾ ਸੀ। ਅਸਲ ਵਿੱਚ ਅਕਾਲੀ ਮੋਰਚਿਆਂ ਦੇ ਇਤਿਹਾਸ ਵਿੱਚ ਇਹ ਅਜਿਹਾ ਪਹਿਲਾ ਮੋਰਚਾ ਸੀ ਜਿਸ ਦੀ ਹੁਣ ਤੱਕ ਦੀ ਸ਼ਾਨਦਾਰ ਕਾਮਯਾਬੀ ਸਾਹਮਣੇ ਨਜ਼ਰ ਆ ਰਹੀ ਸੀ।

ਸੰਤ ਭਿੰਡਰਾਂਵਾਲੇ ਹਿੰਦੂਆਂ ਦੇ ਵਿਰੁੱਧ ਨਹੀਂ ਸਨ

ਜਦੋਂ ਭਾਰਤ ਦੀ ਬਹੁਗਿਣਤੀ ਵਿੱਚ ਇਹ ਗੱਲ ਪ੍ਰਚਲਿਤ ਹੋਣ ਲੱਗੀ ਕਿ ਸੰਤ ਭਿੰਡਰਾਂਵਾਲੇ ਨਿਰਲਾਲਚ, ਨਿਰਸਵਾਰਥ, ਸਿੱਖ ਹੱਕਾਂ ਦੀ ਪੂਰਤੀ ਲਈ ਇੱਕ ਪ੍ਰਮੁੱਖ ਆਗੂ ਵਜੋਂ ਉੱਭਰ ਰਹੇ ਹਨ ਅਤੇ ਉਨ੍ਹਾਂ ਦੀ ਅਜ਼ੀਮ ਸ਼ਖਸੀਅਤ ਨੂੰ ਸਿੱਖਾਂ ਦੀ ਬਹੁਗਿਣਤੀ ਵੱਲੋਂ ਇਹ ਸਵੀਕਾਰ ਕਰ ਲਿਆ ਗਿਆ ਹੈ ਕਿ ਸੰਤ ਕੌਮੀ ਅਗਵਾਈ ਕਰਨ ਦੇ ਸਮਰੱਥ ਹਨ ਤਾਂ ਸਿੱਖ ਨੌਜਵਾਨਾਂ ਦਾ ਸੰਤਾਂ ਵੱਲ ਖਿੱਚੇ ਜਾਣਾ ਸੁਭਾਵਿਕ ਸੀ। ਸੰਤਾਂ ਵੱਲੋਂ ਸਿੱਖ ਕੌਮ ਉੱਪਰ ਹੋ ਰਹੇ ਹਮਲਿਆਂ ਅਤੇ ਕੀਤੇ ਜਾ ਰਹੇ ਜ਼ੁਲਮਾਂ ਵਿਰੁੱਧ ਪ੍ਰਤੀਕਰਮ ਕਰਨਾ ਆਮ ਪ੍ਰਤੀਕਿਰਿਆ ਸੀ। ਪਰ ਹਿੰਦੂ ਹੁਕਮਰਾਨ ਨਹੀਂ ਸਨ ਚਾਹੁੰਦੇ ਕਿ ਸਿੱਖ ਕੌਮ ਅੰਦਰ ਕੋਈ ਐਸਾ ਪ੍ਰਵਾਨਿਤ ਆਗੂ ਅਗਵਾਈ ਕਰੇ ਜੋ ਮੌਤ ਤੋਂ ਵੀ ਬੇਫਿਕਰ ਹੋਵੇ। ਇਸੇ ਲਈ ਹਿੰਦੂ ਪ੍ਰੈਸ ਅਤੇ ਹਿੰਦੂ ਸੰਗਠਨ ਕੇਂਦਰ ਸਰਕਾਰ ਦੀ ਸ਼ਹਿ 'ਤੇ ਆਏ ਦਿਨ ਸੰਤਾਂ ਵਿਰੁੱਧ ਅੱਗ ਉਗਲਦੇ ਬਿਆਨ ਦਿੰਦੇ ਸਨ ਤਾਂ ਕਿ ਸੰਤਾਂ ਦੀ ਸਖਸ਼ੀਅਤ ਨੂੰ ਧੁੰਦਲਾ ਕੀਤਾ ਜਾ ਸਕੇ। ਸੰਤ ਭਿੰਡਰਾਂਵਾਲਿਆਂ ਨੇ ਹਿੰਦੂ ਬਹੁ ਗਿਣਤੀ ਦੀ ਕਦਮ-ਕਦਮ 'ਤੇ ਹੁੰਦੀ ਭੜਕਾਊ ਬੁਰਛਾਗਰਦੀ ਦੇ ਬਾਵਜੂਦ ਆਪਣੀ ਤਾਕਤ ਦੀ ਵਰਤੋਂ ਨਾਲ, ਲੋੜ ਪੈਣ 'ਤੇ ਮਜ਼ਲੂਮ ਹਿੰਦੂਆਂ ਦੀ ਰਾਖੀ ਕੀਤੀ ਅਤੇ ਧਾਰਮਿਕ ਤੌਰ 'ਤੇ ਕਈ ਦੁਖੀ ਹਿੰਦੂਆਂ ਦੀ ਆਰਥਿਕ ਮਦਦ ਵੀ ਕੀਤੀ ਜਿਵੇਂ:

Scanned with CamScanner



ਭਾਈ ਅਮਰੀਕ ਸਿੰਘ ਜੀ ਅਤੇ ਠਾਰੂ ਸਿੰਘ ਜੀ ਦੀ ਜੇਲ੍ਹ ਤੋਂ ਰਿਹਾਈ ਮੌਕੇ ਸਨਮਾਨ ਕਰਦੇ ਹੋਏ ਸੰਤ ਭਿੰਡਰਾਂਵਾਲੇ।




ਸੰਤ ਭਿੰਡਰਾਂਵਾਲਿਆਂ ਦੇ ਭਤੀਜੇ ਭਾਈ ਸਵਰਨ ਸਿੰਘ ਦੇ ਲਾਲਾ ਜਗਤ ਨਰਾਇਣ ਕਤਲ ਕੇਸ ਵਿੱਚੋਂ ਬਾਇੱਜ਼ਤ ਬਰੀ ਹੋਣ 'ਤੇ ਸਵਾਗਤ ਕਰਦੇ ਹੋਏ ਭਾਈ ਅਮਰੀਕ ਸਿੰਘ ਜੀ, ਭਾਈ ਉੱਜਲ ਸਿੰਘ, ਭਾਈ ਰਜਿੰਦਰ ਸਿੰਘ ਮਹਿਤਾ, ਜਥੇਦਾਰ ਰਾਮ ਸਿੰਘ ਸੁਲਤਾਨਪੁਰੀ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਮੁਖ ਸਿੰਘ ਗੜਵਈ ਅਤੇ ਭਾਈ ਹਰਮਿੰਦਰ ਸਿੰਘ ਸੰਧੂ।

Scanned with CamScanner



ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਕਨਵੈਨਸ਼ਨ ਵਿੱਚ ਸੰਤ ਭਿੰਡਰਾਂਵਾਲੇ ਸੰਬੋਧਨ ਕਰਦੇ ਹੋਏ ਅਤੇ ਫੈਡਰੇਸ਼ਨ ਆਗੂ ਭਾਈ ਅਮਰੀਕ ਸਿੰਘ, ਭਾਈ ਹਰਮਿੰਦਰ ਸਿੰਘ ਸੰਧੂ, ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਭਾਈ ਮਨਜੀਤ ਸਿੰਘ, ਵਿਰਸਾ ਸਿੰਘ ਵਲਟੋਹਾ ਆਦਿ।



ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀ ਦੇਣ ਸਮੇਂ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਨੂੰ ਵਿਦਾਇਗੀ ਦਿੰਦੇ ਹੋਏ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ।

Scanned with CamScanner

1. ਗੁਰਦਾਸਪੁਰ ਜੇਲ੍ਹ ਵਿੱਚ ਸੰਤਾਂ ਦੇ ਨਜਦੀਕੀ ਬਾਬਾ ਠਾਰਾ ਸਿੰਘ ਅਤੇ ਭਾਈ ਅਮਰੀਕ ਸਿੰਘ ਨੇ ਜੇਲ੍ਹ ਦੇ ਸਿੱਖ ਕੈਦੀਆਂ ਦੀ ਮੰਗ 'ਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਬਣਾਈ ਜਿੱਥੇ ਰੋਜ਼ਾਨਾ ਕਥਾ ਕੀਰਤਨ ਹੁੰਦਾ ਅਤੇ ਕਥਾ ਦੀ ਡਿਊਟੀ ਵੀ ਭਾਈ ਸਾਹਿਬ ਭਾਈ ਅਮਰੀਕ ਆਪ ਨਿਭਾਉਂਦੇ ਸਨ। ਇਸ ਗੱਲ ਤੋਂ ਜੇਲ੍ਹ ਦੇ ਕੈਦੀਆਂ ਨੇ ਤਸੱਲੀ ਪ੍ਰਗਟਾਈ ਅਤੇ ਜੇਲ੍ਹ ਅਧਿਕਾਰੀਆਂ ਨੇ ਵੀ। ਇੱਥੇ ਹੀ ਕੁੱਝ ਹਿੰਦੂ ਕੈਦੀਆਂ ਨੇ ਬਾਬਾ ਠਾਰਾ ਸਿੰਘ ਨੂੰ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਸਾਡੇ ਲਈ ਇੱਕ ਮੰਦਰ ਦੀ ਉਸਾਰੀ ਵੀ ਕਰ ਦਿੱਤੀ ਜਾਵੇ, ਜਿਥੇ ਅਸੀਂ ਆਪਣੇ ਧਰਮ ਦੀ ਇਬਾਦਤ ਕਰ ਸਕਿਆ ਕਰੀਏ। ਬਾਬਾ ਠਾਰਾ ਸਿੰਘ ਨੇ ਕਿਹਾ ਕਿ ਤੁਹਾਡਾ ਕੋਈ ਵੀ ਨਜਦੀਕੀ ਵਿਅਕਤੀ ਮੁਲਾਕਾਤ ਕਰਨ ਆ ਜਾਵੇ ਤਾਂ ਉਨ੍ਹਾਂ ਨੂੰ ਸੰਤ ਭਿੰਡਰਾਂਵਾਲਿਆਂ ਪਾਸ ਭੇਜੋ। ਉਹ ਸਾਨੂੰ ਆਗਿਆ ਦੇਣ ਤਾਂ ਅਸੀਂ ਮੰਦਰ ਵੀ ਬਣਾ ਦਿਆਂਗੇ। ਇਸੇ ਤਰ੍ਹਾਂ ਹੋਇਆ, ਕੁੱਝ ਹਿੰਦੂ ਵੀਰ ਸੰਤਾਂ ਕੋਲ ਆਏ ਉਨ੍ਹਾਂ ਨੇ ਗੁਰਦਾਸਪੁਰ ਜੇਲ੍ਹ ਅੰਦਰ ਮੰਦਿਰ ਉਸਾਰਨ ਦੀ ਬੇਨਤੀ ਕੀਤੀ। ਇਹ ਵੀ ਦੱਸਿਆ ਕਿ ਤੁਹਾਡੇ ਨਜਦੀਕੀ ਸਿੰਘਾਂ ਨੇ ਜੇਲ੍ਹ ਅੰਦਰ ਗੁਰਦੁਆਰਾ ਸਾਹਿਬ ਬਣਾਇਆ ਹੈ ਉਨ੍ਹਾਂ ਨੂੰ ਕਹਿ ਕੇ ਮੰਦਰ ਵੀ ਬਣਵਾ ਦਿਉ। ਸੰਤਾਂ ਨੇ ਭਾਈ ਠਾਰਾ ਸਿੰਘ ਹੁਰਾਂ ਨੂੰ ਕਹਿ ਕੇ ਉਸੇ ਜੇਲ੍ਹ ਵਿੱਚ ਮੰਦਰ ਦੀ ਉਸਾਰੀ ਕਰਵਾਈ। ਜਿੱਥੇ ਹਿੰਦੂ ਕੈਦੀ ਇਕੱਠੇ ਹੋ ਕੇ ਆਪਣੇ ਧਰਮ ਮੁਤਾਬਕ ਪੂਜਾ ਕਰਦੇ ਆ ਰਹੇ ਹਨ। ਜੇਕਰ ਸੰਤਾਂ ਦਾ ਹਿੰਦੂਆਂ ਨਾਲ ਵਿਰੋਧ ਹੁੰਦਾ ਤਾਂ ਅਜਿਹਾ ਕਿਉਂ ਕਰਦੇ?

2. ਅੰਮ੍ਰਿਤਸਰ ਸ਼ਹਿਰ ਦੇ ਛੋਟੇ ਕਾਰਖਾਨੇਦਾਰ ਕੁੱਝ ਹਿੰਦੂ ਲੋਕ ਸੰਤਾਂ ਕੋਲ ਗੁਰੂ ਨਾਨਕ ਨਿਵਾਸ ਵਿਖੇ ਆਏ ਉਨ੍ਹਾਂ ਨੂੰ ਆਪਣੀਆਂ ਮੁਸ਼ਕਿਲਾਂ ਦੱਸੀਆਂ। ਨਾਲ ਹੀ ਮਦਦ ਕਰਨ ਵਾਸਤੇ ਬੇਨਤੀ ਕੀਤੀ ਕਿਉਂਕਿ ਉਹ ਸਰਕਾਰ ਵੱਲੋਂ ਸਾਜਿਸ਼ ਅਧੀਨ ਵਿਗਾੜੇ ਜਾ ਰਹੇ ਪੰਜਾਬ ਦੇ ਹਾਲਾਤਾਂ ਤੋਂ ਦੁਖੀ ਹੋ ਕੇ ਆਪਣੇ ਕਾਰੋਬਾਰ ਛੱਡਣ ਲਈ ਮਜ਼ਬੂਰ ਹੋ ਰਹੇ ਸਨ। ਪਰ ਸੰਤਾਂ ਨੇ ਉਨ੍ਹਾਂ ਨੂੰ ਤਸੱਲੀ ਦਿੱਤੀ ਕਿ ਤੁਸੀਂ ਬੇਫਿਕਰ ਹੋ ਕੇ ਆਪਣੇ ਕਾਰੋਬਾਰ ਚਲਾਉ ਸਾਡਾ ਤੁਹਾਡੇ ਨਾਲ ਕੋਈ ਵਿਰੋਧ ਨਹੀਂ ਹੈ। ਇਹ ਸਰਕਾਰ ਦੀਆਂ ਕਰਤੂਤਾਂ ਚਾਲਾਂ ਹਨ ਫਿਰ ਵੀ ਤੁਹਾਨੂੰ ਕਿਸੇ ਕਿਸਮ ਦੀ ਦਿੱਕਤ ਆਵੇ ਤਾਂ ਅਸੀਂ ਤੁਹਾਡੀ ਮਦਦ ਕਰਾਂਗੇ। ਸੰਤਾਂ ਕੋਲੋਂ ਅਜਿਹਾ ਵਿਸ਼ਵਾਸ਼ ਮਿਲਣ ਤੋਂ ਇਹ ਸਭ ਹਿੰਦੂ ਕਾਰਖਾਨੇਦਾਰਾਂ ਨੂੰ ਭਾਰੀ ਤਸੱਲੀ ਹੋਈ ਅਤੇ ਨਾਲ ਹੀ ਇਹ ਮਹਿਸੂਸ ਕਰਨ ਲੱਗੇ ਕਿ ਅਸੀਂ ਬਿਨ੍ਹਾਂ ਸੋਚੇ ਸਮਝੇ ਹੀ ਸੰਤਾ ਨੂੰ ਹਿੰਦੂਆਂ ਦੇ ਵਿਰੁੱਧ ਸਮਝਣ ਲੱਗ ਪਏ ਸੀ, ਜੋ ਸਾਡਾ ਭੁਲੇਖਾ ਸੀ।

3. ਸੰਨ 1981 ਨਵੰਬਰ ਦੇ ਮਹੀਨੇ ਵਿੱਚ ਚੱਲ ਰਹੇ ਧਰਮ ਪ੍ਰਚਾਰ ਦੌਰਾਨ ਫਿਰੋਜ਼ਪੁਰ ਜਿਲ੍ਹੇ ਦੇ ਸ਼ਹਿਰ ਜਲਾਲਾਬਾਦ ਗੁਰਦੁਆਰਾ ਸਿੰਘ ਸਭਾ ਵਿਖੇ ਦੀਵਾਨ ਚੱਲ ਰਿਹਾ ਸੀ। ਜਦੋਂ ਜਲਾਲਾਬਾਦ ਸ਼ਹਿਰ ਦਾ ਹੀ ਵਸਨੀਕ ਹੁਕਮ ਚੰਦ ਨਾਮ ਦਾ ਹਿੰਦੂ ਵਿਅਕਤੀ ਰੋਂਦਾ ਕੁਰਲਾਉਂਦਾ ਸੰਤਾਂ ਕੋਲ ਆਇਆ। ਕਾਰਨ ਪੁੱਛਣ ਤੇ ਬਹੁਤ ਦੁਖੀ ਅਤੇ ਬਿਹਬਲ ਹਾਲਤ ਵਿੱਚ ਉਸ ਨੇ ਦੱਸਿਆ ਕਿ ਮੇਰੀ ਜਵਾਨ ਕੁਆਰੀ ਧੀ ਨੂੰ ਲਾਲ ਚੰਦ ਨਾ ਦਾ ਬਦਮਾਸ਼ ਚੁੱਕ ਕੇ ਲੈ ਗਿਆ ਹੈ। ਪੁਲਿਸ ਜਾਂ ਕਿਸੇ ਸਰਕਾਰੀ ਅਧਿਕਾਰੀ ਨੇ ਮੇਰੀ ਪੁਕਾਰ ਨਹੀਂ ਸੁਣੀ ਕਿਉਂਕਿ ਲਾਲ ਚੰਦ ਬਦਮਾਸ਼, ਸਰਕਾਰੇ ਦਰਬਾਰੇ ਪੈਸੇ ਦੇ ਜ਼ੋਰ ਨਾਲ ਕਾਫੀ ਅਸਰ ਰਸੂਖ ਰੱਖਦਾ ਹੈ। ਮੈਂ ਦੁਖੀ ਹੋ ਕੇ ਤੁਹਾਡੇ ਕੋਲ ਆਇਆ ਹਾਂ, ਤੁਸੀਂ ਹੀ ਮੇਰੀ ਇੱਜ਼ਤ ਬਚਾ ਸਕਦੇ ਹੋ। ਕ੍ਰਿਪਾ ਕਰਕੇ ਉਸ ਜ਼ਾਲਮ ਬਦਮਾਸ਼ ਦੇ ਪੰਜੇ 'ਚੋਂ ਮੇਰੀ ਧੀ ਨੂੰ ਬਚਾਓ। ਸੰਤਾਂ ਨੇ ਉਸੇ ਵੇਲੇ ਹੀ ਸੀਨੀਅਰ ਆਗੂ ਸਰਦਾਰ ਮਹਿੰਦਰ ਸਿੰਘ ਸਾਈਆਂ ਵਾਲੇ ਨੂੰ ਆਪਣੇ ਕੁੱਝ ਸਿੰਘ ਅਤੇ ਗੱਡੀ ਦੇ ਕੇ ਉਸ ਵੇਲੇ ਹੀ ਸੀਨੀਅਰ ਆਗੂ ਸਰਦਾਰ ਮਹਿੰਦਰ ਸਿੰਘ ਸਾਈਆਂ ਵਾਲੇ ਨੂੰ ਆਪਣੇ ਕੁੱਝ ਸਿੰਘ ਅਤੇ ਗੱਡੀ ਦੇ ਕੇ ਉਸ ਦੁਖੀਏ ਹੁਕਮ ਚੰਦ ਨਾਲ ਭੇਜਿਆ ਕਿ ਇਸਦੇ ਨਾਲ ਜਾਉ ਅਤੇ ਉਸ ਬਦਮਾਸ਼, ਸਮੇਤ ਲੜਕੀ ਨੂੰ ਇੱਥੇ ਲਿਆਉ। ਹੁਕਮ ਚੰਦ ਨੂੰ ਉਸ ਬਦਮਾਸ਼ ਦੇ ਟਿਕਾਣੇ ਦਾ ਪਤਾ ਸੀ ਜਿਉਂ ਹੀ ਸਿੰਘ ਉਸ ਦੇ ਟਿਕਾਣੇ 'ਤੇ ਪਹੁੰਚੇ ਤਾਂ ਉਹ ਬਹੁਤ ਘਬਰਾ ਗਿਆ। ਸਿੰਘਾਂ ਨੇ ਉਸ ਬਦਮਾਸ਼ ਨੂੰ ਸੋਧਾ ਵੀ ਲਾਇਆ ਅਤੇ ਅਗਾਂਹ ਤੋਂ ਅਜਿਹਾ ਭੈੜਾ ਕਰਮ ਕਰਨ ਤੋਂ ਮਾਫੀ ਮੰਗਵਾਈ ਅਤੇ ਲੜਕੀ ਨੂੰ ਉਸ ਦੇ ਪਿਤਾ ਹੁਕਮ ਚੰਦ ਦੇ ਸਪੁਰਦ ਕਰ ਦਿੱਤਾ। ਇਸ ਤਰ੍ਹਾਂ ਕੁੱਝ ਘੰਟਿਆਂ ਵਿੱਚ ਹੀ ਅਗਵਾ ਕੀਤੀ ਲੜਕੀ ਨੂੰ ਛੁਡਵਾ ਕੇ ਇੱਕ ਦੁਖੀ ਹਿੰਦੂ ਵਿਅਕਤੀ ਨੂੰ ਇਨਸਾਫ ਦੁਆਇਆ।

4. ਇਸੇ ਤਰ੍ਹਾਂ ਇੱਕ ਵਾਰੀ ਗੁਰੂ ਨਾਨਕ ਨਿਵਾਸ ਵਿਖੇ ਇੱਕ ਹਿੰਦੂ ਸੱਜਣ (ਸ਼ਿਮ ਪ੍ਰਕਾਸ਼) ਸੰਤਾਂ ਕੋਲ ਆਇਆ ਅਚਾਨਕ ਉਸ ਦਿਨ ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਸੁਪਰੀਮ ਕੋਰਟ ਦੇ ਉੱਘੇ ਵਕੀਲ ਡਾਕਟਰ ਸੁਬਰਾਮਨੀਅਮ ਸੁਆਮੀ ਵੀ ਦਿੱਲੀ ਤੋਂ ਆਪਣੇ ਕੁਝ ਨਜਦੀਕੀ ਆਗੂਆਂ ਨਾਲ ਸੰਤਾਂ ਨੂੰ ਮਿਲਣ ਆਏ ਹੋਏ ਸਨ

Scanned with CamScanner

ਅਤੇ ਕੋਲ ਹੀ ਬੈਠੇ ਸਨ ਤਾਂ ਸੋਮ ਪ੍ਰਕਾਸ਼ ਦੀ ਤਰਸਯੋਗ ਹਾਲਤ ਵੇਖ ਕੇ ਮਹਾਂਪੁਰਖਾਂ ਨੇ ਉਸਦਾ ਕਾਰਨ ਪੁੱਛਿਆ ਤਾਂ ਉਸ ਨੇ ਫ਼ਰਿਆਦ ਕੀਤੀ ਕਿ ਮੇਰੀ ਧੀ ਨੂੰ ਉਸ ਦੇ ਸਹੁਰੇ ਦਾਜ ਲਈ ਪ੍ਰੇਸ਼ਾਨ ਕਰਦੇ ਹਨ, ਮੇਰੀ ਕਿਤੇ ਸੁਣਵਾਈ ਨਹੀਂ ਹੋ ਰਹੀ। ਮੈਨੂੰ ਡਰ ਹੈ ਕਿ ਮੇਰੀ ਲੜਕੀ ਨੂੰ ਮਾਰ ਹੀ ਨਾ ਦੇਣ ਅਤੇ ਮੇਰੇ ਵਿੱਚ ਇੰਨੀ ਸਮਰੱਥਾ ਨਹੀਂ ਕਿ ਉਨ੍ਹਾਂ ਦੇ ਮੰਗੇ ਅਨੁਸਾਰ ਦਾਜ ਦੇ ਸਕਾਂ। ਸੰਤਾਂ ਨੇ ਉਸ ਨੂੰ ਪੁੱਛਿਆ ਕਿ ਕੋਈ ਹੋਰ ਪਰਿਵਾਰਕ ਝਗੜਾ ਤਾਂ ਨਹੀਂ? ਉਸ ਨੇ ਕਿਹਾ ਕਿ ਨਹੀਂ, ਕੇਵਲ ਦਾਜ ਦਾ ਹੀ ਰੌਲਾ ਹੈ। ਸੰਤ ਭਿੰਡਰਾਂਵਾਲਿਆਂ ਨੇ ਆਪਣੇ ਸਿੰਘਾਂ ਦੀ ਡਿਊਟੀ ਲਾ ਕੇ ਲੜਕੀ ਅਤੇ ਸਹੁਰੇ ਪਰਿਵਾਰ ਨੂੰ ਸੱਦਿਆ। ਸੰਤਾਂ ਨੇ ਕਿਹਾ ਕਿ ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਇਸ ਬੱਚੀ ਨੂੰ ਤੰਗ ਕਰਦੇ ਹੋ ਕਿ ਆਪਣੇ ਪਿਤਾ ਤੋਂ ਹੋਰ ਪੈਸੇ ਲੈ ਕੇ ਆਵੇ। ਜੇਕਰ ਅਜਿਹੀ ਗੱਲ ਹੈ, ਤਾਂ ਸਮਝੋ ਕਿ ਇਹ ਬੱਚੀ ਮੇਰੀ ਧੀ ਹੈ ਸੰਤਾਂ ਨੇ ਆਪਣੇ ਖੀਸੇ ਵਿੱਚ ਹੱਥ ਪਾਉਂਦਿਆਂ ਕਿਹਾ ਕਿ ਦੱਸੋ ਤੁਹਾਨੂੰ ਕਿੰਨੇ ਪੈਸੇ ਚਾਹੀਦੇ ਹਨ? ਸੰਤਾਂ ਦੇ ਇੰਨਾ ਹੀ ਕਹਿਣ ਦੀ ਦੇਰ ਸੀ ਕਿ ਉਨ੍ਹਾਂ ਨੇ ਪੈਸੇ ਤਾਂ ਕੀ ਲੈਣੇ ਸਨ ਸਗੋਂ ਉਨ੍ਹਾਂ ਹੱਥ ਜੋੜ ਕੇ ਮਾਫ਼ੀ ਮੰਗੀ ਕਿ ਅੱਗੇ ਤੋਂ ਅਜਿਹੀ ਕੋਈ ਸ਼ਿਕਾਇਤ ਨਹੀਂ ਆਵੇਗੀ। ਇਹ ਘਟਨਾ ਵੇਖ ਕੇ ਸੁਆਮੀ ਸੁਬਰਾਮਨੀਅਮ ਅਤੇ ਉਸਦੇ ਨਾਲ ਦੇ ਵਿਅਕਤੀ ਵੀ ਹੈਰਾਨ ਹੋਏ ਕਿ ਸੰਤਾਂ ਨੂੰ ਹਿੰਦੂਆਂ ਦੇ ਦੁਸ਼ਮਣ ਦੇ ਤੌਰ 'ਤੇ ਪ੍ਰਚਾਰਿਆ ਜਾ ਰਿਹਾ ਹੈ। ਪਰ ਇਹ ਤਾਂ ਸਗੋਂ ਸਾਧਾਰਨ ਹਿੰਦੂ ਪਰਿਵਾਰਾਂ ਦੀ ਮਦਦ ਕਰ ਰਹੇ ਹਨ।

5. ਕਪੂਰਥਲੇ ਤੋਂ ਕੁੱਝ ਹਿੰਦੂ ਸੰਤਾਂ ਕੋਲ ਆਏ ਉਨ੍ਹਾਂ ਨੇ ਕਿਹਾ ਕਿ ਸ਼ਹਿਰ ਵਿੱਚ ਕਿਸੇ ਸ਼ਰਾਰਤੀ ਵਿਅਕਤੀ ਨੇ ਮੰਦਰ ਨੂੰ ਅੱਗ ਲਾ ਦਿੱਤੀ, ਜਿਸ ਵਿੱਚ ਸਾਡਾ ਧਾਰਮਿਕ ਗ੍ਰੰਥ ਰਾਮਾਇਣ ਵੀ ਸੜ ਗਿਆ। ਇਸ ਸਬੰਧ ਵਿੱਚ ਅਸੀਂ ਅਦਾਲਤ ਵਿੱਚ ਕੇਸ ਕੀਤਾ ਹੈ। ਕੇਸ ਲੜਨ ਲਈ ਕੁੱਝ ਆਰਥਿਕ ਮਦਦ ਕੀਤੀ ਜਾਵੇ ਤਾਂ ਸੰਤਾਂ ਨੇ ਉਨ੍ਹਾਂ ਨੂੰ ਨਵੀਂ ਰਾਮਾਇਣ ਲਿਆਉਣ ਅਤੇ ਕੇਸ ਲੜਨ ਲਈ ਪੰਜ ਹਜ਼ਾਰ ਰੁਪਏ ਦੀ ਮਦਦ ਕੀਤੀ। ਇੱਥੋਂ ਦੇ ਇਹ ਹਿੰਦੂ ਵੀਰ ਸੰਤਾਂ ਨੂੰ ਅਖੀਰ ਤੱਕ ਮਿਲਦੇ ਰਹੇ।

6. ਅੰਮ੍ਰਿਤਸਰ ਸ਼ਹਿਰ ਦਾ ਹੀ ਰਹਿਣ ਵਾਲਾ ਇੱਕ ਹਿੰਦੂ ਵਿਅਕਤੀ ਕੈਲਾਸ਼ ਚੰਦਰ ਜਿਸ ਦੀ ਕਰਿਆਨੇ ਦੀ ਦੁਕਾਨ ਬਿਜਲੀ ਦੀਆਂ ਤਾਰਾਂ ਤੋਂ ਅੱਗ ਲੱਗਣ ਨਾਲ ਸੜ ਗਈ ਸੀ। ਉਸ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਮੇਰੇ ਰੋਜ਼ਗਾਰ ਦਾ ਸਾਧਨ ਕੇਵਲ ਮੇਰੀ ਦੁਕਾਨ ਹੀ ਸੀ, ਜੋ ਸੜ ਗਈ ਹੈ, ਜੇਕਰ ਤੁਸੀਂ ਮੇਰੀ ਥੋੜ੍ਹੀ ਬਹੁਤ ਮਦਦ ਕਰ ਦੇਵੋ ਤਾਂ ਤੁਹਾਡੇ ਕਾਰਨ ਕੁੱਝ ਹੋਰ ਸਿੱਖ ਵੀ ਮੇਰੀ ਮਦਦ ਕਰ ਦੇਣਗੇ। ਮੈਂ ਦੁਬਾਰਾ ਦੁਕਾਨ ਚਲਾ ਸਕਦਾ ਹਾਂ। ਸੰਤਾਂ ਨੇ ਉਸ ਵੇਲੇ ਪੰਜ ਸੌ ਰੁਪਏ ਦੇ ਕੇ ਉਸਦੀ ਮਦਦ ਕੀਤੀ ਅਤੇ ਨਾਲ ਹੀ ਪੁੱਛਿਆ ਕਿ ਹੋਰ ਦੱਸ। ਤਾਂ ਉਸ ਨੇ ਕਿਹਾ ਕਿ ਆਪ ਜੀ ਵੱਲੋਂ ਕੀਤੀ ਗਈ ਮਦਦ ਬੇਅੰਤ ਹੈ ਕਿਉਂਕਿ ਜਦੋਂ ਮੈਂ ਹੋਰ ਲੋਕਾਂ ਨੂੰ ਦੱਸਾਂਗਾ ਕਿ ਸੰਤ ਭਿੰਡਰਾਂਵਾਲਿਆਂ ਨੇ ਮੇਰੀ ਮਦਦ ਕੀਤੀ ਹੈ ਤਾਂ ਨਿਰਸੰਦੇਹ ਮੇਰੀ ਹੋਰ ਵੀ ਮਦਦ ਹੋ ਜਾਵੇਗੀ।

7. ਧਰਮ ਯੁੱਧ ਮੋਰਚੇ ਦੌਰਾਨ ਰਸਤਾ ਰੋਕੂ ਸਮਾਗਮ ਸਮੇਂ ਕੁੱਝ ਵਿਅਕਤੀ ਸ਼ਹੀਦ ਹੋ ਗਏ ਸਨ ਜਿਨ੍ਹਾਂ ਵਿੱਚ ਦੋ ਹਿੰਦੂ ਵਿਅਕਤੀ ਵੀ ਸਨ ਇੱਕ ਮਲੇਰਕੋਟਲਾ ਅਤੇ ਇੱਕ ਪਟਿਆਲਾ ਦਾ ਰਹਿਣ ਵਾਲਾ ਇਨ੍ਹਾਂ ਦੇ ਪਰਿਵਾਰਾਂ ਨੂੰ ਦਮਦਮੀ ਟਕਸਾਲ ਵੱਲੋਂ ਸੰਤਾਂ ਨੇ 5-5 ਹਜ਼ਾਰ ਰੁਪਏ ਦੀ ਮਦਦ ਕੀਤੀ ਅਤੇ ਸੰਤ ਲੌਂਗੋਵਾਲ ਨੂੰ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ 10-10 ਹਜ਼ਾਰ ਰੁਪਏ ਦੀ ਮਦਦ ਕਰਵਾਈ। ਸੰਤਾਂ ਨੇ ਕਿਹਾ ਕਿ ਸਾਨੂੰ ਹਿੰਦੂਆਂ ਦੇ ਵਿਰੁੱਧ ਪ੍ਰਚਾਰਿਆ ਜਾ ਰਿਹਾ ਹੈ ਪਰ ਕੀ ਕੋਈ ਵੀ ਵਿਅਕਤੀ ਦੱਸ ਸਕਦਾ ਹੈ ਕਿ ਸਿੱਖ ਪਰਿਵਾਰਾਂ ਵਿੱਚੋਂ ਧਰਮ ਯੁੱਧ ਮੋਰਚੇ ਦੌਰਾਨ ਲਗਭਗ 200 ਸਿੰਘਾਂ ਦੀ ਸ਼ਹੀਦੀ ਹੋ ਚੁੱਕੀ ਹੈ, ਕਿਸੇ ਇੱਕ ਵੀ ਹਿੰਦੂ ਸੰਗਠਨ ਜਾਂ ਹਿੰਦੂ ਆਗੂ ਨੇ ਕਿਸੇ ਪਰਿਵਾਰ ਦੀ ਇੱਕ ਰੁਪਏ ਦੀ ਵੀ ਮਦਦ ਕੀਤੀ ਹੋਵੇ, ਅਸੀਂ ਮਦਦ ਮੰਗਦੇ ਨਹੀਂ, ਪਰ ਦੱਸਣਾ ਚਾਹੁੰਦੇ ਹਾਂ ਕਿ ਸਾਡਾ ਹਿੰਦੂਆਂ ਨਾਲ ਕੋਈ ਵੈਰ ਵਿਰੋਧ ਨਹੀਂ ਹੈ। ਸਿਰਫ਼ ਸਿੱਖਾਂ ਨਾਲ ਬੇਇਨਸਾਫ਼ੀਆਂ ਅਤੇ ਧੱਕੇਸ਼ਾਹੀਆਂ ਕਰਨ ਵਾਲੇ ਹਿੰਦੂ ਹੁਕਮਰਾਨਾਂ ਨਾਲ ਸਾਡੀ ਲੜਾਈ ਹੈ।

8. ਇਸੇ ਤਰ੍ਹਾਂ ਹਰਿਦੁਆਰ ਤੋਂ ਇੱਕ ਪੰਡਿਤ ਰੋਸ਼ਨ ਲਾਲ ਸੰਤਾਂ ਕੋਲ ਆਇਆ ਉਸ ਨੇ ਬੇਨਤੀ ਕੀਤੀ ਕਿ ਮੇਰੀ ਲੜਕੀ ਦਾ ਵਿਆਹ ਰੱਖਿਆ ਹੋਇਆ ਹੈ ਇਸ ਸਬੰਧ ਵਿੱਚ ਮੈਨੂੰ ਕੁੱਝ ਮਾਇਆ ਦੀ ਜ਼ਰੂਰਤ ਹੈ, ਤੇ ਮੈਨੂੰ ਇਹ ਵੀ ਪਤਾ ਲੱਗਾ ਹੈ ਕਿ ਆਪ ਜੀ ਬੜੇ ਦਿਆਲੂ ਪੁਰਸ਼ ਹੋ ਤੇ ਅਜਿਹੇ ਕਾਰਜ ਲਈ ਵਿਸ਼ੇਸ਼ ਤੌਰ 'ਤੇ ਮਦਦ ਵੀ ਕਰ ਦਿੰਦੇ

Scanned with CamScanner

ਹੋ। ਸੰਤਾਂ ਨੇ ਪੁੱਛਿਆ ਕਿ ਪੰਡਿਤ ਜੀ ਹਰਿਦੁਆਰ ਤੋਂ ਚੱਲ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਆਉਂਦਿਆਂ ਆਪ ਦੀ ਕਿਸੇ ਜਥੇਬੰਦੀ ਜਾਂ ਕਿਸੇ ਹਿੰਦੂ ਸੰਗਠਨ ਨੇ ਮਦਦ ਨਹੀਂ ਕੀਤੀ ਤਾਂ ਉਸ ਨੇ ਬੜੀ ਅਧੀਨਗੀ ਨਾਲ ਕਿਹਾ ਕਿ ਮੈਂ ਕਈ ਹਿੰਦੂ ਸੰਗਠਨਾਂ ਨੂੰ ਬੇਨਤੀ ਕਰ ਚੁੱਕਾ ਹਾਂ ਕਿਸੇ ਨੇ ਮੇਰੀ ਮਦਦ ਨਹੀਂ ਕੀਤੀ ਤਾਂ ਸੰਤਾਂ ਨੇ ਪੁੱਛਿਆ ਦੱਸ ਤੇਰੀ ਕੀ ਮਦਦ ਕਰੀਏ ਤਾਂ ਉਸ ਨੇ ਕਿਹਾ ਜੋ ਵੀ ਆਪ ਠੀਕ ਸਮਝਦੇ ਹੋ ਤਾਂ ਸੰਤਾਂ ਨੇ ਆਪਣੇ ਖੀਸੇ ਵਿੱਚੋਂ ਕੁੱਝ ਮਾਇਆ ਕੱਢੀ ਅਤੇ ਜਿਨ੍ਹਾਂ ਗਿਣਤੀ ਕੀਤੇ ਹੀ ਇਹ ਕਹਿ ਕੇ ਪੰਡਿਤ ਜੀ ਨੂੰ ਦੇ ਦਿੱਤੀ ਇਹ ਮਾਇਆ ਸਿਰਫ ਬੇਟੀ ਦੇ ਵਿਆਹ 'ਤੇ ਹੀ ਖਰਚ ਕਰਨੀ ਹੈ। ਉਸ ਨੇ ਸੰਤਾਂ ਨੂੰ ਨਮਸਕਾਰ ਕੀਤੀ ਤੇ ਕਿਹਾ ਇਹ ਮਾਇਆ ਮੈਂ ਆਪਣੀ ਪੁੱਤਰੀ ਦੇ ਵਿਆਹ 'ਤੇ ਹੀ ਖਰਚਾਗਾ। ਅਜਿਹੀਆਂ ਹੋਰ ਵੀ ਕਈ ਘਟਨਾਵਾਂ ਹਨ ਜੋ ਇਹ ਸਾਬਤ ਕਰਦੀਆਂ ਹਨ ਕਿ ਸੰਤਾਂ ਦਾ ਹਿੰਦੂਆਂ ਨਾਲ ਕੋਈ ਵਿਰੋਧ ਨਹੀਂ ਸੀ, ਵਿਰੋਧ ਸੀ ਤਾਂ ਸਿਰਫ ਸਰਕਾਰੀ ਜ਼ੁਲਮ ਨਾਲ ਹੀ ਵਿਰੋਧ ਸੀ।

"ਪੰਜ ਹਜ਼ਾਰ ਹਿੰਦੂਆਂ ਨੂੰ ਕਤਲ ਕਰ ਦੇਣ" ਦੇ ਬਿਆਨ ਦੀ ਹਕੀਕਤ

ਸੰਤਾਂ ਨੇ ਦੀਵਾਨ ਹਾਲ ਮੰਜੀ ਸਾਹਿਬ ਦੀ ਸਟੇਜ ਤੋਂ ਇੱਕ ਵਾਰੀ ਬਿਆਨ ਦੇ ਦਿੱਤਾ ਕਿ ਪੁਲਿਸ ਵੱਲੋਂ ਫੜ੍ਹੀ ਗਈ ਜਥੇ ਦੀ ਬੱਸ, ਜੇਕਰ ਸਵੇਰੇ ਪੰਜ ਵਜੇ ਤੱਕ ਨਾ ਛੱਡੀ ਤਾਂ ਇੱਕ ਘੰਟੇ ਵਿੱਚ ਪੰਜ ਹਜ਼ਾਰ ਹਿੰਦੂਆਂ ਦਾ ਕਤਲ ਕਰ ਦਿੱਤਾ ਜਾਵੇਗਾ। ਇਸ ਬਿਆਨ ਦਾ ਪੂਰੇ ਹਿੰਦੁਸਤਾਨ ਵਿੱਚ ਧਮਾਕੇ ਵਾਂਗ ਅਸਰ ਹੋਇਆ ਅਤੇ ਕਈਆਂ ਨੇ ਸੰਤਾਂ ਦੀ ਆਲੋਚਨਾ ਵੀ ਕੀਤੀ ਕਿ ਜਥੇ ਦੀ ਬੱਸ ਪੁਲਿਸ ਨੇ ਫੜ੍ਹੀ ਹੈ ਅਤੇ ਇਸਦੇ ਇਵਜ਼ ਵਿੱਚ ਹਿੰਦੂਆਂ ਨੂੰ ਕਤਲ ਕਰਨ ਦਾ ਕੀ ਕਾਰਨ? ਇਸ ਦਾ ਜਵਾਬ ਦਿੰਦਿਆਂ ਹੋਇਆਂ ਸੰਤਾਂ ਨੇ ਕਿਹਾ ਕਿ ਸ਼ਤਿਕਾਰਯੋਗ ਸੱਚਖੰਡ ਵਾਸੀ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਬਰਸੀ ਦੇ ਸਬੰਧ ਵਿੱਚ ਜਥੇ ਦੇ ਸਿੰਘ ਬੱਸ ਰਾਹੀਂ ਉਨ੍ਹਾਂ ਸੰਤਾਂ ਦੀ ਸ਼ਤਿਕਾਰਯੋਗ ਮਾਤਾ ਜੀ ਨੂੰ ਲੈਣ ਵਾਸਤੇ ਗਏ ਸਨ ਉਹ ਪਰਿਵਾਰ ਸ੍ਰੀ ਮੁਕਤਸਰ ਸਾਹਿਬ ਦੇ ਨੇੜੇ ਈਡਵਾਲੇ ਰਹਿੰਦਾ ਹੈ। ਪਰ ਬਿਨ੍ਹਾਂ ਕਾਰਨ ਹੀ ਪੁਲਿਸ ਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਬੱਸ ਥਾਣੇ ਵਿੱਚ ਬੰਦ ਕਰ ਦਿੱਤੀ ਹੈ। ਇਸ ਸਬੰਧ ਵਿੱਚ ਅਸੀਂ ਸੰਤ ਲੌਂਗੋਵਾਲ ਨਾਲ ਵੀ ਗੱਲ ਕੀਤੀ, ਪ੍ਰਧਾਨ ਸ਼੍ਰੋਮਣੀ ਕਮੇਟੀ ਨਾਲ ਵੀ ਗੱਲ ਕੀਤੀ, ਫਿਰੋਜ਼ਪੁਰ ਦੇ ਐੱਸ. ਐੱਸ. ਪੀ. ਨਾਲ ਵੀ ਗੱਲ ਕੀਤੀ ਪਰ ਕਿਤੋਂ ਵੀ ਸਮੱਸਿਆ ਹੱਲ ਹੁੰਦੀ ਨਜ਼ਰ ਨਾ ਆਈ ਤਾਂ ਅਸੀਂ ਇਹ ਸੋਚ ਕੇ ਕਿ ਹਿੰਦ ਸਰਕਾਰ ਸਿਰਫ ਹਿੰਦੂਆਂ ਦੀ ਹਮਦਰਦ ਹੈ ਹੋਰ ਕਿਸੇ ਕੌਮ ਨਾਲ ਕੋਈ ਵੀ ਅੜਿਆ ਹੁੰਦਾ ਹੈ ਤਾਂ ਉਸ ਨਾਲ ਸੈਂਟਰ ਸਰਕਾਰ ਨੂੰ ਕੋਈ ਸਰੋਕਾਰ ਨਹੀਂ। ਜਿਸ ਦੀ ਮਿਸਾਲ ਸਾਡੇ ਸਾਹਮਣੇ ਹੈ ਕਿ ਧਰਮ ਯੁੱਧ ਮੋਰਚੇ ਦੌਰਾਨ 200 ਸਿੰਘ ਸ਼ਹੀਦ ਹੋ ਚੁੱਕੇ ਹਨ, ਬਹੁਤ ਸਾਰੇ ਝੂਠੇ ਪੁਲਿਸ ਮੁਕਾਬਲੇ ਬਣਾਏ ਜਾ ਚੁੱਕੇ ਹਨ, ਬਹੁਤ ਸਾਰੇ ਸਿੱਖਾਂ ਦੀਆਂ ਲੱਤਾਂ ਬਾਂਹਾਂ ਤੋੜ ਦਿੱਤੀਆਂ ਗਈਆਂ ਅਤੇ ਅਣਮਨੁੱਖੀ ਤਸ਼ੱਦਦ ਦੇ ਸ਼ਿਕਾਰ ਬਣਾਏ ਗਏ ਪਰ ਸੈਂਟਰ ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ, ਇਨ੍ਹਾਂ ਮਾਰੇ ਜਾ ਚੁੱਕੇ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕਰਨੀ ਤਾਂ ਦੂਰ ਦੀ ਗੱਲ ਰਹੀ। ਜੇ ਹਿੰਦੂ ਕੌਮ ਵਿੱਚੋਂ ਅਸ਼ੋਕ ਕੁਮਾਰ ਨਾਮ ਦਾ ਵਿਅਕਤੀ ਪੁਲਿਸ ਦੀ ਗੋਲੀ ਨਾਲ ਪਟਿਆਲੇ ਵਿਖੇ ਮਾਰਿਆ ਜਾਂਦਾ ਹੈ ਤਾਂ ਸੈਂਟਰ ਗੌਰਮਿੰਟ ਦੇ ਬੋਮ੍ਹ ਹਿੱਲ ਜਾਂਦੇ ਹਨ। ਇੱਕ ਵਿਅਕਤੀ ਦੀ ਮੌਤ 'ਤੇ ਦੇਸ਼ ਦੀ ਪ੍ਰਧਾਨ ਮੰਤਰੀ ਵੀ ਦੌੜੀ ਆਈ, ਗ੍ਰਹਿ ਮੰਤਰੀ ਪ੍ਰਕਾਸ਼ ਚੰਦ ਸੇਠੀ ਵੀ ਬਿਨ੍ਹਾਂ ਦੇਰੀ ਪਹੁੰਚਿਆ, ਕੇਂਦਰੀ ਗ੍ਰਹਿ ਸਕੱਤਰ ਚਤੁਰਵੇਦੀ ਵੀ ਆਇਆ। ਮੈਂ ਸਿੱਖ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਪਾਂ ਉਸੇ ਪੁਲਿਸ ਦੀਆਂ ਗੋਲ਼ੀਆਂ ਨਾਲ 200 ਵੀ ਮਰ ਜਾਈਏ ਤਾਂ ਸਰਕਾਰ ਦਾ ਚੌਕੀਦਾਰ ਵੀ ਸਾਡਾ ਪਤਾ ਲੈਣ ਨਹੀਂ ਆਉਂਦਾ, ਏਨੀ ਕੁ ਸਾਡੀ ਕਦਰ ਹੈ ਇਸ ਦੇਸ਼ ਵਿੱਚ। ਜੇ ਹਿੰਦੂ ਮਰ ਜਾਵੇ ਤਾਂ ਸਮੁੱਚੀ ਕੇਂਦਰ ਸਰਕਾਰ ਹਿੱਲ ਜਾਂਦੀ ਹੈ। ਇਸ ਲਈ ਮੈਂ ਜਾਣਬੁੱਝ ਕੇ ਉਸ ਥਾਂ 'ਤੇ ਹੱਥ ਰੱਖਿਆ ਹੈ, ਜਿੱਥੋਂ ਸਰਕਾਰ ਦੇ ਬੋਮ੍ਹ ਥਿੜਕਦੇ ਹਨ। ਤੁਸੀਂ ਇਸ ਦਾ ਅਸਰ ਵੀ ਵੇਖ ਹੀ ਲਿਆ ਹੈ ਕਿ ਮੇਰੇ ਦੁਆਰਾ ਸਿਰਫ ਇਹ ਕਹਿਣ ਤੋਂ ਹੀ ਕਿ ਜੇਕਰ ਬੱਸ ਨਾ ਛੱਡੀ ਤਾਂ ਪੰਜ ਹਜ਼ਾਰ ਹਿੰਦੂ ਇੱਕ ਘੰਟੇ ਵਿੱਚ ਵੱਢ ਦੇਵਾਂਗੇ, ਸਰਕਾਰ ਨੇ ਥੋੜ੍ਹੇ ਸਮੇਂ ਵਿੱਚ ਹੀ ਬੱਸ ਵੀ ਛੱਡ ਦਿੱਤੀ ਅਤੇ ਫੜੇ ਗਏ ਸਿੰਘਾਂ ਤੋਂ ਮੁਆਫੀ ਵੀ ਮੰਗੀ ਕਿ ਸਾਡੇ ਕੋਲੋਂ ਗਲਤੀ ਹੋ ਗਈ। ਹੁਣ ਤੁਸੀਂ ਦੱਸੋ ਆਪਾਂ ਕਿਸੇ ਹਿੰਦੂ ਮਨੁੱਖ ਦੇ ਚਪੇੜ ਵੀ ਮਾਰੀ ਹੈ? ਸਿਰਫ ਤੁਹਾਨੂੰ ਅਤੇ ਸਮੁੱਚੇ ਵਿਸ਼ਵ ਨੂੰ ਇਹ ਦੱਸਣ ਲਈ ਕਿ ਹਿੰਦ ਸਰਕਾਰ ਨੂੰ ਜੇਕਰ ਦਰਦ ਹੈ ਤਾਂ

Scanned with CamScanner

ਕੇਵਲ ਹਿੰਦੂ ਕੌਮ ਦਾ ਹੈ। ਜੇਕਰ ਮੈਂ ਇਹ ਬਿਆਨ ਦਿੰਦਾ ਕਿ ਮੈਂ ਪੰਜ ਹਜ਼ਾਰ ਮੁਸਲਮਾਨ ਲੋਕਾਂ ਦਾ ਨੁਕਸਾਨ ਕਰਾਂਗੇ ਜਾਂ ਸਿੱਖਾਂ ਦਾ ਜਾਂ ਇਸਾਈਆਂ ਦਾ ਤਾਂ ਸਾਡੇ ਬਿਆਨ ਦੀ ਇੱਕ ਪੈਸੇ ਦੀ ਪ੍ਰਤੀਕਿਰਿਆ ਨਹੀਂ ਸੀ ਹੋਣੀ।

ਅਗਲੇ ਦਿਨ ਸੰਤਾਂ ਦੀ ਬਰਸੀ ਸਮੇਂ ਉਨ੍ਹਾਂ ਦੀ ਸੰਭਿਕਾਰਯੋਗ ਮਾਤਾ ਲਾਭ ਕੌਰ ਜੀ ਨੂੰ ਸੰਤ ਭਿੰਡਰਾਂਵਾਲੇ ਅਤੇ ਸੰਤ ਲੌਂਗੋਵਾਲ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਹੋਰ ਬਹੁਤ ਸਾਰੇ ਸਿੱਖ ਆਗੂਆਂ ਨੇ ਸੰਤਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ। ਇਥੇ ਹੀ ਸੰਤ ਭਿੰਡਰਾਂਵਾਲਿਆਂ ਨੇ ਕਿਹਾ ਕਿ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੇ ਸਾਬਤ ਸੂਰਤ ਅੰਮ੍ਰਿਤਧਾਰੀ ਹੋਣ ਲਈ ਸਿੱਖਾਂ ਨੂੰ ਪ੍ਰੇਰਨਾ ਕੀਤੀ ਹੈ ਅਤੇ ਸਾਨੂੰ ਉਹ ਪ੍ਰੇਰਨਾ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ, ਇਹੋ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

11 ਸਤੰਬਰ 1982 ਸ਼ਾਜਿਸ਼ ਅਧੀਨ ਕਰਵਾਇਆ ਗਿਆ ਰੇਲ-ਬੱਸ ਹਾਦਸਾ


ਜਦੋਂ ਧਰਮ ਯੁੱਧ ਮੋਰਚਾ ਪੂਰੇ ਜੋਬਨ 'ਤੇ ਸੀ ਤਾਂ 11 ਸਤੰਬਰ 1982 ਨੂੰ ਇੱਕ ਦੁਖਦਾਈ ਘਟਨਾ ਵਾਪਰ ਗਈ। ਧਰਮ ਯੁੱਧ ਮੋਰਚੇ ਵਿੱਚ ਗ੍ਰਿਫਤਾਰ ਕੀਤੇ ਪੰਥਕ ਵਰਕਰਾਂ ਨੂੰ ਸ੍ਰੀ ਅੰਮ੍ਰਿਤਸਰ ਕੋਤਵਾਲੀ ਤੋਂ ਗ੍ਰਿਫਤਾਰ ਕਰਕੇ ਬਠਿੰਡਾ ਜੇਲ੍ਹ ਲਈ ਲੈ ਕੇ ਜਾਂਦਿਆਂ ਖਚਾਖਚ ਭਰੀ ਬੱਸ ਤਰਨਤਾਰਨ ਰੇਲਵੇ ਫਾਟਕ 'ਤੇ ਤੇਜ਼ ਰਫ਼ਤਾਰ ਆ ਰਹੀ ਰੇਲ ਗੱਡੀ ਨਾਲ ਟਕਰਾ ਗਈ ਅਤੇ 34 ਸਿੱਖ ਮੌਕੇ 'ਤੇ ਹੀ ਸ਼ਹੀਦੀ ਪਾ ਗਏ ਅਤੇ ਵੱਡੀ ਗਿਣਤੀ ਵਿੱਚ ਗੰਭੀਰ ਰੂਪ ਵਿੱਚ ਜ਼ਖਮੀ ਹੋਏ। ਇਹ ਕੋਈ ਸਾਧਾਰਨ ਦੁਰਘਟਨਾ ਨਹੀਂ ਸੀ, ਸਗੋਂ ਸਮੁੱਚੀਆਂ ਪੰਥਕ ਸਫਾਂ ਅਤੇ ਆਮ ਲੋਕਾਂ ਵਿੱਚ ਗੰਭੀਰ ਚਰਚਾ ਹੋਈ ਕਿ ਰੇਲਵੇ ਫਾਟਕ ਖੁੱਲ੍ਹਾ ਕਿਉਂ ਸੀ? ਫਾਟਕ ਤੋਂ ਗੁਜ਼ਰਨ ਵਾਲੀ ਰੇਲ ਗੱਡੀ ਏਨੀ ਤੇਜ਼ ਸਪੀਡ ਵਿੱਚ ਕਿਉਂ ਸੀ? ਫਿਰ ਇਹ ਦੁਰਘਟਨਾ ਦਿਨ ਸਮੇਂ ਵਾਪਰੀ ਹੋਣ ਕਾਰਨ ਪੰਥਕ ਹਲਕੇ ਸਮਝਦੇ ਸਨ ਕਿ ਸੜਕ ਉਪਰਲੀ ਆਵਾਜਾਈ ਨੂੰ ਵੇਖਦਿਆਂ ਰੇਲ ਗੱਡੀ ਨੂੰ ਚਾਲਕ ਵੱਲੋਂ ਰੋਕਿਆ ਜਾ ਸਕਦਾ ਸੀ, ਪਰ ਇਨ੍ਹਾਂ ਪ੍ਰਸ਼ਨਾਂ ਦਾ ਜਵਾਬ ਕਿਸ ਨੇ ਦੇਣਾ ਸੀ? ਕਿਉਂਕਿ ਦਰਬਾਰ ਸਰਕਾਰ ਤਾਂ ਧਰਮ ਯੁੱਧ ਮੋਰਚੇ ਲਈ ਪਹਿਲਾਂ ਹੀ ਦਿਲੋਂ ਔਖੀ ਸੀ। ਇਸ ਲਈ ਇਸ ਦੁਰਘਟਨਾ ਦੀ ਨਾ ਕੋਈ ਜਾਂਚ ਹੋਈ ਅਤੇ ਨਾ ਕਿਸੇ ਨੂੰ ਦੋਸ਼ੀ ਠਹਿਰਾਇਆ ਗਿਆ। ਇਸੇ ਸ਼ਾਮ ਸ੍ਰੀ ਅੰਮ੍ਰਿਤਸਰ ਵਿਖੇ ਸਾਜਿਸ਼ ਅਧੀਨ ਅਫਵਾਹ ਫੈਲਾਈ ਗਈ ਕਿ ਇਸ ਦੁਰਘਟਨਾ ਦੌਰਾਨ ਮਰਨ ਵਾਲਿਆਂ ਵਿੱਚ ਸੰਤਾਂ ਦਾ ਵੱਡਾ ਭਾਈ ਸ. ਜਗਜੀਤ ਸਿੰਘ ਵੀ ਸ਼ਾਮਿਲ ਹੈ (ਅਫਵਾਹ ਫੈਲਾਉਣ ਵਾਲੇ ਸ਼ਰਾਰਤੀ ਅਨਸਰ ਇਸ ਗੱਲ 'ਤੇ ਸੰਤਾਂ ਦਾ ਪ੍ਰਤੀਕਰਮ ਵੇਖਣਾ ਚਾਹੁੰਦੇ ਸਨ)। ਜਦੋਂ ਇਸ ਗੱਲ ਦਾ ਸੰਤਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਕਿਹਾ ਕਿ ਧਰਮ ਯੁੱਧ ਮੋਰਚੇ ਲਈ ਗ੍ਰਿਫਤਾਰੀਆਂ ਦੇਣ ਵਾਲੇ ਅੰਮ੍ਰਿਤਧਾਰੀ ਗੁਰਸਿੱਖ ਸਾਰੇ ਹੀ ਮੇਰੇ ਭਰਾ ਹਨ ਪਰ ਇੰਨਾ ਜ਼ਰੂਰ ਹੈ ਕਿ ਜੇਕਰ ਸੱਚਮੁੱਚ ਹੀ ਮੇਰਾ ਵੱਡਾ ਭਰਾ ਭਾਈ ਜਗਜੀਤ ਸਿੰਘ ਇਨ੍ਹਾਂ ਸਿੱਖਾਂ ਵਿੱਚ ਸ਼ਹੀਦ ਹੋਇਆ ਹੁੰਦਾ ਤਾਂ ਮੈਂ ਸਤਿਕਾਰ ਵਜੋਂ ਘੱਟੋ ਘੱਟ ਪੰਜ ਜੈਕਾਰੇ ਜ਼ਰੂਰ ਛੱਡਣੇ ਸਨ ਨਾਲ ਹੀ ਉਨ੍ਹਾਂ ਕਿਹਾ ਕਿ ਅਜਿਹੀਆਂ ਅਫਵਾਹਾਂ ਫੈਲਾਉਣ ਵਾਲੇ ਵਿਅਕਤੀਆਂ ਨੂੰ ਸਮੇਂ ਦੀ ਨਜਾਕਤ ਸਮਝਣੀ ਚਾਹੀਦੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ ਦੁਰਘਟਨਾ ਦਾ ਗੰਭੀਰ ਨੋਟਿਸ ਲਿਆ ਅਤੇ ਇਸ ਨੂੰ ਦਰਬਾਰ ਸਰਕਾਰ ਦੀ ਸਾਜਿਸ਼ ਦੱਸਦਿਆਂ ਘਟਨਾ ਦੀ ਨਿਰਪੱਖ ਜਾਂਚ ਕਰਵਾਉਣ ਲਈ ਜ਼ੋਰ ਦਿੱਤਾ।

ਧਰਮ ਯੁੱਧ ਮੋਰਚੇ ਲਈ ਗ੍ਰਿਫਤਾਰੀਆਂ ਦੇਣ ਵਾਲੇ ਜਥਿਆਂ ਦੀ ਗਿਣਤੀ ਵੱਧ ਰਹੀ ਸੀ ਇਸ ਲਈ ਇੱਕ ਦਿਨ ਵਿੱਚ ਹੀ ਦੋ-ਦੋ ਜਥਿਆਂ ਨੂੰ ਗ੍ਰਿਫਤਾਰੀ ਲਈ ਭੇਜਣਾ ਆਰੰਭ ਕਰ ਦਿੱਤਾ। ਇਸ ਜਥੇ ਵਿੱਚ ਇੱਕ ਜਥੇ ਦੀ ਅਗਵਾਈ ਸੰਤਾਂ ਦਾ ਭਰਾ ਭਾਈ ਜਗਜੀਤ ਸਿੰਘ ਮੋਗੇ ਇਲਾਕੇ ਦੇ ਸਿੰਘਾਂ ਦਾ ਜਥਾ ਲੈ ਕੇ ਜਾ ਰਿਹਾ ਸੀ ਅਤੇ ਦੂਸਰਾ ਜਥੇਦਾਰ ਚੇਤ ਸਿੰਘ ਸੁਆਣਾ ਰੋਪੜ ਜਿਲ੍ਹੇ ਦੇ ਸਿੰਘਾਂ ਦਾ ਜਥਾ ਲੈ ਕੇ ਜਾ ਰਿਹਾ ਸੀ। ਜਿਸ ਸਮੇਂ ਜਥੇ ਨੂੰ ਤੋਰਨ ਦੀ ਤਿਆਰੀ ਹੋ ਰਹੀ ਸੀ ਤਾਂ ਭਾਈ ਜਗਜੀਤ ਸਿੰਘ ਨੇ ਸੰਤ ਭਿੰਡਰਾਂਵਾਲਿਆਂ ਨੂੰ ਬੇਨਤੀ ਕੀਤੀ ਕਿ ਸਾਡੇ ਨਾਲ ਜਥੇ ਦਾ ਇੱਕ ਸਿੰਘ ਦੇ ਵਿਉ ਜੋ ਸਾਨੂੰ ਨਿੱਤਨੇਮ ਸੁਣਾਇਆ ਕਰੇ ਅਤੇ ਨਿੱਤਨੇਮ ਦੀ ਸੰਥਿਆ ਵੀ ਦੇ ਦੇਵੇ। ਉਸ ਸਮੇਂ ਸੰਤਾਂ ਦੇ ਨੇੜੇ (ਸੰਤ) ਭਾਈ ਹਰਨਾਮ ਸਿੰਘ ਧੁੰਮਾ ਖੜ੍ਹੇ ਸਨ ਜਿਨ੍ਹਾਂ ਦੀ ਉਸ ਸਮੇਂ 18 ਸਾਲ ਦੀ ਉਮਰ ਸੀ। ਸੰਤਾਂ ਨੇ ਉਸ

Scanned with CamScanner

ਨੂੰ ਕਿਹਾ ਚੱਲੋ ਭਾਈ ਤੂੰ ਇਸ ਜਥੇ ਨਾਲ ਗ੍ਰਿਫ਼ਤਾਰੀ ਲਈ ਤਿਆਰ ਹੋ ਜਾ ਤਾਂ ਉਸ ਨੇ ਕਿਹਾ ਮੇਰੇ ਤਾਂ ਕੱਪੜੇ ਵੀ ਮਹਿਤੇ ਪਏ ਹਨ ਤਾਂ ਸੰਤਾਂ ਨੇ ਭਾਈ ਗੁਰਮੁਖ ਸਿੰਘ ਗੜਦਵਈ ਨੂੰ ਕਿਹਾ ਕਿ ਇਸ ਨੂੰ ਕਛਿਹਰਾ, ਪਰਨਾ, ਦਸਤਾਰ ਆਦਿ ਦੇ ਦਿਉ। ਇਸ ਤਰ੍ਹਾਂ (ਸੰਤ) ਭਾਈ ਹਰਨਾਮ ਸਿੰਘ ਪਿੰਡ ਧੁੰਮਾਂ ਨੇ ਵੀ ਇਸ ਜਥੇ ਨਾਲ ਗ੍ਰਿਫ਼ਤਾਰੀ ਦਿੱਤੀ। ਜੱਥਾ ਚੱਲਣ ਸਮੇਂ ਇਹ ਰੋਪੜ ਵਾਲੇ ਸਿੰਘਾਂ ਦੀ ਬੱਸ ਵਿੱਚ ਬੈਠ ਗਏ ਤਾਂ ਭਾਈ ਜਗਜੀਤ ਸਿੰਘ ਨੇ ਕਿਹਾ ਕਿ ਕੋਈ ਪੜਾ ਨਹੀਂ ਬੱਸਾਂ ਨੂੰ ਅਲੱਗ-ਅਲੱਗ ਜੇਲ੍ਹਾ ਵਿੱਚ ਭੇਜ ਦੇਣ ਇਸ ਲਈ ਤੂੰ ਸਾਡੀ ਵਾਲੀ ਬੱਸ ਵਿੱਚ ਹੀ ਬੈਠ। ਇਸ ਲਈ ਇਹ ਦੋਵੇਂ ਬੱਸਾਂ ਇਥੋਂ ਚੱਲ ਪਈਆਂ ਜਿਉਂ ਹੀ ਇਹ ਬੱਸਾਂ ਉਪਰੋਕਤ ਫਾਟਕ 'ਤੇ ਪਹੁੰਚੀਆਂ ਤਾਂ ਇਨ੍ਹਾਂ ਵਾਲੀ ਬੱਸ ਫਾਟਕ ਲੰਘ ਚੁੱਕੀ ਸੀ ਤੇ ਦੂਜੀ ਬੱਸ ਇਸਦੇ ਨਾਲ ਪਿੱਛੇ ਆ ਰਹੀ ਸੀ ਜਿਸ ਨਾਲ ਰੇਲ ਗੱਡੀ ਟਕਰਾ ਗਈ। ਵੇਖਦਿਆਂ ਹੀ ਵੇਖਦਿਆਂ ਸਿੰਘਾਂ ਦੀਆਂ ਲਾਸ਼ਾਂ ਰੇਲਵੇ ਟ੍ਰੈਕ 'ਤੇ ਖਿਲਰੀਆਂ ਕਈ ਸਿਰ ਧੜਾਂ ਨਾਲੋਂ ਅਲੱਗ ਹੋ ਗਏ, ਕਈਆਂ ਦੀਆਂ ਲੱਤਾਂ ਬਾਹਾਂ ਵੱਢੀਆਂ ਗਈਆਂ ਤੇ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ ਅਤੇ ਬਹੁਤ ਗੰਭੀਰ ਜ਼ਖਮੀ ਹੋਏ। ਇੱਥੇ ਸ਼ਹੀਦੀਆਂ ਪਾਉਣ ਵਾਲੇ ਸਿੰਘਾਂ ਵਿੱਚ ਰੋਪੜ ਵਾਲੇ ਜੱਥੇ ਦਾ ਜਥੇਦਾਰ ਭਾਈ ਚੇਤ ਸਿੰਘ ਸੁਆਣਾ, ਸ. ਹਰਬੰਸ ਸਿੰਘ ਕੌਹਲੀ ਨੰਗਲ ਟਾਊਨਸ਼ਿਪ, ਜਥੇ. ਜਗਤਾਰ ਸਿੰਘ ਸੰਗਤਪੁਰਾ, ਸ. ਬੰਤਾ ਸਿੰਘ ਕੁਲੰਗੜ੍ਹਾ, ਸ.



ਧਰਮ ਯੁੱਧ ਮੋਰਚੇ ਦੌਰਾਨ 11 ਸਤੰਬਰ 1982 ਨੂੰ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵੱਡੇ ਭਰਾਤਾ ਭਾਈ ਜਗਜੀਤ ਸਿੰਘ ਰੋਡੇ ਗ੍ਰਿਫ਼ਤਾਰੀ ਲਈ ਜੱਥੇ ਦੀ ਅਗਵਾਈ ਕਰਦੇ ਹੋਏ। ਉਨ੍ਹਾਂ ਨਾਲ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੀ ਭਾਈ ਜਗਜੀਤ ਸਿੰਘ ਦੇ ਪਿਛਲੇ ਪਾਸੇ ਨਜ਼ਰ ਆ ਰਹੇ ਹਨ।

Scanned with CamScanner

ਕਿਸ਼ਨ ਸਿੰਘ ਭੱਲੜੀ, ਸ. ਗੁਰਦਾਸ ਸਿੰਘ ਭੱਲੜੀ, ਸ. ਮਹਿੰਦਰ ਸਿੰਘ ਭੱਲੜੀ, ਸ. ਦੀਵਾਨ ਸਿੰਘ ਭੱਲੜੀ, ਸ. ਤਾਰਾ ਸਿੰਘ ਅਲਗੜਾ, ਸ. ਨਸੀਬ ਸਿੰਘ ਰੋਪੜ, ਜੋਗਾ ਸਿੰਘ ਡੂਮੇਵਾਲ, ਦਰਸ਼ਨ ਸਿੰਘ ਡੂਮੇਵਾਲ, ਮੰਗਲ ਸਿੰਘ ਡੂਮੇਵਾਲ, ਸ. ਕੁੱਪਾ ਸਿੰਘ ਬੱਸੀ, ਸ. ਬੰਤਾ ਸਿੰਘ ਸਮੀਰੋਵਾਲ, ਸ. ਪਿਆਰਾ ਸਿੰਘ ਸ਼ਾਹਪੁਰ ਬੇਲਾ, ਮਤਾਨ ਸਿੰਘ ਰੋਪੜ, ਬਚਨ ਸਿੰਘ ਬਾਊਪਾਲ, ਮੰਗਲ ਸਿੰਘ ਸ਼ਾਹਪੁਰ ਬੇਲਾ, ਮੁਨਸ਼ਾ ਸਿੰਘ ਭਾਊਵਾਲ, ਸ. ਨਸੀਬ ਸਿੰਘ ਪਿੰਡ ਬੈਂਸ, ਸ. ਅਨੂਪ ਸਿੰਘ ਬੈਂਸ, ਨਰੈਜਨ ਸਿੰਘ ਬੈਂਸ, ਬੇਲਾ ਸਿੰਘ ਔਲਖ, ਸ. ਛੋਜਾ ਸਿੰਘ ਨੌਹਰੀਆ, ਬੁੱਧ ਸਿੰਘ ਨੌਹਰੀਆ, ਲੱਖਾ ਸਿੰਘ ਪਿੰਡ ਮੁੰਨੇ, ਨਰੈਜਨ ਸਿੰਘ ਬਾਹਮਣ ਮਾਜਰਾ, ਸ. ਚੋਜ ਸਿੰਘ ਪਧਿਆਣਾ, ਨਾਹਰ ਸਿੰਘ ਮੁਹਲਾ ਫਤਿਹਗੜ੍ਹ ਉਪਰੋਕਤ ਸਾਰੇ ਸਿੰਘ ਰੋਪੜ ਜਿਲ੍ਹੇ ਦੇ ਸਨ ਤੇ ਸ. ਗੰਜਾ ਸਿੰਘ ਕੋਕਰ ਮਾਜਰਾ ਹੁਸ਼ਿਆਰਪੁਰ, ਹਰਭਜਨ ਸਿੰਘ ਕੋਕਰ ਮਾਜਰਾ, ਸੋਹਨ ਸਿੰਘ ਭੁੱਲਰ ਜਲੰਧਰ, ਕੇਵਲ ਸਿੰਘ ਭੁੱਲਰ ਜਲੰਧਰ ਇਹ 34 ਸਿੰਘ ਮੌਕੇ 'ਤੇ ਹੀ ਸ਼ਹੀਦੀਆਂ ਪਾ ਗਏ। ਬਾਕੀ ਦੇ ਗ੍ਰਿਫਤਾਰ ਕੀਤੇ ਸਿੰਘ ਬਠਿੰਡਾ ਜੇਲ੍ਹ ਵਿਖੇ ਭੇਜ ਦਿੱਤੇ ਗਏ।

ਇਸ ਦੁਖਦਾਈ ਘਟਨਾ ਵਿਰੁੱਧ ਰੋਸ ਪ੍ਰਗਟ ਕਰਨ ਲਈ 10 ਤੇ 11 ਅਕਤੂਬਰ 1982 ਨੂੰ ਦਿੱਲੀ ਵਿਖੇ ਭਾਰੀ ਜਲੂਸ ਕੱਢਣ ਦੇ ਮੰਤਵ ਨਾਲ ਅਕਾਲੀ ਆਗੂ ਆਪਣੀ ਅਗਵਾਈ ਹੇਠ ਵਰਕਰਾਂ ਨੂੰ ਦਿੱਲੀ ਲੈ ਕੇ ਆਏ। ਜਦੋਂ ਅਕਾਲੀ ਹਰਿਆਣੇ ਵਿੱਚੋਂ ਦੀ ਲੰਘੇ ਤਾਂ ਮੁੱਖ ਮੰਤਰੀ ਭਜਨ ਲਾਲ ਦੇ ਇਸ਼ਾਰੇ 'ਤੇ ਪੁਲਿਸ ਨੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ, ਰੋਕਿਆ, ਕੁੱਟਿਆ ਤੇ ਉਨ੍ਹਾਂ ਉੱਪਰ ਗੋਲੀ ਤੱਕ ਚਲਾ ਦਿੱਤੀ। ਅਜਿਹੀਆਂ ਸਾਰੀਆਂ ਰੁਕਾਵਟਾਂ ਦੇ ਬਾਵਜੂਦ ਅਕਾਲੀ ਦਿੱਲੀ ਪਹੁੰਚੇ ਅਤੇ ਉਨ੍ਹਾਂ ਨੇ ਭਾਰੀ ਜਲੂਸ ਕੱਢਿਆ। ਆਪਣੀਆਂ ਮੰਗਾਂ ਦੀ ਸੂਚੀ ਪੇਸ਼ ਕਰਨ ਦੇ ਮਕਸਦ ਨਾਲ ਪਾਰਲੀਮੈਂਟ ਵੱਲ ਵੱਧ ਰਹੇ ਇਨ੍ਹਾਂ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਪੁਲਿਸ ਨੇ 11 ਅਕਤੂਬਰ ਨੂੰ ਗੋਲੀ ਚਲਾ ਦਿੱਤੀ। ਫਾਇਰਿੰਗ ਨਾਲ ਅੱਧੀ ਦਰਜਨ ਅਕਾਲੀ ਸ਼ਹੀਦ ਹੋ ਗਏ ਅਤੇ ਦਰਜਨ ਤੋਂ ਵੱਧ ਫੱਟੜ ਹੋਏ। ਪਾਰਲੀਮੈਂਟ ਦਾ ਸੈਸ਼ਨ ਚੱਲਦਾ ਹੋਣ ਕਰਕੇ ਇੰਦਰਾ ਗਾਂਧੀ ਬੁਰੀ ਤਰ੍ਹਾਂ ਹਿੱਲ ਗਈ। ਉਸ ਨੇ ਘਬਰਾਹਟ 'ਚ ਆ ਕੇ ਜੇਲ੍ਹਾਂ ਵਿੱਚ ਨਜ਼ਰਬੰਦ ਸਾਰੇ ਅਕਾਲੀ ਵਾਲੰਟੀਅਰਾਂ ਦੀ ਰਿਹਾਈ ਦੇ ਹੁਕਮ ਦੇ ਦਿੱਤੇ। ਦਰਅਸਲ ਸਾਰੀਆਂ ਜੇਲ੍ਹਾਂ ਸੰਤ ਭਿੰਡਰਾਂਵਾਲੇ ਦੇ ਸਮਰਥਕ ਸਿੱਖਾਂ ਅਤੇ ਅਕਾਲੀ ਵਰਕਰਾਂ ਨਾਲ ਨੱਕੋ-ਨੱਕ ਭਰੀਆਂ ਪਈਆਂ ਸਨ ਅਤੇ ਉਨ੍ਹਾਂ ਦੇ ਬੇਰੋਕ ਹੜ੍ਹ ਨੂੰ ਸਾਂਭਣ ਲਈ ਪੰਜਾਬ 'ਚ ਉੱਕਾ ਹੀ ਕੋਈ ਥਾਂ ਨਹੀਂ ਸੀ ਬਚੀ। ਧੱਖੇਬਾਜ਼ ਤੇ ਚਲਾਕ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਤਣਾਓ ਘਟਾਉਣ ਦਾ ਮੌਕਾ ਮਿਲ ਗਿਆ। ਇਸ ਲਈ ਉਸ ਨੇ ਸਿੱਖਾਂ ਦੀਆਂ ਜ਼ਖਮੀ ਹੋਈਆਂ ਭਾਵਨਾਵਾਂ 'ਤੇ ਮਲ੍ਹਮ ਲਾਉਣ ਦਾ ਢਕਵੰਜ ਕਰਕੇ ਸਾਰੇ ਵਲੰਟੀਅਰਾਂ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਪਰ ਨਜ਼ਰਬੰਦ ਸਿੱਖਾਂ ਨੇ ਜੇਲ੍ਹਾਂ 'ਚੋਂ ਨਿਕਲਣ ਤੋਂ ਇਨਕਾਰ ਕਰ ਦਿੱਤਾ, ਤਾਂ ਦਰਬਾਰਾ ਸਿੰਘ ਸਰਕਾਰ ਨੇ ਨਜ਼ਰਬੰਦਾਂ ਦੀ ਬਿਜਲੀ-ਪਾਣੀ ਦੀ ਸਪਲਾਈ ਬੰਦ ਕਰ ਦਿੱਤੀ। ਜੋ ਜ਼ਾਹਿਰਾ ਤੌਰ 'ਤੇ ਸੂਬਾ ਅਤੇ ਕੇਂਦਰ ਸਰਕਾਰ ਦੀ ਮੁਕੰਮਲ ਹਾਰ ਸੀ। ਇਹ ਸਿੱਖਾਂ ਵੱਲੋਂ ਜਿੱਤਿਆ ਗਿਆ ਲੜਾਈ ਦਾ ਪਹਿਲਾ ਦੌਰ ਸੀ ਜਿਸ ਨੇ ਸਾਬਤ ਕਰ ਦਿੱਤਾ ਸੀ ਕਿ ਸਮੁੱਚਾ ਸਿੱਖ ਜਗਤ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਦ੍ਰਿੜ੍ਹ ਸੰਕਲਪ ਹੈ। ਭਾਵੇਂ ਇਹ ਨਜ਼ਰਬੰਦ ਸਿੱਖ ਜੇਲ੍ਹਾਂ ਵਿਚੋਂ ਕੱਢ ਦਿੱਤੇ ਗਏ ਪਰ ਧਰਮ ਯੁੱਧ ਮੋਰਚੇ ਵੱਲੋਂ ਰੋਜ਼ਾਨਾ ਦੀਆਂ ਗ੍ਰਿਫਤਾਰੀਆਂ ਨਿਰੰਤਰ ਜਾਰੀ ਰਹੀਆਂ।

ਇਸ ਦੌਰਾਨ ਕੁੱਝ ਹੋਰ ਅਹਿਮ ਘਟਨਾਵਾਂ

ਮੁੱਖ ਮੰਤਰੀ ਪੰਜਾਬ ਆਪਣੇ ਆਪ ਨੂੰ ਕਸੂਤੀ ਸਥਿਤੀ ਵਿੱਚ ਘਿਰਿਆ ਹੋਇਆ ਮਹਿਸੂਸ ਕਰ ਰਿਹਾ ਸੀ। ਕਿਉਂਕਿ ਇੱਕ ਪਾਸੇ ਸੰਤ ਭਿੰਡਰਾਂਵਾਲੇ ਮੰਜੀ ਸਾਹਿਬ ਸਟੇਜ ਤੋਂ ਸ਼ਰੇਆਮ ਪ੍ਰੈਸ ਦੇ ਸਾਹਮਣੇ ਬਾ-ਦਲੀਲ ਗੱਲ ਕਰਦੇ ਅਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਅੱਤਿਆਚਾਰ ਸਬੰਧੀ ਜਾਣਕਾਰੀ ਦੇਂਦਿਆਂ ਸਰਕਾਰ ਨੂੰ ਸਵਾਲ ਵੀ ਕਰਦੇ, ਜਿਸ ਦਾ ਜਵਾਬ ਦਰਬਾਰਾ ਸਿੰਘ ਕੋਲ ਨਹੀਂ ਸੀ। ਪਰ ਉਹ ਸਮਝਦਾ ਸੀ ਕਿ ਦਿਨੋ ਦਿਨ ਉਸ ਦੀ ਪੁਜੀਸ਼ਨ ਹਾਸੋਹੀਣੀ ਬਣਦੀ ਜਾ ਰਹੀ ਹੈ। ਰੰਜਿਸ਼ ਤਹਿਤ ਹੀ ਉਹ ਬਦਲੇ ਦੀ ਭਾਵਨਾ ਵਿੱਚ ਸੰਤ ਭਿੰਡਰਾਂਵਾਲੇ ਦੇ ਸਹਿਯੋਗੀ ਅੰਮ੍ਰਿਤਧਾਰੀ ਸਿੰਘਾਂ 'ਤੇ ਭਸ਼ੱਦਦ ਕਰਦਾ ਰਿਹਾ। ਪਰ ਕਿਸੇ ਇੱਕ ਸਿੰਘ ਕੋਲੋਂ ਵੀ ਸੰਤ ਭਿੰਡਰਾਂਵਾਲੇ ਦੇ ਸਬੰਧ ਵਿੱਚ ਝੂਠਾ ਬਿਆਨ ਨਾ ਦਿਵਾ ਸਕਿਆ। ਇਸ ਤਰ੍ਹਾਂ ਰੋਜ ਦੀ ਵਧ੍ਹ-ਚੜ੍ਹੀ ਸਿੱਖ ਨੌਜਵਾਨਾਂ 'ਤੇ ਹੋ ਰਿਹਾ ਤਸ਼ੱਦਦ, ਬਿਨਾ ਵਜ੍ਹਾ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਕਾਰਨ ਸਿੱਖ ਨੌਜਵਾਨਾਂ ਵਿੱਚ ਭਾਰੀ ਗੁੱਸਾ ਸੀ ਕਿਉਂਕਿ ਪੰਜਾਬ ਅਤੇ ਕੇਂਦਰ ਦੀ ਸਰਕਾਰ ਵੱਲੋਂ ਸਿੱਖ ਸੰਗਤਾਂ ਦਾ ਧਿਆਨ ਧਰਮ ਯੁੱਧ ਮੋਰਚੇ ਵੱਲੋਂ ਹਟਾਉਣ ਲਈ ਸਾਜਿਸ਼ ਤਹਿਤ ਗੁਰਧਾਮਾਂ ਦੀ ਬੇਅਦਬੀ

Scanned with CamScanner

ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਸੀ।

ਇਸੇ ਦੌਰਾਨ 26 ਅਕਤੂਬਰ 1982 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹਿੰਦੂਆਂ ਵੱਲੋਂ ਰਾਮਨੌਮੀ ਦਾ ਜਲੂਸ ਕੱਢਿਆ ਗਿਆ, ਜਿਸ ਨੂੰ ਫਿਰਕੂ ਰੰਗਤ ਦਿੱਤੀ ਗਈ, ਸਿੱਖਾਂ ਪ੍ਰਤੀ ਬਹੁਤ ਭੈੜੇ ਅਪਸ਼ਬਦ ਬੋਲੇ ਗਏ, ਭੜਕਾਊ ਨਾਅਰੇ ਵੀ ਲਾਏ। ਜਦੋਂ ਇਹ ਜਲੂਸ ਦਰਬਾਰ ਸਾਹਿਬ ਦੇ ਨੇੜੇ ਆਇਆ ਤਾਂ ਭੜਕੇ ਹੋਏ ਕੁਝ ਗੁੰਡਿਆਂ ਨੇ ਸ੍ਰੀ ਦਰਬਾਰ ਸਾਹਿਬ ਵੱਲ ਪੱਥਰ ਚਲਾਏ, ਸਿੱਖਾਂ ਦੀਆਂ ਦੁਕਾਨਾਂ ਦੀ ਤੋੜ-ਭੰਨ ਕੀਤੀ ਅਤੇ ਸ਼੍ਰੋਮਣੀ ਕਮੇਟੀ ਦੇ ਇਨਫਰਮੇਸ਼ਨ ਦਫਤਰ ਦੀ ਵੀ ਤੋੜ-ਭੰਨ ਕੀਤੀ। ਇੱਥੇ ਸਿੱਖਾਂ ਨਾਲ ਕੁਝ ਝੜਪਾਂ ਵੀ ਹੋਈਆਂ, ਪਰ ਪੁਲਿਸ ਫੋਰਸਾਂ ਮੂਕ ਦਰਸ਼ਕ ਬਣ ਕੇ ਵੇਖਦੀਆਂ ਰਹੀਆਂ।

ਕੁੱਝ ਸਿੱਖ ਨੌਜਵਾਨਾਂ ਨੇ ਇਨ੍ਹਾਂ ਘਟਨਾਵਾਂ 'ਤੇ ਗੰਭੀਰ ਵਿਚਾਰ ਕੀਤੀ ਕਿ ਇੱਕ ਪਾਸੇ ਸ਼ਾਂਤਮਈ ਧਰਮ ਯੁੱਧ ਮੋਰਚਾ ਚੱਲ ਰਿਹਾ ਹੈ, ਦੂਜੇ ਪਾਸੇ ਸਰਕਾਰ ਦੀ ਜ਼ੁਲਮੀ ਨੀਤੀ ਤਹਿਤ ਸਿੱਖਾਂ 'ਤੇ ਜ਼ੁਲਮ ਢਾਹੇ ਜਾ ਰਹੇ ਹਨ ਅਤੇ ਨੌਜਵਾਨ ਹਿੰਦੂਆਂ ਨੂੰ ਸਿੱਖਾਂ ਵਿਰੁੱਧ ਭੜਕਾ ਕੇ ਸਿੱਖ ਸੰਘਰਸ਼ ਦੀ ਦਿਸ਼ਾ ਬਦਲਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਲਈ ਸਾਨੂੰ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਨੂੰ ਢੁੱਕਵਾਂ ਜਵਾਬ ਦੇਣਾ ਚਾਹੀਦਾ ਹੈ ਤਾਂ ਕਿ ਉਸ ਨੂੰ ਸਮਝ ਆ ਜਾਵੇ ਕਿ ਸਿੱਖ ਆਪਣੇ ਨਿਸ਼ਾਨੇ ਤੋਂ ਬਿਛੜਣ ਵਾਲੇ ਨਹੀਂ। ਜੇਕਰ ਬਿਨਾਂ ਕਾਰਨ ਸਿੱਖ ਨੌਜਵਾਨਾਂ 'ਤੇ ਹੋ ਰਿਹਾ ਜ਼ੁਲਮ ਬੰਦ ਨਾ ਕੀਤਾ ਤਾਂ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਵੇਗਾ। ਫੈਡਰੇਸ਼ਨ ਦੇ ਨੌਜਵਾਨਾਂ ਨੇ ਇਸੇ ਯੋਜਨਾ ਤਹਿਤ ਫੈਸਲਾ ਲਿਆ ਕਿ ਇੱਕੋ ਸਮੇਂ ਪੰਜਾਬ ਦੇ ਵੱਖ-ਵੱਖ ਥਾਈਂ ਬੰਬ ਧਮਾਕੇ ਕੀਤੇ ਜਾਣ। 12-13 ਨਵੰਬਰ ਦੀ ਰਾਤ ਨੂੰ ਜਲੰਧਰ ਜ਼ਿਲ੍ਹੇ ਵਿੱਚ, ਰਾਹੋਂ ਪੁਲਿਸ ਸਟੇਸ਼ਨ, ਕੈਨਾਲ ਰੈਸਟ ਹਾਊਸ ਅਠਵਾਲ, ਸ੍ਰੀ ਹਰਗੋਬਿੰਦਪੁਰ, ਨਕਲੀ ਨਿਰੰਕਾਰੀ ਅਜਾਇਬ ਸਿੰਘ ਦੇ ਘਰ ਪਿੰਡ ਘੁਮਾਣ, ਮੁੱਖ ਬਾਜ਼ਾਰ ਮੋਗਾ, ਐੱਸ. ਡੀ. ਐੱਮ. ਦੀ ਕੋਠੀ ਮੋਗਾ, ਮਹਿੰਦਰ ਪਾਲ ਸਿੰਘ ਸੁੰਦਰ ਨਗਰ ਕਲੋਨੀ ਲੁਧਿਆਣਾ, ਡੀਏਵੀ ਹਾਈ ਸਕੂਲ ਕਾਦੀਆਂ ਅਤੇ ਦਫਤਰ ਐੱਸ. ਡੀ. ਐੱਮ. ਜਲੰਧਰ ਵਿਖੇ ਬੰਬ ਧਮਾਕੇ ਕੀਤੇ। ਇਸੇ ਰਾਤ ਸੀ. ਆਰ. ਪੀ. ਦੀ ਗੱਡੀ ਉਪਰ ਤਰਨਤਾਰਨ ਵਿਖੇ ਬੰਬ ਸੁੱਟਿਆ ਗਿਆ। ਇੰਨੇ ਥਾਵਾਂ 'ਤੇ ਇੱਕੋ ਸਮੇਂ ਬੰਬ ਧਮਾਕਿਆਂ ਨਾਲ ਕੇਵਲ ਪੰਜਾਬ ਪੁਲਿਸ ਹੀ ਨਹੀਂ ਬਲਕਿ ਵੱਖ-ਵੱਖ ਹੋਰ ਸੁਰੱਖਿਆ ਏਜੰਸੀਆਂ ਦੀ ਵੀ ਹੋਸ਼ ਟਿਕਾਣੇ ਆ ਗਈ ਕਿ ਜੇਕਰ ਸਿੱਖ ਨੌਜਵਾਨਾਂ 'ਤੇ ਬਿਨਾਂ ਕਾਰਨ ਹੀ ਤਸ਼ੱਦਦ ਜਾਰੀ ਰਿਹਾ ਤਾਂ ਸਿੱਖ ਨੌਜਵਾਨਾਂ ਵੱਲੋਂ ਵੱਡੀ ਪੱਧਰ 'ਤੇ ਇਸੇ ਤਰ੍ਹਾਂ ਦਾ ਹੋਰ ਵੀ ਜਵਾਬ ਦਿੱਤਾ ਜਾ ਸਕਦਾ ਹੈ। ਉਪਰੋਕਤ ਬੰਬ ਧਮਾਕਿਆਂ ਸਮੇਂ ਕਿਸੇ ਸਬੰਧਿਤ ਵਿਅਕਤੀ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ ਪਰ ਵੱਖ-ਵੱਖ ਥਾਂਵਾਂ ਤੋਂ ਫੈਡਰੇਸ਼ਨ ਦੇ ਵਰਕਰਾਂ ਨੂੰ ਫੜ੍ਹ ਕੇ ਝੂਠੇ ਕੇਸ ਜ਼ਰੂਰ ਪਾਏ ਗਏ।

ਸੰਨ 1982 ਦੀਆਂ ਏਸ਼ੀਅਨ ਖੇਡਾਂ

ਨਵੰਬਰ-ਦਸੰਬਰ 1982 ਵਿੱਚ ਦਿੱਲੀ ਵਿਖੇ ਏਸ਼ੀਅਨ ਖੇਡਾਂ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਵਿੱਚ ਕਈ ਦੇਸ਼ਾਂ ਨੇ ਭਾਗ ਲੈਣ ਲਈ ਪਹੁੰਚਣਾ ਸੀ ਜਿਨ੍ਹਾਂ ਵਿੱਚ ਰੂਸ, ਚੀਨ, ਜਾਪਾਨ, ਅਫਰੀਕਾ ਅਤੇ ਕੁੱਝ ਦੇਸ਼ਾਂ ਦੇ ਰਾਜਨੀਤਿਕ ਮੁਖੀਆਂ ਨੂੰ ਵਿਸ਼ੇਸ਼ ਸੱਦੇ ਦਿੱਤੇ ਗਏ ਸਨ। ਸੁਭਾਵਿਕ ਹੈ ਕਿ ਭਾਰਤ ਭਰ ਦੇ ਹਰ ਪ੍ਰਾਂਤ ਵਿੱਚੋਂ ਰਾਜਨੀਤਿਕ ਮੁਖੀਆਂ ਨੇ ਇਨ੍ਹਾਂ ਖੇਡਾਂ ਵਿੱਚ ਪਹੁੰਚਣਾ ਸੀ। ਇੱਧਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ. ਹਰਮਿੰਦਰ ਸਿੰਘ ਸੰਧੂ ਦੀ ਅਗਵਾਈ ਵਿੱਚ ਫੈਡਰੇਸ਼ਨ ਅਹੁਦੇਦਾਰਾਂ ਦੀ ਮੀਟਿੰਗ ਹੋਈ ਜਿਸ ਵਿੱਚ ਇਹ ਸਕੀਮ ਬਣਾਈ ਗਈ ਕਿ ਇਹ ਬਹੁਤ ਢੁੱਕਵਾਂ ਮੌਕਾ ਹੈ ਕਿ ਇਸ ਲਈ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਦਾ ਇੱਕ ਚਾਰਟ ਬਹੁਤ ਹੀ ਸੁਲਝੇ ਹੋਏ ਢੰਗ ਨਾਲ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਤਿਆਰ ਕਰਕੇ ਇਸ ਕਿਤਾਬਚੇ ਨੂੰ ਦੁਨੀਆਂ ਭਰ ਦੇ ਸਿਆਸਤਦਾਨਾਂ ਤੱਕ ਪਹੁੰਚਾ ਕੇ ਨਾਲ ਹੀ ਵੱਡੀ ਪੱਧਰ 'ਤੇ ਸਟੇਡੀਅਮ ਵਿੱਚ ਇਕੱਤਰ ਲੋਕਾਂ ਨੂੰ ਵੀ ਵੰਡ ਦਿੱਤਾ ਜਾਵੇ ਜੋ ਇੰਟਰਨੈਸ਼ਨਲ ਪ੍ਰੈੱਸ ਤੱਕ ਆਪੇ ਹੀ ਪਹੁੰਚ ਜਾਵੇਗਾ। ਫੈਡਰੇਸ਼ਨ ਆਗੂਆਂ ਨੇ ਇਸ ਮਸਲੇ ਨੂੰ ਸੰਤ ਭਿੰਡਰਾਂਵਾਲਿਆਂ ਨਾਲ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਵੀ ਸਾਂਝਾ ਕੀਤਾ ਜਿਸ ਨੂੰ ਉਨ੍ਹਾਂ ਨੇ ਵੀ ਹਰੀ ਝੰਡੀ ਦਿੱਤੀ। ਕੇਂਦਰ ਸਰਕਾਰ ਨੂੰ ਇਸ ਗੱਲ ਦਾ ਪਤਾ ਲੱਗਦਿਆਂ ਹੀ ਹੱਥਾਂ ਪੈਰਾਂ ਦੀ ਪੈ ਗਈ। ਏਸ਼ੀਅਨ ਖੇਡਾਂ ਦਾ ਇੰਚਾਰਜ

Scanned with CamScanner

ਕਾਂਗਰਸ (ਆਈ) ਦਾ ਜਨਰਲ ਸਕੱਤਰ ਰਾਜੀਵ ਗਾਂਧੀ ਸੀ। ਉਹ ਖੁਦ ਵੀ ਇਸ ਗੱਲੋਂ ਚਿੰਤਤ ਸੀ ਕਿ ਜੇਕਰ ਸਿੱਖਾਂ ਨੇ ਆਪਣੀਆਂ ਜਾਇਜ਼ ਮੰਗਾਂ ਦਾ ਕਿਤਾਬਚਾ ਕੌਮਾਂਤਰੀ ਪੱਧਰ ਦੇ ਸਿਆਸਤਦਾਨਾਂ ਤੱਕ ਪਹੁੰਚਾ ਦਿੱਤਾ ਤਾਂ ਕੇਂਦਰ ਦੀ ਸਿੱਖਾਂ ਪ੍ਰਤੀ ਬਦਨੀਅਤ ਦਾ ਦੁਨੀਆਂ ਭਰ ਵਿੱਚ ਚਰਚਾ ਹੋਵੇਗਾ। ਇਸ ਲਈ ਕੇਂਦਰ ਸਰਕਾਰ ਨੇ ਹਰਿਆਣਾ ਅਤੇ ਪੰਜਾਬ ਸਰਕਾਰ ਦੇ ਮੁੱਖ ਮੰਤਰੀਆਂ ਨੂੰ ਹੁਕਮ ਦਿੱਤਾ ਕਿ ਅਜਿਹੇ ਕਿਸੇ ਵੀ ਸਿੱਖ ਨੂੰ ਦਿੱਲੀ ਨਾ ਆਉਣ ਦਿੱਤਾ ਜਾਵੇ ਜਿਸ ਉਪਰ ਸ਼ੱਕ ਹੋਵੇ ਕਿ ਇਹ ਸੰਤ ਭਿੰਡਰਾਂਵਾਲੇ ਨਾਲ ਸਬੰਧਤ ਵਿਅਕਤੀ ਹਨ ਜਾਂ ਧਰਮ ਯੁੱਧ ਮੋਰਚੇ ਦੇ ਹਮਾਇਤੀ। ਅਜਿਹੇ ਹੁਕਮ ਮਿਲਦਿਆਂ ਹੀ ਦਿੱਲੀ ਜਾ ਰਹੇ ਸਿੱਖਾਂ ਨੂੰ ਭਾਵੇਂ ਕੋਈ ਨਿੱਜੀ ਮਕਸਦ ਲਈ ਹੀ ਜਾ ਰਿਹਾ ਹੋਵੇ, ਦਿੱਲੀ ਦੀ ਹਦੂਦ ਅੰਦਰ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਪੰਜਾਬ ਤੋਂ ਦਿੱਲੀ ਨੂੰ ਜਾਂਦੇ ਸਭ ਰਸਤੇ ਮੁਕੰਮਲ ਤੌਰ 'ਤੇ ਸੀਲ ਕਰ ਦਿੱਤੇ ਗਏ। ਦੇਸ਼ ਦੀ ਰਾਜਧਾਨੀ ਕਿਸੇ ਵੀ ਤਰ੍ਹਾਂ ਦੇ ਰੂਪ ਵਾਲੇ ਅਤੇ ਕਿਸੇ ਵੀ ਰਾਜਸੀ ਪਾਰਟੀ ਨਾਲ ਸਬੰਧਤ ਸਿੱਖਾਂ ਦੇ ਦਾਖਲੇ ਤੋਂ ਵਰਜਿਤ ਕਰ ਦਿੱਤੀ ਗਈ। ਚਾਹੇ ਕੋਈ ਜਿੰਡੇ ਮਰਜੀ ਰੁਤਬੇ ਦਾ ਮਾਲਕ ਸੀ ਹਰ ਸਿੱਖ ਨੂੰ ਆਵਾਜਾਈ ਦੇ ਹਰ ਵਾਹਨ ਵਿੱਚੋਂ ਘਸੀਸ ਕੇ ਬਾਹਰ ਕੱਢਿਆ ਗਿਆ ਅਤੇ ਪ੍ਰੇਸ਼ਾਨ ਅਤੇ ਜਲੀਲ ਕੀਤਾ। ਇਥੋਂ ਤੱਕ ਕਿ ਉਨ੍ਹਾਂ ਨੂੰ ਹਰਿਆਣਾ ਦੀਆਂ ਨੀਮ ਫੌਜੀ ਟੁਕੜੀਆਂ ਵੱਲੋਂ ਗ੍ਰਿਫਤਾਰ ਕਰਕੇ ਨਜ਼ਰਬੰਦ ਵੀ ਕੀਤਾ ਗਿਆ। ਇਸ ਜ਼ਲਾਲਤ ਦਾ ਸਾਹਮਣਾ ਕਰਨ ਵਾਲਿਆਂ ਵਿੱਚ ਸਾਬਕਾ ਚੀਫ ਏਅਰ ਮਾਰਸ਼ਲ ਅਰਜਨ ਸਿੰਘ, ਹਾਈਕੋਰਟ ਦੇ ਜੱਜ, ਫੌਜ ਵਿੱਚੋਂ ਰਿਟਾਇਰ ਹੋਏ ਬ੍ਰਿਗੇਡੀਅਰ, ਜਰਨੈਲ ਆਦਿ ਨੂੰ ਆਈਡੀ ਕਾਰਡ ਵਿਖਾਉਣ ਦੇ ਬਾਵਜੂਦ ਬਹੁਤ ਜ਼ਲੀਲ ਕੀਤਾ ਗਿਆ, ਪੰਜਾਬ ਦੇ ਐਮ. ਪੀ. ਅਮਰਜੀਤ ਕੌਰ ਅਤੇ ਪ੍ਰਨੀਤ ਕੌਰ ਆਦਿ ਨੂੰ ਵੀ ਨਾ ਬਖਸ਼ਿਆ। ਸਿੱਖਾਂ ਦੇ ਵਿਰੁੱਧ ਇਸ ਵਧੀਕੀ ਨੇ ਉਨ੍ਹਾਂ ਦੀ ਮਨੋਆਤਮਾ ਨੂੰ ਹੋਰ ਵੀ ਜ਼ਖਮੀ ਕੀਤਾ। ਸਿੱਖਾਂ ਅੰਦਰ ਇਹ ਭਾਵਨਾ ਉਜਾਗਰ ਹੋ ਰਹੀ ਸੀ ਕਿ ਉਨ੍ਹਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ।

ਉੱਪਰ ਭਾਰਤ ਸਰਕਾਰ ਦੇ ਇਸ ਸਬੰਧ ਵਿੱਚ ਕੀਤੇ ਸਾਰੇ ਪ੍ਰਬੰਧਾਂ ਦੇ ਬਾਵਜੂਦ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੁੱਝ ਨੌਜਵਾਨ ਸਟੇਡੀਅਮ ਅੰਦਰ ਦਾਖਲ ਹੋਣ ਵਿੱਚ ਸਫਲ ਹੋ ਗਏ, ਜਿਨ੍ਹਾਂ ਵਿੱਚ ਸ. ਅਵਤਾਰ ਸਿੰਘ ਜੰਮੂ, ਭਾਈ ਅਨੋਖ ਸਿੰਘ ਪ੍ਰੀਤਕੇ, ਭਾਈ ਇੰਦਰ ਸਿੰਘ ਭਰਨਤਾਰਨ, ਸ. ਕੁਲਵੰਤ ਸਿੰਘ ਕੰਵਲ, ਸ. ਗੁਰਚਰਨ ਸਿੰਘ ਘਰਿੰਡਾ, ਸ. ਬਲਦੇਵ ਸਿੰਘ ਹੋਠੀਆਂ, ਸ. ਗੁਰਦਰਸ਼ਨ ਸਿੰਘ ਅਤੇ ਸ. ਬਖਸ਼ੀਸ਼ ਸਿੰਘ ਭਿੱਖੀਵਿੰਡ, ਬੀਬੀ ਜਸਵੰਤ ਕੌਰ ਖੰਨਾ, ਬੀਬੀ ਮਨਜੀਤ ਕੌਰ ਅੰਮ੍ਰਿਤਸਰ ਅਤੇ ਬੀਬੀ ਮਨਜੀਤ ਕੌਰ ਬਠਿੰਡਾ ਆਦਿ ਨੇ ਨਹਿਰੂ ਸਟੇਡੀਅਮ ਵਿਖੇ ਟਿਕਟਾਂ ਖਰੀਦੀਆਂ ਅਤੇ ਖੇਡਾਂ ਵੇਖਣ ਦੇ ਬਹਾਨੇ ਸਟੇਡੀਅਮ ਅੰਦਰ ਵੱਖ-ਵੱਖ ਥਾਂਵਾਂ 'ਤੇ ਬੈਠ ਗਏ। ਇਨ੍ਹਾਂ ਵਿੱਚੋਂ ਕੁੱਝ ਵਿਅਕਤੀਆਂ ਨੇ ਵੀ. ਆਈ. ਪੀ. ਟਿਕਟਾਂ ਖਰੀਦੀਆਂ ਸਨ ਅਤੇ ਕੁਝ ਸਾਧਾਰਨ ਕਲਾਸ ਦੀਆਂ ਸਨ ਪਰ ਸਭ ਕੋਲ ਫੈਡਰੇਸ਼ਨ ਵੱਲੋਂ ਤਿਆਰ ਕੀਤੇ ਪੈਫਲਟ ਸਨ, ਜਿਨ੍ਹਾਂ ਉਪਰ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਪ੍ਰਤੀ ਲਿਖਿਆ ਹੋਇਆ ਸੀ। ਖੇਡਾਂ ਦੀ ਆਰੰਭਤਾ ਸਮੇਂ ਜਿਉਂ ਹੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਟੇਡੀਅਮ ਵਿੱਚ ਪਹੁੰਚੀ ਉਸ ਸਮੇਂ 40 ਏਸ਼ੀਅਨ ਦੇਸ਼ਾਂ ਤੋਂ ਪਹੁੰਚੇ ਹੋਏ ਖਿਡਾਰੀਆਂ ਅਤੇ ਦਰਸ਼ਕਾਂ ਨਾਲ ਸਟੇਡੀਅਮ ਖਚਾਖਚ ਭਰਿਆ ਹੋਇਆ ਸੀ ਅਤੇ ਇਨ੍ਹਾਂ ਸਭ ਦੇਸ਼ਾਂ ਦੇ ਮੁੱਖ ਮਹਿਮਾਨ ਵੀ ਹਾਜ਼ਰ ਸਨ। ਦੇਸ਼ ਦਾ ਰਾਸ਼ਟਰਪਤੀ ਜੈਲ ਸਿੰਘ ਉਦਘਾਟਨੀ ਭਾਸ਼ਣ ਲਈ ਮਾਈਕ 'ਤੇ ਆਇਆ, ਇਸ ਨੇ ਹਾਲੇ ਬੋਲਣਾ ਆਰੰਭ ਹੀ ਕੀਤਾ ਸੀ ਕਿ ਫੈਡਰੇਸ਼ਨ ਦੀਆਂ ਤਿੰਨੇ ਹੀ ਬੀਬੀਆਂ ਨੇ ਇੰਦਰਾ ਗਾਂਧੀ ਅਤੇ ਜੈਲ ਸਿੰਘ ਦੀ ਸਿੱਖਾਂ ਵਿਰੁੱਧ ਅਪਣਾਈ ਨੀਤੀ ਲਈ ਉਨ੍ਹਾਂ ਵਿਰੁੱਧ ਨਾਅਰੇ ਲਾਏ ਅਤੇ ਕੁੱਝ ਪੈਂਫਲੈਟ ਪ੍ਰੈਸ ਗੈਲਰੀ ਵਿੱਚ ਸੁੱਟ ਦਿੱਤੇ। ਇਨ੍ਹਾਂ ਦੀ ਨਾਅਰੇਬਾਜ਼ੀ ਦੌਰਾਨ ਔਰਤ ਪੁਲਿਸ ਨੇ ਇਨ੍ਹਾਂ ਨੂੰ ਅਤੇ ਕੁੱਝ ਪੈਂਫਲੈਟ ਪ੍ਰੈਸ ਗੈਲਰੀ ਵਿੱਚ ਸੁੱਟ ਦਿੱਤੇ। ਇਨ੍ਹਾਂ ਦੀ ਨਾਅਰੇਬਾਜ਼ੀ ਦੌਰਾਨ ਔਰਤ ਪੁਲਿਸ ਨੇ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਜੈਲ ਸਿੰਘ ਦੁਬਾਰਾ ਬੋਲਣ ਲੱਗਾ ਤਾਂ ਦੂਜੇ ਪਾਸੇ ਵੀ ਆਈ.ਪੀ. ਸੀਟਾਂ 'ਤੇ ਬੈਠੇ ਅਵਤਾਰ ਸਿੰਘ ਜੰਮੂ ਅਤੇ ਉਸਦੇ ਸਾਥੀਆਂ ਨੇ "ਸੰਤ ਭਿੰਡਰਾਂਵਾਲੇ ਜ਼ਿੰਦਾਬਾਦ", "ਸਿੱਖਾਂ ਵਿਰੁੱਧ ਜ਼ੁਲਮ ਬੰਦ ਕਰੋ, ਧਰਮ ਯੁੱਧ ਮੋਰਚੇ ਦੀਆਂ ਮੰਗਾਂ ਕਬੂਲ ਕਰੋ" ਦੇ ਨਾਅਰੇ ਲਗਾਏ ਅਤੇ ਮੰਗਾਂ ਵਾਲੇ ਪੈਂਫਲੈਟ ਵਿਦੇਸ਼ਾਂ ਤੋਂ ਪਹੁੰਚੇ ਹੋਏ ਵੱਖ-ਵੱਖ ਵਿਦੇਸ਼ੀ ਮਹਿਮਾਨਾਂ ਦੇ ਟੇਬਲਾਂ ਉਪਰ ਸੁੱਟ ਦਿੱਤੇ। ਇਨ੍ਹਾਂ ਨੂੰ ਵੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਜਦੋਂ ਇਨ੍ਹਾਂ ਨੂੰ ਸਟੇਡੀਅਮ ਵਿੱਚ ਗ੍ਰਿਫਤਾਰ ਕਰਕੇ ਲੈ ਜਾਇਆ ਜਾ ਰਿਹਾ ਸੀ ਤਾਂ ਫੈਡਰੇਸ਼ਨ ਦੇ ਬਾਕੀ ਨੁਮਾਇੰਦਿਆਂ ਜਿਨ੍ਹਾਂ ਵਿੱਚ ਬਲਦੇਵ ਸਿੰਘ ਹੋਠੀਆਂ, ਕੁਲਵੰਤ ਸਿੰਘ ਕੰਵਲ, ਗੁਰਚਰਨ ਸਿੰਘ ਆਦਿ ਨੇ ਵੀ ਅਜਿਹੇ ਹੀ ਨਾਅਰੇ ਲਗਾਏ

Scanned with CamScanner

ਅਤੇ ਪੈਂਫਲਟ ਸੁੱਟੇ। ਇਨੇ ਨੂੰ ਦੇਸ਼ ਵਿਦੇਸ਼ ਦੀ ਪ੍ਰੈਸ ਅੰਦਰ ਇਸ ਘਟਨਾ ਚੱਕਰ ਨੂੰ ਸਮਝਣ ਦੀ ਤੀਬਰ ਇੱਛਾ ਹੋਈ ਤਾਂ ਪ੍ਰੈਸ ਆਪੋ ਆਪਣੇ ਢੰਗ ਨਾਲ ਇਹ ਜਾਨਣ ਲਈ ਇਕਦਮ ਸਰਗਰਮ ਹੋ ਗਈ। ਇਸ ਤਰ੍ਹਾਂ ਫੈਡਰੇਸ਼ਨ ਦੇ ਇਹ ਨੌਜਵਾਨ ਵਿਦੇਸ਼ੀ ਪ੍ਰਤੀਨਿਧਾਂ ਨੂੰ ਕਿਤਾਬਚੇ ਵੰਡਣ ਵਿੱਚ ਸਫਲ ਹੋ ਗਏ ਅਤੇ ਵਿਦੇਸ਼ੀ ਨੁਮਾਇੰਦੇ ਭਾਰਤ ਸਰਕਾਰ ਵੱਲੋਂ ਸਿੱਖਾਂ ਨਾਲ ਕੀਤੇ ਜਾ ਰਹੇ ਪੱਖਪਾਤੀ ਦੁਰਵਿਵਹਾਰ ਤੋਂ ਜਾਣੂ ਹੋ ਗਏ। ਇਸ ਤਰ੍ਹਾਂ ਭਾਰਤ ਸਰਕਾਰ ਦੀ ਸਿੱਖਾਂ ਨੂੰ ਏਸ਼ੀਅਨ ਖੇਡਾਂ ਵਿੱਚ ਸ਼ਾਮਿਲ ਹੋਣ ਤੋਂ ਰੋਕਣ ਦੀ ਉਪਰੋਕਤ ਇਹ ਮੂਰਖਾਨਾ ਕਾਰਵਾਈ ਨਾ ਸਿਰਫ ਅਸਫਲ ਸਾਬਤ ਹੋਈ ਬਲਕਿ ਸਰਕਾਰ ਦੀਆਂ ਬੇਹੂਦਗੀਆਂ ਕਾਰਵਾਈਆਂ ਅਤੇ ਸਿੱਖਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਨੂੰ ਦੁਨੀਆਂ ਭਰ ਦੀ ਪ੍ਰੈਸ ਨੇ ਛਾਪਿਆ। ਤਕਰੀਬਨ ਹਰ ਵਰਗ ਦੇ ਸਿੱਖਾਂ ਨੇ ਏਸ਼ੀਅਨ ਖੇਡਾਂ ਦੌਰਾਨ ਉਨ੍ਹਾਂ ਜਾਂ ਉਨ੍ਹਾਂ ਦੇ ਸਬੰਧੀਆਂ ਵੱਲੋਂ ਝੱਲੀ ਜ਼ਲਾਲਤ ਵਿਰੁੱਧ ਡਿੱਖਾ ਪ੍ਰਤੀਕਰਮ ਜ਼ਾਹਿਰ ਕੀਤਾ।

ਪੰਜਾਬ ਅਤੇ ਪੰਜਾਬ ਤੋਂ ਬਾਹਰ ਜੋ ਪੰਜਾਬੀ ਇਸ ਗੱਲ ਤੋਂ ਹਾਲੇ ਵੀ ਅਣਜਾਣ ਸਨ ਕਿ ਧਰਮ ਯੁੱਧ ਮੋਰਚਾ ਕਿਨ੍ਹਾਂ ਵਧੀਕੀਆਂ ਵਿਰੁੱਧ ਲਾਇਆ ਗਿਆ ਹੈ। ਉਨ੍ਹਾਂ ਨੂੰ ਏਸ਼ੀਅਨ ਖੇਡਾਂ ਸਮੇਂ ਹੋਏ ਘਟਨਾਕ੍ਰਮ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਣ ਤੋਂ ਬਾਅਦ ਯਕੀਨ ਹੋ ਗਿਆ ਕਿ ਕੇਂਦਰ ਸਰਕਾਰ ਹਰ ਗੱਲ 'ਤੇ ਸਿੱਖਾਂ ਨਾਲ ਧੱਕਾ ਕਰ ਰਹੀ ਹੈ। ਜਿਸ ਕਾਰਨ ਉਨ੍ਹਾਂ ਲੋਕਾਂ ਦਾ ਝੁਕਾਅ ਵੀ ਧਰਮ ਯੁੱਧ ਮੋਰਚੇ ਵੱਲ ਹੋ ਗਿਆ ਜੋ ਹਾਲੇ ਤੱਕ ਇਸ ਤੋਂ ਪਾਸੇ ਸਨ। ਧਰਮ ਯੁੱਧ ਮੋਰਚੇ ਵਿੱਚ ਭਾਰੀ ਬੋਲਬਾਲਾ ਵਧਿਆ, ਗ੍ਰਿਫਤਾਰੀਆਂ ਦੇਣ ਵਾਲਿਆਂ ਦੀ ਗਿਣਤੀ, ਜੈਕਾਰੇ ਅਤੇ ਨਾਅਰੇ ਅਤੇ ਚਿਹਰਿਆਂ 'ਤੇ ਝਲਕਦਾ ਉਤਸ਼ਾਹ ਇਸ ਗੱਲ ਦਾ ਜਾਮਨ ਸੀ ਕਿ ਸਿੱਖ 'ਕਰੋ ਜਾਂ ਮਰੋ' ਦੀ ਲੀਹ 'ਤੇ ਉਤਾਰੂ ਹਨ ਹਰ ਹਾਲ ਗਲ਼ ਪਈ ਜ਼ਲਾਲਤ ਨੂੰ ਗਲ਼ੋਂ ਲਾਹੁਣਾ ਚਾਹੁੰਦੇ ਹਨ।

ਸਾਬਕਾ ਸਿੱਖ ਫੌਜੀਆਂ ਦੀ ਕਨਵੈਨਸ਼ਨ

23 ਦਸੰਬਰ 1982 ਨੂੰ ਭਾਰਤੀ ਫੌਜ ਦੇ ਸਾਬਕਾ ਸਿੱਖ ਜਰਨੈਲਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਮੁੱਚੇ ਸਾਬਕਾ ਫੌਜੀਆਂ ਦੀ ਕਨਵੈਨਸ਼ਨ ਸੱਦਣ ਦਾ ਐਲਾਨ ਕਰ ਦਿੱਤਾ। ਕਿਉਂਕਿ ਹਰਿਆਣਾ ਸਰਕਾਰ ਵੱਲੋਂ ਏਸ਼ੀਆਈ ਖੇਡਾਂ ਸਮੇਂ ਹੋਏ ਅਪਮਾਨ ਨਾਲ ਭਾਵੇਂ ਹਰ ਸਿੱਖ ਹੀ ਬੁਰੀ ਤਰ੍ਹਾਂ ਝੰਜੋੜਿਆ ਗਿਆ ਸੀ ਪਰ ਜਿਸ ਤਰ੍ਹਾਂ ਫੌਜੀ ਜਰਨੈਲਾਂ ਅਤੇ ਹੋਰ ਅਫਸਰਾਂ ਦੇ ਪਹਿਚਾਣ-ਪੱਤਰ ਅਤੇ ਤਗਮੇ ਰੋਲੇ ਗਏ, ਉਸ ਨਾਲ ਫੌਜੀ ਅਫਸਰਾਂ ਅੰਦਰ ਭਾਰਤ ਸਰਕਾਰ ਵਿਰੁੱਧ ਗੁੱਸਾ ਭਰ ਗਿਆ। ਇਸੇ ਤਹਿਤ ਮੇਜਰ ਜਰਨਲ ਮਹਿੰਦਰ ਸਿੰਘ ਅਤੇ ਜਰਨਲ ਹਰਬਖਸ਼ ਸਿੰਘ ਦੀ ਕਮਾਂਡ ਹੇਠ ਬਹੁਤ ਸਾਰੇ ਸਾਬਕਾ ਫੌਜੀ 12 ਦਸੰਬਰ 1982 ਨੂੰ ਸ੍ਰੀ ਅੰਮ੍ਰਿਤਸਰ ਆਏ ਅਤੇ ਸੰਤ ਭਿੰਡਰਾਂਵਾਲਿਆਂ ਦੇ ਜਥੇ ਨਾਲ ਰਹਿ ਰਹੇ ਜਰਨਲ ਸੁਬੇਗ ਸਿੰਘ ਨੂੰ ਮਿਲਕੇ ਆਪਣੀ ਦੁੱਖ ਭਰੀ ਵਿਥਿਆ ਸਾਂਝੀ ਕੀਤੀ ਅਤੇ ਆਪਣੀਆਂ ਸੇਵਾਵਾਂ ਧਰਮ ਯੁੱਧ ਮੋਰਚੇ ਨੂੰ ਸੌਂਪਣ ਦੀ ਪੇਸ਼ਕਸ਼ ਕੀਤੀ। ਜਰਨਲ ਸੁਬੇਗ ਸਿੰਘ ਨੇ ਇਨ੍ਹਾਂ ਫੌਜੀ ਜਰਨੈਲਾਂ ਅਤੇ ਜਵਾਨਾਂ ਨੂੰ ਸੰਤ ਭਿੰਡਰਾਂਵਾਲਿਆਂ ਨਾਲ ਮਿਲਾਇਆ। ਜਿੱਥੇ ਇਹ ਤੈਅ ਹੋਇਆ ਕਿ ਸਮੁੱਚੇ ਸਾਬਕਾ ਫੌਜੀਆਂ ਦੀ ਇੱਕ ਕਨਵੈਨਸ਼ਨ ਇੱਥੇ ਕੀਤੀ ਜਾਵੇ। ਜਿਸ ਵਿੱਚ ਭਾਰਤ ਵਿੱਚ ਰਹਿੰਦੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਬਾਰੇ ਖੁੱਲ੍ਹੀ ਜਾਣਕਾਰੀ ਦਿੱਤੀ ਜਾ ਸਕੇ। ਇਨ੍ਹਾਂ ਸਾਰੀਆਂ ਵਿਚਾਰਾਂ ਉਪਰੰਤ 23 ਦਸੰਬਰ ਨੂੰ ਕਨਵੈਨਸ਼ਨ ਕਰਨ ਲਈ ਸਹਿਮਤੀ ਹੋਈ ਅਤੇ ਸੰਤਾਂ ਨੇ ਕਿਹਾ ਕਿ ਫੁਸੀ ਇਸ ਬਾਰੇ ਸੰਤ ਲੌਂਗੋਵਾਲ ਨਾਲ ਵੀ ਸਲਾਹ ਮਸ਼ਵਰਾ ਕਰੋ। ਇਸ ਤੋਂ ਬਾਅਦ ਭਾਈ ਅਮਰੀਕ ਸਿੰਘ ਅਤੇ ਜਰਨਲ ਸੁਬੇਗ ਸਿੰਘ ਇਨ੍ਹਾਂ ਸਭ ਫੌਜੀਆਂ ਨੂੰ ਨਾਲ ਲੈ ਕੇ ਸੰਤ ਲੌਂਗੋਵਾਲ ਨੂੰ ਮਿਲੇ ਅਤੇ ਉਨ੍ਹਾਂ ਨੂੰ ਵੀ ਇਹ ਸਾਰੀ ਵਿਥਿਆ ਸੁਣਾਈ। ਉਨ੍ਹਾਂ ਨੇ ਵੀ ਸਿੱਖ ਫੌਜੀਆਂ ਦੇ ਜਜ਼ਬਾਤਾਂ ਦੀ ਕਦਰ ਕਰਦਿਆਂ ਉਨ੍ਹਾਂ ਨੂੰ ਵੀ ਇਹ ਸਾਰੀ ਵਿਥਿਆ ਸੁਣਾਈ। ਉਨ੍ਹਾਂ ਨੇ ਵੀ ਸਿੱਖ ਫੌਜੀਆਂ ਦੇ ਜਜ਼ਬਾਤਾਂ ਦੀ ਕਦਰ ਕਰਦਿਆਂ ਕਨਵੈਨਸ਼ਨ ਕਰਨ ਦੇ ਫੈਸਲੇ ਨਾਲ ਸਹਿਮਤੀ ਪ੍ਰਗਟਾਈ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ। ਇਸ ਕਨਵੈਨਸ਼ਨ ਕਰਨ ਦੇ ਫੈਸਲੇ ਨਾਲ ਸਹਿਮਤੀ ਪ੍ਰਗਟਾਈ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ। ਇਸ ਸਬੰਧ ਵਿੱਚ ਸਾਬਕਾ ਫੌਜੀ ਜਰਨੈਲਾਂ ਨੇ ਇੱਕ ਪ੍ਰੈਸ ਕਾਨਫਰੰਸ ਕਰਕੇ ਭਾਰਤ ਭਰ ਦੇ ਸਾਬਕਾ ਫੌਜੀਆਂ ਨੂੰ

ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚ ਚੁੱਕੇ ਸਨ। ਕਨਵੈਨਸ਼ਨ ਦੇ ਪ੍ਰਬੰਧਕਾਂ ਨੇ ਇੱਥੇ ਪਹੁੰਚਣ ਵਾਲੇ ਸਾਬਕਾ ਫੌਜੀਆਂ ਦੀ ਜਾਣਕਾਰੀ ਇਕੱਤਰ ਕਰਨ ਲਈ ਬਕਾਇਦਾ ਰਜਿਸਟਰ ਲਾਏ ਸਨ ਜਿਸ ਵਿੱਚ ਇੱਥੇ ਪਹੁੰਚਣ ਵਾਲੇ ਫੌਜੀਆਂ ਦਾ ਵੇਰਵਾ ਨੋਟ ਕੀਤਾ ਜਾ ਰਿਹਾ ਸੀ। ਜਰਨਲ ਸੁਬੇਗ ਸਿੰਘ ਨੇ ਇਸ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਭਾਰਤ ਦੀ ਆਜ਼ਾਦੀ ਤੋਂ ਲੈ ਕੇ ਸਾਧਾਰਨ ਸਿੱਖਾਂ ਅਤੇ ਵਿਸ਼ੇਸ਼ ਤੌਰ 'ਤੇ ਫੌਜ ਵਿੱਚ ਹੋ ਰਹੇ ਵਿਤਕਰਿਆਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਮੈਨੂੰ ਇਸ ਗੱਲ 'ਤੇ ਭਾਰੀ ਤਸੱਲੀ ਹੈ ਕਿ ਅੱਜ ਦੀ ਕਨਵੈਨਸ਼ਨ ਵਿੱਚ 10 ਹਜ਼ਾਰ ਤੋਂ ਵੱਧ ਸਾਬਕਾ ਫੌਜੀ ਪਹੁੰਚੇ ਹਨ। ਜਿਸ ਨੂੰ ਰਜਿਸਟਰਾਂ 'ਤੇ ਦਰਜ ਵੇਰਵਿਆਂ 'ਤੇ ਦੇਖਿਆ ਜਾ ਸਕਦਾ ਹੈ। ਜਰਨਲ ਗੁਰਬਖਸ਼ ਸਿੰਘ, ਮੇਜਰ ਜਰਨਲ ਮਹਿਦਰ ਸਿੰਘ ਤੋਂ ਇਲਾਵਾ 40 ਸਿੱਖ ਜਰਨੈਲਾਂ ਅਤੇ ਅਫਸਰਾਂ ਨੇ ਸੰਬੋਧਨ ਕਰਨ ਦੀ ਤਕਰੀਰਾਂ ਕੀਤੀਆਂ। ਇਨ੍ਹਾਂ ਸਿੱਖ ਜਰਨੈਲਾਂ ਅਤੇ ਜਵਾਨਾਂ ਨੇ ਆਪਣੀਆਂ ਸੇਵਾਵਾਂ ਧਰਮ ਯੁੱਧ ਮੋਰਚੇ ਨੂੰ ਸਮਰਪਿਤ ਕੀਤੀਆਂ ਉੱਥੇ ਇੱਕ ਮਤਾ ਰੱਖਿਆ ਗਿਆ ਕਿ "ਕੌਮ ਦੇ ਮਰਦੇ-ਮੁਜਾਹਿਦ ਸਿੱਖ ਆਗੂ ਸੰਤ ਸਿਪਾਹੀ ਸੰਤ ਜਰਨੈਲ ਸਿੰਘ ਖ਼ਾਲਸਾ" ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਜਾਵੇ। ਇਸ ਸਬੰਧੀ ਉਨ੍ਹਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਅਪੀਲ ਕੀਤੀ ਕਿ ਉਹ ਸਬੰਧਤ ਧਿਰਾਂ ਨਾਲ ਵਿਚਾਰ ਵਟਾਂਦਰਾ ਕਰਕੇ ਕਾਰਵਾਈ ਪੂਰੀ ਕਰਨ। ਇਹ ਮਤਾ ਪੜ੍ਹਦਿਆਂ ਹੀ ਖਚਾਖਚ ਭਰੇ ਹਾਲ ਅੰਦਰ ਜੈਕਾਰਿਆਂ ਦੀਆਂ ਗੂੰਜਾਂ ਸੁਣਾਈ ਦਿੱਤੀਆਂ।

ਸੰਤ ਹਰਚੰਦ ਸਿੰਘ ਲੌਂਗੋਵਾਲ ਡਿਕਟੇਟਰ ਧਰਮ ਯੁੱਧ ਮੋਰਚਾ ਨੇ ਸਾਬਕਾ ਫੌਜੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਦੇਸ਼ ਦੀ ਭਾਖੀ ਲਈ ਆਪਾ ਵਾਰਨ ਵਾਲੇ ਬਹਾਦਰ ਫੌਜੀ ਹੋ। ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਤੁਸੀਂ ਆਪਣੇ ਧਰਮ ਪ੍ਰਤੀ ਅਤੇ ਕੌਮੀ ਭਵਿੱਖ ਲਈ ਪੂਰੀ ਤਰ੍ਹਾਂ ਚੇਤੰਨ ਹੋ। ਤੁਹਾਡੇ ਤੋਂ ਇਹ ਜਾਣ ਕੇ ਮਹਿਸੂਸ ਹੋਇਆ ਹੈ ਕਿ ਕੇਵਲ ਸਾਧਾਰਨ ਸਿੱਖਾਂ ਨਾਲ ਹੀ ਨਹੀਂ ਬਲਕਿ ਫੌਜ ਵਿੱਚ ਵੀ ਸਿੱਖਾਂ ਨਾਲ ਵਿਤਕਰੇ ਭਰੀਆਂ ਦੁਖਦਾਈ ਘਟਨਾਵਾਂ ਵਾਪਰ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਤੁਹਾਡੇ ਵੱਲੋਂ ਸਿੱਖ ਪੰਥ ਨੂੰ ਅਤੇ ਖਾਸ ਕਰਕੇ ਧਰਮ ਯੁੱਧ ਮੋਰਚੇ ਨੂੰ ਸਮਰਪਿਤ ਕੀਤੀਆਂ ਗਈਆਂ ਸੇਵਾਵਾਂ ਦੀ ਮੈਂ ਦਿਲੋਂ ਕਦਰ ਕਰਦਾ ਹਾਂ।

ਸੰਤ ਭਿੰਡਰਾਂਵਾਲਿਆਂ ਨੇ ਇਸ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਦਰਸ਼ਨਾਂ ਦਲੀਲਾਂ ਦਿੱਤੀਆਂ ਕਿ ਆਜ਼ਾਦ ਭਾਰਤ ਵਿੱਚ ਸਿੱਖ ਗੁਲਾਮ ਹਨ। ਉਨ੍ਹਾਂ ਸਿੱਖ ਜਰਨੈਲਾਂ ਅਤੇ ਜਵਾਨਾਂ ਦੀ ਬਹਾਦਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਤੁਸੀਂ ਬੜੀ ਸ਼ਿੱਦਤ ਨਾਲ ਜ਼ੋਰ ਮੁਲਖਾਂ ਦੀ ਗੁਲਾਮੀ ਦੇ ਸ਼ਿਕੰਜੇ ਵਿੱਚੋਂ ਭਾਰਤ ਨੂੰ ਆਜ਼ਾਦ ਕਰਵਾਇਆ। ਇਹ ਵੀ ਕੋਈ ਅਤਿਕਥਨੀ ਨਹੀਂ ਕਿ ਭਾਰਤ ਵਿੱਚ ਵਸਣ ਵਾਲੀਆਂ ਦੂਜੀਆਂ ਕੌਮਾਂ ਦੇ ਮੁਕਾਬਲੇ ਸਿੱਖ ਫੌਜੀਆਂ ਦਾ ਭਾਰਤੀ ਆਜ਼ਾਦੀ ਲਈ 90% ਯੋਗਦਾਨ ਹੈ। ਇਸ ਬਾਰੇ ਤੁਸੀਂ ਭਲੀਭਾਂਤ ਜਾਣਦੇ ਹੋ। ਪਰ ਇਸ ਸਭ ਕੁਝ ਦੇ ਬਾਵਜੂਦ ਸਿੱਖ ਕੌਮ ਹਿੰਦੁਸਤਾਨ ਦੀ ਅੰਦਰੂਨੀ ਗੁਲਾਮੀ ਦਾ ਸ਼ਿਕਾਰ ਹੋ ਕੇ ਰਹਿ ਗਈ। ਇਸ ਲਈ ਜਿੱਥੇ ਸਮੁੱਚੇ ਭਾਰਤ ਦੀ ਆਜ਼ਾਦੀ ਲਈ ਤੁਸੀਂ ਵੱਡਾ ਹੰਭਲਾ ਮਾਰਿਆ ਹੈ, ਉੱਥੇ ਹੁਣ ਹਿੰਦੁਸਤਾਨ ਦੀ ਬਹੁਗਿਣਤੀ ਤੋਂ ਸਿੱਖ ਕੌਮ ਨੂੰ ਆਜ਼ਾਦ ਕਰਵਾਉਣ ਲਈ ਇੱਕ ਹੋਰ ਹੰਭਲਾ ਮਾਰਨਾ ਪਵੇਗਾ। ਕਿਉਂਕਿ ਇਥੇ ਬਹੁਗਿਣਤੀ ਲੋਕਾਂ ਲਈ ਕਾਨੂੰਨ ਵੱਖਰੇ ਹਨ ਅਤੇ ਘੱਟ ਗਿਣਤੀ ਸਿੱਖਾਂ ਲਈ ਕਾਨੂੰਨ ਵੱਖਰੇ ਹਨ। ਭਾਰਤ ਦੀ ਆਜ਼ਾਦੀ ਤੋਂ ਲੈ ਕੇ ਸਿੱਖਾਂ ਨਾਲ ਹੋਏ ਵਿਤਕਰਿਆਂ ਦਾ ਜ਼ਿਕਰ ਕਰਦਿਆਂ ਸੰਤਾਂ ਨੇ ਕਿਹਾ ਕਿ ਭਾਰਤ ਸਰਕਾਰ ਜਿੱਥੇ ਮਰਜ਼ੀ ਬੈਠ ਕੇ ਸਾਡੇ ਨਾਲ ਵਿਚਾਰ ਕਰ ਲਵੇ ਅਤੇ ਸਾਬਤ ਕਰ ਦੇਵੇ ਕਿ ਸਿੱਖ ਭਾਰਤ ਵਿੱਚ ਗੁਲਾਮ ਨਹੀਂ। ਪਰ ਕਿਉਂਕਿ ਉਹ ਖੁਦ ਇਸ ਸੱਚਾਈ ਨੂੰ ਜਾਣਦੀ ਹੈ ਕਿ ਸਿੱਖਾਂ ਨਾਲ ਦੋ ਨੰਬਰ ਦੇ ਸ਼ਹਿਰੀਆਂ ਵਰਗਾ ਵਰਤਾਓ ਕੀਤਾ ਜਾ ਰਿਹਾ ਹੈ। ਇਸ ਲਈ ਉਹ ਸਿੱਖਾਂ ਨਾਲ ਸਾਹਮਣੇ ਬੈਠ ਕੇ ਇਨ੍ਹਾਂ ਮੁੱਦਿਆਂ 'ਤੇ ਵਿਚਾਰ ਚਰਚਾ ਨਹੀਂ ਕਰੇਗੀ ਬਲਕਿ ਹਮੇਸ਼ਾ ਹੀ ਗੱਲਬਾਤ ਕਰਨ ਦੇ ਝੂਠੇ ਅਤੇ ਫਰੇਬ ਭਰੇ ਸੱਦੇ ਦੇ ਕੇ ਕੌਮ ਨੂੰ ਬਦਨਾਮ ਕਰਨ ਦੀਆਂ ਚਾਲਾਂ ਚੱਲਦੀ ਰਹੇਗੀ। ਬਾਕੀ ਤੁਸੀਂ ਜਾਣਦੇ ਹੋ ਕਿ ਦੇਸ਼ ਲਈ ਸ਼ਾਨਾਮੱਤਾ ਇਤਿਹਾਸ ਸਿਰਜਣ ਵਾਲੇ ਫੌਜੀ ਜਰਨੈਲਾਂ ਨਾਲ ਜਿਸ ਤਰ੍ਹਾਂ ਦਾ ਮਾੜਾ ਵਰਤਾਓ ਕੀਤਾ ਗਿਆ ਹੈ, ਉਹ ਤੁਸੀਂ ਜਰਨਲ ਜਗਜੀਤ ਸਿੰਘ ਅਰੋੜਾ, ਜਰਨਲ ਸੁਬੇਗ ਸਿੰਘ, ਜਰਨਲ ਗੁਰਬਖਸ਼ ਸਿੰਘ ਅਤੇ ਹੋਰ ਸਿੱਖ ਜਰਨੈਲਾਂ ਤੋਂ ਸੁਣ ਹੀ ਲਿਆ ਹੈ। ਜੇ ਫੌਜੀ ਜਰਨੈਲਾਂ ਨਾਲ ਅਜਿਹਾ ਦੁਰਵਿਵਹਾਰ ਕੀਤਾ ਜਾ ਰਿਹਾ ਹੈ ਤਾਂ ਸਾਧਾਰਨ ਸਿੱਖਾਂ ਨੂੰ ਆਪਣੇ ਅਧਿਕਾਰ ਮੰਗਣ 'ਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਮੁਕਾਉਣਾ ਤਾਂ ਆਮ ਗੱਲ ਹੈ। ਇਸ ਲਈ ਸਿੱਖ

Scanned with CamScanner

ਜਰਨੈਲਾ ਨਾਲ ਵਿਤਕਰਿਆ, ਸ਼ਹੀਦਾਂ ਦੇ ਡੁੱਲ੍ਹੇ ਖੂਨ, ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ, ਸਿੱਖਾਂ 'ਤੇ ਹੋਇਆ ਬੇਪਨਾਹ ਤਸ਼ੱਦਦ ਅਤੇ ਧੀਆਂ ਭੈਣਾਂ ਦੀ ਹੋਈ ਬੇਪੱਤੀ ਨੂੰ ਆਪਾਂ ਸਭ ਅੱਖਾਂ ਬੰਦ ਕਰਕੇ ਕਿੰਨੀ ਦੇਰ ਤੱਕ ਬਰਦਾਸ਼ਤ ਕਰ ਸਕਦੇ ਹਾਂ? ਅਖੀਰ ਸਾਨੂੰ ਕਲਗੀਧਰ ਸਤਿਗੁਰੂ ਦੇ ਸਿਧਾਂਤ ਉਪਰ ਪਹਿਰਾ ਦੇਣ ਲਈ ਤੱਤਪਰ ਹੋਣਾ ਪਵੇਗਾ।

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥ (ਜ਼ਫਰਨਾਮਾ)

ਸਾਬਕਾ ਫੌਜੀਆਂ ਦੀ ਇਹ ਕਾਨਫਰੰਸ ਬਹੁਪੱਖਾਂ ਤੋਂ ਕਾਮਯਾਬ ਰਹੀ ਕਿਉਂਕਿ ਜਨਰਲ ਹਰਬਖਸ਼ ਸਿੰਘ, ਜਨਰਲ ਗੁਰਬਖਸ਼ ਸਿੰਘ, ਜਨਰਲ ਸੁਬੇਗ ਸਿੰਘ, ਜਨਰਲ ਨਰਿੰਦਰ ਸਿੰਘ ਜਨਰਲ ਮਹਿੰਦਰ ਸਿੰਘ, ਹੋਰ ਕਈ ਕਰਨਲ, ਬ੍ਰਿਗੇਡੀਅਰ, ਮੇਜਰ ਅਤੇ ਹੋਰ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਵਿੱਚ ਸਾਬਕਾ ਫੌਜੀਆਂ ਨੇ ਆਪਣੀਆਂ ਸਮੁੱਚੀਆਂ ਸੇਵਾਵਾ ਧਰਮ ਯੁੱਧ ਮੋਰਚੇ ਦੇ ਹਵਾਲੇ ਕੀਤੀਆਂ ਜੋ ਭਾਰਤ ਸਰਕਾਰ ਨੂੰ ਸਿੱਧਾ ਚੈਲੰਜ ਸੀ ਕਿਉਂਕਿ ਹਿੰਦ ਸਰਕਾਰ ਦੀ ਵੱਡੀ ਸਿੱਖ ਵਿਰੋਧੀ ਲਾਬੀ ਹਰ ਕੀਮਤ 'ਤੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਤੁਲੀ ਹੋਈ ਸੀ। ਪਰ ਸਾਬਕਾ ਫੌਜੀਆਂ ਦੀ ਇਸ ਇਕੱਤਰ ਹੋਈ ਸ਼ਕਤੀ ਨੇ ਇਨ੍ਹਾਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ। ਇਸ ਦੇ ਨਾਲ ਹੀ ਮੌਜੂਦਾ ਸਿੱਖ ਫੌਜੀ ਜੋ ਹਿੰਦੁਸਤਾਨ ਦੇ ਵੱਖ-ਵੱਖ ਸਟੇਟਾਂ ਵਿੱਚ ਡਿਊਟੀਆ ਦੇ ਰਹੇ ਸਨ ਉਨ੍ਹਾਂ ਦੀਆਂ ਨਜ਼ਰਾਂ ਵੀ ਧਰਮ ਯੁੱਧ ਮੋਰਚੇ 'ਤੇ ਜਾ ਟਿਕੀਆਂ ਅਤੇ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਗੰਭੀਰਤਾ ਨਾਲ ਸੋਚਣ ਲੱਗੇ। ਡਿਊਟੀਆਂ ਦੇ ਰਹੇ ਫੌਜੀ ਇਸ ਗੱਲੋਂ ਵੀ ਹੈਰਾਨ ਸਨ ਕਿ ਸਿੱਖਾਂ ਨੇ ਬੜੀਆਂ ਵੱਡੀਆਂ ਧਾਰਮਿਕ ਅਤੇ ਆਰਥਿਕ ਕੀਮਤਾਂ ਤਾਰ ਕੇ ਭਾਰਤ ਦੀ ਆਜ਼ਾਦੀ ਲਈ ਹੈ ਪਰ ਆਜ਼ਾਦੀ ਤੋਂ ਬਾਅਦ ਭਾਰਤੀ ਹੁਕਮਰਾਨ ਸਿੱਖਾਂ ਪ੍ਰਤੀ ਕਿਹੇ ਜਿਹੀ ਮੰਦਭਾਵਨਾ ਰੱਖਦੇ ਹਨ। ਜਿਸ ਲਈ ਸਿੱਖ ਕੌਮ ਦੇ ਆਗੂਆਂ ਅਤੇ ਧਰਮ ਯੁੱਧ ਮੋਰਚੇ ਦੇ ਸੰਚਾਲਕਾਂ ਨੂੰ ਸਿੱਖ ਕੌਮ 'ਤੇ ਆਉਣ ਵਾਲੇ ਖਤਰਿਆਂ ਪ੍ਰਤੀ ਕੌਮ ਦੇ ਹਰ ਵਰਗ ਨੂੰ ਸੁਚੇਤ ਕਰਨਾ ਪੈ ਰਿਹਾ ਹੈ।

9 ਜਨਵਰੀ 1983 ਨੂੰ ਸਿੱਖ ਬੁੱਧੀਜੀਵੀ ਕਨਵੈਨਸ਼ਨ

ਸਾਬਕਾ ਫੌਜੀਆਂ ਦੀ ਕਾਮਯਾਬ ਕਨਵੈਨਸ਼ਨ ਤੋਂ ਬਾਅਦ ਸਿੱਖ ਬੁੱਧੀਜੀਵੀ ਵੀ ਅਜਿਹੀ ਹੀ ਇੱਕ ਕਨਵੈਨਸ਼ਨ ਕਰਨ ਲਈ ਵਿਚਾਰਾਂ ਕਰਨ ਲੱਗੇ। ਇਨ੍ਹਾਂ ਵਿੱਚੋਂ ਵਿਸ਼ੇਸ਼ ਤੌਰ 'ਤੇ ਆਈ. ਸੀ. ਐੱਸ ਸ. ਕਪੂਰ ਸਿੰਘ, ਆਈ. ਏ. ਐੱਸ ਸ. ਗੁਰਤੇਜ ਸਿੰਘ, ਪ੍ਰੋਫੈਸਰ ਸੂਬਾ ਸਿੰਘ, ਪ੍ਰਿੰਸੀਪਲ ਮਹਿੰਦਰ ਸਿੰਘ, ਸ. ਕਰਨੈਲ ਸਿੰਘ ਡੰਗ, ਸ. ਗੁਰਚਰਨ ਪਾਲ ਸਿੰਘ, ਸ. ਸੰਤ ਸਿੰਘ ਤੇਗ, ਪ੍ਰੋਫੈਸਰ ਭੁਪਿੰਦਰ ਸਿੰਘ ਹੁਸ਼ਿਆਰਪੁਰ, ਸ. ਅਮਰ ਸਿੰਘ ਅੰਬਾਲਵੀ, ਸ. ਬਲਦੇਵ ਸਿੰਘ ਬਿੰਦਰਾ, ਸ. ਪੂਰਨ ਸਿੰਘ ਹੁੰਦਲ ਆਦਿ ਸ਼ਾਮਿਲ ਸਨ, ਜਿਨ੍ਹਾਂ ਨੇ ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਭਾਈ ਹਰਿਮੰਦਰ ਸਿੰਘ ਸੋਹੂ ਅਤੇ ਭਾਈ ਸੁਜਾਨ ਸਿੰਘ ਨਾਲ ਮਿਲ ਕੇ ਬੁੱਧੀਜੀਵੀ ਕਨਵੈਨਸ਼ਨ ਬੁਲਾਉਣ ਦਾ ਮੰਤਵ ਦੱਸਿਆ। ਫਿਰ ਇਨ੍ਹਾਂ ਆਗੂਆਂ ਨੇ ਬੁੱਧੀਜੀਵੀਆਂ ਦੇ ਕੁੱਝ ਨੁਮਾਇੰਦਿਆਂ ਨੂੰ ਸੰਤ ਭਿੰਡਰਾਂਵਾਲੇ ਅਤੇ ਸੰਤ ਲੌਂਗੋਵਾਲ ਨਾਲ ਮਿਲਾਇਆ, ਜਿਨ੍ਹਾਂ ਨੇ ਇਨ੍ਹਾਂ ਦੀਆਂ ਵਿਚਾਰਾਂ ਸੁਣਨ ਉਪਰੰਤ ਕਨਵੈਨਸ਼ਨ ਬੁਲਾਉਣ ਨੂੰ ਠੀਕ ਸਮਝਿਆ ਅਤੇ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਵਿਖੇ ਇਸ ਕਨਵੈਨਸ਼ਨ ਦੇ ਢੁੱਕਵੇਂ ਪ੍ਰਬੰਧ ਕਰਨ ਲਈ ਡਿਊਟੀਆਂ ਲਾਈਆ ਅਤੇ 9 ਜਨਵਰੀ 1983 ਨੂੰ ਇਹ ਕਨਵੈਨਸ਼ਨ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਬੰਧ ਵਿੱਚ ਸੰਤ ਲੌਂਗੋਵਾਲ ਨੇ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੂੰ ਜਾਣੂ ਕਰਵਾ ਦਿੱਤਾ ਅਤੇ ਸੰਤ ਭਿੰਡਰਾਂਵਾਲਿਆਂ ਵਿੱਚ ਸੰਤ ਲੌਂਗੋਵਾਲ ਨੇ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੂੰ ਜਾਣੂ ਕਰਵਾ ਦਿੱਤਾ ਅਤੇ ਸੰਤ ਭਿੰਡਰਾਂਵਾਲਿਆਂ ਨੇ ਵੀ ਆਪਣੇ ਪ੍ਰਮੁੱਖ ਸਹਿਯੋਗੀ ਵਿਚਾਰਵਾਨਾਂ ਨੂੰ ਇਸ ਕਨਵੈਨਸ਼ਨ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਅਤੇ ਸਾਰਿਆਂ ਨੇ ਸਾਂਝੇ ਰੂਪ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਕਨਵੈਨਸ਼ਨ ਦੀ ਜਾਣਕਾਰੀ ਸੰਗਤਾਂ ਨੂੰ ਦੇ ਦਿੱਤੀ।

ਗੁਰੂ ਰਾਮਦਾਸ ਲੰਗਰ ਦੀ ਦੂਜੀ ਮੰਜ਼ਿਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕੀਤੇ ਗਏ, ਗੁਰਬਾਣੀ ਦਾ ਮਨੋਹਰ ਕੀਰਤਨ ਹੋਇਆ। ਕਨਵੈਨਸ਼ਨ ਵਿੱਚ ਭਾਰੀ ਗਿਣਤੀ ਵਿੱਚ ਸਿੱਖ ਵਿਦਵਾਨ ਅਤੇ ਸੰਗਤਾਂ ਪਹੁੰਚੀਆਂ ਹੋਣ ਕਾਰਨ ਬਹੁਤ ਪ੍ਰਭਾਵਸ਼ਾਲੀ ਇਕੱਠ ਸੀ। ਅਕਾਲੀ ਦਲ ਵੱਲੋਂ ਸੰਤ ਹਰਚੰਦ ਸਿੰਘ ਤੋਂ ਇਲਾਵਾ ਸ. ਪ੍ਰਕਾਸ਼ ਸਿੰਘ ਬਾਦਲ, ਸ. ਗੁਰਚਰਨ ਸਿੰਘ ਟੌਹੜਾ, ਸ. ਸੁਖਜਿੰਦਰ ਸਿੰਘ, ਜਥੇਦਾਰ ਸੁਰਜਨ ਸਿੰਘ ਠੇਕੇਦਾਰ, ਸ. ਰਣਜੀਤ ਸਿੰਘ

Scanned with CamScanner

ਬ੍ਰਹਮਪੁਰਾ, ਸ. ਸੁਖਦੇਵ ਸਿੰਘ ਢੀਂਡਸਾ, ਉਜਾਗਰ ਸਿੰਘ ਬੇਦਵਾਂ, ਸ. ਸਵਿੰਦਰ ਸਿੰਘ ਭਾਈ ਮੁਕਤਸਰ ਅਤੇ ਹੋਰ ਅਕਾਲੀ ਨੇਤਾ ਜਿਨ੍ਹਾਂ ਨੇ ਸੰਗਤ ਨੂੰ ਸੰਬੋਧਨ ਕੀਤਾ। ਉੱਘੇ ਪੱਤਰਕਾਰ ਸ. ਭਰਪੂਰ ਸਿੰਘ ਬਲਬੀਰ, ਸ. ਸਾਧੂ ਸਿੰਘ ਹਮਦਰਦ, ਸ. ਅਮਰ ਸਿੰਘ ਦੁਸਾਂਝ ਅਤੇ ਹੋਰ ਬੋਲਣ ਵਾਲਿਆਂ ਵਿੱਚ ਸ. ਅਮਰ ਸਿੰਘ ਅੰਬਾਲਵੀ, ਸ. ਗੁਰਨਾਮ ਸਿੰਘ ਤੀਰ, ਸ. ਹਰਦੇਵ ਸਿੰਘ ਰਾਜਪੁਰਾ, ਸ. ਗੁਰਤੇਜ ਸਿੰਘ ਆਈ.ਏ.ਐੱਸ., ਸ. ਕਪੂਰ ਸਿੰਘ ਆਈ.ਜੀ.ਐੱਸ, ਸ. ਜਸਪਾਲ ਸਿੰਘ ਦਿੱਲੀ, ਸ. ਮਹਿੰਦਰ ਸਿੰਘ ਧਾਰੀਵਾਲ, ਪ੍ਰੋਫੈਸਰ ਸੁਖਦਿਆਲ ਸਿੰਘ ਅਤੇ ਹੋਰ ਕਈ ਪ੍ਰੋਫੈਸਰ, ਵਕੀਲ, ਡਾਕਟਰਾਂ ਆਦਿ ਨੇ ਵੀ ਸੰਬੋਧਨ ਕੀਤਾ। ਇਸ ਕਨਵੈਨਸ਼ਨ ਵਿੱਚ ਬਹੁਤ ਸਾਰੇ ਸਿੱਖ ਜਰਨੈਲ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਸਨ। ਪ੍ਰੋਫੈਸਰ ਕੁਪਿੰਦਰ ਸਿੰਘ ਨੇ ਕਵਿਤਾ ਪੜ੍ਹੀ ਕਿ ਸਿੱਖਾਂ ਨੂੰ ਆਪਣਾ ਘਰ ਚਾਹੀਦਾ ਹੈ ਜੋ ਬਹੁਤ ਹੀ ਅਸਰ ਭਰਪੂਰ ਸੀ।

ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਇਸ ਕਨਵੈਨਸ਼ਨ ਵਿੱਚ ਕਿਹਾ ਕਿ ਸਾਨੂੰ ਬਹੁਤ ਗੰਭੀਰਤਾ ਨਾਲ ਫੈਸਲਾ ਲੈਣਾ ਚਾਹੀਦਾ ਹੈ ਕਿਉਂਕਿ ਅਸੀਂ ਭਾਰਤੀ ਨਿਜ਼ਾਮ ਦੇ ਹਕੂਮਤੀ ਤੌਰ ਤੇ ਬਹੁਤ ਦੁਖੀ ਹਾਂ, ਨਿੱਤ ਦਿਹਾੜੇ ਸਿੱਖ ਕੌਮ ਨਾਲ ਵਧੀਕੀਆਂ ਅਤੇ ਜ਼ੁਲਮ ਹੋ ਰਹੇ ਹਨ ਕਦੋਂ ਤੱਕ ਅਸੀਂ ਬਰਦਾਸ਼ਤ ਕਰਦੇ ਰਹਾਂਗੇ? ਇਸ ਲਈ ਮੇਰਾ ਸੁਝਾਅ ਹੈ ਕਿ ਅੱਜ ਬਹੁਤ ਸਿਆਣੇ-ਸਿਆਣੇ ਵਿਦਵਾਨ ਇਥੇ ਮੌਜੂਦ ਹਨ। ਇਨ੍ਹਾਂ ਨਾਲ ਸਲਾਹ ਮਸ਼ਵਰਾ ਕਰਕੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਭਾਰਤ ਦੇ ਪੈਰਲਲ ਸਰਕਾਰ ਬਣਾਉਣ ਦਾ ਐਲਾਨ ਕਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਸ. ਸੁਖਜਿੰਦਰ ਸਿੰਘ ਨੇ ਵੀ ਬੋਲਦਿਆਂ ਇਨ੍ਹਾਂ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ ਅਤੇ ਕਿਹਾ ਕਿ ਸਾਨੂੰ ਅੱਜ ਹੀ ਆਜ਼ਾਦ ਸਿੱਖ ਸਰਕਾਰ ਦਾ ਝੰਡਾ ਝੁਲਾ ਦੇਣਾ ਚਾਹੀਦਾ ਹੈ।

ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਏ ਹੋਏ ਬੁੱਧੀਜੀਵੀਆਂ ਦੇ ਵਿਚਾਰ ਸੁਣੇ। ਉਨ੍ਹਾਂ ਕਿਹਾ ਕਿ ਅੱਜ ਸਿੱਖ ਕੌਮ ਦੇ ਸੰਕਟਮਈ ਸਮੇਂ ਆਪ ਸਭ ਨੇ ਪੰਥ ਅਤੇ ਪੰਜਾਬ ਦੇ ਗੰਭੀਰ ਮਸਲਿਆਂ ਬਾਰੇ ਵਿਚਾਰ ਕਰਨ ਲਈ ਇਹ ਇਕੱਤਰਤਾ ਸੱਦੀ ਹੈ। ਆਪ ਸਭ ਨੇ ਭਾਰੀ ਗਿਣਤੀ ਵਿੱਚ ਇੱਥੇ ਪੁੱਜ ਕੇ ਜੋ ਹੁੰਗਾਰਾ ਭਰਿਆ ਹੈ ਉਸ ਨਾਲ ਪੰਥ ਨੂੰ ਨਿਆਂ ਦਿਵਾਉਣ ਅਤੇ ਪੰਜਾਬ ਦੀ ਲੁੱਟ ਰੋਕਣ ਲਈ ਲੜੇ ਜਾ ਰਹੇ ਧਰਮ ਯੁੱਧ ਮੋਰਚੇ ਨੂੰ ਵੱਡਾ ਬਲ ਮਿਲਿਆ ਹੈ। ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਰਾਜ ਸੱਤਾ ਵਿੱਚ ਭਾਰਤ ਦੇ ਹੰਕਾਰੇ ਹਾਕਮਾਂ ਵੱਲੋਂ ਪੰਥ ਅਤੇ ਪੰਜਾਬ ਨਾਲ ਚੁੱਕੇ ਅੰਧਾਧੁੰਦ ਵਿਤਕਰੇ ਨੂੰ ਖਤਮ ਕਰਵਾਉਣ ਲਈ ਆਪਣੀਆਂ ਪ੍ਰੰਪਰਾਵਾਂ ਅਨੁਸਾਰ ਸ਼ਾਂਤਮਈ ਸੰਘਰਸ਼ ਕਰ ਰਿਹਾ ਹੈ। ਲੋਕ ਰਾਜ, ਧਰਮ ਨਿਰਪੱਖਤਾ, ਬਰਾਬਰੀ ਅਤੇ ਸ਼ਹਿਰੀ ਆਜ਼ਾਦੀ ਦੇ ਸੰਵਿਧਾਨਿਕ ਹੱਕਾਂ ਨੂੰ ਮਲੀਆਮੇਟ ਕਰਕੇ ਇਨ੍ਹਾਂ ਹਾਕਮਾਂ ਨੇ ਕੋਝੀਆਂ ਚਾਲਾਂ ਆਰੰਭ ਕਰ ਰੱਖੀਆਂ ਹਨ, ਜਿਸ ਨਾਲ ਸਿੱਖਾਂ ਅਤੇ ਪੰਜਾਬ ਨੂੰ ਬਰਬਾਦ ਕਰਨ ਦੀ ਨੀਤੀ ਹੁਣ ਸਿਖਰਾਂ 'ਤੇ ਪਹੁੰਚ ਚੁੱਕੀ ਹੈ। ਅਜਿਹੇ ਸਮੇਂ ਆਪ ਸਭ ਵਿਦਵਾਨਾਂ ਦਾ ਸ਼ਹਿਜੋਗ ਬਹੁਤ ਵੱਡਮੁੱਲਾ ਹੈ।

ਅਖੀਰ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਇਸ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਆਪ ਸੰਗਤਾਂ ਨੂੰ ਮੌਜੂਦਾ ਹਾਲਾਤਾਂ ਤੋਂ ਜਾਣੂ ਕਰਵਾਉਂਦਿਆਂ ਆਪਣੇ ਵਿਚਾਰ ਰੱਖੇ ਹਨ। ਬਹੁਤ ਸਮਾਂ ਹੋ ਗਿਆ ਸਾਨੂੰ ਚੇਤਾਵਨੀਆਂ ਦਿੰਦਿਆਂ ਨੂੰ ਅਤੇ ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਵਿਰੁੱਧ ਗੰਭੀਰ ਸਿੱਟੇ ਭੁਗਤਣ ਦੇ ਮੜੇ ਧਾਸ ਕਰਦਿਆਂ ਨੂੰ, ਪਰ ਕੇਂਦਰ ਤੇ ਪੰਜਾਬ ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ। ਸਾਡੇ ਸੈਂਕੜੇ ਸਿੰਘ ਸ਼ਹੀਦ ਹੋ ਚੁੱਕੇ ਹਨ ਅਤੇ ਲੱਖਾਂ ਹੀ ਸਿੱਖ, ਕੌਮੀ ਹੱਕਾਂ ਲਈ ਜੇਲ੍ਹਾਂ ਵਿੱਚ ਜਾ ਚੁੱਕੇ ਹਨ। ਸਿੱਖ ਕੌਮ ਦੇ ਜਾਇਜ਼ ਹੱਕ ਦੇਣੇ ਤਾਂ ਦੂਰ ਦੀ ਗੱਲ, ਸਮੁੱਚੀ ਹਿੰਦੂ ਕੌਮ ਵੱਲੋਂ ਕਿਸੇ ਵੀ ਜ਼ਿੰਮੇਵਾਰ ਵਿਅਕਤੀ ਨੇ ਸਿੱਖ ਕੌਮ ਪ੍ਰਤੀ ਹਾਅ ਦਾ ਨਾਅਰਾ ਵੀ ਨਹੀਂ ਮਾਰਿਆ। ਅੱਜ ਦੇਸ਼ ਦੇ ਕੋਨੇ-ਕੋਨੇ ਵਿੱਚੋਂ ਸਿੱਖ ਵਿਦਵਾਨ ਇਸ ਇਕੱਠ ਵਿੱਚ ਇਕੱਤਰ ਹੋਏ ਹੋ, ਮੇਰੀ ਨਿੱਜੀ ਰਾਇ ਹੈ ਕਿ ਸਾਨੂੰ ਸ਼ਾਂਤੀ-ਸ਼ਾਂਤੀ ਕੂਕਣ ਦੀ ਬਜਾਇ ਕਲਗੀਧਰ ਸਤਿਗੁਰੂ ਦੀ ਪ੍ਰੰਪਰਾ ਤੋਂ ਸਬਕ ਲੈਣਾ ਚਾਹੀਦਾ ਹੈ।

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥

Scanned with CamScanner

ਜੇ ਦੇਸ਼ ਸਭ ਦਾ ਸਾਂਝਾ ਹੈ ਤਾਂ ਫਿਰ ਸ਼ਾਂਤੀ ਰੱਖਣੀ ਵੀ ਸਭ ਦਾ ਫਰਜ਼ ਹੈ। ਅਸੀਂ ਰੋਜ਼ਾਨਾ ਸ਼ਾਂਤੀ ਦਾ ਪਾਠ ਪੜ੍ਹਦੇ ਹਾਂ ਅਜੇ ਹਾਕਮਾਂ ਵੱਲੋਂ ਦਿਨ ਦਿਹਾੜੇ ਅੰਮ੍ਰਿਤਧਾਰੀ ਸਿੰਘਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਉਨ੍ਹਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਹੈ, ਕਦੋਂ ਤੱਕ ਸ਼ਾਂਤੀ ਰੱਖਾਂਗੇ? ਉਨ੍ਹਾਂ ਕਿਹਾ ਕਿ ਮੈਂ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਘਰ ਵਿੱਚ ਪੁੱਤਰੀ ਪੈਦਾ ਹੋਵੇ ਤਾਂ ਉਸ ਨੂੰ 20 ਸਾਲ ਦੀ ਉਮਰ ਤੱਕ ਵਿਆਹ ਦਿੱਤਾ ਜਾਂਦਾ ਹੈ ਜੇਕਰ ਉਸਦੀ ਵਿਆਹੁਣ ਦੀ ਉਮਰ ਬੀਤ ਜਾਵੇ ਤਾਂ ਫਿਰ ਲੋਕ ਗੱਲਾਂ ਕਰਦੇ ਹਨ ਕਿ ਇਸ ਲੜਕੀ ਦੇ ਮਾਤਾ-ਪਿਤਾ ਬਹੁਤੇ ਸਮਝਦਾਰ ਨਹੀਂ ਹਨ ਕਿਉਂਕਿ ਇਹ ਕਾਰਜ ਸਮੇਂ ਸਿਰ ਹੋਣਾ ਚਾਹੀਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਆਪਣੀ ਸ਼ਾਂਤੀ ਦੀ ਉਮਰ ਵੀ ਵਿਆਹੁਣ ਤੋਂ ਅੱਗੇ ਲੰਘਦੀ ਜਾ ਰਹੀ ਹੈ ਜੋ ਕਿ ਆਉਣ ਵਾਲੇ ਸਮੇਂ ਵਿੱਚ ਸਾਡੇ ਸਿਰ ਉਲਾਂਭਾ ਹੀ ਨਾ ਰਹਿ ਜਾਵੇ। ਗੁਰ-ਇਤਿਹਾਸ ਗਵਾਹ ਹੈ ਕਿ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤੀ ਰੱਖੀ ਅਤੇ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ 11 ਸਾਲ ਦੀ ਉਮਰ ਵਿੱਚ ਹੀ ਮੀਰੀ-ਪੀਰੀ ਦੇ ਮਾਲਕ ਨੇ ਸ਼ਾਂਤੀ ਵਿਆਹੁਣ ਦਾ ਐਲਾਨ ਕਰ ਦਿੱਤਾ ਅਤੇ ਹੰਦੂ ਵਰਗਿਆਂ ਦੇ ਨੱਕ ਵਿੱਚ ਨਕੇਲਾਂ ਪਾਈਆਂ, ਚਾਰ ਯੁੱਧ ਲੜੇ, ਮੀਰੀ-ਪੀਰੀ ਦਾ ਸਿਧਾਂਤ ਦਿੱਤਾ, ਦੁਨੀਆਂ ਦੇ ਸਾਹਮਣੇ ਸ਼ਾਂਤੀ ਵਿਆਹੀ ਗਈ। ਇਸ ਤੋਂ ਬਾਅਦ ਪੰਨ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਾਂਤਮਈ ਸ਼ਹਾਦਤ ਹੋਈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਫ 9 ਸਾਲ ਦੀ ਉਮਰ ਵਿੱਚ ਹੀ ਜ਼ਾਲਮ ਲੋਕਾਂ ਨੂੰ ਨੱਥ ਪਾਉਣ ਦਾ ਪ੍ਰਣ ਲਿਆ ਅਤੇ ਆਪਣੇ ਹੀ ਪਰਿਵਾਰ ਦੀਆਂ ਅਤੇ ਜਾਨ ਤੋਂ ਪਿਆਰੇ ਸਿੱਖਾਂ ਦੀਆਂ ਸ਼ਹਾਦਤਾਂ ਦੇ ਕੇ ਖ਼ਾਲਸਾ ਪੰਥ ਸਾਜਿਆ। ਉਨ੍ਹਾਂ ਨੇ ਵੀ ਇਸ ਢੰਗ ਨਾਲ ਸ਼ਾਂਤੀ ਵਿਆਹੀ। ਫਿਰ ਸਿੱਖ ਇਤਿਹਾਸ ਵੀ ਸਾਡੇ ਸਾਹਮਣੇ ਹੈ, ਬਾਬਾ ਮਨੀ ਸਿੰਘ ਦੀ ਸ਼ਾਂਤਮਈ ਸ਼ਹਾਦਤ ਹੋਈ, ਬਾਬਾ ਦੀਪ ਸਿੰਘ ਅਤੇ ਹੋਰ ਸਿੱਖ ਯੋਧੇ ਮੈਦਾਨੇ ਯੁੱਧ ਵਿੱਚ ਜੂਝ ਕੇ ਜ਼ਾਲਮਾਂ ਨੂੰ ਸਬਕ ਸਿਖਾਉਂਦੇ ਰਹੇ। ਛੋਟੇ ਸਾਹਿਬਜ਼ਾਦਿਆਂ ਦੀ ਸਰਹਿਦ ਵਿਖੇ ਸ਼ਾਂਤਮਈ ਸ਼ਹਾਦਤ ਹੋਈ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਹੀ ਸਰਹਿਦ ਦੀ ਇੱਟ ਨਾਲ ਇੱਟ ਖੜਕਾਈ, ਵਜ਼ੀਦ ਖਾਨ ਵਰਗੇ ਜ਼ਾਲਮ ਸੋਧੇ ਅਤੇ ਦੁਨੀਆਂ ਸਾਹਮਣੇ ਸ਼ਾਂਤੀ ਵਿਆਹੀ, ਇਸ ਤਰ੍ਹਾਂ ਦਾ ਆਪਣਾ ਇਤਿਹਾਸ ਹੈ। ਮੈਂ ਬੇਨਤੀ ਕਰਾਂਗਾ ਕਿ ਸਾਨੂੰ ਵੀ ਸਮਾਂ ਰਹਿੰਦੇ ਸ਼ਾਂਤੀ ਵਿਆਹੁਣੀ ਚਾਹੀਦੀ ਹੈ। ਬਾਕੀ ਅੱਜ ਤੁਸੀਂ ਬਹੁਤ ਸੁਲਝੇ ਹੋਏ ਵਿਦਵਾਨ ਗੁਰਸਿੱਖ ਇਕੱਤਰ ਹੋਏ ਹੋ। ਜੇਕਰ ਮੇਰੇ ਵਿਚਾਰਾਂ ਨਾਲ ਤੁਹਾਡੀ ਸਹਿਮਤੀ ਨਾ ਵੀ ਹੋਵੇ ਤਾਂ ਮੈਨੂੰ ਦਲੀਲ ਸਹਿਤ ਇਨ੍ਹਾਂ ਗੱਲਾਂ ਦਾ ਉੱਤਰ ਜ਼ਰੂਰ ਦੇ ਕੇ ਜਾਣਾ। ਸੰਤਾਂ ਦੇ ਬੋਲਣ ਮਗਰੋਂ ਬੁੱਧੀਜੀਵੀਆਂ ਦੀ ਕਨਵੈਨਸ਼ਨ ਵਿੱਚੋਂ ਸਮੇਂ-ਸਮੇਂ ਸੁਆਲ ਗੂੰਜਦੇ ਰਹੇ। ਸਟੇਜ ਸਕੱਤਰ ਦੀ ਸੇਵਾ ਸ. ਬਲਵੰਤ ਸਿੰਘ ਰਾਮੂੰਵਾਲੀਆ ਨੇ ਨਿਭਾਈ। ਅਖੀਰ ਅਰਦਾਸ ਅਤੇ ਹੁਕਮਨਾਮਾ ਲੈ ਕੇ ਕਨਵੈਨਸ਼ਨ ਦੀ ਸਮਾਪਤੀ ਕੀਤੀ ਗਈ।

ਸੰਤ ਭਿੰਡਰਾਂਵਾਲਿਆਂ ਦੇ ਸਰਬ ਪੱਖੀ ਦੂਰ ਦ੍ਰਿਸ਼ਟੀ ਆਦੇਸ਼

1. ਕਲਗੀਧਰ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਕਰ ਕਮਲਾਂ ਤੋਂ ਵਰੋਸਾਈ ਦਮਦਮੀ ਟਕਸਾਲ ਦੇ ਮੁਖੀ ਹੋਣ ਦੇ ਨਾਤੇ ਜਥੇ ਵਿੱਚ ਪੜ੍ਹਣ ਵਾਲੇ, ਜਥੇ ਨਾਲ ਸਬੰਧਿਤ ਮੇਲ-ਮਿਲਾਪ ਰੱਖਣ ਵਾਲੇ ਗੁਰਸਿੱਖਾਂ ਪ੍ਰਤੀ ਉਹ ਹਮੇਸ਼ਾ ਹੀ ਸੁਚੇਤ ਚਿੱਤ ਗੁਰੂ ਦੀ ਦਰਸਾਈ ਰਹਿਤ ਮਰਿਆਦਾ, ਬਾਣੀ ਦਾ ਸ਼ੁੱਧ ਉਚਾਰਨ, ਗੁਰਬਾਣੀ ਦੇ ਅਰਥ ਸਿਧਾਂਤ, ਖ਼ਾਲਸਾਈ ਜੀਵਨ, ਕਿਰਤ ਕਰੋ, ਵੰਡ ਛਕੋ, ਨਾਮ ਜਪੋ ਦਾ ਸੰਕਲਪ, ਧਰਮ ਦੀ ਪ੍ਰਪੱਕਤਾ ਵਰਗੇ ਸਿਧਾਂਤਾਂ ਨੂੰ ਲਾਗੂ ਕਰਨ ਦਾ ਉਪਦੇਸ਼ ਦਿੰਦੇ ਰਹਿੰਦੇ ਅਤੇ ਸਮੇਂ-ਸਮੇਂ ਪਰਿਵੇਦਾਗੀ ਦੇ ਰੂਪ ਵਿੱਚ ਚੈੱਕ ਵੀ ਕਰਦੇ।

2. ਪੰਥ ਦੀਆਂ ਸਿੱਖ ਸੰਪਰਦਾਵਾਂ, ਸੰਸਥਾਵਾਂ ਨਾਲ ਹਮੇਸ਼ਾ ਸੁਖਾਵਾਂ ਮੇਲ ਮਿਲਾਪ ਰੱਖਦੇ ਅਤੇ ਉਨ੍ਹਾਂ ਨਾਲ ਵਿਚਾਰਾਂ ਕਰਦਿਆਂ ਵੀ ਇਹੀ ਚਰਚਾ ਹੁੰਦੀ ਕਿ ਜਿਥੇ ਅਸੀਂ ਆਪੋ ਆਪਣੀਆਂ ਸੰਪਰਦਾਵਾਂ ਪ੍ਰਤੀ ਸੁਚੇਤ ਹਾਂ ਉਥੇ ਸਾਨੂੰ ਆਪਣੇ ਆਲੇ ਦੁਆਲੇ ਦੇ ਅਖੌਤੀ ਗੁਰੂ ਡੰਮ੍ਹ ਤੋਂ ਸੁਚੇਤ ਹੋ ਕੇ ਸਿੱਖ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਣ ਦਾ ਵਿਸ਼ੇਸ਼ ਖਿਆਲ ਰੱਖਣਾ ਚਾਹੀਦਾ ਹੈ। ਨਾਲ ਹੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪ੍ਰਤੀ ਵੀ ਸੁਚੇਤ ਰਹਿਣਾ ਚਾਹੀਦਾ ਹੈ ਤਾਂ ਕਿ ਕੋਈ ਵੀ ਵਿਅਕਤੀ ਕਿਸੇ ਸਾਜਿਸ਼ ਅਧੀਨ ਗੁਰਬਾਣੀ ਦੇ ਸਰੂਪ ਵਿੱਚ ਵਾਧ ਘਾਟ ਨਾ

Scanned with CamScanner

ਕਰੇ। ਇਥੋਂ ਤੱਕ ਕਿ ਗੁਰਬਾਣੀ ਦੇ ਅਰਥ ਵੀ ਆਪਣੀ ਮਰਜ਼ੀ ਅਤੇ ਮਤਲਬ ਅਨੁਸਾਰ ਨਾ ਕਰੇ ਅਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਾਂ ਕਿਸੇ ਰੂਪ ਵਿੱਚ ਵੀ ਬਾਣੀ ਦਾ ਅਦਬ ਸਤਿਕਾਰ ਰੱਖਣਾ ਆਪਣੀ ਵੱਡੀ ਜ਼ਿੰਮੇਵਾਰੀ ਹੈ।

3. ਧਾਰਮਿਕ ਤੌਰ 'ਤੇ ਉਪਦੇਸ਼ ਕਰਦਿਆਂ ਉਹ ਅਕਸਰ ਹੀ ਕਹਿੰਦੇ ਸਨ ਕਿ ਜਿਸ ਧਰਮ ਵਿੱਚ ਅਕਾਲ ਪੁਰਖ ਨੇ ਮਨੁੱਖ ਨੂੰ ਪੈਦਾ ਕੀਤਾ ਹੈ ਉਸ ਨੂੰ ਉਸ ਧਰਮ ਦੀ ਧਾਰਮਿਕ ਮਰਿਆਦਾ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਹ ਕਹਿੰਦੇ ਸਨ ਕਿ ਸਿੱਖ ਪੱਕਾ ਸਿੱਖ ਬਣੇ, ਹਿੰਦੂ ਪੱਕਾ ਹਿੰਦੂ ਬਣੇ, ਮੁਸਲਮਾਨ ਪੱਕਾ ਮੁਸਲਮਾਨ ਬਣੇ, ਬਲਕਿ ਹਰ ਵਿਅਕਤੀ ਆਪਣੇ ਧਰਮ ਪ੍ਰਤੀ ਸੁਚੇਤ ਅਤੇ ਸਮਰਪਿਤ ਰਹੇ।

4. ਨਾਮ ਸਿਮਰਨ ਦੇ ਅਭਿਆਸ ਪ੍ਰਤੀ ਪੈਦਾ ਕੀਤੇ ਜਾ ਰਹੇ ਸ਼ੰਕਿਆਂ ਦੀ ਨਵਿਰਤੀ ਲਈ ਉਹ ਹਮੇਸ਼ਾ ਹੀ ਕਹਿੰਦੇ ਸਨ ਕਿ ਨਾਮ ਸਿਮਰਨ ਤੋਂ ਬਿਨਾਂ ਆਤਮਿਕ ਅਵਸਥਾ ਬਲਵਾਨ ਨਹੀਂ ਹੋ ਸਕਦੀ ਬਲਕਿ ਕਈ ਵਾਰ ਜਥੇ ਦੇ ਬਹੁਤ ਸਾਰੇ ਸਿੰਘਾਂ ਨੂੰ ਨਾਲ ਲੈ ਕੇ ਵਿਸ਼ੇਸ਼ ਤੌਰ 'ਤੇ ਨਾਮ ਅਭਿਆਸ ਸਿਮਰਨ ਆਪ ਕਰਦੇ ਰਹੇ ਅਤੇ ਸਿੰਘਾਂ ਤੋਂ ਵੀ ਕਰਵਾਉਂਦੇ ਰਹੇ।

5. ਸਰਕਾਰਾਂ ਨਾਲ ਗੱਲਬਾਤ ਕਰਨ ਦਾ ਉਨ੍ਹਾਂ ਦਾ ਆਪਣਾ ਹੀ ਨਜ਼ਰੀਆ ਸੀ। ਸਿੱਖ ਮਸਲਿਆਂ 'ਤੇ ਸੰਤਾਂ ਨਾਲ ਗੱਲਬਾਤ ਕਰਨ ਲਈ ਦੇਸ਼ ਦੀ ਪ੍ਰਧਾਨ ਮੰਤਰੀ ਤੱਕ ਨੇ ਕਈ ਵਾਰ ਕੋਸ਼ਿਸ਼ਾਂ ਕੀਤੀਆਂ ਪਰ ਉਨ੍ਹਾਂ ਦਾ ਕਹਿਣਾ ਸੀ ਕਿ ਗੱਲਬਾਤ ਦਾ ਏਜੰਡਾ ਅਤੇ ਉਸਦੀ ਸਪੱਸ਼ਟਤਾ ਸੰਗਤ ਦੇ ਸਾਹਮਣੇ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਇੱਕ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੂੰ ਵੀ ਇਹ ਸੁਝਾਅ ਦਿੱਤਾ ਸੀ ਕਿ ਤੁਸੀਂ ਗੱਲਬਾਤ ਲਈ ਦਿੱਲੀ ਦੇ ਚੱਕਰ ਕੱਟਣੇ ਛੱਡ ਕੇ ਇਥੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁਰੂ ਨਾਨਕ ਨਿਵਾਸ ਵਿਖੇ ਸਮੁੱਚੀ ਲੀਡਰਸ਼ਿਪ ਸਿਰਫ ਇੱਕ ਮਹੀਨੇ ਲਈ ਇਕੱਤਰ ਹੋ ਕੇ ਬੈਠੋ। ਹਰਿਮੰਦਰ ਸਾਹਿਬ ਦੀ ਬਾਣੀ ਦਾ ਕੀਰਤਨ ਸੁਣੋ, ਇਸ਼ਨਾਨ ਕਰੋ, ਆਪਸੀ ਵਿਚਾਰਾਂ ਵੀ ਕਰੋ, ਅਖਬਾਰ ਵੀ ਪੜ੍ਹੋ, ਪਰ ਇਥੋਂ ਬਾਹਰ ਕਿਸੇ ਨਾਲ ਕੋਈ ਸੰਪਰਕ ਨਾ ਰੱਖੋ ਅਤੇ ਇੱਕ ਮਹੀਨਾ ਅਖਬਾਰਾਂ ਵਿੱਚ ਕੋਈ ਬਿਆਨ ਵੀ ਨਾ ਦਿਉ। ਮੈਨੂੰ ਨਿਸ਼ਚਾ ਹੈ ਕਿ ਤੁਹਾਡੀ ਇੱਕ ਮਹੀਨੇ ਦੀ ਇਕਜੁੱਟਤਾ, ਕੇਂਦਰ ਸਰਕਾਰ ਨੂੰ ਇੱਥੇ ਆ ਕੇ ਗੱਲਬਾਤ ਕਰਨ ਲਈ ਮਜ਼ਬੂਰ ਕਰ ਦੇਵੇਗੀ। ਜੇਕਰ ਤੁਹਾਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਹੋਣਾ ਅਸੰਭਵ ਹੈ ਤਾਂ ਸਿਰਫ 30 ਦਿਨ ਦੀ ਤਾਂ ਗੱਲ ਹੈ, ਅਜ਼ਮਾ ਕੇ ਵੇਖ ਲਵੋ। ਪਰ ਸੰਤਾਂ ਦੀਆਂ ਗੱਲਾਂ ਨੂੰ ਜ਼ਜ਼ਬਾਤੀ ਸਮਝ ਕੇ ਅਕਾਲੀ ਲੀਡਰਸ਼ਿਪ ਅਜਿਹਾ ਕਰ ਨਾ ਸਕੀ।

6. ਜਿੱਥੇ ਤੱਕ ਸਿੱਖਾਂ ਦੇ ਸਮਾਜਿਕ ਰੀਤੀ ਰਿਵਾਜ਼ ਹਨ ਉਨ੍ਹਾਂ ਪ੍ਰਤੀ ਵੀ ਸੰਤਾਂ ਦੇ ਵਿਸ਼ੇਸ਼ ਵਿਚਾਰ ਸਨ ਕਿ ਗੁਰਸਿੱਖਾਂ ਦੇ ਵਿਆਹ ਕੁੜਮਾਈਆਂ, ਮਰਨੇ ਆਦਿ ਬਹੁਤ ਹੀ ਸਾਦੇ ਢੰਗ ਅਤੇ ਗੁਰਮਰਿਆਦਾ ਅਨੁਸਾਰ ਹੋਣੇ ਚਾਹੀਦੇ ਹਨ। ਅਜਿਹੇ ਸਮਿਆਂ ਵਿੱਚ ਘੱਟ ਤੋਂ ਘੱਟ ਖਰਚ ਕਰਨਾ ਚਾਹੀਦਾ ਹੈ ਅਤੇ ਸ਼ਰਾਬ, ਨਸ਼ਿਆਂ ਆਦਿਕ ਦਾ ਸੇਵਨ ਕਰਨਾ ਮੂੰਹੋਂ ਹੀ ਮਨਮੱਤ ਹੈ।

7. ਆਪਣੇ ਵਿਸ਼ੇਸ਼ ਵਿਚਾਰਾਂ ਰਾਹੀਂ ਸਿੱਖ ਬੀਬੀਆਂ ਨੂੰ ਖਾਸ ਤੌਰ 'ਤੇ ਸੰਬੋਧਨ ਹੋ ਕੇ ਆਖਦੇ ਸਨ ਕਿ ਤੁਸੀਂ ਸਿੱਖੀ ਦੀਆਂ ਮੁੱਢਲੀਆਂ ਮਾਸਟਰ ਹੋ, ਇਸ ਲਈ ਆਪ ਆਪਣੇ ਬੱਚਿਆਂ ਨੂੰ ਸਾਬਤ ਸੂਰਤ ਰੱਖੋ, ਕੇਸ ਨਾ ਕੱਟੋ, ਬੱਚਿਆਂ ਨੂੰ ਗੁਰਦੁਆਰੇ ਲੈ ਕੇ ਜਾਉ, ਸੰਗਤ ਵਿੱਚ ਬੈਠਣਾ ਸਿਖਾਉ, ਗੁਰਬਾਣੀ ਨਾਲ ਜੋੜੋ ਕਿਉਂਕਿ ਇਹ ਸਿੱਖ ਬੱਚਿਆਂ ਦੀ ਮੁੱਢਲੀ ਬੁਨਿਆਦ ਹੈ। ਨਾਲ ਹੀ ਘਰਾਂ ਵਿੱਚ ਆਏ ਗੁਰਸਿੱਖਾਂ ਦੀ ਸੇਵਾ ਕਰਨੀ, ਗ੍ਰਿਹਸਥ ਧਰਮ ਵਿੱਚ ਸਬਰ ਸੰਤੋਖ ਨਾਲ ਰਹਿਣਾ ਅਤੇ ਪ੍ਰਮਾਤਮਾ ਵੱਲੋਂ ਦਿੱਤੇ ਪਦਾਰਥਾਂ 'ਤੇ ਸੰਤੁਸ਼ਟ ਰਹਿਣਾ ਇਸ ਨਾਲ ਕੁਦਰਤੀ ਖੁਸ਼ੀਆਂ ਮਿਲਦੀਆਂ ਹਨ ਅਤੇ ਪਰਿਵਾਰਾਂ ਵਿੱਚ ਵਰਜਾ-ਬਦਰਜਾ ਆਪਸੀ ਪ੍ਰੇਮ ਪਿਆਰ, ਮਾਨਸਿਕ ਸ਼ਾਂਤੀ ਤੇ ਬਰਕਤ ਬਣੀ ਰਹਿੰਦੀ ਹੈ।

8. ਛੋਟੀ ਵੱਡੀ ਨੌਕਰੀ ਕਰਨ ਵਾਲੇ ਵਿਅਕਤੀਆਂ ਨੂੰ ਸੰਤਾਂ ਵੱਲੋਂ ਇਹੀ ਆਦੇਸ਼ ਹੁੰਦਾ ਸੀ ਕਿ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉ। ਜੇ ਕੋਈ ਵਿਅਕਤੀ ਨੌਕਰੀ ਛੱਡ ਕੇ ਸੰਤਾਂ ਨਾਲ ਸੇਵਾ ਕਰਨ ਦੀ ਪੇਸ਼ਕਸ਼ ਕਰਦਾ

Scanned with CamScanner

ਕਰੇ। ਇਥੋਂ ਤੱਕ ਕਿ ਗੁਰਬਾਣੀ ਦੇ ਅਰਥ ਵੀ ਆਪਣੀ ਮਰਜ਼ੀ ਅਤੇ ਮਤਲਬ ਅਨੁਸਾਰ ਨਾ ਕਰੋ ਅਤੇ ਪੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਾਂ ਕਿਸੇ ਰੂਪ ਵਿੱਚ ਵੀ ਬਾਣੀ ਦਾ ਅਦਬ ਸਤਿਕਾਰ ਰੱਖਣਾ ਆਪਣੀ ਵੱਡੀ ਜ਼ਿੰਮੇਵਾਰੀ ਹੈ।

3. ਧਾਰਮਿਕ ਤੌਰ 'ਤੇ ਉਪਦੇਸ਼ ਕਰਦਿਆਂ ਉਹ ਅਕਸਰ ਹੀ ਕਹਿੰਦੇ ਸਨ ਕਿ ਜਿਸ ਧਰਮ ਵਿੱਚ ਅਕਾਲ ਪੁਰਖ ਨੇ ਮਨੁੱਖ ਨੂੰ ਪੈਦਾ ਕੀਤਾ ਹੈ ਉਸ ਨੂੰ ਉਸ ਧਰਮ ਦੀ ਧਾਰਮਿਕ ਮਰਿਆਦਾ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਹ ਕਹਿੰਦੇ ਸਨ ਕਿ ਸਿੱਖ ਪੱਕਾ ਸਿੱਖ ਬਣੇ, ਹਿੰਦੂ ਪੱਕਾ ਹਿੰਦੂ ਬਣੇ, ਮੁਸਲਮਾਨ ਪੱਕਾ ਮੁਸਲਮਾਨ ਬਣੇ, ਬਲਕਿ ਹਰ ਵਿਅਕਤੀ ਆਪਣੇ ਧਰਮ ਪ੍ਰਤੀ ਸੁਚੇਤ ਅਤੇ ਸਮਰਪਿਤ ਰਹੇ।

4. ਨਾਮ ਸਿਮਰਨ ਦੇ ਅਭਿਆਸ ਪ੍ਰਤੀ ਪੈਦਾ ਕੀਤੇ ਜਾ ਰਹੇ ਸ਼ੰਕਿਆਂ ਦੀ ਨਵਿਰਤੀ ਲਈ ਉਹ ਹਮੇਸ਼ਾ ਹੀ ਕਹਿੰਦੇ ਸਨ ਕਿ ਨਾਮ ਸਿਮਰਨ ਤੋਂ ਬਿਨਾਂ ਆਤਮਿਕ ਅਵਸਥਾ ਬਲਵਾਨ ਨਹੀਂ ਹੋ ਸਕਦੀ ਬਲਕਿ ਕਈ ਵਾਰ ਸਬੰਧੇ ਬਹੁਤ ਸਾਰੇ ਸਿੰਘਾਂ ਨੂੰ ਨਾਲ ਲੈ ਕੇ ਵਿਸ਼ੇਸ਼ ਤੌਰ 'ਤੇ ਨਾਮ ਅਭਿਆਸ ਸਿਮਰਨ ਆਪ ਕਰਦੇ ਰਹੇ ਅਤੇ ਸਿੰਘਾਂ ਤੋਂ ਵੀ ਕਰਵਾਉਂਦੇ ਰਹੇ।

5. ਸਰਕਾਰਾਂ ਨਾਲ ਗੱਲਬਾਤ ਕਰਨ ਦਾ ਉਨ੍ਹਾਂ ਦਾ ਆਪਣਾ ਹੀ ਨਜ਼ਰੀਆ ਸੀ। ਸਿੱਖ ਮਸਲਿਆਂ 'ਤੇ ਸੰਤਾਂ ਨਾਲ ਗੱਲਬਾਤ ਕਰਨ ਲਈ ਦੇਸ਼ ਦੀ ਪ੍ਰਧਾਨ ਮੰਤਰੀ ਤੱਕ ਨੇ ਕਈ ਵਾਰ ਕੋਸ਼ਿਸ਼ਾਂ ਕੀਤੀਆਂ ਪਰ ਉਨ੍ਹਾਂ ਦਾ ਕਹਿਣਾ ਸੀ ਕਿ ਗੱਲਬਾਤ ਦਾ ਏਜੰਡਾ ਅਤੇ ਉਸਦੀ ਸਪੱਸ਼ਟਤਾ ਸੰਗਤ ਦੇ ਸਾਹਮਣੇ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਇੱਕ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੂੰ ਵੀ ਇਹ ਸੁਝਾਅ ਦਿੱਤਾ ਸੀ ਕਿ ਤੁਸੀਂ ਗੱਲਬਾਤ ਲਈ ਦਿੱਲੀ ਦੇ ਚੱਕਰ ਕੱਟਣੇ ਛੱਡ ਕੇ ਇਥੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁਰੂ ਨਾਨਕ ਨਿਵਾਸ ਵਿਖੇ ਸਮੁੱਚੀ ਲੀਡਰਸ਼ਿਪ ਸਿਰਫ ਇੱਕ ਮਹੀਨੇ ਲਈ ਇਕੱਤਰ ਹੋ ਕੇ ਬੈਠੋ। ਹਰਿਮੰਦਰ ਸਾਹਿਬ ਦੀ ਬਾਣੀ ਦਾ ਕੀਰਤਨ ਸੁਣੋ, ਇਸ਼ਨਾਨ ਕਰੋ, ਆਪਸੀ ਵਿਚਾਰਾਂ ਵੀ ਕਰੋ, ਅਖਬਾਰ ਵੀ ਪੜ੍ਹੋ, ਪਰ ਇਥੋਂ ਬਾਹਰ ਕਿਸੇ ਨਾਲ ਕੋਈ ਸੰਪਰਕ ਨਾ ਰੱਖੋ ਅਤੇ ਇੱਕ ਮਹੀਨਾ ਅਖਬਾਰਾਂ ਵਿੱਚ ਕੋਈ ਬਿਆਨ ਵੀ ਨਾ ਦਿਉ। ਮੈਨੂੰ ਨਿਸ਼ਚਾ ਹੈ ਕਿ ਤੁਹਾਡੀ ਇੱਕ ਮਹੀਨੇ ਦੀ ਇਕਜੁੱਟਤਾ, ਕੇਂਦਰ ਸਰਕਾਰ ਨੂੰ ਇੱਥੇ ਆ ਕੇ ਗੱਲਬਾਤ ਕਰਨ ਲਈ ਮਜਬੂਰ ਕਰ ਦੇਵੇਗੀ। ਜੇਕਰ ਤੁਹਾਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਹੋਣਾ ਅਸੰਭਵ ਹੈ ਤਾਂ ਸਿਰਫ 30 ਦਿਨ ਦੀ ਤਾਂ ਗੱਲ ਹੈ, ਅਜ਼ਮਾ ਕੇ ਵੇਖ ਲਵੋ। ਪਰ ਸੰਤਾਂ ਦੀਆਂ ਗੱਲਾਂ ਨੂੰ ਜਜ਼ਬਾਤੀ ਸਮਝ ਕੇ ਅਕਾਲੀ ਲੀਡਰਸ਼ਿਪ ਅਜਿਹਾ ਕਰ ਨਾ ਸਕੀ।

6. ਜਿੱਥੋਂ ਤੱਕ ਸਿੱਖਾਂ ਦੇ ਸਮਾਜਿਕ ਰੀਤੀ ਰਿਵਾਜ਼ ਹਨ ਉਨ੍ਹਾਂ ਪ੍ਰਤੀ ਵੀ ਸੰਤਾਂ ਦੇ ਵਿਸ਼ੇਸ਼ ਵਿਚਾਰ ਸਨ ਕਿ ਗੁਰਸਿੱਖਾਂ ਦੇ ਵਿਆਹ ਕੁੜਮਾਈਆਂ, ਮਰਨੇ ਆਦਿ ਬਹੁਤ ਹੀ ਸਾਦੇ ਢੰਗ ਅਤੇ ਗੁਰਮਰਿਆਦਾ ਅਨੁਸਾਰ ਹੋਣੇ ਚਾਹੀਦੇ ਹਨ। ਅਜਿਹੇ ਸਮਿਆਂ ਵਿੱਚ ਘੱਟ ਤੋਂ ਘੱਟ ਖਰਚ ਕਰਨਾ ਚਾਹੀਦਾ ਹੈ ਅਤੇ ਸ਼ਰਾਬ, ਨਸ਼ਿਆਂ ਆਦਿਕ ਦਾ ਸੇਵਨ ਕਰਨਾ ਮੂੰਹੋਂ ਹੀ ਮਨਮੱਤ ਹੈ।

7. ਆਪਣੇ ਵਿਸ਼ੇਸ਼ ਵਿਚਾਰਾਂ ਰਾਹੀਂ ਸਿੱਖ ਬੀਬੀਆਂ ਨੂੰ ਖਾਸ ਤੌਰ 'ਤੇ ਸੰਬੋਧਨ ਹੋ ਕੇ ਆਖਦੇ ਸਨ ਕਿ ਤੁਸੀਂ ਸਿੱਖੀ ਦੀਆਂ ਮੁੱਢਲੀਆਂ ਮਾਸਟਰ ਹੋ, ਇਸ ਲਈ ਆਪ ਆਪਣੇ ਬੱਚਿਆਂ ਨੂੰ ਸਾਬਤ ਸੂਰਤ ਰੱਖੋ, ਕੇਸ ਨਾ ਕੱਟੋ, ਬੱਚਿਆਂ ਨੂੰ ਗੁਰਦੁਆਰੇ ਲੈ ਕੇ ਜਾਉ, ਸੰਗਤ ਵਿੱਚ ਬੈਠਣਾ ਸਿਖਾਉ, ਗੁਰਬਾਣੀ ਨਾਲ ਜੋੜੋ ਕਿਉਂਕਿ ਇਹ ਸਿੱਖ ਬੱਚਿਆਂ ਦੀ ਮੁੱਢਲੀ ਬੁਨਿਆਦ ਹੈ। ਨਾਲ ਹੀ ਘਰਾਂ ਵਿੱਚ ਆਏ ਗੁਰਸਿੱਖਾਂ ਦੀ ਸੇਵਾ ਕਰਨੀ, ਗ੍ਰਿਹਸਥ ਧਰਮ ਵਿੱਚ ਸਬਰ ਸੰਤੋਖ ਨਾਲ ਰਹਿਣਾ ਅਤੇ ਪ੍ਰਮਾਤਮਾ ਵੱਲੋਂ ਦਿੱਤੇ ਪਦਾਰਥਾਂ 'ਤੇ ਸੰਤੁਸ਼ਟ ਰਹਿਣਾ ਇਸ ਨਾਲ ਕੁਦਰਤੀ ਖੁਸ਼ੀਆਂ ਮਿਲਦੀਆਂ ਹਨ ਅਤੇ ਪਰਿਵਾਰਾਂ ਵਿੱਚ ਦਰਜਾ-ਬਦਰਜਾ ਆਪਸੀ ਪ੍ਰੇਮ ਪਿਆਰ, ਮਾਨਸਿਕ ਸ਼ਾਂਤੀ ਤੇ ਬਰਕਤ ਬਣੀ ਰਹਿੰਦੀ ਹੈ।

8. ਛੋਟੀ ਵੱਡੀ ਨੌਕਰੀ ਕਰਨ ਵਾਲੇ ਵਿਅਕਤੀਆਂ ਨੂੰ ਸੰਤਾਂ ਵੱਲੋਂ ਇਹੀ ਆਦੇਸ਼ ਹੁੰਦਾ ਸੀ ਕਿ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉ। ਜੇ ਕੋਈ ਵਿਅਕਤੀ ਨੌਕਰੀ ਛੱਡ ਕੇ ਸੰਤਾਂ ਨਾਲ ਸੇਵਾ ਕਰਨ ਦੀ ਪੇਸ਼ਕਸ਼ ਕਰਦਾ

Scanned with CamScanner

ਤਾਂ ਉਹ ਕਹਿੰਦੇ ਕਿ ਤੂੰ ਆਪਣੀ ਨੌਕਰੀ ਕਰਦਾ ਹੋਇਆ ਵੀ ਪੰਥ ਦੀ ਸੇਵਾ ਕਰ ਸਕਦਾ ਹੈਂ। ਇਸ ਲਈ ਨੌਕਰੀ ਦਾ ਤਿਆਗ ਨਹੀਂ ਕਰਨਾ। ਬਲਕਿ ਡਿਊਟੀ ਕਰਦਿਆਂ ਪ੍ਰਭੂ ਸਿਮਰਨ ਅਤੇ ਪੰਥਕ ਸੇਵਾ ਦਾ ਖਿਆਲ ਰੱਖਣਾ ਹੈ।

9. ਬੁੱਧੀਜੀਵੀ ਵਰਗ, ਵਿਦਵਾਨ, ਲਿਖਾਰੀ, ਸਾਹਿਤਕਾਰ ਆਦਿ ਸੰਤਾਂ ਕੋਲ ਆਉਂਦੇ ਰਹਿੰਦੇ ਪਰ ਸੰਤਾਂ ਵੱਲੋਂ ਉਨ੍ਹਾਂ ਨੂੰ ਇਹੀ ਕਿਹਾ ਜਾਂਦਾ ਕਿ ਭਲੀ ਸਾਹਿਤਕ ਕਿਤਾਬਾਂ ਲਿਖੋ, ਇਤਿਹਾਸ ਲਿਖੋ, ਗੁਰਬਾਣੀ ਦੀ ਖੋਜ ਕਰੋ ਪਰ ਤੁਹਾਡੀ ਲਿਖਣ ਸ਼ੈਲੀ ਵਿੱਚ ਗੁਰੂ ਨਾਲੋਂ ਆਪਣੀ ਮੱਤ ਭਾਰੂ ਨਹੀਂ ਹੋਣੀ ਚਾਹੀਦੀ, ਬਲਕਿ ਹਰ ਸਿੱਖ ਦੇ ਮਨ ਵਿੱਚ ਗੁਰਇਤਿਹਾਸ, ਸਿੱਖ ਇਤਿਹਾਸ ਅਤੇ ਗੁਰਬਾਣੀ ਪ੍ਰਤੀ ਸ਼ਰਧਾ ਉਤਪੰਨ ਹੋਣੀ ਚਾਹੀਦੀ ਹੈ।

10. ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਹਿੰਦਿਆਂ ਉਹ ਕਈ ਵਾਰ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ, ਸਿੰਘ ਸਾਹਿਬਾਨਾਂ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਅਤੇ ਹੋਂਡ ਗ੍ਰੰਥੀ ਸਾਹਿਬਾਨਾਂ ਨੂੰ ਮਿਲਦੇ ਅਤੇ ਉਨ੍ਹਾਂ ਨਾਲ ਵੀ ਖੁੱਲ੍ਹ ਕੇ ਵਿਚਾਰਾਂ ਕਰਦੇ ਕਿ ਸਿੱਖ ਕੌਮ ਲਈ ਇਨ੍ਹਾਂ ਸ਼ਰਵ-ਉੱਚ ਪਦਵੀਆਂ ਦੀ ਸੇਵਾ ਗੁਰੂ ਕ੍ਰਿਪਾ ਸਦਕਾ ਹੀ ਪ੍ਰਾਪਤ ਹੁੰਦੀ ਹੈ ਅਤੇ ਪਦਵੀਆਂ 'ਤੇ ਸੁਭਾਇਮਾਨ ਵਿਅਕਤੀਆਂ ਨੂੰ ਇਨ੍ਹਾਂ ਦੀ ਮਾਣ-ਮਰਿਆਦਾ ਅਤੇ ਸ਼ਰਵਉੱਚਤਾ ਦਾ ਹਮੇਸ਼ਾ ਖਿਆਲ ਰੱਖਣਾ ਚਾਹੀਦਾ ਹੈ। ਇਥੇ ਕੀਤੇ ਜਾਣ ਵਾਲੇ ਫੈਸਲੇ ਗੁਰਮਰਿਆਦਾ ਅਨੁਸਾਰ, ਪੱਖ ਭੇਦ ਰਹਿਤ ਹੋਣੇ ਚਾਹੀਦੇ ਹਨ ਅਤੇ ਪੰਥ ਲਈ ਸਹੀ ਦਿਸ਼ਾ ਪ੍ਰਦਾਨ ਕਰਨ ਵਾਲੇ ਨਿਰਣੇ ਕੌਮ ਦੇ ਸਾਹਮਣੇ ਰੱਖਣੇ ਚਾਹੀਦੇ ਹਨ। ਜੇਕਰ ਕੌਮ ਉੱਪਰ ਕੋਈ ਧਾਰਮਿਕ ਔਕੜ ਆ ਬਣੇ ਤਾਂ ਆਪਾ ਵਾਰਨ ਦੀ ਭਾਵਨਾ ਨਾਲ ਗੁਰੂ ਅੱਗੇ ਅਰਦਾਸ ਕਰਨੀ ਅਤੇ ਦ੍ਰਿੜ੍ਹ ਸੰਕਲਪ ਹੋਣਾ ਜਰੂਰੀ ਹੈ। ਉਹ ਖੁਦ ਇਨ੍ਹਾਂ ਪਦਵੀਆਂ ਦਾ ਬਹੁਤ ਮਾਣ-ਸਨਮਾਨ ਕਰਦੇ, ਇਥੋਂ ਤੱਕ ਇਨ੍ਹਾਂ ਪਦਵੀਆਂ 'ਤੇ ਸੁਭਾਇਮਾਨ ਕੋਈ ਵੀ ਵਿਅਕਤੀ ਸੰਤਾਂ ਨੂੰ ਮਿਲਣ ਆਉਂਦਾ ਤਾਂ ਉਸ ਨੂੰ ਆਪਣੇ ਤੋਂ ਉੱਚੇ ਆਸਣ 'ਤੇ ਬਿਠਾਉਂਦੇ ਅਤੇ ਵਿਸ਼ੇਸ਼ ਸਨਮਾਨ ਦਿੰਦੇ। ਕਈ ਵਾਰ ਅਜਿਹਾ ਵੀ ਹੁੰਦਾ ਕਿ ਇਤਿਹਾਸਕ ਅਸਥਾਨਾਂ 'ਤੇ ਡਿਊਟੀ ਦੇਣ ਵਾਲੇ ਸਬੰਧਤ ਵਿਅਕਤੀਆਂ, ਗਿਆਨੀ ਗ੍ਰੰਥੀਆਂ ਆਦਿ ਦੀ ਯੋਗਤਾ, ਸਮਰੱਥਾ ਉਨ੍ਹਾਂ ਅਸਥਾਨਾਂ ਦੇ ਅਨੁਕੂਲ ਨਾ ਵੀ ਹੁੰਦੀ ਤਾਂ ਵੀ ਸੰਗਤਾਂ ਵਿੱਚ ਉਨ੍ਹਾਂ ਦੇ ਸਨਮਾਨ ਦਾ ਪੂਰਾ ਖਿਆਲ ਰੱਖਦੇ ਅਤੇ ਬਾਅਦ ਵਿੱਚ ਇਕੱਲਿਆਂ ਉਨ੍ਹਾਂ ਨੂੰ ਸਬੰਧਤ ਸੇਵਾਵਾਂ ਪ੍ਰਤੀ ਸੁਚੇਤ ਕਰ ਦਿੰਦੇ ਸਨ।

11. ਨੌਜਵਾਨਾਂ ਪ੍ਰਤੀ ਉਨ੍ਹਾਂ ਦਾ ਹਮੇਸ਼ਾ ਇਹੀ ਸੰਦੇਸ਼ ਹੁੰਦਾ ਕਿ ਇਹ ਜਵਾਨੀਆਂ ਵਾਰ-ਵਾਰ ਨਹੀਂ ਮਿਲਣੀਆਂ। ਜਿੱਥੇ ਤੁਸੀਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਣੀਆਂ ਹਨ ਉੱਥੇ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦੇ ਪਹਿਰੇਦਾਰ ਸਮਝਣਾ ਹੈ। ਨਸ਼ਿਆਂ ਤੋਂ ਬਚ ਕੇ ਰਹਿਣਾ ਹੈ, ਵੱਧ ਤੋਂ ਵੱਧ ਵਿੱਦਿਆ ਪ੍ਰਾਪਤ ਕਰਨੀ ਹੈ, ਆਪਸੀ ਪ੍ਰੇਮ ਪਿਆਰ ਨਾਲ ਰਹਿਣਾ ਹੈ, ਦੁਨੀਆਂ ਵਿੱਚ ਜਿੱਥੇ ਵੀ ਰਹੋ ਆਪਣੀ ਕੌਮ ਪ੍ਰਤੀ, ਆਪਣੇ ਧਰਮ ਪ੍ਰਤੀ ਹਮੇਸ਼ਾ ਸੁਚੇਤ ਰਹਿਣਾ ਹੈ, ਦ੍ਰਿੜ੍ਹ ਸੰਕਲਪ, ਯਥਾ ਸ਼ਕਤ ਆਪਣੇ ਫਰਜ਼ਾਂ ਦੀ ਪੂਰਤੀ ਕਰਨੀ ਹੈ।

12. ਉਨ੍ਹਾਂ ਦਾ ਦੁਨੀਆਂ ਦੇ ਸਿੱਖਾਂ ਨੂੰ ਕਹਿਣਾ ਸੀ ਕਿ ਆਪਾਂ ਰੋਜ਼ ਪੜ੍ਹਦੇ ਹਾਂ **ਰਾਜ ਕਰੇਗਾ ਖ਼ਾਲਸਾ** ਪਰ ਜਦੋਂ ਤੱਕ ਖ਼ਾਲਸਾ ਬਣਿਆ ਨਹੀਂ, ਖ਼ਾਲਸਾਈ ਸਿਧਾਂਤਾਂ ਨੂੰ ਅਪਣਾਇਆ ਨਹੀਂ, ਖੰਡੇ ਦਾ ਅੰਮ੍ਰਿਤ ਛਕ ਕੇ ਉਹ ਰੂਪ ਨਹੀਂ ਬਣੇ ਜਿਸ ਪ੍ਰਤੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਚਨ ਕਹੇ **ਖਾਲਸਾ ਮੇਰ ਰੂਪ ਹੈ ਖਾਸ**, ਜਦੋਂ ਤੱਕ ਖ਼ਾਸ ਰੂਪ ਖ਼ਾਲਸਾ ਸਜਿਆ ਹੀ ਨਹੀਂ ਤਾਂ ਫਿਰ ਰਾਜ ਕੌਣ ਕਰੇਗਾ ਅਤੇ ਖ਼ਾਲਸਾ ਰਾਜ ਕਿਥੋਂ ਆਵੇਗਾ?

ਸੰਤਾਂ ਵੱਲੋਂ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਪੱਤਰ

ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਕਦਮ ਕਦਮ ਤੇ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰੇ, ਸਿੱਖ ਨੌਜਵਾਨਾਂ ਤੇ ਹੋ ਰਿਹਾ ਅਣਮਨੁੱਖੀ ਤਸ਼ੱਦਦ ਅਤੇ ਸਮੁੱਚੀ ਸਿੱਖ ਕੌਮ ਪ੍ਰਤੀ ਘਿਰਣਾ ਭਰਿਆ ਰਵੱਈਆ ਜਿਸ ਨਾਲ ਦੇਸ਼ ਦੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਅਣਸੁਖਾਵੇਂ ਹਾਲਾਤ ਪੈਦਾ ਕੀਤੇ ਜਾ ਰਹੇ ਸਨ। ਇਸ ਪ੍ਰਤੀ ਸੰਤ ਭਿੰਡਰਾਂਵਾਲਿਆਂ ਨੇ ਸਿੱਧੇ ਤੌਰ 'ਤੇ ਇਸ ਸਭ ਕੁਝ ਲਈ ਜ਼ਿੰਮੇਵਾਰ ਦੇਸ਼ ਦੀ ਪ੍ਰਧਾਨ ਮੰਤਰੀ ਨੂੰ ਹੇਠ ਲਿਖਿਆ ਪੱਤਰ ਲਿਖਿਆ–

Scanned with CamScanner

ਜਿਨ ਕਾਰਜ ਕਉ ਜਗ ਮਹਿ ਆਇਆ ਸੋ ਕਰਣੀ ਵਿਸਰਿ ਗਵਾਇਆ ॥

ਸਾਧਸੰਗਤਿ ਮਹਿ ਬੈਸਣ ਨਾਹੀ ਕਾਮ ਕਰੋਧ ਲੋਭ ਮੋਹ ਮਾਇਆ ॥

ਸੋਈ ਕਰਮੁ ਕਮਾਵਹਿ ਮੂੜੇ ਜਿਤੁ ਫਿਰਿ ਜੋਨੀ ਪਵਹਿ ਜੀਉ ॥

ਨਾਨਕ ਬਿਨੁ ਹਰਿ ਨਾਮ ਨ ਛੂਟਸਿ ਫਿਰਿ ਫਿਰਿ ਜੋਨੀ ਪਾਵਹਿ ਜੀਉ ॥੧॥

ਸਾਰੀਰਕ ਪੱਖ ਤੋਂ ਵਿਦਿਆਰਥਣ ਦੇ ਮਨੁੱਖ ਜਨਮ ਦਾ ਮੰਤਵ ਕੀ ਹੈ,

ਤੁਹਾਨੂੰ ਚੰਗਾ ਕੰਮ ਤੇ ਮਿੱਠਾ ਬੋਲ ਕਰਨ ਲਈ ਕਹੇ ਗਿਆ ਕਰਮਕਾਂਡ ਤੋਂ ਮਿੱਥ ਚੁੱਕੀ

ਮਿਲਾਪ ਦੀ ਜਾਚ ਸਿਖਾਉਣ ਵਾਲੇ ਗੁਰੂ ਦੀ ਮਹਿਮਾ ਨੂੰ ਸਮਝਣ ਵਾਲੇ ਸਾਰੇ ਸਵਾਲ

ਦੇਵੇ ਜਿਹੜੀ ਕਾਰਜ ਕਰਨੀ ਹੈ। ਅਤੇ ਜੋ ਬੇਕਾਰ ਹੀ ਪੈਦਾ ਹਨਦੇ ਕੁਮਾਰੀਆਂ ਵਰਗੇ ਸਵਾਲਾਂ

ਸਮਾਜਕ ਤਾਲਮੇਲ ਕਰ ਸਕੇ।

ਇਸੇ ਕਰਕੇ ਹੀ ਸਾਰੇ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ।

ਦੀ ਵਿਦਵਤਾ ਉੱਤੇ ਕਿੰਤੂ ਕੀਤਾ ਜਾ ਸਕੇ ਤੇ ਸਹੀ ਹੈ, ਵਿਦਵਤਾ ਭਰੀ ਸਿਧਾਂਤਕ ਚਰਚਾ

ਦਾ ਮਿਲਣਾ ਵੀ ਮੁਸ਼ਕਿਲ ਹੈ ਅਤੇ ਇਸ ਤੱਥ ਤੋਂ ਵੀ ਕੁੱਝ ਹੱਦ ਤੱਕ ਇਨਕਾਰ ਨਹੀਂ ਕੀਤਾ

ਜਾ ਸਕਦਾ ਕਿ ਵਿਦਵਤਾ ਭਰੀ ਚਰਚਾ ਦੇ ਸਮਝਣ ਲਈ ਵੀ ਇੱਕ ਖਾਸ ਪੱਧਰ ਦੀ ਵਿਦਵਤਾ

ਦੀ ਲੋੜ ਹੁੰਦੀ ਹੈ, ਜੋ ਕਿ ਆਮ ਪਾਠਕ ਕੋਲ ਨਹੀਂ ਹੁੰਦੀ, ਇਸ ਲਈ ਇਸ ਪੁਸਤਕ ਦੀ

ਵਿਦਵਤਾ ਭਰੀ ਚਰਚਾ ਨੂੰ ਆਮ ਪਾਠਕ ਦੇ ਪੱਧਰ ਤੱਕ ਲਿਆਉਣ ਲਈ ਇਸ ਵਿੱਚ ਕਈ

ਥਾਵਾਂ ਤੇ ਵਿਸਥਾਰ ਪੂਰਵਕ ਵਿਆਖਿਆ ਵੀ ਕੀਤੀ ਗਈ ਹੈ, ਤਾਂ ਕਿ ਪਾਠਕ ਨੂੰ ਕਿਸੇ

ਵੀ ਵਿਸ਼ੇ ਨੂੰ ਸਮਝਣ ਲਈ ਕਿਸੇ ਹੋਰ ਪੁਸਤਕ ਦੀ ਮਦਦ ਨਾ ਲੈਣੀ ਪਵੇ।

ਇਸ ਪੁਸਤਕ ਦੀ ਰਚਨਾ ਵਿੱਚ ਜਿਨ੍ਹਾਂ ਵਿਦਵਾਨਾਂ ਦੀਆਂ ਪੁਸਤਕਾਂ ਦਾ ਸਹਾਰਾ ਲਿਆ

ਗਿਆ, ਉਹ ਸਾਰੇ ਹੀ ਸਤਿਕਾਰ ਯੋਗ ਹਨ ਪਰ ਕੁੱਝ ਵਿਦਵਾਨਾਂ ਦੀ ਵਿਦਵਤਾ ਦਾ ਮੈਂ

ਵਿਸ਼ੇਸ਼ ਤੌਰ ਤੇ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਦੀ ਵਿਦਵਤਾ ਨੇ ਮੈਨੂੰ ਬਹੁਤ

ਜ਼ਿਆਦਾ ਪ੍ਰਭਾਵਿਤ ਕੀਤਾ ਹੈ, ਉਹ ਹਨ ਡਾ. ਜਸਵੰਤ ਸਿੰਘ ਨੇਕੀ, ਡਾ. ਰਤਨ ਸਿੰਘ


ਜੱਗੀ, ਡਾ. ਹਰਿਭਜਨ ਸਿੰਘ, ਡਾ. ਰਣਧੀਰ ਸਿੰਘ ਚੰਦ, ਪ੍ਰੋ. ਸਾਹਿਬ ਸਿੰਘ, ਡਾ. ਗੁਰਭਗਤ ਸਿੰਘ,

ਪ੍ਰੋ. ਪਿਆਰਾ ਸਿੰਘ ਪਦਮ, ਡਾ. ਰਤਨ ਸਿੰਘ ਜੱਗੀ, ਡਾ. ਸ਼ਮਸ਼ੇਰ ਸਿੰਘ ਅਸ਼ੋਕ, ਡਾ. ਸੁਰਜੀਤ ਸਿੰਘ

ਸੇਠੀ, ਡਾ. ਰਤਨ ਸਿੰਘ ਰੰਧਾਵਾ, ਡਾ. ਗੁਰਦੇਵ ਸਿੰਘ ਸਿੱਧੂ, ਡਾ. ਸੁਰਜੀਤ ਸਿੰਘ ਭੱਟੀ, ਡਾ. ਸਾਧੂ

ਸਿੰਘ, ਡਾ. ਰਤਨ ਸਿੰਘ ਢਿੱਲੋਂ, ਡਾ. ਰਤਨ ਸਿੰਘ ਜੱਗੀ, ਡਾ. ਸੁਰਜੀਤ ਸਿੰਘ ਸੇਠੀ, ਡਾ. ਰਤਨ ਸਿੰਘ

ਰੰਧਾਵਾ



ਇਸੇ ਚਿੱਠੀ ਦਾ ਉਤਾਰਾ

ੴ ਸਤਿਗੁਰ ਪ੍ਰਸਾਦਿ॥
ਅਸ ਕ੍ਰਿਪਾਨ ਖੰਡੇ ਖੜਗ ਤੁਪਕ ਤਬਰ ਅਰੁ ਤੀਰ॥
ਸੈਫ਼ ਸਰੰਹੀ ਸੋਬੀ ਜਹੈ ਹਮਾਰੈ ਪੀਰ॥

ਰਾਜਨੀਤੀ ਪਖ ਤੋਂ ਹਿੰਦੁਸਤਾਨ ਦੀ ਪ੍ਰਮੁਖ ਸੇਵਾਦਾਰ, ਬੀਬੀ ਇੰਦਰਾ ਜੀ,

ਤੁਹਾਡੇ ਬੋਲੇ ਕੌਨਾਂ ਤਕ, ਸਿਖਾਂ ਨਾਲ ਹੋ ਰਹੇ ਵਿਤਕਰਿਆਂ ਤੋਂ ਦੁਖੀ ਸਿਖ ਹਿਰਦਿਆਂ ਦੀ ਅਵਾਜ਼ ਪਹੁੰਚਾਉਣ ਵਾਸਤੇ, ਚਿਠੀ ਦੁਆਰਾ ਮੈਂ ਆਪਣੇ ਵਿਚਾਰ ਪ੍ਰਗਟ ਕਰ ਰਿਹਾ ਹਾਂ। ਭਾਵੇਂ ਕਿ 'ਬੋਲੇ ਕੌਨਾਂ' ਦਾ ਅਖਰ ਸੁਣ ਕੇ ਤੁਹਾਨੂੰ ਕੁਝ ਮਹਿਸੂਸ ਹੋਵੇਗਾ, ਕਿ ਕਿਹੋ ਜਿਹੀ ਭਾਸ਼ਾ ਵਰਤੀ ਹੈ, ਪਰ ਮੈਂ ਬੋਲੇਪਣ ਦੀ ਸਿਧਤਾ ਵਾਸਤੇ ਕੁਝ ਵਿਚਾਰ ਦਸਣੇ ਜ਼ਰੂਰੀ ਸਮਝਦਾ ਹਾਂ, ਧਿਆਨ ਨਾਲ ਪੜ੍ਹ ਲੈਣਾ। ਹਿੰਦੂ ਬਰਾਦਰੀ ਨਾਲ ਸੰਬੰਧ ਰਖਣ ਵਾਲੇ ਲਾਲਾ ਜਗਤ ਨਰਾਇਣ ਦੀ ਮੌਤ ਦੀ ਇਲਕੁਆਰੀ ਤਿੰਨਾਂ ਦਿਨਾਂ ਵਿਚ ਹੀ ਜਾਂਦੀ ਹੈ, ਇਲਕੁਆਰੀ ਦਾ ਸਬੂਤ ਮੰਗੀ ਗ੍ਰਿਫ਼ਤਾਰੀ ਦਾ ਵਾਰੰਟ, ਪਰ ਸਿਖਾਂ ਦੇ ਇਸ਼ਟ ਨੂੰ ਅਤੇ ਸਿਖ ਕੌਮ ਦੀ ਬੱਸਾਂ ਦੇ ਰੂਪ ਵਿਚ ਇਕਤਰ ਕੀਤੀ ਹੋਈ

Scanned with CamScanner

ਸਮਗਰੀ ਦੀ ਬਰਬਾਦੀ ਅਤੇ ਚੰਦੋ ਕਲਾ ਦੀ ਤਿੰਨ ਲੱਖ ਦੀ ਲੁਟ-ਖਸੁਟ ਦੀ ਇਨਕੁਆਰੀ, ਸਰਕਾਰੀ ਅਫਸਰ ਦੁਆਰਾ ਫਿਟ ਕਰਵਾ ਕੇ ਬੰਦ ਕਰਵਾ ਦੇਣੀ, ਕਿਉਂਕਿ ਉਥੇ ਦੀ ਇਨਕੁਆਰੀ ਸਿਖ ਜੱਜ ਦੇ ਹਥ ਵਿਚ ਹੈ, ਜਦੋਂ ਕਿ ਮੇਰਾ ਕੇਸ ਇਕ ਹਿੰਦੂ ਜੱਜ ਪਾਸ ਲਗਵਾਇਆ ਗਿਆ, ਇਹ ਬੋਲੇਪਣ ਦੀ ਜਾਗਦੀ ਮਿਸਾਲ ਹੈ। ਕਿਉਂਕਿ ਕਿਸੇ ਸਿਖ ਨੇ ਕੋਈ ਇਤਰਾਜ਼ ਨਹੀਂ ਕੀਤਾ ਕਿ ਸਿਖ ਦੀ ਇਨਕੁਆਰੀ ਹਿੰਦੂ ਜੱਜ ਪਾਸ ਕਿਉਂ?

ਬਹੁਗਿਣਤੀ ਦੇ ਲੋਕਾਂ ਵਿਚੋਂ ਲਾਲਾ ਜਗਤ ਨਰਾਇਣ ਦੀ ਲਾਸ਼ ਦਾ ਪੋਸਟ ਮਾਰਟਮ ਕਰਕੇ ਲਾਸ ਰਮੇਸ਼ ਨੂੰ ਦਿਤੀ ਗਈ, ਪਰ 20 ਸਤੰਬਰ ਨੂੰ ਮਹਿਤਾ ਚੌਕ ਵਿਖੇ ਛੇਫ ਦਰਜਨ ਸ਼ਹੀਦ ਸਿਖਾਂ ਦੀਆਂ ਲਾਸ਼ਾਂ ਦਾ ਪੋਸਟ ਮਾਰਟਮ ਕਰਕੇ, ਇਕ ਵੀ ਸ਼ਰੀਰ ਵਾਰਸਾਂ ਨੂੰ ਵਾਪਿਸ ਨਹੀਂ ਕੀਤਾ, ਵਿਤਕਰੇ ਦੀ ਸਪਸ਼ਟ ਨਿਸ਼ਾਨੀ ਹੈ।

ਕਿਸੇ ਵੀ ਹਿੰਦੂ ਨੇ ਹਿੰਦੀ ਬੋਲਣ ਵਾਸਤੇ, ਹਿੰਦੂ ਸੂਬਾ ਬਣਾਉਣ ਵਾਸਤੇ, ਹਿੰਦੂ ਧਾਰਮਿਕ ਮੰਦਰ ਉਪਰ ਗਡੀ ਦਾ ਨਾਮ ਰਖਵਾਉਣ ਵਾਸਤੇ, ਹਿੰਦੂ ਧਾਰਮਿਕ ਸ਼ਹਿਰ ਨੂੰ ਪਵਿਤਰ ਦਰਜਾ ਦਿਵਾਉਣ ਵਾਸਤੇ ਜਾਂ ਆਪਣੇ ਧਾਰਮਿਕ ਚਿੰਨ੍ਹ ਨੂੰ ਅਪਨਾਉਣ ਵਾਸਤੇ, ਹਿੰਦੁਸਤਾਨ ਵਿਚ ਆਜ਼ਾਦੀ ਤੋਂ ਪਿਛੋਂ, ਦਸੋ ਕੋਈ ਇਕ ਵੀ ਹਿੰਦੂ ਨੇ ਜੇਲ੍ਹ ਕਟੀ ਹੈ? ਪਰ ਇਸ ਦੇ ਉਲਟ ਸਿਖਾਂ ਨੂੰ ਪੰਜਾਬੀ ਬੋਲਣ ਵਾਸਤੇ, ਪੰਜਾਬੀ ਸੂਬਾ ਲੈਣ ਵਾਸਤੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਟਰਾਂਸਮੀਟਰ ਲਾਉਣ ਵਾਸਤੇ, ਸਿਖ ਇਕ ਵਖਰੀ ਕੌਮ ਕਹਾਉਣ ਵਾਸਤੇ, ਧਾਰਮਿਕ ਅਸਥਾਨ ਨੂੰ ਪਵਿਤਰ ਦਰਜਾ ਦਿਵਾਉਣ ਵਾਸਤੇ ਅਤੇ ਆਪਣੇ ਧਾਰਮਿਕ ਚਿੰਨ੍ਹ ਨੂੰ ਪਰਪਕਤਾ ਸਹਿਤ ਧਾਰਨ ਕਰਨ ਵਾਸਤੇ, ਆਜ਼ਾਦੀ ਤੋਂ ਪਿਛੋਂ ਦੇ ਲੱਖ ਤੋਂ ਵਧ ਕੈਦ ਅਤੇ ਭਾਰੀ ਗਿਣਤੀ ਵਿਚ ਸ਼ਹੀਦੀਆਂ ਪਾ ਕੇ ਵੀ, ਤੁਹਾਡੇ ਬੋਲੇ ਕੰਨਾਂ ਤਕ ਅਵਾਜ਼ ਨਹੀਂ ਪੁੱਜੀ।

ਸਿਖ ਹਮੇਸ਼ਾ ਹੀ ਜਬਰ ਦਾ ਮੁਕਾਬਲਾ ਸਬਰ ਨਾਲ ਕਰਦਾ ਹੈ ਅਤੇ ਸਬਰ ਨਾਲ ਕਰਾਰੇ, ਪਰ ਇਹ ਤੁਹਾਨੂੰ ਯਾਦ ਹੋਣਾ ਚਾਹੀਦਾ ਹੈ, ਕਿ ਜਦੋਂ ਸਬਰ ਦਾ ਪਿਆਲਾ ਭਰ ਜਾਵੇ, ਤਦੋਂ ਸਿਖ ਨੂੰ ਮਜਬੂਰ ਹੋ ਕੇ ਆਪਣਾ ਹਕ ਲੈਣ ਵਾਸਤੇ, ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਮੰਨ ਕੇ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਸ਼ੁਰਦਨ ਬ ਸ਼ਮਸ਼ੀਰ ਦਸਤ॥

ਦੇ ਅਨੁਸਾਰ ਚਲਣਾ ਪੈਦਾ ਹੈ। ਪਰ ਇਸ 'ਤੇ ਚਲਣ ਵਾਸਤੇ ਅਜੇ ਸਾਡਾ ਕੋਈ ਇਰਾਦਾ ਨਹੀਂ, ਪਰ ਜੋ ਕੁਰਸੀ ਦੇ ਨਸ਼ੇ ਵਿਚ ਇਸੇ ਤਰ੍ਹਾਂ ਹੀ ਸਿਖਾਂ ਨਾਲ ਅਤਿਆਚਾਰ ਹੁੰਦਾ ਰਿਹਾ, ਤਾਂ ਇਸ ਨੂੰ ਹੁਣ ਬਹੁਤ ਸਾਲ ਜਾਂ ਮਹੀਨੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਉਂਕਿ ਸ਼ਾਂਤੀ ਪੂਰਵਕ ਚਲਦਿਆਂ ਹੋਇਆਂ ਅਤੇ ਜ਼ੁਲਮ ਸਹਾਰਦਿਆਂ ਹੋਇਆਂ ਸਬਰ ਦਾ ਪਿਆਲਾ ਭਰ ਚੁਕਾ ਹੈ। ਜਦੋਂ ਕਿ ਸਾਡਾ ਪ੍ਰਚਾਰ ਹਿੰਦੂ ਨੂੰ ਪਕਿਆਂ ਹਿੰਦੂ ਬਣਾਉਣ ਵਾਸਤੇ ਪ੍ਰੇਰਨਾ ਕਰਨੀ। ਸਹੀ ਹਿੰਦੂ ਦੇ ਲਖਣ ਚੋਟੀ, ਸੇਟੀ, ਟੋਪੀ, ਧੋਤੀ (ਨੰਦੀਦਾਰ), ਜਨੇਊ, 12 ਤਿਲਕ (ਮਥਾ, ਨਕ, ਠੋਡੀ, ਮੋਢੇ, ਛਾਤੀ, ਗੋਲ੍ਹਾਂ, ਕੰਨ, ਗਿਚੀ ਅਤੇ ਤਾਲੂ ਆਦਿ ਵਿਚ) ਗੀਤਾ ਦਾ ਪਾਠੀ, ਸ਼ਿਵਲਿੰਗ ਦੀ ਚਰਨਾਮਤ ਅਤੇ ਸ਼ਿਵ ਦੁਆਰੇ ਟਲੀਆਂ ਖੜਕਾਵੇ ਅਤੇ ਜਗਤ ਜੂਠ (ਤਮਾਕੂ) ਨਾ ਵਰਤੇ, ਉਸ ਹਿੰਦੂ ਨੂੰ ਅਸੀਂ ਆਪਣਾ ਭਰਾ ਸਮਝਦੇ ਹਾਂ, ਮੁਸਲਮਾਨ ਪਕਾ ਮੁਸਲਮਾਨ ਬਣੇ, ਸਿਖ ਆਪਣੇ ਧਰਮ ਵਿਚ ਪਕਾ ਹੋਵੇ, ਇਹ ਸਾਡਾ ਪ੍ਰਚਾਰ ਹੈ, ਪਰ ਐਸਾ ਪ੍ਰਚਾਰ ਕਰਨ ਵਾਲੇ ਨੂੰ ਅਤਵਾਦੀ ਕਹਿਣਾ ਕਿਥੋਂ ਕੁ ਤਕ ਸਚਾਈ ਹੈ?

ਹਕੂਮਤ ਦੇ ਨਸ਼ੇ ਵਿਚ ਸਿਖਾਂ ਨੂੰ ਮੁਕਾਉਣ ਦਾ ਯਤਨ ਕਰਦੇ ਹੋਏ, ਬਹੁਤ ਹੀ ਗੁਜ਼ਰੇ ਹਨ ਅਤੇ ਹਕੂਮਤ ਵਾਲੇ ਲੋਕਾਂ ਦਾ ਨਾਮੋ-ਨਿਸ਼ਾਨ ਨਹੀਂ ਰਿਹਾ, ਜੇ ਉਸ ਤਰ੍ਹਾਂ ਹੀ ਜ਼ੁਲਮ ਤੇ ਅਤਿਆਚਾਰ ਜਾਰੀ ਰਖਿਆ, ਤਾਂ ਤੁਹਾਡਾ ਵੀ ਕਦੇ ਓਹੀ ਹਸ਼ਰ ਨਾ ਹੋਵੇ, ਕਿਉਂਕਿ ਕੁਰਸੀ ਅਤੇ ਮਾਇਆ ਇਸਥਿਤ ਨਹੀਂ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :

ਇਹ ਮਾਇਆ ਕੀ ਸੇਭਾ....॥
ਕੋਊ ਹਰਿ ਸਮਾਨਿ ਨਹੀਂ ਰਾਜਾ....॥
ਨਾਗੇ ਪਾਵਹੁ ਤੇ ਗਏ...॥
ਰਾਵਣ ਹੂ ਤੇ ਅਧਿਕ ਛਤ੍ਰਪਤਿ...॥

ਸਿਖ ਲੜਕੀਆਂ ਨੂੰ ਨੰਗਿਆਂ ਕਰਕੇ ਉਸ ਦੇ ਪਿਤਾ ਨੂੰ ਉਪਰ ਪਾਉਣਾ, ਸਿਖ ਦੇ ਮੂੰਹ ਵਿਚ ਤਮਾਕੂ ਪਾਉਣਾ ਅਤੇ ਮੂੰਹ ਵਿਚ ਥੁਕਣਾ, ਪਟ ਚੀਰ ਕੇ ਲੂਣ ਪਾਉਣਾ, ਸਿਖਾਂ ਦੇ ਘਰਾਂ ਨੂੰ ਅੱਗ ਲਾਉਣੀ, ਸਿਖ ਲੜਕੀਆਂ 'ਤੇ ਕੇਸ ਚਲਾਉਣੇ, ਸਿਖ ਵਿਦਿਆਰਥੀਆਂ ਨੂੰ ਨਜ਼ਰਬੰਦ ਕਰਨਾ, ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਨਾ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਕਾਤਲ, ਮੁਖ ਮੰਤਰੀ ਪੰਜਾਬ, ਐਸ ਪੀ ਡੀ ਆਰ ਭਟੀ ਲੁਧਿਆਣਾ, ਡੀ ਆਈ ਜੀ ਮੋਗਟ ਪਟਿਆਲਾ ਅਤੇ ਇਹਨਾਂ ਦੇ ਸਾਥੀਆਂ ਨੂੰ, ਡੀ ਸੀ ਹੁਕਮ ਰੂਪੀ ਖੰਡਾ ਹੇਠ ਲੁਕਾਉਣਾ, ਬੋਲੇ ਤੇ ਗੂੰਗੇਪਣ ਦੀ ਪ੍ਰਤਖ ਮਿਸਾਲ ਹੈ। ਇਹ ਸੰਖੇਪ ਰੂਪ 'ਚ ਦਸਿਆ ਹੈ। ਸਮਾਂ ਆਉਣ 'ਤੇ ਵਿਸਥਾਰ ਸਹਿਤ ਸਿਖਾਂ ਨਾਲ ਹੋ ਰਹੇ ਵਿਤਕਿਰਆਂ ਬਾਰੇ ਦਸਾਂਗਾ।

ਜਰਨੈਲ ਸਿੰਘ ਖ਼ਾਲਸਾ
(19-02-1983)

Scanned with CamScanner

ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸੰਤ ਭਿੰਡਰਾਂਵਾਲਿਆਂ ਦੀ ਹਰ ਕਾਰਵਾਈ 'ਤੇ ਡਿੱਖੀ ਨਜ਼ਰ ਰੱਖੀ ਜਾ ਰਹੀ ਸੀ ਤਾਂ ਕਿ ਜਦੋਂ ਵੀ ਸਮਾਂ ਮਿਲੇ ਤਾਂ ਇਨ੍ਹਾਂ ਖਿਲਾਫ ਢੁੱਕਵੀਂ ਕਾਰਵਾਈ ਕਰਕੇ ਗ੍ਰਿਫਤਾਰ ਕੀਤਾ ਜਾਵੇ ਜਾਂ ਸ਼ਹੀਦ ਕਰ ਦਿੱਤਾ ਜਾਵੇ। ਇਨ੍ਹਾਂ ਦਿਨਾਂ ਵਿੱਚ ਹੀ 16 ਮਾਰਚ 1983 ਨੂੰ ਪੰਜਾਬ ਪੁਲਿਸ ਨੂੰ ਆਪਣੇ ਗੁਪਤ ਸੂਤਰਾਂ ਤੋਂ ਭਿਣਕ ਪਈ ਕਿ ਸੰਤ ਭਿੰਡਰਾਂਵਾਲੇ ਆਪਣੇ ਕੁੱਝ ਸਾਥੀ ਸਿੰਘਾਂ ਨਾਲ ਜੀਪ ਰਾਹੀਂ ਮਹਿਤੇ ਜਾ ਰਹੇ ਹਨ ਅਤੇ ਉਨ੍ਹਾਂ ਨੇ ਅੰਮ੍ਰਿਤਸਰ ਤੋਂ ਬਿਆਸ ਰਾਹੀਂ ਮਹਿਤੇ ਜਾਣਾ ਹੈ (ਹਾਲਾਂਕਿ ਸਰਕਾਰੀ ਤੌਰ ਦੀ ਇਹ ਗਲਤਫਹਿਮੀ ਸੀ)। ਇਸ ਲਈ ਅੰਮ੍ਰਿਤਸਰ ਤੋਂ 10 ਕੁ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਮਾਨਾਂਵਾਲਾ ਦੇ ਸਾਹਮਣੇ ਪੰਜਾਬ ਪੁਲਿਸ ਨੇ ਨਾਕਾ ਲਾਇਆ। ਸਾਰੀ ਵਿਉਂਤਬੰਦੀ ਕੀਤੀ ਕਿ ਜਿਉਂ ਹੀ ਸੰਤਾਂ ਦੀ ਜੀਪ ਇਥੇ ਆਵੇਗੀ ਤਾਂ ਇਸ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ। ਇਸ ਕਾਰਵਾਈ ਲਈ ਅੰਮ੍ਰਿਤਸਰ ਤੋਂ ਹੀ ਸਮੁੱਚੀ ਜਾਣਕਾਰੀ ਲੈਣ ਲਈ ਢੁੱਕਵੇਂ ਪ੍ਰਬੰਧ ਕੀਤੇ ਗਏ ਜਿਉਂ ਹੀ ਜਥੇ ਦੀ ਜੀਪ ਜਿਸ ਵਿੱਚ ਡਰਾਈਵਰ ਭਾਈ ਗੁਰਮੁਖ ਸਿੰਘ ਬੁਰੇ ਦੇ ਨਾਲ ਭਾਈ ਜੋਗਿੰਦਰ ਸਿੰਘ ਰੋਡੇ (ਬਾਈ ਜੀ), ਭਾਈ ਹਰਦੇਵ ਸਿੰਘ ਰੋਡੇ, ਭਾਈ ਅਨੋਖ ਸਿੰਘ ਉਬੋਕੇ, ਭਾਈ ਜਸਵੀਰ ਸਿੰਘ ਕੁੱਕੂ ਰੋਡੇ ਸਵਾਰ ਸਨ, ਪਰ ਸੰਤ ਜੀ ਇਨ੍ਹਾਂ ਨਾਲ ਨਹੀਂ ਸਨ। ਜਿਉਂ ਹੀ ਇਹ ਜੀਪ ਲਗਭਗ ਤੜਕੇ ਚਾਰ ਵਜੇ ਮਾਨਾਂਵਾਲੇ ਨਾਕੇ 'ਤੇ ਪਹੁੰਚੀ ਤਾਂ ਇਸ ਜੀਪ ਨੂੰ ਰੋਕਣ ਲਈ ਸਮੁੱਚੀ ਸੜਕ ਬੰਦ ਕਰ ਦਿੱਤੀ ਗਈ। ਜਦੋਂ ਜੀਪ ਇੱਥੇ ਆ ਕੇ ਰੁਕੀ ਤਾਂ ਇਸ ਉਪਰ ਅੰਧਾਧੁੰਦ ਗੋਲੀ ਚਲਾਈ ਗਈ, ਹੋਂਡ ਗਰਨੇਡ ਸੁੱਟੇ ਗਏ ਜਿਸ ਕਾਰਨ ਜੀਪ ਨੂੰ ਅੱਗ ਲੱਗ ਗਈ, ਜੀਪ ਦਾ ਅਗਲਾ ਖੱਬਾ ਟਾਇਰ ਅਤੇ ਪਿਛਲਾ ਸੱਜਾ ਟਾਇਰ ਗੋਲੀਆਂ ਨਾਲ ਉਡਾ ਦਿੱਤੇ ਗਏ। ਇਸੇ ਦੌਰਾਨ ਇੱਕ ਸਿੰਘ ਭਾਈ ਹਰਦੇਵ ਸਿੰਘ ਰੋਡੇ ਮੌਕੇ 'ਤੇ ਹੀ ਸ਼ਹੀਦ ਹੋ ਗਿਆ ਅਤੇ ਭਾਈ ਜੋਗਿੰਦਰ ਸਿੰਘ (ਬਾਈ ਜੀ) ਅਤੇ ਭਾਈ ਅਨੋਖ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਸ਼ਹੀਦ ਹੋਣ ਵਾਲਾ ਭਾਈ ਹਰਦੇਵ ਸਿੰਘ, ਡਰਾਈਵਰ ਭਾਈ ਗੁਰਮੁਖ ਸਿੰਘ ਦੇ ਪੱਟਾ ਉਪਰ ਡਿੱਗ ਪਿਆ ਪਰ ਉਸ ਨੇ ਹੌਸਲਾ ਨਹੀਂ ਛੱਡਿਆ ਇਸੇ ਹਾਲਤ ਵਿੱਚ ਜੀਪ ਨੂੰ ਸੜਕ ਤੋਂ ਥੱਲੇ ਉਤਾਰ ਕੇ ਨਾਕੇ ਤੋਂ ਪਾਸੇ ਦੀ ਜੀਪ ਭਜਾ ਲਈ। ਥੋੜ੍ਹੀ ਦੇਰ ਬਾਅਦ ਜੀਪ ਦੇ ਪਿੱਛੇ ਲੱਗੀ ਹੋਈ ਅੱਗ ਵੀ ਬੁੱਝ ਗਈ ਅਤੇ ਜੰਡਿਆਲੇ ਤੋਂ ਤਰਨਤਾਰਨ ਬਾਈਪਾਸ ਨੂੰ ਜਾਣ ਵਾਲੀ ਸੜਕ 'ਤੇ ਅੱਗੇ ਪਿੰਡ ਬੰਡਾਲਾ ਦੇ ਨੇੜੇ ਭੱਠੇ ਤੋਂ ਮੁੜ ਖੱਬੇ ਕੇ ਪਿੰਡ ਬੁੱਤ ਦੇ ਰਹਿਣ ਵਾਲੇ ਭਾਈ ਜਰਨੈਲ ਸਿੰਘ ਦਾਧੀ (ਡੇਅਰੀ ਵਾਲਾ) ਦੀ ਹਵੇਲੀ ਵਿੱਚ ਚਲੇ ਗਏ। ਇਨ੍ਹਾਂ ਨੇ ਭਾਈ ਜਰਨੈਲ ਸਿੰਘ ਨੂੰ ਸਾਰੇ ਹਾਲਾਤਾਂ ਬਾਰੇ ਦੱਸਿਆ। ਭਾਈ ਜਰਨੈਲ ਸਿੰਘ ਨੇ ਆਪਣੇ ਮੋਟਰਸਾਈਕਲ 'ਤੇ ਜਾ ਕੇ ਇਸ ਘਟਨਾ ਦੇ ਹਾਲਾਤਾਂ ਬਾਰੇ ਸੰਤਾਂ ਦੇ ਪੀਏ ਭਾਈ ਰਸ਼ਪਾਲ ਸਿੰਘ ਨੂੰ ਸੂਚਨਾ ਦਿੱਤੀ ਤਾਂ ਉਸ ਨੇ ਇਨ੍ਹਾਂ ਪਿੰਡਾਂ ਦੇ ਵਾਕਿਫ ਭਾਈ ਮੋਜਰ ਸਿੰਘ ਵਾਂ ਵਾਲੇ ਨੂੰ ਸਿੰਘ ਸਾਹਿਬ ਹਰਚਰਨ ਸਿੰਘ ਮਹਾਲੋ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਦੀ ਗੱਡੀ ਤੇ ਡਰਾਈਵਰ ਦੇ ਕੇ ਭੇਜਿਆ। ਸ਼ਹੀਦ ਹੋਏ ਭਾਈ ਹਰਦੇਵ ਸਿੰਘ ਸਮੇਤ ਸਾਰੇ ਸਿੰਘਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲਿਆਂਦਾ ਗਿਆ। ਇਹ ਸਿੰਘ ਪਿੰਡ ਬੁੱਤ ਤੋਂ ਪਿੰਡਾਂ ਦੇ ਰਸਤੇ ਦੇ ਵਿੱਚੋਂ ਹੁੰਦੇ ਹੋਏ ਸ੍ਰੀ ਅੰਮ੍ਰਿਤਸਰ ਪਹੁੰਚੇ ਸਨ।

ਅਗਲੇ ਦਿਨ ਸੰਤਾਂ ਨੇ ਮੰਜੀ ਸਾਹਿਬ ਸਟੇਜ ਤੋਂ ਬੋਲਦਿਆਂ ਕਿਹਾ (ਉਨ੍ਹਾਂ ਦੇ ਬਚਨਾ ਅਨੁਸਾਰ ਹੀ) "ਸਤਿਗੁਰੂ ਜੀ ਕਹਿੰਦੇ ਕਿ ਸਿੱਖਾ, ਤੇਰਾ ਜਿਹੜਾ ਨਿਸ਼ਚਾ ਹੈ, ਉਹਦੇ ਵਿੱਚ ਕਚਿਆਈ ਨਾ ਰੱਖ, ਪਰ ਨਿਸ਼ਚੇ ਨੂੰ ਪੂਰਨ ਕਰਨ ਵਾਸਤੇ ਇੱਕ ਰਾਹ ਹੈ, ਉਹ ਰਾਹ ਕੀ ਹੈ? ਹੱਠ ਦਾ ਨਹੀਂ, ਉਹ ਰਾਹ ਹੈ ਸਤਿਗੁਰੂ ਦੇ ਚਰਨਾਂ ਵਿੱਚ ਅਰਦਾਸ ਦਾ, ਕਿ ਸੱਚੇ ਪਾਤਿਸ਼ਾਹ, ਕਿਰਪਾ ਕਰੋ, ਨਿਸ਼ਚਾ ਸਾਨੂੰ ਆਪ ਬਖਸ਼ੋ, ਅਰਜ਼ ਕਰਕੇ ਜੋ ਇਹ ਘਟਨਾ ਵਾਪਰੀ ਹੈ। ਸੰਗਤਾਂ ਨੇ ਅਖਬਾਰਾਂ ਵਿੱਚੋਂ ਉਹ ਪੜ੍ਹੀ ਹੈ। ਇੱਥੇ ਰਹਿਣ ਵਾਲੇ ਜ਼ਿੰਮੇਵਾਰ ਸੱਜਣਾਂ ਨੇ ਉਹ ਸੀਨ ਵੇਖਿਆ। ਮਾਨਾਂਵਾਲੇ ਕਾਂਡ ਵਿੱਚ ਜਿਸ ਦਿਨ ਜਥੇ ਦੀ ਜੀਪ ਰੋਕੀ ਸੀ ਤੇ ਪੁਲਿਸ ਕਰਮਚਾਰੀਆਂ ਨੇ ਗੋਲੀ ਚਲਾਈ, ਬਰੱਸਟ ਮਾਰੇ, ਬਹੁਤ ਗੋਲੇ ਸੁੱਟੇ, ਉਥੇ ਦਾ ਜਿਹੜਾ ਸੀਨ ਹੈ। ਉਹਦੇ ਵਿੱਚ ਜਿਹੜੇ ਸਿੰਘ ਸਨ, ਉਹਨਾਂ ਨੂੰ ਪੁੱਛ ਕੇ ਵੇਖਿਆ ਜਾਵੇ। ਆਪਣਾ ਮਨ ਤਾਂ ਹੋ ਸਕਦੈ ਕਿਤੇ ਡਾਵਾਂਡੋਲ ਕਿਸੇ ਦਾ ਹੋ ਜਾਵੇ, ਪਰ ਉਹਨਾਂ ਸਿੰਘਾਂ ਦਾ ਨਹੀਂ ਹੋਇਆ। ਡਰਾਈਵਰ ਦੇ ਤਿੰਨ ਗੋਲੀਆਂ ਵੱਜੀਆਂ ਹੋਣ। ਇੱਕ ਲੱਤ ਵਿੱਚ, ਇੱਕ ਕਮਰ ਕੱਸੇ ਦੇ ਅਸਥਾਨ 'ਤੇ ਤੇ ਇੱਕ ਪਾਸੇ ਤੋਂ। ਇੱਕ ਸ਼ਹੀਦ ਸਿੰਘ ਪੱਟਾਂ ਵਿੱਚ ਪਿਆ ਹੋਵੇ, ਇੱਕ ਜ਼ਖਮੀ ਮੋਢੇ 'ਤੇ ਪਿਆ ਹੋਵੇ, ਬਾਕੀ ਜ਼ਖਮੀ ਜੀਪ ਵਿੱਚ ਪਏ

Scanned with CamScanner

ਹੋਣਾ। ਜੀਪ ਨੂੰ ਅੱਗ ਲੱਗ ਚੁੱਕੀ ਹੋਵੇ। ਖੱਬੇ ਪਾਸੇ ਦਾ ਅਗਲਾ ਟਾਇਰ ਤੇ ਸੱਜੇ ਪਾਸੇ ਦਾ ਪਿਛਲਾ ਟਾਇਰ ਫਟ ਗਿਆ ਹੋਵੇ। ਫਿਰ ਵੀ ਲਾਸ਼ ਤੇ ਜ਼ਖਮੀ ਵਾਪਸ ਆ ਜਾਣ। ਇਹ ਕਿਹੜਾ ਸਿੱਖ ਤੇ ਕਿਹੜਾ ਸੰਤ ਤੇ ਕਿਹੜਾ ਜ਼ਿੰਮੇਵਾਰ ਹੈ, ਜਿਹੜਾ ਕਹਿ ਸਕਦਾ ਕਿ ਮੈਂ ਲਿਆਇਆ? ਛੇਵੇਂ ਪਾਤਿਸ਼ਾਹ, ਗੁਰੂ ਕਲਗੀਧਰ ਸੱਚੇ ਪਾਤਿਸ਼ਾਹ, ਗੁਰੂ ਗੋਬਿੰਦ ਸਿੰਘ ਜੀ ਆਪ ਲਿਆਏ ਹਨ। ਨਿਸ਼ਚਾ ਰੱਖੀਏ ਤੇ ਜ਼ਰੂਰ ਕਿਰਪਾ ਹੋਵੇਗੀ।"

ਗੌਰਮਿੰਟ ਦੀ ਇਸ ਘਿਨਾਉਣੀ ਹਰਕਤ ਦਾ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਵੀ ਸਖਤ ਨੋਟਿਸ ਲਿਆ ਗਿਆ। ਉਨ੍ਹਾਂ ਨੇ ਦਰਬਾਰਾ ਸਰਕਾਰ ਨੂੰ ਪੁੱਛਿਆ ਕਿ ਜਿਸ ਤਰ੍ਹਾਂ ਸੰਤਾਂ ਦੀ ਜੀਪ ਉਪਰ ਬੰਬ ਸੁੱਟੇ ਗਏ, ਅੰਧਾਧੁੰਦ ਗੋਲੀਆਂ ਚਲਾਈਆਂ ਗਈਆਂ, ਇੱਕ ਸਿੱਖ ਦੀ ਸ਼ਹਾਦਤ ਅਤੇ ਬਾਕੀ ਗੰਭੀਰ ਰੂਪ ਵਿੱਚ ਜ਼ਖਮੀ ਹੋਏ, ਕੀ ਇਹੀ ਭਾਰਤ ਦੀ ਡੈਮੋਕਰੇਸੀ ਹੈ? ਕੀ ਜੀਪ ਵਾਲੇ ਸਿੰਘਾਂ ਨੇ ਪੁਲਿਸ ਉਪਰ ਕੋਈ ਗੋਲੀ ਚਲਾਈ ਜਾਂ ਜੀਪ ਰੋਕ ਕੇ ਪੁੱਛਿਆ ਗਿਆ ਕਿ ਇਸ ਵਿੱਚ ਕੌਣ-ਕੌਣ ਸਵਾਰ ਹਨ ਜਾਂ ਉਨ੍ਹਾਂ ਦਾ ਕੀ ਦੋਸ਼ ਹੈ? ਪਰ ਇਨ੍ਹਾਂ ਸਭ ਗੱਲਾਂ ਦਾ ਕੇਂਦਰ ਅਤੇ ਪੰਜਾਬ ਸਰਕਾਰ ਕੋਲ ਨਾ ਕੋਈ ਜਵਾਬ ਸੀ ਅਤੇ ਨਾ ਹੀ ਉਹ ਜਵਾਬ ਦੇਣਾ ਜ਼ਰੂਰੀ ਸਮਝਦੇ ਸਨ। ਪਰ ਅਜਿਹੀਆਂ ਜ਼ੁਲਮੀ ਕਾਰਵਾਈਆਂ ਨਾਲ ਕੇਂਦਰ ਸਰਕਾਰ ਦਾ ਅਖੌਤੀ ਧਰਮ ਨਿਰਪੱਖ ਚਿਹਰਾ ਦੁਨੀਆਂ ਵਿੱਚ ਨੰਗਾ ਹੋ ਰਿਹਾ ਸੀ।

ਇਸੇ ਤਰ੍ਹਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਵੀ ਪ੍ਰੈਸ ਨੋਟ ਜਾਰੀ ਕੀਤਾ ਗਿਆ ਕਿ ਦਰਬਾਰਾ ਸਰਕਾਰ ਵੱਲੋਂ ਪੰਜਾਬ ਵਿੱਚ ਜਿਸ ਢੰਗ ਨਾਲ ਸਿੱਖ ਵਿਰੋਧੀ ਹਾਲਾਤ ਪੈਦਾ ਕੀਤੇ ਜਾ ਰਹੇ ਹਨ, ਰੋਜ਼ਾਨਾ ਝੂਠੇ ਕੇਸਾਂ ਵਿੱਚ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ, ਕੋਹ-ਕੋਹ ਕੇ ਸ਼ਹੀਦ ਕੀਤੇ ਜਾ ਰਹੇ ਹਨ ਅਤੇ ਮਾਲਵਾਂਵਾਲਾ ਕਾਂਡ ਦੁਨੀਆਂ ਦੇ ਸਾਹਮਣੇ ਹੈ। ਅਸਲ ਵਿੱਚ ਇਸ ਘਿਨਾਉਣੀ ਹਰਕਤ ਰਾਹੀਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਖਤਮ ਕਰਨ ਦੀ ਸਾਜਿਸ਼ ਰਚੀ ਗਈ ਸੀ ਪਰ ਸੰਤ ਜੀ ਜੀਪ ਵਿੱਚ ਨਹੀਂ ਸਨ, ਫਿਰ ਵੀ ਜਿਸ ਤਰ੍ਹਾਂ ਸਰਕਾਰਾਂ ਦੀ ਇਹ ਕਰਤੂਤ ਸਾਹਮਣੇ ਆਈ ਹੈ ਸਿੱਖ ਨੌਜਵਾਨ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਬਲਕਿ ਇਸ ਦਾ ਢੁੱਕਵਾਂ ਜਵਾਬ ਦਿੱਤਾ ਜਾਵੇਗਾ।

ਪੰਡਤ ਅਸ਼ੋਕ ਕੁਮਾਰ ਉਰਫ ਹਰਦੇਵ ਸਿੰਘ ਦੀ ਸ਼ਹੀਦੀ ਦਾਸਤਾਨ

ਰਈਏ ਤੋਂ ਖਡੂਰ ਸਾਹਿਬ ਨੂੰ ਜਾਣ ਵਾਲੀ ਸੜਕ 'ਤੇ ਪੈਂਦੇ ਪਿੰਡ ਜਲਾਲਾਬਾਦ ਦਾ ਰਹਿਣ ਵਾਲਾ ਪੰਡਤ ਜਗਦੀਸ਼ ਰਾਏ ਜਿਸ ਦੇ ਚਾਰ ਪੁੱਤਰ ਸਨ, ਉਨ੍ਹਾਂ ਵਿੱਚੋਂ ਇੱਕ ਅਸ਼ੋਕ ਕੁਮਾਰ ਸੀ। ਇਸੇ ਹੀ ਪਿੰਡ ਦੇ 11 ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਤਾਂ ਨਾਲ ਰਹਿੰਦੇ ਸਨ। ਉਨ੍ਹਾਂ ਸਿੰਘਾਂ ਨੇ ਅਸ਼ੋਕ ਕੁਮਾਰ ਦੀ ਡਿਊਟੀ ਲਗਾਈ ਕਿ 7 ਦਿਨ ਬਾਅਦ ਪਿੰਡ ਵਿੱਚੋਂ ਦੁੱਧ ਇਕੱਠਾ ਕਰਕੇ ਗੁਰੂ ਰਾਮਦਾਸ ਲੰਗਰ ਵਿੱਚ ਪਹੁੰਚਦਾ ਕਰਿਆ ਕਰ। ਅਠਾਰਾਂ ਕੁ ਸਾਲ ਦੀ ਉਮਰ ਦਾ ਅਸ਼ੋਕ ਕੁਮਾਰ ਪਿੰਡ ਦੇ ਇੱਕ ਦੋ ਨੌਜਵਾਨਾਂ ਨੂੰ ਹੋਰ ਨਾਲ ਲੈ ਕੇ ਹਰ ਐਤਵਾਰ ਦੁੱਧ ਇਕੱਠਾ ਕਰਕੇ ਲੰਗਰ ਵਿੱਚ ਪਾਉਂਦਾ ਅਤੇ ਉਸ ਦਿਨ ਸ਼ਾਮ ਤੱਕ ਲੰਗਰ ਵਿੱਚ ਹੀ ਸੇਵਾ ਕਰਦਾ। ਪਿੰਡ ਦੇ ਹੀ ਕਈ ਸਿੰਘ ਹਮਉਮਰ ਦੇ ਹੋਣ ਕਾਰਨ ਕਈ ਵਾਰ ਉਹ ਉਨ੍ਹਾਂ ਪਾਸ ਹੀ ਰੁਕ ਜਾਂਦਾ ਅਤੇ ਅਗਲੇ ਦਿਨ ਵਾਪਸ ਪਰਤਦਾ। ਇਸ ਨੇ ਸੰਤ ਭਿੰਡਰਾਂਵਾਲਿਆਂ ਦਾ ਪ੍ਰਚਾਰ ਸੁਣਿਆ ਜਿਸਦਾ ਇਸ 'ਤੇ ਡਾਢੀ ਅਸਰ ਹੋਇਆ ਅਤੇ ਇਹ ਸੋਚਣ ਲੱਗਾ ਕਿ ਵਾਕਿਆ ਹੀ ਭਾਰਤ ਸਰਕਾਰ ਸਿੱਖਾਂ ਨਾਲ ਬੱਇਨਸਾਫੀ ਅਤੇ ਜ਼ੁਲਮ ਕਰ ਰਹੀ ਹੈ। ਇਸ ਗੱਲ ਦੀ ਤਹਿ ਤੱਕ ਜਾਣ ਲਈ ਉਸ ਨੇ ਕਈ ਵਾਰ ਸੰਤਾਂ ਦਾ ਭਾਸ਼ਣ ਸੁਣਿਆ। ਇਨ੍ਹਾਂ ਦੇ ਹੀ ਪਿੰਡ ਦਾ ਭਾਈ ਸੁਖਵੰਤ ਸਿੰਘ ਬੱਲੂ ਸੀ ਜਿਸ ਨੂੰ ਅਸ਼ੋਕ ਨੇ ਕਿਹਾ ਕਿ ਮੈਂ ਪੱਕੇ ਤੌਰ 'ਤੇ ਇੱਥੇ ਰਹਿਣਾ ਚਾਹੁੰਦਾ ਹਾਂ ਤਾਂ ਉਸ ਨੇ ਕਿਹਾ ਕਿ ਤੂੰ ਆਪਣੇ ਮਾਤਾ ਪਿਤਾ ਅਤੇ ਭਰਾਵਾਂ ਨਾਲ ਸਲਾਹ ਕਰਕੇ ਆ ਜਾਈਂ। ਜਦੋਂ ਅਗਲੀ ਵਾਰ ਐਤਵਾਰ ਨੂੰ ਇਹ ਪਿੰਡ ਵਿੱਚ ਦੁੱਧ ਲੈਣ ਗਿਆ, ਨਾਲ ਹੀ ਆਪਣੀ ਮਾਤਾ ਸ਼ੀਲਾਵਤੀ ਨੂੰ ਦੱਸ ਆਇਆ ਕਿ ਮੈਂ ਹੁਣ ਉੱਥੇ ਹੀ ਰਹਾਂਗਾ। ਜਦੋਂ ਕਈ ਦਿਨ ਅਸ਼ੋਕ ਕੁਮਾਰ ਵਾਪਸ ਨਾ ਆਇਆ ਤਾਂ ਇਸ ਦੇ ਮਾਤਾ ਪਿਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗਏ। ਉੱਥੇ ਉਨ੍ਹਾਂ ਨੇ ਅਸ਼ੋਕ ਕੁਮਾਰ ਨੂੰ ਵਾਪਸ ਪਿੰਡ ਚੱਲਣ ਲਈ ਕਿਹਾ ਪਰ ਉਹ ਨਾ ਮੰਨਿਆ। ਜਦ ਉਨ੍ਹਾਂ ਨੇ ਜ਼ੋਰ ਦਿੱਤਾ ਕਿ ਸਾਡਾ ਰੋਟੀ ਪਾਣੀ, ਰਹਿਣ-ਸਹਿਣ ਆਦਿ ਦਾ ਸਹਾਰਾ ਤੂੰ ਹੀ ਹੈਂ। ਉਸ ਨੇ ਕਿਹਾ ਕਿ ਮੇਰੇ ਤਿੰਨ ਭਰਾ ਹੋਰ ਵੀ ਹਨ ਕੀ ਉਹ ਤੁਹਾਡੇ ਪੁੱਤਰ ਨਹੀਂ? ਉਹ ਤੁਹਾਨੂੰ ਪ੍ਰਸ਼ਾਦਾ ਪਾਣੀ ਨਹੀਂ ਦੇਣਗੇ? ਜਦ ਉਹ ਨਾ ਮੰਨਿਆ ਤਾਂ ਜਗਦੀਸ਼ ਰਾਏ ਅਤੇ ਸ਼ੀਲਾਵਤੀ ਆਪਣੇ ਪੁੱਤਰ

Scanned with CamScanner

ਸਮੇਂ ਸੰਤਾਂ ਕੋਲ ਗਏ ਉਸ ਸਮੇਂ ਇਨ੍ਹਾਂ ਦੇ ਹੀ ਪਿੰਡ ਦੇ ਕੁੱਝ ਹੋਰ ਵੀ ਸਿੰਘ ਉੱਥੇ ਖੜ੍ਹੇ ਸਨ, ਜਦ ਕੁੱਝ ਸਮਾਂ ਇਨ੍ਹਾਂ ਨੂੰ ਬੈਠਿਆਂ ਹੋ ਗਿਆ ਤਾਂ ਸੰਤਾਂ ਨੇ ਵੇਖਿਆ ਕਿ ਇੱਕ ਬਜ਼ੁਰਗ, ਜਿਸ ਨੇ ਥੋੜੀ ਬੰਨ੍ਹੀ ਹੋਈ ਹੈ ਅਤੇ ਇੱਕ ਮਾਤਾ ਵੀ ਉਸ ਦੇ ਨਾਲ ਹੈ, ਸੰਤਾਂ ਨੇ ਉਨ੍ਹਾਂ ਨੂੰ ਪੁੱਛਿਆ ਕਿ ਦੱਸੋ ਭਾਈ, ਤੁਸੀਂ ਕਿਵੇਂ ਆਏ ਹੋ? ਤਾਂ ਉਨ੍ਹਾਂ ਆਪਣੀ ਵਿਥਿਆ ਦੱਸੀ ਕਿ ਸਾਡਾ ਪੁੱਤਰ ਵਾਪਸ ਘਰ ਜਾਣ ਵਾਸਤੇ ਨਹੀਂ ਮੰਨਦਾ ਉਹ ਇਥੇ ਤੁਹਾਡੇ ਕੋਲ ਰਹਿਣਾ ਚਾਹੁੰਦਾ ਹੈ। ਸੰਤਾਂ ਨੇ ਅਸ਼ੋਕ ਕੁਮਾਰ ਨੂੰ ਪੁੱਛਿਆ ਕਿ ਤੇਰਾ ਕਿਹੜਾ ਪਿੰਡ ਹੈ? ਉਸ ਨੇ ਕਿਹਾ ਕਿ ਮੇਰਾ ਪਿੰਡ ਜਲਾਲਾਬਾਦ ਹੈ ਅਤੇ ਮੇਰੇ ਪਿੰਡ ਦੇ ਕਈ ਸਿੰਘ ਇੱਥੇ ਤੁਹਾਡੇ ਕੋਲ ਰਹਿੰਦੇ ਹਨ। ਸੰਤਾਂ ਨੂੰ ਜਲਾਲਾਬਾਦ ਦੇ ਸਾਰੇ ਸਿੰਘਾਂ ਬਾਰੇ ਪਹਿਲਾਂ ਹੀ ਪਤਾ ਸੀ। ਉਨ੍ਹਾਂ ਵਿਚੋਂ ਇੱਕ ਨੂੰ ਸੱਦਿਆ ਅਤੇ ਇਸ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਅਸੀਂ ਤਾਂ ਪਹਿਲਾਂ ਹੀ ਅਸ਼ੋਕ ਕੁਮਾਰ ਨੂੰ ਜ਼ੋਰ ਲਾ ਚੁੱਕੇ ਹਾਂ ਕਿ ਉਹ ਵਾਪਸ ਪਿੰਡ ਚਲਿਆ ਜਾਵੇ, ਪਰ ਇਹ ਮੰਨਦਾ ਨਹੀਂ। ਸੰਤਾਂ ਨੇ ਅਸ਼ੋਕ ਕੁਮਾਰ ਨੂੰ ਪੁੱਛਿਆ ਕਿ ਤੂੰ ਇੱਥੇ ਕੀ ਕਰਨਾ ਹੈ ਅਤੇ ਵਾਪਸ ਕਿਉਂ ਨਹੀਂ ਜਾਂਦਾ? ਤਾਂ ਉਸ ਨੇ ਕਿਹਾ ਕਿ ਮੈਂ ਇੱਥੇ ਪਿੰਡ ਦੇ ਸਿੰਘਾਂ ਨਾਲ ਮਿਲ ਕੇ ਤੁਹਾਡੇ ਕੋਲ ਰਹਿ ਕੇ ਸੇਵਾ ਕਰਨੀ ਹੈ। ਸੰਤਾਂ ਨੇ ਕਿਹਾ ਕਿ ਇਹ ਸੇਵਾ ਔਖੀ ਹੈ, ਇਸ ਬਾਰੇ ਤੇਰੇ ਪਿੰਡ ਵਾਲਿਆਂ ਨੇ ਵੀ ਤੈਨੂੰ ਦੱਸ ਦਿੱਤਾ ਹੋਵੇਗਾ, ਤਾਂ ਉਸ ਨੇ ਕਿਹਾ ਕਿ ਮੈਨੂੰ ਸਭ ਪਤਾ ਹੈ ਪਰ ਆਪਾ ਵਾਰਨ ਦੀ ਭਾਵਨਾ ਨਾਲ ਹੀ ਇਥੇ ਸੇਵਾ ਕਰਨ ਨੂੰ ਤਰਜੀਹ ਦੇ ਰਿਹਾ ਹਾਂ। ਜੇ ਤੁਸੀਂ ਜ਼ਬਰਦਸਤੀ ਮੈਨੂੰ ਇਥੋਂ ਭੇਜੋਗੇ ਤਾ ਵੀ ਮੈਂ ਇਥੋਂ ਵਾਪਸ ਨਹੀਂ ਜਾਣਾ ਤਾਂ ਸੰਤਾਂ ਨੇ ਇਸਦੇ ਪਿਤਾ ਨੂੰ ਕਿਹਾ ਕਿ ਭਾਈ ਅਸੀਂ ਇਸ ਨੂੰ ਇੱਥੇ ਆਉਣ ਲਈ ਨਹੀਂ ਸੱਦਿਆ ਅਤੇ ਨਾ ਹੀ ਅਸੀਂ ਇਸ ਨੂੰ ਜ਼ਬਰਦਸਤੀ ਇੱਥੋਂ ਕੱਢ ਸਕਦੇ ਹਾਂ, ਬਾਕੀ ਤੁਹਾਡੀ ਮਰਜ਼ੀ ਹੈ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਨੂੰ ਪਿਆਰ ਨਾਲ ਸਮਝਾ ਕੇ ਆਪਣੇ ਨਾਲ ਘਰ ਲੈ ਜਾਓ। ਇਸ ਤੋਂ ਬਾਅਦ ਮਾਤਾ ਪਿਤਾ ਨੇ ਆਪਣੇ ਪੁੱਤਰ ਨੂੰ ਸਮਝਾਉਣ ਦਾ ਬਹੁਤ ਯਤਨ ਕੀਤਾ ਪਰ ਉਸ ਨੇ ਅਖੀਰ ਇਹ ਗੱਲ ਕਹਿ ਦਿੱਤੀ ਕਿ ਤੁਸੀਂ ਜਮਝ ਲਓ ਕਿ ਅਸ਼ੋਕ ਕੁਮਾਰ ਮਰ ਚੁੱਕਾ ਹੈ। ਜਦ ਵੇਖਿਆ ਕਿ ਇਹ ਨਹੀਂ ਮੰਨੇਗਾ ਤਾਂ ਦੋਵੇਂ ਫਿਰ ਸੰਤਾਂ ਕੋਲ ਗਏ ਅਤੇ ਕਹਿਣ ਲੱਗੇ ਕਿ ਉਹ ਨਹੀਂ ਮੰਨ ਰਿਹਾ। ਇਸ ਲਈ ਤੁਸੀਂ ਇਸ ਨੂੰ ਇੱਥੇ ਹੀ ਰੱਖ ਲਓ ਤਾਂ ਸੰਤਾਂ ਨੇ ਜਗਦੀਸ਼ ਭਾਏ ਅਤੇ ਸ਼ੀਲਾਵਤੀ ਨੂੰ ਸਿਰੋਪਾਓ ਦਿੱਤੇ ਅਤੇ ਸਤਿਕਾਰ ਵਜੋਂ ਕੁੱਝ ਮਾਇਆ ਦਿੱਤੀ ਅਤੇ ਹੌਸਲਾ ਵੀ ਦਿੱਤਾ ਕਿ ਕੋਈ ਗੱਲ ਨਹੀਂ, ਤੁਹਾਡਾ ਪੁੱਤਰ ਗੁਰੂ ਘਰ ਵਿੱਚ ਹੀ ਆਇਆ ਹੈ, ਸਮਝ ਲਓ ਕਿ ਸਾਡਾ ਇੱਕ ਪੁੱਤਰ ਗੁਰੂ ਲੇਖੇ ਲੱਗ ਗਿਆ।

ਇਸ ਤੋਂ ਬਾਅਦ ਅਸ਼ੋਕ ਕੁਮਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤਪਾਨ ਕਰ ਲਿਆ। ਉਦੋਂ ਤੱਕ ਮਾਲਾਂਵਾਲਾ ਕਾਂਡ ਵਾਪਰ ਚੁੱਕਾ ਸੀ। ਜਿਸ ਵਿੱਚ ਭਾਈ ਹਰਦੇਵ ਸਿੰਘ ਰੋਡੇ ਸ਼ਹੀਦ ਹੋ ਗਏ ਸਨ। ਅੰਮ੍ਰਿਤਪਾਨ ਕਰਨ ਤੋਂ ਬਾਅਦ ਇਹ ਸੰਤਾਂ ਕੋਲ ਆਇਆ ਅਤੇ ਦੱਸਿਆ ਕਿ ਮੈਂ ਸਿੰਘ ਸਜ ਗਿਆ ਹਾਂ ਪਰ ਸਿੰਘਾਂ ਵਾਲਾ ਨਾਮ ਤੁਸੀਂ ਰੱਖ ਕੇ ਦਿਉ ਤਾਂ ਸੰਤਾਂ ਨੇ ਇੱਕ ਸਿੰਘ ਨੂੰ ਭੇਜਿਆ ਕਿ ਜਾਓ ਬੇਰਡ ਵੇਖ ਕੇ ਆਓ ਕਿ ਅੱਜ ਸ੍ਰੀ ਦਰਬਾਰ ਸਾਹਿਬ ਤੋਂ ਸ੍ਰੀ ਮੁੱਖਵਾਕ ਕਿਹੜਾ ਆਇਆ ਹੈ ਤਾਂ ਸ੍ਰੀ ਮੁੱਖਵਾਕ 'ਹ' ਅੱਖਰ ਤੋਂ ਸੀ ਤਾਂ ਸੰਤਾਂ ਨੇ ਇਸਦਾ ਨਾਮ ਹਰਦੇਵ ਸਿੰਘ ਰੱਖ ਦਿੱਤਾ ਅਤੇ ਨਾਲ ਹੀ ਕਿਹਾ ਕਿ ਸਾਡਾ ਇੱਕ ਹਰਦੇਵ ਸਿੰਘ ਸਾਡੇ ਕੋਲੋਂ ਚਲਿਆ ਗਿਆ ਹੈ ਅਤੇ ਅਕਾਲ ਪੁਰਖ ਨੇ ਦੂਸਰਾ ਹਰਦੇਵ ਸਿੰਘ ਸਾਡੇ ਕੋਲ ਭੇਜ ਦਿੱਤਾ ਹੈ। ਇਹ ਸਿੰਘ ਬੜੀ ਲਗਨ ਨਾਲ ਸੇਵਾ ਕਰਦਾ, ਕਦੇ ਲੰਗਰ ਵਰਤਾਉਣ ਦੀ, ਕਦੇ ਪਹਿਰੇਦਾਰੀ ਦੀ ਜਾ ਜਿੱਥੇ ਵੀ ਡਿਊਟੀ ਲੱਗਦੀ ਤਾਂ ਬੜੀ ਸੁਚੇਤਤਾ ਨਾਲ ਡਿਊਟੀ ਨਿਭਾਉਂਦਾ। ਸੰਤ ਕਈ ਵਾਰ ਪ੍ਰੈਸ ਵਾਲਿਆਂ ਨੂੰ ਵੀ ਕਹਿ ਦਿੰਦੇ ਸਨ ਕਿ ਪ੍ਰੈਸ ਦਾ ਵੱਡਾ ਹਿੱਸਾ ਸਾਨੂੰ ਹਿੰਦੂਆਂ ਦੇ ਖਿਲਾਫ ਹੋਣ ਦਾ ਝੂਠਾ ਪ੍ਰਚਾਰ ਕਰਦਾ ਹੈ ਅਤੇ ਦੂਜੇ ਪਾਸੇ ਮੰਡਿਤਾਂ ਦੇ ਪਰਿਵਾਰ ਵਿੱਚੋਂ ਆਹ ਹਰਦੇਵ ਸਿੰਘ 'ਸਿੰਘ ਸਜ' ਕੇ ਸੇਵਾ ਵਿੱਚ ਹਾਜ਼ਰ ਹੋਇਆ ਹੈ। ਇਹੀ ਹਰਦੇਵ ਸਿੰਘ 1984 ਦੇ ਘੱਲੂਘਾਰੇ ਸਮੇਂ ਸ਼ਹੀਦੀ ਪਾਉਣ ਤੱਕ ਸੰਤਾਂ ਦੇ ਨਾਲ ਹੀ ਸੇਵਾ ਨਿਭਾਉਂਦਾ ਰਿਹਾ ਅਤੇ 1 ਜੂਨ ਤੋਂ 6 ਜੂਨ ਤੱਕ ਹੋਏ ਘਮਸਾਨ ਦੇ ਯੁੱਧ ਵਿੱਚ ਵੀ ਇਸ ਨੇ ਚੜ੍ਹ ਕੇ ਆਈਆਂ ਭਾਰਤੀ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ।

ਸੰਤ ਭਿੰਡਰਾਂਵਾਲੇ ਅਤੇ ਸੰਤ ਲੌਂਗੋਵਾਲ ਵਿਚਕਾਰ ਗੰਭੀਰ ਵਿਚਾਰਾਂ

ਮਾਰਚ 1983 ਨੂੰ ਜਦੋਂ ਧਰਮ ਯੁੱਧ ਮੋਰਚਾ ਬਹੁਤ ਚੜ੍ਹਦੀ ਕਲਾ ਨਾਲ ਅੱਗੇ ਵੱਧ ਰਿਹਾ ਸੀ ਤਾਂ ਇਨ੍ਹਾਂ ਹੀ ਦਿਨਾਂ ਵਿੱਚ ਕੁਝ ਪ੍ਰੈਸ ਰਾਹੀਂ ਅਤੇ ਕੁੱਝ ਵਿਅਕਤੀਗਤ ਤੌਰ 'ਤੇ ਇਹ ਚਰਚਾ ਵੀ ਹੋਈ ਕਿ ਦੋਹਾਂ ਸੰਤਾਂ ਵਿਚਕਾਰ

Scanned with CamScanner

ਕੁੱਝ ਮੱਤਭੇਦ ਉੱਭਰ ਰਹੇ ਹਨ, ਜਿਸ ਨਾਲ ਕੁੱਝ ਸੁਝਵਾਨ ਸਿੱਖ ਆਗੂਆਂ ਦੇ ਮਨ ਵਿੱਚ ਚਿੰਤਾ ਸੀ ਕਿ ਇਸ ਫ਼ਾਸਲੇ ਕਾਰਨ ਮੋਰਚੇ ਨੂੰ ਢਾਹ ਨਾ ਲੱਗੇ। ਕੁੱਝ ਸੀਨੀਅਰ ਅਕਾਲੀ ਆਗੂਆਂ ਨੇ ਵੱਖਰੇ-ਵੱਖਰੇ ਅਤੇ ਸਾਂਝੇ ਰੂਪ ਵਿੱਚ ਦੋਹਾਂ ਹੀ ਸੰਤਾਂ ਨਾਲ ਇਸ ਸਬੰਧੀ ਵਿਚਾਰਾਂ ਵੀ ਕੀਤੀਆਂ। ਇਸੇ ਤਰ੍ਹਾਂ ਕੁੱਝ ਅਕਾਲੀ ਆਗੂ ਜਿਨ੍ਹਾਂ ਵਿੱਚ ਸ. ਰਣਜੀਤ ਸਿੰਘ ਬ੍ਰਹਮਪੁਰਾ, ਸ. ਸੁਖਜਿੰਦਰ ਸਿੰਘ, ਸ. ਕੁਲਦੀਪ ਸਿੰਘ ਵਡਾਲਾ, ਸ. ਸੁਰਜਨ ਸਿੰਘ ਠੇਕੇਦਾਰ, ਸ. ਬਸੰਤ ਸਿੰਘ ਖ਼ਾਲਸਾ, ਜਥੇਦਾਰ ਤੋਤਾ ਸਿੰਘ, ਸ. ਮਹਿੰਦਰ ਸਿੰਘ ਰੁਮਾਣਾ, ਸ. ਬਲਵਿੰਦਰ ਸਿੰਘ ਭੂੰਦੜ ਆਦਿ ਨੇ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਰਾਹੀਂ ਸੰਤ ਜਰਨੈਲ ਸਿੰਘ ਖ਼ਾਲਸਾ ਨਾਲ ਵੀ ਇਸ ਸਬੰਧੀ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਇਨ੍ਹਾਂ ਨੂੰ ਸੰਤ ਭਿੰਡਰਾਂਵਾਲਿਆਂ ਨੇ ਕਿਹਾ ਕਿ ਇੱਕ ਗੱਲ ਹਮੇਸ਼ਾ ਧਿਆਨ ਵਿੱਚ ਰੱਖਿਓ ਕਿ ਝਗੜੇ ਅਤੇ ਲੜਾਈਆਂ ਕੁਰਸੀਆਂ ਦੇ ਹੁੰਦੇ ਹਨ ਅਤੇ ਮੈਂ ਪਹਿਲਾਂ ਹੀ ਸਪੱਸ਼ਟ ਕਰ ਚੁੱਕਾ ਹਾਂ ਕਿ ਨਾ ਸ਼੍ਰੋਮਣੀ ਕਮੇਟੀ ਦੀ, ਨਾ ਅਕਾਲੀ ਦਲ ਦੀ, ਨਾ ਮੁੱਖ ਮੰਤਰੀ ਦੀ ਅਤੇ ਨਾ ਹੀ ਕਿਸੇ ਵਜ਼ੀਰੀ ਦੀ ਕੁਰਸੀ, ਮੈਂ ਜ਼ਿੰਦਗੀ ਭਰ ਨਹੀ ਲਵਾਂਗਾ। ਇਸ ਲਈ ਇੱਕ ਪੱਖ ਤਾਂ ਬੜਾ ਸਪੱਸ਼ਟ ਹੈ ਕਿ ਕੁਰਸੀਆਂ ਅਤੇ ਅਹੁਦਿਆਂ ਦੀ ਖ਼ਾਤਰ ਮੇਰਾ ਕਿਸੇ ਨਾਲ ਗਿਲਾ ਸ਼ਿਕਵਾ ਨਹੀਂ ਹੋ ਸਕਦਾ। ਬਾਕੀ ਕੁੱਝ ਸਿਧਾਂਤਕ ਗੱਲਾਂ ਹਨ ਅਤੇ ਸਿਧਾਂਤਕ ਮਸਲਿਆਂ 'ਤੇ ਮਤਭੇਦ ਹੋ ਵੀ ਸਕਦਾ ਹੈ। ਇਸ ਲਈ ਇਹ ਵਿਚਾਰ ਕਰ ਲੈਣੀ ਚਾਹੀਦੀ ਹੈ ਕਿ ਕਿਹੜਾ ਪੱਖ ਕੌਮ ਨੂੰ ਸਿਧਾਂਤਕ ਪੱਖੋਂ ਸਹੀ ਸੇਧ ਦੇ ਸਕਦਾ ਹੈ ਤਾਂ ਜੋ ਧਰਮ ਯੁੱਧ ਮੋਰਚੇ ਨੂੰ ਵੱਧ ਬਲ ਮਿਲ ਸਕੇ। ਇਸ ਲਈ ਮੈਂ ਹਰ ਇੱਕ ਵਿਅਕਤੀ ਨਾਲ ਗੱਲਬਾਤ ਕਰਨ ਨੂੰ ਤਿਆਰ ਹਾਂ। ਸੰਤਾਂ ਪਾਸੋਂ ਅਜਿਹੀਆਂ ਵਿਚਾਰਾਂ ਸੁਣਨ ਤੋਂ ਬਾਅਦ ਉਪਰੋਕਤ ਆਗੂਆਂ ਨੂੰ ਭਾਰੀ ਸੰਤੁਸ਼ਟੀ ਵੀ ਹੋਈ ਅਤੇ ਭਰਮ ਭੁਲੇਖਿਆਂ ਦੀ ਨਵਿਰਤੀ ਵੀ। ਫਿਰ ਵੀ ਇਨ੍ਹਾਂ ਨੇ ਸੰਤਾਂ ਨੂੰ ਪੁੱਛਿਆ ਕਿ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਬੈਠ ਕੇ ਖੁੱਲ੍ਹੀਆਂ ਵਿਚਾਰਾਂ ਕਰੋ ਤਾਂ ਕਿ ਆਪਸੀ ਤਾਲਮੇਲ ਬਣਿਆ ਰਹੇ। ਸੰਤਾਂ ਨੇ ਕਿਹਾ ਕਿ ਮੈਨੂੰ ਇਸ ਗੱਲ 'ਤੇ ਕੋਈ ਇਤਰਾਜ਼ ਨਹੀਂ, ਜਦੋਂ ਚਾਹੋ, ਜਿਥੇ ਚਾਹੋ ਅਸੀਂ ਉਨ੍ਹਾਂ ਨੂੰ ਮਿਲਣ ਲਈ ਤਿਆਰ ਹਾਂ। ਇਸੇ ਤਰ੍ਹਾਂ ਇਨ੍ਹਾਂ ਆਗੂਆਂ ਨੇ ਸੰਤ ਲੌਂਗੋਵਾਲ ਨਾਲ ਵੀ ਅਜਿਹੀਆ ਹੀ ਵਿਚਾਰਾਂ ਕੀਤੀਆਂ ਅਤੇ ਸੰਤ ਭਿੰਡਰਾਂਵਾਲਿਆਂ ਨਾਲ ਹੋਈ ਗੱਲਬਾਤ ਵੀ ਦੱਸੀ ਅਤੇ ਆਪਣਾ ਪੱਖ ਦੱਸਦਿਆਂ ਕਿਹਾ ਕਿ ਸਾਡੀ ਇੱਛਾ ਹੈ ਕਿ ਤੁਸੀਂ ਦੋਵੇਂ ਸੰਤ ਆਪਸ ਵਿੱਚ ਬੈਠ ਕੇ ਖੁੱਲ੍ਹਾ ਵਿਚਾਰ ਵਟਾਂਦਰਾ ਕਰੋ ਤਾਂ ਕਿ ਧਰਮ ਯੁੱਧ ਮੋਰਚੇ ਦੇ ਚੱਲਦਿਆਂ ਆਪਸੀ ਮਤਭੇਦ ਪੈਦਾ ਨਾ ਹੋਣ।

ਇਸ ਤਰ੍ਹਾਂ ਦੋਹਾਂ ਸੰਤਾਂ ਦੀ ਆਪਸੀ ਮੀਟਿੰਗ ਹੋਈ। ਆਮ ਸਾਧਾਰਨ ਗੱਲਬਾਤ ਤੋਂ ਉਪਰੰਤ ਨਿਤਾਪ੍ਰਤੀ ਦੀਆਂ ਖ਼ਬਰਾਂ, ਅਫਵਾਹਾਂ ਅਤੇ ਵਿਅਕਤੀਗਤ ਚਰਚਾ ਬਾਰੇ ਗੱਲਬਾਤ ਆਰੰਭ ਹੋਈ। ਪਹਿਲਾਂ ਸੰਤ ਲੌਂਗੋਵਾਲ ਨੇ ਭਿੰਡਰਾਂਵਾਲੇ ਸੰਤਾਂ ਨੂੰ ਕਿਹਾ ਕਿ ਅਕਾਲੀ ਦਲ ਦੀ ਪਾਲਿਸੀ ਪ੍ਰੋਗਰਾਮ ਮੁਤਾਬਕ ਧਰਮ ਯੁੱਧ ਮੋਰਚੇ ਨੂੰ ਪੂਰੀ ਤਰ੍ਹਾਂ ਸ਼ਾਂਤਮਈ ਰੱਖਣਾ ਸਾਡੀ ਜ਼ਿੰਮੇਵਾਰੀ ਹੈ। ਦੂਸਰੀ ਗੱਲ ਧਰਮ ਯੁੱਧ ਮੋਰਚੇ ਦੇ ਦੌਰਾਨ ਐਸੀ ਗੱਲ ਨਹੀਂ ਉਭਰਨੀ ਚਾਹੀਦੀ ਜਿਸ ਤਹਿਤ ਸਾਡੇ ਵਿਰੋਧੀ ਲੋਕ ਸਾਡੇ 'ਤੇ ਇਹ ਦੋਸ਼ ਲਗਾਉਣ ਕਿ ਇਨ੍ਹਾਂ ਕਾਰਨ ਹਿੰਦੂ ਸਿੱਖ ਏਕਤਾ ਨੂੰ ਢਾਹ ਲੱਗਦੀ ਹੈ। ਤੀਸਰੀ ਗੱਲ ਇਹ ਕਿ ਕੁੱਝ ਅਖ਼ਬਾਰਾਂ ਜਾਣਬੁੱਝ ਕੇ ਅਜਿਹਾ ਪ੍ਰਚਾਰ ਕਰ ਰਹੀਆਂ ਹਨ ਕਿ ਧਰਮ ਯੁੱਧ ਚਲਾਉਣ ਦੇ ਜ਼ਿੰਮੇਵਾਰ ਆਗੂ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈ ਕੇ ਵਰਤਣਾ ਚਾਹੁੰਦੇ ਹਨ। ਜਿਸ ਕਾਰਨ ਪੰਜਾਬ ਅੰਦਰ ਹਿੰਸਕ ਘਟਨਾਵਾਂ ਵਾਪਰਦੀਆਂ ਹਨ ਅਤੇ ਦੀਵਾਨ ਹਾਲ ਗੁਰਦੁਆਰਾ ਮੰਜੀ ਸਾਹਿਬ ਵਿਖੇ ਆਪਾ ਵਿਰੋਧੀ ਬਿਆਨਬਾਜ਼ੀ ਵੀ ਕਈ ਵਾਰ ਪ੍ਰਗਟ ਰੂਪ ਵਿੱਚ ਸਾਹਮਣੇ ਆਉਂਦੀ ਹੈ। ਸੰਤ ਲੌਂਗੋਵਾਲ ਦੀਆਂ ਇਨ੍ਹਾ ਵਿਚਾਰਾਂ ਨੂੰ ਸੁਣਨ ਤੋਂ ਬਾਅਦ ਸੰਤ ਭਿੰਡਰਾਵਾਲਿਆਂ ਨੇ ਕਿਹਾ ਕਿ ਤੁਸੀਂ ਉਮਰ ਵਿੱਚ ਵੀ ਮੇਰੇ ਨਾਲੋਂ ਵੱਡੇ ਹੋ ਅਤੇ ਮੋਰਚਾ ਚਲਾਉਣ ਲਈ ਵੀ ਵੱਧ ਤਜ਼ਰਬਾ ਰੱਖਦੇ ਹੋ। ਇਸ ਲਈ ਤੁਸੀਂ ਜਿੰਨੀਆਂ ਵੀ ਵਿਚਾਰਾਂ ਰੱਖੀਆਂ ਹਨ ਇਨ੍ਹਾਂ ਸਭਨਾਂ ਲਈ ਮੇਰੇ ਆਪਣੇ ਵਿਚਾਰ ਹਨ ਜਿਨ੍ਹਾਂ ਨੂੰ ਸਿਧਾਂਤਕ ਤੌਰ 'ਤੇ ਮੈਂ ਠੀਕ ਸਮਝਦਾ ਹਾਂ ਫਿਰ ਵੀ ਤੁਹਾਨੂੰ ਕੋਈ ਗੱਲ ਠੀਕ ਨਾ ਲੱਗੀ ਤਾਂ ਤੁਸੀਂ ਦੱਸ ਸਕਦੇ ਹੋ।

ਸਭ ਤੋਂ ਪਹਿਲੀ ਗੱਲ ਕਿ ਆਪਣਾ ਪ੍ਰੋਗਰਾਮ ਸ਼ਾਂਤਮਈ ਹੈ ਇਸੇ ਲਈ ਸ਼ਾਂਤਮਈ ਤਰੀਕੇ ਨਾਲ ਸਿੱਖ ਸੰਗਤਾਂ ਧਰਮ ਯੁੱਧ ਮੋਰਚੇ ਲਈ ਗ੍ਰਿਫ਼ਤਾਰੀਆਂ ਦੇ ਰਹੀਆਂ ਹਨ ਅਤੇ ਆਮ ਤੌਰ 'ਤੇ ਵੀ ਸਾਰੀਆਂ ਸਿੱਖ ਸੰਗਤਾਂ ਜਾਬੜੇ ਵਿੱਚ ਹਨ। ਪਰ ਜਦੋਂ ਸ਼ਾਂਤਮਈ ਰਹਿੰਦਿਆਂ ਸਾਡੇ ਨਾਲ ਵਧੀਕੀਆਂ ਹੁੰਦੀਆਂ ਹਨ, ਫੈਡਰੇਸ਼ਨ ਦੇ ਜਾਂ ਆਮ

Scanned with CamScanner

ਨੌਜਵਾਨਾਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਜਾਂਦੇ ਹਨ, ਧੀਆਂ ਭੈਣਾਂ ਦੀ ਇੱਜ਼ਤ ਲੁੱਟੀ ਜਾਂਦੀ ਹੈ, ਗੁਰਬਾਣੀ ਦੀ ਬੇਅਦਬੀ ਹੁੰਦੀ ਹੈ ਤਾਂ ਇਨ੍ਹਾਂ ਹਾਲਾਤਾਂ ਵਿੱਚ ਜ਼ੁਲਮ ਅਤੇ ਵਧੀਕੀਆਂ ਕਰਨ ਵਾਲੇ ਲੋਕਾਂ ਵਿਰੁੱਧ ਉਨ੍ਹਾਂ ਨੂੰ ਕੀਤੇ ਗੁਨਾਹਾਂ ਦੀ ਸਜ਼ਾ ਦੇਣ ਦਾ ਰਾਹ ਸਿੱਖ ਕੌਮ ਨੂੰ ਅਪਨਾਉਣਾ ਪੈਂਦਾ ਹੈ। ਦੂਜੀ ਗੱਲ ਜੋ ਹਿੰਦੂ ਸਿੱਖ ਏਕਤਾ ਬਾਰੇ ਹੈ ਉਸ ਬਾਰੇ ਆਪਾ ਨੂੰ ਗੰਭੀਰਤਾ ਨਾਲ ਅਸਲੀਅਤ ਸਮਝਣੀ ਚਾਹੀਦੀ ਹੈ ਕਿਉਂਕਿ ਗੁਰੂ ਸਾਹਿਬਾਨਾਂ ਨੇ ਗੁਰਬਾਣੀ ਵਿੱਚ ਸਮਾਜਿਕ ਸੱਚ ਨੂੰ ਪ੍ਰਗਟ ਕਰਦਿਆਂ ਅਖੌਤੀ ਬ੍ਰਾਹਮਣਵਾਦ ਦਾ ਪਾਖੰਡ, ਠੱਗੀਆਂ, ਉੱਚ-ਨੀਚ ਦੀਆਂ ਅਣਮਨੁੱਖੀ ਅਤੇ ਵਿਤਕਰੇ ਭਰੀਆਂ ਸੋਚਾਂ, ਨੀਤੀਆਂ, ਕਰਮ ਕਾਂਡੀ ਰਿਵਾਜਾਂ, ਸਮਾਜ ਦੇ ਪੱਛੜੇ ਵਰਗਾਂ ਪ੍ਰਤੀ ਘ੍ਰਿਣਾ ਭਰੀ ਦ੍ਰਿਸ਼ਟੀ, ਅਖੌਤੀ ਵਰਨ ਵੰਡ, ਅੰਧ ਵਿਸ਼ਵਾਸ਼ੀ ਧਾਰਨਾਵਾਂ, ਪਸ਼ੂ ਪੂਜਾ ਅਤੇ ਬੁੱਤਪ੍ਰਸਤੀ, ਮੰਨਤਾਂ ਮਨੌਤਾਂ ਦੇ ਸੋਚ ਵਿਚਾਰ ਦੀਆਂ ਨੀਤੀਆਂ ਦਾ ਸਪੱਸ਼ਟ ਰੂਪ ਵਿੱਚ ਪਾਜ ਉਘੇੜਿਆ ਹੈ, ਜੋ ਇਨ੍ਹਾਂ ਲੋਕਾਂ ਦੇ ਗਲੇ ਨਹੀਂ ਉਤਰ ਸਕਦਾ ਅਤੇ ਦੂਸਰਾ ਪੱਖ ਜੋ ਕਲਗੀਧਰ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਸਾਜ ਕੇ ਸਾਨੂੰ ਵਿਰਾਸਤ ਬਖਸ਼ੀ ਹੈ ਉਸ ਅਨੁਸਾਰ ਖ਼ਾਲਸਾ ਜੀ ਦੇ ਬੋਲਬਾਲੇ ਦਾ ਸੰਕਲਪ, ਧਰਮ ਅਤੇ ਰਾਜਨੀਤੀ ਦੀ ਸਾਂਝ, ਸੰਗਤ ਅਤੇ ਪੰਗਤ ਦਾ ਸਿਧਾਂਤ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ, ਰਾਜ ਕਰੇਗਾ ਖ਼ਾਲਸਾ ਦਾ ਬੋਲਬਾਲਾ, ਆਦਰਸ਼ ਸਿਧਾਂਤ ਦਾ ਪ੍ਰਗਟਾਵਾ **"ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ, ਝੰਡੇ ਬੁੰਗੇ ਜੁਗੋ ਜੁਗ ਅਟੱਲ, ਰਾਜ ਕਰੇਗਾ ਖਾਲਸਾ"** ਦਾ ਬੋਲਬਾਲਾ ਆਦਿ ਜੋ ਸਿੱਖੀ ਵਿਰਾਸਤ ਅਤੇ ਖ਼ਾਲਸੇ ਦਾ ਸਿਧਾਂਤ ਹੈ ਉਹ ਇਨ੍ਹਾਂ ਨੂੰ ਉੱਕਾ ਹੀ ਨਹੀਂ ਭਾਉਂਦਾ। ਇਸ ਲਈ ਇਹ ਲੋਕ ਉੱਪਰੋ-ਉੱਪਰੋਂ ਹਿੰਦੂ ਸਿੱਖ ਏਕਤਾ ਦੇ ਨਾਹਰੇ ਲਗਾਉਂਦੇ ਹਨ, ਅਸਲੀਅਤ ਤਾਂ ਤੁਸੀਂ ਦੇਖ ਹੀ ਚੁੱਕੇ ਹੋ ਕਿ ਭਾਰਤ ਦੀ ਆਜ਼ਾਦੀ ਦੇ ਕੁੱਝ ਦਿਨਾਂ ਬਾਅਦ ਹੀ ਇਨ੍ਹਾਂ ਹਿੰਦੂ ਹੁਕਮਰਾਨਾਂ ਨੇ ਸਮੁੱਚੀ ਸਿੱਖ ਕੌਮ ਨੂੰ "ਜ਼ਰਾਇਮ ਪੇਸ਼ਾ" ਕੌਮ ਕਹਿ ਕੇ ਸਮੁੱਚੀ ਕੌਮ ਦੀ ਤੌਹੀਨ ਕੀਤੀ ਸੀ। ਹੁਣ ਵੀ ਸਿੱਖਾਂ ਅੰਦਰ ਜੋ ਰਾਜ ਕਰਨ ਦਾ ਸੰਕਲਪ ਹੈ, ਉਸ ਨੂੰ ਖਤਮ ਕਰਨ ਲਈ ਸਿੱਖ ਕੌਮ ਦੀ ਹੀ ਹੋਂਦ ਹਸਤੀ ਮਿਟਾਉਣ 'ਤੇ ਇਹ ਲੋਕ ਤੁਲੇ ਹੋਏ ਹਨ। ਇਸ ਦੇ ਬਾਵਜੂਦ ਜੇ ਤੁਹਾਨੂੰ ਲੱਗਦਾ ਹੈ ਕਿ ਹਿੰਦੂ ਸਿੱਖ ਏਕਤਾ ਕਹਿਣ ਨਾਲ ਅਕਾਲੀ ਦਲ ਨੂੰ ਕੋਈ ਰਾਜਨੀਤਿਕ ਲਾਭ ਮਿਲ ਸਕਦਾ ਹੈ ਇਹ ਤੁਹਾਡੀ ਮਰਜ਼ੀ।

ਜਿਥੋਂ ਤੱਕ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦਾ ਤਰਕ ਹੈ ਇਹ ਉੱਕਾ ਹੀ ਬੇਬੁਨਿਆਦ ਹੈ ਕਿਉਂਕਿ ਆਪਾਂ ਹਰ ਸਮੇਂ ਕਾਨੂੰਨੀ ਪ੍ਰੀਕਿਰਿਆ ਰਾਹੀਂ ਇਨਸਾਫ ਲੈਣ ਦਾ ਯਤਨ ਅਤੇ ਇੰਤਜ਼ਾਰ ਕੀਤਾ। 1978 ਵਿੱਚ 13 ਸਿੰਘਾਂ ਦੀ ਸ਼ਹੀਦੀ ਹੋਈ, ਆਪਾਂ ਉਸ ਦੇ ਬਦਲੇ ਵਿੱਚ ਕੋਈ ਭੜਕਾਊ ਕਾਰਵਾਈ ਨਹੀਂ ਕੀਤੀ ਬਲਕਿ ਕਾਨੂੰਨ ਦੁਆਰਾ ਇਨਸਾਫ ਮਿਲਣ ਦੀ ਉਡੀਕ ਕੀਤੀ। ਪਰ ਕਾਨੂੰਨੀ ਫੈਸਲਾ ਇਹ ਹੋਇਆ ਕਿ 13 ਸਿੰਘਾਂ ਦਾ ਕਾਤਲ ਕੋਈ ਵੀ ਨਹੀਂ, ਕਿਸੇ ਇੱਕ ਨੂੰ ਵੀ ਸਜ਼ਾ ਨਹੀਂ, ਤਾਂ ਤੁਸੀਂ ਦੱਸੋ ਕਾਨੂੰਨ ਕਿਸ ਨੇ ਹੱਥ ਵਿੱਚ ਲਿਆ, ਆਪਾਂ ਜਾਂ ਇਨ੍ਹਾਂ ਨੇ। ਹਾਂ ਜਦੋਂ ਕਾਨੂੰਨੀ ਹੀਲੇ ਖਤਮ ਹੋ ਗਏ ਤਾਂ ਉਸ ਤੋਂ ਉਪਰੰਤ ਸਿੰਘਾਂ ਨੇ ਖ਼ਾਲਸਾਈ ਪ੍ਰੰਪਰਾ ਮੁਤਾਬਕ ਆਪਣਾ ਹੱਕ ਲਿਆ। ਇਸੇ ਤਰ੍ਹਾਂ ਤੁਹਾਡੇ ਸਾਹਮਣੇ ਮੇਰੇ ਉਪਰ ਲਾਲਾ ਜਗਤ ਨਰਾਇਣ ਕਤਲ ਦਾ ਝੂਠਾ ਕੇਸ ਪਾ ਕੇ ਗ੍ਰਿਫਤਾਰੀ ਵਾਰੰਟ ਕੱਢੇ। ਮੈਨੂੰ ਕਿਸੇ ਅਦਾਲਤ ਵੱਲੋਂ ਕੋਈ ਸੰਮਨ ਨਹੀਂ ਭੇਜੇ ਗਏ। ਜੋ ਸਰਕਾਰਾਂ ਨੇ ਚੰਦੋਕਲਾਂ ਵਿਖੇ ਕੀਤਾ ਹੈ ਤੁਹਾਨੂੰ ਇਸ ਦੀ ਪੂਰੀ ਜਾਣਕਾਰੀ ਹੈ। ਮੈਂ ਫਿਰ ਵੀ ਸ਼ਾਂਤਮਈ ਢੰਗ ਨਾਲ ਗ੍ਰਿਫਤਾਰੀ ਦੇ ਕੇ ਆਪਣੇ ਆਪ ਨੂੰ ਕਾਨੂੰਨ ਦੇ ਹਵਾਲੇ ਕੀਤਾ ਪਰ ਜਦੋਂ ਕੋਈ ਦੋਸ਼ ਸਾਬਤ ਨਾ ਕਰ ਸਕੇ ਅਤੇ ਇਨ੍ਹਾਂ ਦੀਆਂ ਕੋਝੀਆਂ ਚਾਲਾਂ ਵਿਰੁੱਧ ਤੁਹਾਡੇ ਵੱਲੋਂ ਕੀਤੀਆਂ ਕੋਸ਼ਿਸ਼ਾਂ ਤੇ ਸਿੱਖ ਕੌਮ ਦੇ ਰੋਹ ਸਦਕਾ ਮੈਨੂੰ ਬਾਇੱਜ਼ਤ ਬਰੀ ਕਰਨਾ ਪਿਆ। ਦੱਸੋ ਕਾਨੂੰਨ ਕਿਸ ਨੇ ਹੱਥ 'ਚ ਲਿਆ? ਇਹ ਜਦੋਂ ਚਾਹੁਣ ਬਿਨਾਂ ਸਬੂਤ ਹੀ ਵੱਡੀ ਤੋਂ ਵੱਡੀ ਸੰਸਥਾ ਨੂੰ ਕਾਨੂੰਨੀ ਤੌਰ 'ਤੇ ਮੁਜ਼ਰਿਮ ਸਿੱਧ ਕਰਨ ਲਈ ਨੋਟਿਸ ਕੱਢ ਦੇਣ। ਇਸੇ ਤਰ੍ਹਾਂ ਗੁਰਬਾਣੀ ਦੇ ਅਪਮਾਨ ਦੇ ਰੋਸ ਵਜੋਂ ਹਵਾਈ ਜਹਾਜ਼ ਅਗਵਾਕਾਰਾਂ ਨੂੰ ਜਲਾਵਤਨੀ ਹੋਈ, ਮਨਜੀਤ ਸਿੰਘ ਉਰਫ਼ ਮੁਸੀਬਤ ਸਿੰਘ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰਬਖਸ਼ ਸਿੰਘ 'ਤੇ ਅਣਮਨੁੱਖੀ ਤਸ਼ੱਦਦ ਹੋਇਆ ਪਰ ਦੂਜਾ ਪੱਖ ਜੋ ਇਨ੍ਹਾਂ ਦੀ ਕੌਮ 'ਚੋਂ ਪਾਂਡੇ ਭਰਾ ਇੰਦਰਾ ਗਾਂਧੀ ਦੀ ਗ੍ਰਿਫਤਾਰੀ ਦੇ ਰੋਸ ਵਿੱਚ ਜਹਾਜ਼ ਅਗਵਾ ਕਰਦੇ ਹਨ ਤਾਂ ਉਨ੍ਹਾਂ ਨੂੰ ਸਨਮਾਨਯੋਗ ਪਦਵੀਆਂ ਅਤੇ ਮਨਿਸਟਰੀਆਂ ਦਿੱਤੀਆਂ ਜਾਂਦੀਆਂ ਹਨ ਤਾਂ ਤੁਸੀਂ ਦੱਸੋ ਕਾਨੂੰਨ ਨੂੰ ਕੌਣ ਹੱਥ ਵਿੱਚ ਲੈ ਰਿਹਾ ਹੈ? ਸੱਚ ਜੀ ਇਹ ਤਾਂ ਅਜਿਹੀ ਗੱਲ ਹੈ ਜਿਸ ਦੀ ਲਾਠੀ ਤਿਸ ਦੀ ਭੈਂਸ।

Scanned with CamScanner

ਬਾਕੀ ਮੇਰੀ ਰਾਇ ਹੈ ਕਿ ਆਪਾਂ ਨੂੰ ਸਟੇਜ ਤੋਂ ਬੋਲਣ ਲੱਗਿਆਂ ਬਹੁਤ ਸੰਜੀਦਗੀ ਵਰਤਣੀ ਚਾਹੀਦੀ ਹੈ ਅਤੇ ਇਸ ਸਬੰਧ ਵਿੱਚ ਆਪਾਂ ਆਪਣੇ ਬੁਲਾਰਿਆਂ ਨੂੰ ਵੀ ਸੁਚੇਤ ਕਰਨਾ ਚਾਹੀਦਾ ਹੈ ਕਿ ਸਾਡੇ ਬੋਲਾਂ ਵਿੱਚੋਂ ਇਸ ਚੀਜ਼ ਦਾ ਪ੍ਰਗਟਾਵਾ ਨਹੀਂ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਵਿੱਚ ਮਤਭੇਦ ਹਨ ਜਾਂ ਇਹ ਕਿਸੇ ਗੱਲੋਂ ਇੱਕ ਦੂਜੇ ਨਾਲ ਸਹਿਮਤ ਨਹੀਂ ਕਿਉਂਕਿ ਪੰਜਾਬ ਵਿੱਚ ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜੋ ਵੇਖਣ ਨੂੰ ਹਿੰਸਕ ਲੱਗਦੀਆਂ ਹਨ। ਅਸਲ ਵਿੱਚ ਜਦੋਂ ਇਨ੍ਹਾਂ ਘਟਨਾਵਾਂ ਦੇ ਪਿਛੋਕੜ ਵਿੱਚ ਜਾਂਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਜਦੋਂ ਜ਼ੁਲਮ ਤੇ ਜ਼ਲੀਲ ਕਰਨ ਵਾਲੇ ਲੋਕ ਹੱਦਬੰਨੇ ਪਾਰ ਕਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਸਬਕ ਸਿਖਾਉਣ ਲਈ ਸਿੰਘ ਵੀ ਮਜ਼ਬੂਰੀ ਵੱਸ, ਸ਼ਾਂਤੀ ਦੀ ਰੇਖਾ ਪਾਰ ਕਰਕੇ ਉਨ੍ਹਾਂ ਨੂੰ ਕੀਤੇ ਦਾ ਫਲ ਭੁਗਤਾ ਦਿੰਦੇ ਹਨ। ਇਸ ਬਾਰੇ ਤੁਹਾਨੂੰ ਕੋਈ ਵੀ ਪੱਤਰਕਾਰ ਜਾਂ ਵਿਅਕਤੀ ਪੁੱਛੇ ਕਿ ਭਿੰਡਰਾਂਵਾਲੇ ਸੰਤਾਂ ਦੇ ਵਿਅਕਤੀ ਅਜਿਹੀਆਂ ਘਟਨਾਵਾਂ ਕਰ ਰਹੇ ਹਨ ਇਸ ਬਾਰੇ ਤੁਸੀਂ ਆਪਣਾ ਕੋਈ ਪ੍ਰਤੀਕਰਮ ਨਾ ਦਿਉ ਬਲਕਿ ਇਹੀ ਕਹੋ ਕਿ ਇਸ ਬਾਰੇ ਉਨ੍ਹਾਂ ਨੂੰ ਪਤਾ ਹੋਵੇਗਾ ਅਤੇ ਜਦੋਂ ਮੈਨੂੰ ਪੁੱਛਣਗੇ ਤਾਂ ਮੈਂ ਆਪਣੀ ਜ਼ਿੰਮੇਵਾਰੀ 'ਤੇ ਅਜਿਹੀਆਂ ਘਟਨਾਵਾਂ ਦਾ ਜਵਾਬ ਦਿਆਂਗਾ, ਜਿਸ ਕਾਰਨ ਅਕਾਲੀ ਦਲ ਦੀ ਪਾਲਿਸੀ ਅਤੇ ਤੁਹਾਡੇ ਉਪਰ ਕੋਈ ਆਂਚ ਨਹੀਂ ਆਵੇਗੀ। ਪਰ ਜਦੋਂ ਤੁਸੀਂ ਅਜਿਹੀਆਂ ਘਟਨਾਵਾਂ ਦੇ ਸਬੰਧ ਵਿੱਚ ਅਜਿਹਾ ਬਿਆਨ ਦਿੰਦੇ ਹੋ ਕਿ ਸਾਡਾ ਇਸ ਨਾਲ ਕੋਈ ਸਬੰਧ ਨਹੀਂ ਤਾਂ ਆਪਣੀ ਸ਼ਕਤੀ ਘਟਦੀ ਹੈ ਅਤੇ ਸ਼ੰਕੇ ਵਧਦੇ ਹਨ ਇਸ ਤੋਂ ਸਾਨੂੰ ਸੁਚੇਤ ਹੋਣਾ ਚਾਹੀਦਾ ਹੈ।

ਬਾਕੀ ਮੈਂ ਪੂਰਨ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਹਿੰਦ ਸਰਕਾਰ ਸਮੁੱਚੀ ਸਿੱਖ ਕੌਮ ਨੂੰ ਸਬਕ ਸਿਖਾਉਣ 'ਤੇ ਤੁਲੀ ਹੋਈ ਹੈ ਅੱਵਲ ਗੱਲਬਾਤ ਕਰਨ ਦੇ ਬਹਾਨੇ ਤੁਹਾਨੂੰ ਬਦਨਾਮ ਕਰੇਗੀ ਅਤੇ ਪੱਲੇ ਕੁੱਝ ਵੀ ਨਹੀਂ ਪਾਵੇਗੀ। ਇਸ ਦੇ ਬਾਵਜੂਦ ਮੈਂ ਗੱਲਬਾਤ ਕਰਨ ਦੇ ਵਿਰੁੱਧ ਨਹੀਂ ਜੇਕਰ ਗੱਲਬਾਤ ਹਾਰੀ ਅਨੰਦਪੁਰ ਦੇ ਮਤੇ ਦੀ ਪੂਰਤੀ ਹੁੰਦੀ ਹੋਵੇ ਭਾਂ ਮੈਂ ਸੌ ਫੀਸਦੀ ਤੁਹਾਡੇ ਨਾਲ ਸਹਿਮਤ ਹਾਂ। ਪਰ ਮੈਂ ਸਰਕਾਰ ਨਾਲ ਸੌਦੇਬਾਜ਼ੀ ਵਾਲੀ ਗੱਲ ਕਰਨ ਲਈ ਸਹਿਮਤ ਨਹੀਂ। ਬਾਕੀ ਮੇਰੇ ਪ੍ਰਤੀ ਕੋਈ ਵੀ ਵਿਅਕਤੀ ਸ਼ੰਕਾ ਭਰੀ ਗੱਲ ਤੁਹਾਨੂੰ ਕਹੇ, ਤੁਸੀਂ ਬੇਝਿਜਕ ਤੇ ਜਦੋਂ ਚਾਹੋ, ਮੇਰੇ ਨਾਲ ਸਿੱਧੀ ਗੱਲ ਕਰੋ ਤਾਂ ਕਿ ਵਿਤਕਰਾ ਪੈਦਾ ਹੋਣ ਦੀ ਗੁੰਜਾਇਸ਼ ਹੀ ਨਾ ਰਹਿ ਸਕੇ।

ਸੰਤ ਭਿੰਡਰਾਂਵਾਲਿਆਂ ਤੋਂ ਅਜਿਹੀਆਂ ਵਿਚਾਰਾਂ ਅਤੇ ਦਲੀਲਾਂ ਸੁਣਨ ਉਪਰੰਤ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਮੈਂ ਤੁਹਾਡੀਆਂ ਦਲੀਲਾਂ, ਵਿਚਾਰਾਂ ਅਤੇ ਇਤਿਹਾਸਕ ਤੱਥਾਂ ਨਾਲ ਸਹਿਮਤ ਹਾਂ ਇਸ ਦੇ ਬਾਵਜੂਦ ਮੇਰੀ ਬਹੁਤ ਵੱਡੀ ਜ਼ਿੰਮੇਵਾਰੀ ਹੈ ਜਿਸ ਨੂੰ ਤੁਸੀਂ ਵੀ ਚੰਗੀ ਤਰ੍ਹਾਂ ਸਮਝਦੇ ਹੋ ਅਤੇ ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਮੈਨੂੰ ਪੂਰਾ ਸਹਿਯੋਗ ਦਿਉਗੇ।

ਇਸ ਚੰਗੇ ਮਾਹੌਲ ਵਿੱਚ ਹੋਈ ਦੋਵਾਂ ਸੰਤਾਂ ਦੀ ਬੈਠਕ ਦੇ ਚੰਗੇ ਪ੍ਰਭਾਵ ਰਹੇ ਅਤੇ ਮੀਟਿੰਗ ਕਰਵਾਉਣ ਵਾਲੇ ਆਗੂਆਂ ਨੂੰ ਵੀ ਕਾਫੀ ਤਸੱਲੀ ਹੋਈ ਅਤੇ ਮੰਜੀ ਸਾਹਿਬ ਦੀ ਸਟੇਜ ਤੋਂ ਵੀ ਇਸ ਮੀਟਿੰਗ ਦੌਰਾਨ ਹੋਈਆਂ ਵਿਚਾਰਾਂ ਦਾ ਪ੍ਰਗਟਾਵਾ ਹੁੰਦਾ ਰਿਹਾ।

ਪੰਥਕ ਆਗੂਆਂ ਵੱਲੋਂ ਰਸਤਾ ਰੋਕੂ ਪ੍ਰੋਗਰਾਮ

ਅਪ੍ਰੈਲ 1983 ਨੂੰ ਸੰਤ ਭਿੰਡਰਾਂਵਾਲੇ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਗੁਰਚਰਨ ਸਿੰਘ ਟੌਹੜਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ, ਸ. ਹਰਮਿੰਦਰ ਸਿੰਘ ਸੰਧੂ ਅਤੇ ਕੁਝ ਹੋਰ ਸਿੱਖ ਆਗੂਆਂ ਨੇ ਆਪਸੀ ਰਾਇ ਨਾਲ ਸਮੁੱਚੇ ਪੰਜਾਬ ਅੰਦਰ 4 ਅਪ੍ਰੈਲ ਨੂੰ ਰਸਤਾ ਰੋਕੂ ਪ੍ਰੋਗਰਾਮ ਉਲੀਕਿਆ। ਇਸ ਸਬੰਧ ਵਿੱਚ ਵੱਡੀ ਪੱਧਰ 'ਤੇ ਪ੍ਰਚਾਰ ਕੀਤਾ ਗਿਆ ਕਿ ਪੰਜਾਬ ਨਿਵਾਸੀ ਇਸ ਰਸਤਾ ਰੋਕੂ ਪ੍ਰੋਗਰਾਮ ਵਿੱਚ ਸਾਥ ਦੇਣ ਅਤੇ 4 ਤਰੀਕ ਨੂੰ ਕਿਸੇ ਪਾਸੇ ਵੀ ਸਫਰ ਨਾ ਕਰਨ। ਸਿੱਖ ਸੰਗਤਾਂ ਨੇ ਇਸ ਰਸਤਾ ਰੋਕੂ ਪ੍ਰੋਗਰਾਮ ਨੂੰ ਕਮਾਲ ਦਾ ਹੁੰਗਾਰਾ ਦਿੱਤਾ। ਹਜ਼ਾਰਾਂ ਲੋਕ ਇਕੱਤਰ ਹੋਏ ਅਤੇ ਸੜਕਾਂ ਦੇ ਵਿਚਕਾਰ ਚੌਕੜੇ ਮਾਰ ਕੇ ਬੈਠ ਗਏ। 'ਸਤਿਨਾਮ ਵਾਹਿਗੁਰੂ' ਦਾ ਜਾਪ ਅਤੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਸੜਕਾਂ 'ਤੇ ਗੂੰਜਣ ਲੱਗੇ। ਪੰਜਾਬ ਵਿੱਚੋਂ ਗੁਜ਼ਰਨ ਵਾਲੇ ਸਾਰੇ ਪ੍ਰਦੇਸ਼ਕ ਅਤੇ ਕੌਮੀ ਸ਼ਾਹ ਮਾਰਗ ਸਿੱਖ ਵਲੰਟੀਅਰਾਂ ਦੀ ਭੀੜ ਨੇ ਜਾਮ ਕਰ ਦਿੱਤੇ। ਨਤੀਜੇ ਵਜੋਂ ਪੰਜਾਬ ਅੰਦਰ ਕਿਧਰੇ ਵੀ ਕੋਈ ਬੱਸ ਜਾਂ ਆਵਾਜਾਈ

Scanned with CamScanner

ਦਾ ਕੋਈ ਹੋਰ ਵਾਹਨ ਨਾ ਚੱਲਣ ਦਿੱਤਾ। ਇਹ ਪ੍ਰੋਗਰਾਮ ਮੁਕੰਮਲ ਸਫਲ ਸਿੱਧ ਹੋਇਆ। ਭਾਵੇਂ ਪੰਜਾਬ ਸਰਕਾਰ ਨੇ ਇਸ ਰਸਤਾ ਰੋਕੂ ਪ੍ਰੋਗਰਾਮ ਨੂੰ ਫੇਲ੍ਹ ਕਰਨ ਲਈ ਵਹਿਸ਼ੀਆਨਾ ਰੂਪ ਧਾਰਨ ਕੀਤਾ ਹੋਇਆ ਸੀ। ਪੰਜਾਬ ਪੁਲਿਸ ਨੇ ਸ਼ਾਂਤੀਪੂਰਵਕ ਜਾਪ ਕਰ ਰਹੇ ਰਸਤਾ ਰੋਕਣ ਵਾਲੇ ਸਿੱਖਾਂ ਉੱਪਰ ਕਈ ਥਾਵਾਂ 'ਤੇ ਗੋਲੀ ਚਲਾਈ ਅਤੇ ਦਰਜਨ ਦੇ ਕਰੀਬ ਵਰਕਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਬਹੁਤ ਸਾਰੇ ਗੰਭੀਰ ਫੱਟੜ ਵੀ ਹੋਏ। ਪੰਜਾਬ ਸਰਕਾਰ ਦੇ ਜ਼ੁਲਮ ਦੀ ਏਨੀ ਕੀਮਤ ਚੁਕਾਉਣ ਦੇ ਬਾਵਜੂਦ ਉਹ ਸਿੱਖ ਪੰਥ ਵੱਲੋਂ ਦਿੱਤੇ ਪ੍ਰੋਗਰਾਮ ਪ੍ਰਤੀ ਦ੍ਰਿੜ੍ਹ ਸਨ।

ਸੰਤ ਭਿੰਡਰਾਂਵਾਲਿਆਂ ਨੇ ਜਥੇ ਦੇ ਕੁੱਝ ਸਿੰਘ, ਰਸਤਾ ਰੋਕੂ ਪ੍ਰੋਗਰਾਮ ਦੌਰਾਨ ਸ਼ਹੀਦ ਹੋਏ ਸਿੱਖਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਣ ਲਈ ਭੇਜੇ ਜੋ ਵੱਖ-ਵੱਖ ਥਾਵਾਂ 'ਤੇ ਗਏ ਅਤੇ ਉਨ੍ਹਾਂ ਪਰਿਵਾਰਾਂ ਨਾਲ ਦੁਖ ਸਾਂਝਾ ਕਰਨ ਤੋਂ ਇਲਾਵਾ ਲੋੜ ਅਨੁਸਾਰ ਯਥਾਸ਼ਕਤ ਉਨ੍ਹਾਂ ਦੀ ਮਦਦ ਵੀ ਕੀਤੀ।

ਰਸਤਾ ਰੋਕੂ ਪ੍ਰੋਗਰਾਮ ਇੰਨਾ ਜ਼ਿਆਦਾ ਕਾਮਯਾਬ ਹੋਇਆ ਕਿ ਧਰਮ ਯੁੱਧ ਮੋਰਚੇ ਦੀ ਚਰਚਾ ਘਰ-ਘਰ ਤੱਕ ਫੈਲ ਗਈ। ਦੂਜੇ ਪਾਸੇ ਕੇਂਦਰ ਸਰਕਾਰ ਵੀ ਇਸ ਗੱਲ ਤੋਂ ਭੈਅ-ਭੀਤ ਹੋਈ ਕਿ ਸਿੱਖਾਂ ਦੇ ਹਰ ਅੰਦੋਲਨ ਦੌਰਾਨ, ਅੰਦੋਲਨਕਾਰੀਆਂ 'ਤੇ ਗੋਲੀਆਂ ਚਲਾ ਕੇ ਖੰਦੇ ਮਾਰਨ ਨਾਲ ਸੂਬੇ ਵਿੱਚ ਹਾਲਾਤ ਬਦਤਰ ਬਣ ਸਕਦੇ ਹਨ। ਦੂਜੇ ਪਾਸੇ ਧਰਮ ਯੁੱਧ ਮੋਰਚੇ ਲਈ ਗ੍ਰਿਫਤਾਰੀਆਂ ਨਿਰੰਤਰ ਜਾਰੀ ਰਹੀਆਂ ਅਤੇ ਵਿੱਚ-ਵਿੱਚ ਅਜਿਹੇ ਪ੍ਰੋਗਰਾਮ ਉਲੀਕੇ ਜਾਂਦੇ ਜੋ ਦੁਨੀਆਂ ਭਰ ਵਿੱਚ ਵੱਸਦੇ ਸਿੱਖਾਂ ਦਾ ਧਿਆਨ ਧਰਮ ਯੁੱਧ ਮੋਰਚੇ 'ਤੇ ਕੇਂਦਰਿਤ ਕਰ ਰਹੇ ਸਨ। ਇਨ੍ਹਾਂ ਦਿਨਾਂ ਵਿੱਚ ਹੀ 7 ਜੂਨ 1983 ਨੂੰ ਧਰਮ ਯੁੱਧ ਮੋਰਚੇ ਵੱਲੋਂ ਸਿੱਖ ਆਗੂਆਂ ਨੇ ਰੇਲ ਰੋਕੂ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ। ਜਿਸ 'ਤੇ ਭਾਰਤ ਸਰਕਾਰ ਘਬਰਾ ਗਈ ਕਿਉਂਕਿ ਰਸਤਾ ਰੋਕੂ ਪ੍ਰੋਗਰਾਮ ਦੌਰਾਨ ਸਿੱਖਾਂ ਦੀ ਤਾਕਤ ਨੂੰ ਪਰਖ ਚੁੱਕੇ ਸਨ। ਇਸ ਲਈ ਸਰਕਾਰ ਨੇ ਆਪਣੇ ਤੌਰ 'ਤੇ ਹੀ 7 ਜੂਨ ਨੂੰ ਰੇਲ ਗੱਡੀਆਂ ਨਾ ਚਲਾਉਣ ਦਾ ਫੈਸਲਾ ਕਰ ਲਿਆ। ਜਿਸ ਨਾਲ ਸਿੱਖ ਸੰਗਤਾਂ ਵਿੱਚ ਜੋਸ਼ ਹੋਰ ਪ੍ਰਚੰਡ ਹੋਇਆ। ਕੇਂਦਰ ਸਰਕਾਰ ਨੇ ਭਾਵੇਂ ਖੁਦ ਹੀ ਰੇਲ ਗੱਡੀਆਂ ਰੋਕਣ ਦਾ ਫੈਸਲਾ ਲੈ ਲਿਆ ਪਰ ਸਰਕਾਰ ਨੂੰ ਵੱਡਾ ਝਟਕਾ ਲੱਗਾ ਕਿ ਉਹ ਸਿੱਖ ਆਵਾਮ ਦੀ ਸ਼ਕਤੀ ਸਾਹਮਣੇ ਝੁਕਣ ਲਈ ਮਜ਼ਬੂਰ ਹੋਈ। ਸਿੱਖ ਸੰਗਤਾਂ ਵੱਲੋਂ ਸਫਲਤਾਪੂਰਵਕ ਨੇਪਰੇ ਚਾੜ੍ਹੇ ਗਏ ਇਨ੍ਹਾਂ ਪ੍ਰੋਗਰਾਮਾਂ ਨੇ ਇੰਦਰਾ ਗਾਂਧੀ ਨੂੰ ਚਿੰਤਾ 'ਚ ਪਾ ਦਿੱਤਾ। ਅਸਲ ਵਿੱਚ ਇਹ ਕਾਮਯਾਬੀਆਂ ਪ੍ਰਮੁੱਖ ਰੂਪ ਵਿੱਚ ਸੰਤ ਭਿੰਡਰਾਂਵਾਲਿਆਂ ਵੱਲੋਂ ਵੱਖ-ਵੱਖ ਅਕਾਲੀ ਧੜਿਆਂ ਅਤੇ ਸਿੱਖ ਜਥੇਬੰਦੀਆਂ ਵਿਚਾਲੇ ਕਰਵਾਈ ਗਈ ਏਕਤਾ ਦਾ ਸਿੱਟਾ ਸਨ।

ਡੀ. ਆਈ. ਜੀ. ਅਵਤਾਰ ਸਿੰਘ ਅਟਵਾਲ ਦਾ ਕਤਲ

ਜਦੋਂ ਧਰਮ ਯੁੱਧ ਮੋਰਚਾ ਬੁਲੰਦੀਆਂ ਵੱਲ ਜਾ ਰਿਹਾ ਸੀ ਅਤੇ ਇਸ ਸਬੰਧੀ ਗ੍ਰਿਫਤਾਰੀਆਂ ਦੇਣ ਵਾਲੇ ਸਿੱਖਾਂ ਨਾਲ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਭਰ ਚੁੱਕੀਆਂ ਸਨ। ਕੇਂਦਰ ਸਰਕਾਰ ਅਤੇ ਇਸਦੀਆਂ ਏਜੰਸੀਆਂ ਦਿਨ ਰਾਤ ਮੋਰਚੇ ਨੂੰ ਫੇਲ੍ਹ ਕਰਨ ਲਈ ਯਤਨਸ਼ੀਲ ਸਨ। ਇਸੇ ਦੌਰਾਨ 25 ਅਪ੍ਰੈਲ 1983 ਨੂੰ ਪੰਜਾਬ ਪੁਲਿਸ ਦੇ ਡੀ. ਆਈ. ਜੀ. ਸ. ਅਵਤਾਰ ਸਿੰਘ ਅਟਵਾਲ ਦਾ ਉਸ ਵੇਲੇ ਕਤਲ ਕਰ ਦਿੱਤਾ ਗਿਆ ਜਦੋਂ ਉਹ ਸ੍ਰੀ ਹਰਿਮੰਦਰ ਸਾਹਿਬ ਤੋਂ ਮੱਥਾ ਟੇਕ ਕੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਨਿਕਲ ਕੇ ਕੁੱਝ ਹੀ ਦੂਰੀ 'ਤੇ ਗਏ ਸਨ। ਇਹ ਸਰਕਾਰੀ ਏਜੰਸੀਆਂ ਦਾ ਸੋਚੀ ਸਮਝੀ ਸਕੀਮ ਦਾ ਸਿੱਟਾ ਸੀ ਕਿ ਇਸ ਬਹਾਨੇ ਧਰਮ ਯੁੱਧ ਮੋਰਚੇ ਨੂੰ ਬਦਨਾਮ ਕੀਤਾ ਜਾ ਸਕਦਾ ਹੈ ਅਤੇ ਦੋਹਾਂ ਸੰਤਾਂ ਵਿੱਚ ਮਤਭੇਦ ਪੈਦਾ ਕੀਤੇ ਜਾ ਸਕਦੇ ਹਨ ਅਤੇ ਇਸ ਬਹਾਨੇ ਪੁਲਿਸ ਫੋਰਸਾਂ ਦਾ ਦਰਬਾਰ ਸਾਹਿਬ ਵਿੱਚ ਦਾਖਲ ਹੋਣਾ ਆਸਾਨ ਹੋ ਜਾਵੇਗਾ। ਪਰ ਸਰਕਾਰੀ ਏਜੰਸੀਆਂ ਦੇ ਮਨਸੂਬੇ ਦੇ ਉਲਟ ਜਿਥੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸਮੁੱਚੇ ਅਕਾਲੀ ਦਲ ਨੇ ਇਸ ਕਤਲ ਨੂੰ ਘਿਨਾਉਣੀ ਕਾਰਵਾਈ ਕਰਾਰ ਦਿੱਤਾ ਉਥੇ ਸੰਤ ਭਿੰਡਰਾਂਵਾਲਿਆਂ ਨੇ ਵੀ ਕਿਹਾ ਕਿ ਅਟਵਾਲ ਦਾ ਕਤਲ ਇੱਕ ਘਿਨਾਉਣੀ ਸਾਜਿਸ਼ ਹੈ। ਕਿਸੇ ਵੀ ਵਿਅਕਤੀ ਨੂੰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਏ ਉਪਰ ਅਜਿਹਾ ਵਾਰ ਕਰਨਾ ਭਾਰੀ ਗੁਨਾਹ ਅਤੇ ਪਾਪ ਹੈ। ਜਿਸ ਨੇ ਵੀ ਅਟਵਾਲ ਦਾ ਕਤਲ ਕੀਤਾ ਹੈ ਅਸੀਂ ਕਰੜੇ ਸ਼ਬਦਾਂ ਵਿੱਚ ਉਸਦੀ ਨਿਖੇਧੀ ਕਰਦੇ ਹਾਂ। ਇਸ ਤਰ੍ਹਾਂ ਦੇ ਹਾਲਾਤਾਂ ਵਿੱਚ ਆਮ ਆਗੂ ਅਤੇ ਸੰਗਤਾਂ ਵੀ ਸਮਝ ਗਈਆਂ ਕਿ ਇਹ ਘਿਨਾਉਣੀ ਹਰਕਤ ਕੇਵਲ ਸਰਕਾਰ ਦੀਆਂ ਏਜੰਸੀਆਂ ਦੀ ਹੈ ਤਾਂ ਕਿ ਜ਼ਿੰਮੇਵਾਰ ਸਿੱਖ ਆਗੂਆਂ ਨੂੰ ਬਦਨਾਮ ਕੀਤਾ ਜਾ ਸਕੇ।

Scanned with CamScanner

ਦੂਜੇ ਪਾਸੇ ਸਰਕਾਰ ਨੇ ਇਸ ਕਤਲ ਦੀ ਆੜ ਵਿੱਚ ਸ੍ਰੀ ਹਰਿਮੰਦਰ ਸਾਹਿਬ ਅੰਦਰ ਵੜਣ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਇਸ ਕਤਲ ਕੇਸ ਦੀ ਜਾਂਚ ਸੀ. ਬੀ. ਆਈ. ਨੂੰ ਸੌਂਪ ਦਿੱਤੀ ਅਤੇ ਜਾਂਚ ਮੁਕੰਮਲ ਹੋਣ ਤੋਂ ਪਹਿਲਾਂ ਹੀ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 7 ਦਿਨਾਂ ਦਾ ਅਲਟੀਮੇਟਮ ਦੇ ਦਿੱਤਾ ਕਿ ਜੇ ਅਟਵਾਲ ਦੇ ਕਾਤਲ ਨਾ ਦਿੱਤੇ ਤਾਂ ਸਰਕਾਰ ਸ੍ਰੀ ਹਰਿਮੰਦਰ ਸਾਹਿਬ ਵਿੱਚ ਦਾਖਲ ਹੋਣ ਲਈ ਮਜ਼ਬੂਰ ਹੋਵੇਗੀ।

ਇਸ ਗੱਲ ਦਾ ਦੋਹਾਂ ਹੀ ਸੰਭਾਂ ਨੇ ਅਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਸਖਤ ਵਿਰੋਧ ਕੀਤਾ ਕਿ ਸਰਕਾਰ ਆਪੇ ਬਹਾਨੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਵੇਸ਼ ਹੋਣ ਲਈ ਹੱਥ-ਪੈਰ ਮਾਰ ਰਹੀ ਹੈ। ਜੇਕਰ ਅਜਿਹਾ ਹੋਇਆ ਤਾਂ ਖਾਲਸਾ ਪੰਥ ਇਨ੍ਹਾਂ ਨੂੰ ਕਦੇ ਮੁਆਫ ਨਹੀਂ ਕਰੇਗਾ। ਇਸ ਲਈ ਪਹਿਲਾਂ ਸਬੂਤ ਪੇਸ਼ ਕਰੋ ਕਿ ਅਟਵਾਲ ਦਾ ਕਤਲ ਕਿਸ ਨੇ ਕੀਤਾ ਹੈ, ਜਦੋਂ ਪ੍ਰੈਸ ਵਿੱਚ ਵੀ ਅਜਿਹੀਆਂ ਰਿਪੋਰਟਾਂ ਛਪੀਆਂ ਕਿ ਅਟਵਾਲ ਦਾ ਕਤਲ ਸਰਕਾਰੀ ਏਜੰਸੀਆਂ ਰਾਹੀਂ ਕਰਵਾਇਆ ਗਿਆ ਹੈ ਤਾਂ ਸਰਕਾਰ ਨੇ ਇਹ ਕਾਰਵਾਈ ਇਥੇ ਹੀ ਠੱਪ ਕਰ ਦਿੱਤੀ ਅਤੇ ਹੋਰ ਢੁੱਕਵੇਂ ਸਮੇਂ ਦੀ ਉਡੀਕ ਕਰਨ ਲੱਗੀ ਤਾਂ ਕਿ ਕਿਸ ਢੰਗ ਨਾਲ ਪੁਲਿਸ ਫੋਰਸਾਂ ਦਰਬਾਰ ਸਾਹਿਬ ਕੰਪਲੈਕਸ ਵਿੱਚ ਦਾਖਲ ਤਾਂ ਜ਼ਰੂਰ ਹੋਣ ਪਰ ਕੋਈ ਬਹਾਨਾ ਵੀ ਸਾਜਗਾਰ ਹੋਵੇ।

ਜਥੇ ਦੇ ਸਿੰਘਾਂ ਨੂੰ ਗੁਰਬਾਣੀ ਅਤੇ ਕਥਾ ਦੇ ਅਰਥ ਪੜ੍ਹਾਉਣੇ ਨਿਰੰਤਰ ਜਾਰੀ

ਦਮਦਮੀ ਟਕਸਾਲ ਦੇ ਮੁੱਖ ਕਾਰਜ ਗੁਰਬਾਣੀ ਦੀ ਸੰਥਿਆ ਅਤੇ ਅਰਥ ਬੋਧ ਸਿਖਾਉਣਾ ਹੈ ਕਿਉਂਕਿ ਦਸਮ ਪਾਤਿਸ਼ਾਹ ਜੀ ਵੱਲੋਂ ਗੁਰਸਿੱਖ ਸੰਗਤਾਂ ਵਿੱਚ ਸ਼ੁੱਧ ਬਾਣੀ ਪੜ੍ਹਾਉਣੀ ਅਤੇ ਕਥਾ ਰਾਹੀਂ ਗੁਰਬਾਣੀ ਦੇ ਅਰਥ ਸਿਖਾਉਣ ਲਈ ਟਕਸਾਲ ਸਥਾਪਤ ਕੀਤੀ ਗਈ। ਪਰ ਜਦੋਂ ਵੀ ਕਿਤੇ ਖਾਲਸਾ ਪੰਥ ਜਾਂ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਉਪਰ ਆਂਚ ਆਉਣ ਦਾ ਖ਼ਤਰਾ ਸਾਹਮਣੇ ਆਇਆ ਹੈ ਤਾਂ ਦਮਦਮੀ ਟਕਸਾਲ ਨੇ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਰ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਹਮੇਸ਼ਾ ਮੋਹਰੀ ਰੋਲ ਨਿਭਾਇਆ ਹੈ। ਧਰਮ ਯੁੱਧ ਮੋਰਚੇ ਦੀਆਂ ਹੱਕੀ ਮੰਗਾਂ ਪ੍ਰਤੀ ਕੇਂਦਰ ਸਰਕਾਰ ਦਾ ਕੁਟਿਲਤਾ ਭਰਿਆ ਰਵੱਈਆ ਹੋਣ ਕਾਰਨ ਧਰਮ ਯੁੱਧ ਮੋਰਚਾ ਲੰਬਾ ਹੋ ਗਿਆ ਸੀ। ਇਸ ਲਈ ਸੰਤਾਂ ਨੇ ਜਥੇ ਦੇ ਸਿੰਘਾਂ ਨਾਲ ਗੁਰਮਤਾ ਕਰਕੇ ਗੁਰੂ ਨਾਨਕ ਨਿਵਾਸ ਵਿਖੇ ਹੀ ਕਥਾ ਪੜ੍ਹਾਉਣ ਦਾ ਉਪਰਾਲਾ ਕੀਤਾ। ਇਹ ਉਹਨਾਂ ਦੀ ਬਹੁਤ ਵੱਡੀ ਵਿਲੱਖਣਤਾ ਸੀ ਕਿ ਇੱਕ ਪਾਸੇ ਮੋਰਚਾ ਚੱਲ ਰਿਹਾ ਸੀ, ਪੰਜਾਬ ਸਰਕਾਰ ਦਾ ਜ਼ੁਲਮੀ ਰਵੱਈਆ ਸਾਹਮਣੇ ਸੀ, ਜਿਸ ਤਹਿਤ ਬੇਦੋਸ਼ੇ ਸਿੰਘਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਸ਼ਹੀਦ ਕੀਤਾ ਜਾ ਰਿਹਾ ਸੀ ਅਤੇ ਹੋਰ ਕਈ ਤਰ੍ਹਾਂ ਦੇ ਜ਼ੁਲਮ ਢਾਹੇ ਜਾ ਰਹੇ ਸਨ। ਕੇਂਦਰ ਸਰਕਾਰ ਸਿੱਖ ਕੌਮ ਦੇ ਮੋਰਚੇ ਨੂੰ ਟਿੱਚ ਸਮਝਦੀ ਸੀ ਕਿਉਂਕਿ ਰਾਜਨੀਤਿਕ ਗਿਣਤੀਆਂ-ਮਿਣਤੀਆਂ ਰਾਹੀਂ ਸਿੱਖਾਂ ਦੀ ਸਮੁੱਚੀ ਦੇ ਪ੍ਰਤੀਸ਼ਤ ਗਿਣਤੀ ਨੂੰ ਵੇਖਿਆ ਜਾ ਰਿਹਾ ਸੀ। ਇਸ ਲਈ ਸਿੱਖਾਂ ਦੀਆਂ ਹੱਕੀ ਮੰਗਾਂ ਮੰਨਣਾ ਤਾਂ ਦੂਰ ਦੀ ਗੱਲ ਬਲਕਿ ਸਿੱਖਾਂ ਨੂੰ ਬਲੀ ਦਾ ਬੱਕਰਾ ਬਣਾ ਕੇ ਹਿੰਦੁਸਤਾਨ ਦੀ ਸੱਤਾ ਨੂੰ ਬਰਕਰਾਰ ਰੱਖਣ ਲਈ ਵਿਉਂਤਬੰਦੀ ਹੋ ਰਹੀ ਸੀ। ਜਿਸ ਕਾਰਨ ਦਮਦਮੀ ਟਕਸਾਲ ਨੂੰ ਪਹਿਲ ਦੇ ਆਧਾਰ 'ਤੇ ਨਿਸ਼ਾਨਾ ਬਣਾਇਆ ਗਿਆ ਸੀ। ਇਸੇ ਲਈ ਚੰਦੋਕਲਾਂ, ਚੌਕ ਮਹਿਤਾ ਦੇ ਗੋਲੀ ਕਾਂਡ, ਬੰਬਈ ਦੀ ਘੇਰਾਬੰਦੀ, ਭਾਈ ਅਮਰੀਕ ਸਿੰਘ ਸਮੇਤ ਸਿੰਘਾਂ ਦੀ ਗ੍ਰਿਫਤਾਰੀ, ਟਕਸਾਲ ਨਾਲ ਸਬੰਧਤ ਸਿੰਘਾਂ ਦੇ ਝੂਠੇ ਪੁਲਿਸ ਮੁਕਾਬਲੇ ਅਤੇ ਮਾਨਾਂਵਾਲੇ ਕਾਂਡ ਰਾਹੀਂ ਟਕਸਾਲ ਮੁਖੀ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਜੱਗ ਜ਼ਾਹਿਰ ਸਨ ਪਰ ਇਸ ਸਭ ਦੇ ਬਾਵਜੂਦ ਜਥੇ ਸੰਤ ਜਰਨੈਲ ਸਿੰਘ ਜੀ ਖਾਲਸਾ ਮੋਰਚੇ ਦੀ ਸਫਲਤਾ ਲਈ ਗੰਭੀਰਤਾ ਨਾਲ ਯਤਨਸ਼ੀਲ ਸਨ। ਉੱਥੇ ਹੀ ਉਹ ਦੇਸ਼ ਵਿਦੇਸ਼ਾਂ ਤੋਂ ਆਉਣ ਵਾਲੀਆਂ ਸਿੱਖ ਸੰਗਤਾਂ, ਹਿੰਦੁਸਤਾਨ ਭਰ ਦੇ ਵੱਖ-ਵੱਖ ਪਾਰਟੀਆਂ ਦੇ ਸਿਰਮੌਰ ਆਗੂਆਂ ਅਤੇ ਪੰਜਾਬ ਦੇ ਆਗੂਆਂ ਨਾਲ ਸਮੇਂ-ਸਮੇਂ ਵਿਚਾਰਾਂ ਕਰਦੇ ਰਹਿੰਦੇ। ਆਈਆਂ ਸੰਗਤਾਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਦੇ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਤੱਤਪਰ ਰਹਿਣ ਅਤੇ ਆਪਣੇ ਹੱਕ ਲੈਣ ਲਈ ਵੰਗਾਰਦੇ। ਇਨ੍ਹਾਂ ਸਭ ਯਤਨਾਂ ਦੇ ਨਾਲ-ਨਾਲ ਇਹ ਨਿਰਣਾ ਲਿਆ ਗਿਆ ਕਿ ਜਥੇ ਦੇ ਸਿੰਘਾਂ ਦੀ ਪੜ੍ਹਾਈ ਵੀ ਜਾਰੀ ਰਹੇ। ਇਸ ਲਈ ਗੁਰੂ ਨਾਨਕ ਨਿਵਾਸ ਵਿਖੇ ਹੀ ਕਥਾ ਦਾ ਪ੍ਰਬੰਧ ਕੀਤਾ ਗਿਆ। ਇਥੇ ਸੰਤ ਜੀ ਕਥਾ ਕਰਦੇ, ਜਥੇ ਦੇ ਅਸੂਲਾਂ ਮੁਤਾਬਕ ਸਿੰਘ ਪੋਥੀਆਂ ਪ੍ਰਕਾਸ਼ ਕਰਦੇ। ਕਥਾ ਹੋਣ ਤੋਂ ਬਾਅਦ ਜਥੇ ਦੇ ਸਿੰਘ ਆਪਸ ਵਿੱਚ ਬੈਠ ਕੇ

Scanned with CamScanner

ਕਥਾ ਵਿਚਾਰਦੇ। ਇਹ ਕਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ, ਸ੍ਰੀ ਦਸਮ ਗ੍ਰੰਥ ਦੀ ਬਾਣੀ ਦੀ ਅਤੇ ਇਤਿਹਾਸ ਦੀ ਹੋਇਆ ਕਰਦੀ ਸੀ। ਸੰਤਾਂ ਨਾਲ ਕਥਾ ਦਾ ਪਾਠ ਕਰਨ ਲਈ ਆਮ ਤੌਰ 'ਤੇ ਭਾਈ ਜਰਨੈਲ ਸਿੰਘ ਜਾਰਜਪੁਰ ਸੇਵਾ ਨਿਭਾਉਂਦੇ ਅਤੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਭਾਈ ਮਹਕਮ ਸਿੰਘ ਵੀ ਕਥਾ ਦਾ ਪਾਠ ਕਰਿਆ ਕਰਦੇ ਸਨ। ਕਥਾ ਦੌਰਾਨ ਆਉਣ ਜਾਣ ਵਾਲੀਆਂ ਸਿੱਖ ਸੰਗਤਾਂ ਜਾਂ ਆਗੂ ਵੀ ਕਥਾ ਸੁਣਨ ਬੈਠ ਜਾਂਦੇ ਅਤੇ ਕਥਾ ਤੋਂ ਬਾਅਦ ਹੀ ਕੋਈ ਵਿਚਾਰ ਵਟਾਂਦਰਾ ਹੁੰਦਾ। ਇਸ ਤਰ੍ਹਾਂ ਕਠਿਨ ਸਮੇਂ ਵਿੱਚ ਵੀ ਸੰਤਾਂ ਨੇ ਕਥਾ ਕਰਨ ਦੀ ਸੇਵਾ ਨੂੰ ਨਿਭਾਉਣ ਦਾ ਨੇਮ ਜਾਰੀ ਰੱਖਿਆ।

1983 ਦੀਆਂ ਨਗਰ ਪੰਚਾਇਤ ਚੋਣਾਂ

ਜੂਨ 1983 ਨੂੰ ਪੰਜਾਬ ਦੀਆਂ ਨਗਰ ਪੰਚਾਇਤ ਚੋਣਾਂ ਦਾ ਐਲਾਨ ਹੋ ਗਿਆ ਤਾਂ ਚੋਣਾਂ ਲਈ ਸਰਗਰਮੀਆਂ ਸੁਭਾਵਿਕ ਸਨ। ਪਿੰਡਾਂ ਵਿੱਚ ਦੋ-ਤਿੰਨ ਧੜੇ ਆਮ ਹੀ ਹੋਇਆ ਕਰਦੇ ਸਨ ਪਰ ਧੜੇਬੰਦੀਆਂ ਦੇ ਬਹੁਤ ਸਾਰੇ ਆਗੂ ਸੰਤਾਂ ਨਾਲ ਸਬੰਧਤ ਸਨ। ਇਸ ਲਈ ਉਹ ਪਿੰਡ ਦੀ ਨਗਰ ਪੰਚਾਇਤ ਦਾ ਮਸਲਾ ਸੰਤਾਂ ਕੋਲ ਰੱਖਦੇ। ਸੰਤ ਨਗਰ ਦੀ ਸਲਾਹ ਮੁਤਾਬਿਕ ਸਰਵ ਸੰਮਤੀ ਨਾਲ ਚੋਣ ਕਰ ਦਿਆ ਕਰਦੇ ਅਤੇ ਨਵੇਂ ਚੁਣੇ ਸਰਪੰਚ ਅਤੇ ਪੰਚਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਕਰਦੇ। ਨਾਲ ਆਦੇਸ਼ ਵੀ ਦਿੰਦੇ ਕਿ ਆਪਸੀ ਟਕਰਾਅ ਤਿਆਗੋ, ਸਿੱਖ ਕੌਮ ਦੀ ਸੇਵਾ ਲਈ ਤੱਤਪਰ ਹੋਵੋ, ਨਸ਼ਿਆਂ ਦਾ ਤਿਆਗ ਕਰੋ, ਅੰਮ੍ਰਿਤਧਾਰੀ ਹੋ ਕੇ ਗੁਰਬਾਣੀ ਨਾਲ ਜੁੜੋ। ਇਸ ਤਰ੍ਹਾਂ ਜਿਵੇਂ-ਜਿਵੇਂ ਇਹ ਖ਼ਬਰਾਂ ਪੰਜਾਬ ਵਿੱਚ ਫੈਲੀਆਂ ਕਿ ਸੰਤ ਜੀ ਤੁਰੰਤ ਹੀ ਨਗਰ ਦੀ ਆਪਸੀ ਧੜੇਬੰਦੀ ਦਾ ਫੈਸਲਾ ਕਰਕੇ ਸਰਵ ਸੰਮਤੀ ਕਰਵਾ ਦਿੰਦੇ ਹਨ ਤਾਂ ਸੈਂਕੜਿਆਂ ਦੀ ਗਿਣਤੀ ਵਿੱਚ ਨਗਰਾਂ ਦੇ ਹੋਰ ਅਜਿਹੇ ਕੇਸ ਵੀ ਸੰਤਾਂ ਕੋਲ ਆਏ ਜਿਨ੍ਹਾਂ ਦਾ ਸੰਤਾਂ ਨੇ ਸਰਵ ਸੰਮਤੀ ਨਾਲ ਫੈਸਲਾ ਕਰਵਾਉਂਦਿਆਂ ਪੰਚਾਇਤਾਂ ਚੁਣੀਆਂ। ਇਸ ਗੱਲ ਨਾਲ ਜਿੱਥੇ ਨਗਰਾਂ ਵਿੱਚ ਭਾਰੀ ਖੁਸ਼ੀ ਦੀ ਲਹਿਰ ਸੀ ਉੱਥੇ ਪੰਜਾਬ ਅਤੇ ਕੇਂਦਰ ਸਰਕਾਰ ਇਸ ਗੱਲ ਨੂੰ ਵੀ ਟੇਢੀ ਨਿਗ੍ਹਾ ਨਾਲ ਤੱਕ ਰਹੇ ਸਨ ਕਿ ਨਗਰਾਂ ਦੇ ਮੁਖੀ ਵਸਨੀਕਾਂ ਦਾ ਸੰਤਾਂ ਵੱਲ ਅਜਿਹਾ ਝੁਕਾਅ ਕਿਉਂ ਹੋ ਰਿਹਾ ਹੈ? ਇੱਥੋਂ ਤੱਕ ਕਿ ਸੰਤਾਂ ਵੱਲੋਂ ਸਰਵ ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਦੇ ਕਈ ਮੁਖੀਆਂ ਨੂੰ ਪੰਜਾਬ ਪੁਲਿਸ ਦੀ ਪੁੱਛਗਿੱਛ ਦਾ ਸਾਹਮਣਾ ਕਰਨਾ ਪਿਆ। ਸੰਤਾਂ ਦੇ ਇਸ ਉੱਦਮ ਨਾਲ ਧਰਮ ਯੁੱਧ ਮੋਰਚੇ ਨੂੰ ਵੀ ਭਾਰੀ ਉਤਸ਼ਾਹ ਮਿਲਿਆ ਕਿਉਂਕਿ ਹਰ ਨਗਰ ਦੀ ਚੁਣੀ ਗਈ ਪੰਚਾਇਤ ਨੂੰ ਸੰਤਾਂ ਵੱਲੋਂ ਮੋਰਚੇ ਵਿੱਚ ਵਧ-ਚੜ੍ਹ ਕੇ ਸਹਿਯੋਗ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ। ਸੰਤਾਂ ਦੇ ਇਸ ਉੱਦਮ ਦਾ ਕੇਵਲ ਪੰਜਾਬ ਵਿੱਚ ਹੀ ਨਹੀਂ ਬਲਕਿ ਵਿਦੇਸ਼ ਦੀਆਂ ਸੰਗਤਾਂ 'ਤੇ ਵੀ ਬੜਾ ਉਤਸ਼ਾਹਜਨਕ ਅਸਰ ਹੋਇਆ।

25 ਅਗਸਤ 1983 ਨੂੰ ਸੰਤਾਂ ਦੇ ਭਤੀਜੇ ਭਾਈ ਸਵਰਨ ਸਿੰਘ ਦੀ ਰਿਹਾਈ

ਲੁਧਿਆਣਾ ਵਿਖੇ ਸੈਸ਼ਨ ਜੱਜ ਸਰਦਾਰਾ ਸਿੰਘ ਦੀ ਅਦਾਲਤ ਵਿੱਚ ਲਾਲਾ ਜਗਤ ਨਾਰਾਇਣ ਕਤਲ ਕੇਸ ਚੱਲ ਰਿਹਾ ਸੀ। (ਯਾਦ ਰਹੇ ਇਸੇ ਕੇਸ ਦੀ ਸਾਜਿਸ਼ ਘੜਨ ਦੇ ਝੂਠੇ ਦੋਸ਼ ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕਰਕੇ ਫਿਰੋਜ਼ਪੁਰ ਦੀ ਜੇਲ੍ਹ ਵਿੱਚ ਰੱਖਿਆ ਗਿਆ ਸੀ)। ਇਸ ਕੇਸ ਨਾਲ ਸਬੰਧਤ ਭਾਈ ਨਛੱਤਰ ਸਿੰਘ ਰੜੇ ਅਤੇ ਭਾਈ ਸਵਰਨ ਸਿੰਘ ਰੋਡੇ ਲੁਧਿਆਣਾ ਜੇਲ੍ਹ ਵਿੱਚ ਬੰਦ ਸਨ ਅਤੇ ਪੁਲਿਸ ਮੁਤਾਬਕ ਇੱਕ ਹੋਰ ਵਿਅਕਤੀ ਭਾਈ ਦਲਬੀਰ ਸਿੰਘ ਸੀ ਜਿਸ ਨੂੰ ਪੁਲਿਸ ਗ੍ਰਿਫਤਾਰ ਨਹੀਂ ਸੀ ਕਰ ਸਕੀ। ਸੰਤ ਭਿੰਡਰਾਂਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਸੁਨੇਹਾ ਭੇਜ ਕੇ ਭਾਈ ਸਵਰਨ ਸਿੰਘ ਨੂੰ ਨਿੱਤਨੇਮ ਤੋਂ ਇਲਾਵਾ 101 ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕਰਨ ਅਤੇ ਭਾਈ ਨਛੱਤਰ ਸਿੰਘ ਨੂੰ ਵੱਧ ਤੋਂ ਵੱਧ ਸਿਮਰਨ ਕਰਨ ਅਤੇ ਬਾਣੀ ਪੜ੍ਹਣ ਲਈ ਕਿਹਾ। ਸੰਤਾਂ ਨੇ ਇਹ ਵੀ ਕਿਹਾ ਕਿ ਅਕਾਲ ਪੁਰਖ ਨੇ ਪਰਾਲਬਧ ਅਨੁਸਾਰ ਜੋ ਸਮਾਂ ਬਖਸ਼ਿਆ ਹੈ ਇਸ ਨੂੰ ਫਾਲਤੂ ਗੱਲਾਂ ਵਿੱਚ ਅਜਾਈਂ ਨਹੀਂ ਗਵਾਉਣਾ। ਫਿਰ ਸਮੇਂ-ਸਮੇਂ ਪਤਾ ਕਰਨ 'ਤੇ ਕਿ ਸਿੱਖ ਨਾਮ ਬਾਣੀ ਵਿੱਚ ਲੱਗੇ ਹੋਏ ਹਨ ਤਾਂ ਸੰਤ ਜੀ ਪ੍ਰਸੰਨਤਾ ਤੇ ਤਸੱਲੀ ਪ੍ਰਗਟ ਕਰਦੇ।

ਭਾਈ ਨਛੱਤਰ ਸਿੰਘ ਅਤੇ ਭਾਈ ਸਵਰਨ ਸਿੰਘ ਹੁਰਾਂ ਦੀਆਂ ਕਈ ਤਰੀਕਾਂ ਪਈਆਂ ਜਿਨ੍ਹਾਂ ਵਿੱਚ ਇਨ੍ਹਾਂ ਵੱਲੋਂ ਸਰਦਾਰ ਬਲਦੇਵ ਸਿੰਘ ਬਿੰਦਰਾ ਉਨ੍ਹਾਂ ਦੇ ਸਹਾਇਕ ਸ. ਗੁਰਚਰਨ ਸਿੰਘ ਬੱਲ, ਸ. ਜਸਬੀਰ ਸਿੰਘ ਬਿੰਦਰਾ ਆਦਿ ਵਕੀਲ ਕੇਸ ਲਈ ਬਹਿਸ ਕਰਦੇ ਰਹੇ। ਅਖੀਰ 25 ਅਗਸਤ 1983 ਨੂੰ ਜਸਟਿਸ ਸਰਦਾਰਾ ਸਿੰਘ ਨੇ ਕੇਸ ਦਾ

Scanned with CamScanner

ਫੈਸਲਾ ਸੁਣਾਉਣਾ ਸੀ। ਆਮ ਤੌਰ 'ਤੇ ਫੈਸਲੇ ਵਾਲੀ ਤਰੀਕ 'ਤੇ ਸੀਨੀਅਰ ਵਕੀਲ ਪੇਸ਼ ਨਹੀਂ ਹੋਇਆ ਕਰਦੇ ਕਿਉਂਕਿ ਕੇਵਲ ਫੈਸਲਾ ਹੀ ਸੁਣਨਾ ਹੁੰਦਾ ਹੈ। ਪਰ ਅੱਜ ਫੈਸਲੇ ਦੀ ਤਰੀਕ 'ਤੇ ਵੱਡੀ ਗਿਣਤੀ ਵਿੱਚ ਸੰਗਤਾਂ ਇਕੱਤਰ ਹੋਈਆਂ ਸਨ ਜਿਨ੍ਹਾਂ ਵਿੱਚ ਲੁਧਿਆਣੇ ਦੇ ਅਕਾਲੀ ਆਗੂ ਜਥੇਦਾਰ ਸੁਰਜਨ ਸਿੰਘ ਠੇਕੇਦਾਰ, ਬਸੰਤ ਸਿੰਘ ਖ਼ਾਲਸਾ, ਗਿਆਨੀ ਗੁਰਦੇਵ ਸਿੰਘ ਲਲਤੋਂ, ਸ. ਹੀਰਾ ਸਿੰਘ ਗਾਬੜੀਆ, ਜਥੇਦਾਰ ਸਰੂਪ ਸਿੰਘ, ਸ. ਰਣਜੀਤ ਸਿੰਘ ਨਾਜ਼ ਸੰਗਤਾਂ ਸਮੇਤ ਹਾਜ਼ਰ ਸਨ। ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਤੋਂ ਜਥੇਦਾਰ ਸੁਜਾਨ ਸਿੰਘ ਮਨਾਵਾਂ, ਜਥੇਦਾਰ ਗਾਮ ਸਿੰਘ ਸੁਲਤਾਨਪੁਰ, ਭਾਈ ਲੱਖਾ ਸਿੰਘ, ਭਾਈ ਦਾਰਾ ਸਿੰਘ ਸਮੇਤ ਕਾਫੀ ਸਿੰਘ ਸਨ। ਇਸੇ ਤਰ੍ਹਾਂ ਹਲਕਾ ਬਾਘਾਪੁਰਾਣਾ ਦੇ ਅਕਾਲੀ ਆਗੂ ਸ. ਅਮਰ ਸਿੰਘ, ਜਥੇਦਾਰ ਜਗਜੀਤ ਸਿੰਘ ਰੋਡੇ (ਭਰਾਤਾ ਸੰਤ ਭਿੰਡਰਾਂਵਾਲੇ) ਅਤੇ ਸ. ਮਨੋਹਰ ਸਿੰਘ ਗਰੇਵਾਲ, ਜਥੇਦਾਰ ਸਕੱਤਰ ਸਿੰਘ ਆਦਿ ਕਈ ਆਗੂ ਮੌਜੂਦ ਸਨ। ਇਨ੍ਹਾਂ ਸਭ ਸੰਗਤਾਂ ਦੀ ਮੰਗ ਸੀ ਕਿ ਅੱਜ ਫੈਸਲੇ ਦੀ ਤਰੀਕ 'ਤੇ ਸੀਨੀਅਰ ਵਕੀਲ ਬਲਦੇਵ ਸਿੰਘ ਬਿੰਦਰਾ ਜ਼ਰੂਰ ਆਉਣ। ਇਸ ਲਈ ਭਾਈ ਤੇਜਵੰਤ ਸਿੰਘ ਨਾਰੰਗਵਾਲ ਨੇ ਸ. ਬਿੰਦਰਾ ਦੇ ਘਰ ਜਾ ਕੇ ਕਿਹਾ ਕਿ ਜੇ ਹੋ ਸਕੇ ਤਾਂ ਤੁਸੀਂ ਇੱਕ ਵਾਰ ਅਦਾਲਤ ਵਿੱਚ ਜਾ ਆਉ, ਇਹ ਉੱਥੇ ਮੌਜੂਦ ਸੰਗਤਾਂ ਦੀ ਇੱਛਾ ਹੈ। ਸ. ਬਿੰਦਰਾ ਨੇ ਕਿਹਾ ਕਿ ਫੈਸਲੇ ਵਾਲੀ ਤਰੀਕ 'ਤੇ ਮੈਂ ਜਾਇਆ ਨਹੀਂ ਕਰਦਾ, ਚੱਲੋ ਜੇ ਸੰਗਤਾਂ ਚਾਹੁੰਦੀਆਂ ਹਨ ਤਾਂ ਮੈਂ ਜਾ ਆਉਂਦਾ ਹਾਂ। ਇਸ ਤਰ੍ਹਾਂ ਸ. ਬਿੰਦਰਾ ਜਦੋਂ ਅਦਾਲਤ ਵਿੱਚ ਪੇਸ਼ ਹੋਣ ਲਈ ਇਥੇ ਪਹੁੰਚੇ ਤਾਂ ਬਾਹਰ ਸੈਂਕੜਿਆਂ ਦੀ ਗਿਣਤੀ ਵਿੱਚ ਖੜ੍ਹੀਆਂ ਸੰਗਤਾਂ ਨੇ ਸ. ਬਿੰਦਰਾ ਦੇ ਹੱਕ ਵਿੱਚ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਕਿਉਂਕਿ ਸੰਗਤਾਂ ਜਾਣਦੀਆਂ ਸਨ ਕਿ ਸੰਤਾਂ ਦੇ ਕੇਸ ਦੀ ਪੈਰਵਾਈ ਵੀ ਇਨ੍ਹਾਂ ਨੇ ਹੀ ਕੀਤੀ ਹੈ। ਨਾਅਰੇਬਾਜ਼ੀ ਹੁੰਦੀ ਰਹੀ ਸ. ਬਿੰਦਰਾ ਨੇ ਸੰਗਤਾਂ ਨੂੰ ਇੱਕ ਵਾਰ ਸ਼ਾਂਤਚਿਤ ਬੁਲਾਈ ਅਤੇ ਬਿਨ੍ਹਾਂ ਰੁਕਿਆਂ ਅਦਾਲਤ ਵਿੱਚ ਚਲੇ ਗਏ। ਸ਼ਾਇਦ ਪਹਿਲੀ ਵਾਰ ਹੀ ਅਜਿਹਾ ਹੋਇਆ ਕਿ ਕਿਸੇ ਵਕੀਲ ਨੂੰ ਕਚਹਿਰੀਆਂ ਵਿੱਚ ਹੀ ਸੰਗਤਾਂ ਵੱਲੋਂ ਇਨਾ ਪਿਆਰ ਭਰਿਆ ਸਨਮਾਨ ਮਿਲਿਆ ਹੋਵੇ।

ਸੈਸ਼ਨ ਜੱਜ ਨੇ ਫੈਸਲਾ ਕਰਦਿਆਂ ਸ. ਸਵਰਨ ਸਿੰਘ ਖ਼ਾਲੜਾ ਤੇ ਭਾਈ ਨਛੱਤਰ ਸਿੰਘ ਨੂੰ ਉਮਰ ਕੈਦ ਦੀ ਸਜਾ ਸੁਣਾ ਦਿੱਤੀ। ਸਵਰਨ ਸਿੰਘ ਅਤੇ ਨਛੱਤਰ ਸਿੰਘ ਦੋਵੇਂ ਜਣੇ ਆਪਸ ਵਿੱਚ ਜੱਫੀ ਪਾ ਕੇ ਕਾਫੀ ਸਮਾਂ ਖੜੋਤੇ ਰਹੇ ਜਿਸ ਨੂੰ ਤੱਕ ਕੇ ਪ੍ਰਤੱਖ ਦਰਸ਼ੀਆਂ ਦੀਆਂ ਅੱਖਾਂ ਵੀ ਨਮ ਹੋ ਗਈਆਂ ਕਿ ਸਿੱਖਾਂ ਦਾ ਕਿਸ ਤਰ੍ਹਾਂ ਦਾ ਆਪਸੀ ਪ੍ਰੇਮ ਹੈ। ਇਸ ਤੋਂ ਉਪਰੰਤ ਮੌਜੂਦ ਜਥੇਦਾਰ ਅਤੇ ਸੰਗਤਾਂ ਭਾਈ ਨਛੱਤਰ ਸਿੰਘ ਅਤੇ ਸ. ਸਵਰਨ ਸਿੰਘ ਨੂੰ ਮਿਲੀਆਂ। ਰਿਹਾਈ ਤੋਂ ਬਾਅਦ ਭਾਈ ਸਵਰਨ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਜਿੱਥੇ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਦੇਰ ਹੀ ਸੰਤਾਂ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸੰਤਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਿਨੋ-ਦਿਨ ਸਰਕਾਰ ਦੀਆਂ ਸਾਜਿਸ਼ਾਂ ਬੇਪਰਦ ਹੋ ਰਹੀਆਂ ਹਨ, ਸਿੱਖਾਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਗਿਆ ਹੈ ਅਤੇ ਅਦਾਲਤੀ ਫੈਸਲੇ ਹੋਣ 'ਤੇ ਸਿੱਖ ਬੇਗੁਨਾਹ ਸਾਬਤ ਹੋ ਰਹੇ ਹਨ, ਭਾਈ ਸਵਰਨ ਸਿੰਘ ਰੋਡੇ ਦੀ ਅਦਾਲਤ ਵੱਲੋਂ ਰਿਹਾਈ ਇਸ ਗੱਲ ਦਾ ਸਬੂਤ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਭਾਈ ਨਛੱਤਰ ਸਿੰਘ ਅਤੇ ਬਾਕੀ ਦੇ ਨਜ਼ਰਬੰਦ ਸਿੰਘ ਕਿਸੇ ਗੱਲੋਂ ਵੀ ਫ਼ਿਕਰ ਨਾ ਕਰਨ, ਖ਼ਾਲਸਾ ਪੰਥ ਉਨ੍ਹਾਂ ਦੇ ਨਾਲ ਹੈ।

ਗੁਰੂ ਸਾਹਿਬਾਨ ਦੀ ਨਿਰਾਦਰੀ ਦਾ ਸਖਤ ਵਿਰੋਧ

ਸੰਤ ਭਿੰਡਰਾਂਵਾਲੇ ਗੁਰੂ ਸਾਹਿਬ ਦੀ ਨਿਰਾਦਰੀ, ਚਾਹੇ ਉਹ ਕਿਸੇ ਵੀ ਰੂਪ ਵਿੱਚ ਕਿਸੇ ਵਿਅਕਤੀ ਵਿਸ਼ੇਸ਼ ਵੱਲੋਂ ਕੀਤੀ ਗਈ ਹੋਵੇ ਹਰਗਿਜ਼ ਬਰਦਾਸ਼ਤ ਨਹੀਂ ਸਨ ਕਰਦੇ। 1983 ਵਿੱਚ ਹਿੰਦ ਸਮਾਚਾਰ ਪੱਤਰ ਸਮੂਹ ਜਲੰਧਰ ਵੱਲੋਂ ਇੱਕ ਕੈਲੰਡਰ ਛਾਪਿਆ ਗਿਆ ਜਿਸ ਉੱਤੇ ਇੱਕ ਪਾਸੇ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਛਾਪੀ ਗਈ ਅਤੇ ਉਸ ਦੇ ਬਰਾਬਰ ਹੀ ਦੂਸਰੇ ਪਾਸੇ ਲਾਲਾ ਜਗਤ ਨਾਰਾਇਣ ਦੀ ਫੋਟੋ ਛਾਪ ਦਿੱਤੀ। ਅਜਿਹਾ ਕਰਨ ਲੱਗਿਆ ਹਿੰਦ ਸਮਾਚਾਰ ਦੇ ਸੰਪਾਦਕ ਰਮੇਸ਼ ਚੰਦਰ ਨੇ ਸੋਚਿਆ ਤੱਕ ਨਾ ਕਿ ਕਿੱਥੇ ਇਲਾਹੀ ਨੂਰ ਪੁੱਤਰਾਂ ਦੇ ਦਾਨੀ, ਖ਼ਾਲਸਾ ਪੰਥ ਦੇ ਸਿਰਜਨਹਾਰ, ਗੁਰੂ ਗੋਬਿੰਦ ਸਿੰਘ ਮਹਾਰਾਜ ਅਤੇ ਕਿੱਥੇ ਇੱਕ ਸਾਧਾਰਨ ਵਿਅਕਤੀ ਨੂੰ ਬਰਾਬਰਤਾ ਦੇ ਕੇ ਛਾਪ ਰਹੇ ਹਾਂ। ਜਦੋਂ ਅਖ਼ਬਾਰ ਦੀ ਇਸ ਗੁਸਤਾਖੀ ਉੱਤੇ ਸੰਤ ਭਿੰਡਰਾਂਵਾਲਿਆਂ ਦੀ ਨਜ਼ਰ ਪਈ ਤਾਂ ਉਨ੍ਹਾਂ ਨੂੰ ਆਤਮਿਕ ਤੌਰ 'ਤੇ ਭਾਰੀ ਝਟਕਾ ਲੱਗਾ ਤਾਂ ਉਨ੍ਹਾਂ ਨੇ 29 ਮਈ ਨੂੰ ਮੰਜੀ ਸਾਹਿਬ ਦੀਵਾਨ

Scanned with CamScanner

ਹਾਲ ਵਿੱਚ ਧਰਮ ਯੁੱਧ ਮੋਰਚੇ ਦੀ ਸਟੇਜ ਤੋਂ ਬੋਲਦਿਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ "ਸੰਤ ਜੀ" ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਕਿੰਨਾ ਕੁ ਚਿਰ ਆਪਾਂ ਸ਼ਾਂਤੀ ਰੱਖਣੀ ਹੈ ਕਿਉਂਕਿ ਪਾਣੀ ਸਿਰ ਤੋਂ ਲੰਘ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਂ ਹਿੰਦ ਸਮਾਚਾਰ ਦੇ ਐਡੀਟਰ ਸ੍ਰੀ ਰਮੇਸ਼ ਚੰਦਰ ਨੂੰ ਵੀ ਸਾਫ-ਸਾਫ ਇਹ ਗੱਲ ਕਹਿ ਦੇਣੀ ਚਾਹੁੰਦਾ ਹਾਂ ਕਿ ਜੇ ਉਸ ਨੇ ਕੈਲੰਡਰ ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਲਾਲੇ ਦੀ ਫੋਟੋ ਛਾਪ ਕੇ ਕੀਤੀ ਗੁਸਤਾਖੀ ਦੀ ਚਾਰ ਦਿਨਾਂ ਦੇ ਵਿੱਚ ਵਿੱਚ ਸਿੱਖ ਕੌਮ ਤੋਂ ਮਾਫੀ ਨਾ ਮੰਗੀ ਤਾਂ ਇਸ ਗੁਸਤਾਖੀ ਕਾਰਨ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ ਅਤੇ ਇਸਦਾ ਖਮਿਆਜ਼ਾ ਰਮੇਸ਼ ਚੰਦਰ ਨੂੰ ਹਰ ਹਾਲਤ ਭੁਗਤਣਾ ਪਵੇਗਾ। ਸੰਤਾਂ ਦੀ ਇਸ ਤਕਰੀਰ ਬਾਰੇ ਜਲੰਧਰ ਤੋਂ ਛਪਣ ਵਾਲੇ ਅਖ਼ਬਾਰਾਂ ਵਿੱਚ ਵਾਦ-ਵਿਵਾਦ ਸ਼ੁਰੂ ਹੋ ਗਿਆ। ਸ੍ਰੀ ਰਮੇਸ਼ ਚੰਦਰ ਐਡੀਟਰ ਹਿੰਦ ਸਮਾਚਾਰ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਦਰਖ਼ਾਸਤ ਭੇਜੀ ਕਿ ਉਹ ਇਸਦੀ ਛਾਣਬੀਨ ਕਰਕੇ ਖੁਦ ਫੈਸਲਾ ਦੇਣ। ਸੰਤ ਲੌਂਗੋਵਾਲ ਨੇ ਤੁਰੰਤ ਹੀ ਇਹ ਮਸਲਾ ਧਰਮ ਪ੍ਰਚਾਰ ਕਮੇਟੀ ਦੇ ਹਵਾਲੇ ਕਰ ਦਿੱਤਾ।

ਤਖ਼ਤ ਸ੍ਰੀ ਕੇਸਗੜ੍ਹ ਵਿਖੇ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਹੋਈ ਜਿਸਦੀ ਪ੍ਰਧਾਨਗੀ ਸ. ਗੁਰਚਰਨ ਸਿੰਘ ਟੌਹੜਾ ਨੇ ਕੀਤੀ। ਕੈਲੰਡਰ ਦੇ ਮਸਲੇ 'ਤੇ ਵਿਚਾਰ ਕਰਨ ਪਿੱਛੋਂ ਫੈਸਲੇ ਵਿੱਚ ਲਿਖਿਆ ਕਿ ਹਿੰਦ ਸਮਾਚਾਰ ਗਰੁੱਪ ਨੇ ਕੈਲੰਡਰ ਉਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਲਾਲਾ ਜਗਤ ਨਾਰਾਇਣ ਦੀ ਤਸਵੀਰ ਛਾਪ ਕੇ ਸਿੱਖ ਜਜ਼ਬਾਤਾਂ ਨੂੰ ਠੇਸ ਪਹੁੰਚਾਈ ਹੈ। ਇਸ ਘਿਨਾਉਣੀ ਕਾਰਵਾਈ ਕਰਨ 'ਤੇ ਸ੍ਰੀ ਰਮੇਸ਼ ਚੰਦਰ ਫੌਰੀ ਤੌਰ 'ਤੇ ਸਿੱਖ ਜਗਤ ਤੋਂ ਮੁਆਫੀ ਮੰਗਣ।

ਬਾਅਦ ਵਿੱਚ ਸ੍ਰੀ ਰਮੇਸ਼ ਚੰਦਰ ਨੇ ਆਪਣੇ ਤਿੰਨਾਂ ਹੀ ਅਖਬਾਰਾਂ ਹਿੰਦ ਸਮਾਚਾਰ, ਪੰਜਾਬ ਕੇਸਰੀ ਅਤੇ ਜਗਬਾਣੀ ਵਿੱਚ ਆਪਣੇ ਦਸਤਖਤਾਂ ਹੇਠ ਸ਼ੋਧਾਦਕੀ ਲੇਖ ਛਾਪ ਕੇ ਸਿੱਖ ਜਗਤ ਤੋਂ ਮੁਆਫੀ ਮੰਗੀ।

ਮੰਜੀ ਸਾਹਿਬ ਦੀਵਾਨ ਹਾਲ ਤੋਂ ਭਿੰਡਰਾਂਵਾਲਿਆਂ ਦਾ ਸੰਬੋਧਨ ਰੋਕਣ ਦੀ ਚਰਚਾ

ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸੰਬੋਧਨ ਕਰਨ ਸਮੇਂ ਸੰਤ ਭਿੰਡਰਾਂਵਾਲਿਆਂ ਵੱਲੋਂ ਬਹੁਤ ਸਪੱਸ਼ਟਤਾ ਸਹਿਤ ਵਿਚਾਰ ਰੱਖੇ ਜਾਂਦੇ ਅਤੇ ਦ੍ਰਿੜ੍ਹਤਾ ਭਰਪੂਰ ਸੋ ਫੀਸਦੀ ਹੱਕੀ ਮੰਗਾਂ ਮੰਨਵਾਉਣ ਤੱਕ ਧਰਮ ਯੁੱਧ ਮੋਰਚਾ ਜਾਰੀ ਰੱਖਣ ਅਤੇ ਅੰਮ੍ਰਿਤਧਾਰੀ ਸਿੱਖਾਂ, ਸਿੱਖ ਪਰਿਵਾਰਾਂ ਜਾਂ ਸਿੱਖ ਬੀਬੀਆਂ 'ਤੇ ਤਸ਼ੱਦਦ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਢੁੱਕਵਾਂ ਜਵਾਬ ਦੇਣ ਦੀ ਗੱਲ ਕਹੀ ਜਾਂਦੀ। ਆਪਣੀ ਸਵੈ ਰੱਖਿਆ ਲਈ ਹਰ ਪਿੰਡ ਵਿੱਚ ਤਿੰਨ-ਤਿੰਨ ਸਿੰਘ, ਤਿੰਨ-ਤਿੰਨ ਨਵੇਂ ਰਿਵਾਲਵਰ ਅਤੇ ਇੱਕ-ਇੱਕ ਮੋਟਰਸਾਈਕਲ ਰੱਖਣ ਲਈ ਕਿਹਾ ਜਾਂਦਾ। ਫੌਜ ਸਮੇਤ ਹਿੰਦੁਸਤਾਨ ਭਰ ਵਿੱਚ ਕਿਧਰੇ ਵੀ ਸਿੱਖਾਂ ਨਾਲ ਵਧੀਕੀ ਕੀਤੀ ਜਾਂਦੀ ਤਾਂ ਉਸਦਾ ਸਖਤ ਨੋਟਿਸ ਲਿਆ ਜਾਂਦਾ ਅਤੇ ਮੌਕੇ ਦੀ ਹਕੂਮਤ ਨੂੰ ਇਸ ਗੱਲ ਤੋਂ ਵੀ ਵਾਰਨਿੰਗ ਦਿੱਤੀ ਜਾਂਦੀ ਕਿ ਸਿੱਖ ਕੌਮ ਕੋਲ ਹੁਣ ਸ਼ਾਂਤੀ ਰੱਖਣ ਦੀ ਸੀਮਾ ਖਤਮ ਹੁੰਦੀ ਜਾ ਰਹੀ ਹੈ। ਇਸ ਲਈ ਸਾਡੇ ਸਬਰ ਨੂੰ ਹੋਰ ਨਾ ਪਰਖਿਆ ਜਾਵੇ ਕਿਉਂਕਿ ਸਿੱਖ ਕੌਮ ਸਿਰ ਧੜ ਦੀ ਬਾਜੀ ਲਾ ਕੇ ਆਪਣੇ ਧਰਮ ਦੀ ਰੱਖਿਆ ਕਰਨ ਜਾਣਦੀ ਹੈ ਅਤੇ ਆਪਣੇ ਹੱਕ ਲੈਣ ਵਾਸਤੇ ਵੀ ਆਪਾ ਕੁਰਬਾਨ ਕਰ ਸਕਦੀ ਹੈ। ਸੰਤ ਸਿੱਖ ਆਗੂਆਂ ਨੂੰ ਵੀ ਸੰਬੋਧਨ ਹੁੰਦਿਆਂ ਕਹਿੰਦੇ ਕਿ ਗੁਲਾਮੀ ਦੀ ਜ਼ਲਾਲਤ ਝੱਲਣ ਨਾਲੋਂ ਅਣਖ ਦੀ ਮੌਤ ਸੌ ਦਰਜੇ ਚੰਗੀ ਹੈ। ਇਸ ਤਰ੍ਹਾਂ ਸੰਤਾਂ ਵੱਲੋਂ ਕਿਹਾ ਗਿਆ ਇੱਕ-ਇੱਕ ਲਫ਼ਜ਼ ਸਮੇਂ ਦੇ ਅਨੁਕੂਲ ਸੀ, ਪਰ ਕੁੱਝ ਮੌਕਾਪ੍ਰਸਤ ਅਤੇ ਰਾਜਨੀਤਿਕ ਕੁਰਸੀ ਦੀ ਤਾਕ ਲਾਈ ਬੈਠੇ ਆਗੂਆਂ ਨੂੰ ਸੰਤਾਂ ਦੀ ਇਹ ਵਿਚਾਰਧਾਰਾ ਰਾਸ ਨਹੀਂ ਸੀ ਆਉਂਦੀ।

ਇਸ ਲਈ ਅਕਾਲੀ ਦਲ ਦੇ ਜ਼ਿੰਮੇਵਾਰ ਆਗੂਆਂ ਵੱਲੋਂ ਸੰਤਾਂ 'ਤੇ ਕਈ ਤਰ੍ਹਾਂ ਦੇ ਝੂਠੇ ਇਲਜ਼ਾਮ ਲੱਗਣੇ ਸ਼ੁਰੂ ਹੋ ਗਏ ਕਿ ਇਹ ਅਕਾਲੀ ਦਲ ਦੀ ਪਾਲਿਸੀ ਤੋਂ ਪਾਸੇ ਜਾ ਰਹੇ ਹਨ, ਕਈ ਕਹਿੰਦਾ ਕਿ ਇਹ ਕਾਂਗਰਸ ਦੇ ਏਜੰਟ ਹਨ, ਕੋਈ ਕੁੱਝ ਅਤੇ ਕੋਈ ਕੁੱਝ। ਪਰ ਇਹ ਸਭ ਕੁੱਝ ਅਕਾਲੀ ਰਾਈ ਕਮਾਂਡ ਦੀ ਅੰਦਰੂਨੀ ਸਹਿਮਤੀ ਨਾਲ ਹੀ ਹੋ ਰਿਹਾ ਸੀ ਅਤੇ ਗੱਲ ਇੱਥੋਂ ਤੱਕ ਪੁੱਜ ਗਈ ਕਿ ਸੰਤਾਂ ਨੂੰ ਮੰਜੀ ਸਾਹਿਬ ਦੀ ਸਟੇਜ ਵਿਖੇ ਬੋਲਣ ਤੋਂ ਮਨ੍ਹਾ ਕਰ ਦਿੱਤਾ ਜਾਵੇ। ਪਰ ਪ੍ਰਤੱਖ ਰੂਪ ਵਿੱਚ ਕਿਸੇ ਨੇ ਵੀ ਸੰਤਾਂ ਨੂੰ ਅਜਿਹਾ ਕਹਿਣ ਦੀ ਹਿੰਮਤ ਨਾ ਕੀਤੀ। ਸਗੋਂ ਪ੍ਰੈਸ ਵਿੱਚ ਸੰਤ

Scanned with CamScanner

ਲੌਂਗੋਵਾਲ ਵੱਲੋਂ ਇੱਕ ਬਿਆਨ ਜਾਰੀ ਕਰ ਦਿੱਤਾ ਗਿਆ ਜਿਸ ਵਿੱਚ ਕਿਹਾ ਗਿਆ ਕਿ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦੇ ਹਾਂ ਕਿ ਸੰਤਾਂ ਨੂੰ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਬੋਲਣ ਤੋਂ ਰੋਕਿਆ ਜਾਵੇ। ਬਾਅਦ ਵਿੱਚ ਸ. ਭਾਨ ਸਿੰਘ ਨੇ ਇਸ ਖ਼ਬਰ ਦਾ ਖੰਡਨ ਕੀਤਾ। ਪਰ ਇਹ ਸੋਚਦਿਆਂ ਹੋਇਆਂ ਕਿ ਕੋਈ ਅਣਸੁਖਾਵੀਂ ਗੱਲ ਨਾ ਹੋਵੇ ਇਸ ਲਈ ਸੰਤਾਂ ਨੇ ਭਾਈ ਅਮਰੀਕ ਸਿੰਘ ਸਮੇਤ ਚੋਣਵੇਂ ਸਾਥੀ ਸਿੰਘਾਂ ਨਾਲ ਵਿਚਾਰ ਕਰਨ ਉਪਰੰਤ ਫੈਸਲਾ ਲੈ ਲਿਆ ਕਿ ਉਹ ਅੱਜ ਤੋਂ ਬਾਅਦ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸੰਬੋਧਨ ਕਰਨ ਨਹੀਂ ਜਾਣਗੇ, ਪਰ ਇਸ ਸਬੰਧ ਵਿੱਚ ਝੂਠੀਆਂ ਤੋਹਮਤਾਂ ਲਾਉਣ ਵਾਲੇ ਆਗੂਆਂ ਨੂੰ ਅੱਜ ਜ਼ਰੂਰ ਕੁੱਝ ਗੱਲਾਂ ਕਹਿਣੀਆਂ ਹਨ।

ਸੋ ਸੰਤਾਂ ਨੇ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸੰਬੋਧਨ ਕਰਦਿਆਂ, ਜਿੱਥੇ ਧਰਮ ਯੁੱਧ ਮੋਰਚੇ ਦੀ ਗ੍ਰਿਫ਼ਤਾਰੀ ਦੇਣ ਵਾਲੇ ਸਿੰਘਾਂ ਨੂੰ ਜਾਬਤੇ ਵਿੱਚ ਰਹਿਦਿਆਂ ਜੇਲ੍ਹ ਅੰਦਰ ਨਾਮ ਬਾਣੀ, ਸਿਮਰਨ ਭਜਨ ਵਿੱਚ ਵੱਧ ਤੋਂ ਵੱਧ ਸਮਾਂ ਸਫਲਾ ਕਰਨ ਲਈ ਬੇਨਤੀ ਕੀਤੀ, ਉੱਥੇ ਅਕਾਲੀ ਦਲ ਦੇ ਕੁੱਝ ਉਨ੍ਹਾਂ ਆਗੂਆਂ ਨੂੰ ਜੋ ਮਨ ਹੀ ਮਨ ਵਿੱਚ ਈਰਖਾ ਰੱਖਦੇ ਹਨ ਅਤੇ ਸ਼ਰੇਆਮ ਝੂਠੀ ਦਿਲਜ਼ਾਮਬਾਜੀ ਕਰਦੇ ਸਨ, ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਤੋਂ ਧਰਮ ਯੁੱਧ ਮੋਰਚਾ ਆਰੰਭ ਹੋਇਆ ਹੈ, ਦਾਸ ਨੇ ਇੱਕ ਵੀ ਅਜਿਹਾ ਲਫ਼ਜ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਪ੍ਰਧਾਨ ਸ਼੍ਰੋਮਣੀ ਕਮੇਟੀ ਜਾਂ ਕਿਸੇ ਵੀ ਆਗੂ ਬਾਰੇ ਨਹੀਂ ਕਿਹਾ ਜਿਸ ਨਾਲ ਕੌਮ ਵਿੱਚ ਦੁਵਿਧਾ ਪੈਦਾ ਹੁੰਦੀ ਹੋਵੇ ਜਾਂ ਧਰਮ ਯੁੱਧ ਮੋਰਚੇ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਨੁਕਸਾਨ ਪਹੁੰਚਦਾ ਹੋਵੇ। ਪਰ ਅਕਾਲੀ ਦਲ ਦੇ ਕੁੱਝ ਜ਼ਿੰਮੇਵਾਰ ਆਗੂ, ਆਏ ਦਿਨ ਦਾਸ ਬਾਰੇ ਬੇਲੋੜੀ ਬਿਆਨਬਾਜੀ ਕਰਦੇ ਰਹਿਦੇ ਹਨ। ਇਨ੍ਹਾਂ ਵਿੱਚ ਸੁੱਚਾ ਸਿੰਘ ਛੋਟੇਪੁਰ ਜੋ ਅਕਾਲੀ ਦਲ ਵੱਲੋਂ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ, ਹਰੀ ਸਿੰਘ ਜੀਰਾ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਤਾਲਬ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਲੁਧਿਆਣਾ, ਐਡਵੋਕੇਟ ਜਸਵੰਤ ਸਿੰਘ ਬਠਿੰਡਾ ਆਦਿ ਨੇ ਦਾਸ ਵਿਰੁੱਧ ਕਈ ਤਰ੍ਹਾਂ ਦੀ ਬਿਆਨਬਾਜੀ ਕੀਤੀ ਹੈ। ਦਾਸ ਨੇ ਇਸ ਲਈ ਇਨ੍ਹਾਂ ਵਿਰੁੱਧ ਕੋਈ ਧਾਸ ਤਵੱਜੋ ਨਹੀਂ ਦਿੱਤੀ ਕਿਉਂਕਿ ਇਹ ਤਾਂ ਮੋਹਰੇ ਹਨ ਇਨ੍ਹਾਂ ਪਿੱਛੇ ਕੁੱਝ ਹੋਰ ਸ਼ਕਤੀਆਂ ਹਨ ਜੋ ਇਨ੍ਹਾਂ ਤੋਂ ਅਜਿਹਾ ਕਰਵਾਉਂਦੀਆਂ ਹਨ। ਹਾਲਾਂਕਿ ਬਾਅਦ ਵਿੱਚ ਇਨ੍ਹਾਂ ਨੇ ਇਸ ਬਿਆਨਬਾਜੀ ਬਾਰੇ ਅਖਬਾਰਾਂ ਰਾਹੀਂ ਮਾਫ਼ੀ ਵੀ ਮੰਗ ਲਈ ਹੈ। ਪਰ ਇਨ੍ਹਾਂ ਦੀ ਮਨਸ਼ਾ ਤਾਂ ਜੱਗ ਜਾਹਿਰ ਹੋ ਹੀ ਗਈ ਹੈ।

ਸੋ, ਆਪਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਜਿਹੀ ਬਿਆਨਬਾਜੀ ਪਿੱਛੇ ਕਿਸ ਦਾ ਹੱਥ ਹੋ ਸਕਦਾ ਹੈ ਜਾਂ ਕਿਹੜੀਆਂ ਸ਼ਕਤੀਆਂ ਹਨ, ਜੋ ਧਰਮ ਯੁੱਧ ਮੋਰਚੇ ਦੀ ਸਫਲਤਾ ਨੂੰ ਵੇਖਦਿਆਂ ਹੋਇਆਂ, ਸਾਡੇ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਵਿੱਚ ਹਨ। ਕੁੱਝ ਭਾਈਆਂ ਨੇ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਇਸ ਨੂੰ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਬੋਲਣ ਤੋਂ ਰੋਕਣਾ ਚਾਹੀਦਾ ਹੈ। ਹਾਲਾਂਕਿ ਕੋਈ ਅਜਿਹਾ ਕਾਰਨ ਨਹੀਂ ਜਿਸ ਕਰਕੇ ਕੋਈ ਵੀ ਆਗੂ ਦਾਸ ਨੂੰ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬੋਲਣ ਤੋਂ ਰੋਕਣ ਲਈ ਕੋਈ ਠੋਸ ਸਬੂਤ ਪੇਸ਼ ਕਰ ਸਕੇ। ਪਰ ਫਿਰ ਵੀ ਜੇਕਰ ਇਹ ਆਗੂ ਚਾਹੁੰਦੇ ਹਨ ਕਿ ਮੈਂ ਇੱਥੇ ਨਾ ਬੋਲਾਂ ਤਾਂ ਅੱਜ ਤੋਂ ਬਾਅਦ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਆ ਕੇ ਸੰਬੋਧਨ ਨਹੀਂ ਕਰਾਂਗਾ, ਪਰ ਮੈਂ ਸਮੁੱਚੀ ਸੰਗਤ ਨੂੰ ਬੇਨਤੀ ਕਰਦਾ ਹਾਂ ਕਿ ਜੋ ਇਹ ਆਗੂ ਝੂਠੀਆਂ ਤੋਹਮਤਾਂ ਲਾਉਂਦੇ ਹਨ ਇਸ ਬਾਰੇ ਸਮਾਂ ਹੀ ਦੱਸੇਗਾ ਕਿ ਕੌਣ ਪੰਥਕ ਹੈ, ਕੌਣ ਪੰਥ ਲਈ ਸਮਰਪਿਤ ਹੈ ਅਤੇ ਕੌਣ ਮੌਕਾਪ੍ਰਸਤੀ ਤਹਿਤ ਪੰਥ ਨਾਲ ਧਰੋਹ ਕਮਾਉਂਦੇ ਹਨ। ਇਸ ਦੇ ਬਾਵਜੂਦ ਸੰਗਤਾਂ ਨੂੰ ਬੇਨਤੀ ਹੈ ਕਿ ਧਰਮ ਯੁੱਧ ਮੋਰਚੇ ਲਈ ਵੱਧ ਤੋਂ ਵੱਧ ਸਹਿਯੋਗ ਦੇਣਾ ਹੈ, ਮੋਰਚੇ ਨੂੰ ਸਫਲ ਕਰਨ ਲਈ ਪਹਿਲਾਂ ਵਾਂਗ ਹੀ ਗ੍ਰਿਫ਼ਤਾਰੀਆਂ ਦੇਣੀਆਂ ਹਨ ਅਤੇ ਮੋਰਚੇ ਦੀ ਸਫਲਤਾ ਲਈ ਪ੍ਰਮਾਤਮਾ ਅੱਗੇ ਅਰਦਾਸਾਂ ਕਰਨੀਆਂ ਹਨ। ਇਸ ਦਿਨ ਤੋਂ ਬਾਅਦ ਸੰਤ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸੰਬੋਧਨ ਕਰਨ ਨਹੀਂ ਗਏ ਬਲਕਿ ਸਭ ਜਥੇ ਦੇ ਸਿੰਘਾਂ ਨੂੰ ਧੀਰਜ ਅਤੇ ਸਿਆਣਪ ਨਾਲ ਧਰਮ ਯੁੱਧ ਮੋਰਚੇ ਦੀ ਸਫਲਤਾ ਵੱਲ ਧਿਆਨ ਦੇਣ ਲਈ ਕਿਹਾ।

ਹੁਣ ਸੰਤ ਗੁਰੂ ਰਾਮਦਾਸ ਲੰਗਰ ਦੀ ਬਿਲਡਿੰਗ ਦੇ ਉਪਰ ਸਾਰਾ ਦਿਨ ਹੀ ਸੰਗਤਾਂ ਨੂੰ ਮਿਲਦੇ ਅਤੇ ਰੋਜ਼ਾਨਾ ਗ੍ਰਿਫ਼ਤਾਰੀ ਦੇਣ ਵਾਲਾ ਜਥਾ ਵੀ ਸੰਤਾਂ ਨੂੰ ਮਿਲ ਕੇ ਜਾਂਦਾ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਸਮੇਤ ਕਿਸੇ ਵੀ ਆਗੂ ਨੇ ਸੰਤਾਂ ਨੂੰ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਨਾ ਜਾਣ ਦਾ ਕਾਰਨ ਨਹੀਂ ਪੁੱਛਿਆ ਅਤੇ ਨਾ ਹੀ ਉਨ੍ਹਾਂ ਨੂੰ ਦੀਵਾਨ ਹਾਲ ਵਿਖੇ ਆਉਣ ਲਈ ਕਿਹਾ। ਜਿਸ ਦਾ ਪ੍ਰਭਾਵ ਇਹ ਹੋਇਆ ਕਿ ਇੱਥੇ ਆਉਣ ਵਾਲੀਆਂ ਸਿੱਖ ਸੰਗਤਾਂ ਸਿੱਧੇ ਹੀ ਗੁਰੂ ਰਾਮਦਾਸ ਲੰਗਰ 'ਤੇ ਜਾਂਦੀਆਂ ਅਤੇ ਸਾਰਾ ਦਿਨ ਸੰਗਤ ਦਾ

Scanned with CamScanner

ਆਉਣ ਜਾਣ ਬਣਿਆ ਰਹਿੰਦਾ ਅਤੇ ਦੂਜੇ ਪਾਸੇ ਸਿਰਫ ਧਰਮ ਯੁੱਧ ਮੋਰਚੇ ਵਿੱਚ ਗ੍ਰਿਫਤਾਰੀ ਦੇਣ ਵਾਲਾ ਜਥਾ ਅਤੇ ਕੁੱਝ ਗਿਣਤੀ ਦੀ ਸੰਗਤ ਹੀ ਦੀਵਾਨ ਹਾਲ ਵਿੱਚ ਜਾਂਦੀ। ਜੋ ਅਕਾਲੀ ਆਗੂ ਇਹ ਸੋਚਦੇ ਸਨ ਕਿ ਜੇਕਰ ਸੰਤਾਂ ਨੂੰ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬੋਲਣ ਤੋਂ ਰੋਕ ਦਿੱਤਾ ਜਾਵੇ ਤਾਂ ਉਹ ਸੰਗਤਾਂ ਨਾਲ ਅਲੱਗ-ਥਲੱਗ ਪੈ ਜਾਣਗੇ। ਪਰ ਇਸਦੇ ਉਲਟ ਇਹ ਅਕਾਲੀ ਆਗੂ ਹੀ ਆਪਣੇ ਆਪ ਨੂੰ ਸੰਗਤਾਂ ਤੋਂ ਸੱਖਣੇ ਮਹਿਸੂਸ ਕਰਨ ਲੱਗੇ।

ਸੰਗਤਾਂ ਵੱਡੀ ਤਾਦਾਦ ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਮਿਲਦੀਆਂ

ਪਿੱਛੇ ਦਰਜ ਤਿੰਨ ਕਨਵੈਨਸ਼ਨਾਂ ਤੋਂ ਬਾਅਦ ਸੰਤ ਭਿੰਡਰਾਂਵਾਲਿਆਂ ਨੂੰ ਮਿਲਣ ਵਾਲੇ ਗੁਰਸਿੱਖਾਂ ਦਾ ਵੱਡਾ ਤਾਂਤਾ ਲੱਗਾ ਰਹਿੰਦਾ। ਅਕਸਰ ਹੀ ਸੰਤ ਆਪਣੇ ਸੰਬੋਧਨ ਵਿੱਚ 'ਸਿੱਖ ਵੱਖਰੀ ਕੌਮ ਹੈ' ਦਾ ਵਿਸਥਾਰ ਨਾਲ ਜ਼ਿਕਰ ਕਰਦੇ। 'ਭਾਰਤ ਦੇ ਦੋਹਰੇ ਕਾਨੂੰਨੀ ਮਾਪਦੰਡ ਜੋ ਸਿੱਖਾਂ ਲਈ ਹੋਰ ਅਤੇ ਬਹੁਗਿਣਤੀ ਲਈ ਹੋਰ' ਦਾ ਵੀ ਵਿਸਥਾਰ ਸਹਿਤ ਖੁਲਾਸਾ ਕਰਦੇ। ਖਾਸ ਕਰਕੇ ਪਤਿੱਤ ਨੌਜਵਾਨਾਂ ਨੂੰ ਅਪੀਲ ਕਰਦੇ ਕਿ ਤੁਸੀਂ ਸਾਡੇ ਭਰਾ ਬਣੋ। ਕਈ ਨੌਜਵਾਨ ਝਿਜਕਦੇ ਤਾਂ ਸੰਤ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਲੈਂਦੇ ਅਤੇ ਮੋਢੇ ਉਪਰ ਹੱਥ ਰੱਖ ਕੇ ਪੁੱਛਦੇ ਕਿ ਦੱਸ ਭਾਈ, ਤੂੰ ਮੇਰਾ ਭਰਾ ਬਣੇਂਗਾ? ਅਜਿਹਾ ਦ੍ਰਿਸ਼ ਵੇਖਣ ਵਾਲੇ ਸੈਂਕੜੇ ਨੌਜਵਾਨ ਆਸੇ-ਪਾਸੇ ਖੜ੍ਹੇ ਹੋਇਆ ਕਰਦੇ ਸਨ ਅਤੇ ਜਿਸ ਨੂੰ ਪੁੱਛਿਆ ਜਾਂਦਾ ਉਹ ਧਰਤੀ ਵੱਲ ਨੀਵੀਂ ਪਾ ਕੇ ਹੀ ਕਹਿ ਦਿੰਦਾ ਕਿ ਮੈਂ ਤੁਹਾਡਾ ਭਰਾ ਬਣਾਂਗਾ। ਸੰਤ ਵੀ ਉਸ ਨੂੰ ਸੰਬੋਧਨ ਹੁੰਦੇ ਕਿ ਤੂੰ ਉਪਰ ਮੇਰੇ ਵੱਲ ਅੱਖਾਂ ਵਿੱਚ ਅੱਖਾਂ ਪਾ ਕੇ ਵੇਖ, ਅਜਿਹਾ ਵਿਅਕਤੀ ਕੋਸ਼ਿਸ਼ ਤਾਂ ਕਰਦਾ ਪਰ ਉਹ ਪੂਰੀ ਤਰ੍ਹਾਂ ਸੰਤਾਂ ਦੇ ਜਾਹੋ ਜਲਾਲ ਨੂੰ ਸਹਾਰ ਨਾ ਸਕਦਾ। ਇੱਕ ਪਲ ਲਈ ਸੰਤਾਂ ਦੇ ਚਿਹਰੇ ਵੱਲ ਵੇਖਦਾ ਪਰ ਫਿਰ ਨੀਵੀਂ ਪਾ ਲੈਂਦਾ। ਸੰਤ ਕਹਿੰਦੇ ਕਿ ਚੰਗਾ ਜੇਕਰ ਮੇਰਾ ਭਰਾ ਬਣਨਾ ਹੈ ਤਾਂ ਫਿਰ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਪਵੇਗਾ। ਇਸੇ ਤਰ੍ਹਾਂ ਨਾਲ ਖੜ੍ਹੇ ਹੋਰ ਸੈਂਕੜੇ ਨੌਜਵਾਨਾਂ ਨੂੰ ਇਹੀ ਗੱਲ ਪੁੱਛਦੇ, ਜਦੋਂ ਉਹ ਸਾਰੇ ਹਾਂ ਕਰਦੇ ਤਾਂ ਉਨ੍ਹਾਂ ਪਾਸੋਂ ਹੀ ਅੰਮ੍ਰਿਤ ਛਕਣ ਲਈ ਜੈਕਾਰਾ ਛੁਡਾ ਦਿੰਦੇ। ਇਹ ਪ੍ਰੀਕਿਰਿਆ ਇੱਕ ਦਿਨ ਵਿੱਚ ਕਈ ਵਾਰ ਵਾਪਰਦੀ। ਇਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤ ਛਕਣ ਵਾਲਿਆਂ ਸਿੱਖਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ।

ਇਨ੍ਹਾਂ ਦਿਨਾਂ ਵਿੱਚ ਜੋ ਜਥੇ ਧਰਮ ਯੁੱਧ ਮੋਰਚੇ ਲਈ ਗ੍ਰਿਫਤਾਰੀ ਦੇਣ ਲਈ ਜਾਂਦੇ ਉਹ ਗ੍ਰਿਫਤਾਰੀ ਦੇਣ ਤੋਂ ਪਹਿਲਾਂ ਸੰਤ ਲੌਂਗੋਵਾਲ ਨੂੰ ਮਿਲਦੇ ਅਤੇ ਫਿਰ ਸੰਤ ਭਿੰਡਰਾਂਵਾਲਿਆਂ ਕੋਲ ਵੀ ਜ਼ਰੂਰ ਜਾਂਦੇ। ਸਮੂਹ ਜਥਿਆਂ ਦੇ ਸਿੰਘ ਸੰਤ ਭਿੰਡਰਾਂਵਾਲਿਆਂ ਦੇ ਬਚਨ ਸੁਣ ਕੇ ਬਹੁਤ ਪ੍ਰਭਾਵਿਤ ਹੁੰਦੇ। ਉਨ੍ਹਾਂ ਦੀ ਚੁੰਬਕੀ ਖਿੱਚ ਅਤੇ ਚਿਹਰੇ ਦਾ ਜਾਹੋ ਜਲਾਲ ਅਤੇ ਨਿਡਰਤਾ ਭਰੇ ਬਚਨ, ਕੌਮ 'ਤੇ ਮੰਡਰਾ ਰਹੇ ਖ਼ਤਰੇ ਦੇ ਬੱਦਲਾਂ ਦਾ ਜਿਕਰ, ਸਿਰ ਦਿੱਤਿਆਂ ਬਾਝ ਧਰਮ ਦੀ ਰਾਖੀ ਅਸੰਭਵ ਅਤੇ ਅਨੰਦਪੁਰ ਦਾ ਮਤਾ ਪ੍ਰਾਪਤ ਕਰਨਾ ਹੈ ਤਾਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਅਨੰਦਪੁਰ ਦੇ ਵਾਸੀ ਬਣੋ, ਧੀਆਂ ਭੈਣਾਂ ਦੀ ਇੱਜਤ ਦੇ ਸਾਂਝੀਵਾਲ ਬਣੋ, ਛੱਪ ਤੋਂ ਵੱਧ ਬਾਣੀ ਪੜ੍ਹੋ, ਆਪਾ ਧੱਕਾ ਕਿਸੇ ਨਾਲ ਕਰਨਾ ਨਹੀਂ ਪਰ ਕਿਸੇ ਐਸੇ ਔਰੇ-ਗੌਰੇ ਦਾ ਧੱਕਾ ਜਰਨਾ ਵੀ ਨਹੀਂ ਅਤੇ ਨਾਲ-ਨਾਲ ਨਿੱਤ ਦਿਹਾੜੇ ਹੋ ਰਹੇ ਜ਼ੁਲਮਾਂ ਬਾਰੇ ਵੀ ਚਾਨਣਾ ਪਾਉਂਦੇ। ਸੰਤਾਂ ਦੇ ਕੁੱਝ ਅਜਿਹੇ ਦਿਲ ਖਿੱਚਵੇਂ ਬਚਨ ਸਨ ਜੋ ਇੱਕ ਦਿਨ ਵਿੱਚ ਕਈ-ਕਈ ਜਥਿਆਂ ਨੂੰ ਸੁਣਾਉਂਦੇ ਪਰ ਜਿੰਨਾ ਚਿਰ ਵੀ ਸੰਤ ਬੋਲਦੇ ਤਾਂ ਸੁਣਨ ਵਾਲਾ ਹਰ ਇੱਕ ਵਿਅਕਤੀ ਟਿਕਟਿਕੀ ਲਗਾ ਕੇ ਸੰਤਾਂ ਵੱਲ ਵੇਖਦਾ ਰਹਿੰਦਾ। ਇਸ ਤਰ੍ਹਾਂ ਹੌਲੀ-ਹੌਲੀ ਸੰਗਤ ਦਾ ਰੁਝਾਨ ਸੰਤ ਭਿੰਡਰਾਂਵਾਲਿਆਂ ਵੱਲ ਖਿੱਚਿਆ ਜਾਣ ਲੱਗਾ। ਇਥੋਂ ਤੱਕ ਕਿ ਬਹੁਤ ਸਾਰੇ ਅਕਾਲੀ ਆਗੂ ਵੀ ਸੰਤਾਂ ਵੱਲੋਂ ਦਿੱਤੀਆਂ ਜਾਂਦੀਆਂ ਦਲੀਲਾਂ ਨਾਲ ਸਹਿਮਤ ਸਨ ਅਤੇ ਉਹ ਅਕਸਰ ਹੀ ਸੰਤਾਂ ਕੋਲ ਬੈਠੇ ਨਜ਼ਰ ਆਉਂਦੇ ਸਨ। ਇੱਥੇ ਹੀ ਬੱਸ ਨਹੀਂ, ਜੇਲ੍ਹਾਂ ਵਿੱਚ ਜਾਣ ਵਾਲੇ ਸਿੱਖ ਵਲੰਟੀਅਰ, ਜੇਲ੍ਹਾਂ ਵਿੱਚ ਵੀ ਸੰਤ ਭਿੰਡਰਾਂਵਾਲਿਆਂ ਬਾਰੇ ਹੀ ਆਮ ਚਰਚਾ ਕਰਦੇ ਰਹਿੰਦੇ।

ਕਈ ਵਾਰੀ ਬਹੁਤ ਸਾਰੇ ਸਿੱਖ ਨੌਜਵਾਨ ਆਪਣੇ ਮਾਪਿਆਂ ਨਾਲ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਉਂਦੇ ਇਥੇ ਆ ਕੇ ਆਮ ਸੰਗਤਾਂ ਵਾਂਗ ਸੰਤ ਭਿੰਡਰਾਂਵਾਲਿਆਂ ਦੇ ਵਿਚਾਰ ਸੁਣਦੇ ਅਤੇ ਉਨ੍ਹਾਂ ਦੀ ਸਖਸ਼ੀਅਤ ਤੋਂ ਇੰਨੇ ਪ੍ਰਭਾਵਿਤ ਹੋ ਜਾਂਦੇ ਕਿ ਉਹ ਘਰਦਿਆਂ ਨਾਲ ਵਾਪਸ ਨਾ ਪਰਤਦੇ। ਉਨ੍ਹਾਂ ਨੂੰ ਕਹਿ ਦਿੰਦੇ ਕਿ ਤੁਸੀਂ ਜਾਓ, ਅਸੀਂ ਦੋ ਚਾਰ ਦਿਨਾਂ ਵਿੱਚ ਵਾਪਸ ਆ ਜਾਵਾਂਗੇ। ਪਰ ਉਹ ਹਫਤਿਆਂ ਬੱਧੀ ਸੰਤਾਂ ਕੋਲੋਂ ਅਜਿਹੇ ਵਿਚਾਰ ਸੁਣਦੇ

Scanned with CamScanner

ਰਹਿੰਦ ਅਤੇ ਜਦੋਂ ਕਿਤੇ ਪਿੰਡਾਂ ਵੱਲ ਪਰਤਦੇ ਤਾਂ ਉਥੇ ਜਾ ਕੇ ਹੋਰ ਸਿੱਖ ਸੰਗਤਾਂ ਨੂੰ ਵੀ ਸੰਤਾਂ ਦੇ ਵਿਚਾਰਾਂ ਤੋਂ ਜਾਣੂ ਕਰਵਾਉਂਦੇ ਅਤੇ ਕਈ ਵਾਰੀ ਹੋਰ ਬਹੁਤ ਸਾਰੀਆਂ ਸੰਗਤਾਂ ਨੂੰ ਨਾਲ ਲੈ ਕੇ ਸੰਤਾਂ ਦੇ ਰੂ-ਬ-ਰੂ ਹੁੰਦੇ ਕਿ ਤੁਸੀਂ ਆਪ ਸੰਤਾਂ ਤੋਂ ਇਹ ਸਭ ਵਿਚਾਰਾਂ ਆਪਣੇ ਕੰਨੀਂ ਸੁਣ ਲਵੋ। ਇਸ ਤਰ੍ਹਾਂ ਧਰਮ ਯੁੱਧ ਮੋਰਚੇ ਦੀ ਸਹੀ ਜਾਣਕਾਰੀ ਲੈਣ ਲਈ ਸੰਗਤਾਂ ਵਾਸਤੇ ਗੁਰੂ ਰਾਮਦਾਸ ਲੰਗਰ ਦੀ ਉਪਰਲੀ ਮੰਜ਼ਿਲ ਹੀ ਮੁੱਖ ਕੇਂਦਰ ਬਣ ਗਈ। ਜਿਥੇ ਸੰਤ ਭਿੰਡਰਾਂਵਾਲੇ ਸੰਗਤਾਂ ਨੂੰ ਮਿਲਦੇ ਸਨ।

ਨੈਸ਼ਨਲ ਅਤੇ ਇੰਟਰਨੈਸ਼ਨਲ ਪ੍ਰੈਸ ਦਾ ਵੀ ਅਜਿਹਾ ਹੀ ਰੁਝਾਨ ਬਣ ਚੁੱਕਾ ਸੀ ਕਿ ਉਹ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਜਾਂਦੇ, ਅਕਾਲੀ ਲੀਡਰਾਂ ਨੂੰ ਮਿਲਦੇ ਪਰ ਉਨ੍ਹਾਂ ਦੀ ਦਿਲੀ ਤਮੰਨਾ ਸੰਤ ਭਿੰਡਰਾਂਵਾਲਿਆਂ ਨਾਲ ਇੰਟਰਵਿਊ ਕਰਨ ਦੀ ਹੁੰਦੀ। ਉਨ੍ਹਾਂ ਨੂੰ ਸੰਤ ਭਿੰਡਰਾਂਵਾਲੇ ਕਈ ਵਾਰ ਕਹਿ ਵੀ ਦਿੰਦੇ ਕਿ ਤੁਸੀਂ ਸਾਡੇ ਕੋਲੋਂ ਪੁੱਛਦੇ ਬਹੁਤ ਕੁੱਝ ਹੋ ਪਰ ਜੋ ਕੁੱਝ ਤੁਹਾਨੂੰ ਦੱਸਿਆ ਜਾਂਦਾ ਹੈ ਉਹ ਅਖ਼ਬਾਰਾਂ ਵਿੱਚ ਨਸ਼ਰ ਨਹੀਂ ਕਰਦੇ। ਜੇ ਕਰਦੇ ਹੋ ਤਾਂ ਉਹ ਇੱਕ ਪਾਸੜ ਹੁੰਦਾ ਹੈ। ਜਿਸ ਨਾਲ ਸੰਗਤਾਂ ਵਿੱਚ ਭਰਮ ਭੁਲੇਖੇ ਪੈਦਾ ਹੁੰਦੇ ਹਨ। ਇਨ੍ਹਾਂ ਪ੍ਰੈਸ ਰਿਪੋਰਟਰਾਂ ਵਿੱਚ ਕਈ ਵਾਰ ਵਿਦੇਸ਼ੀ ਮੀਡੀਆ ਦੇ ਰਿਪੋਰਟਰ ਵੀ ਆਇਆ ਕਰਦੇ ਸਨ। ਜੋ ਅਕਸਰ ਹੀ ਵਿਦੇਸ਼ਾਂ ਵਿੱਚ ਸੰਤਾਂ ਦੀ ਵਿਚਾਰਧਾਰਾ ਨੂੰ ਨਸ਼ਰ ਕਰਦੇ। ਜਿਸ ਕਾਰਨ ਵਿਦੇਸ਼ੀ ਵੱਸਦੇ ਸਿੱਖਾਂ ਦਾ ਰੁਝਾਨ ਵੀ ਸੰਤਾਂ ਨੂੰ ਮਿਲ ਕੇ ਉਨ੍ਹਾਂ ਦੇ ਵਿਚਾਰਾਂ ਤੋਂ ਜਾਣੂ ਹੋਣ ਲਈ ਖਿੱਚਿਆ ਜਾਂਦਾ। ਜਿਸ ਕਾਰਨ ਵੱਖ-ਵੱਖ ਦੇਸ਼ਾਂ ਵਿੱਚ ਵੱਸਦੇ ਸਿੱਖਾਂ ਨੇ ਵੀ ਸੰਤਾਂ ਨੂੰ ਮਿਲਣਾ ਸ਼ੁਰੂ ਕੀਤਾ ਅਤੇ ਸੰਤਾਂ ਤੋਂ ਪ੍ਰਾਪਤ ਕੀਤੀਆਂ ਵਿਚਾਰਾਂ ਬਾਰੇ ਆਪੋ-ਆਪਣੇ ਦੇਸ਼ਾਂ ਦੀਆਂ ਸੰਗਤਾਂ ਨੂੰ ਜਾਣੂੰ ਕਰਵਾਉਂਦੇ।

ਸੰਤ ਭਿੰਡਰਾਂਵਾਲਿਆਂ ਵੱਲੋਂ ਕੁੱਝ ਚੋਣਵੇਂ ਸਿੱਖਾਂ ਦੀ ਕਨਵੈਨਸ਼ਨ

ਹਿੰਦ ਸਰਕਾਰ ਦੀ ਸ਼ਹਿ 'ਤੇ ਪੰਜਾਬ ਸਰਕਾਰ ਵੱਲੋਂ ਦਿਨ ਪ੍ਰਤੀ ਦਿਨ ਸਿੱਖਾਂ ਵਿਰੁੱਧ ਕੀਤੇ ਜਾ ਰਹੇ ਜ਼ੁਲਮ, ਹਰ ਤਰ੍ਹਾਂ ਦੇ ਹੱਦਬੰਨੇ ਪਾਰ ਕਰ ਰਹੇ ਸਨ। ਇਨ੍ਹਾਂ ਗੰਭੀਰ ਸਥਿਤੀਆਂ ਦਾ ਮੁਕਾਬਲਾ ਕਰਨ ਲਈ ਸੰਤ ਭਿੰਡਰਾਂਵਾਲਿਆਂ ਨੇ ਆਪਣੇ ਕੁੱਝ ਸੂਝਵਾਨ ਸਹਿਯੋਗੀਆਂ ਦੀ ਮੀਟਿੰਗ 3 ਅਤੇ 4 ਸਤੰਬਰ 1983 ਨੂੰ ਗੁਰੂ ਨਾਨਕ ਨਿਵਾਸ ਵਿਖੇ ਬੁਲਾਈ। ਇਸ ਮੀਟਿੰਗ ਵਿੱਚ ਵਿਚਾਰੇ ਜਾਣ ਵਾਲੇ ਮੁੱਦਿਆਂ 'ਤੇ ਸੰਤਾਂ ਨੇ ਭਾਈ ਅਮਰੀਕ ਸਿੰਘ, ਭਾਈ ਹਰਮੰਦਰ ਸਿੰਘ ਸੰਧੂ, ਭਾਈ ਰਜ਼ਪਾਲ ਸਿੰਘ ਪੀਏ, ਜਨਰਲ ਸੁਬੇਗ ਸਿੰਘ, ਭਾਈ ਸੁਜਾਨ ਸਿੰਘ, ਭਾਈ ਸੁਖਵੰਤ ਸਿੰਘ ਬਾਸਰਕੇ, ਭਾਈ ਤੇਜਵੰਤ ਸਿੰਘ ਆਦਿ ਸਿੰਘਾਂ ਨਾਲ ਵਿਚਾਰਾਂ ਕੀਤੀਆਂ। ਇਸ ਮੀਟਿੰਗ ਵਿੱਚ ਕੁੱਝ ਕੁ ਵਿਸ਼ੇਸ਼ ਵਿਅਕਤੀਆਂ ਨੂੰ ਚਿੱਠੀ ਪੱਤਰ ਰਾਹੀਂ ਸੱਦਿਆ ਗਿਆ ਸੀ। ਇਹ ਕਨਵੈਨਸ਼ਨ ਗੁਰੂ ਨਾਨਕ ਨਿਵਾਸ ਦੀ ਉਪਰਲੀ ਛੱਤ 'ਤੇ ਹੋਣੀ ਸੀ ਪਰ ਬਾਰਿਸ਼ ਹੋਣ ਕਾਰਨ ਗੁਰੂ ਨਾਨਕ ਨਿਵਾਸ ਦੀ ਦੂਸਰੀ ਛੱਤ ਦੀ ਗੈਲਰੀ ਅਤੇ ਬਰਾਂਡਿਆਂ ਵਿੱਚ ਕੀਤੀ ਗਈ। ਜਿਸ ਵਿੱਚ ਸੰਬੋਧਨ ਕਰਨ ਵਾਲੇ ਵਿਅਕਤੀ ਜਥੇਦਾਰ ਜਗਦੇਵ ਸਿੰਘ ਤਲਵੰਡੀ, ਆਈ. ਸੀ. ਐੱਸ. ਸਰਦਾਰ ਕਪੂਰ ਸਿੰਘ, ਸ. ਸੁਖਜਿੰਦਰ ਸਿੰਘ, ਮੇਜਰ ਜਨਰਲ ਨਰਿੰਦਰ ਸਿੰਘ, ਬ੍ਰਿਗੇਡੀਅਰ ਮਹਿੰਦਰ ਸਿੰਘ, ਸਾਬਕਾ ਆਈ. ਏ. ਐੱਸ. ਗੁਰਤੇਜ ਸਿੰਘ, ਸ. ਭਰਪੂਰ ਸਿੰਘ ਬਲਬੀਰ, ਸ. ਮਹਿੰਦਰ ਸਿੰਘ ਸਾਈਆਂ ਵਾਲਾ, ਡਾ. ਹਰਿੰਦਰ ਸਿੰਘ ਰਿੱਲ, ਭਾਈ ਜਗਜੀਤ ਸਿੰਘ ਰੰਡੇ (ਭਰਾਤਾ ਸੰਤ ਜਰਨੈਲ ਸਿੰਘ), ਵਕੀਲ ਬਲਦੇਵ ਸਿੰਘ ਬਿੰਦਰਾ, ਵਕੀਲ ਇੰਦਰਜੀਤ ਸਿੰਘ ਫਰੀਦਕੋਟ, ਵਕੀਲ ਪੂਰਨ ਸਿੰਘ ਹੁੰਦਲ, ਪ੍ਰੋਫੈਸਰ ਸਰੂਪ ਸਿੰਘ, ਡਾ. ਜਸਪਾਲ ਸਿੰਘ ਦਿੱਲੀ, ਡਾ. ਆਸਾ ਸਿੰਘ, ਜਥੇਦਾਰ ਸੰਤ ਸਿੰਘ ਤੇਗ (ਜੰਮੂ), ਪ੍ਰੋਫੈਸਰ ਮਹਿੰਦਰ ਸਿੰਘ, ਡਾ. ਸੋਹਨ ਸਿੰਘ, ਭਾਈ ਗੁਰਦੀਪ ਸਿੰਘ ਬਠਿੰਡਾ, ਸ. ਰਣਧੀਰ ਸਿੰਘ ਚੀਮਾ, ਸ. ਗੁਰਦੀਪ ਸਿੰਘ ਗਰੇਵਾਲ ਪਟਿਆਲਾ, ਪ੍ਰੋ. ਸੁਖਦਿਆਲ ਸਿੰਘ ਅਤੇ ਫੈਡਰੇਸ਼ਨ ਦੇ ਲਗਭਗ ਸ਼ਾਰੇ ਹੀ ਅਹੁਦੇਦਾਰ, ਜਿਲ੍ਹਾ ਪ੍ਰਧਾਨ ਅਤੇ ਵੱਖ-ਵੱਖ ਸੂਬਿਆਂ ਦੇ ਪ੍ਰਧਾਨ, ਯੂਨੀਵਰਸਿਟੀਆਂ ਦੇ ਪ੍ਰੋਫੈਸਰ, ਡਾਕਟਰ, ਕੁੱਝ ਵਿਦੇਸ਼ੀ ਨੁਮਾਇੰਦਿਆਂ ਸਮੇਤ ਲਗਭਗ 200 ਨੁਮਾਇੰਦੇ ਇਕੱਤਰ ਹੋਏ। ਦੋ ਦਿਨ ਦੀ ਗੰਭੀਰ ਅਤੇ ਮਹੱਤਵਪੂਰਨ ਚਰਚਾ ਦੌਰਾਨ ਸਿੱਖਾਂ 'ਤੇ ਵੱਧ ਰਹੇ ਜ਼ੁਲਮ ਨੂੰ ਰੋਕਣ ਲਈ ਵਿਚਾਰਾਂ ਹੋਈਆਂ।

ਇਸ ਮੀਟਿੰਗ ਵਿੱਚ ਮੁੱਖ ਤੌਰ 'ਤੇ ਦੋ ਪੱਖ ਭਾਰੂ ਸਨ। ਕੁੱਝ ਬੁਲਾਰਿਆਂ ਨੇ ਤਿੱਖੀ ਸੁਰ ਵਿੱਚ ਸੰਘਰਸ਼ ਨੂੰ ਤੇਜ਼ ਕਰਨ ਦੀ ਵਿਚਾਰ ਰੱਖੀ। ਕੁੱਝ ਕੁ ਨੇ ਅਕਾਲੀ ਦਲ ਦੀ ਢਿੱਲੀ ਕਾਰਗੁਜ਼ਾਰੀ ਉਪਰ ਵੀ ਉਂਗਲ ਉਠਾਈ। ਇਸ ਸਬੰਧੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਤੁਰੰਤ ਅਗਲਾ ਪ੍ਰੋਗਰਾਮ ਉਲੀਕਣ ਲਈ ਬੇਨਤੀ ਕੀਤੀ ਅਤੇ ਅਧਿਕਾਰ ਦਿੱਤੇ।

Scanned with CamScanner

ਅਖੀਰ ਵਿੱਚ ਸੰਤਾਂ ਨੇ ਸਭ ਲੀਡਰਾਂ ਦੇ ਵਿਚਾਰ ਸੁਣੇ ਅਤੇ ਬੜੀ ਨਿਮਰਤਾ ਸਹਿਤ ਸਭ ਦਾ ਧੰਨਵਾਦ ਕੀਤਾ ਕਿ ਤੁਸੀਂ ਇੱਕ ਅਨਪੜ੍ਹ ਵਿਅਕਤੀ ਦੇ ਸੱਦੇ 'ਤੇ ਇੰਨੇ ਪੜ੍ਹੇ ਲਿਖੇ ਪ੍ਰੋਫੈਸਰ, ਪ੍ਰਿੰਸੀਪਲ, ਵਕੀਲ, ਜਰਨਲ, ਆਈ. ਏ. ਐੱਸ., ਆਈ. ਸੀ. ਐੱਸ., ਡਾਕਟਰ ਅਤੇ ਹੋਰ ਬਹੁਤ ਸਾਰੇ ਉੱਚ ਅਹੁਦਿਆਂ ਉਪਰ ਰਹੇ ਵਿਅਕਤੀ ਪਹੁੰਚੇ ਹੋ। ਇਸ ਲਈ ਤੁਹਾਡਾ ਇੱਕ-ਇੱਕ ਚੁੱਲਿਆ ਹੋਇਆ ਕਦਮ ਮੇਰੇ ਸਿਰ ਮੱਥੇ ਪ੍ਰਵਾਨ ਹੈ। ਮੈਂ ਤੁਹਾਡੀਆਂ ਭਾਵਨਾਵਾਂ ਦੀ ਤਹਿ ਦਿਲੋਂ ਕਦਰ ਕਰਦਾ ਹਾਂ ਅਤੇ ਸਾਂਝ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆਂ ਬੇਨਤੀ ਕਰਦਾ ਹਾਂ ਕਿ ਬਹੁਤ ਸਿਆਣਪ ਅਤੇ ਠਰੰਮੇ ਨਾਲ ਫੈਸਲੇ ਲੈਣ ਦੀ ਜ਼ਰੂਰਤ ਹੈ। ਜੋ ਧਰਮ ਯੁੱਧ ਮੋਰਚਾ ਚੱਲ ਰਿਹਾ ਹੈ ਇਸ ਨੂੰ ਸਾਰੇ ਰਲ ਕੇ ਸਾਂਝੇ ਰੂਪ ਵਿੱਚ ਸਿਰੇ ਲਾਈਏ। ਦਾਸ ਸਮੇਂ-ਸਮੇਂ ਤੁਹਾਡੇ ਵਿਚਾਰ ਲੈਂਦਾ ਰਹੇਗਾ। ਇਸ ਤਰ੍ਹਾਂ ਦਿੜ੍ਹਤਾ ਭਰਪੂਰ ਫੈਸਲਾ ਦੁਹਰਾਇਆ ਗਿਆ ਕਿ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ ਉਥੇ ਨਾਲ ਹੀ ਸਭ ਨੁਮਾਇੰਦਿਆਂ ਨੂੰ ਅਪੀਲ ਕੀਤੀ ਗਈ ਕਿ ਸਮੁੱਚੇ ਪੰਜਾਬ, ਦੂਸਰੇ ਸੂਬਿਆਂ ਅਤੇ ਵਿਦੇਸ਼ਾਂ ਵਿੱਚ ਸ਼ਹਰਕਾਰੀ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਵੇ। ਕਿਉਂਕਿ ਸਰਕਾਰ ਵੱਲੋਂ ਸਿੱਖਾਂ ਦੇ ਸੰਘਰਸ਼ ਨੂੰ ਬਦਨਾਮ ਕਰਨ ਲਈ ਬਹੁਤ ਤਰ੍ਹਾਂ ਦੇ ਹੱਥਕੰਡੇ ਅਪਣਾਏ ਜਾ ਰਹੇ ਹਨ। ਹਿੰਦੁਸਤਾਨ ਦੀ ਪ੍ਰੈਸ, ਹਿੰਦੂ ਬਹੁਗਿਣਤੀ ਦੇ ਪੱਖ ਵਿੱਚ ਹੈ ਅਤੇ ਕੁੱਝ ਪ੍ਰੈਸ ਵਾਲੇ ਸਰਕਾਰੀ ਜ਼ੁਲਮ ਤੋਂ ਡਰੇ ਹੋਏ ਹਨ, ਇਸ ਲਈ ਦੇਸ਼ ਦੀ ਪ੍ਰੈਸ ਰਾਹੀਂ ਆਸੀ ਆਪਣੀ ਆਵਾਜ਼ ਦੁਨੀਆਂ ਤੱਕ ਨਹੀਂ ਪਹੁੰਚਾ ਸਕਦੇ। ਇਸ ਕਨਵੈਨਸ਼ਨ ਦੌਰਾਨ ਕੁੱਝ ਵਿਅਕਤੀਆਂ ਦੀ ਜ਼ਿੰਮੇਵਾਰੀ ਵੀ ਲਾਈ ਗਈ ਕਿ ਉਹ ਦੇਸ਼ ਅਤੇ ਵਿਦੇਸ਼ ਦੀਆਂ ਸਿੱਖ ਸੰਗਤਾਂ ਨਾਲ ਸੰਪਰਕ ਕਰਨ ਅਤੇ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਕਰਨ ਤੇ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਵੀ ਜਾਣੂੰ ਕਰਵਾਉਣ।

ਇਸ ਕਨਵੈਨਸ਼ਨ ਤੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਘਬਰਾਏ ਹੋਏ ਅਤੇ ਦੁਖੀ ਸਨ। ਉਹ ਸੋਚਦੇ ਸਨ ਕਿ ਸੰਤ ਭਿੰਡਰਾਂਵਾਲੇ ਧਰਮ ਯੁੱਧ ਮੋਰਚੇ ਤੋਂ ਅਲੱਗ ਕੋਈ ਪ੍ਰੋਗਰਾਮ ਨਾ ਦੇ ਦੇਣ। ਇਸ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਰਕਰਾਂ ਅਤੇ ਆਗੂਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਅਕਾਲੀ ਆਗੂਆਂ ਨੇ ਇਸ ਕਨਵੈਨਸ਼ਨ ਵਿੱਚ ਸ਼ਾਮਲ ਹੋ ਕੇ ਆਪਣੇ ਵਿਚਾਰ ਰੱਖੇ। ਇਨ੍ਹਾਂ ਅਕਾਲੀ ਆਗੂਆਂ ਨੇ ਇਸ ਕਨਵੈਨਸ਼ਨ ਬਾਰੇ ਸੰਤ ਲੌਂਗੋਵਾਲ ਨੂੰ ਜਾਣੂੰ ਕਰਵਾਇਆ ਅਤੇ ਦੱਸਿਆ ਕਿ ਤੁਹਾਡੀ ਪਬਲਰਾਹਟ ਗਲਤਫਹਿਮੀਆਂ ਕਾਰਨ ਹੀ ਹੈ। ਸੰਤ ਭਿੰਡਰਾਂਵਾਲੇ ਮੋਰਚੇ ਦੀ ਹਰ ਪੱਖੋਂ ਕਾਮਯਾਬੀ ਚਾਹੁੰਦੇ ਹਨ ਅਤੇ ਭਰਵਾਂ ਸਹਿਯੋਗ ਦੇਣ ਲਈ ਯਤਨਸ਼ੀਲ ਹਨ।

ਇਸ ਇਕੱਤਰਤਾ ਦੀ ਸਟੇਜ ਸੈਕਟਰੀ ਵਜੋਂ ਭਾਈ ਅਮਰੀਕ ਸਿੰਘ ਨੇ ਜ਼ਿੰਮੇਵਾਰੀ ਨਿਭਾਈ। ਵਿਸ਼ੇਸ਼ ਪੱਤਰਕਾਰਾਂ ਦੇ ਤੌਰ 'ਤੇ ਸ. ਹਰਬੀਰ ਸਿੰਘ ਭੰਵਰ, ਸ. ਜਸਪਾਲ ਸਿੰਘ ਸਿੱਧੂ, ਸ. ਗੁਰਦੀਪ ਸਿੰਘ, ਸ. ਦਲਬੀਰ ਸਿੰਘ, ਸ. ਮਹਿੰਦਰ ਸਿੰਘ ਆਦਿ ਮੌਜੂਦ ਰਹੇ।

ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਥਿਆਰ ਲਿਆਉਣ 'ਤੇ ਪਾਬੰਦੀ

ਜਿਨੋ ਦਿਨ ਸੰਤ ਭਿੰਡਰਾਂਵਾਲਿਆਂ ਦੀ ਸੰਗਤਾਂ ਵਿੱਚ ਵੱਧ ਰਹੀ ਖਿੱਚ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਭੁਲੇਖੇ ਵੱਸ ਹੀ ਆਪਣੇ ਲਈ ਖ਼ਤਰਾ ਸਮਝ ਲਿਆ। ਸੰਤ ਭਿੰਡਰਾਂਵਾਲਿਆਂ ਨੂੰ ਮਿਲਣ ਵਾਲਿਆਂ ਦੀ ਵੱਧ ਰਹੀ ਗਿਣਤੀ ਵਿੱਚ ਕੇਵਲ ਆਮ ਲੋਕ ਹੀ ਨਹੀਂ ਬਲਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਆਗੂ ਵੀ ਸ਼ਾਮਿਲ ਸਨ। ਸੰਤ ਹਰ ਇੱਕ ਨੂੰ ਦਿੜ੍ਹਤਾ ਨਾਲ ਇਹ ਗੱਲ ਦੁਹਰਾਉਂਦੇ ਸਨ ਕਿ ਇਸ ਵਾਰ ਮੋਰਚੇ ਦੀ ਸਫਲਤਾ ਬਿਨਾਂ, ਮੋਰਚਾ ਛੱਡਿਆ ਨਹੀਂ ਜਾ ਸਕਦਾ ਕਿਉਂਕਿ ਹਰ ਵਾਰ ਕੇਂਦਰ ਸਰਕਾਰ ਸਿੱਖ ਆਗੂਆਂ ਨਾਲ ਝੂਠੇ ਵਾਅਦੇ ਕਰਕੇ ਫਰੇਬ ਭਰੀ ਨੀਤੀ ਅਪਣਾਉਂਦੀ ਆ ਰਹੀ ਹੈ। ਜਿਸ ਕਾਰਨ ਸਮੁੱਚੇ ਸਿੱਖਾਂ ਨੂੰ ਜਲਾਲਤ ਝੱਲਣੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਅਨੰਦਪੁਰ ਦਾ ਮਤਾ ਸਪੱਸ਼ਟ ਰੂਪ ਵਿੱਚ ਸੰਗਤਾਂ ਦੇ ਸਾਹਮਣੇ ਹੈ ਅਤੇ ਕੇਂਦਰ ਸਰਕਾਰ ਵੀ ਇਸ ਬਾਰੇ ਜਾਣੂ ਹੈ। ਇਸ ਲਈ ਇਸ ਸਬੰਧ ਵਿੱਚ ਜੋ ਫੈਸਲਾ ਹੋਵੇਗਾ ਉਹ ਵੀ 100 ਪ੍ਰਤੀਸ਼ਤ ਹੱਕ ਪ੍ਰਾਪਤ ਕਰਕੇ ਅਤੇ ਸਪੱਸ਼ਟ ਰੂਪ ਵਿੱਚ ਹੋਵੇਗਾ। ਦੂਜੇ ਪਾਸੇ ਅਕਾਲੀ ਦਲ ਦੇ ਕੁਝ ਆਗੂ ਅੰਦਰ-ਖਦੇਂ ਗੱਲਾਂ ਮੰਨਦਾ ਕਿ ਕੇਂਦਰ

Scanned with CamScanner

ਨਾਲ ਸਮਝੌਤਾ ਕਰਨ ਦੀ ਤਾਕ ਵਿੱਚ ਸਨ। ਪਰ ਸੰਤ ਭਿੰਡਰਾਂਵਾਲਿਆਂ ਵੱਲੋਂ ਲਏ ਜਾ ਰਹੇ ਸਪੱਸ਼ਟ ਸਟੈਂਡ ਤੋਂ ਅੰਦਰੋਂ-ਅੰਦਰੀ ਖਫਾ ਸਨ। ਇਸ ਲਈ ਉਨ੍ਹਾਂ ਦੀ ਹੋਰ ਹਮਤੀ ਨੂੰ ਝਟਕਾ ਦੇਣ ਲਈ, ਸੰਤ ਹਰਚੰਦ ਸਿੰਘ ਲੌਂਗੋਵਾਲ ਸਮੇਤ ਅਕਾਲੀ ਆਗੂਆਂ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਨੂੰ ਇਸ ਗੱਲ ਲਈ ਰਾਜ਼ੀ ਕਰ ਲਿਆ ਕਿ ਉਹ ਆਦੇਸ਼ ਜਾਰੀ ਕਰ ਦੇਣ ਕਿ ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਅੰਦਰ, ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੋਈ ਵੀ ਵਿਅਕਤੀ ਗੋਲੀ ਸਿੱਕੇ ਵਾਲਾ ਕੋਈ ਵੀ ਹਥਿਆਰ ਲੈ ਕੇ ਨਾ ਆਵੇ। ਜਥੇਦਾਰ ਵੱਲੋਂ ਅਜਿਹਾ ਆਦੇਸ਼ ਜਾਰੀ ਹੋ ਗਿਆ। ਜੋ ਸਿੱਧੇ ਰੂਪ ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਰੋਕਣ ਲਈ ਹੀ ਸੀ ਕਿਉਂਕਿ ਉਹ ਰੋਜ਼ਾਨਾ ਹੀ ਆਪਣੇ ਜੱਥੇ ਨਾਲ ਹਥਿਆਰਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਣ ਜਾਇਆ ਕਰਦੇ ਸਨ। ਅਕਾਲੀ ਆਗੂਆਂ ਦਾ ਮਨਸੂਬਾ ਸੀ ਕਿ ਜਾਂ ਤਾਂ ਸੰਤ ਭਿੰਡਰਾਂਵਾਲੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਿਰੁੱਧ ਬਿਆਨ ਦੇਣਗੇ ਜਾਂ ਜਥੇਦਾਰ ਦੇ ਹੁਕਮ ਦੀ ਉਲੰਘਣਾ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਜਾਣਗੇ ਨਹੀਂ ਤਾਂ ਧਰਮ ਯੁੱਧ ਮੋਰਚੇ ਨੂੰ ਛੱਡ ਕੇ ਚਲੇ ਜਾਣਗੇ। ਪਰ ਅਜਿਹਾ ਕੁੱਝ ਵੀ ਨਹੀਂ ਹੋਇਆ ਕਿਉਂਕਿ ਸੰਤ ਭਿੰਡਰਾਂਵਾਲੇ ਬਹੁਤ ਦੂਰ ਦ੍ਰਿਸ਼ਟੀ ਨਾਲ ਧਰਮ ਯੁੱਧ ਮੋਰਚੇ ਦੀ ਸਫਲਤਾ ਚਾਹੁੰਦੇ ਸਨ। ਉਨ੍ਹਾਂ ਨੇ ਕੁੱਝ ਜ਼ਿੰਮੇਵਾਰ ਆਗੂਆਂ ਕੋਲ ਆਪਣਾ ਇਤਰਾਜ਼ ਜ਼ਾਹਿਰ ਕੀਤਾ ਕਿ ਜਥੇਦਾਰ ਵੱਲੋਂ ਜਾਰੀ ਕੀਤਾ ਗਿਆ ਆਦੇਸ਼ ਗੁਰੂ ਸਿਧਾਂਤਾਂ ਅਤੇ ਸਿੱਖੀ ਆਦੇਸ਼ਾਂ ਦੇ ਅਨੁਕੂਲ ਨਹੀਂ ਹੈ ਕਿਉਂਕਿ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਤਾਂ ਸਿੱਖਾਂ ਨੂੰ ਆਦੇਸ਼ ਕੀਤਾ ਸੀ ਕਿ ਚੰਗੇ ਤੋਂ ਚੰਗਾ ਹਥਿਆਰ ਅਤੇ ਵਧੀਆ ਘੋੜੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਟਾ ਕੀਤੇ ਜਾਣ ਅਤੇ ਸਿੱਖੀ ਦੀ ਪਹਿਚੇਂਦਾਰੀ ਲਈ ਜਵਾਨੀਆਂ ਵਾਰਨ ਵਾਲੇ ਸਿੱਖ ਨੌਜਵਾਨ ਵੀ ਆਪਾ ਸਮਰਪਣ ਕਰਨ। ਅਜਿਹਾ ਕਦੇ ਵੀ ਨਹੀਂ ਹੋਇਆ ਕਿ ਸਿੱਖਾਂ ਨੂੰ ਰਵਾਇਤੀ ਅਤੇ ਲਾਇਸੈਂਸੀ ਹਥਿਆਰਾਂ ਸਮੇਤ ਹਰਿਮੰਦਰ ਸਾਹਿਬ ਆਉਣ ਤੇ ਪਾਬੰਦੀ ਲਾ ਦਿੱਤੀ ਜਾਵੇ। ਪਰ ਸੰਤਾਂ ਨੇ ਜਥੇਦਾਰ ਵੱਲੋਂ ਦਿੱਤੇ ਆਦੇਸ਼ ਦੀ ਉਲੰਘਣਾ ਨਹੀਂ ਕੀਤੀ। ਉਹ ਜੱਥੇ ਸਮੇਤ ਮੰਜੀ ਸਾਹਿਬ ਦੀਵਾਨ ਹਾਲ ਵਾਲੇ ਪਾਸੇ ਤੋਂ ਜਾ ਕੇ ਪ੍ਰਕਰਮਾ ਵਿੱਚੋਂ ਹੀ ਮੱਥਾ ਟੇਕ ਲੈਂਦੇ ਅਤੇ ਅਰਦਾਸ ਕਰਕੇ ਵਾਪਸ ਆ ਜਾਂਦੇ। ਕੁੱਝ ਦਿਨ ਇਵੇਂ ਹੀ ਚੱਲਦਾ ਰਿਹਾ। ਜਦੋਂ ਪ੍ਰੈਸ ਰਿਪੋਰਟਰ ਸੰਤਾਂ ਨੂੰ ਇਸ ਬਾਰੇ ਪੁੱਛਦੇ ਕਿ ਜੱਥੇਦਾਰ ਵੱਲੋਂ ਜਾਰੀ ਕੀਤਾ ਆਦੇਸ਼ ਸਿੱਖੀ ਅਸੂਲਾਂ ਮੁਤਾਬਕ ਹੈ? ਤਾਂ ਸੰਤਾਂ ਦਾ ਜਵਾਬ ਹੁੰਦਾ ਕਿ ਇਸ ਬਾਰੇ ਜਥੇਦਾਰ ਸਾਹਿਬ ਹੀ ਦੱਸ ਸਕਦੇ ਹਨ। ਪਰ ਆਮ ਸੂਝਵਾਨ ਸਿੱਖਾਂ ਵਿੱਚ ਇਸ ਦੀ ਭਾਰੀ ਚਰਚਾ ਹੋਈ ਅਤੇ ਬਹੁਤ ਸਾਰੇ ਸਿੱਖ ਆਗੂਆਂ ਨੇ ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਬੇਨਤੀ ਕੀਤੀ ਕਿ ਇਹ ਆਦੇਸ਼ ਵਾਪਸ ਲੈ ਲੈਣਾ ਚਾਹੀਦਾ ਹੈ। ਵਿਚ ਤੱਕ ਕਿ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬੋਲਣ ਵਾਲੇ ਬੁਲਾਰੇ ਅਤੇ ਧਰਮ ਯੁੱਧ ਮੋਰਚੇ ਲਈ ਗ੍ਰਿਫਤਾਰੀਆਂ ਦੇਣ ਵਾਲੇ ਜੱਥਿਆਂ ਦੇ ਆਗੂ ਵੀ ਇਸ ਸਬੰਧੀ ਆਪਣਾ ਇਤਰਾਜ਼ ਜਤਾਉਣ ਲੱਗੇ। ਫਿਰ ਕੁੱਝ ਸਿੱਖ ਸੰਪਰਦਾਵਾਂ ਨੇ ਵੀ ਇਸ ਸਬੰਧੀ ਆਪਣੀ ਰਾਏ ਦਿੱਤੀ ਕਿ ਇਹ ਆਦੇਸ਼ ਸਿੱਖੀ ਸਿਧਾਂਤਾਂ ਦੇ ਅਨੁਕੂਲ ਨਹੀਂ ਹੈ। ਇਸ ਤਰ੍ਹਾਂ ਇਨ੍ਹਾਂ ਹਾਲਾਤਾਂ ਨੂੰ ਮੱਦੇਨਜ਼ਰ ਰੱਖਦਿਆਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਸ ਆਦੇਸ਼ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਕੁੱਝ ਸੀਮਿਤ ਸਮੇਂ ਤੱਕ ਹੀ ਇਹ ਆਦੇਸ਼ ਜਾਰੀ ਕੀਤਾ ਗਿਆ ਸੀ। ਇਸ ਤੋਂ ਬਾਅਦ ਸੰਤ ਭਿੰਡਰਾਂਵਾਲੇ ਅਤੇ ਹੋਰ ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂ ਅਤੇ ਆਮ ਸਿੱਖ ਸੰਗਤਾਂ ਪਹਿਲਾਂ ਦੀ ਤਰ੍ਹਾਂ ਹੀ ਰਵਾਇਤੀ ਹਥਿਆਰਾਂ ਸਮੇਤ ਦਰਸ਼ਨ ਦੀਦਾਰੇ ਕਰਨ ਲੱਗੀਆਂ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਕਨਵੈਨਸ਼ਨ

ਸੰਤਾਂ ਵੱਲੋਂ ਸੱਦੀ ਗਈ ਕਨਵੈਨਸ਼ਨ ਵਿੱਚ ਭਾਗ ਲੈਣ ਵਾਲੇ ਫੈਡਰੇਸ਼ਨ ਦੇ ਅਹੁਦੇਦਾਰ ਕਾਫੀ ਉਤਸ਼ਾਹ ਵਿੱਚ ਸਨ ਅਤੇ ਉਹ ਫੈਡਰੇਸ਼ਨ ਵੱਲੋਂ ਭਰਵੀਂ ਕਨਵੈਨਸ਼ਨ ਕਰਨ ਬਾਰੇ ਵਿਚਾਰ ਕਰਨ ਲੱਗੇ ਤਾਂ ਸ. ਹਰਿਮੰਦਰ ਸਿੰਘ ਸੰਧੂ ਨੇ ਪ੍ਰਧਾਨ ਭਾਈ ਅਮਰੀਕ ਸਿੰਘ ਨੂੰ ਸਲਾਹ ਦਿੱਤੀ ਕਿ 20 ਸਤੰਬਰ 1981 ਨੂੰ ਸੰਤ ਭਿੰਡਰਾਂਵਾਲਿਆਂ ਨੇ ਚੋਕ ਮਹਿਤਾ ਵਿਖੇ ਗ੍ਰਿਫਤਾਰੀ ਦਿੱਤੀ ਸੀ ਆਪਾਂ 20 ਸਤੰਬਰ 1983 ਨੂੰ ਮੰਜੀ ਸਾਹਿਬ ਵਿਖੇ ਕਨਵੈਨਸ਼ਨ ਕਰੀਏ। ਭਾਈ ਅਮਰੀਕ ਸਿੰਘ ਨੇ ਬਾਕੀ ਦੇ ਅਹੁਦੇਦਾਰਾਂ ਨਾਲ ਸਲਾਹ ਮਸ਼ਵਰੇ ਉਪਰੰਤ 20 ਤਰੀਕ ਨੂੰ ਕਨਵੈਨਸ਼ਨ ਕਰਨ ਦਾ ਐਲਾਨ ਕਰ ਦਿੱਤਾ ਅਤੇ

Scanned with CamScanner

ਸਭ ਅਹੁਦੇਦਾਰਾਂ ਦੀਆਂ ਡਿਊਟੀਆਂ ਲਾਈਆਂ ਕਿ ਇਹ ਕਨਵੈਨਸ਼ਨ ਆਲ ਇੰਡੀਆ ਪੱਧਰ ਦੀ ਹੋਵੇਗੀ। ਇਸ ਦੀਆਂ ਸਭ ਤਿਆਰੀਆਂ ਮੁਕੰਮਲ ਕਰਕੇ 18 ਸਤੰਬਰ 1983 ਨੂੰ ਉਨ੍ਹਾਂ ਸਭ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਜੋ 1978 ਤੋਂ ਲੈ ਕੇ ਅੱਜ ਤੱਕ ਸਿੱਖ ਪੰਥ ਦੀ ਆਨ-ਸ਼ਾਨ ਅਤੇ ਮਾਣ ਮਰਿਯਾਦਾ ਲਈ ਸ਼ਹੀਦ ਹੋਏ ਸਨ। 20 ਸਤੰਬਰ ਨੂੰ ਸਵੇਰੇ 8.30 ਵਜੇ ਭੋਗ ਪਾਏ ਗਏ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀਆਂ ਸਮੁੱਚੀਆਂ ਯੂਨਿਟਾਂ ਦੇ ਮੈਂਬਰ ਪੰਜਾਬ ਭਰ ਤੋਂ ਇਲਾਵਾ ਹਰਿਆਣਾ, ਹਿਮਾਚਲ, ਰਾਜਸਥਾਨ, ਮੁੰਬਈ, ਦਿੱਲੀ, ਯੂਪੀ, ਮੱਧ ਪ੍ਰਦੇਸ਼, ਮਹਾਰਾਸ਼ਟਰ, ਕਲਕੱਤਾ, ਅਸਾਮ, ਜੰਮੂ ਕਸ਼ਮੀਰ, ਬਿਹਾਰ ਅਤੇ ਨੇਪਾਲ ਆਦਿ ਸਟੇਟਾਂ ਦੇ ਪ੍ਰਧਾਨਾਂ ਸਮੇਤ ਫੈਡਰੇਸ਼ਨ ਦੇ ਨੌਜਵਾਨ ਅੰਮ੍ਰਿਤਸਰ ਪਹੁੰਚੇ। ਇਸ ਕਾਨਫਰੰਸ ਵਿੱਚ ਲਗਭਗ 50 ਹਜ਼ਾਰ ਵਿਅਕਤੀਆਂ ਨੇ ਭਾਗ ਲਿਆ। ਪੰਜਾਬ ਵਿੱਚ ਛਪਣ ਵਾਲੀਆਂ ਸਭ ਅਖਬਾਰਾਂ ਨੇ ਇਸ ਇਕੱਠ ਨੂੰ ਨੌਜਵਾਨਾਂ ਦਾ ਪਹਿਲਾ ਅਤੇ ਇਤਿਹਾਸਕ ਇਕੱਠ ਲਿਖਿਆ।

ਦੀਵਾਨ ਹਾਲ ਵਿਖੇ ਭੋਗ ਤੋਂ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਉਸ ਤੋਂ ਬਾਅਦ ਢਾਡੀ ਸਿੰਘਾਂ ਨੇ ਇਤਿਹਾਸਕ ਵਾਰਾਂ ਸੁਣਾਈਆਂ, ਇਜਲਾਸ ਵਿੱਚ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਨੇ ਆਪਣੇ ਵਿਚਾਰ ਦਿੰਦਿਆਂ ਨੌਜਵਾਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਨੌਜਵਾਨ ਵਿਦਿਆਰਥੀਆਂ ਨੂੰ ਆਪਣੇ ਗੌਰਵਮਈ ਸਿੱਖੀ ਵਿਰਸੇ ਨਾਲ ਜੁੜਣਾ ਚਾਹੀਦਾ ਹੈ। ਇਨ੍ਹਾਂ ਤੋਂ ਇਲਾਵਾ ਸ. ਭਾਨ ਸਿੰਘ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ. ਸੁਖਜਿੰਦਰ ਸਿੰਘ, ਬੀਬੀ ਰਜਿੰਦਰ ਕੌਰ, ਸ. ਗੁਰਤੇਜ ਸਿੰਘ ਚੰਡੀਗੜ੍ਹ, ਸ. ਭਰਪੂਰ ਸਿੰਘ ਬਲਬੀਰ ਮੁੱਖ ਸੰਪਾਦਕ ਅਕਾਲੀ ਪੱਤ੍ਰਿਕਾ ਨੇ ਕਨਵੈਨਸ਼ਨ ਵਿੱਚ ਆਏ ਵਿਅਕਤੀਆਂ ਨੂੰ ਸੰਬੋਧਨ ਕੀਤਾ। ਸ. ਰਣਧੀਰ ਸਿੰਘ ਚੌਰਾਨ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਭੇਜਿਆ ਸੰਦੇਸ਼ ਪੜ੍ਹ ਕੇ ਸੁਣਾਇਆ। ਇਸ ਕਨਵੈਨਸ਼ਨ ਵਿੱਚ ਸਾਬਕਾ ਸਿੱਖ ਜਰਨੈਲ, ਐਡਵੋਕੇਟ, ਡਾਕਟਰ, ਫੈਡਰੇਸ਼ਨ ਦੇ ਰਹਿ ਚੁੱਕੇ ਅਹੁਦੇਦਾਰ, ਸਿੱਖ ਸੰਪ੍ਰਦਾਵਾਂ ਦੇ ਸੰਤ ਮਹਾਪੁਰਖ ਵਿਸ਼ੇਸ਼ ਤੌਰ 'ਤੇ ਪਹੁੰਚੇ।

ਸਿੱਖ ਨੌਜਵਾਨਾਂ ਦੇ ਇੱਕ ਇਕੱਠ ਵਿੱਚ ਭਾਈ ਅਮਰੀਕ ਸਿੰਘ ਨੂੰ ਮੁੜ ਤੋਂ ਫਿਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਚੁਣ ਲਿਆ ਗਿਆ ਅਤੇ ਫੈਡਰੇਸ਼ਨ ਵੱਲੋਂ ਸਮੁੱਚੇ ਸਿੱਖ ਸੰਘਰਸ਼ ਦੀ ਰੂਪਰੇਖਾ ਨੂੰ ਪ੍ਰਗਟ ਕਰਦੇ 10 ਮਤੇ ਪਾਸ ਕੀਤੇ ਗਏ। ਇਹ ਮਤੇ ਵੱਖ-ਵੱਖ ਫੈਡਰੇਸ਼ਨ ਆਗੂਆਂ ਨੇ ਕ੍ਰਮਵਾਰ ਸ. ਰਜਿੰਦਰ ਸਿੰਘ ਮਹਿਤਾ, ਪ੍ਰਿਤਪਾਲ ਸਿੰਘ ਜੰਮੂ, ਰਾਜਬੀਰ ਸਿੰਘ ਬੀਰ ਕਪੂਰਥਲਾ, ਚਰਨਜੀਤ ਸਿੰਘ ਸ੍ਰੀ ਗੰਗਾ ਨਗਰ, ਜਸਪਾਲ ਸਿੰਘ ਗਿੱਲ, ਗੁਰਜੀਤ ਸਿੰਘ ਫਿਰੋਜ਼ਪੁਰ, ਹਰਮਿੰਦਰ ਸਿੰਘ ਗਿੱਲ, ਦਵਿੰਦਰ ਸਿੰਘ ਵਾਲੀਆ, ਪਰਮਿੰਦਰ ਸਿੰਘ ਸ਼ਾਨ ਨੇ ਪੜ੍ਹੇ ਅਤੇ ਮੰਤਿਆਂ ਦੀ ਤਾਈਦ ਅਤੇ ਵਿਆਖਿਆ ਕ੍ਰਮਵਾਰ ਅਮਰਜੀਤ ਸਿੰਘ ਚਾਵਲਾ, ਹਰਪ੍ਰੀਤ ਸਿੰਘ ਵਛੋਆ, ਹਰਵਿੰਦਰ ਸਿੰਘ ਖਾਲਸਾ, ਸਰਬਜੀਤ ਸਿੰਘ ਜੰਮੂ, ਹਰਚਰਨ ਸਿੰਘ ਪੁਣਛ, ਹਰਜਿੰਦਰ ਸਿੰਘ ਨਾਗਰਾ, ਹਰਿੰਦਰ ਸਿੰਘ ਕਾਹਲੋਂ, ਪਰਮਜੀਤ ਸਿੰਘ ਸਿੱਧੂ, ਜਸਵੀਰ ਸਿੰਘ ਘੁੰਮਣ ਨੇ ਕੀਤੀ ਅਤੇ ਇਸ ਤੋਂ ਇਲਾਵਾ ਸ. ਸਤਿੰਦਰ ਸਿੰਘ ਪੀਟੀ, ਗੁਰਚਰਨ ਸਿੰਘ ਕਲਕੱਤਾ, ਮਨਿੰਦਰ ਸਿੰਘ ਲੁਧਿਆਣਾ, ਗੁਰਮੇਲ ਸਿੰਘ ਖੇੜਕੀ, ਮਨਜੀਤ ਸਿੰਘ ਝਿੰਜੋਰ ਨੇ ਆਪਣੇ ਵਿਚਾਰ ਰੱਖਦਿਆਂ ਹੁਣ ਤੱਕ ਦੇ ਸਿੱਖ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਫੈਡਰੇਸ਼ਨ ਦੀਆਂ ਸਰਗਰਮੀਆਂ ਲਈ ਆਪਣੀਆਂ ਸੇਵਾਵਾਂ ਅਰਪਿਤ ਕੀਤੀਆਂ। ਇਸ ਸਮਾਗਮ 'ਚ ਸਟੇਜ ਸਕੱਤਰ ਦੀ ਸੇਵਾ ਸ. ਹਰਮਿੰਦਰ ਸਿੰਘ ਸੰਧੂ ਨੇ ਨਿਭਾਈ।

ਸੰਤ ਹਰਚੰਦ ਸਿੰਘ ਡਿਬਡਿਬਾ ਧਰਮ ਯੁੱਧ ਮੋਰਚਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨ ਕੌਮ ਦਾ ਸਰਮਾਇਆ ਹਨ। ਚੱਲ ਰਹੇ ਧਰਮ ਯੁੱਧ ਮੋਰਚੇ ਵਿੱਚ ਫੈਡਰੇਸ਼ਨ ਦੀ ਸੁਚੱਜੀ ਲੀਡਰਸ਼ਿਪ ਵੱਲੋਂ ਅਹਿਮ ਰੋਲ ਅਦਾ ਕੀਤਾ ਜਾ ਰਿਹਾ ਹੈ। ਭਾਂਵੇਂ ਅਕਾਲੀ ਦਲ ਸ੍ਰੀ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਦ੍ਰਿੜ੍ਹ ਹੈ ਪਰ ਇਸ ਸੰਘਰਸ਼ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ ਰਹੇਗੀ।

ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਵਿਦਿਆਰਥੀਆਂ ਦੇ ਇਸ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਦੀ ਹੋਂਦ ਉਪਰ ਜੋ ਖਤਰੇ ਦੇ ਬੱਦਲ ਮੰਡਰਾ ਰਹੇ ਹਨ, ਉਸ ਲਈ ਨੌਜਵਾਨਾਂ ਨੂੰ ਸੁਚੇਤ ਹੋਣਾ

Scanned with CamScanner

ਚਾਹੀਦਾ ਹੈ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਵਿੱਚ ਸਿੱਖ ਹਰ ਪੱਖ ਤੋਂ ਗੁਲਾਮ ਹਨ। ਇੰਦਰਾ ਗਾਂਧੀ ਦੀ ਸ਼ਹਿ 'ਤੇ ਪੰਜਾਬ ਦਾ ਮੁੱਖ ਮੰਤਰੀ ਜ਼ਕਰੀਆ ਖਾਨ ਦੇ ਜ਼ੁਲਮਾਂ ਨੂੰ ਮਾਤ ਦਿਹਾ ਹੈ। ਉਨ੍ਹਾਂ ਨੇ ਮੁੱਖ ਮੰਤਰੀ ਦੀ ਕੌਮ ਘਾਤਕ ਨੀਤੀ ਤੋਂ ਸੰਗਤਾਂ ਨੂੰ ਜਾਣੂ ਕਰਵਾਉਂਦਿਆਂ ਕਿਹਾ ਕਿ ਸਾਨੂੰ ਆਪਣੀ ਰਾਖੀ ਆਪ ਕਰਨੀ ਚਾਹੀਦੀ ਹੈ। ਇਹ ਉਨੀ ਦੇਰ ਤੱਕ ਸੰਭਵ ਨਹੀ ਹੋ ਸਕਦਾ ਜਿਨੀ ਦੇਰ ਹਰ ਇੱਕ ਪਿੰਡ ਵਿੱਚ ਇੱਕ ਮੋਟਰਸਾਈਕਲ, ਤਿੰਨ ਨੌਜਵਾਨ ਅਤੇ ਤਿੰਨ ਵਧੀਆ ਰਿਵਾਲਵਰ ਨਹੀਂ ਲੈਂਦੇ, ਉਨਾਂ ਚਿਰ ਸ਼ਹੀਦਾਂ ਦੇ ਡੁੱਲ੍ਹੇ ਖੂਨ, ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ, ਸਿੱਖਾਂ 'ਤੇ ਹੋਇਆ ਬੇਪਨਾਹ ਤਸ਼ੱਦਦ ਅਤੇ ਧੀਆਂ ਭੈਣਾਂ ਦੀ ਬੇਪੱਤੀ ਦਾ ਬਦਲਾ ਨਹੀਂ ਲਿਆ ਜਾਣਾ। ਸੰਤਾਂ ਨੇ ਆਖਿਆ ਕਿ ਯਾਦ ਰੱਖੋ ਕਿ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਾਨੂੰ ਸਵੈ ਰੱਖਿਆ ਦਾ ਇਹ ਇਨਕਲਾਬੀ ਮਾਰਗ ਸਿਖਾਇਆ ਹੈ। ਉਨ੍ਹਾਂ ਦਾ ਹੁਕਮ ਸੀ ਕਿ ਸਿੱਖ ਜਥੇਬੰਦ ਹੋਣ, ਸ਼ਸਤਰ ਵਿੱਦਿਆ ਸਿੱਖਣ, ਚੰਗੇ ਸ਼ਸਤਰ ਅਤੇ ਵਧੀਆ ਘੋੜੇ ਰੱਖਣ, ਜ਼ੁਲਮ ਨਾਲ ਜੂਝਣ ਲਈ ਹਮੇਸ਼ਾ ਤਿਆਰ ਰਹਿਣ। ਇਸ ਲਈ ਸਿੱਖੀ ਉਪਰ ਹੋ ਰਹੇ ਮੌਜੂਦਾ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਗੁਰੂ ਸਾਹਿਬ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਜ਼ਰੂਰਤ ਹੈ। ਹਰ ਇੱਕ ਸਿੱਖ ਅੰਮ੍ਰਿਤਧਾਰੀ ਹੋਵੇ ਅਤੇ ਵੱਖ-ਵੱਖ ਸੁਬਿਆਂ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਸਿੱਖ ਕੌਮ ਦੀ ਮੌਜੂਦਾ ਗੁਲਾਮੀ ਬਾਰੇ ਅਹਿਸਾਸ ਕਰਵਾਉ ਅਤੇ ਧਰਮ ਯੁੱਧ ਮੋਰਚੇ ਦੀ ਸਫਲਤਾ ਲਈ ਹਰ ਤਰ੍ਹਾਂ ਦਾ ਯੋਗਦਾਨ ਪਾਉ। ਉਨ੍ਹਾਂ ਨੇ ਨੌਜਵਾਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਹਰ ਕੌਮ ਦੀ ਹੋਂਦ ਹਸਤੀ ਕੌਮ ਦੀ ਜਵਾਨੀ 'ਤੇ ਨਿਰਭਰ ਕਰਦੀ ਹੈ। ਇਸ ਲਈ ਤੁਹਾਨੂੰ ਵੱਧ ਸੁਚੇਤ ਹੋਣ ਦੀ ਲੋੜ ਹੈ। ਅਖੀਰ ਵਿੱਚ ਉਨ੍ਹਾਂ ਨੇ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅੱਜ ਫਿਰ ਤੋਂ ਨੌਜਵਾਨਾਂ ਨੇ ਤੁਹਾਡੇ ਉੱਪਰ ਭਰੋਸਾ ਜਤਾਇਆ ਹੈ। ਇਸ ਲਈ ਗੰਭੀਰਤਾ, ਸੁਚੇਤਤਾ ਅਤੇ ਆਪਾ ਵਾਰਨ ਦੀ ਭਾਵਨਾ ਨਾਲ ਕੌਮ ਦੀ ਸੇਵਾ ਕਰਨੀ ਹੈ। ਉਨ੍ਹਾਂ ਨੇ ਹੋਰ ਕਿਹਾ ਕਿ ਸਿੱਖ ਕੌਮ ਦੇ ਹੱਕਾਂ ਦੀ ਪ੍ਰਾਪਤੀ ਖਾਤਰ ਫੈਡਰੇਸ਼ਨ ਦੇ ਬੇਅੰਤ ਨੌਜਵਾਨਾਂ ਨੇ ਤਸੱਦਦ ਝੱਲਿਆ ਹੈ, ਜਿਸ ਨੂੰ ਕੌਮ ਹਮੇਸ਼ਾ ਯਾਦ ਰੱਖੇਗੀ।

ਭਾਈ ਅਮਰੀਕ ਸਿੰਘ ਜੀ ਨੇ ਆਪਣੀ ਪ੍ਰਧਾਨਗੀ ਤਕਰੀਰ ਵਿੱਚ ਫੈਡਰੇਸ਼ਨ ਦੇ ਹਰ ਪਹਿਲੂ 'ਤੇ ਭਰਪੂਰ ਰੌਸ਼ਨੀ ਪਾਈ। ਉਨ੍ਹਾਂ ਨੇ ਪਿਛਲੇ ਚਾਰ ਸਾਲਾਂ ਵਿੱਚ ਫੈਡਰੇਸ਼ਨ 'ਤੇ ਆਈਆਂ ਅਨੇਕਾਂ ਮੁਸੀਬਤਾਂ ਅਤੇ ਡੁੱਲ੍ਹੇ-ਭੁੱਲੇ ਬੰਦਿਆਂ ਦਾ ਜ਼ਿਕਰ ਕੀਤਾ।

ਭਾਈ ਅਮਰੀਕ ਸਿੰਘ ਦੀ ਇੱਕ ਗੱਲ ਬੜੀ ਵਜ਼ਨਦਾਰ ਸੀ, ਜਦੋਂ ਉਨ੍ਹਾਂ ਨੇ ਆਖਿਆ, "ਮੇਰੀਆਂ ਆਉਣ ਵਾਲੀਆਂ ਤਿੰਨ ਪੁਸ਼ਤਾਂ ਵੀ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਕਰਜ਼ਾ ਨਹੀਂ ਚੁਕਾ ਸਕਦੀਆਂ ਕਿਉਂਕਿ ਉਨ੍ਹਾਂ ਨੇ ਮੇਰੀ ਗ੍ਰਿਫ਼ਤਾਰੀ ਤੋਂ ਫੌਰਨ ਬਾਅਦ ਢਾਈ ਘੰਟਿਆਂ ਅੰਦਰ ਏਡਾ ਵੱਡਾ ਮੋਰਚਾ ਲਾ ਕੇ ਜਥੇਬੰਦੀ ਦਾ ਮਾਣ ਵਧਾਇਆ ਹੈ। ਕਰਜ਼ਦਾਰ ਹਾਂ, ਫੈਡਰੇਸ਼ਨ ਦੇ ਉਨ੍ਹਾਂ ਅਣਥੱਕ ਆਗੂਆਂ ਅਤੇ ਵਰਕਰਾਂ ਦਾ, ਜਿਨ੍ਹਾਂ ਨੇ ਮੇਰੇ ਜੇਲ੍ਹ ਦੇ ਸਮੇਂ ਦੌਰਾਨ ਦਿਨ ਰਾਤ ਇੱਕ ਕਰਕੇ ਜਥੇਬੰਦੀ ਦੀ ਖ਼ਿਦਮਤ ਕੀਤੀ ਹੈ।" ਭਾਈ ਅਮਰੀਕ ਸਿੰਘ ਜੀ ਨੇ ਹਰਚੰਦ ਸਿੰਘ ਲੌਂਗੋਵਾਲ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਸੂਝ ਨਾਲ ਅਤੇ ਸਮੇਂ ਦੀ ਨਜ਼ਾਕਤ ਵੇਖਦਿਆਂ ਮੋਰਚੇ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ ਅਤੇ ਸਗਰੋਂ ਇਸ ਨੂੰ ਪੰਥਕ ਜੱਦੋ-ਜਹਿਦ ਦੀ ਸ਼ਕਲ ਵਿੱਚ ਬਦਲ ਦਿੱਤਾ। ਭਾਈ ਸਾਹਿਬ ਨੇ ਅਖੀਰ ਵਿੱਚ ਪੰਥਕ ਆਗੂਆਂ, ਕਾਰ-ਸੇਵਾ, ਸਮੂਹ ਜਥੇਬੰਦੀਆਂ ਅਤੇ ਸਮੁੱਚੇ ਪੰਥ ਦੇ ਮਿਲਵਰਤਣ ਦਾ ਧੰਨਵਾਦ ਕੀਤਾ।

ਇਸ ਤੋਂ ਬਾਅਦ ਸੰਤ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲਿਆਂ ਸਮੇਤ ਭਾਈ ਅਮਰੀਕ ਸਿੰਘ ਅਤੇ ਹੋਰ ਅਹੁਦੇਦਾਰਾਂ ਨੇ ਮਿਲ ਕੇ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕੀਤਾ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਗੁਰਮਤਿ ਟਰੇਨਿੰਗ ਕੈਂਪ

ਫੈਡਰੇਸ਼ਨ ਦੀ ਇਸ ਭਰਵੀਂ ਕਨਵੈਨਸ਼ਨ ਤੋਂ ਬਾਅਦ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਮੁੱਖ ਅਹੁਦੇਦਾਰਾਂ ਦੀ ਇੱਕ ਮੀਟਿੰਗ ਬੁਲਾਈ ਜਿਸ ਵਿੱਚ ਸ. ਹਰਮਿੰਦਰ ਸਿੰਘ ਸੰਧੂ, ਸ. ਰਜਿੰਦਰ ਸਿੰਘ ਮਹਿਤਾ, ਸ. ਹਰਵਿੰਦਰ ਸਿੰਘ ਖ਼ਾਲਸਾ, ਸ. ਅਜਿੰਦਰ ਪਾਲ ਸਿੰਘ ਭੁਪਾਲ, ਸ. ਅਮਰਜੀਤ ਸਿੰਘ ਚਾਵਲਾ, ਸ. ਅਵਤਾਰ ਸਿੰਘ ਜੰਮੂ, ਸ. ਸੁਖਬੀਰ ਸਿੰਘ ਦਿੱਲੀ, ਸ. ਹਰਿਦਰ ਸਿੰਘ ਕਾਹਲੋਂ, ਸ. ਸਰਬਜੀਤ ਸਿੰਘ ਜੰਮੂ, ਸ. ਜਸਬੀਰ ਸਿੰਘ ਘੁੰਮਣ ਆਦਿ ਸ਼ਾਮਿਲ ਹੋਏ। ਇਨ੍ਹਾਂ ਨੂੰ ਸੰਬੋਧਨ

Scanned with CamScanner

ਹੁੰਦਿਆਂ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਫੈਡਰੇਸ਼ਨ ਸਿਰਫ ਮੀਟਿੰਗਾਂ, ਮੁਜਾਹਰਿਆਂ, ਪੈਂਫਲੈਟਜ਼ ਜਾਂ ਕਿਤਾਬਚਿਆਂ ਨੂੰ ਰਿਲੀਜ਼ ਕਰਨ ਤੱਕ ਹੀ ਸੀਮਿਤ ਨਾ ਰਹੇ ਬਲਕਿ ਫੈਡਰੇਸ਼ਨ ਦੇ ਨੌਜਵਾਨਾਂ ਵਿੱਚ ਸਿੱਖੀ ਜਜ਼ਬਾ ਪ੍ਰਫੁਲਿਤ ਕਰਨ ਲਈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਸਹਿਯੋਗ ਨਾਲ ਸਾਨੂੰ ਹਿੰਦੁਸਤਾਨ ਭਰ ਵਿੱਚ ਗੁਰਮਤਿ ਟਰੇਨਿੰਗ ਕੈਂਪ ਲਗਾਉਣੇ ਚਾਹੀਦੇ ਹਨ ਅਤੇ ਹਰ ਇੱਕ ਗੁਰਮਤਿ ਟਰੇਨਿੰਗ ਕੈਂਪ ਦੇ ਪ੍ਰਬੰਧ ਅਤੇ ਦੇਖਭਾਲ ਦੀ ਜ਼ਿੰਮੇਵਾਰੀ ਇੱਕ-ਇੱਕ ਅਹੁਦੇਦਾਰ ਨੂੰ ਆਪਣੇ ਜ਼ਿੰਮੇ ਲੈਣੀ ਚਾਹੀਦੀ ਹੈ ਤਾਂ ਕਿ ਇਨ੍ਹਾਂ ਕੈਂਪਾਂ ਦੀ ਲੜੀ ਲਗਾਤਾਰ ਬਣੀ ਰਹੇ। ਇਸ ਮੀਟਿੰਗ ਵਿੱਚ ਹੀ ਇਹ ਫੈਸਲਾ ਕੀਤਾ ਗਿਆ ਕਿ ਸਭ ਤੋਂ ਪਹਿਲਾਂ ਗੁਰਮਤਿ ਟਰੇਨਿੰਗ ਕੈਂਪ ਇਥੇ ਹੀ ਲਗਾਇਆ ਜਾਵੇ। ਸੋ ਪਹਿਲਾ ਕੈਂਪ ਗੁਰੂ ਰਾਮਦਾਸ ਲੰਗਰ ਵਿਖੇ ਲਗਾਇਆ ਗਿਆ ਜਿਥੇ ਹਿੰਦੁਸਤਾਨ ਭਰ ਦੇ ਵਿਦਿਆਰਥੀ ਵਿਸ਼ੇਸ਼ ਤੌਰ 'ਤੇ ਸੱਦੇ ਗਏ ਤਾਂ ਜੋ ਉਹ ਇਸ ਕੈਂਪ ਵਿੱਚ ਹਾਜ਼ਰੀ ਵੀ ਲਗਵਾਉਣ ਅਤੇ ਹੋਰ ਥਾਵਾਂ 'ਤੇ ਲੱਗਣ ਵਾਲੇ ਕੈਂਪਾਂ ਦੀ ਵਿਉਂਤਬੰਦੀ ਵੀ ਵੇਖ ਲੈਣ। ਇੱਥੇ ਤਿੰਨੇ ਦਿਨ ਹੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਕੈਂਪ ਵਿੱਚ ਗੁਰਮਤਿ ਸਬੰਧੀ ਵਿਚਾਰਾਂ ਦਿੰਦੇ ਰਹੇ। ਇਸ ਗੁਰਮਤਿ ਟਰੇਨਿੰਗ ਕੈਂਪ ਤੋਂ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਪੈਦਾ ਹੋਇਆ ਅਤੇ ਫਿਰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ, ਆਸਨਸੋਲ (ਕਲਕੱਤਾ), ਦੇਹਰਾਦੂਨ, ਭੋਪਾਲ, ਸੁਨਗਰ (ਜ਼ਿਲ੍ਹਾ ਪੁਲਵਾਮਾ), ਬੰਬੇ, ਕੁਰਕਸ਼ੇਤਰ, ਬੁੱਢਾ ਜੋਹੜ (ਰਾਜਸਥਾਨ) ਤੋਂ ਇਲਾਵਾ ਪੰਜਾਬ ਦੇ ਸਾਰੇ ਹੀ ਜ਼ਿਲ੍ਹਿਆਂ ਵਿੱਚ ਗੁਰਮਤਿ ਟਰੇਨਿੰਗ ਕੈਂਪ ਲਗਾਏ ਗਏ ਅਤੇ ਸਾਰੇ ਹੀ ਕੈਂਪਾਂ ਵਿੱਚ ਸੰਤਾਂ ਵੱਲੋਂ ਚੋਣਵੇਂ ਬੁਲਾਰੇ ਭੇਜੇ ਜਾਂਦੇ ਸਨ, ਜੋ ਸਿੱਖਿਆ ਭਰਪੂਰ ਸੰਬੋਧਨਾਂ ਨਾਲ ਵਿਦਿਆਰਥੀਆਂ ਨੂੰ ਗੁਰਮਤਿ ਤੋਂ ਜਾਣੂ ਕਰਵਾਉਂਦੇ ਅਤੇ ਪੰਥ ਲਈ ਆਪਾ ਵਾਰਨ ਲਈ ਜਜ਼ਬਾ ਭਰਦੇ।

ਇਨ੍ਹਾਂ ਗੁਰਮਤਿ ਟਰੇਨਿੰਗ ਕੈਂਪਾਂ ਨੂੰ ਸਫਲ ਕਰਨ ਲਈ ਜਿਨ੍ਹਾਂ ਵਿਦਿਆਰਥੀਆਂ ਅਤੇ ਆਗੂਆਂ ਨੇ ਵਿਸ਼ੇਸ਼ ਤੌਰ 'ਤੇ ਸਰਗਰਮੀਆਂ ਕੀਤੀਆਂ ਉਹ ਉਪਰੋਕਤ ਆਗੂਆਂ ਤੋਂ ਇਲਾਵਾ ਸ. ਦਵਿੰਦਰ ਸਿੰਘ ਵਾਲੀਆ, ਸ. ਕੁਲਵੰਤ ਸਿੰਘ ਕੰਵਲ, ਸ. ਇੰਦਰਜੀਤ ਸਿੰਘ ਬਾਗੀ, ਸ. ਹਰਜਿੰਦਰ ਸਿੰਘ, ਸ. ਹਰਦਿਆਲ ਸਿੰਘ, ਸ. ਅਨੂਪ ਸਿੰਘ, ਸ. ਗੁਲਜ਼ਾਰ ਸਿੰਘ, ਸ. ਹਰਦੇਵ ਸਿੰਘ ਮੋਗਾ, ਸ. ਅਵਤਾਰ ਸਿੰਘ, ਸ. ਹਰਵਿੰਦਰ ਸਿੰਘ ਸ੍ਰੀ ਮੁਕਤਸਰ ਸਾਹਿਬ, ਸ. ਹਰਪ੍ਰੀਤ ਸਿੰਘ ਵਛੋਆ, ਸ. ਦਲਜੀਤ ਸਿੰਘ, ਸ. ਗੁਰਦਿਆਲ ਸਿੰਘ ਬੱਲ, ਸ. ਪਰਮਜੀਤ ਸਿੰਘ, ਸ. ਹਰਿੰਦਰਜੀਤ ਸਿੰਘ, ਸ. ਸੁਰਜੀਤ ਸਿੰਘ ਖਡੂਰ ਸਾਹਿਬ, ਸ. ਕੁਲਦੀਪ ਸਿੰਘ, ਸ. ਮੱਖਣ ਸਿੰਘ ਸਰਹਾਲੀ, ਸ. ਸਤਿੰਦਰਜੀਤ ਸਿੰਘ ਪੀਟੀ, ਬੀਬੀ ਉਪਿੰਦਰਜੀਤ ਕੌਰ, ਬੀਬੀ ਉਪਕਾਰ ਕੌਰ (ਗਰਲਜ਼ ਵਿੰਗ), ਸ. ਹਰਿੰਦਰਪਾਲ ਸਿੰਘ ਚੰਡੀਗੜ੍ਹ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨੌਜਵਾਨਾਂ ਨੇ ਦਿਨ ਰਾਤ ਇੱਕ ਕਰਕੇ ਗੁਰਮਤਿ ਟਰੇਨਿੰਗ ਕੈਂਪ ਲਗਾਏ। ਜਿਸ ਨਾਲ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਣ ਵਾਲੇ ਵਿਦਿਆਰਥੀ ਖ਼ਾਲਸਾਈ ਰੰਗ ਵਿੱਚ ਰੰਗੇ ਗਏ ਅਤੇ ਜਿਨ੍ਹਾਂ ਦਾ ਅਸਰ ਕਬੂਲਦਿਆਂ ਹੋਇਆਂ ਪੰਜਾਬ ਦੇ ਗੌਰਮਿੰਟ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਣ ਵਾਲੇ ਬੱਚੇ ਵੀ ਗੁਰਸਿੱਖੀ ਅਸੂਲਾਂ ਦੇ ਧਾਰਨੀ ਨਜ਼ਰ ਆਉਣ ਲੱਗੇ।

ਜਥੇਦਾਰ ਟੌਹੜਾ ਵੱਲੋਂ ਫੈਡਰੇਸ਼ਨ ਦੀ ਸ਼ਲਾਘਾ

ਜਥੇਦਾਰ ਟੌਹੜਾ ਨੇ ਸਟੇਜ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਫੈਡਰੇਸ਼ਨ ਦੇ ਕੁਝ ਨੌਜਵਾਨਾਂ ਅਤੇ ਸਿੱਖ ਬੀਬੀਆਂ ਵੱਲੋਂ ਚੱਲ ਰਹੀਆਂ ਏਸ਼ੀਅਨ ਖੇਡਾਂ ਦੌਰਾਨ ਸਟੇਡੀਅਮ ਵਿੱਚ ਪਹੁੰਚ ਕੇ ਸਿੱਖ ਮੰਗਾਂ ਨੂੰ ਪੋਫਲਟ ਦੇ ਰਾਹੀਂ ਵੰਡਣਾ ਅਤੇ ਧਰਮ ਯੁੱਧ ਮੋਰਚੇ ਪ੍ਰਤੀ ਸਮੁੱਚੇ ਏਸ਼ੀਅਨ ਦੇਸ਼ਾਂ ਦਾ ਧਿਆਨ ਕੇਂਦਰਿਤ ਕਰਨਾ ਫੈਡਰੇਸ਼ਨ ਦੀ ਇੱਕ ਵੱਡੀ ਪ੍ਰਾਪਤੀ ਅਤੇ ਸ਼ਲਾਘਾਯੋਗ ਕਾਰਜ ਸੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਗ੍ਰਿਫਤਾਰ ਕੀਤੇ ਗਏ ਫੈਡਰੇਸ਼ਨ ਦੇ ਨੌਜਵਾਨਾਂ ਪ੍ਰਤੀ ਕੇਂਦਰ ਨੂੰ ਚੇਤਾਵਨੀ ਦਿੱਤੀ ਕਿ ਇਨ੍ਹਾਂ ਸਿੱਖਾਂ ਦਾ ਕਿਸੇ ਵੀ ਕਿਸਮ ਦਾ ਨੁਕਸਾਨ ਕੀਤਾ ਜਾਂ ਤਸ਼ੱਦਦ ਕੀਤਾ ਤਾਂ ਸਿੱਖ ਬਰਦਾਸ਼ਤ ਨਹੀਂ ਕਰਨਗੇ ਕਿਉਂਕਿ ਇਹ ਸ਼ਾਂਤਮਈ ਪ੍ਰੋਟੈਸਟ ਹੈ ਜੋ ਸਿੱਖ ਨੌਜਵਾਨਾਂ ਨੇ ਬਾਖੂਬੀ ਨਿਭਾਉਂਦਿਆਂ ਭਾਰਤੀ ਨਿਜ਼ਾਮ ਦਾ ਚਿਹਰਾ ਬੇਨਕਾਬ ਕੀਤਾ ਹੈ ਜਿਨ੍ਹਾਂ ਨੇ ਏਸ਼ੀਅਨ ਖੇਡਾਂ ਵਿੱਚ ਸਿੱਖਾਂ ਲਈ ਵੱਖਰੀ ਕਿਸਮ ਦੀ ਬੰਹੁਦਾ ਪਾਬੰਦੀ ਲਾ ਰੱਖੀ ਸੀ ਕਿ ਸਿੱਖ ਇਨ੍ਹਾਂ ਖੇਡਾਂ ਨੂੰ ਦਰਸ਼ਕ ਰੂਪ ਵਿੱਚ ਨਹੀਂ ਵੇਖ ਸਕਦੇ। ਪਰ ਫੈਡਰੇਸ਼ਨ ਦੇ ਨੌਜਵਾਨਾਂ ਨੇ ਆਪਣੇ ਢੰਗ ਨਾਲ ਕੇਂਦਰ ਦੀ ਘਿਨਾਉਣੀ ਸਾਜਿਸ਼ ਨੂੰ ਬੇਨਕਾਬ ਕਰ ਦਿੱਤਾ।

Scanned with CamScanner

ਸੰਤ ਕਹਿੰਦੇ, "ਆ ਗਏ ਬਠਿੰਡੇ ਵਾਲਿਉ?"

ਅਕਤੂਬਰ 1983 ਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਰੋਜ਼ਾਨਾ ਅਖ਼ਬਾਰ ਚਲਾਉਣ ਲਈ ਗੁਰੂ ਰਾਮਦਾਸ ਲੰਗਰ ਦੀ ਛੱਤ ਉੱਪਰ ਮੀਟਿੰਗ ਸੱਦੀ। ਜਿਸ ਵਿੱਚ ਦੇਸ਼-ਵਿਦੇਸ਼ ਅਤੇ ਪੱਤਰਕਾਰੀ ਦੇ ਖੇਤਰ ਨਾਲ ਸਬੰਧਿਤ ਲਗਭਗ 20 ਕੁ ਸੱਜਣ ਮੌਜੂਦ ਸਨ। ਸ. ਭਗਪੂਰ ਸਿੰਘ ਬਲਬੀਰ ਨੇ ਅਖ਼ਬਾਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ ਅਤੇ ਉਨ੍ਹਾਂ ਅੰਦਾਜ਼ਨ ਖ਼ਰਚੇ ਬਾਰੇ ਵੀ ਦੱਸਿਆ। ਇਹ ਖ਼ਰਚਾ 30 ਲੱਖ ਦੇ ਕਰੀਬ ਦੱਸਿਆ ਗਿਆ। ਸੰਤਾਂ ਨੇ ਹੱਸ ਕੇ ਕਿਹਾ ਕਿ ਜੇਕਰ ਮਿਸਤਰੀ ਨੂੰ ਘਰ ਬਨੇਰਾ ਬਣਾਉਣ ਲਈ ਸੱਦ ਲਿਆ ਜਾਵੇ ਤਾਂ ਉਸ ਨੂੰ ਘਰ ਕੱਢਣਾ ਔਖਾ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਅਖ਼ਬਾਰਾਂ ਵਾਲਿਆਂ ਦਾ ਹਾਲ ਹੈ। ਸੰਤ ਕਹਿਣ ਲੱਗੇ ਕਿ ਅਖ਼ਬਾਰ ਬਹੁਤ ਵਧੀਆ ਢੰਗ ਨਾਲ ਚੱਲਣਾ ਚਾਹੀਦਾ ਹੈ। ਜਿੰਨਾ ਤੁਸੀਂ ਕਹਿੰਦੇ ਹੋ, ਮੈਂ ਤੁਹਾਨੂੰ ਉਸ ਤੋਂ ਦੁੱਗਣਾ ਪ੍ਰਬੰਧ ਕਰ ਕੇ ਦੇ ਦਿੰਦਾ ਹਾਂ। ਉਨ੍ਹਾਂ ਕਿਹਾ ਕਿ ਅਖ਼ਬਾਰ ਦਾ ਇਕ ਟਰੱਸਟ ਬਣਾਇਆ ਜਾਵੇਗਾ। ਇਸੇ ਦੌਰਾਨ ਭਾਈ ਗੁਰਦੀਪ ਸਿੰਘ ਵੀ ਸੰਤਾਂ ਨੂੰ ਮਿਲਣ ਆਏ। ਸੰਤਾਂ ਨੇ ਉਸ ਨੂੰ ਵੀ ਮੀਟਿੰਗ ਵਿੱਚ ਬਿਠਾ ਲਿਆ, ਹਾਲਾਂ ਕਿ ਉਸ ਸਮੇਂ ਉਹ ਅਖ਼ਬਾਰ ਬਾਰੇ ਕੁੱਝ ਵੀ ਨਹੀਂ ਸਨ ਜਾਣਦੇ। ਸੰਤਾਂ ਨੇ ਕਿਹਾ ਕਿ ਗੁਰਦੀਪ ਸਿੰਘ, ਤੇਰੇ ਤੋਂ ਅਖ਼ਬਾਰ ਦੀ ਬੋਹਣੀ ਕਰਨੀ ਹੈ, ਦੱਸ ਕਿੰਨੇ ਪੈਸੇ ਦੇਵੇਗਾ? ਉਸ ਨੇ ਕਿਹਾ ਕਿ ਤੁਸੀਂ ਹੁਕਮ ਕਰ ਦੇਵੋ। ਸੰਤਾਂ ਨੇ ਫਿਰ ਕਿਹਾ ਕਿ ਅਸੀਂ ਤੇਰੇ ਆਰਥਿਕ ਹਾਲਾਤਾਂ ਬਾਰੇ ਨਹੀਂ ਜਾਣਦੇ, ਇਸ ਲਈ ਤੂੰ ਆਪ ਹੀ ਦੱਸ। ਤਾਂ ਉਸ ਨੇ ਕਿਹਾ ਕਿ ਮੈਂ ਦੱਸ ਹਜ਼ਾਰ ਰੁਪਏ ਦੀ ਸੇਵਾ ਕਰ ਦੇਵਾਂਗਾ। ਸੰਤ ਕਹਿਣ ਲੱਗੇ ਕਿ ਤੇਰੀ ਬਹੁਤ ਵੱਡੀ ਸੇਵਾ ਹੈ। ਤੇ ਫਿਰ ਕੁੱਝ ਦੇਸ਼ਾਂ ਤੋਂ ਆਏ ਨੁਮਾਇੰਦਿਆਂ ਨੂੰ ਕਿਹਾ ਕਿ ਇਕ ਸਧਾਰਣ ਵਰਕਰ ਨੇ 10 ਹਜ਼ਾਰ ਰੁਪਏ ਦੇਣੇ ਹਨ, ਹੁਣ ਤੁਸੀਂ ਆਪਣੇ ਵੱਲੋਂ ਦੱਸੋ ਕੀ ਹਿੱਸਾ ਪਾਵੋਗੇ? ਤਾਂ ਕਈ ਜਣਿਆਂ ਨੇ ਆਪੋ-ਆਪਣੇ ਵਿੱਤ ਮੁਤਾਬਿਕ ਮਾਇਆ ਅਰਪਣ ਕਰਨ ਦਾ ਵਾਅਦਾ ਕੀਤਾ।

ਅਗਲੇ ਮਹੀਨੇ ਭਾਈ ਗੁਰਦੀਪ ਸਿੰਘ ਆਪਣੇ ਹੋਰ ਸਾਥੀਆਂ ਨੰਬਰਦਾਰ ਅਜੈਬ ਸਿੰਘ ਬੁਰਜ ਮਹਿਮਾ, ਗੁਰਜੰਟ ਸਿੰਘ ਬੁਰਜ ਮਹਿਮਾ, ਬਲਜੀਤ ਸਿੰਘ ਬਰਾੜ ਗੌਨਿਆਣਾ ਮੰਡੀ, ਜਲੌਰ ਸਿੰਘ ਗੋਗਾ, ਦਲੀਪ ਸਿੰਘ ਗੌਨਿਆਣਾ ਮੰਡੀ, ਮਹਿੰਦਰ ਸਿੰਘ ਖੋਖਰ, ਜਗਜੀਤ ਸਿੰਘ ਮੌੜ, ਦੁਰਲੱਭ ਸਿੰਘ, ਸੁਖਦੇਵ ਸਿੰਘ ਢਿੱਲੋਂ (ਸ਼ੁੱਧੀ), ਸੁਰਮੁਖ ਸਿੰਘ ਬਠਿੰਡਾ ਨਾਲ ਸੰਤਾਂ ਨੂੰ ਮਿਲਣ ਗਿਆ। ਪਰ ਅਮਰੀਕ ਸਿੰਘ ਜੀ ਨੇ ਦੱਸਿਆ ਕਿ ਸੰਤ ਦੋ ਦਿਨ ਤੋਂ ਕਿਸੇ ਨੂੰ ਵੀ ਨਹੀਂ ਮਿਲ ਰਹੇ। ਤਾਂ ਗੁਰਦੀਪ ਸਿੰਘ ਨੇ ਭਾਈ ਅਮਰੀਕ ਸਿੰਘ ਨੂੰ ਦੱਸਿਆ ਕਿ ਅਸੀਂ ਕੁੱਝ ਮਾਇਆ ਲੈ ਕੇ ਆਏ ਹਾਂ, ਜੋ ਸੰਤਾਂ ਨੂੰ ਦੇਣੀ ਹੈ,ਇਹ ਤੁਸੀਂ ਰੱਖ ਲਵੋ ਅਤੇ ਸੰਤਾਂ ਨੂੰ ਦੇ ਦਿਉ। ਇਸੇ ਸਮੇਂ ਦੌਰਾਨ ਹੀ ਭਾਈ ਅਮਰੀਕ ਸਿੰਘ ਦੇ ਟੈਲੀਫ਼ੋਨ ਦੀ ਘੰਟੀ ਵੱਜ ਗਈ ਤੇ ਉਨ੍ਹਾਂ ਦੱਸਿਆ ਕਿ ਸੰਤਾਂ ਨੇ ਮਿਲਣ ਲਈ ਸੱਦਿਆ ਹੈ, ਤੁਸੀਂ ਵੀ ਨਾਲ ਚੱਲੋ। ਭਾਈ ਅਮਰੀਕ ਸਿੰਘ ਦੇ ਨਾਲ ਹੀ ਭਾਈ ਗੁਰਦੀਪ ਸਿੰਘ, ਅਜੈਬ ਸਿੰਘ ਨੰਬਰਦਾਰ, ਗੁਰਜੰਟ ਸਿੰਘ ਦਿਓਣਕਾ, ਬਲਜੀਤ ਸਿੰਘ ਗੋਗਾ, ਦੁਰਲੱਭ ਸਿੰਘ, ਦਲੀਪ ਸਿੰਘ ਸਮੇਤ ਸੰਤਾਂ ਨੂੰ ਮਿਲਣ ਚਲੇ ਗਏ। ਭਾਈ ਗੁਰਦੀਪ ਸਿੰਘ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਮੈਂ ਕੁੱਝ ਮਾਇਆ ਅਖ਼ਬਾਰ ਲਈ ਲੈ ਕੇ ਆਇਆ ਹਾਂ। ਪਰੰਤੂ ਸੰਤਾਂ ਨੇ ਮਨ੍ਹਾਂ ਕਰਦਿਆਂ ਕਿਹਾ ਕਿ ਹਾਲਾਤ ਕਾਫ਼ੀ ਬਦਲ ਚੁੱਕੇ ਹਨ, ਹੁਣ ਅਖ਼ਬਾਰ ਚਲਾਉਣ ਦਾ ਸਮਾਂ ਨਹੀਂ ਰਹਿ ਗਿਆ, ਇਸ ਲਈ ਤੁਸੀਂ ਮਾਇਆ ਵਾਪਸ ਲੈ ਜਾਵੋ। ਸੰਤਾਂ ਨੇ ਉਨ੍ਹਾਂ ਵੱਲੋਂ ਬੇਨਤੀ ਕਰਨ ਉੱਪਰ ਮਾਇਆ ਸਵੀਕਾਰ ਕਰ ਲਈ ਅਤੇ ਉਹ ਕਾਫ਼ੀ ਲੰਬਾ ਸਮਾਂ ਸੰਤਾਂ ਕੋਲ ਬੈਠੇ ਰਹੇ। ਸੰਤਾਂ ਨੇ ਫਿਰ ਅੱਗੇ ਪਈ ਮਾਇਆ ਵਿੱਚੋਂ ਹੱਥ ਨਾਲ ਕੁੱਝ ਮਾਇਆ ਗੁਰਦੀਪ ਸਿੰਘ ਵੱਲ ਕਰਦਿਆ ਕਿਹਾ ਕਿ ਇਹ ਮਾਇਆ ਤੁਸੀਂ ਰੱਖ ਲਵੋ, ਤੁਹਾਡੇ ਖ਼ਰਚ ਹੁੰਦੇ ਰਹਿੰਦੇ ਹਨ ਪਰੰਤੂ ਉਨ੍ਹਾਂ ਸੰਤਾਂ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਸਾਡੀ ਤਾਂ ਤਿਲ-ਫੁੱਲ ਭੇਟਾ ਸਵੀਕਾਰ ਕਰ ਲਵੋ। ਉਹ ਸੰਤਾਂ ਨੂੰ ਲਗਭਗ ਹਰੇਕ 15 ਦਿਨਾਂ ਬਾਅਦ ਮਿਲਦੇ ਰਹਿੰਦੇ ਸਨ। ਜਦੋਂ ਉਹ ਆਉਂਦੇ ਤਾਂ ਸੰਤ ਹਮੇਸ਼ਾ ਕਹਿੰਦੇ ,"ਆ ਗਏ, ਬਠਿੰਡੇ ਵਾਲਿਉ?"

ਇੱਕ ਵਾਰੀ ਸੰਤਾਂ ਨੇ ਕਿਹਾ ਕਿ ਗੁਰਦੀਪ ਸਿੰਘ, ਤੂੰ ਅਖ਼ਬਾਰ ਲਈ ਕੁੱਝ ਲਿਖ ਵੀ ਸਕਦਾ ਹੈਂ? ਤਾਂ ਉਸ ਨੇ ਕਿਹਾ ਕਿ ਮੈਂ ਤਾਂ ਕਦੇ ਕੁੱਝ ਲਿਖਿਆ ਨਹੀਂ। ਸੰਤਾਂ ਨੇ ਮੁਸਕਰਾਉਂਦਿਆਂ ਕਿਹਾ ਕਿ ਕੋਈ ਗੱਲ ਨਹੀਂ, ਸਮਾਂ ਆਵੇਗਾ ਲਿਖਾ ਵੀ ਲਵਾਂਗੇ। ਯਾਦ ਰਹੇ ਕਿ ਸੰਤਾਂ ਦੇ ਕਹੇ ਬਚਨ ਸੱਚ ਸਾਬਿਤ ਹੋਏ ਤੇ ਭਾਈ ਗੁਰਦੀਪ ਸਿੰਘ ਬਠਿੰਡਾ 1984 ਤੋਂ ਬਾਅਦ 'ਅੱਜ ਦੀ ਆਵਾਜ਼' ਪੰਜਾਬੀ ਅਖ਼ਬਾਰ ਵਿੱਚ ਲੰਬਾ ਸਮਾਂ ਸੰਪਾਦਕ ਦੇ ਤੌਰ 'ਤੇ ਸੰਪਾਦਕੀ ਲੇਖ ਲਿਖਦੇ ਰਹੇ। ਜਿਨ੍ਹਾਂ ਦੀ ਪੰਜਾਬ ਵਿਧਾਨ ਸਭਾ ਵਿੱਚ ਕਈ ਵਾਰ ਚਰਚਾ ਹੋਈ।

Scanned with CamScanner

ਧਮਕੀ ਭਰੀਆਂ ਚਿੱਠੀਆਂ ਦਾ ਖੰਡਨ

16.10.1983 ਨੂੰ ਸੰਤਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੁੱਝ ਦਿਨਾਂ ਤੋਂ ਮੈਨੂੰ ਇਹੋ ਜਿਹੇ ਸੁਨੇਹੇ ਮਿਲ ਰਹੇ ਹਨ ਕਿ ਕੁੱਝ ਬਾਦਲ 'ਤੇ ਕੇਵਲ ਪੰਜਾਬ ਹੀ ਨਹੀਂ ਬਲਕਿ ਬੰਬੇ ਕਲਕੱਤੇ ਤੱਕ ਕੁੱਝ ਵਿਅਕਤੀਆਂ ਨੂੰ ਸਾਡੇ ਨਾਂ 'ਤੇ ਚਿੱਠੀਆਂ ਪਾਈਆਂ ਜਾ ਰਹੀਆਂ ਹਨ ਅਤੇ ਧਮਕਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਚਿੱਠੀਆਂ ਰਾਹੀਂ ਮਾਇਆ ਦੀ ਮੰਗ ਕੀਤੀ ਜਾ ਰਹੀ ਹੈ। ਸੰਤਾਂ ਨੇ ਕਿਹਾ ਕਿ ਇਹ ਦਮਦਮੀ ਟਕਸਾਲ ਨੂੰ ਬਦਨਾਮ ਕਰਨ ਦੀ ਵੱਡੀ ਸਾਜਿਸ਼ ਹੈ ਅਤੇ ਸਮੁੱਚੀਆਂ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਸਾਡੇ ਵੱਲੋਂ ਅਜਿਹਾ ਕੋਈ ਚਿੱਠੀ ਪੱਤਰ ਨਹੀਂ ਪਾਇਆ ਜਾ ਰਿਹਾ ਅਸੀਂ ਆਪਣੇ ਤੌਰ 'ਤੇ ਵੀ ਕੋਸ਼ਿਸ਼ ਕਰਾਂਗੇ ਕਿ ਸਾਨੂੰ ਪਤਾ ਲੱਗ ਸਕੇ ਕਿ ਇਹ ਘਿਨਾਉਣੀ ਹਰਕਤ ਕੌਣ ਕਰ ਰਿਹਾ ਹੈ? ਅਗਰ ਸਾਨੂੰ ਪਤਾ ਲੱਗ ਗਿਆ ਤਾਂ ਕੇਵਲ ਸੰਗਤਾਂ ਵਿੱਚ ਨਸ਼ਰ ਹੀ ਨਹੀਂ ਕਰਾਂਗੇ ਬਲਕਿ ਉਸ ਨੂੰ ਢੁੱਕਵੀਂ ਸਜ਼ਾ ਵੀ ਦਿਆਂਗੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਕਈ ਜ਼ਿੰਮੇਵਾਰ ਸਿੰਘ ਮੈਨੂੰ ਮਿਲੇ ਹਨ ਜਿਨ੍ਹਾ ਵਿੱਚ ਹਰੀ ਸਿੰਘ ਆਰੇ ਵਾਲਾ ਕੁੱਝ ਵਿਅਕਤੀਆਂ ਨੂੰ ਲੈ ਕੇ ਮੇਰੇ ਕੋਲ ਆਇਆ ਸੀ, ਜਦੋਂ ਆਉਣ ਦਾ ਕਾਰਨ ਪੁੱਛਿਆ ਤਾਂ ਉਸ ਨਾਲ ਆਏ ਵਿਅਕਤੀ ਨੇ ਕਿਹਾ ਕਿ ਅਸੀਂ ਤਾਂ ਕੋਈ ਅਜਿਹੀ ਗਲਤੀ ਨਹੀਂ ਕੀਤੀ ਬਿਲਕੁੱਲ ਬੇਕਸੂਰ ਹਾਂ। ਮੈਂ ਪੁੱਛਿਆ ਕਿ ਕੀ ਗੱਲ ਹੋਈ ਤਾਂ ਕਹਿਣ ਲੱਗੇ ਤੁਹਾਡੇ ਵੱਲ ਬਹੁਤ ਸਖਤ ਚਿੱਠੀ ਮਿਲੀ ਹੈ। ਉਸ ਦਿਨ ਤੋਂ ਸਾਰਾ ਪਰਿਵਾਰ ਏਨਾ ਡਰਿਆ ਹੋਇਆ ਹੈ ਕਿ ਘਰ ਵਿੱਚ ਲੰਗਰ ਪਾਣੀ ਵੀ ਨਹੀਂ ਬਣਦਾ ਤਾਂ ਉਨ੍ਹਾਂ ਨੂੰ ਪੁੱਛਿਆ ਕਿ ਉਸ ਚਿੱਠੀ ਉਪਰ ਕਿਸੇ ਦੇ ਦਸਤਖਤ ਹਨ ਤਾਂ ਕਹਿਣ ਲੱਗੇ ਕੇਵਲ 'ਭਿੰਡਰਾਂਵਾਲਾ ਜ਼ਿੰਦਾਬਾਦ' ਲਿਖਿਆ ਹੈ। ਅਸੀਂ ਉਨ੍ਹਾਂ ਨੂੰ ਤਸੱਲੀ ਦਿੱਤੀ ਕਿ ਇਹ ਸਭ ਸਰਕਾਰੀ ਸਾਜਿਸ਼ਾਂ ਹਨ ਤੁਹਾਨੂੰ ਕਿਸੇ ਗੱਲੋਂ ਵੀ ਡਰਨ ਦੀ ਜ਼ਰੂਰਤ ਨਹੀਂ। ਸੰਤਾਂ ਨੇ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਅਜਿਹੀਆਂ ਘਿਨਾਉਣੀਆਂ ਹਰਕਤਾਂ ਤੋਂ ਸੰਗਤਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ ਕਿਉਂਕਿ ਸਰਕਾਰਾਂ ਅਜਿਹੇ ਹੱਥਕੰਡੇ ਵਰਤਦੀਆਂ ਹਨ ਜਿਸ ਕਾਰਨ ਸਾਡੀ ਭਰੋਸੇਯੋਗਤਾ ਖਤਮ ਹੋ ਸਕੇ। ਅਸੀਂ ਆਪਣੇ ਤੌਰ 'ਤੇ ਵੀ ਯਤਨ ਕਰਾਂਗੇ ਕਿ ਅਜਿਹੀ ਘਿਨਾਉਣੀ ਸਾਜਿਸ਼ ਦਾ ਪਰਦਾਫਾਸ਼ ਕਰ ਸਕੀਏ ਅਤੇ ਸੰਗਤ ਨੂੰ ਵੀ ਸੁਚੇਤ ਰਹਿਣਾ ਚਾਹੀਦਾ ਹੈ।

ਸੰਤ ਭਿੰਡਰਾਂਵਾਲਿਆਂ ਵੱਲੋਂ ਅੰਮ੍ਰਿਤ ਸਰੋਵਰ ਦੀ ਪ੍ਰਤੱਖ ਸ਼ਕਤੀ ਦਾ ਪ੍ਰਮਾਣ

ਭਾਈ ਗੁਰਮੁਖ ਸਿੰਘ ਮੋਗਾ ਦਾ ਰਹਿਣ ਵਾਲਾ ਮਿਸਤਰੀ ਸਿੰਘ ਹੈ ਜਿਸ ਦੀ ਉਮਰ ਹੁਣ 60 ਸਾਲ ਦੀ ਹੈ। ਉਸ ਨੇ ਵਿਸਥਾਰ ਸਹਿਤ ਆਪਣੇ ਨਾਲ ਹੱਡ ਬੀਤੀ ਘਟਨਾ ਦੱਸੀ ਜੋ ਸ੍ਰੀ 'ਅੰਮ੍ਰਿਤਸਰ ਸਿਫਤੀ ਦਾ ਘਰ' ਸਭ ਦਾ ਆਸਰਾ ਹੈ ਅਤੇ ਮੈਨੂੰ ਵੀ ਉੱਥੇ ਨਵੀਂ ਜ਼ਿੰਦਗੀ ਮਿਲੀ। ਉਨ੍ਹਾਂ ਦੱਸਿਆ ਕਿ 1982 ਤੱਕ ਮੈਂ ਨਿਰੋਗ ਸੀ ਅਤੇ ਚੰਗੀ ਸੰਗਤ ਨਾ ਮਿਲਣ ਕਾਰਨ ਕਈ ਤਰ੍ਹਾਂ ਦੇ ਐਬ ਸਨ ਜਿਸ ਕਾਰਨ ਮੈਨੂੰ ਅਲਸਰ ਦੀ ਬਿਮਾਰੀ ਲੱਗ ਗਈ। ਮੇਰੇ ਪੇਟ ਵਿੱਚ ਦਰਦ ਰਹਿਣ ਲੱਗਾ। ਜਦੋਂ ਮੈਂ ਮੋਗਾ ਵਿਖੇ ਡਾਕਟਰ ਹਰਮੰਦਰ ਸਿੰਘ ਬੀਰ ਨੂੰ ਚੈੱਕ ਕਰਵਾਇਆ ਤਾਂ ਕੋਈ ਆਰਾਮ ਨਾ ਮਿਲਿਆ, ਤਾਂ ਇਸ ਡਾਕਟਰ ਨੇ ਲੁਧਿਆਣੇ ਸੀ. ਐੱਮ. ਸੀ. ਹਸਪਤਾਲ ਵਿਖੇ ਭੇਜ ਦਿੱਤਾ। ਉਥੇ ਇੱਕ ਮਹੀਨਾ ਦਾਖਲ ਰਿਹਾ। ਇਸ ਦੌਰਾਨ ਮੇਰੇ ਤਰ੍ਹਾਂ ਤਰ੍ਹਾਂ ਦੇ ਐਕਸਰੇ ਕੀਤੇ ਗਏ ਜਿਨ੍ਹਾਂ ਨੂੰ ਵੇਖ ਕੇ ਡਾਕਟਰ ਹੈਰਾਨ ਰਹਿ ਗਏ। ਉਨ੍ਹਾਂ ਦੱਸਿਆ ਕਿ ਤੇਰੇ ਮਿਹਦੇ ਦੀਆਂ ਨਾੜੀਆਂ ਬਹੁਤ ਕਮਜ਼ੋਰ ਹੋ ਚੁੱਕੀਆਂ ਹਨ ਜਿਸ ਕਰਕੇ ਆਪ੍ਰੇਸ਼ਨ ਵੀ ਨਹੀਂ ਹੋ ਸਕਦਾ ਕਿਉਂਕਿ ਅੰਦਰ ਬਹੁਤ ਛਾਲੇ ਬਣੇ ਹੋਏ ਹਨ ਇਸ ਲਈ ਤੇਰਾ ਇਲਾਜ ਨਹੀਂ ਹੋ ਸਕਦਾ। ਸਾਡੀ ਸਲਾਹ ਹੈ ਕਿ ਤੂੰ ਫਾਲਤੂ ਖਰਚਾ ਨਾ ਕਰ, ਤੇਰੇ ਬਚਣ ਦੀ ਕੋਈ ਉਮੀਦ ਨਹੀਂ। ਪਰ ਮੈਂ ਫਿਰ ਵੀ ਉਨ੍ਹਾਂ ਨੂੰ ਪੁੱਛਿਆ ਕਿ ਮੈਨੂੰ ਵੱਡੇ ਡਾਕਟਰ ਨਾਲ ਮਿਲਾਉ ਤਾਂ ਉਨ੍ਹਾਂ ਨੇ ਡਾਕਟਰ ਸੀ. ਐੱਮ. ਸਿੰਘ ਨੂੰ ਮਿਲਾਇਆ ਜਿਸਦੀ ਦਾੜ੍ਹੀ ਕੱਟੀ ਹੋਈ ਸੀ ਪਰ ਪੱਗ ਬੰਨ੍ਹੀ ਹੋਈ ਸੀ। ਉਸ ਨੇ ਵੀ ਰਿਪੋਰਟਾਂ ਅਤੇ ਐਕਸਰੇ ਵੇਖ ਕੇ ਜਵਾਬ ਦੇ ਦਿੱਤਾ ਕਿ ਤੇਰੇ ਬਚਣ ਦੀ ਕੋਈ ਉਮੀਦ ਨਹੀਂ। ਜਦੋਂ ਉਸ ਨੂੰ ਪੁੱਛਿਆ ਕਿ ਮੇਰਾ ਕੀ ਹੋ ਸਕਦਾ ਹੈ? ਥੋੜ੍ਹਾ ਕੁ ਸੋਚ ਕੇ ਡਾਕਟਰ ਸਿੰਘ ਨੇ ਕਿਹਾ ਜਾਂ ਤਾਂ ਰਾਧਾ ਸੁਆਮੀ ਸਤਿਸੰਗ ਤੋਂ ਨਾਮ ਲੈ ਲਉ, ਜਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਲਉ ਇਸ ਨਾਲ ਅੱਠ ਸਾਲ ਚੰਗਾ ਬੀਤ ਜਾਵੇਗਾ। ਮੈਂ ਉਸ ਨੂੰ ਕਿਹਾ ਕਿ ਰਾਧਾ ਸੁਆਮੀ ਮੈਂ ਬਣਨਾ ਨਹੀਂ ਅਤੇ ਅੰਮ੍ਰਿਤ ਦੀ ਰਹਿਤ ਮੇਰੇ ਕੋਲੋਂ ਨੌਂ ਨਹੀਂ ਹੋਣੀ। ਏਨੀ ਗੱਲ ਸੁਣਦਿਆਂ ਹੀ ਡਾਕਟਰ ਗੁੱਸੇ ਵਿੱਚ ਬੋਲਿਆ ਕਿ ਚੰਗਾ ਜਾਹ ਮਰ। ਕਿਉਂਕਿ ਕਈ ਵਾਰ ਜਿੰਮੇ

Scanned with CamScanner

ਧਮਕੀ ਭਰੀਆਂ ਚਿੱਠੀਆਂ ਦਾ ਖੰਡਨ

16.10.1983 ਨੂੰ ਸੰਤਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੁੱਝ ਦਿਨਾਂ ਤੋਂ ਮੈਨੂੰ ਇਹੋ ਜਿਹੇ ਸੁਨੇਹੇ ਮਿਲ ਰਹੇ ਹਨ ਕਿ ਕੁੱਝ ਥਾਵਾਂ 'ਤੇ ਕੇਵਲ ਪੰਜਾਬ ਹੀ ਨਹੀਂ ਬਲਕਿ ਬੰਬੇ ਕਲਕੱਤੇ ਤੱਕ ਕੁੱਝ ਵਿਅਕਤੀਆਂ ਨੂੰ ਸਾਡੇ ਨਾਂ 'ਤੇ ਚਿੱਠੀਆਂ ਪਾਈਆਂ ਜਾ ਰਹੀਆਂ ਹਨ ਅਤੇ ਧਮਕਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਚਿੱਠੀਆਂ ਰਾਹੀਂ ਮਾਇਆ ਦੀ ਮੰਗ ਕੀਤੀ ਜਾ ਰਹੀ ਹੈ। ਸੰਤਾਂ ਨੇ ਕਿਹਾ ਕਿ ਇਹ ਦਸਮੀ ਟਕਸਾਲ ਨੂੰ ਬਦਨਾਮ ਕਰਨ ਦੀ ਵੱਡੀ ਸਾਜਿਸ਼ ਹੈ ਅਤੇ ਸਮੁੱਚੀਆਂ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਸਾਡੇ ਵੱਲੋਂ ਅਜਿਹਾ ਕੋਈ ਚਿੱਠੀ ਪੱਤਰ ਨਹੀਂ ਪਾਇਆ ਜਾ ਰਿਹਾ ਅਸੀਂ ਆਪਣੇ ਤੌਰ 'ਤੇ ਵੀ ਕੋਸ਼ਿਸ਼ ਕਰਾਂਗੇ ਕਿ ਸਾਨੂੰ ਪਤਾ ਲੱਗ ਸਕੇ ਕਿ ਇਹ ਘਿਨਾਉਣੀ ਹਰਕਤ ਕੌਣ ਕਰ ਰਿਹਾ ਹੈ? ਅਗਰ ਸਾਨੂੰ ਪਤਾ ਲੱਗ ਗਿਆ ਤਾਂ ਕੇਵਲ ਸੰਗਤਾਂ ਵਿੱਚ ਨਸ਼ਰ ਹੀ ਨਹੀਂ ਕਰਾਂਗੇ ਬਲਕਿ ਉਸ ਨੂੰ ਢੁੱਕਵੀਂ ਸਜ਼ਾ ਵੀ ਦਿਆਂਗੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਕਈ ਜ਼ਿੰਮੇਵਾਰ ਸਿੰਘ ਮੈਨੂੰ ਮਿਲੇ ਹਨ ਜਿਨ੍ਹਾਂ ਵਿੱਚ ਹਰੀ ਸਿੰਘ ਆਰੇ ਵਾਲਾ ਕੁੱਝ ਵਿਅਕਤੀਆਂ ਨੂੰ ਲੈ ਕੇ ਮੇਰੇ ਕੋਲ ਆਇਆ ਸੀ, ਜਦੋਂ ਆਉਣ ਦਾ ਕਾਰਨ ਪੁੱਛਿਆ ਤਾਂ ਉਸ ਨਾਲ ਆਏ ਵਿਅਕਤੀ ਨੇ ਕਿਹਾ ਕਿ ਅਸੀਂ ਤਾਂ ਕੋਈ ਅਜਿਹੀ ਗਲਤੀ ਨਹੀਂ ਕੀਤੀ ਬਿਲਕੁੱਲ ਬੇਕਸੂਰ ਹਾਂ। ਮੈਂ ਪੁੱਛਿਆ ਕਿ ਕੀ ਗੱਲ ਹੋਈ ਤਾਂ ਕਹਿਣ ਲੱਗੇ ਤੁਹਾਡੇ ਵੱਲੋਂ ਬਹੁਤ ਸਖਤ ਚਿੱਠੀ ਮਿਲੀ ਹੈ। ਉਸ ਦਿਨ ਤੋਂ ਸਾਰਾ ਪਰਿਵਾਰ ਏਨਾ ਡਰਿਆ ਹੋਇਆ ਹੈ ਕਿ ਘਰ ਵਿੱਚ ਲੰਗਰ ਪਾਣੀ ਵੀ ਨਹੀਂ ਬਣਦਾ ਤਾਂ ਉਨ੍ਹਾਂ ਨੂੰ ਪੁੱਛਿਆ ਕਿ ਉਸ ਚਿੱਠੀ ਉਪਰ ਕਿਸੇ ਦੇ ਦਸਤਖਤ ਹਨ ਤਾਂ ਕਹਿਣ ਲੱਗੇ ਕੇਵਲ 'ਭਿੰਡਰਾਂਵਾਲਾ ਜ਼ਿੰਦਾਬਾਦ' ਲਿਖਿਆ ਹੈ। ਅਸੀਂ ਉਨ੍ਹਾਂ ਨੂੰ ਤਸੱਲੀ ਦਿੱਤੀ ਕਿ ਇਹ ਸਭ ਸਰਕਾਰੀ ਸਾਜਿਸ਼ਾਂ ਹਨ ਤੁਹਾਨੂੰ ਕਿਸੇ ਗੱਲੋਂ ਵੀ ਡਰਨ ਦੀ ਜ਼ਰੂਰਤ ਨਹੀਂ। ਸੰਤਾਂ ਨੇ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਅਜਿਹੀਆਂ ਘਿਨਾਉਣੀਆਂ ਹਰਕਤਾਂ ਤੋਂ ਸੰਗਤਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ ਕਿਉਂਕਿ ਸਰਕਾਰਾਂ ਅਜਿਹੇ ਹੱਥਕੰਡੇ ਵਰਤਦੀਆਂ ਹਨ ਜਿਸ ਕਾਰਨ ਸਾਡੀ ਭਰੋਸੇਯੋਗਤਾ ਖਤਮ ਹੋ ਸਕੇ। ਅਸੀਂ ਆਪਣੇ ਤੌਰ 'ਤੇ ਵੀ ਯਤਨ ਕਰਾਂਗੇ ਕਿ ਅਜਿਹੀ ਘਿਨਾਉਣੀ ਸਾਜਿਸ਼ ਦਾ ਪਰਦਾਫਾਸ਼ ਕਰ ਸਕੀਏ ਅਤੇ ਸੰਗਤ ਨੂੰ ਵੀ ਸੁਚੇਤ ਰਹਿਣਾ ਚਾਹੀਦਾ ਹੈ।

ਸੰਤ ਭਿੰਡਰਾਂਵਾਲਿਆਂ ਵੱਲੋਂ ਅੰਮ੍ਰਿਤ ਸਰੋਵਰ ਦੀ ਪ੍ਰਤੱਖ ਸ਼ਕਤੀ ਦਾ ਪ੍ਰਮਾਣ

ਭਾਈ ਗੁਰਮੁਖ ਸਿੰਘ ਮੋਗੇ ਦਾ ਰਹਿਣ ਵਾਲਾ ਮਿਸਤਰੀ ਸਿੰਘ ਹੈ ਜਿਸ ਦੀ ਉਮਰ ਹੁਣ 60 ਸਾਲ ਦੀ ਹੈ। ਉਸ ਨੇ ਵਿਸਥਾਰ ਸਹਿਤ ਆਪਣੇ ਨਾਲ ਹੱਡ ਬੀਤੀ ਘਟਨਾ ਦੱਸੀ ਜੋ ਸ੍ਰੀ 'ਅੰਮ੍ਰਿਤਸਰ ਸਿਫਤੀ ਦਾ ਘਰ' ਸਭ ਦਾ ਆਸਰਾ ਹੈ ਅਤੇ ਮੈਨੂੰ ਵੀ ਉੱਥੋਂ ਨਵੀਂ ਜ਼ਿੰਦਗੀ ਮਿਲੀ। ਉਨ੍ਹਾਂ ਦੱਸਿਆ ਕਿ 1982 ਤੱਕ ਮੈਂ ਨਿਗੁਰਾ ਸੀ ਅਤੇ ਚੰਗੀ ਸੰਗਤ ਨਾ ਮਿਲਣ ਕਾਰਨ ਕਈ ਤਰ੍ਹਾਂ ਦੇ ਐਬ ਸਨ ਜਿਸ ਕਾਰਨ ਮੈਨੂੰ ਅਲਸਰ ਦੀ ਬਿਮਾਰੀ ਲੱਗ ਗਈ। ਮੇਰੇ ਪੇਟ ਵਿੱਚ ਦਰਦ ਰਹਿਣ ਲੱਗਾ। ਜਦੋਂ ਮੈਂ ਮੋਗੇ ਵਿਖੇ ਡਾਕਟਰ ਹਰਮੰਦਰ ਸਿੰਘ ਬੀਰ ਨੂੰ ਚੈੱਕ ਕਰਵਾਇਆ ਤਾਂ ਕੋਈ ਆਰਾਮ ਨਾ ਮਿਲਿਆ, ਤਾਂ ਇਸ ਡਾਕਟਰ ਨੇ ਲੁਧਿਆਣੇ ਸੀ. ਐੱਮ. ਸੀ. ਹਸਪਤਾਲ ਵਿਖੇ ਭੇਜ ਦਿੱਤਾ। ਉੱਥੇ ਇੱਕ ਮਹੀਨਾ ਦਾਖਲ ਰਿਹਾ। ਇਸ ਦੌਰਾਨ ਮੇਰੇ ਰੰਗੀਨ ਐਕਸਰੇ ਕੀਤੇ ਗਏ ਜਿਨ੍ਹਾਂ ਨੂੰ ਵੇਖ ਕੇ ਡਾਕਟਰ ਹੈਰਾਨ ਰਹਿ ਗਏ। ਉਨ੍ਹਾਂ ਦੱਸਿਆ ਕਿ ਤੇਰੇ ਮਿਹਦੇ ਦੀਆਂ ਨਾੜੀਆਂ ਬਹੁਤ ਕਮਜ਼ੋਰ ਹੋ ਚੁੱਕੀਆਂ ਹਨ ਜਿਸ ਕਰਕੇ ਆਪ੍ਰੇਸ਼ਨ ਵੀ ਨਹੀਂ ਹੋ ਸਕਦਾ ਕਿਉਂਕਿ ਅੰਦਰ ਬਹੁਤ ਛਾਲੇ ਬਣੇ ਹੋਏ ਹਨ ਇਸ ਲਈ ਤੇਰਾ ਇਲਾਜ਼ ਨਹੀਂ ਹੋ ਸਕਦਾ। ਸਾਡੀ ਸਲਾਹ ਹੈ ਕਿ ਤੂੰ ਫਾਲਤੂ ਖਰਚਾ ਨਾ ਕਰ, ਤੇਰੇ ਬਚਣ ਦੀ ਕੋਈ ਉਮੀਦ ਨਹੀਂ। ਪਰ ਮੈਂ ਫਿਰ ਵੀ ਉਨ੍ਹਾਂ ਨੂੰ ਪੁੱਛਿਆ ਕਿ ਮੈਨੂੰ ਵੱਡੇ ਡਾਕਟਰ ਨਾਲ ਮਿਲਾਉ ਤਾਂ ਉਨ੍ਹਾਂ ਨੇ ਡਾਕਟਰ ਸੀ. ਐੱਮ. ਸਿੰਘ ਨੂੰ ਮਿਲਾਇਆ ਜਿਸਦੀ ਦਾੜ੍ਹੀ ਕੱਟੀ ਹੋਈ ਸੀ ਪਰ ਪੱਗ ਬੰਨ੍ਹੀ ਹੋਈ ਸੀ। ਉਸ ਨੇ ਵੀ ਰਿਪੋਰਟਾਂ ਅਤੇ ਐਕਸਰੇ ਵੇਖ ਕੇ ਜਵਾਬ ਦੇ ਦਿੱਤਾ ਕਿ ਤੇਰੇ ਬਚਣ ਦੀ ਕੋਈ ਉਮੀਦ ਨਹੀਂ। ਜਦ ਉਸ ਨੂੰ ਪੁੱਛਿਆ ਕਿ ਮੇਰਾ ਕੀ ਹੋ ਸਕਦਾ ਹੈ? ਥੋੜ੍ਹਾ ਰੁ ਸੋਚ ਕੇ ਡਾਕਟਰ ਸਿੰਘ ਨੇ ਕਿਹਾ ਜਾਂ ਤਾਂ ਰਾਧਾ ਸੁਆਮੀ ਸਤਿਸੰਗ ਤੋਂ ਨਾਮ ਲੈ ਲਉ, ਜਾਂ ਪੰਜਾ ਪਿਆਰਿਆਂ ਤੋਂ ਅੰਮ੍ਰਿਤ ਛਕ ਲਉ ਇਸ ਨਾਲ ਅੱਤ ਸਮਾਂ ਚੰਗਾ ਬੀਤ ਜਾਵੇਗਾ। ਮੈਂ ਉਸ ਨੂੰ ਕਿਹਾ ਕਿ ਰਾਧਾ ਸੁਆਮੀ ਮੈਂ ਬਣਨਾ ਨਹੀਂ ਅਤੇ ਅੰਮ੍ਰਿਤ ਦੀ ਰਹਿਤ ਮੇਰੇ ਕੋਲੋਂ ਰੱਖ ਨਹੀਂ ਹੋਣੀ। ਏਨੀ ਗੱਲ ਸੁਣਦਿਆਂ ਹੀ ਡਾਕਟਰ ਗੁੱਸੇ ਵਿੱਚ ਬੋਲਿਆ ਕਿ ਚੰਗਾ ਜਾਹ ਮਰ। ਕਿਉਂਕਿ ਕਈ ਵਾਰ ਜਿੱਥੇ

Scanned with CamScanner

ਦਵਾ-ਦਾਰੂ ਕੰਮ ਨਹੀਂ ਕਰਦਾ ਉੱਥੇ ਰੱਬ ਦੀ ਦਇਆ ਕੰਮ ਕਰ ਦਿੰਦੀ ਹੈ। ਉਸ ਨੇ ਉਸੇ ਵੇਲੇ ਮੈਨੂੰ ਛੁੱਟੀ ਦੇ ਦਿੱਤੀ ਅਤੇ ਮੈਂ ਆਪਣੇ ਘਰ ਮੋਗੇ ਵਿਖੇ ਆ ਗਿਆ। ਇਸ ਤੋਂ ਬਾਅਦ ਜਿਸ ਵੀ ਕਿਸੇ ਨੇ ਦੱਸਿਆ ਕਿ ਫਲਾਣੇ ਥਾਂ 'ਤੇ ਬਹੁਤ ਸਿਆਣਾ ਕਾਲੇ ਇਲਮ ਦਾ ਤਵੀਤ ਦਿੰਦਾ ਹੈ ਜਾਂ ਫਲਾਣਾ ਪੰਡਿਤ ਬਹੁਤ ਚੰਗਾ ਹੈ, ਇੱਥੋਂ ਤੱਕ ਕਿ ਹਰੀਕੇ ਪੱਤਣ ਤੋਂ ਭਿਖੀਵਿੰਡ ਵਾਲੀ ਸੜਕ 'ਤੇ ਇੱਕ ਕਬਰ ਬਣੀ ਹੋਈ ਸੀ ਜੋ ਬਹੁਤ ਮਸ਼ਹੂਰ ਸੀ। ਉਸ ਕਬਰ 'ਤੇ ਇੱਕ ਬੀਬੀ ਬੈਠਦੀ ਸੀ ਜਿਸ ਦਾ ਦਾਅਵਾ ਸੀ ਕਿ ਉਸਦੇ ਵਿੱਚ ਗੋਬੀ ਸ਼ਕਤੀ ਆਉਂਦੀ ਹੈ ਤੇ ਹਰ ਤਰ੍ਹਾਂ ਦੀ ਬਿਮਾਰੀ ਦੂਰ ਹੋ ਜਾਂਦੀ ਹੈ। ਮੈਂ ਉੱਥੇ ਵੀ ਗਿਆ ਉਸ ਨੇ ਬਹੁਤ ਭਰਮਾ ਦਿੱਤਾ ਪਰ ਮੈਨੂੰ ਕੋਈ ਫ਼ਰਕ ਨਾ ਪਿਆ। ਫਿਰ 1983 ਦੇ ਅਖੀਰ ਵਿੱਚ ਮੇਰਾ ਕੁਰਾ ਮਾਧੋ ਸਿੰਘ ਤੇ ਸਾਧੂ ਸਿੰਘ (ਮਾਧੋ ਬਰੈਸ਼ਰ ਵਾਲੇ) ਨੇ ਸ੍ਰੀ ਅੰਮ੍ਰਿਤਸਰ ਸਾਹਿਬ ਜਾਣਾ ਸੀ, ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਵੀ ਨਾਲ ਲੈ ਚੱਲੋ, ਮੈਂ ਆਖਰੀ ਵਾਰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਆਵਾਂਗਾ। ਉਹ ਮੈਨੂੰ ਲੈ ਗਏ। ਦਰਸ਼ਨ ਕਰਨ ਉਪਰੰਤ ਅਸੀਂ ਗੁਰੂ ਨਾਨਕ ਨਿਵਾਸ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਮਿਲਣ ਚਲੇ ਗਏ। ਸੰਤਾਂ ਕੋਲ ਪਹੁੰਚ ਕੇ ਮੈਂ 2-3 ਵਾਰ ਯਤਨ ਕੀਤਾ ਪਰ ਉਨ੍ਹਾਂ ਦੇ ਚਿਹਰੇ ਵੱਲ ਵੇਖ ਨਾ ਸਕਿਆ। ਕੁੱਝ ਸਮਾਂ ਬੈਠ ਕੇ ਅਸੀਂ ਵਾਪਸ ਆ ਗਏ। ਘਰ ਆ ਕੇ ਮੇਰੇ ਮਨ ਵਿੱਚ ਬਹੁਤ ਅਫ਼ਸੋਸ ਹੋਇਆ ਕਿ ਸੰਤਾਂ ਨੂੰ ਛਤਿਰ ਵੀ ਨਹੀਂ ਝੁਲਾਈ ਅਤੇ ਮੈਂ ਮਨ ਹੀ ਮਨ ਵਿੱਚ ਬਹੁਤ ਡਰਿਆ ਹੋਇਆ ਸੀ ਕਿ ਇੱਕ ਔਬੀ ਬੰਦਾ ਅਜਿਹੇ ਮਹਾਂਪੁਰਖਾਂ ਦਾ ਕਿਵੇਂ ਸਾਹਮਣਾ ਕਰੇ ਅਤੇ ਕਿਵੇਂ ਛਤਿਰ ਝੁਲਾਵੇ। ਮੈਂ ਫਿਰ ਮੋਗੇ ਦੇ ਹੀ ਭਾਈ ਰਣਜੀਤ ਸਿੰਘ ਨੂੰ ਕਿਹਾ ਕਿ ਮੈਨੂੰ ਫਿਰ ਅੰਮ੍ਰਿਤਸਰ ਲੈ ਕੇ ਚੱਲੋ, ਅਸੀਂ ਫਿਰ ਚਲੇ ਗਏ। ਸੰਤਾਂ ਨੂੰ ਮਿਲੇ ਪਰ ਮੈਂ ਫਿਰ ਸਾਹਮਣੇ ਨਾ ਝਾਕ ਸਕਿਆ ਅਤੇ ਅਸੀਂ ਵਾਪਸ ਮੁੜ ਆਏ। ਇੱਕ ਵਾਰ ਫਿਰ ਹਿੰਮਤ ਕਰਕੇ ਗੁਰਮੁਖ ਸਿੰਘ ਚਾਵਲਾ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਗਿਆ। ਦਰਬਾਰ ਸਾਹਿਬ ਮੱਥਾ ਟੇਕਿਆ ਤੇ ਦੁੱਖ ਭੰਜਨੀ ਬੇਰੀ ਕੋਲ ਕੰਧ ਨਾਲ ਸਹਾਰਾ ਲਾ ਕੇ ਖੜ੍ਹ ਗਿਆ। ਉਸ ਸਮੇਂ ਸਰੋਵਰ ਦੀਆਂ ਪ੍ਰਕਰਮਾ ਪੋਣ ਦੀ ਸੇਵਾ ਚੱਲ ਰਹੀ ਸੀ। ਮੈਂ ਅਚਾਨਕ ਡਿੱਗ ਪਿਆ ਮੈਨੂੰ ਇਸ ਤਰ੍ਹਾਂ ਲੱਗਾ ਕਿ ਮੈਂ ਮਰ ਚੁੱਕਾ ਹਾਂ ਅਤੇ ਮੇਰਾ ਸਿਰ ਬੁਰੀ ਤਰ੍ਹਾਂ ਫਟ ਚੁੱਕਾ ਹੈ ਉੱਥੇ ਸੇਵਾ ਕਰ ਰਹੇ ਸਿੰਘਾਂ ਨੇ ਮੈਨੂੰ ਚੁਕਾਇਆ ਪੁੱਛਿਆ ਕਿ ਤੂੰ ਠੀਕ ਹੈਂ? ਮੈਂ ਬੇਸੁਰਤੀ ਵਿੱਚ ਹੀ ਬੋਲਿਆ ਕਿ ਮੈਂ ਤਾਂ ਮਰ ਚੁੱਕਾ ਹਾਂ ਅਤੇ ਮੇਰਾ ਸਿਰ ਵੀ ਬੁਰੀ ਤਰ੍ਹਾਂ ਫਟ ਚੁੱਕਾ ਹੈ। ਉਨ੍ਹਾਂ ਕਿਹਾ ਕਿ ਤੂੰ ਠੀਕ-ਠਾਕ ਹੈਂ, ਤੇਰੀ ਤਾਂ ਦਸਤਾਰ ਵੀ ਨਹੀਂ ਲੱਥੀ ਸਿਰ ਵਿੱਚ ਕੋਈ ਜ਼ਖਮ ਵੀ ਨਹੀਂ ਹੈ। ਇਨੇ ਚਿਰ ਨੂੰ ਭਾਈ ਅਮਰਜੀਤ ਸਿੰਘ ਚਾਵਲਾ ਕੁੱਝ ਫੈਡਰੇਸ਼ਨ ਦੇ ਵਿਦਿਆਰਥੀਆਂ ਨਾਲ ਸੰਤਾਂ ਨੂੰ ਮਿਲਣ ਲਈ ਲੰਗਰ ਹਾਲ ਵੱਲ ਜਾ ਰਹੇ ਸਨ ਉਸ ਨੇ ਮੈਨੂੰ ਪਛਾਣ ਲਿਆ ਅਤੇ ਕਿਹਾ ਕਿ ਆ, ਤੈਨੂੰ ਸੰਤਾਂ ਨਾਲ ਮਿਲਾਈਏ। ਉਹ ਮੈਨੂੰ ਬਾਹਾਂ ਤੋਂ ਫੜ ਕੇ ਉਪਰ ਲੈ ਗਏ। ਉਸ ਸਮੇਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਖੜ੍ਹੇ-ਖੜ੍ਹੇ ਹੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਕਰ ਰਹੇ ਸਨ। ਮੇਰੇ ਮਨ ਵਿੱਚ ਕੁਦਰਤ ਵੱਲੋਂ ਐਸਾ ਜੋਸ਼ ਆਇਆ ਕਿ ਮੈਂ ਸੰਤਾਂ ਦੇ ਬਿਲਕੁੱਲ ਨਜ਼ਦੀਕ ਜਾ ਕੇ ਗੱਜ ਕੇ ਛਤਿਰ ਝੁਲਾਈ। ਸੰਤਾਂ ਨੇ ਮੇਰੇ ਮੱਢੇ 'ਤੇ ਹੱਥ ਰੱਖ ਕੇ ਮੇਰਾ ਨਾਂ ਪੁੱਛਿਆ ਅਤੇ ਸੁੱਖ-ਸਾਂਦ ਵੀ ਪੁੱਛੀ। ਮੈਂ ਕਿਹਾ, ਕਿ ਬਾਬਾ ਜੀ ਡਾਕਟਰਾਂ ਨੇ ਮੈਨੂੰ ਜਵਾਬ ਦੇ ਦਿੱਤਾ ਹੈ, ਕਿਸੇ ਪਲ ਵੀ ਮੇਰੀ ਮੌਤ ਹੋ ਸਕਦੀ ਹੈ। ਸੰਤਾਂ ਨੇ ਕਿਹਾ "ਇਹ ਸਭ ਕੁੱਝ ਅਕਾਲ ਪੁਰਖ ਦੇ ਹੱਥ ਵਿੱਚ ਹੈ, ਤੂੰ ਦੁੱਖ ਭੰਜਨੀ ਬੇਰੀ ਹੇਠ ਇਸ਼ਨਾਨ ਕਰ, ਤੇਰੇ ਨਾਲ ਸਿੰਘ ਭੇਜਦੇ ਹਾਂ ਹਰਿਮੰਦਰ ਸਾਹਿਬ ਅੰਦਰ ਜਾ ਕੇ ਅਰਦਾਸ ਕਰੀਂ, ਅੰਮ੍ਰਿਤਸਰ ਸਰੋਵਰ ਦੀ ਸ਼ਕਤੀ 'ਤੇ ਸ਼ੰਕਾ ਨਹੀਂ ਕਰਨਾ, ਇਸ ਨਾਲ ਵੀ ਮਨ ਨੂੰ ਦੋਸ਼ ਲੱਗਦਾ ਹੈ ਅਤੇ ਕਿੰਤੂ-ਪ੍ਰੰਤੂ ਤਾਂ ਭੁੱਲ ਕੇ ਵੀ ਨਹੀਂ ਕਰਨਾ, ਪੂਰਨ ਸ਼ਰਧਾ ਰੱਖਣੀ ਹੈ ਅੱਜ ਤੋਂ ਬਾਅਦ ਕਿਸੇ ਕਿਸਮ ਦਾ ਨਸ਼ਾ ਨਹੀਂ ਵਰਤਣਾ ਅਤੇ ਪਰਿਵਾਰ ਕਰਨਾ, ਪੂਰਨ ਸ਼ਰਧਾ ਰੱਖਣੀ ਹੈ ਅੱਜ ਤੋਂ ਬਾਅਦ ਕਿਸੇ ਕਿਸਮ ਦਾ ਨਸ਼ਾ ਨਹੀਂ ਵਰਤਣਾ ਅਤੇ ਪਰਿਵਾਰ ਸਮੇਤ ਅੰਮ੍ਰਿਤ ਛਕ ਕੇ ਗੁਰੂ ਲੜ ਲੱਗ ਜਾਉ, ਸਤਿਗੁਰੂ ਰਾਮਦਾਸ ਸਾਹਿਬ ਜੀ ਕ੍ਰਿਪਾ ਕਰਨਗੇ।"

ਗੁਰਮੁਖ ਸਿੰਘ ਦੱਸਦਾ ਹੈ ਕਿ ਇਸ ਤੋਂ ਬਾਅਦ ਮੈਂ ਇਸੇ ਤਰ੍ਹਾਂ ਕੀਤਾ ਦੁੱਖ ਭੰਜਨੀ ਬੇਰੀ ਹੇਠ ਅੰਮ੍ਰਿਤ ਸਰੋਵਰ ਵਿਖੇ ਇਸ਼ਨਾਨ ਕੀਤਾ, ਹਰਿਮੰਦਰ ਸਾਹਿਬ ਵਿਖੇ ਅਰਦਾਸ ਕੀਤੀ ਅਤੇ ਮੈਂ ਵਾਪਸ ਮੋਗੇ ਚਲਾ ਗਿਆ। ਮੈਂ ਦਿਨੋ ਦਿਨ ਠੀਕ ਹੋਣ ਲੱਗਾ ਅਤੇ ਗੱਡੀਆਂ ਦੀਆਂ ਸੀਟਾਂ ਬਣਾਉਣ ਦਾ ਕੰਮ ਸ਼ੁਰੂ ਕਰ ਲਿਆ। ਪਰ ਕੁੱਝ ਸਮੇਂ ਬਾਅਦ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫੌਜਾਂ ਨੇ ਹਮਲਾ ਕਰ ਦਿੱਤਾ, ਇਸ ਲਈ ਸੰਤਾਂ ਨੂੰ ਫਿਰ ਮਿਲ ਨਾ ਸਕੇ। ਇਸ ਸਾਕੀ ਘਟਨਾ ਬਾਰੇ ਮੈਂ ਭਾਈ ਦਰਸ਼ਨ ਸਿੰਘ ਮੰਡ ਵਾਲਿਆਂ ਨੂੰ ਦੱਸਿਆ ਜਿਸ ਸਮੇਂ ਉਹ ਆਪਣੀ ਜੀਪ ਦੀਆਂ ਸੀਟਾਂ ਨੀਕ ਕਰਵਾਉਣ ਲਈ ਮੇਰੇ ਕੋਲ ਆਇਆ ਸੀ। ਉਸ ਨੇ ਮੈਨੂੰ ਪੁੱਛਿਆ ਕਿ ਤੂੰ ਅੰਮ੍ਰਿਤ ਛਕ ਲਿਆ ਹੈ? ਮੈਂ ਕਿਹਾ ਕਿ

Scanned with CamScanner

ਨਹੀਂ, ਹਾਲੇ ਛਕਣਾ ਹੈ ਤਾਂ ਉਸ ਨੇ ਕਿਹਾ ਕੱਲ੍ਹ ਹੀ ਫਰੀਦਕੋਟ ਨੇੜੇ ਪਿੰਡ ਮੱਝਵਾਲਾ ਵਿਖੇ ਅੰਮ੍ਰਿਤ ਤਿਆਰ ਹੋਣਾ ਹੈ ਅਤੇ ਸੰਤਾਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਹੁਰੀਂ ਆਪ ਪੰਜਾਂ ਪਿਆਰਿਆਂ ਦੀ ਸੇਵਾ ਨਿਭਾਉਂਦੇ ਹਨ। ਮੈਂ ਉਸ ਦੇ ਨਾਲ ਹੀ ਚਲਿਆ ਗਿਆ। ਅਗਲੇ ਦਿਨ ਪਰਿਵਾਰ ਸਮੇਤ ਅੰਮ੍ਰਿਤ ਛਕਿਆ ਉਸ ਸਮੇਂ ਤੋਂ ਲੈ ਕੇ ਬਿਲਕੁੱਲ ਹੀ ਨਸ਼ਾ ਰਹਿਤ ਹੋ ਗਿਆ ਹਾਂ ਅਤੇ ਲਗਾਤਾਰ ਨਿੱਤਨੇਮ ਅਤੇ ਸੰਗਤ ਕਰਨ ਦਾ ਸੁਭਾਗ ਬਣਿਆ ਰਹਿੰਦਾ ਹੈ। ਬੱਚੇ ਬੱਚੀਆਂ ਅੰਮ੍ਰਿਤਧਾਰੀ ਅਤੇ ਨਿੱਤਨੇਮੀ ਹਨ।

ਸੰਤ ਭਿੰਡਰਾਂਵਾਲਿਆਂ ਦੀ ਹਿੱਟ ਲਿਸਟ ਬਾਰੇ ਇੰਦਰਾ ਗਾਂਧੀ ਵੱਲੋਂ ਝੂਠਾ ਪ੍ਰਾਪੇਗੰਡਾ

"ਪਿਛਲੇ ਦਿਨੀਂ ਭਾਰਤ ਦੀ ਪ੍ਰਧਾਨ ਮੰਤਰੀ ਬੀਬੀ ਇੰਦਰਾ ਗਾਂਧੀ ਨੇ ਮੇਰੇ ਪ੍ਰਤੀ ਕੁੱਝ ਗੱਲਾਂ ਪ੍ਰੈੱਸ ਵਿੱਚ ਕਹੀਆਂ ਹਨ ਜਿਨ੍ਹਾਂ ਵਿੱਚ ਇੱਕ ਇਹ ਵੀ ਹੈ ਕਿ ਭਿੰਡਰਾਂਵਾਲੇ ਨੇ ਕੁੱਝ ਖਾਸ ਵਿਅਕਤੀਆਂ ਦੀ ਹਿੱਟ ਲਿਸਟ ਬਣਾਈ ਹੈ ਜਿਨ੍ਹਾਂ ਨੂੰ ਉਹ ਖਤਮ ਕਰਨਾ ਚਾਹੁੰਦਾ ਹੈ। ਉਨ੍ਹਾਂ ਵਿੱਚੋਂ ਕੁੱਝ ਵਿਅਕਤੀਆਂ ਨੇ ਸਰਕਾਰ ਤੱਕ ਪਹੁੰਚ ਕੀਤੀ ਹੈ ਕਿ ਸਾਡੀ ਰੱਖਿਆ ਕੀਤੀ ਜਾਵੇ।" ਸੰਤਾਂ ਨੇ ਕਿਹਾ ਦੇਸ਼ ਦੀ ਏਡੀ ਵੱਡੀ ਜ਼ਿੰਮੇਵਾਰ ਕੁਰਸੀ 'ਤੇ ਬੈਠ ਕੇ ਬਿਨਾਂ ਤੱਥਾਂ ਤੋਂ ਕਿਸੇ ਪ੍ਰਤੀ ਬਿਆਨ ਦੇਣਾ ਬਹੁਤ ਵੱਡਾ ਗੁਨਾਹ ਹੈ। ਉਨ੍ਹਾਂ ਕਿਹਾ ਕਿ ਮੈਂ ਚੈਲੰਿਜ ਕਰਦਾ ਹਾਂ ਕਿ ਜਦੋਂ ਤੱਕ ਮੇਰੀ ਜ਼ਿੰਦਗੀ ਹੈ, ਇੰਦਰਾ ਗਾਂਧੀ ਸਿੱਧ ਕਰ ਦੇਵੇ ਕਿ ਇਹ ਹਿੱਟ ਲਿਸਟ ਕਿਸ ਵਿਅਕਤੀ ਨੇ ਲਿਖੀ, ਲਿਖਣ ਵਾਸਤੇ ਸਿਆਹੀ, ਪੈੱਨ, ਕਾਗਜ਼ ਕੌਣ ਲੈ ਕੇ ਆਇਆ ਅਤੇ ਇਸ ਹਿੱਟ ਲਿਸਟ ਉਪਰ ਕਿਸ ਨੇ ਦਸਤਖ਼ਤ ਕੀਤੇ ਹਨ ਕਿ ਫਲਾਣੇ-ਫਲਾਣੇ ਬੰਦੇ ਮਾਰਨੇ ਹਨ। ਇਸ ਦੀ ਸਾਰੀ ਤਫਤੀਸ਼ ਸੀ. ਬੀ. ਆਈ. ਤੋਂ ਕਰਵਾ ਲਈ ਜਾਵੇ। ਪੜਤਾਲ ਕਰਨ ਉਪਰੰਤ ਜੇ ਸੀ. ਬੀ. ਆਈ. ਸਿੱਧ ਕਰ ਦੇਵੇ ਕਿ ਮੈਂ ਕੋਈ ਹਿੱਟ ਲਿਸਟ ਬਣਾਈ ਹੈ ਤਾਂ ਮੈਂ ਗੁਰੂ ਨੂੰ ਹਾਜ਼ਰ ਨਾਜ਼ਰ ਮੰਨ ਕੇ ਪ੍ਰਣ ਕਰਦਾ ਹਾਂ ਕਿ ਗੁਰੂ ਕੀ ਸੰਗਤ ਜੋ ਵੀ ਸਜ਼ਾ ਦੇਵੇਗੀ ਮੈਂ ਉਸ ਨੂੰ ਪ੍ਰਵਾਨ ਕਰਾਂਗਾ ਅਤੇ ਗੁਰੂ ਨਾਨਕ ਨਿਵਾਸ ਵਿੱਚੋਂ ਬਾਹਰ ਚਲਿਆ ਜਾਵਾਂਗਾ। ਪਰ ਪ੍ਰਧਾਨ ਮੰਤਰੀ ਦੱਸੇ ਕਿ ਉਸ ਕੋਲ ਕੀ ਸਬੂਤ ਹਨ? ਜੇ ਸਬੂਤ ਨਹੀਂ ਉਸ ਵਿੱਚ ਥੋੜ੍ਹੀ ਬਹੁਤੀ ਵੀ ਅਣਖ ਗੈਰਤ ਹੈ ਤਾਂ ਉਸ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਛੱਡ ਦੇਣਾ ਚਾਹੀਦਾ ਹੈ। ਕਿਉਂਕਿ ਐਡੀ ਵੱਡੀ ਜ਼ਿੰਮੇਵਾਰੀ ਹੋਵੇ ਅਤੇ ਆਪਣੇ ਚਹੇਤਿਆਂ ਲਾਲਾ ਰਮੇਸ਼, ਵਰਿੰਦਰ ਯਸ਼ ਵਰਗਿਆਂ ਦੀਆਂ ਗੱਲਾਂ ਸੁਣ ਕੇ ਬਿਨਾਂ ਤੱਥਾਂ ਤੋਂ ਹੀ ਸਾਨੂੰ ਬਦਨਾਮ ਕਰਨ ਲਈ ਅਜਿਹਾ ਕੁੱਝ ਕਹਿਣਾ ਸ਼ੁਰੂ ਕਰ ਦੇਵੇ, ਕਿ ਇਹ ਬੜਾ ਖ਼ਤਰਨਾਕ ਹੈ, ਇਸ ਨੇ ਹਿੱਟ ਲਿਸਟ ਬਣਾਈ ਹੈ ਇਹ ਸਭ ਇੱਕ ਸਾਜਿਸ਼ ਅਧੀਨ ਅਖਬਾਰਾਂ ਰਾਹੀਂ ਝੂਠਾ ਪ੍ਰਾਪੇਗੰਡਾ ਕੀਤਾ ਜਾ ਰਿਹਾ ਹੈ ਤਾਂ ਕਿ ਸਿੱਖਾਂ ਵਿੱਚ ਵੱਡਾ ਭਰਮ ਭੁਲੇਖਾ ਪਾ ਕੇ ਫੁੱਟ ਪਾਈ ਜਾ ਸਕੇ। ਪਰ ਜਿਸ ਵਿਅਕਤੀ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਹੈ ਕਿ ਹਿੱਟ ਲਿਸਟ ਬਣੀ ਹੈ ਉਸ ਨੂੰ ਫੜ੍ਹੋ ਜਿਸ ਤਰ੍ਹਾਂ ਸਿੱਖਾਂ ਨੂੰ ਫੜ੍ਹ ਕੇ ਇੰਨਟੈਰਗੇਸ਼ਨ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਉਸ ਨੂੰ ਵੀ ਕੀਤਾ ਜਾਵੇ। ਤਾਂ ਕਿ ਉਹ ਅਗਾਂਹ ਦੱਸੇ ਕਿ ਹਿੱਟ ਲਿਸਟ ਕਿੱਥੇ ਹੈ, ਕਿਸ ਨੇ ਬਣਾਈ ਹੈ ਅਤੇ ਉਸ ਨੇ ਕਿੱਥੇ ਵੇਖੀ ਹੈ? ਜੇ ਇਸ ਤਰ੍ਹਾਂ ਹੋਵੇ ਤਾਂ ਆਪੇ ਸੱਚ ਸਾਹਮਣੇ ਆ ਜਾਵੇਗਾ। ਨਾਲ ਹੀ ਉਨ੍ਹਾਂ ਸੰਗਤਾਂ ਨੂੰ ਸੁਚੇਤ ਕੀਤਾ ਕਿ ਅਜਿਹੀਆਂ ਗੁੰਮਰਾਹਕੁੰਨ ਸਾਜਿਸ਼ਾਂ ਤੋਂ ਸੁਚੇਤ ਰਹਿਣਾ ਹੈ ਅਤੇ ਚੜ੍ਹਦੀ ਕਲਾ ਨਾਲ ਧਰਮ ਯੁੱਧ ਮੋਰਚੇ ਦੀ ਕਾਮਯਾਬੀ ਲਈ ਯਤਨ ਕਰਨੇ ਹਨ।

ਸੰਤਾਂ ਵੱਲੋਂ ਗੁਰੂ ਨਾਨਕ ਨਿਵਾਸ ਛੱਡਣਾ

ਗੁਰੂ ਨਾਨਕ ਨਿਵਾਸ ਵਿਖੇ ਸੰਤਾਂ ਸਮੇਤ ਦਮਦਮੀ ਟਕਸਾਲ ਦੇ ਸਿੰਘ ਅਤੇ ਇਨ੍ਹਾਂ ਦੇ ਸਹਿਯੋਗੀਆਂ ਦੀ ਰਿਹਾਇਸ਼ ਸੀ। 15 ਦਸੰਬਰ ਨੂੰ ਬੱਬਰ ਖ਼ਾਲਸਾ ਜਥੇਬੰਦੀ ਨਾਲ ਸਬੰਧਿਤ 6-7 ਸਿੰਘ ਗੁਰੂ ਨਾਨਕ ਨਿਵਾਸ ਵਿਖੇ ਟਕਸਾਲ ਦੇ ਸਿੰਘਾਂ ਕੋਲ ਆਏ ਅਤੇ ਉਨ੍ਹਾਂ ਲਈ ਇੱਥੇ ਕੁੱਝ ਕਮਰੇ ਖਾਲੀ ਕਰਨ ਲਈ ਕਹਿਣ ਲੱਗੇ ਤਾਂ ਟਕਸਾਲ ਦੇ ਸਿੰਘਾਂ ਨੇ ਕਿਹਾ ਕਿ ਇੱਥੇ ਤਾਂ ਪਹਿਲਾਂ ਹੀ ਉਨ੍ਹਾਂ ਕੁ ਰਿਹਾਇਸ਼ ਹੈ ਜਿੰਨੇ ਕੁ ਸਿੰਘ ਰਹਿ ਰਹੇ ਹਨ। ਪਰ ਇਹ ਮਸਲਾ ਸੰਤਾਂ ਕੋਲ ਪਹੁੰਚ ਗਿਆ। ਸੰਤਾਂ ਨੇ ਬੱਬਰ ਖ਼ਾਲਸਾ ਜਥੇਬੰਦੀ ਦੇ ਸਿੰਘਾਂ ਨੂੰ ਆਪਣੇ ਕੋਲ ਬੁਲਾਇਆ ਅਤੇ ਪੁੱਛਿਆ ਕਿ ਸਿੰਘੋ, ਕੀ ਚਾਹੁੰਦੇ ਹੋ? ਉਨ੍ਹਾਂ ਨੇ ਕਿਹਾ ਕਿ ਸਾਨੂੰ ਇੱਥੇ ਰਿਹਾਇਸ਼ ਲਈ ਕੁੱਝ ਕਮਰੇ ਚਾਹੀਦੇ ਹਨ। ਸੰਤਾਂ ਨੇ ਇਹ

Scanned with CamScanner

ਕਹਿ ਕੇ ਉਨ੍ਹਾਂ ਸਿੰਘਾਂ ਨੂੰ ਤੋਰ ਦਿੱਤਾ ਕਿ ਠੀਕ ਹੈ ਆਪਾਂ ਇਸ ਸਬੰਧੀ ਵਿਚਾਰ ਕਰ ਲੈਂਦੇ ਹਾਂ। ਉਨ੍ਹਾਂ ਦੇ ਜਾਣ ਤੋਂ ਬਾਅਦ ਸੰਤਾਂ ਨੇ ਟਕਸਾਲ ਦੇ ਸਿੰਘਾਂ ਨੂੰ ਕਿਹਾ ਕਿ ਆਪਾਂ ਖਾਣ-ਪੀਣ ਅਤੇ ਸੌਣ ਦੇ ਕਾਰਨ ਕਿਸੇ ਵੀ ਸਿੰਘ ਨਾਲ ਝਗੜਾ ਨਹੀਂ ਕਰਨਾ ਤਾਂ ਸਿੰਘਾਂ ਨੇ ਕਿਹਾ ਕਿ ਅੱਜ ਦੇ ਕਮਰੇ ਮੰਗਦੇ ਹਨ ਕੱਲ੍ਹ ਨੂੰ ਦੋ-ਚਾਰ ਹੋਰ ਆ ਜਾਣਗੇ, ਫਿਰ ਉਹ ਵੀ ਇਸੇ ਤਰ੍ਹਾਂ ਰਿਹਾਇਸ਼ ਦੀ ਮੰਗ ਕਰਨਗੇ ਆਪਾਂ ਕਿਵੇਂ ਪੂਰੀ ਕਰ ਸਕਦੇ ਹਾਂ। ਸੰਤਾਂ ਨੇ ਕਿਹਾ ਸਮਾਂ ਵਿਚਾਰ, ਆਪਣੇ ਵੱਲੋਂ ਕਿਸੇ ਵੀ ਕਿਸਮ ਦਾ ਝਗੜਾ ਜਾਂ ਬੋਲ ਬੁਲਾਰਾ ਨਹੀਂ ਹੋਣਾ ਚਾਹੀਦਾ ਤਾਂ ਸਿੰਘਾਂ ਨੇ ਪੁੱਛਿਆ ਦੱਸੋ ਕੀ ਕਰਨਾ ਚਾਹੀਦਾ ਹੈ? ਸੰਤਾਂ ਨੇ ਕਿਹਾ ਕਿ ਅੱਜ ਹੀ ਏਸੇ ਟਾਈਮ ਪੂਰਾ ਗੁਰੂ ਨਾਨਕ ਨਿਵਾਸ ਖਾਲੀ ਕਰ ਦਿਉ ਤੇ ਤੁਸੀਂ ਪਰਿਕਰਮਾ ਵਾਲਿਆਂ ਬਰਾਂਡਿਆਂ ਵਿੱਚ ਜਿੱਥੇ ਵੀ ਜਗ੍ਹਾ ਮਿਲਦੀ ਹੈ ਲੈ ਲਵੋ। ਇਸੇ ਤਰ੍ਹਾਂ ਉਸੇ ਦਿਨ 15 ਦਸੰਬਰ 1983 ਨੂੰ ਗੁਰੂ ਨਾਨਕ ਨਿਵਾਸ ਖਾਲੀ ਕਰ ਦਿੱਤਾ ਗਿਆ। ਸਿੰਘ ਬਰਾਂਡਿਆਂ ਵਾਲੇ ਕਮਰਿਆਂ ਵਿੱਚ ਅਤੇ ਸੰਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਾਲ ਲੱਗਦੀ ਰਿਹਾਇਸ਼ੀ ਇਮਾਰਤ ਵਿੱਚ ਚਲੇ ਗਏ। ਯਾਦ ਰਹੇ ਕਿ ਇਸੇ ਰਿਹਾਇਸ਼ ਅੰਦਰ ਸੰਤ ਫਤਿਹ ਸਿੰਘ, ਮਾਸਟਰ ਤਾਰਾ ਸਿੰਘ ਅਤੇ ਹੋਰ ਪੰਥਕ ਆਗੂ ਸਮੇਂ-ਸਮੇਂ ਰਹਿੰਦੇ ਰਹੇ ਹਨ। ਇਸ ਤਰ੍ਹਾਂ ਸੰਤਾਂ ਨੇ ਹਰ ਵਾਰ ਸਿੰਘਾਂ ਦਾ ਆਪਸੀ ਝਗੜਾ ਹੋਣ ਤੋਂ ਪਾਸਾ ਵੱਟਿਆ ਜਿਸ ਕਾਰਨ ਬੱਬਰ ਖ਼ਾਲਸਾ ਜਥੇਬੰਦੀ ਦੇ ਸਿੰਘਾਂ ਵਿੱਚੋਂ ਬਹੁਤ ਸਾਰੇ ਸਿੰਘ ਸੰਤਾਂ ਨਾਲ ਦਿਲੀ ਪਿਆਰ ਕਰਨ ਲੱਗੇ।

ਬਾਬਾ ਸੀਸਾ ਸਿੰਘ ਜੀ ਦੇ ਸਿੰਘਾਂ ਦਾ ਸੰਤਾਂ ਕੋਲ ਅੰਮ੍ਰਿਤਸਰ ਪਹੁੰਚਣਾ

ਭਿੰਡਰਾਂਵਾਲੇ ਸੰਤ ਜਦੋਂ ਵੀ ਜਥੇ ਸਮੇਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਜਾਂਦੇ ਸਨ ਤਾਂ ਇਨ੍ਹਾਂ ਦੇ ਰਹਿਣ ਦਾ ਪ੍ਰਬੰਧ ਬਾਬਾ ਨਿਧਾਨ ਸਿੰਘ ਦੇ ਗੁਰਦੁਆਰੇ ਲੰਗਰ ਸਾਹਿਬ ਵਿਖੇ ਹੋਇਆ ਕਰਦਾ ਸੀ। ਇਸ ਲਈ ਇਥੋਂ ਦੇ ਮੁੱਖ ਪ੍ਰਬੰਧਕ ਬਾਬਾ ਸੀਸਾ ਸਿੰਘ ਜੀ ਸਮੇਤ ਉਨ੍ਹਾਂ ਨਾਲ ਕਾਰਸੇਵਾ ਕਰਨ ਵਾਲੇ ਸਿੰਘ ਸੰਤਾਂ ਨਾਲ ਬਹੁਤ ਪ੍ਰੇਮ ਰੱਖਦੇ ਸਨ। ਇੱਕ ਵਾਰ ਸੰਤਾਂ ਨੇ ਸੁਭਾਵਿਕ ਹੀ ਇਥੋਂ ਦੇ ਕੁੱਝ ਜ਼ਿੰਮੇਵਾਰ ਸਿੰਘਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਵੇਂ ਹੁਣ ਪ੍ਰੇਮ ਕਰਦੇ ਹੋ ਕਦੇ ਕੋਈ ਮੁਸ਼ਕਿਲ ਵੀ ਆਣ ਪਵੇ ਤਾਂ ਵੀ ਇਸੇ ਤਰ੍ਹਾਂ ਪ੍ਰੇਮ ਨਿਭਾਇਉ। ਇਹ ਗੱਲਾਂ ਭਾਵੇਂ ਸਾਧਾਰਨ ਸਨ ਪਰ ਸਮਾਂ ਆਉਣ 'ਤੇ ਸੰਤਾਂ ਵੱਲੋਂ ਕਹੀ ਗਈ ਇੱਕ-ਇੱਕ ਗੱਲ ਸਿੰਘਾਂ ਨੂੰ ਯਾਦ ਆਉਣ ਲੱਗੀ।

ਧਰਮ ਯੁੱਧ ਮੋਰਚੇ ਦੇ ਚੱਲਦਿਆਂ ਬਦਲੇ ਹਾਲਾਤਾਂ ਦੀਆਂ ਖ਼ਬਰਾਂ ਹਜ਼ੂਰ ਸਾਹਿਬ ਵੀ ਪਹੁੰਚ ਰਹੀਆਂ ਸਨ। ਖ਼ਾਸ ਕਰਕੇ ਸੰਤਾਂ ਵੱਲੋਂ ਸਿੱਖ ਕੌਮ ਨੂੰ ਕੀਤੀਆਂ ਜਾ ਰਹੀਆਂ ਅਪੀਲਾਂ ਕਿ ਜੇਕਰ ਭਾਰਤੀ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਗਿਆ ਤਾਂ ਸਭ ਸਿੱਖਾਂ ਨੂੰ ਆਪੋ-ਆਪਣੀ ਜ਼ਿੰਮੇਵਾਰੀ ਸਾਂਭ ਲੈਣੀ ਚਾਹੀਦੀ ਹੈ। ਇਸ ਤੋਂ ਇਲਾਵਾ ਕਾਰਸੇਵਾ ਵਾਲੇ ਇਸ ਜਥੇ ਦੇ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਜਾ ਕੇ ਵੀ ਚੱਲ ਰਹੇ ਮੋਰਚੇ ਦੀ ਜਾਣਕਾਰੀ ਲੈਂਦੇ ਰਹਿੰਦੇ ਸਨ। 1983 ਦਸੰਬਰ ਆਖੀਰ ਵਿੱਚ ਇਨ੍ਹਾਂ ਦੇ ਸਿੰਘਾਂ ਨੂੰ ਜਾਣਕਾਰੀ ਮਿਲੀ ਕਿ ਉੱਥੇ ਦੇ ਹਾਲਾਤ ਚਿੰਤਾਜਨਕ ਹਨ। ਇਸ ਲਈ ਭਾਈ ਗੁਰਮੇਲ ਸਿੰਘ ਫੌਜੀ ਅਤੇ ਭਾਈ ਦਲਬੀਰ ਸਿੰਘ ਭਲਵਾਨ ਆਦਿ ਨੇ ਕਾਰਸੇਵਾ ਵਾਲੇ ਜਥੇ ਦੇ ਲਗਭਗ 50 ਕੁ ਸਿੰਘ ਇਕੱਠੇ ਕੀਤੇ ਅਤੇ ਉਨ੍ਹਾਂ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੱਲ ਰਹੇ ਹਾਲਾਤਾਂ ਬਾਰੇ ਗੱਲ ਸਾਂਝੀ ਕਰਦਿਆਂ ਕਿਹਾ ਕਿ ਸਾਨੂੰ ਸੰਤਾਂ ਨੇ ਵਿਸ਼ੇਸ਼ ਤੌਰ 'ਤੇ ਜ਼ਿੰਮੇਵਾਰੀ ਲਾਈ ਸੀ ਕਿ ਕਿਸੇ ਵੀ ਮੁਸ਼ਕਿਲ ਸਮੇਂ ਤੁਸੀਂ ਪ੍ਰੇਮ ਨਿਭਾਇਉ। ਹੁਣ ਲੱਗਦਾ ਹੈ ਕਿ ਉਹ ਸਮਾਂ ਆ ਚੁੱਕਾ ਹੈ। ਇਸ ਲਈ ਜਿਹੜੇ-ਜਿਹੜੇ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਜਾਣਾ ਚਾਹੁੰਦੇ ਹਨ ਉਹ ਤਿਆਰ ਹੋ ਜਾਣ। ਪਰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ ਲੋੜ ਪਈ ਤਾਂ ਆਪਾਂ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹੋ ਕੇ ਜਾਣਾ ਹੈ। ਇਹ ਵੀ ਹੋ ਸਕਦਾ ਹੈ ਕਿ ਉੱਥੇ ਸ਼ਹੀਦੀਆਂ ਪਾਉਣੀਆਂ ਪੈਣ। ਜਦੋਂ ਇਹ ਵਿਚਾਰਾਂ ਚੱਲ ਰਹੀਆਂ ਸਨ ਉਸ ਸਮੇਂ ਇਸ ਸੰਸਥਾ ਦੇ ਮੁਖੀ ਬਾਬਾ ਸੀਸਾ ਸਿੰਘ ਜੀ ਸ਼ਬਦੀ ਗਾਏ ਹੋਏ ਸਨ। ਲਗਭਗ 35 ਕੁ ਸਿੰਘ ਤਿਆਰ ਹੋ ਗਏ ਅਤੇ ਇਹ ਵੀ ਗੁਰਮਤਾ ਕੀਤਾ ਕਿ ਸਾਨੂੰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਜਾ ਕੇ ਅਰਦਾਸ ਕਰਕੇ ਚੱਲਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਸਾਰੇ ਸਿੰਘ ਸੱਚਖੰਡ ਵਿਖੇ ਪਹੁੰਚ ਗਏ ਉਥੇ ਫਿਰ ਭਾਈ ਗੁਰਮੇਲ ਸਿੰਘ ਫੌਜੀ ਨੇ ਕਿਹਾ ਕਿ ਅਰਦਾਸ ਵਿੱਚ ਉਹੀ ਸਿੰਘ ਸ਼ਾਮਿਲ ਹੋਣ ਜਿਨ੍ਹਾਂ ਨੇ ਜਾਣ ਲਈ ਪੱਕਾ ਇਰਾਦਾ ਕਰ ਲਿਆ ਹੈ। ਫਿਰ ਅਰਦਾਸ ਕੀਤੀ ਅਤੇ ਉਥੋਂ ਚੱਲਣ ਲੱਗਿਆਂ ਬਾਬਾ ਸੀਸਾ ਸਿੰਘ ਜੀ ਨੂੰ ਟੈਲੀਫੋਨ 'ਤੇ ਇਸ ਬਾਰੇ ਦੱਸ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਮੇਰੇ ਆਉਣ ਤੱਕ ਉਡੀਕ ਕਰੋ

Scanned with CamScanner

ਤਾਂ ਇਨ੍ਹਾਂ ਸਿੰਘਾਂ ਨੇ ਕਿਹਾ ਕਿ ਅਸੀਂ ਅਰਦਾਸ ਕਰ ਦਿੱਤੀ ਹੈ ਤੁਸੀਂ ਬੰਬੇ ਤੋਂ ਸਿੱਧੇ ਮਨਵਾੜ ਆਉ ਅਤੇ ਅਸੀਂ ਵੀ ਅੱਜ ਰਾਤ ਮਨਵਾੜ ਰੁਕ ਜਾਵਾਂਗੇ। ਇਸ ਤਰ੍ਹਾਂ ਇਹ ਸਾਰੇ ਸਿੰਘ ਅਤੇ ਬਾਬਾ ਸੀਸਾ ਸਿੰਘ ਜੀ ਵੀ ਮਨਵਾੜ ਪਹੁੰਚ ਗਏ। ਇੱਥੇ ਬਾਬਾ ਜੀ ਨੇ ਇਨ੍ਹਾਂ ਸਿੰਘਾਂ ਨੂੰ ਸਮਝਾਇਆ ਕਿ ਤੁਸੀਂ ਸਾਰੇ ਜ਼ਿੰਮੇਵਾਰ ਸਿੰਘ ਹੋ ਇਸ ਲਈ ਤੁਸੀਂ ਸਾਰੇ ਨਾ ਜਾਓ ਪਰ ਇਨ੍ਹਾਂ ਵਿੱਚੋਂ ਕੋਈ ਵੀ ਸਿੰਘ ਵਾਪਸ ਜਾਣ ਨੂੰ ਤਿਆਰ ਨਾ ਹੋਇਆ ਕਿਉਂਕਿ ਸਾਰਿਆਂ ਨੇ ਇਕੱਠਿਆਂ ਹੀ ਅਰਦਾਸ ਕੀਤੀ ਸੀ। ਫਿਰ ਬਾਬਾ ਸੀਸਾ ਸਿੰਘ ਨੇ ਕਿਹਾ ਕਿ ਠੀਕ ਹੈ ਤੁਸੀਂ ਤਿਆਰੀ ਕਰ ਹੀ ਲਈ ਹੈ ਤਾਂ ਫਿਰ ਪੁਰਾਤਨ ਸਿੰਘਾਂ ਵਾਂਗ ਅਰਦਾਸ 'ਤੇ ਪਹਿਰਾ ਦੇਣਾ, ਡਟ ਕੇ ਸੇਵਾ ਨਿਭਾਉਣੀ ਹੈ, ਵੱਡੀ ਤੋਂ ਵੱਡੀ ਕੁਰਬਾਨੀ ਕਰਨੀ ਪਵੇ ਤਾਂ ਪਿਛਾਂਹ ਨਹੀਂ ਹੱਟਣਾ।

ਬਾਬਾ ਜੀ ਦੇ ਇਹ ਬਚਨ ਸੁਣ ਕੇ ਸਿੰਘਾਂ ਨੇ ਜੈਕਾਰਾ ਛੱਡ ਦਿੱਤਾ ਅਤੇ ਅਗਲੀ ਸਵੇਰ ਰੇਲ ਗੱਡੀ 'ਤੇ ਸਫਰ ਕਰਦਿਆਂ 1 ਜਨਵਰੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਆ ਪਹੁੰਚੇ। ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕੀਤੇ, ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ ਫਿਰ ਸੰਤ ਭਿੰਡਰਾਂਵਾਲਿਆਂ ਨੂੰ ਮਿਲੇ ਅਤੇ ਆਪਣੇ ਆਉਣ ਦਾ ਮੰਤਵ ਦੱਸਦਿਆਂ ਕਿਹਾ ਕਿ ਅਸੀਂ ਆਪ ਜੀ ਨਾਲ ਕੀਤੇ ਬਚਨਾਂ ਮੁਤਾਬਿਕ ਸੇਵਾ ਵਿੱਚ ਪਹੁੰਚ ਗਏ ਹਾਂ। ਸੰਤਾਂ ਨੇ ਕਿਹਾ ਕਿ ਜੀ ਆਇਆਂ ਨੂੰ ਭਾਈ, ਤੁਹਾਡੇ ਵਰਗੇ ਸਿੰਘਾਂ ਦੀ ਹੁਣ ਜ਼ਰੂਰਤ ਹੈ। ਇਹ ਕਹਿੰਦਿਆਂ ਹੀ ਨੇੜੇ ਬੈਠੇ ਜਨਰਲ ਸੁਬੇਗ ਸਿੰਘ ਨੂੰ ਸੰਤਾਂ ਨੇ ਇਸ਼ਾਰਾ ਕੀਤਾ ਕਿ ਇਸ ਫੌਜ ਨੂੰ ਤੁਸੀਂ ਸਾਂਭੋ, ਜਿੱਥੇ ਠੀਕ ਸਮਝੋ, ਇਨ੍ਹਾਂ ਨੂੰ ਸੇਵਾ ਦਿਉ। ਜਨਰਲ ਸੁਬੇਗ ਸਿੰਘ, ਬਾਬਾ ਠਾਕੁਰ ਸਿੰਘ, ਭਾਈ ਰਾਮ ਸਿੰਘ ਨੇ ਇਨ੍ਹਾਂ ਸਿੰਘਾਂ ਦੇ ਰਹਿਣ ਦਾ ਪ੍ਰਬੰਧ ਕੀਤਾ। ਇਨ੍ਹਾਂ ਵਿੱਚੋਂ ਦੋ ਸਿੰਘ ਸਿੰਘ, ਬਾਬਾ ਠਾਕੁਰ ਸਿੰਘ, ਭਾਈ ਰਾਮ ਸਿੰਘ ਨੇ ਇਨ੍ਹਾਂ ਸਿੰਘਾਂ ਦੇ ਰਹਿਣ ਦਾ ਪ੍ਰਬੰਧ ਕੀਤਾ। ਇਨ੍ਹਾਂ ਵਿੱਚੋਂ ਦੋ ਸਿੰਘ ਭਾਈ ਸ਼ੇਰ ਸਿੰਘ ਅਤੇ ਭਾਈ ਗੁਰਮੇਲ ਸਿੰਘ ਫੌਜ ਵਿੱਚੋਂ ਆਏ ਸਨ। ਉਨ੍ਹਾਂ ਦੀ ਕਮਾਂਡ ਹੇਠ ਹੀ ਲੰਡੀਦੀ ਸਿਖਲਾਈ ਦੇ ਕੇ ਜਨਰਲ ਸਾਹਿਬ ਨੇ ਕੁੱਝ ਸਿੰਘਾਂ ਨੂੰ ਹਥਿਆਰਬੰਦ ਡਿਊਟੀ 'ਤੇ ਲਾ ਦਿੱਤਾ। ਯਾਦ ਰਹੇ ਕਿ ਇਨ੍ਹਾਂ ਸਿੰਘਾਂ ਨੇ ਅੰਦਰ ਦੀ ਮੋਰਚਾਬੰਦੀ ਕਰਨ ਵਿੱਚ ਜਨਰਲ ਸੁਬੇਗ ਸਿੰਘ ਦੀ ਬਹੁਤ ਮਦਦ ਕੀਤੀ। ਜਲਦੀ ਹੀ ਜਥੇ ਦੇ ਬਾਕੀ ਦੇ ਸਿੰਘਾਂ ਨਾਲ ਵੀ ਜਾਣ-ਪਛਾਣ ਹੋ ਗਈ। ਅਖੀਰ ਸਾਕਾ ਨੀਲਾ ਤਾਰਾ ਸਮੇਂ ਵੱਖ-ਵੱਖ ਥਾਵਾਂ 'ਤੇ ਡਿਊਟੀ ਨਿਭਾਉਂਦਿਆਂ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਅੰਦਰ ਚੜ੍ਹੀਆਂ ਹੋਈਆਂ ਭਾਰਤੀ ਫੌਜਾਂ ਦਾ ਮੁਕਾਬਲਾ ਕਰਦਿਆਂ 27 ਸਿੰਘ ਸ਼ਹੀਦ ਹੋ ਗਏ ਅਤੇ 5 ਸਿੰਘ ਸਖਤ ਜ਼ਖਮੀ ਹਾਲਤ ਵਿੱਚ ਫੌਜ ਵੱਲੋਂ ਗ੍ਰਿਫਤਾਰ ਕਰ ਲਏ ਗਏ ਸੀ ਜੋ ਜੋਧਪੁਰ ਦੀਆਂ ਲੰਮੀਆਂ ਜੇਲ੍ਹਾਂ ਤੋਂ ਬਾਅਦ ਰਿਹਾਅ ਹੋਏ। ਪਰ ਇੱਕ ਵੀ ਸਿੰਘ ਨੇ ਕੰਡ ਨਹੀਂ ਦਿਖਾਈ ਬਲਕਿ ਮਹਾਰਾਜ ਦੀ ਕ੍ਰਿਪਾ ਸਦਕਾ ਕੀਤੀ ਹੋਈ ਅਰਦਾਸ ਨੂੰ ਸਿਰੇ ਚੜ੍ਹਾਇਆ। ਕਿੱਥੇ-ਕਿੱਥੇ ਇਨ੍ਹਾਂ ਸਿੰਘਾਂ ਨੇ ਡਿਊਟੀਆਂ ਨਿਭਾਈਆਂ ਇਸਦਾ ਜ਼ਿਕਰ ਅੱਗੇ ਚੱਲ ਕੇ ਕਰਾਂਗੇ। ਇਥੇ ਪਹੁੰਚਣ ਵਾਲੇ ਸਿੰਘਾਂ ਵਿੱਚ ਭਾਈ ਗੁਰਮੇਲ ਸਿੰਘ ਫੌਜੀ (ਇਹ 26 ਮੀਲ ਦੌੜਣ ਵਾਲਾ ਐਥਲੀਟ ਸੀ), ਭਾਈ ਦਲਬੀਰ ਸਿੰਘ ਭਲਵਾਨ, ਭਾਈ ਬਲਵਿੰਦਰ ਸਿੰਘ ਬਾਬਾ ਬਕਾਲਾ, ਭਾਈ ਤਰਸੇਮ ਸਿੰਘ ਘਣੀਏ ਕੇ ਬਾਂਗਰ, ਭਾਈ ਜਗਦੀਸ਼ ਸਿੰਘ ਬਿੱਲੂ, ਭਾਈ ਹਰਭਜਨ ਸਿੰਘ ਅਸੰਧ, ਭਾਈ ਮੁਖਤਿਆਰ ਸਿੰਘ ਤੇੜਾ, ਅੰਜਾਇਬ ਸਿੰਘ ਉਰਫ ਜੋਗਾ ਸਿੰਘ, ਸੁਖਵਿੰਦਰ ਸਿੰਘ ਜ਼ਿੰਦਾ, ਜ਼ਿੰਗਾਰਾ ਸਿੰਘ ਹਾਮੰਦ, ਮੋਹਨ ਸਿੰਘ ਹਾਮੰਦ, ਕੁਲਬੀਰ ਸਿੰਘ ਖੰਡਾਲਾ, ਕਰਨੈਲ ਸਿੰਘ ਖੰਡਾਲਾ, ਜੈ ਸਿੰਘ ਉਰਫ ਅਜਾਇਬ ਸਿੰਘ, ਬਲਵਿੰਦਰ ਸਿੰਘ ਪਿਹੋਵਾ, ਮੋਹਨ ਸਿੰਘ ਪਟਿਆਲਾ, ਸਾਧਾ ਸਿੰਘ ਪਟਿਆਲਾ, ਇੱਕ ਹੋਰ ਸਾਧਾ ਸਿੰਘ ਪਟਿਆਲਾ, ਬਲਵਿੰਦਰ ਸਿੰਘ ਖਡੂਰ ਸਾਹਿਬ, ਮੰਗਲ ਸਿੰਘ ਧਾਰੀਵਾਲ, ਬਾਵਾ ਸਿੰਘ ਰਸੂਲਪੁਰ, ਤਾਰਾ ਸਿੰਘ ਜੂਪੀ, ਨਿਹੰਗ ਸਿੰਘ ਗੋਰਖਾ ਨੇਪਾਲੀ, ਗੁਰਬਖਸ਼ ਸਿੰਘ ਮਜੀਠਾ, ਸੇਵਾ ਸਿੰਘ ਤਰਨਤਾਰਨ, ਸਾਹਿਬ ਸਿੰਘ ਇਹ ਸਾਰੇ ਸਿੰਘ ਸ਼ਹੀਦ ਹੋ ਗਏ ਸਨ। ਭਾਈ ਸ਼ੇਰ ਸਿੰਘ ਫੌਜੀ, ਭਗਵਾਨ ਸਿੰਘ ਅਜਨਾਲਾ, ਜੋਗਿੰਦਰ ਸਿੰਘ ਦੀਨਾਨਗਰ, ਲਖਵਿੰਦਰ ਸਿੰਘ ਕੱਟਲਾ, ਜਸਬੀਰ ਸਿੰਘ ਪੰਛੀ ਇਹ ਸਾਰੇ ਸਿੰਘ ਸਾਕਾ ਨੀਲਾ ਤਾਰਾ ਤੋਂ ਬਾਅਦ ਲੰਮੀਆਂ ਜੇਲ੍ਹਾਂ ਕੱਟ ਕੇ ਰਿਹਾਅ ਹੋਏ।

ਕੇਂਦਰ ਸਰਕਾਰ ਵੱਲੋਂ ਅਕਾਲੀ ਲੀਡਰਾਂ ਨੂੰ ਗੱਲਬਾਤ ਦਾ ਸੱਦਾ

ਧਰਮ ਯੁੱਧ ਮੋਰਚੇ ਦੀ ਸਫਲਤਾ, ਮੋਰਚੇ ਲਈ ਦਿੱਤੀਆਂ ਬੇਸ਼ੁਮਾਰ ਗ੍ਰਿਫਤਾਰੀਆਂ, ਪੰਜਾਬ ਬੰਦ ਦੇ ਸਫਲ ਪ੍ਰੋਗਰਾਮ, ਰੇਲ ਰੋਕੂ ਅਤੇ ਰਸਤਾ ਰੋਕੂ ਪ੍ਰੋਗਰਾਮਾਂ ਦੀ ਸਫਲਤਾ ਦੇ ਨਾਲ-ਨਾਲ ਪੰਜਾਬ ਅੰਦਰ ਕੁੱਝ ਅਜਿਹੀਆਂ ਘਟਨਾਵਾਂ ਵੀ ਵਾਪਰ ਰਹੀਆਂ ਸਨ ਜੋ ਹਿੰਸਕ ਰੂਪ ਧਾਰਨ ਕਰਦੀਆਂ ਜਾ ਰਹੀਆਂ ਸਨ। ਇਹ ਸਿੱਖ ਨੌਜਵਾਨਾਂ ਦਾ

Scanned with CamScanner

ਆਪੇ ਤੋਂ ਬਾਹਰ ਜਾ ਰਿਹਾ ਰੋਸ ਅਤੇ ਜੋਸ਼ ਸੀ, ਜੋ ਸਿੱਖ ਨੌਜਵਾਨਾਂ ਵਿਰੁੱਧ ਨਿੱਤ ਪ੍ਰਤੀਦਿਨ ਦੀਆਂ ਵੱਧ ਰਹੀਆਂ ਜ਼ੁਲਮੀ ਘਟਨਾਵਾਂ ਦਾ ਪ੍ਰਤੀਕਰਮ ਸੀ। ਕਿਉਂਕਿ ਹੁਣ ਤੱਕ ਬਹੁਤ ਸਾਰੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾ ਚੁੱਕਿਆ ਸੀ। ਇੱਕ ਪਾਸੇ ਮੀਡੀਆ ਰਾਹੀਂ ਸੰਤਾਂ ਵੱਲੋਂ ਕੇਂਦਰ ਸਰਕਾਰ ਤੋਂ ਪੁੱਛੇ ਜਾ ਰਹੇ ਸਵਾਲ ਜੋ ਕੇਂਦਰ ਵੱਲੋਂ ਸਿੱਖਾਂ ਨਾਲ ਆਜ਼ਾਦੀ ਸਮੇਂ ਕੀਤੇ ਗਏ ਵਾਅਦਿਆਂ ਦੇ ਅਨੁਸਾਰ ਸਨ, ਜਿਨ੍ਹਾਂ ਸਵਾਲਾਂ ਦਾ ਕੇਂਦਰ ਕੋਲ ਕੋਈ ਢੁੱਕਵਾਂ ਜਵਾਬ ਨਹੀਂ ਸੀ। ਦੂਜੇ ਪਾਸੇ ਸੰਤਾਂ ਵੱਲੋਂ ਸਿੱਖਾਂ ਨਾਲ ਕੀਤੀਆਂ ਜਾਂ ਰਹੀਆਂ ਵਧੀਕੀਆਂ ਦੀ ਲੰਮੀ ਦਾਸਤਾਨ ਦਰਸਾਈ ਜਾਂਦੀ ਜੋ ਕਿ ਮੀਡੀਆ ਜਾਂ ਸੰਗਤਾਂ ਰਾਹੀਂ ਦੇਸ਼ਾਂ ਵਿਦੇਸ਼ਾਂ ਤੱਕ ਪਹੁੰਚ ਰਹੀ ਸੀ। ਇਸਦਾ ਵੀ ਕੇਂਦਰ ਸਰਕਾਰ ਕੋਲ ਕੋਈ ਜਵਾਬ ਨਹੀਂ ਸੀ। ਇਸ ਲਈ ਦੁਨੀਆਂ ਨੂੰ ਇਹ ਦਿਖਾਉਣ ਲਈ ਕਿ ਭਾਰਤ ਸਰਕਾਰ ਸਿੱਖਾਂ ਨਾਲ ਗੱਲਬਾਤ ਰਾਹੀਂ ਮਸਲੇ ਦਾ ਹੱਲ ਕਰਨ ਨੂੰ ਤਿਆਰ ਹੈ, ਸਰਕਾਰ ਨੇ 14 ਫਰਵਰੀ 1984 ਨੂੰ ਸਿੱਖ ਆਗੂਆਂ ਨਾਲ ਗੱਲਬਾਤ ਕਰਨ ਦੀ ਤਰੀਕ ਮਿਥ ਲਈ ਪਰ ਅੰਦਰਖਾਤੇ ਇਸ ਗੱਲਬਾਤ ਨੂੰ ਫੇਲ੍ਹ ਕਰਨ ਲਈ ਵੀ ਯਤਨ ਆਰੰਭ ਦਿੱਤੇ। ਇਸ ਸਬੰਧ ਵਿੱਚ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੂੰ ਵਰਤਿਆ ਗਿਆ।

ਹਰਿਆਣਾ ਵਿਖੇ ਭਜਨ ਲਾਲ ਵੱਲੋਂ ਸਿੱਖਾਂ ਵਿਰੁੱਧ ਜ਼ੁਲਮੀ ਦਾਸਤਾਨ

ਭਾਰਤ ਸਰਕਾਰ ਵੱਲੋਂ ਸਿੱਖ ਆਗੂਆਂ ਨਾਲ ਹੋਣ ਵਾਲੀ ਗੱਲਬਾਤ ਨੂੰ ਫੇਲ੍ਹ ਕਰਨ ਲਈ ਉਸੇ ਹੀ ਦਿਨ 14 ਫਰਵਰੀ ਨੂੰ ਹਰਿਆਣਾ, ਹਿਮਾਚਲ ਅਤੇ ਪੰਜਾਬ ਵਿੱਚ ਕੁੱਝ ਹਿੰਦੂ ਜਥੇਬੰਦੀਆਂ ਵੱਲੋਂ ਹੜਤਾਲ ਦਾ ਸੱਦਾ ਦੇ ਦਿੱਤਾ ਗਿਆ। ਜਿਸ ਨੂੰ ਕੇਂਦਰ ਦੀ ਸ਼ਹਿ ਤੇ ਹਿੰਸਕ ਰੂਪ ਦਿੱਤਾ ਗਿਆ। ਜਿਸ ਤਹਿਤ ਇਨ੍ਹਾਂ ਦੇ ਫਿਰਕੂ ਗੁੰਡਿਆਂ ਵੱਲੋਂ ਕਈ ਥਾਵਾਂ ਤੇ ਬੰਨਤੋੜ ਅਤੇ ਸਾੜ-ਫੂਕ ਤੋਂ ਇਲਾਵਾ ਸ਼ਰੇਆਮ ਸਿੱਖਾਂ ਦੀਆਂ ਦੁਕਾਨਾਂ ਨੂੰ ਲੁੱਟਿਆ ਗਿਆ। ਨਿਰਦੋਸ਼ ਸਿੱਖਾਂ ਨੂੰ ਕੁੱਟਿਆ ਅਤੇ ਕਤਲ ਕੀਤਾ ਗਿਆ। ਇਸੇ ਦਿਨ ਸ੍ਰੀ ਅੰਮ੍ਰਿਤਸਰ ਰੇਲਵੇ ਸਟੇਸ਼ਨ ਵਿਖੇ ਇਸ ਸ਼ਹਿਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦੀ ਫੋਟੋ ਅਤੇ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਤੋੜ ਕੇ ਪੈਰਾਂ ਥੱਲੇ ਸੁੱਟਿਆ ਗਿਆ। ਇਹ ਤੋੜ ਭੰਨ ਕਰਨ ਵਾਲਿਆਂ ਦੀ ਅਗਵਾਈ ਸ਼ਹਿਰ ਦਾ ਹਿੰਦੂ ਆਗੂ ਹਰਬੰਸ ਲਾਲ ਖੰਨਾ ਕਰ ਰਿਹਾ ਸੀ। ਜਿਸਦੀ ਅਗਵਾਈ ਵਿੱਚ ਸਿੱਖਾਂ ਵਿਰੁੱਧ ਭੱਦੀ ਕਿਸਮ ਦੀ ਨਾਅਰੇਬਾਜ਼ੀ ਕੀਤੀ ਗਈ। ਇਸੇ ਤਰ੍ਹਾਂ ਹਰਿਆਣੇ ਵਿਖੇ ਮੁੱਖ ਮੰਤਰੀ ਭਜਨ ਲਾਲ ਦੀ ਮਿਲੀਭੁਗਤ ਨਾਲ ਪਾਨੀਪਤ, ਕਰਨਾਲ, ਕੈਥਲ ਅਤੇ ਅੰਬਾਲਾ ਆਦਿ ਥਾਵਾਂ ਤੇ ਸਿੱਖਾਂ ਉੱਪਰ ਭਾਰੀ ਤਸ਼ੱਦਦ ਹੋਇਆ। ਇਨ੍ਹਾਂ ਦੀਆਂ ਦੁਕਾਨਾਂ ਨੂੰ ਅੱਗਾਂ ਲਾਈਆਂ ਗਈਆਂ। ਅਜਿਹੀ ਗੁੰਡਾਗਰਦੀ ਕਈ ਦਿਨ ਚਲਦੀ ਰਹੀ। ਕੇਵਲ ਪਾਨੀਪਤ ਵਿਖੇ ਹੀ 8 ਸਿੱਖਾਂ ਨੂੰ ਕੁੱਟ-ਕੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਅਨੇਕਾਂ ਗੰਭੀਰ ਰੂਪ ਵਿੱਚ ਜ਼ਖਮੀ ਹੋਏ। ਇਥੇ ਹੀ ਬੱਸ ਨਹੀਂ, ਪਾਣੀਪਤ ਵਿਖੇ 6 ਗੁਰਦੁਆਰਾ ਸਾਹਿਬਾਨ ਨੂੰ ਪੂਰੀ ਤਰ੍ਹਾਂ ਸਾੜ ਦਿੱਤਾ ਗਿਆ ਜਿੱਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਵੀ ਅਗਨ ਭੇਟ ਹੋਈਆਂ। ਅਸਲ ਵਿੱਚ ਕੇਂਦਰ ਸਰਕਾਰ ਭਜਨ ਲਾਲ ਰਾਹੀਂ ਖੁਦ ਹੀ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ, ਜਿਸ ਨੂੰ ਭਾਰਤ ਦਾ ਗ੍ਰਹਿ ਮੰਤਰੀ ਪ੍ਰਕਾਸ਼ ਚੰਦਰ ਸੇਠੀ ਪਹਿਲਾਂ ਹੀ ਬਿਆਨ ਕਰ ਚੁੱਕਿਆ ਸੀ ਕਿ "ਸਿੱਖ ਆਗੂਆਂ ਨੂੰ ਸੋਚ ਲੈਣਾ ਚਾਹੀਦਾ ਹੈ ਕਿ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਦਾ ਕੀ ਹਸ਼ਰ ਹੋ ਸਕਦਾ ਹੈ"? ਇਸ ਲਈ ਉਪਰੋਕਤ ਘਟਨਾਵਾਂ ਉਸੇ ਸੋਚੀ ਸਮਝੀ ਸਕੀਮ ਦੀ ਹੀ ਇੱਕ ਕੜੀ ਸਨ।

ਇਨ੍ਹਾਂ ਹਾਲਾਤਾਂ ਵਿੱਚ ਕੇਂਦਰ ਸਰਕਾਰ ਨਾਲ ਕੀ ਗੱਲਬਾਤ ਹੋ ਸਕਦੀ ਸੀ? ਸਿੱਖ ਆਗੂਆਂ ਨੇ ਭਾਰਤ ਦੇ ਰਾਸ਼ਟਰਪਤੀ, ਗ੍ਰਹਿ ਮੰਤਰੀ ਆਦਿ ਨੂੰ ਪੁੱਛਿਆ ਕਿ ਇਹ ਕੀ ਹੋ ਰਿਹਾ ਹੈ? ਪਰ ਕੋਈ ਤਸੱਲੀਬਖਸ਼ ਜਵਾਬ ਨਾ ਮਿਲਿਆ ਤਾਂ ਸਿੱਖ ਆਗੂ ਗੱਲਬਾਤ ਵਿੱਚੇ ਹੀ ਛੱਡ ਕੇ ਵਾਪਸ ਪਰਤ ਆਏ।

ਬਿਨ੍ਹਾ ਕਾਰਨ ਹੀ ਸੀ. ਆਰ. ਪੀ. ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਫਾਇਰਿੰਗ

17 ਫ਼ਰਵਰੀ 1984 ਨੂੰ ਬਿਨ੍ਹਾਂ ਭੜਕਾਹਟ ਸੀ. ਆਰ. ਪੀ. ਨੇ ਦਰਬਾਰ ਸਾਹਿਬ ਕੰਪਲੈਕਸ ਦੇ ਨੇੜੇ ਵਾਲੇ ਨਾਕੇ ਤੋਂ ਸ੍ਰੀ ਦਰਬਾਰ ਸਾਹਿਬ ਵੱਲ ਕਈ ਘੰਟੇ ਫਾਇਰਿੰਗ ਕੀਤੀ। ਨਿਸ਼ਚੇਵਾਚਕ ਹੀ ਸੀ. ਆਰ. ਪੀ. ਆਪਣੀ ਹਾਈ ਕਮਾਂਡ ਦੇ ਹੁਕਮਾਂ ਤੋਂ ਬਿਨ੍ਹਾਂ ਅਜਿਹਾ ਕੁੱਝ ਨਹੀਂ ਸੀ ਕਰ ਸਕਦੀ। ਅਸਲ ਵਿੱਚ ਆਏ ਦਿਨ ਕੇਂਦਰ ਸਰਕਾਰ ਵੱਲੋਂ

Scanned with CamScanner

ਅਜਿਹੇ ਹਾਲਾਤ ਪੈਦਾ ਕੀਤੇ ਜਾ ਰਹੇ ਸਨ ਕਿ ਦਰਬਾਰ ਸਾਹਿਬ ਅੰਦਰੋਂ ਵੀ ਫਾਇਰਿੰਗ ਹੋਵੇ ਤਾਂ ਜੋ ਉਨ੍ਹਾਂ ਨੂੰ ਦਰਬਾਰ ਸਾਹਿਬ ਅੰਦਰ ਦਾਖਲ ਹੋਣ ਦਾ ਕੋਈ ਠੋਸ ਬਹਾਨਾ ਮਿਲ ਸਕੇ। ਪਰ ਇਸ ਵਾਰ ਵੀ ਕੇਵਲ ਇੱਕਤਰਫਾ ਸੀ. ਆਰ. ਪੀ. ਵੱਲੋਂ ਗੋਲੀਆਂ ਚਲਾਈਆਂ ਗਈਆਂ ਜਿਸ ਨਾਲ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਈਆਂ ਸੰਗਤਾਂ ਵਿੱਚੋਂ ਤਿੰਨ ਸਿੰਘ ਸ਼ਹੀਦ ਹੋ ਗਏ।

ਇਸ ਦਾ ਮੁੱਖ ਕਾਰਨ ਤਾਂ ਇਹੀ ਸੀ ਕਿ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਅਕਾਲੀ ਆਗੂਆਂ ਨਾਲ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦਾ ਅੰਤਿਮ ਰਾਹ ਅਪਣਾਇਆ ਹੋਇਆ ਸੀ ਅਤੇ ਇਸੇ ਫਰਵਰੀ ਦੇ ਮਹੀਨੇ ਹੀ ਕਈ ਮੀਟਿੰਗਾਂ ਵੀ ਹੋ ਚੁੱਕੀਆਂ ਸਨ। ਅਸਲ ਵਿੱਚ ਇੰਦਰਾ ਗਾਂਧੀ ਮੀਟਿੰਗਾਂ ਦਾ ਸਿਰਫ ਵਿਖਾਵਾ ਹੀ ਕਰਦੀ ਸੀ ਪਰ ਉਸਦੀ ਨੀਅਤ ਸਿੱਖਾਂ ਨੂੰ 'ਸਬਕ ਸਿਖਾਉਣ' ਦੀ ਸੀ। ਪਰ ਗੱਲਬਾਤ ਤੋੜਨ ਦਾ ਭਾਂਡਾ ਵੀ ਅਕਾਲੀਆਂ ਸਿਰ ਹੀ ਭੰਨਣਾ ਚਾਹੁੰਦੀ ਸੀ। ਇਸੇ ਲਈ ਗਿਣੀ-ਮਿਥੀ ਸਾਜਿਸ਼ ਅਧੀਨ ਹੀ ਇਹ 17 ਫਰਵਰੀ ਦੀ ਫਾਇਰਿੰਗ ਹੋਈ ਸੀ। ਇੰਦਰਾ ਗਾਂਧੀ ਦੀ ਬਦਨੀਅਤ ਅਤੇ ਭੈੜੀ ਜ਼ਹਿਨੀਅਤ ਦਾ ਇਸ ਗੱਲ ਤੋਂ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਧਰਮ ਯੁੱਧ ਮੋਰਚੇ ਦੌਰਾਨ ਸੈਂਕੜੇ ਸਿੰਘ ਸ਼ਹੀਦ ਹੋਏ, ਕਿਉਂਕਿ ਅਕਾਰਨ ਹੀ ਸੀ. ਆਰ. ਪੀ. ਦੀਆਂ ਗੋਲੀਆਂ ਨਾਲ ਦਰਜਨਾਂ ਸਿੱਖ ਮਾਰੇ ਜਾ ਚੁੱਕੇ ਸਨ ਪਰ ਅਕਾਲੀ ਆਗੂਆਂ ਦੀ ਮੀਟਿੰਗ ਦੌਰਾਨ ਸੈਂਟਰ ਦੇ ਨੁਮਾਇੰਦਿਆਂ ਨੇ ਕਦੇ ਇੱਕ ਲਫਜ਼ ਵੀ ਇਨ੍ਹਾਂ ਮਾਰੇ ਜਾ ਚੁੱਕੇ ਨਿਰਦੋਸ਼ ਵਿਅਕਤੀਆਂ ਪ੍ਰਤੀ ਹਮਦਰਦੀ ਭਰਿਆ ਸ਼ਾਂਝਾ ਨਹੀਂ ਕੀਤਾ।

ਸੰਤਾਂ ਵੱਲੋਂ ਇੰਟਰਨੈਸ਼ਨਲ ਪੱਧਰ 'ਤੇ ਸਿੱਖ ਨੌਜਵਾਨ ਜਥੇਬੰਦੀ ਬਣਾਉਣ ਦੀ ਤਜਵੀਜ਼

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀਆਂ ਉਸਾਰੂ ਸਰਗਰਮੀਆਂ, ਸਿੱਖੀ ਪ੍ਰਚਾਰ ਹਿੱਤ ਲਾਏ ਜਾ ਰਹੇ ਗੁਰਮਤਿ ਟਰੇਨਿੰਗ ਕੈਂਪਾਂ, ਵੱਖ-ਵੱਖ ਕਾਲਜਾਂ-ਯੂਨੀਵਰਸਿਟੀਆਂ ਵਿੱਚ ਹੋ ਰਹੇ ਅੰਮ੍ਰਿਤ ਸੰਚਾਰ ਅਤੇ ਫੈਡਰੇਸ਼ਨ ਨੂੰ ਸੰਤ ਭਿੰਡਰਾਂਵਾਲਿਆਂ ਵੱਲੋਂ ਮਿਲ ਰਹੀ ਸਰਗਰਮ ਹਮਾਇਤ ਕਾਰਨ ਫੈਡਰੇਸ਼ਨ ਦੇ ਵਧ ਰਹੇ ਪ੍ਰਭਾਵ ਤੋਂ ਚਿੰਤਤ ਹੋ ਕੇ ਭਾਰਤ ਸਰਕਾਰ ਨੇ ਇਸ ਜਥੇਬੰਦੀ ਉਪਰ ਪਾਬੰਦੀ ਲਾ ਦਿੱਤੀ ਤਾਂ ਸੰਤਾਂ ਨੇ ਨੌਜਵਾਨਾਂ ਦੀ ਜਥੇਬੰਦੀ ਨੂੰ ਦੁਨੀਆਂ ਭਰ ਵਿੱਚ ਸਥਾਪਤ ਕਰਨ ਦਾ ਮਨ ਬਣਾਇਆ। 17 ਮਾਰਚ 1984 ਨੂੰ ਇਸ ਸਬੰਧ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਅਹੁਦੇਦਾਰਾਂ ਦੀ ਮੀਟਿੰਗ ਬੁਲਾਈ ਗਈ, ਜਿਸ ਵਿੱਚ ਪ੍ਰਧਾਨ ਭਾਈ ਅਮਰੀਕ ਸਿੰਘ ਤੋਂ ਇਲਾਵਾ ਸ. ਹਰਮਿੰਦਰ ਸਿੰਘ ਸੰਧੂ, ਸ. ਰਜਿੰਦਰ ਸਿੰਘ ਮਹਿਤਾ, ਸ. ਹਰਜਿੰਦਰ ਸਿੰਘ ਨਾਗਰਾ, ਸ. ਅਮਰਜੀਤ ਸਿੰਘ ਚਾਵਲਾ, ਸ. ਵਿਰਸਾ ਸਿੰਘ ਵਲਟੋਹਾ, ਸ. ਅਵਤਾਰ ਸਿੰਘ ਸੰਮੂ, ਸ. ਬਲਦੇਵ ਸਿੰਘ ਹੋਠੀਆਂ ਆਦਿ ਸ਼ਾਮਿਲ ਸਨ। ਦਾਸ ਭਾਈ ਜਸਵੀਰ ਸਿੰਘ (ਲੇਖਕ) ਵੀ ਇਸ ਮੀਟਿੰਗ ਵਿੱਚ ਸ਼ਾਮਿਲ ਸੀ। ਸੰਤਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਕਿਹਾ ਕਿ ਸਰਕਾਰ ਨੇ ਫੈਡਰੇਸ਼ਨ ਉਪਰ ਪਾਬੰਦੀ ਲਗਾ ਦਿੱਤੀ ਹੈ ਇਸਦਾ ਜਵਾਬ ਦੇਣ ਲਈ ਸਾਨੂੰ ਇਸ ਤੋਂ ਵੀ ਵੱਡੀ ਲਕੀਰ ਖਿੱਚਣੀ ਚਾਹੀਦੀ ਹੈ। ਭਾਵ ਜਥੇਬੰਦੀ ਨੂੰ ਆਲ ਇੰਡੀਆ ਤੋਂ ਚੁੱਕ ਕੇ ਵਿਸ਼ਵ ਪੱਧਰ 'ਤੇ ਸਥਾਪਤ ਕੀਤਾ ਜਾਵੇ। ਇਕੱਤਰਤਾ ਵਿੱਚ ਮੌਜੂਦ ਸਾਰੇ ਸਿੰਘਾਂ ਨੇ ਹੈਰਾਨਗੀ ਪ੍ਰਗਟ ਕੀਤੀ ਕਿ ਇਹ ਕੰਮ ਇੰਨਾ ਆਸਾਨ ਨਹੀਂ, ਪਰ ਸੰਤਾਂ ਨੇ ਦ੍ਰਿੜਤਾ ਸਹਿਤ ਕਿਹਾ ਕਿ ਇਹ ਕੰਮ ਜ਼ਰੂਰ ਕਰਨਾ ਹੈ ਅਤੇ ਨਾਲ ਹੀ ਇਹ ਬਚਨ ਵੀ ਕਹੇ ਕਿ ਤੁਸੀਂ ਉਪਰਾਲਾ ਕਰੋ, ਕਾਮਯਾਬੀ ਕਲਗੀਧਰ ਪਾਤਿਸ਼ਾਹ ਆਪ ਬਖਸ਼ਣਗੇ। ਇਸ ਸਬੰਧ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਜਾ ਕੇ ਜਥੇਬੰਦੀ ਨੂੰ ਸਥਾਪਤ ਕਰਨ ਲਈ ਡਿਊਟੀਆਂ ਲਗਾਈਆਂ ਗਈਆਂ। ਉਲੀਕੇ ਪ੍ਰੋਗਰਾਮ ਮੁਤਾਬਕ ਭਾਈ ਹਰਮਿੰਦਰ ਸਿੰਘ ਸੰਧੂ ਨੇ ਅਮਰੀਕਾ, ਭਾਈ ਹਰਜਿੰਦਰ ਸਿੰਘ ਨਾਗਰਾ ਨੇ ਸਿੰਘਾਪੁਰ, ਭਾਈ ਜਸਵੀਰ ਸਿੰਘ (ਲੇਖਕ) ਨੇ ਇੰਗਲੈਂਡ ਵਿਖੇ ਅਤੇ ਕਈ ਹੋਰ ਸਿੰਘਾਂ ਦੀਆਂ ਵੀ ਇਸੇ ਤਰ੍ਹਾਂ ਡਿਊਟੀਆਂ ਲਾਈਆਂ ਗਈਆਂ ਕਿ ਵੱਖ-ਵੱਖ ਦੇਸ਼ਾਂ ਵਿੱਚ ਜਾ ਕੇ ਕੀ ਕਰਨਾ ਹੈ, ਕਿਸ ਨੂੰ ਮਿਲਣਾ ਹੈ, ਜਥੇਬੰਦੀ ਸਥਾਪਿਤ ਕਿਵੇਂ ਕਰਨੀ ਹੈ ਅਤੇ ਇਸ ਦਾ ਕੀ ਉਦੇਸ਼ ਹੈ? ਇਨ੍ਹਾਂ ਸਭ ਮੁੱਦਿਆਂ ਉਪਰ ਸੰਤਾਂ ਨੇ ਭਰਪੂਰ ਜਾਣਕਾਰੀ ਦਿੱਤੀ ਅਤੇ ਇਸ ਉਪਰ ਤੁਰੰਤ ਅਮਲ ਕਰਨ ਦੇ ਆਦੇਸ਼ ਦਿੱਤੇ।

ਇਸੇ ਤਹਿਤ ਹੀ ਭਾਈ ਹਰਜਿੰਦਰ ਸਿੰਘ ਨਾਗਰਾ ਸਿੰਘਾਪੁਰ ਅਤੇ ਦਾਸ (ਲੇਖਕ) ਇੰਗਲੈਂਡ ਪਹੁੰਚ ਗਏ। ਭਾਈ ਹਰਮਿੰਦਰ ਸਿੰਘ ਸੰਧੂ ਨੇ ਅਮਰੀਕਾ ਜਾਣਾ ਸੀ ਪਰ ਇੱਥੇ ਹਾਲਾਤ ਬੜੀ ਤੇਜ਼ੀ ਨਾਲ ਬਦਲੇ ਅਤੇ ਭਾਰਤ

Scanned with CamScanner

ਸਰਕਾਰ ਦੀ ਬਦਨੀਤੀ ਦੇ ਕਾਰਨ ਸ੍ਰੀ ਹਰਿਮੰਦਰ ਸਾਹਿਬ ਉਪਰ ਭਾਰਤੀ ਫੌਜ ਨੇ ਤੋਪਾਂ ਅਤੇ ਟੈਂਕਾਂ ਨਾਲ ਹਮਲਾ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਕੇ ਸਾਕਾ ਨੀਲਾ ਤਾਰਾ ਨੂੰ ਅੰਜਾਮ ਦਿੱਤਾ। ਬੇਸ਼ੱਕ ਹਰ ਇੱਕ ਸਿੱਖ ਲਈ ਇਸ ਦੁਖਦਾਈ ਘੱਲੂਘਾਰੇ ਦਾ ਅਸਹਿ ਸਦਮਾ ਸੀ ਪਰ ਫਿਰ ਵੀ ਜਿਨੇ ਕੁ ਜ਼ਿੰਮੇਵਾਰ ਸਿੱਖਾਂ ਨਾਲ ਸੰਪਰਕ ਹੋ ਸਕਿਆ ਉਸ ਤਹਿਤ ਫੈਸਲਾ ਲਿਆ ਗਿਆ ਕਿ ਮਹਾਂਪੁਰਖਾਂ ਦੇ ਕਹੇ ਮੁਤਾਬਕ ਜਥੇਬੰਦੀ ਸਥਾਪਤ ਕਰਨੀ ਹੈ। ਕੁੱਝ ਹੀ ਦਿਨਾਂ ਬਾਅਦ ਭਾਈ ਹਰਜਿੰਦਰ ਸਿੰਘ ਨਾਗਰਾ ਵੀ ਮੇਰੇ ਪਾਸ ਇੰਗਲੈਂਡ ਪਹੁੰਚ ਗਏ। ਅਸੀਂ ਉਂਥੇ ਪਹਿਲਾਂ ਤੋਂ ਰਹਿ ਰਹੇ ਟਕਸਾਲੀ ਸਿੱਖਾਂ ਨੂੰ ਇਕੱਠੇ ਕੀਤਾ ਅਤੇ ਇਸ ਪ੍ਰਯੋਜਨ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਬਾਰੇ ਕਈ ਮੀਟਿੰਗਾਂ ਗਿਆਨੀ ਪ੍ਰੀਤਮ ਸਿੰਘ ਲਿਧਾਰੇ ਦੇ ਗ੍ਰਹਿ ਵਿਖੇ ਸਾਊਥਹਾਲ ਵਿੱਚ ਹੋਈਆਂ। ਗਿਆਨੀ ਪ੍ਰੀਤਮ ਸਿੰਘ ਪ੍ਰਸਿੱਧ ਟਕਸਾਲੀ ਵਿਦਵਾਨ ਹਨ ਇਸ ਲਈ ਉਨ੍ਹਾਂ ਦਾ ਇੱਥੇ ਨਾਮਵਾਰ ਵਿਅਕਤੀਆਂ ਨਾਲ ਮਿਲਵਰਤਨ ਸੀ ਉਨ੍ਹਾਂ ਨੂੰ ਵੀ ਇਸ ਪ੍ਰਯੋਜਨ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ। ਸੰਤਾਂ ਵੱਲੋਂ ਦੱਸੀ ਵਿਧੀ ਅਨੁਸਾਰ ਧਰਮ ਪ੍ਰਚਾਰ ਆਰੰਭਿਆ ਗਿਆ, ਵੱਖ-ਵੱਖ ਗੁਰਦੁਆਰਿਆਂ ਵਿੱਚ ਜਿੱਥੇ ਕਥਾ ਕੀਰਤਨ ਦੇ ਪ੍ਰਵਾਹ ਚੱਲੇ, ਅੰਮ੍ਰਿਤ ਸੰਚਾਰ ਹੋਇਆ ਉਥੇ ਨਾਲ-ਨਾਲ ਭਾਰਤ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਫੌਜਾਂ ਚਾੜ੍ਹ ਕੇ ਕੀਤੇ ਗਏ ਘਿਨਾਉਣੇ ਕੁਕਰਮ ਬਾਰੇ ਵੀ ਸੰਗਤਾਂ ਨੂੰ ਦੱਸਿਆ ਗਿਆ ਕਿ ਭਾਰਤ ਸਰਕਾਰ ਵੱਲੋਂ ਧਰਮ ਯੁੱਧ ਮਰਚੇ ਦੀ ਸਫਲਤਾ ਨੂੰ ਕੁਚਲਣ ਲਈ ਅਤੇ ਸਮੁੱਚੀ ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਇਹ ਘੱਲੂਘਾਰਾ ਕੀਤਾ ਗਿਆ। ਇਨ੍ਹਾਂ ਵਿਚਾਰਾਂ ਦਾ ਸਿੱਖ ਸੰਗਤਾਂ ਉਪਰ ਭਾਰੀ ਅਸਰ ਹੋਇਆ ਅਤੇ ਸਹਿਜੇ-ਸ਼ਹਿਜੇ ਸਿੱਖ ਨੌਜਵਾਨਾਂ ਦਾ ਗੁਰਦੁਆਰਿਆਂ ਵਿੱਚ ਇਕੱਠ ਵਧਣ ਲੱਗਾ ਅਤੇ ਫਿਰ ਕੇਵਲ ਐਤਵਾਰ ਹੀ ਨਹੀਂ ਬਲਕਿ ਹਰ ਰੋਜ਼ ਹੀ ਦੋ-ਦੋ, ਤਿੰਨ-ਤਿੰਨ ਧਾਰਮਿਕ ਸਮਾਗਮ ਹੋਣ ਲੱਗੇ, ਜਿੱਥੇ ਨੌਜਵਾਨ ਕਾਫਲਿਆਂ ਦੇ ਰੂਪ ਵਿੱਚ ਆਉਣੇ ਸ਼ੁਰੂ ਹੋਏ। ਦੋ ਕੁ ਮਹੀਨਿਆਂ ਦੇ ਸਮੇਂ ਅੰਦਰ ਲਗਪਗ ਇੰਗਲੈਂਡ ਦੇ ਸਾਰੇ ਇਲਾਕਿਆਂ ਵਿੱਚ ਧਾਰਮਿਕ ਸਮਾਗਮ ਕੀਤੇ ਗਏ। ਇਸ ਤੋਂ ਬਾਅਦ ਇੰਗਲੈਂਡ ਦੇ ਚੋਣਵੇਂ ਸਿੱਖਾਂ ਦੀ ਇੱਕ ਮੀਟਿੰਗ ਗਿਆਨੀ ਪ੍ਰੀਤਮ ਸਿੰਘ ਦੇ ਘਰ ਹੋਈ ਜਿਸ ਵਿੱਚ ਫੈਸਲਾ ਲਿਆ ਗਿਆ ਕਿ 23 ਸਤੰਬਰ 1984 ਨੂੰ ਵਾਲਸਾਲ ਵਿਖੇ ਜਥੇਬੰਦੀ ਦਾ ਐਲਾਨ ਕੀਤਾ ਜਾਵੇਗਾ। ਇਸ ਦੌਰਾਨ ਜਥੇਬੰਦੀ ਦਾ ਸੰਵਿਧਾਨ ਲਿਖਣ ਦਾ ਵੀ ਨਿਰਣਾ ਲਿਆ। ਜਿਸ ਨੂੰ ਲਿਖਣ ਲਈ ਭਾਈ ਹਰਜਿੰਦਰ ਸਿੰਘ ਨਾਗਰਾ ਦੀ ਜ਼ਿੰਮੇਵਾਰੀ ਲਗਾਈ ਅਤੇ ਰੋਜ਼ਾਨਾ ਹੀ ਇਸ ਬਾਰੇ ਵਿਚਾਰਾਂ ਹੁੰਦੀਆਂ। ਬਹੁਤ ਮਿਹਨਤ ਨਾਲ ਜਥੇਬੰਦਕ ਵਿਧਾਨ ਲਿਖਿਆ ਗਿਆ ਜਿਸ ਵਿੱਚ ਜਥੇਬੰਦੀ ਦੀ ਬਣਤਰ, ਰਾਜਨੀਤਿਕ ਕਾਰਜ, ਧਰਮ ਪ੍ਰਚਾਰ, ਜਥੇਬੰਦੀ ਦਾ ਪਸਾਰ ਪ੍ਰਬੰਧ ਅਤੇ ਅਹੁਦੇਦਾਰਾਂ ਦੀ ਸ਼ਮਾਬੰਧ ਸੋਝਾ ਆਦਿ ਦਾ ਪੂਰਾ ਵੇਰਵਾ ਲਿਖਿਆ ਗਿਆ। ਪੂਰੀ ਸੋਧ ਸੁਧਾਈ ਤੋਂ ਬਾਅਦ ਉਸ ਦੀਆਂ ਹਜ਼ਾਰਾਂ ਹੀ ਕਾਪੀਆਂ ਪ੍ਰਿੰਟ ਕੀਤੀਆਂ ਗਈਆਂ ਤਾਂ ਕਿ ਜਥੇਬੰਦੀ ਦੀ ਸਥਾਪਨਾ ਸਮੇਂ ਵੱਡੀ ਪੱਧਰ 'ਤੇ ਸੰਗਤਾਂ ਵਿੱਚ ਇਸ ਨੂੰ ਵੰਡਿਆ ਜਾ ਸਕੇ।

23 ਸਤੰਬਰ 1984 ਨੂੰ ਵਾਲਸਾਲ ਵਿਖੇ ਸੰਗਤਾਂ ਦਾ ਵਿਸ਼ਾਲ ਇਕੱਠ ਐਲਮਵੈੱਲ ਸਕੂਲ (Alumwell School) ਵਿੱਚ ਹੋਇਆ ਕਿਉਂਕਿ ਗੁਰਦੁਆਰਾ ਸਾਹਿਬ ਦੇ ਹਾਲ ਵਿੱਚ ਸੰਗਤਾਂ ਦਾ ਵਿਸ਼ਾਲ ਇਕੱਠ ਨਹੀਂ ਸੀ ਸਮਾ ਸਕਦਾ। ਇਸ ਲਈ ਸਕੂਲ ਦੇ ਕਾਨਫਰੰਸ ਹਾਲ ਵਿੱਚ ਇਹ ਇਕੱਠ ਕੀਤਾ ਗਿਆ ਜਿਸ ਨੂੰ ਵੇਖ ਕੇ ਇੰਗਲੈਂਡ ਦੀ ਸਰਕਾਰ ਵੀ ਹੈਰਾਨ ਸੀ। ਇਸ ਵੱਡੇ ਇਕੱਠ ਵਿੱਚ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦਾ ਐਲਾਨ ਕੀਤਾ ਗਿਆ ਅਤੇ ਜਥੇਬੰਦੀ ਦੇ ਉਦੇਸ਼ ਲਈ ਸੰਵਿਧਾਨਕ ਪੱਤ੍ਰਿਕਾ ਸੰਗਤਾਂ ਵਿੱਚ ਵੰਡੀ ਗਈ। ਇਸ ਜਥੇਬੰਦੀ ਦਾ ਡਾਕਟਰ ਪ੍ਰਗਟ ਸਿੰਘ ਨੂੰ ਪ੍ਰਧਾਨ ਐਲਾਨਿਆ ਗਿਆ ਅਤੇ ਬਾਕੀ ਦੇ ਅਹੁਦੇਦਾਰਾਂ ਦਾ ਵੀ ਐਲਾਨ ਹੋਇਆ। ਤੁਰੰਤ ਹੀ ਇੰਗਲੈਂਡ ਦੀਆਂ ਸੰਗਤਾਂ ਵਿੱਚ ਜੋਸ਼ ਦਾ ਹੜ੍ਹ ਆ ਗਿਆ ਕਿਉਂਕਿ ਭਾਰਤ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉਪਰ ਕੀਤੇ ਹਮਲੇ ਦਾ ਗੁੱਸਾ ਸੀ ਅਤੇ ਦੂਜਾ ਉਨ੍ਹਾਂ ਨੂੰ ਸਿੱਖਾਂ ਦੀ ਇੱਕ ਆਪਣੀ ਜਥੇਬੰਦਕ ਸ਼ਕਤੀ ਇਕੱਤਰ ਕਰਨ ਦੀ ਫ਼ਿਕਰ ਸੀ।

ਇਸ ਤੋਂ ਬਾਅਦ ਵੱਖ-ਵੱਖ ਦੇਸ਼ਾਂ ਵਿੱਚ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੀ ਸਥਾਪਨਾ ਹੋਣ ਲੱਗੀ। ਦਰਜਨਾਂ ਦੇਸ਼ਾਂ ਵਿੱਚ ਜਥੇਬੰਦੀ ਦੀ ਸਥਾਪਨਾ ਹੋਈ ਪਰ ਭਾਰਤ ਸਰਕਾਰ ਨੇ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਦੀ ਇਕੱਤਰ ਹੋ ਰਹੀ ਸ਼ਕਤੀ ਨੂੰ ਨਾ-ਸਹਾਰਦੇ ਹੋਏ ਦਾਸ (ਜਸਵੀਰ ਸਿੰਘ) ਨੂੰ ਫਿਲਪਾਈਨ ਤੋਂ ਗ੍ਰਿਫਤਾਰ ਕਰਕੇ ਭਾਰਤ ਲਿਆਂਦਾ ਅਤੇ ਲੰਮਾ ਸਮਾਂ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਰੱਖਿਆ। ਪਰ ਜਥੇਬੰਦੀ ਨੇ ਵੱਖ-ਵੱਖ ਦੇਸ਼ਾਂ ਵਿੱਚੋਂ

Scanned with CamScanner

ਉਸ ਬਿਖੜੇ ਸਮੇਂ ਸਿੱਖ ਪੰਥ ਦੀ ਸੇਵਾ ਵਿੱਚ ਵੱਡਾ ਯੋਗਦਾਨ ਪਾਇਆ। ਜਥੇਬੰਦੀ ਦਾ ਅਸੂਲ ਸੀ ਕਿ ਕੋਈ ਵੀ ਪ੍ਰਧਾਨ ਦੇ ਸਾਲ ਤੋਂ ਵੱਧ ਲਗਾਤਾਰ ਪ੍ਰਧਾਨਗੀ ਦੀ ਸੇਵਾ ਵਿੱਚ ਨਹੀਂ ਰਹਿ ਸਕਦਾ ਪਰ ਦਹਾਕਿਆਂ ਤੋਂ ਸ. ਅਮਰੀਕ ਸਿੰਘ ਗਿੱਲ ਪ੍ਰਧਾਨਗੀ ਦੇ ਅਹੁਦੇ 'ਤੇ ਕਾਬਜ ਹਨ, ਪ੍ਰਧਾਨ ਬਦਲਣ ਦੀ ਥਾਂ 'ਤੇ ਜਥੇਬੰਦੀ ਦੇ ਅਸੂਲ ਬਦਲ ਦਿੱਤੇ। ਕਿਉਂਕਿ ਅਜਿਹੇ ਵਿਅਕਤੀ ਦਾ ਸੰਘਰਸ਼ ਨਾਲ ਸਿੱਧੇ ਤੌਰ 'ਤੇ ਕੋਈ ਵਾਸਤਾ ਨਹੀਂ ਹੈ, ਨਾ ਕਿਸੇ ਪ੍ਰੀਵਾਰਕ ਮੈਂਬਰ ਦੀ ਸੰਘਰਸ਼ ਵਿੱਚ ਕੁਰਬਾਨੀ, ਨਾ ਜੇਲ੍ਹ ਯਾਤਰਾ, ਨਾ ਪੁਲਿਸ ਤਸ਼ੱਦਦ ਸਿਰਫ ਸਟੇਜੀ ਸ਼ੇਰ ਹਨ ਜਿਨ੍ਹਾਂ ਨੇ ਜਥੇਬੰਦੀ ਨੂੰ ਨਿੱਜੀ ਸਵਾਰਥਾਂ ਲਈ ਵਰਤਿਆ ਅਤੇ ਜਥੇਬੰਦੀ ਦੀ ਸ਼ਕਤੀ ਨੂੰ ਖੋਰੂ-ਖੋਰੂ ਕਰ ਦਿੱਤਾ। ਇਸ ਸਭ ਕੁੱਝ ਪਿੱਛੇ ਉਸ ਦੀ ਕੀ ਮਜਬੂਰੀ ਹੈ ਜਾਂ ਕੀ ਸਾਜਿਸ਼ ਹੈ ਇਹ ਤਾਂ ਕੇਵਲ ਸ. ਗਿੱਲ ਹੀ ਜਾਣਦਾ ਹੈ? ਜਿਨ੍ਹਾਂ ਨੇ ਜਥੇਬੰਦੀ ਦੇ ਨਿਯਮਾਂ ਨੂੰ ਤਿਆਗ ਕੇ ਸ਼ਹੀਦ ਪਰਿਵਾਰਾਂ, ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ, ਧਰਮੀ ਫੌਜੀਆਂ ਆਦਿ ਦੀ ਮਦਦ ਕਰਨੀ ਬੰਦ ਕਰ ਦਿੱਤੀ ਅਤੇ ਜਥੇਬੰਦੀ ਦਾ ਨਾਂ ਬਦਲ ਕੇ ਸਿੱਖ ਫੈਡਰੇਸ਼ਨ ਯੂ. ਕੇ. ਰੱਖ ਲਿਆ ਤੇ ਇਸ ਨੂੰ ਕੇਵਲ ਇੰਗਲੈਂਡ ਤੱਕ ਸੀਮਿਤ ਕਰ ਦਿੱਤਾ।

ਭਾਵੇਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਜੀ ਸਾਕਾ ਨੀਲਾ ਤਾਰਾ ਸਮੇਂ ਭਾਰਤੀ ਫੌਜਾਂ ਦਾ ਮੁਕਾਬਲਾ ਕਰਦੇ ਗੁਰਧਾਮਾਂ ਦੀ ਰੱਖਿਆ ਕਰਦੇ ਸ਼ਹੀਦੀ ਦਾ ਜਾਮ ਪੀ ਗਏ ਸਨ ਅਤੇ ਜਥੇਬੰਦੀ ਦੇ ਸਿਰਕੱਢ ਆਗੂ ਜੇਲ੍ਹ ਦੀਆਂ ਕਾਲ ਕੋਠੜੀਆਂ ਅੰਦਰ ਬੰਦ ਸਨ ਅਤੇ ਕੁੱਝ ਰੂਪੋਸ਼ ਹੋ ਚੁੱਕੇ ਸਨ। ਇਸ ਦੇ ਬਾਵਜੂਦ ਸੰਤਾਂ ਵੱਲੋਂ ਲਏ ਗਏ ਫੈਸਲੇ ਅਨੁਸਾਰ ਬਹੁਤ ਕਾਮਯਾਬੀ ਨਾਲ ਇੰਟਰਨੈਸ਼ਨਲ ਪੱਧਰ 'ਤੇ ਜਥੇਬੰਦੀ ਦੀ ਸਥਾਪਨਾ ਕਰ ਲਈ ਗਈ ਸੀ।

ਜਥੇਬੰਦੀ ਦੇ ਸੁਹਿਰਦ ਆਗੂ ਅੱਜ ਵੀ ਯਤਨਸ਼ੀਲ ਹਨ ਕਿ ਹੁਣ ਦੇ ਹਾਲਾਤਾਂ ਵਿੱਚ ਵੀ ਜਥੇਬੰਦੀ ਨੂੰ ਪੰਥ ਦੀ ਸੇਵਾ ਵਿੱਚ ਯਤਨਸ਼ੀਲ ਰਹਿਣਾ ਚਾਹੀਦਾ ਹੈ ਅਤੇ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।

ਨਿਸ਼ਚੇਵਾਚਕ ਸਿੱਖ ਵੱਖਰੀ ਕੌਮ ਹੈ

ਸੰਤ ਭਿੰਡਰਾਂਵਾਲਿਆਂ ਦਾ ਇਹ ਮੰਨਣਾ ਸੀ ਕਿ ਖ਼ਾਲਸਾ ਪੰਥ ਦੇ ਪੈਰੋਕਾਰਾਂ ਵੱਲੋਂ 'ਇਕ ਵੱਖਰੀ ਕੌਮ' ਹੋਣ ਦੇ ਦਾਅਵਿਆਂ ਨੂੰ ਨਿੱਤ ਨਵੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਲਈ ਇਹ ਉਚਿਤ ਅਤੇ ਅਵੱਸ਼ਕ ਹੋ ਜਾਂਦਾ ਹੈ ਕਿ ਇਨ੍ਹਾਂ ਦਾਅਵਿਆਂ ਅਤੇ ਚੁਨੌਤੀਆਂ ਨੂੰ ਪ੍ਰਮਾਣਿਤ ਅਸੂਲਾਂ ਦੇ ਆਧਾਰ 'ਤੇ ਪਰਖ ਕੇ, ਇਸ ਬਾਰੇ ਆਪਣਿਆਂ ਅਤੇ ਬਿਗਾਨਿਆਂ ਦੋਹਾਂ ਦੇ ਮਨਾਂ ਵਿੱਚ ਪਾਏ ਜਾ ਰਹੇ ਭੁਲੇਖਿਆਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ ਜਾਵੇ। ਇਸ ਲਈ ਪ੍ਰਸਿੱਧ ਵਿਗਿਆਨੀਆਂ ਦੁਆਰਾ 'ਕੌਮ' ਦੇ ਜੋ ਮੁੱਢਲੇ ਅਸੂਲ ਅਤੇ ਆਧਾਰ ਮਿਥੇ ਗਏ ਹਨ ਉਨ੍ਹਾਂ ਦਾ ਕੁੱਝ ਵਿਸਥਾਰ ਵਿੱਚ ਅਧਿਐਨ ਜ਼ਰੂਰੀ ਹੋ ਜਾਂਦਾ ਹੈ।

ਸਭ ਤੋਂ ਪਹਿਲਾਂ ਧਾਰਮਿਕ ਤੌਰ 'ਤੇ ਦੱਸਦੇ ਹਾਂ ਕਿ ਸਿੱਖ ਵੱਖਰੀ ਕੌਮ ਕਿਵੇਂ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬੇਅੰਤ ਪ੍ਰਮਾਣਿਤ ਸਿੱਧਿਆ ਹੈ ਜੋ ਇਸਨੂੰ ਸਿੱਧ ਕਰਦੀ ਹੈ ਅਤੇ ਕੁਝ ਇਤਿਹਾਸਕ ਪ੍ਰਮਾਣ ਵੀ ਹਨ ਜਿਵੇਂ :

ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥੧॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ ਰਹਾਉ॥ (੧੧੩੫ ਅੰਗ)

ਪੰਡਿਤ ਮੁਲਾਂ ਜੋ ਲਿਖਿ ਦੀਆ॥
ਛਾਡਿ ਚਲੇ ਹਮ ਕਛੂ ਨ ਲੀਆ॥੩॥ (੧੧੫੯ ਅੰਗ)
ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥

Scanned with CamScanner

ਜਬ ਲਗ ਖ਼ਾਲਸਾ ਰਹੈ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥ (ਪਾਤਿਸ਼ਾਹੀ ਦਸਮੀਂ)
ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ
(ਭਾਈ ਗੁਰਦਾਸ ਜੀ) ਵਾਰ-੧, ਪਉੜੀ ੩੧/੮
ਇਹ ਭੀਸਰ ਮਜਹਬ ਖ਼ਾਲਸਾ ਉਪਜਿਓ ਪਰਧਾਨਾ।।
ਜਿਨਿ ਗੁਰੁ ਗੋਬਿੰਦ ਕੇ ਹੁਕਮ ਸੋਂ ਗਹਿ ਖੜਗ ਦਿਖਾਨਾ।।
(ਭਾਈ ਗੁਰਦਾਸ ਸਿੰਘ ਜੀ ਦੂਜੇ)

ਇਉਂ ਭੀਸਰ ਪੰਥ ਰਚਾਇਅਨੁ ਵਡ ਸੂਰ ਗਹੇਲਾ।।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥
ਪੁਨ ਹਿੰਦੂ ਤੁਰਕਨ ਤੇ ਨਯਾਰਾ।।
ਰਚੋ ਪੰਥ ਯਹਿ ਬਲੀ ਅਪਾਰਾ।।
(ਪੰਥ ਪ੍ਰਕਾਸ਼)

ਹਿੰਦੂ ਅੰਨ੍ਹੇ ਤੁਰਕ ਕਾਣੇ।
ਸਿੰਘ ਗੁਰੂ ਕੇ ਸਭ ਤੇਂ ਸਯਾਣੇ।
ਮੁਸਲਮਾਨ ਹਿੰਦੁਨ ਤੇ ਨਯਾਰੀ।
ਰੀਤ ਇਨ੍ਹੋਂ ਮੇਂ ਹੈ ਭਲਿ ਸਾਰੀ।
ਮਾਨਤ ਹੈਂ ਨਿਜ ਮਜ਼ਬ ਚੰਗੇਰਾ।
'ਹਿੰਦੂ' ਕਹੇ ਤੇ ਖਿਝਤ ਵਧੇਰਾ।
ਰੀਤ ਹਿੰਦੂਆਂ ਵਾਰੀ ਜੇਤੀ।
ਤਜ ਰਾਖੀ ਇਨ ਸਭ ਬਿਧ ਤੇਤੀ।
(ਗੁਰ ਪ੍ਰਤਾਪ ਸੂਰਜ ਗ੍ਰੰਥ)

ਇਸ ਵਾਸਤੇ ਵੀ ਸਿੱਖ ਵੱਖਰੀ ਕੌਮ ਹੈ ਕਿਉਂਕਿ ਮਾਨਵਤਾ ਦਾ ਮੁੱਢ ਸਿੱਖ ਹਨ ਅਤੇ ਬਾਕੀ ਟਾਹਣੀਆਂ, ੮੪ ਸਿੱਧ, ੬ ਜਤੀ, ੬ ਨਾਥ, ੧੦ ਗੁਰੂ ਸਾਹਿਬਾਨ, ਇੱਕ ਵੀ ਬਿਨਾਂ ਕੇਸਾਂ ਤੋਂ ਨਹੀਂ ਤੇ ਸਿੱਖ ਦੀ ਮੁੱਢਲੀ ਨਿਸ਼ਾਨੀ ਇਹੀ ਹੈ ਕੇਸ ਤੇ ਦਾੜ੍ਹਾ। ਕੇਸ, ਦਾੜ੍ਹਾ, ਪੱਗ ਹੋਵੇ ਤਾਂ ਸਰਦਾਰ ਜੀ ਕਹਿਣਗੇ। ਧੋਤੀ, ਟੋਪੀ, ਜਨੇਊ ਤੇ ਤਿਲਕ ਹੋਵੇ, ਹਿੰਦੂ ਕਹਿਣਗੇ। ਸੁੰਨਤ ਕੀਤੀ ਹੋਵੇ, ਲਬਾਂ ਕੱਟੀਆਂ ਹੋਣ ਤਾਂ ਮੁਸਲਮਾਨ ਕਹਿਣਗੇ। ਦੁਨੀਆਂ ਵਿੱਚ ਪਹਿਲਾਂ ਸਾਰੇ ਹੀ ਸਿੱਖ ਜੰਮਦੇ ਹਨ ਬਾਅਦ ਵਿੱਚ ਕੈਂਚੀ ਨਾਲ ਕੇਸ ਕੱਟ ਕੇ ਹਿੰਦੂ ਬਣਾਏ ਜਾਂਦੇ ਹਨ ਅਤੇ ਕੈਂਚੀ ਨਾਲ ਸੁੰਨਤ ਕਰਕੇ ਲਬਾਂ ਕੱਟ ਕੇ ਮੁਸਲਮਾਨ ਬਣਾਏ ਜਾਂਦੇ ਹਨ, ਜੇਕਰ ਅਜਿਹਾ ਨਾ ਕੀਤਾ ਜਾਵੇ ਜਿਸ ਤਰ੍ਹਾਂ ਕੁਦਰਤ ਨੇ ਮਨੁੱਖ ਨੂੰ ਪੈਦਾ ਕੀਤਾ ਹੈ ਤਾਂ ਸਭ ਸਿੱਖ ਹੀ ਹੋਣਗੇ। ਜਿਹੜੀ ਅਰੰਮੀ ਸ਼ਕਤੀ ਹੈ ਜਿਸਨੂੰ ਅੱਲ੍ਹਾ, ਖੁਦਾ, ਅਕਾਲ, ਵਾਹਿਗੁਰੂ, ਮਿਹਰਬਾਨ, ਰਹੀਮ, ਕਰੀਮ, ਰਾਮ ਆਦਿ ਨਾਵਾਂ ਨਾਲ ਪੂਜਿਆ ਜਾਂਦਾ ਹੈ, ਇਹ ਨਿਰਵੈਰ ਸ਼ਕਤੀ ਕੁੱਲ ਦੁਨੀਆਂ ਨੂੰ ਸਿੱਧੀ ਸਰੂਪ ਵਿੱਚ ਪ੍ਰਗਟ ਕਰਦੀ ਹੈ। ਇਸ ਲਈ ਸਿੱਖ ਕੇਵਲ ਵੱਖਰੀ ਕੌਮ ਹੀ ਨਹੀਂ ਬਲਕਿ ਕੁਦਰਤ ਵੱਲੋਂ ਪੈਦਾ ਕੀਤੀ ਹੋਈ ਵੱਖਰੀ ਨਸਲ ਵੀ ਹੈ। ਇਸੇ ਲਈ ਦਸਮ ਪਾਤਿਸ਼ਾਹ ਜੀ ਨੇ ਇਉਂ ਫ਼ੁਰਮਾਇਆ:

"ਖ਼ਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮਾ ਕੀ ਮੌਜ"

ਕੋਈ ਐਸਾ ਪੀਰ ਪੈਗੰਬਰ, ਦੇਵਤਾ, ਅਵਤਾਰ ਨਹੀਂ ਹੋਇਆ ਜਿਸਨੇ ਕੇਸ ਅਤੇ ਦਾੜ੍ਹੀ ਕੱਟੀ ਹੋਵੇ, ਫਿਰ ਵੱਖ-ਵੱਖ ਕੌਮਾਂ ਦੇ ਲੋਕ ਜੋ ਉਪਰੋਕਤ ਪੀਰ ਪੈਗੰਬਰਾਂ ਜਾਂ ਦੇਵਤੇ ਅਵਤਾਰਾਂ ਨੂੰ ਮੰਨਦੇ ਹਨ ਤਾਂ ਫਿਰ ਉਨ੍ਹਾਂ ਵਾਂਗ ਦਾੜ੍ਹੀ ਕੇਸ ਕਿਉਂ ਨਹੀ ਰੱਖਦੇ? ਜੇ ਨਹੀ ਰੱਖਦੇ ਤਾਂ ਕੀ ਉਹ ਆਪਣੇ ਪੀਰਾਂ ਅਵਤਾਰਾਂ ਦੀ ਹੁਕਮ ਅਦੂਲੀ ਨਹੀਂ ਕਰ

Scanned with CamScanner

ਰਹੇ? ਪਰ ਇਹ ਉਨ੍ਹਾਂ ਦੀ ਆਪਣੀ ਮਰਜ਼ੀ ਹੈ।

ਹੁਣ ਧਾਰਮਿਕ ਇਸ਼ਟ (ਸ੍ਰੀ ਗੁਰੂ ਗ੍ਰੰਥ ਸਾਹਿਬ) ਕਰਕੇ ਵੀ ਦੱਸਦੇ ਹਾਂ ਕਿ ਸਿੱਖ ਵੱਖਰੀ ਕੌਮ ਹੈ।

ਹਿੰਦੂਆਂ ਦਾ ਇਸ਼ਟ ਹੈ ਗੀਤਾ, ਜਿਸਦੇ ਅਠਾਰਾਂ ਅਧਿਆਏ ਹਨ ਜਿਨ੍ਹਾਂ ਵਿੱਚ ਮੁਸਲਮਾਨ ਜਾਂ ਈਸਾਈਆਂ ਲਈ ਕੋਈ ਉਪਦੇਸ਼ ਨਹੀਂ। ਮੁਸਲਮਾਨਾਂ ਦੀ ਕੁਰਾਨ ਦੇ 30 ਸਪਾਰੇ ਹਨ ਜਿਨ੍ਹਾਂ ਵਿੱਚ ਹਿੰਦੂਆਂ ਲਈ ਕੋਈ ਉਪਦੇਸ਼ ਨਹੀਂ। ਇਸਾਈਆਂ ਦਾ ਧਾਰਮਿਕ ਗ੍ਰੰਥ ਬਾਈਬਲ ਹੈ ਜਿਸ ਵਿੱਚ ਕੇਵਲ ਇਸਾਈਆਂ ਲਈ ਉਪਦੇਸ਼ ਹੈ। ਪਰ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਮੁਸਲਮਾਨ ਸ਼ੇਖ ਫ਼ਰੀਦ ਜੀ ਦੀ ਬਾਣੀ ਹੈ, ਜੁਲਾਹਾ ਕਬੀਰ ਜੀ, ਛੀਂਬਾ ਨਾਮਦੇਵ ਜੀ, ਬ੍ਰਾਹਮਣ ਜੈ ਦੇਉ ਜੀ, ਨਾਈ ਸੈਨ ਜੀ, ਜੱਟ ਧੰਨਾ ਜੀ, ਰਾਜਾ ਪੀਪਾ ਜੀ, ਹਰੀਜਨਾਂ ਵਿੱਚੋਂ ਬਾਲਮੀਕ ਜੀ, ਚਮਿਆਰਾਂ ਵਿੱਚੋਂ ਰਵਿਦਾਸ ਜੀ ਅਤੇ ਕਸਾਈਪੁਣੇ ਦਾ ਤਿਆਗ ਕਰਕੇ ਵੈਰਾਗ ਭਗਤੀ ਨੂੰ ਧਾਰਨ ਵਾਲਾ ਸਧਨਾ ਜੀ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਰੱਬ ਨਾਲ ਜੁੜੀਆਂ ਰੂਹਾਂ ਭਾਵੇਂ ਕਿਸੇ ਵੀ ਜਾਤ ਫਿਰਕੇ ਵਿੱਚ ਹੋਣ ਸਭ ਨੂੰ ਸ਼ਰਿਕਾਰ ਦਿੱਤਾ। ਜਿਸ ਤਰ੍ਹਾਂ ਭਗਤ ਕਬੀਰ ਜੀ ਨੇ ਬਾਣੀ ਵਿੱਚ ਕਿਹਾ:

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥ (੧੩੬੭)

ਇਸ ਵਾਸਤੇ ਇਸ਼ਟ ਕਰਕੇ ਵੀ ਸਿੱਖ ਵੱਖਰੀ ਕੌਮ ਹੈ। ਬਾਕੀ ਵਾਹਿਗੁਰੂ ਨੇ ਜਿਤਨੀ ਰਚਨਾ ਰਚੀ ਹੈ ਅਸੀਂ ਸਭ ਦਾ ਸਤਿਕਾਰ ਕਰਦੇ ਹਾਂ।

ਸ੍ਰੀ ਰਾਮ ਚੰਦਰ ਜੀ ਦੇ ਅਵਤਾਰ ਧਾਰਨ ਤੋਂ ਦਸ ਹਜ਼ਾਰ ਵਰ੍ਹਾ ਪਹਿਲਾਂ, ਰਮਾਇਣ ਲਿਖੀ ਗਈ ਅਤੇ ਕੁਰਾਨ ਸ਼ਰੀਫ ਮੁਹੰਮਦ ਸਾਹਿਬ ਦੇ ਪ੍ਰਲੋਕ ਗਮਨ ਤੋਂ ਚਾਰ ਸੌ ਸਾਲ ਪਿੱਛੋਂ ਲਿਖੀ ਗਈ, ਇੱਕੋ ਇੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ ਜੋ ਗੁਰੂ ਸਾਹਿਬ ਨੇ ਆਪ ਮੁੰਹ ਤੋਂ ਉਚਾਰੀ, ਆਪ ਲਿਖਵਾਈ ਅਤੇ ਫਿਰ ਆਪ ਕੋਲ ਬੈਠ ਕੇ ਸੁਣੀ, ਇਸਦੇ ਅਰਥ ਕੀਤੇ ਅਤੇ ਕਰਨੇ ਸਿਖਾਏ। ਇਸ ਲਈ ਸਿੱਖ ਇੱਕ ਵੱਖਰੀ ਕੌਮ ਹੈ।

ਪੂਰੀ ਦੁਨੀਆਂ ਦਾ ਚੱਕਰ ਕੱਟ ਲਉ, ਮਸੀਤਾਂ, ਗਿਰਜਿਆਂ, ਮੰਦਿਰਾਂ ਵਿੱਚ ਕਿਤੇ ਵੀ ਤੁਹਾਨੂੰ ਮੁਫਤ ਵਿੱਚ ਲੰਗਰ ਨਹੀਂ ਮਿਲੇਗਾ। ਲੰਗਰ ਮਿਲੇਗਾ ਤਾਂ ਇੱਕੋ ਇੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰ ਤੋਂ, ਗੁਰਦੁਆਰਾ ਸਾਹਿਬ ਵਿਖੇ ਮਿਲੇਗਾ। ਇਸ ਵਾਸਤੇ ਵੀ ਸਿੱਖ ਵੱਖਰੀ ਕੌਮ ਹੈ।

ਕਿਸੇ ਹਿੰਦੂ ਦੀ ਘਰਵਾਲੀ ਜਨੇਊ ਨਹੀਂ ਪਾ ਸਕਦੀ, ਟੋਪੀ ਨਹੀਂ ਰੱਖ ਸਕਦੀ, ਬੋਦੀ ਨਹੀਂ ਰੱਖ ਸਕਦੀ ਇਸੇ ਤਰ੍ਹਾਂ ਕਿਸੇ ਮੁਸਲਮਾਨ ਦੀ ਘਰਵਾਲੀ ਮੱਕੇ ਦੀ ਜ਼ਿਆਰਤ ਨਹੀਂ ਕਰ ਸਕਦੀ, ਮਸੀਤ ਵਿੱਚ ਨਮਾਜ਼ ਨਹੀਂ ਪੜ੍ਹ ਸਕਦੀ, ਜੇ ਪੜ੍ਹ ਸਕਦੀ ਹੈ ਤਾਂ ਸੰਨ੍ਹ ਵਿੱਚ ਪੜਦਾ ਪਾ ਕੇ ਪੜ੍ਹ ਸਕਦੀ ਹੈ। ਪਰ ਸਿੱਖਾਂ ਵਿੱਚ ਐਸਾ ਨਹੀਂ ਹੈ ਜੇ ਸਿੰਘ ਪਾਠ ਕਰਦਾ ਹੈ ਤਾਂ ਉਸਦੀ ਘਰਵਾਲੀ ਵੀ ਕਰ ਸਕਦੀ ਹੈ, ਗੁਰਦੁਆਰੇ ਵੀ ਜਾ ਸਕਦੀ ਹੈ, ਅੰਮ੍ਰਿਤ ਵੀ ਛਕ ਸਕਦੀ ਹੈ, ਬਲਕਿ ਕੇਸੀ ਵੀ ਬੀਬੀ ਖ਼ਾਲਸਾਈ ਗੁਣਾਂ ਨੂੰ ਧਾਰਨ ਕਰਕੇ ਆਪਣੇ ਨਾਮ ਨਾਲ ਖ਼ਾਲਸਾ ਲਗਾ ਸਕਦੀ ਹੈ। ਇਸ ਲਈ ਸਿੱਖ ਵੱਖਰੀ ਕੌਮ ਹੈ।

ਇਹ ਧਰਮ ਦੇ ਪੱਖ ਤੋਂ ਕੁੱਝ ਕੁ ਉਦਾਹਰਨਾਂ ਦਿੱਤੀਆਂ ਹਨ ਇਸ ਤਰ੍ਹਾਂ ਦੇ ਬਹੁਤ ਸਾਰੇ ਹਵਾਲੇ ਹੋਰ ਵੀ ਹਨ ਜੋ ਧਾਰਮਿਕ ਗ੍ਰੰਥਾਂ ਵਿੱਚ ਮੌਜੂਦ ਹਨ।

ਰਾਜਨੀਤਿਕ ਤੌਰ 'ਤੇ ਕੁੱਝ ਹਵਾਲੇ ਜੋ ਸਿੱਖ ਵੱਖਰੀ ਕੌਮ ਹੋਣ ਦਾ ਪ੍ਰਮਾਣ ਦਿੰਦੇ ਹਨ:

ਇਸੇ ਤਰ੍ਹਾਂ ਸੰਨ 1861 ਈਸਵੀ ਵਿੱਚ ਜਦੋਂ ਸਿੰਘਾਂ ਨੇ ਲਾਹੌਰ ਫਤਿਹ ਕੀਤਾ ਤਾਂ ਸਿੱਖ ਜਰਨੈਲਾਂ ਨੇ ਆਪਣੇ ਆਗੂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਮੁਲਕ ਜਾਂ ਸੁਲਤਾਨ-ਉਲ-ਪੰਜਾਬ ਦਾ ਖਿਤਾਬ ਦੇਣ ਦੀ ਬਜਾਏ ਸੁਲਤਾਨ-ਉਲ-ਕੌਮ ਦੇ ਤਾਜ ਨਾਲ ਨਿਵਾਜਿਆ। ਇਹ ਉਨ੍ਹਾਂ ਸਿੱਖ ਸਰਦਾਰਾਂ ਦੀ ਦੂਰ ਦ੍ਰਿਸ਼ਟੀ ਸੀ ਜਿਨ੍ਹਾਂ ਨੇ ਉਨ੍ਹਾਂ ਲੋਕਾਂ ਨੂੰ ਕਰਾਰਾ ਜਵਾਬ ਦਿੱਤਾ ਜੋ ਸਿੱਖ ਕੌਮ ਦਾ ਨਾਮੋ ਨਿਸ਼ਾਨ ਮਿਟਾਉਣਾ ਚਾਹੁੰਦੇ ਸਨ। ਇਸ ਲਈ ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਸ. ਰਤਨ ਸਿੰਘ ਭੰਗੂ ਨੇ ਹਵਾਲਾ ਦਿੰਦਿਆ ਲਿਖਿਆ ਹੈ ਕਿ ਸਿੱਖ ਵਿਰੋਧੀ ਤਾਕਤਾਂ ਸਿੱਖਾਂ ਦੇ ਕੌਮੀ ਨਿਸ਼ਾਨ ਮਿਟਾਉਣਾ ਚਾਹੁੰਦੇ ਸਨ ਅਤੇ ਸਿੱਖਾਂ ਦਾ ਦਾਅਵਾ ਸੀ ਕਿ ਅਸੀਂ ਰਾਜ ਦੇ ਭੁੱਖੇ ਨਹੀਂ ਹਨ। ਉਹ ਲਿਖਦੇ ਹਨ:

Scanned with CamScanner

ਹਮ ਰਾਖਤ ਪਾਤਿਸ਼ਾਹੀ ਦਾਵਾ।
ਜਾਂ ਇਤ ਕੋ ਜਾਂ ਅਗਲੋ ਪਾਵਾ।
ਧਰੂ ਵਿਧਰਤ ਅੰ ਧਵਲ ਡੁਲਾਇ।
ਸਤਿਗੁਰ ਬਚਨ ਨ ਖਾਲੀ ਜਾਇ।

ਹਿੰਦੁਸਤਾਨ ਦੀ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ ਹਕੂਮਤ ਭਾਰਤ ਵਿੱਚ ਤਿੰਨ ਕੌਮਾਂ ਨੂੰ ਮਾਨਤਾ ਦਿੰਦੀ ਸੀ ਹਿੰਦੂ, ਸਿੱਖ ਅਤੇ ਮੁਸਲਮਾਨ। ਇਸ ਲਈ ਆਜ਼ਾਦੀ ਸਮੇਂ 1947 ਵਿੱਚ ਜੋ ਦੇਸ਼ ਦਾ ਰਾਜਸ਼ਟਰੀ ਝੰਡਾ ਬਣਿਆ ਕੌਮਾਂ ਦੇ ਆਧਾਰ 'ਤੇ ਉਸ ਨੂੰ ਤਿੰਨ ਰੰਗਾਂ ਦਾ ਬਣਾਇਆ ਗਿਆ ਜਿਸਨੂੰ ਤਿਰੰਗਾ ਕਹਿੰਦੇ ਹਨ। ਉਦੋਂ ਵੀ ਸਿੱਖਾਂ ਨੂੰ ਵੱਖਰੀ ਕੌਮ ਮੰਨਿਆ ਗਿਆ।

ਇਨ੍ਹਾਂ ਦਿਨਾਂ ਵਿੱਚ ਹੀ ਇੱਕ ਵਾਰ ਝੰਡਾ ਮਾਰਚ ਹੋਣਾ ਸੀ ਪਰ ਅੰਗਰੇਜ਼ ਸਰਕਾਰ ਨੇ ਇਸਨੂੰ ਰੋਕਣ ਲਈ ਮਸ਼ੀਨਗੰਨਾਂ ਬੀੜ ਦਿੱਤੀਆਂ। ਫਿਰ ਸਭ ਸੋਚਣ ਲੱਗੇ ਕਿ ਹੁਣ ਝੰਡਾ ਮਾਰਚ ਕਰਨ ਨੂੰ ਅੱਗੇ ਕੌਣ ਲੱਗੇ ਤਾਂ ਉਸ ਵੇਲੇ ਮੋਤੀ ਲਾਲ, ਪਟੇਲ, ਮਹਾਤਮਾ ਗਾਂਧੀ ਆਦਿ ਆਗੂਆਂ ਨੇ ਕਿਹਾ ਕਿ ਸਿੱਖ ਬਹਾਦਰ ਕੌਮ ਹਨ ਇਨ੍ਹਾਂ ਨੂੰ ਅੱਗੇ ਲਾਇਆ ਜਾਵੇ। ਉਸ ਵੇਲੇ ਬਾਬਾ ਖੜਕ ਸਿੰਘ ਅਕਾਲੀ ਦਲ ਦੇ ਪ੍ਰਧਾਨ ਸਨ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਅੱਗੇ ਲੱਗੋ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਇਸ ਸਬੰਧੀ ਬੈਠ ਕੇ ਵਿਚਾਰ ਕਰ ਲਓ, ਤਾ ਇਹ ਆਗੂ ਕਹਿਣ ਲੱਗੇ ਦੱਸੋ ਕੀ ਵਿਚਾਰ ਹੈ ਤਾਂ ਬਾਬਾ ਖੜਕ ਸਿੰਘ ਨੇ ਕਿਹਾ ਕਿ ਸਾਡੇ ਝੰਡੇ ਦੇ ਤਿੰਨ ਰੰਗ ਹਨ ਜਿਸਦਾ ਰੰਗ ਉਪਰ ਹੈ ਉਹ ਅੱਗੇ ਲੱਗ ਜਾਵੇ ਜਿਸਦਾ ਵਿਚਕਾਰ ਹੈ ਉਹ ਵਿਚਕਾਰ ਵਿੱਚ ਲੱਗ ਜਾਵੇ ਅਤੇ ਜਿਸਦਾ ਸਭ ਤੋਂ ਹੇਠਾਂ ਹੈ ਉਹ ਸਭ ਤੋਂ ਪਿੱਛੇ ਲੱਗ ਜਾਵੇ। ਇਹ ਸੁਣ ਕੇ ਸਭ ਹੈਰਾਨ ਰਹਿ ਗਏ ਕਿ ਅਸੀਂ ਤਾਂ ਇਸ ਬਾਬੇ ਨੂੰ ਭੋਲਾ ਅਤੇ ਸਿੱਧਾ ਸਾਦਾ ਹੀ ਸਮਝਿਆ ਸੀ ਪਰ ਇਸਦੀ ਦਲੀਲ ਦਾ ਸਾਡੇ ਪਾਸ ਕੋਈ ਜਵਾਬ ਨਹੀਂ। ਤੁਰੰਤ ਹੀ ਮਹਾਤਮਾ ਗਾਂਧੀ ਨੇ ਕਿਹਾ ਕਿ ਬਾਬਾ ਜੀ ਸਿੱਖ ਕੌਮ ਦਾ ਕੇਸਰੀ ਰੰਗ ਉਪਰ ਕਰ ਦਿੰਦੇ ਹਾਂ ਤਾਂ ਬਾਬਾ ਖੜਕ ਸਿੰਘ ਨੇ ਕਿਹਾ ਕਰ ਦਿਉ ਮੈਂ ਅੱਗੇ ਲੱਗਾਂਗਾ ਤੇ ਉਨ੍ਹਾਂ ਨੇ ਤੁਰੰਤ ਹੀ ਤਿਰੰਗੇ ਝੰਡੇ ਨੂੰ ਉਲਟਾ ਕਰਕੇ ਕੇਸਰੀ ਰੰਗ ਉਪਰ ਕਰ ਦਿੱਤਾ। ਇਸ ਤਰ੍ਹਾਂ ਬਾਬਾ ਖੜਕ ਸਿੰਘ ਜੀ ਨੇ ਝੰਡਾ ਮਾਰਚ ਦੀ ਅਗਵਾਈ ਕੀਤੀ। ਉਸ ਸਮੇਂ ਤੋਂ ਹੀ ਭਾਰਤ ਦੇ ਤਿਰੰਗੇ ਝੰਡੇ ਵਿੱਚ ਸਿੱਖ ਕੌਮ ਦਾ ਕੇਸਰੀ ਰੰਗ ਸਭ ਤੋਂ ਉੱਪਰ ਹੈ। ਉਦੋਂ ਵੀ ਸਿੱਖਾਂ ਨੂੰ ਵੱਖਰੀ ਕੌਮ ਮੰਨਿਆ ਗਿਆ।

ਆਜ਼ਾਦੀ ਤੋਂ ਤੁਰੰਤ ਬਾਅਦ 10 ਅਕਤੂਬਰ 1947 ਨੂੰ ਪਟੇਲ ਨੇ ਭਾਰਤ ਸਰਕਾਰ ਵੱਲੋਂ ਦੇਸ਼ ਦੇ ਸਭ ਡਿਪਟੀ ਕਮਿਸ਼ਨਰਾਂ ਨੂੰ ਸਰਕੂਲਰ ਜਾਰੀ ਕੀਤਾ ਕਿ ਸਿੱਖ ਜਰਾਇਮ ਪੇਸ਼ਾ ਕੌਮ ਹਨ ਇਨ੍ਹਾਂ 'ਤੇ ਕਰੜੀ ਨਜਰ ਰੱਖੀ ਜਾਵੇ। ਪਟੇਲ ਨੇ ਭਾਵੇਂ ਸਿੱਖ ਕੌਮ ਨੂੰ ਜ਼ਲੀਲ ਕਰਨ ਵਾਸਤੇ ਹੀ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਸੀ ਪਰ ਸਿੱਖਾਂ ਨੂੰ ਵੱਖਰੀ ਕੌਮ ਤਾਂ ਮੰਨਿਆ ਹੀ।

ਦੁਨੀਆਂ ਦੇ ਇਤਿਹਾਸ ਵਿੱਚ ਐਸਾ ਕੋਈ ਮਨੁੱਖ ਨਹੀਂ ਮਿਲੇਗਾ ਜਿਸ ਨੇ 80 ਸਾਲ ਦੀ ਉਮਰ ਵਿੱਚ ਆਪਣੇ ਧਰਮ ਦੀ ਰੱਖਿਆ ਖਾਤਰ ਜੰਗ ਦੌਰਾਨ ਕੱਟੇ ਗਏ ਸੀਸ ਨੂੰ ਤਲੀ 'ਤੇ ਰੱਖ ਕੇ ਯੁੱਧ ਲੜਿਆ ਹੋਵੇ। ਜੇ ਇਸ ਤਰ੍ਹਾਂ ਕੀਤਾ ਤਾਂ ਕੇਵਲ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਕਿਪਾ ਸਦਕਾ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਕੀਤਾ। ਇਸ ਲਈ ਸਿੱਖ ਵੱਖਰੀ ਕੌਮ ਹੈ।

7 ਸਾਲ ਦੀ ਉਮਰ ਵਿੱਚ ਕੰਧਾ ਵਿੱਚ ਚਿਣੇ ਜਾਣ ਤੋਂ ਇਸ ਬਚਪਨ ਉਮਰ ਵਿੱਚ ਕੋਈ ਕਹਿ ਸਕਦਾ ਹੈ? "ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ" ਜੋ ਕਿਹਾ ਤਾਂ ਬਾਬਾ ਜੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਨੇ ਕਿਹਾ। ਇਸੇ ਤਰ੍ਹਾਂ ਕੋਈ ਮਨੁੱਖ ਆਪਣਾ ਧੜ ਲੁਹਾ ਕੇ 22 ਦਿਨ ਇਲਾਹੀ ਰੰਗ ਵਿੱਚ ਬੈਠ ਸਕਦਾ ਹੈ? ਚਰਖੜੀਆ 'ਤੇ ਚੜ੍ਹ ਕੇ ਸਿੱਖੀ ਸਿਦਕ ਦੇ ਜੈਕਾਰੇ ਗਾਉਣੇ, ਸਿੱਖ ਮਾਵਾਂ ਵੱਲੋਂ ਮਾਸੂਮ ਬੱਚਿਆਂ ਦੀਆਂ ਬੋਟੀਆਂ ਦੇ ਹਾਰ ਗਲਾ ਵਿੱਚ ਪਾ ਕੇ ਸਿੱਖੀ ਸਿਦਕ ਨਿਭਾਉਣਾ ਅਜਿਹੀ ਵਿਲੱਖਣਤਾ ਕੇਵਲ ਸਿੱਖ ਕੌਮ ਦੇ ਹਿੱਸੇ ਆਈ ਹੈ। ਇਸ ਲਈ ਸਿੱਖ ਵੱਖਰੀ ਕੌਮ ਹੈ।

ਸਿੱਖ ਕੌਮ ਦੇ ਧਾਰਮਿਕ ਸਥਾਨ ਵੱਖਰੇ ਹਨ, ਜੋ ਜਾਤੀ ਭਿੰਨ-ਭੇਦ ਤੋਂ ਰਹਿਤ ਹਨ ਅਤੇ ਹਰ ਇੱਕ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦੀ ਖੁੱਲ੍ਹ ਹੈ। ਇਸੇ ਤਰ੍ਹਾਂ ਸਿੱਖ ਕੌਮ ਦੇ ਅੰਮ੍ਰਿਤ ਸਰੋਵਰ ਜਿਥੇ ਹਰ ਕੋਈ ਇਸ਼ਨਾਨ

Scanned with CamScanner

ਕਰ ਸਕਦਾ ਹੈ (ਜਿੱਥੇ ਅਕਾਲ ਪੁਰਖ ਦੀ ਅਪਰ ਅਪਾਰ ਸ਼ਕਤੀ ਵਰਤਦੀ ਹੈ ਅਤੇ ਬੇਅੰਤ ਰੋਗੀਆਂ ਦੇ ਮਾਨਸਿਕ ਅਤੇ ਸਰੀਰਕ ਰੋਗ ਦੂਰ ਹੁੰਦੇ ਹਨ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਈ ਅੰਮ੍ਰਿਤ ਛਕਣ ਦੀ ਪ੍ਰਥਾ ਵੀ ਬੜੀ ਵਿਲੱਖਣ ਹੈ। ਦੁਨੀਆਂ ਦਾ ਕੋਈ ਵੀ ਮਨੁੱਖ ਪੰਜਾਂ ਪਿਆਰਿਆਂ ਤੋਂ ਜੋ ਖ਼ਾਲਸਾਈ ਰਹਿਤ ਰੱਖਣ ਲਈ ਤਿਆਰ ਹੋਵੇ, ਉਹ ਅੰਮ੍ਰਿਤ ਛਕ ਸਕਦਾ ਹੈ।

ਸਿੱਖ ਕੌਮ ਸਰਬੱਤ ਦੇ ਭਲੇ ਲਈ ਹਮੇਸ਼ਾ ਹੀ ਯਤਨਸ਼ੀਲ ਰਹਿੰਦੀ ਹੈ। ਸੰਸਾਰ ਭਰ ਵਿੱਚ ਵੱਸਦਾ ਸਿੱਖ ਕਿਸੇ ਵੀ ਸਮੇਂ ਕਿਸੇ ਵੀ ਕਾਰਜ ਦੇ ਸਬੰਧ ਵਿੱਚ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ ਤਾਂ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਜ਼ਰੂਰ ਮੰਗਦਾ ਹੈ। ਦੁਨੀਆਂ ਵਿੱਚ ਕਿਧਰੇ ਵੀ ਕੋਈ ਕੁਦਰਤੀ ਆਫਤ ਆਵੇ ਤਾਂ ਗੁਰੂ ਕਾ ਖ਼ਾਲਸਾ ਹਰ ਤਰ੍ਹਾਂ ਦੀ ਸੇਵਾ ਵਿੱਚ ਸਭ ਨਾਲੋਂ ਅੱਗੇ ਹੋ ਕੇ ਲੱਗਦਾ ਹੈ।

ਸਿੱਖ ਕੌਮ ਦਾ ਨਿਸ਼ਾਨ ਸਾਹਿਬ ਦੁਨੀਆਂ ਵਿੱਚੋਂ ਇੱਕ ਨਿਵੇਕਲਾ ਦ੍ਰਿਸ਼ ਹੈ। ਨਿਸ਼ਾਨ ਸਾਹਿਬ ਭਾਵੇਂ ਮਾਰੂਥਲਾਂ ਵਿੱਚ ਝੂਲਦਾ ਹੋਵੇ, ਜਾਂ ਪਹਾੜਾਂ ਦੀਆਂ ਉੱਚੀਆਂ ਚੋਟੀਆਂ ਤੇ ਕਿਤੇ ਵੀ ਝੁੱਲਦਾ ਹੋਵੇ, ਉਹ ਜਿੱਥੇ ਸਿੱਖ ਕੌਮ ਦੀ ਹੋਂਦ ਨੂੰ ਪ੍ਰਗਟਾ ਰਿਹਾ ਹੁੰਦਾ ਹੈ ਉਥੇ ਹਰ ਬੇਸਹਾਰਾ, ਭੁੱਖੇ ਰਾਹੀ ਪਾਂਧੀ ਜਾਂ ਦੁਖੀਆਂ ਲੋੜਵੰਦਾਂ ਨੂੰ ਸੱਦਾ ਦੇ ਰਿਹਾ ਹੁੰਦਾ ਹੈ ਕਿ ਇਹ ਅਸਥਾਨ ਨਿਮਾਣਿਆਂ ਦਾ ਮਾਣ ਅਤੇ ਨਿਆਸਰਿਆਂ ਦਾ ਆਸਰਾ ਹੈ। ਇਸ ਨਿਸ਼ਾਨ ਸਾਹਿਬ ਦੀ ਛਤਰ ਛਾਇਆ ਹੇਠ ਆਇਆਂ ਨੂੰ ਜ਼ਰੂਰ ਆਸਰਾ ਮਿਲ ਜਾਵੇਗਾ।

ਕੌਮ ਦੇ ਇਨ੍ਹਾਂ ਸਾਰੇ ਗੁਣਾਂ ਤੋਂ ਇਲਾਵਾ ਸਿੱਖ ਕੌਮ ਕੁਝ ਅਜਿਹੇ ਗੁਣਾਂ ਦੀ ਵੀ ਧਾਰਨੀ ਹੈ ਜੋ ਇਸ ਦੇ ਕੌਮੀ ਸਰੂਪ ਨੂੰ ਦੁਨੀਆਂ ਦੀਆਂ ਹੋਰ ਸਾਰੀਆਂ ਕੌਮਾਂ ਦੀ ਤੁਲਨਾ ਵਿੱਚ ਨਿਖਾਰ ਕੇ ਪੇਸ਼ ਕਰਦੇ ਹਨ। 'ਸਿੰਘ' ਅਤੇ 'ਕੌਰ' ਨਾਲ ਲਿਖੇ ਜਾਂਦੇ ਸਾਂਝੇ ਨਾਅ, ਪਗੜੀ ਦਾ ਸਾਂਝਾ ਪਹਿਰਾਵਾ, ਸਾਂਝੀ ਅਰਦਾਸ ਦੁਆਰਾ ਹਰ ਰੋਜ਼ ਆਪਣੇ ਸਾਂਝੇ ਸ਼ਹੀਦਾਂ ਅਤੇ ਸਾਂਝੀਆਂ ਪ੍ਰਾਪਤੀਆਂ ਨੂੰ ਯਾਦ ਕਰਨਾ ਅਤੇ ਉਸ ਮਗਰੋਂ ਪੜ੍ਹੇ ਜਾਂਦੇ ਜੈਕਰੇ 'ਰਾਜ ਕਰੇਗਾ ਖ਼ਾਲਸਾ' ਦੁਆਰਾ ਆਪਣੇ ਕੌਮੀ ਨਿਸ਼ਾਨੇ ਲਈ ਰੋਜ਼ਾਨਾ ਦ੍ਰਿੜ੍ਹ ਸੰਕਲਪ ਹੋਣਾ, ਇਹ ਕੁੱਝ ਅਜਿਹੇ ਨੁਕਤੇ ਹਨ ਜੋ ਹੋਰ ਕੌਮਾਂ ਤੋਂ ਵਿਲੱਖਣ ਹਨ ਅਤੇ ਸਿਰਫ ਸਿੱਖ ਕੌਮ ਦੇ ਵਿਰਸੇ ਵਿੱਚ ਹਨ।

ਡਾਕਟਰ ਗੋਕਲ ਚੰਦ ਨਾਰੰਗ, ਮਿਸਟਰ ਕਨਿੰਘਮ ਨਾਲ ਸੌ ਫੀਸਦੀ ਸਹਿਮਤੀ ਪ੍ਰਗਟ ਕਰਦਿਆਂ ਕਹਿੰਦਾ ਹੈ, "ਸਮਾਜ-ਸੁਧਾਰ ਦੇ ਜਿਨ੍ਹਾਂ ਅਸੂਲਾਂ ਦੀ ਅਧਾਰ-ਸ਼ਿਲਾ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਉਸ ਉਪਰ ਹੀ ਇੱਕ ਨਵੀਂ ਕੌਮ ਦੀ ਉਸਾਰੀ ਕਰਕੇ ਇਸ ਸਿਧਾਂਤ ਨੂੰ ਅਮਲੀ-ਜਾਮਾ ਪਹਿਨਾਇਆ ਹੈ ਕਿ ਨੀਵੇਂ ਤੋਂ ਨੀਵਾਂ ਇਨਸਾਨ ਵੀ ਵੱਡੇ ਤੋਂ ਵੱਡੇ ਇਨਸਾਨ ਦੇ ਬਰਾਬਰ ਹੋਵੇ।

ਹਰੀ ਰਾਮ ਗੁਪਤਾ ਆਪਣੇ ਅੰਦਾਜ਼ ਵਿੱਚ ਇਸ ਹਕੀਕਤ ਦੀ ਪੁਸ਼ਟੀ ਇਸ ਤਰ੍ਹਾਂ ਕਰਦਾ ਹੈ, "ਸਿੱਖ ਗੁਰੂ ਸਾਹਿਬਾਨ ਦੇ ਸੰਘਰਸ਼ ਦਾ ਉਦੇਸ਼ ਨਵੀਆਂ ਚੁਨੌਤੀਆਂ ਦੇ ਮੁਕਾਬਲੇ ਲਈ ਦਲਿਤ ਅਤੇ ਮਜ਼ਲੂਮ ਲੋਕਾਂ ਵਿਚੋਂ ਇੱਕ ਸਵੈ-ਭਰੋਸੇ ਵਾਲੀ ਇਕ ਨਵੀਂ ਕੌਮ ਦੀ ਉਸਾਰੀ ਸੀ।"

ਡਾਕਟਰ ਇੰਦੂ ਭੂਸ਼ਨ ਬੈਨਰਜੀ ਇਸ ਤਰ੍ਹਾਂ ਲਿਖਦਾ ਹੈ, "ਇਸ ਵਿੱਚ ਰਤਾ ਜਿੰਨਾ ਵੀ ਸ਼ੱਕ ਨਹੀਂ ਕਿ ਸਿੱਖ ਕੌਮ ਦੀ ਉਸਾਰੀ ਗੁਰੂ ਨਾਨਕ ਜੀ ਦੇ ਸਿਧਾਂਤਾਂ ਦੇ ਅਧਾਰ 'ਤੇ ਹੀ ਕੀਤੀ ਗਈ, ਜਿਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਆਪ ਹੀ ਇਕ ਨਵੀਂ ਕੌਮ ਦੇ ਬੀਜ ਬੋ ਦਿੱਤੇ ਸਨ, ਜਿਸਦੇ ਆਧਾਰ 'ਤੇ ਸਿੱਖ ਕੌਮ ਸਥਾਪਤ ਹੋਈ।"

ਪ੍ਰਸਿੱਧ ਮੁਸਲਮਾਨ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ ਦੀ ਪੁਸਤਕ 'ਪੰਜਾਬ ਦਾ ਇਤਿਹਾਸ' ਜੋ ਸੰਨ 1891 ਵਿੱਚ ਲਿਖੀ ਗਈ ਉਸ ਵਿੱਚ ਸਿੱਖ ਕੌਮ ਨੂੰ ਮੁੱਢ ਹੀ ਖਤਮ ਕਰਨ ਲਈ ਮੀਰ ਮਨੂੰ ਦੇ ਭੈੜੇ ਇਰਾਦਿਆਂ ਬਾਰੇ ਉਸ ਨੇ ਪੰਨਾ ਨੰ. 60 'ਤੇ ਲਿਖਿਆ ਹੈ ਕਿ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਲਹੂ ਦੇ ਸੰਗਲਾਂ ਨਾਲ ਬੰਨ੍ਹ ਕੇ ਲਾਹੌਰ ਭੇਜਣ ਲਈ ਮੀਰ ਮਨੂੰ ਨੇ ਪਹਾੜੀ ਰਾਜਿਆਂ ਨੂੰ ਸਖਤ ਹੁਕਮ ਜਾਰੀ ਕੀਤੇ। ਇਨ੍ਹਾਂ ਹੁਕਮਾਂ ਦੀ ਪਾਲਣਾ ਵਜੋਂ ਸੈਂਕੜੇ ਸਿੱਖਾਂ ਨੂੰ ਫੜ੍ਹ ਕੇ ਰੋਜ਼ ਲਾਹੌਰ ਲਿਆਂਦਾ ਜਾਂਦਾ ਅਤੇ ਦਿੱਲੀ ਦਰਵਾਜੇ ਦੇ ਬਾਹਰ ਨਖਾਸ ਚੌਕ ਜਾਂ ਸ਼ਹੀਦ ਗੰਜ ਵਾਲੀ ਥਾਂ 'ਤੇ ਆਮ ਲੋਕਾਂ ਦੀ ਭੀੜ ਸਾਹਮਣੇ ਕਤਲ ਕੀਤਾ ਜਾਂਦਾ। ਮੀਰ ਮਨੂੰ ਸਿੱਖਾਂ ਦਾ ਕੱਟੜ ਦੁਸ਼ਮਣ ਬਣ ਗਿਆ ਸੀ ਅਤੇ ਉਸ ਨੇ ਸਿੱਖ ਕੌਮ ਨੂੰ ਜੜ੍ਹੋਂ ਖਤਮ ਕਰਨ ਦਾ ਪੱਕਾ ਮਨ ਬਣਾ ਲਿਆ ਸੀ।

ਨੋਟ-ਅਜਿਹੇ ਸਮੇਂ ਵਿੱਚ ਜਦੋਂ ਸਿੱਖ ਕੌਮ ਆਪਣੇ ਕੌਮੀਅਤ ਜਜਬੇ ਤਹਿਤ ਤਸੀਹੇ ਝੱਲ ਰਹੀ ਸੀ ਅਤੇ

Scanned with CamScanner

ਰੋਜਾਨਾ ਸੈਂਕੜਿਆਂ ਦੀ ਗਿਣਤੀ ਵਿੱਚ ਸਿਦਕੀ ਸਿੱਖਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਉਸ ਸਮੇਂ ਹਿੰਦੂਸਤਾਨ ਦੇ ਇੱਕ ਵੀ ਹਿੰਦੂ ਆਗੂ ਨੇ ਇਹ ਕਹਿਣ ਦੀ ਜੁੱਅਰਤ ਨਹੀਂ ਕੀਤੀ ਕਿ ਸਿੱਖ ਕੌਮ ਹਿੰਦੂਆਂ ਦਾ ਹੀ ਅੰਗ ਹਨ ਜਾਂ ਇਹ ਸਾਡੇ ਵਿੱਚੋਂ ਹੀ ਹਨ। ਇਸ ਤਰ੍ਹਾਂ ਸਿੱਖ ਵੱਖਰੀ ਅਤੇ ਸੁਤੰਤਰ ਕੌਮ ਦੇ ਹੋਰ ਵੀ ਬਹੁਤ ਸਾਰੇ ਪ੍ਰਮਾਣ ਹਨ ਜੋ ਦੁਨੀਆਂ ਦੇ ਇਤਿਹਾਸਕਾਰਾਂ ਦੀਆਂ ਕਿਤਾਬਾਂ ਵਿੱਚ ਵੇਖੇ ਜਾ ਸਕਦੇ ਹਨ।

ਅਜਿਹੀ ਵੀ ਕੋਈ ਗੱਲ ਨਹੀਂ ਕਿ ਸਿੱਖ, ਹਿੰਦੂਆਂ ਜਾਂ ਕਿਸੇ ਹੋਰ ਕੌਮ ਦੇ ਵਿਰੁੱਧ ਹਨ ਬਲਕਿ ਦਸ ਗੁਰੂ ਸਾਹਿਬਾਨਾਂ ਦੇ ਉਪਦੇਸ਼ ਨੂੰ ਸਮਝੀਏ ਤਾਂ ਉਹ ਕੇਵਲ ਜ਼ੁਲਮ ਅਤੇ ਜ਼ਾਲਮ ਦੇ ਖਿਲਾਫ ਹਨ। ਜੇ ਅਜਿਹਾ ਨਾ ਹੁੰਦਾ ਤਾਂ ਜਦੋਂ ਕਸ਼ਮੀਰ ਦੇ ਪੰਡਿਤਾਂ ਨੇ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਸ ਫਰਿਆਦ ਕੀਤੀ ਕਿ ਔਰਗਜੇਬ ਭਾਰੀ ਜ਼ੁਲਮ ਕਰ ਰਿਹਾ ਹੈ, ਜਿਸ ਕਾਰਨ ਸਾਡਾ ਧਰਮ ਖਤਰੇ ਵਿੱਚ ਹੈ ਤਾਂ ਸਤਿਗੁਰੂ ਜੀ ਨੇ ਇਨ੍ਹਾਂ ਮਜ਼ਲੂਮ ਅਤੇ ਦੁਖੀ ਹਿੰਦੂ ਬ੍ਰਾਹਮਣਾਂ ਦੀ ਮਦਦ ਕੀਤੀ। ਇਨ੍ਹਾਂ ਦਾ ਧਰਮ ਬਚਾਉਣ ਲਈ ਦਿੱਲੀ ਦੇ ਚਾਂਦਨੀ ਚੌਕ ਵਿਖੇ ਆਪਣਾ ਆਪ ਕੁਰਬਾਨ ਕੀਤਾ, ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਵਿੱਚ ਲਿਖਿਆ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਧਰਮ ਹੇਤਿ ਸਾਕਾ ਜਿਨਿ ਕੀਆ॥ ਸੀਸ ਦੀਆ ਪਰ ਸਿਰਰੁ ਨ ਦੀਆ॥

ਹਿੰਦੂ ਧਰਮ ਨੂੰ ਬਚਾਉਣ ਲਈ ਏਡੀ ਵੱਡੀ ਕੁਰਬਾਨੀ ਕੀਤੀ ਪਰ ਇਸ ਇਤਿਹਾਸਕ ਤੱਥ ਨੂੰ ਵੀ ਅੱਖੋ ਪਰੋਖੇ ਨਹੀਂ ਕਰਨਾ ਚਾਹੀਦਾ ਕਿ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਬਾਦਸ਼ਾਹ ਔਰੰਗਜੇਬ ਨੂੰ ਪੁੱਛਿਆ ਸੀ ਕਿ ਤੂੰ ਅਜਿਹਾ ਜ਼ੁਲਮ ਕਿਉਂ ਕਰ ਰਿਹਾ? ਉਸ ਦਾ ਉੱਤਰ ਸੀ ਕਿ ਮੈਂ ਹਿੰਦੂਆਂ ਨੂੰ ਖਤਮ ਕਰਕੇ ਹਿੰਦੁਸਤਾਨ ਵਿੱਚ ਕੇਵਲ ਇਸਲਾਮ ਮਜ਼ਹਬ ਨੂੰ ਹੀ ਵੇਖਣਾ ਚਾਹੁੰਦਾ ਹਾਂ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਮਨੁੱਖ ਦੇ ਕੀਤਿਆਂ ਕੁੱਝ ਨਹੀਂ ਹੁੰਦਾ ਜੋ ਕੁੱਝ ਪ੍ਰਮਾਤਮਾ ਨੂੰ ਭਾਉਂਦਾ ਹੈ, ਉਹ ਹੀ ਹੁੰਦਾ ਹੈ। ਜਦੋਂ ਉਸ ਨੇ ਕਿਹਾ ਇਸ ਬਾਰੇ ਕੌਣ ਜਾਣਦਾ ਹੈ ਕਿ ਪ੍ਰਮਾਤਮਾ ਨੂੰ ਕੀ ਭਾਉਂਦਾ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਇਸ ਤਰ੍ਹਾਂ ਕਰੋ ਕਿ ਇੱਕ ਮਣ ਸਾਬਤ ਕਾਲੀਆਂ ਮਿਰਚਾਂ ਲਿਆਉ, ਫਿਰ ਉਨ੍ਹਾਂ ਨੂੰ ਅੱਗ ਉਪਰ ਰੱਖ ਕੇ ਚੰਗੀ ਤਰ੍ਹਾਂ ਭਸਮ ਕਰੋ। ਜਦੋਂ ਇਸੇ ਤਰ੍ਹਾਂ ਕੀਤਾ ਗਿਆ ਤਾਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਇਸ ਤੋਂ ਬਾਅਦ ਮਿਰਚਾਂ ਦੀ ਇਸ ਸਵਾਹ ਨੂੰ ਛਾਣਿਆ ਗਿਆ ਤਾਂ ਸਾਰੀ ਸਵਾਹ ਵਿੱਚੋਂ ਤਿੰਨ ਮਿਰਚਾਂ ਸਾਬਤ ਨਿਕਲੀਆਂ ਤਾਂ ਔਰੰਗਜੇਬ ਨੇ ਪੁੱਛਿਆ ਇਸ ਦਾ ਕੀ ਮਤਲਬ ਹੈ? ਤਾਂ ਗੁਰੂ ਸਾਹਿਬ ਨੇ ਕਿਹਾ ਕਿ ਤੂੰ ਦੋ ਧਰਮਾਂ ਤੋਂ ਇੱਕ ਕਰਨਾ ਚਾਹੁੰਦਾ ਹੈ ਪਰ ਪ੍ਰਮਾਤਮਾ ਨੂੰ ਭਾਉਂਦਾ ਹੈ ਕਿ ਦੋਹਾਂ ਤੋਂ ਤਿੰਨ ਧਰਮ ਹੋਣਗੇ ਭਾਵ ਤੀਸਰਾ 'ਖਾਲਸਾ ਪੰਥ' ਹੋਵੇਗਾ।

ਪੂਰਬ ਹਿੰਦੂ ਤੁਰਕ ਹੈਂ ਦੋਇ।
ਅਬ ਤੇ ਤੀਨ ਸਾਜੀਏ ਹੋਇ। (ਗੁਰ ਪ੍ਰਤਾਪ ਸੂਰਜ)

ਇਸ ਲਈ ਏ ਮਤਲਬ ਦੀਆਂ ਗੁੰਜਤਾਂ ਨੂੰ ਛੱਡ ਕੇ ਇਸ ਅਸਲੀਅਤ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ 'ਸਿੱਖ ਇੱਕ ਵੱਖਰੀ ਕੌਮ ਹੈ।'

ਸਰਦਾਰ ਕਪੂਰ ਸਿੰਘ ਦਾ ਪਾਰਲੀਮੈਂਟ ਵਿੱਚ ਦਿੱਤਾ ਗਿਆ ਭਾਸ਼ਣ

ਹਿੰਦੁਸਤਾਨ ਦੀ ਆਜ਼ਾਦੀ ਮਿਲਦਿਆਂ ਹੀ ਹਿੰਦੂ ਹੁਕਮਰਾਨਾਂ ਵੱਲੋਂ ਸਿੱਖ ਕੌਮ ਨੂੰ ਹਰ ਪੱਖ ਤੋਂ ਗੁਲਾਮ ਬਣਾਉਣ ਲਈ ਕੋਝੀਆਂ ਚਾਲਾਂ ਚੱਲੀਆਂ ਗਈਆਂ। ਇਸੇ ਸਬੰਧ ਵਿੱਚ ਆਜ਼ਾਦ ਭਾਰਤ ਦੀ ਪਾਰਲੀਮੈਂਟ ਦੇ ਮੈਂਬਰ ਸਰਦਾਰ ਕਪੂਰ ਸਿੰਘ ਨੇ ਸਿੱਖ ਕੌਮ ਵੱਲੋਂ ਸਿੱਖ ਭਾਵਨਾਵਾਂ ਦੀ ਤਰਜ਼ਮਾਨੀ ਕਰਦਿਆਂ 1966 ਵਿੱਚ ਆਪਣੇ ਪਾਰਲੀਮੈਂਟ ਦੇ ਭਾਸ਼ਣ ਦੌਰਾਨ ਜੋ ਪੱਖ ਪੇਸ਼ ਕੀਤੇ ਉਸ ਨੂੰ ਪਾਠਕਾਂ ਦੇ ਗਿਆਤ ਲਈ ਹੂ-ਬ-ਹੂ ਇਥੇ ਛਾਪ ਰਹੇ ਹਾਂ (ਯਾਦ ਰਹੇ ਕਿ ਭਾਰਤ ਆਜ਼ਾਦੀ ਸਮੇਂ 1947 ਵਿੱਚ ਸ. ਕਪੂਰ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਸਨ)।

"ਸੰਮਤੀ ਪ੍ਰਧਾਨ ਸਾਹਿਬ ਜੀਉ, ਮੈਂ ਇਸ ਬਿੱਲ ਨੂੰ ਬੜੇ ਗਹੁ ਨਾਲ ਵਾਚਿਆ ਹੈ ਅਤੇ ਸੁਹਿ ਮੰਤਰੀ ਨੰਦਾ

Scanned with CamScanner

ਜੀ ਨੇ ਜੋ ਭਾਸ਼ਣ ਹੁਣੇ-ਹੁਣੇ ਦਿੱਤਾ ਹੈ, ਮੈਂ ਉਸ ਨੂੰ ਬੜੇ ਧਿਆਨ ਨਾਲ, ਇੱਕ-ਮਨ ਹੋ ਕੇ ਸੁਣਿਆ ਅਤੇ ਸਮਝਿਆ ਹੈ। ਗ੍ਰਹਿ ਮੰਤਰੀ ਜਿਸ ਮਸਲੇ ਨੂੰ ਲੋਕ ਸਭਾ ਵਿੱਚ ਪੇਸ਼ ਕਰਨ, ਉਸ ਨੂੰ ਗਹੁ ਨਾਲ ਸੁਣਨਾ ਹੀ ਯੋਗ ਹੈ।

ਸ੍ਰੀਮਤੀ ਪ੍ਰਧਾਨ ਜੀਓ, ਮੇਰੇ ਲਈ ਹੋਰ ਕੋਈ ਰਾਹ ਨਹੀਂ ਰਹਿ ਗਿਆ ਕਿ ਮੈਂ ਇਸ ਸਾਰੇ ਦੇ ਸਾਰੇ ਬਿੱਲ ਦਾ ਵਿਰੋਧ ਕਰਾਂ। ਇਹ ਬਿੱਲ ਗੰਦਾ ਆਂਡਾ ਹੈ, ਜਿਸ ਦੇ ਕੁੱਝ ਭਾਗ, ਭਾਵੇਂ ਵੇਖਣ ਨੂੰ ਠੀਕ ਹੀ ਲੱਗਣ, ਪਰ ਉਹ ਭੋਜਨ ਕਰਨ ਦੇ ਯੋਗ ਨਹੀਂ ਹੁੰਦੇ। ਕੋਈ ਐਵੇਂ ਇਸ ਦੇ ਟੁਕੜਿਆਂ ਨੂੰ ਦੰਦ ਪਿਆ ਮਾਰੇ, ਪਰ ਇਹ ਨਾ ਖਾਣ ਵਾਲੀ ਚੀਜ਼ ਹੈ ਤੇ ਨਾ ਪਚਣ ਵਾਲੀ। ਕੋਈ ਸੁਝੀਵਾਨ ਬੰਦਾ ਤਾਂ ਇਸ ਨੂੰ ਕਬੂਲ ਕਰ ਨਹੀਂ ਸਕਦਾ।"

ਸ੍ਰੀ ਮਹਾਂਵੀਰ ਤਿਆਗੀ-"ਇਹ ਤਾਂ ਆਪੋ-ਆਪਣੇ ਹਾਜ਼ਮੇ ਉੱਤੇ ਨਿਰਭਰ ਹੈ।"

ਸ. ਕਪੂਰ ਸਿੰਘ-"ਮੇਰੇ ਮਨ ਵਿੱਚ ਕੋਈ ਸ਼ੰਕਾ ਨਹੀਂ ਕਿ ਭਾਵੇਂ ਸਿੱਖਾਂ ਦਾ ਹਾਜ਼ਮਾ ਤੇ ਉਹਨਾਂ ਦੀ ਪਾਚਨ-ਸ਼ਕਤੀ ਕਿਤਨੀ ਵੀ ਪ੍ਰਬਲ ਕਿਉਂ ਨਾ ਹੋਵੇ, ਜਿਵੇਂ ਕਿ ਮੇਰੇ ਮਿੱਤਰ ਤਿਆਗੀ ਜੀ ਨੇ ਸੰਕੇਤ ਕੀਤਾ ਹੈ, ਇਸ ਗੰਦੇ ਆਂਡੇ ਨੂੰ ਖਾਣ ਨਾਲ ਉਹਨਾਂ ਨੂੰ ਢਿੱਡ ਪੀੜ ਹੀ ਪਏਗੀ। ਮੈਂ ਆਪਣੇ ਵੋਟਰਾ ਦੇ ਨਾ ਉੱਤੇ, ਆਪਣੇ ਚੋਣ ਹਲਕੇ ਦੇ ਨਾਂ ਉੱਤੇ, ਸਮੂਹ ਸਿੱਖਾਂ ਦੇ ਨਾਂ ਉੱਤੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨਾਂ ਉੱਤੇ ਇਸ ਬਿੱਲ ਨੂੰ ਰੱਦ ਕਰਦਾ ਹਾਂ।

ਤਿੰਨ ਕਾਰਨ ਇਸ ਨੂੰ ਨਾ ਕਬੂਲਣ ਦੇ ਹਨ, ਇੱਕ ਤਾਂ ਇਹ ਪਾਪ ਭਰੀ ਮਨਸ਼ਾ ਦੀ ਉਪਜ ਹੈ। ਦੂਜੇ, ਇਸ ਨੂੰ ਜੰਮਾਉਣ ਵਾਲੀ ਦਾਈ ਕੁਚੱਜੀ ਹੈ। ਤੀਜੇ, ਇਹ ਦੇਸ਼ ਦੇ ਸਮੁੱਚੇ ਲਾਭਾਂ ਲਈ ਹਾਨੀਕਾਰਕ ਹੈ ਅਤੇ ਇਸ ਨਾਲ ਦੇਸ਼ ਉੱਤੇ ਰਾਜ ਕਰਨ ਵਾਲੀ ਜਾਤੀ ਉੱਤੇ ਲੋਕਾਂ ਦਾ ਵਿਸ਼ਵਾਸ ਉੱਠ ਜਾਏਗਾ ਤੇ ਇਉਂ ਮੁਲਕ ਕਮਜ਼ੋਰ ਹੋਵੇਗਾ।"

ਸ੍ਰੀ ਮਹਾਂਵੀਰ ਤਿਆਗੀ- "ਇਹ ਬੱਚਾ ਹਰਾਮੀ ਤਾਂ ਨਹੀਂ ਹੈ।"

ਸ. ਕਪੂਰ ਸਿੰਘ-ਹਰਾਮੀ ਨਾ ਵੀ ਹੋਵੇ, ਪਰ ਇਸ ਦੀ ਪੈਦਾਇਸ਼ ਪਾਪ ਭਰੇ ਵਿਚਾਰਾਂ ਦੁਆਰਾ ਹੋਈ ਅਤੇ ਇਹ ਖੁੱਦੋਂ ਹੀ ਜਾਤ-ਕੁਜਾਤ ਹੈ। ਮੈਂ ਇਸ ਨੂੰ ਪਾਪ ਦੀ ਉਪਜ ਇਸ ਲਈ ਕਹਿੰਦਾ ਹਾਂ ਕਿ ਸਿੱਖਾਂ ਨਾਲ ਜੋ ਵਿਸਾਹਘਾਤ ਸੁਤੰਤਰ ਭਾਰਤ ਵਿੱਚ ਕੀਤਾ ਗਿਆ ਹੈ, ਇਹ ਉਸ ਦੀ ਆਖ਼ਰੀ ਕੜੀ ਹੈ। ਹਿੰਦੁਸਤਾਨ ਦੀ ਬਹੁ-ਗਿਣਤੀ ਦੇ ਲੀਡਰਾਂ ਵੱਲੋਂ ਸਿੱਖਾਂ ਨੂੰ ਵਿਸ਼ਵਾਸ ਦਿਵਾਏ ਗਏ ਸੀ ਅਤੇ ਕਾਂਗਰਸ ਜਿਹੜੇ ਲਾਰੇ ਸਿੱਖਾਂ ਨੂੰ ਪਿਛਲੇ 30-35 ਸਾਲ ਤੋਂ ਲਾਉਂਦੀ ਰਹੀ, ਉਹਨਾਂ ਦਾ ਹੁਣ ਪਾਜ ਖੁੱਲ੍ਹ ਗਿਆ ਹੈ।

ਇਹ ਗੱਲ ਇਸ ਲੋਕ ਸਭਾ ਲਈ, ਜਨਤਾ ਲਈ, ਸ਼ਾਰੇ ਹਿੰਦੁਸਤਾਨ ਦੇ ਵਾਸੀਆਂ ਲਈ ਅਤੇ ਸਾਰੀ ਦੁਨੀਆਂ ਦੇ ਸੱਜਣ ਪੁਰਸ਼ਾਂ ਲਈ ਸੁਣਨੀ ਤੇ ਸਮਝਣੀ ਗੁਣਕਾਰੀ ਹੋਵੇਗੀ ਜਿਹੜੀ ਕਥਾ ਸਿੱਖਾਂ ਨਾਲ ਕੀਤੇ ਗਏ ਵਿਸਾਹਘਾਤ ਦੀ ਮੈਂ ਅੱਜ ਸੁਣਾਉਣ ਲੱਗਾ ਹਾਂ। ਇਹ ਵਿਸਾਹਘਾਤ ਕਾਂਗਰਸੀ ਹਿੰਦੂ ਲੀਡਰਾਂ ਨੇ ਜਾਣ-ਬੁੱਝ ਕੇ ਅਤੇ ਅਖ਼ਿਤਯਾਰਤਾ ਦੁਆਰਾ ਉਸ ਸਿੱਖ ਕੌਮ ਨਾਲ ਕੀਤਾ ਹੈ, ਜਿਸ ਸਿੱਖ ਕੌਮ ਨੇ ਹਿੰਦੂ ਧਰਮ ਤੇ ਹਿੰਦੂ ਜਾਤੀ ਦੀ ਰੱਖਿਆ ਲਈ ਬੇਪਨਾਹ ਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ। ਵਿਸਾਹਘਾਤ ਉਹਨਾਂ ਸਿੱਖਾਂ ਨਾਲ ਕੀਤਾ ਗਿਆ ਹੈ, ਜਿਹੜੇ ਕਿ ਧਰਮ ਦੇ ਰੱਖਿਅਕ ਤੇ ਦੇਸ਼ ਦੇ ਵੈਰੀਆਂ ਦੇ ਸ਼ੱਤਰੂ ਹਨ। ਇਹ ਧੋਖਾ ਉਹਨਾਂ ਸਿੱਖਾਂ ਨਾਲ ਹੋਇਆ ਹੈ, ਜਿਨ੍ਹਾਂ ਦਾ ਹੌਂਸਲਾ, ਕੁਰਬਾਨੀ ਅਤੇ ਦੇਸ਼-ਭਗਤੀ ਸੰਸਾਰ ਪ੍ਰਸਿੱਧ ਹੈ।

ਉਸ ਸਿੱਖ ਜਾਤੀ ਨਾਲ ਹੋਏ ਵਿਸ਼ਵਾਸਘਾਤ ਦੀ ਕਹਾਣੀ ਮੈਂ ਅੱਜ ਬਿਆਨ ਕਰਨ ਦੀ ਆਗਿਆ ਚਾਹੁੰਦਾ ਹਾਂ, ਜਿਨ੍ਹਾਂ ਨਾਲ ਕਿ ਵਿਸ਼ਵਾਸਘਾਤ ਬਿਗਾਨਿਆਂ ਨੇ ਨਹੀਂ, ਸਗੋਂ ਆਪਣਿਆਂ ਨੇ ਕੀਤਾ ਹੈ। ਇਹ ਉਹ ਸਿੱਖ ਹਨ, ਜਿਹੜੇ ਸਵੇਰੇ ਸ਼ਾਮ ਅਰਦਾਸ ਵਿੱਚ ਕਹਿੰਦੇ ਹਨ, "ਸਿੱਖਾਂ ਨੂੰ ਵਿਸਾਹ ਦਾਨ, ਭਰੋਸਾ ਦਾਨ।" ਜੋ ਵਿਸ਼ਵਾਸ ਕਰਦੇ ਹਨ ਅਤੇ ਵਿਸ਼ਵਾਸਘਾਤ ਦੀ ਉਮੀਦ ਦੂਜਿਆਂ ਕੋਲੋਂ ਨਹੀਂ ਰੱਖਦੇ। ਆਸਾਡੇ ਬਜ਼ੁਰਗ ਅਤੇ ਰਿਸ਼ੀ, ਜੋ ਕਿ ਹਿੰਦੂਆਂ ਤੇ ਸਿੱਖਾਂ ਦੋਵਾਂ ਦੇ ਪੂਜਕ ਹਨ, ਵਿਸ਼ਵਾਸਘਾਤ ਨਾਲੋਂ ਵੱਡਾ ਮਹਾਨ ਪਾਪ ਹੋਰ ਕੋਈ ਨਹੀਂ ਗਿਣਦੇ ਸਨ। ਮਹਾਂਭਾਰਤ (ਆਦਿਪਰਵਮ 74.25) ਵਿੱਚ ਲਿਖਿਆ ਹੈ:

ਯੋ ਅਨਯਥਾ ਸੰਤਮਾਤਮਾਨਮ ਅਨਯਥਾ ਪ੍ਰਤਿਪਦਯਤੇ,
ਕਿੰ ਤੇਨ ਨ ਕ੍ਰਤਮ ਪਾਪਮ ਚੋਰੇਣਾਤਮਾ ਪਹਾਰਿਣਮ॥

ਅਰਥਾਤ-ਜਿਸ ਦੇ ਮਨ ਵਿੱਚ ਹੋਰ ਹੈ, ਪਰ ਬਚਨਾਂ ਦੁਆਰਾ ਹੋਰ ਪ੍ਰਗਟ ਕਰਦਾ ਹੈ, ਉਸ ਕੋਲੋਂ ਕੋਈ ਵੀ

Scanned with CamScanner

ਪਾਪ ਅਸੰਭਵ ਨਹੀਂ ਹੈ, ਕਿਉਂਜ ਆਪਣੀ ਆਤਮਾ ਦਾ ਚੋਰ ਅਤੇ ਝਾਕੂ ਉਹ ਸ਼ਮੱਸ਼ਟ ਹੈ ਹੀ।

ਮੈਂ ਇਸ ਸਦਨ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣਾ ਧਿਆਨ 1929 ਦੀ ਸਰਦ-ਰਿਤੂ ਵੱਲ ਲੈ ਜਾਣ, ਜਦੋਂ ਕਿ ਲਾਹੌਰ ਵਿੱਚ ਰਾਵੀ ਦੇ ਕੰਢਿਆਂ ਉੱਤੇ ਸਰਬ ਹਿੰਦ ਕਾਂਗਰਸ ਕਮੇਟੀ ਦਾ ਸਮਾਗਮ ਹੋਇਆ ਸੀ ਅਤੇ ਜਦੋਂ ਹਿੰਦੁਸਤਾਨ ਲਈ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ ਸੀ। ਮਾਘ ਦੀ ਉਸ ਠੰਢੀ ਰਾਤ ਮੈਂ ਇੱਕ ਵਿਦਿਆਰਥੀ ਵਲੰਟੀਅਰ ਦੇ ਰੂਪ ਵਿੱਚ ਉੱਥੇ ਮੌਜੂਦ ਸਾਂ। ਉਸ ਤੋਂ ਪਹਿਲੇ ਦਿਨ ਸਿੱਖਾਂ ਨੇ ਆਪਣੇ ਲੀਡਰ ਬਾਬਾ ਖੜਕ ਸਿੰਘ ਦੀ ਸਰਪ੍ਰਸਤੀ ਵਿੱਚ ਪੰਜ ਲੱਖ ਨਰ-ਨਾਰੀ ਦਾ ਸ਼ਾਨਦਾਰ ਜਲੂਸ ਕੱਢਿਆ ਸੀ, ਜਿਸ ਬਾਬਤ ਕਿ ਲੰਡਨ ਦੇ ਟਾਈਮਜ਼ ਅਖ਼ਬਾਰ ਨੇ ਲਿਖਿਆ ਕਿ:

'ਇਸ ਜਲੂਸ ਦੀ ਸ਼ਾਨ ਦੇ ਸਾਹਮਣੇ ਕਾਂਗਰਸ ਦੀ ਜਲਸੀ ਤੇ ਜਲੂਸੀ ਫਿੱਕੀ ਪੈ ਗਈ ਅਤੇ ਕਾਂਗਰਸੀਆਂ ਨੇ ਆਪਣਾ ਸਿਰ ਸ਼ਰਮ ਨਾਲ ਝੁਕਾ ਲਿਆ।'

ਉਸ ਤੋਂ ਦੂਜੇ ਦਿਨ ਮਹਾਤਮਾ ਗਾਂਧੀ, ਪੰਡਤ ਮੋਤੀ ਲਾਲ ਨਹਿਰੂ ਤੇ ਪੰਡਤ ਜਵਾਹਰ ਲਾਲ, ਬਾਬਾ ਖੜਕ ਸਿੰਘ ਜੀ ਦੇ ਲਿਵਾਸ ਅਸਥਾਨ ਚਬੁਰਜੀ (ਲਾਹੌਰ) ਵਿਖੇ ਪਹੁੰਚੇ ਤੇ ਇਹ ਵਿਸ਼ਵਾਸ ਦਿਵਾਇਆ ਕਿ ਜਿਸ ਵੇਲੇ ਹਿੰਦੁਸਤਾਨ ਆਜ਼ਾਦ ਹੋ ਜਾਏਗਾ, ਕੋਈ ਵਿਧਾਨ ਅਜਿਹਾ ਨਹੀਂ ਬਣਾਇਆ ਜਾਏਗਾ ਜਿਹੜਾ ਕਿ ਸਿੱਖਾਂ ਨੂੰ ਮਨਜ਼ੂਰ ਤੇ ਕਬੂਲ ਨਾ ਹੋਵੇ, ਇਸੇ ਮਤਲਬ ਦਾ ਮਤਾ ਕਾਂਗਰਸ ਨੇ ਵੀ ਪਾਸ ਕਰ ਦਿੱਤਾ।

ਉਸ ਤੋਂ ਪਿੱਛੋਂ 1947 ਤੱਕ ਇਸ ਮਤੇ ਦੀ ਪੁਸ਼ਟਤਾ ਕਈ ਵਾਰ ਕਾਂਗਰਸ ਨੇ ਕੀਤੀ ਅਤੇ ਸੰਨ 1950 ਤੱਕ ਇਸ ਮਤੇ ਨੂੰ ਕਾਂਗਰਸ ਨੇ ਮਨ੍ਹਾ ਨਹੀਂ ਕੀਤਾ। 1950 ਵਿੱਚ ਜਦੋਂ ਸੁਤੰਤਰ ਭਾਰਤ ਦਾ ਵਿਧਾਨ ਬਣਾਇਆ ਗਿਆ ਤਾਂ ਇਸ ਮਤੇ ਉੱਤੇ ਅਮਲ ਕਰਨ ਤੋਂ ਸਿੱਧਾ ਤੇ ਸਾਫ਼ ਇਨਕਾਰ ਕਰ ਦਿੱਤਾ ਗਿਆ।

ਸਿੱਖ ਜਿਹੜੇ ਕਿ ਵਿਸਾਹ ਪਾਲਣ ਵਾਲੇ ਅਤੇ ਵਿਸ਼ਵਾਸ ਕਰਨ ਵਾਲੇ ਹਨ, ਉਹਨਾਂ ਨੇ ਪੂਰੇ 20 ਸਾਲ ਕਾਂਗਰਸ ਦੇ ਵਿਸ਼ਵਾਸ ਉੱਤੇ ਪੂਰਾ ਭਰੋਸਾ ਰੱਖਿਆ ਅਤੇ ਜਦੋਂ ਕਦੇ ਵੀ ਉਹਨਾਂ ਨੂੰ ਅੰਗਰੇਜ਼ਾਂ ਵੱਲੋਂ ਜਾਂ ਮੁਸਲਮਾਨਾਂ ਵੱਲੋਂ ਰਾਜਸੀ ਅਧਿਕਾਰਾਂ ਬਾਰੇ ਕੋਈ ਪੇਸ਼ਕਸ਼ ਵੀ ਹੋਈ ਤਾਂ ਉਹਨਾਂ ਨੇ ਤੁਰੰਤ ਨਾ-ਮਨਜ਼ੂਰ ਕਰ ਦਿੱਤੀ। ਇਸ ਸਮੇਂ ਵਿੱਚ ਮੁਸਲਮਾਨਾਂ ਵੱਲੋਂ ਤੇ ਅੰਗਰੇਜ਼ਾਂ ਵੱਲੋਂ ਇੱਕ ਤੋਂ ਵੱਧ ਵਾਰ ਸਿੱਖਾਂ ਨੂੰ ਸੁਤੰਤਰ ਰਾਜ, ਆਪਣਾ ਆਜ਼ਾਦ ਦੇਸ਼ ਦੇਣ ਦੇ ਯਤਨ ਹੋਏ, ਜਿਹੜਾ ਦੇਸ਼ ਕਿ ਦਰਿਆ ਘੱਗਰ ਤੋਂ ਲੈ ਕੇ ਚਨਾਬ ਦੇ ਕੰਢਿਆਂ ਤੱਕ ਮਿੱਥਿਆ ਗਿਆ ਸੀ, ਪਰ ਸਿੱਖਾਂ ਨੇ ਇਸ ਨੂੰ ਕਬੂਲਣੋਂ ਨਾਂਹ ਕਰ ਦਿੱਤੀ।

ਹੁਣ ਮੈਂ ਸੰਨ 1932 ਵੱਲ ਆਉਂਦਾ ਹਾਂ ਜਦੋਂ ਕਿ ਲੰਡਨ ਵਿੱਚ ਦੂਜੀ ਗੋਲਮੇਜ਼ ਕਾਨਫ਼ਰੰਸ ਹੋ ਰਹੀ ਸੀ ਅਤੇ ਸਿਆਲਕੋਟ ਵਾਲੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਜਿਸ ਵੇਲੇ 'ਕੌਂਸਲ ਆਫ਼ ਇੰਡੀਆ' ਦੇ ਮੈਂਬਰ ਸਨ। ਉਸ ਸਮੇਂ ਬਰਤਾਨਵੀ ਸਰਕਾਰ ਦੇ ਲੀਡਰਾਂ ਨੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਦੁਆਰਾ ਸਿੱਖਾਂ ਨੂੰ ਇਹ ਪੇਸ਼ਕਸ਼ ਕੀਤੀ ਕਿ ਜੇ ਉਹ ਕਾਂਗਰਸ ਨਾਲੋਂ ਆਪਣਾ ਸਬੰਧ ਪੱਕੇ ਤੌਰ 'ਤੇ ਤੋੜ ਲੈਣ ਤਾਂ ਅੰਗਰੇਜ਼, ਸਿੱਖਾਂ ਨੂੰ ਪੰਜਾਬ ਅਤੇ ਹਿੰਦੁਸਤਾਨ ਵਿੱਚ ਇਤਨੀ ਠੋਸ ਸ਼ਕਤੀ ਦੇ ਦੇਣਗੇ ਜਿਸ ਦੁਆਰਾ ਜਦੋਂ ਉਹ ਹਿੰਦੁਸਤਾਨ ਨੂੰ ਆਜ਼ਾਦ ਕਰਨ, ਤਾਂ ਸਿੱਖ ਹਿੰਦੁਸਤਾਨ ਦੇ ਤੀਜੇ ਭਾਈਵਾਲ ਬਣ ਸਕਣ।

ਇਹ ਮਾਸਟਰ ਤਾਰਾ ਸਿੰਘ, ਜਿਸ ਦੇ ਔਗੁਣਾਂ ਨੂੰ ਦਿਨ-ਰਾਤ ਗਿਣਿਆ ਜਾਂਦਾ ਹੈ, ਇਹੀ ਮਾਸਟਰ ਤਾਰਾ ਸਿੰਘ ਜਿਹੜਾ ਹੁੱਦ ਤੋਂ ਵੱਧ ਸਰਲ ਸੁਭਾਅ ਵਾਲਾ ਹੈ, ਉਸ ਨੇ ਇਹ ਭਾਰੀ ਪੇਸ਼ਕਸ਼ ਫ਼ੌਰਨ ਨਾ-ਮਨਜ਼ੂਰ ਕਰ ਦਿੱਤੀ।

ਸ੍ਰੀਮਤੀ ਪ੍ਰਧਾਨ ਸਾਹਿਬਾ, ਮੈਂ ਉਸ ਵੇਲੇ ਕੈਂਬਰਿਜ ਦੀ ਯੂਨੀਵਰਸਿਟੀ ਵਿੱਚ ਵਿਦਿਆਰਥੀ ਸਾਂ ਅਤੇ ਇਹ ਸਾਰੀਆਂ ਗੱਲਾਂ ਮੇਰੇ ਸਾਹਮਣੇ ਤੇ ਹੱਥੀਂ ਹੋਈਆਂ।

ਹੁਣ ਤੀਜੀ ਸਾਖੀ ਸੁਣੋ। ਸੰਨ 1946 ਦੇ ਜੁਲਾਈ ਮਹੀਨੇ ਆਲ ਇੰਡੀਆ ਕਾਂਗਰਸ ਕਮੇਟੀ ਦਾ ਜਲਸਾ ਕਲਕੱਤੇ ਹੋਇਆ, ਜਿਸ ਵਿੱਚ ਕਿ ਸਿੱਖਾਂ ਨਾਲ ਕੀਤੇ ਗਏ ਰਾਜਸੀ ਪ੍ਰਣ ਦੁਹਰਾਏ ਗਏ। 6 ਜੁਲਾਈ 1946 ਨੂੰ ਕਾਂਗਰਸ ਦੇ ਪ੍ਰਧਾਨ ਪੰਡਤ ਜਵਾਹਰ ਲਾਲ ਨਹਿਰੂ ਨੇ ਇੱਕ ਪ੍ਰੈੱਸ ਕਾਨਫ਼ਰੰਸ ਕਲਕੱਤੇ ਵਿੱਚ ਕੀਤੀ ਜਿਸ ਵਿੱਚ ਛਵਿਕੁੱਟਣੀਆਂ ਵਾਲੇ ਇਹ ਸ਼ਬਦ ਕਹੇ ਗਏ:

'ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ। ਮੈਨੂੰ ਇਸ ਵਿੱਚ ਕੋਈ ਆਪੱਤੀ ਨਹੀਂ

Scanned with CamScanner

ਦਿੱਸਦੀ ਕਿ ਹਿੰਦੁਸਤਾਨ ਦੇ ਉੱਤਰ ਵਿੱਚ ਇੱਕ ਅਜਿਹਾ ਇਲਾਕਾ ਵੱਖਰਾ ਕਰ ਦਿੱਤਾ ਜਾਏ ਜਿੱਥੇ ਕਿ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਵੇ।'

ਇਹਨਾਂ ਸ਼ਬਦਾਂ ਨਾਲ ਸਿੱਖਾਂ ਨੂੰ ਆਜ਼ਾਦ ਭਾਰਤ ਵਿੱਚ ਇੱਕ ਸੁਤੰਤਰ ਦੇਸ਼ ਦੇਣ ਦਾ ਬਚਨ ਕੀਤਾ ਗਿਆ।

ਚੌਥੀ ਸਾਖੀ ਇਉਂ ਹੈ ਕਿ ਸੰਨ 1946 ਵਿੱਚ ਸਰਦੀਆਂ ਨੂੰ ਜਦੋਂ ਕੈਬਨਿਟ ਮਿਸ਼ਨ ਦਿੱਲੀ ਆਇਆ ਤਾਂ ਉਹਨਾਂ ਨੇ ਸਰਦਾਰ ਬਲਦੇਵ ਸਿੰਘ ਨੂੰ ਬਰਤਾਨਵੀ ਸਰਕਾਰ ਵੱਲੋਂ ਸੁਨੇਹਾ ਦਿੱਤਾ ਕਿ ਜੇ ਸਿੱਖ ਕਾਂਗਰਸ ਨਾਲੋਂ ਕਿਵੇਂ ਵੀ ਵੱਖ ਹੋਣਾ ਨਹੀਂ ਲੋਚਦੇ ਅਤੇ ਹਿੰਦੂਆਂ ਨਾਲ ਰਲ ਕੇ ਹੀ ਰਹਿਣਾ ਚਾਹੁੰਦੇ ਹਨ ਤਾਂ ਉਹਨਾਂ ਸ਼ੁਭ ਇੱਛਾ ਦੇ ਪ੍ਰਗਟਾਵੇ ਲਈ ਜੋ ਕਿ ਅੰਗਰੇਜ਼ ਜਾਤੀ ਦੇ ਹਿਰਦੇ ਵਿੱਚ ਸਿੱਖਾਂ ਲਈ ਹਨ, ਬਰਤਾਨਵੀ ਸਰਕਾਰ ਅਜਿਹਾ ਵਿਧਾਨ ਨਿਸ਼ਚਿਤ ਕਰਨ ਲਈ ਤਿਆਰ ਹੈ, ਜਿਸ ਵਿੱਚ ਕਿ ਉਹ ਜਿੱਥੇ ਤੱਕ ਸਿੱਖ ਹੋਮਲੈਂਡ ਅਥਵਾ ਸਿੱਖਸਤਾਨ ਦਾ ਸਬੰਧ ਹੈ, ਅਰਥਾਤ ਘੱਗਰ ਤੇ ਚਨਾਬ ਵਿਚਲਾ ਇਲਾਕਾ, ਉਥੇ ਹਿੰਦੁਸਤਾਨ ਦੀ ਤਕਸੀਮ ਹੋਣ ਪਿੱਛੋਂ ਨਾ ਭਾਰਤ ਤੇ ਨਾ ਪਾਕਿਸਤਾਨ ਕੋਈ ਅਜਿਹਾ ਕਾਨੂੰਨ ਲਾਗੂ ਕਰ ਸਕੇ, ਜਿਹੜਾ ਕਿ ਸਿੱਖਾਂ ਨੂੰ ਕਬੂਲ ਨਾ ਹੋਵੇ। ਸ. ਬਲਦੇਵ ਸਿੰਘ ਨੇ ਝੱਟਪਟ ਇਹ ਸਾਰੀ ਗੱਲ ਨਹਿਰੂ ਜੀ ਨੂੰ ਆ ਦੱਸੀ ਤੇ ਉਹਨਾਂ ਦੀ ਸਲਾਹ ਨਾਲ ਬਰਤਾਨਵੀ ਸਰਕਾਰ ਦੀ ਇਹ ਪੇਸ਼ਕਸ਼ ਰੱਦ ਕਰ ਦਿੱਤੀ। ਜੇ ਸਿੱਖ ਉਸ ਵੇਲੇ ਇਹ ਪੇਸ਼ਕਸ਼ ਮੰਨ ਲੈਂਦੇ ਤਾਂ ਇਹ ਕਾਂਗਰਸ ਦੇ, ਪੰਡਤ ਜਵਾਹਰ ਲਾਲ ਨਹਿਰੂ ਦੁਆਰਾ ਸੰਨ 1946 ਦੀ ਕਲਕੱਤੇ ਵਿੱਚ ਕੀਤੀ ਪੇਸ਼ਕਸ਼ ਨਾਲੋਂ ਕਿਤੇ ਵਧੇਰੇ ਵੱਡੀ ਪੇਸ਼ਕਸ਼ ਸੀ ਅਤੇ ਇਸ ਦੁਆਰਾ ਸਿੱਖ ਪਾਕਿਸਤਾਨ ਅਤੇ ਭਾਰਤ ਦੋਹਾਂ ਦੇਸ਼ਾਂ ਵਿੱਚ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਅਸਥਾਨ ਪ੍ਰਾਪਤ ਕਰ ਲੈਂਦੇ।

ਪੰਜਵੀਂ ਗੱਲ ਇਉਂ ਹੈ ਕਿ ਸੰਨ 1947 ਅਪ੍ਰੈਲ ਦੇ ਮਹੀਨੇ ਵਿੱਚ ਮਿਸਟਰ ਜਿਨਾਹ ਨੇ ਬਰਤਾਨਵੀ ਸਰਕਾਰ ਦੇ ਕੁੱਝ ਉੱਘੇ ਲੀਡਰਾਂ ਨਾਲ ਸਲਾਹ ਕਰਕੇ ਸਿੱਖਾਂ ਨੂੰ ਇੱਕ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਇਹ ਗੱਲ ਮਾਸਟਰ ਤਾਰਾ ਸਿੰਘ ਜੀ ਨਾਲ ਕੀਤੀ ਤੇ ਪਿੱਛੋਂ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨਾਲ। ਪੇਸ਼ਕਸ਼ ਇਹ ਸੀ ਕਿ ਪਟਿਆਲੇ ਦੀ ਰਿਆਸਤ ਨੂੰ ਇੱਕ ਸੁਤੰਤਰ ਦੇਸ਼ ਸਥਾਪਤ ਕਰਕੇ ਪਾਣੀਪਤ ਤੋਂ ਲੈ ਕੇ ਰਾਵੀ ਦਰਿਆ ਦੇ ਕੰਢਿਆਂ ਤੱਕ ਦੇ ਇਲਾਕੇ ਵਿੱਚ ਮਿਲਾ ਦਿੱਤੇ ਜਾਣ। ਇਹੋ ਦੇਸ਼ ਸਿੱਖਸਤਾਨ ਬਣ ਜਾਵੇ ਅਤੇ ਫੇਰ ਇਹ ਸਿੱਖਸਤਾਨ ਪਾਕਿਸਤਾਨ ਨਾਲ ਸੰਧੀ ਕਰਕੇ ਆਪਣੀ ਰੱਖਿਆ ਆਦਿ ਦੇ ਸਾਂਝੇ ਪ੍ਰਬੰਧ ਕਰ ਲਵੇ। ਮਾਸਟਰ ਤਾਰਾ ਸਿੰਘ ਨੇ ਤਾਂ ਇਹ ਪੇਸ਼ਕਸ਼ ਬਿਨਾਂ ਕਿਸੇ ਨਾਲ ਸਲਾਹ ਕੀਤੇ ਹੀ ਠੁਕਰਾ ਦਿੱਤੀ, ਪਰ ਮਹਾਰਾਜਾ ਪਟਿਆਲਾ ਨੇ ਸਰਦਾਰ ਪਟੇਲ ਤੇ ਸ੍ਰੀ ਜਵਾਹਰ ਨਾਲ ਨਹਿਰੂ ਨਾਲ ਸਲਾਹ ਕਰਕੇ ਇਸ ਨੂੰ ਰੱਦ ਕਰ ਦਿੱਤਾ।

ਛੇਵੀਂ ਕੜੀ ਇਸ ਕਥਾ ਦੀ ਇਉਂ ਹੈ-9 ਦਸੰਬਰ ਸੰਨ 1946 ਨੂੰ ਜਦੋਂ ਕਿ ਹਿੰਦੁਸਤਾਨ ਦੀ ਕੰਸਟੀਚਿਊਐਂਟ ਅਸੈਂਬਲੀ ਦੀ ਪਹਿਲੀ ਬੈਠਕ ਦਿੱਲੀ ਵਿੱਚ ਹੋਈ ਤਾਂ ਉਸ ਸਮੇਂ ਬਾਬੂ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਹੇਠਾਂ ਪੰਡਤ ਜਵਾਹਰ ਲਾਲ ਨਹਿਰੂ ਨੇ ਪਹਿਲਾ ਤੇ ਬੁਨਿਆਦੀ ਮਤਾ ਪੇਸ਼ ਕੀਤਾ, ਜਿਸ ਵਿੱਚ ਇਹ ਸ਼ਬਦ ਅੰਕਿਤ ਹਨ:

'ਘੱਟ ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਅਸਾਡਾ ਬਚਨ ਹੈ ਜੋ ਅਸੀਂ ਸਾਰੇ ਸੰਸਾਰ ਦੇ ਰੂ-ਬ-ਰੂ ਹਿੰਦੁਸਤਾਨ ਦੇ ਕਰੋੜਾਂ ਸ਼ਹਿਰੀਆਂ ਨੂੰ ਦਿੰਦੇ ਹਾਂ। ਇਸ ਲਈ ਇਹ ਇੱਕ ਪਵਿੱਤਰ ਸੰਜੋਗ ਹੈ। ਜਿਸ ਦੀ ਪਾਲਣਾ ਕਰਨਾ ਸਾਡਾ ਪਰਮ ਧਰਮ ਹੈ।' ਜੇ ਲੋਕ ਰੱਬ ਦੇ ਭਉ ਤੇ ਗੁਰੂ ਦੇ ਡਰ ਤੋਂ ਆਜ਼ਾਦ ਹੋ ਕੇ ਝੂਠੀਆਂ ਸਹੁੰਆਂ ਸੋਗੰਧਾਂ ਰਾਜਸੀ ਪੱਧਰ ਉੱਤੇ ਚੁੱਕਦੇ ਹਨ, ਉਹਨਾਂ ਦੀ ਅੰਤਮ ਗਤੀ ਦੀ ਬਾਬਤ ਮੈਂ ਕੀ ਆਖਾਂ?

(1. ਆਪਣੀ ਸਵਾਰਥ ਸਿੱਧੀ ਲਈ ਅਤੇ ਵੇਲਾ ਟਪਾਉਣ ਲਈ ਝੂਠੀਆਂ ਸੌਹਾਂ ਸੋਗੰਧਾਂ ਖਾ ਲੈਣੀਆਂ ਕਾਂਗਰਸ ਲਈ ਕੋਈ ਨਵੀਂ ਗੱਲ ਨਹੀਂ ਜਾਪਦੀ। 16 ਮਾਰਚ, ਸੰਨ 1931 ਨੂੰ ਮਹਾਤਮਾ ਗਾਂਧੀ ਗੁਰਦੁਆਰਾ ਸੀਸ ਗੰਜ ਦੇ ਇੱਕ ਵਿਸ਼ੇਸ਼ ਵੀਹਾਨ ਵਿੱਚ ਗਏ, ਜਿੱਥੇ ਕਿ ਉਹਨਾਂ ਨੂੰ ਮਾਣ-ਪੱਤਰ ਦਿੱਤਾ ਗਿਆ। ਉਹਨਾਂ ਕੋਲੋਂ ਪੁੱਛ ਕੀਤੀ ਗਈ ਕਿ ਜੇ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ-ਇਕਰਾਰਾਂ ਤੋਂ ਖਿਸਕ ਗਈ ਤਾਂ ਫੇਰ ਸਿੱਖ ਕੀ ਕਰਨਗੇ। ਮਹਾਤਮਾ ਗਾਂਧੀ ਨੇ ਜੋ ਉੱਤਰ ਦਿੱਤਾ, ਉਹ ਉਹਨਾਂ ਦੇ ਅਖ਼ਬਾਰ 'ਯੰਗ ਇੰਡੀਆ' ਮਿਤੀ 19 ਮਾਰਚ, 1939 ਵਿੱਚ ਛਪਿਆ ਹੋਇਆ ਹੈ ਅਤੇ ਉਸ ਵਿੱਚ ਇਹ

Scanned with CamScanner

ਸ਼ਬਦ ਹਨ-"ਸਰਦਾਰ ਮਧੁਸੂਦਨ ਸਿੰਘ ਜੀ ਨੇ ਮੈਨੂੰ ਇਹ ਭਰੋਸਾ ਦਿਵਾਉਣ ਲਈ ਕਿਹਾ ਹੈ ਕਿ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ ਇਕਰਾਰਾਂ ਦਾ ਪਾਲਣ ਕਰੇਗੀ ਅਤੇ ਹੋਰ ਕੋਈ ਅਜਿਹਾ ਕਦਮ ਨਹੀਂ ਚੁੱਕੇਗੀ, ਜਿਸ ਨਾਲ ਕਿ ਸਿੱਖਾਂ ਦੀ ਹਮਦਰਦੀ ਕਾਂਗਰਸ ਨਾਲੋਂ ਟੁੱਟ ਜਾਵੇ। ਸੋ ਭਰਾਵੇ, ਕਾਂਗਰਸ ਨੇ ਲਾਹੌਰ ਵਿੱਚ ਮਤਾ ਪਾਸ ਕਰ ਦਿੱਤਾ ਹੋਇਆ ਹੈ ਕਿ ਉਹ ਕੋਈ ਵਿਧਾਨ ਨਹੀਂ ਬਣਾਏਗੀ ਜਿਸ ਨੂੰ ਕਿ ਸਿੱਖ ਆਗੂ ਪ੍ਰਵਾਨ ਨਾ ਕਰਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਨਾਲੋਂ ਹੋਰ ਵਧ ਭਰੋਸਾ ਮੈਂ ਸਿੱਖਾਂ ਨੂੰ ਕੀ ਦੇਵਾ?...ਮੈਂ ਸਿੱਖਾਂ ਨੂੰ ਆਖਦਾ ਹਾਂ ਕਿ ਉਹ ਮੇਰੇ ਬਚਨਾਂ ਉੱਤੇ ਵਿਸ਼ਵਾਸ ਕਰਨ ਅਤੇ ਕਾਂਗਰਸ ਦੇ ਮਤੇ ਉੱਤੇ ਭਰੋਸਾ ਰੱਖਣ ਕਿ ਕਾਂਗਰਸ ਸਿੱਖ ਜਾਤੀ ਨਾਲ ਤਾਂ ਕੀ, ਕਿਸੇ ਇੱਕ ਵਿਅਕਤੀ ਨਾਲ ਵੀ ਵਿਸ਼ਵਾਸਘਾਤ ਨਹੀਂ ਕਰੇਗੀ। ਜੇ ਉਸ ਨੇ ਅਜਿਹਾ ਕੀਤਾ ਤਾਂ ਉਹ ਆਪਣੀ ਮੌਤ ਆਪ ਹੀ ਮਰ ਜਾਵੇਗੀ....ਸਿੱਖ, ਭਾਈਓ ਤੇ ਭੈਣੋ, ਮੇਰੀ ਬੇਨਤੀ ਹੈ ਕਿ ਤੁਸੀਂ ਸਾਰੇ ਸ਼ੰਕੇ ਤੇ ਸ਼ੰਸੇ ਛੱਡ ਦਿਉ....ਇਸ ਤੋਂ ਵੱਧ ਮੈਂ ਹੋਰ ਕੀ ਆਖਾਂ? ਅਕਾਲ ਪੁਰਖ ਸਾਖੀ ਹੈ ਕਿ ਮੈਂ ਜੋ ਬਚਨ ਕਰ ਰਿਹਾ ਹਾਂ, ਉਹਨਾਂ ਤੋਂ ਮੈਂ ਅਤੇ ਕਾਂਗਰਸ ਕਦੇ ਨਹੀਂ ਫਿਰਾਂਗੇ।' ਜਦੋਂ ਪੁੱਛਿਆ ਗਿਆ ਕਿ ਜੇ ਸਿੱਖਾਂ ਨਾਲ ਧੋਖਾ ਹੋਇਆ ਤਾਂ ਮੁਲਕ ਆਜ਼ਾਦ ਹੋਣ ਉੱਤੇ ਸਿੱਖ ਤਾਂ ਨਿਰਬਲ ਹੋ ਜਾਣਗੇ ਤੇ ਸਾਰੀ ਤਾਕਤ ਹਿੰਦੂਆਂ ਹੱਥ ਚਲੀ ਜਾਵੇਗੀ, ਤਾਂ ਮਹਾਤਮਾ ਗਾਂਧੀ ਨੇ ਉੱਤਰ ਦਿੱਤਾ ਕਿ ਉਸ ਸਮੇਂ ਸਿੱਖਾਂ ਨੂੰ ਇਹ ਹੱਕ ਹੋਵੇਗਾ ਕਿ ਉਹ ਹੱਥ ਵਿੱਚ ਤਲਵਾਰ ਫੜ੍ਹ ਕੇ ਬਗ਼ਾਵਤ ਕਰਨ ਅਤੇ ਵਾਹਿਗੁਰੂ ਅਤੇ ਮਨੁੱਖ ਜਾਤੀ ਦੀ ਆਤਮਾ ਉਹਨਾਂ ਦੀ ਸਹਾਇਤਾ ਕਰੇਗੀ।)

ਜਿਨ੍ਹਾਂ ਦੇ ਮਨ ਵਿੱਚੋਂ ਸ਼ਰਮ ਉੱਡ ਚੁੱਕੀ ਹੈ, ਜਿਨ੍ਹਾਂ ਦੀ ਆਤਮਾ ਵਿੱਚ ਧਰਮ ਦਾ ਅਭਾਵ ਹੋ ਗਿਆ ਹੈ, ਜਿਨ੍ਹਾਂ ਨੂੰ ਕੋਈ ਉਹਨਾਂ ਦੇ ਪਾਪ ਕਰਮਾਂ ਦਾ ਦੰਡ ਦੇਣ ਵਾਲਾ ਦਿਖਾਈ ਨਹੀਂ ਦਿੰਦਾ, ਉਹੋ ਜਿਨ੍ਹਾਂ ਨਾਲ ਵਿਸ਼ਵਾਸਘਾਤ ਹੋਇਆ ਹੈ, ਉਹ ਅਕਾਲ ਪੁਰਖ ਦੇ ਦਰਬਾਰ ਵਿੱਚ ਸਿਵਾਏ ਅਰਦਾਸ ਦੇ ਹੋਰ ਕਰ ਵੀ ਕੀ ਸਕਦੇ ਹਨ? ਸਿੱਖ, ਇਸ ਸਮੇਂ ਅਕਾਲ ਪੁਰਖ ਕੋਲ ਆਪਣੇ ਕਸ਼ਟਾਂ ਦੀ ਨਿਵਰਤੀ ਲਈ ਅਰਦਾਸ ਕਰ ਰਹੇ ਹਨ। ਪਰ ਜਿਨ੍ਹਾਂ ਲੋਕਾਂ ਦੇ ਹੱਥ ਰਾਜ ਦੀ ਸ਼ਕਤੀ ਆ ਜਾਂਦੀ ਹੈ, ਉਹ ਆਪਣੀ ਤਵਾਰੀਖ਼ ਵੀ ਆਪ ਘੜ ਲੈਂਦੇ ਹਨ। ਇਸ ਲਈ ਮੈਂ ਸਿੱਖਾਂ ਨਾਲ ਵਿਸ਼ਵਾਸਘਾਤ ਦੀ ਇਸ ਦੁਖਦਾਈ ਕਥਾ ਦਾ ਵਰਣਨ ਕਰ ਰਿਹਾ ਹਾਂ ਤਾਂ ਜੁ ਆਉਣ ਵਾਲੀਆਂ ਨਸਲਾਂ ਸੱਚਾਈ ਤੋਂ ਜਾਣੂ ਹੋ ਜਾਣ।

ਹੁਣ ਮੈਂ ਸੱਤਵੀਂ ਸਾਖੀ ਵੱਲ ਆਉਂਦਾ ਹਾਂ-12 ਮਈ, 1947 ਨੂੰ ਹਿੰਦੁਸਤਾਨ ਦੇ ਗਵਰਨਰ ਜਨਰਲ ਲਾਰਡ ਮਾਊਂਟਬੈਟਨ, ਪੰਡਤ ਜਵਾਹਰ ਲਾਲ ਨਹਿਰੂ, ਨਵਾਬ ਲਿਆਕਤ ਅਲੀ ਖਾਂ ਅਤੇ ਸਰਦਾਰ ਬਲਦੇਵ ਸਿੰਘ ਬਰਤਾਨਵੀ ਸਰਕਾਰ ਦੇ ਸੱਦੇ ਉੱਤੇ, ਲੰਡਨ ਨੂੰ ਹਵਾਈ ਜਹਾਜ਼ ਰਾਹੀਂ ਗਏ ਤਾਂ ਜੁ ਉੱਥੇ ਹਿੰਦੁਸਤਾਨ ਦੀ ਫਿਰਕੂ ਅਜ਼ਲਣ ਦੇ ਹੱਲ ਲੱਭਣ ਦਾ ਆਖਰੀ ਯਤਨ ਕੀਤਾ ਜਾਵੇ। ਜਦੋਂ ਮੁਸਲਮ ਲੀਗ ਤੇ ਕਾਂਗਰਸ ਵਿਚਕਾਰ ਕੋਈ ਗੱਲਬਾਤ ਨੇਪਰੇ ਨਾ ਚੜ੍ਹ ਸਕੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਹਿੰਦੁਸਤਾਨ ਨੂੰ ਵਾਪਸੀ ਰਵਾਨਗੀ ਸਿੱਖ ਲਈ ਤਾਂ ਬਰਤਾਨਵੀ ਸਰਕਾਰ ਦੇ ਇੱਕ ਪ੍ਰਮੁੱਖ ਨੇਤਾ ਨੇ ਸਰਦਾਰ ਬਲਦੇਵ ਸਿੰਘ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਇੱਕ-ਦੋ ਦਿਨ ਪਿੱਛੇ ਠਹਿਰ ਜਾਣ ਤਦ "ਅਜਿਹੇ ਪ੍ਰਬੰਧ ਸੰਭਵ ਹਨ ਜਿਨ੍ਹਾਂ ਦੁਆਰਾ ਕਿ ਸਿੱਖ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਕੇ ਸੰਸਾਰ ਦੀ ਤਵਾਰੀਖ਼ ਵਿੱਚ ਭਾਈਵਾਲੀ ਪਾ ਸਕਣ।"

ਸਰਦਾਰ ਬਲਦੇਵ ਸਿੰਘ ਨੇ ਬਿਨਾਂ ਬਿਲੰਬ ਦੇ ਅਤੇ ਸੈਂਸ਼ਟਾਚਾਰ ਦੇ ਵਿਰੁੱਧ, ਇਹ ਭੇਤ ਵਾਲੀ ਗੱਲ ਝੱਟ ਪੰਡਤ ਨਹਿਰੂ ਨੂੰ ਜਾ ਦੱਸੀ ਅਤੇ ਪੰਡਤ ਨਹਿਰੂ ਦੀ ਪ੍ਰੇਰਨਾ ਅਨੁਸਾਰ, ਹਿੰਦੁਸਤਾਨ ਵਾਪਸ ਆਉਣ ਲਈ ਉਹਨਾਂ ਨਾਲ ਹੀ ਹਵਾਈ ਜਹਾਜ਼ ਵਿੱਚ ਆ ਸਵਾਰ ਹੋਏ। ਵਿਦਾਇਗੀ ਵੇਲੇ ਸਰਦਾਰ ਬਲਦੇਵ ਸਿੰਘ ਨੇ ਸੰਸਾਰ ਦੇ ਅਖ਼ਬਾਰੀ ਪੱਤਰਕਾਰਾਂ ਦੁਆਰਾ ਬਿਨਾਂ ਨੀਤੀ ਵਿਚਾਰਨ ਦੇ ਇਉਂ ਦਮ-ਗਜਾ ਮਾਰਿਆ

'ਸਿੱਖ ਅੰਗਰੇਜ਼ਾਂ ਕੋਲੋਂ ਨਾ ਕੁੱਝ ਮੰਗਦੇ ਹਨ, ਨਾ ਕੁੱਝ ਲੋਚਦੇ ਹਨ, ਸਿਵਾਏ ਇਸ ਗੱਲ ਦੇ ਕਿ ਅੰਗਰੇਜ਼ ਬਿਸਤਰਾ ਬੋਰੀਆ ਗੋਲ ਕਰਕੇ ਹਿੰਦੁਸਤਾਨ ਨੂੰ ਛੱਡ ਜਾਣ। ਸਿੱਖਾਂ ਨੇ ਜੋ ਕੁਝ ਵੀ ਰਾਜਸੀ ਅਧਿਕਾਰ ਲੈਣੇ ਜਾਂ ਮੰਗਣੇ ਹਨ, ਉਹ ਕਾਂਗਰਸ ਕੋਲੋਂ ਤੇ ਹਿੰਦੂਆਂ ਦੀ ਕ੍ਰਿਪਾਲਤਾ ਦੁਆਰਾ ਪ੍ਰਾਪਤ ਕਰਨਗੇ।'

Scanned with CamScanner

ਹੁਣ ਅੱਠਵੀਂ ਤੇ ਅੰਤਲੀ ਸਾਖੀ ਇਉਂ ਹੈ ਕਿ ਜੁਲਾਈ 1947 ਵਿੱਚ ਅਣਵੰਡੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਦੇ ਹਿੰਦੂ ਤੇ ਸਿੱਖ ਮੈਂਬਰਾਂ ਦੀ ਇੱਕ ਬੈਠਕ ਦਿੱਲੀ ਵਿੱਚ ਹੋਈ, ਜਿੱਥੇ ਕਿ ਉਹਨਾਂ ਨੇ ਸਰਬ-ਸੰਮਤੀ ਨਾਲ ਹਿੰਦੁਸਤਾਨ ਦੀ ਵੰਡ ਦੀ ਯੋਜਨਾ ਦੀ ਪੁੜਤਾ ਕੀਤੀ। ਉਸ ਮਤੇ ਵਿੱਚ ਇਹ ਸ਼ਬਦ ਵੀ ਮੌਜੂਦ ਹਨ:

"ਹਿੰਦੁਸਤਾਨ ਦੀ ਵੰਡ ਤੋਂ ਪਿੱਛੋਂ ਪੰਜਾਬ ਦਾ ਜੋ ਭਾਗ ਭਾਰਤ ਵਿੱਚ ਰਹਿ ਜਾਵੇਗਾ, ਉਸ ਵਿੱਚ ਇਹ ਅਤੀ ਜ਼ਰੂਰੀ ਹੈ ਕਿ ਸਿੱਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦਾ ਬਾਨ੍ਹਣੂੰ ਬੰਨ੍ਹਿਆ ਜਾਵੇ।"

ਇਹ ਪੰਜਾਬ ਦੇ ਉਹੋ ਹਿੰਦੂ ਹਨ ਜਿਨ੍ਹਾਂ ਦੀ ਕਿ ਬੁੱਧੀ ਨਾਲੋਂ ਉਹਨਾਂ ਦੀ ਕੁਚੇਸ਼ਟਾ ਵਧੇਰੇ ਪ੍ਰਬਲ ਹੈ, ਜਿਨ੍ਹਾਂ ਨੇ ਭਾਰਤ ਦੇ ਸੁਤੰਤਰ ਹੋਣ ਪਿੱਛੋਂ ਕੋਈ ਢੰਗ-ਤਰੀਕਾ ਵਰਤਣੋਂ ਸੰਕੋਚ ਨਹੀਂ ਕੀਤਾ, ਜਿਸ ਦੁਆਰਾ ਕਿ ਉਹ ਸਿੱਖਾਂ ਨੂੰ ਹੀਣੇ ਬਣਾ ਕੇ ਆਪਣੇ ਅਧੀਨ ਰੱਖ ਸਕਣ। ਇਹਨਾਂ ਨੇ ਪਹਿਲਾਂ ਤਾਂ ਪੰਜਾਬੀ ਸੂਬੇ ਦੀ ਡਟ ਕੇ ਵਿਰੋਧਤਾ ਕੀਤੀ ਅਤੇ ਪਿੱਛੋਂ ਪੰਜਾਬੀ ਨੂੰ ਆਪਣੀ ਮਾਤ-ਭਾਸ਼ਾ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ।

ਅੱਜ ਜਿਹੜਾ ਬਿੱਲ ਅਸੀਂ ਵਿਚਾਰ ਰਹੇ ਹਾਂ, ਇਹ ਉਸ ਘਿਰਣਾ ਭਰੀ ਕਥਾ ਦਾ ਹੀ ਅੰਤਮ ਅਧਿਆਇ ਹੈ ਜਿਹੜੀ ਕਥਾ ਕਿ ਮੈਂ ਹੁਣੇ ਸੁਣਾ ਚੁੱਕਾ ਹਾਂ। ਜਦੋਂ ਸੰਨ 1950 ਵਿੱਚ ਸੁਤੰਤਰ ਹਿੰਦਸੁਤਾਨ ਦਾ ਨਵਾਂ ਵਿਧਾਨ ਨਿਰਮਤ ਕੀਤਾ ਗਿਆ ਤਾਂ ਸਿੱਖਾਂ ਦੇ ਚੁਣੇ ਨੁਮਾਇੰਦਿਆਂ ਨੇ ਅਥਵਾ ਅਕਾਲੀ ਮੈਂਬਰਾਂ ਨੇ ਗੱਜ-ਵੱਜ ਕੇ ਕਿਹਾ ਕਿ:

'ਸਿੱਖ ਇਸ ਵਿਧਾਨ ਨੂੰ ਰੱਦ ਕਰਦੇ ਹਨ। ਸਿੱਖ ਇਸ ਵਿਧਾਨ ਨੂੰ ਕਬੂਲਣ ਤੋਂ ਇਨਕਾਰ ਕਰਦੇ ਹਨ।'

ਸਿੱਖਾਂ ਦੇ ਨੁਮਾਇੰਦਿਆਂ ਨੇ ਇਸ ਵਿਧਾਨ ਦੇ ਇਸ ਖਰੜੇ ਉੱਤੇ ਦਸਤਖ਼ਤ ਕਰਨ ਤੋਂ ਉੱਕਾ ਹੀ ਨਾਂਹ ਕਰ ਦਿੱਤੀ ਤਾਂ ਜੁ ਸਭ ਸੰਸਾਰ 'ਤੇ ਆਉਣ ਵਾਲੀਆਂ ਨਸਲਾਂ ਸਪੱਸ਼ਟ ਸਮਝ ਲੈਣ ਕਿ ਇਹ ਵਿਧਾਨ ਸਿੱਖਾਂ ਨਾਲ ਵਿਸਾਹਘਾਤ ਕਰਕੇ ਬਣਾਇਆ ਗਿਆ ਹੈ ਅਤੇ ਇਸ ਕਾਰਨ ਸਿੱਖਾਂ ਦੀ ਆਤਮਾ ਇਸ ਨੂੰ ਸਵੀਕਾਰ ਕਰਨ ਉੱਤੇ ਮਜਬੂਰ ਨਹੀਂ ਕੀਤੀ ਜਾ ਸਕਦੀ।

ਸ੍ਰੀਮਤੀ ਪ੍ਰਧਾਨ ਜੀਓ, ਭਾਰਤ ਦੇ ਸੁਤੰਤਰ ਹੋਣ ਤੋਂ ਪਿੱਛੋਂ, ਬੀਤ ਚੁੱਕੇ ਅਠਾਰਾਂ ਸਾਲਾਂ ਵਿੱਚ ਸਿੱਖਾਂ ਦੀ ਜੋ ਦੁਰਗਤੀ ਹੋਈ ਹੈ ਅਤੇ ਸਿੱਖਾਂ ਨਾਲ ਜੋ ਧੱਕੇ ਇਹਨਾਂ ਰਾਜਸੀ ਤੇ ਫ਼ਰੰਗੀ ਹਿੰਦੂਆਂ ਨੇ ਕੀਤੇ ਹਨ, ਉਸ ਦੁੱਖ ਭਰੇ ਕਾਂਡ ਨੂੰ ਮੈਂ ਅੱਜ ਸਮੇਂ ਦੀ ਥੁੜ੍ਹ ਦੇ ਕਾਰਨ ਨਹੀਂ ਛੋਂਹਦਾ। ਕੇਵਲ ਇਤਨਾ ਦੱਸਾਂਗਾ ਕਿ ਜਦੋਂ ਸੰਨ 1954 ਵਿੱਚ ਮਾਸਟਰ ਤਾਰਾ ਸਿੰਘ ਨੇ ਜਵਾਹਰ ਲਾਲ ਨਹਿਰੂ ਨੂੰ ਯਾਦ ਕਰਵਾਇਆ ਕਿ ਕਾਂਗਰਸ ਤੇ ਹਿੰਦੂਆਂ ਵੱਲੋਂ ਸਿੱਖਾਂ ਨਾਲ ਕੀਤੇ ਬਚਨ ਪੂਰੇ ਨਹੀਂ ਹੋਏ ਤਦ ਪੰਡਿਤ ਜਵਾਹਰ ਲਾਲ ਨਹਿਰੂ ਨੇ ਬਿਨਾਂ ਝਿਜਕ ਉੱਤਰ ਦਿੱਤਾ ਕਿ, "ਹੁਣ ਸਮਾਂ ਬਦਲ ਗਿਆ ਹੈ।" ਸਿੱਖ ਭਲੀ ਪ੍ਰਕਾਰ ਜਾਣਦੇ ਹਨ ਕਿ ਹੁਣ ਸਮਾਂ ਬਦਲ ਗਿਆ ਹੈ।

ਹੁਣ ਮੈਨੂੰ ਇਸ ਬਿੱਲ ਉੱਤੇ ਥੋੜ੍ਹੀ ਜਿਹੀ ਟੀਕਾ-ਟਿੱਪਣੀ ਕਰਨ ਦੀ ਆਗਿਆ ਦਿੱਤੀ ਜਾਵੇ। 21 ਮਾਰਚ, 1966 ਨੂੰ ਗ੍ਰਹਿ ਮੰਤਰੀ ਨੇ ਸੁਪਰੀਮ ਕੋਰਟ ਦੇ ਇੱਕ ਜੱਜ ਦੀ ਪ੍ਰਧਾਨਗੀ ਹੇਠ ਕਮਿਸ਼ਨ ਨਿਯਤ ਕੀਤਾ ਕਿ ਪੰਜਾਬ ਦੇ ਪੰਜਾਬੀ ਤੇ ਹਿੰਦੀ ਭਾਗਾਂ ਨੂੰ ਵੱਖ-ਵੱਖਰੇ ਕਰਕੇ ਪੰਜਾਬ ਤੇ ਹਰਿਆਣਾ ਰਾਜ ਸਥਾਪਤ ਕੀਤੇ ਜਾਣ ਅਤੇ ਇਹ ਵੰਡ ਸੰਨ 1961 ਦੀ ਜਨ-ਸੰਖਿਆ ਦੇ ਆਧਾਰ ਉੱਤੇ ਹੋਵੇ ਅਤੇ ਇਹ ਵੰਡ ਕਰਨ ਵੇਲੇ ਤਹਿਸੀਲਾਂ ਦੀਆਂ ਹੱਦਾਂ ਨਾ ਤੋੜੀਆਂ ਜਾਣ। ਇਹਨਾਂ ਤਿੰਨਾਂ ਆਦੇਸ਼ਾਂ ਦੇ ਗੁਹਜ ਰਹੱਸ ਨੂੰ ਜੇ ਸਮਝਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਇਹਨਾਂ ਦਾ ਭਾਵ ਪੰਜਾਬ ਨੂੰ ਨਿਰਬਲ ਕਰਨਾ ਅਤੇ ਸਿੱਖਾਂ ਦਾ ਲੱਕ ਤੋੜਨਾ ਹੈ। ਸ਼ਾਹ ਕਮਿਸ਼ਨ ਨੇ ਇਸ ਗੁਹਜ-ਰਹੱਸ ਨੂੰ ਸਮਝਣ ਵਿੱਚ ਅਣਗਹਿਲੀ ਨਹੀਂ ਵਿਖਾਈ। ਜਿੰਨਾ ਛੋਟੇ ਤੋਂ ਛੋਟਾ ਪੰਜਾਬ ਹੋ ਸਕਿਆ, ਉਸ ਤੋਂ ਵੱਧ ਉਹਨਾਂ ਨਹੀਂ ਬਣਨ ਦਿੱਤਾ ਅਤੇ ਉਹਨਾਂ ਪੰਜਾਬ ਨੂੰ ਹੀਣਾ ਕਰਨ ਲਈ ਜੋ ਕੁਝ ਸਰ ਬਣ ਸਕਿਆ ਕੀਤਾ ਹੈ ਤਾਂ ਜੁ ਪੰਜਾਬ ਦਾ ਇਲਾਕਾ ਤੇ ਹੱਕ ਖੋਹ ਖਿੱਚ ਕੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਅਮੀਰ ਬਣਾਇਆ ਜਾ ਸਕੇ। ਡਲਹੌਜ਼ੀ ਪੰਜਾਬ ਕੋਲੋਂ ਖੋਹ ਲਈ ਹੈ ਕਿ ਇਹ ਪਹਾੜੀ ਇਲਾਕਾ ਹੈ ਅਤੇ ਮੋਗਨੀ, ਜਿਹੜਾ ਕਿ ਡਲਹੌਜ਼ੀ ਨਾਲੋਂ ਵੀ ਉਚੇਰਾ ਹੈ, ਉਹ ਹਰਿਆਣੇ ਨੂੰ ਦੇ ਦਿੱਤਾ ਹੈ ਕਿ ਇਥੇ ਹਿੰਦੂ ਵੱਸਦੇ ਹਨ।

ਇਹ ਦੁਖਦਾਈ ਕਥਾ ਇਉਂ ਜਾਰੀ ਹੈ ਅਤੇ ਨਵੀਆਂ ਕੜੀਆਂ ਘੜਦੇ ਪੰਜਾਬ ਨੂੰ ਪ੍ਰਾਧੀਨ ਤੇ ਨਿਰਬਲ ਕਰਨ ਦੇ ਭਰਪੂਰ ਯਤਨ ਕੀਤੇ ਗਏ ਹਨ। ਸਿੱਟੇ ਵਜੋਂ ਪੰਜਾਬ ਹੁਣ ਐਵੇਂ ਇੱਕ ਚਪੜਿਆ ਲੰਘਿਆ ਜ਼ਿਲ੍ਹਾ ਪ੍ਰੀਸ਼ਦ ਹੀ ਰਹਿ ਗਿਆ ਹੈ। ਦੁੱਖ ਦੀ ਗੱਲ ਇਹ ਹੈ ਕਿ ਇਹਨਾਂ ਪਾਪ-ਕਰਮਾਂ ਦੀ ਪੂਰਤੀ ਲਈ ਦੇਸ਼ ਦੀ ਜੁਡੀਸ਼ਰੀ ਨੂੰ ਵਰਤਿਆ ਗਿਆ ਹੈ।

Scanned with CamScanner

ਸ੍ਰੀਮਤੀ ਪ੍ਰਧਾਨ ਜੀਓ, ਮੈਨੂੰ ਇਹ ਕਹਿਣ ਦੀ ਆਗਿਆ ਦਿਉ ਕਿ ਭਾਰਤ ਦੇ ਸੁਤੰਤਰ ਹੋਣ ਤੋਂ ਪਿੱਛੋਂ ਜੋ ਪਾਪ ਸਭ ਤੋਂ ਵੱਡਾ ਕਾਂਗਰਸੀ ਹਾਕਮਾਂ ਨੇ ਕੀਤਾ ਹੈ, ਉਹ ਇਹ ਹੈ ਕਿ ਉਹਨਾਂ ਨੇ ਨਿਆਲਯਾਂ ਦੇ ਉੱਚ-ਅਧਿਕਾਰੀਆਂ ਨੂੰ ਮਹਾਨ ਅਨਿਆਂਇ ਦੇ ਰਾਜਸੀ ਕੰਮਾਂ ਲਈ ਵਰਤਿਆ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਲੋਕਾਂ ਦਾ ਭਰੋਸਾ ਅਦਾਲਤਾਂ ਤੋਂ ਉੱਠ ਗਿਆ ਹੈ। ਤਦ ਹੀ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 20 ਜੁਲਾਈ, 1966 ਨੂੰ ਇਹ ਮਤਾ ਪਾਸ ਕੀਤਾ ਹੈ:

"ਸਿੱਖਾਂ ਨਾਲ ਸੰਬੰਧਿਤ ਮਾਮਲਿਆਂ ਬਾਰੇ ਜੋ ਅਦਾਲਤੀ ਜਾਂਚ ਪੜਤਾਲਾਂ ਤੇ ਰਿਪੋਰਟਾਂ ਸੁਤੰਤਰ ਭਾਰਤ ਵਿੱਚ ਹੋਈਆਂ ਹਨ, ਉਹਨਾਂ ਉੱਤੇ ਚੀਰਪ੍ਰ ਵਿਚਾਰ ਕਰਨ ਪਿੱਛੋਂ ਇਹ ਸਿੱਟਾ ਨਿਕਲਦਾ ਹੈ ਕਿ ਆਜ਼ਾਦ ਹਿੰਦੁਸਤਾਨ ਵਿੱਚ ਅਦਾਲਤਾਂ ਅਤੇ ਅਦਾਲਤੀ ਕਾਰਵਾਈਆਂ ਉੱਤੇ ਰਾਜਸੀ ਹਿੰਦੂਆਂ ਨੇ ਅਯੋਗ ਪ੍ਰਭਾਵ ਇਸ ਪ੍ਰਕਾਰ ਪਾਏ ਹੋਏ ਹਨ ਕਿ ਸਿੱਖਾਂ ਨੂੰ ਕਿਸੇ ਅਦਾਲਤੀ ਢੰਗ ਅਤੇ ਰਾਹ ਦੁਆਰਾ ਇਨਸਾਫ਼ ਦੀ ਉਮੀਦ ਨਹੀਂ ਰਹਿ ਗਈ।"

ਮਾਨਖ਼ਵਰ ਮਹਿਲਾ ਪ੍ਰਧਾਨ ਸਾਹਿਬ, ਹੋ ਸਕਦਾ ਹੈ ਕਿ ਮੇਰੇ ਕੋਲੋਂ ਪੁੱਛਿਆ ਜਾਵੇ ਅਤੇ ਮੈਂ ਵੇਖ ਰਿਹਾ ਹਾਂ ਕਿ ਕਈ ਭਲੇ ਅਤੇ ਸੱਜਣ ਮੈਂਬਰ ਇਸ ਸਭਾ ਵਿੱਚ ਬੈਠੇ ਹਨ ਜਿਨ੍ਹਾਂ ਦੇ ਮਨ ਵਿੱਚ ਕਈ ਇਸ ਪ੍ਰਕਾਰ ਦੇ ਪ੍ਰਸ਼ਨ ਉੱਠ ਰਹੇ ਹੋਣਗੇ, 'ਇਹ ਸਰਦਾਰ ਕਪੂਰ ਸਿੰਘ ਸਿਆਣਾ-ਬਿਆਣਾ ਹੋ ਕੇ ਸਿੱਖਾਂ ਦੀ ਗੱਲ ਲੋਕ ਸਭਾ ਵਿੱਚ ਕਿਉਂ ਛੇੜ ਬੈਠਾ ਹੈ। ਸਾਡੇ ਦੇਸ਼ ਵਿੱਚ ਅਡਿਰਕੂ ਰਾਜ ਸਥਾਪਤ ਹੋ ਚੁੱਕਾ ਹੈ ਅਤੇ ਸਾਂਝੀਆਂ ਵੋਟਾਂ ਨਾਲ ਰਾਜ ਕਰਨ ਦਾ ਵਿਧਾਨ ਬਣ ਗਿਆ ਹੈ। ਸਿੱਖਾਂ ਨਾਲ ਵਿਤਕਰਾ ਅਤੇ ਧੱਕਾ ਕਿਵੇਂ ਹੋ ਸਕਦਾ ਹੈ? ਸਾਡੇ ਵਿਧਾਨ ਸਭਾ ਵਿੱਚ ਤਾਂ ਸਿੱਖ ਹਿੰਦੂ ਦਾ ਵਿਤਕਰਾ ਮੰਨਿਆ ਹੀ ਨਹੀਂ ਗਿਆ। ਇਹਨਾਂ ਪ੍ਰਸ਼ਨਾਂ ਦਾ ਉੱਤਰ ਮੈਂ ਸਹਿਜੇ ਹੀ ਦੇ ਸਕਦਾ ਹਾਂ। ਵਿਧਾਨ ਅਤੇ ਕਾਨੂੰਨ ਭਾਂ ਕਿਤਾਬਾਂ ਵਿੱਚ ਲਿਖੇ ਹੁੰਦੇ ਹਨ, ਪਰ ਉਹਨਾਂ ਉੱਤੇ ਜਿਸ ਢੰਗ ਨਾਲ ਅਮਲ ਕੀਤਾ ਜਾਂਦਾ ਹੈ, ਉਹ ਗੱਲ ਹੋਰ ਹੈ। ਗੱਲ ਕਹਿਣ ਦੀ ਹੋਰ ਹੁੰਦੀ ਹੈ ਤੇ ਕਰਨ ਦੀ ਹੋਰ, ਇਹੋ ਰਾਜਨੀਤੀ ਦਾ ਰਹੱਸਯ ਹੈ। ਜਿਹੜੇ ਲੋਕ ਇਸ ਪ੍ਰਕਾਰ ਦੀਆਂ ਭੁੱਲ-ਭੁਲਾਣੀਆਂ ਵਿੱਚ ਸਿੱਖਾਂ ਨੂੰ ਪਾਉਣ ਦਾ ਯਤਨ ਕਰਦੇ ਹਨ, ਉਹ ਜਾਂ ਤਾਂ ਸਿੱਖਾਂ ਵਾਂਙ ਹੀ ਸਿੱਧੜ ਹਨ ਅਤੇ ਜਾਂ ਲੋੜ ਤੋਂ ਵੱਧ ਚਲਾਕ। ਮੁੰਡਕੋਪਨਿਸ਼ਦ ਵਿੱਚ ਲਿਖਿਆ ਹੈ ਕਿ ਸੰਸਾਰ, ਆਤਮਾ ਦੀਆਂ ਚਾਰ ਗੱਡੀਆਂ ਤੋਂ ਉਤਪੰਨ ਹੁੰਦਾ ਹੈ। ਇਸ ਨੂੰ 'ਚਤੁਸ਼ਪਾਦ' ਕਿਹਾ ਹੈ। ਇਸੇ ਤਰ੍ਹਾਂ ਅੱਜ ਕੱਲ੍ਹ ਰਾਜ-ਪ੍ਰਪੰਚ ਦੇ ਵੀ ਚਾਰ ਪੈਰ ਹਨ-ਪਾਰਲੀਮੈਂਟ, ਨੌਕਰਸ਼ਾਹੀ, ਅਦਾਲਤਾਂ ਅਤੇ ਪ੍ਰੈੱਸ। ਜਿਤਨਾ ਚਿਰ ਰਾਜ ਪ੍ਰਪੰਚ ਦੇ ਇਹਨਾਂ ਚਹੁੰ ਅੰਗਾਂ ਦੀ ਰੂਪ-ਰੇਖਾ ਨਾ ਪਛਾਣੀ ਜਾਵੇ, ਉਤਨਾ ਚਿਰ ਹਿੰਦੁਸਤਾਨ ਵਿੱਚ ਸਿੱਖਾਂ ਦੀ ਦੁੱਖ ਭਰੀ ਯੋਜਨਾ ਦੀ ਸੋਝੀ ਨਹੀਂ ਆ ਸਕਦੀ।

ਅਦਾਲਤਾਂ ਤੇ ਨੌਕਰਸ਼ਾਹੀ ਬਾਬਤ ਮੈਂ ਖੁੱਲ੍ਹੇ ਸੰਕੇਤ ਕਰ ਚੁੱਕਾ ਹਾਂ। ਹੁਣ ਮੈਂ ਪਾਰਲੀਮੈਂਟ ਵੱਲ, ਇਸ ਲੋਕ ਸਭਾ ਵੱਲ ਕੁੱਝ ਇਸ਼ਾਰੇ ਕਰਦਾ ਹਾਂ। ਇਹ ਲੋਕ ਸਭਾ ਮਹਾਨ ਗੌਰਵਸ਼ਾਲੀ ਸੰਸਥਾ ਹੈ ਅਤੇ ਇਸ ਦੇ ਸਭਿਕਾਰ ਨੂੰ ਭੰਗ ਕਰਨ ਦਾ ਅਧਿਕਾਰੀ ਕੋਈ ਨਹੀਂ ਹੈ। ਪਰੰਤੂ ਸਿੱਖ ਭਲੀ ਪ੍ਰਕਾਰ ਜਾਣਦੇ ਹਨ ਕਿ ਸਾਂਝੇ ਵੋਟਾਂ ਦੀ ਚੋਣ ਰਾਹੀਂ ਉਹ ਦੋ-ਚਾਰ ਤੋਂ ਵੱਧ ਆਪਣੇ ਮੈਂਬਰ ਇੱਥੇ ਭੇਜ ਨਹੀਂ ਸਕਦੇ। ਇਨ੍ਹਾਂ ਦੋ-ਚਾਰ ਮੈਂਬਰਾਂ ਨੂੰ ਵੀ ਖੁੱਲ੍ਹੀ ਤੇ ਨਿਰਭੈ ਹੋ ਕੇ ਗੱਲ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ। ਪਿਛਲੇਰੇ ਮਹੀਨਿਆਂ ਵਿੱਚ ਵੀ ਇਹ ਵੇਖਣ ਵਿੱਚ ਆਇਆ ਹੈ ਕਿ ਘੱਟ-ਗਿਣਤੀ ਦੇ ਮੈਂਬਰਾਂ ਨੂੰ ਬਿਨਾਂ ਸੁਣੇ ਤੇ ਬਿਨਾਂ ਵਿਚਾਰੇ ਲੋਕ ਸਭਾ ਵਿਚੋਂ ਮਾਰਜ ਕਰ ਦਿੱਤਾ ਜਾਂਦਾ ਹੈ ਅਤੇ ਪਿੱਛੋਂ ਵੀ ਆਪਣਾ ਦੁੱਖ ਰੋਣ ਦੀ ਆਗਿਆ ਨਹੀਂ ਦਿੱਤੀ ਜਾਂਦੀ। ਅਜਿਹੀ ਲੋਕ ਸਭਾ ਦੁਆਰਾ ਸਿੱਖ ਆਪਣੇ ਦੁੱਖਾਂ ਦੀ ਨਵਿਰਤੀ ਕਿਵੇਂ ਕਰਨ?

ਹੁਣ ਮੈਂ ਪ੍ਰੈੱਸ ਦੀ ਗੱਲ ਕਰਦਾ ਹਾਂ। ਸਾਡੇ ਦੇਸ਼ ਦਾ ਪ੍ਰੈੱਸ ਆਜ਼ਾਦ ਹੈ ਅਤੇ ਬਹੁਤ ਹੱਦ ਤੱਕ ਨਿਰਪੱਖ ਵੀ। ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਜਦੋਂ ਸਿੱਖਾਂ ਦਾ ਸਵਾਲ ਹੋਵੇ, ਉਸ ਵੇਲੇ ਉਹਨਾਂ ਦਾ ਰਵੱਈਆ ਕੀ ਹੁੰਦਾ ਹੈ? ਕੁੱਝ ਸਾਲ ਹੋਏ ਇੰਗਲੈਂਡ ਵਿੱਚ ਕਈ ਅਖ਼ਬਾਰਾਂ ਦੇ ਮਾਲਕ ਲਾਰਡ ਥੀਵਰਬਰੁੱਕ ਦੀ ਪ੍ਰਧਾਨ ਮੰਤਰੀ ਬਾਲਡਵਿਨ ਨਾਲ ਖੜਕ ਪਈ ਸੀ, ਬਾਲਡਵਿਨ ਨੇ ਪ੍ਰੈੱਸ ਬਾਰੇ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਕਿਹਾ ਸੀ:

'ਪ੍ਰੈੱਸ ਕੋਲ ਸ਼ਕਤੀ ਹੈ, ਪਰ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ। ਇਹਨਾਂ ਕੋਲ ਕੈਂਜਰਾ ਤੇ ਕੈਂਜਰੀਆਂ ਵਾਲੇ ਸਭ ਅਧਿਕਾਰ ਹਨ।'

ਮੈਂ ਇਸ ਤੋਂ ਵੱਧ ਕੁੱਝ ਨਹੀਂ ਕਹਿੰਦਾ। ਮੈਂ ਬਹੁਤ ਕੁੱਝ ਕਹਿ ਚੁੱਕਾ ਹਾਂ ਜਿਸ ਨਾਲ ਕਿ ਸ਼੍ਰੋਮਣੀ ਅਕਾਲੀ

Scanned with CamScanner

ਦਲ ਦੀ ਵਰਕਿੰਗ ਕਮੇਟੀ ਦੇ ਮਤੇ ਨੰਬਰ 2, ਜਿਹੜਾ ਕਿ 20 ਜੁਲਾਈ, 1966 ਨੂੰ ਪਾਸ ਕੀਤਾ ਗਿਆ, ਦੇ ਪਿਛੋਕੜ ਦੀ ਜਿਥੋਂ ਤੱਕ ਕਿ ਇਸ ਦਾ ਸਬੰਧ ਇਸ ਬਿੱਲ ਨਾਲ ਹੈ, ਸਮਝ ਪੈ ਸਕਦੀ ਹੈ। ਉਹ ਮਤਾ ਇਉਂ ਹੈ:

'ਸਿੱਖ ਨਿਸਚੈ ਕਰਦੇ ਹਨ ਅਤੇ ਐਲਾਨ ਕਰਦੇ ਹਨ ਕਿ ਉਹ ਆਪਣੀ ਪੂਰੀ ਸ਼ਕਤੀ ਨਾਲ, ਹਰ ਐਸੇ ਹਮਲੇ ਦਾ ਮੁਕਾਬਲਾ ਕਰਨਗੇ, ਜਿਸ ਦਾ ਭਾਵ ਕਿ ਸਿੱਖਾਂ ਨੂੰ ਆਜ਼ਾਦ ਹਿੰਦੁਸਤਾਨ ਵਿੱਚ, ਘਟੀਆ ਦਰਜੇ ਦੇ ਅਤੇ ਗੌਰਵ-ਰਹਿਤ ਲੋਕ ਬਣਾ ਦੇਣਾ ਹੋਵੇ।'

ਉਹ ਮੰਗ ਕਰਦੇ ਹਨ ਕਿ ਹੇਠ ਲਿਖੇ ਕਦਮ ਭਰਨ ਚੁੱਕੇ ਜਾਣ ਤਾਂ ਜੁ ਸਿੱਖ, ਹਿੰਦੁਸਤਾਨ ਵਿੱਚ, ਬਰਾਬਰ ਦੇ ਭਰਾ ਬਣ ਕੇ ਰਹਿ ਸਕਣ:

(1) ਜਿਹੜੇ ਸਿੱਖ ਇਲਾਕੇ ਜਾਣ-ਬੁੱਝ ਕੇ ਅਤੇ ਬਿਨਾ ਕਾਰਨ ਨਵੇਂ ਪੰਜਾਬ ਵਿੱਚੋਂ ਕੱਢ ਦਿੱਤੇ ਗਏ ਹਨ ਅਤੇ ਜੋੜੇ ਨਹੀਂ ਗਏ ਜਿਹਾ ਕਿ ਗੁਰਦਾਸਪੁਰ ਜ਼ਿਲ੍ਹੇ ਦਾ ਇਲਾਕਾ ਜਿਸ ਵਿੱਚ ਕਿ ਡਲਹੌਜ਼ੀ ਸ਼ਾਮਲ ਹੈ, ਅੰਬਾਲੇ ਦਾ ਜ਼ਿਲ੍ਹਾ, ਸਣੇ ਚੰਡੀਗੜ੍ਹ, ਪੰਜੌਰ, ਕਾਲਕਾ ਤੇ ਅੰਬਾਲਾ ਸਦਰ ਦੇ ਅਤੇ ਉਨ੍ਹੇ ਦੀ ਸਾਰੀ ਤਹਿਸੀਲ ਅਤੇ ਨਾਲਗੜ੍ਹ ਦੇ ਦੇਸ਼ ਨਾਮ ਦਾ ਇਲਾਕਾ, ਸਰਸੇ ਦੀ ਤਹਿਸੀਲ ਗੁਹਲਾ ਸਬ-ਤਹਿਸੀਲ, ਸਣੇ ਟੋਹਾਣਾ ਅਤੇ ਰਤੀਆ ਬਲਾਕ ਜਿਹੜੇ ਕਿ ਹਿਸਾਰ ਦੇ ਜ਼ਿਲ੍ਹੇ ਵਿੱਚ ਹਨ ਅਤੇ ਕਰਨਾਲ ਦੇ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਰਾਜਸਥਾਨ ਵਿੱਚ ਗੰਗਾ ਨਗਰ ਦਾ ਜ਼ਿਲ੍ਹਾ, ਇਹਨਾਂ ਇਲਾਕਿਆਂ ਨੂੰ ਝਟਪਟ ਪੰਜਾਬ ਵਿੱਚ ਸ਼ਾਮਲ ਕੀਤਾ ਜਾਵੇ, ਤਾਂ ਕਿ ਸਾਡੇ ਨਾਲ ਲੱਗਦੇ ਸਿੱਖ ਵੱਸੋ ਦੇ ਇਲਾਕੇ ਇਕੱਠੇ ਹੋ ਕੇ ਸੁਤੰਤਰ ਭਾਰਤ ਵਿੱਚ ਸਿੱਖ ਹੋਮਲੈਂਡ ਅਥਵਾ ਸਿੱਖਸਤਾਨ ਦਾ ਰੂਪ ਧਾਰਨ ਕਰ ਲੈਣ, ਜਿਸ ਵਿੱਚ ਸਿੱਖਾਂ ਤੇ ਸਿੱਖੀ ਦੇ ਵਿਸ਼ੇਸ਼ ਹੱਕ ਰਾਖਵੇਂ ਹੋਣ।

(2) ਇਸ ਨਵੇਂ ਨਿਰਮਿਤ ਹੋਏ ਪੰਜਾਬ ਨੂੰ ਉਹ ਅਤੇ ਉਹੋ ਜਿਹੇ ਅਧਿਕਾਰ ਤੇ ਪਦਵੀ ਦਿੱਤੀ ਜਾਵੇ ਜਿਹੜੀ ਕਿ ਸੰਨ 1950 ਵਿੱਚ ਹਿੰਦੁਸਤਾਨ ਦੇ ਵਿਧਾਨ ਦੁਆਰਾ ਜੰਮੂ ਤੇ ਕਸ਼ਮੀਰ ਦੀ ਰਿਆਸਤ ਨੂੰ ਪ੍ਰਾਪਤ ਹੋਏ ਹਨ।"

ਸ੍ਰੀਮਤੀ ਜੀਓ, ਮੈਂ ਹੁਣ ਆਪਣਾ ਭਾਸ਼ਣ ਸਮਾਪਤ ਕਰ ਚੁੱਕਾ ਹਾਂ। ਸਾਰੇ ਸਿੱਖਾਂ ਅਤੇ ਸਿੱਖ ਪੰਥ ਦੇ ਨਾਮ ਉੱਤੇ ਜਿਨ੍ਹਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਹੈ। ਮੈਂ ਇਸ ਬਿੱਲ ਨੂੰ ਰੱਦ ਕਰਦਾ ਹਾਂ, ਇਸ ਨੂੰ ਨਾ ਮਨਜ਼ੂਰ ਕਰਦਾ ਹਾਂ, ਇਸ ਦਾ ਵਿਰੋਧ ਕਰਦਾ ਹਾਂ ਅਤੇ ਇਸ ਬਿੱਲ ਦੇ ਪਿੱਛੇ ਜਿਹੜੀਆਂ ਭਾਵਨਾਵਾਂ ਹਨ, ਉਹਨਾਂ ਨੂੰ ਧਿਕਾਰਦਾ ਹਾਂ। ਮੈਂ ਹਿੰਦ ਸਰਕਾਰ ਨੂੰ ਕਹਿੰਦਾ ਹਾਂ ਕਿ ਉਹ ਛੇਤੀ ਤੋਂ ਛੇਤੀ ਵਿਧਾਨਕ ਕਦਮ ਚੁੱਕੇ ਜਿਸ ਦੁਆਰਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਉਹਨਾਂ ਮੰਗਾਂ ਦੀ, ਜਿਨ੍ਹਾਂ ਦੀ ਵਿਆਖਿਆ ਕਿ ਮੈਂ ਹੁਣੇ ਕਰ ਚੁੱਕਾ ਹਾਂ, ਪੂਰਤੀ ਹੋਵੇ।

ਮਾਨਯੋਗ ਪ੍ਰਧਾਨ ਦੇਵੀ ਜੀਓ, ਮੈਂ ਆਪ ਦਾ ਧੰਨਵਾਦ ਕਰਦਾ ਹਾਂ।

ਸਿੱਖ ਕੌਮ ਗੁਲਾਮ ਕਿਵੇਂ ਹੈ: ਸੰਤ ਭਿੰਡਰਾਂਵਾਲੇ

ਮੈਂ ਕੁਝ ਸਬੂਤਾਂ ਸਹਿਤ ਬੇਨਤੀਆਂ ਕਰਾਂਗਾ ਕਿ ਸਿੱਖ ਹਿੰਦੁਸਤਾਨ ਵਿੱਚ ਗੁਲਾਮ ਹਨ। ਇਸ ਲਈ ਸਭ ਤੋਂ ਪਹਿਲਾਂ ਤਾਂ ਆਪਾਂ ਨੂੰ ਪਿੰਡਾਂ ਵਿੱਚ ਜਾ ਕੇ ਹਰ ਇੱਕ ਮਾਝੀ-ਭਾਈ ਨੂੰ, ਹਰ ਇੱਕ ਬੱਚੇ ਨੂੰ, ਨੌਜੁਆਨ, ਬਜ਼ੁਰਗ ਨੂੰ ਇਹ ਅਹਿਸਾਸ ਕਰਾਉਣਾ ਚਾਹੀਦਾ ਏ ਕਿ ਆਪਾਂ ਹਿੰਦੁਸਤਾਨ ਵਿੱਚ ਗੁਲਾਮ ਹਾਂ। ਜਦੋਂ ਕੌਮ ਨੂੰ ਇਹ ਅਹਿਸਾਸ ਹੋ ਗਿਆ ਕਿ ਅਸੀਂ ਗੁਲਾਮੀ 'ਚ ਦਿਨ ਕੱਟ ਰਹੇ ਹਾਂ ਅਤੇ ਅਸੀਂ ਇਹ ਗੁਲਾਮੀ ਆਪਣੇ ਗਲੋਂ ਲਾਹੁਣੀ ਹੈ ਅਤੇ ਇਸ ਲਈ ਕੋਈ ਰਸਤਾ ਅਖ਼ਤਿਆਰ ਕਰਨਾ ਪਵੇਗਾ ਪਰ ਜੇ ਅੱਖਾਂ ਮੀਟ ਕੇ ਬੈਠੇ ਰਹੇ ਤੇ ਕਿਸੇ ਰਸਤੇ 'ਤੇ ਨਾ ਚੱਲੇ ਤਾਂ ਗੁਲਾਮੀ ਦਾ ਪੰਧ ਨਹੀਂ ਨਿੱਬੜ ਸਕਦਾ। ਇਸ ਗੱਲ ਦਾ ਅਹਿਸਾਸ ਕਰਾਉਣ ਵਾਸਤੇ ਕੁੱਝ ਜ਼ਰੂਰੀ ਗੱਲਾਂ ਦੱਸਣੀਆਂ ਯੋਗ ਹੋਣਗੀਆਂ ਕਿ ਸਰਕਾਰ ਸਿੱਖਾਂ ਨਾਲ ਧੱਕਾ-ਕੀ ਕਰ ਰਹੀ ਹੈ ਤੇ ਆਪਾਂ ਗੁਲਾਮ ਕਿਵੇਂ ਹਾਂ?

ਕੋਈ ਗੁੱਸਾ ਨਾ ਕਰੇ ਕਿ ਗੁਲਾਮੀ ਦੇ ਕਾਰਨ ਦੀ ਪਹਿਲੀ ਨਲਾਇਕੀ ਤਾਂ ਆਪਣੀ ਮੁੱਢਲੀ ਸਿੱਖ ਲੀਡਰਸ਼ਿਪ ਦੀ ਹੈ ਜਿਨ੍ਹਾਂ ਨੇ ਸੰਨ 1947 ਵਿੱਚ ਜੋ ਭੱਠਾ ਬਿਠਾਇਆ ਹੈ ਉਸਦਾ ਹਰਜ਼ਾਨਾ ਸਾਰੀ ਸਿੱਖ ਕੌਮ ਹੁਣ ਤੱਕ ਚੁਕਾ ਰਹੀ ਹੈ ਅਤੇ ਪਤਾ ਨਹੀਂ ਕਿੰਨਾ ਹੋਰ ਚੁਕਾਉਣਾ ਪਵੇ।

ਹਿੰਦ ਸਰਕਾਰ, ਹਿੰਦੂ ਸਮਾਜ ਨੂੰ ਆਪਣੇ ਹੱਥ ਵਿੱਚ ਰੱਖਦੀ ਹੋਈ ਸਿੱਖਾਂ ਨਾਲ ਵਿਤਕਰੇ ਭਰਿਆ ਸਲੂਕ

Scanned with CamScanner

ਕਰ ਰਹੀ ਹੈ, ਚਾਹੇ ਸਿੱਖ ਦੀ ਦਾੜ੍ਹੀ ਕਿਸੇ ਦੀ ਕੱਟੀ ਹੋਵੇ ਚਾਹੇ ਪੁੱਲ੍ਹੇ ਖ਼ਿਆਲਾਂ ਦਾ, ਚਾਹੇ ਗੁਰਮਤਿ ਦੇ ਖ਼ਿਆਲਾਂ ਦਾ ਹੈ, ਉਹਨਾਂ ਸਾਰਿਆਂ ਨੂੰ ਹੀ ਕੁਚਲਣ ਵਾਸਤੇ, ਕੁੱਲ ਹਿੰਦੁਸਤਾਨ ਦਾ ਹਿੰਦੂ ਇੱਕ ਪਲੇਟਫਾਰਮ 'ਤੇ ਖੜ੍ਹਾ ਹੈ। ਥੱਲਿਓਂ ਉਪਰ ਤੱਕ ਸਭ ਇੱਕੋ ਬੋਲੀ ਬੋਲਦੇ ਹਨ। ਇਸ ਦੀਆਂ ਕਈ ਉਦਾਹਰਣਾਂ ਹਨ:

ਜੇ ਤਾਂ ਸਿੱਖ ਕਿਸੇ ਸਟੇਜ 'ਤੇ ਤਕਰੀਰ ਕਰ ਦੇਵੇ ਤਾਂ ਉਸਦੇ ਵਿਰੁੱਧ ਮੁਕੱਦਮਾ ਦਰਜ ਹੋ ਸਕਦਾ ਪਰ ਜੇ ਹਿੰਦੂ ਕੋਈ ਬੋਲੇ ਉਸ ਦੇ ਵਿਰੁੱਧ ਮੁਕੱਦਮਾ ਨਹੀਂ, ਉਹਨੂੰ ਵਧਾਈਆਂ ਮਿਲਦੀਆਂ ਹਨ। ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਰਤਮਾਨ ਸਮੇਂ ਦੀ, ਜੇ ਕਿਸੇ ਸਟੇਜ 'ਤੇ ਖੜ੍ਹੋ ਕੇ ਬੋਲਦੀ ਹੈ ਕਿ ਮੈਂ ਪੰਜਾਬ ਦੇ ਸਿੱਖਾਂ ਨੂੰ ਕਹਿੰਦੀ ਹਾਂ ਕਿ ਸੋਚ ਲਵੋ, ਬਾਹਰਲੀਆਂ ਸਟੇਟਾਂ ਵਿੱਚ ਬੈਠੇ ਸਿੱਖਾਂ ਦਾ ਕੀ ਬਣੇਗਾ? ਇਹ ਧਮਕੀ ਹੈ ਤੇ ਉਹਦੇ 'ਤੇ ਮੁਕੱਦਮਾ ਕੋਈ ਦਰਜ ਨਹੀਂ। ਜੇ ਇਸੇ ਦੇ ਜਵਾਬ ਵਿੱਚ ਭਿੰਡਰਾਂਵਾਲਾ ਇੱਥੋਂ ਅੰਮ੍ਰਿਤਸਰ ਤੋਂ ਕਹਿ ਦੇਵੇ ਕਿ ਜੇ ਥੋਥੀ ਤੋਰੀ ਇਹ ਭੁਚੀ ਆ ਤਾਂ ਗਿਣਤੀ ਅਸੀਂ ਵੀ ਕਰੀ ਬੈਠੇ ਆਂ, ਸਾਨੂੰ 20-20 ਆਉਂਦੇ ਆ ਤੇ ਮੁਕੱਦਮਾ ਦਰਜ ਹੋ ਜਾਂਦਾ।

ਭੱਟਾਚਾਰੀਆ ਨੇ ਪਾਰਲੀਮੈਂਟ ਵਿੱਚ ਬਿਆਨ ਦਿੱਤਾ ਕਿ ਲੁਧਿਆਣਾ ਵਿਖੇ ਲਾਲਾ ਜਗਤ ਨਰਾਇਣ ਦੇ ਕਤਲ ਨਾਲ ਸਬੰਧਿਤ ਚੱਲ ਰਹੇ ਕੇਸ ਵਿੱਚ ਕਥਿਤ ਕਾਤਲ ਸਵਰਨ ਸਿੰਘ ਨੂੰ ਫਾਂਸੀ ਦੇਣੀ ਚਾਹੀਦੀ ਹੈ। ਇਹ ਅਦਾਲਤ ਨੂੰ ਪ੍ਰਭਾਵਿਤ ਕਰਨ ਦਾ ਭਾਰੀ ਗੁਨਾਹ ਹੈ ਪਰ ਉਹਦੇ ਵਿਰੁੱਧ ਕੋਈ ਕੇਸ ਦਰਜ ਨਹੀਂ ਹੋਇਆ।

ਸੁਆਮੀ ਆਦਿਤੱਅਾਵੇਸ ਹਰਿਆਣੇ 'ਚ ਰਹਿਣ ਵਾਲਾ, ਹਿੰਦੂ ਬਿਰਾਦਰੀ ਨਾਲ ਸਬੰਧ ਰੱਖਣ ਵਾਲਾ, ਉਹ ਮਨੁੱਖ ਕਹਿੰਦਾ ਕਿ ਹਰਿਆਣੇ ਦੇ ਸਿੱਖ ਸਾਰੇ ਆਪਣਾ ਕਛਹਿਰਾ ਪੜਨਾ ਚੁੱਕ ਕੇ ਸਭ ਪੰਜਾਬ ਨੂੰ ਨਿਕਲ ਜਾਉ, ਉਹਦੇ ਵਿਰੁੱਧ ਵੀ ਕੋਈ ਮੁਕੱਦਮਾ ਦਰਜ ਨਹੀਂ ਹੋਇਆ, ਨਾ ਉਹਨੂੰ ਕਿਸੇ ਏਜੰਸੀ ਨੇ ਇੰਟੈਰੋਗੇਟ ਕੀਤਾ। ਕੋਈ ਉਹਦੇ 'ਤੇ ਤਸ਼ੱਦਦ ਨਹੀਂ ਹੋਇਆ।

ਹਿੰਦੂ ਜੈ ਸਿੰਘ ਸੰਮਤੀ ਨੇ ਬਿਆਨ ਦਿੱਤਾ ਕਿ 3 ਦਸੰਬਰ ਤੱਕ ਸਾਰੇ ਸਿੱਖ ਰਾਜਸਥਾਨ ਵਿੱਚੋਂ ਚਲੇ ਜਾਉ, ਨਹੀਂ ਤੇ ਗੰਭੀਰ ਸਿੱਟੇ ਨਿਕਲਣਗੇ। ਉਸ ਸਮੇਂ ਦਿੱਲੀ 'ਚ ਲੋਕ ਸਭਾ ਸ਼ੈਸ਼ਨ ਚੱਲਦਾ ਸੀ ਉਦੋਂ ਵੀ ਕਿਸੇ ਨੇ ਉਸ 'ਤੇ ਨੁਕਤਾਚੀਨੀ ਨਹੀਂ ਕੀਤੀ, ਕੋਈ ਆਵਾਜ਼ ਨਹੀਂ ਉਠਾਈ, ਕਿਸੇ ਨੇ ਨਿਖੇਧੀ ਨਹੀਂ ਕੀਤੀ। ਤਿੰਨ ਦਿਨ ਦਾਸ ਚੁੱਪ ਰਿਹਾ ਕਿ ਚੱਲੋ ਕੋਈ ਲੀਡਰ ਹੋਰ ਬੋਲ ਪਵੇਗਾ ਜਦ ਕੋਈ ਵੀ ਨਾ ਬੋਲਿਆ ਤਾਂ ਤੀਜੇ ਦਿਨ, ਅਖ਼ਬਾਰਾਂ ਵਾਲੇ ਇਕੱਠੇ ਕਰਕੇ ਦਾਸ ਨੇ ਇੱਕ ਬਿਆਨ ਦੇ ਦਿੱਤਾ ਕਿ ਜੇ ਹਿੰਦੂ ਜੈ ਸੰਮਤੀ ਦੀ ਇਹ ਸੋਚ ਹੈ ਕਿ ਰਾਜਸਥਾਨ ਦੇ ਸਿੱਖਾਂ ਨੂੰ ਇਥੋਂ ਕੱਢਣਾ ਤੇ ਮੈਂ ਪੰਜਾਬ ਦੇ ਹਿੰਦੂਆਂ ਨੂੰ ਵਾਰਨਿੰਗ ਦੇਣਾ ਚਾਹੁੰਦਾ ਕਿ ਪੁਲੰਕ ਦੀ ਤਿਆਰੀ ਕਰ ਲਉ। ਮੈਂ ਵੀ ਬਿਆਨ ਦਿੱਤੇ ਤੇ ਉਹਨਾਂ ਨੇ ਵੀ ਬਿਆਨ ਦਿੱਤਾ। ਉਹਨਾਂ ਨੇ ਪਹਿਲਾਂ ਬਿਆਨ ਦਿੱਤਾ, ਮੈਂ ਉੱਤਰ ਵਿੱਚ ਬਿਆਨ ਦਿੱਤਾ। ਜੇ ਅਸੀਂ ਉਨ੍ਹਾਂ ਵੱਲੋਂ ਦਿੱਤੇ ਬਿਆਨ ਦਾ ਪ੍ਰਤੀਕਰਮ ਵੀ ਕਰਦੇ ਹਾਂ ਤਾਂ ਦੋਸ਼ ਲਗਾਉਂਦੇ ਹਨ ਕਿ ਇਨ੍ਹਾਂ ਦੇ ਬਿਆਨਾਂ ਨਾਲ ਅੱਗ ਲੱਗਦੀ ਹੈ ਪਰ ਜੇ ਇਹ ਪਾਰਲੀਮੈਂਟ ਵਿੱਚ ਵੀ ਅਤੇ ਆਪਣੀਆਂ ਸਟੇਜਾਂ 'ਤੇ ਸਿੱਖਾਂ ਦੇ ਵਿਰੁੱਧ ਬੋਲਣ ਤਾਂ ਕੋਈ ਅੱਗ ਨਹੀਂ ਲੱਗਦੀ। ਬਿਆਨ ਉਨ੍ਹਾਂ ਦਾ ਵੀ ਉਹੋ ਹੀ ਹੈ ਪਰ ਕਾਰਨ ਇਹ ਹੈ ਕਿ ਉਹ ਹਿੰਦੂਆਂ ਦੇ ਘਰ ਜੰਮਿਆ, ਆਪਾਂ ਸਿੱਖਾਂ ਦੇ ਘਰੇ ਜੰਮੇ ਹਾਂ। ਇਹ ਸਿੱਖਾਂ ਨੂੰ ਦਬਾਉਣ ਦੀ ਇਹਨਾਂ ਦੀ ਕੁਟਲ ਨੀਤੀ ਹੈ।

ਪੰਜਾਬ ਦੇ ਰਹਿ ਚੁੱਕੇ ਵਿੱਤ ਮੰਤਰੀ ਕੇਵਲ ਕ੍ਰਿਸ਼ਨ ਨੇ ਬਿਆਨ ਦਿੱਤਾ ਸੀ ਕਿ ਸਮੂਹ ਸਿੱਖ ਸੰਪਰਦਾਵਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ, ਉਸ 'ਤੇ ਕੋਈ ਮੁਕੱਦਮਾ ਦਰਜ ਨਹੀਂ ਹੋਇਆ।

ਇਸ ਸ਼ਹਿਰ ਦੇ ਵਿੱਚ ਰਹਿਣ ਵਾਲਾ ਹਰਖੇਸ ਲਾਲ ਖੰਨਾ, ਉਸ ਨੇ ਬਿਆਨ ਦਿੱਤਾ ਕਿ

ਦੁੱਕੀ ਤਿੱਕੀ ਪਹਿਣ ਨਹੀਂ ਦੇਣੀ, ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ।
ਕੱਛ ਕੜਾ ਕ੍ਰਿਪਾਨ, ਇਹਨੂੰ ਭੇਜੋ ਪਾਕਿਸਤਾਨ।

ਫਿਰ ਵੀ ਉਸ 'ਤੇ ਕੋਈ ਮੁਕੱਦਮਾ ਦਰਜ ਨਹੀਂ, ਕਿਉਂਕਿ ਉਹ ਹਿੰਦੂਆਂ ਦੇ ਘਰੇ ਜੰਮਿਆ।

ਲਾਲਾ ਜਗਤ ਨਰਾਇਣ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਬਾਰੇ ਉਹਨੇ ਆਪਣੇ ਅਖ਼ਬਾਰਾਂ 'ਚ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਸ਼ਹਿਜ਼ਾਦਿਆਂ ਦੀ ਤਰ੍ਹਾਂ ਜੀਵਨ ਬਤੀਤ ਕਰਨ ਵਾਲੇ ਸਨ, ਬੜੇ ਸ਼ੌਕੀਨ ਸਨ, ਕੋਈ ਮੁਕੱਦਮਾ ਉਹਦੇ 'ਤੇ ਦਰਜ ਨਹੀਂ ਹੋਇਆ ਅਤੇ ਸੱਚਖੰਡ ਵਾਸੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ

Scanned with CamScanner

ਰਹਿ ਚੁੱਕੇ ਜਥੇਦਾਰ ਗਿ: ਗੁਰਦਿਆਲ ਸਿੰਘ ਜੀ ਅਜਨੋਹਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਇਹ ਦੇਸ਼ ਦੇ ਗ਼ੱਦਾਰ ਆ, ਇਹਨਾਂ ਦੇ ਪਾਸਪੋਰਟ ਕੈਂਸਲ ਕੀਤੇ ਜਾਣ, ਇਹ ਲਾਲੇ ਦੇ ਅਖ਼ਬਾਰਾਂ 'ਚ ਬਿਆਨ ਆਏ, ਉਹਦੇ 'ਤੇ ਕੋਈ ਮੁਕੱਦਮਾ ਦਰਜ ਨਹੀਂ ਹੋਇਆ (ਇਹ ਵੱਖਰੀ ਗੱਲ ਹੈ ਕਿ ਬਾਅਦ ਵਿੱਚ ਸਿੱਖਾਂ ਨੇ ਉਸ ਨੂੰ ਗੱਡੀ ਚਾੜ੍ਹ ਦਿੱਤਾ)।

500 ਬੰਦੂਕ ਧਰਿਦਰ ਬ੍ਰਹਮਚਾਰੀ ਕੋਲੋਂ ਫੜ੍ਹੀ ਗਈ, ਉਹਨੂੰ ਕੋਈ ਸਜ਼ਾ ਨਹੀਂ। ਜੇ ਤਰੀਕ ਭੁਗਤਣੀ ਹੋਵੇ ਤਾਂ ਜਹਾਜ਼ 'ਤੇ ਆ ਸਕਦਾ। ਕੋਈ ਤਸ਼ੱਦਦ ਨਹੀਂ, ਕੋਈ ਪੁੱਛ ਪੜਤਾਲ ਨਹੀਂ ਕਿਉਂਕਿ ਉਹ ਇੱਕ ਹਿੰਦੂ ਸੀ ਤੇ ਹਿੰਦੂਆਂ ਦੇ ਘਰੋਂ ਫੜ੍ਹੇ ਜਾਣ ਵਾਲੇ ਹਥਿਆਰਾਂ ਦਾ ਕੋਈ ਖ਼ਤਰਾ ਨਹੀਂ ਪਰ ਜੇ ਕਿਸੇ ਵੀ ਸਿੱਖ ਕੋਲ ਹਥਿਆਰ ਹੋਣ ਦਾ ਕੱਵਲ ਸ਼ੱਕ ਹੀ ਪੈ ਜਾਵੇ ਤਾਂ ਸ਼ੱਕ ਦੇ ਆਧਾਰ 'ਤੇ ਹੀ ਉਸ ਉਪਰ ਅਣਮਨੁੱਖੀ ਤਸ਼ੱਦਦ ਕੀਤਾ ਜਾਂਦਾ ਹੈ ਕਿਉਂਕਿ ਉਹ ਸਿੱਖ ਹਨ।

ਇੱਕ ਹਜ਼ਾਰ ਟਨ ਚਰਬੀ, ਬਠਿੰਡੇ ਵਿਖੇ ਤਿੰਨਾਂ ਹਿੰਦੂਆਂ ਦੇ ਫਾਰਮਾਂ ਵਿੱਚੋਂ ਫੜ੍ਹੀ ਗਈ, ਪਰ ਉਨ੍ਹਾਂ ਦੀਆਂ ਘਰੇ ਬੈਠਿਆਂ ਦੀਆਂ ਜ਼ਮਾਨਤਾਂ ਹੋ ਗਈਆਂ। ਉਨ੍ਹਾਂ ਉਪਰ ਕੋਈ ਤਸ਼ੱਦਦ ਨਹੀਂ। ਉਨ੍ਹਾਂ ਵੱਲੋਂ ਗਊਆਂ ਦੀ ਚਰਬੀ ਨੂੰ ਘਿਉ ਵਿੱਚ ਮਿਲਾ ਦੇਣ ਨਾਲ ਹਿੰਦੂ ਧਰਮ ਨੂੰ ਕੋਈ ਨੁਕਸਾਨ ਨਹੀਂ ਹੁੰਦਾ ਕਿਉਂਕਿ ਫੜ੍ਹੀ ਗਈ ਚਰਬੀ ਦੇ ਦੋਸ਼ੀ ਹਿੰਦੂ ਸਨ। ਇਸ ਲਈ ਉਨ੍ਹਾਂ ਦਾ ਕੋਈ ਗੁਨਾਹ ਨਹੀਂ।

ਜ਼ਿਲ੍ਹੇ ਪਟਿਆਲੇ ਦੇ ਹਿੰਦੂ ਸੁਰੱਖਿਆ ਸੰਮਤੀ ਦੇ ਪ੍ਰਧਾਨ ਪਵਨ ਕੁਮਾਰ ਦੇ ਗੁਦਾਮ ਵਿੱਚੋਂ 230 ਗਰਨੇਡ ਫੜ੍ਹੇ ਗਏ। ਉਸ ਉਪਰ ਕੋਈ ਤਸ਼ੱਦਦ ਨਹੀਂ। ਕੀ ਉਸ ਕੋਲੋਂ ਫੜ੍ਹੇ ਗਏ ਗਰਨੇਡ ਸ਼ਾਂਤੀ ਵਰਤਾਉਣ ਵਾਸਤੇ ਸਨ? ਡੇਢ ਸਾਲ ਤਾਂ ਉਸ ਨੂੰ ਗ੍ਰਿਫ਼ਤਾਰ ਵੀ ਨਹੀਂ ਕੀਤਾ ਜੇਕਰ ਗ੍ਰਿਫ਼ਤਾਰ ਲਈ ਫੜ੍ਹਿਆ ਤਾਂ ਸਾਧਾਰਨ ਪੁੱਛ ਪੜਤਾਲ ਕੀਤੀ ਗਈ। ਇਸ ਦੇ ਬਾਵਜੂਦ ਵੀ ਪਟਿਆਲਾ ਤੋਂ ਲੈ ਕੇ ਕਰਨਾਲ ਤੱਕ ਹਿੰਦੂ ਸੁਰੱਖਿਆ ਸੰਮਤੀ ਦੇ ਵਰਕਰਾਂ ਨੇ ਵੱਡੀ ਪੱਧਰ 'ਤੇ ਸਾੜ ਫੂਕ ਕੀਤੀ। ਉਸ ਨੂੰ ਸਜ਼ਾ ਤਾਂ ਕੀ ਮਿਲਣੀ ਸੀ ਬਲਕਿ ਪਟਿਆਲੇ ਜ਼ਿਲ੍ਹੇ ਦੀ ਪ੍ਰਧਾਨਗੀ ਤੋਂ ਚੁੱਕ ਕੇ ਉਸ ਨੂੰ ਪੰਜਾਬ ਦੀ ਹਿੰਦੂ ਸੁਰੱਖਿਆ ਸੰਮਤੀ ਦਾ ਪ੍ਰਧਾਨ ਬਣਾ ਦਿੱਤਾ ਗਿਆ, ਕਿਉਂਕਿ ਬ੍ਰਾਹਮਣਾਂ ਦੇ ਘਰੇ ਜੰਮਿਆ ਸੀ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਜਨੂੰਨੀ ਸੰਗਠਨ ਜਿਵੇਂ ਹਿੰਦੂ ਜੈ ਸੰਮਤੀ ਬਾਰੇ, ਹਿੰਦੂ ਜੈ ਸੰਘ ਬਾਰੇ, ਸ਼ਿਵ ਸੈਨਾ ਬਾਰੇ, ਸੁਰੱਖਿਆ ਸੰਮਤੀ ਬਾਰੇ, ਸੰਗਠਨ ਸੰਮਤੀ ਬਾਰੇ। ਨਜਾਇਜ਼ ਬੰਦੂਕਾਂ ਵਾਲੇ, ਨਜਾਇਜ਼ ਗਰਨੇਡਾਂ ਵਾਲੇ, ਗਊ ਦੀ ਚਰਬੀ ਵਾਲੇ, ਤੰਬਾਕੂ ਸੁੱਟਣ ਵਾਲੇ ਆਦਿ ਜੇ ਸਿੱਖਾਂ ਨੂੰ ਹਮੇਸ਼ਾ ਹੀ ਗਾਲ੍ਹਾਂ ਕੱਢਦੇ ਹਨ, ਨਫ਼ਰਤ ਦੀ ਨਿਗ੍ਹਾ ਨਾਲ ਵੇਖਦੇ ਹਨ ਇਥੋਂ ਤੱਕ ਕਿ ਸਿੱਖ ਕੌਮ ਨੂੰ ਵੇਖਣਾ ਵੀ ਨਹੀਂ ਚਾਹੁੰਦੇ। ਕਦੇ ਹਿੰਦੁਸਤਾਨ ਦੇ ਇੱਕ ਵੀ ਹਿੰਦੂ ਨੇ ਕਦੇ ਕਿਹਾ ਕਿ ਇਹਨਾਂ ਸੰਗਠਨਾਂ ਨਾਲ ਸਾਡਾ ਕੋਈ ਸਬੰਧ ਨਹੀਂ ਕਿਉਂਕਿ ਲਗਭਗ ਇਨ੍ਹਾਂ ਸਭਨਾਂ ਦੀ ਇੱਕੋ ਹੀ ਸੋਚ ਹੈ।

24 ਸਰੂਪ ਸੀ ਗੁਰੂ ਗਰੰਥ ਸਾਹਿਬ ਜੀ ਦੇ ਪਾਣੀਪਤ ਸਾੜੇ ਗਏ। 6 ਗੁਰਦੁਆਰੇ ਸਾੜ ਦਿੱਤੇ ਆ, 125 ਸਿੱਖਾਂ ਦੇ ਕੇਸ ਕੱਟ ਦਿੱਤੇ। ਦਰਜਨਾਂ ਟਰੱਕ ਸਾੜ ਦਿੱਤੇ, ਕਈ ਕਾਰਾਂ ਸਾੜੀਆਂ, ਡੇਢ ਦਰਜਨ ਦੇ ਕਰੀਬ ਸਿੱਖਾਂ ਦਾ ਕਤਲ ਕੀਤਾ ਗਿਆ। ਸੈਂਕੜੇ ਦੁਕਾਨਾਂ ਸਿੱਖਾਂ ਦੀਆਂ ਸਾੜ ਦਿੱਤੀਆਂ ਗਈਆਂ। ਇੰਨੀ ਬੇਅਦਬੀ ਕੀਤੀ ਕਿ ਸਿੱਖਾਂ ਦੀ ਇੱਕ ਲੜਕੀ ਨੰਗੀ ਕਰਕੇ ਦੇ ਘੰਟੇ ਸੀ. ਟੀ. ਰੋਡ 'ਤੇ ਖੜ੍ਹੀ ਰੱਖੀ ਤੇ ਉਹਦੇ ਕੋਲ ਢੋਲ ਵਜਾ ਕੇ ਭੰਗੜਾ ਪਾਇਆ। ਇੰਨੀ ਵੱਡੀ ਗੁੰਡਾਗਰਦੀ ਅਤੇ ਕਤਲੋਗਾਰਤ ਕਰਨ ਵਾਲਿਆਂ ਬਾਰੇ ਰਾਜੀਵ ਗਾਂਧੀ ਨੇ ਬਿਆਨ ਦਿੱਤਾ ਕਿ ਹਰਿਆਣੇ ਦੇ ਹਿੰਦੂਆਂ ਨੇ ਭਾਰੀ ਸਬਰ ਤੋਂ ਕੰਮ ਲਿਆ ਹੈ ਇਸ ਲਈ ਉਹ ਵਧਾਈ ਦੇ ਪਾਤਰ ਹਨ। ਇਸ ਤੋਂ ਵੱਧ ਸਿੱਖਾਂ ਪ੍ਰਤੀ ਵਿਤਕਰੇ ਅਤੇ ਨਫ਼ਰਤ ਭਰਿਆ ਰਵੱਈਆ ਕੀ ਹੋ ਸਕਦਾ ਹੈ? ਇਸੇ ਤਰ੍ਹਾਂ ਜਲੰਧਰ ਦੇ ਰਹਿਣ ਵਾਲੇ ਸਿੱਖਾਂ ਪ੍ਰਤੀ ਵਿਤਕਰੇ ਅਤੇ ਨਫ਼ਰਤ ਭਰਿਆ ਰਵੱਈਆ ਕੀ ਹੋ ਸਕਦਾ ਹੈ? ਇਸੇ ਤਰ੍ਹਾਂ ਜਲੰਧਰ ਦੇ ਰਹਿਣ ਵਾਲੇ ਰੋਜ਼ਾਨਾ ਪ੍ਰਤਾਪ ਦੇ ਸੰਪਾਦਕ ਵਰਿੰਦਰ ਨੇ ਆਪਣੇ ਅਖ਼ਬਾਰ ਵਿੱਚ ਹਰਿਆਣਾ ਵਿੱਚ ਵਾਪਰੀਆਂ ਘਟਨਾਵਾਂ ਲਈ ਹਿੰਦੂਆਂ ਨੂੰ ਵਧਾਈਆਂ ਦਿੱਤੀਆਂ ਪਰ ਉਨ੍ਹਾਂ ਦੀ ਕੋਈ ਪੁੱਛ-ਪੜਤਾਲ ਨਹੀਂ।

ਪੰਡਿਤਾਂ ਦੇ ਘਰੇ ਜੰਮੀ ਕੁੜੀ, ਜਨਤਾ ਦੀਆਂ ਲੈ ਕੇ ਵੋਟਾਂ, ਹਿੰਦੁਸਤਾਨ ਦੀ ਬਣੀ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ, 1977 ਵਿੱਚ ਉਹਦੇ ਕੀਤੇ ਕਰਮਾਂ ਅਨੁਸਾਰ ਸੁਪਰੀਮ ਕੋਰਟ ਦੇ ਜੱਜ ਨੇ ਸਜ਼ਾ ਸੁਣਾ ਦਿੱਤੀ ਤੇ ਜੇਲ੍ਹ ਇੰਦਰਾ ਗਾਂਧੀ, 1977 ਵਿੱਚ ਉਹਦੇ ਕੀਤੇ ਕਰਮਾਂ ਅਨੁਸਾਰ ਸੁਪਰੀਮ ਕੋਰਟ ਦੇ ਜੱਜ ਨੇ ਸਜ਼ਾ ਸੁਣਾ ਦਿੱਤੀ ਤੇ ਜੇਲ੍ਹ ਭੁਗਤਣੀ ਪਈ। ਇਸ ਦੇ ਰੋਸ ਵਜੋਂ ਇੰਦਰਾ ਗਾਂਧੀ ਦੇ ਸਹਿਯੋਗੀ ਪਾਂਡੇ ਭਰਾਵਾਂ ਨੇ ਹਵਾਈ ਜਹਾਜ਼ ਅਗਵਾ ਕਰਕੇ ਭੁਗਤਣੀ ਪਈ। ਇਸ ਦੇ ਰੋਸ ਵਜੋਂ ਇੰਦਰਾ ਗਾਂਧੀ ਦੇ ਸਹਿਯੋਗੀ ਪਾਂਡੇ ਭਰਾਵਾਂ ਨੇ ਹਵਾਈ ਜਹਾਜ਼ ਅਗਵਾ ਕਰਕੇ

Scanned with CamScanner

ਰੋਸ ਮੁਜਾਹਰਾ ਕੀਤਾ। ਹਵਾਈ ਜਹਾਜ਼ ਅਗਵਾ ਕਰਨ ਬਦਲੇ ਉਨ੍ਹਾਂ 'ਚੋਂ ਇੱਕ ਨੂੰ ਯੂ. ਪੀ. ਵਿੱਚ, ਇੱਕ ਨੂੰ ਬਿਹਾਰ ਵਿੱਚ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਟਿਕਟਾਂ ਮਿਲੀਆਂ। ਜੋ 14 ਸਤੰਬਰ (1981) ਨੂੰ ਚੰਦੇ ਕਲਾਂ ਵਿੱਚ, ਸੰਗਤ ਦੀਆਂ ਦਿੱਤੀਆਂ ਹੋਈਆਂ 2 ਬੱਸਾਂ, ਉਹਨਾਂ ਵਿੱਚ ਪਈਆਂ ਗੁਰਬਾਣੀ ਦੀਆਂ ਪੋਥੀਆਂ ਨੂੰ ਅੱਗ ਲਾ ਕੇ ਸਾੜ ਦਿੱਤਾ ਅਤੇ ਪਿੰਡ ਵਾਸੀਆਂ ਦਾ 3 ਲੱਖ ਦਾ ਮਾਲ ਪੁਲਿਸ ਨੇ ਲੁੱਟਿਆ ਪਰ ਇਸ ਲਈ ਕਿਸੇ ਵੀ ਵਿਅਕਤੀ ਜਾਂ ਅਧਿਕਾਰੀ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ। ਪਰ ਗੁਰਬਾਣੀ ਦੇ ਹੋਏ ਨਿਰਾਦਰ ਨੂੰ ਨਾ ਸਹਾਰਦਿਆਂ ਹੋਇਆਂ ਭਾਈ ਗਜਿੰਦਰ ਸਿੰਘ ਹੁਰਾਂ ਨੇ ਰੋਸ ਮੁਜ਼ਾਹਰਾ ਕਰਨ ਵਾਸਤੇ ਹਵਾਈ ਜਹਾਜ਼ ਅਗਵਾ ਕਰਕੇ ਲਾਹੌਰ ਲੈ ਗਏ ਤੇ ਉਹਨਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਤੇ ਭਾਰਤ ਸਰਕਾਰ ਵਾਲੇ ਪਾਕਿਸਤਾਨ ਵਾਲਿਆਂ ਨੂੰ ਕਹਿੰਦੇ ਹਨ ਕਿ ਜਹਾਜ਼ ਦੇ ਅਗਵਾਕਾਰ ਸਿੱਖਾਂ ਨੂੰ ਸਾਡੇ ਪੇਸ਼ ਕੀਤਾ ਜਾਵੇ, ਇਹਨਾਂ ਨੂੰ ਫਾਂਸੀ ਲਾਉਣਾ ਹੈ। ਹੁਣ ਕੋਈ ਵੀ ਇਲਸਾਫ ਪਸੰਦ ਨਿਆਂ ਕਰੇ ਕਿ "ਪੰਡਿਤਾਂ ਦੀ ਕੁੜੀ" ਵਾਸਤੇ ਜਹਾਜ਼ ਅਗਵਾ ਹੋਵੇ ਤੇ ਸੀਟਾਂ ਤੇ ਕੁਰਸੀਆਂ ਮਿਲਦੀਆਂ ਹਨ ਤੇ ਸਿੱਖਾਂ ਦੇ ਇਸ਼ਟ ਵਾਸਤੇ ਜਹਾਜ਼ ਅਗਵਾ ਹੋਵੇ ਤੇ ਦੇਸ਼ ਨਿਕਾਲਾ ਮਿਲਦੈ।

ਪੰਡਿਤਾਂ ਦੀ ਕੁੜੀ ਇੰਦਰਾ ਵਾਸਤੇ ਜਹਾਜ਼ ਅਗਵਾ ਹੋਵੇ, ਰੋਸ ਮੁਜ਼ਾਹਰੇ ਵਾਸਤੇ ਐਮ. ਐਲ. ਏ. ਫਲੈਟ ਵਿੱਚ ਰਿਹਾਇਸ਼ੀ ਕਮਰਾ ਮਿਲਦਾ ਤੇ ਸਿੱਖਾਂ ਦੇ ਇਸ਼ਟ ਵਾਸਤੇ 4 ਅਗਸਤ (1982) ਨੂੰ ਗੁਰਬਖ਼ਸ਼ ਸਿੰਘ ਜਹਾਜ਼ ਅਗਵਾ ਕਰਦਾ ਤਾਂ ਉਹਦੀ ਲੱਤ 'ਚ ਟੀਕਾ ਲਾ ਕੇ ਲੱਤ ਗਾਲ਼ੀ ਜਾਂਦੀ ਹੈ। ਹਾਲਾਂਕਿ ਹਵਾਈ ਜਹਾਜ਼ ਅਗਵਾਕਾਰਾਂ ਦਾ ਰਵੱਈਆ ਇੱਕੋ ਜਿਹਾ ਹੀ ਹੈ, ਪਾਂਡੇ ਭਰਾਵਾਂ ਨੇ ਵੀ ਜਹਾਜ਼ ਦਾ ਜਾਂ ਜਹਾਜ਼ ਅਮਲੇ ਦਾ ਕੋਈ ਨੁਕਸਾਨ ਨਹੀਂ ਸੀ ਕੀਤਾ। ਇਸੇ ਤਰ੍ਹਾਂ ਸਿੱਖ ਅਗਵਾਕਾਰਾਂ ਨੇ ਵੀ ਜਹਾਜ਼ ਦਾ ਜਾਂ ਕਿਸੇ ਸਵਾਰੀ ਦਾ ਅਤੇ ਜਹਾਜ਼ ਦੇ ਅਮਲੇ ਦਾ ਕੋਈ ਨੁਕਸਾਨ ਨਹੀਂ ਕੀਤਾ। ਵਿਤਕਰਾ ਸਿਰਫ ਹਿੰਦੂ ਅਤੇ ਸਿੱਖ ਹੋਣ ਦਾ ਹੀ ਹੈ। ਸਭ ਦੇ ਸਾਹਮਣੇ ਹੈ ਹਿੰਦੂਆਂ ਲਈ ਨਜ਼ਰੀਆ ਹੋਰ ਹੈ ਅਤੇ ਸਿੱਖਾਂ ਲਈ ਹੋਰ।

ਜੇ ਪੰਡਿਤਾ ਦੀ ਕੁੜੀ ਇੰਦਰਾ ਗਾਂਧੀ ਵਾਸਤੇ ਜਹਾਜ਼ ਅਗਵਾ ਹੋਵੇ ਤਾਂ ਦੇਸ਼ ਭਗਤੀ ਦਾ ਖ਼ਿਤਾਬ ਮਿਲਦਾ ਤੇ ਸਿੱਖਾਂ ਦੇ ਇਸ਼ਟ ਦੀ ਬੇਅਦਬੀ ਦੇ ਰੋਸ ਵਜੋਂ ਜਹਾਜ਼ ਅਗਵਾ ਕੀਤਾ ਜਾਵੇ ਤਾਂ 20 ਅਗਸਤ (1982) ਨੂੰ ਮਨਜੀਤ ਸਿੰਘ ਉਰਫ਼ ਮੁਸੀਬਤ ਸਿੰਘ ਪਿੰਡ ਮਹਿਤਾ, ਅੰਮ੍ਰਿਤਸਰ, ਰਾਜਾਸਾਂਸੀ ਅੱਡੇ 'ਤੇ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ। ਸਵਾਲ ਇਸ ਗੱਲ ਦਾ ਹੈ ਕਿ ਕੀ ਹਿੰਦੁਸਤਾਨ ਵਿੱਚ ਸਿੱਖਾਂ ਦੇ ਇਸ਼ਟ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਤਿਕਾਰ, ਪੰਡਿਤਾਂ ਦੀ ਕੁੜੀ ਜਿੰਨਾ ਵੀ ਨਹੀਂ, ਤਾਂ ਦੱਸੋ ਸਿੱਖ ਭਾਰਤ ਵਿੱਚ ਗੁਲਾਮ ਨਹੀਂ ਤਾਂ ਹੋਰ ਕੀ ਹੈ? ਬਾਕੀ ਰੋਸ ਮੁਜ਼ਾਹਰਿਆਂ ਦੀ ਸਿਖਲਾਈ ਦਿੱਤੀ ਹੈ ਹਿੰਦੂਆਂ ਨੇ ਤੇ ਉਨ੍ਹਾਂ ਤੋਂ ਸਿੱਖ ਕੇ ਸਿੱਖਾਂ ਨੇ ਵੀ ਉਸੇ ਤਰ੍ਹਾਂ ਰੋਸ ਮੁਜ਼ਾਹਰਿਆਂ ਲਈ ਹਵਾਈ ਜਹਾਜ਼ ਅਗਵਾ ਕੀਤੇ। ਪਰ ਅਜਿਹੇ ਰੋਸ ਮੁਜਾਹਰਿਆਂ ਦੀ ਸਿਖਲਾਈ ਦੇਣ ਵਾਲਿਆਂ ਨੂੰ ਕੁਰਸੀਆਂ, ਕਿਉਂਕਿ ਹਿੰਦੂ ਸਨ ਅਤੇ ਸਿੱਖਣ ਵਾਲੇ ਅਗਵਾਕਾਰਾਂ ਨੂੰ ਤਸ਼ੀਹੇ ਅਤੇ ਮੌਤ ਦੀਆਂ ਸਜ਼ਾਵਾਂ, ਕਿਉਂਕਿ ਉਹ ਸਿੱਖ ਸਨ। ਇਹ ਗੁਲਾਮੀ ਦੀ ਨਿਸ਼ਾਨੀ ਹੈ।

ਜੇ ਸਿੱਖ ਦਾ ਪੁੱਤਰ ਜਗਜੀਤ ਸਿੰਘ ਅਰੋੜਾ ੯੦ ਹਜ਼ਾਰ ਪਾਕਿਸਤਾਨੀਆਂ ਤੋਂ ਹਥਿਆਰ ਸੁਟਾਉਂਦਾ ਆ ਤੇ ਬੰਗਲਾ ਦੇਸ਼ ਨੂੰ ਆਜ਼ਾਦ ਕਰਾ ਕੇ ਭਾਰਤ ਦਾ ਸਨਮਾਨ ਵਧਾਉਂਦਾ ਆ (ਤਾਂ) ਉਹਨੂੰ ੬ ਮਹੀਨੇ ਵਿੱਚ ਹੀ ਜਬਰੀ ਰਿਟਾਇਰ ਕੀਤਾ ਜਾਂਦਾ ਆ, ਪਰ ਟੋਪੀ ਵਾਲੇ ਮਾਣਕ ਸ਼ਾਹ ਨੂੰ ਟੈਲੀਫੋਨ ਕਰਦੇ ਨੂੰ ਹੀ ਤਰੱਕੀ ਦਿੱਤੀ ਜਾਂਦੀ ਆ। ਜਨਰਲ ਸੁਬੇਗ ਸਿੰਘ ਜਿਹੜਾ ਜਗਜੀਤ ਸਿੰਘ ਅਰੋੜਾ ਦਾ ਸਾਥੀ ਸੀ, ਨੇ ਮੁਸਲਮਾਨਾਂ ਤੋਂ ਹਥਿਆਰ ਸੁਟਾਏ ਤੇ ਉਹਨੂੰ ੭੩ ਤੋਂ ਲੈ ਕੇ ੮੨ ਤੱਕ ਪੈਨਸ਼ਨ ਵੀ ਨਹੀਂ ਦਿੱਤੀ ਗਈ। ਇਹ ਕਿਉਂ ਹੋਇਆ, ਕਿਉਂਕਿ ਉਹ ਸਿੱਖ ਆ? ਕੀ ਇਹ ਵਿਤਕਰਾ ਨਹੀਂ?

ਪਾਰਲੀਮੈਂਟ ਵਿੱਚ ਵੀ ਨਾਅਰੇ ਲੱਗ ਰਹੇ ਹਨ, ਰਾਸ਼ਟਰਪਤੀ ਭਵਨ ਵਿੱਚ ਵੀ ਲੱਗ ਰਹੇ ਹਨ, ਅਖ਼ਬਾਰਾਂ ਵਿੱਚ ਵੀ ਨਿਤਾਪ੍ਰਤੀ ਆਰਟੀਕਲ ਲਿਖੇ ਜਾ ਰਹੇ ਹਨ ਅਤੇ ਸਿੱਖ ਲੀਡਰ ਵੀ ਹਿੰਦੂ ਸਿੱਖ ਏਕਤਾ, ਹਿੰਦੂ ਸਿੱਖ ਏਕਤਾ ਦਾ ਨਾਅਰਾ ਦਿਨੇ ਰਾਤ ਕੂਕੀ ਜਾਂਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੇ ਇੱਕ ਵੀ ਹਿੰਦੂ ਨੇ ਕਦੇ ਕਿਸੇ ਅਖ਼ਬਾਰ ਵਿੱਚ ਖ਼ਬਰ ਦਿੱਤੀ ਹੈ ਕਿ 'ਸਿੱਖ ਹਿੰਦੂ ਏਕਤਾ', ਹਿੰਦੂ-ਸਿੱਖ ਏਕਤਾ ਤਾਂ ਰੋਜ਼ਾਨਾ ਹੀ ਕਿਹਾ ਜਾਂਦਾ ਹੈ ਪਰ 'ਸਿੱਖ ਹਿੰਦੂ ਏਕਤਾ' ਕਦੇ ਵੀ ਅਖ਼ਬਾਰਾਂ ਵਿੱਚ, ਪੜ੍ਹਿਆ ਕਿਸੇ ਨੇ? ਕਿਉਂਕਿ ਸਿੱਖਾਂ ਦਾ ਨਾਂ ਪਹਿਲਾਂ ਲਿਖਣਾ,

Scanned with CamScanner

ਇਹ ਲੋਕ ਗਊ ਹੱਤਿਆ ਦੇ ਬਰਾਬਰ ਸਮਝਦੇ ਹਨ। ਇਹ ਗੁਲਾਮੀ ਦੀ ਨਿਸ਼ਾਨੀ ਹੈ।

ਜਦੋਂ ਤੋਂ ਦੇਸ਼ ਆਜ਼ਾਦ ਹੋਇਆ 1947 ਤੋਂ ਲੈ ਕੇ ਹੁਣ ਤੱਕ ਭਾਰਤੀ ਫੌਜ ਵਿੱਚ ਕਿਸੇ ਵੀ ਸਿੱਖ ਅਫਸਰ ਨੇ ਕਿਸੇ ਹਿੰਦੂ ਨੂੰ ਮਾਰਿਆ ਹੋਵੇ? ਪਰ ਹਰ ਗੱਲ 'ਤੇ ਸਿੱਖ ਫੌਜੀਆਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਹੈ ਅਤੇ ਉਨ੍ਹਾਂ ਨਾਲ ਬੇਇਨਸਾਫੀ ਅਤੇ ਜ਼ੁਲਮ ਵੀ ਕੀਤਾ ਜਾਂਦਾ ਹੈ। ਅਟਾਰੀ ਬਾਰਡਰ 'ਤੇ ਇੱਕ ਬੈਰਕ ਵਿੱਚੋਂ ਇੱਕ ਸਟੇਨਗੰਨ ਗੁਆਚ ਗਈ ਉਸ ਦੇ ਸਬੰਧ ਵਿੱਚ ਸ. ਸ਼ੀਤਲ ਸਿੰਘ ਨੂੰ ਫੜ੍ਹ ਲਿਆ। ਹਿੰਦੂ ਅਫਸਰਾਂ ਨੇ ਆਪਣੀ ਮੌਜੂਦਗੀ ਵਿੱਚ ਉਸ ਉਪਰ ਤਸ਼ੱਦਦ ਕਰਵਾਇਆ। ਸ਼ੀਤਲ ਸਿੰਘ ਦੇ ਮੂੰਹ ਵਿੱਚ ਵਿਸ਼ਟਾ ਪਾਈ (ਗੰਦਗੀ) ਪਾਈ, ਅੱਖਾਂ ਵਿੱਚ ਮਿਰਚਾਂ ਪਾਈਆਂ ਗਈਆਂ, ਬਾਹਾਂ ਚੀਰ ਕੇ ਲੂਣ ਭਰਿਆ ਗਿਆ, ਸੂਲਾਂ ਕੰਡਿਆਂ ਉਪਰ ਦੀ ਘਸੀਸਿਆ ਗਿਆ। ਕੀ ਇਹ ਇਨਕੁਆਇਰੀ ਹੁੰਦੀ ਹੈ ਜਾਂ ਸਿੱਖਾਂ ਲਈ ਇਹੀ ਮਾਰਸ਼ਲ ਲਾਅ ਹੈ? ਬਾਅਦ ਵਿੱਚ ਸਟੇਨਗੰਨ ਲੱਭ ਗਈ ਇੱਕ ਡਰੰਮ ਵਿੱਚੋਂ, ਪਰ ਇੱਕ ਬੇਦੋਸ਼ੇ ਸ਼ੀਤਲ ਸਿੰਘ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਇਸੇ ਤਰ੍ਹਾਂ ਹੀ ਦੋ ਸਟੇਨਗੰਨਾਂ ਗੁਆਚੀਆਂ ਮੇਰਠ ਵਿੱਚ, ਜਿਸ ਦੇ ਦੋਸ਼ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦਾ ਰਹਿਣ ਵਾਲਾ ਪਿਆਰਾ ਸਿੰਘ ਫੜ੍ਹ ਲਿਆ ਅਤੇ ਉਸ ਨੂੰ ਅਣਮਨੁੱਖੀ ਤਸ਼ੱਦਦ ਰਾਹੀਂ ਮਾਰ ਦਿੱਤਾ ਗਿਆ। ਬਾਅਦ ਵਿੱਚ ਦੋਵੇਂ ਸਟੇਨਗੰਨਾਂ ਇੱਕ ਹਿੰਦੂ ਕਰਮਚਾਰੀ ਦੀ ਬੈਰਕ ਵਿੱਚੋਂ ਮਿਲ ਗਈਆਂ। ਪਰ ਪਿਆਰਾ ਸਿੰਘ ਤਾਂ ਵਾਪਸ ਨਹੀਂ ਆ ਸਕਦਾ। ਕੀ ਇਹ ਸਿੱਖਾਂ ਲਈ ਗੁਲਾਮੀ ਦੀ ਨਿਸ਼ਾਨੀ ਨਹੀਂ।

ਪੰਜਾਬ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜੋ ਵਿਦਿਆਰਥੀ ਪੜ੍ਹਦੇ ਹਨ ਉਨ੍ਹਾਂ ਵਿੱਚ ਹਿੰਦੂ ਵੀ ਹਨ, ਸਿੱਖ ਵੀ ਅਤੇ ਹੋਰ ਧਰਮਾਂ ਨਾਲ ਸਬੰਧਤ ਵੀ। ਪਰ ਫੈਡਰੇਸ਼ਨ ਨਾਲ ਸਬੰਧਤ ਸਿੱਖ ਵਿਦਿਆਰਥੀਆਂ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਪੁਲਿਸ ਵੱਲੋਂ ਦਿੱਤੇ ਜਾ ਰਹੇ ਹਨ, ਝੂਠੇ ਕੇਸ ਪਾ ਕੇ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ। ਕਈ ਫੈਡਰੇਸ਼ਨ ਦੇ ਵਿਦਿਆਰਥੀਆਂ ਦੀਆਂ ਤਾਂ ਲੱਤਾਂ ਤੱਕ ਤੋੜ ਦਿੱਤੀਆਂ ਗਈਆਂ, ਕਈਆਂ ਦੇ ਮੂੰਹ ਵਿੱਚ ਜ਼ਬਰਦਸਤੀ ਤੰਬਾਕੂ ਪਾਇਆ ਗਿਆ। ਕੀ ਇਹ ਸਿੱਖ ਵਿਦਿਆਰਥੀਆਂ ਨੂੰ ਗੁਲਾਮੀ ਦਾ ਅਹਿਸਾਸ ਨਹੀਂ ਕਰਵਾਇਆ ਜਾ ਰਿਹਾ?

ਕੁੱਝ ਕੁ ਉਦਾਹਰਨਾਂ ਪਿੰਡਾਂ ਵਿੱਚ ਵਸਣ ਵਾਲੇ ਰਹਿਤਵਾਨ ਸਿੱਖਾਂ ਦੀਆਂ ਦੇ ਰਹੇ ਹਾਂ ਕਿ ਸਿੱਖਾਂ ਨੂੰ ਕਿਸ ਤਰ੍ਹਾਂ ਗੁਲਾਮੀ ਦੀ ਜ਼ਿੰਦਗੀ ਬਸਰ ਕਰਨੀ ਪੈ ਰਹੀ ਹੈ। ਭਾਈ ਜਸ਼ਵੀਰ ਸਿੰਘ ਚੁੱਪਕੀਤੀ ਜ਼ਿਲ੍ਹਾ ਮੋਗਾ ਵਿਖੇ ਗੁਰਦੁਆਰੇ ਗ੍ਰੰਥੀ ਦੀ ਡਿਊਟੀ ਕਰਦਾ ਹੈ ਅਤੇ ਦਮਦਮੀ ਟਕਸਾਲ ਦਾ ਸਿੰਘ ਹੈ। ਇਸ ਉਪਰ ਦੋਸ਼ ਲਗਾਇਆ ਗਿਆ ਕਿ ਇਸ ਗ੍ਰੰਥੀ ਦੀ ਡਿਊਟੀ ਕਰਦਾ ਹੈ ਅਤੇ ਦਮਦਮੀ ਟਕਸਾਲ ਦਾ ਸਿੰਘ ਹੈ। ਇਸ ਉਪਰ ਦੋਸ਼ ਲਗਾਇਆ ਗਿਆ ਕਿ ਇਸ ਕੋਲ ਸਿੰਘ ਆਉਂਦੇ ਜਾਂਦੇ ਹਨ ਪਰ ਸਬੂਤ ਕੋਈ ਨਹੀਂ, ਇਸ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ, ਨਿਸ਼ਾਨ ਸੁੰਦਰ ਨਾਮ ਦੇ ਸਿਪਾਹੀ ਨੇ ਇਸ ਨੂੰ ਭਾਰੀ ਤਸੀਹੇ ਦਿੱਤੇ ਅਤੇ ਇਸਦੇ ਮੂੰਹ ਵਿੱਚ ਤੰਬਾਕੂ ਪਾਇਆ। ਇਸੇ ਤਰ੍ਹਾਂ ਭਾਈ ਜਗੀਰ ਸਿੰਘ ਸਪੁੱਤਰ ਸ. ਤਾਰਾ ਸਿੰਘ ਪਿੰਡ ਇੱਟਾਵਾਲੀ ਜ਼ਿਲ੍ਹਾ ਫਰੀਦਕੋਟ ਦਾ ਰਹਿਣ ਵਾਲਾ ਗਰੀਬ ਸਿੱਖ ਹੈ, ਘਰ ਪੱਕੀ ਬੁਣ ਕੇ ਗੁਜ਼ਾਰਾ ਕਰਦਾ ਹੈ। ਪੁਲਿਸ ਵੱਲੋਂ ਉਸ ਦੇ ਘਰ ਦੀ ਤਲਾਸ਼ੀ ਲਈ ਗਈ, ਘਰ ਵਿੱਚੋਂ ਕੋਈ ਇਤਰਾਜਯੋਗ ਵਸਤੂ ਪ੍ਰਾਪਤ ਨਾ ਹੋਈ। ਪਰ ਉਸ ਨੂੰ ਫਿਰ ਵੀ ਗ੍ਰਿਫਤਾਰ ਕੀਤਾ, ਅਣਮਨੁੱਖੀ ਤਸੀਹੇ ਦਿੱਤੇ, ਇੱਥੇ ਤੱਕ ਕਿ ਉਸਦਾ ਪੰਟ ਚੀਰ ਕੇ ਉਸ ਵਿੱਚ ਲੂਣ ਭਰ ਦਿੱਤਾ ਗਿਆ। ਬਾਅਦ ਵਿੱਚ ਇਲਾਕੇ ਦੇ ਮੋਹਤਬਰ ਸਿੱਖਾਂ ਵੱਲੋਂ ਜ਼ੋਰ ਪਾਉਣ 'ਤੇ ਉਸ ਨੂੰ ਛੱਡਿਆ ਗਿਆ। ਉਸਦਾ ਇਲਾਜ ਕਰਵਾਇਆ ਗਿਆ। ਲੰਮਾ ਸਮਾਂ ਜ਼ਖਮਾਂ ਦੀ ਪੀੜਾ ਸਹਿੰਦਾ ਰਿਹਾ।

ਇਸੇ ਤਰ੍ਹਾਂ ਭਾਈ ਕੁਲਵੰਤ ਸਿੰਘ ਨਾਗੋਕੇ ਪੁਲਿਸ ਵਾਲਿਆਂ ਨੇ ਫੜ੍ਹ ਲਿਆ, ਜੱਜ ਦੇ ਪੇਸ਼ੀ ਹੋਈ ਜੱਜ ਨੇ ਹੁਕਮ ਦਿੱਤਾ ਕਿ ਇਸਦਾ ਡਾਕਟਰੀ ਮੁਆਇਨਾ ਕਰਵਾਇਆ ਜਾਵੇ। ਸਾਰੇ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦਿਆਂ, ਉਸਦਾ ਕੋਈ ਡਾਕਟਰੀ ਮੁਆਇਨਾ ਨਾ ਹੋਣਿਆ ਬਲਕਿ ਉਸ ਨੂੰ ਇਨਾ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ ਕਿ ਉਸਦਾ ਅੰਗ-ਅੰਗ ਤੋੜ ਦਿੱਤਾ ਗਿਆ। ਲੋਹੇ ਦੇ ਸ਼ਰੀਏ ਗਰਮ ਕਰਕੇ ਉਸਦੇ ਸਰੀਰ ਵਿੱਚੋਂ ਲੰਘਾਏ ਗਏ। ਪੁਲਿਸ ਰਿਮਾਂਡ ਖਤਮ ਹੋਣ 'ਤੇ ਜਦੋਂ ਉਸਨੂੰ ਦੁਬਾਰਾ ਅਦਾਲਤ ਵਿੱਚ ਪੇਸ਼ ਕਰਨਾ ਸੀ ਪਰ ਉਹ ਅਜਿਹੀ ਹਾਲਤ ਵਿੱਚ ਨਹੀਂ ਸੀ ਕਿ ਉਸ ਨੂੰ ਅਦਾਲਤ ਸਾਹਮਣੇ ਵਿਖਾਇਆ ਜਾ ਸਕੇ। ਇਸ ਲਈ ਉਸਦਾ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤਾ ਗਿਆ। ਸਸਕਾਰ ਤੋਂ ਪਹਿਲਾਂ ਉਸਦਾ ਇਸ਼ਨਾਨ ਵੀ ਅਸੀਂ ਆਪਣੇ ਹੱਥੀਂ ਕਰਵਾਇਆ ਅਤੇ ਪੁਲਿਸ ਵੱਲੋਂ ਕੀਤਾ ਗਿਆ ਤਸ਼ੱਦਦ ਸਭ ਨੇ ਵੇਖਿਆ। ਉਸਦਾ ਕਸੂਰ ਸਿਰਫ ਏਨਾ ਸੀ ਕਿ ਉਹ ਦਮਦਮੀ ਟਕਸਾਲ ਨਾਲ ਸਬੰਧਤ ਸੀ।

ਸੁਹਿਰਦ ਸੰਤ ਖ਼ਾਲਸਾ

Scanned with CamScanner

ਸੀ। ਕੀ ਇਹ ਸਾਡੇ ਲਈ ਲੁਭੰਭਰ ਹਿੰਦੁਸਤਾਨ ਹੈ? ਜਿਹੜੇ ਲੋਕ ਕਹਿੰਦੇ ਹਨ, ਸਿੱਖਾਂ ਨੂੰ ਅਦਾਲਤਾਂ ਰਾਹੀਂ ਇਨਸਾਫ ਪ੍ਰਾਪਤ ਕਰਨਾ ਚਾਹੀਦਾ ਹੈ ਪਰ ਜੋ ਅਦਾਲਤ ਵਿੱਚ ਚੱਲ ਰਹੇ ਮੁਕੱਦਮਿਆਂ ਦੌਰਾਨ ਹੀ ਸਿੱਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਮਾਰ ਦਿੱਤਾ ਜਾਵੇ ਅਤੇ ਅਦਾਲਤਾਂ ਦੇ ਮੂੰਹ ਵੀ ਬੰਦ ਰਹਿਣ। ਫਿਰ ਇਹੀ ਸਮਝਣਾ ਪਵੇਗਾ ਕਿ ਗੁਲਾਮ ਲੋਕਾਂ ਨਾਲ ਅਜਿਹਾ ਵਰਤਾਓ ਹੀ ਹੁੰਦਾ ਹੈ ਜੋ ਸਾਡ ਨਾਲ ਹੋ ਰਿਹਾ ਹੈ।

ਇਸੇ ਤਰ੍ਹਾਂ ਭਾਈ ਗੁਰਮੀਤ ਸਿੰਘ ਜਿਸ ਨੂੰ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਉਪਰ ਰਾਹੋ ਵਿਖੇ ਬੰਬ ਸੁੱਟਣ ਦੇ ਸ਼ੱਕ ਵਜੋਂ ਗ੍ਰਿਫਤਾਰ ਕੀਤਾ ਗਿਆ ਅਤੇ ਬੇਤਹਾਸ਼ਾ ਤਸ਼ੱਦਦ ਕਰਕੇ ਉਸ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਉਹ ਕਹੇ ਕਿ ਜੋ ਬੰਬ ਰਾਹੋ ਵਿਖੇ ਸੁੱਟਿਆ ਗਿਆ ਹੈ ਉਹ ਭਿੰਡਰਾਂਵਾਲਿਆਂ ਤੋ ਲਿਆਂਦਾ ਸੀ। ਪਰ ਗੁਰਮੀਤ ਸਿੰਘ ਨੇ ਅਜਿਹਾ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਫਿਰ ਅਜਿਹਾ ਤਸ਼ੱਦਦ ਕੀਤਾ ਕਿ ਜਮੂਰਾਂ ਨਾਲ ਉਸਦੇ ਨਹੁੰ ਖਿੱਚ ਦਿੱਤੇ ਗਏ ਅਤੇ ਬਾਰ-ਬਾਰ ਉਸ ਤੋ ਇਹੀ ਅਖਵਾਉਣ ਦਾ ਯਤਨ ਕਰਦੇ ਰਹੇ, ਜਦ ਪੁਲਿਸ ਵਾਲਿਆਂ ਨੇ ਇਸ ਬਾਰੇ ਆਪਣੇ ਉੱਚ ਅਧਿਕਾਰੀਆਂ ਨੂੰ ਦੱਸਿਆ ਕਿ ਗੁਰਮੀਤ ਸਿੰਘ ਸਾਡੀ ਮਰਜ਼ੀ ਅਨੁਸਾਰ ਕੁੱਝ ਵੀ ਕਹਿਣ ਨੂੰ ਤਿਆਰ ਨਹੀਂ ਜਿੰਨਾ ਉਸ ਉਪਰ ਤਸ਼ੱਦਦ ਕਰਦੇ ਹਾਂ ਉਹ ਵਾਹਿਗੁਰੂ ਦਾ ਜਾਪ ਉੱਚੀ-ਉੱਚੀ ਕਰਦਾ ਹੈ ਤਾਂ ਉੱਚ ਅਧਿਕਾਰੀਆਂ ਦੇ ਕਹਿਣ ਤੇ ਉਸਦਾ ਵੀ ਝੂਠਾ ਪੁਲਿਸ ਮੁਕਾਬਲਾ ਬਣਾ ਦਿੱਤਾ ਗਿਆ।

ਇਸੇ ਤਰ੍ਹਾਂ ਭਾਈ ਅਮਰਜੀਤ ਸਿੰਘ ਦਹੇਰੂ, ਭਾਈ ਬਲਜੀਤ ਸਿੰਘ ਆਦਿ ਹੋਰ ਕਈ ਸਿੰਘਾਂ ਦਾ ਵੀ ਝੂਠਾ ਪੁਲਿਸ ਮੁਕਾਬਲਾ ਬਣਾਇਆ ਗਿਆ। ਕੀ ਇਨ੍ਹਾਂ ਝੂਠ ਪੁਲਿਸ ਮੁਕਾਬਲਿਆਂ ਦੀ ਤਫਤੀਸ਼ ਹੋਈ? ਕੀ ਇਹ ਚੁਨੌਤੀਆਂ ਦੇ ਸਾਹਮਣੇ ਨਹੀਂ ਕਿ ਕਾਨੂੰਨ ਨੂੰ ਕੌਣ ਆਪਣੇ ਹੱਥ ਵਿੱਚ ਲੈ ਰਿਹਾ ਹੈ? ਸਿੱਖ ਜਾਂ ਸਿੱਖਾਂ ਉਪਰ ਤਸ਼ੱਦਦ ਕਰਨ ਵਾਲੇ? ਇਹ ਸਭ ਗੁਲਾਮੀ ਦੀਆਂ ਨਿਸ਼ਾਨੀਆਂ ਹਨ।

ਵੱਖ-ਵੱਖ ਧਰਮਾਂ ਵਿੱਚ ਵਿਆਹ ਕਰਵਾਉਣ ਦੇ ਆਪੋ ਆਪਣੇ ਰੀਤੀ ਰਿਵਾਜ ਹਨ ਇਸੇ ਤਰ੍ਹਾਂ ਸਿੱਖਾਂ ਵਿੱਚ ਵਿਆਹ ਦੀ ਰਸਮ ਨੂੰ ਅਨੰਦ ਕਾਰਜ ਆਖਿਆ ਜਾਂਦਾ ਹੈ ਅਤੇ ਗੁਰੂ ਸਾਹਿਬ ਵੱਲੋਂ ਚਲਾਈ ਹੋਈ ਪ੍ਰੰਪਰਾ ਮੁਤਾਬਕ ਹਰ ਇੱਕ ਗੁਰਸਿੱਖ ਦਾ ਅਨੰਦ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੁੰਦਾ ਹੈ। ਇਸ ਸਮੇਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਉਚਾਰਨ ਕੀਤੀ ਬਾਣੀ ਲਾਵਾਂ ਦਾ ਪਾਠ ਕੀਤਾ ਜਾਂਦਾ ਹੈ। ਭਾਵ ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਹਨ ਅਤੇ ਚਾਰ ਵਾਰੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਰਮਾ ਕੀਤੀ ਜਾਂਦੀ ਹੈ। ਇਸ ਉਪਰੰਤ ਅਰਦਾਸ ਕੀਤੀ ਜਾਂਦੀ ਹੈ ਕਿ ਇਹ ਵਿਆਹ ਗੁਰਮਤਿ ਮਰਿਆਦਾ ਅਨੁਸਾਰ ਹੋਇਆ ਹੈ ਪਰ ਜਦੋਂ ਕਿਸੇ ਵੀ ਗੁਰਸਿੱਖ ਨੂੰ ਆਪਣਾ ਵਿਆਹ ਰਜਿਸਟਰਡ ਕਰਵਾਉਣਾ ਪਵੇ ਤਾਂ ਉਥੇ ਫਾਰਮ ਭਰਵਾਏ ਜਾਂਦੇ ਹਨ ਕਿ ਇਹ ਵਿਆਹ ਹਿੰਦੂ ਰਹੁ ਰੀਤੀ ਮੁਤਾਬਕ ਹੋਇਆ ਹੈ, ਤਾਂ ਵਿਆਹ ਰਜਿਸਟਰਡ ਕਰਦੇ ਹਨ। ਕੀ ਸਿੱਖਾਂ ਦਾ ਵਿਆਹ ਵੀ ਸਿੱਖ ਮਰਿਆਦਾ ਮੁਤਾਬਕ ਰਜਿਸਟਰਡ ਨਹੀਂ ਹੋ ਸਕਦਾ? ਇਸ ਤੋਂ ਵੱਡੀ ਗੁਲਾਮੀ ਦੀ ਜ਼ਲਾਲਤ ਕੀ ਹੋ ਸਕਦੀ ਹੈ?

ਹਿੰਦੁਸਤਾਨ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਹਿੰਦੀ ਬੋਲਣ ਵਾਸਤੇ, ਹਿੰਦੀ ਭਾਸ਼ਾ ਦੇ ਆਧਾਰ ਤੇ ਸੂਬਾ ਬਣਾਉਣ ਵਾਸਤੇ, ਹਿੰਦੂ ਇੱਕ ਵੱਖਰੀ ਕੌਮ ਕਹਾਉਣ ਵਾਸਤੇ, ਹਿੰਦੀ ਬੋਲਦੇ ਸੂਬਿਆਂ ਵਿੱਚ ਵਗ ਰਹੇ ਦਰਿਆਵਾਂ ਦੇ ਪਾਣੀ ਦੀ ਪ੍ਰਾਪਤੀ ਵਾਸਤੇ, ਹਿੰਦੂ ਧਾਰਮਿਕ ਸ਼ਹਿਰਾਂ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ, ਹਿੰਦੂ ਧਾਰਮਿਕ ਮੰਦਿਰਾਂ ਦੇ ਨਾਂ ਉਪਰ ਰੇਲ ਗੱਡੀ ਦਾ ਨਾਮ ਰਖਵਾਉਣ ਵਾਸਤੇ, ਹਿੰਦੂ ਧਾਰਮਿਕ ਚਿੰਨ੍ਹ ਜਨੇਊ ਆਦਿ ਪਾ ਕੇ ਜਹਾਜ ਵਿੱਚ ਸਫਰ ਕਰਨ ਵਾਸਤੇ, ਹਿੰਦੀ ਬੋਲਦੇ ਸੂਬਿਆਂ ਵਿੱਚ ਬਿਜਲੀ ਬਣਾਉਣ ਲਈ ਹੈਡ ਵਰਕਸ ਦੀ ਮਨਜ਼ੂਰੀ ਲੈਣ ਵਾਸਤੇ ਕਿਸੇ ਇੱਕ ਵੀ ਹਿੰਦੂ ਆਗੂ ਨੂੰ ਜੇਲ੍ਹ ਕੱਟਣੀ ਪਈ ਜਾਂ ਮੋਰਚਾ ਲਾਉਣਾ ਪਿਆ? ਜਾਂ ਕੋਈ ਮੁਜਾਹਰਾ ਕਰਨਾ ਪਿਆ? ਉਨ੍ਹਾਂ ਨੂੰ ਸਭ ਕੁੱਝ ਉੱਝ ਹੀ ਪ੍ਰਾਪਤ ਹੋ ਗਿਆ। ਪਰ ਇਸਦੇ ਉਲਟ ਉਪਰੋਕਤ ਸਾਰੀਆਂ ਹੱਕੀ ਮੰਗਾਂ ਪ੍ਰਾਪਤ ਕਰਨ ਲਈ ਸਿੱਖਾਂ ਨੂੰ ਧਰਮ ਯੁੱਧ ਮੋਰਚਾ ਲਾਉਣਾ ਪਿਆ। ਦੋ ਕੁ ਲੱਖ ਤੋਂ ਵੱਧ ਸਿੱਖਾਂ ਨੂੰ ਜੇਲ੍ਹ ਜਾਣਾ ਪਿਆ, 200 ਤੋਂ ਉਪਰ ਸ਼ਹੀਦ ਹੋ ਚੁੱਕੇ ਹਨ ਪਰ ਸਾਡੇ ਬਣਦੇ ਹੱਕ ਦੇਣ ਨੂੰ ਹਿੰਦ ਸਰਕਾਰ ਤਿਆਰ ਨਹੀਂ। ਇਹ ਸਿੱਖਾਂ ਦੀ ਗੁਲਾਮੀ ਦੀ ਵੱਡੀ ਨਿਸ਼ਾਨੀ ਹੈ।

ਅਜਿਹੀਆਂ ਹੋਰ ਵੀ ਕਈ ਉਦਾਹਰਨਾਂ ਹਨ ਪਰ ਨਮੂਨੇ ਮਾਤਰ ਕੁੱਝ ਮਸਲੇ ਤੁਹਾਡੇ ਸਾਹਮਣੇ ਰੱਖੇ ਹਨ ਤਾਂ ਕਿ ਦੇਸ਼-ਵਿਦੇਸ਼ ਵਿੱਚ ਬੈਠੇ ਸਿੱਖ ਸਮਝ ਲੈਣ ਕਿ ਅਸੀਂ ਹਿੰਦੁਸਤਾਨ ਵਿੱਚ ਗੁਲਾਮ ਹਾਂ।

Scanned with CamScanner

ਹਿੰਦੂ ਪੱਕਾ ਹਿੰਦੂ ਬਣੇ

ਸਾਡੇ ਵੱਲੋਂ ਹਿੰਦੂ ਕੌਮ ਨਾਲ ਕੋਈ ਝਗੜਾ ਨਹੀਂ ਬਲਕਿ ਕੁਝ ਇਤਰਾਜ਼ ਹਨ ਕਿ ਸਿੱਖਾ ਉੱਪਰ ਹੋ ਰਹੀਆਂ ਵਧੀਕੀਆਂ ਵਿਰੁੱਧ ਹਿਦੂ ਕੌਮ ਅਤੇ ਇਸਦੇ ਆਗੂਆਂ ਨੂੰ ਹਾਅ ਦਾ ਨਾਅਰਾ ਜ਼ਰੂਰ ਮਾਰਨਾ ਚਾਹੀਦਾ ਹੈ। ਬਾਕੀ ਸਾਡਾ ਝਗੜਾ ਬੋਲਿਨਸਾਹੀ ਨਾਲ ਹੈ। ਹੁਣ ਹਿਦੁਸਤਾਨ ਦਾ ਹੁਕਮਰਾਨ ਹਿੰਦੂ ਹੋਣ ਕਰਕੇ, ਸਾਨੂੰ ਹਿਦੂ ਸਾਮਰਾਜ ਨਾਲ ਹੱਕੀ ਮੰਗਾ ਲਈ ਜੂਝਣਾ ਪੈ ਰਿਹਾ ਹੈ। ਬਾਕੀ ਅਸੀਂ ਚਾਹੁੰਦੇ ਹਾਂ ਕਿ ਹਿਦੂ ਪੱਕੇ ਹਿੰਦੂ ਬਣਨ, ਹਰ ਇੱਕ ਹਿਦੂ ਸਰੀਰ ਨੂੰ 12 ਤਿਲਕ ਲਗਾਵੇ, ਸਿਰ 'ਤੇ ਬੋਦੀ ਰੱਖੇ, ਟੋਪੀ ਰੱਖੇ, ਨੌ ਧਾਗਿਆਂ ਦਾ ਜਨੇਊ ਗਲ ਵਿੱਚ ਪਾਵੇ, ਸ਼ਿਵਲਿੰਗ ਦਾ ਚਰਨਾਮ੍ਰਿਤ ਲਵੇ ਉਸਦੀ ਪੂਜਾ ਕਰੇ, ਸ਼ਿਵ ਦੁਆਲੇ ਟੱਲੀਆਂ ਖੜਕਾਵੇ ਅਤੇ ਤੰਬਾਕੂ ਸਮੇਤ ਕੋਈ ਨਸ਼ਾ ਨਾ ਵਰਤੇ। ਅਜਿਹੇ ਹਿਦੂ ਨਾਲ ਸਾਨੂੰ ਕੋਈ ਨਫਰਤ ਨਹੀਂ, ਅਸੀਂ ਉਸਨੂੰ ਬਣਦਾ ਸਤਿਕਾਰ ਦੇਵਾਂਗੇ।

ਮੁਸਲਮਾਨ ਪੱਕਾ ਮੁਸਲਮਾਨ ਬਣੇ

ਜੇਕਰ ਕੋਈ ਇਨਸਾਨ ਮੁਸਲਮਾਨ ਹੈ ਤਾਂ ਉਹ ਇਸਲਾਮ ਮੱਤ ਦਾ ਪੱਕਾ ਧਾਰਨੀ ਹੋਵੇ। ਪੰਜ ਟਾਈਮ ਨਿਮਾਜ਼ ਪੜ੍ਹੇ, ਕੁਰਾਨ ਮੁਤਾਬਿਕ ਨਿਮਾਜ਼ਾਂ ਪੜ੍ਹਣ ਦਾ ਇਲਮ ਸਿੱਖੇ, ਸੁੰਨਤ ਕਰਵਾਏ, ਖੁਦਾ ਦਾ ਉਪਾਸ਼ਕ ਹੋਵੇ, ਕੁਰਾਨ ਪੜ੍ਹਨੀ ਜਾਣਦਾ ਹੋਵੇ ਅਤੇ ਉਸਦੇ ਅਸੂਲਾਂ ਉਪਰ ਚੱਲੇ, ਨਰਮਦਿਲ ਹੋਵੇ, ਤੰਬਾਕੂ ਆਦਿ ਨਾ ਵਰਤਦਾ ਹੋਵੇ, ਅਜਿਹਾ ਮੁਸਲਮਾਨ ਹੋਵੇ ਤਾਂ ਉਸਦਾ ਬਰਾਬਰ ਮਾਨ-ਸਨਮਾਨ ਕਰਨਾ ਚਾਹੀਦਾ ਹੈ।

ਸਿੱਖ ਪੱਕਾ ਰਹਿਤਵਾਨ ਸਿੱਖ ਬਣੇ

ਹਰ ਸਿੱਖ ਅੰਮ੍ਰਿਤ ਵੇਲੇ ਜਾਗੇ, ਇਸ਼ਨਾਨ ਕਰ ਉਪਰੰਤ ਬਾਣੀ ਪੜ੍ਹੇ, ਨਿੱਤਨੇਮੀ ਬਣੇ, ਨਸ਼ਿਆਂ ਤੋਂ ਬਚੇ, ਰਹਿਤ ਵਿੱਚ ਤਿਆਰ-ਬਰ-ਤਿਆਰ ਰਹੇ, ਆਪਣੀ ਸੱਚੀ ਕਿਰਤ ਵਿੱਚੋਂ ਧਰਮ ਹਿਤ ਦਸਵੰਧ ਕੱਢੇ, ਧਰਮ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਰਹੇ, ਆਪਣੇ ਬੱਚੇ ਬੱਚੀਆਂ ਨੂੰ ਗੁਰਬਾਣੀ ਅਤੇ ਗੁਰਇਤਿਹਾਸ ਨਾਲ ਜੋੜੇ, ਜੇ ਕੋਈ ਐਸਾ ਸਿੱਖ ਹੋਵੇ ਤਾਂ ਉਸ ਨਾਲ ਅਸੀਂ ਪਿਆਰ ਕਰਦੇ ਹਾਂ। ਮੇਰੇ ਸਾਰਿਆਂ ਨੂੰ ਇਹੋ ਅਪੀਲ ਆ ਕਿ ਕਿਸੇ ਨੂੰ ਵੀ ਸ਼ਰਾਬ ਨਹੀਂ ਪੀਣੀ ਚਾਹੀਦੀ। ਜੇ ਕੋਈ ਅੰਮ੍ਰਿਤਧਾਰੀ ਸਿੱਖ, ਰਾਗੀ, ਸੰਤ, ਮਹਾਤਮਾ, ਗ੍ਰੰਥੀ, ਪ੍ਰਚਾਰਕ ਭਾਵੇਂ ਉਹ ਭਿੰਡਰਾਂਵਾਲੇ ਜਥੇ ਦਾ ਈ ਹੋਵੇ ਤੇ ਕ੍ਰਿਪਾਨਧਾਰੀ ਹੋਵੇ ਤੇ ਉਹ ਸ਼ਰਾਬ ਪੀਂਦਾ ਹੋਵੇ ਜਿੱਥੇ ਵੀ ਉਹ ਜਾਵੇ, ਉਹਦਾ ਮੂੰਹ ਕਾਲਾ ਕਰੋ ਅਤੇ ਗਲ 'ਚ ਛਿੱਤਰਾਂ ਦਾ ਹਾਰ ਪਾਉ, ਕਿਉਂਕਿ ਜੋ ਜ਼ਿੰਮੇਵਾਰ ਵਿਅਕਤੀ ਹੀ ਨਸ਼ਿਆਂ ਤੋਂ ਰਹਿਤ ਨਾ ਹੋ ਸਕੇ ਤਾਂ ਪ੍ਰਚਾਰ ਕੀ ਕਰਨਗੇ? ਅਤੇ ਉਨ੍ਹਾਂ ਦੇ ਕੀਤੇ ਹੋਏ ਪ੍ਰਚਾਰ ਦਾ ਸੰਗਤ ਉਪਰ ਕੀ ਅਸਰ ਹੋਵੇਗਾ?

ਸੰਤਾਂ ਵੱਲੋਂ ਜਥੇ ਦੇ ਪ੍ਰਚਲਿਤ ਕਾਰਜ ਆਮ ਵਾਂਗ ਹੀ ਚੱਲਦੇ ਰਹੇ

ਧਰਮ ਯੁੱਧ ਮੋਰਚੇ ਦੇ ਦੌਰਾਨ ਭਾਵੇਂ ਨਿੱਤ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਸੰਤ ਜਿੱਥੇ ਇਨ੍ਹਾਂ ਚੁਣੌਤੀਆਂ ਨੂੰ ਨਜਿੱਠਦੇ, ਉੱਥੇ ਨਾਲ-ਨਾਲ ਜਥੇ ਦੇ ਪ੍ਰਚਲਿਤ ਕਾਰਜਾਂ ਨੂੰ ਆਮ ਵਾਂਗ ਹੀ ਜਾਰੀ ਰੱਖਿਆ। ਪੂਰੇ ਭਾਰਤ ਭਰ ਵਿੱਚ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਜਾਰੀ ਰੱਖਿਆ। ਇਸ ਸਮੇਂ ਰੁਝੇਵਿਆਂ ਕਾਰਨ ਸੰਤ ਆਪ ਭਾਵੇਂ ਬਾਹਰ ਨਹੀਂ ਜਾ ਸਕਦੇ ਸਨ ਪਰ ਜਥੇ ਦੇ ਗਿਆਨੀ ਅਤੇ ਰਾਗੀ ਸਿੰਘਾਂ ਨੂੰ ਭੇਜ ਕੇ ਪਿੰਡਾਂ ਸ਼ਹਿਰਾਂ ਵਿੱਚ ਇਹ ਕਾਰਜ ਲਗਾਤਾਰ ਜਾਰੀ ਰਿਹਾ। ਇਸੇ ਤਰ੍ਹਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਜੋ ਵਿਦਿਆਰਥੀ ਗੁਰਮੱਤ ਕੀਰਤਨ ਵਿਦਿਆਲੇ ਵਿੱਚ ਸਿੱਖਿਆ ਲੈ ਰਹੇ ਸਨ ਅਤੇ ਗੁਰਬਾਣੀ ਦੀ ਸੰਥਿਆ ਪੜ੍ਹ ਰਹੇ ਸਨ ਉਨ੍ਹਾਂ ਦੀ ਸਮੁੱਚੀ ਦੇਖ-ਰੇਖ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਕਰ ਰਹੇ ਸਨ। ਇੱਥੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਥੇ ਦੀ ਚੱਲ ਰਹੀ ਲੜੀਵਾਰ ਕਥਾ ਨੂੰ ਵੀ ਜਾਰੀ ਰੱਖਿਆ ਗਿਆ। ਪਹਿਲੇ ਸੰਤਾਂ ਵਾਂਗ ਦਮਦਮੀ ਟਕਸਾਲ ਅਤੇ ਟਕਸਾਲ ਨਾਲ ਸਬੰਧਿਤ ਪਰਿਵਾਰਾਂ ਵਿੱਚ ਆਨੰਦ ਕਾਰਜ ਸਮਾਗਮ ਵੀ ਚੱਲਦੇ ਰਹੇ। ਇਥੇ ਰਹਿੰਦਿਆਂ ਸੰਤਾਂ ਨੇ ਬਹੁਤ ਸਾਰੇ ਸਿੰਘਾਂ ਦੇ ਅਨੰਦ ਕਾਰਜ ਕੀਤੇ ਜਿਨ੍ਹਾਂ ਵਿੱਚ ਸੰਤਾਂ ਦਾ ਪੀਏ ਭਾਈ ਰਜਪਾਲ ਸਿੰਘ, ਗਿਆਨੀ ਬਘਬੀਰ ਸਿੰਘ 'ਪੰਡਿਤ', ਭਾਈ ਮੋਹਕਮ ਸਿੰਘ, ਗਿਆਨੀ ਜਸਵੰਤ ਸਿੰਘ ਕਥਾਵਾਚਕ ਮੰਜੀ ਸਾਹਿਬ, ਭਾਈ ਠਾਕੁਰ ਸਿੰਘ ਪਟਿਆਲਾ, ਭਾਈ ਗੁਰਜੀਤ ਸਿੰਘ ਹਰੀਹਰ ਝੰਕ, ਭਾਈ ਪੰਨਾ ਸਿੰਘ, ਭਾਈ ਰਾਮ ਸਿੰਘ ਰਾਗੀ, ਭਾਈ ਮੁਖਤਿਆਰ ਸਿੰਘ ਮੁਖੀ, ਭਾਈ ਹਰਮਿੰਦਰ ਸਿੰਘ ਸੰਧੂ, ਭਾਈ ਰਜਿੰਦਰ ਸਿੰਘ ਮਹਿਤਾ, ਰਾਗੀ ਗੁਰਸ਼ਰਨ ਸਿੰਘ, ਭਾਈ ਨੰਦ ਸਿੰਘ,

Scanned with CamScanner

ਗਰੀ ਦਿਆਲ ਸਿੰਘ, ਭਾਈ ਗੁਰਮੇਲ ਸਿੰਘ ਪੁੱਤਰ ਸੰਤਾ ਸਿੰਘ ਰੋਡੇ ਆਦਿ ਸਿੰਘਾ ਦੇ ਅਨੰਦ ਕਾਰਜ ਕੀਤੇ। ਇਸ ਤੋਂ ਇਲਾਵਾ ਵੀ ਕੁੱਝ ਸਿੰਘ ਹੋਰ ਹੋ ਸਕਦੇ ਹਨ। ਯਾਦ ਰਹੇ ਕਿ ਸੰਤ ਅੰਮ੍ਰਿਤਧਾਰੀ ਪਰਿਵਾਰਾਂ ਦੇ ਹੀ ਅਨੰਦ ਕਾਰਜ ਕਰਦੇ ਸਨ ਜੋ ਗੰਹਿਤ ਵਿੱਚ ਤਿਆਰ-ਬਰ-ਤਿਆਰ ਹੁੰਦੇ ਸਨ। ਇਨ੍ਹਾਂ ਸਭਨਾਂ ਦੀ ਇਕੱਲੇ-ਇਕੱਲੇ ਦੀ ਵਿਥਿਆ ਹੈ। ਇਥੇ ਟੂਕ ਮਾਤਰ ਇੱਕ ਉਦਾਹਰਣ ਦੱਸਦੇ ਹਾਂ:-

ਜਦੋਂ ਭਾਈ ਅਮਰੀਕ ਸਿੰਘ ਅਤੇ ਬਾਬਾ ਠਾਕੁਰ ਸਿੰਘ ਗੁਰਦਾਸਪੁਰ ਜੇਲ੍ਹ ਵਿੱਚ ਬੰਦ ਸਨ ਤਾਂ ਉਸ ਸਮੇਂ ਨੇੜਲੇ ਪਿੰਡ ਦਾ ਵਸਨੀਕ ਭਾਈ ਵਿਰਸਾ ਸਿੰਘ ਅਕਸਰ ਹੀ ਇਨ੍ਹਾਂ ਦੀ ਮੁਲਾਕਾਤ ਕਰਨ ਆ ਜਾਇਆ ਕਰਦਾ ਸੀ। ਇੱਕ ਦਿਨ ਸਾਧਾਰਨ ਹੀ ਸ. ਵਿਰਸਾ ਸਿੰਘ ਨੇ ਭਾਈ ਅਮਰੀਕ ਸਿੰਘ ਨੂੰ ਕਿਹਾ ਕਿ ਮੇਰੀ ਪੁੱਤਰੀ ਵਿਆਹੁਣਯੋਗ ਹੈ ਤੁਸੀਂ ਕਿਸੇ ਯੋਗ ਥਾਂ 'ਤੇ ਮੇਰੀ ਪੁੱਤਰੀ ਦਾ ਰਿਸ਼ਤਾ ਕਰਵਾ ਦਿਉ। ਭਾਈ ਅਮਰੀਕ ਸਿੰਘ ਨੇ ਕਿਹਾ ਕਿ ਮੇਰ ਤਾਏ ਦਾ ਪੁੱਤਰ ਭਾਈ ਜਸਵੰਤ ਸਿੰਘ ਹੈ ਉਸ ਬਾਰੇ ਮੈਂ ਧਿਆਨ ਵਿੱਚ ਰੱਖਾਂਗਾ ਅਤੇ ਇਸ ਬਾਰੇ ਸੰਤਾਂ ਨਾਲ ਵੀ ਗੱਲ ਕਰਾਂਗਾ। ਜਦੋਂ ਭਾਈ ਅਮਰੀਕ ਸਿੰਘ ਜੇਲ੍ਹ ਤੋਂ ਰਿਹਾਅ ਹੋਏ ਤਾਂ ਭਾਈ ਵਿਰਸਾ ਸਿੰਘ ਨੇ ਭਾਈ ਅਮਰੀਕ ਸਿੰਘ ਨੂੰ ਇਹ ਗੱਲ ਫਿਰ ਯਾਦ ਕਰਵਾਈ ਤਾਂ ਉਸ ਨੇ ਇਸ ਬਾਰੇ ਸੰਤਾਂ ਨੂੰ ਦੱਸਿਆ। ਸੰਤਾਂ ਨੇ ਭਾਈ ਜਸਵੰਤ ਸਿੰਘ ਨੂੰ ਸੱਦਿਆ ਅਤੇ ਸ. ਵਿਰਸਾ ਸਿੰਘ ਨੂੰ ਦੱਸਿਆ ਕਿ ਆਹ ਸਿੰਘ ਹੈ। ਉਸ ਸਮੇਂ ਸੰਤ ਗੁਰੂ ਨਾਨਕ ਨਿਵਾਸ ਦੀ ਉਪਰਲੀ ਮੰਜ਼ਿਲ 'ਤੇ ਬੈਠੇ ਸਨ। ਕੁੱਝ ਸਮੇਂ ਬਾਅਦ ਭਾਈ ਜਸਵੰਤ ਸਿੰਘ ਇੱਥੋਂ ਚਲੇ ਗਏ। ਬਾਅਦ ਵਿੱਚ ਵਿਰਸਾ ਸਿੰਘ ਨੇ ਕਿਹਾ ਕਿ ਅਸੀਂ ਸਾਧਾਰਨ ਜ਼ਿਮੀਂਦਾਰ ਹਾਂ ਇਸ ਲਈ ਵਿਆਹ ਸਮੇਂ ਜਿਆਦਾ ਖਰਚ ਨਹੀਂ ਕਰ ਸਕਦੇ ਅਤੇ ਦੂਸਰੀ ਬੇਨਤੀ ਹੈ ਕਿ ਅਸੀਂ ਭਾਈ ਜਸਵੰਤ ਸਿੰਘ ਬਾਰੇ ਵੀ ਕੁੱਝ ਨਹੀਂ ਜਾਣਦੇ ਕਿ ਇਸ ਪਾਸ ਕਿੰਨੀ ਜ਼ਮੀਨ ਜਾਇਦਾਦ ਹੈ ਤਾਂ ਸੰਤਾਂ ਨੇ ਕਿਹਾ ਕਿ ਤੁਸੀਂ ਮੇਰੇ ਕੋਲ ਆਏ ਹੋ ਅਤੇ ਸਾਰੀ ਗੱਲ ਦਾ ਫਿਕਰ ਵੀ ਮੈਨੂੰ ਹੀ ਹੈ। ਜਿੱਥੋਂ ਤੱਕ ਭਾਈ ਜਸਵੰਤ ਸਿੰਘ ਦੀ ਗੱਲ ਉਸ ਦੀ ਜ਼ਮੀਨ ਜਾਇਦਾਦ ਮੈਂ ਹਾਂ। ਇਸ ਬਾਰੇ ਤੁਹਾਨੂੰ ਫਿਕਰ ਕਰਨ ਦੀ ਲੋੜ ਨਹੀਂ। ਤੁਹਾਡੀ ਬੱਚੀ ਮੇਰੀ ਵੀ ਬੱਚੀਆਂ ਸਮਾਨ ਹੈ। ਉਨ੍ਹਾਂ ਕਿਹਾ ਕਿ ਜੇ ਇਹ ਗੱਲ ਹੈ ਤਾਂ ਫਿਰ ਸਾਨੂੰ ਕਿਸ ਗੱਲ ਦਾ ਫਿਕਰ ਹੈ, ਤੁਸੀਂ ਜਦੋਂ ਚਾਹੋ ਅਨੰਦ ਕਾਰਜ ਕਰ ਦਿਉ।

ਅਗਲੇ ਦਿਨ ਭਾਈ ਜਸਵੰਤ ਸਿੰਘ ਸੰਤਾਂ ਕੋਲ ਆ ਕੇ ਕਹਿਣ ਲੱਗਾ ਕਿ ਸੰਤ ਜੀ, ਮੈਂ ਵਿਆਹ ਨਹੀਂ ਕਰਵਾਵਾਂਗਾ ਕਿਉਂਕਿ ਮੇਰੇ ਕੋਲ ਕੋਈ ਖਾਸ ਸਾਧਨ ਨਹੀਂ ਜਿਨ੍ਹਾਂ ਨਾਲ ਮੈਂ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਅ ਸਕਾਂ ਸੰਤਾਂ ਨੇ ਕਿਹਾ ਕਿ ਤੈਨੂੰ ਫਿਕਰ ਕਰਨ ਦੀ ਕੋਈ ਲੋੜ ਨਹੀਂ ਇਹ ਜ਼ਿੰਮੇਵਾਰੀ ਮੇਰੀ ਹੈ ਤੇਰੀ ਜ਼ਿੰਮੇਵਾਰੀ ਕਥਾ ਕਰਨੀ, ਪ੍ਰਚਾਰ ਕਰਨਾ ਹੈ ਅਤੇ ਫਿਰ ਥੋੜ੍ਹਾ ਮੁਸਕਰਾ ਕੇ ਕਹਿਣ ਲੱਗੇ ਕਿ ਜੋਕਰ ਰੋਜ਼ਾਨਾ ਹੀ ਤੇਰੇ ਸਿਰਾਹਣੇ ਥੱਲਿਓਂ ਲੋੜ ਅਨੁਸਾਰ ਮਾਇਆ ਮਿਲ ਜਾਇਆ ਕਰੇ, ਫਿਰ ਤਾਂ ਠੀਕ ਹੈ? ਭਾਈ ਜਸਵੰਤ ਸਿੰਘ ਚੁੱਪ ਰਿਹਾ, ਸੰਤ ਕਹਿਦੇ ਅਜਿਹਾ ਹੀ ਹੋਵੇਗਾ ਤੂੰ ਫਿਕਰ ਨਾ ਕਰ। ਕੁੱਝ ਦਿਨਾਂ ਬਾਅਦ ਹੀ ਉਸ ਦਾ ਅਨੰਦ ਕਾਰਜ ਕਰ ਦਿੱਤਾ। ਵਿਆਹ ਤੋਂ ਕੁੱਝ ਸਮਾ ਬਾਅਦ ਹੀ ਸੰਤਾਂ ਨੇ ਗਿਆਨੀ ਜਸਵੰਤ ਸਿੰਘ ਨੂੰ ਹਾਲ-ਚਾਲ ਪੁੱਛਿਆ ਤਾਂ ਉਸ ਨੇ ਕੁੱਝ ਅਧੀਨਗੀ ਜਿਹੇ ਨਾਲ ਕਿਹਾ ਕਿ ਹਾਲ ਚਾਲ ਬਹੁਤਾ ਵਧੀਆ ਨਹੀਂ, ਕਿਉਂਕਿ ਮੇਰੀ ਸਿਘਣੀ ਆਮ ਲੋਕਾਂ ਵਾਂਗ ਹੀ ਜ਼ਿਗਾਰ ਕਰਨ ਦੀ ਰੀਝ ਰੱਖਦੀ ਹੈ ਜੋ ਟਕਸਾਲੀ ਪਰਿਵਾਰਾਂ ਵਿੱਚ ਵੱਥਦਾ ਨਹੀਂ। ਉਸ ਸਮੇਂ ਗਿਆਨੀ ਦੀ ਸਿਘਣੀ ਬਲਜੀਤ ਕੌਰ ਵੀ ਨਾਲ ਹੀ ਸੀ। ਸੰਤਾਂ ਨੇ ਉਸ ਨੂੰ ਕਿਹਾ ਕਿ ਦੇਖ ਬੀਬੀ, ਇਹ ਸਾਡਾ ਗਿਆਨੀ ਸਿੰਘ ਹੈ ਇਸ ਦੀ ਇੱਜ਼ਤ ਸਾਡੀ ਇੱਜ਼ਤ ਹੈ ਅਤੇ ਇਸ ਇੱਜ਼ਤ ਨੂੰ ਸਾਂਭਣਾ ਤੁਹਾਡੇ ਹੱਥ ਹੈ। ਫਿਰ ਸਿੱਖਾਂ ਵਾਸਤੇ ਤਾਂ ਸ਼ਭ ਤੋਂ ਵੱਡਾ ਗਹਿਣਾ ਪ੍ਰਮਾਤਮਾ ਦਾ ਨਾਮ ਹੀ ਹੈ। ਇਸ ਤਰ੍ਹਾਂ ਦੀ ਕੁੱਝ ਹੋਰ ਸਿੱਖਿਆ ਦਿੱਤੀ ਜਿਸ ਤੋਂ ਬਾਅਦ ਬੀਬੀ ਬਲਜੀਤ ਕੌਰ ਨੇ ਕਦੇ ਉਲਾਭਾ ਨਹੀਂ ਆਉਣ ਦਿੱਤਾ। ਜਦੋਂ ਸੰਤਾਂ ਕੋਲੋਂ ਜਾਣ ਲੱਗੇ ਤਾਂ ਸੰਤਾਂ ਨੇ ਬੀਬੀ ਬਲਜੀਤ ਕੌਰ ਨੂੰ ਕਿਹਾ ਕਿ ਰੁਕ ਜਾਓ, ਅੰਬ ਲੈ ਕੇ ਜਾਇਓ। ਨਾਲ ਹੀ ਸੰਤਾਂ ਨੇ ਭਾਈ ਗੁਰਮੁਖ ਸਿੰਘ ਗੜਵਈ ਨੂੰ ਕਿਹਾ ਜੋ ਅੰਬ ਮੇਰੇ ਆਸਣ 'ਤੇ ਪਏ ਹਨ ਉਹ ਲੈ ਕੇ ਆ, ਉਸ ਨੇ ਲਿਆ ਕੇ ਸੰਤਾਂ ਨੂੰ ਦਿੱਤੇ। ਸੰਤਾਂ ਨੇ ਅੰਬ ਝੋਲ ਵਿੱਚ ਫੜ੍ਹੇ ਅਤੇ ਸਿੱਖਿਆਦਾਇਕ ਬਚਨ ਵੀ ਕਰ ਰਹੇ ਸਨ। ਇੱਕ ਅੰਬ ਸੰਤਾਂ ਨੇ ਬਲਜੀਤ ਕੌਰ ਨੂੰ ਦਿੱਤਾ ਜੋ ਉਸ ਨੇ ਆਪਣੀ ਚੁੰਨੀ ਦੀ ਝੋਲੀ ਵਿੱਚ ਪ੍ਰਮਾ ਲਿਆ ਅਤੇ ਨਾਲ ਹੀ ਸੰਤਾਂ ਨੇ ਕਿਹਾ ਬੀਬੀ ਇਹ ਅੰਬ ਤੇਰੇ ਲਈ ਹੈ ਗਿਆਨੀ ਲਈ ਨਹੀਂ ਇਹ ਸਾਰਾ ਅੰਬ ਤੂੰ ਹੀ ਖਾਣਾ ਹੈ। ਪਹਿਲਾਂ ਦਿੱਤੀ ਗਈ ਸਿੱਖਿਆ ਅਨੁਸਾਰ ਬੀਬੀ ਬਲਜੀਤ ਕੌਰ ਦੇ ਮਨ 'ਤੇ ਅਜਿਹਾ ਅਸਰ ਹੋਇਆ ਕਿ ਉਸ ਨੇ ਮਨ ਹੀ ਮਨ ਵਿੱਚ ਅਹਿਸਾਸ ਕਰ ਲਿਆ ਕਿ ਇਹ ਸੰਤਾਂ ਨੇ ਮੈਨੂੰ ਦਾਤ ਦਿੱਤੀ। ਉਸ ਨੇ ਉਸੇ

Scanned with CamScanner

ਵਿਸ਼ਵਾਸ ਅਨੁਸਾਰ ਘਰ ਜਾ ਕੇ ਛਿਲਕ ਸਮੇਤ ਸਾਰਾ ਅੰਬ ਖਾਧਾ। ਕੁੱਝ ਸਮੇਂ ਬਾਅਦ ਜਦੋਂ ਇਸ ਬੀਬੀ ਨੂੰ ਬੱਚਾ ਹੋਣ ਵਾਲਾ ਹੋਇਆ ਤਾਂ ਉਹ ਗੁਰਮਤਿ ਅਨੁਸਾਰ ਨਾਮ ਜਪਦੀ ਬਾਣੀ ਪੜ੍ਹਦੀ ਤਾਂ ਕਿ ਗਰਭ ਵਿੱਚ ਪਲ ਰਹੇ ਬੱਚੇ ਉਪਰ ਵੀ ਚੰਗਾ ਅਸਰ ਪਵੇ। ਬੀਬੀ ਦੇ ਵਿਸ਼ਵਾਸ ਅਨੁਸਾਰ ਅਕਾਲ ਪੁਰਖ ਦੀ ਕ੍ਰਿਪਾ ਹੋਈ ਉਸ ਦੇ ਘਰ ਪੁੱਤਰ ਪੈਦਾ ਹੋਇਆ। ਜੋ ਅੱਜ ਕੱਲ੍ਹ ਦਸਮ ਗ੍ਰੰਥ ਦੀ ਬਾਣੀ ਉੱਪਰ ਪੀ ਐੱਚ ਡੀ. ਕਰ ਰਿਹਾ ਹੈ ਅਤੇ ਹੋਰ ਬੱਚਿਆਂ ਨੂੰ ਗੁਰਸਿੱਖੀ ਵੱਲ ਪ੍ਰੇਰ ਰਿਹਾ ਹੈ।

ਇਹੀ ਗਿਆਨੀ ਜਸਵੰਤ ਸਿੰਘ ਜਿਨ੍ਹਾਂ ਨੇ ਤੀਹ ਸਾਲ ਗੁਰਦੁਆਰਾ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਕਥਾ ਕੀਤੀ। ਭਾਰਤ ਭਰ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਗੁਰਮਤਿ ਪ੍ਰਚਾਰ ਲਈ ਜਾਂਦੇ ਰਹਿੰਦੇ ਹਨ। ਉਹ ਦੱਸਦੇ ਹਨ ਕਿ ਮਹਾਪੁਰਖਾਂ ਦੇ ਬਚਨਾਂ ਮੁਤਾਬਕ ਰੋਜ਼ਾਨਾ ਹੀ ਲੋੜ ਮੁਤਾਬਕ ਮਾਇਆ ਅਤੇ ਪਦਾਰਥ ਬਿਨਾਂ ਮੰਗਿਆ ਹੀ ਪ੍ਰਮਾਤਮਾ ਵੱਲੋਂ ਮਿਲ ਰਹੇ ਹਨ। ਇਹ ਮਹਾਪੁਰਖਾਂ ਦੇ ਬਚਨਾਂ ਸਦਕਾ ਹੀ ਹੈ।

ਇਸ ਤਰ੍ਹਾਂ ਬਹੁਤ ਸਾਰੇ ਸਿੰਘਾਂ ਨਾਲ ਅਜਿਹੇ ਵਿਰਤਾਂਤ ਜੁੜੇ ਹੋਏ ਹਨ। ਜਦੋਂ ਭਾਈ ਹਰਮਿੰਦਰ ਸਿੰਘ ਸੰਧੂ ਦੀ ਕੁੜਮਾਈ ਹੋਣੀ ਸੀ ਤਾਂ ਸੰਤਾਂ ਨੇ ਸੰਧੂ ਨਾਲ ਕੁੱਝ ਸਿੰਘ ਭੇਜ ਕੇ ਸ੍ਰੀ ਅਕਾਲ ਤਖਤ ਸਾਹਿਬ ਕੁੜਮਾਈ ਦੀ ਅਰਦਾਸ ਕਰ ਦਿੱਤੀ। ਜਿਸਦਾ ਬਹਾਨਾ ਬਣਾ ਕੇ ਸ਼੍ਰੋਮਣੀ ਕਮੇਟੀ ਦੇ ਕੁੱਝ ਮੈਂਬਰਾਂ ਦੀ ਗਿਣੀ ਮਿਥੀ ਸਾਜਿਸ਼ ਅਧੀਨ ਸੰਤਾਂ ਵਿਰੁੱਧ ਅਜਿਹਾ ਪ੍ਰਚਾਰ ਕੀਤਾ ਗਿਆ ਕਿ ਸੰਤਾਂ ਨੇ ਸੰਧੂ ਦੀ ਕੜਮਾਈ ਦੀ ਅਰਦਾਸ ਕਰਕੇ ਗੁਰਮਤਿ ਮਰਿਆਦਾ ਦੀ ਉਲੰਘਣਾ ਕੀਤੀ ਹੈ। ਇਸੇ ਗੱਲ ਨੂੰ ਤੂਲ ਦੇ ਕੇ ਇਹ ਮਸਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੋਲ ਭੇਜਿਆ ਗਿਆ। ਜਦੋਂ ਸੰਤਾਂ ਨੇ ਵੇਖਿਆ ਬਿਨਾਂ ਕਾਰਨ ਹੀ ਸੰਗਤਾਂ ਵਿੱਚ ਭਰਮ ਭੁਲੇਖੇ ਖੜ੍ਹੇ ਕੀਤੇ ਜਾ ਰਹੇ ਹਨ ਫਿਰ ਸੰਤਾਂ ਨੇ ਸੰਗਤਾਂ ਵਿੱਚ ਹੀ ਇਸਦਾ ਉੱਤਰ ਦਿੱਤਾ ਕਿ ਅੰਮ੍ਰਿਤਧਾਰੀ ਸਿੰਘ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੁੜਮਾਈ ਦੀ ਅਰਦਾਸ ਕਰਨ ਨਾਲ ਮਰਿਆਦਾ ਕਿਵੇਂ ਭੰਗ ਹੋ ਗਈ?

ਕਦੇ ਇਲਜ਼ਾਮ ਲਗਾਉਂਦੇ ਹਨ ਕਿ ਕਾਂਗਰਸੀ ਹੈ, ਪੰਥ ਵਿੱਚ ਫੁੱਟ ਪਾਉਂਦਾ ਹੈ, ਮਾਇਆ ਇਕੱਠੀ ਕਰਦਾ ਹੈ, ਸ਼ਹੀਦੀ ਛੰਡ ਬੋਲ੍ਹੇ ਹੋਏ ਹਨ, ਧਰਮ ਯੁੱਧ ਮੋਰਚੇ ਨੂੰ ਤਾਰਪੀਡੋ ਕਰਨਾ ਚਾਹੁੰਦਾ ਹੈ ਅਤੇ ਹੁਣ ਇਹ ਇਲਜ਼ਾਮ ਲਗਾ ਦਿੱਤਾ ਕਿ ਇਹ ਮਰਿਆਦਾ ਭੰਗ ਕਰ ਰਿਹਾ ਹੈ। ਸੰਤਾਂ ਨੇ ਕਿਹਾ ਕਿ ਇਹ ਸਭ ਝੂਠੇ ਇਲਜ਼ਾਮ ਹਨ। ਉਨ੍ਹਾਂ ਆਪਣੇ ਵੱਲ ਇਸ਼ਾਰਾ ਕਰਦੇ ਕਿਹਾ ਕਿ ਇੱਕ ਬੰਦਾ ਪੰਥਕ ਕਾਰਜਾਂ ਲਈ ਆਪਾ ਵਾਰਨ ਲਈ ਤੁਰਿਆ ਹੋਇਆ ਹੈ, ਬੱਸਾਂ ਸਾੜੀਆਂ ਸਾੜ ਦਿੱਤੀਆਂ, ਬੰਦੇ ਸਾੜੇ ਨਾਲ ਦੇ ਮਾਰ ਦਿੱਤੇ, ਸਿੰਘਾਂ ਦੇ ਘਰ ਉਜਾੜ ਦਿੱਤੇ, ਕਈ-ਕਈ ਸਾਲਾਂ ਤੱ ਸਿੰਘ ਆਪਣੇ ਘਰੀਂ ਨਹੀਂ ਜਾ ਸਕੇ, ਹਥਿਆਰਾਂ ਦੇ ਲਾਇਸੰਸ ਸਾਡੇ ਕੌਂਸਲ ਕਰ ਦਿੱਤੇ ਉਲਟਾ ਕਹੀ ਜਾਂਦੇ ਹਨ ਕਿ ਇਹ ਕਾਂਗਰਸ ਨਾਲ ਮਿਲਿਆ ਹੋਇਆ ਹੈ। ਉਨ੍ਹਾਂ ਚੈਲੰਜ ਕਰਦਿਆਂ ਕਿਹਾ ਕਿ ਕੋਈ ਸਿੱਧ ਕਰ ਦੇਵੇ ਕਿ ਮੇਰੇ ਕਾਂਗਰਸ ਨਾਲ ਕੀ ਸਬੰਧ ਹਨ? ਉਲਟਾ ਇਹ ਦੱਸਣ ਕਿ ਇਨ੍ਹਾਂ ਦੇ ਵੱਡੇ ਲੀਡਰਾਂ ਨੇ ਕਾਂਗਰਸੀ ਪਰਿਵਾਰਾਂ ਨਾਲ ਰਿਸ਼ਤੇ ਨਹੀਂ ਜੋੜੇ? ਉਂਝ ਅਸੀਂ ਵਿਰੁੱਧ ਨਹੀਂ, ਕਿਸੇ ਕਾਂਗਰਸੀ ਪਰਿਵਾਰ ਨਾਲ ਰਿਸ਼ਤੇ ਜੋੜਣ ਦੇ, ਪਰ ਜੋ ਲੋਕ ਮੇਰੇ 'ਤੇ ਦੋਸ਼ ਲਗਾਉਂਦੇ ਹਨ ਉਹ ਦੱਸਣ ਕਿ ਕਾਂਗਰਸ ਦੇ ਰਹਿ ਚੁੱਕੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਜਿਸ ਨੇ ਅਕਾਲੀ ਦਲ ਦੇ ਪ੍ਰਧਾਨ ਸ. ਮੋਹਨ ਸਿੰਘ ਭੁੜ 'ਤੋਂ ਅਣਮਨੁੱਖੀ ਤਸ਼ੱਦਦ ਕਰਵਾਇਆ ਉਸੇ ਕੈਰੋਂ ਦੇ ਪੋਤਰੇ ਆਦੇਸ਼ ਪ੍ਰਤਾਪ ਸਿੰਘ ਨਾਲ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪੁੱਤਰੀ ਦਾ ਅਨੰਦ ਕਾਰਜ ਨਹੀਂ ਕੀਤਾ? ਕੀ ਅਨੰਦ ਕਾਰਜ ਸਮੇਂ ਬੱਚਾ ਬੱਚੀ ਬੇ-ਅੰਮ੍ਰਿਤੀਏ ਨਹੀਂ ਸਨ ਅਤੇ ਅਜਿਹੀ ਹਾਲਤ ਵਿੱਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਪਤਿੱਤ ਬੱਚੇ ਬੱਚੀਆਂ ਦੇ ਅਨੰਦ ਕਾਰਜ ਕਰਵਾਏ ਤਾਂ ਮਰਿਆਦਾ ਭੰਗ ਨਹੀਂ ਹੁੰਦੀ? ਉਨ੍ਹਾਂ ਨੇ ਕਿਹਾ ਕਿ ਅਸੀਂ ਆਪ ਜਥੇਦਾਰ ਸਾਹਿਬ ਨੂੰ ਪੁੱਛਿਆ ਸੀ ਕਿ ਜਦੋਂ ਤੁਸੀਂ ਕੈਰੋਂ ਦੇ ਪੋਤਰੇ ਦਾ ਅਨੰਦ ਕਾਰਜ ਕਰਵਾਇਆ ਉਦੋਂ ਮੁੰਡੇ ਕੁੜੀ ਦਾ ਅੰਮ੍ਰਿਤ ਛਕਿਆ ਸੀ? ਉਨ੍ਹਾਂ ਕਿਹਾ ਕਿ ਨਹੀਂ ਛਕਿਆ ਸੀ ਤਾਂ ਅਸੀਂ ਪੁੱਛਿਆ ਸੀ ਕਿ ਜਥੇਦਾਰ ਅਕਾਲ ਤਖਤ ਨੂੰ ਬੇ-ਅੰਮ੍ਰਿਤੀਆ ਦੇ ਅਨੰਦ ਕਾਰਜ ਕਰਵਾਉਣੇ ਸ਼ੋਭਦੇ ਹਨ? ਤਾਂ ਚੁੱਪ ਹੋ ਗਏ। ਫਿਰ ਅਸੀਂ ਇਹ ਵੀ ਪੁੱਛਿਆ ਕਿ ਤੁਸੀਂ ਬੇ-ਅੰਮ੍ਰਿਤੀਆਂ ਦੇ ਅਨੰਦ ਕਾਰਜ ਕਰਵਾਓ ਤਾਂ ਮਰਿਆਦਾ ਕਾਇਮ ਰਹਿੰਦੀ ਹੈ ਅਸੀਂ ਅੰਮ੍ਰਿਤਧਾਰੀ, ਨਿੱਤਨੇਮੀ ਅਤੇ ਬਾਣੀ ਨਾਲ ਜੁੜੇ ਹਰਮਿੰਦਰ ਸਿੰਘ ਸੰਧੂ ਵਰਗਿਆਂ ਦੀ ਕੁੜਮਾਈ ਦੀ ਅਰਦਾਸ ਵੀ ਸਿੰਘਾਂ ਨੂੰ ਕਹਿ ਕੇ ਕਰਵਾ ਦਈਏ ਤਾਂ ਮਰਿਆਦਾ ਕਿਵੇਂ ਭੰਗ ਹੋ ਗਈ? ਤਾਂ ਕੋਈ ਜਵਾਬ ਨਹੀਂ ਸੀ।

Scanned with CamScanner

ਵਿਸ਼ਵਾਸ ਅਨੁਸਾਰ ਘਰ ਜਾ ਕੇ ਡਿਲਕ ਸਮੇਤ ਸਾਰਾ ਅੰਬ ਖਾਧਾ। ਕੁੱਝ ਸਮੇ ਬਾਅਦ ਜਦੋਂ ਇਸ ਬੀਬੀ ਨੂੰ ਬੱਚਾ ਹੋਣ ਵਾਲਾ ਹੋਇਆ ਤਾਂ ਉਹ ਗੁਰਮਤਿ ਅਨੁਸਾਰ ਨਾਮ ਜਪਦੀ ਬਾਣੀ ਪੜ੍ਹਦੀ ਤਾਂ ਕਿ ਗਰਭ ਵਿੱਚ ਪਲ ਰਹੇ ਬੱਚੇ ਉਪਰ ਵੀ ਚੰਗਾ ਅਸਰ ਪਵੇ। ਬੀਬੀ ਦੇ ਵਿਸ਼ਵਾਸ ਅਨੁਸਾਰ ਅਕਾਲ ਪੁਰਖ ਦੀ ਕ੍ਰਿਪਾ ਹੋਈ ਉਸ ਦੇ ਘਰ ਪੁੱਤਰ ਪੈਦਾ ਹੋਇਆ। ਜੋ ਅੱਜ ਕੱਲ੍ਹ ਦਸਮ ਗ੍ਰੰਥ ਦੀ ਬਾਣੀ ਉਪਰ ਪੀ.ਐੱਚ.ਡੀ. ਕਰ ਰਿਹਾ ਹੈ ਅਤੇ ਹੋਰ ਬੱਚਿਆਂ ਨੂੰ ਗੁਰਸਿੱਖੀ ਵੱਲ ਪ੍ਰੇਰ ਰਿਹਾ ਹੈ।

ਇਹੀ ਗਿਆਨੀ ਜਸਵੰਤ ਸਿੰਘ ਜਿਨ੍ਹਾਂ ਨੇ ਤੀਹ ਸਾਲ ਗੁਰਦੁਆਰਾ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਕਥਾ ਕੀਤੀ। ਭਾਰਤ ਭਰ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਗੁਰਮਤਿ ਪ੍ਰਚਾਰ ਲਈ ਜਾਂਦੇ ਰਹਿੰਦੇ ਹਨ। ਉਹ ਦੱਸਦੇ ਹਨ ਕਿ ਮਹਾਪੁਰਖਾਂ ਦੇ ਬਚਨਾਂ ਮੁਤਾਬਕ ਗੁਜ਼ਾਰਾ ਹੀ ਲੋੜ ਮੁਤਾਬਕ ਮਾਇਆ ਅਤੇ ਪਦਾਰਥ ਬਿਨਾਂ ਮੰਗਿਆ ਹੀ ਪ੍ਰਮਾਤਮਾ ਵੱਲੋਂ ਮਿਲ ਰਹੇ ਹਨ। ਇਹ ਮਹਾਪੁਰਖਾਂ ਦੇ ਬਚਨਾਂ ਸਦਕਾ ਹੀ ਹੈ।

ਇਸ ਤਰ੍ਹਾਂ ਬਹੁਤ ਸਾਰੇ ਸਿੱਖਾਂ ਨਾਲ ਅਜਿਹੇ ਵਿਰਤਾਂਤ ਜੁੜੇ ਹੋਏ ਹਨ। ਜਦੋਂ ਭਾਈ ਹਰਮਿੰਦਰ ਸਿੰਘ ਸੰਧੂ ਦੀ ਕੁੜਮਾਈ ਹੋਣੀ ਸੀ ਤਾਂ ਸੰਤਾਂ ਨੇ ਸੰਧੂ ਨਾਲ ਕੁੱਝ ਸਿੰਘ ਭੇਜ ਕੇ ਸ੍ਰੀ ਅਕਾਲ ਤਖਤ ਸਾਹਿਬ ਕੁੜਮਾਈ ਦੀ ਅਰਦਾਸ ਕਰ ਦਿੱਤੀ। ਜਿਸਦਾ ਬਹਾਨਾ ਬਣਾ ਕੇ ਸ਼੍ਰੋਮਣੀ ਕਮੇਟੀ ਦੇ ਕੁੱਝ ਮੈਂਬਰਾਂ ਦੀ ਗਿਣੀ ਮਿਥੀ ਸਾਜਿਸ਼ ਅਧੀਨ ਸੰਤਾਂ ਵਿਰੁੱਧ ਅਜਿਹਾ ਪ੍ਰਚਾਰ ਕੀਤਾ ਗਿਆ ਕਿ ਸੰਤਾਂ ਨੇ ਸੰਧੂ ਦੀ ਕੜਮਾਈ ਦੀ ਅਰਦਾਸ ਕਰਕੇ ਗੁਰਮਤਿ ਮਰਿਆਦਾ ਦੀ ਉਲੰਘਣਾ ਕੀਤੀ ਹੈ। ਇਸੇ ਗੱਲ ਨੂੰ ਤੂਲ ਦੇ ਕੇ ਇਹ ਮਸਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੋਲ ਭੇਜਿਆ ਗਿਆ। ਜਦੋਂ ਸੰਤਾਂ ਨੇ ਵੇਖਿਆ ਬਿਨਾਂ ਕਾਰਨ ਹੀ ਸੰਗਤਾਂ ਵਿੱਚ ਭਰਮ ਭੁਲੇਖ ਖੜ੍ਹੇ ਕੀਤੇ ਜਾ ਰਹੇ ਹਨ ਫਿਰ ਸੰਤਾਂ ਨੇ ਸੰਗਤਾਂ ਵਿੱਚ ਹੀ ਇਸਦਾ ਉੱਤਰ ਦਿੱਤਾ ਕਿ ਅੰਮ੍ਰਿਤਧਾਰੀ ਸਿੰਘ ਦੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕੁੜਮਾਈ ਦੀ ਅਰਦਾਸ ਕਰਨ ਨਾਲ ਮਰਿਆਦਾ ਕਿਵੇਂ ਭੰਗ ਹੋ ਗਈ?

ਕਦੇ ਇਲਜ਼ਾਮ ਲਗਾਉਂਦੇ ਹਨ ਕਿ ਕਾਂਗਰਸੀ ਹੈ, ਪੰਥ ਵਿੱਚ ਫੁੱਟ ਪਾਉਂਦਾ ਹੈ, ਮਾਇਆ ਇਕੱਠੀ ਕਰਦਾ ਹੈ, ਸ਼ਹੀਦੀ ਛੋਡ ਖੋਲ੍ਹ ਹੋਏ ਹਨ, ਧਰਮ ਯੁੱਧ ਮੋਰਚੇ ਨੂੰ ਤਾਰਪੀਡੋ ਕਰਨਾ ਚਾਹੁੰਦਾ ਹੈ ਅਤੇ ਹੁਣ ਇਹ ਇਲਜ਼ਾਮ ਲਗਾ ਦਿੱਤਾ ਕਿ ਇਹ ਮਰਿਆਦਾ ਭੰਗ ਕਰ ਰਿਹਾ ਹੈ। ਸੰਤਾਂ ਨੇ ਕਿਹਾ ਕਿ ਇਹ ਸਭ ਝੂਠੇ ਇਲਜ਼ਾਮ ਹਨ। ਉਨ੍ਹਾਂ ਆਪਣੇ ਵੱਲ ਇਸ਼ਾਰਾ ਕਰਦੇ ਕਿਹਾ ਕਿ ਇੱਕ ਬੰਦਾ ਪੰਥਕ ਕਾਰਜਾਂ ਲਈ ਆਪਾ ਵਾਰਨ ਲਈ ਤੁਰਿਆ ਹੋਇਆ ਹੈ, ਬੱਸਾਂ ਸਾੜੀਆਂ ਸਾੜ ਦਿੱਤੀਆਂ, ਬੰਦੇ ਸਾੜੇ ਨਾਲ ਦੇ ਮਾਰ ਦਿੱਤੇ, ਸਿੰਘਾਂ ਦੇ ਘਰ ਉਜਾੜ ਦਿੱਤੇ, ਕਈ-ਕਈ ਸਾਲਾਂ ਤੋ ਸਿੰਘ ਆਪਣੇ ਘਰੀਂ ਨਹੀਂ ਜਾ ਸਕੇ, ਹਥਿਆਰਾਂ ਦੇ ਲਾਇਸੰਸ ਸਾਡੇ ਕੈਂਸਲ ਕਰ ਦਿੱਤੇ ਉਲਟਾ ਕਹੀ ਜਾਂਦੇ ਹਨ ਕਿ ਇਹ ਕਾਂਗਰਸ ਨਾਲ ਮਿਲਿਆ ਹੋਇਆ ਹੈ। ਉਨ੍ਹਾਂ ਚੈਲੰਜ ਕਰਦਿਆਂ ਕਿਹਾ ਕਿ ਕੋਈ ਸਿੱਧ ਕਰ ਦੇਵੇ ਕਿ ਮੇਰੇ ਕਾਂਗਰਸ ਨਾਲ ਕੀ ਸਬੰਧ ਹਨ? ਉਲਟਾ ਇਹ ਦੱਸਣ ਕਿ ਇਨ੍ਹਾਂ ਦੇ ਵੱਡੇ ਲੀਡਰਾਂ ਨੇ ਕਾਂਗਰਸੀ ਪਰਿਵਾਰਾਂ ਨਾਲ ਰਿਸ਼ਤੇ ਨਹੀਂ ਜੋੜੇ? ਉਂਝ ਅਸੀਂ ਵਿਰੁੱਧ ਨਹੀਂ, ਕਿਸੇ ਕਾਂਗਰਸੀ ਪਰਿਵਾਰ ਨਾਲ ਰਿਸ਼ਤੇ ਜੋੜਣ ਦੇ, ਪਰ ਜੋ ਲੋਕ ਮੇਰੇ 'ਤੇ ਦੋਸ਼ ਲਗਾਉਂਦੇ ਹਨ ਉਹ ਦੱਸਣ ਕਿ ਕਾਂਗਰਸ ਦੇ ਰਹਿ ਚੁੱਕੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਜਿਸ ਨੇ ਅਕਾਲੀ ਦਲ ਦੇ ਪ੍ਰਧਾਨ ਸ. ਮੋਹਨ ਸਿੰਘ ਤੁੜ 'ਤੇ ਅਣਮਨੁੱਖੀ ਤਸ਼ੱਦਦ ਕਰਵਾਇਆ ਉਸੇ ਕੈਰੋਂ ਦੇ ਪੋਤਰੇ ਆਦੇਸ਼ ਪ੍ਰਤਾਪ ਸਿੰਘ ਨਾਲ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪੁੱਤਰੀ ਦਾ ਅਨੰਦ ਕਾਰਜ ਨਹੀਂ ਕੀਤਾ? ਕੀ ਅਨੰਦ ਕਾਰਜ ਸਮੇਂ ਬੱਚਾ ਬੱਚੀ ਬੇ-ਅੰਮ੍ਰਿਤੀਏ ਨਹੀਂ ਸਨ ਅਤੇ ਅਜਿਹੀ ਹਾਲਤ ਵਿੱਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਪਤਿੱਤ ਬੱਚੇ ਬੱਚੀਆਂ ਦੇ ਅਨੰਦ ਕਾਰਜ ਕਰਵਾਏ ਤਾਂ ਮਰਿਆਦਾ ਭੰਗ ਨਹੀਂ ਹੁੰਦੀ? ਉਨ੍ਹਾਂ ਨੇ ਕਿਹਾ ਕਿ ਅਸੀਂ ਆਪ ਜਥੇਦਾਰ ਸਾਹਿਬ ਨੂੰ ਪੁੱਛਿਆ ਸੀ ਕਿ ਜਦੋਂ ਤੁਸੀਂ ਕੈਰੋਂ ਦੇ ਪੋਤਰੇ ਦਾ ਅਨੰਦ ਕਾਰਜ ਕਰਵਾਇਆ ਉਦੋਂ ਮੂੰਹ ਕੁੜੀ ਦਾ ਅੰਮ੍ਰਿਤ ਛਕਿਆ ਸੀ? ਉਨ੍ਹਾਂ ਕਿਹਾ ਕਿ ਨਹੀਂ ਛਕਿਆ ਸੀ ਤਾਂ ਅਸੀਂ ਪੁੱਛਿਆ ਸੀ ਕਿ ਜਥੇਦਾਰ ਅਕਾਲ ਤਖਤ ਨੂੰ ਬੇ-ਅੰਮ੍ਰਿਤੀਆ ਦੇ ਅਨੰਦ ਕਾਰਜ ਕਰਵਾਉਣ ਸ਼ੋਭਦੇ ਹਨ? ਤਾਂ ਚੁੱਪ ਹੋ ਗਏ। ਫਿਰ ਅਸੀਂ ਇਹ ਵੀ ਪੁੱਛਿਆ ਕਿ ਤੁਸੀਂ ਬੇ-ਅੰਮ੍ਰਿਤੀਆਂ ਦੇ ਅਨੰਦ ਕਾਰਜ ਕਰਵਾਓ ਤਾਂ ਮਰਿਆਦਾ ਕਾਇਮ ਰਹਿੰਦੀ ਹੈ ਅਸੀਂ ਅੰਮ੍ਰਿਤਧਾਰੀ, ਨਿੱਤਨੇਮੀ ਅਤੇ ਬਾਣੀ ਨਾਲ ਜੁੜੇ ਹਰਮਿੰਦਰ ਸਿੰਘ ਸੰਧੂ ਵਰਗਿਆਂ ਦੀ ਕੁੜਮਾਈ ਦੀ ਅਰਦਾਸ ਵੀ ਸਿੰਘਾਂ ਨੂੰ ਕਹਿ ਕੇ ਕਰਵਾ ਦਈਏ ਤਾਂ ਮਰਿਆਦਾ ਕਿਵੇਂ ਭੰਗ ਹੋ ਗਈ? ਤਾਂ ਕੋਈ ਜਵਾਬ ਨਹੀਂ ਸੀ।

Scanned with CamScanner

ਸੰਤਾਂ ਨੇ ਕਿਹਾ ਕਿ ਕੋਈ ਇਸ ਗੱਲ ਦਾ ਸਬੂਤ ਦੇ ਦੇਵੇ ਕਿ ਅਸੀਂ ਕੋਈ ਸ਼ਹੀਦੀ ਫੰਡ ਖੋਲ੍ਹਿਆ ਹੋਇਆ ਹੈ, ਜਿਸ ਤਹਿਤ ਮਾਇਆ ਇਕੱਤਰ ਕੀਤੀ ਹੋਵੇ। ਇਸ ਤੋਂ ਇਲਾਵਾ ਸੰਗਤ ਵੱਲੋਂ ਆਈ ਮਾਇਆ ਵਿੱਚੋਂ ਇੱਕ ਰੁਪਿਆ ਵੀ ਅਸੀਂ ਆਪਣੇ ਪਰਿਵਾਰ ਲਈ ਵਰਤਿਆ ਹੋਵੇ ਜਾਂ ਚੱਲ ਰਹੇ ਧਰਮ ਯੁੱਧ ਮੋਰਚੇ ਨੂੰ ਸਫਲ ਕਰਨ ਲਈ ਹਰ ਸੰਭਵ ਯਤਨ ਨਾ ਕੀਤਾ ਹੋਵੇ ਤਾਂ ਅਸੀਂ ਪੰਥ ਦੇ ਦੋਸ਼ਦਾਰ ਹੋਵਾਂਗੇ। ਪਰ ਜੋ ਬਿਨ੍ਹਾਂ ਵਜ੍ਹਾ ਹੀ ਝੂਠੀ ਇਲਜ਼ਾਮਬਾਜੀ ਇਨ੍ਹਾਂ ਅਕਾਲੀ ਭਾਈਆਂ ਨੇ ਕਰਨੀ ਹੈ ਤਾਂ ਕਹੀ ਜਾਣ, ਇਸਦੀ ਸਾਨੂੰ ਕੋਈ ਪ੍ਰਵਾਹ ਵੀ ਨਹੀਂ। ਅਸੀਂ ਸੰਗਤਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਅਜਿਹੇ ਝੂਠੇ ਪ੍ਰਾਪੇਗੰਡੇ ਤੋਂ ਗੁੰਮਰਾਹ ਹੋਣ ਦੀ ਜ਼ਰੂਰਤ ਨਹੀਂ, ਹਰ ਸੰਭਵ ਯਤਨ ਕਰਕੇ ਧਰਮ ਯੁੱਧ ਮੋਰਚੇ ਨੂੰ ਸਫਲ ਬਣਾਉਣਾ ਹੈ। ਬਾਕੀ ਸਮੇਂ ਅਨੁਸਾਰ ਇਸ ਗੱਲ ਦਾ ਵੀ ਨਿਬੇੜਾ ਹੋ ਜਾਵੇਗਾ ਕੌਣ ਨਿੱਜ ਪ੍ਰਸਤ ਹੈ ਅਤੇ ਕੌਣ ਪੰਥ ਪ੍ਰਸਤ?

ਸਾਡਾ ਪ੍ਰੋਗਰਾਮ ਡਿਊਟੀ ਅਤੇ ਜ਼ਿੰਮੇਵਾਰੀ ਕੀ ਹੈ

ਕਈ ਅਕਾਲੀ ਭਾਈ ਭਰਮ ਭੁਲੇਖਿਆਂ ਜਾਂ ਈਰਖਾ ਵੱਸ ਕਹਿੰਦੇ ਹਨ ਕਿ ਭਿੰਡਰਾਂਵਾਲਾ ਕਾਂਗਰਸ ਦਾ ਏਜੰਟ ਹੈ, ਪੰਥ ਵਿੱਚ ਫੁੱਟ ਪਾਉਂਦਾ ਹੈ ਆਦਿ ਕਈ ਤਰ੍ਹਾਂ ਦੇ ਇਲਜ਼ਾਮ ਲਗਾਉਂਦੇ ਹਨ। ਇਸ ਬਾਰੇ ਦੱਸਣਾ ਮੇਰਾ ਫਰਜ਼ ਹੈ ਅਤੇ ਇਸਨੂੰ ਸਮਝਣਾ ਜਾਂ ਨਾ ਸਮਝਣਾ ਤੁਹਾਡੀ ਮਰਜ਼ੀ ਹੈ। ਇਹ ਦਮਦਮੀ ਟਕਸਾਲ, ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਥਾਪਿਤ ਕੀਤੀ ਗਈ ਹੈ ਜਿਸ ਦੇ ਪਹਿਲੇ ਮੁਖੀ ਸ਼ਹੀਦ ਬਾਬਾ ਦੀਪ ਸਿੰਘ ਜੀ ਹੋਏ ਹਨ। ਸੀਨਾ ਬਸੀਨਾ ਚੱਲਦਿਆਂ ਦਾਸ 14ਵੇਂ ਥਾਂ ਉਪਰ ਜਥੇ ਦੇ ਸਿਘਾਂ ਵੱਲੋਂ ਚੁਣਿਆ ਹੋਇਆ ਇੱਕ ਸੇਵਕ ਅਤੇ ਸਿੱਖ ਪੰਥ ਦੇ ਚਰਨਾਂ ਦੀ ਧੂੜ ਹੋਣ ਦੇ ਨਾਤੇ ਸੇਵਾ ਨਿਭਾ ਰਿਹਾ ਹੈ। ਕੁੱਝ ਆਗੂ ਕਹਿੰਦੇ ਹਨ ਕਿ ਭਿੰਡਰਾਂਵਾਲਾ ਪੰਥ ਲਈ ਕੀ ਸੇਵਾ ਕਰ ਰਿਹਾ ਹੈ? ਇਸ ਸਬੰਧ ਵਿੱਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਦਾਸ ਤਾਂ ਗੁਰੂ ਘਰ ਦਾ ਕੂਕਰ ਹੈ ਅਤੇ ਸੰਗਤਾ ਦੇ ਚਰਨਾਂ ਦੀ ਧੂੜ ਹੋਣ ਦੇ ਨਾਤੇ ਉੱਹੀ ਕੁੱਝ ਕਰਦਾ ਹਾਂ ਜੋ ਦਾਸ ਨੂੰ ਗੁਰੂ ਦੀ ਮਿਹਰ ਸਦਕਾ ਟਕਸਾਲ ਵੱਲੋਂ ਸੇਵਾ ਸੌਂਪੀ ਗਈ ਹੈ। ਮੇਰਾ ਕੰਮ ਹੈ ਬਾਣੀ ਪੜ੍ਹਨੀ, ਸਿੰਘਾਂ ਨੂੰ ਬਾਣੀ ਪੜ੍ਹਾਉਣੀ, ਸ਼ੁੱਧ ਬਾਣੀ ਪੜ੍ਹਣੀ ਸਿਖਾਉਣੀ, ਆਪ ਕਥਾ ਕਰਨੀ ਅਤੇ ਸਿੰਘਾ ਤੋਂ ਕਥਾ ਕਰਵਾਉਣੀ, ਸਿੰਘ ਸਜਾਉਣੇ, ਸਿੱਖੀ ਦਾ ਪ੍ਰਚਾਰ ਕਰਨਾ, ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜ ਲਾਉਣਾ, ਗੁਰੂ ਘਰ ਨਾਲੋਂ ਤੋੜਣ ਵਾਲੇ ਦੰਭੀਆਂ, ਪਾਖੰਡੀਆਂ ਅਤੇ ਆਪਣੇ ਡੇਰਿਆਂ ਮੱਠਾਂ ਵਿੱਚ ਅਡੰਬਰ ਰਚਾ ਕੇ ਆਪੇ ਗੁਰੂ ਬਣੇ ਬੈਠੇ ਪੰਥ ਦੋਖੀਆਂ ਦੇ ਜਾਲ ਵਿੱਚ ਫਸਣ ਤੋਂ ਬਚਣ ਲਈ ਸੰਗਤਾਂ ਨੂੰ ਸੁਚੇਤ ਕਰਨ ਦਾ ਹੋਕਾ ਦੇਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਨੂੰ ਕਾਇਮ ਰੱਖਣਾ ਅਤੇ ਜਿਨ੍ਹਾਂ ਲੋਕਾਂ ਨੇ ਬੇਗੁਨਾਹ ਸਿੱਖਾਂ ਦੇ ਲਹੂ ਵਿੱਚ ਹੱਥ ਰੰਗੇ, ਸਾਡੀਆਂ ਧੀਆਂ ਭੈਣਾਂ ਅਤੇ ਬੀਬੀਆਂ ਦੀ ਇੱਜ਼ਤ ਨੂੰ ਹੱਥ ਪਾਇਆ, ਉਨ੍ਹਾਂ ਲੋਕਾਂ ਤੋਂ ਬਣਦੇ ਹੱਕ ਲੈਣ ਲਈ ਸਿੱਖ ਨੌਜਵਾਨਾਂ ਨੂੰ ਇੱਕ ਲੜੀ ਵਿੱਚ ਪ੍ਰੋਣਾ, ਜਥੇਬੰਦ ਕਰਨਾ, ਨਸ਼ਿਆਂ ਦਾ ਤਿਆਗ ਕਰਵਾਉਣਾ, ਧੀਆਂ ਭੈਣਾਂ ਦੀ ਇੱਜਤ ਦੇ ਸਾਂਝੀਵਾਲ ਹੋਣ ਦੀ ਪ੍ਰੇਰਨਾ ਕਰਨੀ, ਸਿੱਖ ਨੌਜਵਾਨਾਂ ਅੰਦਰ ਸਤਿਗੁਰੂ ਵੱਲੋਂ ਦੱਸੇ ਮਾਰਗ ਉੱਪਰ ਪੂਰਨ ਦ੍ਰਿੜ੍ਹਤਾ ਨਾਲ ਨਿਰੰਤਰ ਰੂਪ ਵਿੱਚ ਚੱਲਦੇ ਰਹਿਣ ਦੀ ਭਾਵਨਾ ਜਗਾਉਣੀ ਅਤੇ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਕੌਮ ਦੀ ਵਾਗਡੋਰ ਸੰਭਾਲਣ ਅਤੇ ਪੰਥ ਪ੍ਰਤੀ ਜ਼ਿੰਮੇਵਾਰੀਆਂ ਨੂੰ ਸਮਝਣ ਦੇ ਯੋਗ ਬਣਾਉਣਾ, ਹਿੰਦ ਸਰਕਾਰ ਵੱਲੋਂ ਪਾਈਆਂ ਹੋਈਆਂ ਅਤੇ ਕੌਮੀਆਂ ਜਾ ਰਹੀਆਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜਣ ਲਈ ਮੈਦਾਨ ਵਿੱਚ ਉਭਰਨ ਅਤੇ ਖ਼ਾਲਸਾਈ ਸ਼ਾਨ ਨੂੰ ਕਾਇਮ ਰੱਖਣ ਲਈ ਪ੍ਰੇਰਨਾ, ਆਪਣੇ ਹੱਕਾਂ ਲਈ ਹਥਿਆਰਬੰਦ ਹੋਣਾ, ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਹੋ ਕੇ ਹਮੇਸ਼ਾ ਪੰਥ ਲਈ ਆਪਾ ਵਾਰਨ ਦੀ ਭਾਵਨਾ ਪ੍ਰਚੰਡ ਕਰਨਾ, ਸ੍ਰੀ ਨਿਸ਼ਾਨ ਸਾਹਿਬ ਥੱਲੇ ਇਕੱਠਿਆਂ ਕਰਨਾ, ਲੰਗੇ ਧੜ੍ਹ ਪੰਥ ਦੀ ਹਮਾਇਤ ਕਰਨੀ ਅਤੇ ਸੰਗਤਾਂ ਨੂੰ ਪੰਥ ਦੀ ਹਮਾਇਤ ਕਰਨ ਵਾਸਤੇ ਪ੍ਰੇਰਨਾ ਆਦਿ ਕਾਰਜ ਕਰਨਾ ਮੇਰੀ ਡਿਊਟੀ ਹੈ। ਇਹ ਫੈਸਲਾ ਤੁਸੀਂ ਸੰਗਤ ਨੇ ਕਰਨਾ, ਜੇ ਅਜਿਹਾ ਕੰਮ ਕਰਨਾ ਕਾਂਗਰਸੀਆਂ ਦਾ ਕੰਮ ਹੈ ਤਾਂ ਮੈਂ ਕਾਂਗਰਸੀ ਹਾਂ, ਜੇ ਅਜਿਹਾ ਕੰਮ ਕਰਨਾ ਅੱਤਵਾਦੀਆਂ ਦਾ ਕੰਮ ਹੈ ਤਾਂ ਮੈਂ ਅੱਤਵਾਦੀ ਹਾਂ, ਜੇ ਅਜਿਹਾ ਪ੍ਰਚਾਰ ਕਰਨਾ ਅਕਾਲੀਆਂ ਦਾ ਕੰਮ ਹੈ ਤਾਂ ਮੈਂ ਅਕਾਲੀ ਹਾਂ। ਜੇ ਅਜਿਹਾ ਕਾਰਜ ਕਰਨਾ ਟਕਸਾਲੀਆਂ ਦਾ ਕੰਮ ਹੈ ਤਾਂ ਟਕਸਾਲੀ ਤਾਂ ਮੈਂ ਹਾਂ ਹੀ।

Scanned with CamScanner

14 ਅਪ੍ਰੈਲ 1984 ਨੂੰ ਭਾਈ ਸੁਰਿੰਦਰ ਸਿੰਘ ਸੋਢੀ ਦਾ ਕਤਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਡਿਕਟੇਕਟਰ ਧਰਮ ਯੁੱਧ ਮੋਰਚਾ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਉਨ੍ਹਾਂ ਦੇ ਨਜਦੀਕੀਆਂ ਵੱਲੋਂ ਕਈ ਅਜਿਹੀਆਂ ਸਾਜਿਸ਼ਾਂ ਘੜੀਆਂ ਗਈਆਂ ਜਿਸ ਨਾਲ ਸੰਤ ਭਿੰਡਰਾਂਵਾਲੇ ਭਾਵੁਕ ਹੋ ਕੇ ਜਾਂ ਦੁਖੀ ਹੋ ਕੇ, ਧਰਮ ਯੁੱਧ ਮੋਰਚੇ ਦੇ ਜਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਾਂ ਸ਼੍ਰੋਮਣੀ ਕਮੇਟੀ ਦੇ ਵਿਰੁੱਧ ਬੋਲਣ ਤਾਂ ਕਿ ਉਨ੍ਹਾਂ ਉਪਰ ਪੰਥ ਵਿਰੋਧੀ ਹੋਣ ਦਾ ਦੋਸ਼ ਲਾ ਸਕੀਏ। ਪਰ ਅਜਿਹੀਆਂ ਸਾਜਿਸ਼ਾਂ ਵਿੱਚ ਉਹ ਕਾਮਯਾਬ ਨਾ ਹੋ ਸਕੇ। ਜਿਵੇਂ ਸਭ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਥਿਆਰ ਲੈ ਕੇ ਜਾਣ ਉਪਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪਾਬੰਦੀ ਲਗਾ ਦਿੱਤੀ ਗਈ ਜਿਸ ਦੀ ਸੰਤਾਂ ਨੇ ਅਤੇ ਜਥੇ ਦੇ ਸਿੰਘਾਂ ਨੇ ਉਲੰਘਣਾ ਨਹੀਂ ਕੀਤੀ ਬਲਕਿ ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਸਿੱਖ ਵਿਦਵਾਨਾਂ ਵੱਲੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਬੇਨਤੀ ਕਰਨ ਉਪਰੰਤ ਕਿ ਆਪ ਵੱਲੋਂ ਅਜਿਹਾ ਆਦੇਸ਼ ਗੁਰੂ ਸਿਧਾਂਤਾਂ ਦੇ ਅਨੁਕੂਲ ਨਹੀਂ ਹੈ ਫਿਰ ਜਥੇਦਾਰ ਗਿਆਨੀ ਕ੍ਰਿਪਾਲ ਸਿੰਘ ਨੇ ਆਪਣੀ ਗਲਤੀ ਮਹਿਸੂਸ ਕਰਦਿਆਂ ਕੁੱਝ ਦਿਨਾਂ ਬਾਅਦ ਇਹ ਆਦੇਸ਼ ਵਾਪਸ ਲੈ ਲਿਆ ਸੀ।

ਇਸੇ ਤਰ੍ਹਾਂ ਸੰਤ ਭਿੰਡਰਾਂਵਾਲਿਆਂ ਵੱਲੋਂ ਗੁਰੂ ਨਾਨਕ ਨਿਵਾਸ ਵਿਖੇ ਸੱਦੀ ਗਈ ਵਿਸ਼ੇਸ਼ ਮੀਟਿੰਗ ਦਾ ਸੰਤ ਲੌਂਗੋਵਾਲ ਨੇ ਇਹ ਕਹਿ ਕੇ ਵਿਰੋਧ ਕਰ ਦਿੱਤਾ ਸੀ ਕਿ ਇਸ ਨਾਲ ਸ਼੍ਰੋਮਣੀ ਅਕਾਲੀ ਦਲ ਨਾਲ ਕੋਈ ਸਬੰਧ ਨਹੀਂ। ਹਾਲਾਂਕਿ ਇਸ ਦੇ ਬਾਵਜੂਦ ਵੀ ਬਹੁਤ ਸਾਰੇ ਅਕਾਲੀ ਆਗੂ ਇਸ ਮੀਟਿੰਗ ਵਿੱਚ ਸ਼ਾਮਿਲ ਹੋਏ ਸਨ। ਇਸ ਤੋਂ ਬਾਅਦ ਸੰਤ ਲੌਂਗੋਵਾਲ ਦੀ ਸ਼ਹਿ ਤੇ ਬੱਬਰ ਖ਼ਾਲਸਾ ਜਥੇਬੰਦੀ ਦੇ ਕੁੱਝ ਕੁ ਸਿੰਘਾਂ ਨੇ ਸੰਤ ਭਿੰਡਰਾਂਵਾਲਿਆਂ ਤੋਂ ਗੁਰੂ ਨਾਨਕ ਨਿਵਾਸ ਵਿੱਚੋਂ ਕੁੱਝ ਕਮਰੇ ਉਨ੍ਹਾਂ ਲਈ ਖਾਲੀ ਕਰਨ ਲਈ ਕਿਹਾ। ਜਿਸ ਤੇ ਸੰਤ ਭਿੰਡਰਾਂਵਾਲੇ ਸਾਰਾ ਨਾਨਕ ਨਿਵਾਸ ਖਾਲੀ ਕਰ ਗਏ ਸਨ। ਇਸੇ ਤਰ੍ਹਾਂ ਸੰਤ ਲੌਂਗੋਵਾਲ ਵੱਲੋਂ ਸੰਤ ਭਿੰਡਰਾਂਵਾਲਿਆਂ ਨੂੰ ਮੰਜੀ ਸਾਹਿਬ ਦੀਵਾਨ ਹਾਲ ਵਿੱਚੋਂ ਬੋਲਣ ਤੋਂ ਰੋਕਣ ਲਈ ਸ਼੍ਰੋਮਣੀ ਕਮੇਟੀ ਨੂੰ ਕਿਹਾ ਗਿਆ ਤਾਂ ਸੰਤ ਭਿੰਡਰਾਂਵਾਲਿਆਂ ਨੇ ਆਪ ਹੀ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਜਾਣਾ ਬੰਦ ਕਰ ਦਿੱਤਾ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਕਈ ਜ਼ਿਲ੍ਹਾ ਪ੍ਰਧਾਨਾਂ ਨੇ ਸੰਤ ਭਿੰਡਰਾਂਵਾਲਿਆਂ ਵਿਰੁੱਧ ਝੂਠੇ ਇਲਜ਼ਾਮ ਲਗਾਏ ਕਿ ਇਹ ਕਾਂਗਰਸ ਦਾ ਏਜੰਟ ਹੈ, ਪੰਥ ਵਿੱਚ ਫੁੱਟ ਪਾਉਂਦਾ ਹੈ, ਧਰਮ ਯੁੱਧ ਮੋਰਚੇ ਨੂੰ ਫੇਲ੍ਹ ਕਰਨ 'ਤੇ ਲੱਗਾ ਹੋਇਆ ਹੈ ਅਤੇ ਧਰਮ ਯੁੱਧ ਮੋਰਚੇ ਦੀ ਪਾਲਿਸੀ ਪ੍ਰੋਗਰਾਮ ਤੋਂ ਉਲਟ ਜਾ ਰਿਹਾ ਹੈ ਆਦਿ। ਪਰ ਸੰਤ ਭਿੰਡਰਾਂਵਾਲਿਆਂ ਨੇ ਇਨ੍ਹਾਂ ਦੇ ਵਿਰੁੱਧ ਕੋਈ ਬਿਆਨ ਨਾ ਦਿੱਤਾ। ਇਸੇ ਤਰ੍ਹਾਂ ਇਹ ਵੀ ਇਲਜ਼ਾਮ ਲਗਾਏ ਕਿ ਸੰਤ ਭਿੰਡਰਾਂਵਾਲਿਆਂ ਨੇ ਵਿਦੇਸ਼ਾਂ ਵਿੱਚੋਂ ਸ਼ਹੀਦੀ ਫੰਡ ਦੇ ਨਾਂ ਉੱਪਰ ਪੈਸਾ ਇਕੱਠਾ ਕਰ ਰਹੇ ਹਨ। ਇਸ ਬਾਰੇ ਸੰਤਾਂ ਨੇ ਗੁਰੂ ਰਾਮਦਾਸ ਲੰਗਰ ਹਾਲ ਦੇ ਉਪਰ ਸੰਗਤਾਂ ਸਾਹਮਣੇ ਵਿਚਾਰ ਰੱਖਦਿਆਂ ਸਿਰਫ ਏਨਾ ਹੀ ਕਿਹਾ ਕਿ ਮੇਰੇ ਵੱਲੋਂ ਕੋਈ ਸ਼ਹੀਦੀ ਫੰਡ ਨਹੀਂ ਖੋਲ੍ਹਿਆ ਗਿਆ ਅਤੇ ਨਾ ਹੀ ਸੰਗਤਾਂ ਤੋਂ ਕਿਸੇ ਵੀ ਢੰਗ ਨਾਲ ਪੈਸੇ ਦੀ ਮੰਗ ਕੀਤੀ ਗਈ ਹੈ ਬਲਕਿ ਇਨ੍ਹਾਂ ਬਹੁਤ ਸਾਰੇ ਇਲਜ਼ਾਮਾਂ ਦੇ ਬਾਵਜੂਦ ਉਹ ਸਿੱਖ ਸੰਗਤਾਂ ਨੂੰ ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀਆਂ ਦੇ ਕੇ ਇਸ ਨੂੰ ਕਾਮਯਾਬ ਕਰਨ ਲਈ ਪ੍ਰੇਰਦੇ ਰਹੇ ਅਤੇ ਸੁਚੇਤ ਵੀ ਕਰਦੇ ਰਹੇ ਕਿ ਧਰਮ ਯੁੱਧ ਮੋਰਚੇ ਦੀ ਪੂਰੀ ਸਫਲਤਾ ਤੱਕ ਮੋਰਚਾ ਜਾਰੀ ਰਹੇਗਾ।

ਉਪਰੋਕਤ ਚੱਲੀਆਂ ਗਈਆਂ ਚਾਲਾਂ ਬਾਰੇ ਸੰਤ ਲੌਂਗੋਵਾਲ ਅਤੇ ਉਸ ਦੇ ਸਹਿਯੋਗੀ ਵੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਾਡੀਆਂ ਅਜਿਹੀਆਂ ਗਤੀਵਿਧੀਆਂ ਨੂੰ ਸੰਤ ਭਿੰਡਰਾਂਵਾਲੇ ਭਲੀਭਾਂਤ ਜਾਣਦੇ ਹਨ ਅਤੇ ਦਿਨ-ਦਿਨ ਇਹ ਗੱਲਾਂ ਬੇਪਰਦ ਵੀ ਹੋ ਰਹੀਆਂ ਹਨ ਜਿਸ ਨਾਲ ਅਕਾਲੀ ਆਗੂਆਂ ਨੂੰ ਨਮੋਸ਼ੀ ਦਾ ਮੂੰਹ ਵੇਖਣਾ ਪੈ ਸਕਦਾ ਹੈ। ਦੂਜੇ ਪਾਸੇ ਚੱਲ ਰਹੇ ਧਰਮ ਯੁੱਧ ਮੋਰਚੇ ਬਾਰੇ ਕੇਂਦਰ ਸਰਕਾਰ ਨਾਲ ਗੱਲਬਾਤ ਮੁਕਾਉਣ ਬਾਰੇ ਉਹ ਸੰਤ ਭਿੰਡਰਾਂਵਾਲਿਆਂ ਨੂੰ ਵੱਡੀ ਰੁਕਾਵਟ ਸਮਝਦੇ ਸਨ ਕਿਉਂਕਿ ਸੰਤ ਭਿੰਡਰਾਂਵਾਲਿਆਂ ਨੇ ਰੋਜ਼ਾਨਾ ਹੀ ਅਨੰਦਪੁਰ ਮਤੇ ਵਿੱਚ ਰੱਖੀਆਂ ਗਈਆਂ ਹੱਕੀ ਮੰਗਾਂ ਦੀ ਮੁਕੰਮਲ ਪ੍ਰਾਪਤੀ ਤੱਕ ਕਿਸੇ ਤਰ੍ਹਾਂ ਦੇ ਸਮਝੌਤੇ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ। ਇਸ ਲਈ ਸੰਤ ਭਿੰਡਰਾਂਵਾਲੇ ਅਤੇ ਉਸ ਦੇ ਮੁੱਖ ਸਹਿਯੋਗੀਆਂ ਨੂੰ ਖਤਮ ਕਰਨ ਦੀ ਯੋਜਨਾ ਉਲੀਕੀ ਗਈ ਜਿਸ ਦੀ ਮੁੱਖ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਸਵੱਤਰ ਗੁਰਚਰਨ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਬੱਗਾ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਅੰਮ੍ਰਿਤਸਰ ਸ਼ਹਿਰੀ ਦੇ ਪ੍ਰਧਾਨ ਮਲਕ ਸਿੰਘ ਭਾਟੀਆ ਨੂੰ ਜ਼ਿੰਮੇਵਾਰੀ ਸੌਂਪੀ ਗਈ। ਇਨ੍ਹਾਂ ਤਿੰਨਾਂ ਨੇ ਸਕੀਮ ਘੜੀ ਕਿ ਸੰਤ ਭਿੰਡਰਾਂਵਾਲੇ,

Scanned with CamScanner

ਉਨ੍ਹਾਂ ਦਾ ਡਰਾਈਵਰ ਭਾਈ ਗੁਰਮੁਖ ਸਿੰਘ, ਸੰਤਾਂ ਦਾ ਗੰਨਮੈਨ ਭਾਈ ਸੁਰਿੰਦਰ ਸਿੰਘ ਸੋਢੀ, ਅਤੇ ਸੰਤਾਂ ਦਾ ਭਤੀਜਾ ਭਾਈ ਸਵਰਨ ਸਿੰਘ ਇਨ੍ਹਾਂ ਚਾਰਾਂ ਨੂੰ ਖਤਮ ਕੀਤਾ ਜਾਵੇ।

ਇਸ ਕੰਮ ਲਈ ਇਨ੍ਹਾਂ ਨੇ ਕੁੱਝ ਪੰਜਾਵਰ ਵਿਅਕਤੀਆਂ ਦੀ ਚੋਣ ਕੀਤੀ ਜਿਨ੍ਹਾਂ ਵਿੱਚੋਂ ਪਹਿਲਾਂ ਤੋਂ ਹੀ ਇਨ੍ਹਾਂ ਦੇ ਸੰਪਰਕ ਵਿੱਚ ਰਿਹਾ ਸੁਰਿੰਦਰ ਸਿੰਘ ਸ਼ਿੰਦਾ, ਜੋ ਇੱਕ ਸਮਗਲਰ ਸੀ, ਉਸ ਨੂੰ ਚੁਣਿਆ, ਪਰ ਉਹ ਉਸ ਸਮੇਂ ਜੇਲ੍ਹ ਵਿੱਚ ਬੰਦ ਸੀ। ਜੇਲ੍ਹ ਵਿੱਚ ਹੀ ਉਸ ਨਾਲ ਗੱਲਬਾਤ ਕਰਕੇ ਉਸ ਦੀ ਜ਼ਮਾਨਤ ਕਰਵਾਈ ਗਈ ਅਤੇ ਉਸ ਨੂੰ ਗੁਰੂ ਰਾਮਦਾਸ ਸਰਾਂ ਵਿੱਚ ਕਮਰਾ ਨੰਬਰ 102 ਵਿੱਚ ਪੱਕੇ ਤੌਰ 'ਤੇ ਰਹਿਣ ਦਾ ਪ੍ਰਬੰਧ ਕੀਤਾ। ਇਥੇ ਹੀ ਗੁਰਚਰਨ ਸਿੰਘ ਸਕੱਤਰ ਆਦਿ ਨੇ ਸ਼ਿੰਦੇ ਨੂੰ 40,000/- ਰੁਪਏ ਦਿੱਤੇ ਅਤੇ ਬਾਕੀ ਰਕਮ ਕੰਮ ਹੋਣ ਤੋਂ ਬਾਅਦ ਦੇਣ ਲਈ ਕਿਹਾ ਗਿਆ। ਮੁੱਖ ਤੌਰ 'ਤੇ ਸੰਤ ਭਿੰਡਰਾਂਵਾਲੇ ਅਤੇ ਉਸ ਤੋਂ ਬਾਅਦ ਬਾਕੀ ਤਿੰਨਾਂ ਬਾਰੇ ਵੀ ਦੱਸਿਆ ਗਿਆ ਕਿ ਇਨ੍ਹਾਂ ਨੂੰ ਖਤਮ ਕਰਨਾ ਹੈ।

ਸ਼ਿੰਦੇ ਨੇ ਇਥੇ ਰਹਿੰਦਿਆਂ ਹੀ ਇੱਕ ਔਰਤ ਬਲਜੀਤ ਕੌਰ ਨੂੰ ਆਪਣੇ ਨਾਲ ਰੱਖ ਲਿਆ (ਪਤਾ ਲੱਗਿਆ ਹੈ ਕਿ ਇਹ ਇਥਲਾਕ ਤੋਂ ਗਿਰੀ ਔਰਤ ਸੀ) ਇਨ੍ਹਾਂ ਦੋਵਾਂ ਨੇ ਇਥੇ ਰਹਿੰਦਿਆਂ ਸੰਤਾਂ ਦੀਆਂ ਅਤੇ ਬਾਕੀ ਸਿੰਘਾਂ ਦੀਆਂ ਰੋਜ਼ ਦੀਆਂ ਸਰਗਰਮੀਆਂ ਬਾਰੇ ਪਤਾ ਲਾਇਆ ਕਿ ਕਿਵੇਂ ਅਸੀਂ ਸਫਲ ਹੋ ਸਕਦੇ ਹਾਂ। ਕਈ ਦਿਨ ਪਿੱਛਾ ਕਰਨ ਤੋਂ ਬਾਅਦ ਇਨ੍ਹਾਂ ਨੇ 1984 ਦੀ ਵਿਸਾਖੀ ਦਾ ਦਿਨ ਚੁਣਿਆ ਕਿ ਉਸ ਦਿਨ ਸੰਗਤਾਂ ਦੀ ਬਹੁਤ ਆਵਾਜਾਈ ਹੋਵੇਗੀ ਜਿਸ ਦੌਰਾਨ ਸਾਨੂੰ ਕੰਮ ਕਰਨਾ ਆਸਾਨ ਹੋ ਜਾਵੇਗਾ। ਸੰਤ ਭਿੰਡਰਾਂਵਾਲੇ ਆਪਣੇ ਸਿੰਘਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਤੋਂ ਮੱਥਾ ਟੇਕ ਕੇ ਲਗਭਗ ਸਵੇਰੇ 9.00 ਵਜੇ ਗੁਰੂ ਰਾਮਦਾਸ ਲੰਗਰ ਦੀ ਤੀਸਰੀ ਮੰਜ਼ਿਲ ਵਿਖੇ ਪਹੁੰਚੇ ਜਿਥੇ ਰੋਜ਼ਾਨਾ ਹੀ ਸੰਗਤਾਂ ਨਾਲ ਵਿਚਾਰ ਵਟਾਂਦਰਾ ਕਰਦੇ ਸਨ ਅਤੇ ਦਿਨ ਵਿੱਚ ਕਈ-ਕਈ ਵਾਰ ਸੰਗਤਾਂ ਨੂੰ ਸੰਬੋਧਨ ਹੋ ਕੇ ਗੁਰਮੱਤਿ ਵਿਚਾਰਾਂ ਸੁਣਾਉਂਦੇ ਸਨ। ਅੱਜ ਵਿਸਾਖੀ ਦਾ ਦਿਨ ਹੋਣ ਕਾਰਨ ਸਵੇਰ ਤੋਂ ਹੀ ਸੰਗਤਾਂ ਦੀ ਕਾਫੀ ਭੀੜ ਸੀ। ਇਸੇ ਦੌਰਾਨ ਸੁਰਿੰਦਰ ਸ਼ਿੰਦਾ ਆਪਣੀ ਸਾਥਣ ਬਲਜੀਤ ਕੌਰ ਨਾਲ ਇੱਥੇ ਪਹੁੰਚਿਆ। ਇਨ੍ਹਾਂ ਵੇਖਿਆ ਕਿ ਪੌੜੀਆਂ ਤੋਂ ਲੈ ਕੇ ਚਾਰ-ਚੁਫੇਰੇ ਸੰਗਤਾਂ ਅਤੇ ਹਥਿਆਰਬੰਦ ਸਿੰਘ ਬਹੁਤ ਸੁਚੇਤਤਾ ਨਾਲ ਖੜ੍ਹੇ ਹਨ। ਇਸ ਲਈ ਇਥੇ ਕੁੱਝ ਵੀ ਕਰਨਾ ਖਤਰੇ ਭਰਿਆ ਹੋਵੇਗਾ। ਇਸ ਲਈ ਕੁੱਝ ਸਮਾਂ ਇੱਥੇ ਰਹਿਣ ਤੋਂ ਬਾਅਦ ਇਹ ਵਾਪਸ ਪਰਤ ਗਏ।

ਗੁਰੂ ਰਾਮਦਾਸ ਸਰਾਂ ਵਾਲੇ ਪਾਸਿਉਂ ਬਾਹਰ ਨਿਕਲਣ ਵਾਲੇ ਗੇਟ ਤੋਂ ਬਾਹਰ ਸਿੱਧੀ ਹੋਟਲ ਹੈ ਜਿੱਥੇ ਸਿੰਘਾਂ ਦੀ ਆਮ ਆਵਾਜਾਈ ਬਣੀ ਰਹਿੰਦੀ ਸੀ ਕਿਉਂਕਿ ਕਿਸੇ ਵੀ ਸਿੰਘ ਦਾ ਕੋਈ ਰਿਸ਼ਤੇਦਾਰ ਆਉਂਦਾ ਅਕਸਰ ਇੱਥੇ ਹੀ ਠਹਿਰਦਾ ਸੀ। ਲਗਭਗ 11:00 ਕੁ ਵਜੇ ਭਾਈ ਸੁਰਿੰਦਰ ਸਿੰਘ ਸੋਢੀ, ਨਾਲ ਦੇ ਸਿੰਘਾਂ ਨੂੰ ਇਹ ਕਹਿ ਕੇ ਬਾਹਰ ਆ ਗਿਆ ਕਿ ਮੈਂ ਆਪਣੀ ਭੈਣ ਨੂੰ ਤੋਰ ਆਵਾ। ਸੋਢੀ ਇਸੇ ਹੀ ਗੇਟ ਤੋਂ ਆਪਣੀ ਭੈਣ ਨੂੰ ਥ੍ਰੀ ਵੀਲ੍ਹਰ 'ਤੇ ਬਿਠਾਉਣ ਲਈ ਰੁਕ ਗਿਆ। ਸ਼ਿੰਦੇ ਨੇ ਸੋਢੀ ਨੂੰ ਗੇਟ ਤੋਂ ਬਾਹਰ ਖੜ੍ਹੇ ਵੇਖਿਆ ਤਾਂ ਉਸ ਨੇ ਤੁਰੰਤ ਹੀ ਆਪਣੇ ਦੋ ਸਾਥੀਆਂ ਨੂੰ ਜੋ ਕਿ ਵੇਖਣ ਨੂੰ ਸਜੇ ਧਜੇ ਸਿੰਘ ਹੀ ਲੱਗਦੇ ਸਨ ਭਾਈ ਸੋਢੀ ਕੋਲ ਭੇਜਿਆ ਅਤੇ ਕਿਹਾ ਕਿ ਆਓ ਸਿੱਧੀ ਹੋਟਲ ਵਿੱਚ ਬੈਠ ਕੇ ਕੋਫੀ ਦਾ ਕੱਪ-ਕੱਪ ਪੀਂਦੇ ਹਾਂ। ਆਪਣੀ ਭੈਣ ਨੂੰ ਤੋਰ ਕੇ ਸੋਢੀ ਇਨ੍ਹਾਂ ਸਿੰਘਾਂ ਨਾਲ ਸਿੱਧੀ ਹੋਟਲ ਵਿੱਚ ਚਲੇ ਗਿਆ। ਵਿਸਾਖੀ ਦਾ ਦਿਨ ਸਮਝ ਕੇ ਉਹ ਇੱਥੇ ਆ ਗਿਆ ਬਾਕੀ ਉਸ ਦੇ ਦਿਲ ਵਿੱਚ ਕੋਈ ਖਤਰੇ ਭਰਿਆ ਸ਼ੱਕ ਨਹੀਂ ਸੀ।

ਸੋਢੀ ਦੇ ਪਹੁੰਚਣ ਤੋਂ ਪਹਿਲਾਂ ਹੀ ਬਲਜੀਤ ਕੌਰ ਅਤੇ ਸ਼ਿੰਦਾ ਉੱਥੇ ਮੌਜੂਦ ਸਨ ਜਿਨ੍ਹਾਂ ਬਾਰੇ ਸੋਢੀ ਅਨਜਾਣ ਸੀ। ਪਰ ਗੁਰਚਰਨ ਸਿੰਘ ਸਕੱਤਰ ਹੁਰਾਂ ਦੀ ਸਮਝਾਈ ਹੋਈ ਸਕੀਮ ਮੁਤਾਬਕ ਇਨ੍ਹਾਂ ਤਿੰਨਾਂ ਸਿੰਘਾਂ ਵਿੱਚੋਂ ਸੁਰਿੰਦਰ ਸਿੰਘ ਸੋਢੀ, ਸਵਰਨ ਸਿੰਘ ਜਾਂ ਗੁਰਮੁਖ ਸਿੰਘ ਕੋਈ ਵੀ ਕਾਬੂ ਆਵੇ ਤਾਂ ਇਨ੍ਹਾਂ ਨੂੰ ਕਤਲ ਕਰਨ ਉਪਰੰਤ ਇਨ੍ਹਾਂ ਦਾ ਹੀ ਹਥਿਆਰ ਉਤਾਰ ਕੇ ਬਲਜੀਤ ਕੌਰ ਸੰਤਾਂ ਕੋਲ ਪੇਸ਼ ਹੋ ਜਾਵੇ ਕਿ ਇਹ ਤੁਹਾਡਾ ਸਿੰਘ ਮੰਤਰੀ ਇੰਜਤ ਨੂੰ ਹੱਥ ਪਾਉਣ ਲੱਗਾ ਸੀ ਇਸ ਲਈ ਮੈਂ ਇਸ ਨੂੰ ਕਤਲ ਕੀਤਾ ਹੈ। ਇਸੇ ਯੋਜਨਾ ਤਹਿਤ ਸ਼ਿੰਦੇ ਅਤੇ ਬਲਜੀਤ ਕੌਰ ਵੱਲੋਂ ਭਾਈ ਸੁਰਿੰਦਰ ਸਿੰਘ ਸੋਢੀ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਜਦੋਂ ਸੋਢੀ ਫਰਸ਼ ਉਪਰ ਡਿੱਗਿਆ ਤਾਂ ਇਸ ਦਾ ੯ ਐੱਮ ਐੱਮ. ਪਿਸਟਲ ਸ਼ਿੰਦੇ ਨੇ ਲਾਹ ਲਿਆ ਅਤੇ ਇਸ ਨੂੰ ਇਸੇ ਹਾਲਤ ਵਿੱਚ ਛੱਡ ਕੇ ਇਥੋਂ ਦੌੜ ਕੇ ਆਪਣੇ ਸਰਾਂ ਵਾਲੇ ਕਮਰੇ ਵਿੱਚ ਚਲਾ ਗਿਆ ਅਤੇ ਨਾਲ ਹੀ ਉਸ ਨੇ ਮਲਕ ਸਿੰਘ ਭਾਟੀਏ ਨੂੰ ਦੱਸਿਆ ਕਿ ਇੱਕ ਕੰਡਾ ਕੱਢ

Scanned with CamScanner

ਦਿੱਤਾ ਹੈ, ਹੁਣ ਮੈਨੂੰ ਇਥੋਂ ਬਾਹਰ ਕੱਢਣ ਦਾ ਤੁਰੰਤ ਇੰਤਜ਼ਾਮ ਕੀਤਾ ਜਾਵੇ। ਤਾਂ ਭਾਟੀਏ ਨੇ ਆਪਣੇ ਵਾਕਫਕਾਰ ਕਰਨੈਲ ਸਿੰਘ ਦੇ ਬੇਟੇ ਦੀ ਟੈਕਸੀ ਮੰਗਵਾਈ ਅਤੇ ਉਸ ਨੂੰ ਪੂਰਾ ਭਰੋਸਾ ਦਿਵਾਇਆ ਕਿ ਇਹ ਸ਼ਿੰਦਾ ਮੇਰਾ ਭਰੋਸੇਯੋਗ ਅਤੇ ਵਾਕਫ ਆਦਮੀ ਹੈ, ਜਿੱਥੇ ਇਹ ਕਹੇ, ਉਸ ਨੂੰ ਛੱਡ ਕੇ ਆਓ ਅਤੇ ਤੇਰੀ ਟੈਕਸੀ ਦਾ ਕਿਰਾਇਆ ਵੀ ਮੈਂ ਦੇਵਾਂਗਾ। ਇਸ ਤਰ੍ਹਾਂ ਛਿੰਦੇ ਨੂੰ ਭਾਟੀਏ ਹੁਰਾਂ ਨੇ ਜਲਦੀ ਨਾਲ ਇਥੋਂ ਕੱਢ ਦਿੱਤਾ। ਸ਼ਿੰਦੇ ਨੇ ਟੈਕਸੀ ਵਾਲੇ ਨੂੰ ਕਿਹਾ ਕਿ ਮੈਨੂੰ ਅਲਗੋਂ ਕੋਠੀ ਪਿੰਡ ਛੱਡ ਕੇ ਆ। ਉਥੇ ਸ਼ਿੰਦੇ ਦਾ ਪੁਰਾਣਾ ਵਾਕਫਕਾਰ ਸ. ਬਖਸ਼ੀਸ਼ ਸਿੰਘ ਰਹਿੰਦਾ ਸੀ। ਟੈਕਸੀ ਵਾਲਾ ਉਸ ਨੂੰ ਸ. ਬਖਸ਼ੀਸ਼ ਸਿੰਘ ਦੇ ਘਰ ਉਤਾਰ ਕੇ ਵਾਪਸ ਆ ਗਿਆ। ਕੁੱਝ ਸਮੇਂ ਬਾਅਦ ਜਦ ਬਖਸ਼ੀਸ਼ ਸਿੰਘ ਸ਼ਿੰਦੇ ਨੂੰ ਮਿਲਿਆ ਤਾਂ ਉਸ ਨੇ ਇਸ ਨੂੰ ਪੁੱਛਿਆ ਕਿ ਤੂੰ ਏਨਾ ਘਬਰਾਇਆ ਹੋਇਆ ਕਿਉਂ ਹੈ? ਪਹਿਲਾਂ ਤਾਂ ਇਸ ਨੇ ਟਾਲ ਮਟੋਲ ਕੀਤਾ, ਪੁਰਾਣਾ ਵਾਕਫਕਾਰ ਹੋਣ ਕਾਰਨ ਇਸ ਨੇ ਬਖਸ਼ੀਸ਼ ਸਿੰਘ ਨੂੰ ਦੱਸ ਦਿੱਤਾ ਕਿ ਅਸੀਂ ਸੇਢੀ ਦਾ ਕਤਲ ਕਰ ਦਿੱਤਾ ਹੈ। ਇਨੀ ਗੱਲ ਸੁਣ ਕੇ ਬਖਸ਼ੀਸ਼ ਸਿੰਘ ਵੀ ਘਬਰਾ ਗਿਆ। ਉਸ ਨੇ ਕਿਹਾ ਕਿ ਤੂੰ ਬਹੁਤ ਵੱਡਾ ਗੁਨਾਹ ਕੀਤਾ ਹੈ। ਸੇਢੀ ਸੰਤਾਂ ਦਾ ਭਰੋਸੇਯੋਗ ਅਤੇ ਤਜ਼ਰਬੇਕਾਰ ਸਾਥੀ ਸੀ। ਫਿਰ ਉਸ ਨੇ ਪੁੱਛਿਆ ਕਿ ਤੇਰੇ ਬਾਰੇ ਕਿਸੇ ਨੂੰ ਪਤਾ ਹੈ? ਸ਼ਿੰਦੇ ਨੇ ਕਿਹਾ ਮੇਰੇ ਬਾਰੇ ਭਾਟੀਏ ਨੂੰ ਅਤੇ ਗੁਰਚਰਨ ਸਿੰਘ ਨੂੰ ਪਤਾ ਹੈ ਅਤੇ ਭਾਟੀਏ ਦਾ ਬੰਦਾ ਹੀ ਮੈਨੂੰ ਇੱਥੇ ਛੱਡ ਕੇ ਗਿਆ ਹੈ।

ਇਹ ਗੱਲ ਸੁਣ ਕੇ ਬਖਸ਼ੀਸ਼ ਸਿੰਘ ਮਨ ਹੀ ਮਨ ਵਿੱਚ ਬਹੁਤ ਡਰ ਗਿਆ ਹੈ ਕਿ ਜਿਨ੍ਹਾਂ ਬੰਦਿਆਂ ਦਾ ਸ਼ਿੰਦਾ ਨਾਂ ਲੈਂਦਾ ਹੈ ਮੇਰੇ ਬਾਰੇ ਉਨ੍ਹਾਂ ਨੂੰ ਪਤਾ ਹੈ। ਉਹ ਬਹੁਤ ਹੀ ਦੋਗਲੀ ਕਿਸਮ ਦੇ ਅਤੇ ਘਟੀਆ ਬੰਦੇ ਹਨ। ਉਹ ਇਹ ਵੀ ਸੋਚਣ ਲੱਗਾ ਕਿ ਸ਼ਿੰਦਾ ਤਾਂ ਸੰਤ ਭਿੰਡਰਾਂਵਾਲਿਆਂ ਦਾ ਦੋਸ਼ੀ ਹੈ ਹੀ, ਜੇਕਰ ਮੇਰੇ ਬਾਰੇ ਪਤਾ ਲੱਗਾ ਕਿ ਸੇਢੀ ਦਾ ਕਤਲ ਕਰਨ ਤੋਂ ਬਾਅਦ ਸ਼ਿੰਦੇ ਨੂੰ ਪਨਾਹ ਦੇਣ ਵਾਲਾ ਬਖਸ਼ੀਸ਼ ਸਿੰਘ ਹੈ ਤਾਂ ਮੈਨੂੰ ਪਰਿਵਾਰ ਸਮੇਤ ਸਿੰਘਾਂ ਨੇ ਸੋਧ ਦੇਣਾ ਹੈ। ਇਹ ਸੋਚਾਂ ਸੋਚਦੇ ਉਸ ਨੇ ਸ਼ਿੰਦੇ ਨੂੰ ਕਿਹਾ ਕਿ ਚੱਲ, ਤੈਨੂੰ ਹੋਰ ਕਿਸੇ ਸੁਰੱਖਿਅਤ ਜਗ੍ਹਾ 'ਤੇ ਛੱਡ ਕੇ ਆਵਾਂ। ਉਹ ਉਸ ਨੂੰ ਨਾਲ ਲੈ ਕੇ ਆਪਣੇ ਡੇਅਰੀ ਫਾਰਮ 'ਤੇ ਗਿਆ ਜੋ ਕਿ ਖਲਚੀਆਂ ਤੋਂ ਖੜੂਰ ਸਾਹਿਬ ਨੂੰ ਜਾਂਦੀ ਸੜਕ 'ਤੇ ਪਿੰਡ ਭੋਰਸੀ ਰਾਜਪੂਤਾਂ ਵਿਖੇ ਹੈ। ਇਥੇ ਹੀ ਬਖਸ਼ੀਸ਼ ਸਿੰਘ ਨੇ ਕੁੱਝ ਜ਼ਮੀਨ ਖਰੀਦੀ ਹੋਈ ਸੀ, ਇੱਥੇ ਪਹੁੰਚ ਕੇ ਸ਼ਿੰਦਾ ਖੁਦ ਵੀ ਇਨਾ ਘਬਰਾਇਆ ਹੋਇਆ ਸੀ ਕਿ ਨਸ਼ੇ ਵਿੱਚ ਬੇਸੁੱਧ ਹੋ ਕੇ ਕਮਰੇ ਵਿੱਚ ਪੈ ਗਿਆ ਅਤੇ ਬਖਸ਼ੀਸ਼ ਸਿੰਘ ਦੇ ਮਨ ਵਿੱਚ ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਆਏ। ਅਖੀਰ ਉਸ ਨੇ ਫੈਸਲਾ ਕਰ ਲਿਆ ਕਿ ਮੈਂ ਇਸ ਬਾਰੇ ਸੰਤ ਭਿੰਡਰਾਂਵਾਲਿਆਂ ਨੂੰ ਸਭ ਕੁੱਝ ਦੱਸ ਦੇਵਾਂ ਤਾਂ ਕਿ ਕੱਲ੍ਹ ਨੂੰ ਮੇਰੇ ਸਿਰ ਕਤਲ ਦਾ ਦੋਸ਼ ਨਾ ਲੱਗੇ। ਇਸ ਲਈ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਸੰਤਾਂ ਕੋਲ ਚਲਿਆ ਗਿਆ।

ਦੂਸਰੇ ਪਾਸੇ, ਮਿਥੀ ਸਕੀਮ ਅਨੁਸਾਰ ਬਲਜੀਤ ਕੌਰ ਹੱਥ ਵਿੱਚ ਰਿਵਾਲਵਰ ਲੈ ਕੇ ਦੌੜਦੀ ਹੋਈ ਗੁਰੂ ਰਾਮਦਾਸ ਲੰਗਰ ਹਾਲ ਦੀ ਦੂਸਰੀ ਮੰਜ਼ਿਲ 'ਤੇ ਪਹੁੰਚੀ ਤਾਂ ਇੱਥੇ ਭਾਈ ਅਮਰੀਕ ਸਿੰਘ ਸਮੇਤ ਕੁੱਝ ਸਿੰਘਾਂ ਨੇ ਇਸ ਨੂੰ ਰੋਕ ਲਿਆ ਅਤੇ ਉਸ ਨੂੰ ਪੁੱਛਿਆ ਕਿ ਤੂੰ ਇਸ ਹਾਲਤ ਵਿੱਚ ਕਿੱਧਰ ਜਾ ਰਹੀ ਹੈ ਤਾਂ ਉਸ ਨੇ ਕਿਹਾ ਕਿ ਮੈਂ ਤੁਰੰਤ ਸੰਤ ਭਿੰਡਰਾਂਵਾਲਿਆਂ ਨੂੰ ਮਿਲਣਾ ਹੈ ਕਿਉਂਕਿ ਉਨ੍ਹਾਂ ਦੇ ਖਾਸ ਸਮਝੇ ਜਾਂਦੇ ਸੁਰਿੰਦਰ ਸਿੰਘ ਸੋਢੀ ਨੇ ਮੇਰੀ ਇੱਜ਼ਤ ਨੂੰ ਹੱਥ ਪਾਉਣ ਦਾ ਯਤਨ ਕੀਤਾ ਤਾਂ ਮੈਂ ਉਸ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਮੈਂ ਸੰਤਾਂ ਨੂੰ ਦੱਸਣਾ ਹੈ ਕਿ ਤੁਸੀਂ ਰੋਜ਼ਾਨਾ ਇੱਥੇ ਪ੍ਰਚਾਰ ਕਰਦੇ ਹੋ ਕਿ ਜੇਕਰ ਕੋਈ ਵਿਅਕਤੀ ਕਿਸੇ ਦੀ ਧੀ ਭੈਣ ਦੀ ਇੱਜਤ ਨੂੰ ਹੱਥ ਪਾਵੇ ਤਾਂ ਉਸ ਨੂੰ ਗੱਡੀ ਚੜ੍ਹਾ ਕੇ ਮੇਰੇ ਕੋਲ ਆਵੇ, ਮੈਂ ਉਸ ਨੂੰ ਸਾਂਭਾਗਾ। ਇਹੀ ਮੈਂ ਕਹਿਣਾ ਚਾਹੁੰਦੀ ਹਾਂ ਕਿ ਉਹ ਮੈਨੂੰ ਸਾਂਭਣ।

ਭਾਈ ਅਮਰੀਕ ਸਿੰਘ ਬਹੁਤ ਤਜਰਬੇਕਾਰ ਸਿੰਘ ਸਨ ਉਹ ਸਮਝ ਗਏ ਕਿ ਪਰਦੇ ਪਿੱਛੇ ਕਹਾਣੀ ਕੁੱਝ ਹੋਰ ਹੈ ਕਿਉਂਕਿ ਭਾਈ ਸੁਰਿੰਦਰ ਸਿੰਘ ਸੋਢੀ ਅਜਿਹਾ ਵਿਅਕਤੀ ਨਹੀਂ ਕਿ ਉਹ ਕਿਸੇ ਦੀ ਇੱਜਤ ਨੂੰ ਹੱਥ ਪਾਵੇ। ਭਾਈ ਅਮਰੀਕ ਸਿੰਘ ਨੇ ਕੁੱਝ ਬੀਬੀਆਂ ਨੂੰ ਸੱਦਿਆ ਅਤੇ ਇਸ ਤੋਂ ਪੁੱਛ ਪੜਤਾਲ ਕਰਨ ਲਈ ਕਿਹਾ ਤਾਂ ਬੀਬੀਆਂ ਦੀ ਪੁੱਛ ਪੜਤਾਲ ਦੌਰਾਨ ਬਲਜੀਤ ਕੌਰ ਕੁੱਝ ਕੁ ਘਬਰਾ ਜਰੂਰ ਗਈ ਪਰ ਅਸਲੀਅਤ ਦੱਸਣ ਤੋਂ ਪਾਸਾ ਵੱਟੀ ਰੱਖਿਆ। ਜਦੋਂ ਸਭੋ ਦੇ ਸਿੰਘਾਂ ਨੇ ਉਨ੍ਹਾਂ ਬੀਬੀਆਂ ਨਾਲ ਮਿਲ ਕੇ ਕਿਹਾ ਕਿ ਜੇਕਰ ਇਹ ਅਸਲੀਅਤ ਨਹੀਂ ਦੱਸਦੀ ਤਾਂ ਇਸ ਨੂੰ ਬਿਜਲੀ ਦੇ ਕਰੰਟ ਲਾ ਕੇ ਬੇਹੋਸ਼ ਕੀਤਾ ਜਾਵੇ ਤਾਂ ਕਿ ਬੇਹੋਸ਼ੀ ਦੀ ਹਾਲਤ ਵਿੱਚ ਆਪੇ ਹੀ ਸਭ ਕੁੱਝ ਦੱਸ ਦੇਵੇਗੀ। ਸਿੰਘਾਂ ਵੱਲੋਂ ਦਿੱਤਾ ਗਿਆ ਇਹ ਡਰਾਵਾ ਬਹੁਤ ਕੰਮ ਆਇਆ। ਇਸ ਨੇ ਡਰਦੀ ਨੇ ਸਭ ਕੁਝ ਸੱਚ-ਸੱਚ ਦੱਸ ਦਿੱਤਾ

Scanned with CamScanner

ਕਿ ਗੁਰਚਰਨ ਸਿੰਘ ਸਕੱਤਰ, ਬੱਗਾ ਸਿੰਘ ਅਤੇ ਭਾਟੀਆ ਦੇ ਕਹਿਣ 'ਤੇ ਇਹ ਕਤਲ ਕੀਤਾ ਗਿਆ ਹੈ। ਉਸ ਨੇ ਇਹ ਵੀ ਦੱਸ ਦਿੱਤਾ ਕਿ ਸੁਰਿੰਦਰ ਸਿੰਘ ਸੋਢੀ ਨੇ ਮੇਰੀ ਇੱਜ਼ਤ ਨੂੰ ਹੱਥ ਨਹੀਂ ਪਾਇਆ, ਸਗੋਂ ਇਹ ਝੂਠ ਬੋਲਣ ਵਾਸਤੇ ਵੀ ਮੈਨੂੰ ਉਨ੍ਹਾਂ ਹੀ ਵਿਅਕਤੀਆਂ ਨੇ ਸਲਾਹ ਦਿੱਤੀ ਸੀ। ਸਾਡੀ ਸਕੀਮ ਤਾਂ ਸੰਤਾਂ ਨੂੰ ਮਾਰਨ ਦੀ ਸੀ। ਅਸੀਂ ਉਥੇ ਗਏ ਵੀ ਸੀ ਪਰ ਸਾਡੀ ਹਿੰਮਤ ਨਹੀਂ ਪਈ ਕਿ ਅਸੀਂ ਉਨ੍ਹਾਂ ਨੂੰ ਮਾਰ ਸਕੀਏ। ਦੂਸਰਾ ਉਨ੍ਹਾਂ ਦਾ ਡਰਾਈਵਰ ਅਤੇ ਉਨ੍ਹਾਂ ਦਾ ਭਤੀਜਾ ਹੈ, ਉਹਨਾਂ ਨੂੰ ਵੀ ਅਸੀਂ ਮਾਰਨਾ ਸੀ। ਉਸ ਨੇ ਇਹ ਵੀ ਮੰਨਿਆ ਕਿ ਇਸ ਕਤਲ ਵਿੱਚ ਮੇਰਾ ਦੂਸਰਾ ਸਾਥੀ ਸੁਰਿਦਰ ਸ਼ਿੰਦਾ ਹੈ ਜੋ ਇਸ ਕਤਲ ਤੋਂ ਬਾਅਦ ਇੱਥੋਂ ਦੌੜ ਗਿਆ ਹੈ। ਉਸ ਨੇ ਦੱਸਿਆ ਕਿ ਪਿਛਲੇ ਦਿੱਕ ਮਹੀਨੇ ਤੋਂ ਅਸੀਂ ਗੁਰੂ ਰਾਮਦਾਸ ਸਰਾਂ ਦੇ ਕਮਰਾ ਨੰਬਰ 102 ਵਿੱਚ ਰਹਿ ਰਹੇ ਹਾਂ ਜਿਸਦਾ ਪ੍ਰਬੰਧ ਗੁਰਚਰਨ ਸਿੰਘ ਸਕੱਤਰ ਨੇ ਕੀਤਾ ਹੈ। ਇੱਥੇ ਇਸੇ ਕਮਰੇ ਵਿੱਚ ਹੀ ਸਾਨੂੰ ਚਾਲੀ ਹਜ਼ਾਰ ਰੁਪਿਆ ਅਤੇ ਹਥਿਆਰ ਦਿੱਤੇ ਗਏ ਸਨ ਅਤੇ ਬਾਕੀ ਦੇ ਪੈਸੇ ਕਤਲ ਕਰਨ ਤੋਂ ਬਾਅਦ ਦੇਣੇ ਸਨ, ਉਹ ਪੈਸੇ ਕਿੰਨੇ ਹਨ? ਇਸ ਬਾਰੇ ਸ਼ਿੰਦੇ ਨੂੰ ਪਤਾ ਹੈ। ਬਲਜੀਤ ਕੌਰ ਵੱਲੋਂ ਕੀਤੀਆਂ ਇਨ੍ਹਾਂ ਸਭ ਗੱਲਾਂ ਨੂੰ, ਉਸਦੇ ਸਾਹਮਣੇ ਹੀ ਰਿਕਾਰਡ ਕਰ ਲਿਆ ਗਿਆ। ਉਸ ਤੋਂ ਰਿਵਾਲਵਰ ਲੈ ਲਿਆ ਅਤੇ ਉਸ ਨੂੰ ਇੱਕ ਕਮਰੇ ਵਿੱਚ ਬੰਦ ਕਰਕੇ ਉਸ ਵੱਲੋਂ ਦਿੱਤੀ ਜਾਣਕਾਰੀ ਦੀ ਸੱਚਾਈ ਬਾਰੇ ਪਤਾ ਕੀਤਾ।

ਸੋਢੀ ਦੇ ਕਤਲ ਦਾ ਰੌਲਾ ਪੈਂਦਿਆ ਹੀ ਜਥੇ ਦੇ ਸਿੰਘ ਸੁਖਵੰਤ ਸਿੰਘ ਬੱਲੂ ਅਤੇ ਗੁਰਦਿਆਲ ਸਿੰਘ ਨਿਹੰਗ ਨੇ ਜਾ ਕੇ ਸੋਢੀ ਨੂੰ ਜ਼ਖਮੀ ਹਾਲਤ ਵਿੱਚ ਚੁੱਕਿਆ ਉਹ ਹਾਲੇ ਜਿਉਂਦਾ ਸੀ। ਵਿਸਾਖੀ ਦਾ ਦਿਨ ਹੋਣ ਕਾਰਨ ਇੱਕ ਐਂਬੂਲੈਂਸ ਅਮਰਜੈਂਸੀ ਡਿਊਟੀ ਲਈ ਖੜ੍ਹੀ ਸੀ, ਉਸ ਵਿੱਚ ਪਾ ਕੇ ਭਾਈ ਸੋਢੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਹ ਰਸਤੇ ਵਿੱਚ ਹੀ ਦਮ ਤੋੜ ਗਿਆ। ਜਦੋਂ ਉਸ ਨੂੰ ਵਾਪਸ ਲਿਆਂਦਾ ਉਦੋਂ ਤੱਕ ਸੋਢੀ ਦੇ ਕਤਲ ਦਾ ਰੌਲਾ ਸਾਰੇ ਸ਼ਹਿਰ ਵਿੱਚ ਪੈ ਚੁੱਕਿਆ ਸੀ। ਪਾਸ ਕਰਕੇ ਕੈਂਪਲੈਕਸ ਦੇ ਅੰਦਰ ਦਾ ਹਰ ਵਿਅਕਤੀ ਸੋਚ ਰਿਹਾ ਸੀ ਕਿ ਸੋਢੀ ਦਾ ਕਤਲ ਕਿਉਂ ਹੋਇਆ? ਸੰਤਾਂ ਕੋਲ ਬਲਜੀਤ ਕੌਰ ਵੱਲੋਂ ਦਿੱਤੀ ਗਈ ਜਾਣਕਾਰੀ ਵੀ ਪਹੁੰਚ ਚੁੱਕੀ ਸੀ ਪਰ ਉਹ ਅਸਲ ਸੱਚਾਈ ਨੂੰ ਸਮਝਣ ਵਿੱਚ ਲੱਗੇ ਹੋਏ ਸਨ। ਇਨੇ ਚਿਰ ਨੂੰ ਅਲਗੋਂ ਕੋਠੀ ਵਾਲਾ ਬਖਸ਼ੀਸ਼ ਸਿੰਘ ਵੀ ਇੱਥੇ ਪਹੁੰਚ ਗਿਆ। ਉਸ ਨੇ ਜਥੇ ਦੇ ਜ਼ਿੰਮੇਵਾਰ ਸਿੰਘਾਂ ਨੂੰ ਸਿੰਦੇ ਬਾਰੇ ਸਭ ਕੁੱਝ ਦੱਸ ਦਿੱਤਾ ਅਤੇ ਕਿਹਾ ਕਿ ਮੈਂ ਸੰਤਾਂ ਨੂੰ ਮਿਲ ਕੇ ਇਹ ਸਭ ਕੁੱਝ ਉਨ੍ਹਾਂ ਨੂੰ ਵੀ ਦੱਸਣਾ ਚਾਹੁੰਦਾ ਹਾਂ ਸਿੰਘਾਂ ਨੇ ਇਸ ਨੂੰ ਹੌਸਲਾ ਦਿੱਤਾ ਅਤੇ ਕਿਹਾ ਕਿ ਤੈਨੂੰ ਸੰਤਾਂ ਨਾਲ ਮਿਲਾਉਂਦੇ ਹਾਂ। ਸੰਤਾਂ ਨੂੰ ਇਸ ਬਾਰੇ ਦੱਸਿਆ ਗਿਆ ਅਤੇ ਲੰਗਰ ਦੀ ਸਭ ਤੋਂ ਉਪਰਲੀ ਮੰਜ਼ਿਲ 'ਤੇ ਉਸ ਨੂੰ ਸੰਤਾਂ ਨਾਲ ਮਿਲਾਇਆ ਗਿਆ। ਦੂਜੇ ਪਾਸੇ ਜਥੇ ਦੇ ਸਿੰਘਾਂ ਨੇ ਬਲਬੀਰ ਸਿੰਘ ਫੌਜੀ, ਗੁਰਿਦਰ ਸਿੰਘ ਭੋਲਾ ਦੀ ਡਿਊਟੀ ਲਾਈ ਕਿ ਲੰਙ ਮੁਤਾਬਕ ਇੱਕ ਦੋ ਸਿੰਘਾਂ ਨੂੰ ਹੋਰ ਨਾਲ ਲੈ ਕੇ ਬਖਸ਼ੀਸ਼ ਸਿੰਘ ਦੇ ਦੱਸੇ ਮੁਤਾਬਕ ਪਿੰਡ ਭੋਲਸ਼ੀ ਰਾਜਪੂਤਾਂ ਤੋਂ ਸ਼ਿੰਦੇ ਨੂੰ ਕਾਬੂ ਕੀਤਾ ਜਾਵੇ। ਇਹ ਸਿੰਘ ਜਦੋਂ ਤੱਕ ਉਥੇ ਪਹੁੰਚੇ ਉਸ ਵੇਲੇ ਬਹੁਤ ਹਨੇਰਾ ਹੋ ਚੁੱਕਾ ਸੀ ਪਰ ਸਿੰਘਾਂ ਨੇ ਸ਼ਿੰਦੇ ਨੂੰ ਦਬੋਚ ਲਿਆ। ਉਸ ਸਮੇਂ ਸ਼ਿੰਦਾ ਇੰਨਾ ਡਰਿਆ ਹੋਇਆ ਸੀ ਕਿ ਉਸ ਨੇ ਸਿੰਘਾਂ ਦੇ ਬਹੁਤ ਤਰਲੇ ਕੀਤੇ ਕਿ ਮੈਂ ਗੁਰਚਰਨ ਸਿੰਘ ਹੁਰਾਂ ਦੀ ਜੁੰਡਲੀ ਦੇ ਕਹਿਣ 'ਤੇ ਇਹ ਗੁਨਾਹ ਕਰ ਬੈਠਾ ਹਾਂ। ਦੂਜੇ ਪਾਸੇ ਇਸਦੀ ਸਾਥਣ ਬਲਜੀਤ ਕੌਰ ਨੇ ਇਸ ਕਾਂਡ ਬਾਰੇ ਜੋ ਕੁੱਝ ਦੱਸਿਆ ਸੀ ਉਹ ਬਖਸ਼ੀਸ਼ ਸਿੰਘ ਅਲਗੋਂ ਕੋਠੀ ਵਾਲੇ ਦੇ ਦੱਸਣ ਮੁਤਾਬਕ ਸਭ ਗੱਲਾਂ ਨਾਲ ਮੇਲ ਖਾਂਦਾ ਸੀ। ਇਸ ਲਈ ਸ਼ਿੰਦੇ ਤੋਂ ਹੋਰ ਪੁੱਛ ਪੜਤਾਲ ਕਰਨ ਦੀ ਲੋੜ ਨਾ ਸਮਝੀ। ਸੋਢੀ ਦੇ ਕਤਲ ਕਾਰਨ ਸਿੰਘ ਭਾਰੀ ਗੁੱਸੇ ਵਿੱਚ ਸਨ ਅਤੇ ਕਾਤਲ ਨੂੰ ਸਾਹਮਣੇ ਵੇਖ ਕੇ ਹੋਰ ਬਰਦਾਸ਼ਤ ਕਰਨਾ ਔਖਾ ਸੀ। ਹਾਲੇ ਫੌਜੀ ਅਤੇ ਭੋਲਾ ਇਸ ਨਾਲ ਗੱਲਬਾਤ ਹੀ ਕਰ ਰਹੇ ਸਨ ਤਾਂ ਕਿ ਹੋਰ ਭੇਦ ਖੁੱਲ੍ਹ ਸਕੇ ਪਰ ਇਨ੍ਹਾਂ ਦੇ ਨਾਲ ਦੇ ਇੱਕ ਸਿੰਘ ਨੇ ਆਪਣੀ ਸਿਰੀ ਸਾਹਿਬ ਨਾਲ ਸ਼ਿੰਦੇ ਨੂੰ ਪਾਰ ਲਾ ਦਿੱਤਾ। ਇਸਦੀ ਗਰਦਨ ਧੜ ਨਾਲੋਂ ਵੱਖ ਕਰ ਦਿੱਤੀ। ਇਸ ਨੂੰ ਕੱਪੜੇ ਵਿੱਚ ਬੰਨ੍ਹ ਕੇ ਅੰਮ੍ਰਿਤਸਰ ਜੀਟੀ ਰੋਡ 'ਤੇ ਮਾਨਾਂਵਾਲੇ ਪਿੰਡ ਦੇ ਸਾਹਮਣੇ ਸੁੱਟ ਦਿੱਤਾ ਗਿਆ। ਉਧਰ ਬਖਸ਼ੀਸ਼ ਸਿੰਘ ਨੇ ਵਾਪਰੀ ਸਾਰੀ ਘਟਨਾ ਬਾਰੇ ਸੰਤਾਂ ਨੂੰ ਦੱਸ ਦਿੱਤਾ। ਸ਼ਾਮ ਦੇਰ ਤੱਕ ਇਸ ਦੁਖਦਾਈ ਘਟਨਾ ਦੀ ਚਰਚਾ ਚਲਦੀ ਰਹੀ। ਜਦੋਂ ਸੰਤ ਲੰਗਰ ਹਾਲ ਤੋਂ ਵਾਪਸ ਚਲੇ ਗਏ ਤਾਂ ਗੁੱਸੇ 'ਚ ਆਏ ਸਿੰਘਾਂ ਨੇ ਬਲਜੀਤ ਕੌਰ ਨੂੰ ਵੀ ਗੱਡੀ ਚਾੜ੍ਹ ਦਿੱਤਾ। ਸੋਢੀ ਦੇ ਦੋਵੇਂ ਕਾਤਲ ਚੌਵੀਆਂ ਘੰਟਿਆਂ ਤੋਂ ਪਹਿਲਾਂ-ਪਹਿਲਾਂ ਸਿੰਘਾਂ ਨੇ ਸੋਧ ਦਿੱਤੇ। ਚੁਣ ਸਾਜਿਸ਼ਕਾਰਾਂ ਦੇ ਸਾਹ ਸੁੱਕ ਰਹੇ ਸਨ ਕਿ ਸਾਡਾ ਕੀ ਬਣੇਗਾ? ਇਸੇ ਰਾਤ ਹੀ ਸਿੰਘਾਂ ਵਿੱਚੋਂ ਕਿਸੇ ਨੇ ਹੱਥੀਂ ਬੈਨਰ ਲਿਖ ਕੇ ਗੁਰੂ ਰਾਮਦਾਸ ਸਰਾਂ ਦੇ ਮੁੱਖ ਗੇਟ 'ਤੇ ਟੰਗ ਦਿੱਤਾ ਜਿਸ ਉਪਰ ਲਿਖਿਆ ਸੀ

Scanned with CamScanner

ਇਕਿ ਚਾਲੇ ਇਕਿ ਚਾਲਸਹਿ ਸਭਿ ਆਪਨੀ ਵਾਰ॥ (੨੦੬)

15 ਅਪ੍ਰੈਲ ਨੂੰ ਕੈਪਲੈਕਸ ਦੇ ਅੰਦਰਲਾ ਮਾਹੌਲ ਬਹੁਤ ਤਣਾਅਪੂਰਨ ਸੀ। ਇੱਕ ਪਾਸੇ ਸੋਢੀ ਦਾ ਕਤਲ ਦੂਜੇ ਪਾਸੇ ਕਾਤਲਾਂ ਨੂੰ ਸਜ਼ਾ, ਤੀਜਾ ਗੁਰੂ ਰਾਮਦਾਸ ਸਰਾਂ ਦੇ ਮੁੱਖ ਗੇਟ 'ਤੇ ਲਿਖਿਆ ਹੋਇਆ ਬੈਨਰ ਪ੍ਰਤੱਖ ਵਾਰਨਿੰਗ ਦੇ ਰਿਹਾ ਸੀ ਕਿ ਕਹਾਣੀ ਹਾਲੇ ਮੁੱਕੀ ਨਹੀਂ, ਦੇਸ਼ੀ ਹਾਲੇ ਵੀ ਬਾਕੀ ਹਨ। ਇਨ੍ਹਾਂ ਹਾਲਾਤਾਂ ਤੋਂ ਸੰਤ ਲੌਂਗੋਵਾਲ ਖੁਦ ਵੀ ਭੈਅ-ਭੀਤ ਸੀ ਕਿਉਂਕਿ ਸੋਢੀ ਦੇ ਕਤਲ ਦੀ ਕਹਾਣੀ ਜਿਸ ਤਰ੍ਹਾਂ ਸਾਹਮਣੇ ਆ ਰਹੀ ਸੀ ਇਸ ਤਰ੍ਹਾਂ ਸੰਤ ਲੌਂਗੋਵਾਲ ਦਾ ਇਸ ਕਤਲ ਕਾਂਡ ਤੋਂ ਬੇਖਬਰ ਹੋਣਾ ਵੀ ਸੱਕ ਦੇ ਘੇਰੇ ਵਿੱਚ ਸੀ। ਕਿਉਂਕਿ ਸਕੱਤਰ ਗੁਰਚਰਨ ਸਿੰਘ, ਬੱਗਾ ਸਿੰਘ ਅਤੇ ਭਾਟੀਆ ਇਸ ਦੇ ਖਾਸਮ ਖਾਸ ਵਿਅਕਤੀ ਸਨ ਇਸ ਲਈ ਸੰਤ ਲੌਂਗੋਵਾਲ ਨੇ ਕੁੱਝ ਜ਼ਿਮੇਵਾਰ ਵਿਅਕਤੀਆਂ ਨੂੰ ਸੰਤਾਂ ਕੋਲ ਭੇਜਿਆ ਕਿ ਕਿਵੇਂ ਨਾ ਕਿਵੇਂ ਇਸ ਵਿਵਾਦ ਨੂੰ ਅੱਗੇ ਵੱਧਣ ਤੋਂ ਰੋਕਿਆ ਜਾ ਸਕੇ। ਇਨ੍ਹਾਂ ਵਿਅਕਤੀਆਂ ਵਿੱਚ ਸ. ਮੇਜਰ ਸਿੰਘ ਉਬੋਕੇ ਜਨਰਲ ਸਕੱਤਰ ਸ਼੍ਰੋਮਣੀ ਕਮੇਟੀ, ਸ. ਭਾਨ ਸਿੰਘ ਸਕੱਤਰ ਸ਼੍ਰੋਮਣੀ ਅਕਾਲੀ ਦਲ, ਸ. ਅਬਿਨਾਸੀ ਸਿੰਘ, ਸ. ਸੁਰਜਨ ਸਿੰਘ ਠੇਕੇਦਾਰ, ਬਸੰਤ ਸਿੰਘ ਖਾਲਸਾ, ਵਿਸ਼ੇਸ਼ ਤੌਰ 'ਤੇ ਸੰਤਾਂ ਕੋਲ ਗਏ ਅਤੇ ਇਨ੍ਹਾਂ ਦੇ ਨਾਲ ਹੀ ਗੁਰਦਿਆਲ ਸਿੰਘ ਮੁੰਗਾ ਸ਼੍ਰੋਮਣੀ ਕਮੇਟੀ ਦਾ ਸਲਾਹਕਾਰ, ਪੂਰਨ ਸਿੰਘ ਜੋਸ਼ ਮੈਂਬਰ ਸ਼੍ਰੋਮਣੀ ਕਮੇਟੀ, ਮਹਿੰਦਰ ਸਿੰਘ ਸਾਬਕਾ ਬ੍ਰਿਗੇਡੀਅਰ (ਮਲਕ ਸਿੰਘ ਭਾਟੀਏ ਦਾ ਭਣਵੀਆ) ਅਤੇ ਕੁੱਝ ਕੁ ਹੋਰ ਮੈਂਬਰ ਸ਼੍ਰੋਮਣੀ ਕਮੇਟੀ ਨਾਲ ਸਨ। ਇਹ ਸਾਰੇ ਜਣੇ ਸੰਤਾਂ ਕੋਲ ਗਏ, ਜਥੇ ਦੇ ਬਹੁਤ ਸਾਰੇ ਸਿੰਘ ਵੀ ਉੱਥੇ ਹੀ ਸਨ। ਉਸ ਸਮੇਂ ਸੰਤ ਖ਼ਿੰਡਰਾਂਵਾਲੇ ਆਪਣੇ ਨਾਲ ਹੋ ਰਹੀਆਂ ਵਧੀਕੀਆਂ ਤੋਂ ਵੱਧ ਕੇ ਮਸਲਾ ਸਿੰਘਾਂ ਦੇ ਕਤਲਾਂ ਤੱਕ ਪਹੁੰਚ ਜਾਣ ਕਾਰਨ ਫਿਕਰਮੰਦ ਵੀ ਸਨ ਅਤੇ ਬੀਰ ਰਸ ਵਿੱਚ ਵੀ ਸਨ।

ਸੰਤਾਂ ਨੇ ਇਨ੍ਹਾਂ ਆਏ ਹੋਏ ਆਗੂਆਂ ਨੂੰ ਦੱਸਿਆ ਕਿ ਮੈਂ 14 ਤਰੀਕ ਨੂੰ ਵਿਸਾਖੀ ਵਾਲੇ ਦਿਨ ਪੂਰਾ ਦਿਨ ਹੀ ਧਰਮ ਯੁੱਧ ਮੋਰਚੇ ਦੀ ਚੜ੍ਹਦੀ ਕਲਾ ਲਈ ਸੰਗਤਾਂ ਨੂੰ ਪ੍ਰੇਰਦਾ ਰਿਹਾ ਅਤੇ ਵੱਧ ਤੋਂ ਵੱਧ ਅੰਮ੍ਰਿਤਧਾਰੀ ਹੋ ਕੇ ਗੁਰਮਤਿ ਦੇ ਧਾਰਨੀ ਬਣਾਉਣ ਲਈ ਪ੍ਰਚਾਰ ਕੀਤਾ। ਉਸੇ ਦਿਨ ਅਕਾਲੀ ਦਲ ਦੇ ਫਰੀਦਕੋਟ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਤੋਤਾ ਸਿੰਘ ਅਤੇ ਨਿਹਾਲ ਸਿੰਘ ਵਾਲਾ ਦੇ ਸਰਕਲ ਪ੍ਰਧਾਨ ਮਲਕੀਤ ਸਿੰਘ ਕਣੀਏਵਾਲਾ ਮੇਰੇ ਕੋਲ ਬੈਠੇ ਸਨ। ਅਸੀਂ ਹਾਲੇ ਕੁੱਝ ਵਿਚਾਰਾਂ ਹੀ ਕਰ ਰਹੇ ਸਾਂ ਮੇਰੇ ਕੋਲ ਸੁਨੇਹਾ ਆ ਗਿਆ ਕਿ ਸੁਰਿੰਦਰ ਸਿੰਘ ਸੋਢੀ ਨੂੰ ਮਾਰ ਦਿੱਤਾ ਗਿਆ। ਉਸ ਤੋਂ ਬਾਅਦ ਜਿਸ ਤਰ੍ਹਾਂ ਦੇ ਹਾਲਾਤ ਬਣੇ ਹਨ, ਉਹ ਤੁਹਾਡੇ ਸਾਹਮਣੇ ਹਨ। ਕੁੱਝ ਸਮਾਂ ਚੁੱਪ ਬੈਠੇ ਰਹਿਣ ਬਾਅਦ ਮੇਜਰ ਸਿੰਘ ਉਬੋਕੇ ਨੇ ਕਿਹਾ ਕਿ ਕੱਲ੍ਹ ਵਾਲੀ ਘਟਨਾ ਬਹੁਤ ਮੰਦਭਾਗੀ ਹੈ। ਹਾਲੇ ਉਹ ਬੋਲਣ ਹੀ ਲੱਗੇ ਸਨ ਕਿ ਸੰਤਾਂ ਨੇ ਭਾਟੀਏ ਵੱਲ ਇਸ਼ਾਰਾ ਕਰਕੇ ਕਿਹਾ ਤੂੰ ਨਹੀਂ ਸੀ ਆਉਣਾ ਇੱਥੇ, ਕਿਉਂਕਿ ਤੂੰ ਤਾਂ ਇਸ ਸਾਰੀ ਸਾਜਿਸ਼ ਵਿੱਚ ਸ਼ਾਮਿਲ ਹੈਂ? ਤੂੰ ਕੀ ਸਮਝਦਾ ਹੈਂ ਕਿ ਤੇਰੇ ਬਾਰੇ ਕੁੱਝ ਵੀ ਪਤਾ ਨਹੀਂ? ਨਾਲ ਹੀ ਜਥੇ ਦੇ ਸਿੰਘਾਂ ਨੂੰ ਕਿਹਾ ਕਿ ਲਿਆਓ ਭਾਈ, ਜਿਹੜੀ ਕਾਤਲ ਬਲਜੀਤ ਕੌਰ ਦੀ ਟੇਪ ਰਿਕਾਰਡ ਭਰੀ ਹੈ, ਉਹ ਸੁਣਾ ਦਿਉ ਇਨ੍ਹਾਂ ਨੂੰ, ਤਾਂ ਕਿ ਇਨ੍ਹਾਂ ਸੱਜਣਾਂ ਨੂੰ ਠੰਢ ਪੈ ਜਾਵੇ ਕਿ ਕਿਵੇਂ ਸਾਡੇ ਸਿੰਘ ਨੂੰ ਸਾਜਿਸ਼ ਅਧੀਨ ਕਤਲ ਕੀਤਾ ਹੈ। ਸੰਤਾਂ ਨੇ ਬਲਜੀਤ ਕੌਰ ਦੀ ਉਹ ਰਿਕਾਰਡ ਕੀਤੀ ਸਾਰੀ ਗੱਲਬਾਤ ਇਨ੍ਹਾਂ ਨੂੰ ਸੁਣਾਈ। ਫਿਰ ਭਾਟੀਏ ਨੂੰ ਪੁੱਛਿਆ ਕਿ ਹੁਣ ਖੜ੍ਹਾ ਹੋ ਕੇ ਦੱਸ ਕਿ ਤੂੰ ਸ਼ਿਦੇ ਨੂੰ ਇੱਥੋਂ ਕੱਢਣ ਵਿੱਚ ਮਦਦ ਨਹੀਂ ਕੀਤੀ? ਕੀ ਤੂੰ ਉਸ ਨੂੰ ਆਪਣੇ ਵੱਲੋਂ ਟੈਕਸੀ ਲੈ ਕੇ ਨਹੀਂ ਦਿੱਤੀ? ਕੀ ਤੂੰ ਸਰਾਂ ਦੇ ਕਮਰਾ ਨੰਬਰ 102 ਵਿੱਚ ਸ਼ਿਦੇ ਨੂੰ ਕਤਲ ਕਰਨ ਵਾਸਤੇ ਪੈਸੇ ਨਹੀਂ ਦਿੱਤੇ? ਤਾਂ ਭਾਟੀਏ ਨੇ ਖੜ੍ਹੇ ਹੋ ਕੇ ਕਿਹਾ ਕਿ ਮੈਂ ਸ਼ਿਦੇ ਲਈ ਟੈਕਸੀ ਕਰਕੇ ਦਿੱਤੀ ਹੈ, ਮੈਨੂੰ ਤਾਂ ਇਸ ਬਾਰੇ ਗੁਰਚਰਨ ਸਿੰਘ ਨੇ ਕਿਹਾ ਸੀ ਬਾਕੀ ਗੱਲਬਾਤ ਬਾਰੇ ਮੈਨੂੰ ਪੂਰਾ ਨਹੀਂ ਪਤਾ ਸੀ। ਸੰਤਾਂ ਨੇ ਕਿਹਾ ਕਿ ਤੂੰ ਝੂਠ ਬੋਲਦਾ ਹੈਂ। ਕੀ ਤੇਰੇ ਸਾਹਮਣੇ ਸੋਢੀ ਦਾ ਰਿਵਾਲਵਰ ਸ਼ਿਦੇ ਨੇ ਨਹੀਂ ਲਾਹਿਆ? ਬਾਕੀ ਤੇਰੇ ਬਾਰੇ ਸ਼ਿਦੇ ਨੇ ਖੁਦ ਸਭ ਕੁੱਝ ਬਖਸ਼ੀਸ਼ ਸਿੰਘ ਅਲਗੋਂ ਕੋਠੀ ਨੂੰ ਦੱਸ ਦਿੱਤਾ ਸੀ ਤੇ ਉਹ ਆ ਕੇ ਸਾਨੂੰ ਸਭ ਕੁੱਝ ਦੱਸ ਗਿਆ ਹੈ। ਇੰਨਾ ਕੁੱਝ ਕਰਨ ਦੇ ਬਾਵਜੂਦ ਤੂੰ ਸਾਡੇ ਅੱਖੀ ਘੱਟਾ ਪਾਉਣ ਵਾਸਤੇ ਇੱਥੇ ਆਇਆਂ ਹੈਂ? ਬੱਸ ਮੈਂ ਇਹ ਹੀ ਕਹਾਂਗਾ ਕਿ ਤੂੰ ਹੁਣੇ ਹੀ ਇਸੇ ਵਕਤ ਸਾਡੀਆਂ ਅੱਖਾਂ ਤੋਂ ਦੂਰ ਚਲੇ ਜਾਹ, ਮੈਂ ਸਿੰਘਾਂ ਨੂੰ ਵੀ ਬੇਨਤੀ ਕਰਾਂਗਾ ਕਿ ਇਸ ਨੂੰ ਇੱਥੇ ਕੁੱਝ ਨਾ ਆਖਿਆ ਜਾਵੇ ਕਿਉਂਕਿ ਇਨ੍ਹਾਂ ਨੇ ਆਪਣੇ ਆਗੂਆਂ ਦੇ ਹੁਕਮਾਂ ਅਨੁਸਾਰ ਸਿੰਘਾਂ ਦੇ ਕਤਲ ਕਰਨੇ ਸ਼ੁਰੂ ਕਰ ਦਿੱਤੇ ਹਨ ਅਤੇ ਪੰਥ ਦੀ ਪੱਗ ਰੋਲਣ ਲਈ ਤਿਆਰ ਹਨ ਆਪਾਂ ਇਹ ਨਹੀਂ ਹੋਣ ਦੇਣਾ। ਇਸ ਤੋਂ ਬਾਅਦ ਭਾਟੀਆ ਇੱਥੋਂ ਚਲਾ ਗਿਆ। ਫਿਰ ਭਾਨ ਸਿੰਘ ਬੋਲਿਆ ਕਿ

Scanned with CamScanner

ਸੰਤ ਜੀ ਭਾਵੇਂ ਬਹੁਤ ਵੱਡਾ ਨੁਕਸਾਨ ਹੋ ਗਿਆ ਹੈ ਪਰ ਆਪ ਹੀ ਇਸ ਸਥਿਤੀ ਨੂੰ ਸੰਭਾਲ ਸਕਦੇ ਹੋ। ਸੰਤਾਂ ਨੇ ਸਭ ਆਏ ਹੋਏ ਸਿੰਘਾਂ ਨੂੰ ਕਿਹਾ ਕਿ ਸਾਡਾ ਕਸੂਰ ਦੱਸੋ ਕੀ ਹੈ? ਤੁਸੀਂ ਇਲਜ਼ਾਮ ਵੀ ਲਗਾਵੋ, ਮੰਜੀ ਸਾਹਿਬ 'ਤੇ ਮੇਰਾ ਬੋਲਣਾ ਵੀ ਬੰਦ ਕਰ ਦਿਓ, ਗੁਰੂ ਨਾਨਕ ਨਿਵਾਸ ਵਿਖੇ ਸਿੰਘਾਂ ਨੂੰ ਮੇਰੇ ਗਲ਼ ਪਾਉਣ ਦਾ ਯਤਨ ਕਰੋ ਅਤੇ ਹੁਣ ਸ਼ੇਰ ਵਰਗਾ ਸਾਡਾ ਸਿੰਘ ਕਤਲ ਕਰਵਾ ਕੇ ਮੇਰੀ ਸੱਜੀ ਬਾਂਹ ਵੱਢ ਦਿੱਤੀ ਹੈ। ਆਪਣੇ ਪ੍ਰਧਾਨ ਨੂੰ ਪੁੱਛ ਲਵੋ ਕਿ ਹੋਰ ਕਿੰਨੇ ਸਿੰਘ ਸਾਡੇ ਕਤਲ ਕਰਨੇ ਹਨ? ਤੁਹਾਡੇ ਮੂੰਹ ਤੋਂ ਕਹੀ ਗਈ ਸ਼ਾਂਤੀ-ਸ਼ਾਂਤੀ ਅਸੀਂ ਕੀ ਚੱਟਣੀ ਹੈ? ਜੇਕਰ ਤੁਹਾਡੇ ਦਿਲ ਵਿੱਚ ਇਸ ਤਰ੍ਹਾਂ ਦੇ ਕਪਟ ਹਨ। ਮੈਂ ਤੁਹਾਨੂੰ ਇਹੀ ਅਪੀਲ ਕਰਦਾ ਹਾਂ ਕਿ ਤੁਸੀਂ ਆਪਣੇ ਹੀ ਸਿੰਘਾਂ ਦੀ ਕਮੇਟੀ ਬਣਾ ਕੇ ਇਸ ਕਤਲ ਬਾਰੇ ਸਾਰੀ ਤਫਤੀਸ਼ ਕਰ ਲਵੋ ਪਰ ਸੱਚਾਈ ਸੰਤ ਲੌਂਗੋਵਾਲ ਨੂੰ ਸਾਡੇ ਸਾਹਮਣੇ ਦੱਸੋ। ਦੂਜਾ ਉਨ੍ਹਾਂ ਨੂੰ ਕਹਿ ਦੇਵੋ ਕਿ ਸਕੱਤਰ ਗੁਰਚਰਨ ਸਿੰਘ, ਬੱਗਾ ਸਿੰਘ ਆਦਿ ਨੂੰ ਇੱਥੋਂ ਤੋਰ ਦੇਣ। ਬਾਕੀ ਤੁਸੀਂ ਆਪ ਵਿਚਾਰ ਲਿਓ, ਕਰਨੀ ਤਾਂ ਤੁਸੀਂ ਆਪਣੀ ਮਰਜ਼ੀ ਹੀ ਹੈ।

ਇੱਧਰ ਦੇਰ ਤੱਕ ਇਹ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਆਗੂ ਸੰਤਾਂ ਨਾਲ ਵਿਚਾਰਾਂ ਕਰਦੇ ਰਹੇ ਅਤੇ ਹੋਰ ਵੀ ਸੰਗਤਾਂ ਆ ਕੇ ਸੋਢੀ ਦੇ ਕਤਲ ਬਾਰੇ ਦੁੱਖ ਸਾਂਝਾ ਕਰਦੀਆਂ ਰਹੀਆਂ। ਉੱਧਰ ਸ਼ਾਮ ਤੱਕ ਗੁਰੂ ਰਾਮਦਾਸ ਸਰਾਂ ਦੇ ਨੇੜੇ ਭਾਟੀਏ ਦੀ ਉਸੇ ਨਿਹੰਗ ਸਿੰਘ ਗੁਰਦਿਆਲ ਸਿੰਘ ਨਾਲ 'ਤੂੰ-ਤੂੰ, ਮੈਂ-ਮੈਂ' ਹੋ ਗਈ ਜਿਸ ਗੁਰਦਿਆਲ ਸਿੰਘ ਨੇ ਸੋਢੀ ਨੂੰ ਜ਼ਖਮੀ ਹਾਲਤ ਵਿੱਚ ਚੁੱਕਿਆ ਸੀ ਅਤੇ ਉਥੇ ਭਾਟੀਏ ਨੂੰ ਵੇਖਿਆ ਸੀ। ਜਦੋਂ ਉਸ ਨੇ ਕਿਹਾ ਕਿ ਭਾਟੀਆ ਤੇਰੇ ਸਾਹਮਣੇ ਸੋਢੀ ਜ਼ਖਮੀ ਹਾਲਤ ਵਿੱਚ ਪਿਆ ਸੀ ਅਤੇ ਉਸ ਹਾਲਤ ਵਿੱਚ ਜ਼ਿੰਦੇ ਨੇ ਉਸਦਾ ਰਿਵਾਲਵਰ ਉਡਾਰਿਆ। ਇਹ ਗੱਲ ਸੁਣਦਿਆਂ ਹੀ ਭਾਟੀਏ ਨੇ ਕਿਹਾ ਕਿ ਨਿਹੰਗਾ, ਆਪਣੀ ਜ਼ੁਬਾਨ ਬੰਦ ਰੱਖ। ਇੰਨਾ ਸੁਣਦਿਆਂ ਹੀ ਗੁਰਦਿਆਲ ਸਿੰਘ ਨੇ ਭਾਟੀਏ ਨੂੰ ਉਥੇ ਹੀ ਆਪਣੀ ਸਿਰੀ ਸਾਹਿਬ ਨਾਲ ਝਟਕਾ ਦਿੱਤਾ। ਇਸ ਤਰ੍ਹਾਂ 15 ਅਪ੍ਰੈਲ ਦੀ ਸ਼ਾਮ ਤੱਕ ਸੋਢੀ ਦੇ ਦੋ ਮੁੱਖ ਕਾਤਲ ਅਤੇ ਇੱਕ ਸਾਜਿਸ਼ਕਾਰ ਮਾਰ ਦਿੱਤੇ ਗਏ ਸਨ। ਇਸ ਤੋਂ ਬਾਅਦ 15 ਤਰੀਕ ਦੀ ਰਾਤ ਨੂੰ ਸੰਤਾਂ ਨੇ ਜਥੇ ਦੇ ਜ਼ਿੰਮੇਵਾਰ ਸਿੰਘਾਂ ਨੂੰ ਇਕੱਠਿਆਂ ਕਰਕੇ ਸਖਤੀ ਨਾਲ ਕਿਹਾ ਕਿ ਸਭ ਸਿੰਘ ਸੰਜਮ ਤੋਂ ਕੰਮ ਲਵੋ। ਅਗਲੇ ਦਿਨ 16 ਅਪ੍ਰੈਲ ਨੂੰ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਸੰਤਾਂ ਨੇ ਕਿਹਾ ਕਿ ਭਾਈ ਭਾਨ ਸਿਹਾਂ, ਤੁਸੀਂ ਪੜਤਾਲ ਪੂਰੀ ਕਰ ਲਵੋ ਕਿ ਜੋ ਕੁੱਝ ਅਸੀਂ ਕਿਹਾ ਹੈ ਉਹ ਸੱਚ ਹੈ ਜਾਂ ਝੂਠ? ਪਰ ਸਾਡੇ ਸਿੰਘਾਂ ਵੱਲੋਂ ਇਸ ਤੋਂ ਅੱਗੇ ਕੋਈ ਵਧੀਕੀ ਨਹੀਂ ਹੋਵੇਗੀ।

ਫਿਰ ਸੰਤਾਂ ਨੇ ਬਸੰਤ ਸਿੰਘ ਖ਼ਾਲਸਾ ਅਤੇ ਸੁਰਜਨ ਸਿੰਘ ਠੇਕੇਦਾਰ ਨੂੰ ਪੁੱਛਿਆ ਤੁਸੀਂ ਦੱਸੋ ਹੋਰ ਕੋਈ ਵਿਚਾਰ ਕਰਨੀ ਹੈ ਤਾਂ ਬਸੰਤ ਸਿੰਘ ਨੇ ਸਾਫ ਹੀ ਕਿਹਾ ਕਿ ਮੈਨੂੰ ਤੇ ਠੇਕੇਦਾਰ ਨੂੰ ਤੁਹਾਡੇ ਨਜਦੀਕੀ ਸਮਝਦੇ ਹਨ ਇਸ ਲਈ ਉਨ੍ਹਾਂ ਨੇ ਸਾਨੂੰ ਤੁਹਾਡੇ ਕੋਲ ਭੇਜਿਆ ਹੈ ਤਾਂ ਸੰਤਾਂ ਨੇ ਕਿਹਾ ਕਿ ਚੰਗਾ ਹੋ ਗਿਆ ਤੁਸੀਂ ਵੀ ਆ ਗਏ ਅਤੇ ਤੁਸੀਂ ਸਾਰੇ ਹੀ ਜ਼ਿੰਮੇਵਾਰ ਵਿਅਕਤੀ ਹੋ ਮੈਂ ਆਪਣੇ ਵੱਲੋਂ ਸੱਚਾਈ ਦੱਸ ਦਿੱਤੀ ਹੈ ਹੁਣ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਸਾਰੀ ਘਟਨਾ ਦੀ ਜਾਣਕਾਰੀ ਪ੍ਰਾਪਤ ਕਰਕੇ ਸੱਚਾਈ ਮੇਰੇ ਅਤੇ ਸੰਤ ਲੌਂਗੋਵਾਲ ਦੇ ਸਾਹਮਣੇ ਰੱਖੋ, ਜਿਸ ਵੱਲੋਂ ਵੀ ਵਧੀਕੀ ਹੋਈ ਹੈ ਉਸ ਨੂੰ ਦੋਸ਼ੀ ਠਹਿਰਾਇਆ ਜਾਵੇ ਜੇ ਮੇਰੇ ਵਿੱਚ ਕਸੂਰ ਹੋਇਆ ਮੈਂ ਸੰਗਤ ਤੋਂ ਮਾਫੀ ਮੰਗਾਂਗਾ ਜੇ ਤੁਹਾਡੇ ਆਗੂਆਂ ਦਾ ਕਸੂਰ ਹੋਵੇ ਤਾਂ ਉਹ ਮਾਫੀ ਮੰਗਣ ਤਾਂ ਕਿ ਅੱਗੇ ਤੋਂ ਮਾਹੌਲ ਸੁਖਾਵਾਂ ਬਣ ਸਕੇ।

ਇਸ ਤੋਂ ਬਾਅਦ ਇਸ ਸਬੰਧ ਵਿੱਚ ਇਕ ਕਮੇਟੀ ਬਣਾਈ ਗਈ ਜਿਸ ਵਿੱਚ ਸ. ਭਾਨ ਸਿੰਘ ਸਕੱਤਰ ਸ਼੍ਰੋਮਣੀ ਕਮੇਟੀ, ਸ. ਅਬਿਨਾਸੀ ਸਿੰਘ ਪੀਏ ਪ੍ਰਧਾਨ ਐਸ.ਜੀ.ਪੀ.ਸੀ., ਸ. ਮੇਜਰ ਸਿੰਘ ਉਬੋਕੇ ਜਨਰਲ ਸਕੱਤਰ ਅਕਾਲੀ ਦਲ, ਜਥੇਦਾਰ ਸੁਰਜਨ ਸਿੰਘ ਠੇਕੇਦਾਰ, ਸ. ਬਸੰਤ ਸਿੰਘ ਖ਼ਾਲਸਾ ਇਹ ਪੰਜ ਮੈਂਬਰ ਪਾਏ ਗਏ। ਇਨ੍ਹਾਂ ਨੇ ਚੰਗੀ ਤਰ੍ਹਾਂ ਪੜਚੋਲ ਕਰਕੇ ਸੰਤ ਭਿੰਡਰਾਂਵਾਲਿਆਂ ਨੂੰ ਦੱਸਿਆ ਕਿ ਤੁਹਾਡੇ ਵੱਲੋਂ ਕਹੀਆਂ ਗਈਆਂ ਗੱਲਾਂ ਸੱਚ ਹਨ, ਸੋਢੀ ਨੂੰ ਮਾਰਨ ਵਾਲੇ ਗਰੁੱਪ ਦੀ ਮਦਦ ਕਰਨ ਵਿੱਚ ਭਾਟੀਆ ਅਤੇ ਸਕੱਤਰ ਗੁਰਚਰਨ ਸਿੰਘ ਪੂਰੀ ਤਰ੍ਹਾਂ ਸ਼ਾਮਿਲ ਹਨ ਤਾਂ ਸੰਤਾਂ ਨੇ ਕਿਹਾ ਇਹ ਗੱਲ ਮੇਰੇ ਸਾਹਮਣੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਕਹੋ ਤਾਂ ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ ਨਾਲ ਗੱਲ ਕਰ ਲਈਏ ਫਿਰ ਤੁਹਾਨੂੰ ਇਕੱਠਿਆਂ ਕਰਾਂਗੇ। ਪਰ ਲੌਂਗੋਵਾਲ ਅਤੇ ਕੁੱਝ ਹੋਰ ਅਕਾਲੀ ਲੀਡਰਾਂ ਦੇ ਦਬਾਅ ਤਹਿਤ ਇਸ ਪੰਜ ਮੈਂਬਰੀ ਕਮੇਟੀ ਨੇ ਸੱਚਾਈ ਸਾਹਮਣੇ ਨਾ ਲਿਆਂਦੀ ਬਲਕਿ ਇਸ ਤੋਂ ਉਲਟ ਸਕੱਤਰ ਗੁਰਚਰਨ ਸਿੰਘ ਨੂੰ ਬਰੀ ਕਰ ਦਿੱਤਾ। ਜਦੋਂ ਸੰਤਾਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਸਾਡੀ ਮਜ਼ਬੂਰੀ

Scanned with CamScanner

ਹੈ ਪਰ ਅਸਲੀਅਤ ਜੋ ਤੁਹਾਨੂੰ ਦੱਸਿਆ ਉਹੀ ਹੈ। ਸੰਤਾਂ ਨੇ ਕਿਹਾ ਕਿ ਇਹ ਜਿਹੀਆਂ ਕਮੇਟੀਆਂ ਬਣਾਉਣ ਦਾ ਲਾਭ ਕੀ ਹੈ ਜੇ ਸੱਚੀ ਗੱਲ ਸਾਹਮਣੇ ਕਹਿ ਹੀ ਨਹੀਂ ਸਕਦੇ? ਇਸ ਤਰ੍ਹਾਂ ਇਹ ਕਮੇਟੀ ਇਸ ਮਸਲੇ ਨੂੰ ਸੁਲਝਾਉਣ ਵਿੱਚ ਸਫਲ ਨਾ ਹੋ ਸਕੀ।

ਇਨ੍ਹਾਂ ਹੀ ਦਿਨਾਂ ਵਿੱਚ ਅਕਾਲੀ ਦਲ ਦੇ ਨਾਂ ਥੱਲੇ ਅਤੇ ਕੁਝ ਬੱਬਰ ਖਾਲਸਾ ਜਥੇਬੰਦੀ ਦੇ ਨਾਂ ਥੱਲੇ ਸੰਤਾਂ ਦੇ ਵਿਰੁੱਧ ਪੋਂਫਲਟ ਵੰਡੇ ਗਏ ਜਿਨ੍ਹਾਂ ਵਿੱਚ ਬੇਬੁਨਿਆਦ ਦੋਸ਼ ਲਾਏ ਗਏ ਪਰ ਇਨ੍ਹਾਂ ਪੋਂਫਲਟਾਂ ਦੀ ਜ਼ਿੰਮੇਵਾਰੀ ਲੈਣ ਨੂੰ ਕੋਈ ਵੀ ਤਿਆਰ ਨਹੀਂ ਸੀ ਕਿਉਂਕਿ ਸਥਿਤੀ ਪਹਿਲਾਂ ਹੀ ਬਹੁਤ ਗੁੰਝਲਦਾਰ ਬਣ ਚੁੱਕੀ ਸੀ। ਇਸ ਲਈ ਇਹ ਸਾਰੁੱਚਾ ਮਸਲਾ ਜਥੇਦਾਰ ਸ੍ਰੀ ਅਕਾਲ ਤਖ਼ਤ ਗਿਆਨੀ ਕਿਰਪਾਲ ਸਿੰਘ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨਾਂ ਨੇ ਆਪਣੇ ਹੱਥ ਵਿੱਚ ਲੈ ਲਿਆ, ਜਿਸ ਵਿੱਚ ਸਿੰਘ ਸਾਹਿਬ ਗਿਆਨੀ ਹਰਚਰਨ ਸਿੰਘ ਮਹਾਲੋਂ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਲੱਖਾ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਗ੍ਰੰਥੀ ਦਰਬਾਰ ਸਾਹਿਬ ਆਦਿ ਦੀ ਕਮੇਟੀ ਬਣੀ ਜਿਨ੍ਹਾਂ ਨੇ ਪੈਦਾ ਹੋਏ ਮਤਭੇਦਾਂ ਨੂੰ ਨਿਬੇੜਣ ਵਾਸਤੇ ਯਤਨ ਕੀਤੇ। ਇਨ੍ਹਾਂ ਨੇ ਸੰਤ ਭਿੰਡਰਾਂਵਾਲਿਆਂ ਨਾਲ ਵੀ ਲਗਭਗ 3 ਘੰਟੇ ਮੀਟਿੰਗ ਕੀਤੀ ਜਿਸ ਵਿੱਚ ਸੰਤਾਂ ਨੇ ਸਿੰਘ ਸਾਹਿਬਾਨਾਂ ਨੂੰ ਕਿਹਾ ਕਿ ਜਦੋਂ ਤੋਂ ਧਰਮ ਯੁੱਧ ਮੋਰਚਾ ਆਰੰਭ ਹੋਇਆ ਹੈ ਉਸ ਸਮੇਂ ਤੋਂ ਅੱਜ ਤੱਕ ਮੇਰੇ ਵੱਲੋਂ ਕੋਈ ਅਜਿਹਾ ਬਿਆਨ ਦੱਸੋ ਜੋ ਅਕਾਲੀ ਦਲ ਜਾਂ ਸੰਤ ਹਰਚੰਦ ਸਿੰਘ ਦੇ ਖਿਲਾਫ ਹੋਵੇ ਜਾਂ ਧਰਮ ਯੁੱਧ ਮੋਰਚੇ ਨੂੰ ਨੁਕਸਾਨ ਪਹੁੰਚਾਉਂਦਾ ਹੋਵੇ ਜਾਂ ਆਪਸੀ ਏਕਤਾ ਵਿੱਚ ਵਿਘਨ ਪਾਉਂਦਾ ਹੋਵੇ। ਇਸ ਤੋਂ ਇਲਾਵਾ ਕਿਸੇ ਵਿਅਕਤੀ ਵਿਸ਼ੇਸ਼ ਨੂੰ ਅਕਾਲੀ ਦਲ ਜਾਂ ਅਕਾਲੀ ਦਲ ਦੇ ਪ੍ਰਧਾਨ ਵਿਰੁੱਧ ਕੋਈ ਗੱਲ ਕਹੀ ਹੋਵੇ ਇਸ ਤੋਂ ਉਲਟ ਅਕਾਲੀ ਦਲ ਵੱਲੋਂ ਕਦੇ ਮੇਰੇ ਵੱਲੋਂ ਸੱਦੀ ਮੀਟਿੰਗ ਦਾ ਬਾਈਕਾਟ ਕੀਤਾ ਜਾਂਦਾ ਹੈ, ਕਦੇ ਕਿਹਾ ਜਾਂਦਾ ਹੈ ਕਿ ਫੈਡਰੇਸ਼ਨ ਦਾ ਸਾਡੇ ਨਾਲ ਕੋਈ ਸਬੰਧ ਨਹੀਂ, ਕਦੇ ਮੈਨੂੰ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਬੋਲਣ ਤੋਂ ਰੋਕਿਆ ਜਾਂਦਾ ਹੈ, ਕਦੇ ਨਾਨਕ ਨਿਵਾਸ ਖਾਲੀ ਕਰਵਾਉਣ ਲਈ ਬੱਬਰ ਖਾਲਸਾ ਜਥੇਬੰਦੀ ਦੇ ਸਿੰਘਾਂ ਨੂੰ ਪ੍ਰੇਰ ਕੇ ਭੇਜਿਆ ਜਾਂਦਾ ਹੈ ਅਤੇ ਕਦੇ ਆਪ ਜੀ ਵੱਲੋਂ ਬਸ਼ਤਰਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਵਿੱਚ ਨਾ ਆਉਣ ਸਬੰਧੀ ਆਦੇਸ਼ ਜਾਰੀ ਕੀਤੇ ਜਾਂਦੇ ਹਨ, ਕਦੇ ਮੇਰੇ ਵਿਰੁੱਧ ਪੋਂਫਲਟ ਜਾਰੀ ਕਰਕੇ ਸੰਗਤਾਂ ਵਿੱਚ ਵੰਡੇ ਜਾਂਦੇ ਹਨ ਅਤੇ ਹੁਣ ਤਾਂ ਬਿਲਕੁਲ ਹੀ ਇਤਹਾ ਕਰ ਦਿੱਤੀ ਕਿ ਸਾਡੇ ਸ਼ੇਰ ਵਰਗੇ ਸਿੰਘਾਂ ਨੂੰ ਅਕਾਲੀ ਦਲ ਦੇ ਅਹਿਮ ਵਿਅਕਤੀਆਂ ਵੱਲੋਂ ਸਾਜਿਸ਼ ਅਧੀਨ ਕਤਲ ਕਰਵਾਇਆ ਗਿਆ ਹੈ। ਜੇਕਰ ਉਪਰ ਦੱਸੀਆਂ ਸਾਰੀਆਂ ਗੱਲਾਂ ਵਿੱਚ ਮੇਰਾ ਕੋਈ ਕਸੂਰ ਹੈ ਤਾਂ ਤੁਸੀਂ ਜੋ ਸਜ਼ਾ ਲਾਵੋਗੇ ਮੈਂ ਸੰਗਤਾਂ ਦੇ ਸਾਹਮਣੇ ਭੁਗਤਾਵਾਂਗਾ। ਜੇ ਮੇਰੇ ਵੱਲੋਂ ਮਤਭੇਦ ਪੈਦਾ ਕੀਤੇ ਜਾ ਰਹੇ ਹਨ ਤਾਂ ਤੁਸੀਂ ਹਰ ਕਿਸਮ ਦੀ ਸਜ਼ਾ ਲਾ ਸਕਦੇ ਹੋ। ਪਰ ਜੇ ਇਸ ਦੇ ਉਲਟ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਉਨ੍ਹਾਂ ਦੇ ਸਿਰਕੱਢ ਆਗੂਆਂ ਵੱਲੋਂ ਅਜਿਹੀਆਂ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ ਜਿਸ ਕਾਰਨ ਭਾਰੀ ਮਤਭੇਦ ਪੈਦਾ ਹੋ ਰਹੇ ਹਨ ਤਾਂ ਉਨ੍ਹਾਂ ਵਿਰੁੱਧ ਤੁਹਾਨੂੰ ਖੁੱਲ੍ਹ ਕੇ ਗੱਲ ਕਰਨੀ ਚਾਹੀਦੀ ਹੈ ਕਿਉਂਕਿ ਤੁਸੀਂ ਸਿੱਖਾਂ ਦੀ ਸਰਵਉੱਚ ਅਦਾਲਤ ਦੇ ਸੇਵਾਦਾਰ ਹੋ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਰ ਸਿੰਘ ਨੂੰ ਇਨਸਾਫ ਦੀ ਪੂਰੀ ਆਸ ਹੁੰਦੀ ਹੈ। ਕਈ ਦਿਨ ਦੀ ਦੌਨਾਂ ਪਾਸਿਆਂ ਤੋਂ ਪੁੱਛ ਪੜਤਾਲ ਕਰਨ ਉਪਰੰਤ ਸਿੰਘ ਸਾਹਿਬਾਨਾਂ ਨੇ ਸੰਤਾਂ ਨੂੰ ਕਿਹਾ ਕਿ ਤੁਸੀਂ ਸੱਚੇ ਹੋ, ਦੂਜੇ ਪਾਸੇ ਵੱਲੋਂ ਵਧੀਕੀਆਂ ਹੋਈਆਂ ਹਨ। ਪਰ ਅਗਾਂਹ ਤੋਂ ਇਕੱਠੇ ਹੋ ਕੇ ਚੱਲੋ ਤਾਂ ਸੰਤਾਂ ਨੇ ਕਿਹਾ ਕਿ ਅਸੀਂ ਹਮੇਸ਼ਾ ਇਕੱਠੇ ਹੋ ਕੇ ਚੱਲਣ ਨੂੰ ਤਿਆਰ ਹਾਂ ਪਰ ਇੱਕ ਵਾਰ ਜਿਸਦੀ ਗਲਤੀ ਹੈ ਉਸ ਨੂੰ ਸੰਗਤਾਂ ਦੇ ਸਾਹਮਣੇ ਅਹਿਸਾਸ ਕਰਵਾਓ ਤਾਂ ਕਿ ਅਗਾਂਹ ਤੋਂ ਮਿਲ ਕੇ ਚੱਲਿਆ ਜਾ ਸਕੇ ਤਾਂ ਸਿੰਘ ਸਾਹਿਬਾਨਾਂ ਨੇ ਵੀ ਅਜਿਹਾ ਕਰਨ ਤੋਂ ਆਪਣੀ ਅਸਮੱਰਥਾ ਜ਼ਾਹਿਰ ਕੀਤੀ। ਸੰਤਾਂ ਨੇ ਕਿਹਾ ਕਿ ਮੈਨੂੰ ਭਾਰੀ ਅਫਸੋਸ ਹੈ ਕਿ ਜਥੇਦਾਰ ਅਕਾਲ ਤਖ਼ਤ ਅਤੇ ਬਾਕੀ ਸਿੰਘ ਸਾਹਿਬਾਨ ਕਿਸੇ ਵਿਅਕਤੀ ਵਿਸ਼ੇਸ਼ ਦੇ ਖੁਸ਼ਾਮਦੀ ਹੋ ਜਾਣ ਤਾਂ ਫਿਰ ਇਨਸਾਫ ਕਿੱਥੋਂ ਮਿਲੇਗਾ?

ਕੁੱਝ ਦਿਨ ਉਡੀਕਣ ਤੋਂ ਬਾਅਦ ਸੰਤਾਂ ਨੇ ਇਸ ਪੂਰੀ ਸਥਿਤੀ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ ਕਿ ਸਿੰਘ ਸਾਹਿਬ ਵੀ ਸੱਚੀ ਗੱਲ ਖੁੱਲ੍ਹ ਕੇ ਕਹਿਣ ਨੂੰ ਤਿਆਰ ਨਹੀਂ। ਪਰ ਜੇਕਰ ਸਿੰਘ ਸਾਹਿਬ ਇਸ ਵਕਤ ਚੁੱਪਅਤ ਕਰਨ ਤਾਂ ਕੌਮ ਦਾ ਭਲਾ ਹੋ ਸਕਦਾ ਹੈ।

Scanned with CamScanner

ਸੰਤਾਂ ਨਾਲ ਮੁਲਾਕਾਤ ਕਰਨ ਆਏ ਵਿਸ਼ੇਸ਼ ਆਗੂ

ਧਰਮ ਯੁੱਧ ਮੋਰਚੇ ਰਾਹੀਂ ਸਿੱਖਾਂ ਦੀਆਂ ਹੱਕੀ ਮੰਗਾਂ ਦਾ ਹੋ ਰਿਹਾ ਪ੍ਰਚਾਰ ਦੁਨੀਆਂ 'ਚ ਫੈਲ ਗਿਆ ਤਾਂ ਦੇਸ਼ ਦੀਆਂ ਘੱਟ ਗਿਣਤੀਆਂ ਸਮੇਤ ਵੱਖ-ਵੱਖ ਆਗੂ ਇਹ ਸਮਝਣ ਲਈ ਯਤਨਸ਼ੀਲ ਹੋਏ ਕਿ ਜੇਕਰ ਸਿੱਖਾਂ ਨਾਲ ਭਾਰਤੀ ਹੁਕਮਰਾਨਾਂ ਨੇ ਅਜਿਹੇ ਵਾਅਦੇ ਕੀਤੇ ਸਨ ਜਿਨ੍ਹਾਂ ਨੂੰ ਪੂਰਾ ਕਰਵਾਉਣ ਲਈ ਸਿੱਖ ਆਵਾਜ਼ ਉਠਾ ਰਹੇ ਹਨ ਤਾਂ ਉਨ੍ਹਾਂ ਨੂੰ ਫੜ-ਫੜ ਕੇ ਜੇਲ੍ਹਾਂ ਵਿੱਚ ਕਿਉਂ ਰੱਖਿਆ ਜਾ ਰਿਹਾ ਹੈ। ਬਲਕਿ ਇਸ ਤੋਂ ਵੀ ਅੱਗੇ ਸਿੱਖ ਨੌਜਵਾਨਾਂ ਉਪਰ ਤਸ਼ੱਦਦ ਦਾ ਦੌਰ ਜਾਰੀ ਹੈ। ਇਸ ਵਰਤਾਰੇ ਨੂੰ ਜਾਨਣ ਲਈ ਦੇਸ਼ ਦੇ ਕੁੱਝ ਆਗੂਆਂ ਨੇ ਸੰਤਾਂ ਨਾਲ ਮੁਲਾਕਾਤਾਂ ਕੀਤੀਆਂ।

1. **ਡਾ. ਫਾਰੂਖ ਅਬਦੁੱਲਾ** - ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਡਾ. ਫਾਰੂਕ ਅਬਦੁੱਲਾ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਉਨ੍ਹਾਂ ਨੇ ਲੰਮਾ ਸਮਾਂ ਸੰਤਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਕੇਂਦਰ ਵੱਲੋਂ ਅਪਣਾਏ ਜਾ ਰਹੇ ਰਵੱਈਏ ਪ੍ਰਤੀ ਵੀ ਹੈਰਾਨਗੀ ਪ੍ਰਗਟ ਕੀਤੀ। ਉਨ੍ਹਾਂ ਨੇ ਪ੍ਰੈੱਸ ਰਾਹੀਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਸੀਂ ਹਰ ਤਰ੍ਹਾਂ ਨਾਲ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਾਂ ਅਤੇ ਸਿੱਖਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਲਈ ਹਰ ਸੰਭਵ ਯਤਨ ਕਰਾਂਗੇ। ਡਾਕਟਰ ਫਾਰੂਕ ਅਬਦੁੱਲਾ ਦੀ ਸੰਤਾਂ ਨਾਲ ਮਿਲਣੀ ਨੂੰ ਪੰਜਾਬ ਦੀ ਕਿਰਪੂ ਪ੍ਰੈੱਸ ਨੇ ਦੇਸ਼ ਵਿਰੋਧੀ ਰੰਗਤ ਦੇਣ ਦੀ ਕੋਸ਼ਿਸ਼ ਕੀਤੀ।

2. **ਮੁੱਲਾ ਅਬਦੁੱਲ ਬੁਖਾਰੀ** - ਜਾਮਾ ਮਸਜਿਦ ਦਿੱਲੀ ਦੇ ਸ਼ਾਹੀ ਇਮਾਮ ਮੁੱਲਾ ਅਬਦੁੱਲ ਬੁਖਾਰੀ ਜੋ ਭਾਰਤ ਭਰ ਦੇ ਮੁਸਲਮਾਨਾਂ ਦੇ ਧਾਰਮਿਕ ਆਗੂ ਵਜੋਂ ਜਾਣੇ ਜਾਂਦੇ ਸਨ। ਜਦੋਂ ਉਸ ਨੂੰ ਇਸ ਸਾਰੀ ਘਟਨਾ ਦੀ ਜਾਣਕਾਰੀ ਮਿਲੀ ਕਿ ਸਿੱਖ ਕੌਮ ਦੇ ਧਾਰਮਿਕ ਆਗੂ ਆਪਣੇ ਧਾਰਮਿਕ ਅਤੇ ਰਾਜਨੀਤਿਕ ਹੱਕ ਲੈਣ ਲਈ ਯਤਨਸ਼ੀਲ ਹਨ ਅਤੇ ਉਨ੍ਹਾਂ ਨੂੰ ਇਹ ਹੱਕ ਮਿਲਣੇ ਚਾਹੀਦੇ ਹਨ। ਉਨ੍ਹਾਂ ਨਾਲ ਅਪਣੱਤ ਭਰਿਆ ਸਲੂਕ ਨਹੀਂ ਕੀਤਾ ਜਾ ਰਿਹਾ ਬਲਿਕ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਸ਼ਾਹੀ ਇਮਾਮ ਇਹ ਵੀ ਜਾਣਦੇ ਸਨ ਕਿ ਇਸੇ ਕਾਰਨ ਹੀ ਕਈ ਘਟਨਾਵਾਂ ਦਿੱਲੀ ਵਿੱਚ ਵੀ ਵਾਪਰ ਚੁੱਕੀਆਂ ਹਨ। ਇਸ ਲਈ ਉਹ ਵਿਸ਼ੇਸ਼ ਤੌਰ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਜਿੱਥੇ ਉਹ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਨੂੰ ਮਿਲੇ ਉਥੇ ਉਨ੍ਹਾਂ ਨੇ ਇੱਕ ਲੰਮੀ ਮੀਟਿੰਗ ਸੰਤ ਜਰਨੈਲ ਸਿੰਘ ਖ਼ਾਲਸਾ ਜੀ ਨਾਲ ਵੀ ਕੀਤੀ। ਸ਼ਾਹੀ ਇਮਾਮ ਨੇ ਵਿਅੰਗ ਭਰੇ ਲਹਿਜੇ 'ਚ ਸੰਤਾਂ ਨੂੰ ਕਿਹਾ ਸੰਤ ਜੀ ਤੁਹਾਡੀ ਕੌਮ ਨੇ ਭਾਰਤ ਦੀ ਆਜ਼ਾਦੀ ਲਈ ਬਹੁਤ ਵੱਡਮੁੱਲਾ ਯੋਗਦਾਨ ਪਾਇਆ ਹੈ, ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਜ਼ਮੀਨੇ ਵੀ ਝੱਲੇ ਅਤੇ ਭਾਰਤ ਦੀ ਵੰਡ ਸਮੇਂ ਉਜਾੜਾ ਵੀ ਝੱਲਿਆ। ਜੇਕਰ ਤੁਹਾਡੇ ਥਾਪੇ ਭਾਰਤੀ ਹੁਕਮਰਾਨਾਂ ਦਾ ਇਹ ਰਵੱਈਆ ਹੈ ਤਾਂ ਹੋਰ ਕਿਸੇ ਘੱਟ ਗਿਣਤੀ ਨੂੰ ਆਪਣੇ ਹੱਕ ਲੈਣ ਦੀ ਆਸ ਹੀ ਛੱਡ ਦੇਣੀ ਚਾਹੀਦੀ ਹੈ। ਸੰਤਾਂ ਨੇ ਕਿਹਾ ਕਿ ਇਮਾਮ ਸਾਹਿਬ ਹੁਕਮਰਾਨ ਇਸੇ ਤਰ੍ਹਾਂ ਕਰਿਆ ਕਰਦੇ ਹਨ ਪਰ ਸਾਨੂੰ ਆਪਣੇ ਹੱਕ ਲੈਣ ਲਈ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਵਿਚਾਰਾਂ ਤੋਂ ਬਾਅਦ ਸੰਤਾਂ ਨੇ ਸਿਰੋਪਾਓ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਵੱਲੋਂ ਇਥੇ ਆ ਕੇ 'ਹਾਅ ਦਾ ਨਾਅਰਾ' ਮਾਰਨ ਲਈ ਧੰਨਵਾਦ ਕੀਤਾ। ਜਾਣ ਸਮੇਂ ਫਿਰ ਇਮਾਮ ਹੁਰਾਂ ਕਿਹਾ ਕਿ ਸਾਡੀਆਂ ਦੁਆਵਾਂ ਹਮੇਸ਼ਾ ਤੁਹਾਡੇ ਨਾਲ ਹਨ, ਖੁਦਾ ਤੁਹਾਨੂੰ ਸਫਲਤਾ ਬਖਸ਼ੇ।

3. **ਸਰਦਾਰ ਕਪੂਰ ਸਿੰਘ** - ਸਿੱਖ ਕੌਮ ਦੇ ਉੱਘੇ ਵਿਦਵਾਨ ਸਰਦਾਰ ਕਪੂਰ ਸਿੰਘ ਆਈ. ਸੀ. ਐੱਸ. ਵਿਸ਼ੇਸ਼ ਤੌਰ 'ਤੇ ਸੰਤਾਂ ਨੂੰ ਮਿਲਣ ਆਏ। ਉਨ੍ਹਾਂ ਕਿਹਾ ਕਿ ਮੈਂ ਭਾਰਤ ਪਾਕਿਸਤਾਨ ਦੀ ਵੰਡ ਸਮੇਂ ਤੋਂ ਹੀ ਭਾਰਤੀ ਹੁਕਮਰਾਨਾਂ ਦੇ ਬਦਲਦੇ ਰੰਗ ਵੇਖੇ ਹਨ। ਆਜ਼ਾਦੀ ਤੋਂ ਪਹਿਲਾਂ ਸਿੱਖ ਕੌਮ ਦੇ ਆਗੂਆਂ ਨੂੰ ਹਰ ਤਰ੍ਹਾਂ ਦਾ ਮਾਣ-ਸਨਮਾਨ ਅਤੇ ਵਡਿਆਈ ਦਿੰਦੇ ਸਨ ਕਿਉਂਕਿ ਇਹ ਸਿਰਲੱਥਾਂ ਦੀ ਕੌਮ ਹੈ ਕੁਰਬਾਨੀ ਤੋਂ ਕਦੇ ਵੀ ਪਿੱਛੇ ਨਹੀਂ ਹੱਟਦੇ। ਸਿੱਖਾਂ ਦੇ ਇਨ੍ਹਾਂ ਜਜ਼ਬਾਤਾਂ ਨੂੰ ਉਨ੍ਹਾਂ ਮੌਕਾ ਪ੍ਰਸਤ ਹਿੰਦੂ ਆਗੂਆਂ ਨੇ ਆਪਣੇ ਹਿੱਤਾ ਲਈ ਵਰਤਣਾ ਸੀ। ਜਦੋਂ ਭਾਰਤ ਆਜ਼ਾਦ ਹੋਇਆ ਸਿੱਖ ਕੌਮ ਦੀ ਬੇਤਹਾਸ਼ਾ ਬਰਬਾਦੀ ਹੋਈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਕਿਉਂਕਿ ਉਸ ਸਮੇਂ ਧਾਰਮਿਕ, ਆਰਥਿਕ, ਰਾਜਨੀਤਿਕ, ਕੌਮੀਅਤ ਬਰਬਾਦੀ ਦੇ ਨਾਲ-ਨਾਲ ਜਾਨੀ ਅਤੇ ਇੱਜ਼ਤ ਆਬਰੂ ਦਾ ਵੀ ਬਹੁਤ ਵੱਡਾ ਨੁਕਸਾਨ ਸਿੱਖ ਕੌਮ ਨੇ ਝੱਲਿਆ। ਪਰ ਹਿੰਦੁਸਤਾਨ ਆਜ਼ਾਦ ਹੁੰਦਿਆਂ ਹੀ ਇਥੋਂ ਦੇ

Scanned with CamScanner

ਹੁਕਮਰਾਨਾਂ ਨੇ ਸਾਨੂੰ ਸਭ ਤੋਂ ਪਹਿਲਾ ਇਨਾਮ ਦਿੱਤਾ ਕਿ "ਸਿੱਖ ਜਰਾਇਮ ਪੇਸ਼ਾ ਕੌਮ ਹੈ।" ਇਸ ਲਈ ਆਜ਼ਾਦ ਭਾਰਤ ਵਿੱਚ ਇਨ੍ਹਾਂ ਉੱਪਰ ਖਾਸ ਨਜ਼ਰ ਰੱਖੀ ਜਾਵੇ। ਸਰਦਾਰ ਕਪੂਰ ਸਿੰਘ ਨੇ ਕਿਹਾ ਕਿ ਸੰਤ ਜੀ ਅਸੀਂ ਉਸ ਸਮੇਂ ਭਾਵੇਂ ਉੱਚ ਅਹੁਦਿਆਂ ਤੇ ਬੈਠੇ ਸਾਂ (ਉਸ ਵੇਲੇ ਉਹ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸਨ) ਪਰ ਸਾਡੇ ਪੈਰਾਂ ਥੱਲਿਉਂ ਜ਼ਮੀਨ ਖਿਸਕਣ ਲੱਗੀ ਕਿ ਸਿੱਖ ਕੌਮ ਨਾਲ ਬਹੁਤ ਵੱਡਾ ਧੋਖਾ ਅਤੇ ਬੇਇਨਸਾਫੀ ਹੋਈ ਹੈ, ਜੋ ਅੱਜ ਤੱਕ ਜਾਰੀ ਹੈ। ਤੁਸੀਂ ਸਿੱਖ ਕੌਮ ਦੇ ਇਸ ਦੁਖਾਂਤ ਦਾ ਜ਼ਿਮਾ ਚੁੱਕਿਆ ਹੈ। ਮੇਰੀਆਂ ਭਾਵਨਾਵਾਂ ਤੁਹਾਡੇ ਨਾਲ ਹਨ, ਭਾਵੇਂ ਵਡੇਰੀ ਉਮਰ ਹੋਣ ਕਾਰਨ ਮੈਂ ਬਹੁਤ ਕੁੱਝ ਤਾਂ ਨਹੀਂ ਕਰ ਸਕਦਾ ਪਰ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਤੁਹਾਨੂੰ ਕਾਮਯਾਬੀ ਬਖਸ਼ਣ।

4. ਡਾਕਟਰ ਸੁਬਰਾਮਨੀਅਮ ਸਵਾਮੀ – ਜਨਸੰਘ ਦੇ ਆਗੂ ਅਤੇ ਸੁਪਰੀਮ ਕੋਰਟ ਦੇ ਉੱਘੇ ਵਕੀਲ ਡਾਕਟਰ ਸੁਬਰਾਮਨੀਅਮ ਸਵਾਮੀ ਵੀ ਇਹ ਜਾਨਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਕਿ ਸਿੱਖਾਂ ਵੱਲੋਂ ਕਿਹੜੀਆਂ ਮੰਗਾਂ ਮੰਗੀਆਂ ਜਾ ਰਹੀਆਂ ਹਨ ਅਤੇ ਖਾਸ ਕਰਕੇ ਸੰਤ ਜਰਨੈਲ ਸਿੰਘ ਖ਼ਾਲਸਾ ਨੂੰ ਅੱਤਵਾਦੀਆਂ ਦੇ ਆਗੂ ਵਜੋਂ ਦੇਸ਼ ਦੀ ਪ੍ਰੈਸ ਵੱਲੋਂ ਕਿਉਂ ਪੇਸ਼ ਕੀਤਾ ਜਾ ਰਿਹਾ ਹੈ? ਜਦੋਂ ਕਿ ਸਿੱਖਾਂ ਵੱਲੋਂ ਡੈਮੋਕ੍ਰੇਟਿਕ ਢੰਗ ਨਾਲ ਧਰਮ ਯੁੱਧ ਮੋਰਚਾ ਵੀ ਚੱਲ ਰਿਹਾ ਹੈ। ਇਸ ਦੀ ਅਸਲੀਅਤ ਕੀ ਹੈ? ਉਹ ਬਹੁਤ ਤੇਜ਼ ਤਰਾਰ ਸਮਝੇ ਜਾਣ ਵਾਲੇ ਆਗੂ ਹਨ। ਉਨ੍ਹਾਂ ਨੇ ਚਾਰ-ਪੰਜ ਦਿਨ ਇਥੇ ਰਹਿ ਕੇ ਸਾਰੀ ਸਥਿਤੀ ਨੂੰ ਸਮਝਣ ਦਾ ਮਨ ਬਣਾਇਆ। ਇਸ ਲਈ ਉਨ੍ਹਾਂ ਨੇ ਹੋਟਲ ਵਿੱਚ ਕਮਰਾ ਬੁੱਕ ਕੀਤਾ, ਰਾਤ ਨੂੰ ਇੱਥੇ ਆਰਾਮ ਕਰਦੇ ਅਤੇ ਦਿਨ ਵੇਲੇ ਸੰਤਾਂ ਕੋਲ ਰਹਿ ਕੇ ਚੱਲ ਰਹੀਆਂ ਗਤੀਵਿਧੀਆਂ ਨੂੰ ਜਾਨਣ ਦਾ ਯਤਨ ਕਰਦੇ। ਇੱਕ ਦਿਨ ਡਾਕਟਰ ਸੁਬਰਾਮਨੀਅਮ ਸਵਾਮੀ ਦੇ ਹੁੰਦਿਆਂ ਹੀ ਅਜਿਹੀ ਘਟਨਾ ਵਾਪਰੀ ਕਿ ਇੱਕ ਹਿੰਦੂ ਲੜਕੀ ਨੂੰ ਜੋ ਸਹੁਰੇ ਘਰ ਵੱਲੋਂ ਦਾਜ ਦਹੇਜ ਦੇ ਕਾਰਨ ਪ੍ਰੇਸ਼ਾਨ ਸੀ ਨੂੰ ਸੰਤਾਂ ਨੇ ਆਪਣੀ ਧੀ ਆਖ ਕੇ ਉਸ ਲੜਕੀ ਦੇ ਸਹੁਰੇ ਪਰਿਵਾਰ ਨੂੰ ਅਜਿਹਾ ਕਰਨ ਤੋਂ ਰੋਕਿਆ ਸੀ। ਇਸ ਘਟਨਾ ਦਾ ਵਿਸਥਾਰ ਨਾਲ ਵੇਰਵਾ ਪਿੱਛੇ ਦੇ ਆਏ ਹਾਂ। ਇਹ ਸਭ ਗੱਲਾਂ ਸੁਣ ਕੇ ਡਾ. ਸੁਬਰਾਮਨੀਅਮ ਬਹੁਤ ਹੈਰਾਨ ਹੋਇਆ ਤਾਂ ਉਸ ਨੇ ਸੰਤਾਂ ਨੂੰ ਕਿਹਾ ਕਿ ਤੁਸੀਂ ਤਾਂ ਹਿੰਦੂਆਂ ਦੇ ਵੀ ਮਦਦਗਾਰ ਹੋ ਤਾਂ ਸੰਤਾਂ ਨੇ ਕਿਹਾ ਅਸੀ ਹਰ ਤਰ੍ਹਾਂ ਦੇ ਜ਼ੁਲਮ ਵਿਰੁੱਧ ਹਾਂ। ਸੁਬਰਾਮਨੀਅਮ ਨੇ ਪੁੱਛਿਆ ਕਿ ਕੋਈ ਹੋਰ ਵੀ ਅਜਿਹੀ ਘਟਨਾ ਹੈ ਜਿਸ ਵਿੱਚ ਤੁਸੀਂ ਕਿਸੇ ਹਿੰਦੂ ਪਰਿਵਾਰ ਦੀ ਮਦਦ ਕੀਤੀ ਹੋਵੇ ਤਾਂ ਸੰਤਾਂ ਨੇ ਦੱਸਿਆ ਕਿ ਧਰਮ ਯੁੱਧ ਮੋਰਚਾ ਆਰੰਭ ਹੋਣ ਤੋਂ ਪਹਿਲਾਂ ਫਿਰੋਜ਼ਪੁਰ ਜ਼ਿਲ੍ਹੇ ਦੇ ਜਲਾਲਾਬਾਦ ਕਸਬੇ ਵਿੱਚੋਂ ਇੱਕ ਹਿੰਦੂ ਵਿਅਕਤੀ ਮੇਰੇ ਕੋਲ ਆਇਆ ਸੀ ਅਤੇ ਉਸ ਨੇ ਕਿਹਾ ਕਿ ਕੁੱਝ ਬਦਮਾਸ਼ ਨੌਜਵਾਨਾਂ ਨੇ ਮੇਰੀ ਲੜਕੀ ਨੂੰ ਅਗਵਾ ਕਰ ਲਿਆ ਹੈ। ਮੈਂ ਵਿੱਜਤ ਤੁਸੀਂ ਬਚਾ ਸਕਦੇ ਹੋ ਤਾਂ ਮੈਂ ਕਿਹਾ ਕਿ ਧੀਆਂ ਭੈਣਾਂ ਦੀ ਇੱਜ਼ਤ ਸਭ ਦੀ ਸਾਂਝੀ ਹੁੰਦੀ ਹੈ। ਇਸ ਲਈ ਤੂੰ ਫਿਕਰ ਨਾ ਕਰ। ਤੇਰੀ ਲੜਕੀ ਨੂੰ ਹਰ ਹਾਲਤ ਵਿੱਚ ਛੁਡਵਾ ਕੇ ਲਿਆਵਾਂਗੇ। ਇਸ ਘਟਨਾ ਸਬੰਧੀ ਜਿੰਨਾ ਕੁ ਉਹ ਦੱਸ ਸਕਿਆ ਕਿ ਕੌਣ ਵਿਅਕਤੀ ਹੋ ਸਕਦੇ ਹਨ ਜੋ ਲੜਕੀ ਨੂੰ ਅਗਵਾ ਕਰਕੇ ਲੈ ਗਏ ਹਨ। ਉਨ੍ਹਾਂ ਦੀ ਗੱਲ ਸੁਣ ਕੇ ਅਸੀਂ ਉਸ ਇਲਾਕੇ ਦੇ ਉੱਘੇ ਵਿਅਕਤੀ ਸ. ਮਹਿੰਦਰ ਸਿੰਘ ਸਾਣੀਆਂ ਵਾਲੇ ਨਾਲ ਜਥੇ ਦੇ ਕੁੱਝ ਸਿੰਘਾਂ ਦੀ ਡਿਊਟੀ ਲਗਾਈ ਸੀ ਕਿ ਉਹ ਸਬੰਧਤ ਵਿਅਕਤੀਆਂ ਨੂੰ ਲੱਭ ਕੇ ਲਿਆਉਣ। ਉਹ ਉਸ ਇਲਾਕੇ ਦੇ ਜਾਣੂ ਹੋਣ ਕਾਰਨ ਉਸੇ ਦਿਨ ਹੀ ਸ਼ਾਮ ਨੂੰ ਸਬੰਧਿਤ ਵਿਅਕਤੀਆਂ ਨੂੰ ਲੈ ਆਏ ਸਨ, ਜਿਨ੍ਹਾਂ ਨੇ ਲੜਕੀ ਵਾਲੇ ਪਰਿਵਾਰ ਦੇ ਸਾਹਮਣੇ ਸੰਗਤਾਂ ਵਿੱਚ ਮੁਆਫੀ ਮੰਗੀ ਅਤੇ ਨੱਕ ਨਾਲ ਲਕੀਰਾਂ ਵੀ ਕੱਢ ਕੇ ਗਏ ਕਿ ਅੱਗੇ ਤੋਂ ਅਜਿਹੀਆਂ ਮਾੜੀਆਂ ਹਰਕਤਾਂ ਨਹੀਂ ਕਰਨਗੇ। ਜਦੋਂ ਲੜਕੀ ਵਾਲੇ ਪਰਿਵਾਰ ਦੀ ਤਸੱਲੀ ਹੋਈ ਤਾਂ ਉਨ੍ਹਾਂ ਨੂੰ ਜਾਣ ਦੀ ਆਗਿਆ ਦਿੱਤੀ।

ਅਜਿਹਾ ਵਾਤਾਵਰਨ ਵੇਖ ਕੇ ਡਾ. ਸੁਬਰਾਮਨੀਅਮ ਨੇ ਸੰਤਾਂ ਨੂੰ ਕਿਹਾ ਕਿ ਪ੍ਰੈਸ ਤੁਹਾਨੂੰ ਅੱਤਵਾਦੀ ਕਿਉਂ ਕਹਿੰਦੀ ਹੈ? ਸੰਤਾਂ ਨੇ ਕਿਹਾ ਕਿ ਸਵਾਮੀ ਜੀ, ਮੈਂ ਤਾਂ ਅਨਪੜ੍ਹ ਹਾਂ, ਤੁਸੀਂ ਪੜ੍ਹੇ ਲਿਖੇ ਵਕੀਲ ਹੋ, ਇਸ ਲਈ ਤੁਸੀਂ ਹੀ ਦੱਸ ਸਕਦੇ ਹੋ ਮੈਂ ਕਿੰਨਾ ਕੁ ਅੱਤਵਾਦੀ ਹਾਂ? ਸਵਾਮੀ ਨੇ ਕਿਹਾ ਕਿ ਮੈਂ ਹੈਰਾਨ ਹਾਂ ਤੁਸੀਂ ਕੋਈ ਰੂੜੀਸ਼ ਵਿਅਕਤੀ ਨਹੀਂ, ਰੋਜ਼ਾਨਾ ਪ੍ਰੈਸ ਨੂੰ ਮਿਲਦੇ ਹੋ, ਆਉਣ ਜਾਣ ਵਾਲੀਆਂ ਸੰਗਤਾਂ ਨੂੰ ਮਿਲਦੇ ਹੋ, ਇਥੋਂ ਤੱਕ ਕਿ ਹਰ ਕੌਮ ਦੇ ਮਿਲਣ ਆਏ ਨੁਮਾਇੰਦਿਆਂ ਨੂੰ ਵੀ ਮਿਲਦੇ ਹੋ ਅਤੇ ਖੁਸ਼ਦਿਲੀ ਨਾਲ ਗੱਲ ਕਰਦੇ ਹੋ। ਫਿਰ ਤੁਹਾਨੂੰ ਅੱਤਵਾਦੀ ਕਿਵੇਂ ਕਿਹਾ ਜਾ ਸਕਦਾ ਹੈ? ਉਨ੍ਹਾਂ ਨੇ ਸੰਤਾਂ ਨੂੰ ਪੁੱਛਿਆ ਕਿ ਤੁਸੀਂ ਹੋਰ ਕੀ ਕਰਦੇ ਹੋ ਤਾਂ ਸੰਤਾਂ ਨੇ ਕਿਹਾ ਕਿ ਤੁਹਾਡੇ ਸਾਹਮਣੇ

Scanned with CamScanner

ਗੁਰਬਾਣੀ ਅਤੇ ਇਤਿਹਾਸ ਦੀ ਕਥਾ ਕਰਦੇ ਹਾਂ, ਆਈਆਂ ਹੋਈਆਂ ਸੰਗਤਾਂ ਦੇ ਨਸ਼ੇ ਛੁਡਵਾਉਂਦੇ ਹਾਂ, ਹਰ ਇੱਕ ਨੂੰ ਆਪੋ-ਆਪਣੇ ਧਰਮ ਵਿੱਚ ਪੱਕਾ ਰਹਿਣ ਲਈ ਪ੍ਰੇਰਦੇ ਹਾਂ, ਹਰ ਕਿਸਮ ਦੇ ਜ਼ੁਲਮ ਵਿਰੁੱਧ ਡੱਟਣ ਦਾ ਸੱਦਾ ਦਿੰਦੇ ਹਾਂ ਅਤੇ ਹਰ ਇੱਕ ਨੂੰ ਆਪਣੇ ਹੱਕ ਲੈਣ ਲਈ ਯਤਨਸ਼ੀਲ ਹੋਣ ਦੀ ਪ੍ਰੇਰਨਾ ਕਰਦੇ ਹਾਂ। ਅਜਿਹਾ ਸਭ ਕੁੱਝ ਕਰਨ ਵਾਲੇ ਨੂੰ ਅਗਰ ਭਾਰਤ ਸਰਕਾਰ ਜਾਂ ਭਾਰਤੀ ਪ੍ਰੈਸ ਅੱਤਵਾਦੀ ਕਹਿੰਦੀ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਮੇਰਾ ਖਿਆਲ ਹੈ ਕਿ ਤੁਸੀਂ ਵੀ ਮੇਰੇ ਖਿਆਲਾਂ ਨਾਲ ਸਹਿਮਤ ਹੋਵੋਗੇ ਤਾਂ ਉਨ੍ਹਾਂ ਕਿਹਾ ਜਿਵੇਂ ਤੁਸੀਂ ਕਿਹਾ ਹੈ ਕਿ ਹਰ ਵਿਅਕਤੀ ਨੂੰ ਆਪਣੇ ਧਰਮ ਵਿੱਚ ਪੱਕਾ ਹੋਣਾ ਚਾਹੀਦਾ ਹੈ ਆਦਿ ਇਨ੍ਹਾਂ ਸਭ ਗੱਲਾਂ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਤਾਂ ਸੰਤਾਂ ਨੇ ਕਿਹਾ ਫਿਰ ਤਾਂ ਸਵਾਮੀ ਜੀ ਤੁਸੀਂ ਵੀ ਅੱਤਵਾਦੀ ਬਣ ਗਏ। ਇਹ ਸੁਣ ਕੇ ਉਹ ਹੱਸ ਪਏ। ਸੰਤਾਂ ਨੇ ਕਿਹਾ ਕਿ ਜੇਕਰ ਤੁਹਾਨੂੰ ਕੋਈ ਗੱਲ ਗਲਤ ਜਾਪਦੀ ਹੈ ਤਾਂ ਸਾਨੂੰ ਸਾਡੇ ਸਾਹਮਣੇ ਕਹੋ ਨਹੀਂ ਤਾਂ ਬਾਹਰ ਜਾ ਕੇ ਜਾਂ ਦਿੱਲੀ ਜਾ ਕੇ ਇਹੀ ਕੁੱਝ ਕਹਿਣਾ, ਸੋ ਸਾਡੇ ਸਾਹਮਣੇ ਕਹਿਦੇ ਹੋ ਤਾਂ ਉਸ ਨੇ ਕਿਹਾ ਮੈਂ ਭਾਰਤੀ ਆਗੂਆਂ ਨੂੰ ਵੀ ਅਤੇ ਪ੍ਰੈਸ ਰਾਹੀਂ ਦੁਨੀਆਂ ਵਿੱਚ ਵੱਸਦੇ ਲੋਕਾਂ ਨੂੰ ਇਹੀ ਸੱਚਾਈ ਦੱਸਾਂਗਾ।

ਇਹ ਡਾ. ਸੁਬਰਾਮਨੀਅਮ ਸਵਾਮੀ ਦਾ ਉੱਚਾ ਇਖਲਾਕ ਹੈ ਕਿ ਉਸ ਨੇ ਉਸ ਸਮੇਂ ਤੋਂ ਲੈ ਕੇ ਅੱਜ ਤੱਕ ਵੱਖ-ਵੱਖ ਪ੍ਰੈਸ ਕਾਨਫਰੰਸਾਂ, ਸੈਮੀਨਾਰਾਂ, ਇੰਟਰਵਿਊ ਅਤੇ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਅਨੇਕਾ ਵਾਰ ਕਿਹਾ ਕਿ ਮੈਂ ਸੰਤ ਭਿੰਡਰਾਂਵਾਲਿਆਂ ਨੂੰ ਅੱਤਵਾਦੀ ਨਹੀਂ ਮੰਨਦਾ। ਉਸ ਨੇ ਇਹ ਸਭ ਕੁੱਝ ਭਾਰਤੀ ਸੰਸਦ ਵਿੱਚ ਵੀ ਕਿਹਾ ਜਦੋਂ ਉਹ ਐੱਮ.ਪੀ. ਬਣੇ ਸਨ ਅਤੇ ਵਿਦੇਸ਼ ਵਿੱਚ ਇੰਟਰਵਿਊ ਦਿੰਦਿਆਂ ਹੋਇਆਂ ਵੀ ਉਨ੍ਹਾਂ ਨੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਸ ਤਰ੍ਹਾਂ ਹੀ ਕੀਤਾ ਜਿਸ ਤਰ੍ਹਾਂ ਸੰਤਾਂ ਬਾਰੇ ਜਾਣਿਆ ਸੀ।

5. ਸ੍ਰੀ ਰਾਮ ਜੇਠਮਲਾਨੀ - ਭਾਰਤੀ ਸੁਪਰੀਮ ਕੋਰਟ ਦੇ ਉੱਘੇ ਵਕੀਲ ਸ੍ਰੀ ਰਾਮ ਜੇਠਮਲਾਨੀ ਵੀ ਸਿੱਖਾਂ ਵੱਲੋਂ ਆਰੰਭ ਧਰਮ ਯੁੱਧ ਮੋਰਚੇ ਰਾਹੀਂ ਸਿੱਖਾਂ ਦੀਆਂ ਜਾਇਜ਼ ਮੰਗਾਂ ਮੰਨਣ ਲਈ ਕੇਂਦਰ ਸਰਕਾਰ ਦੇ ਵਿਤਕਰੇ ਭਰੇ ਰਵੱਈਏ ਤੋਂ ਪ੍ਰੇਸ਼ਾਨ ਸਨ ਅਤੇ ਪ੍ਰੈਸ ਰਾਹੀਂ ਦਿੱਲੀ ਵਿਖੇ ਜੋ ਉਨ੍ਹਾਂ ਨੂੰ ਪੜ੍ਹਨ ਨੂੰ ਮਿਲਦਾ ਉਸ ਅਨੁਸਾਰ ਧਰਮ ਯੁੱਧ ਮੋਰਚੇ ਨੂੰ ਡੈਮੋਕ੍ਰੇਟਿਕ ਅਤੇ ਸ਼ਾਂਤਮਈ ਨਾ ਹੋ ਕੇ ਹਿੰਸਕ ਮੋਰਚੇ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਇਸ ਸਾਰੇ ਘਟਨਾਕ੍ਰਮ ਨੂੰ ਸਮਝਣ ਲਈ ਉਹ ਵਿਸ਼ੇਸ਼ ਤੌਰ 'ਤੇ ਸ੍ਰੀ ਅੰਮ੍ਰਿਤਸਰ ਆਏ ਉਹ ਵੱਖ-ਵੱਖ ਸਿੱਖ ਆਗੂਆਂ ਨੂੰ ਮਿਲ ਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨਾਲ ਵੀ ਮੁਲਾਕਾਤ ਕੀਤੀ। ਡਾ. ਸੁਬਰਾਮਨੀਅਮ ਵਾਂਗ ਇਨ੍ਹਾਂ ਨੇ ਵੀ ਕਈ ਸਵਾਲ ਕੀਤੇ ਤਾਂ ਸੰਤਾਂ ਨੇ ਕਿਹਾ ਤੁਸੀਂ ਉੱਘੇ ਵਕੀਲ ਹੋ ਇਸ ਲਈ ਤੁਸੀਂ ਦੱਸੋ ਕਿ ਜੇ ਤਾਂ ਧਰਮ ਯੁੱਧ ਮੋਰਚੇ ਦੀਆਂ ਚੱਕੀ ਮੰਗਾਂ ਗੈਰ ਕਾਨੂੰਨੀ ਹਨ ਜਾਂ ਅਜਿਹੇ ਵਾਅਦੇ ਭਾਰਤ ਦੀ ਆਜ਼ਾਦੀ ਸਮੇਂ ਹਿੰਦੂ ਹੁਕਮਰਾਨਾਂ ਵੱਲੋਂ ਸਿੱਖ ਆਗੂਆਂ ਨਾਲ ਨਹੀਂ ਕੀਤੇ ਗਏ ਸਨ, ਤਾਂ ਕਹੋ ਕਿ ਤੁਹਾਡਾ ਮੋਰਚਾ ਨਾਜਾਇਜ਼ ਹੈ। ਫਿਰ ਸਿੱਖ ਕੌਮ ਨਾਲ ਤਾਂ ਕਦਮ-ਕਦਮ 'ਤੇ ਵਿਤਕਰਾ ਹੋ ਰਿਹਾ ਹੈ। ਸੰਤਾਂ ਨੇ ਪੁੱਛਿਆ ਕਿ ਵਕੀਲ ਸਾਹਿਬ ਕੀ ਭਾਰਤ ਦਾ ਕੋਈ ਹੋਰ ਪ੍ਰਾਂਤ ਵੀ ਹੈ ਜਿਸ ਕੋਲ ਆਪਣੀ ਰਾਜਧਾਨੀ ਨਾ ਹੋਵੇ? ਆਪਣਾ ਹਾਈਕੋਰਟ ਨਾ ਹੋਵੇ, ਆਪਣੇ ਕੁਦਰਤੀ ਸੋਮਿਆਂ ਉਪਰ ਅਧਿਕਾਰ ਨਾ ਹੋਣ, ਸਿੱਖਾਂ ਨੂੰ ਬਿਨਾਂ ਕੇਸ ਚਲਾਇਆ ਗ੍ਰਿਫ਼ਤਾਰ ਕਰਕੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਦਿੱਤਾ ਜਾਵੇ, ਸਿੱਖ ਧਾਰਮਿਕ ਸੰਸਥਾਵਾਂ ਦੀ ਸੋਹੱਤੀ ਸਾੜ-ਫੂਕ ਦਿੱਤੀ ਜਾਵੇ ਉਸ ਦੀ ਕੋਈ ਇਨਕੁਆਰੀ ਤੱਕ ਨਾ ਹੋਵੇ ਕੀ ਇਹੀ ਭਾਰਤੀ ਕਾਨੂੰਨ ਹੈ? ਇਤਿਆਦਿਕ ਹੋਰ ਬਹੁਤ ਸਾਰੀਆਂ ਵਿਤਕਰੇ ਭਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਜੋ ਉਦੋਂ ਤੱਕ ਵਾਪਰ ਚੁੱਕੀਆਂ ਸਨ। ਵਕੀਲ ਜੇਠਮਲਾਨੀ ਇਨ੍ਹਾਂ ਦਾ ਕੋਈ ਜਵਾਬ ਨਾ ਦੇ ਸਕਿਆ। ਬਲਕਿ ਕਹਿਣ ਲੱਗਾ ਕਿ ਮੈਂ ਤੁਹਾਡੀਆਂ ਦਲੀਲਾਂ ਨਾਲ ਸਹਿਮਤ ਹਾਂ ਸਿੱਖਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਸੰਤਾਂ ਨੇ ਕਿਹਾ ਕਿ ਵਕੀਲ ਸਾਹਿਬ ਸੋਚ ਲਵੋ ਜੇ ਤੁਸੀਂ ਸਾਡੇ ਨਾਲ ਸਹਿਮਤ ਹੋਏ ਤਾਂ ਤੁਹਾਨੂੰ ਵੀ ਅੱਤਵਾਦੀ ਹੋਣ ਦਾ ਖਿਤਾਬ ਮਿਲ ਸਕਦਾ ਹੈ ਤਾਂ ਉਸ ਨੇ ਵੀ ਕਿਹਾ ਕਿ ਮੈਂ ਜੋ ਕੁੱਝ ਇੱਥੇ ਵੇਖਿਆ, ਸੁਣਿਆ ਅਤੇ ਸਮਝਿਆ ਹੈ ਮੈਂ ਉਸੇ ਤਰ੍ਹਾਂ ਹੀ ਪ੍ਰੈਸ ਨੂੰ ਬਿਆਨ ਦੇਵਾਂਗਾ। ਉਸ ਨੇ ਇਸੇ ਤਰ੍ਹਾਂ ਹੀ ਕੀਤਾ ਵੀ।

6. ਸਵਾਮੀ ਵਿਸ਼ਨੂੰ ਦੇਵਾਨੰਦ - ਇੱਕ ਪੜ੍ਹਿਆ ਲਿਖਿਆ ਵਿਅਕਤੀ, ਜਿਸ ਨੇ ਵਕਾਲਤ ਕੀਤੀ ਹੋਈ ਹੈ ਅਤੇ ਸਾਊਥ ਭਾਰਤ ਵਿੱਚ ਹਿੰਦੂਆਂ ਦਾ ਪ੍ਰਭਾਵਸ਼ਾਲੀ ਆਗੂ ਅਤੇ ਕੈਨੇਡਾ ਦਾ ਜੰਮਪਲ ਹੈ। ਇਹ ਵੀ ਆਪਣੇ ਨਾਲ ਕੁਝ ਪੜ੍ਹੇ ਲਿਖੇ ਸਵਾਮੀ ਭੇਖ ਦੇ ਵਿਅਕਤੀਆਂ ਨੂੰ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ। ਇਸ ਨੇ ਸੰਤਾਂ

Scanned with CamScanner

ਨਾਲ ਬਹੁਤ ਤਿੱਖੀ ਵਿਚਾਰ ਚਰਚਾ ਕੀਤੀ। ਇਹ ਆਪ ਪੰਜਾਬੀ ਨਹੀਂ ਸੀ ਸਮਝ ਸਕਦਾ ਇਸ ਲਈ ਸ. ਪੂਰਨ ਸਿੰਘ ਹੁੰਦਲ, ਸ. ਹਰਮਿੰਦਰ ਸਿੰਘ ਸੰਧੂ, ਰਜਿੰਦਰ ਸਿੰਘ ਮਹਿਤਾ ਅਤੇ ਮੈਂ ਭਾਈ ਰਸ਼ਪਾਲ ਸਿੰਘ ਇਸ ਮੀਟਿੰਗ ਚੋਰਾਨ ਹਾਜ਼ਰ ਰਹੇ ਪਰ ਤਰਜਮਾਨੀ ਦੇ ਤੌਰ 'ਤੇ ਭਾਈ ਹਰਮਿੰਦਰ ਸਿੰਘ ਸੰਧੂ ਰਾਹੀਂ ਗੱਲਬਾਤ ਹੋਈ। ਜਿਸ ਦੀ ਵੀਡੀਉ ਰਿਕਾਡਿੰਗ ਵੀ ਮੌਜੂਦ ਹੈ।

ਸਵਾਮੀ ਨੇ ਆਪਣੀ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਮੈਂ ਕੈਨੇਡਾ ਦਾ ਸੰਮਾਪਲ ਹਾਂ। ਭਾਰਤ ਵਿੱਚ ਕਿਸੇ ਪਾਰਟੀ ਨਾਲ ਮੈਨੂੰ ਲਗਾਵ ਨਹੀਂ ਹੈ। ਇਸ ਲਈ ਮੈਂ ਆਪ ਜੀ ਨਾਲ ਕਿਸੇ ਸਿਆਸੀ ਮੰਤਵ ਲਈ ਨਹੀਂ ਬਲਕਿ ਪੰਜਾਬ ਸਮੱਸਿਆ ਸਬੰਧੀ ਅਤੇ ਮੌਜੂਦਾ ਹਾਲਾਤਾਂ ਸਬੰਧੀ ਗੱਲਬਾਤ ਕਰਨ ਆਇਆ ਹਾਂ। ਇਸ ਦੇ ਉੱਤਰ ਵਿੱਚ ਸੰਤਾਂ ਨੇ ਉਸ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਸਿੱਖਾਂ ਦਾ ਧਰਮ ਅਤੇ ਰਾਜਨੀਤੀ ਦਾ ਸੰਕਲਪ ਇਕੱਠਾ ਹੀ ਹੈ ਤਾਂ ਸਵਾਮੀ ਨੇ ਕਿਹਾ ਅਸੀਂ ਬਹੁਤ ਪਵਿੱਤਰ ਜਗ੍ਹਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਕੱਤਰ ਹੋਏ ਹਾਂ ਇਸ ਲਈ ਮੈਨੂੰ ਖੁਸ਼ੀ ਹੈ। ਅੱਗੇ ਜਿਵੇਂ ਸਵਾਲ ਜਵਾਬ ਹੋਏ ਉਹ ਇਸ ਤਰ੍ਹਾਂ ਹੈ:-

ਸਵਾਮੀ : ਤੁਹਾਡੇ 'ਤੇ ਇਲਜ਼ਾਮ ਲੱਗਦੇ ਹਨ ਕਿ ਤੁਸੀਂ ਗਰਮ ਖਿਆਲੀ ਹੋ। ਪੰਜਾਬ ਵਿੱਚ ਹੋ ਰਹੀਆਂ ਹਿੰਸਕ ਘਟਨਾਵਾਂ, ਬੰਬ ਧਮਾਕੇ, ਰਾਹੁਆਂ ਦੇ ਸਿਰ ਮੰਦਰਾਂ ਵਿੱਚ ਸੁੱਟਣੇ ਅਤੇ ਹੋਰ ਅਜਿਹੀਆਂ ਘਟਨਾਵਾਂ ਤੁਹਾਡੇ ਨਾਲ ਕਿਉਂ ਜੋੜੀਆਂ ਜਾ ਰਹੀਆਂ ਹਨ?

ਸੰਤ : ਸੰਤਾਂ ਨੇ ਕਿਹਾ ਕਿ ਜਦੋਂ ਤੋਂ ਸਿ੍ਸ਼ਟੀ ਬਣੀ ਹੈ ਉਸ ਸਮੇਂ ਤੋਂ ਹੀ ਸੱਚ ਬੋਲਣ ਵਾਲਿਆਂ, ਇਨਸਾਫ ਅਤੇ ਹੱਕ ਮੰਗਣ ਵਾਲਿਆਂ ਉਪਰ ਅਜਿਹੇ ਇਲਜ਼ਾਮ ਲੱਗਦੇ ਹੀ ਆਏ ਹਨ। ਸਾਧਾਰਨ ਮਨੁੱਖਾਂ ਦੀ ਗੱਲ ਛੱਡੋ, ਗੁਰੂ ਸਾਹਿਬਾਨਾਂ ਉਪਰ ਵੀ ਰਾਜ ਕਰਨ ਵਾਲੀਆਂ ਸ਼ਕਤੀਆਂ ਨੇ ਝੂਠੇ ਇਲਜ਼ਾਮ ਲਗਾਏ। ਸ੍ਰੀ ਗੁਰੂ ਨਾਨਕ ਸਾਹਿਬ ਨੂੰ ਕੁਰਾਹੀਆ ਕਿਹਾ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਚੋਰਾਂ ਦਾ ਪਨਾਹਗੀਰ ਕਿਹਾ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਹਥਿਆਰ ਇਕੱਠੇ ਕਰਨ ਵਾਲਾ ਧਾੜਵੀ ਕਿਹਾ, ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਡਾਕੂ ਆਦਿ ਕਿਹਾ। ਭਾਵੇਂ ਇਨ੍ਹਾਂ ਦੋਸ਼ਾਂ ਵਿੱਚ ਰੱਤੀ ਮਾਤਰ ਵੀ ਸੱਚਾਈ ਨਹੀਂ, ਪਰ ਅਜਿਹਾ ਹੋਇਆ।

ਸਵਾਮੀ : ਤੁਹਾਡੇ ਉਪਰ ਫਿਰਕੂ ਸਦਭਾਵਨਾ ਨੂੰ ਵਿਗਾੜਨ ਦਾ ਦੋਸ਼ ਲੱਗਦਾ ਹੈ?

ਸੰਤ : ਮੈਂ ਸਿੱਖਾਂ ਦੇ ਹੱਕਾਂ ਦੀ ਮੰਗ ਕਰਦਾ ਹਾਂ, ਕੁਰਸੀ ਦਾ ਲਾਲਚ ਕੋਈ ਨਹੀਂ, ਸੱਚ ਬੋਲਦਾ ਹਾਂ। ਪਰ ਸਰਕਾਰ ਚਲਾਉਣ ਵਾਲੇ ਲੋਕ ਆਪਣੀ ਆਦਤ ਮੁਤਾਬਕ ਬੇਬੁਨਿਆਦ ਦੋਸ਼ ਲਗਾਉਂਦੇ ਰਹੇ ਹਨ, ਜਿਸ ਦਾ ਮੇਰੇ ਉੱਪਰ ਕੋਈ ਅਸਰ ਨਹੀਂ।

ਸਵਾਮੀ : ਤੁਸੀਂ ਹਿੰਦੁਸਤਾਨ ਨੂੰ ਕੀ ਸਮਝਦੇ ਹੋ?

ਸੰਤ : ਹਿੰਦੁਸਤਾਨ ਧਰਤੀ ਦਾ ਇੱਕ ਟੁੱਕੜਾ ਹੈ ਜਿੱਥੇ ਜਿਸ ਦਾ ਵੀ ਰਾਜ ਰਿਹਾ ਹੈ ਉਸੇ ਦਾ ਹੀ ਇਹ ਸਥਾਨ ਹੁੰਦਾ ਹੈ। ਪਹਿਲਾਂ ਇਸ ਨੂੰ ਭਾਰਤ ਵਰਸ਼ ਕਹਿੰਦੇ ਸਨ ਉਦੋਂ ਮੁਗਲਾਂ ਦਾ ਰਾਜ ਸੀ, ਫਿਰ ਅੰਗਰੇਜ਼ ਦਾ ਰਾਜ ਆਇਆ ਤਾਂ ਇਸ ਨੂੰ ਇੰਡੀਆ ਕਿਹਾ ਜਾਣ ਲੱਗਾ। ਹੁਣ ਹਿੰਦੂ ਬਹੁਗਿਣਤੀ ਦਾ ਰਾਜ ਹੈ ਤਾਂ ਇਸ ਨੂੰ ਹਿੰਦੁਸਤਾਨ ਕਿਹਾ ਜਾਂਦਾ ਹੈ। ਇਸ ਲਈ ਜਿਸਦਾ ਝੰਡਾ ਹੈ ਉਸੇ ਦਾ ਸਥਾਨ ਹੈ।

ਸਵਾਮੀ : ਜੇਕਰ ਹਿੰਦੁਸਤਾਨ ਦਾ ਕਿਸੇ ਦੂਸਰੇ ਦੇਸ਼ ਨਾਲ ਝਗੜਾ ਹੁੰਦਾ ਹੈ ਤਾਂ ਤੁਸੀਂ ਕਿਸਦੀ ਮਦਦ ਕਰੋਗੇ?

ਸੰਤ : ਅਸੀਂ ਵੇਖਾਂਗੇ ਕਿ ਕੌਣ ਜ਼ਾਲਮ ਹੈ ਅਤੇ ਕੌਣ ਮਜ਼ਲੂਮ। ਫਿਰ ਗੁਰੂ ਆਸ਼ੇ ਅਨੁਸਾਰ, ਜਿਹੜੀ ਧਿਰ ਮਜ਼ਲੂਮ ਹੋਵੇਗੀ ਉਸਦੀ ਮਦਦ ਕਰਾਂਗੇ।

ਸਵਾਮੀ : ਮੈਂ ਸਵਾਮੀ ਹਾਂ, ਤੁਸੀਂ ਸੰਤ ਹੋ ਅਤੇ ਅਸੀਂ ਬਹੁਤ ਹੀ ਪਵਿੱਤਰ ਜਗ੍ਹਾ ਗੋਲਡਨ ਟੈਂਪਲ ਬੈਠੇ ਹਾਂ ਜਿਸ ਨੂੰ ਰੱਬ ਦਾ ਘਰ ਕਿਹਾ ਜਾਂਦਾ ਹੈ ਅਤੇ ਇੱਥੋਂ ਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਅਜਿਹੀ ਜਗ੍ਹਾ ਬੈਠ ਕੇ ਕੋਈ ਝੂਠ ਨਹੀਂ ਬੋਲੇਗਾ। ਇਸ ਲਈ ਮੈਨੂੰ ਪੂਰਾ-ਪੂਰਾ ਯਕੀਨ ਹੈ ਕਿ ਜੋ ਤੁਸੀਂ ਕਹਿ ਰਹੇ ਹੋ ਸਿਰ ਸੱਚ ਹੋਵੇਗਾ?

ਸੰਤ : ਸਵਾਮੀ ਜੀ ਤੁਸੀਂ ਇੱਥੇ ਆਏ ਹੋ ਤਾਂ ਹੀ ਤੁਹਾਨੂੰ ਯਕੀਨ ਆਇਆ ਹੈ। ਜੇ ਬਾਹਰੋਂ ਝੂਠੀਆਂ

Scanned with CamScanner



ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਡਾ. ਫ਼ਾਰੂਕ ਅਬਦੁੱਲਾ ਨੇ ਸੰਤ ਭਿੰਡਰਾਂਵਾਲਿਆਂ ਨੂੰ ਮਿਲਣ ਉਪਰੰਤ ਧਰਮ ਯੁੱਧ ਮੋਰਚੇ ਦੀ ਹਮਾਇਤ ਦਾ ਐਲਾਨ ਕੀਤਾ, ਉਨ੍ਹਾਂ ਨਾਲ ਜੰਮੂ ਦੇ ਸਿੱਖ ਆਗੂ ਸੰਤ ਸਿੰਘ ਤੋਰ ਵੀ ਨਜ਼ਰ ਆ ਰਹੇ ਹਨ।



ਦਿੱਲੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਮੁੱਲਾ ਅਬਦੁੱਲ ਬੁਖ਼ਾਰੀ ਨੇ ਸੰਤ ਭਿੰਡਰਾਂਵਾਲੇ ਅਤੇ ਸੰਤ ਲੋਂਗੋਵਾਲ ਨਾਲ ਵਿਚਾਰਾਂ ਕਰਨ ਉਪਰੰਤ ਧਰਮ ਯੁੱਧ ਮੋਰਚੇ ਦੀ ਹਮਾਇਤ ਦਾ ਐਲਾਨ ਕੀਤਾ।

ਬਹੁਤ ਤੇਜ਼ ਤਰਾਰ ਕੈਨੇਡਾ ਨਿਵਾਸੀ ਸਵਾਮੀ ਵਿਸ਼ਨੂੰ ਦੇਵਾ ਨੰਦ ਦੇ ਤਿੱਖੇ ਸਵਾਲਾਂ ਦਾ ਜਵਾਬ ਦੇ ਕੇ ਉਸ ਦੀ ਹਰ ਪੱਖ ਤੋਂ ਤਸੱਲੀ ਕਰਵਾਉਂਦੇ ਹੋਏ ਸੰਤ ਭਿੰਡਰਾਂਵਾਲੇ।



Scanned with CamScanner



ਸੀਨੀਅਰ ਵਕੀਲ ਸੁਬਰਾਮਨੀਅਮ ਸਵਾਮੀ ਮੈਂਬਰ ਪਾਰਲੀਮੈਂਟ ਸੰਤਾਂ ਨਾਲ ਇੰਟਰਵਿਊ ਕਰਨ ਤੋਂ ਬਾਅਦ।



ਇੱਕ ਵਿਦੇਸ਼ੀ ਪੱਤਰਕਾਰ ਬੀਬੀ ਸੰਤ ਭਿੰਡਰਾਂਵਾਲਿਆਂ ਨਾਲ ਮੁਲਾਕਾਤ ਕਰਦੇ ਹੋਏ



ਸੰਤ ਭਿੰਡਰਾਂਵਾਲਿਆਂ ਨਾਲ ਗੱਲਬਾਤ ਕਰਦੇ ਹੋਏ ਸਿੱਖ ਵਿਦਵਾਨ ਆਈ ਸੀ.ਐਸ. ਸਿਰਦਾਰ. ਕਪੂਰ ਸਿੰਘ।



ਜੋਗੀ ਹਰਭਜਨ ਸਿੰਘ ਯੂ.ਐਸ.ਏ. ਵਾਲੇ ਸੰਤ ਭਿੰਡਰਾਂਵਾਲਿਆਂ ਨਾਲ।

Scanned with CamScanner

ਅਫਵਾਹਾਂ ਸੁਣੀ ਜਾਂਦੇ ਤਾਂ ਯਕੀਨ ਕਿੱਥੋਂ ਆਉਣਾ ਸੀ। ਜੇ ਇੰਦਰਾ ਗਾਂਧੀ ਵੀ ਇਥੇ ਆਵੇ ਤਾਂ ਤੁਹਾਡੇ ਵਾਂਗੂ ਉਸ ਨੂੰ ਵੀ ਯਕੀਨ ਆ ਜਾਵੇਗਾ।

ਸਵਾਮੀ : ਜੇ ਈਸ਼ਵਰ ਨੇ ਸ਼ਕਤੀ ਦਿੱਤੀ ਤਾਂ ਮੈਂ ਉਸ ਨੂੰ ਜ਼ਰੂਰ ਇੱਥੇ ਲੈ ਕੇ ਆਵਾਂਗਾ ਕਿਉਂਕਿ ਆਪਸੀ ਗਲਤ ਫਹਿਮੀਆਂ ਦੂਰ ਕਰਨਾ ਹੀ ਮੇਰਾ ਮਕਸਦ ਹੈ।

ਸੰਤ : ਇਹ ਸਾਡੀ ਮੰਗ ਨਹੀਂ ਕਿ ਉਹ ਇੱਥੇ ਆਵੇ, ਜੇ ਉਹ ਪੰਜਾਬ ਸਮੱਸਿਆ ਦਾ ਹੱਲ ਕੱਢਣ ਦੀ ਲੋੜ ਸਮਝਦੀ ਹੈ ਤਾਂ ਆ ਜਾਵੇ।

ਸਵਾਮੀ : ਇਹ ਕੋਈ ਸਿੱਖ ਸਮੱਸਿਆ ਨਹੀਂ ਕਿ ਕਿਸੇ ਉੱਪਰ ਵਿਅਕਤੀਗਤ ਤੌਰ 'ਤੇ ਕੇਸ ਪੈ ਜਾਂਦਾ ਹੈ ਜਾਂ ਉਸ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਇਹ ਉਸ ਵਿਅਕਤੀ ਨਾਲ ਸਬੰਧਤ ਸਮੱਸਿਆ ਹੈ।

ਸੰਤ : ਕੇਵਲ ਸਿੱਖਾਂ ਨੂੰ ਹੀ ਤਸ਼ੱਦਦ ਦਾ ਸ਼ਿਕਾਰ ਕਿਉਂ ਬਣਾਇਆ ਜਾਂਦਾ ਹੈ? ਸਿੱਖਾਂ ਉੱਪਰ ਹੀ ਕੇਸ ਕਿਉਂ ਪਾਏ ਜਾਂਦੇ ਹਨ? ਸੈਂਕੜੇ ਸਿੱਖਾਂ ਉੱਪਰ ਤਸ਼ੱਦਦ ਹੋਇਆ ਪਰ ਅਦਾਲਤਾਂ ਨੇ ਕਥਿਤ ਦੋਸ਼ੀਆਂ ਨੂੰ ਬਾਇੱਜ਼ਤ ਬਰੀ ਕੀਤਾ। ਬਹੁਤ ਸਾਰੇ ਸਿੱਖ ਬਿਨਾਂ ਮੁਕੱਦਮਾ ਚਲਾਇਆਂ ਹੀ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤੇ ਗਏ। ਇਹ ਸਮੱਸਿਆ ਕਿਸ ਦੀ ਹੈ? ਸਿੱਖਾਂ ਦੀ ਜਾਂ ਵਿਅਕਤੀਗਤ?

ਸਵਾਮੀ - ਕੀ ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ ਜੇ ਕੋਈ ਵਿਅਕਤੀ ਗੁਨਾਹ ਕਰਦਾ ਹੈ ਤਾਂ ਉਸ ਨੂੰ ਭੁਗਤਣਾ ਪੈਂਦਾ ਹੈ? ਜੇ ਕੋਈ ਝੂਠ ਬੋਲਦਾ ਹੈ ਤਾਂ ਪ੍ਰਮਾਤਮਾ ਉਸ ਨੂੰ ਝੂਠ ਬੋਲਣ ਦੀ ਸਜ਼ਾ ਦਿੰਦਾ ਹੈ।

ਸੰਤ : ਹਾਂ ਸਾਡਾ ਇਹੀ ਵਿਸ਼ਵਾਸ਼ ਹੈ।

ਸਵਾਮੀ : ਇਸ ਮੀਟਿੰਗ ਵਿੱਚ ਬੈਠੇ ਭਾਈ ਗਜਿੰਦਰ ਸਿੰਘ ਮਹਿਤੇ ਨੂੰ ਸੰਬੋਧਨ ਹੋ ਕੇ ਬੋਲੇ ਤੁਹਾਡਾ ਨਾਂ ਕੀ ਹੈ? ਉਸ ਨੇ ਆਪਣਾ ਨਾਮ ਅਤੇ ਫੈਡਰੇਸ਼ਨ ਆਗੂ ਹੋਣ ਬਾਰੇ ਜਾਣਕਾਰੀ ਦਿੱਤੀ ਤਾਂ ਸਵਾਮੀ ਨੇ ਕਿਹਾ ਕਿ ਤੁਸੀਂ ਆਪਣੇ ਦੋਵੇਂ ਹੱਥ ਮੇਰੇ ਹੱਥਾਂ ਵਿੱਚ ਰੱਖ ਕੇ ਇਸ ਪਵਿੱਤਰ ਅਸਥਾਨ 'ਤੇ ਪ੍ਰਣ ਕਰੋ ਕਿ ਜੋ ਤੁਹਾਡੇ 'ਤੇ ਇਲਜ਼ਾਮ ਲੱਗ ਰਹੇ ਹਨ ਕਿ ਤੁਸੀਂ ਬੰਬ ਧਮਾਕੇ ਕਰਦੇ ਹੋ ਅਤੇ ਗਊਆਂ ਦੇ ਸਿਰ ਵੱਢ ਕੇ ਮੰਦਿਰਾਂ ਵਿੱਚ ਸੁੱਟਦੇ ਹੋ ਇਸ ਬਾਰੇ ਤੁਹਾਨੂੰ ਕੋਈ ਜਾਣਕਾਰੀ ਨਹੀਂ ਹੈ ਤਾਂ ਗਜਿੰਦਰ ਸਿੰਘ ਮਹਿਤਾ ਨੇ ਜਵਾਬ ਦੇਣਾ ਚਾਹਿਆ, ਸੰਤ ਕਹਿੰਦੇ ਅਸੀਂ ਦਿੰਦੇ ਹਾਂ ਇਸਦਾ ਜਵਾਬ।

ਸੰਤ : ਕੀ ਤੁਸੀਂ ਇੰਦਰਾ ਗਾਂਧੀ ਤੋਂ ਪ੍ਰਣ ਕਰਵਾਉਗੇ ਕਿ ਪੰਜਾਬ ਵਿੱਚ ਵਰਤ ਰਹੀਆਂ ਘਟਨਾਵਾਂ ਬਾਰੇ ਉਨ੍ਹਾਂ ਨੂੰ ਜਾਣਕਾਰੀ ਹੈ ਜਾਂ ਨਹੀਂ? ਅਜਿਹਾ ਪ੍ਰਣ ਸਾਡੇ ਕੋਲੋਂ ਕਰਵਾ ਰਹੇ ਹੋ ਪਹਿਲਾਂ ਉਨ੍ਹਾਂ ਕੋਲੋਂ ਕਰਵਾਓ, ਜਿਨ੍ਹਾਂ ਨੇ ਵਧੀਕੀਆਂ ਸ਼ੁਰੂ ਕੀਤੀਆਂ ਹਨ। ਕੀ ਇੰਦਰਾ ਗਾਂਧੀ ਦੇ ਨੋਟਿਸ ਵਿੱਚ ਹੈ ਕਿ ਚੰਦੋਕਲਾਂ ਵਿਖੇ ਟਕਸਾਲ ਦੀਆਂ ਬੱਸਾਂ ਸਾੜੀਆਂ ਜਿਸ ਵਿੱਚ ਗੁਰਬਾਣੀ ਦੀਆਂ ਪੋਥੀਆਂ ਸਨ ਉਹ ਵੀ ਅਗਨ ਭੇਟ ਹੋਈਆਂ, ਸਾਰਾ ਪਿੰਡ ਲੁੱਟਿਆ ਅਤੇ ਚੌਕ ਮਹਿਤਾ ਵਿਖੇ 18 ਨਿਹੱਥੇ ਸਿੱਖ ਸ਼ਹੀਦ ਕਰ ਦਿੱਤੇ ਗਏ ਕੀ ਇਸ ਬਾਰੇ ਕੋਈ ਕਾਰਵਾਈ ਹੋਈ। ਜੇ ਨਹੀਂ ਹੋਈ ਤਾਂ ਕਿਉਂ? ਕੀ ਭਾਰਤ ਦੇ ਕਿਸੇ ਵੀ ਜ਼ਿੰਮੇਵਾਰ ਹਿੰਦੂ ਆਗੂ ਨੇ ਇਸ ਦਾ ਖੰਡਨ ਕੀਤਾ? ਭਾਰਤ ਦੀ ਪ੍ਰਧਾਨ ਮੰਤਰੀ ਸਮੇਤ ਕਿਸੇ ਵੀ ਮੰਤਰੀ ਨੇ ਇਸ 'ਤੇ ਨੋਟਿਸ ਲਿਆ? ਕੀ ਇਸ ਦੀ ਇਨਕੁਆਰੀ ਹੋਈ? ਪਿਛਲੇ ਤਿੰਨ ਸਾਲਾਂ ਵਿੱਚ ਸਾਨੂੰ ਕੀ ਇਨਸਾਫ ਮਿਲਿਆ? 200 ਦੇ ਲਗਭਗ ਬੇਦੋਸ਼ੇ ਸਿੱਖਾਂ ਨੂੰ ਹੁਣ ਤੱਕ ਸ਼ਹੀਦ ਕੀਤਾ ਜਾ ਚੁੱਕਿਆ ਹੈ। ਕੀ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਤੁਸੀਂ ਇੰਦਰਾ ਗਾਂਧੀ ਤੋਂ ਪ੍ਰਣ ਲਵੋਗੇ?

ਸਵਾਮੀ : 200 ਸਿੱਖ ਕਿਹੜੀ ਪੁਲਿਸ ਨੇ ਮਾਰੇ ਹਨ? ਕੀ ਤੁਹਾਡੇ ਕੋਲ ਮਾਰੇ ਗਏ ਸਿੱਖਾਂ ਬਾਰੇ ਕੋਈ ਸਬੂਤ ਹੈ?

ਸੰਤ : ਇਹ ਭਾਰਤੀ ਪੁਲਿਸ ਨੇ ਸ਼ਹੀਦ ਕੀਤੇ ਹਨ। 80% ਸ਼ਹੀਦਾਂ ਦੇ ਸਬੂਤ ਸਾਡੇ ਕੋਲ ਹਨ ਪਰ ਜਿਹੜੇ ਰਸਤਿਆਂ ਵਿੱਚੋਂ ਜਾਂ ਘਰਾਂ ਵਿੱਚੋਂ ਚੁੱਕੇ ਅਤੇ ਅਣ-ਦੱਸੀਆਂ ਥਾਵਾਂ 'ਤੇ ਉਨ੍ਹਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾ ਦਿੱਤੇ। ਉਨ੍ਹਾਂ ਦੇ ਸਬੂਤ ਕਿੱਥੋਂ ਮਿਲਣੇ ਹਨ? ਪਰ ਜਿਹੜੇ ਸਬੂਤ ਸਾਡੇ ਕੋਲ ਹਨ ਉਨ੍ਹਾਂ ਦਾ ਹੀ ਇਨਸਾਫ ਦੇ ਦਿਓ।

ਇਹ ਗੱਲ ਸੁਣ ਕੇ ਸਵਾਮੀ ਨੇ ਕਿਹਾ ਇਹ ਬਹੁਤ ਮਾੜੀਆਂ ਘਟਨਾਵਾਂ ਵਾਪਰੀਆਂ ਹਨ ਅਤੇ ਸਿੱਖਾਂ ਨਾਲ ਬੇਇਨਸਾਫੀਆਂ ਹਨ। ਕੁੱਝ ਕੁ ਘਟਨਾਵਾਂ ਬਾਰੇ ਦੱਸੋਗੇ?

Scanned with CamScanner

ਤਾਂ ਸੰਤਾਂ ਨੇ ਬਹੁਤ ਸਾਰੀਆਂ ਘਟਨਾਵਾਂ ਬਾਰੇ ਦੱਸਿਆ ਜਿਵੇਂ ਕਿ ਕੁਲਵੰਤ ਸਿੰਘ ਨਾਗੋਕੇ ਨੂੰ ਪੁਲਿਸ ਨੇ ਗ੍ਰਿਫਤਾਰ ਕਰਕੇ ਜੱਜ ਦੇ ਪੇਸ਼ ਕੀਤਾ, ਜੱਜ ਨੇ ਅਗਲੀ ਤਾਰੀਕ ਦਿੱਤੀ ਅਤੇ ਡਾਕਟਰੀ ਜਾਂਚ ਕਰਨ ਦਾ ਹੁਕਮ ਦਿੱਤਾ। ਪਰ ਜੱਜ ਦੇ ਹੁਕਮਾਂ ਦੇ ਬਾਵਜੂਦ ਕੋਈ ਡਾਕਟਰੀ ਜਾਂਚ ਨਹੀਂ ਹੋਈ ਬਲਕਿ ਉਸ ਦਾ ਅੰਗ-ਅੰਗ ਤੋੜ ਕੇ ਉਸ ਨੂੰ ਪੁੱਠਾ ਲਟਕਾ ਕੇ ਪਾਣੀ ਦੇ ਟੱਬ ਵਿੱਚ ਡੁਬੋ ਕੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਸ ਤੋਂ ਵੱਡਾ ਸਬੂਤ ਕੀ ਚਾਹੀਦਾ ਹੈ? ਇਸੇ ਤਰ੍ਹਾਂ ਮੇਰੇ ਨੇੜੇ ਦਾ ਭਾਈ ਮਲੂਕ ਸਿੰਘ ਸੀ ਜਿਸ ਨੂੰ ਫੜਿਆ, ਜਦ ਪੰਚਾਇਤ ਮਗਰ ਗਈ ਤਾਂ ਉਨ੍ਹਾਂ ਨੂੰ ਕਿਹਾ ਗਿਆ ਕਿ ਮਲੂਕ ਸਿੰਘ ਭਿੰਡਰਾਂਵਾਲੇ ਸੰਤਾਂ ਦਾ ਨਜ਼ਦੀਕੀ ਹੈ ਇਸ ਲਈ ਇਸ ਨੂੰ ਨਹੀਂ ਛੱਡਿਆ ਜਾ ਸਕਦਾ। ਬਾਅਦ ਵਿੱਚ ਉਸ ਨੂੰ ਕਿਹਾ ਗਿਆ ਕਿ ਤੂੰ ਦੋਵੇਂ ਹੱਥ ਖੜ੍ਹੇ ਕਰ ਅਤੇ ਕਹਿ ਕਿ ਮੈਂ ਭਿੰਡਰਾਂਵਾਲੇ ਸੰਤਾਂ ਦਾ ਸਾਥੀ ਨਹੀਂ ਹਾਂ। ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ। ਇਹ ਸਾਰੀ ਘਟਨਾ ਪ੍ਰੈਸ ਵਿੱਚ ਛਪੀ ਹੈ, ਕੀ ਇਹੀ ਇਨਸਾਫ ਹੈ? ਹਾਲੇ ਪਰਸੋਂ ਹੀ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਤੁਗਲਵਾਲੇ ਦਾ ਅੰਮ੍ਰਿਤਧਾਰੀ ਸਿੰਘ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਹੈ। ਇਸੇ ਤਰ੍ਹਾਂ ਹੀ ਮਿਲਟਰੀ ਵਿੱਚ ਇੱਕ ਸਟੇਨਗੰਨ ਚੋਰੀ ਹੋਣ 'ਤੇ ਸ਼ੀਤਲ ਸਿੰਘ ਨਾਂ ਦੇ ਵਿਅਕਤੀ ਨੂੰ ਭਾਰੀ ਤਸ਼ੱਦਦ ਕਰਕੇ ਮੌਤ ਦੇ ਘਾਟ ਉਤਾਰਿਆ ਗਿਆ। ਉਸ ਦੀਆਂ ਅੱਖਾਂ ਕੱਢੀਆਂ ਗਈਆਂ, ਜਦੋਂ ਉਸਦਾ ਪੋਸਟ ਮਾਰਟਮ ਹੋਇਆ ਤਾਂ ਉਸ ਦੇ ਸਰੀਰ ਅੰਦਰੋਂ ਲਾਲ ਮਿਰਚਾਂ ਨਿਕਲੀਆਂ। ਸਟੇਨ ਗੰਨ ਚੋਰੀ ਹੋਣ ਦਾ ਸ਼ੱਕ ਕੇਵਲ ਸਿੱਖ 'ਤੇ ਹੀ ਕਿਉਂ ਹੋਇਆ? ਜਦੋਂ ਕਿ ਬਾਅਦ ਵਿੱਚ ਇਹੀ ਸਟੇਨਗੰਨ ਇੱਕ ਹਿੰਦੂ ਦੀ ਬੈਰਕ ਵਿੱਚੋਂ ਬਰਾਮਦ ਹੋਈ ਉਸਦਾ ਕੋਰਟ ਮਾਰਸ਼ਲ ਕਿਉਂ ਨਹੀਂ ਹੋਇਆ? ਇਸੇ ਤਰ੍ਹਾਂ ਮੇਰਠ ਵਿਖੇ ਦੋ ਸਟੇਨਗੰਨਾਂ ਗਵਾਚ ਗਈਆਂ। ਉਥੇ ਵੀ ਸ਼ੱਕ ਦੇ ਆਧਾਰ 'ਤੇ ਸ. ਪਿਆਰਾ ਸਿੰਘ ਨੂੰ ਭਾਰੀ ਤਸ਼ੱਦਦ ਕਰਕੇ ਸ਼ਹੀਦ ਕਰ ਦਿੱਤਾ। ਇਹ ਦੋਵੇਂ ਸਟੇਨਗੰਨਾਂ ਵੀ ਕਿਸੇ ਹੋਰ ਕੋਲੋਂ ਮਿਲੀਆਂ।

ਸਵਾਮੀ : ਇਨ੍ਹਾਂ ਗੱਲਾਂ ਦੇ ਕੀ ਸਬੂਤ ਹਨ? ਇਹ ਕਿਵੇਂ ਹੋ ਸਕਦਾ ਹੈ ਕਿ ਬਿਨ੍ਹਾਂ ਇਨਕੁਆਇਰੀ ਕੀਤਿਆਂ ਕਿਸੇ ਨੂੰ ਇਸ ਤਰ੍ਹਾਂ ਮਾਰ ਦਿੱਤਾ ਜਾਵੇ।

ਸੰਤ : ਇਹੀ ਤਾਂ ਵਿਤਕਰੇ ਭਰਿਆ ਵਰਤਾਰਾ ਹੈ। ਆਹ ਸਾਡੇ ਕੋਲ ਵਕੀਲ ਸ. ਪੂਰਨ ਸਿੰਘ ਹੁੰਦਲ ਬੈਠੇ ਹਨ, ਇਹ ਉਸ ਦੇ ਸਸਕਾਰ ਵੇਲੇ ਉਥੇ ਗਏ ਅਤੇ ਆਪਣੇ ਅੱਖੀਂ ਸਭ ਕੁੱਝ ਵੇਖਿਆ ਅਤੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਬਾਰੇ ਬਾਅਦ ਵਿੱਚ ਝੂਠੀ ਐੱਫ. ਆਈ. ਆਰ. ਦਰਜ ਕੀਤੀ ਗਈ ਅਤੇ ਕੋਰ ਕਮਾਂਡਰ ਲੈਫਟੀਨੈਂਟ ਜਨਰਲ ਮਿਸਟਰ ਗੌਰੀ ਸ਼ੰਕਰ ਦੀ ਨਿਗਰਾਨੀ ਵਿੱਚ ਇਹ ਸਭ ਕੁੱਝ ਵਾਪਰਿਆ। ਇਸੇ ਸਬੰਧ ਵਿੱਚ ਦੋ ਸਿੱਖਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਅਤੇ ਸਾਰੇ ਕੇਸ 'ਤੇ ਮਿੱਟੀ ਪਾ ਦਿੱਤੀ ਗਈ। ਅਜਿਹੀਆਂ ਬਹੁਤ ਘਟਨਾਵਾਂ ਹਨ ਜਿਨ੍ਹਾਂ ਬਾਰੇ ਤੁਹਾਨੂੰ ਵਿਸਥਾਰ ਸਹਿਤ ਦੱਸਿਆ ਜਾ ਸਕਦਾ ਹੈ।

ਸਵਾਮੀ : ਕੀ ਜਿਨ੍ਹਾਂ ਸਿੰਘਾਂ ਬਾਰੇ ਤੁਸੀਂ ਦੱਸਦੇ ਹੋ ਇਨ੍ਹਾਂ ਦਾ ਕੋਈ ਜੁਰਮ ਸੀ ਜਾਂ ਇਨ੍ਹਾਂ ਦਾ ਹਿੰਸਕ ਵਾਰਦਾਤਾਂ ਨਾਲ ਸਬੰਧ ਸੀ? ਇਨ੍ਹਾਂ 'ਤੇ ਕੋਈ ਮੁਕੱਦਮਾ ਦਰਜ ਨਹੀਂ ਕੀਤਾ ਗਿਆ?

ਸੰਤ : ਇਹ ਤੁਸੀਂ ਅਖਬਾਰਾਂ ਵਿੱਚ ਵੀ ਪੜ੍ਹ ਸਕਦੇ ਹੋ ਕਿ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਹੈ। ਇਸ ਬਾਰੇ ਸਾਨੂੰ ਨਹੀਂ ਪਤਾ ਕਿ ਕਿਸੇ ਕੇਸ ਵਿੱਚ ਪੁਲਿਸ ਨੂੰ ਉਨ੍ਹਾਂ ਦੀ ਤਲਾਸ਼ ਸੀ ਜਾਂ ਨਹੀਂ? ਜੇ ਅਜਿਹਾ ਹੈ ਵੀ ਸੀ ਤਾਂ ਕੀ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਕੇਸ ਚਲਾਉਣਾ ਚਾਹੀਦਾ ਹੈ ਜਾਂ ਗੋਲੀਆਂ ਮਾਰਨੀਆਂ ਚਾਹੀਦੀਆਂ ਹਨ?

ਸਵਾਮੀ : ਇਸ ਬਾਰੇ ਸਾਰੀ ਜਾਣਕਾਰੀ ਤੁਹਾਨੂੰ ਕਿਵੇਂ ਮਿਲੀ ਹੈ?

ਸੰਤ : ਸਾਡੇ ਆਪਣੇ ਸਾਧਨ ਅਤੇ ਸਰੋਤ ਹਨ, ਜਿਨ੍ਹਾਂ ਤੋਂ ਜਾਣਕਾਰੀ ਮਿਲੀ ਹੈ ਅਤੇ ਹੁਣ ਤਾਂ ਅਖਬਾਰਾਂ ਵਿੱਚ ਵੀ ਛਪ ਚੁੱਕਾ ਹੈ। ਡੈਮੋਕ੍ਰੇਸੀ ਵਿੱਚ ਪੁਲਿਸ ਦਾ ਕੰਮ ਹੈ ਕਿ ਉਹ ਪਬਲਿਕ ਦੀ ਰਾਖੀ ਕਰੇ ਨਾ ਕਿ ਗੋਲੀਆਂ ਮਾਰ ਕੇ ਮਾਰੇ।

ਸਵਾਮੀ : ਤੁਸੀਂ ਇਹ ਦੱਸੋ ਸਿੱਖ ਸਮੱਸਿਆ ਹੱਲ ਕਿਵੇਂ ਹੋ ਸਕਦੀ ਹੈ?

ਸੰਤ : ਮਸਲਾ ਹੱਲ ਹੋ ਸਕਦਾ ਹੈ ਜੇਕਰ ਅਨੰਦਪੁਰ ਦਾ ਮਤਾ ਸੰਪੂਰਨ ਤੌਰ 'ਤੇ ਲਾਗੂ ਕਰੋ। ਸਿੱਖ ਵੱਖਰੀ ਕੌਮ ਮੰਨੋ, ਸਿੱਖ ਪਰਸਨਲ ਲਾਅ ਬਣਾਓ, ਜਿਵੇਂ ਹਿੰਦੂ, ਮੁਸਲਮਾਨ ਕੌਮਾਂ ਮੰਨੀਆਂ ਹਨ ਇਸੇ ਤਰ੍ਹਾਂ ਸਿੱਖਾਂ ਨੂੰ ਵੀ ਵੱਖਰੀ ਕੌਮ ਵਜੋਂ ਮਾਨਤਾ ਮਿਲੇ। ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਮੰਨਿਆ ਜਾਵੇ ਅਸੀਂ ਦੂਸਰੇ ਦਰਜੇ ਦੇ ਸ਼ਹਿਰੀ ਬਣ ਕੇ

Scanned with CamScanner

ਗਹਿਣਾ ਮਨਜ਼ੂਰ ਨਹੀਂ ਕਰਦੇ। ਅੱਜ ਸਿੱਖ ਆਪਣੀ ਮਨਮਰਜ਼ੀ ਨਾਲ ਦਿੱਲੀ ਤੱਕ ਵੀ ਨਹੀਂ ਜਾ ਸਕਦੇ। ਜਦੋਂ ਮਰਜ਼ੀ ਸਿੱਖਾਂ 'ਤੇ ਅਜਿਹੀਆਂ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ। ਅਜਿਹਾ ਏਸ਼ੀਅਨ ਖੇਡਾਂ ਵੇਲੇ ਹੋਇਆ, 4 ਸਿੱਖ ਕੈਨੇਡਾ ਤੋਂ ਭਾਰਤ ਆਏ ਉਨ੍ਹਾਂ ਨੂੰ ਏਅਰ ਪੋਰਟ ਤੋਂ ਵਾਪਸ ਭੇਜ ਦਿੱਤਾ ਗਿਆ, ਅਜਿਹਾ ਕਿਉਂ?

ਸਵਾਮੀ : ਇੰਟਰਨੈਸ਼ਨਲ ਪ੍ਰੈਸ ਵਿੱਚ ਅਜਿਹੀਆਂ ਰਿਪੋਰਟਾਂ ਛਪ ਰਹੀਆਂ ਹਨ ਕਿ ਅਮਰੀਕਾ ਕੈਨੇਡਾ ਤੋਂ ਕੁੱਝ ਲੋਕ ਇੱਥੇ ਮਾਹੌਲ ਨੂੰ ਖ਼ਰਾਬ ਕਰਨ ਦੇ ਮਕਸਦ ਨਾਲ ਆਉਂਦੇ ਹਨ।

ਸੰਤ : ਇਸ ਗੱਲ ਦਾ ਕੀ ਸਬੂਤ ਹੈ? ਤੁਸੀਂ ਸਾਡੇ ਕੋਲੋਂ ਹਰ ਘਟਨਾ ਦਾ ਸਬੂਤ ਮੰਗਦੇ ਹੋ ਕਿ ਸਾਨੂੰ ਸਬੂਤ ਦਿਓ, ਪਰ ਬਿਨਾਂ ਸਬੂਤ ਤੋਂ ਹੀ ਸਿੱਖਾਂ ਨੂੰ ਬਦਨਾਮ ਕਰਨ ਅਤੇ ਆਪਸੀ ਪਾੜਾ ਪਾਉਣ ਲਈ ਇਹ ਸਭ ਕੁੱਝ ਕੀਤਾ ਜਾ ਰਿਹਾ ਹੈ।

ਸਵਾਮੀ : ਇਹ ਠੀਕ ਹੈ ਕਿ ਮੌਜੂਦਾ ਸਮੇਂ ਵਿੱਚ ਸਿੱਖਾਂ ਉੱਪਰ ਸ਼ੱਕ ਕੀਤੀ ਜਾਦੀ ਹੈ?

ਸੰਤ : ਜਦੋਂ ਦੇਸ਼ ਦੀ ਆਜ਼ਾਦੀ ਵੇਲੇ ਸਿੱਖਾਂ ਨੇ 90% ਸਿਰ ਦਿੱਤੇ ਉਦੋਂ ਤਾਂ ਸ਼ੱਕ ਹੋਈ ਨਾ, ਹੁਣ ਸ਼ੱਕ ਕਿਉਂ ਕੀਤੀ ਜਾ ਰਹੀ ਹੈ। ਜੇ ਸਾਡੇ ਸਿੱਖਾਂ ਉਪਰ ਇਸ ਤਰ੍ਹਾਂ ਹੀ ਸ਼ੱਕ ਕੀਤੀ ਜਾ ਰਹੀ ਹੈ ਤਾਂ ਫਿਰ ਸਿੱਖਾਂ ਨਾਲ ਇੱਕਤਾ ਕਿਸ ਗੱਲ ਦੀ। ਸਿੱਖਾਂ ਉਪਰ ਝੂਠੇ ਦੋਸ਼ ਲਾ-ਲਾ ਕੇ ਹੀ ਬਦਨਾਮ ਕੀਤਾ ਜਾ ਰਿਹਾ ਹੈ ਭਾਂ ਕਿ ਸਿੱਖ ਆਪਣੇ ਹੱਕਾਂ ਦੀ ਗੱਲ ਨਾ ਕਰ ਸਕਣ।

ਸਵਾਮੀ : ਪੰਜਾਬ ਸਮੱਸਿਆ ਦੇ ਹੱਲ ਲਈ ਗੌਰਮਿੰਟ ਵੱਲੋਂ ਜੇਕਰ ਨੁਮਾਇੰਦੇ ਭੁਹਾਡੇ ਨਾਲ ਗੱਲ ਕਰਨੀ ਚਾਹੁਣ, ਤਾਂ ਕੀ ਤੁਸੀਂ ਕਰੋਗੇ?

ਸੰਤ : ਫੈਸਲਾ ਮੈਂ ਨਹੀਂ ਕਰਨਾ, ਇਹ ਤਾਂ ਸਮੁੱਚੀ ਸਿੱਖ ਲੀਡਰਸ਼ਿਪ ਨੇ ਕਰਨਾ ਹੈ। ਮੈਂ ਗੱਲ ਕਰਨ ਨੂੰ ਤਿਆਰ ਹਾਂ। ਸਾਡੇ ਵੱਲੋਂ ਉਪਰ ਦੱਸੀਆਂ ਹੱਕੀ ਮੰਗਾਂ ਮੰਨੀਆਂ ਜਾਣ ਤਾਂ ਫੈਸਲਾ ਹੋ ਸਕਦਾ ਹੈ। ਪਰ ਮੈਂ ਕਿਸੇ ਨੁਮਾਇੰਦੇ ਰਾਹੀਂ ਗੱਲ ਨਹੀਂ ਕਰਨੀ। ਸਾਡੇ ਨਾਲ ਉਹ ਗੱਲ ਕਰੇ ਜਿਸ ਨੇ ਫੈਸਲਾ ਕਰਨਾ ਹੈ। ਉਹ ਭਾਵੇਂ ਇੰਦਰਾ ਗਾਂਧੀ ਹੋਵੇ ਜਾਂ ਉਸਦੇ ਜਿਨੇ ਵੀ ਸਲਾਹਕਾਰ ਹੋਣ ਇਕੱਠਿਆਂ ਹੋ ਕੇ ਗੱਲਬਾਤ ਕਰ ਲੈਣ। ਇਹ ਸਭ ਕੁੱਝ ਸੁਣ ਕੇ ਸਵਾਮੀ ਵਿਸ਼ਨੂੰ ਦੇਵਾਨੰਦ ਨੇ ਕਿਹਾ ਕਿ ਤੁਹਾਡੇ ਬਾਰੇ ਗਲਤ ਪ੍ਰਚਾਰ ਹੋ ਰਿਹਾ ਹੈ। ਤੁਹਾਡੇ ਨਾਲ ਮਿਲ ਕੇ ਮੈਨੂੰ ਭਾਰੀ ਤਸੱਲੀ ਹੋਈ। ਮੈਂ ਇਹ ਸਭ ਕੁੱਝ ਇੰਦਰਾ ਗਾਂਧੀ ਤੱਕ ਸੱਚ-ਸੱਚ ਦੱਸਾਂਗਾ। ਇਹ ਕਹਿ ਕੇ ਸਵਾਮੀ ਜੀ ਚਲੇ ਗਏ।

7. **ਯੋਗੀ ਹਰਭਜਨ ਸਿੰਘ** - ਅਮਰੀਕਾ ਵਿੱਚ ਸਿੱਖੀ ਦਾ ਭਾਰੀ ਪ੍ਰਚਾਰ ਕਰਨ ਵਾਲੇ ਯੋਗੀ ਹਰਭਜਨ ਸਿੰਘ ਜਿਨ੍ਹਾਂ ਨੇ ਬਹੁਤ ਸਾਰੇ ਅੰਗਰੇਜ਼ਾਂ ਨੂੰ ਵੀ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਉਹ ਵੀ ਵਿਸ਼ੇਸ਼ ਤੌਰ 'ਤੇ ਸੰਤਾਂ ਨੂੰ ਮਿਲਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਆਏ। ਹਾਲਾਂ ਕਿ ਪਹਿਲਾਂ ਵੀ ਮੇਰੇ ਇਲਾਕੇ ਵਿੱਚ ਇੱਕ ਨਗਰ ਕੀਰਤਨ ਦੌਰਾਨ ਸੰਤਾਂ ਨੂੰ ਮਿਲੇ ਸਨ ਜਿਥੇ ਕਈ ਪਿੰਡਾਂ ਵਿੱਚ ਉਨ੍ਹਾਂ ਨੇ ਸੰਤਾਂ ਦਾ ਪ੍ਰਚਾਰ ਸੁਣਿਆ। ਉਹ ਸੰਤਾਂ ਵੱਲੋਂ ਕੀਤੇ ਜਾ ਰਹੇ ਸਿੱਖੀ ਪ੍ਰਚਾਰ ਤੋਂ ਬਹੁਤ ਪ੍ਰਭਾਵਿਤ ਹੋਏ ਸਨ। ਉਨ੍ਹਾਂ ਨੇ ਸੰਤਾਂ ਨੂੰ ਕਿਹਾ ਕਿ ਮੈਂ ਆਪਣੀਆਂ ਸੇਵਾਵਾਂ ਦੇਣਾ ਚਾਹੁੰਦਾ ਹਾਂ ਤਾਂ ਕਿ ਸਿੱਖ ਕੌਮ ਦਾ ਮਸਲਾ ਹੱਲ ਹੋ ਸਕੇ। ਸੰਤਾਂ ਨੇ ਪੁੱਛਿਆ ਯੋਗੀ ਜੀ ਤੁਹਾਨੂੰ ਭਾਰਤ ਸਰਕਾਰ ਨੇ ਭੇਜਿਆ ਹੈ ਜਾਂ ਆਪਣੇ ਤੌਰ 'ਤੇ ਹੀ ਕਹਿ ਰਹੇ ਹੋ। ਯੋਗੀ ਥੋੜ੍ਹਾ ਝਿਜਕ ਕੇ ਕਹਿਣ ਲੱਗੇ ਜਿਵੇਂ ਮਰਜ਼ੀ ਸਮਝ ਲਵੋ। ਸੰਤਾਂ ਨੇ ਕਿਹਾ ਕਿ ਭਾਰਤ ਸਰਕਾਰ ਕੋਝਲ ਸਬਜ਼ਬਾਗ ਦਿਖਾ ਰਹੀ ਹੈ, ਸਮੱਸਿਆ ਹੱਲ ਕਰਨੀ ਹੋਵੇ ਤਾਂ ਉਸ ਲਈ ਕੀ ਔਖਾ ਹੈ? ਤਾਂ ਯੋਗੀ ਨੇ ਕਿਹਾ ਕਿ ਤੁਹਾਡੀ ਗੱਲ ਵੀ ਸਹੀ ਹੈ, ਨਾਲ ਹੀ ਉਨ੍ਹਾਂ ਸਿੱਖ ਆਗੂਆਂ ਬਾਰੇ ਕੁੱਝ ਅਪਸ਼ਬਦ ਕਹੇ। ਜਿਸ ਤੋਂ ਸੰਤਾਂ ਨੇ ਕਿਹਾ ਤੁਹਾਨੂੰ ਅਜਿਹੇ ਸ਼ਬਦ ਨਹੀਂ ਵਰਤਣੇ ਚਾਹੀਦੇ ਕਿਉਂਕਿ ਬਦਨੀਅਤ ਕੇਂਦਰ ਸਰਕਾਰ ਦੀ ਹੈ ਤਾਂ ਉਸ ਨੇ ਆਪਣਾ ਯੋਗਾ ਪ੍ਰਭਾਵ ਦਿਖਾਉਣ ਲਈ ਕਿਹਾ ਕਿ ਤੁਸੀਂ ਕੀ ਸਮਝਦੇ ਹੋ ਕਿ ਮੈਂ ਵੀ ਆਮ ਵਿਅਕਤੀਆਂ ਵਰਗਾ ਹਾਂ? ਤੁਸੀਂ ਜਾਣਦੇ ਹੀ ਹੋ ਕਿ ਅਮਰੀਕਾ ਵਰਗੇ ਦੇਸ਼ ਦੇ ਗੋਰਿਆਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ ਸਜਾਉਣ ਵਾਲਾ ਵਿਅਕਤੀ ਹਾਂ ਤਾਂ ਸੰਤਾਂ ਨੇ ਕਿਹਾ ਕਿ ਦੱਸੋ ਕੀ ਕਰਨਾ ਚਾਹੁੰਦੇ ਹੋ? ਉਸ ਨੇ ਸਮਝਿਆ ਕਿ ਸੰਤ ਜੀ ਮੇਰਾ ਸ਼ਖਸ਼ੀ ਪ੍ਰਭਾਵ ਕਬੂਲ ਕਰ ਗਏ ਹਨ। ਇਸ ਲਈ ਫਿਰ ਕਿਹਾ ਕਿ ਇਹ ਤਾਂ ਤੁਸੀਂ ਸਮਝਦੇ ਹੋ ਨਾ ਕਿ ਮੇਰੀ ਪਹੁੰਚ ਸਿਰਫ਼ ਚੁਲਿਆਵੀ ਨਹੀਂ, ਤਾਂ ਸੰਤਾਂ ਨੇ ਇਕਦਮ ਯੋਗੀ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਪੁੱਛਿਆ ਯੋਗੀ ਜੀ ਆਪਣੀ ਅੰਤਰ ਆਤਮਾ ਅੰਦਰ ਝਾਤੀ ਮਾਰ ਕੇ ਦੱਸ ਕਿ ਪੰਜਾਂ ਵਿਕਾਰਾਂ 'ਤੇ ਫ਼ਤਿਹ ਪਾ ਲਈ ਹੈ?

Scanned with CamScanner

"ਇਹ ਸੁਣਦਿਆਂ ਹੀ ਯੋਗੀ ਦੀਆਂ ਅੱਖਾਂ ਨੀਵੀਆਂ ਹੋ ਗਈਆਂ ਅਤੇ ਥੋੜ੍ਹਾ ਹੈਰਾਨਗੀ ਨਾਲ ਕਿਹਾ ਕਿ ਮੈਂ ਤਾਂ ਸੋਚਿਆ ਸੀ ਕਿ ਮੇਰੇ ਰਾਹੀਂ ਸਿੱਖਾਂ ਦੀ ਸਮੱਸਿਆ ਹੱਲ ਹੋ ਸਕੇ ਤਾਂ ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਾਂਗਾ। ਇਹ ਮੇਰੀ ਆਪਣੀ ਸਮਝ ਹੈ, ਮੈਂ ਸਰਕਾਰ ਵੱਲੋਂ ਨੁਮਾਇੰਦਾ ਬਣ ਕੇ ਨਹੀਂ ਆਇਆ। ਫਿਰ ਇਸਦੇ ਜਵਾਬ ਵਿੱਚ ਸੰਤਾਂ ਨੇ ਕਿਹਾ ਕਿ ਯੋਗੀ ਜੀ ਵੱਧ ਤੋਂ ਵੱਧ ਬਾਣੀ ਪੜ੍ਹੋ, ਅਰਦਾਸ ਕਰੋ ਕਿ ਆਪਣਾ ਮੋਰਚਾ ਫ਼ਤਿਹ ਹੋਵੇ। ਬਾਕੀ ਜਦੋਂ ਤੁਸੀਂ ਅਮਰੀਕਾ ਤੋਂ ਦਿੱਲੀ ਆਏ ਸੀ ਉਸ ਰਾਤ ਤੁਸੀਂ ਕਿੱਥੇ ਠਹਿਰੇ? ਕਿਨ੍ਹਾਂ ਕਾਂਗਰਸੀ ਮੁੱਖ ਆਗੂਆਂ ਨਾਲ ਤੁਹਾਡੀ ਗੱਲਬਾਤ ਹੋਈ? ਇਸ ਬਾਰੇ ਅਸੀਂ ਜਾਣਦੇ ਹਾਂ। ਪਰ ਸਿੱਖ ਕੌਮ ਦੀਆਂ ਸਮੁੱਚੀਆਂ ਹੱਕੀ ਮੰਗਾਂ ਮੰਨੇ ਬਿਨਾਂ, ਧਰਮ ਯੁੱਧ ਮੋਰਚਾ ਸਮਾਪਤ ਨਹੀਂ ਹੋਣਾ। ਇਸ ਬਾਰੇ ਤੁਸੀਂ ਜੋ ਵੀ ਕਰ ਸਕਦੇ ਹੋ, ਜ਼ਰੂਰ ਆਪਣਾ ਯੋਗਦਾਨ ਪਾਉਣਾ। ਇਹ ਸੁਣਨ ਤੋਂ ਬਾਅਦ ਯੋਗੀ ਜੀ ਕਾਫੀ ਕੁੱਝ ਸਮਝ ਗਏ ਅਤੇ ਸੰਤਾਂ ਨੂੰ ਫ਼ਤਿਹ ਬੁਲਾ ਕੇ ਚਲੇ ਗਏ।

੪. ਸਾਬਕਾ ਵਿਦੇਸ਼ ਮੰਤਰੀ ਸ. ਸਵਰਨ ਸਿੰਘ : ਇਹ ਵੀ ਪੰਜਾਬ ਸਮੱਸਿਆ ਦੇ ਹੱਲ ਲਈ ਕੇਂਦਰ ਸਰਕਾਰ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਏ। ਇਨ੍ਹਾਂ ਦੇ ਨਾਲ ਹੀ ਪੰਜਾਬ ਦੇ ਰਹਿ ਚੁੱਕੇ ਖਜਾਨਾ ਮੰਤਰੀ ਬਲਵੰਤ ਸਿੰਘ ਵੀ ਆਏ ਸਨ। ਜੋ ਸਿਰਫ ਵੇਖਣਾ ਹੀ ਚਾਹੁੰਦੇ ਸਨ ਕਿ ਜੇਕਰ ਕੇਂਦਰ ਸਰਕਾਰ ਨਾਲ ਗੱਲਬਾਤ ਹੋਵੇ ਤਾਂ ਕਿੱਥੇ ਮੁੱਕ ਸਕਦੀ ਹੈ? ਉਹ ਪਹਿਲਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਮਿਲੇ, ਉਨ੍ਹਾਂ ਨਾਲ ਗੱਲਬਾਤ ਕਰਨ ਤੋ ਬਾਅਦ ਉਹ ਗੁਰੂ ਨਾਨਕ ਨਿਵਾਸ ਵਿਖੇ ਸੰਤ ਭਿੰਡਰਾਂਵਾਲਿਆਂ ਨੂੰ ਮਿਲੇ। ਫਤਿਹ ਬੁਲਾ ਕੇ ਦਰੀ ਉੱਪਰ ਹੀ ਬੈਠਣ ਲੱਗੇ ਪਰ ਸੰਤਾਂ ਨੇ ਸਿੰਘ ਭੇਜ ਕੇ ਕੁਰਸੀਆਂ ਮੰਗਵਾ ਲਈਆਂ। ਸਵਰਨ ਸਿੰਘ ਕਹਿਣ ਲੱਗਾ ਕਿ ਸੰਤ ਜੀ, ਮੈਂ ਤੁਹਾਡੇ ਇਸ ਕੌਮ ਦੀ ਸਰਾਹਨਾ ਕਰਦਾ ਹਾਂ ਜਿਹੜੀ ਤੁਸੀਂ ਸਿੱਖਾਂ ਵਿੱਚ ਜਾਗ੍ਰਿਤੀ ਲਿਆਂਦੀ ਹੈ, ਅੰਮ੍ਰਿਤ ਪ੍ਰਚਾਰ ਕਰਕੇ ਲੋਕਾਂ ਨੂੰ ਸਿੱਧੇ ਰਸਤੇ ਪਾ ਰਹੇ ਹੋ। ਥੋੜ੍ਹਾ ਸਮਾਂ ਬੀਤਣ ਤੋਂ ਬਾਅਦ ਸੰਤਾਂ ਨੇ ਪੁੱਛਿਆ ਕਿ ਤੁਸੀਂ ਕਿਵੇਂ ਆਏ ਹੋ? ਗੱਲਬਾਤ ਲਈ ਵਿਚੋਲਾ ਬਣ ਕੇ ਆਏ ਹੋ ਜਾਂ ਇੱਕ ਸਿੱਖ ਦੇ ਤੌਰ 'ਤੇ? ਤਾਂ ਉਸ ਨੇ ਕਿਹਾ ਕਿ ਮੈਂ ਬਤੌਰ ਸਿੱਖ ਹੀ ਆਇਆ ਹਾਂ। ਸੰਤਾਂ ਨੇ ਪੁੱਛਿਆ ਕਿਵੇਂ ਆਉਣਾ ਹੋਇਆ? ਉਸ ਨੇ ਕਿਹਾ ਕਿ ਮੈਂ ਤੁਹਾਡਾ ਆਸ਼ੀਰਵਾਦ ਲੈਣ ਆਇਆ ਹਾਂ। ਸੰਤਾਂ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਆਸ਼ੀਰਵਾਦ ਮਿਲਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ। ਉਨ੍ਹਾਂ ਨੇ ਕਿਹਾ ਸੰਤ ਵੀ ਆਸ਼ੀਰਵਾਦ ਦੇ ਦਿੰਦੇ ਹਨ ਤਾਂ ਸੰਤਾਂ ਨੇ ਕਿਹਾ ਕਿ ਮੈਂ ਕੋਈ ਅਜਿਹਾ ਸੰਤ ਜਾਂ ਸਾਧ ਨਹੀਂ ਜੋ ਹਰ ਇੱਕ ਆਏ ਗਏ ਨੂੰ ਆਸ਼ੀਰਵਾਦ ਦਿੰਦਾ ਹੋਵਾਂ। ਕੀ ਤੁਹਾਡੀ ਸਰਕਾਰ ਮੈਨੂੰ ਸੰਤ ਮੰਨਦੀ ਹੈ? ਉਹ ਤਾਂ ਰੋਜ਼ ਮੈਨੂੰ ਡਾਕੂ ਆਖਦੇ ਹਨ ਅਤੇ ਤੂੰ ਉਸੇ ਗੌਰਮਿੰਟ ਦਾ ਬੰਦਾ ਹੋ ਕੇ ਮੈਨੂੰ ਸੰਤ ਕਹਿੰਦਾ ਹੈਂ। ਉਸ ਨੇ ਕਿਹਾ ਕਿ ਮੈਂ ਇੱਕ ਸਿੱਖ ਹੋਣ ਕਰਕੇ ਤੁਹਾਨੂੰ ਸੰਤ ਕਹਿੰਦਾ ਹਾਂ। ਸੰਤਾਂ ਨੇ ਕਿਹਾ ਕਿ ਤੂੰ ਕਿਸ ਦਾ ਸਿੱਖ ਹੈਂ, ਗੁਰੂ ਦਾ ਜਾਂ ਇੰਦਰਾ ਦਾ, ਕਹਿੰਦਾ ਜੀ ਮੈਂ ਗੁਰੂ ਦਾ ਸਿੱਖ ਹਾਂ ਅਤੇ ਮੋਰਚੇ ਬਾਰੇ ਗੱਲਬਾਤ ਕਰਨੀ ਚਾਹੁੰਦਾ ਹਾਂ। ਸੰਤਾਂ ਨੇ ਕਿਹਾ ਕਿ ਜੇ ਤੂੰ ਬਤੌਰ ਸਿੱਖ ਆਇਆਂ ਹੈਂ ਤਾਂ ਦੱਸ ਤੇਰੀ ਨਿੱਜੀ ਕੀ ਸਮੱਸਿਆ ਹੈ? ਕਹਿੰਦਾ, "ਜੀ ਮੈਂ ਸਰਕਾਰ ਦਾ ਵੀ ਨੁਮਾਇੰਦਾ ਹਾਂ।" ਬੜੀ ਚੁਸਤੀ ਨਾਲ ਉਸ ਨੇ ਇਸ ਗੱਲ ਨੂੰ ਟਾਲਿਆ। ਉਸ ਬਾਰੇ ਇਹ ਵੀ ਸਮਝਿਆ ਜਾਂਦਾ ਸੀ ਕਿ ਇੱਕ ਵਕੀਲ ਹੋਣ ਦੇ ਨਾਲ-ਨਾਲ ਕੇਂਦਰ ਸਰਕਾਰ ਵਿੱਚ ਵਿਦੇਸ਼ ਮੰਤਰੀ ਰਹਿੰਦਿਆਂ ਸ. ਸਵਰਨ ਸਿੰਘ ਬੜਾ ਤੇਜ਼ ਤਰਾਰ ਵਿਅਕਤੀ ਹੈ। ਜਿਸ ਕਾਰਨ ਉਸ ਨੂੰ ਇਹ ਵੀ ਭੁਲੇਖਾ ਸੀ ਕਿ ਸੰਤ ਭਿੰਡਰਾਂਵਾਲੇ ਮੇਰੀਆਂ ਬਹੁਤ ਸਾਰੀਆਂ ਗੱਲਾਂ ਦਾ ਜਵਾਬ ਨਹੀਂ ਦੇ ਸਕਣਗੇ। ਇਸ ਲਈ ਉਸ ਨੇ ਪੁੱਛਿਆ ਕਿ ਮੈਨੂੰ ਮੋਰਚੇ ਬਾਰੇ ਕੁੱਝ ਦੱਸੋ। ਸੰਤਾਂ ਨੇ ਕਿਹਾ ਮੇਰੀਆਂ ਕੱਝ ਗੱਲਾਂ ਦਾ ਜਵਾਬ ਦਿਉਗੇ? ਕਹਿੰਦਾ, "ਜੀ ਜ਼ਰੂਰ" ਸੰਤਾਂ ਨੇ ਕਿਹਾ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਾਤਲਾਂ ਬਾਰੇ ਕੀ ਕੀਤਾ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੋਥੀਆਂ ਨੂੰ ਚੰਦੋਕਲਾਂ ਵਿਖੇ ਅੱਗ ਲਾਈ ਗਈ ਸੀ, ਉਸਦੇ ਲਈ ਕੀ ਕੀਤਾ? ਜੇ ਤੂੰ ਅਤੇ ਤੁਹਾਡੀ ਸਰਕਾਰ ਨੇ ਅਜੇ ਤੱਕ ਉਨ੍ਹਾਂ ਬਾਰੇ ਕੁੱਝ ਨਹੀਂ ਕੀਤਾ ਤਾਂ ਕਿਉਂ?" ਉਸ ਨੇ ਕਿਹਾ, "ਜੀ, ਮੇਰੇ ਕੋਲ ਇਸਦਾ ਕੋਈ ਜਵਾਬ ਨਹੀਂ।" ਸੰਤਾਂ ਨੇ ਕਿਹਾ ਕਿ ਜੇ ਤੇਰੇ ਕੋਲ ਜਵਾਬ ਨਹੀਂ, ਤਾਂ ਫਿਰ ਤੂੰ ਜਾਹ ਮੇਰੇ ਕੋਲ ਕੀ ਲੈਣ ਆਇਆ ਹੈਂ? ਤੂੰ ਕਹਿੰਦਾ ਹੈ ਕਿ ਮੈਂ ਗੁਰੂ ਦਾ ਸਿੱਖ ਹਾਂ, ਪਰ ਮੈਂ ਨਹੀਂ ਮੰਨਦਾ। ਉਸ ਨੇ ਕਿਹਾ,"ਜੀ ਕਿਉਂ?" ਸੰਤਾਂ ਨੇ ਕਿਹਾ ਕਿ ਲਾਲਾ ਜਗਤ ਨਾਰਾਇਣ ਨੂੰ ਕਿਸੇ ਨੇ ਮਾਰ ਦਿੱਤਾ, ਤੂੰ ਉਸ ਦੀ ਨਿਖੇਧੀ ਕੀਤੀ ਸੀ? ਕਹਿਦਾ, "ਕੀਤੀ ਸੀ।" ਸੰਤਾਂ ਨੇ ਪੁੱਛਿਆ ਹੋਰ ਮੰਤਰੀਆਂ ਨੇ ਵੀ ਕੀਤੀ, ਕਹਿੰਦਾ, "ਜੀ, ਹਾਂ ਕੀਤੀ।" ਸੰਤਾਂ ਨੇ ਕਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਅੱਗ ਲਾਈ ਗਈ ਤੂੰ ਨਿਖੇਧੀ ਕੀਤੀ? ਕਹਿੰਦਾ, ਨਹੀਂ।" ਸੰਤਾਂ ਨੇ ਕਿਹਾ ਕਿ

Scanned with CamScanner

ਗੁਰੂ ਗ੍ਰੰਥ ਸਾਹਿਬ ਜੀ ਤਾਂ ਸਾਡੇ ਪੂਜਣਯੋਗ ਅਤੇ ਸਤਿਕਾਰਯੋਗ ਹਨ, ਤੂੰ ਲਾਲੇ ਦੀ ਮੌਤ 'ਤੇ ਭਾਂ ਏਨਾ ਦੁਖੀ ਹੋਇਆ ਪਰ ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੱਗ ਲੱਗਣ 'ਤੇ ਕੋਈ ਦੁੱਖ ਨਾ ਮਨਾਇਆ ਅਤੇ ਨਿਖੇਧੀ ਤੱਕ ਵੀ ਨਾ ਕੀਤੀ, ਫਿਰ ਵੀ ਤੂੰ ਗੁਰੂ ਦਾ ਸਿੱਖ ਹੈਂ? ਕਹਿੰਦਾ, "ਜੀ ਮੋਰੀ ਅਣਗਹਿਲੀ ਹੈ।" ਸੰਤਾਂ ਨੇ ਕਿਹਾ ਕਿ ਜੇ ਤੂੰ ਅਣਗਹਿਲੀ ਸਮਝਦਾ ਹੈਂ, ਤਾਂ ਹੁਣ ਬ੍ਰਿਆਨ ਦੇ। ਉਸ ਨੇ ਕਿਹਾ ਕਿ ਇਹ ਮੋਰੀ ਮਜ਼ਬੂਰੀ ਹੈ। ਸੰਤਾਂ ਨੇ ਕਿਹਾ, ਫਿਰ ਮੰਨ, ਕਿ ਤੂੰ ਗੁਰੂ ਦਾ ਸਿੱਖ ਨਹੀਂ, ਇੰਦਰਾ ਦਾ ਸਿੱਖ ਹੈਂ। ਸੰਤਾਂ ਨੇ ਪੁੱਛਿਆ ਕਿ ਜੇਕਰ ਕਿਸੇ ਦੇ ਪਿਤਾ ਨੂੰ ਅੱਗ ਲਾਈ ਜਾਵੇ, ਪੱਗ ਲਾਹੀ ਜਾਵੇ ਅਤੇ ਪੁੱਤ ਆਪਣੇ ਪਿਓ ਬਾਰੇ ਕੁੱਝ ਕਹਿਣ ਤੋਂ ਝਿਜਕੇ, ਕੀ ਉਹ ਪਿਓ ਦਾ ਅਸਲੀ ਪੁੱਤਰ ਹੋ ਸਕਦਾ ਹੈ? ਉਸ ਕੋਲ ਕੋਈ ਜਵਾਬ ਨਹੀਂ ਸੀ। ਸੰਤਾਂ ਨੇ ਹੋਰ ਅਨੇਕਾਂ ਸਵਾਲ ਪੁੱਛੇ ਜਿਵੇਂ ਕਈ ਸਿੱਖਾਂ ਦਾ ਝੂਠੇ ਪੁਲਿਸ ਮੁਕਾਬਲਿਆਂ ਦੌਰਾਨ ਕਤਲ, ਮੰਹਿਤੇ ਵਿਖੇ 18 ਨਿਹੱਥੇ ਸਿੱਖਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਅਤੇ ਕੇਂਦਰ ਸਰਕਾਰ ਵਿੱਚ ਸਿੱਖ ਮੰਤਰੀ ਹੁੰਦਿਆਂ ਹੋਇਆ ਵੀ ਜ਼ੁਬਾਨ ਤੱਕ ਨਾ ਖੋਲ੍ਹਣੀ, ਇਹ ਵੀ ਕੋਈ ਸਿੱਖੀ ਹੈ? ਮੋਰਚੇ ਬਾਰੇ ਹੋਰ ਕੀ ਜਾਨਣਾ ਚਾਹੁੰਦੇ ਹੋ? ਜਦੋਂ ਸ਼ਾਂਤਮਈ ਮੋਰਚੇ ਦੌਰਾਨ ਕੇਂਦਰ ਸਰਕਾਰ ਵੱਲੋਂ ਹੋ ਰਹੇ ਜ਼ੁਲਮਾਂ ਨੂੰ ਮੂਕ ਦਰਸ਼ਕ ਬਣ ਕੇ ਵੇਖ ਰਹੇ ਹੋ ਕੀ ਤੁਹਾਡੇ ਤੋਂ ਸਮੁੱਚੀ ਸਿੱਖ ਸਮੱਸਿਆ ਹੱਲ ਕਰਨ ਦੀ ਆਸ ਰੱਖੀ ਜਾਵੇ? ਇਨ੍ਹਾਂ ਸਾਰੀਆਂ ਗੱਲਾਂ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ ਅਤੇ ਉਹ ਅਜਿਹੀ ਅੱਧੋਗਤੀ ਵਿੱਚ ਘਿਰਿਆ, ਸੰਤਾਂ ਨੂੰ ਫਤਿਹ ਬੁਲਾ ਕੇ ਵਾਪਸ ਚਲਾ ਗਿਆ।

੭. ਸ. ਸੁਰਿੰਦਰਜੀਤ ਸਿੰਘ ਬੈਂਸ (ਵੈਨਕੂਵਰ) : ਵਿਦੇਸ਼ੀ ਵੱਸਦੇ ਸਿੱਖਾਂ ਵੱਲੋਂ ਧਰਮਯੁੱਧ ਮੋਰਚੇ ਦੀ ਜਾਣਕਾਰੀ ਪ੍ਰਾਪਤ ਕਰਨ ਅਤੇ ਇਥੋਂ ਦੀਆਂ ਚੱਲ ਰਹੀਆਂ ਵਿਚਾਰਾਂ ਨੂੰ ਵਿਦੇਸ਼ ਵੱਸਦੇ ਸਿੱਖਾਂ ਵਿੱਚ ਪ੍ਰਚਾਰਨ ਲਈ ਵਿਸ਼ੇਸ਼ ਤੌਰ 'ਤੇ ਸ. ਬੈਂਸ ਸ੍ਰੀ ਅੰਮ੍ਰਿਤਸਰ ਸਾਹਿਬ ਆਏ। ਉਹ ਹੋਰ ਵੀ ਕਈ ਆਗੂਆਂ ਨੂੰ ਮਿਲੇ। ਉਸ ਨੇ ਸੰਤ ਭਿੰਡਰਾਂਵਾਲਿਆ ਨਾਲ ਵੀ ਵਿਚਾਰ ਚਰਚਾ ਕੀਤੀ। ਉਸ ਨੇ ਬੇਨਤੀ ਕੀਤੀ ਕਿ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਤੁਹਾਡੇ ਵਿਚਾਰ ਜਾਨਣਾ ਚਾਹੁੰਦੇ ਹਨ। ਇਸ ਸਬੰਧੀ ਮੈਂ ਆਪ ਜੀ ਨਾਲ ਵਿਚਾਰ ਕਰਨਾ ਚਾਹੁੰਦਾ ਹਾਂ।

ਬੈਂਸ : ਸੰਤ ਜੀ ਵਿਦੇਸ਼ੀ ਸਿੱਖਾਂ ਲਈ ਕੋਈ ਸੁਨੇਹਾ?

ਸੰਤ : ਵਿਦੇਸ਼ੀ ਸਿੱਖਾਂ ਲਈ ਇਹ ਸੁਨੇਹਾ ਹੈ ਕਿ ਉਹ ਅੰਮ੍ਰਿਤ ਛਕਣ, ਰਹਿਤ ਦੇ ਧਾਰਨੀ ਹੋਣ, ਕੇਸਰੀ ਨਿਸ਼ਾਨ ਸਾਹਿਬ ਹੇਠ ਇਕੱਠੇ ਹੋਣ ਅਤੇ ਪੰਥ ਦੀ ਛਟ ਕੇ ਹਮਾਇਤ ਕਰਨ। ਸਵਾਸ ਸਵਾਸ ਨਾਮ ਜਪਣ, ਨੇਕ ਕਮਾਈ ਕਰਨ। ਆਪਸ ਵਿੱਚ ਏਕਤਾ ਨਾਲ ਰਹਿਣ। ਇੱਕ ਦੂਜੇ ਨਾਲ ਨਾ ਲੜਨ। ਭਾਰਤ ਸਰਕਾਰ ਵੱਲੋਂ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰਿਆਂ ਤੋਂ ਆਪਣੇ ਢੰਗ ਨਾਲ ਵਿਦੇਸ਼ੀ ਵੱਸਦੇ ਸਿੱਖਾਂ ਨੂੰ ਜਾਣੂੰ ਕਰਵਾਉ ਜਿਸ ਬਾਰੇ ਤੁਸੀਂ ਵਿਸਥਾਰ ਸਹਿਤ ਸੁਣ ਹੀ ਲਿਆ ਹੈ।

ਇਹ ਪੰਛੀ ਇਕੱਲਾ ਹੈ, ਇਸਦੇ ਮਗਰ ਸ਼ਿਕਾਰੀ ਬਹੁਤੇ

ਸੰਤ ਭਿੰਡਰਾਂਵਾਲੇ ਧਰਮ ਯੁੱਧ ਮੋਰਚੇ ਦੇ ਦੀਵਾਨਾਂ ਵਿੱਚ ਅਕਸਰ ਹੀ ਇੱਕ ਧਾਰਨਾ ਬਹੁਤ ਹੀ ਗੰਭੀਰਤਾ ਨਾਲ ਪੜ੍ਹਿਆ ਕਰਦੇ ਸਨ

ਇਹ ਪੰਛੀ ਇਕੱਲਾ ਹੈ, ਇਸਦੇ ਮਗਰ ਸ਼ਿਕਾਰੀ ਬਹੁਤੇ

ਦੋ ਵਾਰ ਸੰਗਤਾਂ ਵੀ ਮਗਰ ਬੋਲਦੀਆਂ ਅਤੇ ਇਸ ਤੋਂ ਬਾਅਦ ਗੁਰੂ ਸਾਹਿਬ ਦੀ ਪੰਗਤੀ ਪੜ੍ਹਦੇ:

ਸਰਵਰ ਪੰਖੀ ਹੇਕੜੈ ਫਾਹੀਵਾਲ ਪਚਾਸ॥
ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ॥ (੧੩੯੪)

ਜਦੋਂ ਗੁਰੂ ਨਾਲ ਇਸ ਧਾਰਨਾ ਉਪਰ ਵਿਚਾਰ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਸੰਤਾਂ ਨੂੰ ਬਹੁਤ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਵੱਡੀਆਂ ਮੁਸ਼ਕਿਲਾਂ ਨਾਲ ਟੱਕਰ ਸੀ। ਇਨ੍ਹਾਂ ਹਾਲਾਤਾਂ ਵਿੱਚ ਵੀ ਵਿਰੋਧੀ ਅਤੇ ਆਪਣੇ ਕਰੇ ਜਾਣ ਵਾਲੇ ਕਈ ਤਰ੍ਹਾਂ ਦੇ ਅਜਿਹੇ ਦੁਸ਼ਮਣ ਸਨ ਜੋ ਹਰ ਹਾਲਤ ਵਿੱਚ ਸੰਤਾਂ ਨੂੰ ਜਿਸਮਾਨੀ ਅਤੇ ਸੰਗਤੀ ਨੁਕਸਾਨ ਪਹੁੰਚਾਉਣ ਦੀ ਹਮੇਸ਼ਾ ਤਾਕ ਵਿੱਚ ਰਹਿੰਦੇ ਸਨ। ਸੰਤ ਇਨ੍ਹਾਂ ਹਾਲਾਤਾਂ ਤੋਂ ਡਲੀਭਾਂਡ ਜਾਣੂ ਸਨ, ਸੁਚੇਤ ਵੀ, ਪਰ ਫਿਰ ਵੀ ਬੇਪ੍ਰਵਾਹ ਵੀ ਸਨ।

Scanned with CamScanner

ਜਦੋਂ ਧਰਮ ਯੁੱਧ ਮੋਰਚੇ ਨੂੰ ਲੱਗੇ ਕੁੱਝ ਹੀ ਸਮਾਂ ਹੋਇਆ ਸੀ ਅਤੇ ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਸਮੇਤ ਬਹੁਤ ਸਾਰੇ ਸਿੰਘ ਜੇਲ੍ਹਾਂ ਵਿੱਚੋਂ ਰਿਹਾਅ ਹੋ ਚੁੱਕੇ ਸਨ ਜਿਨ੍ਹਾਂ ਕਾਰਨ ਸੰਤਾਂ ਨੇ ਮੋਰਚਾ ਲਾਇਆ ਸੀ। ਪਰ ਉਨ੍ਹਾਂ ਦੀ ਰਿਹਾਈ ਤੋਂ ਪਹਿਲਾਂ ਸਮੁੱਚੇ ਅਕਾਲੀ ਦਲ ਨੇ ਸੰਤਾਂ ਦੇ ਇਸ ਮੋਰਚੇ ਵਿੱਚ ਸ਼ਮੂਲੀਅਤ ਕਰਕੇ ਇਸ ਨੂੰ ਧਰਮ ਯੁੱਧ ਮੋਰਚੇ ਦਾ ਨਾਂ ਦੇ ਦਿੱਤਾ ਸੀ। ਇਸ ਲਈ ਇਹ ਮੋਰਚਾ ਹੁਣ ਸੰਤਾਂ ਦਾ ਨਾ ਹੋ ਕੇ ਸਮੁੱਚੇ ਸਿੱਖ ਪੰਥ ਦਾ ਬਣ ਚੁੱਕਾ ਸੀ। ਇਸ ਲਈ ਸੰਤਾਂ ਨੇ ਐਲਾਨ ਕਰ ਦਿੱਤਾ ਸੀ ਕਿ ਭਾਵੇਂ ਜਿਨ੍ਹਾਂ ਸਿੰਘਾਂ ਦੀ ਖਾਤਰ ਮੋਰਚਾ ਲਾਇਆ ਸੀ ਉਹ ਹੁਣ ਰਿਹਾਅ ਹੋ ਚੁੱਕੇ ਹਨ ਪਰ ਆਨੰਦਪੁਰ ਦੇ ਮਤੇ ਦੀ ਪ੍ਰਾਪਤੀ ਤੱਕ ਅਸੀਂ ਮੋਰਚੇ ਨਾਲ ਡਟ ਕੇ ਸਹਿਯੋਗ ਦੇਵਾਂਗੇ। ਇਨ੍ਹਾਂ ਹਾਲਾਤਾਂ ਵਿੱਚ ਜਥੇ ਦੇ ਕੁੱਝ ਸਿੰਘਾਂ ਨੇ ਸੰਤਾਂ ਨੂੰ ਸਲਾਹ ਦਿੱਤੀ ਸੀ ਕਿ ਆਪਾਂ ਨੂੰ ਸੀਮਿਤ ਹੱਦ ਤੱਕ ਸ਼ਮੂਲੀਅਤ ਜਾਰੀ ਰੱਖਣੀ ਚਾਹੀਦੀ ਹੈ ਕਿਉਂਕਿ ਇੱਥੇ ਰਹਿੰਦਿਆਂ ਕੁੱਝ ਸਵਾਰਥੀ ਲੋਕ ਈਰਖਾ ਵੱਸ ਬੇਅਤਲਬੀ ਦੁਸ਼ਮਣੀ ਪੈਦਾ ਕਰ ਰਹੇ ਹਨ। ਇਸ ਕਰਕੇ ਜਥੇ ਵਿੱਚ ਗਿਫ਼ਤਾਰੀਆਂ ਦੇਣ ਲਈ ਸੰਗਤ ਨੂੰ ਪੇ੍ਰਦੇ ਰਹੀਏ ਅਤੇ ਜਥੇ ਦੀਆਂ ਜ਼ਿੰਮੇਵਾਰੀਆਂ ਅਨੁਸਾਰ ਵਿਦਿਆਰਥੀਆਂ ਨੂੰ ਵਿੱਦਿਆ ਪੜ੍ਹਾਉਣ ਵੱਲ ਹੀ ਜਿਆਦਾ ਧਿਆਨ ਦੇਈਏ। ਸੰਤਾਂ ਨੇ ਇਨ੍ਹਾਂ ਸਭ ਸਿੰਘਾਂ ਦੀਆਂ ਵਿਚਾਰਾਂ ਨੂੰ ਧਿਆਨ ਨਾਲ ਸੁਣਿਆ ਅਤੇ ਧੀਰਜ ਨਾਲ ਉੱਤਰ ਦਿੱਤਾ ਕਿ ਕਿਸੇ ਤਰ੍ਹਾਂ ਦੀ ਚੁਣੌਤੀ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ। ਅਸੀਂ ਅਕਾਲੀ ਦਲ ਰਾਹੀਂ ਸਿੱਖ ਪੰਥ ਨਾਲ ਰਲ ਕੇ ਮੋਰਚਾ ਚਲਾਉਣ ਦੀ ਅਰਦਾਸ ਕਰ ਚੁੱਕੇ ਹਾਂ ਇਸ ਲਈ ਸਿਰ ਭਾਵੇਂ ਲੱਗ ਜਾਵੇ ਪਰ ਪਿੱਛੇ ਨਹੀਂ ਹੱਟਿਆ ਜਾ ਸਕਦਾ। ਇਸ ਦੇ ਬਾਵਜੂਦ ਜੇ ਕੋਈ ਸਿੰਘ ਮਹਿਤੇ ਰਹਿ ਕੇ ਵਿੱਦਿਆ ਪੜ੍ਹਨੀ ਚਾਹੁੰਦੇ ਹਨ ਤਾਂ ਬੜੀ ਖੁਸ਼ੀ ਨਾਲ ਜਾ ਸਕਦੇ ਹਨ। ਅਖੀਰ ਸਾਰੇ ਸਿੰਘਾਂ ਨੇ ਸੰਤਾਂ ਨਾਲ ਸਹਿਮਤੀ ਪ੍ਰਗਟਾ ਕੇ ਇੱਥੇ ਰਹਿੰਦਿਆਂ ਹੀ ਧਰਮ ਯੁੱਧ ਮੋਰਚੇ ਲਈ ਡਟਣ ਨੂੰ ਪਹਿਲ ਦਿੱਤੀ।

ਦੂਜੇ ਪਾਸੇ ਹਿੰਦ ਸਰਕਾਰ ਅਤੇ ਪੰਜਾਬ ਸਰਕਾਰ ਆਪਣੀਆਂ ਏਜੰਸੀਆਂ ਰਾਹੀਂ ਪਤਾ ਲਗਾਉਂਦੇ ਰਹਿੰਦੇ ਸਨ ਕਿ ਸੰਤ ਕਿਸੇ ਵੇਲੇ ਅੰਮ੍ਰਿਤਸਰ ਤੋਂ ਬਾਹਰ ਜਾਣ ਦਾ ਪ੍ਰੋਗਰਾਮ ਬਣਾਉਣ ਤਾਂ ਜੋ ਇਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲੇ ਰਾਹੀਂ ਖਤਮ ਕਰ ਦਿੱਤਾ ਜਾਵੇ। ਅਜਿਹੀ ਇੱਕ ਘਟਨਾ, ਜਦੋਂ ਕੁੱਝ ਸਿੰਘ ਜੀਪ ਤੇ ਮਹਿਤੇ ਜਾ ਰਹੇ ਸਨ ਤਾਂ ਜੀਪ ਉੱਪਰ ਬੰਬਾਂ ਤੇ ਗੋਲੀਆਂ ਰਾਹੀਂ ਪੁਲਿਸ ਵੱਲੋਂ ਹਮਲਾ ਕਰਨ ਵਾਲੀ ਮਾਨਾਂਵਾਲਾ ਕਾਂਡ ਦੀ ਘਟਨਾ ਅਸੀਂ ਪਹਿਲਾਂ ਹੀ ਲਿਖ ਚੁਕੇ ਹਾਂ।

ਫਿਰ ਇੱਕ ਵਾਰ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਅਜਿਹੇ ਗੁੰਡਿਆਂ ਦਾ ਪ੍ਰਬੰਧ ਕੀਤਾ ਜੋ ਸਿੱਧੇ ਰੂਪ ਵਿੱਚ ਸੰਤਾਂ ਨੂੰ ਗੋਲੀਆਂ ਮਾਰ ਕੇ ਖਤਮ ਕਰ ਦੇਣ। ਇਹ ਲੋਕ ਜਦੋਂ ਗੁਰੂ ਨਾਨਕ ਨਿਵਾਸ 'ਤੇ ਪਹੁੰਚੇ ਤਾਂ ਬਹੁਤ ਸਾਰੀਆਂ ਸੰਗਤਾਂ ਦੇ ਵਿੱਚ ਮਿਲ ਕੇ ਇੱਕ ਹਥਿਆਰਬੰਦ ਵਿਅਕਤੀ ਵੀ ਸੰਗਤ ਵਿੱਚ ਜਾ ਬੈਠਾ। ਅਸਲ ਵਿੱਚ ਇਹ ਉਹੀ ਵਿਅਕਤੀ ਸੀ ਜਿਸ ਨੂੰ ਦਰਬਾਰਾ ਸਿੰਘ ਨੇ ਖੁਜਲਾਬੱਧ ਤਰੀਕੇ ਨਾਲ ਭੇਜਿਆ ਸੀ। ਇਸਦੀ ਬੈਠਣੀ, ਤੱਕਣੀ ਅਤੇ ਇਸ ਦੀਆਂ ਹਰਕਤਾਂ ਸਾਧਾਰਨ ਨਾ ਹੋਣ ਕਾਰਨ ਸੰਤਾਂ ਨੇ ਆਪਣੇ ਸਿੰਘਾਂ ਨੂੰ ਕਿਹਾ ਕਿ ਇਸ ਵਿਅਕਤੀ ਬਾਰੇ ਪਤਾ ਕਰੋ, ਇਹ ਕੌਣ ਹੈ ਅਤੇ ਕਿਵੇਂ ਆਇਆ ਹੈ? ਬੱਸ ਫਿਰ ਕੀ ਸੀ ਸਿੰਘਾਂ ਨੇ ਉਸ ਨੂੰ ਫੜ੍ਹ ਲਿਆ, ਨਾਲ ਦੇ ਕਮਰੇ ਵਿੱਚ ਲੈ ਗਏ, ਉਸ ਦੀ ਤਲਾਸ਼ੀ ਲਈ ਉਸ ਕੋਲੋਂ 35 ਬੋਰ ਦਾ ਰਿਵਾਲਵਰ ਮਿਲਿਆ ਜੋ ਪੂਰੀ ਤਰ੍ਹਾਂ ਗੋਲੀਆਂ ਨਾਲ ਭਰਿਆ ਹੋਇਆ ਸੀ। ਉਸ ਤੋਂ ਰਿਵਾਲਵਰ ਲੈ ਲਿਆ ਗਿਆ ਅਤੇ ਸਖਤੀ ਨਾਲ ਪੁੱਛਗਿੱਛ ਕਰਨ ਦੌਰਾਨ ਉਸ ਨੇ ਦੱਸਿਆ ਕਿ ਮੈਨੂੰ ਪੰਜਾਬ ਦੇ ਮੁੱਖ ਮੰਤਰੀ ਨੇ ਸੰਤਾਂ ਨੂੰ ਮਾਰਨ ਵਾਸਤੇ ਭੇਜਿਆ ਹੈ ਅਤੇ ਇਸ ਦੇ ਇਵਜ਼ ਵਿੱਚ ਭਾਰੀ ਇਨਾਮ ਦੇਣ ਦਾ ਇਕਰਾਰ ਕੀਤਾ ਹੈ। ਜਦੋਂ ਸੰਤਾਂ ਨੂੰ ਇਸ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਸ ਨੂੰ ਸੰਗਤ ਵਿੱਚ ਹੀ ਲੈ ਆਓ। ਫਿਰ ਉਸ ਨੂੰ ਪੁੱਛਿਆ ਕਿ ਸੱਚ-ਸੱਚ ਦਸ ਐਵੇਂ ਕਿਸੇ ਦਾ ਝੂਠਾ ਨਾਮ ਨਾ ਲਈਂ। ਅਸੀਂ ਸਾਰਾ ਪਤਾ ਤਾਂ ਕਰ ਹੀ ਲੈਣਾ ਹੈ ਪਰ ਉਸ ਨੇ ਫਿਰ ਇਹੀ ਗੱਲ ਦੁਹਰਾਈ। ਫਿਰ ਉਸ ਨੂੰ ਪੁੱਛਿਆ ਕਿ ਤੂੰ ਇਥੇ ਆ ਕੇ ਆਪਣਾ ਕੰਮ ਕਿਉਂ ਨਹੀਂ ਕੀਤਾ? ਤਾਂ ਉਸ ਨੇ ਕਿਹਾ ਕਿ ਮੈਂ ਇੱਥੇ ਪਹੁੰਚਦਿਆਂ ਹੀ ਇੰਨਾ ਡਰ ਗਿਆ ਕਿ ਮੇਰੀ ਹਿੰਮਤ ਨਹੀਂ ਪਈ ਕਿ ਮੈਂ ਤੁਹਾਡੇ ਉੱਪਰ ਗੋਲੀ ਚਲਾ ਸਕਾਂ। ਸੰਤਾਂ ਨੇ ਉਸ ਨੂੰ ਮਠਿਆਈ ਦਾ ਡੱਬਾ ਦਿੱਤਾ ਤੇ ਕਿਹਾ ਕਿ ਤੂੰ ਵੀ ਖਾ ਲਈਂ ਅਤੇ ਆਪਣੇ ਨਾਲ ਦਰਬਾਰੇ ਨੂੰ ਵੀ ਦੇ ਦੇਵੀਂ ਅਤੇ ਨਾਲ ਹੀ ਉਸ ਨੂੰ ਕਹਿ ਦੇਵੀਂ ਕਿ ਜਿਹੜਾ ਰਿਵਾਲਵਰ ਮੈਨੂੰ ਦੇ ਕੇ ਭੇਜਿਆ ਸੀ ਉਹ ਉਨ੍ਹਾਂ ਨੇ ਰੱਖ ਲਿਆ ਹੈ। ਜੇ ਉਸ ਵਿੱਚ ਹਿੰਮਤ ਹੈ ਤਾਂ ਆ ਕੇ ਲੈ ਲਵੇ। ਸਭ

Scanned with CamScanner

ਸੰਗਤ ਹੈਰਾਨ ਸੀ ਕਿ ਜੋ ਬੰਦਾ ਸੰਤਾਂ ਨੂੰ ਮਾਰਨ ਵਾਸਤੇ ਆਇਆ ਹੈ, ਪੜਾ ਲੱਗਣ ਦੇ ਬਾਵਜੂਦ ਸੰਤ ਉਸ ਨੂੰ ਮਲਿਆਈ ਦੇ ਰਹੇ ਹਨ। ਜਦੋਂ ਉਹ ਜਾਣ ਲੱਗਾ ਉਸ ਵਕਤ ਵੀ ਸੰਤਾਂ ਨੇ ਸਿੰਘਾਂ ਨੂੰ ਸੰਬੋਧਨ ਹੋ ਕੇ ਕਿਹਾ ਕਿ ਇਸ ਨੂੰ ਕਿਸੇ ਨੇ ਵੀ ਕੁੱਝ ਨਹੀਂ ਕਹਿਣਾ।

ਇਸ ਤੋਂ ਬਾਅਦ ਕੇਂਦਰ ਸਰਕਾਰ ਨੇ ਸਕੀਮ ਬਣਾਈ ਕਿ ਸੰਤਾਂ ਨੂੰ ਅਚਾਨਕ ਗੁਰੂ ਨਾਨਕ ਨਿਵਾਸ ਵਿੱਚੋਂ ਗ੍ਰਿਫਤਾਰ ਕਰ ਲਿਆ ਜਾਵੇ। ਇਸ ਸਬੰਧ ਵਿੱਚ ਬਕਾਇਦਾ ਬਿਆਨ ਦਿੱਤੇ ਗਏ ਕਿ ਗੁਰੂ ਨਾਨਕ ਨਿਵਾਸ, ਸ੍ਰੀ ਹਰਿਮੰਦਰ ਸਾਹਿਬ ਦੇ ਕੰਪਲੈਕਸ ਦਾ ਹਿੱਸਾ ਨਹੀਂ ਹੈ। ਜਿਸਦਾ ਭਾਵ ਸੀ ਕਿ ਜੇਕਰ ਪੁਲਿਸ ਗੁਰੂ ਨਾਨਕ ਨਿਵਾਸ ਵਿੱਚ ਪਹੁੰਚਦੀ ਹੈ ਤਾਂ ਇਸ ਨੂੰ ਇਹ ਨਾ ਸਮਝਿਆ ਜਾਵੇ ਕਿ ਪੁਲਿਸ ਫੋਰਸਾਂ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਪ੍ਰਵੇਸ਼ ਕਰ ਗਈਆਂ ਹਨ। ਇਸ ਬਿਆਨ ਦੀ ਚਰਚਾ ਚੱਲਦੀ ਰਹੀ। ਸੰਤ ਭਿੰਡਰਾਂਵਾਲੇ, ਗੁਰਚਰਨ ਸਿੰਘ ਟੋਹੜਾ ਅਤੇ ਬਾਕੀ ਲੀਡਰਾਂ ਨੇ ਵੀ ਸਰਕਾਰ ਦੇ ਇਸ ਬਿਆਨ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਸਰਾਵਾਂ ਅਤੇ ਗੁਰੂ ਨਾਨਕ ਨਿਵਾਸ, ਤੇਜਾ ਸਿੰਘ ਸਮੁੰਦਰੀ ਹਾਲ ਆਦਿ ਸਭ ਕੰਪਲੈਕਸ ਦਾ ਹੀ ਹਿੱਸਾ ਹੈ। ਪਰ ਸਰਕਾਰ ਦਲੀਲ ਦਿੰਦੀ ਰਹੀ ਕਿ ਇਸ ਦੇ ਵਿਚਕਾਰ ਦੀ ਜਾਣ ਵਾਲੀ ਸੜਕ ਸਰਕਾਰੀ ਤੌਰ 'ਤੇ ਬਣੀ ਹੋਈ ਹੈ ਇਸ ਲਈ ਸੜਕ ਦਾ ਦੂਸਰਾ ਹਿੱਸਾ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਵੱਖ ਹੈ। ਅਜਿਹੇ ਹਾਲਾਤਾਂ ਵਿੱਚ, ਗੁਰੂ ਨਾਨਕ ਨਿਵਾਸ ਦੇ ਪਿਛਲੇ ਪਾਸਿਓਂ ਦਾਖਲ ਹੋ ਕੇ ਸੰਤਾਂ ਨੂੰ ਗ੍ਰਿਫਤਾਰ ਕਰਨ ਦੀ ਸਕੀਮ ਘੜੀ ਗਈ ਸੀ। ਜਿਵੇਂ ਪਹਿਲਾਂ ਵੀ ਦੱਸਿਆ ਹੈ ਕਿ ਸੰਤ ਭਿੰਡਰਾਂਵਾਲੇ ਇਸ ਤੋਂ ਪਹਿਲਾਂ ਹੀ ਗੁਰੂ ਨਾਨਕ ਨਿਵਾਸ ਛੱਡ ਕੇ ਸ੍ਰੀ ਅਕਾਲ ਤਖਤ ਸਾਹਿਬ ਨੇੜੇ ਚਲੇ ਗਏ ਸਨ।

ਪਰ ਗੱਲ ਇਥੇ ਹੀ ਨਹੀਂ ਮੁੱਕੀ ਬਲਕਿ ਅਕਾਲੀ ਦਲ ਦੇ ਆਗੂਆਂ ਵੱਲੋਂ ਕਈ ਤਰ੍ਹਾਂ ਦੇ ਬੇਬੁਨਿਆਦ ਇਲਜ਼ਾਮ ਸੰਤਾਂ 'ਤੇ ਲਾਏ ਗਏ ਕਿ ਇਹ ਕਾਂਗਰਸ ਨਾਲ ਮਿਲੇ ਹੋਏ ਹਨ, ਧਰਮ ਯੁੱਧ ਮੋਰਚੇ ਨੂੰ ਫੇਲ੍ਹ ਕਰਨਾ ਚਾਹੁੰਦੇ ਹਨ, ਸ਼ਹੀਦਾਂ ਦੇ ਨਾਮ 'ਤੇ ਮਾਇਆ ਇਕੱਠੀ ਕਰ ਰਹੇ ਹਨ ਅਤੇ ਅਕਾਲੀ ਦਲ ਵਿੱਚ ਦਫਾੜ ਪੈਦਾ ਕਰ ਰਹੇ ਹਨ ਆਦਿ। ਸੰਤਾਂ ਨੇ ਇਨ੍ਹਾਂ ਇਲਜ਼ਾਮਾਂ ਦਾ ਦਲੀਲਾਂ ਸਹਿਤ ਜੋਰਦਾਰ ਖੰਡਨ ਕੀਤਾ ਅਤੇ ਸੰਗਤਾਂ ਨੂੰ ਧਰਮ ਯੁੱਧ ਮੋਰਚੇ ਦੀ ਕਾਮਯਾਬੀ ਲਈ ਪ੍ਰੇਰਿਆ।

ਇਸੇ ਤਰ੍ਹਾਂ ਦਰਬਾਰਾ ਸਿੰਘ ਨੇ ਬਿਆਨ ਦਿੱਤਾ ਕਿ ਸੰਤ ਭਿੰਡਰਾਂਵਾਲਿਆਂ ਨੂੰ ਅੰਮ੍ਰਿਤਸਰ ਤੋਂ ਬਾਹਰ ਘੁੰਮ ਕੇ ਕਥਾ ਕਰਨੀ ਚਾਹੀਦੀ ਹੈ। ਇਸ ਬਿਆਨ ਰਾਹੀਂ ਉਹ ਕੇਂਦਰ ਸਰਕਾਰ ਅਤੇ ਆਮ ਪਬਲਿਕ ਨੂੰ ਜਿਤਾਉਣਾ ਚਾਹੁੰਦਾ ਸੀ ਕਿ ਜੇਕਰ ਸੰਤ ਭਿੰਡਰਾਂਵਾਲੇ ਕੰਪਲੈਕਸ ਤੋਂ ਬਾਹਰ ਆਉਣ ਤਾਂ ਉਨ੍ਹਾਂ ਨੂੰ ਮੋਗੀ ਸਰਕਾਰ ਗ੍ਰਿਫਤਾਰ ਕਰ ਸਕਦੀ ਹੈ। ਸੰਤ ਵੀ ਇਸ ਦੀ ਚਾਲ ਨੂੰ ਭਲੀ ਪ੍ਰਕਾਰ ਜਾਣਦੇ ਸਨ। ਉਨ੍ਹਾਂ ਨੇ ਇਸ ਸਬੰਧ ਵਿੱਚ ਬਿਆਨ ਦਿੱਤਾ ਕਿ ਕਥਾ ਪ੍ਰਚਾਰ ਕਿੱਥੇ ਕਰਨਾ ਹੈ? ਇਹ ਜਥਾ ਸੰਗਤ ਅਤੇ ਪੰਥ ਦੀ ਮਰਜ਼ੀ ਹੈ, ਦਰਬਾਰਾ ਸਿੰਘ ਦੀ ਸਲਾਹ ਦੀ ਲੋੜ ਨਹੀਂ। ਹਾਂ ਜੇ ਉਸ ਵਿੱਚ ਮੈਨੂੰ ਗ੍ਰਿਫਤਾਰ ਕਰਨ ਦੀ ਹਿੰਮਤ ਹੈ ਤਾਂ ਮੈਂ ਉਸ ਨੂੰ ਚੈਲੰਜ ਕਰਦਾ ਹਾਂ ਕਿ ਮੇਰੇ ਨਾਲ ਸਮਾਂ ਨਿਯਤ ਕਰੋ ਉਸੇ ਸਮੇਂ ਮੈਂ ਇਥੋਂ ਮੰਜੀ ਸਾਹਿਬ ਦੀਵਾਨ ਹਾਲ ਤੋਂ ਬੋਲ ਕੇ ਜਾਵਾਂਗਾ ਅਤੇ ਦਿੱਲੀ ਵਿਖੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਵੀ ਹਾਜ਼ਰੀ ਭਰਾਂਗਾ, ਉਥੇ ਵੀ ਦੀਵਾਨ ਹਾਲ ਵਿੱਚ ਬੋਲਾਂਗਾ ਅਤੇ ਫਿਰ ਵਾਪਸ ਸ੍ਰੀ ਅੰਮ੍ਰਿਤਸਰ ਸਾਹਿਬ ਆਵਾਂਗਾ। ਰਸਤੇ ਵਿੱਚ ਜਾਂਦਿਆਂ ਜਾਂ ਆਉਂਦਿਆਂ ਦਰਬਾਰਾ ਸਿੰਘ ਮੈਨੂੰ ਗ੍ਰਿਫਤਾਰ ਕਰ ਲਵੇ ਤਾਂ ਉਸ ਦੀ ਹਿੰਮਤ ਹੈ। ਜੇਕਰ ਨਾ ਕਰ ਸਕੇ ਤਾਂ ਉਹ ਬੀਬੀ ਇੰਦਰਾ ਗਾਂਧੀ ਤੋਂ ਲਿਖਵਾ ਕੇ ਲੈ ਕੇ ਆਵੇ ਕਿ ਉਹ ਧਰਮ ਯੁੱਧ ਮੋਰਚੇ ਦੀਆਂ ਸਾਰੀਆਂ ਮੰਗਾਂ ਮੰਨਦੇ ਹਨ। ਜਦੋਂ ਸੰਤਾਂ ਵੱਲੋਂ ਅਜਿਹਾ ਬਿਆਨ ਅਖਬਾਰਾਂ ਵਿੱਚ ਛਪਿਆ ਤਾਂ ਬਹੁਤ ਸਾਰੇ ਪੱਤਰਕਾਰਾਂ ਅਤੇ ਰਾਜਨੀਤਿਕ ਆਗੂਆਂ ਨੇ ਇਸ ਬਾਰੇ ਪ੍ਰਤੀਕ੍ਰਿਆ ਕਰਨ ਲਈ ਕਿਹਾ ਤਾਂ ਦਰਬਾਰਾ ਸਿੰਘ ਨੇ ਇਸ ਸਬੰਧ ਵਿੱਚ ਕੋਈ ਪ੍ਰਤੀਕ੍ਰਿਆ ਨਹੀਂ ਕੀਤੀ। ਬਲਕਿ ਇਹੀ ਸੋਚਦਾ ਰਿਹਾ ਕਿ ਜੇਕਰ ਮੈਂ ਉਨ੍ਹਾਂ ਨੂੰ ਗ੍ਰਿਫਤਾਰ ਨਾ ਕਰ ਸਕਿਆ ਤਾਂ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਪੂਰੀਆਂ ਕੌਣ ਕਰੇਗਾ।

ਇਨ੍ਹਾਂ ਹੀ ਦਿਨਾਂ ਵਿੱਚ ਭਾਰਤ ਦੇ ਗ੍ਰਹਿ ਮੰਤਰੀ ਪ੍ਰਕਾਸ਼ ਚੰਦ ਸੇਠੀ ਨੇ ਪਾਰਲੀਮੈਂਟ ਵਿੱਚ ਇੱਕ ਬਿਆਨ ਦਿੱਤਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਗਤੀਵਿਧੀਆਂ ਉਪਰ ਕੇਂਦਰ ਸਰਕਾਰ ਦੀ ਤਿੱਖੀ ਨਜ਼ਰ ਹੈ, ਅਸੀਂ ਜਦੋਂ ਚਾਹੀਏ ਸੰਤ ਭਿੰਡਰਾਂਵਾਲਿਆਂ ਨੂੰ 7 ਦਿਨਾਂ ਦੇ ਅੰਦਰ-ਅੰਦਰ ਗ੍ਰਿਫਤਾਰ ਤੋਂ ਫੜ੍ਹ, ਕੰਪਲੈਕਸ ਦੇ ਅੰਦਰੋਂ ਹੀ ਕੇ ਬਾਹਰ ਲਿਆ ਸਕਦੇ ਹਾਂ ਉਸ ਦਾ ਬਿਆਨ ਅਖਬਾਰਾਂ ਵਿੱਚ ਇਸੇ ਤਰ੍ਹਾਂ ਹੀ ਛਪ ਗਿਆ। ਸੰਤਾਂ ਨੇ ਇਸ ਦੇ ਜਵਾਬ ਵਿੱਚ

Scanned with CamScanner

ਕਿਹਾ ਕਿ ਭਾਰਤ ਦੀ ਪਾਰਲੀਮੈਂਟ ਵਿੱਚ ਭਾਰਤ ਦੇ ਗ੍ਰਹਿ ਮੰਤਰੀ ਨੂੰ ਕਿਸੇ ਵਿਅਕਤੀ ਬਾਰੇ ਅਜਿਹੀ ਧਮਕੀ ਦੇਣੀ ਕੀ ਕਾਨੂੰਨੀ ਤੌਰ 'ਤੇ ਜਾਇਜ਼ ਹੈ? ਕੀ ਉਸ ਉਪਰ ਮੁਕੱਦਮਾ ਦਾਇਰ ਨਹੀਂ ਹੋਣਾ ਚਾਹੀਦਾ? ਕੀ ਕੇਂਦਰ ਸਰਕਾਰ ਵੱਲੋਂ ਸਾਨੂੰ ਸਿੱਧੀ ਧਮਕੀ ਨਹੀਂ? ਪਰ ਇਸਦੇ ਬਾਵਜੂਦ ਮੈਂ ਸੋਨੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਦੇ ਪੁੱਤ ਨਾ ਮਰਵਾਈ, ਤੂੰ ਆਪ ਆਈਂ ਅਤੇ ਆਈਂ ਵੀ ਤਕੜਾ ਹੋ ਕੇ, ਤੈਨੂੰ ਦੱਸਾਂਗੇ ਕਿ ਸਿੱਖਾਂ ਦੇ ਗਲਾਮੇ ਵਿੱਚ ਹੱਥ ਕਿਸ ਤਰ੍ਹਾਂ ਪਾਈਦਾ ਹੈ ਅਤੇ ਕਿਵੇਂ ਤੂਸੀਂ ਸਾਨੂੰ ਮੁਹ ਕੱਢ ਕੇ ਸਾਡੇ ਹੀ ਧਾਰਮਿਕ ਸਥਾਨ ਤੋਂ ਬਾਹਰ ਕੱਢ ਦੇਵੋਗੇ। ਇਸ ਲਈ ਤੈਨੂੰ ਸਾਡਾ ਸਿੱਧਾ ਚੈਲੰਜ ਹੈ ਕਿ ਜਦੋਂ ਮਰਜ਼ੀ ਅਜਿਹਾ ਕਰ ਕੇ ਵੇਖ ਲਈ। ਸੰਤਾਂ ਦਾ ਬਿਆਨ ਅਖ਼ਬਾਰ ਵਿੱਚ ਛਪਣ ਤੋਂ ਬਾਅਦ ਸੋਨੀ ਨੇ ਕਿਹਾ ਕਿ ਮੈਂ ਇਸ ਤਰ੍ਹਾਂ ਨਹੀਂ ਕਿਹਾ ਸੀ ਮੈਂ ਤਾਂ ਸਿਰਫ ਇਨਾ ਹੀ ਕਿਹਾ ਸੀ ਕਿ ਅਸੀਂ ਉਸ ਨੂੰ ਕੰਪਲੈਕਸ ਵਿੱਚੋਂ ਬਾਹਰ ਕੱਢ ਸਕਦੇ ਹਾਂ ਆਦਿ। ਪਰ ਇਸ ਦੇ ਬਿਆਨ ਤੋਂ ਕੁੱਝ ਦਿਨ ਬਾਅਦ ਹੀ ਹਰਿਆਣੇ ਦੀ ਭਜਨ ਲਾਲ ਸਰਕਾਰ ਨੇ ਦਰਜਨਾਂ ਗੁਰਦੁਆਰੇ ਸਾਜ਼ੇ, ਬੇਰੋਜਾਮ ਗੁੰਡਾਗਰਦੀ ਕੀਤੀ ਅਤੇ 12 ਸਿੱਖ ਵੀ ਮੌਤ ਦੇ ਘਾਟ ਉਤਾਰ ਦਿੱਤੇ ਗਏ, ਬੀਬੀਆਂ ਦੀ ਬੇਪਤੀ ਕੀਤੀ ਗਈ ਜਿਸ ਤੋਂ ਸਾਬਤ ਹੁੰਦਾ ਸੀ ਕਿ ਭਾਰਤ ਦਾ ਗ੍ਰਹਿ ਮੰਤਰੀ ਇੱਕ ਸੋਚੀ ਸਮਝੀ ਘਿਨਾਉਣੀ ਖੇਡ ਸਿੱਖਾ ਖਿਲਾਫ ਖੇਡ ਰਿਹਾ ਹੈ।

ਇਸ ਤਰ੍ਹਾਂ ਦੀਆਂ ਨਿੱਤ ਦਿਹਾੜੇ ਦੀਆਂ ਘਟਨਾਵਾਂ ਵਾਪਰ ਰਹੀਆਂ ਸਨ, ਰਾਜਸਥਾਨੀ ਨਹਿਰਾਂ ਵਿੱਚ ਸਿੱਖਾ ਦੀਆਂ ਲਾਸ਼ਾਂ ਜਾ ਰਹੀਆਂ ਸਨ, ਕੇਂਦਰ ਵੱਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ ਕਿ ਜੇਕਰ ਸਿੱਖਾ ਨੇ ਧਰਮ ਯੁੱਧ ਮੋਰਚਾ ਨਾ ਤਿਆਗਿਆ ਤਾਂ ਪੰਜਾਬ ਤੋਂ ਬਾਹਰ ਵੱਸਦੇ ਸਿੱਖਾ ਬਾਰੇ ਸੋਚ ਲੈਣ ਕਿ ਉਨ੍ਹਾਂ ਦਾ ਕੀ ਬਣੇਗਾ? ਇਸ ਸਬੰਧ ਵਿੱਚ ਵੀ ਸੰਤਾਂ ਨੇ ਮਜਬੂਰੀ ਵੱਸ ਹਾਲਾਤਾਂ ਮੁਤਾਬਿਕ ਢੁੱਕਵੇਂ ਪ੍ਰਤੀਕਰਮ ਦਿੱਤੇ ਕਿ ਜੇਕਰ ਪੰਜਾਬ ਵਿੱਚੋਂ ਬਾਹਰ ਵੱਸਦੇ ਸਿੱਖਾਂ ਦਾ ਕੋਈ ਵੀ ਨੁਕਸਾਨ ਹੁੰਦਿਆ ਤਾਂ ਪੰਜਾਬ ਵਿੱਚ ਵਸਦੇ ਹਿੰਦੂਆਂ ਨੂੰ ਆਪਣਾ ਪ੍ਰਬੰਧ ਕਰ ਲੈਣਾ ਚਾਹੀਦਾ ਹੈ ਆਦਿ।

ਅਖੀਰ ਅਕਾਲੀਆਂ ਵੱਲੋਂ ਅਜਿਹੀ ਘਿਨਾਉਣੀ ਚਾਲ ਚੱਲੀ ਗਈ ਕਿ ਸੰਤ ਜੀ ਦੁਖੀ ਅਤੇ ਗੁੱਸੇ ਤਹਿਤ ਧਰਮ ਯੁੱਧ ਮੋਰਚਾ ਛੱਡ ਕੇ ਚਲੇ ਜਾਣ ਅਤੇ ਉਨ੍ਹਾਂ ਨੂੰ ਕੇਂਦਰ ਨਾਲ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਪ੍ਰਤੀ ਸੌਦੇਬਾਜ਼ੀ ਕਰਨੀ ਸੌਖੀ ਹੋ ਜਾਵੇ ਕਿਉਂਕਿ ਸੰਤ ਹਮੇਸ਼ਾ ਹੀ ਕਹਿੰਦੇ ਸਨ ਕਿ ਧਰਮ ਯੁੱਧ ਮੋਰਚੇ ਦੀਆਂ ਪੂਰੀਆਂ ਮੰਗਾਂ ਮੰਨੇ ਜਾਣ ਤੱਕ ਮੋਰਚਾ ਜਾਰੀ ਰਹੇਗਾ। ਇਸ ਕਾਰਨ ਅਕਾਲੀ ਦਲ ਦੇ ਸਕੱਤਰ ਅਤੇ ਹੋਰ ਆਗੂਆਂ ਨੇ ਮਿਲ ਕੇ ਭਾੜੇ ਦੇ ਗੁੰਡੇ ਲਿਆ ਕੇ ਸੰਤਾਂ ਦੇ ਅਤਿ ਨਜਦੀਕੀ ਭਾਈ ਸੁਰਿਦਰ ਸਿੰਘ ਸੋਢੀ ਦਾ ਕਤਲ ਕਰਵਾ ਦਿੱਤਾ (ਜਿਸਦਾ ਵਿਸਥਾਰਪੂਰਵਕ ਜ਼ਿਕਰ ਪਿੱਛੇ ਕਰ ਆਏ ਹਾਂ)। ਪਰ ਇਨ੍ਹਾਂ ਹਾਲਾਤਾਂ ਵਿੱਚ ਵੀ ਸੰਤਾਂ ਨੇ ਅਕਾਲੀ ਆਗੂਆਂ, ਸਿੰਘ ਸਾਹਿਬਾਨਾਂ, ਜਥੇ ਦੇ ਸਿੰਘਾਂ ਅਤੇ ਸਮੁੱਚੇ ਖ਼ਾਲਸਾ ਪੰਥ ਨੂੰ ਸੁਚੇਤ ਕਰਦਿਆਂ ਕਿਹਾ ਕਿ ਅਸੀਂ ਸਿੱਖਾਂ ਦੀ ਆਜ਼ਾਦੀ ਦੀ ਲੜਾਈ ਲੜ ਰਹੇ ਹਾਂ ਜੇਕਰ ਗਲੋਂ ਗੁਲਾਮੀ ਲਾਹੁਣੀ ਹੈ ਤਾਂ ਫਿਰ ਆਪਸ ਵਿੱਚ ਪੰਗਾਂ ਨਾ ਲਾਹੋ, ਦ੍ਰਿੜ੍ਹਤਾ ਨਾਲ ਧਰਮ ਯੁੱਧ ਮੋਰਚੇ ਦੀ ਕਾਮਯਾਬੀ ਵੱਲ ਅਗਰਸ਼ੀਲ ਹੋਵੋ।

ਸਮੇਂ ਦੇ ਅਨੁਸਾਰ ਭਾਰਤ ਸਰਕਾਰ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਕੀਤੀ ਜਾ ਰਹੀ ਘੇਰਾਬੰਦੀ ਬਾਰੇ ਵੀ ਸੰਤਾਂ ਨੂੰ ਨਿਰੰਤਰ ਜਾਣਕਾਰੀ ਮਿਲ ਰਹੀ ਸੀ ਕਿ ਪੰਜਾਬ ਅੰਦਰ ਭਾਰਤੀ ਫੌਜ ਦੇ ਹਵਾਈ ਅੱਡਿਆਂ 'ਤੇ ਵੱਖ-ਵੱਖ ਯੂਨਿਟਾਂ ਦੀਆਂ ਫੌਜਾਂ ਦੇ ਜਮਘਟੇ ਕੀਤੇ ਜਾ ਰਹੇ ਸਨ। ਬਹੁਤ ਸਾਰੇ ਫੌਜ ਵਿੱਚ ਨੌਕਰੀ ਕਰਨ ਵਾਲੇ ਅਫਸਰ ਜਾਂ ਸਿਪਾਹੀ ਅਜੇ ਪੰਜਾਬ ਦੇ ਸਿਵਲ ਅਧਿਕਾਰੀ ਅਤੇ ਸੁਹਿਰਦ ਅਫਸਰਸ਼ਾਹੀ ਇਸ ਸਮੁੱਚੀ ਹਿਲਜੁਲ ਬਾਰੇ ਸੰਤਾਂ ਨੂੰ ਨਿਰੰਤਰ ਜਾਣਕਾਰੀ ਦੇ ਰਹੇ ਸਨ। ਉੱਧਰ ਸੰਤ ਪਹਿਲਾਂ ਹੀ ਇਨ੍ਹਾਂ ਹਾਲਾਤਾਂ ਦਾ ਮੁਕਾਬਲਾ ਕਰਨ ਲਈ ਦ੍ਰਿੜ੍ਹਤਾ ਪੂਰਵਕ ਤਿਆਰ ਸਨ ਅਤੇ ਸੰਗਤਾਂ ਨੂੰ ਇਸ ਲਈ ਤਿਆਰ ਰਹਿਣ ਵਾਸਤੇ ਸੰਦੇਸ਼ ਦੇ ਰਹੇ ਸਨ। ਇਨ੍ਹਾਂ ਸਮੁੱਚੀਆਂ ਚੁਣੌਤੀਆਂ ਦਾ ਮੁਕਾਬਲਾ ਕਰਦਿਆਂ ਹੋਇਆਂ ਸੰਤ ਕੇਵਲ ਕਲਗੀਧਰ ਪਾਤਿਸ਼ਾਹ ਦਾ ਆਸਰਾ ਤਕਾਉਂਦਿਆਂ ਹੋਇਆਂ ਬੁਲੰਦ ਆਵਾਜ਼ ਵਿੱਚ ਸੰਗਤਾਂ ਵਿੱਚ ਧਾਰਨਾ ਪੜ੍ਹਦੇ ਸਨ:

''ਸਾਡਾ ਤਾਂ ਨਿਮਾਣਿਆਂ ਦਾ ਤੂੰ ਹੀ ਹੈਂ, ਹੋਰ ਕੋਈ ਆਸਰਾ ਨਹੀਂ''

ਅਤੇ ਸੰਗਤਾਂ ਵੀ ਸੰਤਾਂ ਦੇ ਪਿੱਛੇ ਇਹ ਧਾਰਨਾ ਪੜ੍ਹਦੀਆਂ ਅਤੇ ਸੰਤ ਗੁਰਬਾਣੀ ਦੀ ਇਸ ਪੰਗਤੀ ਨਾਲ ਇਸ ਦੀ ਸਮਾਪਤੀ ਕਰਦੇ

Scanned with CamScanner

ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ॥ (੧੩੮੭)

ਵੇਖਣ ਅਤੇ ਸੁਨਣ ਨੂੰ ਇਹ ਧਾਰਨਾ ਸਾਧਾਰਨ ਹੀ ਲੱਗਦੀਆਂ ਸਨ ਪਰ ਜੇਕਰ ਕੋਈ ਸੰਤਾਂ ਦੇ ਅੰਤਰ ਆਤਮਾ 'ਤੇ ਝਾਤੀ ਮਾਰ ਕੇ ਦੇਖਣ ਦਾ ਯਤਨ ਕਰੇ ਤਾਂ ਉਪਰ ਲਿਖੀਆਂ ਤੋਂ ਇਲਾਵਾ ਹੋਰ ਕਈ ਅਜਿਹੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਦ੍ਰਿੜ੍ਹ ਸੰਕਲਪ ਕਲਗੀਧਰ ਦਸਮੇਸ਼ ਪਿਤਾ ਦਾ ਸਿੰਘ ਕੇਵਲ ਉਸੇ ਦੇ ਆਸਰੇ ਹੀ ਆਪਾ ਵਾਰਨ ਦੀ ਭਾਵਨਾ ਨਾਲ ਇਨ੍ਹਾਂ ਸਮੁੱਚੀਆਂ ਚੁਣੌਤੀਆਂ ਨੂੰ ਲਲਕਾਰ ਰਿਹਾ ਸੀ।

ਸਿੱਖ ਫੌਜੀ ਅਫਸਰ ਅਕਸਰ ਹੀ ਸੰਤਾਂ ਨਾਲ ਮੀਟਿੰਗਾਂ ਕਰਦੇ ਰਹਿੰਦੇ ਸਨ

ਸਾਬਕਾ ਸਿੱਖ ਫੌਜੀਆਂ ਦੀ ਕਨਵੈਨਸ਼ਨ ਸਮੇਂ ਫੌਜ ਦੇ ਰਹਿ ਚੁੱਕੇ ਜਰਨੈਲ ਅਤੇ ਹੋਰ ਵੱਡੇ ਅਫਸਰ ਜੋ ਇਸ ਕਨਵੈਨਸ਼ਨ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਸਨ ਉਹ ਸੰਤ ਭਿੰਡਰਾਂਵਾਲਿਆਂ ਦੇ ਦਲੀਲ ਭਰਪੂਰ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ ਸਨ। ਇਸ ਤੋਂ ਬਾਅਦ ਸਮੇਂ-ਸਮੇਂ ਸਿੱਖ ਫੌਜੀ ਅਫਸਰ ਦੋ-ਦੋ, ਚਾਰ-ਚਾਰ ਸਿਵਲ ਵਰਦੀ ਵਿੱਚ ਆ ਕੇ ਸੰਤਾਂ ਨਾਲ ਮੀਟਿੰਗ ਕਰਦੇ ਰਹਿੰਦੇ ਸਨ। ਉਹ ਪਹਿਲਾਂ ਭਾਈ ਅਮਰੀਕ ਸਿੰਘ ਨਾਲ ਗੱਲਬਾਤ ਕਰਦੇ ਅਤੇ ਫਿਰ ਭਾਈ ਅਮਰੀਕ ਸਿੰਘ ਦੇ ਕਮਰੇ ਵਿੱਚ ਹੀ ਸੰਤਾਂ ਨਾਲ ਵੀ ਵਿਚਾਰਾਂ ਕਰਦੇ।

ਇਸੇ ਤਰ੍ਹਾਂ ਹਰਿਆਣੇ ਦਾ ਚੰਡੀਗੜ੍ਹ ਵਿਖੇ ਰਹਿਣ ਵਾਲਾ ਰਿਟਾਇਰਡ ਬ੍ਰਿਗੇਡੀਅਰ ਸ. ਜੋਗਿੰਦਰ ਸਿੰਘ ਢਿੱਲੋਂ ਚਾਰ ਹੋਰ ਫੌਜੀ ਅਫਸਰਾਂ ਨਾਲ ਸੰਤਾਂ ਨੂੰ ਮਿਲਣ ਲਈ ਆਇਆ ਉਸ ਵੇਲੇ ਸੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉੱਪਰਲੀ ਮੰਜ਼ਿਲ 'ਤੇ ਬੈਠੇ ਸਨ ਅਤੇ ਹੋਰ ਵੀ ਸੰਗਤਾਂ ਦੀ ਆਵਾਜਾਈ ਉਨ੍ਹਾਂ ਕੋਲ ਸੀ। ਇਸੇ ਦੌਰਾਨ ਕੈਨੇਡਾ ਨਿਵਾਸੀ ਕੁੱਝ ਸੰਗਤਾਂ ਆਈਆਂ ਤਾਂ ਉਨ੍ਹਾਂ ਨੇ ਕੁੱਝ ਮਾਇਆ ਸੰਤਾਂ ਨੂੰ ਦੇਣੀ ਚਾਹੀ ਤਾਂ ਸੰਤਾਂ ਨੇ ਪੁੱਛਿਆ ਇਹ ਮਾਇਆ ਕਿਸ ਲਈ ਹੈ, ਜੇਕਰ ਧਰਮ ਯੁੱਧ ਮੋਰਚੇ ਲਈ ਹੈ ਤਾਂ ਇਹ ਮਾਇਆ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ ਦੇ ਆਉ ਕਿਉਂਕਿ ਧਰਮ ਯੁੱਧ ਮੋਰਚੇ ਦੇ ਮੁੱਖ ਸੰਚਾਲਕ ਉਹ ਹਨ। ਜੇਕਰ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਕਰਵਾਉਣੀ ਹੈ ਤਾਂ ਉਥੇ ਅਰਦਾਸੀਏ ਸਿੰਘ ਕੋਲ ਜਮ੍ਹਾਂ ਕਰਵਾ ਦਿਉ। ਤਾਂ ਉਨ੍ਹਾਂ ਸਿੰਘਾਂ ਨੇ ਬੇਨਤੀ ਕੀਤੀ ਕਿ ਇਹ ਮਾਇਆ ਟਕਸਾਲ ਦੇ ਵਿਦਿਆਰਥੀਆਂ ਲਈ ਹੈ ਕਿਉਂਕਿ ਆਪ ਜੀ ਲੰਮੇ ਸਮੇਂ ਤੋਂ ਧਰਮ ਯੁੱਧ ਮੋਰਚੇ ਕਾਰਨ ਇੱਥੇ ਰਹਿ ਰਹੇ ਹੋ ਅਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸੈਂਕੜੇ ਸਿੰਘ ਵਿੱਦਿਆ ਪ੍ਰਾਪਤ ਕਰ ਰਹੇ ਹਨ, ਉਥੋਂ ਦੇ ਪ੍ਰਬੰਧ ਲਈ ਹੈ। ਸੰਤਾਂ ਨੇ ਭਾਈ ਰਸ਼ਪਾਲ ਸਿੰਘ ਪੀ.ਏ. ਨੂੰ ਇਹ ਮਾਇਆ ਦੇ ਚਿੱਠੀ ਅਤੇ ਕਿਹਾ ਕਿ ਸੰਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਕੋਲ ਪਹੁੰਚਾ ਦੇਣ। ਇਹ ਸਭ ਕੁੱਝ ਬ੍ਰਿਗੇਡੀਅਰ ਸ. ਜੋਗਿੰਦਰ ਸਿੰਘ ਨੇ ਸੁਣਿਆ ਅਤੇ ਮਨ ਹੀ ਮਨ ਵਿੱਚ ਬਹੁਤ ਪ੍ਰਭਾਵਿਤ ਹੋਇਆ ਕਿ ਸੰਤ ਜੀ ਬਹੁਤ ਹੀ ਸਪੱਸ਼ਟ ਰੂਪ ਵਿੱਚ ਕਾਰਜਸ਼ੀਲ ਹਨ। ਇਸ ਦੇ ਬਾਵਜੂਦ ਕੁਝ ਸਿਆਸੀ ਲੋਕ ਸੰਤਾਂ ਨੂੰ ਬਦਨਾਮ ਕਰਨ ਲਈ ਐਵੇਂ ਹੀ ਅਜਿਹੇ ਬੇਤੁਕੇ ਦੋਸ਼ ਲਗਾਉਂਦੇ ਹਨ ਕਿ ਉਹ ਮਾਇਆ ਇਕੱਠੀ ਕਰਦੇ ਹਨ।

ਕੁੱਝ ਸਮਾਂ ਬੈਠਣ ਤੋਂ ਬਾਅਦ ਬ੍ਰਿਗੇਡੀਅਰ ਸਾਹਿਬ ਨੇ ਕਿਹਾ ਕਿ ਅਸੀਂ ਆਪ ਜੀ ਨੂੰ ਕੁੱਝ ਬੇਨਤੀਆਂ ਕਰਨੀਆਂ ਹਨ ਤਾਂ ਸੰਤਾਂ ਨੇ ਬਾਕੀ ਸੰਗਤਾਂ ਨੂੰ ਥੱਲੇ ਜਾਣ ਲਈ ਕਹਿ ਦਿੱਤਾ ਅਤੇ ਇਨ੍ਹਾਂ ਨੇ ਲਗਭਗ ਇੱਕ ਘੰਟਾ ਸੰਤਾਂ ਨਾਲ ਖੁੱਲ੍ਹੀਆਂ ਵਿਚਾਰਾਂ ਕੀਤੀਆਂ। ਇਸ ਤਰ੍ਹਾਂ ਸਮੇਂ-ਸਮੇਂ ਹੋਰ ਵੀ ਫੌਜੀ ਅਫਸਰ ਆਉਂਦੇ ਅਤੇ ਸੰਤਾਂ ਨੂੰ ਮਿਲਦੇ ਅਤੇ ਆਪਣੇ ਤਜਰਬੇ ਦੀਆਂ ਵਿਚਾਰਾਂ ਸੰਤਾਂ ਨਾਲ ਕਰਦੇ। ਸੰਤਾਂ ਦੀ ਕਹਿਣੀ ਅਤੇ ਕਰਨੀ ਦਾ ਸੁਮੇਲ, ਬਚਨਾਂ ਦੀ ਸਪੱਸ਼ਟਤਾ ਅਤੇ ਉਨ੍ਹਾਂ ਦੀ ਰੂਹਾਨੀਅਤ ਭਰਪੂਰ ਸਖਸ਼ੀਅਤ ਦਾ ਪ੍ਰਭਾਵ ਅਕਸਰ ਹੀ ਮਿਲਣ ਵਾਲੇ ਇਨ੍ਹਾਂ ਫੌਜੀ ਅਫਸਰਾਂ ਦੇ ਚਿਹਰਿਆਂ 'ਤੇ ਵੇਖਿਆ ਜਾ ਸਕਦਾ ਸੀ। ਇਨ੍ਹਾਂ ਮਿਲਣੀਆਂ ਵਿੱਚ ਸੰਤਾਂ ਦੇ ਨਾਲ ਭਾਈ ਅਮਰੀਕ ਸਿੰਘ ਤੋਂ ਇਲਾਵਾ ਜਰਨਲ ਸੁਬੇਗ ਸਿੰਘ ਵੀ ਮੌਜੂਦ ਹੋਇਆ ਕਰਦੇ ਸਨ। ਸੰਤਾਂ ਨੂੰ ਮਿਲਣ ਤੋਂ ਬਾਅਦ ਕਈ ਵਾਰ ਇਹ ਅਫਸਰ ਜਰਨਲ ਸੁਬੇਗ ਸਿੰਘ ਨਾਲ ਇਕੱਲਿਆਂ ਵੀ ਵਿਚਾਰਾਂ ਕਰਦੇ।

ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥ (੮੬੪)

ਕਈ ਵਾਰ ਜਦੋਂ ਸੰਤ ਭਿੰਡਰਾਂਵਾਲੇ ਇਹ ਗੱਲ ਕਹਿੰਦੇ ਕਿ ਇੱਕ ਗੱਲ ਨਿਸ਼ਚੇਵਾਚਕ ਯਾਦ ਰੱਖਿਓ ਕਿ ਭਾਰਤ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਅਵੱਸ਼ ਕਰਨਾ ਹੈ ਅਤੇ ਇਹ ਵਿਚਾਰਾਂ ਮੈਂ ਕਈ ਵਾਰ ਸੰਗਤਾਂ

Scanned with CamScanner

ਸਾਹਮਣੇ ਭਰੀਆਂ ਸਟੇਜਾਂ ਤੋਂ ਵੀ ਕਹਿ ਚੁੱਕਾ ਹਾਂ। ਸੰਤਾਂ ਤੋਂ ਅਜਿਹੇ ਖਿਆਲ ਸੁਣ ਕੇ ਕਈ ਅਫਸਰ ਆਪਣੀ ਦਲੀਲ ਦਿੰਦੇ ਕਿ ਸੰਤ ਜੀ, ਭਾਰਤੀ ਫੌਜ ਏਸ਼ੀਆ ਦੀ ਵੱਡੀ ਸ਼ਕਤੀ ਹੈ। ਆਪ ਜੀ ਦੇ ਕਹਿਣ ਮੁਤਾਬਕ ਜੇਕਰ ਅਜਿਹਾ ਹੋਇਆ ਤਾਂ ਭਾਰੀ ਤਬਾਹੀ ਹੋਵੇਗੀ ਤਾਂ ਸੰਤਾਂ ਨੇ ਕਹਿਣਾ ਕਿ ਇਹੀ ਤਾਂ ਮੈਂ ਕਹਿ ਰਿਹਾ ਹਾਂ ਕਿ ਗੁਲਾਮ ਕੌਮਾਂ ਨਾਲ ਅਜਿਹੇ ਸਲੂਕ ਹੁੰਦੇ ਹਨ। ਜਦੋਂ ਅਸੀਂ ਆਜ਼ਾਦੀ ਦੀ ਗੱਲ ਕਰਦੇ ਹਾਂ ਜਾਂ ਗਲੋਂ ਗੁਲਾਮੀ ਲਾਹੁਣ ਦੀ ਗੱਲ ਕਰਦੇ ਹਾਂ ਤਾਂ ਭਾਰਤੀ ਹੁਕਮਰਾਨਾਂ ਨੂੰ ਇਹ ਗੱਲਾਂ ਨਹੀਂ ਖਾਉਂਦੀਆਂ ਹਾਲਾਂਕਿ ਇਨ੍ਹਾਂ ਦੇ ਹੀ ਵਡੇਰਿਆਂ ਗਾਂਧੀ ਵਰਗਿਆਂ ਨੇ ਸਿੱਖ ਕੌਮ ਨਾਲ ਸਿੱਖਾਂ ਨੂੰ ਆਜ਼ਾਦੀ ਦੇਣ ਦੇ ਵਾਅਦੇ ਕੀਤੇ ਸਨ। ਸੰਤ ਇਹ ਵੀ ਕਹਿੰਦੇ ਕਿ ਤੁਸੀਂ ਕਹਿੰਦੇ ਹੋ ਹਿੰਦੁਸਤਾਨ ਦੀ ਬਹੁਤ ਵੱਡੀ ਸ਼ਕਤੀਸ਼ਾਲੀ ਫੌਜ ਹੈ ਇਸ ਗੱਲ ਨੂੰ ਅਸੀਂ ਵੀ ਸਮਝਦੇ ਹਾਂ ਪਰ ਅਸੀਂ ਇਹੀ ਸਿੱਧ ਕਰਨਾ ਚਾਹੁੰਦੇ ਹਾਂ ਕਿ ਇਹ ਫੌਜੀ ਸ਼ਕਤੀ ਦੁਸ਼ਮਣ ਦੇਸ਼ਾਂ ਲਈ ਹੈ? ਜਾਂ ਜਿਸ ਨੂੰ ਇਹ ਨਹੁੰ ਮਾਸ ਦਾ ਰਿਸ਼ਤਾ ਕਹਿ ਕੇ ਸਿੱਖ ਕੌਮ ਨੂੰ ਭਰਮਾਈ ਫਿਰਦੇ ਹਨ, ਕੀ ਇਸੇ ਹੀ ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਹੈ? ਦੂਸਰੀ ਗੱਲ ਜੋ ਤੁਸੀਂ ਕਹਿੰਦੇ ਹੋ ਕਿ ਇਸ ਨਾਲ ਭਾਰੀ ਤਬਾਹੀ ਹੋਵੇਗੀ ਇਸ ਲਈ ਜ਼ਿੰਮੇਵਾਰ ਕੌਣ ਹੈ? ਆਪਣੇ ਹੱਕ ਮੰਗਣ ਵਾਲਾ ਜਾਂ ਭਾਰਤੀ ਫੌਜਾਂ ਚੜ੍ਹਾਉਣ ਵਾਲਾ। ਜੇ ਜ਼ਿੰਮੇਵਾਰ ਉਹ ਹਨ ਤਾਂ ਉਨ੍ਹਾਂ ਨੂੰ ਇਸ ਹੋਣ ਵਾਲੀ ਤਬਾਹੀ ਦਾ ਖਮਿਆਜ਼ਾ ਵੀ ਜ਼ਰੂਰ ਭੁਗਤਣਾ ਪਵੇਗਾ ਅਤੇ ਸਿੱਖ ਕੌਮ ਨੂੰ ਵੀ ਨਹੁੰ ਮਾਸ ਵਾਲੇ ਰਿਸ਼ਤੇ ਦਾ ਸਹੀ ਗਿਆਨ ਹੋ ਜਾਵੇਗਾ। ਜਦੋਂ ਸਿੱਖ ਰੂਪ ਨਹੁੰਆਂ ਦੇ ਤੁਸੜੇ ਉੱਡ ਜਾਣਗੇ ਪਰ ਹਿੰਦੂ ਰੂਪ ਮਾਸ ਵਿੱਚੋਂ ਖ਼ੂਨ ਦੀ ਬੂੰਦ ਵੀ ਨਹੀਂ ਸਿੰਮੇਗੀ, ਤਦ ਸਾਨੂੰ ਇਸ ਨਹੁੰ ਮਾਸ ਰਿਸ਼ਤੇ ਦਾ ਅਨੁਭਵੀ ਗਿਆਨ ਹੋਵੇਗਾ।

ਮੋਗੇ ਗੁਰਦੁਆਰਿਆਂ ਵਿਖੇ ਗੋਲੀਕਾਂਡ

ਮੋਗਾ ਵਿਖੇ 1984 ਦੀ 21-22 ਮਾਰਚ ਨੂੰ ਸੰਤਾਂ ਦੇ ਸਹਿਯੋਗੀ ਕੁੱਝ ਸਿਰਕੱਢ ਅਕਾਲੀ ਅਤੇ ਜਿਆਦਾਤਰ ਫੈਡਰੇਸ਼ਨ ਦੇ ਵਰਕਰਾਂ ਨੂੰ ਸੀ. ਆਰ. ਪੀ. ਨੇ ਹਿਰਾਸਤ ਵਿੱਚ ਲੈ ਲਿਆ। ਜਿਸ ਕਾਰਨ ਪਿੰਡਾਂ ਦੀਆਂ ਪੰਚਾਇਤਾਂ ਅਤੇ ਮੋਹਤਬਰ ਸੰਗਤਾਂ ਨੇ ਮੋਗੇ ਵਿਖੇ ਵੱਡਾ ਇਕੱਠ ਕਰ ਦਿੱਤਾ। ਉਸ ਸਮੇਂ ਸ. ਨਿਧੜਕ ਸਿੰਘ ਬਰਾੜ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਨ ਅਤੇ ਭਾਈ ਅਮਰਜੀਤ ਸਿੰਘ ਚਾਵਲਾ ਜਨਰਲ ਸਕੱਤਰ ਸਨ। ਇਸ ਦੇ ਨਾਲ ਹੀ ਭਾਈ ਗੁਰਬਖਸ਼ ਸਿੰਘ ਲੰਡੇਆਣਾ, ਭਾਈ ਤਰਲੋਚਨ ਸਿੰਘ ਰੋਡੇ, ਭਾਈ ਬਲਦੇਵ ਸਿੰਘ ਭਿੰਡਰ, ਗੁਰਤੇਜ ਸਿੰਘ ਚੋਟੀਆਂ, ਭਾਈ ਚਮਕੌਰ ਸਿੰਘ ਚੰਦਪੁਰਾਣਾ, ਸ. ਜੁਗਰਾਜ ਸਿੰਘ ਪੱਲੂ ਮਹੋਜ਼ਗੀ, ਸ. ਜੁਗਰਾਜ ਸਿੰਘ ਚੋਗਾਵਾਂ, ਸ. ਹਰਦੀਪ ਸਿੰਘ ਰੋਡੇ, ਸ. ਜਗਤਾਰ ਸਿੰਘ ਰੋਡੇ, ਸ. ਕੁਲਵੰਤ ਸਿੰਘ ਸੰਦਾ ਸਿੰਘ ਵਾਲਾ, ਸਰਪੰਚ ਗੁਰਮੇਲ ਸਿੰਘ ਅਜੀਤਵਾਲ, ਸ. ਗੁਰਮੇਲ ਸਿੰਘ ਅਜੀਤਵਾਲ, ਸ. ਗੁਰਮੇਲ ਸਿੰਘ ਸੰਗਤਪੁਰਾ, ਸਰਪੰਚ ਹਰਬੰਸ ਸਿੰਘ ਹੇਰਾਂ ਆਦਿ ਸਿੰਘਾਂ ਸਮੇਤ। ਇਥੇ ਸੰਗਤਾਂ ਦਾ ਭਾਰੀ ਇਕੱਠ ਹੋਣ ਤੋਂ ਬਾਅਦ ਫਿਰੋਜ਼ਪੁਰ ਰੋਡ ਜਾਮ ਕਰ ਦਿੱਤਾ ਗਿਆ ਸੀ। ਜਿਸ ਤੋਂ ਕਾਫੀ ਸ਼ਾਮ ਬਾਅਦ ਰਾਤ ਨੂੰ ਫੜ੍ਹੇ ਗਏ ਸਿੰਘਾਂ ਨੂੰ ਛੱਡੇ ਜਾਣ ਉਪਰੰਤ ਇਹ ਧਰਨਾ ਚੁੱਕ ਦਿੱਤਾ ਗਿਆ ਸੀ।

ਪਰ ਕੇਂਦਰ ਸਰਕਾਰ ਦੀ ਇੱਕ ਸਾਜਿਸ਼ ਸੀ ਕਿ ਚੋਣਵੇਂ ਪਿੰਡਾਂ ਵਿੱਚੋਂ ਪ੍ਰਮੁੱਖ ਸਰਗਰਮ ਵਰਕਰਾਂ ਅਤੇ ਸੰਤਾਂ ਦੇ ਸਹਿਯੋਗੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਡੱਕ ਦਿੱਤਾ ਜਾਵੇ ਤਾਂ ਜੋ ਇਹ ਸਿੱਖ ਪਿੰਡਾਂ ਦੀਆਂ ਸੰਗਤਾਂ ਨੂੰ ਇਕੱਤਰ ਨਾ ਕਰ ਸਕਣ। ਇਸੇ ਤਹਿਤ 24 ਅਪ੍ਰੈਲ ਨੂੰ ਪਿੰਡ ਰੋਡੇ ਤੋਂ ਸੰਤ ਭਿੰਡਰਾਂਵਾਲਿਆਂ ਦੇ ਵੱਡੇ ਭਰਾ ਸ. ਜਗਜੀਤ ਸਿੰਘ ਨੂੰ ਜੋ ਅਕਾਲੀ ਦਲ ਦੇ ਜਿਲ੍ਹਾ ਜਨਰਲ ਸਕੱਤਰ ਅਤੇ ਸਰਗਰਮ ਆਗੂ ਸਨ ਅਤੇ ਉਨ੍ਹਾਂ ਨਾਲ ਸ. ਅਮਰ ਸਿੰਘ ਲੰਡੇਆਣਾ, ਸਾਧੂ ਸਿੰਘ ਰੋਡੇ ਅਤੇ ਕੁੱਝ ਹੋਰ ਇਲਾਕੇ ਦੇ ਮੋਹਤਬਰ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ। ਇਸਦਾ ਪਤਾ ਲੱਗਦਿਆਂ ਹੀ ਸ਼੍ਰੋਮਣੀ ਅਕਾਲੀ ਦਲ, ਫੈਡਰੇਸ਼ਨ ਆਗੂ, ਇਲਾਕੇ ਦੇ ਪੰਚ-ਸਰਪੰਚ ਆਪਣੇ ਵਰਕਰਾਂ ਸਮੇਤ ਮੋਗੇ ਪਹੁੰਚ ਗਏ, ਜਿਨ੍ਹਾਂ ਨੇ ਕਚਹਿਰੀਆਂ ਸਾਹਮਣੇ ਵੱਡਾ ਇਕੱਠ ਕੀਤਾ ਅਤੇ ਭਾਈ ਜਗਜੀਤ ਸਿੰਘ ਅਤੇ ਬਾਕੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ। ਪਰ ਇਕੱਤਰ ਹੋਈਆਂ ਸੰਗਤਾਂ ਅਤੇ ਮੋਹਤਬਰ ਵਿਅਕਤੀਆਂ ਨੂੰ ਸੀ. ਆਰ. ਪੀ. ਅਤੇ ਪੁਲਿਸ ਵੱਲੋਂ ਧਮਕਾਇਆ ਅਤੇ ਜ਼ਲੀਲ ਕੀਤਾ। ਇੱਥੋਂ ਦੇ ਡੀ. ਐੱਸ. ਪੀ. ਸ. ਗੁਰਦੀਪ ਸਿੰਘ ਅਤੇ ਐੱਸ. ਡੀ. ਐੱਮ. ਸ. ਅਮਰਜੀਤ ਸਿੰਘ ਨੇ ਸੰਗਤਾਂ ਨੂੰ ਦੱਸਿਆ ਕਿ ਸਰਕਾਰੀ ਹੁਕਮਾਂ ਮੁਤਾਬਕ ਇਨ੍ਹਾਂ ਫੜ੍ਹੇ ਗਏ ਵਿਅਕਤੀਆਂ ਉੱਪਰ ਐੱਨ. ਐੱਸ. ਏ. (ਕੌਮੀ ਸੁਰੱਖਿਆ ਐਕਟ) ਲੱਗ ਚੁਕੀ ਹੈ। ਇਸ ਲਈ ਇਨ੍ਹਾਂ ਨੂੰ ਛੱਡਣਾ ਸਾਡੇ

Scanned with CamScanner

ਅਧਿਕਾਰ ਖੇਤਰ ਵਿੱਚ ਨਹੀਂ ਹੈ। ਪਰ ਸਿੱਖ ਸੰਗਤਾਂ ਬਜਿੱਦ ਸਨ ਕਿ ਬਿਨ੍ਹਾਂ ਕਿਸੇ ਕਾਰਨ ਹੀ ਇਨ੍ਹਾਂ ਉਪਰ ਐਨ ਐਸ ਏ ਕਿਵੇਂ ਲੱਗ ਸਕਦੀ ਹੈ। ਜਦੋਂ ਕਿ ਧਰਮ ਯੁੱਧ ਮੋਰਚੇ ਦੌਰਾਨ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਇਹ ਸਾਰੇ ਸਿੰਘ ਕਈ ਵਾਰ ਗ੍ਰਿਫਤਾਰੀ ਦੇ ਚੁੱਕੇ ਹਨ ਅਤੇ ਹਾਲੇ ਤੱਕ ਵੀ ਗ੍ਰਿਫਤਾਰੀਆਂ ਦਾ ਦੌਰ ਜਾਰੀ ਹੈ। ਪਰ ਇਨ੍ਹਾਂ ਸਭਨਾਂ ਦੀ ਅਨਸੁਣੀ ਕਰਕੇ ਫੜੇ ਗਏ ਵਿਅਕਤੀਆਂ ਨੂੰ ਫਰੀਦਕੋਟ ਜੇਲ੍ਹ ਭੇਜ ਦਿੱਤਾ ਗਿਆ। ਉਦੋਂ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਇਕੱਠੀਆਂ ਹੋ ਚੁੱਕੀਆਂ ਸਨ, ਜੋ ਚਾਹੁੰਦੀਆਂ ਸਨ ਕਿ ਸਾਡੇ ਇਲਾਕੇ ਦੇ ਇਨ੍ਹਾਂ ਮੋਹਤਬਰ ਆਗੂਆਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਕੀਤਾ ਜਾਵੇ। ਜਦੋਂ ਪ੍ਰਸ਼ਾਸਨ ਨੇ ਇਨ੍ਹਾਂ ਦੀ ਮੰਗ ਨਾ ਮੰਨੀ ਤਾਂ ਇਨ੍ਹਾਂ ਨੇ ਪੱਕੇ ਤੌਰ 'ਤੇ ਮੋਗੇ ਵਿਖੇ ਹੀ ਡਟਣ ਦਾ ਫੈਸਲਾ ਲਿਆ।

ਰਾਤ ਸਮੇਂ ਕੁੱਝ ਸਿੰਘ ਗੁਰਦੁਆਰਾ ਬੀਬੀ ਕਾਹਨ ਕੌਰ, ਕੁਝ ਗੁਰਦੁਆਰਾ ਗੁਲਾਬ ਸਿੰਘ ਅਤੇ ਕੁੱਝ ਗੁਰਦੁਆਰਾ ਸਿੰਘ ਸਭਾ ਵਿਖੇ ਚਲੇ ਗਏ। ਇਲਾਕੇ ਦੀਆਂ ਸੰਗਤਾਂ ਨੇ ਇਨ੍ਹਾਂ ਸਿੰਘਾਂ ਲਈ ਲੰਗਰ ਪਾਣੀ ਦਾ ਪ੍ਰਬੰਧ ਕੀਤਾ। ਪਰ ਦਿਨ ਚੜ੍ਹਨ ਤੋਂ ਪਹਿਲਾਂ ਹੀ ਇਥੇ ਕਰਫਿਊ ਲਗਾ ਦਿੱਤਾ ਗਿਆ।

ਇੱਕ ਦਿਨ ਪੂਰਾ ਬੀਤਿਆ, ਦੂਸਰੇ ਦਿਨ ਸਵੇਰੇ ਹੀ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸ. ਨਿਧੜਕ ਸਿੰਘ ਕੁੱਝ ਫੈਡਰੇਸ਼ਨ ਵਰਕਰਾਂ ਨਾਲ ਇੱਥੇ ਆ ਪਹੁੰਚੇ। ਇਨ੍ਹਾਂ ਉਪਰ ਪਹਿਲਾਂ ਹੀ ਮੁਕੱਦਮੇ ਦਰਜ ਸਨ ਅਤੇ ਪੁਲਿਸ ਨੂੰ ਉਨ੍ਹਾਂ ਦੀ ਭਾਲ ਸੀ। ਪਰ ਤਾਂ ਵੀ ਰਾਤ ਦੇ ਹਨ੍ਹੇਰੇ ਵਿੱਚ ਉਹ ਹਰ ਪ੍ਰਕਾਰ ਦੇ ਖਤਰੇ ਤੋਂ ਬੇਪ੍ਰਵਾਹ ਹੋ ਕੇ ਉਹ ਇੱਥੇ ਪਹੁੰਚ ਚੁੱਕੇ ਸਨ। ਇਹ ਸਭ ਆਗੂ ਇਸ ਗੱਲੋਂ ਹੈਰਾਨ ਸਨ ਕਿ ਇੱਕ ਪਾਸੇ ਭਾਈ ਜਗਜੀਤ ਸਿੰਘ ਹੁਰਾਂ ਤੇ ਐਨ. ਐਸ. ਏ. ਲਗਾ ਦਿੱਤੀ ਗਈ ਹੈ ਅਤੇ ਦੂਸਰਾ ਮੋਗਾ ਸ਼ਹਿਰ ਵਿਖੇ ਕਰਫਿਊ ਲਗਾ ਦਿੱਤਾ ਗਿਆ ਹੈ। ਇਸ ਹਾਲਾਤ ਵਿੱਚ ਜੋ ਸੰਗਤਾਂ ਇਨ੍ਹਾਂ ਤਿੰਨਾਂ ਹੀ ਗੁਰਦੁਆਰਾ ਸਾਹਿਬਾਨਾਂ ਵਿਖੇ ਮੌਜੂਦ ਸਨ ਉਨ੍ਹਾਂ ਨੂੰ ਨਾ ਤਾਂ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲਣ ਦਿੱਤਾ ਜਾਂਦਾ ਸੀ ਅਤੇ ਨਾ ਹੀ ਹੋਰ ਕਿਸੇ ਵਿਅਕਤੀ ਨੂੰ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋਣ ਦਿੱਤਾ ਜਾਂਦਾ ਸੀ। ਤਿੰਨਾਂ ਹੀ ਗੁਰਦੁਆਰਿਆਂ ਦੇ ਬਾਹਰ ਸੀ. ਆਰ. ਪੀ. ਸਮੇਤ ਪੁਲਿਸ ਦੀਆਂ ਭਾਰੀ ਫੋਰਸਾਂ ਦਾ ਪਹਿਰਾ ਸੀ ਅਤੇ ਪੁਲਿਸ ਦੇ ਕਈ ਵੱਡੇ ਅਫਸਰ ਸਰਕਟ ਹਾਊਸ ਵਿੱਚ ਆ ਕੇ ਰੁਕੇ ਹੋਏ ਸਨ ਜੋ ਦਿੱਲੀ ਤੋਂ ਮਿਲੇ ਹੁਕਮਾਂ ਅਨੁਸਾਰ ਹੀ ਕਾਰਵਾਈ ਕਰ ਰਹੇ ਸਨ।

ਤੀਸਰੇ ਦਿਨ ਭਾਵ 26 ਤਰੀਕ ਨੂੰ ਸਵੇਰ ਵੇਲੇ ਤਿੰਨ ਘੰਟੇ ਲਈ ਕਰਫਿਊ ਵਿੱਚ ਢਿੱਲ ਦਿੱਤੀ ਗਈ ਕਿਉਂਕਿ ਸ਼ਹਿਰ ਦੇ ਵਸਨੀਕ ਖਾਣ-ਪੀਣ ਦੀਆਂ ਵਸਤਾਂ ਅਤੇ ਹੋਰ ਘਰੇਲੂ ਮੁਸ਼ਕਿਲਾਂ ਵਿੱਚ ਘਿਰੇ ਹੋਏ ਸਨ। ਇਸੇ ਦੌਰਾਨ ਫੈਡਰੇਸ਼ਨ ਪ੍ਰਧਾਨ ਨਿਧੜਕ ਸਿੰਘ ਅਤੇ ਕੁੱਝ ਹੋਰ ਫੈਡਰੇਸ਼ਨ ਆਗੂਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰਕੇ ਫਰੀਦਕੋਟ ਜੇਲ੍ਹ ਭੇਜ ਦਿੱਤਾ। ਕੁੱਝ ਸਿੰਘਾਂ ਨੇ ਪੁਲਿਸ ਅਫਸਰਾਂ ਨੂੰ ਦੱਸਿਆ ਕਿ ਅਸੀਂ ਸਿੰਘਾਂ ਲਈ ਗੁਰਦੁਆਰਾ ਸਾਹਿਬ ਵਿੱਚ ਲੰਗਰ ਦਾ ਪ੍ਰਬੰਧ ਕਰਨਾ ਹੈ ਕਿਉਂਕਿ ਕਰਫਿਊ ਲੱਗਾ ਹੋਣ ਕਾਰਨ ਸੰਗਤਾਂ ਪਿੰਡਾਂ ਵਿੱਚੋਂ ਲੰਗਰ ਨਹੀਂ ਲਿਆ ਸਕਦੀਆਂ। ਇੰਨਾ ਕਹਿ ਕੇ ਜਿਉਂ ਹੀ 8-10 ਸਿੰਘ ਸਾਹਮਣੇ ਬਾਜ਼ਾਰ ਤੋਂ ਰਸਦ ਲਿਆਉਣ ਲਈ ਬਾਹਰ ਨਿਕਲੇ ਤਾਂ ਉੱਥੇ ਖੜ੍ਹੇ ਅਫਸਰਾਂ ਨੇ ਸੀ. ਆਰ. ਪੀ. ਨੂੰ ਹੁਕਮ ਦੇ ਕੇ ਗੋਲੀ ਚਲਵਾ ਦਿੱਤੀ ਜਿਸ ਨਾਲ ਮੌਕੇ 'ਤੇ ਹੀ 8 ਸਿੰਘ ਮੌਤ ਦੇ ਘਾਟ ਉਤਾਰ ਦਿੱਤੇ ਗਏ, ਜਿਨ੍ਹਾਂ ਵਿੱਚ ਭਾਈ ਗੁਰਮੇਲ ਸਿੰਘ ਸਰਪੰਚ ਅਜੀਤਵਾਲ, ਭਾਈ ਬਲਜੀਤ ਸਿੰਘ ਅਜੀਤਵਾਲ, ਭਾਈ ਮਲਕੀਤ ਸਿੰਘ ਢੁੱਡੀਕੇ, ਭਾਈ ਅਜੀਤ ਸਿੰਘ ਭਲੂਰ, ਭਾਈ ਗੁਰਮੇਲ ਸਿੰਘ ਮਹੇਸ਼ਰੀ, ਭਾਈ ਕਰਨੈਲ ਸਿੰਘ ਬੁੱਧ ਸਿੰਘ ਵਾਲਾ, ਭਾਈ ਪੱਪੂ ਸਿੰਘ ਧਰਮਕੋਟ, ਭਾਈ ਕੁਲਦੀਪ ਸਿੰਘ ਕੋਟਲਾ ਰਾਇਕਾ ਸ਼ਾਮਿਲ ਸਨ। ਇਸ ਗੋਲੀ ਕਾਂਡ ਤੋਂ ਬਾਅਦ ਸਥਿਤੀ ਭਾਰੀ ਤਣਾਅਪੂਰਵਕ ਬਣ ਗਈ। ਇਸਦੀ ਖ਼ਬਰ ਜਿਥੇ ਸਾਰੇ ਪੰਜਾਬ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ, ਉੱਥੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਤ ਲੌਂਗੋਵਾਲ, ਸੰਤ ਤਿਲੜਾਂਵਾਲਿਆਂ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਸ ਨੂੰ ਗੰਭੀਰਤਾ ਨਾਲ ਲਿਆ।

ਅਗਲੇ ਦਿਨ 27 ਤਰੀਕ ਨੂੰ ਇਸ ਮਸਲੇ 'ਤੇ ਭਾਰੀ ਵਿਚਾਰ ਵਟਾਂਦਰੇ ਤੋਂ ਬਾਅਦ ਅਕਾਲੀ ਦਲ ਦੇ ਪੰਜ ਸੀਨੀਅਰ ਆਗੂ ਮੋਗੇ ਲਈ ਰਵਾਨਾ ਕੀਤੇ ਤਾਂ ਜੋ ਉਹ ਪ੍ਰਸ਼ਾਸਨ ਨਾਲ ਇਸ ਬਾਰੇ ਸਾਰੀ ਗੱਲ ਕਰਨ ਅਤੇ ਸ਼ਹੀਦ ਹੋ ਚੁੱਕੇ ਸਿੰਘਾਂ ਦੀਆਂ ਲਾਸ਼ਾਂ ਪ੍ਰਾਪਤ ਕਰਨ, ਨਾਲ ਹੀ ਗੁਰਦੁਆਰਾ ਸਾਹਿਬਾਨਾਂ ਤੋਂ ਘੇਰਾਬੰਦੀ ਖਤਮ ਕਰਵਾਉਣ। ਇਨ੍ਹਾਂ ਆਗੂਆਂ ਵਿੱਚ ਜਥੇਦਾਰ ਤੋਤਾ ਸਿੰਘ, ਸ. ਬਲਵਿੰਦਰ ਸਿੰਘ ਭੂੰਦੜ, ਸ. ਬਲਦੇਵ ਸਿੰਘ ਮਾਨ, ਸ. ਮਹਿੰਦਰ

Scanned with CamScanner

ਸਿੰਘ ਰੁਮਾਣਾ ਅਤੇ ਵਕੀਲ ਇੰਦਰਜੀਤ ਸਿੰਘ ਸੋਖੋ ਸ਼ਾਮਿਲ ਸਨ, ਇਨ੍ਹਾਂ ਨੂੰ ਇਹ ਕਹਿ ਕੇ ਭੇਜਿਆ ਗਿਆ ਕਿ ਜੇਕਰ ਚੌਦਾਂ ਘੰਟਿਆਂ ਦੇ ਵਿੱਚ-ਵਿੱਚ ਗੁਰਦੁਆਰਾ ਸਾਹਿਬਾਨਾਂ ਤੋਂ ਪੁਲਿਸ ਅਤੇ ਫੌਜ ਦਾ ਘੇਰਾ ਨਾ ਚੁੱਕਿਆ ਗਿਆ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸ਼ਹੀਦੀ ਬਾਣੇ ਪਾ ਕੇ ਤਿੰਨਾਂ ਹੀ ਪਿੰਡਾਂ ਭਾਵ ਅਜੀਤਵਾਲ, ਮਹੋਲਗੋ, ਭਲੂਰ ਆਦਿ ਤੋਂ ਸੰਗਤਾਂ ਦੇ ਜਥੇ ਲੈ ਕੇ ਮੋਗੇ ਪਹੁੰਚਣਗੇ ਅਤੇ ਆਪਣੇ ਬਲਬੂਤੇ 'ਤੇ ਸੰਗਤਾਂ ਨੂੰ ਪੁਲਿਸ ਪਹਿਰੇ 'ਚੋਂ ਛੁਡਵਾਉਣਗੇ। ਪਰ ਜਦੋਂ ਤੱਕ ਇਹ ਸਿੰਘ ਮੋਗੇ ਪਹੁੰਚੇ ਉਦੋਂ ਤੱਕ ਸ਼ਹੀਦ ਕੀਤੇ ਗਏ 8 ਸਿੰਘਾਂ ਦੀਆਂ ਲਾਸ਼ਾਂ ਸੀ. ਆਰ. ਪੀ. ਦੇ ਪਹਿਰੇ ਹੇਠ ਸਾੜ ਦਿੱਤੀਆਂ ਗਈਆਂ। ਸੰਗਤਾਂ ਦੇ ਜ਼ੋਰ ਦੇਣ 'ਤੇ ਵੀ ਇਹ ਲਾਸ਼ਾਂ ਵਾਰਸਾਂ ਦੇ ਹਵਾਲੇ ਨਾ ਕੀਤੀਆਂ ਗਈਆਂ।

ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕੇਂਦਰ ਸਰਕਾਰ ਸਿੱਖਾਂ ਨੂੰ ਵੱਡੀ ਪੱਧਰ 'ਤੇ ਇਹ ਸਬਕ ਸਿਖਾਉਣ ਦੀ ਤਾਕ ਵਿੱਚ ਸੀ ਤਾਂ ਕਿ ਉਹ ਸਿੱਖ ਰਾਜ ਦੇ ਸੁਪਨੇ ਲੈਣੇ ਭੁਲ ਜਾਣ। ਉੱਧਰ ਸਦੋ ਪ੍ਰਸ਼ਾਸਨ ਨੂੰ ਇਸ ਗੱਲ ਦੀ ਪੱਕੀ ਤਸੱਲੀ ਹੋਈ ਕਿ ਪਿੰਡਾਂ 'ਚੋਂ ਵੱਡੀ ਗਿਣਤੀ ਵਿੱਚ ਸੰਗਤਾਂ ਮੋਗੇ ਪਹੁੰਚਣੀਆਂ ਤਾਂ ਉਨ੍ਹਾਂ ਨੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਗੁਰਦੁਆਰਿਆਂ ਤੋਂ ਘੇਰਾਬੰਦੀ ਚੁੱਕ ਲਈ। ਪਰ ਆਪਣਾ ਘਿਨਾਉਣਾ ਨਜ਼ਰੀਆ ਜੱਗ ਜ਼ਾਹਿਰ ਕਰ ਦਿੱਤਾ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਤੋਂ ਵੱਧ ਹੋਰ ਵੀ ਕਈ ਕੁੱਝ ਵਾਪਰ ਸਕਦਾ ਹੈ। ਜਿਸ ਦੀਆਂ ਤਿਆਰੀਆਂ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਚੱਪੇ-ਚੱਪੇ 'ਤੇ ਕੀਤੀਆਂ ਜਾ ਰਹੀਆਂ ਸਨ।

ਸੰਤ ਭਿੰਡਰਾਂਵਾਲਿਆਂ ਦੀ ਬਾਬਾ ਠਾਕੁਰ ਸਿੰਘ ਜੀ ਨਾਲ ਅਹਿਮ ਮੀਟਿੰਗ

ਹਾਲਾਂਕਿ ਸੰਤ ਭਿੰਡਰਾਂਵਾਲੇ ਅਕਸਰ ਹੀ ਸੰਗਤਾਂ ਨੂੰ ਸੁਚੇਤ ਕਰਦੇ ਰਹਿੰਦੇ ਸਨ ਕਿ ਕੇਂਦਰ ਸਰਕਾਰ ਕਦੇ ਵੀ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਸਕਦੀ ਹੈ। 26 ਅਪ੍ਰੈਲ 1984 ਨੂੰ ਮੋਗੇ ਵਿਖੇ ਵਾਪਰੇ ਸ਼ਹੀਦੀ ਕਾਂਡ ਤੋਂ ਉਪਰੰਤ ਸਰਕਾਰ ਦੀਆਂ ਕਰਤੂਤਾਂ ਲੀਡੀਆਂ ਤੋਂ ਬਾਹਰ ਹੋਣ ਤੱਕ ਪਰਦਾ ਉੱਠ ਚੁੱਕਾ ਸੀ। ਇਸ ਲਈ ਸੰਤਾਂ ਨੇ ਆਉਣ ਵਾਲੇ ਸਮੇਂ ਸਬੰਧੀ ਬਾਬਾ ਠਾਕੁਰ ਸਿੰਘ ਜੀ ਨਾਲ ਸਲਾਹ ਮਸ਼ਵਰਾ ਕਰਨ ਲਈ ਬਾਬਾ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬੁਲਾਇਆ। ਬਾਬਾ ਠਾਕੁਰ ਸਿੰਘ ਜੀ ਵੀ ਜਪੀ ਤਪੀ ਉੱਚ ਅਵਸਥਾ ਵਾਲੀ ਆਤਮਾ ਸਨ। ਉਨ੍ਹਾਂ ਨੇ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਤੋਂ ਲੈ ਕੇ ਅਣਥੱਕ ਸੇਵਾ ਕੀਤੀ ਅਤੇ ਦਿਨ ਰਾਤ ਸਿਮਰਨ ਵਿੱਚ ਲੱਗੇ ਰਹਿੰਦੇ ਸਨ। ਇਹ ਸੇਵਾ ਅਤੇ ਸਿਮਰਨ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਦੇ ਸਮੇਂ ਵੀ ਨਿਭਾਉਂਦੇ ਰਹੇ ਅਤੇ ਬਾਅਦ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਸਮੇਂ ਵੀ। ਸੰਤਾਂ ਨੇ ਜਥੇ ਦੇ ਪ੍ਰਮੁੱਖ ਸਿੰਘਾਂ ਨਾਲ ਮਿਲ ਕੇ ਬਾਬਾ ਠਾਕੁਰ ਸਿੰਘ ਜੀ ਨਾਲ ਆਉਣ ਵਾਲੇ ਸਮੇਂ ਨੂੰ ਮੁੱਖ ਰਖਦਿਆਂ ਲੰਮੀ ਵਿਚਾਰ ਚਰਚਾ ਕੀਤੀ ਅਤੇ ਕੁੱਝ ਸਮਾਂ ਬਾਬਾ ਜੀ ਅਤੇ ਸੰਤਾਂ ਨੇ ਇਕੱਲਿਆਂ ਵੀ ਗੱਲਬਾਤ ਕੀਤੀ, ਜਿਸ ਤੋਂ ਆਮ ਸਿੰਘਾਂ ਨੇ ਅਨੁਮਾਨ ਲਗਾ ਲਿਆ ਸੀ ਕਿ ਜੋ ਕੁੱਝ ਸੰਤ ਜੀ ਸਟੇਜਾਂ ਉਪਰ ਰੋਜ਼ਾਨਾ ਕਹਿੰਦੇ ਹਨ ਉਸੇ ਅਨੁਸਾਰ ਕੇਂਦਰ ਦੀਆਂ ਚਾਲਾਂ ਚਾਲਾ ਜੱਗ ਜ਼ਾਹਿਰ ਹੋ ਗਈਆਂ ਹਨ। ਗੁਰਧਾਮਾਂ ਦੀ ਰਾਖੀ ਲਈ ਪੰਥ ਦੋਖੀ ਤਾਕਤਾਂ ਨਾਲ ਦੋ ਹੱਥ ਕਰਨ ਦਾ ਸਮਾਂ ਨਜ਼ਦੀਕ ਆ ਰਿਹਾ ਹੈ। ਇਸੇ ਸਬੰਧ ਵਿੱਚ ਹੀ ਸੰਤਾਂ ਨੇ ਬਾਬਾ ਜੀ ਨਾਲ ਕੁੱਝ ਅਜਿਹੀਆਂ ਵਿਚਾਰਾਂ ਸਾਂਝੀਆਂ ਕੀਤੀਆਂ ਜਿਨ੍ਹਾਂ ਅਨੁਸਾਰ ਆਉਣ ਵਾਲੇ ਸਮੇਂ ਵਿੱਚ ਫੈਸਲੇ ਲੈਣੇ ਸਨ।

ਉਸੇ ਦਿਨ ਬਾਬਾ ਠਾਕੁਰ ਸਿੰਘ ਜੀ ਨੇ ਗੁਰੂ ਰਾਮਦਾਸ ਲੰਗਰ ਹਾਲ ਵਿਖੇ ਜਥੇ ਦੇ ਸਿੰਘਾਂ ਨੂੰ ਇਕੱਤਰ ਕਰਕੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸਭ ਸਿੰਘਾ ਨੇ ਸੰਤਾਂ ਅਨੁਸਾਰ ਮਿਲ ਕੇ ਚੱਲਣਾ ਹੈ, ਵੱਧ ਤੋਂ ਵੱਧ ਹੋਰ ਵੀ ਨਾਮ ਜਪਣ ਵੱਲ ਧਿਆਨ ਦਿਓ, ਅੱਗੇ ਜਿਵੇਂ ਸੱਤਿਗੁਰੂ ਜੀ ਨੂੰ ਭਾਵੇਗਾ ਉਹ ਆਪੇ ਹੀ ਸੇਵਾ ਲੈ ਲੈਣਗੇ।

ਸੰਤਾਂ ਵੱਲੋਂ ਦੋਵੇਂ ਪੁੱਤਰਾਂ ਅਤੇ ਪਤਨੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਸੱਦਣਾ

ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹਾਲਾਤ ਬਿਲਕੁੱਲ ਹੀ ਅਣਸੁਖਾਵੇਂ ਸਨ ਤੇ ਇਸ ਗੱਲ ਦੀਆਂ ਸੰਭਾਵਨਾਵਾਂ ਵੀ ਪ੍ਰਤੱਖ ਨਜ਼ਰ ਆ ਰਹੀਆਂ ਸਨ ਕਿ ਕਿਸੇ ਵੇਲੇ ਵੀ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਹੋ ਸਕਦਾ ਹੈ। ਇਸਦੇ ਬਾਵਜੂਦ ਪਤਾ ਨਹੀਂ ਕਿਸ ਖਿਆਲ ਨਾਲ ਸੰਤਾਂ ਨੇ ਆਪਣੇ ਦੋਵਾਂ ਪੁੱਤਰਾਂ ਅਤੇ ਪਤਨੀ ਨੂੰ ਇੱਥੇ ਬੁਲਾਉਣਾ ਚਾਹਿਆ। 29 ਮਈ 1984 ਨੂੰ ਸੰਤ ਜੀ ਭਾਈ ਗੁਰਮੁਖ ਸਿੰਘ ਗੜਵਈ ਤੇ ਭਾਈ ਰਸ਼ਪਾਲ ਸਿੰਘ ਪੀਏ

Scanned with CamScanner

ਸਮੇਤ 3-4 ਸਿੰਘਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੱਗੇ ਖੜ੍ਹੇ ਸਨ। ਸੰਤਾਂ ਦੇ ਦੋ ਭਤੀਜੇ ਭਾਈ ਤਰਲੋਚਨ ਸਿੰਘ ਤੇ ਭਾਈ ਹਰਦੀਪ ਸਿੰਘ ਕੋਲ ਦੀ ਲੰਘ ਰਹੇ ਸਨ। ਸੰਤਾਂ ਨੇ ਆਵਾਜ਼ ਮਾਰ ਕੇ ਕਿਹਾ ਕਿ ਭੁਝੰਗੀਓ, ਇੱਧਰ ਆਓ ਅਤੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਪਿੰਡ ਜਾਉ। ਦੋਵੇਂ ਭੁਝੰਗੀ ਭਾਈ ਈਸ਼ਰ ਸਿੰਘ, ਭਾਈ ਇੰਦਰਜੀਤ ਸਿੰਘ ਅਤੇ ਉਨ੍ਹਾਂ ਦੀ ਮਾਤਾ ਪ੍ਰੀਤਮ ਕੌਰ ਨੂੰ ਇੱਥੇ ਲੈ ਕੇ ਆਉ। ਉਸ ਸਮੇਂ ਸ਼ਾਮ ਦੇ 4.00 ਵੱਜ ਚੁੱਕੇ ਸਨ। ਇਹ ਦੋਵੇਂ ਸੰਤਾਂ ਨੂੰ ਸੀਸ ਝੁਕਾ ਕੇ ਚਲੇ ਗਏ। ਦੋਵੇਂ ਜਣੇ ਪਿੰਡ ਜਾਣ ਲਈ ਤਿਆਰ ਹੋਏ ਅਤੇ ਤੁਰਨ ਲੱਗਿਆਂ ਆਪਸ ਵਿੱਚ ਸਲਾਹ ਕੀਤੀ ਕਿ ਇੱਕ ਜਣਾ ਜਾ ਕੇ ਉਨ੍ਹਾਂ ਨੂੰ ਲੈ ਆਉਂਦੇ ਹਾਂ। ਇਸ ਤਰ੍ਹਾਂ ਤਰਲੋਚਨ ਸਿੰਘ ਨੇ ਬੱਸ ਲਈ ਤੇ ਪਿੰਡ ਨੂੰ ਰਵਾਨਾ ਹੋ ਗਿਆ। ਜਦ ਤੱਕ ਮੋਗੇ ਪਹੁੰਚਿਆਂ ਤਾਂ ਹਨ੍ਹੇਰਾ ਹੋ ਚੁੱਕਾ ਸੀ। ਅੱਗੇ ਜਾਣ ਦਾ ਕੋਈ ਸਾਧਨ ਨਾ ਹੋਣ ਕਾਰਨ ਤਰਲੋਚਨ ਸਿੰਘ ਮੋਗੇ ਵਿਖੇ ਭਾਈ ਗੁਰਮੁਖ ਸਿੰਘ ਚਾਵਲਾ ਦੇ ਘਰ ਠਹਿਰ ਗਿਆ। ਉੱਥੇ ਸਵੇਰੇ ਪਿੰਡ ਰੋਡੇ ਘਰ ਪਹੁੰਚੇ ਤੇ ਚਾਚੀ ਪ੍ਰੀਤਮ ਕੌਰ ਨੂੰ ਦੱਸਿਆ ਕਿ ਸੰਤਾਂ ਨੇ ਤੁਹਾਨੂੰ ਦੋਵਾਂ ਭੁਝੰਗੀਆਂ ਸਮੇਤ ਉੱਥੇ ਬੁਲਾਇਆ ਹੈ ਤੇ ਮੈਂ ਤੁਹਾਨੂੰ ਲੈਣ ਆਇਆ ਹਾਂ। ਉਸ ਨੇ ਕਿਹਾ ਕਿ ਅੱਜ ਇਨ੍ਹਾਂ ਦੇ ਕੱਪੜੇ ਧੋ ਕੇ ਤਿਆਰੀ ਕਰ ਲੈਂਦੀ ਹਾਂ ਕੱਲ੍ਹ ਸਵੇਰੇ ਚੱਲਾਂਗੇ। ਅਗਲੀ ਸਵੇਰ ਭਾਵ 31 ਮਈ ਨੂੰ ਜਾਣ ਲਈ ਤਿਆਰ ਹੋ ਕੇ ਚੱਲੇ ਤਾਂ ਮੋਗੇ ਪਹੁੰਚ ਕੇ ਪਤਾ ਲੱਗਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਫਿਊ ਲੱਗ ਚੁੱਕਾ ਹੈ ਜਿਸ ਤੋਂ ਬਾਅਦ ਸਮੁੱਚੇ ਪੰਜਾਬ ਵਿੱਚ ਹੀ ਕਰਫਿਊ ਲਾ ਦਿੱਤਾ ਗਿਆ ਜਿਸ ਕਾਰਨ ਇਹ ਸ੍ਰੀ ਅੰਮ੍ਰਿਤਸਰ ਸਾਹਿਬ ਨਾ ਪਹੁੰਚ ਸਕੇ। ਇਸ ਭੇਦ ਨੂੰ ਖੁਦ ਤਰਲੋਚਨ ਸਿੰਘ ਵੀ ਨਹੀਂ ਜਾਣਦਾ ਕਿ ਸੰਤਾਂ ਨੇ ਦੋਵਾਂ ਪੁੱਤਰਾਂ ਤੇ ਪਤਨੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਕਿਸ ਲਈ ਬੁਲਾਇਆ ਸੀ, ਇਸ ਭੇਦ ਨੂੰ ਤਾਂ ਕੇਵਲ ਸੰਤ ਹੀ ਜਾਣਦੇ ਸਨ ।

ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਉਪਰ ਹਮਲਾ ਕਰਨ ਦੀ ਯੋਜਨਾ ਪਹਿਲਾਂ ਹੀ ਬਣਾ ਲਈ ਸੀ

ਸ੍ਰੀ ਹਰਿਮੰਦਰ ਸਾਹਿਬ 'ਤੇ ਕੇਂਦਰ ਸਰਕਾਰ ਵੱਲੋਂ ਹਮਲਾ ਕਰਨ ਸਬੰਧੀ ਅਸਲੀਅਤ ਦੇ ਬਹੁਤ ਸਾਰੇ ਤੱਥਾਂ ਦੀ ਸੱਚਾਈ ਸਾਹਮਣੇ ਆ ਚੁੱਕੀ ਹੈ। ਜਿਸ ਰਾਹੀਂ ਪਤਾ ਲੱਗਦਾ ਹੈ ਕਿ ਇੰਦਰਾ ਸਰਕਾਰ ਨੇ 1983 ਦੇ ਅਖੀਰ ਤੋਂ ਹੀ ਇਹ ਕੁਟਲ ਮਨਸੂਬਾ ਤੈਅ ਕਰ ਲਿਆ ਸੀ ਕਿ ਸਿੱਖਾਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਦੇ ਕੇਂਦਰੀ ਸਥਾਨ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਜਾਵੇਗਾ। ਹਾਲਾਂਕਿ ਇਸ ਅਸਲੀਅਤ ਨੂੰ ਆਖਰੀ ਸਮੇਂ ਤੱਕ ਛੁਪਾਉਣ ਦਾ ਯਤਨ ਕੀਤਾ ਗਿਆ ਤਾਂ ਕਿ ਇਹ ਸਿੱਧ ਕੀਤਾ ਜਾ ਸਕੇ ਕਿ ਭਾਰਤ ਦੀ ਕੇਂਦਰ ਸਰਕਾਰ ਨੂੰ ਮਜ਼ਬੂਰੀ ਵੱਸ ਇਹ ਕਠੋਰ ਕਦਮ ਚੁੱਕਣੇ ਪਏ ਹਨ, ਪਰ ਅਸਲ ਵਿੱਚ ਇੰਦਰਾ ਗਾਂਧੀ ਦਾ ਖਾਨਦਾਨੀ ਖੂਨ ਐਸੀ ਸੌੜੀ ਜ਼ਹਿਨੀਅਤ ਨਾਲ ਭਰਿਆ ਹੋਇਆ ਹੈ ਕਿ ਇਸਦੇ ਪਿਤਾ ਪੰਡਿਤ ਨਹਿਰੂ ਤੇ ਦਾਦਾ ਮੋਤੀ ਲਾਲ ਆਦਿ ਨੇ ਦੇਸ਼ ਦੀ ਆਜ਼ਾਦੀ ਵਾਸਤੇ ਸਿੱਖਾਂ ਨੂੰ ਬਲੀ ਦਾ ਬੱਕਰਾ ਬਣਾਉਣ ਲਈ ਤਰ੍ਹਾਂ-ਤਰ੍ਹਾਂ ਦੇ ਵਾਅਦੇ ਕੀਤੇ ਅਤੇ ਰਾਜਭਾਗ ਦੇ ਕਈ ਸਬਜ਼ਬਾਗ ਵਿਖਾਏ। ਪਰ ਆਜ਼ਾਦੀ ਮਿਲਦਿਆਂ ਹੀ ਉਸਦੇ ਖੂਨ ਦਾ ਅਸਲੀ ਪੱਖ ਉਜਾਗਰ ਹੋਇਆ ਜਦੋਂ ਆਜ਼ਾਦੀ ਤੋਂ ਦੋ ਮਹੀਨੇ ਬਾਅਦ ਹੀ ਸਰਕਾਰੀ ਫੁਰਮਾਨ ਜਾਰੀ ਕੀਤੇ ਗਏ ਕਿ 'ਸਿੱਖ ਜਰਾਇਮ ਪੇਸ਼ਾ ਕੌਮ' ਹਨ। ਬੱਸ ਫਿਰ ਕੀ ਸੀ ਵਾਅਦੇ ਕਿਸ ਨੇ ਪੂਰੇ ਕਰਨੇ ਸਨ ਬਲਕਿ ਸਿੱਖਾਂ ਨੂੰ ਜਲਾਲਤ ਦਰ ਜਲਾਲਤ ਮੁਸਕਿਲਾਂ ਦਾ ਸਾਹਮਣਾ ਕਰਨਾ ਪਿਆ। ਉਸੇ ਪੰਡਿਤ ਨਹਿਰੂ ਦੀ ਧੀ ਇੰਦਰਾ ਗਾਂਧੀ ਨੂੰ ਸਿੱਖਾਂ ਵਿਰੁੱਧ ਸੌੜੀ ਸੋਚ ਵਿਰਾਸਤ ਵਿੱਚੋਂ ਮਿਲੀ ਅਤੇ ਉਹ ਇਹ ਵੀ ਜਾਣਦੀ ਸੀ ਕਿ ਸਿੱਖ ਆਪਣੇ ਹੱਕਾਂ ਦੀ ਲੜਾਈ ਲੜਨੀ ਜਾਣਦੇ ਹਨ। ਉਸ ਨੇ ਐਮਰਜੈਂਸੀ ਦਾ ਦੌਰ ਵੀ ਵੇਖਿਆ ਸੀ ਜਦੋਂ ਸਿੱਖਾਂ ਨੇ ਇੰਦਰਾ ਗਾਂਧੀ ਦੇ ਤਾਨਾਸ਼ਾਹੀ ਹੁਕਮਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਸਨ। ਇਥੋਂ ਤੱਕ ਕਿ ਸਾਡੇ ਹਿੰਦੁਸਤਾਨ ਵਿੱਚ ਇੰਦਰਾ ਗਾਂਧੀ ਦੀ ਕਾਂਗਰਸ ਸਮਾਜ ਦਾ ਰਾਜਸੀ ਤੌਰ 'ਤੇ ਸਫਾਇਆ ਹੋ ਗਿਆ ਸੀ ਅਤੇ ਹੁਣ ਸਿੱਖ ਕੌਮ ਦੇ ਆਗੂ ਇਨ੍ਹਾਂ ਦੇ ਵਡੇਰਿਆਂ ਨਹਿਰੂ, ਗਾਂਧੀ, ਪਟੇਲ ਆਦਿ ਵਰਗਿਆਂ ਦੇ ਕੀਤੇ ਹੋਏ ਵਾਅਦਿਆਂ ਮੁਤਾਬਕ ਹੀ ਆਪਣੇ ਹੱਕਾਂ ਦੀ ਪੂਰਤੀ ਲਈ ਧਰਮ ਯੁੱਧ ਮੋਰਚਾ ਖੋਲ੍ਹਾ ਰਹੇ ਸਨ।

ਦੂਸਰੇ ਪਾਸੇ ਇੰਦਰਾ ਗਾਂਧੀ ਵੱਲੋਂ ਸਿੱਖਾਂ ਦੇ ਧਾਰਮਿਕ ਖੇਤਰ ਦੀ ਮਹੱਤਤਾ ਘਟਾਉਣ ਲਈ ਅਖੌਤੀ ਗੁਰੂ ਭੇਖ ਤਿਆਰ ਕੀਤਾ ਗਿਆ ਸੀ। ਸਿੱਖਾਂ ਦੇ ਭੇਸ ਵਿੱਚ ਕਈ ਗਰੁੱਪ ਅਤੇ ਨਕਲੀ ਨਿਰੰਕਾਰੀਏ ਖੜ੍ਹੇ ਕੀਤੇ ਗਏ ਸਨ ਜਿਸਦਾ ਸਿੱਖਾਂ ਨੇ ਲਗਭਗ ਸਾਰੇ ਪੰਜਾਬ ਵਿੱਚੋਂ ਸਫਾਇਆ ਹੀ ਕਰ ਦਿੱਤਾ ਸੀ ਅਤੇ ਇਸੇ ਤਰ੍ਹਾਂ ਸਿੱਖ ਸਿਧਾਂਤਾਂ ਨੂੰ

Scanned with CamScanner

ਸੱਟ ਮਾਰਨ ਲਈ ਜੇ ਕੋਈ ਅਖੌਤੀ ਮਹਾਸ਼ਾ ਪ੍ਰੈੱਸ ਨੂੰ ਹਵਾ ਦੇ ਕੇ ਸਿੱਖਾਂ ਦੇ ਵਿਰੁੱਧ ਖੜ੍ਹਾ ਕੀਤਾ ਗਿਆ ਤਾਂ ਉਸਦਾ ਵੀ ਸਿੱਖਾਂ ਵੱਲੋਂ ਮੂੰਹ ਤੋੜਵਾ ਜਵਾਬ ਦਿੱਤਾ ਗਿਆ। ਹੁਣ ਦੁਨੀਆਂ ਸਾਹਮਣੇ ਸਿੱਖ ਕੌਮ ਆਪਣੇ ਹੱਕ ਮੰਗਦੀ ਸੀ ਅਤੇ ਇਨ੍ਹਾਂ ਹੱਕਾਂ ਦੀ ਪੂਰਤੀ ਨਾ ਕਰਨ ਦਾ ਕੋਈ ਸਾਰਥਕ ਬਹਾਨਾ ਵੀ ਕੇਂਦਰ ਸਰਕਾਰ ਨੂੰ ਨਹੀਂ ਲੱਭ ਰਿਹਾ ਸੀ। ਸਭ ਤੋਂ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਹਿੰਦੂ ਬਹੁਗਿਣਤੀ ਨੂੰ ਪ੍ਰਭਾਵਿਤ ਕਰਨ ਲਈ ਇੰਦਰਾ ਗਾਂਧੀ ਆਪਣੇ ਰਾਜ ਹੱਠ ਤਹਿਤ ਇੱਕ ਤੀਰ ਨਾਲ ਦੋ ਨਿਸ਼ਾਨੇ ਲਾਉਣ ਲਈ ਵੀ ਯਤਨਸ਼ੀਲ ਸੀ ਤਾਂ ਕਿ ਇੱਕ ਪਾਸੇ ਹਿੰਦੂ ਬਹੁਗਿਣਤੀ ਨੂੰ ਖੁਸ਼ ਕੀਤਾ ਜਾਵੇ ਅਤੇ ਦੂਜੇ ਪਾਸੇ ਸਿੱਖਾਂ ਨੂੰ ਐਸਾ ਸਬਕ ਸਿਖਾਇਆ ਜਾਵੇ ਕਿ ਉਹ ਸਦੀਆਂ ਤੱਕ ਯਾਦ ਰੱਖਣ ਅਤੇ ਭਵਿੱਖ ਵਿੱਚ ਆਪਣੇ ਹੱਕ ਮੰਗਣ ਜਾਂ ਰਾਜ ਭਾਗ ਦੀ ਪ੍ਰਾਪਤੀ ਬਾਰੇ ਸੋਚ ਵੀ ਨਾ ਸਕਣ। ਇਸ ਲਈ ਉਸ ਨੇ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਕਰਨ ਦੇ ਨਾਲ-ਨਾਲ ਆਪਣਾ ਧਰਮ ਨਿਰਪੱਖਤਾ ਦਾ ਪਹਿਨਿਆ ਹੋਇਆ ਮੁਖੌਟਾ ਬਚਾਉਣ ਲਈ ਆਪਣੇ ਮਿੱਤਰ ਦੇਸ਼ਾਂ ਤੋਂ ਇਸ ਹਮਲੇ ਵਾਸਤੇ ਸਹਿਮਤੀ ਵੀ ਲੈ ਲਈ ਸੀ। ਜਿਵੇਂ ਸੋਵੀਅਤ ਯੂਨੀਅਨ (ਰਸ਼ੀਆ) ਤੋਂ ਇਸ ਹਮਲੇ ਦੇ ਢੰਗ ਤਰੀਕੇ ਬਾਰੇ ਮਦਦ ਲੈਣ ਲਈ ਇੰਦਰਾ ਗਾਂਧੀ ਨੇ ਜਨਵਰੀ 1984 'ਚ ਉਥੇ ਦੇ ਰਾਸ਼ਟਰਪਤੀ ਮਿਖਾਇਲ ਗੋਰਬਾਚੇਵ ਨਾਲ ਗੱਲਬਾਤ ਕੀਤੀ ਅਤੇ ਉਸ ਨੇ ਇੰਦਰਾ ਗਾਂਧੀ ਨੂੰ ਇਹ ਜੋਖਮ ਭਰਿਆ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਕਿਉਂਕਿ ਰਸ਼ੀਆ ਦੇ ਪੰਜਾਬ ਵਿਚਲੇ ਕਰਤੇ-ਧਰਤੇ ਕਾਮਰੇਡ ਹਰਕ੍ਰਿਸ਼ਨ ਸੁਰਜੀਤ ਨੇ ਆਪਣੇ ਵਸੀਲਿਆਂ ਰਾਹੀਂ ਪਹਿਲਾਂ ਹੀ ਰਸ਼ੀਆ ਗੌਰਮਿੰਟ ਨੂੰ ਦੱਸ ਦਿੱਤਾ ਸੀ ਕਿ ਪੰਜਾਬ ਵਿੱਚ ਬੰਗਾਲ ਵਰਗੇ ਰਾਜਨੀਤਿਕ ਹਾਲਾਤ ਨਹੀਂ ਬਣ ਸਕਦੇ ਕਿਉਂਕਿ ਇੱਥੇ ਸੰਤ ਭਿੰਡਰਾਂਵਾਲਿਆਂ ਦੇ ਸਿੱਖੀ ਪ੍ਰਚਾਰ ਦੇ ਪ੍ਰਭਾਵ ਥੱਲੇ ਪੰਜਾਬ ਦੀ ਨੌਜਵਾਨੀ ਸਿੱਖੀ ਵੱਲ ਪ੍ਰੇਰਿਤ ਹੋ ਚੁੱਕੀ ਹੈ ਅਤੇ ਸੰਤ ਭਿੰਡਰਾਂਵਾਲਿਆਂ ਦਾ ਬੋਲਬਾਲਾ ਦਿਨੋਂ ਦਿਨ ਵੱਧ ਰਿਹਾ ਹੈ। ਇਸ ਲਈ ਇਨ੍ਹਾਂ ਦੇ ਹੁੰਦਿਆਂ ਕਾਮਰੇਡੀ ਵਿਚਾਰਧਾਰਾ ਦੇ ਪੰਜਾਬ ਵਿੱਚ ਪੈਰ ਨਹੀਂ ਲੱਗ ਸਕਦੇ। ਹਰਕ੍ਰਿਸ਼ਨ ਸੁਰਜੀਤ ਦੀ ਇਸ ਸੋਚ ਦਾ ਪ੍ਰਗਟਾਵਾ ਉੱਘੇ ਸਾਹਿਤਕਾਰ ਪੀ. ਸੀ. ਐੱਸ. ਅਧਿਕਾਰੀ ਏ. ਆਰ. ਦਰਸ਼ੀ ਨੇ ਵੀ ਆਪਣੀ ਲਿਖਤ ਰਾਹੀਂ ਕੀਤਾ ਹੈ। ਹਰਕ੍ਰਿਸ਼ਨ ਸੁਰਜੀਤ ਵੀ ਇੱਕ ਅਜਿਹੀ ਕੜੀ ਸੀ ਜਿਸ ਨੇ ਰਸ਼ੀਆ ਨੂੰ ਇੰਦਰਾ ਗਾਂਧੀ ਦੀ ਮਦਦ ਲਈ ਪ੍ਰੇਰਿਆ। ਇਸੇ ਤਰ੍ਹਾਂ ਫਿਲਪਾਈਨ ਦੀਆਂ ਮਹਾਰਾਣੀ ਅਕੀਨੋ ਨਾਲ ਵੀ ਅਜਿਹੀ ਗੱਲਬਾਤ ਕੀਤੀ ਗਈ। ਇੰਦਰਾ ਨੇ ਯੂ. ਕੇ. (ਬਰਤਾਨੀਆ) ਦੀ ਉਸ ਸਮੇਂ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਤੋਂ ਵੀ ਇਸ ਹਮਲੇ ਸਬੰਧੀ ਸਹਿਯੋਗ ਲਿਆ। ਇਸ ਗੱਲ ਦਾ ਖੁਲਾਸਾ ਉਦੋਂ ਹੋਇਆ ਜਦੋਂ ਇੰਗਲੈਂਡ ਦੇ ਪਾਰਲੀਮੈਂਟ ਮੈਂਬਰ ਟਾਮ ਵਾਟਸਨ ਨੇ ਬਰਤਾਨੀਆ ਸਰਕਾਰ ਦੇ ਅੰਦਰੂਨੀ ਦਸਤਾਵੇਜ਼ਾਂ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਬਰਤਾਨੀਆ ਸਰਕਾਰ ਨੇ ਉਪਰੇਸ਼ਨ ਬਲਿਊ ਸਟਾਰ ਲਈ ਇੰਦਰਾ ਸਰਕਾਰ ਦੀ ਮਦਦ ਕੀਤੀ। ਉਥੇ ਦੇ ਹੀ ਇੱਕ ਸਿੱਖ ਮੈਂਬਰ ਪਾਰਲੀਮੈਂਟ ਸ. ਇੰਦਰਜੀਤ ਸਿੰਘ ਨੇ ਕਿਹਾ ਕਿ ਹੁਣ ਸਾਫ ਹੋ ਚੁੱਕਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਉਪਰ ਹਮਲੇ ਦੀ ਯੋਜਨਾ, ਹਮਲਾ ਕਰਨ ਤੋਂ ਕਈ ਮਹੀਨੇ ਪਹਿਲਾਂ ਤਿਆਰ ਕੀਤੀ ਗਈ ਸੀ। ਇੰਗਲੈਂਡ ਵਸਦੇ ਸਿੱਖ ਅੱਜ ਵੀ ਬਰਤਾਨੀਆ ਸਰਕਾਰ ਦੇ ਇਸ ਰਵੱਈਏ ਤੋਂ ਹੈਰਾਨ ਵੀ ਹਨ ਅਤੇ ਦੁਖੀ ਵੀ, ਉਹ ਮੰਗ ਕਰ ਰਹੇ ਹਨ ਕਿ ਬਰਤਾਨੀਆ ਸਰਕਾਰ ਇਸ ਸਬੰਧੀ ਸਿੱਖਾਂ ਤੋਂ ਖਿਮਾ ਮੰਗੇ।

ਇਸ ਤੋਂ ਇਲਾਵਾ ਉਪਰੇਸ਼ਨ ਬਲਿਊ ਸਟਾਰ ਦੀ ਫੌਜੀ ਕਾਰਵਾਈ ਦੇ ਇੰਚਾਰਜ ਜਰਨਲ ਕੇ. ਸੁੰਦਰਜੀ ਨੇ ਫੌਜੀ ਹਮਲੇ ਤੋਂ ਬਾਅਦ ਇੱਕ ਉੱਘੇ ਪੱਤਰਕਾਰ ਇੰਦਰ ਮਲਹੋਤਰਾ ਨੂੰ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਤੋਂ ਕਈ ਮਹੀਨੇ ਪਹਿਲਾਂ ਇਸਦੀ ਤਿਆਰੀ ਕੀਤੀ ਗਈ ਸੀ ਕਿਉਂਕਿ 15 ਜਨਵਰੀ 1984 ਨੂੰ ਸੈਨਾ ਦਿਵਸ ਵਾਲੇ ਦਿਨ ਭਾਰਤ ਦੇ ਰੱਖਿਆ ਮੰਤਰੀ ਰਾਮਾ ਸਵਾਮੀ ਵੈਂਕਟਰਮਨ ਨੇ ਇਸ ਸਬੰਧੀ ਤੁਰੰਤ ਤਿਆਰੀਆਂ ਆਰੰਭਣ ਲਈ ਕਿਹਾ ਸੀ ਤਾਂ ਕਿ ਇਸ ਕਾਰਵਾਈ ਨੂੰ ਸਫਲਤਾ ਪੂਰਵਕ ਅੰਜਾਮ ਦਿੱਤਾ ਜਾ ਸਕੇ। ਉਸ ਨੇ ਇਹ ਵੀ ਕਿਹਾ ਕਿ ਇਹ ਹੁਕਮ ਪ੍ਰਧਾਨ ਮੰਤਰੀ ਦਾ ਹੈ। ਇਨ੍ਹਾਂ ਹਦਾਇਤਾਂ ਅਨੁਸਾਰ ਹੀ ਭਾਰਤੀ ਫੌਜ ਨੇ ਚਕਰਾਤਾ (ਉਤਰਾਖੰਡ) ਅਤੇ ਸਹਾਰਨਪੁਰ ਨੇੜੇ ਸਰਸਾਵਾ ਵਿਖੇ ਬੈਹੱਦ ਤਜਰਬੇਕਾਰ ਕਮਾਂਡੋਜ਼ ਨੂੰ ਇਸ ਹਮਲੇ ਸਬੰਧੀ ਬਕਾਇਦਾ ਤੌਰ 'ਤੇ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਤਿਆਰ ਕਰਵਾ ਕੇ ਰਿਹਸਲ ਕਰਵਾਈ ਗਈ। ਇਸ ਮਾਡਲ ਵਿੱਚ ਦਰਬਾਰ ਸਾਹਿਬ ਦੀਆਂ ਦਿਸ਼ਾਵਾਂ, ਨੇੜਲੀਆਂ ਬਿਲਡਿੰਗਾਂ, ਮੁੱਖ ਦਰਵਾਜਿਆਂ ਆਦਿ ਦੇ ਸਮਝਣਯੋਗ ਚਿੱਤਰ ਬਣਾਏ ਗਏ ਸਨ ਅਤੇ ਵੱਖਰੀਆਂ-ਵੱਖਰੀਆਂ ਬਟਾਲੀਅਨਾਂ ਨੂੰ ਇਥੇ ਸੱਦ-ਸੱਦ ਕੇ ਹਮਲੇ ਲਈ ਸਿਖਲਾਈ ਦਿੱਤੀ ਗਈ।

ਹਮਲੇ ਦੀ ਯੋਜਨਾ ਤਹਿਤ ਹੀ ਪੰਜਾਬ ਦੇ ਗਵਰਨਰ ਅਤੇ ਪੁਲਿਸ ਮੁਖੀਆਂ ਦੀਆਂ ਉਪਰ ਥਲੀ ਬਦਲੀਆਂ

Scanned with CamScanner

ਕੀਤੀਆਂ ਗਈਆਂ। ਜਿਸਦਾ ਮਕਸਦ ਸੀ ਕਿ ਇਨ੍ਹਾਂ ਵਿੱਚੋਂ ਕੋਈ ਵੀ ਵਿਅਕਤੀ ਕੇਂਦਰ ਦੀਆਂ ਮਾੜੂ ਨੀਤੀਆਂ ਨੂੰ ਸਮਝ ਨਾ ਸਕੇ। ਜੂਨ 1980 ਵਿੱਚ ਪੰਜਾਬ ਦਾ ਗਵਰਨਰ ਜੈ ਸੁਖ ਲਾਲ ਹਾਥੀ ਨੂੰ ਬਣਾਇਆ ਗਿਆ ਅਗਸਤ 1981 ਨੂੰ ਹਾਥੀ ਦੀ ਥਾਂ 'ਤੇ ਸ੍ਰੀ ਅਮੀਨੂ ਦੀਨ ਨੂੰ ਪੰਜਾਬ ਦਾ ਗਵਰਨਰ ਲਗਾ ਦਿੱਤਾ ਗਿਆ। ਅੱਠ ਮਹੀਨੇ ਬਾਅਦ ਇਸ ਦੀ ਜਗ੍ਹਾ ਸ੍ਰੀ ਚੈਨਾ ਰੈਡੀ ਨੂੰ ਲਗਾ ਦਿੱਤਾ ਗਿਆ ਅਤੇ ਦਸ ਮਹੀਨੇ ਬਾਅਦ ਏ. ਪੀ. ਸ਼ਰਮਾ ਨੂੰ ਗਵਰਨਰ ਲਗਾਇਆ ਗਿਆ ਫਿਰ ਅਗਲੇ ਛੇ ਮਹੀਨੇ ਬਾਅਦ ਹੀ ਉਸ ਨੂੰ ਬਦਲ ਕੇ ਬੀ. ਡੀ. ਪਾਂਡੇ ਨੂੰ ਪੰਜਾਬ ਦਾ ਗਵਰਨਰ ਲਗਾਇਆ। ਜੋ ਰਾਸ਼ਟਰਪਤੀ ਰਾਜ ਸਮੇਂ ਅਤੇ ਉਸ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਤੱਕ ਗਵਰਨਰ ਰਿਹਾ। ਅਖੀਰ ਇਸ ਨੇ ਵੀ ਸ੍ਰੀ ਦਰਬਾਰ ਸਾਹਿਬ ਉਪਰ ਹੋਏ ਹਮਲੇ ਦੇ ਰੋਸ ਵਜੋਂ ਜੂਨ 1984 ਵਿੱਚ ਹੀ ਅਸਤੀਫਾ ਦੇ ਦਿੱਤਾ ਸੀ। ਇਸੇ ਤਰ੍ਹਾਂ ਪੰਜਾਬ ਪੁਲਿਸ ਦੇ ਮੁਖੀਆਂ ਦੀ ਵੀ ਉਪਰ ਬਲੀ ਬਦਲੀ ਕੀਤੀ ਗਈ। ਪਹਿਲਾਂ ਦਰਬਾਰਾ ਸਿੰਘ ਰਾਜ ਸਮੇਂ ਬੀਰਬਲ ਨਾਥ ਪੁਲਿਸ ਮੁਖੀ ਸੀ, ਫਿਰ ਸੀ. ਕੇ. ਸਾਹਨੀ ਨੂੰ ਪੁਲਿਸ ਮੁਖੀ ਲਗਾਇਆ ਗਿਆ। ਇਸ ਤੋਂ ਬਾਅਦ ਪ੍ਰੀਤਮ ਸਿੰਘ ਭਿੰਡਰ ਨੂੰ ਪੁਲਿਸ ਮੁਖੀ ਲਗਾਇਆ ਅਤੇ ਇਸਦੇ ਸਮੇਂ ਹੀ ਦਰਬਾਰ ਸਾਹਿਬ ਉਪਰ ਤੋਪਾਂ ਟੈਂਕਾਂ ਨਾਲ ਫੌਜੀ ਹਮਲੇ ਦੀ ਕਾਰਵਾਈ ਨੂੰ ਸਿਰੇ ਚੜ੍ਹਾਇਆ। ਇਸ ਨੇ ਵੀ ਜੂਨ 1984 ਵਿੱਚ ਹੀ ਇਸ ਪਦਵੀ ਤੋਂ ਅਸਤੀਫਾ ਦੇ ਦਿੱਤਾ ਸੀ ਫਿਰ ਇਸ ਤੋਂ ਬਾਅਦ ਕੇ. ਐਸ. ਢਿੱਲੋਂ ਨੂੰ ਪੁਲਿਸ ਮੁਖੀ ਲਗਾਇਆ ਗਿਆ।

ਇਸੇ ਤਰ੍ਹਾਂ ਭਾਰਤੀ ਫੌਜ ਦੇ ਜਰਨਲ, ਮੇਜਰ ਜਰਨਲ, ਕਰਨਲ, ਬ੍ਰਿਗੇਡੀਅਰ, ਕਮਾਂਡਰ ਆਦਿਕ ਅਫਸਰਾਂ ਦੀਆਂ ਮੀਟਿੰਗਾਂ, ਕਾਰਵਾਈਆਂ ਅਤੇ ਆਪਸੀ ਮੁਲਾਕਾਤਾਂ ਹਮਲੇ ਸਬੰਧੀ ਤਿਆਰੀਆਂ ਆਦਿ ਬਾਰੇ ਪ੍ਰਸਿੱਧ ਪੱਤਰਕਾਰ ਸ. ਕੇਵਰ ਸਿੰਘ ਸੰਧੂ ਨੇ ਕਈ ਫੌਜੀ ਅਧਿਕਾਰੀਆਂ, ਪੁਲਿਸ ਅਫਸਰਾਂ, ਸੀ. ਆਈ. ਡੀ. ਅਫਸਰਾਂ, ਸੀ. ਆਰ. ਪੀ. ਦੇ ਮੁਖੀਆਂ, ਇੰਟੈਲੀਜੈਂਸ ਵਿੰਗ ਦੇ ਅਧਿਕਾਰੀਆਂ ਆਦਿ ਨਾਲ ਬੜੀ ਮਿਹਨਤ ਨਾਲ ਇੰਟਰਵਿਊ ਕੀਤੀਆਂ ਹਨ ਅਤੇ ਸ੍ਰੀ ਦਰਬਾਰ ਸਾਹਿਬ ਉਪਰ ਹੋਏ ਹਮਲੇ ਸਬੰਧੀ ਜਾਣਕਾਰੀ ਇਕੱਤਰ ਕਰਨ ਲਈ ਯਤਨ ਕੀਤਾ ਹੈ। ਉਸ ਦੀ ਜਾਣਕਾਰੀ ਅਨੁਸਾਰ ਵੀ ਕਈ ਫੌਜੀ ਅਫਸਰ, ਸਿਵਲ ਅਧਿਕਾਰੀ, ਸੀ.ਆਈ.ਡੀ. ਅਫਸਰ, ਡੀ. ਸੀ. ਅੰਮ੍ਰਿਤਸਰ ਆਦਿ ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਕਾਰਵਾਈ ਨਾਲ ਸਹਿਮਤ ਨਹੀਂ ਸਨ। ਜਿਸ ਦੀ ਵਿਆਖਿਆ ਅੱਗੇ ਚੱਲ ਕੇ ਕਰਾਂਗੇ।

ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੌਜਾਂ ਭੇਜਣ ਸਬੰਧੀ ਦੇਸ਼ ਦੇ ਵੱਖ-ਵੱਖ ਰਾਜਨੀਤਿਕ ਆਗੂਆਂ ਨੂੰ ਭਿਣਕ ਪਈ ਤਾਂ ਉਨ੍ਹਾਂ ਵਿੱਚੋਂ ਕਈਆਂ ਨੇ ਇੰਦਰਾ ਗਾਂਧੀ ਨੂੰ ਅਜਿਹਾ ਨਾ ਕਰਨ ਲਈ ਕਿਹਾ ਬਲਿਕ ਉਸ ਨੂੰ ਦੱਸਿਆ ਕਿ ਅਜਿਹਾ ਕਰਨ ਨਾਲ ਇਸਦੇ ਭਿਆਨਕ ਸਿੱਟੇ ਨਿਕਲਣਗੇ। ਇਨ੍ਹਾਂ ਆਗੂਆਂ ਵਿੱਚੋਂ ਪਾਰਲੀਮੈਂਟ ਮੈਂਬਰ ਡਾ. ਸੁਬਰਾਮਨੀਅਮ ਸਵਾਮੀ ਦੇਸ਼ ਦੇ ਰਹਿ ਚੁਕੇ ਰਾਸ਼ਟਰਪਤੀ ਪ੍ਰਣਬ ਮੁਖਰਜੀ, ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ, ਉੱਘੇ ਪੱਤਰਕਾਰ ਕੁਲਦੀਪ ਨਈਅਰ ਆਦਿ ਸ਼ਾਮਿਲ ਹਨ। ਪਰ ਇੰਦਰਾ ਗਾਂਧੀ ਆਪਣੇ ਵੱਲੋਂ ਲਏ ਜਾ ਚੁੱਕੇ ਫੈਸਲੇ ਪ੍ਰਤੀ ਪੂਰੀ ਤਰ੍ਹਾਂ ਬਜਿੱਦ ਸੀ। ਸ਼ਾਇਦ ਵਾਸਤਵ ਵਿੱਚ ਇਸ ਤੋਂ ਪੈਦਾ ਹੋਣ ਵਾਲੇ ਹਾਲਾਤ ਤੋਂ ਉਹ ਅਨਜਾਣ ਸੀ। ਇੱਕ ਉੱਘੇ ਸਿੱਖ ਚਿੰਤਕ, ਸਿੰਘਾਪੁਰ ਵਿਖੇ ਸੇਵਾ ਮੁਕਤ ਚੀਫ ਜਸਟਿਸ ਸ. ਚੂਹੜ ਸਿੰਘ ਨੇ ਠੀਕ ਲਿਖਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਨਾਲ ਮੋਹ ਪਿਆਰ, ਅਦਬ ਸਤਿਕਾਰ, ਵਡਾਦਾਰੀ, ਸਿਦਕ ਭਰਪੂਰ ਪ੍ਰਤੀਬੱਧਤਾ ਨੂੰ ਕੇਵਲ ਸਿੱਖ ਹੀ ਸਮਝ ਸਕਦੇ ਹਨ। ਇਹ ਸਮਝ ਗੈਰ ਸਿੱਖਾਂ ਦੇ ਗੇੜ ਵਿੱਚ ਨਹੀਂ ਆ ਸਕਦੀ।

ਜਨਰਲ ਹਰਬਖਸ਼ ਸਿੰਘ ਵੱਲੋਂ 1965 ਭਾਰਤ-ਪਾਕਿ ਜੰਗ ਦੇ ਸਮੇਂ ਹਿੰਦੂ ਜਰਨੈਲਾਂ ਦੇ ਸਿੱਖਾਂ ਪ੍ਰਤੀ ਮਾੜੇ ਮਨਸੂਬਿਆਂ ਦਾ ਪਰਦਾ ਫਾਸ਼

ਯਾਦ ਰਹੇ ਕਿ ਸੰਨ 1965 ਵਿੱਚ ਭਾਰਤ ਪਾਕਿਸਤਾਨ ਦੀ ਲੜਾਈ ਸਮੇਂ ਜਦੋਂ ਖੇਮਕਰਨ ਤੇ ਬਾਘਾ ਬਾਰਡਰ 'ਤੇ ਘਮਸਾਨ ਦੀ ਲੜਾਈ ਵਿੱਚ ਪਾਕਿਸਤਾਨੀ ਫੌਜਾਂ ਦਾ ਪੱਲੜਾ ਭਾਰੀ ਸੀ। ਉਹ ਖੇਮਕਰਨ ਤੋਂ ਅੱਗੇ ਕਈ ਪਿੰਡਾਂ ਤੱਕ ਪਹੁੰਚ ਚੁੱਕੇ ਸਨ ਤਾਂ ਇਸ ਸਮੇਂ ਭਾਰਤੀ ਫੌਜ ਦੇ ਸੈਨਾ ਮੁਖੀ ਜਨਰਲ ਮਾਣਕ ਸ਼ਾਹ ਨੇ ਬਾਰਡਰ 'ਤੇ ਫੌਜ ਦੀ ਕਮਾਂਡ ਕਰ ਰਹੇ ਜਨਰਲ ਹਰਬਖਸ਼ ਸਿੰਘ ਨੂੰ ਹੁਕਮ ਦਿੱਤਾ ਕਿ ਆਪਣੀਆਂ ਫੌਜਾਂ ਨੂੰ ਬਿਆਸ ਦਰਿਆ ਤੋ ਪਿੱਛੇ ਲੈ ਆਉਣ। ਇਹ ਹੁਕਮ ਸੁਣਦਿਆਂ ਹੀ ਜਨਰਲ ਹਰਬਖਸ਼ ਸਿੰਘ ਨੂੰ ਸਮਝਣ ਵਿੱਚ ਦੇਰ ਨਾ ਲੱਗੀ ਕਿ ਇਹ ਇੱਕ ਸੋਚੀ ਸਮਝੀ ਸਕੀਮ ਤਹਿਤ ਸ੍ਰੀ ਹਰਿਮੰਦਰ ਸਾਹਿਬ ਨੂੰ ਪਾਕਿਸਤਾਨ ਵਿੱਚ ਧੱਕਣਾ ਚਾਹੁੰਦੇ ਹਨ। ਇਸ ਲਈ ਜਨਰਲ

Scanned with CamScanner

ਹਰਬਖਸ਼ ਸਿੰਘ ਨੇ ਭਾਰਤੀ ਫੌਜ ਦੇ ਮੁਖੀ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦਿਆਂ ਤੁਰੰਤ ਬਾਰਡਰ 'ਤੇ ਜਾ ਕੇ ਫੌਜ ਦੀ ਹੌਸਲਾ ਅਫਜਾਈ ਕਰਨ ਦਾ ਫੈਸਲਾ ਲਿਆ।

ਉਸ ਸਮੇਂ ਇਨ੍ਹਾਂ ਦਾ ਕੰਟਰੋਲ ਕੈਂਪ ਅੰਬਾਲੇ ਵਿਖੇ ਸੀ ਤੇ ਉਥੋਂ ਰਾਤੋ ਰਾਤ ਇੱਕ ਫੌਜੀ ਯੋਗਾ (ਜੀਪ) ਵਿੱਚ ਖੇਮਕਰਨ ਪਹੁੰਚੇ। ਉਸ ਸਮੇਂ ਮਹਾਰਾਜਾ ਪਟਿਆਲਾ ਕੈਪਟਨ ਅਮਰਿੰਦਰ ਸਿੰਘ ਵੀ ਇਨ੍ਹਾਂ ਦੇ ਨਾਲ ਸੀ। ਇਨ੍ਹਾਂ ਨੇ ਹੌਸਲਾ ਹਾਰ ਚੁੱਕੇ ਜਵਾਨਾਂ ਨੂੰ ਇਕੱਤਰ ਕੀਤਾ ਤੇ ਉਨ੍ਹਾਂ ਨੂੰ ਰੋਹ ਭਰੇ ਜਜ਼ਬੇ ਨਾਲ ਆਖਿਆ ਕਿ ਅਸੀਂ ਕਿਸੇ ਵੀ ਕੀਮਤ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਹੱਦਾਂ ਅੰਦਰ ਪਾਕਿਸਤਾਨੀ ਫੌਜ ਨੂੰ ਅੱਗੇ ਨਹੀਂ ਵੱਧਣ ਦਿਆਂਗੇ, ਹਰ ਤਰ੍ਹਾਂ ਮੈਂ ਤੁਹਾਡੇ ਨਾਲ ਹਾਂ। ਜਨਰਲ ਹਰਬਖਸ਼ ਸਿੰਘ ਨੂੰ ਜੰਗ ਮੈਦਾਨ ਵਿੱਚ ਪਹੁੰਚਿਆ ਵੇਖ ਕੇ ਭਾਰਤੀ ਫੌਜਾਂ ਖਾਸਕਰ ਸਿੱਖ ਜਵਾਨਾਂ ਦੇ ਹੌਸਲੇ ਬੇਹੱਦ ਬੁਲੰਦ ਹੋ ਗਏ। ਉਨ੍ਹਾਂ ਦੇ ਆਦੇਸ਼ ਮੁਤਾਬਕ ਭਾਰਤੀ ਫੌਜ ਨੇ ਵੱਡੀ ਹਿੰਮਤ ਨਾਲ ਫਿਰ ਤੋਂ ਪਾਕਿਸਤਾਨੀ ਫੌਜ 'ਤੇ ਹਮਲੇ ਕੀਤੇ ਤੇ ਉਨ੍ਹਾਂ ਦੇ ਟੈਂਕਾਂ ਉੱਪਰ ਕਾਬਜ ਹੋਣ ਵਿੱਚ ਸਫਲ ਹੋ ਗਏ। ਫਿਰ ਕੀ ਸੀ ਲੜਾਈ ਦਾ ਰੁਖ ਬਦਲ ਗਿਆ ਤੇ ਪਲਾਂ ਵਿੱਚ ਹੀ ਪਾਕਿਸਤਾਨੀ ਫੌਜ ਦੇ ਪੈਰ ਉਖੜ ਗਏ। ਇਸੇ ਦੌਰਾਨ ਪਾਕਿਸਤਾਨੀ ਫੌਜ ਦਾ ਇੱਕ ਜਨਰਲ ਹੈਲੀਕਾਪਟਰ 'ਤੇ ਆਪਣੀ ਫੌਜ ਦੀ ਨਿਗਰਾਨੀ ਕਰਦਿਆਂ ਉਸ ਵੇਲੇ ਮਾਰਿਆ ਗਿਆ ਜਦੋਂ ਜਨਰਲ ਹਰਬਖਸ਼ ਸਿੰਘ ਨੇ ਹੈਲੀਕਾਪਟਰ ਨੂੰ ਨਿਸ਼ਾਨਾ ਬਣਾ ਕੇ ਡੇਗ ਦਿੱਤਾ। ਅਖੀਰ ਜਨਰਲ ਹਰਬਖਸ਼ ਸਿੰਘ ਦੀਆਂ ਫੌਜਾਂ ਨੇ ਪਾਕਿਸਤਾਨ ਦੀਆਂ ਫੌਜਾਂ ਵੱਲੋਂ ਕਬਜੇ ਹੇਠ ਕੀਤੀ ਭਾਰਤੀ ਸਰਜ਼ਮੀਨ ਨੂੰ ਖਾਲੀ ਕਰਵਾਇਆ ਤੇ ਫਿਰ ਤੋਂ ਭਾਰਤ ਪਾਕਿਸਤਾਨ ਦੀ ਹੱਦ 'ਤੇ ਪਹੁੰਚ ਚੁੱਕੇ ਸਨ।

ਇਸ ਤਰ੍ਹਾਂ ਇਸ ਯੁੱਧ ਦਾ ਨਤੀਜਾ ਭਾਰਤ ਦੇ ਹੱਕ ਵਿੱਚ ਰਿਹਾ। ਇਹ ਕੇਵਲ ਸਿੱਖ ਜਰਨੈਲ ਹਰਬਖਸ਼ ਸਿੰਘ ਦੀ ਬਦੌਲਤ ਹੀ ਹੋ ਸਕਿਆ ਜਿਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਨਾਲ ਅੰਤਰੀਵ ਲਗਾਓ ਤੇ ਸਮੁੱਚੇ ਸਿੱਖ ਜਗਤ ਦੀਆਂ ਹਰਿਮੰਦਰ ਸਾਹਿਬ ਪ੍ਰਤੀ ਭਾਵਨਾਵਾਂ ਦੀ ਕਦਰ ਸੀ ਜਿਸ ਸਦਕਾ ਜਨਰਲ ਹਰਬਖਸ਼ ਸਿੰਘ ਨੇ ਭਾਰਤੀ ਫੌਜ ਦੇ ਮੁਖੀ ਦੀ ਸਾਜਿਸ਼ ਭਰੀ ਸੋਚ ਦੁਆਰਾ ਦਿੱਤੇ ਗਏ ਹੁਕਮ ਨੂੰ ਰੱਦ ਕਰਦਿਆਂ ਆਪਣੇ ਆਪ ਨੂੰ ਜੋਖਮ ਵਿੱਚ ਪਾ ਕੇ ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਲਈ ਖਾਸ ਕਰਕੇ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਸਿੱਖ ਭਾਵਨਾਵਾਂ ਨੂੰ ਪ੍ਰਗਟ ਕਰਦਿਆਂ ਇਤਿਹਾਸ ਸਿਰਜਿਆ ਹੈ। ਇਹ ਗੱਲ ਸਮਝਣ ਵਾਲੀ ਹੈ ਕਿ ਜੇਕਰ ਆਪਣੇ ਹੀ ਦੇਸ਼ ਦੀ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਤੋਪਾਂ ਅਤੇ ਟੈਂਕਾਂ ਨਾਲ ਭਾਰਤੀ ਫੌਜ ਰਾਹੀਂ ਹਮਲਾ ਕਰਕੇ ਪਵਿੱਤਰ ਸਥਾਨ ਦੀ ਤਬਾਹੀ ਮਚਾਈ ਜਾਂਦੀ ਹੈ ਤਾਂ ਕਿਸੇ ਵੀ ਖੱਤਰ ਵਿੱਚ ਵਿਚਰ ਰਹੇ ਸ਼ਰਧਾਵਾਨ ਸਿੱਖਾਂ ਉਪਰ ਕੀ ਬੀਤੇਗੀ? ਇਸਦਾ ਅੰਦਾਜ਼ਾ ਉਪਰੋਕਤ ਘਟਨਾ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਇੱਕ ਪਾਸੇ ਫੌਜ ਨੂੰ ਦਿੱਤੀਆਂ ਹਦਾਇਤਾਂ ਮੁਤਾਬਕ ਹਮਲਾ ਕਰਨ ਦੀਆਂ ਸਰਗਰਮੀਆਂ ਜਾਰੀ ਸਨ ਅਤੇ ਦੂਸਰੇ ਪਾਸੇ ਇੰਦਰਾ ਗਾਂਧੀ ਨੇ ਝੂਠੀਆਂ ਅਤੇ ਫਰੇਬ ਭਰੀਆਂ ਮੀਟਿੰਗਾਂ ਰਾਹੀਂ ਅਕਾਲੀ ਆਗੂਆਂ ਨੂੰ ਉਲਝਾਈ ਰੱਖਿਆ। ਜਿਵੇਂ ਫਰਵਰੀ 1984 ਵਿੱਚ ਅਕਾਲੀ ਆਗੂਆਂ ਅਤੇ ਕੇਂਦਰ ਸਰਕਾਰ ਵਿਚਕਾਰ ਗੱਲਬਾਤ ਸਿਖਰ 'ਤੇ ਸੀ ਤਾਂ 14 ਫਰਵਰੀ ਨੂੰ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਹੀ ਇੰਦਰਾ ਗਾਂਧੀ ਦੀ ਕੁਟਿਲ ਨੀਤੀ 'ਤੇ ਹਰਿਆਣੇ ਵਿੱਚ ਭਜਨ ਲਾਲ ਨੇ ਮੁੱਖ ਮੰਤਰੀ ਹੁੰਦਿਆਂ ਪੂਰੇ ਸੂਬੇ ਵਿੱਚ ਦੰਗੇ ਕਰਵਾਏ। ਜਿਸ ਵਿੱਚ ਜਾਣਬੁੱਝ ਕੇ ਸਿੱਖਾਂ ਦਾ ਜਾਨੀ-ਮਾਲੀ ਨੁਕਸਾਨ ਵੀ ਕੀਤਾ ਗੁਰਦੁਆਰੇ ਸਾੜ ਅਤੇ ਦਰਜਨਾਂ ਸਿੱਖ ਸ਼ਹੀਦ ਕਰ ਦਿੱਤੇ ਗਏ ਜਿਸਦਾ ਜਿਕਰ ਪਿੱਛੇ ਕਰ ਆਏ ਹਾਂ। ਇਸੇ ਤਰ੍ਹਾਂ ਕਈ ਹੋਰ ਚਾਲਾਂ ਇੰਦਰਾ ਗਾਂਧੀ ਵੱਲੋਂ ਚੱਲੀਆਂ ਗਈਆਂ ਜਿਸਦਾ ਮੁੱਖ ਮਕਸਦ ਸਿੱਖ ਲੀਡਰਸ਼ਿਪ ਵਿੱਚ ਮਤਭੇਦ ਪੈਦਾ ਕਰਨੇ ਸਨ ਅਤੇ ਪ੍ਰਮੁੱਖ ਅਕਾਲੀ ਲੀਡਰਾਂ ਨੂੰ ਸਿੱਖ ਕੌਮ ਅੱਗੇ ਕੱਖੋਂ ਹੌਲਾ ਕਰਨਾ ਸੀ। ਇਸੇ ਕਾਰਨ ਪੇਸ਼ਕਸ਼ ਕੀਤੀ ਜਾਂਦੀ ਰਹੀ ਕਿ ਅਗਲੀ ਮੀਟਿੰਗ ਵਿੱਚ ਸੰਤਾਂ ਮੰਨ ਲਈਆਂ ਜਾਣਗੀਆਂ ਪਰ ਜਾਣਬੁੱਝ ਕੇ ਹਾਲਾਤ ਨੂੰ ਪੇਚੀਦਾ ਬਣਾਇਆ ਜਾ ਰਿਹਾ ਸੀ।

ਇਸੇ ਤਰ੍ਹਾਂ ਮਈ 1984 ਦੇ ਅੰਤ ਤੱਕ ਮੀਟਿੰਗਾਂ ਹੁੰਦੀਆਂ ਰਹੀਆਂ, ਅਖੀਰ 26 ਮਈ ਨੂੰ ਇੱਕ ਅਹਿਮ ਮੀਟਿੰਗ ਕੇਂਦਰ ਸਰਕਾਰ ਅਤੇ ਅਕਾਲੀ ਦਲ ਵਿਚਕਾਰ ਹੋਈ ਜਿਸ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਚਾਰ ਨੁਮਾਇੰਦੇ ਭੇਜੇ ਗਏ ਜਿਨ੍ਹਾਂ ਵਿੱਚ ਸ. ਪ੍ਰਕਾਸ਼ ਸਿੰਘ ਬਾਦਲ, ਸ. ਗੁਰਚਰਨ ਸਿੰਘ ਟੌਹੜਾ, ਸ. ਬਲਵੰਤ ਸਿੰਘ, ਸ.

Scanned with CamScanner

ਸੁਰਜੀਤ ਸਿੰਘ ਬਰਨਾਲਾ ਅਤੇ ਕੇਂਦਰ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਨਰਸਿਮ੍ਹਾ ਰਾਓ, ਸਾਬਕਾ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਅਤੇ ਸ੍ਰੀ ਸ਼ਿਵ ਸ਼ੰਕਰ ਸਨ। ਇਸ ਮੀਟਿੰਗ ਵਿੱਚ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਨੇ ਅਕਾਲੀ ਆਗੂਆਂ ਦੀ ਕੋਈ ਮੰਗ ਨਾ ਮੰਨੀ। ਇਸ ਮੀਟਿੰਗ ਤੋਂ ਨਿਰਾਸ਼ ਹੋ ਕੇ ਇਹ ਚਾਰੇ ਅਕਾਲੀ ਆਗੂ ਵਾਪਸ ਪਰਤ ਆਏ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਦੱਸਿਆ ਕਿ ਕੇਂਦਰ ਸਰਕਾਰ ਦੀ ਨੀਅਤ ਠੀਕ ਨਹੀਂ ਹੈ। ਇਸ ਸਾਰੇ ਹਾਲਾਤ ਨੂੰ ਜਾਨਣ ਤੋਂ ਬਾਅਦ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਨ੍ਹਾਂ ਆਗੂਆਂ ਨੂੰ ਆਖਿਆ ਕਿ ਹੁਣ ਸਮਾਂ ਬਹੁਤ ਬੀਤ ਚੁੱਕਾ ਹੈ। ਅਸੀਂ ਕੇਂਦਰ ਸਰਕਾਰ ਦੀਆਂ ਬੁਟਿਲ ਨੀਤੀਆਂ ਨੂੰ ਸਮਝਣ ਵਿੱਚ ਦੇਰ ਕਰ ਦਿੱਤੀ ਹੈ।

ਅਸਲ ਵਿੱਚ ਅਕਾਲੀ ਆਗੂ ਦਿਲੋਂ ਭਿੰਡਰਾਂਵਾਲੇ ਸੰਤਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਸਨ ਇਸੇ ਲਈ ਉਹ ਕੇਂਦਰ ਸਰਕਾਰ ਨਾਲ ਸਿਰਫ ਗੱਲਬਾਤ ਰਾਹੀਂ ਸਿੱਖ ਸਮੱਸਿਆ ਦਾ ਮਸਲਾ ਸੁਲਝਾਉਣ ਵਿੱਚ ਉਲਝੇ ਰਹੇ ਤੇ ਕੇਂਦਰ ਦੀ ਬਦਨੀਅਤ ਨੂੰ ਸਮਝ ਨਾ ਸਕੇ। ਉਧਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਹੁਤ ਲੰਮੇ ਸਮੇਂ ਤੋਂ ਕਹਿੰਦੇ ਆ ਰਹੇ ਸਨ ਕਿ ਕੇਂਦਰ ਸਰਕਾਰ ਦੀ ਨੀਅਤ ਮਾੜੀ ਹੈ ਉਹ ਸਾਡੀਆਂ ਹੱਕੀ ਮੰਗਾਂ ਮੰਨਣ ਲਈ ਦਿਲੋਂ ਤਿਆਰ ਨਹੀਂ ਬਲਕਿ ਸਿੱਖਾਂ ਨੂੰ ਸਬਕ ਸਿਖਾਉਣ ਲਈ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਕੋਝੀਆਂ ਸਾਜਿਸ਼ਾਂ ਘੜੀਆਂ ਜਾ ਰਹੀਆਂ ਹਨ। ਇਸੇ ਲਈ ਉਹ ਸਿੱਖਾਂ ਨੂੰ ਬਾਰ-ਬਾਰ ਕਹਿ ਰਹੇ ਸਨ ਕਿ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਹੋਣ ਦੀ ਸੂਰਤ ਵਿੱਚ ਹਰ ਥਾਂ 'ਤੇ ਬੈਠੇ ਸਿੱਖ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਪਰ ਹੁਣ ਅਖੀਰ ਵਿੱਚ ਜਦੋਂ ਸਾਰੀ ਸਥਿਤੀ ਸਪੱਸ਼ਟ ਹੋ ਗਈ ਤਾਂ ਅਕਾਲੀ ਲੀਡਰਸ਼ਿਪ ਨੂੰ ਮਹਿਸੂਸ ਹੋਣ ਲੱਗਾ ਕਿ ਸੰਤ ਭਿੰਡਰਾਂਵਾਲਿਆਂ ਦਾ ਪੱਖ ਸਪੱਸ਼ਟ ਅਤੇ ਸਹੀ ਹੈ। ਇਸ ਲਈ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾ ਕੇ ਉਸ ਪਾਸੇ ਝੁਕਦੀਆਂ ਨਜ਼ਰ ਆਉਂਦੀਆਂ ਹਨ। ਬੀਤ ਚੁੱਕੇ ਸਮੇਂ ਬਾਰੇ ਤਾਂ ਕੁੱਝ ਨਹੀਂ ਹੋ ਸਕਦਾ ਸੀ ਪਰ ਤੁਰੰਤ ਮੀਟਿੰਗ ਸੱਦ ਕੇ ਅਕਾਲੀ ਦਲ ਨੇ 3 ਜੂਨ ਤੋਂ ਸਿਵਲ ਨਾ ਫੁਰਮਾਨੀ ਦਾ ਐਲਾਨ ਕਰ ਦਿੱਤਾ।

ਸਿੱਖ ਕੌਮ ਦਾ ਇਹ ਵੀ ਵੱਡਾ ਦੁਖਾਂਤ ਹੈ ਕਿ ਅਕਾਲੀ ਲੀਡਰਸ਼ਿਪ ਸੰਤ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਅਤੇ ਉਨ੍ਹਾਂ ਦੇ ਉਦੇਸ਼ ਨੂੰ ਸਮਝਣ ਵਿੱਚ ਨਾਕਾਮਯਾਬ ਰਹੀ, ਜਦੋਂ ਕਿ ਕੇਂਦਰ ਸਰਕਾਰ ਸਮੇਤ ਸਮੁੱਚੀਆਂ ਸਿੱਖ ਵਿਰੋਧੀ ਸ਼ਕਤੀਆਂ ਇਸ ਗੱਲ ਨੂੰ ਬਖੀਕਾਂਤ ਸਮਝ ਚੁੱਕੀਆਂ ਸਨ ਕਿ ਸੰਤ ਭਿੰਡਰਾਂਵਾਲਿਆਂ ਵਰਗਾ ਦੂਰਅੰਦੇਸ਼ ਆਗੂ ਕਿਸੇ ਕੌਮ ਨੂੰ ਕਦੇ-ਕਦੇ ਹੀ ਨਸੀਬ ਹੁੰਦਾ ਹੈ.

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਜੇਕਰ ਕੇਂਦਰ ਸਰਕਾਰ ਸਿੱਖ ਮੰਗਾਂ ਪ੍ਰਤੀ ਥੋੜ੍ਹਾ ਜਿੰਨਾ ਵੀ ਸੁਹਿਰਦ ਹੁੰਦੀ ਅਤੇ 26 ਮਈ ਵਾਲੀ ਮੀਟਿੰਗ ਵਿੱਚ ਅਕਾਲੀ ਦਲ ਦੀਆਂ ਸੰਵਿਧਾਨਕ ਹੱਕੀ ਮੰਗਾਂ ਮੰਨ ਲਈਆਂ ਜਾਂਦੀਆਂ ਤਾਂ ਆਪ੍ਰੇਸ਼ਨ ਬਲਿਊ ਸਟਾਰ ਕਰਨ ਦੀ ਨੌਬਤ ਨਹੀਂ ਸੀ ਆਉਣੀ। ਪਰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਹਾਲਾਤ ਤਾਂ ਕੇਂਦਰ ਸਰਕਾਰ ਵੱਲੋਂ ਜਾਣਬੁੱਝ ਕੇ ਬਣਾਏ ਜਾ ਰਹੇ ਸਨ ਫਿਰ ਮੰਗਾਂ ਕਿਸ ਨੇ ਮੰਨਣੀਆਂ ਸਨ? ਇਸ ਲਈ ਉੱਪਰ ਦੱਸੀਆਂ ਗਈਆਂ ਸੱਭ ਮੀਟਿੰਗਾਂ ਹੋਈਆਂ ਉਹ ਸਿਰਫ ਦੁਨੀਆਂ ਨੂੰ ਵਿਖਾਉਣ ਲਈ ਵਿਖਾਵਾ ਸੀ ਅਤੇ ਸਿੱਖਾਂ ਨਾਲ ਫਰੇਬ ਸੀ। ਦੂਜੇ ਪਾਸੇ ਬਹੁਤ ਵਿਉਂਤਬੰਦੀ ਨਾਲ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਚੁੱਕੀਆਂ ਸਨ।

ਅਪ੍ਰੈਲ 1984 ਤੱਕ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਚੁਫੇਰੇ ਦੀਆਂ ਬਹੁਤ ਸਾਰੀਆਂ ਉੱਚੀਆਂ ਇਮਾਰਤਾਂ ਉਪਰ ਫੌਜ ਨੇ ਜਬਰੀ ਕਬਜਾ ਕਰ ਲਿਆ ਸੀ। ਹੁਣ ਸੀ. ਆਰ. ਪੀ. ਐਫ. ਜਾਂ ਪੰਜਾਬ ਪੁਲਿਸ ਦਾ ਸਿਰਫ ਮੁਖੌਟਾ ਸੀ। ਅਸਲ ਵਿੱਚ ਸਮੁੱਚਾ ਪ੍ਰਬੰਧ ਭਾਰਤੀ ਫੌਜ ਦਾ ਸੀ ਅਤੇ ਇਨ੍ਹਾਂ ਉੱਚੀਆਂ ਇਮਾਰਤਾਂ ਉਪਰ ਫੌਜ ਵੱਲੋਂ ਜ਼ਬਰਦਸਤ ਮੋਰਚਾਬੰਦੀ ਕੀਤੀ ਗਈ ਅਤੇ ਹਰ ਪੱਖ ਤੋਂ ਇਸ ਗੱਲ ਨੂੰ ਫੌਜੀ ਨੁਕਤਾ ਨਿਗ੍ਹਾ ਤੋਂ ਧਿਆਨ ਵਿੱਚ ਰੱਖਿਆ ਗਿਆ ਕਿ ਕੰਪਲੈਕਸ ਦਾ ਹਰ ਹਿੱਸਾ ਉਨ੍ਹਾਂ ਦੀ ਮਾਰ ਹੇਠ ਹੋਵੇ ਅਤੇ ਮਈ ਦੇ ਅਖੀਰ ਤੱਕ ਇਸਦੀ ਮੁਕੰਮਲ ਤਿਆਰੀ ਕਰ ਲਈ ਗਈ।

Scanned with CamScanner

ਹਮਲਾ ਕਰਨ ਤੋਂ ਪਹਿਲਾਂ ਫੌਜੀ ਅਫਸਰਾਂ ਦੀਆਂ ਮੀਟਿੰਗਾਂ

ਇਸ ਸਬੰਧੀ ਉੱਘੇ ਪੱਤਰਕਾਰ ਸ. ਕੰਵਰ ਸੰਧੂ ਨੇ ਉਪਰੇਸ਼ਨ ਬਲਿਊ ਸਟਾਰ ਨਾਲ ਜੁੜੇ ਹੋਏ ਫੌਜੀ ਜਰਨੈਲਾਂ ਅਤੇ ਸਿਵਲ ਅਧਿਕਾਰੀਆਂ ਦੀਆਂ ਕੁੱਝ ਇੰਟਰਵਿਊਜ਼ ਲਈਆਂ ਹਨ ਜਿਨ੍ਹਾਂ ਵਿੱਚੋਂ ਕੁੱਝ ਅੰਸ਼ ਇੱਥੇ ਦੇ ਰਹੇ ਹਾਂ ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਘੱਲੂਘਾਰਾ ਸਾਕਾ ਨੀਲਾ ਤਾਰਾ ਤੋਂ ਬਹੁਤ ਪਹਿਲਾਂ ਹੀ ਇਸ ਸਬੰਧੀ ਤਿਆਰੀਆਂ ਕੀਤੀਆਂ ਜਾ ਚੁੱਕੀਆਂ ਸਨ।

ਅਪ੍ਰੈਲ 1984 ਵਿੱਚ ਉਸ ਸਮੇਂ ਦੇ ਫੌਜ ਮੁਖੀ ਜਰਨਲ ਏ. ਐੱਸ. ਵੈਦਿਆ ਅਤੇ ਪੱਛਮੀ ਕਮਾਂਡ ਦੇ ਕਮਾਂਡਰ ਜਨਰਲ ਕੇ. ਸੁੰਦਰਜੀ ਨੇ ਅੰਮ੍ਰਿਤਸਰ ਵਿਖੇ ਫਿਫਟੀਨ ਡਵੀਜਨ ਦੇ ਕੋਰ ਕਮਾਂਡ ਦਾ ਦੌਰਾ ਕੀਤਾ ਅਤੇ ਡਵੀਜਨ ਦੇ ਵੱਖ-ਵੱਖ ਅਧਿਕਾਰੀਆਂ ਤੋਂ ਇਲਾਵਾ ਬੀ. ਐੱਸ. ਐਫ. ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਹ ਮੀਟਿੰਗ ਪੰਜਾਬ ਵਿੱਚ ਫੌਜ ਦੀ ਤੈਨਾਤੀ ਬਾਰੇ ਸੀ। ਇੱਥੇ ਬੀ. ਐੱਸ. ਐੱਫ. ਦੇ ਡੀ.ਆਈ.ਜੀ. ਸ੍ਰੀ ਜੀ. ਐੱਸ. ਪੰਧੇਰ ਨੇ ਇਸ ਮਸਲੇ 'ਤੇ ਸਾਵਧਾਨੀ ਵਰਤਨ ਦੀ ਸਲਾਹ ਦਿੱਤੀ। ਫੌਜੀ ਅਫਸਰਾਂ ਦੀ ਇਹ ਮੀਟਿੰਗ ਸਾਧਾਰਨ ਜਾਂ ਅਚਾਨਕ ਨਹੀਂ ਸੀ ਕਿਉਂਕਿ ਇਸੇ ਸਮੇਂ ਕੇਂਦਰ ਸਰਕਾਰ ਨੇ ਨੀਮ ਫੌਜੀ ਦਲ (ਐੱਸ.ਐੱਸ.ਐੱਫ.) ਦੇ ਜਵਾਨਾਂ ਨੂੰ ਹਰਿਮੰਦਰ ਸਾਹਿਬ ਵਿੱਚੋਂ ਖਾੜਕੂਆਂ ਨੂੰ ਬਾਹਰ ਕੱਢਣ ਦੇ ਨਿਰਦੇਸ਼ ਦਿੱਤੇ। ਇਹ ਫੌਜ ਕੈਬਨਟ ਸੈਕਟਰੀਏਟ ਹੇਠ ਆਉਂਦੀ ਹੈ। ਪਹਿਲਾਂ ਇਸ ਦਾ ਹੈੱਡ ਕੁਆਰਟਰ ਯੂਪੀ ਦੇ ਚਕਰਾਤਾ ਵਿਖੇ ਸੀ ਅਤੇ ਇਸ ਸਮੇਂ ਉਤਰਾਖੰਡ ਵਿੱਚ ਹੈ। ਇਸ ਫੋਰਸ ਨੂੰ ਅਸਟੈਬਲਿਸ਼ਮੈਂਟ 22 ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇੱਥੇ ਚਕਰਾਤਾ ਵਿਖੇ ਹੀ ਹਰਿਮੰਦਰ ਸਾਹਿਬ ਦਾ ਮਾਡਲ ਬਣਾ ਕੇ ਫੌਜ ਨੇ ਹਮਲਾ ਕਰਨ ਲਈ ਰਿਹਰਸਲ ਕੀਤੀ ਸੀ। ਉਸ ਸਮੇਂ ਦੇ ਗਾਜ਼ਟਰਪਤੀ ਜੈਲ ਸਿੰਘ ਨੇ ਕੁੱਝ ਪੱਤਰਕਾਰਾਂ ਨੂੰ ਦੱਸਿਆ ਸੀ ਕਿ ਫੌਜੀ ਕਾਰਵਾਈ ਤੋਂ ਲਗਭਗ 10 ਦਿਨ ਪਹਿਲਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਉਨ੍ਹਾਂ ਕੋਲ ਆਏ ਅਤੇ ਕਿਹਾ ਕਿ ਹਰਿਮੰਦਰ ਸਾਹਿਬ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫੋਰਸ ਬਲ ਵਰਤ ਕੇ ਗ੍ਰਿਫਤਾਰ ਕਰਨ ਲਈ ਮੇਰੇ ਉਪਰ ਚਾਰ ਚੁਫੇਰਿਓਂ ਦਬਾਅ ਵੱਧ ਗਿਆ ਹੈ। ਗਿਆਨੀ ਜ਼ੈਲ ਸਿੰਘ ਨੇ ਇਹ ਵੀ ਕਿਹਾ ਕਿ ਮੈਂ ਉਸ ਨੂੰ ਹਰਿਮੰਦਰ ਸਾਹਿਬ ਅੰਦਰ ਫੌਜ ਨਾ ਭੇਜਣ ਬਾਰੇ ਸਲਾਹ ਦਿੱਤੀ ਸੀ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਹਾਲਾਤ ਨਾਲ ਨਜਿੱਠਣ ਲਈ ਹੋਰ ਵੀ ਰਸਤੇ ਹਨ।

26 ਅਤੇ 27 ਮਈ 1984 ਨੂੰ ਪੱਛਮੀ ਕਮਾਂਡ ਦੇ ਉਸ ਸਮੇਂ ਦੇ ਮੁਖੀ ਜਰਨਲ ਸੁੰਦਰਜੀ ਨੂੰ ਦਿੱਲੀ ਵਿਖੇ ਵਿਚਾਰ ਵਟਾਂਦਰੇ ਲਈ ਸੱਦਿਆ ਗਿਆ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਆਉਂਦੇ ਦਿਨਾਂ ਵਿੱਚ ਫੌਜ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜਰਨਲ ਸੁੰਦਰਜੀ ਨੇ ਖੁਦ ਇੰਡੀਆ ਐਕਸਪ੍ਰੈਸ ਦੇ ਪੱਤਰਕਾਰ ਕੰਵਰ ਸੰਧੂ ਨੂੰ ਦੱਸਿਆ ਸੀ ਜਦੋਂ ਉਹ ਸਾਕਾ ਨੀਲਾ ਤਾਰਾ ਤੋਂ ਸਿਰਫ ਦੋ ਦਿਨ ਬਾਅਦ 8 ਜੂਨ ਨੂੰ ਚੰਡੀਗੜ੍ਹ ਵਿਖੇ ਉਨ੍ਹਾਂ ਦੇ ਆਰਮੀ ਹੈੱਡ ਕੁਆਰਟਰ ਚੰਡੀਮੰਦਰ ਵਿਖੇ ਮਿਲੇ ਸਨ। ਇੰਦਰਾ ਗਾਂਧੀ ਨੇ 2 ਜੂਨ ਨੂੰ ਐਲਾਨ ਕੀਤਾ ਸੀ ਕਿ ਪੰਜਾਬ ਅੰਦਰ ਫੌਜ ਭੇਜੀ ਜਾ ਰਹੀ ਹੈ। ਜਦੋਂ ਕਿ ਪੰਜਾਬ ਅੰਦਰ ਫੌਜ ਦੀ ਹਲਚਲ ਮਈ ਦੇ ਅਖੀਰ ਵਿੱਚ ਹੀ ਆਰੰਭ ਹੋ ਗਈ ਸੀ। ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਸਰਦਾਰ ਐੱਮ.ਪੀ.ਐੱਸ. ਔਲਖ ਨੇ ਵੀ ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮਈ ਦੇ ਅਖੀਰਲੇ ਹਫਤੇ ਫੌਜ ਨੇ ਪੂਰੀ ਤਰ੍ਹਾਂ ਕਮਾਂਡ ਸੰਭਾਲ ਲਈ ਸੀ ਅਤੇ ਆਰਮੀ ਹੈੱਡ ਕੁਆਰਟਰ ਤੋਂ ਦਰਬਾਰ ਸਾਹਿਬ ਦੇ ਨੇੜੇ ਟੈਲੀਫੋਨ ਐਕਸਚੇਂਜ ਦੀਆਂ ਤਾਰਾਂ ਵੀ ਵਿਛਾਈਆਂ ਗਈਆਂ ਸਨ। ਜੋ ਸਾਬਿਆ ਜਾਂਦਾ ਹੈ ਕਿ ਉਸ ਸਮੇਂ ਫੌਜ ਦੇ ਨਿੱਜੀ ਸੰਪਰਕ ਦੇ ਸਾਧਨ ਵਜੋਂ ਵਿਛਾਈਆਂ ਗਈਆਂ ਸਨ। ਉੱਪਰ ਬ੍ਰਿਗੇਡੀਅਰ ਉਂਕਾਰ ਸਿੰਘ ਗੁਰਾਇਆ ਜਿਹੜੇ ਉਸ ਸਮੇਂ ਅੰਮ੍ਰਿਤਸਰ ਵਿਖੇ ਫਿਫਟੀਨ ਡਵੀਜਨ ਵਿਖੇ ਕਰਨਲ ਐਡਮਿਨਸਟਰੇਸ਼ਨ ਵਜੋਂ ਤਾਇਨਾਤ ਸਨ। ਉਨ੍ਹਾਂ ਨੇ ਵੀ ਦੱਸਿਆ ਕਿ 29 ਮਈ ਦੀ ਦੁਪਿਹਰ ਨੂੰ ਜਦੋਂ ਉਹ ਆਪਣੇ ਦਫਤਰ ਜਾ ਰਹੇ ਸਨ ਤਾਂ ਉਹ ਪਾਇਨੀਅਰੀ ਨਿਸ਼ਾਨ ਵਾਲੀਆਂ ਗੱਡੀਆਂ ਨੂੰ ਵੇਖ ਕੇ ਹੈਰਾਨ ਰਹਿ ਗਏ। ਇਹ ਗੱਡੀਆਂ ਨਾਈਨ ਡਵੀਜ਼ਨ ਦੀਆਂ ਸਨ ਜਿਹੜੀਆਂ ਅੰਮ੍ਰਿਤਸਰ ਵਿਖੇ ਪੈਥਰ ਸਟੇਡੀਅਮ ਨੇੜੇ ਕਾਫੀ ਗਿਣਤੀ ਵਿੱਚ ਖੜ੍ਹੀਆਂ ਸਨ। ਉਸ ਸਮੇਂ ਤੱਕ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਅਧਿਕਾਰੀਆਂ ਨੂੰ ਨਾਈਨ ਡਵੀਜ਼ਨ ਦੀ ਹਲਚਲ ਬਾਰੇ ਕੋਈ ਜਾਣਕਾਰੀ ਨਹੀਂ ਸੀ।

ਉਸੇ ਸ਼ਾਮ ਨੂੰ 5.00 ਵਜੇ ਫਿਫਟੀਨ ਡਵੀਜਨ ਦੇ ਜੀ. ਓ. ਸੀ. ਮੇਜਰ ਜਨਰਲ ਜਗਦੀਸ਼ ਸਿੰਘ ਜਸਵਾਲ ਨੇ ਸੀਨੀਅਰ ਸਟਾਫ ਦੀ ਕਾਨਫਰੰਸ ਸੱਦੀ, ਜਿੱਥੇ ਉਨ੍ਹਾਂ ਨੇ ਨਾਈਨ ਡਵੀਜ਼ਨ ਨੂੰ ਅੰਮ੍ਰਿਤਸਰ ਭੇਜਣ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਸਾਰੀ ਪ੍ਰਸ਼ਾਸਕੀ ਅਤੇ ਥਾਂ ਟਿਕਾਣਿਆਂ ਬਾਰੇ ਜਾਣਕਾਰੀ ਦਿੱਤੀ ਜਾਵੇ। ਜਨਰਲ ਕੇ.

Scanned with CamScanner

ਐੱਸ. ਬਰਾੜ ਫੌਜੀ ਕਾਰਵਾਈ ਦੇ ਤੱਥਾਂ ਨੂੰ ਛੁਪਾਉਣ ਲਈ ਝੂਠ ਬੋਲਦੇ ਹਨ ਕਿ 31 ਮਈ ਨੂੰ ਹੀ ਸਾਕਾ ਨੀਲਾ ਤਾਰਾ ਦੀ ਮੁਹਿੰਮ ਨਾਲ ਮੇਰੀ ਜ਼ਿੰਮੇਵਾਰੀ ਜੁੜੀ ਉਸ ਸਮੇਂ ਤੱਕ ਮੈਨੂੰ ਕੋਈ ਜਾਣਕਾਰੀ ਨਹੀਂ ਸੀ ਜਦੋਂ ਕਿ ਨਾਈਨ ਡਵੀਜ਼ਨ ਜਿਸਦਾ ਹੈੱਡ ਕੁਆਰਟਰ ਮੇਰਠ ਹੈ ਅਤੇ ਇਸਦੇ ਜੀ. ਓ. ਸੀ. ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਹੀ ਹਨ ਜੋ ਕਹਿ ਰਹੇ ਹਨ ਕਿ ਮੈਨੂੰ ਹੋਣ ਵਾਲੀ ਕਿਸੇ ਕਾਰਵਾਈ ਦਾ 31 ਮਈ ਤੱਕ ਕੋਈ ਪਤਾ ਨਹੀਂ ਸੀ ਪਰ ਇਸਦੀ ਨਾਈਨ ਡਵੀਜ਼ਨ 29 ਮਈ ਨੂੰ ਮੇਰਠ ਤੋਂ 300 ਕਿਲੋਮੀਟਰ ਦਾ ਸਫਰ ਕਰਕੇ ਅੰਮ੍ਰਿਤਸਰ ਕਿਵੇਂ ਪਹੁੰਚ ਗਈ? ਅਤੇ ਨਾਈਨਟੀਨ ਡਵੀਜ਼ਨ ਦੇ ਜੀ. ਓ. ਸੀ. ਜਨਰਲ ਜਮਵਾਲ ਨੇ ਆਪਣੇ ਸਟਾਫ ਨੂੰ ਉਸੇ ਦਿਨ ਦੱਸਿਆ ਕਿ ਜਨਰਲ ਕੁਲਦੀਪ ਸਿੰਘ ਬਰਾੜ ਦੀ ਕਮਾਂਡ ਹੇਠਲੀ ਨਾਈਨ ਡਵੀਜ਼ਨ ਦੀ ਫੌਜ ਨੂੰ ਵਿਸ਼ੇਸ਼ ਤੌਰ 'ਤੇ ਤਾਇਨਾਤ ਕੀਤਾ ਜਾ ਰਿਹਾ ਹੈ ਫਿਰ ਜਨਰਲ ਬਰਾੜ ਕਿਵੇਂ ਕਹਿ ਰਹੇ ਹਨ ਕਿ ਮੈਨੂੰ ਇਸ ਬਾਰੇ ਕੁੱਝ ਵੀ ਪਤਾ ਨਹੀਂ ਸੀ?

ਇਸ ਤੋਂ ਪਹਿਲਾਂ ਹੀ ਵੱਖ-ਵੱਖ ਥਾਵਾਂ ਤੋਂ ਫੌਜ ਅੰਮ੍ਰਿਤਸਰ ਪਹੁੰਚ ਰਹੀ ਸੀ ਜਿਵੇਂ ਝਾਂਸੀ ਤੋਂ ਨਾਈਨਟੀਨ ਮਰਾਠਾ ਬਟਾਲੀਅਨ ਅੰਮ੍ਰਿਤਸਰ ਪਹੁੰਚ ਚੁੱਕੀ ਸੀ। ਅਸਲ ਵਿੱਚ ਫੌਜੀ ਕਾਰਵਾਈ ਦੇ ਸੰਕੇਤ 29 ਮਈ ਨੂੰ ਹੀ ਚੰਡੀ ਮੰਦਿਰ ਵਿਖੇ ਮਿਲਣੇ ਸ਼ੁਰੂ ਹੋ ਗਏ ਸਨ। ਜੀ. ਓ. ਸੀ. ਲੈਫਟੀਨੈਂਟ ਜੋਗੀ ਸ਼ੰਕਰ ਦੀ ਕਮਾਂਡ ਹੇਠ ਪਾਕਿਸਤਾਨ ਨਾਲ ਲੱਗਦਾ ਬਾਰਡਰ ਵੀ ਪੂਰੀ ਤਰ੍ਹਾਂ ਨਾਲ ਸੀਲ ਕਰ ਦਿੱਤਾ ਗਿਆ ਸੀ ਤਾਂ ਕਿ ਹਰਿਮੰਦਰ ਸਾਹਿਬ 'ਤੇ ਕੀਤੀ ਜਾਣ ਵਾਲੀ ਕਾਰਵਾਈ ਦਾ ਪਾਕਿਸਤਾਨ ਕੋਈ ਫਾਇਦਾ ਨਾ ਉਠਾ ਸਕੇ। ਮਈ 1984 ਦੇ ਅੰਤ ਵਿੱਚ ਹੀ ਉਸ ਸਮੇਂ ਦੇ ਫੌਜ ਮੁਖੀ ਜਨਰਲ ਵੈਦਿਆ ਨੇ ਸ੍ਰੀਨਗਰ ਵਿਖੇ ਫੌਜੀ ਅਫਸਰਾਂ ਦੀ ਮੀਟਿੰਗ ਵਿਖੇ ਖੁਲਾਸਾ ਕਰਦਿਆਂ ਦੇਸ਼ ਅੰਦਰ ਤੋੜ-ਫੋੜ ਦੀਆਂ ਕਾਰਵਾਈਆਂ ਕਰਨ ਵਾਲੀਆਂ ਤਾਕਤਾਂ ਵਿਰੁੱਧ ਲੜਣ ਦਾ ਸੱਦਾ ਦਿੱਤਾ। ਇਸੇ ਤਰ੍ਹਾਂ 1 ਜੂਨ ਨੂੰ ਸ੍ਰੀਮਤੀ ਇੰਦਰਾ ਗਾਂਧੀ ਨੇ ਮੱਧ ਪ੍ਰਦੇਸ਼ ਦੇ ਵਿਜੈਪੁਰ ਵਿੱਚ ਬੋਲਦਿਆਂ ਕਿਹਾ ਕਿ ਪੰਜਾਬ ਵਿੱਚ ਹੋ ਰਹੀ ਹਿੰਸਾ ਨਾਲ ਰਾਸ਼ਟਰ ਸ਼ਰਮਿੰਦਾ ਹੈ। ਫੌਜ ਦੇ ਜਨਰਲ ਅਤੇ ਕਾਰਡ ਦੀ ਪ੍ਰਧਾਨ ਮੰਤਰੀ ਵੱਲੋਂ ਅਜਿਹੇ ਭਾਸ਼ਣ ਦੇ ਕੇ ਸਾਕਾ ਨੀਲਾ ਤਾਰਾ ਉਪਰੇਸ਼ਨ ਕਰਨ ਦੀ ਵਿਉਂਤਬੰਦੀ ਸੀ। ਇਸ ਬਾਰੇ ਸੰਤ ਭਿੰਡਰਾਂਵਾਲਿਆਂ ਨੂੰ ਵੀ ਬਰਾਬਰ ਜਾਣਕਾਰੀ ਸੀ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਫੌਜ ਵੱਲੋਂ ਕੀਤੀ ਜਾ ਰਹੀ ਘੇਰਾਬੰਦੀ ਦਾ ਕੀ ਅਰਥ ਹੈ? ਇਸੇ ਦੌਰਾਨ ਅੰਮ੍ਰਿਤਸਰ ਵਿਖੇ ਫੌਜ ਦੇ ਫਿਫਟੀਨ ਡਵੀਜ਼ਨ ਹੈੱਡ ਕੁਆਰਟਰ ਵਿਖੇ ਫੌਜੀ ਅਫਸਰਾਂ ਦੀ ਮੀਟਿੰਗ ਹੋਈ ਜਿਨ੍ਹਾਂ ਵਿੱਚ ਮੇਜਰ ਜਨਰਲ ਕੇ. ਐੱਸ. ਬਰਾੜ ਦੇ ਜੂਨੀਅਰ ਬਿਰਗੇਡੀਅਰ ਨੇਕੀ ਤਲਵਾੜ ਜੋ ਇੱਕ ਹਫਤਾ ਪਹਿਲਾਂ ਮੇਰਠ ਤੋਂ ਅੰਮ੍ਰਿਤਸਰ ਪਹੁੰਚੇ ਹੋਏ ਸਨ ਵੀ ਸ਼ਾਮਿਲ ਹੋਏ। ਜੇਕਰ ਕੇ. ਐੱਸ. ਬਰਾੜ ਨੂੰ ਇਸ ਕਾਰਵਾਈ ਦਾ 1 ਜੂਨ ਨੂੰ ਪਤਾ ਲੱਗਦਾ ਹੈ ਤਾਂ ਇਸਦੇ ਜੂਨੀਅਰ ਨੇਕੀ ਤਲਵਾੜ ਇੱਕ ਹਫਤਾ ਪਹਿਲਾਂ ਹੀ ਕਿਵੇਂ ਪਹੁੰਚ ਗਏ? ਜਿਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਕੇ. ਐੱਸ. ਬਰਾੜ ਝੂਠ ਬੋਲ ਰਿਹਾ ਹੈ ਕਿਉਂਕਿ 1 ਜੂਨ ਨੂੰ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਤਾਇਨਾਤ ਫੌਜ ਬਲਾਂ ਵੱਲੋਂ ਗੋਲਾਬਾਰੀ ਦੌਰਾਨ 11 ਵਿਅਕਤੀ ਮਾਰੇ ਜਾ ਚੁੱਕੇ ਸਨ। 2 ਜੂਨ ਨੂੰ ਸ਼ਾਮ 4.00 ਵਜੇ ਨਾਇਨ ਇਨਫੈਂਟਰੀ ਡਵੀਜ਼ਨ ਨੂੰ ਪੱਛਮੀ ਕਮਾਂਡ ਹੈੱਡਕੁਆਰਟਰ ਤੋਂ ਨਿਰਦੇਸ਼ ਮਿਲੇ ਕਿ ਦਰਬਾਰ ਸਾਹਿਬ ਦੇ ਆਲੇ-ਦੁਆਲੇ ਬੀ. ਐੱਸ. ਐੱਫ. ਅਤੇ ਸੀ. ਆਰ. ਪੀ. ਦੇ ਘੇਰੇ ਨੂੰ ਮਜ਼ਬੂਤ ਕੀਤਾ ਜਾਵੇ। ਜਰਨਲ ਬਰਾੜ ਨੇ ਥਰੀ ਫਿਫਟੀ ਇਨਫੈਂਟਰੀ ਦੇ ਕਮਾਂਡਰ ਡੀ.ਵੀ. ਰਾਓ ਨਾਲ ਦਿਨ ਵਿੱਚ ਕਈ ਵਾਰ ਵਿਚਾਰ ਵਟਾਂਦਰਾ ਕੀਤਾ। ਇਸ ਬ੍ਰਿਗੇਡ ਨੂੰ ਵੀ ਉਪਰੇਸ਼ਨ ਵਿੱਚ ਸ਼ਾਮਿਲ ਕਰ ਲਿਆ ਗਿਆ ਸੀ ਅਤੇ ਹੋਰ ਵੀ ਕਈ ਬਟਾਲੀਅਨਾਂ ਸਹਾਇਤਾ ਲਈ ਤਿਆਰ ਸਨ। 12 ਬਿਹਾਰ ਇਨਫੈਂਟਰੀ ਬਟਾਲੀਅਨ ਨੇ ਲੈਫਟੀਨੈਂਟ ਕਰਨਲ ਕੇ. ਐੱਸ. ਰੰਧਾਵਾ ਨੇ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਤਾਇਨਾਤ ਬੀ. ਐੱਸ. ਐੱਫ. ਅਤੇ ਸੀ. ਆਰ. ਪੀ. ਐੱਫ. ਨੂੰ ਆਦੇਸ਼ ਦਿੱਤਾ ਕਿ ਉਨ੍ਹਾਂ ਦੀ ਅਗਵਾਈ ਫੌਜ ਕਰੇਗੀ।

ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਹਿੰਦੁਸਤਾਨ ਭਰ ਵਿੱਚੋਂ ਜਿਨ੍ਹਾਂ ਚੋਣਵੇ ਕਮਾਂਡੋਜ਼ ਨੂੰ ਚੁਣਿਆ ਗਿਆ ਉਨ੍ਹਾਂ ਵਿੱਚ ਬੀ. ਐੱਸ. ਐੱਫ., ਸੀ. ਆਰ. ਪੀ. ਐੱਫ. ਤੋਂ ਇਲਾਵਾ ਨਾਈਨ ਡਵੀਜ਼ਨ, ਫਿਫਟੀਨ ਡਵੀਜ਼ਨ, ਸਿਕਸਟੀਨ, ਇੰਜੀਨੀਅਰ ਅਤੇ ਫਾਇਰ ਕਮਾਂਡੋਜ਼, ਡਾਈਵਰਜ਼ ਕਮਾਂਡੋ (ਗੋਤਾਖੋਰ), ਟੈਕਨੀਕਲ ਕਮਾਂਡੋਜ਼, ਥਰੀ ਫਿਫਟੀ ਇਨਫਾਈਨਰੀ ਬ੍ਰਿਗੇਡ, ਟਵੈਲਵ ਬਿਹਾਰ ਰੈਜਮੈਂਟ, ਫਿਫਟੀਨ ਗਿਡਾਇਨਰੀ, ਸਿਕਸਟੀਨ ਕਵੈਲਰੀ ਰੈਜਮੈਂਟ, ਥਰਟੀਸਿਕਸ ਮਦਰਾਸ ਰੈਜਮੈਂਟ, ਏ. ਟੈਂਨ ਮੈਕਨਾਈਜ਼ਡ ਬਟਾਲੀਅਨ, ਏਟ ਬੀ. ਐੱਮ. ਪੀ. ਇਨਫਾਇਨਰੀ, ਨਾਈਨ ਕਮਾਓ ਰੈਜਮੈਂਟ, ਨਾਈਨ ਗੜਵਾਲ ਰੈਜਮੈਂਟ ਅਤੇ ਪੰਦਰਾਂ ਕਮਾਓ ਆਦਿ ਤੋਂ ਇਲਾਵਾ ਬਾਰ੍ਹਾਂ ਟੈਂਕ ਜੋ ਵੱਖ-ਵੱਖ ਥਾਵਾਂ 'ਤੇ ਤਾਇਨਾਤ ਕੀਤੇ ਗਏ ਅਤੇ ਜਿਨ੍ਹਾਂ ਚੋਂ ਅੱਠ ਟੈਂਕ ਕੰਪਲੈਕਸ ਦੇ ਅੰਦਰ ਭੇਜੇ ਗਏ, ਕਈ ਹੈਲੀਕਾਪਟਰ ਜਿਸ ਨਾਲ ਸਮੇਂ-ਸਮੇਂ ਚੱਲ

Scanned with CamScanner

ਰਹੀ ਕਾਰਵਾਈ ਦਾ ਨਿਰੀਖਣ ਕਰਦੇ ਰਹੇ। ਇਹ ਜਾਣਕਾਰੀ ਫੌਜੀ ਜਰਨੈਲਾਂ ਅਤੇ ਹੋਰ ਉੱਚ ਅਧਿਕਾਰੀਆਂ ਵੱਲੋਂ ਸ੍ਰੀ ਕੰਵਰ ਸੰਧੂ ਨਾਲ ਸਾਂਝੀ ਕੀਤੀ ਗਈ। ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜੇਕਰ ਜਨਰਲ ਬਰਾੜ ਸਮੁੱਚੀ ਕਾਰਵਾਈ ਲਈ ਪੈਰ-ਪੈਰ 'ਤੇ ਝੂਠ ਬੋਲ ਰਿਹਾ ਹੈ ਤਾਂ ਸਮੁੱਚੇ ਅਧਿਕਾਰੀਆਂ ਨੇ ਕਿੰਨੀ ਸੋਚਵੀਂ ਤੇ ਅਧੂਰੀ ਜਾਣਕਾਰੀ ਪੇਸ਼ ਕੀਤੀ ਹੋਵੇਗੀ। ਇੱਕ ਗੱਲ ਤਾਂ ਨਿਸ਼ਚੈਵਾਚਕ ਹੈ ਕਿ ਫੌਜ ਵੱਲੋਂ ਕੀਤੀ ਗਈ ਤਿਆਰੀ ਇਸ ਢੰਗ ਦੀ ਸੀ, ਜਿਵੇਂ ਕਿਸੇ ਤਾਕਤਵਰ ਦੁਸ਼ਮਣ ਦੇਸ਼ ਨਾਲ ਲੜਾਈ ਲੜਨੀ ਹੋਵੇ।

ਇਸੇ ਦੌਰਾਨ ਜਦੋਂ ਕੇ. ਐੱਸ. ਬਰਾੜ ਨੇ ਫੌਜ, ਸੀ.ਆਰ.ਪੀ., ਬੀ.ਐੱਸ.ਐੱਫ., ਪੰਜਾਬ ਪੁਲਿਸ ਅਤੇ ਸਿਵਲ ਅਧਿਕਾਰੀਆਂ ਤੋਂ ਇਹ ਜਾਨਣ ਦਾ ਯਤਨ ਕੀਤਾ ਕਿ ਸੰਤ ਭਿੰਡਰਾਂਵਾਲੇ ਆਤਮ ਸਮਰਪਣ ਕਰਨਗੇ ਜਾਂ ਨਹੀਂ? ਜੇ ਕਰਨਗੇ ਤਾਂ ਕਿਨ੍ਹਾਂ ਹਾਲਾਤਾਂ ਵਿੱਚ ਕਰਨਗੇ? ਇਸ 'ਤੇ ਇੱਕ ਫੌਜ ਅਧਿਕਾਰੀ ਕਰਨਲ ਤਿਰਪਾਠੀ, ਐੱਨ.ਪੀ.ਐੱਸ. ਔਲਖ, ਡੀ.ਆਈ.ਜੀ. ਪੰਧੇਰ, ਬ੍ਰਿਗੇਡੀਅਰ ਉਂਕਾਰ ਸਿੰਘ ਗੁਰਾਇਆ, ਐੱਸ. ਪੀ. ਸੀ.ਆਈ.ਡੀ. ਹਰਜੀਤ ਸਿੰਘ (ਪੰਡਿਤ) ਆਦਿ ਨੇ ਸਪੱਸ਼ਟ ਲਫਜ਼ਾਂ ਵਿੱਚ ਕਿਹਾ ਕਿ ਸੰਤ ਭਿੰਡਰਾਂਵਾਲੇ ਕਿਸੇ ਵੀ ਹਾਲਤ ਵਿੱਚ ਆਤਮ ਸਮਰਪਣ ਨਹੀਂ ਕਰਨਗੇ। ਜਦੋਂ ਅੰਮ੍ਰਿਤਸਰ ਦੇ ਡੀ.ਸੀ. ਗੁਰਦੇਵ ਸਿੰਘ ਬਰਾੜ ਨੇ ਵੀ ਕਿਹਾ ਕਿ ਫੌਜ ਨੂੰ ਕਿਸੇ ਗਲਤ ਫਹਿਮੀ ਵਿੱਚ ਨਹੀਂ ਰਹਿਣਾ ਚਾਹੀਦਾ ਕਿਉਂਕਿ ਸੰਤ ਭਿੰਡਰਾਂਵਾਲੇ ਆਤਮ ਸਮਰਪਣ ਨਹੀਂ ਕਰਨਗੇ ਬਲਕਿ ਡੱਟਵਾਂ ਮੁਕਾਬਲਾ ਕਰਨਗੇ। ਅਜਿਹਾ ਨੁਕਸਾਨ ਵੀ ਹੋ ਸਕਦਾ ਹੈ ਜਿਸਦਾ ਫੌਜੀ ਅਫਸਰਾਂ ਨੂੰ ਅੰਦਾਜ਼ਾ ਨਹੀਂ। ਅਜਿਹੀਆਂ ਵਿਚਾਰਾਂ ਸੁਣ ਕੇ ਜਨਰਲ ਕੇ.ਐੱਸ. ਬਰਾੜ ਪੂਰੀ ਤਰ੍ਹਾਂ ਭੜਕ ਗਿਆ ਕਿ ਤੁਸੀਂ ਫੌਜ ਦਾ ਮਨੋਬਲ ਡੇਗਣਾ ਚਾਹੁੰਦੇ ਹੋ? ਉਸ ਨੇ ਕਿਹਾ ਜਦੋਂ ਮਸ਼ੀਨਗੰਨਾਂ ਮੂੰਹੋ ਅੱਗ ਉਗਲਦੀਆਂ ਹਨ, ਟੈਂਕਾਂ ਦੀ ਗੜਗਾੜਹਟ ਹੁੰਦੀ ਹੈ ਤਾਂ ਵੱਡੇ-ਵੱਡੇ ਟਰੰਡ ਸੂਰਮਿਆਂ ਦੀਆਂ ਪਤਲੂਨਾਂ ਗਿੱਲੀਆਂ ਹੋ ਜਾਂਦੀਆਂ ਹਨ ਤਾਂ ਭਿੰਡਰਾਂਵਾਲਾ ਕੀ ਚੀਜ ਹੈ? ਉਹ ਜਲਦੀ ਹੀ ਸਾਥੀਆਂ ਸਮੇਤ ਹੱਥ ਖੜ੍ਹੇ ਕਰਕੇ ਆਤਮ ਸਮਰਪਨ ਕਰ ਦੇਵੇਗਾ ਤਾਂ ਸ. ਗੁਰਦੇਵ ਸਿੰਘ ਬਰਾੜ ਨੇ ਕਿਹਾ ਕਿ ਇਹ ਤੁਹਾਡਾ ਭਰਮ ਹੈ। ਉਸ ਵੱਲੋਂ ਕਹੇ ਇਹ ਲਫਜ਼ ਬਾਅਦ ਵਿੱਚ ਸੱਚ ਸਾਬਤ ਹੋਏ।

ਇਸ ਤੋਂ ਅੱਗੇ ਜਿਸ ਵੇਲੇ ਖਾਸਾ ਵਿਖੇ ਫੌਜੀ ਅਫਸਰਾਂ ਦੀ ਚੱਲ ਰਹੀ ਕਾਨਫਰੰਸ ਦੌਰਾਨ ਬੀ.ਐੱਸ.ਐੱਫ. ਦੇ ਡੀ.ਆਈ.ਜੀ. ਪੰਧੇਰ ਨੂੰ ਗੋਲਡਨ ਟੈਂਪਲ ਵਿਖੇ ਖਾੜਕੂਆਂ ਦੀ ਤਾਕਤ ਦਾ ਪਤਾ ਲਗਾਉਣ ਲਈ ਗੋਲੀ ਚਲਾਉਣ ਲਈ ਕਿਹਾ ਤਾਂ ਉਨ੍ਹਾਂ ਗੋਲੀ ਚਲਾਉਣ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਕਾਨਫਰੰਸ ਸਮੇਂ ਸੀਨੀਅਰ ਫੌਜੀ ਅਤੇ ਸਿਵਲ ਅਧਿਕਾਰੀ ਮੌਜੂਦ ਸਨ। ਜੀ. ਐੱਸ. ਪੰਧੇਰ ਨੇ ਆਪਣੀ ਦਲੀਲ ਦਿੰਦਿਆਂ ਕਿਹਾ ਕਿ ਫੌਜ ਵੱਲੋਂ ਬੀ.ਐੱਸ.ਐੱਫ. ਨੂੰ ਜੋ ਕੁੱਝ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ, ਇਸ ਨਾਲ ਪਾਸਾ ਪੁੱਠਾ ਪੈ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਅਜਿਹਾ ਜਰੂਰੀ ਹੈ ਤਾਂ ਇਸ ਦੇ ਲਿਖਤੀ ਹੁਕਮ ਦਿੱਤੇ ਜਾਣ ਤਾਂ ਕਿ ਸਮਾਂ ਆਉਣ 'ਤੇ ਇਨ੍ਹਾਂ ਹੁਕਮਾਂ ਨੂੰ ਸਬੂਤ ਦੇ ਤੌਰ 'ਤੇ ਵਰਤਿਆ ਜਾ ਸਕੇ। ਕਿਉਂਕਿ ਸ੍ਰੀ ਹਰਿਮੰਦਰ ਸਾਹਿਬ ਬਹੁਤ ਸਤਿਕਾਰਤ ਅਤੇ ਪਵਿੱਤਰ ਸਥਾਨ ਹੈ, ਇਸ ਲਈ ਇਸ ਉੱਪਰ ਕੀਤੀ ਜਾਣ ਵਾਲੀ ਫੌਜੀ ਕਾਰਵਾਈ ਲਈ ਸਾਨੂੰ ਸਭ ਨੂੰ ਜਵਾਬ ਦੇਣਾ ਪਵੇਗਾ।

ਡੀ.ਆਈ.ਜੀ. ਪੰਧੇਰ ਵੱਲੋਂ ਅਜਿਹੀ ਸ਼ਬਦੀ ਬਹਿਸ ਨੂੰ ਵੇਖ ਕੇ ਉੱਥੇ ਮੌਜੂਦ ਅਧਿਕਾਰੀ ਹੈਰਾਨ ਰਹਿ ਗਏ। ਐੱਮ. ਪੀ. ਐੱਸ. ਔਲਖ ਦੇ ਮੁਤਾਬਕ ਅਜਿਹਾ ਨਾ ਕਰਨ ਲਈ ਕਿਹਾ ਤਾਂ ਜਨਰਲ ਬਰਾੜ ਤਾਂ ਏਨੇ ਤੈਸ਼ ਵਿੱਚ ਆ ਗਏ ਕਿ ਉਹ ਡੀ.ਆਈ.ਜੀ. ਪੰਧੇਰ ਦੀ ਕਹੀ ਹੋਈ ਗੱਲ ਨੂੰ ਬਰਦਾਸ਼ਤ ਨਾ ਕਰ ਸਕੇ ਅਤੇ ਜ਼ੋਰ ਦੀ ਮੇਜ ਉੱਪਰ ਹੱਥ ਮਾਰ ਕੇ ਕਹਿਣ ਲੱਗੇ ਤੁਹਾਡੇ ਵੱਲੋਂ ਖੁੱਲ੍ਹੇ ਤੌਰ 'ਤੇ ਹੁਕਮ ਅਦੂਲੀ ਕੀਤੀ ਜਾ ਰਹੀ ਹੈ। ਪੰਧੇਰ ਨੇ ਫਿਰ ਵੀ ਕਿਹਾ ਜਿਹੜੀ ਕਾਰਵਾਈ ਤੁਸੀਂ ਕਰਨ ਜਾ ਰਹੇ ਹੋ ਮੇਰੇ ਖਿਆਲ ਵਿੱਚ ਸਰਾਸਰ ਗਲਤ ਹੈ ਇਸ ਨਾਲ ਭਾਰੀ ਜਾਨੀ ਨੁਕਸਾਨ ਹੋਵੇਗਾ ਤੇ ਇਸ ਮਸਲੇ ਨੂੰ ਹੱਲ ਕਰਨ ਲਈ ਹੋਰ ਵੀ ਰਸਤੇ ਹਨ। ਘੱਟੋ ਘੱਟ ਕਰਫਿਊ ਖਤਮ ਕਰਕੇ ਆਮ ਸ਼ਰਧਾਲੂਆਂ ਨੂੰ ਉਥੋਂ ਵਾਪਸ ਜਾਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਬਾਕੀ ਇਸ ਕਾਰਵਾਈ ਤੋਂ ਉਪਰੰਤ ਪੈਦਾ ਹੋਣ ਵਾਲੇ ਭਿਆਨਕ ਹਾਲਾਤ ਨੂੰ ਤੁਸੀਂ ਨਜ਼ਰਅੰਦਾਜ਼ ਕਰ ਰਹੇ ਹੋ। ਇਸ ਤਰ੍ਹਾਂ ਜਦੋਂ ਆਪਸੀ ਤਲਖੀ ਵਧੀ ਤਾਂ ਡੀ.ਆਈ.ਜੀ. ਪੰਧੇਰ ਨੇ ਆਪਣੇ ਸੀਨੀਅਰ ਅਧਿਕਾਰੀ ਬੀਰਬਲ ਨਾਥ ਨੂੰ ਲਿਖਤੀ ਰੂਪ ਵਿੱਚ ਕਿਹਾ ਕਿ ਮੈਨੂੰ ਅੱਜ ਤੋਂ ਇੱਕ ਮਹੀਨੇ ਲਈ ਛੁੱਟੀ 'ਤੇ ਭੇਜ ਦਿੱਤਾ ਜਾਵੇ ਕਿਉਂਕਿ ਮੈਂ ਇਸ ਕਾਰਵਾਈ ਦਾ ਹਿੱਸਾ ਨਹੀਂ ਬਣਨਾ ਚਾਹੁੰਦਾ। ਇਸ 'ਤੇ ਕੇ.ਐੱਸ. ਬਰਾੜ ਨੇ ਕਿਹਾ ਕਿ ਇਸ ਨੂੰ ਹੁਣੇ ਹੀ ਸਸਪੈਂਡ ਕੀਤਾ ਜਾਵੇ ਅਤੇ ਇਸ ਹਾਲਾਤ ਨੂੰ ਵੇਖਦਿਆਂ ਡੀ. ਆਈ. ਜੀ ਪੰਧੇਰ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਕਿਉਂਕਿ ਉਸ ਨੇ ਲਿਖਿਆ ਸੀ ਕਿ ਇਸ ਅਹੁਦੇ 'ਤੇ ਇਸ ਜਗ੍ਹਾ ਇੱਕ ਪਲ

Scanned with CamScanner

ਵੀ ਹੋਰ ਨਹੀਂ ਰਹਿਣਾ ਚਾਹੁੰਦਾ।

ਇਸੇ ਤਰ੍ਹਾਂ ਫੌਜ ਨੂੰ ਕਾਨੂੰਨੀ ਤੌਰ 'ਤੇ ਅੰਮ੍ਰਿਤਸਰ ਵਿਖੇ ਅਜਿਹੇ ਕਾਰਵਾਈ ਨੂੰ ਅੰਜਾਮ ਦੇਣ ਤੋਂ ਪਹਿਲਾਂ ਜ਼ਿਲ੍ਹੇ ਦੇ ਡੀ.ਸੀ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਸੀ। ਇਸ ਲਈ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਸਰਦਾਰ ਗੁਰਦੇਵ ਸਿੰਘ ਬਰਾੜ ਨੂੰ ਕਿਹਾ ਕਿ ਤੁਸੀਂ ਫੌਜ ਨੂੰ ਲਿਖਤੀ ਰੂਪ ਵਿੱਚ ਦਿਉ ਕਿ ਅਜਿਹੀ ਕਾਰਵਾਈ ਕਰਨੀ ਜ਼ਰੂਰੀ ਹੈ। ਇਸ ਗੱਲ ਤੋਂ ਸੀ ਅੰਮ੍ਰਿਤਸਰ ਸਾਹਿਬ ਦੇ ਡੀ.ਸੀ ਸ. ਗੁਰਦੇਵ ਸਿੰਘ ਬਰਾੜ ਨੇ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਮੇਰੀ ਅੰਤਰ ਆਤਮਾ ਮੈਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀ ਕਿ ਮੈਂ ਇੱਕ ਸਿੱਖ ਹੁੰਦਿਆਂ ਹੋਇਆਂ ਬਿਨਾਂ ਕਿਸੇ ਵੱਡੇ ਕਾਰਨ ਹੀ ਸ੍ਰੀ ਹਰਿਮੰਦਰ ਸਾਹਿਬ ਉਪਰ ਹਮਲਾ ਕਰਨ ਲਈ ਲਿਖਤੀ ਸਹਿਮਤੀ ਦੇਵਾਂ ਅਜਿਹਾ ਹਰਗਿਜ਼ ਨਹੀਂ ਹੋ ਸਕਦਾ। ਹਾਲਾਤ 'ਤੇ ਕਾਬੂ ਪਾਉਣ ਲਈ ਸ. ਬਰਾੜ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਅਤੇ ਉਨ੍ਹਾਂ ਦੀ ਥਾਂ 'ਤੇ ਰਮੇਸ਼ਇੰਦਰ ਸਿੰਘ ਨੂੰ ਡੀ.ਸੀ. ਲਗਾ ਦਿੱਤਾ ਗਿਆ। ਪਰ ਸ. ਬਰਾੜ ਦੇ ਅਜਿਹਾ ਕਰਨ ਨਾਲ ਫੌਜ ਦੇ ਕੁਝ ਹੋਰ ਗੈਰ-ਸਿੱਖ ਅਧਿਕਾਰੀਆਂ ਉਪਰ ਵੀ ਅਜਿਹਾ ਅਸਰ ਪਿਆ ਕਿ ਉਹ ਹਰਿਮੰਦਰ ਸਾਹਿਬ ਉਪਰ ਹਮਲਾ ਕਰਨ ਤੋਂ ਝਿਜਕਣ ਲੱਗੇ। ਜਿਸਦਾ ਕੁਲਦੀਪ ਬਰਾੜ ਨੇ ਬਹੁਤ ਬੁਰਾ ਮਨਾਇਆ ਅਤੇ ਸੋਚਣ ਲੱਗਾ ਕੇ ਇਨ੍ਹਾਂ ਹਾਲਾਤਾਂ ਵਿੱਚ ਕਾਮਯਾਬੀ ਕਿਵੇਂ ਮਿਲ ਸਕਦੀ ਹੈ? ਪਰ ਉਸ ਨੇ ਆਪਣੇ ਸੀਨੀਅਰ ਅਧਿਕਾਰੀਆਂ ਨਾਲ ਦੁਬਾਰਾ ਤੋਂ ਸਾਰੀ ਯੋਜਨਾ ਬਣਾਈ ਅਤੇ ਅਜਿਹੇ ਵਿਅਕਤੀਆਂ ਨੂੰ ਇਸ ਕਾਰਵਾਈ ਵਿੱਚੋਂ ਪਿੱਛਾ ਕਰਨ ਦਾ ਫੈਸਲਾ ਲੈ ਲਿਆ ਜੋ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਕਾਰਵਾਈ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਸਨ। ਉਸ ਨੇ ਗੁੱਸੇ ਵਿੱਚ ਇਹ ਵੀ ਕਿਹਾ ਕਿ ਤੁਸੀਂ ਮੁੱਠੀ ਭਰ ਲੋਕਾਂ ਤੋਂ ਡਰਦੇ ਹੋ, ਕੀ ਤੁਸੀਂ ਨਹੀਂ ਸਮਝਦੇ ਕਿ ਤੋਪਾਂ ਦੀ ਗੜਗੜਾਹਟ ਅਤੇ ਅੱਗ ਵਰਸਾਉਂਦੇ ਗੋਲਿਆਂ ਦੀ ਮਾਰ ਸਾਹਮਣੇ ਇਹ ਅਖੌਤੀ ਖਾੜਕੂ ਪਲਾਂ ਵਿੱਚ ਹੀ ਹਥਿਆਰ ਸੁੱਟ ਜਾਣਗੇ। ਬਾਕੀ ਇਹ ਸਭ ਕੁੱਝ ਤੁਹਾਡੇ ਸਾਹਮਣੇ ਆ ਜਾਵੇਗਾ।

ਹਰਿਮੰਦਰ ਸਾਹਿਬ ਦੇ ਨੜੇ ਹੀ ਇੱਕ ਬਿਲਡਿੰਗ 'ਤੇ ਫੌਜ ਨੇ ਆਪਣਾ ਇੱਕ ਅਜਿਹਾ ਹੈੱਡ ਕੁਆਰਟਰ ਸਥਾਪਤ ਕਰ ਲਿਆ ਸੀ ਜਿਥੋਂ ਹਰਿਮੰਦਰ ਸਾਹਿਬ ਕੰਪਲੈਕਸ ਦੀ ਪੂਰੀ ਤਰ੍ਹਾਂ ਨਿਗਰਾਨੀ ਕੀਤੀ ਜਾ ਸਕਦੀ ਸੀ। ਜਨਰਲ ਸੁੰਦਰਜੀ, ਮੇਜਰ ਜਨਰਲ ਬਰਾੜ ਅਤੇ ਹੋਰ ਫੌਜੀ ਅਧਿਕਾਰੀਆਂ ਨੇ ਇੱਥੇ ਪਹੁੰਚ ਕੇ ਇਸ ਦਾ ਜਾਇਜ਼ਾ ਲਿਆ ਅਤੇ ਅਗਲੀ ਕੀਤੀ ਜਾਣ ਵਾਲੀ ਕਾਰਵਾਈ 'ਤੇ ਵਿਚਾਰ ਕੀਤਾ। ਇੱਥੇ ਹੀ ਇਨ੍ਹਾਂ ਨੇ ਸਕੀਮ ਬਣਾਈ ਕਿ ਫੌਜ ਦੇ ਕੁੱਝ ਅਧਿਕਾਰੀਆਂ ਨੂੰ ਭੇਸ ਬਦਲ ਕੇ ਹਰਿਮੰਦਰ ਸਾਹਿਬ ਅੰਦਰ ਦੀ ਸੀਆਈਡੀ ਕਰਨ ਲਈ ਭੇਜਿਆ ਜਾਵੇ। ਪਰ ਫੌਜ ਦੇ ਕੁੱਝ ਅਜਿਹੇ ਅਧਿਕਾਰੀ ਜੋ ਪਹਿਲਾਂ ਸੀਆਈਡੀ ਵਜੋਂ ਹੀ ਹਰਿਮੰਦਰ ਸਾਹਿਬ ਦੇ ਅੰਦਰ ਡਿਊਟੀ ਨਿਭਾ ਚੁੱਕੇ ਸਨ ਉਨ੍ਹਾਂ ਨੇ ਅਜਿਹਾ ਕਰਨ ਨੂੰ ਭਾਰੀ ਖਤਰੇ ਭਰਿਆ ਦੱਸਿਆ। ਉਨ੍ਹਾਂ ਨੇ ਇਹ ਕਿਹਾ ਕਿ ਅੰਦਰ ਭੇਜੇ ਜਾਣ ਵਾਲੇ ਜਵਾਨ ਵਾਪਸ ਜ਼ਿੰਦਾ ਨਹੀਂ ਪਰਤ ਸਕਦੇ। ਬਲਕਿ ਅੰਦਰਲੇ ਖਾੜਕੂਆਂ ਵੱਲੋਂ ਇਨ੍ਹਾਂ ਨੂੰ ਫੜ੍ਹੇ ਜਾਣ 'ਤੇ ਇਹ ਫੌਜ ਵੱਲੋਂ ਕੀਤੀ ਜਾਣ ਵਾਲੀ ਕਾਰਵਾਈ ਦਾ ਖੁਲਾਸਾ ਉਨ੍ਹਾਂ ਕੋਲ ਕਰ ਸਕਦੇ ਹਨ। ਇਸ ਲਈ ਇਹ ਸਕੀਮ ਇੱਥੇ ਹੀ ਰੋਕ ਦਿੱਤੀ ਗਈ। ਪਰ ਇੱਥੇ ਹੀ ਬੈਠ ਕੇ ਇਨ੍ਹਾਂ ਫੌਜੀ ਅਧਿਕਾਰੀਆਂ ਨੇ ਵੱਡੀ ਕਾਰਵਾਈ ਨੂੰ ਅੰਜਾਮ ਦੇਣ ਦਾ ਫੈਸਲਾ ਕਰ ਲਿਆ।

ਫੌਜੀ ਜਰਨੈਲਾਂ ਤੇ ਹੋਰ ਉੱਚ ਅਧਿਕਾਰੀਆਂ ਵੱਲੋਂ ਸਮੁੱਚੀ ਵਿਉਂਤਬੰਦੀ ਬਣਾਈ ਗਈ ਕਿ ਕੁੱਝ ਗੋਤਾਖੋਰ ਕਮਾਂਡੋ ਸਰੋਵਰ ਵਿੱਚ ਦੀ ਤੈਰ ਕੇ ਹਰਿਮੰਦਰ ਸਾਹਿਬ ਪਹੁੰਚਣਗੇ ਤੇ ਵੱਡੀ ਗਿਣਤੀ ਵਿੱਚ ਮੁੱਖ ਘੰਟਾਘਰ ਦਰਵਾਜੇ ਰਾਹੀਂ ਪ੍ਰਵੇਸ਼ ਕਰਕੇ ਅਕਾਲ ਤਖ਼ਤ ਸਾਹਿਬ ਨੂੰ ਘੇਰਾ ਪਾਉਣਗੇ ਅਤੇ ਦੂਜੇ ਪਾਸੇ ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ ਆਦਿ ਦੇ ਇਲਾਕੇ 'ਤੇ ਫੌਜ ਨੇ ਕਬਜ਼ਾ ਕਰਨਾ ਹੈ ਤੇ ਨਾਲ ਹੀ ਜੋ ਥੜ੍ਹਾ ਬਹੁਤ ਕਿਸੇ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਉਸਦੀ ਤੁਰੰਤ ਮੁਰੰਮਤ ਕਰਨੀ ਹੈ। ਜਨਰਲ ਬਰਾੜ ਨੇ ਇੱਕ ਵਾਰ ਫੇਰ ਦੱਸਿਆ ਕਿ ਇਹ ਕੋਈ ਬਹੁਤ ਵੱਡਾ ਓਪਰੇਸ਼ਨ ਨਹੀਂ ਬਲਕਿ ਛੋਟੀ ਜਿਹੀ ਕਾਰਵਾਈ ਹੈ ਜਿਸ ਨੂੰ ਬਹੁਤ ਥੋੜ੍ਹੇ ਸਮੇਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ।

ਜਰਨਲ ਸੁਬੇਗ ਸਿੰਘ ਵੱਲੋਂ ਸਿੰਘਾਂ ਨੂੰ ਹਥਿਆਰਬੰਦ ਸਿਖਲਾਈ

ਜਦ ਅਪ੍ਰੈਲ 1984 ਵਿੱਚ ਮੋਗਾ ਵਿਖੇ ਤਿੰਨ ਗੁਰਦੁਆਰਿਆਂ ਦੀ ਘੇਰਾਬੰਦੀ ਕਰਕੇ ਸੀ. ਆਰ. ਪੀ. ਐੱਫ. ਨੇ ਨਿਹੱਥੇ ਸਿੰਘਾਂ 'ਤੇ ਅੰਨ੍ਹੇਵਾਹ ਗੋਲੀ ਚਲਾ ਕੇ 8 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ ਤਾਂ ਕਾਫੀ ਹੱਦ ਤੱਕ ਭਾਰਤੀ ਸਰਕਾਰ ਦੀ ਕੁਟਲ ਮਨਸ਼ਾ ਜੱਗ ਜਾਹਿਰ ਹੋ ਚੁੱਕੀ ਸੀ ਕਿ ਕੇਂਦਰ ਸਰਕਾਰ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੀਆਂ

Scanned with CamScanner

ਤਿਆਰੀਆਂ ਕਰ ਰਹੀ ਹੈ ਅਤੇ ਸਮੁੱਚੀ ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਉਸ ਨੇ ਅਜਿਹਾ ਕਰਨ ਲਈ ਪੱਕੀ ਧਾਰੀ ਹੋਈ ਹੈ। ਇਸ ਤਰ੍ਹਾਂ ਦੇ ਵਿਚਾਰ ਸੰਤ ਕਈ ਵਾਰ ਸਟੇਜ ਤੋਂ ਪਹਿਲਾਂ ਹੀ ਦੇ ਚੁੱਕੇ ਸਨ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਕਲਗੀਧਰ ਪਾਤਿਸ਼ਾਹ ਵੱਲੋਂ ਸਾਜੀ ਸਮੁੱਚੀ ਸਿੱਖ ਕੌਮ ਨੂੰ ਦੁਨੀਆਂ ਦੀ ਕੋਈ ਵੀ ਤਾਕਤ ਖਤਮ ਨਹੀਂ ਕਰ ਸਕਦੀ। ਇਸ ਲਈ ਕੇਂਦਰ ਸਰਕਾਰ ਨੂੰ ਅਜਿਹੇ ਭਰਮ ਭੁਲੇਖੇ ਮਨ ਵਿੱਚੋਂ ਕੱਢ ਦੇਣੇ ਚਾਹੀਦੇ ਹਨ ਕਿ ਉਹ ਕੌਮ ਦੀਆਂ ਭਾਵਨਾਵਾਂ ਨੂੰ ਮੇਟ ਸਕਣਗੇ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਚਾਰ ਚੁਫੇਰੇ ਭਾਰਤੀ ਫੌਜ ਦੀਆਂ ਕਾਰਵਾਈਆਂ ਉੱਚੀਆਂ ਬਿਲਡਿੰਗਾਂ 'ਤੇ ਬਣ ਰਹੇ ਮੋਰਚੇ ਅਤੇ ਫੌਜ ਵੱਲੋਂ ਸਾਂਭੀਆਂ ਜਾ ਰਹੀਆਂ ਪੁਜੀਸ਼ਨਾਂ ਤੋਂ ਸੰਤ ਭਿੰਡਰਾਂਵਾਲੇ ਵੀ ਬੇਖ਼ਬਰ ਨਹੀਂ ਸਨ ਬਲਕਿ ਕੇਂਦਰ ਸਰਕਾਰ ਅਤੇ ਭਾਰਤੀ ਫੌਜ ਦੀ ਇੱਕ-ਇੱਕ ਹਰਕਤ ਤੋਂ ਵਾਕਿਫ ਸਨ। ਇਹ ਉਨ੍ਹਾਂ ਦੀ ਆਪਣੀ ਦੂਰ ਦ੍ਰਿਸ਼ਟੀ ਅਤੇ ਜਾਣਕਾਰੀ ਦੇ ਵਸੀਲੇ ਸਨ ਇਸ ਲਈ ਸੰਤਾਂ ਨੇ ਤੁਰੰਤ ਹੀ ਜਰਨਲ ਸੁਬੇਗ ਸਿੰਘ ਨੂੰ ਕਿਹਾ ਕਿ ਭਾਈ ਰਸ਼ਪਾਲ ਸਿੰਘ ਪੀਏ ਤੁਹਾਨੂੰ ਕੁੱਝ ਸਿੰਘਾਂ ਦੀ ਲਿਸਟ ਦੇਵੇਗਾ ਉਨ੍ਹਾਂ ਵਿੱਚ ਕਈ ਸਾਬਕਾ ਫੌਜੀ ਵੀ ਹਨ ਉਨ੍ਹਾਂ ਨੂੰ ਹਥਿਆਰਾਂ ਪ੍ਰਤੀ ਉਸ ਤਰ੍ਹਾਂ ਦੀ ਸਿਖਲਾਈ ਦੇਣੀ ਹੈ ਜਿਵੇਂ ਤੁਸੀਂ ਫੌਜ ਵਿੱਚ ਵਿਸ਼ੇਸ਼ ਤੌਰ 'ਤੇ ਕਮਾਂਡੋ ਦੇ ਜਵਾਨਾਂ ਨੂੰ ਸਿਖਲਾਈ ਦਿੰਦੇ ਹੋ। ਨਾਲ ਹੀ ਭਾਈ ਰਸ਼ਪਾਲ ਸਿੰਘ ਨੂੰ ਕਿਹਾ ਕਿ ਜੋ ਸਿੰਘ ਆਪਣੀ ਇੱਛਾ ਨਾਲ ਧਰਮ ਵਾਸਤੇ ਆਪਾ ਵਾਰਨ ਲਈ ਤਿਆਰ ਹਨ ਉਨ੍ਹਾਂ ਨੂੰ ਜਰਨਲ ਸਾਹਿਬ ਨਾਲ ਮਿਲਾਓ। ਇਸ ਤਰ੍ਹਾਂ ਲਗਭਗ 150 ਸਿੰਘ ਜਰਨਲ ਸੁਬੇਗ ਸਿੰਘ ਨੂੰ ਮਿਲਾਏ ਗਏ। ਜਰਨਲ ਸੁਬੇਗ ਸਿੰਘ ਨੇ ਬੁੰਗਾ ਰਾਮਗੜ੍ਹੀਆ ਦੀ ਬੇਸਮੈਂਟ ਵਿੱਚ ਇਨ੍ਹਾਂ ਸਿੰਘਾਂ ਨੂੰ ਸਿਖਲਾਈ ਦੇਣ ਦੀ ਤਿਆਰੀ ਕੀਤੀ ਜੋ ਕਿ ਕਾਫੀ ਖੁੱਲ੍ਹੀ ਅਤੇ ਦੁੱਕਵੀਂ ਥਾਂ ਸੀ। ਇੱਥੇ ਸੀਮਿਤ ਸਮੇਂ ਦੌਰਾਨ ਬੜੀ ਮਿਹਨਤ ਨਾਲ ਇਨ੍ਹਾਂ ਸਿੰਘਾਂ ਨੂੰ ਸਿਖਲਾਈ ਦਿੱਤੀ ਗਈ। ਜਿਸ ਵਿੱਚ ਹਥਿਆਰ ਕਿਵੇਂ ਫੜਨਾ ਹੈ, ਲੈ ਕੇ ਕਿਵੇਂ ਚੱਲਣਾ ਹੈ, ਜੇਕਰ ਫੌਜ ਦੇ ਸਾਹਮਣੇ ਵੀ ਦੌੜ ਕੇ ਲੰਘਣਾ ਹੋਵੇ ਤਾਂ ਫਿਰ ਕਿਸ ਤਰ੍ਹਾਂ ਫੜਣਾ, ਜੇ ਰੇਂਗ ਕੇ ਚੱਲਣਾ ਹੋਵੇ ਤਾਂ ਫਿਰ ਹਥਿਆਰ ਨੂੰ ਕਿਸ ਤਰ੍ਹਾਂ ਰੱਖਣਾ ਹੈ, ਵੱਖ-ਵੱਖ ਦੂਰੀਆਂ ਤੋਂ ਨਿਸ਼ਾਨਾ ਕਿਵੇਂ ਲਾਉਣਾ ਹੈ, ਕਿਹੜੇ ਹਥਿਆਰ ਦੀ ਕਿੰਨੀ ਦੂਰ ਤੱਕ ਮਾਰ ਹੈ, ਮੋਰਚੇ ਕਿਵੇਂ ਤਿਆਰ ਕਰਨੇ ਹਨ, ਹੁਣ ਤੱਕ ਬਣੇ ਮੋਰਚਿਆਂ ਵਿੱਚ ਕੀ ਕਮੀਆਂ ਹਨ, ਹਰ ਮੋਰਚੇ ਦੇ ਆਗੂ ਦੇ ਹੁਕਮ ਵਿੱਚ ਰਹਿਣਾ ਹੈ, ਕਿਸੇ ਵੀ ਕੀਮਤ 'ਤੇ ਬਿਨ੍ਹਾਂ ਵਜ੍ਹਾ ਹਥਿਆਰਾਂ ਦਾ ਸ਼ਕਤੀ ਪ੍ਰਦਰਸ਼ਨ ਨਹੀਂ ਕਰਨਾ, ਯੁੱਧ ਦੌਰਾਨ ਜਖਮੀ ਹਾਲਤ ਵਿੱਚ ਸਿੰਘਾਂ ਨੂੰ ਕਿਵੇਂ ਸੰਭਾਲਣਾ ਹੈ, ਨਾਲ ਦੇ ਸਿੰਘਾਂ ਦੇ ਸ਼ਹੀਦ ਹੋ ਜਾਣ ਤੇ ਕੀ ਕਰਨਾ ਹੈ, ਅੱਥਰੂ ਗੈਸ ਜਾਂ ਹੋਰ ਮਾਰੂ ਗੈਸ ਦੇ ਪ੍ਰਭਾਵ ਤੋਂ ਕਿਸ ਤਰ੍ਹਾਂ ਬਚਣਾ ਹੈ। ਇਸ ਤਰ੍ਹਾਂ ਦੀ ਇਲੀ ਬਾਰੀਕੀ ਨਾਲ ਸਿਖਲਾਈ ਦਿੱਤੀ ਗਈ ਕਿ ਜਿਹੜੇ ਸਾਬਕਾ ਫੌਜੀ ਜਾਂ ਪੁਲਿਸ ਵਿੱਚ ਰਹਿ ਚੁੱਕੇ ਕੁੱਝ ਸਿੰਘ ਸਨ ਜਿਨ੍ਹਾਂ ਨੇ ਪਹਿਲਾਂ ਵੀ ਟਰੇਨਿੰਗ ਲਈ ਹੋਈ ਸੀ ਪਰ ਉਹ ਜਰਨਲ ਸੁਬੇਗ ਸਿੰਘ ਦੀ ਸਿਖਲਾਈ ਤੋਂ ਬੇਹੱਦ ਪ੍ਰਭਾਵਿਤ ਸਨ।

ਦਿਨ ਪ੍ਰਤੀ ਦਿਨ ਜਿਵੇਂ ਜਿਵੇਂ ਇਨ੍ਹਾਂ ਸਿੰਘਾਂ ਨੇ ਸਿਖਲਾਈ ਪ੍ਰਾਪਤ ਕੀਤੀ ਅਤੇ ਸਮੇਂ-ਸਮੇਂ ਸੰਤਾਂ ਨੂੰ ਮਿਲਦੇ ਰਹੇ ਤਾਂ ਉਨ੍ਹਾਂ ਦੀਆਂ ਇਨ੍ਹਾਂ ਸਿੰਘਾਂ ਨਾਲ ਵਿਸ਼ੇਸ਼ ਤੌਰ 'ਤੇ ਮੀਟਿੰਗਾਂ ਵਿੱਚ ਸੰਤਾਂ ਨੇ ਉਪਦੇਸ਼ ਦਿੱਤੇ ਕਿ ਸਤਿਗੁਰੂ ਦੇ ਹੁਕਮ ਅਨੁਸਾਰ ਖ਼ਾਲਸਾ ਪਹਿਲਾਂ ਕਿਸੇ 'ਤੇ ਵਾਰ ਕਰਦਾ ਨਹੀਂ ਪਰ ਜੇਕਰ ਬਿਨ੍ਹਾ ਵਜ੍ਹਾ ਆਪਣੀ ਸ਼ਕਤੀ ਦੀ ਧੌਂਸ ਨਾਲ ਸਿੱਖ ਕੌਮ ਨੂੰ ਨੀਵਾਂ ਵਿਖਾਉਣ ਲਈ ਕੇਂਦਰ ਸਰਕਾਰ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਲਈ ਫੌਜ ਚਾੜ੍ਹਦੀ ਹੈ ਤਾਂ ਉਸ ਦਾ ਮੂੰਹ ਤੋੜ ਜਵਾਬ ਦੇਣਾ ਹੈ। ਬਾਕੀ ਤੁਹਾਡੇ ਸਾਹਮਣੇ ਹੈ ਕਿ ਹਰਿਆਣੇ ਵਿੱਚ 11 ਗੁਰਦੁਆਰੇ ਸਾੜ ਦਿੱਤੇ ਗਏ ਹਨ ਅਤੇ ਦਰਜਨ ਦੇ ਕਰੀਬ ਸਿੰਘ ਸ਼ਹੀਦ ਕੀਤੇ ਗਏ ਹਨ, ਸਿੱਖ ਬੀਬੀਆਂ ਦੀ ਇੱਜ਼ਤ ਨਾਲ ਖਿਲਵਾੜ ਕੀਤਾ ਗਿਆ ਹੈ ਅਤੇ ਫਿਰ ਮੋਗੇ ਵਿਖੇ ਤਿੰਨ ਗੁਰਦੁਆਰਿਆਂ ਦੀ ਘੇਰਾਬੰਦੀ ਕਰਕੇ 8 ਸਿੰਘ ਸ਼ਹੀਦ ਕਰ ਦਿੱਤੇ ਗਏ ਹਨ ਅਤੇ ਸ਼ਹੀਦ ਹੋਣ ਵਾਲੇ ਸਿੰਘਾਂ ਦੀਆਂ ਲਾਸ਼ਾਂ ਵੀ ਸਾਨੂੰ ਨਹੀਂ ਦਿੱਤੀਆਂ ਗਈਆਂ। ਇਸੇ ਤਰ੍ਹਾਂ ਪਿਛਲੇ ਦਿਨੀਂ 27 ਮਈ ਨੂੰ ਬਿਨ੍ਹਾਂ ਕਾਰਨ ਸੀ. ਆਰ. ਪੀ. ਐੱਫ ਵੱਲੋਂ ਸ੍ਰੀ ਦਰਬਾਰ ਸਾਹਿਬ ਉਪਰ ਗੋਲੀਆਂ ਚਲਾਈਆਂ ਅਤੇ ਤਿੰਨ ਸਿੰਘ ਸ਼ਹੀਦ ਕਰ ਦਿੱਤੇ ਗਏ। ਕੇਂਦਰ ਸਰਕਾਰ ਵੱਲੋਂ ਇਨ੍ਹਾਂ ਘਿਨਾਉਣੀਆਂ ਕਾਰਵਾਈਆਂ ਵਿਰੁੱਧ ਇੱਕ ਵੀ ਸ਼ਬਦ ਨਾ ਕਹਿਣਾ ਇਹ ਸਪੱਸ਼ਟ ਸੰਕੇਤ ਕਰਦਾ ਹੈ ਕਿ ਇਨ੍ਹਾਂ ਦੀ ਭੈੜੀ ਮਨਸ਼ਾ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਹੈ। ਭਾਵੇਂ ਬਹੁਤ ਸਾਰੇ ਲੋਕਾਂ ਦੀ ਰਾਏ ਇਸ ਦੇ ਉਲਟ ਹੈ ਕਿ ਅਜਿਹਾ ਨਹੀਂ ਹੋ ਸਕਦਾ ਉਹ ਲੋਕ ਭੁਲੇਖੇ ਵਿੱਚ ਹਨ ਅਤੇ ਕੇਂਦਰ ਦੀ ਕੂਟਨੀਤਿਕ ਤੋਂ ਅਣਜਾਨ ਹਨ ਪਰ ਹੁਣ ਸਮਾਂ ਜ਼ਿਆਦਾ ਨਹੀਂ, ਹਰ ਸਮੇਂ ਤਿਆਰ-

Scanned with CamScanner

ਬਰ-ਤਿਆਰ ਰਹੋ ਵਾਹਿਗੁਰੂ ਦਾ ਓਟ ਅਤੇ ਆਸਰਾ ਰੱਖੋ। ਪਾਵਨ ਗੁਰਧਾਮਾਂ ਦੀ ਪਹਿਰੇਦਾਰੀ ਕਰਦਿਆਂ ਜੇਕਰ ਸ਼ਹੀਦੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਸਮਝੋ ਕਿ ਕਈ ਜਨਮਾਂ ਦੀ ਭਗਤੀ ਕਾਰਨ ਹੀ ਇਹ ਸੰਭਵ ਹੋ ਸਕੇਗਾ। ਇਸ ਲਈ ਵੱਧ ਤੋਂ ਵੱਧ ਬਾਣੀ ਪੜ੍ਹੋ ਨਾਮ ਜਪੋ ਅਤੇ ਚੜ੍ਹਦੀ ਕਲਾ ਵਿੱਚ ਰਹੋ ਕਲਗੀਧਰ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਮਹਾਰਾਜ ਆਪਣੇ ਖਾਲਸੇ ਦੇ ਹਮੇਸ਼ਾ ਅੰਗ ਸੰਗ ਹਨ, ਜਿਸ ਸਦਕਾ ਇਥੇ ਚੜ੍ਹ ਕੇ ਆਉਣ ਵਾਲੀਆਂ ਸ਼ਕਤੀਆਂ ਦਾ ਪਹਿਲਾਂ ਵੀ ਹੰਕਾਰ ਟੁੱਟਿਆ ਹੈ ਅਤੇ ਹੁਣ ਵੀ ਸਤਿਗੁਰੂ ਦੀ ਕ੍ਰਿਪਾ ਨਾਲ ਅਜਿਹਾ ਹੀ ਹੋਵੇਗਾ। ਜੋ ਲੋਕ ਆਸਾਂ ਲਾ ਕੇ ਬੈਠੇ ਹਨ ਕਿ ਇਨ੍ਹਾਂ ਮੁੱਠੀ ਭਰ ਸਿੰਘਾਂ ਨੂੰ ਜਿਉਂਦਿਆਂ ਹੀ ਗਲਮਿਆਂ ਤੋਂ ਫੜ-ਫੜ ਕੇ ਲੈ ਆਵਾਂਗੇ ਜਾਂ ਇਹ ਸਿਰਦੇ ਹਨ ਕਿ ਭਾਰਤੀ ਫੌਜ ਦੀ ਮਾਰੂ ਸ਼ਕਤੀ ਦੀ ਪ੍ਰਦਰਸ਼ਨੀ ਵੇਖ ਕੇ ਹੀ ਸਿੰਘ ਡਰ ਜਾਣਗੇ ਇਹ ਵੀ ਇਨ੍ਹਾਂ ਦਾ ਭੁਲੇਖਾ ਕੱਢ ਦੇਵਾਂਗੇ। ਹਮਲਾਵਰ ਲੋਕ ਤਾਂ ਕੀ ਇਨ੍ਹਾਂ ਦੀਆਂ ਨਸਲਾਂ ਤੱਕ ਦੀ ਰੂਹ ਕੰਬੇਗੀ ਕਿ ਕਿਹੋ ਜਿਹੇ ਖ਼ਾਲਸੇ ਨਾਲ ਵਾਹ ਪਿਆ ਹੈ। ਸੰਤਾਂ ਵੱਲੋਂ ਅਜਿਹੀਆਂ ਹੋਰ ਵੀ ਵਿਦਵਤਾ ਅਤੇ ਦਲੀਲ ਭਰਪੂਰ ਸੋਝੀਲੀਆਂ ਵਿਚਾਰਾਂ ਸੁਣ ਕੇ ਸਿੰਘਾਂ ਦੇ ਚਿਹਰਿਆਂ 'ਤੇ ਜਾਹੋ ਜਲਾਲ ਚਮਕਦਾ ਅਤੇ ਉਹ ਹਰ ਪਲ ਆਪਾ ਵਾਰਨ ਦੀ ਭਾਵਨਾ ਨਾਲ ਕਈ ਜੈਕਾਰੇ ਛੱਡਦੇ ਅਤੇ ਕਈ ਜੋਸ਼ ਵਿੱਚ ਪੜ੍ਹਦੇ:

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ॥
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥

ਇਹ ਸਿੰਘ ਦਿਨ ਵੇਲੇ ਸਿਖਲਾਈ ਲੈਂਦੇ ਸਸ਼ਤਰ ਸੰਭਾਲਦੇ, ਬਾਣੀ ਪੜ੍ਹਦੇ ਅਤੇ ਰਾਤ ਸਮੇਂ ਹੋਰ ਸਿੰਘਾਂ ਦੀ ਮਦਦ ਨਾਲ ਮੋਰਚਾਬੰਦੀ ਦੀ ਮਜ਼ਬੂਤੀ ਕਰਦੇ। ਇਨ੍ਹਾਂ ਸਿੰਘਾਂ ਦਾ ਹਥਿਆਰਬੰਦ ਸਿਖਲਾਈ ਦਾ ਪ੍ਰਬੰਧ ਇੰਨਾ ਚੁੱਕਵਾਂ ਅਤੇ ਗੁਪਤ ਸੀ ਕਿ ਸਿਖਲਾਈ ਲੈਣ ਵਾਲੇ ਸਿੰਘਾਂ ਤੋਂ ਇਲਾਵਾ ਹੋਰ ਕਿਸੇ ਨੂੰ ਵੀ ਇਸਦਾ ਕੋਈ ਭੇਦ ਨਹੀਂ ਸੀ। ਪਰ ਸਿਖਲਾਈ ਲੈਣ ਉਪਰੰਤ ਇਨ੍ਹਾਂ ਸਿੰਘਾਂ ਦੇ ਹੌਸਲੇ ਪੂਰੀ ਤਰ੍ਹਾਂ ਬੁਲੰਦ ਸਨ।

ਸੰਤਾਂ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਇੱਕ ਪਾਸੇ ਤਾਂ ਸਿੱਖ ਕੌਮ ਦੇ ਹੱਕਾਂ ਦੀ ਆਵਾਜ਼ ਨੂੰ ਉਠਾਉਣ ਵਾਲੇ ਜੁਝਾਰੂ ਸਿੰਘਾਂ ਦੇ ਖ਼ੂਨ ਵਿੱਚ ਹੱਥ ਰੰਗੇ ਜਾ ਰਹੇ ਹਨ ਅਤੇ ਦੂਜੇ ਪਾਸੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਚਿੱਟੇ ਕੱਪੜੀਏ ਕਮਾਂਡੋ ਦਸਤੇ ਭੇਜ ਕੇ ਮੋਨੇ ਅਤੇ ਜਥੇ ਦੇ ਸਿੰਘਾਂ ਨੂੰ ਧੋਖੇ ਅਤੇ ਫਰੇਬ ਨਾਲ ਜਿਉਂਦਿਆਂ ਫੜ੍ਹਨ ਜਾਂ ਮੁੱਠਭੇੜ ਵਿੱਚ ਸਭ ਨੂੰ ਮੌਤ ਦੇ ਘਾਟ ਉਤਾਰਨ ਦੀਆਂ ਸਾਜਿਸ਼ਾਂ ਘੜੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਪਿਛਲੇ ਕੁੱਝ ਦਿਨਾਂ ਤੋਂ ਇਸ ਤਰ੍ਹਾਂ ਦੇ ਭੇਦ ਮਿਲ ਰਹੇ ਹਨ ਕਿ ਸੀ. ਆਰ. ਪੀ. ਅਤੇ ਹੋਰ ਫੌਜੀ ਦਸਤਿਆਂ ਨੂੰ ਕਿਸੇ ਵੇਲੇ ਵੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਦਾਖਲ ਹੋਣ ਦਾ ਹੁਕਮ ਮਿਲ ਸਕਦਾ ਹੈ। ਇਸ ਸਬੰਧ ਵਿੱਚ ਮੈਂ ਇੱਕ ਗੱਲ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਆਪਣਾ ਇਹ ਭੁਲੇਖਾ ਕੱਢ ਦੇਵੇ ਕਿ ਉਸ ਦੀ ਭੇਜੀ ਹੋਈ ਫੌਜ ਮੋਨੇ ਜਾਂ ਜਥੇ ਦੇ ਸਿੰਘਾਂ ਨੂੰ ਜਿਉਂਦਿਆਂ ਫੜ੍ਹ ਲਵੇਗੀ। ਉਸ ਦੀ ਇਹ ਇੱਛਾ ਕਦੇ ਵੀ ਪੂਰੀ ਨਹੀਂ ਹੋਵੇਗੀ ਕਿਉਂਕਿ ਦਾਸ ਅਤੇ ਜਥੇ ਵਿੱਚ ਰਹਿਣ ਵਾਲੇ ਸਿੰਘਾਂ ਨੇ ਅਤੇ ਨਾਲ ਦੇ ਸਹਿਜੋਗੀਆਂ ਨੇ ਇਹ ਫੈਸਲਾ ਕਰ ਲਿਆ ਹੈ ਕਿ ਜਿਉਂਦਿਆਂ ਦੁਸ਼ਮਣ ਦੇ ਹੱਥ ਆਉਣ ਨਾਲੋਂ ਸ਼ਹੀਦੀਆਂ ਦੇਣ ਨੂੰ ਪਹਿਲ ਦੇਵਾਂਗੇ। ਇੱਥੇ ਮੈਂ ਇਹ ਗੱਲ ਵੀ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਅਸੀਂ ਇੱਥੇ ਆਪਣੇ ਗੁਰੂ ਦੇ ਤਖਤ ਦੀ ਛੱਤਰ ਛਾਇਆ ਹੇਠ ਬੈਠੇ ਹਾਂ ਇਸ ਦੀ ਮਾਣ ਮਰਿਆਦਾ ਅਤੇ ਪਵਿੱਤਰਤਾ ਨੂੰ ਧਿਆਨ ਵਿੱਚ ਰੱਖਣਾ ਸਾਡਾ ਕਰਮ ਧਰਮ ਅਤੇ ਫਰਜ਼ ਬਣਦਾ ਹੈ। ਗੁਰੂ ਕਲਗੀਧਰ ਪਾਤਿਸ਼ਾਹ ਦੇ ਹੁਕਮ ਅਨੁਸਾਰ ਸਸ਼ਤਰਧਾਰੀ ਖ਼ਾਲਸਾ ਹਾਂ ਕਦੀ ਚੂੜੀਆਂ ਪਾ ਕੇ ਨਹੀਂ ਬੈਠੇ। ਅਸੀਂ ਨਿਸ਼ਚੇ ਨਾਲ ਇਹ ਫੈਸਲਾ ਕੀਤਾ ਹੋਇਆ ਹੈ ਕਿ ਇਨ੍ਹਾਂ ਵਜ੍ਹਾ ਪਹਿਲਾਂ ਗੋਲੀ ਚਲਾਉਣੀ ਨਹੀਂ ਪਰ ਜੇ ਭਾਰਤੀ ਫੌਜਾਂ ਨੇ ਸ੍ਰੀ ਦਰਬਾਰ ਸਾਹਿਬ ਅੰਦਰ ਵੜਨ ਦੀ ਕੋਸ਼ਿਸ਼ ਕੀਤੀ ਤਾਂ ਸਰਕਾਰ ਸਮਝ ਲਵੇ ਕਿ ਸਿੰਘ ਇੱਕ ਵਾਰ ਤਾਂ ਹਮਲਾ ਕਰਨ ਵਾਲਿਆਂ ਦੇ ਜ਼ਰੂਰ ਮੱਥੇ ਲਾਹੁਣਗੇ। ਸਿੰਘ ਆਪਣੇ ਧਰਮ ਤੋਂ ਆਪਾ ਨਿਛਾਵਰ ਕਰ ਦੇਣਗੇ। ਪਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾਵਰ ਫੌਜਾਂ ਦਾ ਐਸਾ ਮੂੰਹ ਤੋੜ ਜਵਾਬ ਦੇਣਗੇ ਕਿ ਫੌਜਾਂ ਦੇ ਲੰਗਾਰ ਲਹਿੰਦੇ ਵੇਖਿਉ। ਸਿੱਖ ਯੋਧੇ ਆਪਣੇ ਖ਼ੂਨ ਨਾਲ ਅਮਿੱਟ ਇਤਿਹਾਸ ਲਿਖ ਜਾਣਗੇ।

ਵੇਖਣ ਵਾਲੀ ਗੱਲ ਇਹ ਹੈ ਕਿ ਇੱਕ ਪਾਸੇ ਭਾਰਤ ਸਰਕਾਰ ਦੇ ਹੁਕਮਾਂ 'ਤੇ ਭਾਰਤੀ ਫੌਜ ਨੇ ਚੌਣਵੇਂ ਕਮਾਂਡੋਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਬਣਾ ਕੇ ਉਸ ਉੱਪਰ ਹਮਲਾ ਕਰਨ ਦੀ ਟ੍ਰੇਨਿੰਗ ਦਿੱਤੀ। ਨਵੇਂ ਤੋਂ ਨਵੇਂ ਅਤਿ ਮਾਰੂ ਹਥਿਆਰਾਂ ਨੂੰ ਵਰਤਣ ਦੀ ਸਿਖਲਾਈ ਦਿੱਤੀ ਅਤੇ ਫੌਜ ਦੇ ਕਈ ਤਜਰਬੇਕਾਰ ਜਨਰਲਾਂ ਨੇ

Scanned with CamScanner

ਮਹੀਨਿਆਂ ਬੱਧੀ ਇਸ ਤਿਆਰੀ ਲਈ ਲਗਾਏ, ਜਿਨ੍ਹਾਂ ਕੋਲ ਅਸਲੇ ਦੇ ਭੰਡਾਰ ਸਮੇਤ ਖੁੱਲ੍ਹੀਆਂ ਥਾਵਾਂ ਤੇ ਸ਼ਰੇਆਮ ਹਮਲਾ ਕਰਨ ਦਾ ਅਭਿਆਸ ਕਰਵਾਇਆ ਗਿਆ। ਦੂਜੇ ਪਾਸੇ ਜਨਰਲ ਸੁਬੇਗ ਸਿੰਘ ਨੇ ਇੱਕ ਛੋਟੇ ਜਿਹੇ ਬੇਸਮੈਂਟ ਵਿੱਚ ਕਿਸੇ ਵੀ ਹਥਿਆਰ ਦੀ ਇੱਕ ਵੀ ਗੋਲੀ ਚਲਾਏ ਤੋਂ ਬਿਨ੍ਹਾਂ ਸਿੰਘਾਂ ਨੂੰ ਸੀਮਿਤ ਸਮੇਂ ਵਿੱਚ ਯੁੱਧ ਨੀਤੀ ਦੇ ਗੁਰ ਸਮਝਾਏ। ਦੋਵੇਂ ਧਿਰਾਂ ਦੀ ਸਿਖਲਾਈ ਅਤੇ ਸਾਧਨਾਂ ਦਾ ਜ਼ਮੀਨ ਅਸਮਾਨ ਦਾ ਅੰਤਰ ਹੈ ਪਰ ਇੱਕ ਗੱਲ ਜ਼ਰੂਰ ਹੈ ਕਿ ਇੱਕ ਪਾਸੇ ਧਰਮ ਦੀ ਖਾਤਿਰ ਆਪਾ ਵਾਰਨ ਵਾਲੇ ਮੁੱਠੀ ਭਰ ਸਿੰਘਾਂ ਦੀ ਸਿਖਲਾਈ ਹੈ ਜਿਨ੍ਹਾਂ ਨੂੰ ਸ਼ਹੀਦੀਆਂ ਪਾਉਣ ਦਾ ਚਾਅ ਹੈ ਅਤੇ ਦੂਜੇ ਪਾਸੇ ਫੌਜ ਦੀ ਨੌਕਰੀ ਕਰਨ ਵਾਲੇ ਜਵਾਨਾਂ ਦੀ ਤਿਆਰੀ ਹੈ ਜਿਨ੍ਹਾਂ ਨੂੰ ਮਜ਼ਬੂਰੀ ਵੱਸ ਅਜਿਹੇ ਯੁੱਧ ਵੱਲ ਧੱਕਿਆ ਜਾ ਰਿਹਾ ਹੈ।

ਹਿੰਦ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ

ਮੁਗਲਾਂ ਪਠਾਣਾਂ, ਅੰਗਰੇਜ਼ਾਂ ਅਤੇ ਕਈ ਹੋਰ ਤਾਕਤਾਂ ਨੇ ਭਾਰਤੀ ਉਪ ਮਹਾਂਦੀਪ ਨੂੰ ਗੁਲਾਮ ਬਣਾਈ ਰੱਖਿਆ ਅਤੇ ਸਦੀਆਂ ਤੱਕ ਹਿੰਦੁਸਤਾਨੀ ਲੋਕਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ। ਕੇਵਲ ਸਿੱਖ ਕੌਮ ਹੀ ਇੱਕ ਅਜਿਹੀ ਕੌਮ ਸੀ ਜਿਹੜੀ ਹੁਕਮਰਾਨ ਸ਼ਾਸਕਾਂ ਨਾਲ ਲੜਦੀ ਰਹੀ ਅਤੇ ਆਜ਼ਾਦੀ ਲਈ ਜੂਝਦੀ ਰਹੀ ਇਸਦਾ ਭਾਰੀ ਖਮਿਆਜ਼ਾ ਵੀ ਸਿੱਖਾਂ ਨੂੰ ਭੁਗਤਣਾ ਪਿਆ। ਸਿੱਖ ਚਰਖੜੀਆਂ 'ਤੇ ਚੜ੍ਹੇ, ਸਿੱਖਾਂ ਦੇ ਸਿਰਾਂ ਦੇ ਮੁੱਲ ਪਏ, ਘਰ ਬਾਰ ਤਿਆਗ ਕੇ ਇਨ੍ਹਾਂ ਨੂੰ ਜੰਗਲ ਬੀਆਬਾਨਾਂ ਵਿੱਚ ਰਹਿਣਾ ਪਿਆ। ਆਖਰ ਬਾਬਾ ਬੰਦਾ ਸਿੰਘ ਬਹਾਦਰ ਤੇ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਭਾਰੀ ਜੱਦੋ ਜਹਿਦ ਤੋਂ ਬਾਅਦ ਸਿੱਖ ਰਾਜ ਸਥਾਪਤ ਕਰ ਲਿਆ। ਹਿੰਦੁਸਤਾਨ ਤਦ ਵੀ ਗੁਲਾਮ ਸੀ। ਲਗਭਗ ਅੱਧੀ ਕੁ ਸਦੀ ਤੋਂ ਬਾਅਦ ਹਿੰਦੂ ਡੋਗਰਿਆਂ ਦੀ ਬਦਨੀਅਤ ਕਾਰਨ ਸਿੱਖ ਰਾਜ ਉਪਰ ਵੀ ਅੰਗਰੇਜ਼ਾਂ ਨੇ ਕਬਜਾ ਕਰ ਲਿਆ। ਤਦ ਵੀ ਸਿੱਖ ਚੈਨ ਨਾਲ ਨਹੀਂ ਬੈਠੇ ਅਤੇ ਆਪਣੇ ਖੁੱਸੇ ਰਾਜ ਦੀ ਪ੍ਰਾਪਤੀ ਲਈ ਜੂਝਦੇ ਰਹੇ ਅਤੇ ਗੁਰੀਲਾ ਯੁੱਧਨੀਤੀ ਤਹਿਤ ਜਦੋਂ ਅੰਗਰੇਜ਼ ਹਕੂਮਤ ਦੇ ਨੱਕ ਵਿੱਚ ਦਮ ਕਰ ਦਿੱਤਾ ਤਾਂ ਉਹ ਭਾਰਤ ਛੱਡਣ ਲਈ ਮਜਬੂਰ ਹੋਏ। ਉਦੋਂ ਤੱਕ ਕਈ ਹਿੰਦੂ ਸੰਗਠਨ ਸੰਤਿਆਗ੍ਰਹਿ ਦੇ ਰੂਪ ਵਿੱਚ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਲਈ ਸਿੱਖਾਂ ਨਾਲ ਸ਼ਾਮਿਲ ਹੋ ਗਏ ਅਤੇ ਭਾਰਤੀ ਮਹਾ ਦੀਪ ਵਿੱਚ ਰਹਿਣ ਵਾਲੇ ਮੁਸਲਮਾਨ ਵੀ। ਅਖੀਰ 1947 ਵਿੱਚ ਅੰਗਰੇਜ਼ ਭਾਰਤ ਨੂੰ ਅਲਵਿਦਾ ਕਹਿ ਗਏ ਪਰ ਭਾਰਤ ਛੱਡਣ ਤੋਂ ਪਹਿਲਾਂ ਉਹ ਇਸ ਗੱਲ ਨੂੰ ਤਸਲੀਮ ਕਰ ਚੁੱਕੇ ਸਨ ਕਿ ਪ੍ਰਮੁੱਖ ਰੂਪ ਵਿੱਚ ਆਜਾਦੀ ਦੀਆਂ ਹੱਕਦਾਰ ਤਿੰਨ ਕੌਮਾਂ ਹਨ ਮੁਸਲਮਾਨ, ਸਿੱਖ ਅਤੇ ਹਿੰਦੂ ਜਿਸਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ। ਇਹ ਸਿੱਖ ਕੌਮ ਦੀ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਉਸ ਸਮੇਂ ਦੇ ਸਿੱਖ ਆਗੂਆਂ ਨੇ ਹਿੰਦੂ ਆਗੂਆਂ 'ਤੇ ਬਹੁਤ ਵੱਡਾ ਭਰੋਸਾ ਕਰਕੇ ਹਿੰਦੁਸਤਾਨ ਵਿੱਚ ਰਹਿਣਾ ਤਸਲੀਮ ਕਰ ਲਿਆ। ਜੋ ਨਹੀਂ ਜਾਣਦੇ ਸਨ ਕਿ ਹਿੰਦੂ ਆਗੂਆਂ ਵੱਲੋਂ ਜੋ ਸਿੱਖ ਕੌਮ ਨੂੰ ਆਜ਼ਾਦੀ ਦਾ ਨਿੱਘ ਮਾਨਣ ਲਈ ਵਿਸ਼ਵਾਸ ਦਿੱਤਾ ਗਿਆ ਹੈ, ਉਸਦੇ ਬਦਲੇ ਸਿੱਖ ਕੌਮ ਦੀ ਨਸਲਕੁਸ਼ੀ ਅਤੇ ਸਮੁੱਚੀ ਕੌਮ ਨੂੰ ਪੱਕੇ ਤੌਰ 'ਤੇ ਸਬਕ ਸਿਖਾਉਣ ਲਈ ਭਾਰਤੀ ਹਿੰਦੂ ਹੁਕਮਰਾਨ ਤੋਪਾਂ, ਟੈਂਕਾਂ ਸਮੇਤ ਫੌਜ ਭੇਜ ਕੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾਵਰ ਹੋਣਗੇ।

ਦੁਨੀਆਂ ਵਿੱਚ ਕਿਧਰੇ ਵੀ ਅਜਿਹੀ ਦੁਖਦਾਇਕ ਘਟਨਾ ਕਿਸੇ ਇਤਿਹਾਸ ਵਿੱਚ ਪੜ੍ਹਨ ਨੂੰ ਨਹੀਂ ਮਿਲੇਗੀ ਕਿ ਕਿਸੇ ਵੀ ਦੇਸ਼ ਨੇ ਆਪਣੇ ਹੀ ਦੇਸ਼ ਵਾਸੀਆਂ ਨਾਲ ਜੋ ਵਾਅਦੇ ਕੀਤੇ ਹੋਣ ਉਹ ਪੂਰੇ ਕਰਨ ਦੀ ਥਾਂ, ਉਨ੍ਹਾਂ ਦੇ ਧਾਰਮਿਕ ਸਥਾਨ ਦੀਆਂ ਤੋਪਾਂ ਤੇ ਟੈਂਕਾਂ ਨਾਲ ਧੱਜੀਆਂ ਉਡਾ ਦਿੱਤੀਆਂ ਹੋਣ। ਇਸ ਤੋਂ ਅੱਗੇ ਵਾਲੀ ਵਾਰਤਾ ਹਰ ਦਾਨਸ਼ਮੰਦ ਇਨਸਾਨ ਦਾ ਦਿਲ ਦਹਿਲਾ ਦੇਣ ਵਾਲੀ ਹੈ ਕਿ 1 ਜੂਨ 1984 ਤੋਂ 6 ਜੂਨ ਤੱਕ ਸਿੱਖਾਂ ਨਾਲ ਕੀ ਅਤੇ ਕਿਵੇਂ ਵਾਪਰਿਆ?

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬਣੇ ਹੋਏ ਤਣਾਅ ਪੂਰਵਕ ਹਾਲਾਤ ਅਤੇ ਆਏ ਦਿਨ ਦੀਆਂ ਵਾਪਰ ਰਹੀਆਂ ਛੋਟੀਆਂ-ਵੱਡੀਆਂ ਘਟਨਾਵਾਂ ਕਾਰਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਨੀਮ ਫੌਜੀ ਦਲਾਂ ਦੇ ਦਾਖਲੇ ਦੀਆਂ ਸੰਭਾਵਨਾਵਾਂ ਬਾਰੇ ਆਮ ਗੱਲਾਂ ਹੁੰਦੀਆਂ ਰਹਿੰਦੀਆਂ ਸਨ ਪਰ ਸੰਤ ਭਿੰਡਰਾਂਵਾਲੇ ਦੇ ਜਥੇ ਤੋਂ ਬਿਨ੍ਹਾਂ ਹੋਰ ਕੋਈ ਵੀ ਅਜਿਹਾ ਯਕੀਨ ਕਰਨ ਨੂੰ ਤਿਆਰ ਨਹੀਂ ਸੀ ਕਿ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਸਮੁੱਚੇ ਕੰਪਲੈਕਸ ਵਿੱਚ ਇਸ ਤਰ੍ਹਾਂ ਤਾਬੜਤੋੜ ਗੋਲੀਆਂ ਦੀ ਵਰਖਾ ਹੋ ਸਕਦੀ ਹੈ ਅਤੇ ਇਥੋਂ ਤੱਕ ਕਿ ਤੋਪਾਂ, ਟੈਂਕਾਂ ਨਾਲ ਕੰਪਲੈਕਸ ਦੀ ਤਬਾਹੀ ਮਚਾਈ ਜਾ ਸਕਦੀ ਹੈ ਅਤੇ ਜ਼ਹਿਰੀਲੀਆਂ ਗੈਸਾਂ ਦੀ ਧੂੰਆਂਧਾਰ ਵਰਤੋਂ ਨਾਲ ਬੇਸ਼ੁਮਾਰ ਸਿੱਖ ਸੰਗਤਾਂ ਦੀ

Scanned with CamScanner

ਕਤਲੇ ਗਾਰਤ ਕੀਤੀ ਜਾ ਸਕਦੀ ਹੈ। ਪਰ ਉਹ ਸਭ ਕੁੱਝ ਵਾਪਰਨ ਵਾਲਾ ਸੀ ਜਿਸ ਬਾਰੇ ਸੰਤ ਭਿੰਡਰਾਂਵਾਲੇ ਅਕਸਰ ਹੀ ਸਿੱਖ ਕੌਮ ਨੂੰ ਸੁਚੇਤ ਕਰਦਿਆਂ ਕਹਿੰਦੇ ਰਹੇ ਕਿ ਕੇਦਰ ਸਰਕਾਰ ਕਿਸੇ ਸਮੇਂ ਵੀ ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਹਮਲਾ ਕਰ ਸਕਦੀ ਹੈ।

1 ਜੂਨ 1984

1 ਜੂਨ 1984 ਨੂੰ ਸਵੇਰੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਉੱਤਰ ਵਾਲੇ ਪਾਸੇ ਨਾਲ ਲੱਗਦੀ ਦਰਬਾਰ ਸਾਹਿਬ ਦੀ ਥਾਂ ਵਿੱਚ ਬ੍ਰਹਮ ਬੂਟਾ ਅਖਾੜੇ ਦੇ ਬਾਜ਼ਾਰ ਵਲੋਂ ਪੈਂਦੇ ਲਾਂਘੇ ਨੂੰ ਬੰਦ ਕਰਨ ਲਈ ਦੀਵਾਰ ਕਰਨਾ ਚਾਹੁੰਦੇ ਸਨ ਜਿਸ ਕਰਕੇ ਰਾਜ ਮਿਸਤਰੀ ਤੇ ਮਜ਼ਦੂਰ ਲਗਾ ਰੱਖੇ ਸਨ ਪਰ ਬ੍ਰਹਮ ਬੂਟਾ ਬਾਜ਼ਾਰ ਵਿੱਚ ਤਾਇਨਾਤ ਸੀ. ਆਰ. ਪੀ. ਐੱਫ. ਦੀ ਗਾਰਦ ਆਪਣੇ ਉੱਚ ਅਧਿਕਾਰੀਆਂ ਦੇ ਹੁਕਮ ਅਨੁਸਾਰ ਇਸ ਲਾਂਘੇ ਰਾਹੀਂ ਉਤਰੀ ਦਰਸ਼ਨੀ ਡਿਊਢੀ ਅਰਥਾਤ ਚੌਕ ਘੰਟਾ ਘਰ ਤੱਕ ਸਰਕਾਰੀ ਫੋਰਸਾਂ ਦੀ ਗਸ਼ਤ ਨੂੰ ਜਾਰੀ ਰੱਖਣ ਦੇ ਮਨੋਰਥ ਨਾਲ ਉਹਨਾਂ ਨੂੰ ਦੀਵਾਰ ਦੀ ਉਸਾਰੀ ਕਰਨ ਤੋਂ ਜ਼ਬਰਦਸਤੀ ਰੋਕਣ ਦੀ ਕੋਸ਼ਿਸ਼ ਕਰ ਰਹੀ ਸੀ। ਜਦ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਉਸ ਲਾਂਘੇ ਨੂੰ ਬੰਦ ਕਰਨ ਦੇ ਮਨੋਰਥ ਨਾਲ ਰਾਜ ਮਿਸਤਰੀਆਂ ਤੇ ਮਜ਼ਦੂਰਾਂ ਨੂੰ ਉਸਾਰੀ ਦਾ ਕੰਮ ਜਾਰੀ ਰੱਖਣ ਲਈ ਕਿਹਾ ਤਾਂ ਸੀ. ਆਰ. ਪੀ. ਐੱਫ. ਦੇ ਸਿਪਾਹੀਆਂ ਨੇ ਉਹਨਾਂ ਵੱਲ ਆਪਣੀਆਂ ਰਾਈਫਲਾਂ ਸੇਧ ਦਿੱਤੀਆਂ ਤੇ ਫਿਰ ਕੰਪਲੈਕਸ ਦੇ ਉੱਪਰੋਂ ਦੀ ਫਾਇਰਿੰਗ ਸ਼ੁਰੂ ਕਰ ਦਿੱਤੀ। ਅਸਲ ਵਿੱਚ ਇਹ ਫਾਇਰਿੰਗ ਕੰਪਲੈਕਸ ਦੇ ਚਾਰ ਚੁਫੇਰੇ ਮੋਰਚਾਬੰਦੀ ਕਰੀ ਬੈਠੀ ਪੈਰਾ ਮਿਲਟਰੀ ਫੋਰਸਿਜ਼ ਦੇ ਅਧਿਕਾਰੀਆਂ ਦੀ ਇਕ ਗਿਣੀ ਮਿਥੀ ਹੋਈ ਸਰਕਾਰੀ ਸਾਜ਼ਿਸ਼ ਦੇ ਤਹਿਤ ਦਰਬਾਰ ਸਾਹਿਬ ਕੰਪਲੈਕਸ 'ਤੇ ਫਾਇਰਿੰਗ ਖੋਲ੍ਹ ਦੇਣ ਦਾ ਇੱਕ ਖੁੱਲ੍ਹਾ ਸਿਗਨਲ ਸੀ। ਦਰਬਾਰ ਸਾਹਿਬ ਕੰਪਲੈਕਸ ਉੱਪਰ ਚੌਹ ਪਾਸਿਆਂ ਤੋਂ ਹੀ ਅਚਨਚੇਤ ਫਾਇਰਿੰਗ ਸ਼ੁਰੂ ਹੋ ਜਾਣ ਦੇ ਕਾਰਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਇਸ਼ਨਾਨ ਵਾਸਤੇ ਆਈਆਂ ਹੋਈਆਂ ਸੰਗਤਾਂ ਵਿੱਚ ਭੱਜ ਦੌੜ ਮਚ ਗਈ ਸੀ ਅਤੇ ਬੱਚਿਆਂ ਤੇ ਬੀਬੀਆਂ ਲਈ ਗੋਲੀਆਂ ਦੀ ਇਹ ਵਰਖਾ ਭਾਰੀ ਘਬਰਾਹਟ ਦਾ ਕਾਰਨ ਬਣੀ ਹੋਈ ਸੀ। ਇਸ ਲਈ ਸੰਗਤਾਂ ਦਾ ਕੰਪਲੈਕਸ ਤੋਂ ਬਾਹਰ ਜਾਣਾ ਤਾਂ ਕੀ ਕੰਪਲੈਕਸ ਵਿੱਚ ਹੀ ਅੱਗੇ ਕਦਮ ਰੱਖਣਾ ਵੀ ਮੁਸ਼ਕਲ ਹੋ ਗਿਆ ਸੀ ਜਿਸ ਕਰਕੇ ਉਹ ਜਿੱਥੇ ਜਿੱਥੇ ਵੀ ਸਨ, ਉੱਥੇ ਉੱਥੇ ਹੀ ਲਾਗੇ ਬਣੇ ਕਮਰਿਆਂ, ਬਰਾਂਡਿਆਂ ਅਤੇ ਥੜ੍ਹੀਆਂ ਬਹੁਤ ਮਹਿਫੂਜ਼ ਥਾਵਾਂ 'ਤੇ ਇੱਧਰ ਉੱਧਰ ਹੋ ਕੇ ਝਰਿ ਖਲੋ ਗਈਆਂ ਸਨ।

ਜਿਸ ਵੇਲੇ ਫੌਜੀ ਥਲਾਂ ਵੱਲੋਂ ਗੋਲੀਆਂ ਚਲਾਉਣੀਆਂ ਅਰੰਭ ਕੀਤੀਆਂ ਗਈਆਂ, ਉਸ ਸਮੇਂ ਸੰਤ ਭਿੰਡਰਾਂਵਾਲੇ ਜਥੇ ਦੇ ਸਿੰਘਾਂ ਅਤੇ ਕੁੱਝ ਆਮ ਸੰਗਤਾਂ ਸਮੇਤ ਗੁਰੂ ਰਾਮਦਾਸ ਲੰਗਰ ਦੀ ਉਪਰਲੀ ਛੱਤ 'ਤੇ ਮੌਜੂਦ ਸਨ। ਜਿੱਥੇ ਆਮ ਤੌਰ 'ਤੇ ਰੋਜ਼ਾਨਾ ਹੀ ਬੈਠ ਕੇ ਸੰਗਤਾਂ ਨਾਲ ਖੁੱਲ੍ਹੀਆਂ ਵਿਚਾਰਾਂ ਕਰਦੇ ਸਨ। ਇਸ ਗੱਲ ਤੋਂ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਦਰਬਾਰ ਸਾਹਿਬ ਉਪਰ ਕੀਤੀ ਗਈ ਫੌਜੀ ਕਾਰਵਾਈ ਇੱਕਤਰਫਾ ਸੀ ਅਤੇ ਬਿਨ੍ਹਾਂ ਕਿਸੇ ਭੜਕਾਹਟ ਜਾਂ ਵਿਸ਼ੇਸ਼ ਕਾਰਨ ਤੋਂ ਕੀਤੀ ਗਈ ਸੀ। ਸੰਤ, ਸਿੰਘ ਸਮੇਤ ਗੁਰੂ ਰਾਮਦਾਸ ਲੰਗਰ ਤੋਂ ਉੱਤਰ ਕੇ ਵਿਚਕਾਰਲੀ ਮੰਜ਼ਿਲ 'ਤੇ ਆ ਗਏ ਅਤੇ ਬਹੁਤ ਸਾਰੇ ਸਿੰਘ ਆਪੋ ਆਪਣੇ ਮੋਰਚਿਆਂ 'ਚ ਪਹੁੰਚ ਗਏ। ਸੀ. ਆਰ. ਪੀ. ਐੱਫ. ਵੱਲੋਂ ਉਨ੍ਹਾਂ ਦੇ ਉੱਚ ਅਧਿਕਾਰੀਆਂ ਦੇ ਨਿਰਦੇਸ਼ ਮੁਤਾਬਕ ਪਹਿਲਾਂ ਲੰਗਰ ਗੁਰੂ ਰਾਮਦਾਸ ਦੀ ਇਮਾਰਤ ਨੂੰ ਮੁੱਖ ਨਿਸ਼ਾਨਾ ਇਸ ਲਈ ਬਣਾਇਆ ਕਿ ਸੰਤ ਭਿੰਡਰਾਂਵਾਲਿਆਂ ਨੂੰ ਇੱਥੇ ਹੀ ਘੇਰਨ ਲਈ ਇੱਥੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਜਾਣ ਵਾਲੇ ਰਸਤੇ ਪੂਰੀ ਤਰ੍ਹਾਂ ਜਾਮ ਕਰ ਦਿੱਤੇ ਜਾਣ। ਇਸ ਲਈ ਗੁਰੂ ਰਾਮਦਾਸ ਲੰਗਰ ਹਾਲ ਇਮਾਰਤ ਦੇ ਨਾਲ-ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਦੇ ਬਰਾਂਡਿਆਂ ਵਿੱਚ ਚਾਰ ਚੁਫੇਰਿਓਂ ਗੋਲੀਆਂ ਚਲਾਈਆਂ ਜਾ ਰਹੀਆਂ ਸਨ। ਪਰ ਸਿੰਘਾਂ ਨੇ ਬਹੁਤ ਸੂਝ ਬੂਝ ਨਾਲ ਸੀ. ਆਰ. ਪੀ. ਐੱਫ. ਦੀ ਯੋਜਨਾ ਨੂੰ ਸਫਲ ਨਾ ਹੋਣ ਦਿੱਤਾ ਬਲਕਿ ਸੰਤ ਭਿੰਡਰਾਂਵਾਲੇ 35-40 ਸਿੰਘਾਂ ਸਮੇਤ ਪ੍ਰਕਰਮਾ ਦੇ ਬਰਾਂਡਿਆਂ ਵਿੱਚ ਦੀ ਕਮਰਿਆਂ ਦੇ ਨਾਲ-ਨਾਲ ਰੁੰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਚਲ ਪਏ। ਇਹ ਵੀ ਇੱਕ ਵੱਖਰਾ ਹੀ ਦ੍ਰਿਸ਼ ਸੀ ਕਿ ਇੱਕ ਪਾਸੇ ਫੌਜੀ ਦਲਾਂ ਵੱਲੋਂ ਮੀਂਹ ਵਾਂਗ ਗੋਲੀਆਂ ਦੀ ਵਰਖਾ ਕੀਤੀ ਜਾ ਰਹੀ ਸੀ ਅਤੇ ਦੂਜੇ ਪਾਸੇ ਡਰ ਭੈਅ ਤੋਂ ਰਹਿਤ ਅਡੋਲ ਅਤੇ ਸਹਿਜ ਅਵਸਥਾ ਵਿੱਚ ਆਮ ਵਾਂਗ ਖੁੱਲ੍ਹੇ-ਖੱਲ੍ਹੇ ਕਦਮੀ ਸੰਤ ਸਿੰਘਾਂ ਸਮੇਤ ਤੁਰੇ ਜਾਂਦਿਆਂ ਹੀ ਕੁੱਝ ਜ਼ਰੂਰੀ ਨੁਕਤੇ ਨਾਲ ਦੇ ਸਿੰਘਾਂ ਨੂੰ ਦੱਸਦੇ ਜਾ ਰਹੇ ਸਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮੋਰਚਿਆਂ ਵਿੱਚ ਮੌਜੂਦ ਸਿੰਘਾਂ ਨੂੰ ਸਭ ਪਾਸੇ ਹਦਾਇਤ ਕੀਤੀ ਜਾਵੇ ਕਿ ਅੱਜ ਫੌਜ ਵੱਲੋਂ ਕੀਤੀ ਜਾ ਰਹੀ ਫਾਇਰਿੰਗ ਦਾ ਕਿਸੇ ਵੱਲੋਂ ਵੀ ਜਵਾਬੀ ਫਾਇਰ ਨਾ ਕੀਤਾ ਜਾਵੇ ਪਰ ਜੇ ਸ੍ਰੀ.

Scanned with CamScanner

ਆਰ. ਪੀ. ਐੱਫ. ਜਾਂ ਹੋਰ ਭਾਰਤੀ ਫੌਜ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਦਾਖਲ ਹੋਣ ਲਈ ਅੱਗੇ ਵਧਣ ਤਾਂ ਹੀ ਗੋਲੀ ਚਲਾਉਣੀ ਹੈ ਤਾਂ ਭਾਈ ਸੁਜਾਨ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਹਦਾਇਤਾਂ ਪਹਿਲਾਂ ਵੀ ਜਰਨਲ ਸੁਬੇਗ ਸਿੰਘ ਵੱਲੋਂ ਸਿੰਘਾਂ ਨੂੰ ਕੀਤੀਆਂ ਹੋਈਆਂ ਹਨ। ਸੰਤਾਂ ਨੇ ਕਿਹਾ ਕਿ ਫਿਰ ਵੀ ਇੱਕ ਵਾਰ ਇਹ ਸੰਦੇਸ਼ ਸਭ ਸਿੰਘਾਂ ਤੱਕ ਦੁਬਾਰਾ ਪਹੁੰਚਦਾ ਕਰ ਦਿਓ। ਪਰ ਸੁਚੇਤ ਰੂਪ ਵਿੱਚ ਤਿਆਰ-ਬਰ-ਤਿਆਰ ਰਹਿਣ। ਅਜਿਹੇ ਵਿਚਾਰ ਕਰਦਿਆਂ ਸੰਤ ਸਿੰਘਾਂ ਸਮੇਤ ਸ੍ਰੀ ਅਕਾਲ ਤਖਤ ਸਾਹਿਬ ਪਹੁੰਚੇ ਅਤੇ ਜਰਨਲ ਸੁਬੇਗ ਸਿੰਘ ਸਮੇਤ ਕੁੱਝ ਸਿੰਘਾਂ ਨੂੰ ਜਰੂਰੀ ਵਿਚਾਰਾਂ ਕਰਨ ਲਈ ਇੱਥੇ ਪਹੁੰਚਣ ਲਈ ਕਿਹਾ।

ਦੂਜੇ ਪਾਸੇ ਫੌਜੀ ਦਲਾਂ ਦੀ ਇਹ ਵੀ ਮਨਸ਼ਾ ਸੀ ਕਿ ਸਿੱਖ ਜਵਾਬੀ ਫਾਇਰਿੰਗ ਕਰਨ ਤਾਂ ਕਿ ਉਨ੍ਹਾਂ ਨੂੰ ਵੱਖ-ਵੱਖ ਥਾਵਾਂ ਦੇ ਮੋਰਚਿਆਂ ਬਾਰੇ ਅਤੇ ਅੰਦਰ ਸਿੰਘਾਂ ਕੋਲ ਕਿਸ ਕਿਸਮ ਦੇ ਹਥਿਆਰ ਹਨ ਇਸ ਬਾਰੇ ਜਾਣਕਾਰੀ ਮਿਲ ਸਕੇ। ਉਨ੍ਹਾਂ ਇਹ ਸੋਚ ਕੇ ਕਿ ਸਾਡੇ ਵੱਲੋਂ ਕੀਤੀ ਜਾ ਰਹੀ ਹਵਾਈ ਫਾਇਰਿੰਗ ਦਾ ਅੱਗੋਂ ਜਵਾਬ ਨਹੀਂ ਮਿਲ ਰਿਹਾ। ਇਸ ਲਈ ਸ਼ਾਮ 4.00 ਵਜੇ ਤੋਂ ਬਾਅਦ ਫੌਜੀ ਅਫਸਰਾਂ ਵੱਲੋਂ ਮਿਲੇ ਸੰਦੇਸ਼ ਮੁਤਾਬਕ ਕੁਝ ਮੋਰਚਿਆਂ ਤੋਂ ਸੰਗਤਾਂ ਉਪਰ ਸਿੱਧੀ ਫਾਇਰਿੰਗ ਕੀਤੀ ਗਈ ਅਤੇ ਸ੍ਰੀ ਹਰਿਮੰਦਰ ਸਾਹਿਬ ਵੱਲ ਸਿੱਧੀਆਂ ਗੋਲੀਆਂ ਚਲਾਈਆਂ ਗਈਆਂ। ਇਸ ਸਮੁੱਚੀ ਕਾਰਵਾਈ ਦੌਰਾਨ ਸੰਤ ਭਿੰਡਰਾਂਵਾਲੇ, ਜਨਰਲ ਸੁਬੇਗ ਸਿੰਘ, ਉਨ੍ਹਾਂ ਦੇ ਸਾਥੀ ਸਾਬਕਾ ਫੌਜੀ ਸਿੰਘ, ਟਕਸਾਲ ਅਤੇ ਫੈਡਰੇਸ਼ਨ ਦੇ ਸਿੰਘ ਜਿਨ੍ਹਾਂ ਨੂੰ ਜਨਰਲ ਸੁਬੇਗ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸਿਖਲਾਈ ਦਿੱਤੀ ਸੀ ਵਿਚ ਸਭ ਸਿੰਘ ਪੂਰੇ ਧਿਆਨ ਨਾਲ ਫੌਜੀ ਮੋਰਚਿਆਂ ਦਾ, ਫੌਜ ਵੱਲੋਂ ਚੱਲ ਰਹੇ ਹਥਿਆਰਾਂ ਦਾ, ਉਨ੍ਹਾਂ ਦੀ ਯੁੱਧ ਨੀਤੀ ਦਾ ਡੂੰਘਾ ਨਿਰੀਖਣ ਕਰਦੇ ਰਹੇ। ਸ਼ਾਮ 7.00 ਵਜੇ ਤੱਕ ਫੌਜ ਵੱਲੋਂ ਗੋਲੀ ਚਲਦੀ ਰਹੀ ਜਿਸ ਨਾਲ 9 ਸਿੱਖ ਸ਼ਰਧਾਲੂਆਂ ਸਮੇਤ ਬੱਬਰ ਖਾਲਸਾ ਜਥੇਬੰਦੀ ਦਾ ਜ਼ਿੰਮੇਵਾਰ ਮੈਂਬਰ ਭਾਈ ਮਹਿੰਗਾ ਸਿੰਘ ਤੇ ਭਾਈ ਰਾਮ ਸਿੰਘ ਯੂਪੀ ਵਿਦਿਆਰਥੀ ਦਮਦਮੀ ਟਕਸਾਲ ਵੀ ਸ਼ਹੀਦ ਹੋ ਗਏ।

ਅੱਜ ਦੀ ਸਮੁੱਚੀ ਕਾਰਵਾਈ ਤੋਂ ਫੌਜੀ ਅਫਸਰਾਂ ਅਤੇ ਜਰਨੈਲਾਂ ਨੂੰ ਭਾਰੀ ਨਿਰਾਸ਼ਾ ਹੋਈ ਕਿਉਂਕਿ ਉਨ੍ਹਾਂ ਦੀ ਸੋਚ ਸੀ ਕਿ ਅੱਜ ਦੀ ਗੋਲੀਬਾਰੀ ਨਾਲ ਕੰਪਲੈਕਸ ਦੇ ਅੰਦਰ ਭਾਰੀ ਹਫੜਾ-ਦਫੜੀ ਮੱਚੇਗੀ ਅਤੇ ਭਿੰਡਰਾਂਵਾਲੇ ਜਥੇ ਦੇ ਸਿੰਘਾਂ ਵੱਲੋਂ ਅੰਧਾਧੁੰਦ ਜਵਾਬੀ ਫਾਇਰਿੰਗ ਹੋਵੇਗੀ ਪਰ ਅਜਿਹਾ ਕੁਝ ਵੀ ਨਾ ਹੋਇਆ। ਛੱਤਾਂ ਉਪਰ ਪ੍ਰਤੱਖ ਦਿਖਣ ਵਾਲੇ ਮੋਰਚਿਆਂ ਤੋਂ ਇਲਾਵਾ ਫੌਜ ਦੇ ਨਜ਼ਰੀਂ ਹੋਰ ਕੁੱਝ ਵੀ ਨਾ ਪਿਆ। ਹਾਲਾਂਕਿ ਇਸ 7 ਘੰਟੇ ਦੀ ਫਾਇਰਿੰਗ ਦੌਰਾਨ ਫੌਜ ਦੇ ਹੈਲੀਕੋਪਟਰ ਕੰਪਲੈਕਸ ਦੇ ਉੱਪਰ ਆਲੇ ਦੁਆਲੇ ਚੱਕਰ ਲਾਉਂਦੇ ਵੀ ਵੇਖੇ ਗਏ। ਇਸ ਤੋਂ ਅਗਲੀ ਬਦਲਵੀਂ ਕਾਰਵਾਈ ਤਦ ਹੀ ਸੰਭਵ ਹੋ ਸਕਦੀ ਸੀ ਜੇ ਫੌਜੀ ਜਰਨੈਲਾਂ ਦੇ ਮਨਸੂਬਿਆਂ ਮੁਤਾਬਕ ਮੋਰਚੇ ਪੂਰਾ ਹੁੰਦਾ, ਪਰ ਸਿੰਘਾਂ ਦੀਆਂ ਬੰਦੂਕਾਂ ਸ਼ਾਂਤ ਰਹਿਣ ਕਾਰਨ ਭਾਰਤੀ ਫੌਜਾਂ ਦੇ ਪੱਲੇ ਕੁੱਝ ਨਾ ਪਿਆ।

ਦੂਜੇ ਪਾਸੇ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੇ ਅੱਜ ਦੀ ਗੋਲੀਬਾਰੀ ਤੋਂ ਆਪਣੀ ਰਣਨੀਤੀ ਅੰਦਰ ਕਈ ਲੋੜੀਂਦੀਆਂ ਤਬਦੀਲੀਆਂ ਕਰਨੀਆਂ ਫੈਸਲਾ ਕਰ ਲਈਆਂ ਅਤੇ ਇਸ ਸਬੰਧੀ ਉਨ੍ਹਾਂ ਅਗਲੀ ਰਣਨੀਤੀ ਨੂੰ ਅੰਜ਼ਾਮ ਦੇਣ ਦਾ ਫੈਸਲਾ ਕੀਤਾ ਕਿਉਂਕਿ ਛੱਤਾਂ ਉੱਪਰ ਬਣੇ ਹੋਏ ਮੋਰਚਿਆਂ ਦਾ ਫੌਜ ਨੇ ਹੈਲੀਕੋਪਟਰ ਰਾਹੀਂ ਨਿਰੀਖਣ ਕਰ ਲਿਆ ਸੀ, ਇਸ ਲਈ ਇਹ ਮੋਰਚੇ ਜਿਸੇ ਤਰ੍ਹਾਂ ਕਾਇਮ ਰਹਿਣ ਦਿੱਤੇ ਗਏ ਪਰ ਇਨ੍ਹਾਂ ਦਾ ਬਦਲਵਾ ਰੂਪ ਇਸ ਤੋਂ ਹੇਠਲੀਆਂ ਛੱਤਾਂ ਅਤੇ ਲੁਕਵੇਂ ਅਸਥਾਨਾਂ ਉੱਪਰ ਬਣੇ ਮੋਰਚਿਆਂ ਨੂੰ ਹੋਰ ਮਜਬੂਤੀ ਦੇਣ ਲਈ ਰਾਤੋ ਰਾਤ ਪ੍ਰਬੰਧ ਕਰ ਲਿਆ ਗਿਆ।

ਫੌਜ ਵੱਲੋਂ ਕੀਤੀ ਗਈ ਗੋਲੀਬਾਰੀ ਅਤੇ ਇਸ ਦੌਰਾਨ 11 ਸਿੱਖ ਸ਼ਰਧਾਲੂਆਂ ਦੇ ਸ਼ਹੀਦ ਹੋ ਜਾਣ ਦੀਆਂ ਖਬਰਾਂ ਨੇ ਸਿੱਖ ਜਗਤ ਅੰਦਰ ਭਾਰੀ ਰੋਸ ਦੀ ਲਹਿਰ ਪੈਦਾ ਕਰ ਦਿੱਤੀ। ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਨਿਵਾਸੀ ਸਿੱਖ ਪਰਿਵਾਰਾਂ, ਵਪਾਰਕ ਦੁਕਾਨਦਾਰਾਂ ਅਤੇ ਸਿੱਖ ਕਰਮਚਾਰੀਆਂ ਨੇ ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਉਪਰ ਕੀਤੀ ਗੋਲਾਬਾਰੀ ਬਾਰੇ ਟੈਲੀਫੋਨਾਂ ਰਾਹੀਂ ਦੂਰ-ਦੂਰ ਤੱਕ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਕੁੱਝ ਅਖਬਾਰਾਂ ਨੇ ਵੀ ਇਸ ਘਟਨਾ ਨੂੰ ਸੁਰਖੀਆਂ ਦੇ ਰੂਪ ਵਿੱਚ ਛਾਪਿਆ।

ਪੰਜਾਬ ਤੋਂ ਬਾਹਰ ਬੈਠੇ ਜ਼ਿੰਮੇਵਾਰ ਸਿੱਖਾਂ ਵੱਲੋਂ ਸੰਤਾਂ ਦੇ ਪੀਏ ਭਾਈ ਰਜਪਾਲ ਸਿੰਘ ਅਤੇ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੂੰ ਵੀ ਲਗਾਤਾਰ ਫੋਨ ਆਉਂਦੇ ਰਹੇ ਅਤੇ ਉਹ 1 ਜੂਨ ਨੂੰ ਵਾਪਰੀ ਸਾਰੀ ਘਟਨਾ ਬਾਰੇ ਜਾਣਕਾਰੀ ਲੈਂਦੇ ਰਹੇ। ਕਈ ਸਿੱਖ ਵਿਸ਼ੇਸ਼ ਤੌਰ 'ਤੇ ਸੰਤ ਭਿੰਡਰਾਂਵਾਲਿਆਂ ਨਾਲ ਵੀ ਗੱਲਬਾਤ ਕਰਦੇ ਤਾਂ ਸੰਤ ਵੀ

Scanned with CamScanner

ਇਹੀ ਕਹਿੰਦੇ ਕਿ ਅਸੀਂ ਤਾਂ ਅੱਜ ਤੋਂ ਕਈ ਮਹੀਨੇ ਪਹਿਲਾਂ ਹੀ ਇਹ ਗੱਲ ਕਹਿ ਰਹੇ ਹਾਂ ਕਿ ਕੇਂਦਰ ਸਰਕਾਰ ਦੀ ਨੀਅਤ ਮਾੜੀ ਹੈ ਅਤੇ ਉਹ ਕਿਸੇ ਸਮੇਂ ਵੀ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਵਾ ਸਕਦੀ ਹੈ। ਸੋ ਅੱਜ ਇਹ ਹਮਲਾ ਸ਼ੁਰੂ ਕਰ ਦਿੱਤਾ ਗਿਆ ਹੈ। ਬਾਕੀ ਇੱਥੇ ਸਭ ਸਿੰਘ ਚੜ੍ਹਦੀ ਕਲਾ ਵਿੱਚ ਹਨ, ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਕ੍ਰਿਪਾ ਨਾਲ, ਹਮਲਾਵਰ ਭਾਰਤੀ ਫੌਜਾਂ ਦਾ ਮੂੰਹ ਤੋੜ ਜਵਾਬ ਦੇਵਾਂਗੇ।

ਹਨੇਰਾ ਹੋਣ ਤੱਕ ਸ਼ਹੀਦ ਹੋਏ ਸ਼ਰਧਾਲੂਆਂ ਦੀਆਂ ਲਾਸ਼ਾਂ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਰੱਖੀਆਂ ਗਈਆਂ ਜਿਥੇ ਸੰਗਤਾਂ ਵੱਡੀ ਗਿਣਤੀ ਵਿੱਚ ਇਕੱਠੀਆਂ ਹੋਈਆਂ। ਵੇਖਣ ਵਾਲਾ ਹਰ ਸ਼ਰਧਾਲੂ ਇਸ ਤਰ੍ਹਾਂ ਮਹਿਸੂਸ ਕਰ ਰਿਹਾ ਸੀ, ਜਿਸ ਤਰ੍ਹਾਂ ਇਨ੍ਹਾਂ ਸਰੀਰਾਂ 'ਚੋਂ ਨਿਕਲ ਰਿਹਾ ਖੂਨ ਸਾਡੇ ਆਪਣੇ ਜਿਸਮ ਵਿੱਚੋਂ ਵਗ ਰਿਹਾ ਹੋਵੇ। ਸਭਨਾਂ ਦੇ ਮਨਾਂ ਵਿੱਚ ਇਨ੍ਹਾਂ ਸ਼ਹੀਦਾਂ ਪ੍ਰਤੀ ਹਮਦਰਦੀ ਅਤੇ ਸਰਕਾਰ ਪ੍ਰਤੀ ਗੁੱਸਾ ਦੇਖਿਆ ਜਾ ਸਕਦਾ ਸੀ। ਇੱਕ ਸਿਰਫਿਰੇ ਸਿੰਘ ਦਿਲਾਸਾ ਦੇ ਰਿਹਾ ਸੀ ਕਿ ਸ਼ਹੀਦਾਂ ਦਾ ਖੂਨ ਕਦੇ ਅਜਾਈਂ ਨਹੀਂ ਜਾਂਦਾ। ਭਾਰਤ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਸਿੱਧੀਆਂ ਗੋਲੀਆਂ ਮਾਰ ਕੇ ਸਿੱਖ ਕੌਮ ਦੀ ਅਣਖ ਨੂੰ ਵੰਗਾਰਿਆ ਹੈ। ਅਜਿਹੇ ਬਿਖੜੇ ਸਮੇਂ ਕੌਮ ਨੇ ਪਹਿਲਾਂ ਵੀ ਭੱਲੇ ਹਨ ਪਰ ਜਿਸ ਨੇ ਵੀ ਗੁਰੂ ਦਰਬਾਰ ਉਪਰ ਹਮਲਾ ਕੀਤਾ ਹੈ, ਬਚਿਆ ਉਸ ਦਾ ਵੀ ਕੱਖ ਨਹੀਂ। ਇਸ ਤਰ੍ਹਾਂ ਭਰੇ ਮਨ ਨਾਲ ਇਸ ਸਿੰਘ ਨੇ ਹੋਰ ਵੀ ਬਹੁਤ ਸਾਰੇ ਇਸ ਤਰ੍ਹਾਂ ਦੇ ਬਚਨ ਕੀਤੇ। ਦੇਰ ਰਾਤ ਤੱਕ ਜਿਨ੍ਹਾਂ ਸਿੰਘਾਂ ਦੀ ਪਹਿਚਾਣ ਹੋ ਸਕੀ ਉਨ੍ਹਾਂ ਦੇ ਸਰੀਰ ਥਾਂਓਂ-ਥਾਈਂ ਭੇਜ ਦਿੱਤੇ ਗਏ। ਭਾਈ ਮਹਿੰਗਾ ਸਿੰਘ, ਭਾਈ ਰਾਮ ਸਿੰਘ ਯੂਪੀ ਸਮੇਤ ਤਿੰਨ ਸਿੰਘਾਂ ਦਾ ਸਸਕਾਰ ਇੱਥੇ ਹੀ ਕਰ ਦਿੱਤਾ ਗਿਆ।

ਇੱਧਰ ਭੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਬਲਵੰਤ ਸਿੰਘ ਰਾਮੂੰਵਾਲੀਆ, ਸ. ਭਾਨ ਸਿੰਘ, ਸ. ਅਬਿਨਾਸੀ ਸਿੰਘ ਤੋਂ ਇਲਾਵਾ ਹੋਰ ਬਹੁਤ ਸਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀ ਮੌਜੂਦ ਸਨ, ਜੋ ਸ੍ਰੀ ਹਰਿਮੰਦਰ ਸਾਹਿਬ ਵਿੱਚ ਵੱਜੀਆਂ ਗੋਲੀਆਂ ਸ਼ਹੀਦ ਅਤੇ ਜ਼ਖਮੀ ਹੋਏ ਸ਼ਰਧਾਲੂ ਸਿੱਖਾਂ ਬਾਰੇ ਇਸ ਸਮੁੱਚੇ ਘਟਨਾਕ੍ਰਮ ਦੇ ਸਬੰਧ ਵਿੱਚ ਰਾਸ਼ਟਰਪਤੀ ਭਵਨ ਅਤੇ ਪ੍ਰਧਾਨ ਮੰਤਰੀ ਦਫਤਰ ਨਾਲ ਗੱਲਬਾਤ ਕਰਨ ਦੀ ਅਸਫਲ ਕੋਸ਼ਿਸ਼ ਕਰਦੇ ਰਹੇ। ਸ. ਬਲਵੰਤ ਸਿੰਘ ਰਾਮੂੰਵਾਲੀਆ ਜੋ ਰੋਜ਼ਾਨਾ ਹੀ ਕੇਂਦਰ ਸਰਕਾਰ ਅਤੇ ਅਕਾਲੀ ਦਲ ਵਿਚਕਾਰ ਗੱਲਬਾਤ ਦੀ ਕੜੀ ਦਾ ਰੂਪ ਬਣਿਆ ਰਹਿੰਦਾ ਸੀ ਉਸ ਦੀ ਵੀ ਕੋਈ ਪੇਸ਼ ਨਾ ਗਈ।

ਦੇਰ ਰਾਤ ਗਏ ਜਿਸ ਸਮੇਂ ਕੰਪਲੈਕਸ ਦੇ ਵੱਖ-ਵੱਖ ਹਿੱਸਿਆਂ ਵਿੱਚ ਸੰਗਤਾਂ ਦੀਆਂ ਸਰਗਰਮੀਆਂ ਦੀ ਵੱਖਰੀ-ਵੱਖਰੀ ਹਿੱਲਜੁਲ ਸੀ। ਇੱਕ ਪਾਸੇ ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀ ਦੇਣ ਆਇਆ ਜਥਾ ਜੋ ਸੰਗਰੂਰ ਜਿਲ੍ਹੇ ਤੋਂ ਵਿਸ਼ੇਸ਼ ਤੌਰ 'ਤੇ ਇੱਥੇ ਪਹੁੰਚਿਆ ਸੀ। ਕੁੱਝ ਸੰਗਤਾਂ ਰੋਜ਼ਾਨਾ ਦੀ ਤਰ੍ਹਾਂ ਦਰਸ਼ਨ ਇਸ਼ਨਾਨ ਅਤੇ ਸੇਵਾ ਲਈ ਪਹੁੰਚੀਆਂ ਹੋਈਆਂ ਸਨ ਅਤੇ ਦੂਜੇ ਪਾਸੇ ਸੰਤ ਭਿੰਡਰਾਂਵਾਲੇ ਦੇ ਜਥੇ ਦੇ ਸਿੰਘ, ਫੈਡਰੇਸ਼ਨ ਦੇ ਨੌਜਵਾਨ, ਬੱਬਰ ਖਾਲਸਾ ਜਥੇਬੰਦੀ, ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਆਦਿ ਦੀ ਆਪੋ ਆਪਣੀ ਸੋਚ ਅਤੇ ਸਰਗਰਮੀ ਸੀ।

ਇਸੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਫੈਡਰੇਸ਼ਨ ਅਤੇ ਟਕਸਾਲ ਦੇ ਕੁੱਝ ਚੋਣਵੇਂ ਸਿੰਘ, ਜਰਨਲ ਸੁਬੇਗ ਸਿੰਘ ਸਮੇਤ ਕੁਝ ਸਾਬਕਾ ਫੌਜੀ ਸਿੰਘ ਜ਼ਰੂਰੀ ਸਲਾਹ ਮਸ਼ਵਰਾ ਕਰਨ ਦੇ ਖਿਆਲ ਨਾਲ ਸੰਤਾਂ ਕੋਲ ਪਹੁੰਚੇ ਅਤੇ ਉਪਰ ਖੁੱਲ੍ਹੇ ਹਾਲ ਵਿੱਚ ਹੀ ਫ਼ਤਿਹ ਬੁਲਾ ਕੇ ਸੰਤਾਂ ਕੋਲ ਬੈਠ ਗਏ। ਸੰਤ ਉਨ੍ਹਾਂ ਸਿੰਘਾਂ ਨੂੰ ਤਿਆਰ-ਬਰ-ਤਿਆਰ ਅਤੇ ਪੂਰੇ ਜਾਹੋ ਜਲਾਲ ਵਿੱਚ ਵੇਖ ਕੇ ਉਨ੍ਹਾਂ ਦੇ ਚਿਹਰਿਆਂ ਤੋਂ ਨਜ਼ਰ ਮਾਰਦੇ ਕਹਿਣ ਲੱਗੇ ਸਿੰਘ ਮੈਨੂੰ ਹੁਣੇ-ਹੁਣੇ ਪਤਾ ਲੱਗਾ ਹੈ ਕਿ ਸਰਕਾਰ ਨੇ ਪੰਜਾਬ ਨੂੰ ਫੌਜ ਦੇ ਹਵਾਲੇ ਕਰਨ ਦਾ ਫੈਸਲਾ ਕਰ ਦਿੱਤਾ ਹੈ। ਮੇਰੀ ਜਾਣਕਾਰੀ ਅਨੁਸਾਰ ਸ੍ਰੀ ਦਰਬਾਰ ਸਾਹਿਬ ਉਪਰ ਕਿਸੇ ਸਮੇਂ ਵੀ ਹਮਲਾ ਹੋ ਸਕਦਾ ਹੈ। ਇਸ ਲਈ ਹੁਣ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਰਹਿਣਾ ਕਿਉਂਕਿ ਅਸੀਂ ਆਪਣੇ ਇਤਿਹਾਸਕ ਵਿਸ਼ਵਾਸ ਅਨੁਸਾਰ ਸ੍ਰੀ ਦਰਬਾਰ ਸਾਹਿਬ ਉਪਰ ਹਮਲਾਵਰ ਹੋਣ ਵਾਲੇ ਨੂੰ ਕਦਾਚਿਤ ਬਰਦਾਸ਼ਤ ਨਹੀਂ ਕਰ ਸਕਦੇ ਕਿਉਂਕਿ ਸ੍ਰੀ ਦਰਬਾਰ ਸਾਹਿਬ ਸਾਨੂੰ ਜਿੰਦ ਜਾਨ ਨਾਲੋਂ ਵੀ ਵੱਧ ਪਿਆਰਾ ਹੈ। ਇਸ ਲਈ ਭਾਰਤ ਸਰਕਾਰ ਆਪਣੀ ਤਾਕਤ ਦੇ ਹੰਕਾਰ ਨਾਲ ਸਿੱਖ ਕੌਮ ਨੂੰ ਆਪਣੀ ਈਨ ਮਨਾਉਣ ਲਈ ਅਜਿਹਾ ਕੁੱਝ ਕਰ ਰਹੀ ਹੈ। ਗੁਰੂ ਸਾਹਿਬਾਨ ਅਤੇ ਗੁਰੂ ਕੇ ਸਿੰਘਾਂ ਦਾ ਇਹ ਸਿਧਾਂਤ ਰਿਹਾ ਹੈ ਕਿ ਪਹਿਲਾਂ ਕਿਸੇ ਉੱਪਰ ਹਮਲਾਵਰ ਨਹੀਂ ਹੋਣਾ। ਇਸੇ ਸਿਧਾਂਤ ਦੀ ਸੋਧ ਵਿੱਚ ਅੱਜ ਆਪਾਂ ਸਬਰ ਰੱਖਿਆ ਹੈ। ਭਾਰਤੀ ਫੌਜਾਂ ਨੇ 7 ਘੰਟੇ ਅੰਧਾਧੁੰਦ ਗੋਲੀ ਚਲਾਈ, ਸ੍ਰੀ ਹਰਿਮੰਦਰ ਸਾਹਿਬ ਉੱਪਰ ਗੋਲੀਆਂ ਵੱਜੀਆਂ, 11 ਸਿੱਖ ਸ਼ਰਧਾਲੂ

Scanned with CamScanner

ਸ਼ਹੀਦ ਹੋਏ ਇਸਦੇ ਬਾਵਜੂਦ ਤੁਸੀਂ ਸਭਨਾਂ ਨੇ ਜ਼ਾਬਤੇ ਵਿੱਚ ਰਹਿ ਕੇ ਸਿੱਖ ਸਿਧਾਂਤਾ ਦੀ ਪਾਲਣਾ ਕਰਦਿਆਂ ਅੱਗੋਂ ਜਵਾਬੀ ਗੋਲੀਆਂ ਨਹੀਂ ਚਲਾਈਆਂ। ਪਰ ਸਿੱਖ ਕੌਮ ਨੇ ਇਨ੍ਹਾਂ ਹੰਕਾਰੀ ਲੋਕਾਂ ਤੋਂ ਇੱਕ-ਇੱਕ ਗੱਲ ਦਾ ਜਵਾਬ ਲੈਣਾ ਹੈ। ਕੀ ਇਹ ਦੱਸ ਸਕਣਗੇ ਕਿ ਸ੍ਰੀ ਦਰਬਾਰ ਸਾਹਿਬ 'ਤੇ ਗੋਲੀਆਂ ਕਿਉਂ ਚਲਾਈਆਂ, ਸਿੱਖ ਕਿਉਂ ਸ਼ਹੀਦ ਕੀਤੇ? ਇਨ੍ਹਾਂ ਕੋਲੋਂ ਇਹ ਜਵਾਬ ਲੈਣ ਦਾ ਸਮਾਂ ਵੀ ਜ਼ਰੂਰ ਆਵੇਗਾ ਪਰ ਹੁਣ ਹਾਲਾਤ ਮੁਤਾਬਿਕ ਤਿਆਰੀ ਕਰੋ।

ਇਸੇ ਦੌਰਾਨ ਭਾਈ ਰਾਮ ਸਿੰਘ ਰਾਗੀ, ਭਾਈ ਸੁਰਜੀਤ ਸਿੰਘ ਰਾਗੀ ਸੰਤਾਂ ਕੋਲ ਆਏ ਅਤੇ ਉਨ੍ਹਾਂ ਦੱਸਿਆ ਕਿ ਹੁਣੇ ਹੀ ਰੇਡਿਓ 'ਤੇ ਖ਼ਬਰ ਆਈ ਹੈ ਕਿ ਸਾਰੇ ਪੰਜਾਬ ਵਿੱਚ ਕਰਫਿਊ ਲਾ ਦਿੱਤਾ ਗਿਆ ਹੈ। ਉਨ੍ਹਾਂ ਤੋਂ ਇਹ ਗੱਲ ਸੁਣ ਕੇ ਸੰਤਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਕੋਝੇ ਮਨਸੂਬਿਆਂ ਤੋਂ ਆਪਾਂ ਨੂੰ ਕੋਈ ਭੁਲੇਖਾ ਨਹੀਂ ਪਰ ਕੋਈ ਫ਼ਿਕਰ ਨਾ ਕਰੋ, ਗੁਰੂ ਸਾਹਿਬ 'ਤੇ ਭਰੋਸਾ ਰੱਖ ਕੇ ਦ੍ਰਿੜ੍ਹਤਾ ਨਾਲ ਡਟ ਜਾਓ ਕਿ ਜਿਉਂਦੇ ਜੀਅ ਹਮਲਾਵਰ ਫ਼ੌਜਾਂ ਨੂੰ ਪਵਿੱਤਰ ਪਰਿਕਰਮਾ ਵਿੱਚ ਪੈਰ ਨਹੀਂ ਰੱਖਣ ਦੇਵਾਂਗੇ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਉਹ ਸਮਾਂ ਆਣ ਪਹੁੰਚਿਆ ਹੈ:

ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ॥

ਆਪਾਂ ਉਸ ਗੁਰੂ ਦੇ ਪੁੱਤਰ ਹਾਂ ਜਿਨ੍ਹਾਂ ਦੇ ਨਾਲ ਕੇਵਲ 40 ਸਿੰਘ ਚਮਕੌਰ ਦੀ ਗੜ੍ਹੀ ਵਿੱਚ ਮੌਜੂਦ ਸਨ ਅਤੇ ਬਾਹਰ ਹੰਕਾਰੀਆਂ ਹੋਈਆਂ ਫੌਜਾਂ ਦਸ ਲੱਖ ਦੀ ਗਿਣਤੀ ਵਿੱਚ ਸਨ ਪਰ ਗੁਰੂ ਸਾਹਿਬਾਨ ਅਤੇ ਉਸ ਦੇ ਸੂਰਬੀਰ ਬਹਾਦਰ ਯੋਧਿਆਂ ਅਤੇ ਸਪੁੱਤਰਾਂ ਨੇ ਉਹ ਇਤਿਹਾਸ ਸਿਰਜਿਆ ਜਿਸ ਨੂੰ ਸੁਣ ਕੇ ਪੜ੍ਹ ਕੇ ਦੁਨੀਆਂ ਦੀਆਂ ਵੱਡੀਆਂ-ਵੱਡੀਆਂ ਤਾਕਤਾਂ ਦੰਗ ਰਹਿ ਜਾਂਦੀਆਂ ਹਨ। ਸਾਨੂੰ ਵੀ ਉਸੇ ਪਿਤਾ ਕਲਗੀਧਰ ਦਾ ਆਸਰਾ ਹੈ। ਜਿਹੜੇ ਲੋਕ ਹਕੂਮਤ ਦੀ ਜੰਗੀ ਸ਼ਕਤੀ ਤਹਿਤ ਇਹ ਸੋਚਦੇ ਹਨ ਕਿ ਸਿੰਘ ਡਰ ਜਾਣਗੇ ਜਾਂ ਆਪਣੇ ਆਪ ਨੂੰ ਫੌਜ ਦੇ ਹਵਾਲੇ ਕਰ ਦੇਣਗੇ, ਉਨ੍ਹਾਂ ਨੂੰ ਐਸੇ ਲੋਹੇ ਦੇ ਚਨੇ ਚਬਾਵਾਂਗੇ ਕਿ ਯਾਦ ਰੱਖਣਗੇ। ਅਜਿਹੇ ਬੀਰ ਰਸੀ ਬਚਨ ਸੁਣ ਕੇ ਜਰਨਲ ਸੁਬੇਗ ਸਿੰਘ ਨੇ ਗੱਜ ਕੇ ਜੈਕਾਰਾ ਬੁਲਾਇਆ ਜਿਸ ਦੀਆਂ ਪੂਰੇ ਵਾਤਾਵਰਨ ਵਿੱਚ ਗੂੰਜਾਂ ਪੈ ਗਈਆਂ। ਸੰਤਾਂ ਨੇ ਭਾਈ ਅਮਰੀਕ ਸਿੰਘ ਜੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਪ੍ਰਧਾਨ ਜੀ, ਤੁਹਾਡਾ ਕੀ ਖ਼ਿਆਲ ਹੈ? ਭਾਈ ਅਮਰੀਕ ਸਿੰਘ ਪਹਿਲਾਂ ਹੀ ਬੜੀ ਗੰਭੀਰਤਾ ਨਾਲ ਸੰਤਾਂ ਦੇ ਵਿਚਾਰ ਸੁਣ ਰਹੇ ਸਨ ਅਤੇ ਨਾਲੇ-ਨਾਲ ਸਾਹਮਣੇ ਬੈਠੇ ਸਿੰਘਾਂ ਦੇ ਜਾਹੋ ਜਲਾਲ ਨੂੰ ਵੀ ਵੇਖ ਰਹੇ ਸਨ। ਉਸ ਨੇ ਕਿਹਾ ਕਿ ਮਹਾਂਪੁਰਖ ਸਭ ਸਿੰਘ ਬਾਂਕੇ-ਬਾਣੀਂ ਬਹੁਤ ਚੜ੍ਹਦੀ ਕਲਾ ਵਿੱਚ ਹਨ, ਮੈਨੂੰ ਉਮੀਦ ਹੈ ਕਿ ਸਾਰੇ ਸਿੰਘ, ਪੁਰਾਤਨ ਸੂਰਬੀਰ ਸਿੰਘਾਂ ਦਾ ਇਤਿਹਾਸ ਦੁਹਰਾਉਣਗੇ। ਇਸ ਦੇ ਨਾਲ ਹੀ ਫੈਡਰੇਸ਼ਨ ਦੇ ਸਿੰਘਾਂ ਵੱਲ ਸੰਬੋਧਨ ਹੋ ਕੇ ਭਾਈ ਸਾਹਿਬ ਨੇ ਕਿਹਾ ਕਿ ਹੁਣ ਸਮੇਂ ਦੀ ਵੰਗਾਰ ਮੁਤਾਬਿਕ ਗੁਰੂ ਸਾਹਿਬ ਦਾ ਹੁਕਮ ਚੜ੍ਹਦੀ ਕਲਾ ਨਾਲ ਨਿਭਾਉਣਾ ਹੈ:

ਆਗਾਹਾ ਕੁ ਭਾਖਿ ਪਿਛਾ ਫੇਰਿ ਨਾ ਮੁਹਡਭਾ॥
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨਾ ਹੋਵੀ ਜਨਮਭਾ॥ (੧੦੬੬)

ਭਾਈ ਅਮਰੀਕ ਸਿੰਘ ਦੇ ਇਨ੍ਹਾਂ ਵਿਚਾਰਾਂ ਨਾਲ ਹੀ ਫੈਡਰੇਸ਼ਨ ਦੇ ਸਿੰਘਾਂ ਨੇ ਵੀ ਬੁਲੰਦ ਆਵਾਜ਼ ਵਿੱਚ ਜੈਕਾਰਾ ਬੁਲਾਇਆ। ਇਸ ਸਮੇਂ ਭਾਈ ਹਰਮਿੰਦਰ ਸਿੰਘ ਸੰਧੂ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਵਿਰਸਾ ਸਿੰਘ ਵਲਟੋਹਾ, ਭਾਈ ਮਨਜੀਤ ਸਿੰਘ ਭੂਚੋ (ਛੋਟੇ ਭਰਾਤਾ ਭਾਈ ਅਮਰੀਕ ਸਿੰਘ ਜੀ), ਭਾਈ ਸੁਰਿੰਦਰ ਸਿੰਘ ਪੀ.ਟੀ., ਭਾਈ ਹਰਮਿੰਦਰ ਸਿੰਘ ਗਿੱਲ, ਭਾਈ ਮਨਜੀਤ ਸਿੰਘ ਭੋਮਾ, ਭਾਈ ਬਖਸ਼ੀਸ਼ ਸਿੰਘ, ਭਾਈ ਹਰਪ੍ਰੀਤ ਸਿੰਘ ਵਿਛੋਆ, ਭਾਈ ਤਜਿੰਦਰ ਸਿੰਘ ਟਿੰਮਾ ਅਤੇ ਹੋਰ ਬਹੁਤ ਸਾਰੇ ਫੈਡਰੇਸ਼ਨ ਦੇ ਜ਼ਿੰਮੇਵਾਰ ਸਿੰਘ ਮੌਜੂਦ ਸਨ।

ਇਸੇ ਤਰ੍ਹਾਂ ਹਜ਼ੂਰ ਸਾਹਿਬ ਤੋਂ ਬਾਬਾ ਸੀਮਾ ਸਿੰਘ ਜੀ ਦੇ ਜਥੇ ਵਾਲੇ ਸਿੰਘ ਵੀ ਮੌਜੂਦ ਸਨ ਜਿਨ੍ਹਾਂ ਦੇ ਜਥੇਦਾਰ ਫੌਜੀ ਭਾਈ ਗੁਰਮੇਲ ਸਿੰਘ ਨੂੰ ਸੰਤਾਂ ਨੇ ਪੁੱਛਿਆ ਕਿ ਤੁਸੀਂ ਸੁਣਾਓ ਤੁਹਾਡੇ ਨਾਲ ਦੇ ਸਾਰੇ ਸਿੰਘਾਂ ਦਾ ਕੀ ਖ਼ਿਆਲ ਹੈ? ਤਾਂ ਭਾਈ ਗੁਰਮੇਲ ਸਿੰਘ ਨੇ ਬੜੀ ਨਿਮਰਤਾ ਅਤੇ ਗੰਭੀਰਤਾ ਸਹਿਤ ਬੇਨਤੀ ਕੀਤੀ ਕਿ ਅਸੀਂ ਲਗਭਗ 37 ਸਿੰਘਾਂ ਨੇ ਸ੍ਰੀ ਹਜ਼ੂਰ ਸਾਹਿਬ ਤੋਂ ਚੱਲਣ ਵੇਲੇ ਹੀ ਅਰਦਾਸਾ ਸੋਧ ਦਿੱਤਾ ਸੀ ਕਿ ਅਸੀਂ ਧਰਮ ਦੀ ਖਾਤਿਰ ਆਪਾ ਕੁਰਬਾਨ ਕਰਨ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਜਾ ਰਹੇ ਹਾਂ। ਪਿਛਲੇ ਕੁੱਝ ਸਮੇਂ ਤੋਂ ਆਪ ਜੀ ਦੀ ਸੰਗਤ ਵਿੱਚ

Scanned with CamScanner

ਰਹਿੰਦਿਆਂ ਹੋਰ ਵੀ ਚੜ੍ਹਦੀ ਕਲਾ ਨਾਲ ਸ਼ਹੀਦੀਆਂ ਪਾਉਣ ਦਾ ਚਾਅ ਮਨਾਂ ਵਿੱਚ ਪ੍ਰਫੁੱਲਤ ਹੋਇਆ ਹੈ। ਫੁਣ ਭਾਂ ਇਹੀ ਤਮੰਨਾ ਹੈ ਕਿ ਅਕਾਲ ਪੁਰਖ ਵਾਹਿਗੁਰੂ ਕ੍ਰਿਪਾ ਕਰਕੇ ਆਪਣੇ ਬਿਰਦ ਦੀ ਲਾਜ ਰੱਖ ਲੈਣ ਕਿਉਂਕਿ ਰਣ ਦੇਖਿ ਸੂਰੇ ਚਿਤ ਉਲਾਸ ਦੇ ਮੁਤਾਬਕ ਸਭ ਸਿੰਘਾਂ ਦੇ ਮਨਾਂ ਵਿੱਚ ਜੋਸ਼ ਉਬਾਲੇ ਖਾ ਰਿਹਾ ਹੈ ਕਿ ਸ੍ਰੀ ਦਰਬਾਰ ਸਾਹਿਬ ਉਪਰ ਗੋਲੀਆਂ ਚਲਾਉਣ ਵਾਲੇ ਭਾਰਤੀ ਫੌਜ ਦੇ ਹੈਕਾਰੀ ਦਲਾਂ ਨਾਲ ਕਦੋਂ ਦੋ ਹੱਥ ਹੋਣ, ਫਿਰ ਤੁਸੀਂ ਦੇਖੋਗੇ ਕਿ ਇਹ ਸਿੰਘ ਕੇਵਲ ਟੋਕਰੀਆਂ ਢੋਣ ਵਾਲੇ ਹੀ ਨਹੀਂ ਬਲਕਿ ਰਣ ਤੱਤੇ ਵਿੱਚ ਦੁਸ਼ਮਣਾਂ ਦੇ ਆਹੂ ਵੀ ਲਾ ਸਕਦੇ ਹਨ। ਇਸਦੇ ਨਾਲ ਹੀ ਬਾਕੀ ਦੇ ਕਾਰ ਸੇਵਾ ਵਾਲੇ ਸਿੰਘਾਂ ਨੇ ਜੈਕਾਰੇ ਛੱਡ ਕੇ ਭਾਈ ਗੁਰਮੇਲ ਸਿੰਘ ਦੀ ਭਾਵਨਾ ਉਪਰ ਮੋਹਰ ਲਗਾਈ।

ਅਜਿਹੇ ਵਾਤਾਵਰਨ ਵਿੱਚ ਇਕੱਲੇ-ਇਕੱਲੇ ਸਿੰਘ ਦੇ ਚਿਹਰੇ ਤੋਂ ਉੱਭਰ ਰਹੀਆਂ ਭਾਵਨਾਵਾਂ ਪੜ੍ਹੀਆਂ ਜਾ ਸਕਦੀਆਂ ਸਨ। ਸੰਤਾਂ ਨੇ ਫਿਰ ਇੱਕ ਵਾਰ ਸਭ ਸਿੰਘਾਂ ਦੇ ਚਿਹਰਿਆਂ ਉੱਪਰ ਦੀ ਡੂੰਘੀ ਨਜ਼ਰ ਘੁੰਮਾਈ ਅਤੇ ਕਿਹਾ ਕਿ ਮੈਨੂੰ ਇਹੀ ਉਮੀਦ ਹੈ ਜੋ ਤੁਸੀਂ ਖਿਆਲ ਪ੍ਰਗਟ ਕੀਤੇ ਹਨ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਆਪ ਕ੍ਰਿਪਾ ਕਰਨਗੇ। ਅਖੀਰ ਵਿੱਚ ਫਿਰ ਜਰਨਲ ਸੁਬੇਗ ਸਿੰਘ ਨੂੰ ਸੰਬੋਧਨ ਹੋ ਕੇ ਕਿਹਾ ਕਿ ਸਮਾਂ ਬਹੁਤ ਹੋ ਚੁੱਕਾ ਹੈ, ਤੁਸੀਂ ਬਹੁਤ ਸਾਰੇ ਕਾਰਜ ਕਰਨੇ ਹਨ, ਇਸ ਲਈ ਆਪੋ ਆਪਣੀਆਂ ਡਿਊਟੀਆਂ ਸੰਭਾਲੋ ਬਾਕੀ ਦੇ ਵਿਚਾਰ ਕੱਲ੍ਹ ਨੂੰ ਸਾਰੇ ਸਿੰਘਾਂ ਨੂੰ ਸੱਦ ਕੇ ਸਾਂਝੇ ਕਰਾਂਗੇ। ਆਓ ਹੁਣ ਜਾਣ ਤੋਂ ਪਹਿਲਾਂ ਸਾਰੇ ਗੱਜ ਕੇ ਇਹ ਧਾਰਨਾ ਪੜ੍ਹੋ

ਸਿਰ ਦਿੱਤਿਆਂ ਬਾਜ ਨਹੀਂ ਰਹਿਣਾ,
ਧਰਮ ਸਿਰ ਦਿੱਤਿਆਂ ਬਾਜ ਨਹੀਂ ਰਹਿਣਾ

ਸੰਤਾਂ ਨੇ ਇਹ ਧਾਰਨਾ ਪੜ੍ਹੀ ਅਤੇ ਪਿੱਛੇ ਸਭ ਸਿੰਘਾਂ ਨੇ ਬੁਲੰਦ ਆਵਾਜ਼ ਵਿੱਚ ਇਹੀ ਧਾਰਨਾ ਦੁਹਰਾਈ ਅਤੇ ਇਸ ਤਰ੍ਹਾਂ ਚੜ੍ਹਦੀ ਕਲਾ ਦੇ ਸ਼ਬਦ ਪੜ੍ਹਦੇ ਗੁਣਗਣਾਉਂਦੇ ਸਿੰਘ ਆਪੋ ਆਪਣੀਆਂ ਡਿਊਟੀਆਂ 'ਤੇ ਚਲੇ ਗਏ।

2 ਜੂਨ, 1984

2 ਜੂਨ ਨੂੰ ਪੰਜਾਬ ਦੇ ਕੁਝ ਸ਼ਹਿਰਾਂ ਵਿੱਚ ਕਰਫਿਊ ਲੱਗਾ ਹੋਇਆ ਸੀ। ਖਾਸ ਕਰਕੇ ਸ੍ਰੀ ਅੰਮ੍ਰਿਤਸਰ ਸ਼ਹਿਰ ਕਰਫਿਊ ਦੀ ਲਪੇਟ ਵਿੱਚ ਸੀ। ਸ੍ਰੀ ਦਰਬਾਰ ਸਾਹਿਬ ਦੇ ਚਾਰ ਚੁਫੇਰੇ ਸੀ. ਆਰ. ਪੀ. ਐੱਫ. ਅਤੇ ਬੀ. ਐੱਸ. ਐੱਫ. ਦਾ ਸਖਤ ਪਹਿਰਾ ਅਤੇ ਹਥਿਆਰਬੰਦ ਦਸਤਿਆਂ ਦੀ ਗਸ਼ਤ ਜਾਰੀ ਸੀ। ਜਿਨ੍ਹਾਂ ਰਸਤਿਆਂ ਤੋਂ ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲੇ ਸ਼ਰਧਾਲੂਆਂ ਦੀ ਹਮੇਸ਼ਾ ਭਰਮਾਰ ਹੁੰਦੀ ਸੀ, ਅੱਜ ਉਥੇ ਦਹਿਸ਼ਤ ਦਾ ਮਾਹੌਲ ਛਾਇਆ ਹੋਇਆ ਸੀ। ਕੰਪਲੈਕਸ ਦੇ ਆਲੇ ਦੁਆਲੇ ਦੀਆਂ ਉੱਚੀਆਂ ਇਮਾਰਤਾਂ ਉਪਰ ਸੀ. ਆਰ. ਪੀ. ਵੱਲੋਂ ਬਣਾਏ ਮੋਰਚਿਆਂ ਨੂੰ ਫੌਜੀ ਅਫਸਰਾਂ ਦੀ ਸਲਾਹ ਨਾਲ ਨਵੀਂ ਤਰ੍ਹਾਂ ਦੀ ਮਜ਼ਬੂਤੀ ਦਿੱਤੀ ਜਾ ਰਹੀ ਸੀ ਅਤੇ ਕਈ ਨਵੀਆਂ ਅਤੇ ਉੱਚੀਆਂ ਥਾਵਾਂ 'ਤੇ ਫੌਜ ਵੱਲੋਂ ਹੋਰ ਮੋਰਚੇ ਬਣਾਏ ਜਾ ਰਹੇ ਸਨ। ਫੌਜ ਦੀ ਇਹ ਹਿਲਜੁਲ ਕੰਪਲੈਕਸ ਦੀਆਂ ਅੰਦਰਲੀਆਂ ਇਮਾਰਤਾਂ ਤੋਂ ਸਾਫ ਨਜ਼ਰੀਂ ਪੈ ਰਹੀ ਸੀ।

ਕਰਫਿਊ ਲੱਗਾ ਹੋਣ ਕਾਰਨ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਬਾਹਰ ਤੋਂ ਆਉਣ ਵਾਲੀਆਂ ਸੰਗਤਾਂ ਦੀ ਆਵਾਜਾਈ ਬਹੁਤ ਘੱਟ ਸੀ ਪਰ ਕੱਲ੍ਹ ਤੋਂ ਸ੍ਰੀ ਦਰਬਾਰ ਸਾਹਿਬ ਅੰਦਰ ਰੁਕੇ ਹੋਏ ਸ਼ਰਧਾਲੂ, ਧਰਮ ਯੁੱਧ ਮੋਰਚੇ ਲਈ ਗ੍ਰਿਫ਼ਤਾਰੀਆਂ ਦੇਣ ਲਈ ਆਏ ਹੋਏ ਜਥੇ, ਸ਼੍ਰੋਮਣੀ ਕਮੇਟੀ ਮੁਲਾਜ਼ਮ, ਹਕਸਾਲ, ਫੈਡਰੇਸ਼ਨ ਅਤੇ ਬੱਬਰ ਖਾਲਸਾ ਦੇ ਸਿੰਘ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਬਰਾਂਡਿਆਂ ਅਤੇ ਹੋਰ ਵੱਖ-ਵੱਖ ਥਾਵਾਂ 'ਤੇ ਖੜ੍ਹੇ ਦਿਖਾਈ ਦੇ ਰਹੇ ਸਨ। ਸਭ ਦੇ ਚਿਹਰਿਆਂ 'ਤੇ ਅਜੀਬ ਜਿਹੇ ਜਜ਼ਬਾਤ ਸਨ, ਜਿਸ ਵਿੱਚ ਗੁਰਧਾਮਾਂ ਲਈ ਅਥਾਹ ਪਿਆਰ ਅਤੇ ਸ਼ਰਧਾ, ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਅਹਿਸਾਸ ਪੰਥ ਦੇ ਦੁਸ਼ਮਣਾਂ ਲਈ ਨਫਰਤ, ਗੁੱਸੇ ਅਤੇ ਰੋਹ ਦੀ ਝਲਕ ਸਾਫ ਦਿਖਾਈ ਦੇ ਰਹੀ ਸੀ। ਪ੍ਰਕਰਮਾ ਦੇ ਬਰਾਂਡਿਆਂ ਵਿੱਚ ਲੱਗੀਆਂ ਗੋਲੀਆਂ ਦੇ ਨਿਸ਼ਾਨ ਅਤੇ ਦਰਬਾਰ ਸਾਹਿਬ ਦੇ ਸੁਨਹਿਰੇ ਗੁੰਬਦ ਵਿੱਚ ਵੱਜੀਆਂ ਗੋਲੀਆਂ ਅਤੇ ਕਈ ਥਾਂ ਤੋਂ ਆਰ-ਪਾਰ ਹੋਏ ਸੁਰਾਖ ਵੇਖ ਕੇ ਸੰਗਤਾਂ ਦੇ ਉਪਰਾਮ ਖਿਆਲਾਂ ਵਿੱਚ ਪਸੀਜੇ ਹੋਏ ਹਿਰਦਿਆਂ ਦੇ ਜੋ ਹਾਲਾਤ ਸਨ ਉਨ੍ਹਾਂ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ 32 ਵੱਡੇ ਨਿਸ਼ਾਨ ਕੇਵਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੀ ਸੰਗਤਾਂ ਨੇ ਗਿਣੇ ਸਨ ਅਤੇ ਜੋ ਆਸ-ਪਾਸ ਦੀਆਂ ਬਿਲਡਿੰਗਾਂ ਅਤੇ ਪ੍ਰਕਰਮਾ ਦੇ ਬਰਾਂਡਿਆਂ ਵਿਚਲੇ ਕਮਰਿਆਂ ਵਿੱਚ ਵੱਜੀਆਂ ਗੋਲੀਆਂ ਦੇ ਨਿਸ਼ਾਨ ਤਾਂ

Scanned with CamScanner

ਅਣਗਿਣਤ ਹੀ ਸਨ।

ਸਵੇਰੇ 9.00 ਵਜੇ ਦੇ ਲਗਭਗ ਕੁੱਝ ਅਖ਼ਬਾਰ ਨਵੀਸ ਅਤੇ ਫੋਟੋਗ੍ਰਾਫਰ ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਦਿੱਲੀ ਤੋਂ ਟਾਈਮਜ਼ ਆਫ ਇੰਡੀਆ ਦੇ ਸੁਰਾਸ਼ ਕਿਰਪੇਕਰ ਤੇ ਲੰਡਨ ਗਾਰਡੀਅਨ ਦੇ ਸੀ ਅਜੇ ਬੋਸ ਵੀ 1 ਜੂਨ ਦੀ ਰਾਤ ਨੂੰ ਹੀ ਇੱਥੇ ਪਹੁੰਚ ਗਏ ਸਨ, ਜਿਨ੍ਹਾਂ ਨੇ ਕੱਲ੍ਹ ਦੀ ਸੀ. ਆਰ. ਪੀ. ਐੱਫ. ਵੱਲੋਂ ਸ੍ਰੀ ਦਰਬਾਰ ਸਾਹਿਬ ਉਪਰ ਕੀਤੀ ਗੋਲੀਬਾਰੀ ਬਾਰੇ ਵਿਸ਼ੇਸ਼ ਰਿਪੋਰਟ ਆਪੋ-ਆਪਣੇ ਅਖ਼ਬਾਰਾਂ ਲਈ ਪ੍ਰਾਪਤ ਕਰਨੀ ਸੀ। ਇਨ੍ਹਾਂ ਨੇ ਡੀ. ਸੀ. ਤੋਂ ਕਰਫਿਊ ਪਾਸ ਪ੍ਰਾਪਤ ਕੀਤੇ ਅਤੇ ਸ੍ਰੀ ਦਰਬਾਰ ਸਾਹਿਬ ਪਹੁੰਚ ਗਏ। ਇਹ ਸਾਰੇ ਹੀ ਸਿੱਧੇ ਦਰਬਾਰ ਸਾਹਿਬ ਮੱਥਾ ਟੇਕਣ ਗਏ ਅਤੇ ਉੱਥੇ ਲੱਗੀਆਂ ਹੋਈਆਂ ਗੋਲੀਆਂ ਦੇ ਨਿਸ਼ਾਨਾਂ ਦੀ ਗਿਣਤੀ ਕਰਨ ਲੱਗੇ ਅਤੇ ਵੱਖ-ਵੱਖ ਦਿਸ਼ਾਵਾਂ ਤੋਂ ਲੱਗੀਆਂ ਹੋਈਆਂ ਗੋਲੀਆਂ ਦੀਆਂ ਫੋਟੋਆਂ ਵੀ ਖਿੱਚੀਆਂ। ਪੱਤਰਕਾਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸੁਨਿਹਰੀ ਗੁੰਬਦ ਵਿੱਚ ਲੱਗੀਆਂ ਹੋਈਆਂ ਗੋਲੀਆਂ ਦੇ ਨਿਸ਼ਾਨ ਵੀ ਵੇਖੇ। ਸ੍ਰੀ ਹਰਿਮੰਦਰ ਸਾਹਿਬ ਦੀ ਦੂਸਰੀ ਮੰਜ਼ਿਲ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟੇ, ਹਰਿ ਕੀ ਪਉੜੀ ਉਪਰ ਵੀ ਗੋਲੀਆਂ ਦੇ ਨਿਸ਼ਾਨ ਸਨ। ਉਨ੍ਹਾਂ ਆਮ ਸ਼ਰਧਾਲੂਆਂ, ਦਮਦਮੀ ਟਕਸਾਲ ਦੇ ਸਿੰਘਾਂ, ਫੈਡਰੇਸ਼ਨ ਦੇ ਸਿੰਘਾਂ ਅਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਤੋਂ ਸ਼ਹੀਦ ਅਤੇ ਜ਼ਖਮੀ ਹੋਏ ਸ਼ਰਧਾਲੂਆਂ ਬਾਰੇ ਜਾਣਕਾਰੀ ਲਈ ਅਤੇ ਸੀ. ਆਰ. ਪੀ. ਐੱਫ. ਵੱਲੋਂ ਅਚਾਨਕ ਗੋਲੀ ਚਲਾਉਣ ਦੇ ਕਾਰਨਾਂ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀ ਪਰ ਕਿਉਂਕਿ ਇਸ ਬਾਰੇ ਕਿਸੇ ਨੂੰ ਕੁੱਝ ਵੀ ਪਤਾ ਨਹੀਂ ਸੀ ਕਿ ਸੀ. ਆਰ. ਪੀ. ਐੱਫ. ਨੇ ਗੋਲੀ ਕਿਉਂ ਚਲਾਈ? ਇਸ ਲਈ ਇਸ ਸਬੰਧ ਵਿੱਚ ਪੱਤਰਕਾਰਾਂ ਨੂੰ ਕੋਈ ਜਾਣਕਾਰੀ ਨਾ ਮਿਲ ਸਕੀ ਕਿ ਕਿਸ ਕਾਰਨ ਗੋਲੀ ਚੱਲੀ? ਇਹ ਪੱਤਰਕਾਰਾਂ ਦਾ ਗਰੁੱਪ ਪ੍ਰਕਰਮਾ ਵਿੱਚ ਦੀ ਹੁੰਦਾ ਹੋਇਆ ਸ਼੍ਰੋਮਣੀ ਕਮੇਟੀ ਦੇ ਦਫਤਰ ਪਹੁੰਚਿਆ ਜਿਥੇ ਇੱਕ ਭਰ੍ਹਾਂ ਨਾਲ ਮਾਤਮ ਛਾਇਆ ਹੋਇਆ ਸੀ। ਇਨ੍ਹਾਂ ਨੇ ਸੰਤ ਲੌਂਗੋਵਾਲ ਅਤੇ ਪ੍ਰਧਾਨ ਟੌਹੜਾ ਕੋਲੋਂ ਇਸ ਬਾਰੇ ਜਾਨਣਾ ਚਾਹਿਆ ਤਾਂ ਉਨ੍ਹਾਂ ਨੇ ਵੀ ਪੂਰੀ ਤਰ੍ਹਾਂ ਸਖਤੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਹ ਗੋਲੀਬਾਰੀ ਸੀ. ਆਰ. ਪੀ. ਐੱਫ. ਵੱਲੋਂ ਇੱਕਤਰਫੀ ਹੈ ਤਾਂ ਪੱਤਰਕਾਰਾਂ ਨੇ ਪੁੱਛਿਆ ਕਿ ਇਸ ਬਾਰੇ ਤੁਹਾਡਾ ਕੀ ਪ੍ਰਤੀਕਰਮ ਹੈ ਅਤੇ ਤੁਸੀਂ ਸਿੱਖ ਕੌਮ ਨੂੰ ਇਸ ਬਾਰੇ ਕੀ ਕਹਿਣਾ ਚਾਹੁੰਦੇ ਹੋ? ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਸ ਘਿਨਾਉਣੀ ਕਾਰਵਾਈ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਥੋੜ੍ਹੀ ਹੈ ਅਤੇ ਇਸਦਾ ਖਮਿਆਜ਼ਾ ਵੀ ਕੇਂਦਰ ਸਰਕਾਰ ਨੂੰ ਜ਼ਰੂਰ ਭੁਗਤਣਾ ਪਵੇਗਾ। ਜਦੋਂ ਪੱਤਰਕਾਰਾਂ ਨੇ ਪੁੱਛਿਆ ਕਿ ਤੁਸੀਂ ਇਸ ਸਬੰਧ ਵਿੱਚ ਕੇਂਦਰ ਸਰਕਾਰ ਨਾਲ ਗੱਲਬਾਤ ਕੀਤੀ ਹੈ? ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਕੋਸ਼ਿਸ਼ ਕੀਤੀ, ਪਰ ਸਾਡੀ ਕਿਸੇ ਨੇ ਗੱਲ ਨਹੀਂ ਸੁਣੀ। ਪੱਤਰਕਾਰਾਂ ਨੇ ਫਿਰ ਪੁੱਛਿਆ ਕਿ ਤੁਹਾਡਾ ਅਗਲਾ ਪ੍ਰੋਗਰਾਮ ਕੀ ਹੈ? ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਅੱਜ ਫਿਰ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨਾਲ ਗੱਲਬਾਤ ਕਰਾਂਗੇ ਕਿਉਂਕਿ ਸਾਡਾ ਧਰਮ ਯੁੱਧ ਮੋਰਚਾ ਪੁਰਅਮਨ ਅਤੇ ਸ਼ਾਂਤਮਈ ਢੰਗ ਨਾਲ ਚੱਲ ਰਿਹਾ ਹੈ ਪਰ ਕੇਂਦਰ ਨੇ ਜੋ ਰਾਜ ਇਖਤਿਆਰ ਕੀਤਾ ਹੈ ਇਹ ਸਾਡੇ ਸਬਰ ਦੀ ਪਰਖ ਹੈ ਜਿਸਨੂੰ ਕੌਮ ਕਦੇ ਬਰਦਾਸ਼ਤ ਨਹੀਂ ਕਰੇਗੀ।

ਇਹ ਪੱਤਰਕਾਰ ਵੱਖ-ਵੱਖ ਸੰਗਤਾਂ ਤੋਂ ਪ੍ਰਤੀਕਰਮ ਲੈਂਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਤ ਭਿੰਡਰਾਂਵਾਲਿਆਂ ਕੋਲ ਪਹੁੰਚੇ। ਜਿੱਥੇ ਹੋਰ ਵੀ ਬਹੁਤ ਸ਼ਾਰੇ ਤਿਆਰ-ਬਰ-ਤਿਆਰ ਸਿੰਘ ਸੰਤਾਂ ਕੋਲ ਮੌਜੂਦ ਸਨ। ਸੰਤਾਂ ਦੇ ਕੁੱਝ ਸਿੰਘਾਂ ਨੇ ਗੁੱਸੇ ਵਿੱਚ ਇਨ੍ਹਾਂ ਪੱਤਰਕਾਰਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਗਿਲ੍ਹਾ ਸੀ ਕਿ ਤੁਸੀਂ ਸੰਤਾਂ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਨੂੰ ਜਾਂ ਤਾਂ ਛਾਪਦੇ ਹੀ ਨਹੀਂ ਜਾਂ ਤੋੜ-ਮਰੋੜ ਕੇ ਛਾਪਦੇ ਹੋ। ਇਸ ਲਈ ਤੁਸੀਂ ਜਾਓ ਅਤੇ ਆਪਣਾ ਕੰਮ ਕਰੋ। ਪਰ ਸੰਤਾਂ ਨੇ ਸਿੰਘਾਂ ਨੂੰ ਕਿਹਾ ਕਿ ਇਨ੍ਹਾਂ ਨੂੰ ਆਉਣ ਦਿਓ, ਕਈ ਵਾਰ ਇਨ੍ਹਾਂ ਦੀ ਵੀ ਮਜ਼ਬੂਰੀ ਹੁੰਦੀ ਹੈ ਕਿਉਂਕਿ ਇਨ੍ਹਾਂ ਨੇ ਤਾਂ ਖ਼ਬਰ ਭੇਜਣੀ ਹੁੰਦੀ ਹੈ, ਲਾਉਣੀ ਜਾਂ ਨਾ ਲਾਉਣੀ ਅਖਬਾਰ ਦੇ ਮਾਲਕਾਂ ਦੀ ਮਰਜ਼ੀ ਹੈ। ਇਸ ਤਰ੍ਹਾਂ ਉਹ ਸੰਤਾਂ ਨੂੰ ਮਿਲੇ ਅਤੇ ਦੱਸਿਆ ਕਿ ਕੁੱਝ ਵਿਅਕਤੀ ਵੱਖ-ਵੱਖ ਅਖਬਾਰਾਂ ਨਾਲ ਸਬੰਧਤ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਇੱਥੇ ਆਏ ਹਨ। ਇਸ ਉਪਰੰਤ ਪੱਤਰਕਾਰਾਂ ਨੇ ਸੰਤਾਂ ਨੂੰ ਪੁੱਛਿਆ ਕਿ ਇਥੇ ਦੇ ਹਾਲਾਤ ਕੀ ਹਨ? ਸੰਤਾਂ ਨੇ ਕਿਹਾ ਕਿ ਤੁਸੀਂ ਵੇਖ ਹੀ ਲਏ ਹਨ, ਕੇਂਦਰ ਸਰਕਾਰ ਦੀ ਫੌਜ ਨੇ ਅੰਧਾਧੁੰਦ ਗੋਲੀ ਚਲਾਈ ਹੈ ਜਿਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਉੱਪਰ ਵੀ ਗੋਲੀਆਂ ਲੱਗੀਆਂ ਹਨ ਅਤੇ ਸ਼ਰਧਾਲੂ ਸੰਗਤਾਂ ਵਿੱਚੋਂ 11 ਸਿੰਘ ਸ਼ਹੀਦ ਹੋ ਗਏ ਹਨ ਅਤੇ ਬਹੁਤ ਸਾਰੇ ਜ਼ਖਮੀ ਹੋ ਗਏ ਹਨ ਤਾਂ ਇੱਕ ਪੱਤਰਕਾਰ ਨੇ ਦੱਸਿਆ ਕਿ ਅਸੀਂ ਸੰਤ ਲੌਂਗੋਵਾਲ ਅਤੇ ਜਥੇਦਾਰ ਟੌਹੜਾ ਨੂੰ ਮਿਲ ਕੇ ਆਏ ਹਾਂ ਉਨ੍ਹਾਂ ਨੇ ਕੱਲ੍ਹ ਦੀ ਗੋਲੀਬਾਰੀ ਬਾਰੇ ਸਖਤ

Scanned with CamScanner

ਇਤਰਾਜ਼ ਕੀਤਾ ਹੈ ਕਿ ਅਸੀਂ ਐਸੀ ਘਿਨਾਉਣੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕਰਾਂਗੇ ਅਤੇ ਨਾ ਹੀ ਸਿੱਖ ਕੌਮ ਬਰਦਾਸ਼ਤ ਕਰੇਗੀ। ਇਹ ਪ੍ਰਸ਼ਨ ਕਰਨ ਤੋਂ ਬਾਅਦ ਪੱਤਰਕਾਰਾਂ ਦਾ ਖਿਆਲ ਸੀ ਕਿ ਸੰਤ ਜੀ ਅਕਾਲੀ ਆਗੂਆਂ 'ਤੇ ਸਖਤ ਟਿੱਪਣੀ ਕਰਨਗੇ। ਇਸ ਲਈ ਸਭ ਪੱਤਰਕਾਰ ਟਿਕਟਿਕੀ ਲਗਾ ਕੇ ਸੰਤਾਂ ਵੱਲ ਵੇਖਣ ਲੱਗੇ। ਸੰਤਾਂ ਨੇ ਬੜੀ ਗੰਭੀਰਤਾ ਨਾਲ ਕਿਹਾ ਕਿ ਮੈਂ ਉਨ੍ਹਾਂ ਦੇ ਬਿਆਨ ਨਾਲ ਸਹਿਮਤ ਹਾਂ। ਸੰਤਾਂ ਦੇ ਅਜਿਹੇ ਉੱਤਰ ਤੋਂ ਪੱਤਰਕਾਰ ਹੈਰਾਨ ਸਨ। ਫਿਰ ਪੱਤਰਕਾਰਾਂ ਨੇ ਪੁੱਛਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਦੀ ਘੇਰਾਬੰਦੀ ਸਖਤ ਕੀਤੀ ਜਾ ਰਹੀ ਹੈ ਇਸ ਬਾਰੇ ਤੁਸੀਂ ਕੀ ਸੋਚਦੇ ਹੋ? ਸੰਤਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਨੀਅਤ ਮਾੜੀ ਹੈ ਉਹ ਨੇੜ ਭਵਿੱਖ ਵਿੱਚ ਸ੍ਰੀ ਦਰਬਾਰ ਸਾਹਿਬ ਉੱਪਰ ਇਸ ਤੋਂ ਵੱਡੀ ਕਾਰਵਾਈ ਕਰੇਗੀ ਤਾਂ ਪੱਤਰਕਾਰਾਂ ਨੇ ਪੁੱਛਿਆ ਫਿਰ ਤੁਸੀਂ ਕੀ ਕਰੋਗੇ? ਤਾਂ ਉਨ੍ਹਾਂ ਨੇ ਕਿਹਾ ਜਿਹੋ ਜਿਹੀ ਮਨਸ਼ਾ ਨਾਲ ਆਉਣਗੇ ਉਸ ਮੁਤਾਬਕ ਢੁੱਕਵਾਂ ਉੱਤਰ ਦਿੱਤਾ ਜਾਵੇਗਾ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਸਵਾਲ ਕੀਤੇ ਜਿਸਦਾ ਸੰਤਾਂ ਨੇ ਇੱਕੋ ਹੀ ਜਵਾਬ ਦਿੱਤਾ ਕਿ ਸਮੇਂ ਅਨੁਸਾਰ ਤੁਸੀਂ ਸਭ ਕੁੱਝ ਵੇਖ ਹੀ ਲੈਣਾ ਹੈ, ਮੈਂ ਅੱਜ ਤੋਂ ਕਈ ਮਹੀਨੇ ਪਹਿਲਾਂ ਜੋ ਕੁੱਝ ਵੀ ਕਹਿੰਦਾ ਆ ਰਿਹਾ ਹਾਂ ਕਿ ਕੇਂਦਰ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨਾ ਹੈ ਇਸ ਬਾਰੇ ਮੈਨੂੰ ਕੋਈ ਭੁਲੇਖਾ ਨਹੀਂ, ਹਾਂ ਹਮਲਾਵਰ ਹੈਕਾਰੀਆਂ ਦਾ ਭੁਲੇਖਾ ਜਰੂਰ ਕੱਢ ਦਿਆਂਗੇ।

ਸੰਤਨ ਕੀ ਸੁਣਿ ਸਾਚੀ ਸਾਖੀ॥ ਸ੍ਰੀ ਬਲਹਿ ਜੋ ਪੇਖਹਿ ਆਖੀ॥

ਦਿਨ ਭਰ ਜਥੇ ਦੇ ਸਿੰਘਾਂ ਤੋਂ ਇਲਾਵਾ ਫੈਡਰੇਸ਼ਨ ਦੇ ਸਿੰਘ ਬੱਬਰ ਖ਼ਾਲਸਾ ਜਥੇਬੰਦੀ ਦੇ ਸਿੰਘ ਅਤੇ ਆਮ ਸ਼ਰਧਾਲੂਆਂ ਵਿੱਚੋਂ ਵੀ ਬਹੁਤ ਸਾਰੀ ਸੰਗਤ ਸੰਤਾਂ ਨੂੰ ਮਿਲਦੀ ਰਹੀ। ਸ਼ਾਮ ਨੂੰ ਸੰਤਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਉਪਰਲੀ ਮੰਜ਼ਿਲ 'ਤੇ ਜਥੇ ਦੇ ਸਾਰੇ ਸਿੰਘਾਂ ਨੂੰ ਇਕੱਤਰ ਕੀਤਾ ਜਿਸ ਵਿੱਚ ਫੈਡਰੇਸ਼ਨ ਅਤੇ ਹਜ਼ੂਰ ਸਾਹਿਬ ਤੋਂ ਆਏ ਹੋਏ ਸਿੰਘਾਂ ਦਾ ਜਥਾ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਇਆ। ਜਦੋਂ ਸਭ ਸਿੰਘ ਇਕੱਠੇ ਹੋ ਗਏ ਤਾਂ ਸੰਤਾਂ ਨੇ ਬਹੁਤ ਗੰਭੀਰਤਾ ਨਾਲ ਸਿੰਘਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਮੇਰੇ ਲਾਲ ਹਰ ਤਰ੍ਹਾਂ ਦਾ ਸਾਥ ਨਿਭਾਇਆ ਹੈ, ਮੇਰੀ ਉਮੀਦ ਤੋਂ ਵੀ ਵੱਧ ਸਮੇਂ-ਸਮੇਂ 'ਤੇ ਤੁਸੀਂ ਆਪਣੇ ਆਪ ਨੂੰ ਖ਼ਤਰੇ ਵਿੱਚ ਪਾਇਆ। ਤੁਹਾਡੇ ਵਿੱਚੋਂ ਬਹੁਤਿਆਂ ਨੇ ਇਥੇ ਰਹਿੰਦਿਆਂ ਨਾਮ ਜਪ ਕੇ, ਬਾਣੀ ਪੜ੍ਹ ਕੇ, ਸੇਵਾ ਕਰਕੇ ਸ੍ਰੀ ਗੁਰੂ ਰਾਮਦਾਸ ਮਹਾਰਾਜ ਦੇ ਦਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਇਕੱਲੇ-ਇਕੱਲੇ ਸਿੰਘ ਤੋਂ ਮੈਂ ਅਤਿ ਪ੍ਰਸੰਨ ਹਾਂ। ਇਸ ਲਈ ਮੈਂ ਬਹੁਤ ਪਿਆਰ ਅਤੇ ਸਤਿਕਾਰ ਨਾਲ ਬੇਨਤੀ ਕਰਨ ਲੱਗਾ ਹਾਂ ਕਿ ਜੋ ਹਾਲਾਤ ਬਣੇ ਹਨ ਇਸ ਤੋਂ ਇਹ ਸਪੱਸ਼ਟ ਹੈ ਕਿ ਭਾਰਤ ਸਰਕਾਰ ਲੱਖਾ ਫੌਜਾਂ ਭੇਜ ਕੇ ਸ੍ਰੀ ਦਰਬਾਰ ਸਾਹਿਬ 'ਤੇ ਬਹੁਤ ਛੇਤੀ ਹੀ ਹਮਲਾ ਕਰੇਗੀ। ਅਜਿਹੇ ਹਾਲਾਤ ਵਿੱਚ ਅਸੀਂ ਥੋੜ੍ਹੇ ਸਿੰਘ ਵੀ ਉਹ ਕੁੱਝ ਕਰ ਵਿਖਾਵਾਂਗੇ ਜੋ ਆਪਾ ਸਭਨਾਂ ਨੇ ਸੋਚਿਆ ਹੋਇਆ ਹੈ। ਪਰ ਜੋ ਕੋਈ ਵੀ ਸਿੰਘ ਇੱਥੋਂ ਜਾਣਾ ਚਾਹੁੰਦਾ ਹੈ ਮੈਂ ਦਿਲੋਂ ਖੁਸ਼ੀ ਨਾਲ ਉਸ ਨੂੰ ਸਿਰੋਪਾਓ ਦੇ ਕੇ ਵਿਦਾਇਗੀ ਦੇਵਾਂਗਾ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਭਾਈ ਅਮਰੀਕ ਸਿੰਘ ਨੂੰ ਕਿਹਾ ਕਿ ਜੇ ਉਹ ਮੇਰੀ ਬੇਨਤੀ ਮੰਨ ਕੇ ਇਥੋਂ ਚਲੇ ਜਾਣ ਤਾਂ ਭਵਿੱਖ ਵਿੱਚ ਨੌਜਵਾਨਾਂ ਨੂੰ ਸੁਚੱਜੀ ਅਗਵਾਈ ਦੇ ਸਕਦੇ ਹਨ। ਇਹ ਗੱਲ ਸੁਣਦਿਆਂ ਭਾਈ ਅਮਰੀਕ ਸਿੰਘ ਨੇ ਦੋਵੇਂ ਹੱਥ ਜੋੜ ਅੜੇ ਬੇਨਤੀ ਕੀਤੀ ਕਿ ਮਹਾਂਪੁਰਖੋ, ਮੇਰੇ ਕੋਲੋਂ ਕੀ ਗੁਨਾਹ ਹੋਇਆ ਹੈ? ਮੇਰੇ ਲਈ ਅਜਿਹੇ ਬਚਨ ਕਿਉਂ ਕਰ ਰਹੇ ਹੋ? ਮੈਂ ਕਿਸੇ ਵੀ ਕੀਮਤ 'ਤੇ ਅਜਿਹੇ ਹਾਲਾਤ ਦੇ ਹੁੰਦਿਆਂ ਬਾਹਰ ਨਹੀਂ ਜਾਵਾਂਗਾ। ਤੁਹਾਡੇ ਨਾਲ ਬਚਨ ਹੈ ਕਿ ਸਿਰ ਨਾਲ ਸਾਥ ਨਿਭ ਜਾਵੇ। ਅਕਾਲ ਪੁਰਖ ਵਾਹਿਗੁਰੂ ਇਹ ਬਚਨ ਨਿਭਾ ਦੇਣ। ਇਹ ਗੱਲ ਸੁਣਦਿਆਂ ਹੀ ਭਾਈ ਗੁਰਮੁਖ ਸਿੰਘ ਗੜਵਈ ਨੇ ਜੈਕਾਰਾ ਛੱਡਿਆ ਅਤੇ ਸਭ ਸਿੰਘਾਂ ਨੇ ਉੱਚੀ ਆਵਾਜ਼ ਵਿੱਚ ਜਵਾਬ ਦਿੰਦਿਆਂ ਭਾਈ ਅਮਰੀਕ ਸਿੰਘ ਦੇ ਖਿਆਲਾਂ ਦੀ ਪ੍ਰੋੜਤਾ ਕੀਤੀ। ਸੰਤਾਂ ਦੇ ਬਚਨ ਸੁਣਦਿਆਂ ਜਿਥੇ ਸਾਰੇ ਸਿੰਘਾਂ ਦੇ ਚਿਹਰਿਆਂ 'ਤੇ ਲਾਲੀਆਂ ਸਨ ਮੁੱਖ ਵਿੱਚ ਸਿਮਰਨ ਸੀ ਅਤੇ ਧਰਮ ਲਈ ਆਪਾ ਵਾਰਨ ਦਾ ਚਾਅ ਹੋਰ ਵੀ ਵੱਧ ਗਿਆ। ਇਸ ਲਈ ਜਦੋਂ ਸੰਤਾਂ ਨੇ ਸਾਝੇ ਰੂਪ ਵਿੱਚ ਸਮੁੱਚੇ ਜਥੇ ਨੂੰ ਬੇਨਤੀ ਕੀਤੀ ਕਿ ਕੋਈ ਵੀ ਜਾਣਾ ਚਾਹੁੰਦਾ ਹੈ ਤਾਂ ਇਹ ਨਾ ਸਮਝਿਉ ਕਿ ਅਸੀਂ ਗੁੱਸੇ ਨਾਲ ਕਹਿ ਰਹੇ ਹਾਂ ਬਲਕਿ ਪ੍ਰੇਮ ਨਾਲ ਸਿਰੋਪਾਓ ਦੇ ਕੇ ਕੁਰਬਾਨੀ ਵਾਲੀਆਂ ਜੱਫੀਆਂ ਪਾ ਕੇ ਵਿਦਾਇਗੀ ਦੇਵਾਂਗਾ ਤਾਂ ਕੋਈ ਵੀ ਸਿੰਘ ਜਾਣ ਨੂੰ ਤਿਆਰ ਨਾ ਹੋਇਆ। ਸੰਤਾਂ ਨੇ ਪਹਿਲਾਂ ਹੀ ਸਭ ਸਿੰਘਾਂ ਲਈ ਸਿਰੋਪਾਓ ਮੰਗਵਾ ਕੇ ਰੱਖੇ ਸਨ ਇਸ ਲਈ ਉਨ੍ਹਾਂ ਕਿਹਾ ਇਹ ਸਿਰੋਪਾਓ ਤਾਂ ਇਸ ਲਈ ਮੰਗਵਾਏ ਸਨ ਜਿਹੜੇ-ਜਿਹੜੇ ਸਿੰਘ ਜਾਣਾ ਚਾਹੁੰਣਗੇ ਉਨ੍ਹਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਦਿਆਂਗੇ। ਪਰ ਤੁਸੀਂ ਜੋ ਸਿਦਕ ਦਿਲੀ ਅਤੇ ਆਪਾ ਵਾਰਨ ਦੀ ਭਾਵਨਾ ਵਿਖਾਈ ਹੈ ਇਸ ਤੋਂ ਮੈਂ ਕੋਈ

Scanned with CamScanner

ਅਨਜਾਣ ਨਹੀਂ ਸਾਂ। ਪਰ ਤੁਸੀਂ ਸਮੁੱਚੇ ਸਿੰਘਾਂ ਨੇ ਅੱਜ ਖ਼ਾਲਸਾ ਪੰਥ ਦੇ ਜਾਹੋ ਜਲਾਲ ਵਿੱਚ ਹੋਰ ਵਾਧਾ ਕੀਤਾ ਹੈ। ਕੌਲ ਨੂੰ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਪੁਰਬ ਹੈ ਇਸ ਲਈ ਗੁਰਪੁਰਬ ਦੇ ਸਬੰਧ ਵਿੱਚ ਸਭ ਸਿੰਘਾਂ ਨੂੰ ਸਿਰੋਪਾਓ ਦਿੱਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਸਾਹਿਬ ਦੇ ਗੁਰਪੁਰਬ 'ਤੇ ਸਭ ਸਿੰਘਾਂ ਨੇ ਵੰਡ ਤੋਂ ਵੱਧ ਸੇਵਾ ਕਰਨੀ ਹੈ, ਰਾਗੀ ਸਿੰਘ ਕੀਰਤਨ ਦੀਆਂ ਡਿਊਟੀਆਂ ਨਿਭਾਉਣ, ਬਾਕੀ ਸਿੰਘ ਥਾਉਂ ਥਾਈਂ ਸੇਵਾ ਕਰਨ। ਇਸ ਤੋਂ ਉਪਰੰਤ ਸੰਤਾਂ ਨੇ ਸਭ ਸਿੰਘਾਂ ਨੂੰ ਸਿਰੋਪਾਓ ਦਿੱਤੇ, ਇਕੱਲੇ-ਇਕੱਲੇ ਨਾਲ ਵਿਸ਼ੇਸ਼ ਤੌਰ 'ਤੇ ਥੋੜ੍ਹੇ-ਥੋੜ੍ਹੇ ਸਮੇਂ ਲਈ ਗੱਲਬਾਤ ਕੀਤੀ ਅਤੇ ਅਖੀਰ ਵਿੱਚ ਸਭ ਸਿੰਘਾਂ ਨੂੰ ਕਿਹਾ ਕਿ ਕਿਸੇ ਵੀ ਸਿੰਘ ਨੂੰ ਜੋ ਵੀ ਲੋੜ ਹੋਵੇ ਉਹ ਭਾਈ ਸੁਜਾਨ ਸਿੰਘ ਮਨਾਵਾਂ ਅਤੇ ਜਥੇਦਾਰ ਰਾਮ ਸਿੰਘ ਸੁਲਤਾਨਪੁਰ ਤੋਂ ਪ੍ਰਾਪਤ ਕਰ ਲਵੇ। ਸੰਤਾਂ ਨੇ ਸਿੰਘਾਂ ਨੂੰ ਕਿਹਾ ਕਿ ਇੱਕ ਗੱਲ ਦਾ ਸਭ ਸਿੰਘਾਂ ਨੇ ਪੂਰੀ ਦ੍ਰਿੜ੍ਹਤਾ ਨਾਲ ਖਿਆਲ ਰੱਖਣਾ ਹੈ ਕਿ ਕੋਈ ਵੀ ਹਥਿਆਰਬੰਦ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿੱਚ ਨਾ ਜਾਵੇ ਕਿਉਂਕਿ ਆਮ ਹਾਲਾਤ ਵਿੱਚ ਭਾਂ ਹਰ ਕੋਈ ਸਿੰਘ ਹਥਿਆਰਾਂ ਸਮੇਤ ਸੱਜ-ਧੱਜ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਜਾ ਸਕਦਾ ਹੈ। ਪਰ ਅਜੇਕੇ ਹਾਲਾਤਾਂ ਵਿੱਚ ਕੋਈ ਵੀ ਸਿੰਘ ਹਥਿਆਰਾਂ ਸਮੇਤ ਅੰਦਰ ਘਿਰ ਗਿਆ ਤਾਂ ਇਹ ਸਮਝਿਆ ਜਾਵੇਗਾ ਕਿ ਸਿੰਘਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਲੜਾਈ ਲੜੀ ਹੈ। ਆਪਾਂ ਗੁਰੂ ਦੇ ਹੁਕਮਾਂ ਅਨੁਸਾਰ ਮੀਰੀ-ਪੀਰੀ ਦੇ ਮਾਲਕ ਵੱਲੋਂ ਸਾਜੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਯੁੱਧ ਲੜਣਾ ਹੈ ਤੇ ਦਿੱਲੀ ਦੇ ਤਖ਼ਤ ਵੱਲੋਂ ਚਾੜ੍ਹੀਆਂ ਗਈਆਂ ਫੌਜਾਂ ਦਾ ਮੁਕਾਬਲਾ ਕਰਨਾ ਹੈ। ਸੰਤਾਂ ਤੋਂ ਇਹ ਬਚਨ ਸੁਣਦਿਆਂ ਭਾਈ ਅਮਰੀਕ ਸਿੰਘ ਨੇ ਪੂਰੇ ਜੋਸ਼ ਨਾਲ ਇਹ ਧਾਰਨਾ ਪੜ੍ਹੀ:

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥ (੧੧੦੫)

ਇਸ ਨੂੰ ਸਭ ਸਿੰਘਾਂ ਨੇ ਉੱਚੀ ਆਵਾਜ਼ ਵਿੱਚ ਦੁਹਰਾਇਆ।

ਇਹ ਸਭ ਕੁੱਝ ਵੇਖਦਿਆਂ ਜਰਨਲ ਸੁਬੇਗ ਸਿੰਘ ਦੇ ਨੇੜਲਾ ਵੈਰਾਗ ਦਾ ਜਲ ਆ ਗਿਆ। ਉਸ ਨੇ ਸੰਤਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਮੈਂ ਬਹੁਤ ਜੰਗਾਂ ਲੜੀਆਂ, ਕਮਾਂਡੋ ਤਿਆਰ ਕੀਤੇ, ਅਟਪਟੇ ਫੌਜੀ ਵੇਖੇ, ਪਰ ਇਹੋ ਜਿਹੇ ਹਾਲਾਤ ਜ਼ਿੰਦਗੀ ਵਿੱਚ ਪਹਿਲੀ ਵਾਰ ਤੱਕ ਰਿਹਾ ਹਾਂ ਕਿਉਂਕਿ ਅਜਿਹੀ ਖੁੱਲ੍ਹ ਕਿਸੇ ਫੌਜੀ ਪਲਟਨ ਦੇ ਜਵਾਨਾਂ ਨੂੰ ਦਿੱਤੀ ਹੁੰਦੀ ਕਿ ਯੁੱਧ ਦੀ ਤਿਆਰੀ ਸਮੇਂ ਕੋਈ ਛੁੱਟੀ ਜਾਣਾ ਚਾਹੇ ਤਾਂ ਜਾ ਸਕਦਾ ਹੈ, ਤਾਂ ਕੋਈ ਵਿਰਲਾ ਹੀ ਲੜਾਈ ਲੜਨ ਲਈ ਬਚਦਾ ਸੀ। ਪਰ ਇਥੇ ਆਲਮ ਉਲਟ ਹੈ ਛੁੱਟੀ ਵੀਂ ਦੇ ਰਹੇ ਹੋ ਅਤੇ ਖੁਸ਼ੀਆਂ ਵੀਂ ਦੇ ਰਹੇ ਹੋ ਪਰ ਇਨ੍ਹਾਂ ਦੋਵਾਂ ਗੱਲਾਂ ਨਾਲੋਂ ਇਨ੍ਹਾਂ ਸਭ ਸਿੰਘਾਂ ਨੂੰ ਧਰਮ ਪਿਆਰਾ ਹੈ। ਧੰਨ ਹਨ ਇਹ ਸਿਦਕੀ ਸਿੰਘ ਜਿਨ੍ਹਾਂ ਨੇ ਅੱਜ ਮੇਰੀ ਸੋਚ ਵਿੱਚ ਹੋਰ ਜੋਸ਼ ਭਰ ਦਿੱਤਾ ਹੈ।

ਜਦੋਂ ਸੰਤ ਸਿੰਘਾਂ ਸਮੇਤ ਉੱਤਰ ਕੇ ਦੂਸਰੀ ਮੰਜ਼ਿਲ 'ਤੇ ਆਏ ਤਾਂ ਇਥੇ ਖੁੱਲ੍ਹੇ ਹਾਲ ਵਿੱਚ ਕੁੱਝ ਹੋਰ ਸਿੰਘ ਉਡੀਕ ਰਹੇ ਸਨ। ਇੱਕ ਸਿੰਘ ਨੇ ਦੱਸਿਆ ਕਿ ਕਈ ਵਾਰ ਫੋਨ ਆਇਆ ਹੈ ਕਿ ਜਥੇਦਾਰ ਟੌਹੜਾ ਸਾਹਿਬ ਮਿਲਣਾ ਚਾਹੁੰਦੇ ਹਨ ਭਾਂ ਉਨ੍ਹਾਂ ਕਿਹਾ ਕਿ ਸੱਦ ਲਵੋ ਉਹ ਕੀ ਕਹਿਣਾ ਚਾਹੁੰਦੇ ਹਨ? ਸੁਣ ਲੈਂਦੇ ਹਾਂ। ਜਦੋਂ ਜਥੇਦਾਰ ਟੌਹੜਾ ਅਤੇ ਅਬਿਨਾਸੀ ਸਿੰਘ ਇੱਕ ਦੋ ਜਣਿਆਂ ਸਮੇਤ ਸੰਤਾਂ ਕੋਲ ਪਹੁੰਚੇ ਤਾਂ ਉਹ ਫਤਿਹ ਬੁਲਾ ਕੇ ਸਿੰਘਾਂ ਵਿੱਚ ਹੀ ਬੈਠ ਗਏ ਪਰ ਚੁੱਪ ਰਹੇ। ਸੰਤਾਂ ਨੇ ਪੁੱਛਿਆ ਕਿ ਕੋਈ ਬਚਨ ਕਰਨਾ ਹੈ? ਭਾਂ ਉਹ ਫਿਰ ਵੀ ਚੁੱਪ ਰਹੇ। ਸੰਤ ਉਠ ਕੇ ਨਾਲ ਦੇ ਕਮਰੇ ਵਿੱਚ ਚਲੇ ਗਏ ਅਤੇ ਬਾਕੀ ਸਿੰਘਾਂ ਨੂੰ ਉਥੇ ਹੀ ਬੈਠੇ ਰਹਿਣ ਨੂੰ ਕਿਹਾ। ਉਸ ਸਮੇ ਉਨ੍ਹਾਂ ਦੋਵਾਂ ਤੋਂ ਬਿਨ੍ਹਾਂ ਹੋਰ ਕੋਈ ਸਿੰਘ ਉਸ ਕਮਰੇ ਵਿੱਚ ਨਹੀਂ ਸੀ। ਬਾਹਰ ਬੈਠੇ ਸਿੰਘਾਂ ਵਿੱਚੋਂ ਅੱਜ ਵੀ ਮੌਜੂਦ ਰਾਗੀ ਰਾਮ ਸਿੰਘ, ਰਾਗੀ ਮੁਖਤਿਆਰ ਸਿੰਘ, ਭਾਈ ਵਿਰਸਾ ਸਿੰਘ ਵਲਟੋਹਾ, ਭਾਈ ਸੁਖਵੰਤ ਸਿੰਘ ਬੱਲੂ, ਭਾਈ ਮਨਜੀਤ ਸਿੰਘ ਕੂਰੇ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ ਭੋਮਾ, ਭਾਈ ਮੋਹਕਮ ਸਿੰਘ, ਭਾਈ ਜਸਵੀਰ ਸਿੰਘ ਘੁੰਮਣ, ਭਾਈ ਸਰਬਜੀਤ ਸਿੰਘ ਸੋਹਲ, ਭਾਈ ਅਮਰਜੀਤ ਸਿੰਘ ਚਾਵਲਾ ਅਤੇ ਜਥੇ ਦੇ ਹੋਰ ਬਹੁਤ ਸਾਰੇ ਸਿੰਘ ਹਨ ਜਿਨ੍ਹਾਂ ਨੇ ਇਹ ਸਾਰੀ ਘਟਨਾ ਅੱਖੀਂ ਵੇਖੀ ਹੈ। ਕਮਰੇ ਵਿੱਚੋਂ ਕੇਵਲ ਸੰਤਾ ਦੀ ਆਵਾਜ਼ ਬਾਹਰ ਆ ਰਹੀ ਸੀ, ਕੁੱਝ ਸਮੇਂ ਬਾਅਦ ਜਥੇਦਾਰ ਟੌਹੜਾ ਅਤੇ ਉਨ੍ਹਾਂ ਦੇ ਸਾਥੀ ਵਾਪਸ ਚਲੇ ਗਏ ਤਾਂ ਕੁੱਝ ਜ਼ਿੰਮੇਵਾਰ ਸਿੰਘਾਂ ਨੇ ਜਾਨਣਾ ਚਾਹਿਆ ਕਿ ਟੌਹੜਾ ਸਾਹਿਬ ਨਾਲ ਕੀ ਗੱਲਬਾਤ ਹੋਈ? ਪਰ ਸੰਤਾ ਨੇ ਸਿਰਫ ਏਨਾ ਹੀ ਕਿਹਾ ਕਿ ਹੁਣ ਮੇਰੀ ਸਲਾਹ ਮੰਗਦੇ ਹਨ, ਜਿਸਦਾ ਕੋਈ ਲਾਭ ਨਹੀਂ, ਕਿਉਂਕਿ ਲੰਮੇ ਸਮੇਂ ਤੋਂ ਮੈਂ ਜੋ ਸਲਾਹ ਦਿੰਦਾ ਰਿਹਾ ਅਤੇ ਖੁੱਲ੍ਹੇ ਰੂਪ ਵਿੱਚ ਕਹਿੰਦਾ ਰਿਹਾ

Scanned with CamScanner

ਉਸ ਵੱਲ ਧਿਆਨ ਨਹੀਂ ਦਿੱਤਾ ਗਿਆ। ਪਰ ਕੋਈ ਗੱਲ ਨਹੀਂ ਸਿੰਘੋ, ਜਿੰਨਾ ਵੀ ਕਿਸੇ ਨੇ ਸਾਥ ਦਿੱਤਾ ਹੈ ਉਨਾ ਹੀ ਕਾਫੀ ਹੈ। ਬਾਕੀ ਇਨ੍ਹਾਂ ਦੀ ਆਪਣੀ ਮਨਸ਼ਾ ਅਤੇ ਆਪਣੇ ਢੰਗ ਤਰੀਕੇ ਹਨ ਪਰ ਜੋ ਆਪਾਂ ਖ਼ਾਲਸਾਈ ਰਾਹ ਵਿਖਤਿਆਰ ਕੀਤਾ ਹੈ ਇਸ ਵਿੱਚ ਵੀ ਕੋਈ ਤਬਦੀਲੀ ਨਹੀਂ। ਬਾਕੀ ਕਿਸ ਨੇ ਕੀ ਕਰਨਾ ਹੈ, ਉਸ ਬਾਰੇ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜਾਣੀ ਜਾਣ ਹਨ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਰਾਸ਼ਟਰ ਨੂੰ ਸੰਬੋਧਨ

1 ਜੂਨ ਨੂੰ ਸਮੁੱਚੀ ਕਾਰਵਾਈ ਬਾਰੇ ਨਿਰਣਾ ਕਰਦਿਆਂ ਫੌਜੀ ਅਧਿਕਾਰੀਆਂ ਨੇ ਕੇਂਦਰ ਸਰਕਾਰ ਨੂੰ ਜੋ ਰਿਪੋਰਟ ਭੇਜੀ ਉਸ ਤਹਿਤ ਸਰਕਾਰ ਨੇ ਦਰਬਾਰ ਸਾਹਿਬ ਉਪਰ ਹਮਲਾ ਕਰਨ ਲਈ ਫੌਜ ਨੂੰ ਅਧਿਕਾਰ ਦੇਣ ਬਾਰੇ ਨਿਰਣਾ ਲੈ ਲਿਆ ਸੀ। ਇਨ੍ਹਾਂ ਫੌਜੀ ਜਰਨੈਲਾਂ ਅਤੇ ਕੁੱਝ ਸਿਆਸੀ ਮਾਹਿਰਾਂ ਨੇ ਵੀ ਇੰਦਰਾ ਗਾਂਧੀ ਨੂੰ ਇਹੀ ਮਸ਼ਵਰੇ ਦਿੱਤੇ ਕਿ ਦਰਬਾਰ ਸਾਹਿਬ ਉੱਪਰ ਫੌਜੀ ਕਾਰਵਾਈ ਕਰਨ ਤੋਂ ਪਹਿਲਾਂ ਸਮੁੱਚੇ ਰਾਸ਼ਟਰ ਨੂੰ ਖਾਸ ਕਰਕੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਨੂੰ ਭਰੋਸੇ ਵਿੱਚ ਲੈਣ ਲਈ ਸਰਕਾਰ ਨੂੰ ਆਪਣਾ ਪੱਖ ਸਪੱਸ਼ਟ ਕਰਨਾ ਚਾਹੀਦਾ ਹੈ। ਅਸਲ ਵਿੱਚ 1 ਜੂਨ ਨੂੰ ਇੰਦਰਾ ਗਾਂਧੀ ਨੇ ਮੱਧ ਪ੍ਰਦੇਸ਼ ਦੇ ਵਿਜੈਪੁਰ ਵਿੱਚ ਬੋਲਦਿਆਂ ਕਿਹਾ ਕਿ ਪੰਜਾਬ ਵਿੱਚ ਹੋ ਰਹੀ ਹਿੰਸਾ ਨਾਲ ਰਾਸ਼ਟਰ ਸ਼ਰਮਿੰਦਾ ਹੈ। ਫੌਜ ਦੇ ਜਰਨਲ ਅਤੇ ਭਾਰਤ ਦੀ ਪ੍ਰਧਾਨ ਮੰਤਰੀ ਵੱਲੋਂ ਅਜਿਹੇ ਭਾਸ਼ਣ ਦੇਣਾ ਸ਼ਾਕਾ ਨੀਲਾ ਤਾਰਾ ਦੀ ਵਿਉਂਤਬੰਦੀ ਦਾ ਹੀ ਸੰਕੇਤ ਸੀ।

ਉਧਰ 2 ਜੂਨ ਨੂੰ ਸਵੇਰੇ ਰੇਡੀਓ ਅਤੇ ਟੈਲੀਵਿਜ਼ਨ ਉਪਰ ਐਲਾਨ ਕੀਤਾ ਜਾ ਚੁੱਕਿਆ ਸੀ ਕਿ ਅੱਜ ਰਾਤੀ 8.30 ਵਜੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਰਾਸ਼ਟਰ ਨੂੰ ਸੰਬੋਧਨ ਕਰਨਗੇ, ਪਰ ਮਿੱਥੇ ਸਮੇਂ ਉਪਰ ਪ੍ਰਧਾਨ ਮੰਤਰੀ ਨੇ ਅਜਿਹਾ ਨਹੀਂ ਕੀਤਾ ਬਲਕਿ 15-15 ਮਿੰਟ ਲਈ ਤਿੰਨ ਵਾਰ ਇਸ ਨੂੰ ਅੱਗੇ ਪਾਇਆ ਗਿਆ। ਜਦੋਂ ਸਾਰਾ ਦੇਸ਼ ਪ੍ਰਧਾਨ ਮੰਤਰੀ ਨੂੰ ਸੁਣਨਾ ਚਾਹੁੰਦਾ ਸੀ ਤਾਂ ਟੈਲੀਵਿਜ਼ਨ ਤੋਂ ਵੰਦੇ ਮਾਤਰਮ ਗਾਇਆ ਜਾ ਰਿਹਾ ਸੀ। ਇਸ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਇੰਦਰਾ ਗਾਂਧੀ ਆਪਣੇ ਸਲਾਹਕਾਰਾਂ ਵਿਚਕਾਰ ਹਾਲੇ ਵੀ ਦੁਵਿਧਾ ਵਿੱਚ ਸੀ ਕਿ ਸਮੁੱਚੇ ਦੇਸ਼ ਸਾਹਮਣੇ ਕਿੰਨਾ ਕੁ ਝੂਠ ਬੋਲਿਆ ਜਾ ਸਕਦਾ ਹੈ? ਅਖੀਰ ਰਾਤ ਪੌਣੇ 9 ਵਜੇ ਇੰਦਰਾ ਗਾਂਧੀ ਦੂਰਦਰਸ਼ਨ 'ਤੇ ਆਏ ਅਤੇ ਬੋਲਣਾ ਸ਼ੁਰੂ ਕੀਤਾ ਕਿ ਸਾਰੇ ਦੇਸ਼ ਦਾ ਧਿਆਨ ਪੰਜਾਬ ਵੱਲ ਲੱਗਾ ਹੋਇਆ ਹੈ, ਸਾਰਾ ਦੇਸ਼ ਚਿੰਤਤ ਹੈ ਕਿਉਂਕਿ ਪੰਜਾਬ ਵਿੱਚ ਵੱਡੇ ਪੈਮਾਨੇ 'ਤੇ ਹਿੰਸਾ ਅਤੇ ਆਤੰਕਵਾਦ ਫੈਲਾਇਆ ਜਾ ਰਿਹਾ। ਜਦੋਂ ਕਿ ਮੈਂ ਅਤੇ ਮੇਰੇ ਸਾਥੀਆਂ ਨੇ ਸਾਫ਼ ਕਹਿ ਦਿੱਤਾ ਸੀ ਕਿ ਅਕਾਲੀ ਦਲ ਵੱਲੋਂ ਰੱਖੀਆਂ ਮੰਗਾਂ ਮੰਨਣ ਨੂੰ ਅਸੀਂ ਤਿਆਰ ਹਾਂ ਲੇਕਿਨ ਉਨ੍ਹਾਂ ਨੇ ਅੰਦੋਲਨ ਆਰੰਭ ਕਰ ਰੱਖਿਆ ਹੈ ਅਤੇ ਨਵੀਆਂ-ਨਵੀਆਂ ਮੰਗਾਂ ਖੜ੍ਹੀਆਂ ਕਰਦੇ ਹਨ ਜਦੋਂ ਕਿ ਉਨ੍ਹਾਂ ਦੀਆਂ ਬਹੁਤ ਸਾਰੀਆਂ ਮੰਗਾਂ ਮੰਨ ਵੀ ਲਈਆਂ ਗਈਆਂ ਹਨ। ਇਸਦੇ ਬਾਵਜੂਦ ਸਿੱਖ ਆਗੂਆਂ ਦਾ ਵਧੇਂਦੀਆ ਪੰਜਾਬ ਸਮੱਸਿਆ ਨੂੰ ਸੁਲਝਾਉਣ ਲਈ ਸਾਰਥਕ ਨਹੀਂ ਹੈ ਬਲਕਿ ਸਮੁੱਚੇ ਅੰਦੋਲਨ ਨੂੰ ਆਤੰਕਵਾਦੀਆਂ ਨੇ ਆਪਣੇ ਹੱਥਾਂ ਵਿੱਚ ਲੈ ਲਿਆ ਹੈ। ਅਜਿਹੀ ਸਥਿਤੀ ਵਿੱਚ ਮੈਂ ਇੱਕ ਗੱਲ ਸਾਫ਼ ਕਰ ਦੇਣਾ ਚਾਹੁੰਦੀ ਹਾਂ ਕਿ ਰਾਸ਼ਟਰ ਆਤੰਕਵਾਦੀਆਂ ਅੱਗੇ ਝੁਕੇਗਾ ਨਹੀਂ। ਇਸ ਲਈ ਮੈਂ ਆਪਣੇ ਸਿੱਖ ਭੈਣ-ਭਾਈਆਂ ਨੂੰ ਖਾਸ ਤੌਰ 'ਤੇ ਕਹਿਣਾ ਚਾਹਾਂਗੀ ਕਿ ਸਾਡੇ ਦੇਸ਼ ਦੀ ਆਜ਼ਾਦੀ ਦਾ ਲੰਬਾ ਅਤੇ ਸ਼ਾਨਦਾਰ ਇਤਿਹਾਸ ਹੈ ਜਿਸ ਵਿੱਚ ਸਿੱਖਾਂ ਦਾ ਮਹੱਤਵਪੂਰਨ ਯੋਗਦਾਨ ਹੈ ਅਤੇ ਸਿੱਖ ਧਰਮ ਸਰਬੱਤ ਦੇ ਭਲੇ ਲਈ ਵੀ ਵੱਡੀ ਪ੍ਰਸਿੱਧੀ ਰੱਖਦਾ ਹੈ ਇਸ ਲਈ ਅੱਜ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿ ਕੁੱਝ ਥੋੜ੍ਹੇ ਜਿਹੇ ਲੋਕ ਇਸ ਬਹਾਦਰ ਅਤੇ ਦੇਸ਼ ਭਗਤ ਕੌਮ ਦੀ ਛਬੀ ਨਾ ਵਿਗਾੜ ਦੇਣ। ਇਸ ਵਾਸਤੇ ਤੁਹਾਡੇ ਸਭਨਾਂ ਦੇ ਸਹਿਯੋਗ ਦੀ ਸਖਤ ਜ਼ਰੂਰਤ ਹੈ।

ਜ਼ਾਹਿਰਾ ਤੌਰ 'ਤੇ ਇਹ ਲੈਕਚਰ ਬੜਾ ਹੀ ਭੁਲੇਖਾ ਪਾਊ ਸੀ ਕਿਉਂਕਿ ਇਸ ਸਮੁੱਚੇ ਲੈਕਚਰ ਵਿੱਚ ਇੰਦਰਾ ਗਾਂਧੀ ਨੇ ਆਪਣੇ ਵਿਚਾਰਾਂ ਤੇ ਨਜ਼ਰੀਏ ਦਾ ਕੇਂਦਰ ਬਿੰਦੂ ਇਸ ਗੱਲ ਨੂੰ ਹੀ ਬਣਾਈ ਰੱਖਿਆ ਸੀ ਕਿ ਉਸਨੇ ਤੇ ਉਸਦੀ ਭਾਰਤ ਸਰਕਾਰ ਨੇ ਪੰਜਾਬ ਅਤੇ ਸਿੱਖ ਮਸਲਿਆਂ ਨੂੰ ਹੱਲ ਕਰਨ ਲਈ ਵਾਰ-ਵਾਰ ਹੱਥ ਵਧਾਇਆ ਸੀ ਪਰ ਅਕਾਲੀ ਦਲ ਨੇ ਉਸਨੂੰ ਮਾਨਤਾ ਦੇਣ ਤੇ ਅਪਨਾਉਣ ਦੀ ਥਾਂ ਬਾਰ-ਬਾਰ ਭੰਡਿਆ ਹੈ, ਜਿਸਦੇ ਨਤੀਜੇ ਵਜੋਂ ਪੰਜਾਬ ਅੰਦਰ ਅੱਤਵਾਦੀ ਸਰਗਰਮੀਆਂ ਵਿੱਚ ਵਾਧਾ ਹੋਇਆ ਹੈ ਅਤੇ ਦੇਸ਼ ਦੀ ਅਖੰਡਤਾ ਤੇ ਹਿੰਦੂ ਸਿੱਖਾਂ ਵਿਚਲੀ ਏਕਤਾ ਭਾਰੀ ਖਤਰੇ ਵਿੱਚ ਪੈ ਗਈ ਹੈ। ਇਸ ਲਈ ਅਕਾਲੀ ਆਗੂਆਂ ਨੂੰ ਮੋਰਚੇ ਦਾ ਰਾਹ ਛੱਡ ਕੇ ਗੱਲਬਾਤ ਦਾ ਰਾਹ ਅਪਨਾਉਣਾ ਚਾਹੀਦਾ ਹੈ। ਇੰਦਰਾ ਗਾਂਧੀ ਦਾ ਇਹ ਲੈਕਚਰ ਇਸ ਹੱਦ ਤੱਕ ਭੁਲੇਖਾ ਭਾਊ, ਝੂਠਾ ਅਤੇ ਫ਼ਰੇਬ

Scanned with CamScanner

ਭਰਿਆ ਸੀ ਕਿ ਆਮ ਲੋਕਾਂ ਨੂੰ ਇਉਂ ਜਾਪਦਾ ਸੀ ਕਿ ਕੇਂਦਰ ਸਰਕਾਰ ਸ਼੍ਰੋਮਣੀ ਅਕਾਲੀ ਦਲ ਨਾਲ ਗੱਲਬਾਤ ਕਰਕੇ ਸਿੱਖਾਂ ਦੇ ਮਸਲੇ ਨੂੰ ਹੱਲ ਕਰਨ ਦਾ ਰਸਤਾ ਅਖਤਿਆਰ ਕਰਨਾ ਚਾਹੁੰਦੀ ਹੈ ਪਰ ਅਸਲ ਵਿੱਚ ਉਸਦੀ ਇਹ ਕੁਟਿਲ ਨੀਤੀ ਸੀ ਕਿ ਸਿੱਖਾਂ ਦੀ ਵੱਡੀ ਗਿਣਤੀ ਨੂੰ ਇਸ ਤਰ੍ਹਾਂ ਉਲਝਣ ਵਿੱਚ ਪਾ ਕੇ ਹੀ ਰੱਖਿਆ ਜਾਵੇ ਤਾਂ ਜੋ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਵਿਊਂਤਬੰਦੀ ਨੂੰ ਸਮਝ ਨਾ ਸਕਣ। ਇਸ ਲਈ ਉਸ ਨੇ ਇਹ ਵੀ ਕਿਹਾ ਸਮਾਂ ਕਰੇਧ ਦਾ ਨਹੀਂ ਪਹਿਲਾਂ ਹੀ ਬਹੁਤ ਖ਼ੂਨ ਵਹਿ ਚੁੱਕਾ ਹੈ ਇਸ ਲਈ ਆਓ ਸਾਰੇ ਮਿਲ ਕੇ ਹੋ ਚੁੱਕੇ ਜ਼ਖਮਾਂ ਉਪਰ ਮਲ੍ਹਮ ਲਗਾਈਏ। ਅੱਸੇ ਸਾਂ ਜਦੋਂ ਜਜ਼ਬਾਤ ਭੜਕੇ ਹੋਣ ਅਤੇ ਅਸੀਂ ਅਤਰਿਆਂ ਵਿੱਚ ਘਿਰੇ ਹੋਈਏ ਤਾਂ ਹਰ ਭਾਰਤੀ ਨਾਗਰਿਕ ਦਾ ਫ਼ਰਜ਼ ਬਣਦਾ ਹੈ ਕਿ ਹਿੰਸਾ ਨੂੰ ਰੋਕਣ ਅਤੇ ਆਤੰਕਵਾਦੀਆਂ ਦਾ ਮੁਕਾਬਲਾ ਕਰਨ ਲਈ ਸਰਕਾਰ ਦਾ ਸਹਿਯੋਗ ਦਿਓ। ਉਸ ਨੇ ਕਿਹਾ ਕਿ ਪੰਜਾਬ ਵਿੱਚ ਵਾਪਰ ਰਹੀਆਂ ਦੁਖਦਾਈ ਘਟਨਾਵਾਂ ਸ਼ਾਰੇ ਸਰਕਾਰ ਚੁੱਪ ਕਰਕੇ ਨਹੀਂ ਬੈਠ ਸਕਦੀ। ਉਸ ਨੇ ਅਕਾਲੀ ਦਲ ਨੂੰ ਆਪਣਾ ਧਰਮ ਯੁੱਧ ਮੋਰਚਾ ਖਤਮ ਕਰਨ ਲਈ ਵੀ ਕਿਹਾ। ਉਸ ਨੇ ਕਿਹਾ ਕਿ ਹੁਣ ਸਮਾਂ ਖ਼ੂਨ ਵਹਾਉਣ ਦਾ ਨਹੀਂ ਬਲਕਿ ਨਫ਼ਰਤ ਖਤਮ ਕਰਨ ਦਾ ਹੈ।

ਇਹ ਉਸ ਦੀ ਕਮੀਨਗੀ ਦੀ ਇੰਤਹਾ ਸੀ ਕਿ ਇੱਕ ਪਾਸੇ ਫੌਜ ਸੱਦ ਕੇ ਸਿੱਖਾਂ ਦੇ ਖ਼ੂਨ ਦੀ ਹੋਲੀ ਖੇਡੀ ਜਾ ਰਹੀ ਸੀ। ਬੀਤੇ ਕੱਲ੍ਹ ਹੀ 1 ਜੂਨ ਨੂੰ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਗੋਲੀਆਂ ਚਲਾ ਕੇ 11 ਸਿੱਖ ਸ਼ਰਧਾਲੂਆਂ ਦਾ ਕਤਲ ਕਰ ਦਿੱਤਾ ਗਿਆ ਜਿਸਦਾ ਇੰਦਰਾ ਗਾਂਧੀ ਨੇ ਆਪਣੇ ਭਾਸ਼ਣ ਵਿੱਚ ਜ਼ਿਕਰ ਤੱਕ ਵੀ ਨਾ ਕੀਤਾ। ਦੂਜੇ ਪਾਸੇ ਨਫ਼ਰਤ ਘਟਾਉਣ ਦੀਆਂ ਫੋਕੀਆਂ ਗੱਲਾਂ ਕਰ ਰਹੀ ਸੀ।

ਇੰਦਰਾ ਗਾਂਧੀ ਆਪਣੇ ਭਾਸ਼ਣ ਵਿੱਚ ਜਿਸ ਆਤੰਕਵਾਦੀ ਦਾ ਬਾਰ-ਬਾਰ ਜ਼ਿਕਰ ਕਰਦੀ ਹੈ ਉਹ ਸੰਤ ਭਿੰਡਰਾਂਵਾਲਿਆਂ ਬਾਰੇ ਹੀ ਇਸ਼ਾਰਾ ਕਰਦੀ ਹੈ। ਯਾਦ ਰਹੇ ਕਿ ਕੁੱਝ ਦਿਨ ਪਹਿਲਾਂ ਮਈ 30 ਨੂੰ ਚੰਡੀਗੜ੍ਹ ਵਿਖੇ ਇੰਦਰਾ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਨੇ ਪ੍ਰੈਸ ਨੂੰ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਸੀ ਕਿ ਸੰਤ ਭਿੰਡਰਾਂਵਾਲੇ ਇੱਕ ਧਾਰਮਿਕ ਆਗੂ ਹਨ ਅਤੇ ਉਸੇ ਆਗੂ ਨੂੰ ਇੰਦਰਾ ਗਾਂਧੀ ਸਿਰਫ ਦੋ ਦਿਨ ਬਾਅਦ ਅਤੰਕਵਾਦ ਦਾ ਹਊਆ ਦੱਸ ਰਹੀ ਹੈ। ਅਸਲ ਵਿੱਚ ਇਹ ਸਭ ਉਨ੍ਹਾਂ ਦੀ ਸੋਚੀ ਮਾਨਸਿਕਤਾ ਦਾ ਹੀ ਤਕਾਜ਼ਾ ਹੈ, ਜਿਸ ਮੁਤਾਬਕ ਭਾਵੇਂ ਉਹ ਸੰਤ ਭਿੰਡਰਾਂਵਾਲਿਆਂ ਨੂੰ ਧਾਰਮਿਕ ਆਗੂ ਕਹਿਣ ਜਾਂ ਆਤੰਕਵਾਦੀ।

ਇੰਦਰਾ ਗਾਂਧੀ ਦੇ ਲੈਕਚਰ ਤੋਂ ਜਲਦੀ ਹੀ ਪਿੱਛੋਂ ਪੰਜਾਬ ਦੇ ਗਵਰਨਰ ਸ੍ਰੀ ਭੈਰੋਂਦੱਤ ਪਾੜੇ ਵੱਲੋਂ ਪੰਜਾਬ ਦੀ ਸਥਿਤੀ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਤੋਂ ਫੌਰਨ ਫੌਜੀ ਸਹਾਇਤਾ ਦੀ ਮੰਗ ਕੀਤੀ ਗਈ ਜਿਸ ਕਰਕੇ ਮਿਥੀ ਹੋਈ ਯੋਜਨਾ ਅਨੁਸਾਰ ਇਸ ਭਾਸ਼ਣ ਦੇ ਪ੍ਰਸਾਰਣ ਤੋਂ ਕੁੱਝ ਸਮਾਂ ਬਾਅਦ ਹੀ ਆਲ ਇੰਡੀਆ ਰੇਡੀਓ ਤੋਂ ਐਲਾਨ ਕੀਤਾ ਗਿਆ ਕਿ ਸਿਵਲ ਪ੍ਰਸ਼ਾਸਨ ਦੀ ਸਹਾਇਤਾ ਲਈ ਪੰਜਾਬ ਅੰਦਰ ਫੌਜ ਭੇਜ ਦਿੱਤੀ ਗਈ ਅਤੇ ਫੌਜ ਦੇ ਜਨਰਲ ਗੌਰੀ ਸ਼ੰਕਰ ਨੂੰ ਪੰਜਾਬ ਵਿਖੇ ਰਾਜਪਾਲ ਦੇ ਸੁਰੱਖਿਆ ਸਲਾਹਕਾਰ ਨਿਯੁਕਤ ਕਰ ਦਿੱਤਾ ਗਿਆ ਅਤੇ ਸਾਰੇ ਪੰਜਾਬ ਨੂੰ ਜਤਖ਼ਤ ਫਾਲਾ ਇਲਾਕਾ ਕਰਾਰ ਦੇ ਦਿੱਤਾ ਗਿਆ ਹੈ। ਇਸ ਤਰ੍ਹਾਂ ਕੇਂਦਰ ਨੇ ਸ਼ਾਰੇ ਕਾਨੂੰਨ ਛਿੱਕੇ ਟੰਗ ਕੇ ਪੰਜਾਬ ਦੇ ਸਮੁੱਚੇ ਕੰਟਰੋਲ ਨੂੰ ਫੌਜ ਦੀ ਕਮਾਂਡ ਅਧੀਨ ਲੈ ਆਂਦਾ ਅਤੇ ਇੱਕ ਤਰ੍ਹਾਂ ਨਾਲ ਮਾਰਸ਼ਲ ਲਾਅ ਲਗਾ ਦਿੱਤਾ ਗਿਆ।

ਇੰਦਰਾ ਗਾਂਧੀ ਵੱਲੋਂ ਦਿੱਤਾ ਇਹ ਲੈਕਚਰ ਫਰੇਬ ਭਰਿਆ ਅਤੇ ਝੂਠ ਦਾ ਪੁਲੰਦਾ

ਭਾਰਤ ਦੇ ਮੈਂਬਰ ਪਾਰਲੀਮੈਂਟ ਅਤੇ ਮਸ਼ਹੂਰ ਵਕੀਲ ਡਾ. ਸੁਬਰਾਮਨੀਅਮ ਸਵਾਮੀ ਜਿਨ੍ਹਾਂ ਦਾ ਹਵਾਲਾ ਪਿੱਛੇ ਵਿਸਥਾਰ ਸਹਿਤ ਦਿੱਤਾ ਜਾ ਚੁੱਕਾ ਹੈ, ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਕਈ ਦਿਨ ਲਗਾਤਾਰ ਸ੍ਰੀ ਅੰਮ੍ਰਿਤਸਰ ਵਿਖੇ ਰਹਿ ਕੇ ਸੰਤਾਂ ਨੂੰ ਮਿਲਦੇ ਰਹੇ ਅਤੇ ਉਨ੍ਹਾਂ ਨਾਲ ਖੁੱਲ੍ਹੀਆਂ ਵਿਚਾਰਾਂ ਕਰਦੇ ਰਹੇ। ਉਹ ਹਰ ਸਮੇਂ ਵਿਚਾਰ ਕਰਨ ਲਈ ਤਿਆਰ ਸਨ ਅਤੇ ਹਰ ਪ੍ਰਸ਼ਨ ਦਾ ਦਲੀਲ ਭਰਪੂਰ ਉੱਤਰ ਦਿੰਦੇ ਸਨ। ਉਨ੍ਹਾਂ ਨੂੰ ਮਿਲਣ ਵਾਲੇ ਵਿਅਕਤੀਆਂ ਵਿੱਚ ਹਿੰਦੂ, ਮੁਸਲਮਾਨ, ਇਸਾਈ, ਸਿੱਖ ਆਦਿ ਸਾਰੇ ਧਰਮਾਂ ਦੇ ਹੀ ਲੋਕ ਹੁੰਦੇ ਸਨ। ਉਹ ਸਭ ਦੀ ਗੱਲ ਸੁਣਦੇ ਅਤੇ ਜਿੱਥੋਂ ਤੱਕ ਸੰਭਵ ਹੁੰਦਾ ਉਨ੍ਹਾਂ ਦੇ ਮਸਲਿਆਂ ਦਾ ਹੱਲ ਵੀ ਕਰਦੇ। ਇਸ ਲਈ ਉਨ੍ਹਾਂ ਨੂੰ ਸਰਕਾਰ ਵੱਲੋਂ ਆਤੰਕਵਾਦੀ ਕਹਿਣਾ ਕਿਸੇ ਵੀ ਸੂਰਤ ਵਿੱਚ ਜਾਇਜ਼ ਨਹੀਂ ਹੈ।

ਇਸੇ ਤਰ੍ਹਾਂ ਸੁਪਰੀਮ ਕੋਰਟ ਦੇ ਉੱਘੇ ਵਕੀਲ ਸ੍ਰੀ ਰਾਮ ਜੇਠਮਲਾਨੀ ਦਾ ਵੀ ਕਹਿਣਾ ਹੈ ਕਿ ਸੰਤ ਜੀ ਹਰ

Scanned with CamScanner

ਪ੍ਰਸ਼ਨ ਦਾ ਬਹੁਤ ਹੀ ਬੇਬਾਕੀ ਅਤੇ ਤਸੱਲੀ ਭਰਪੂਰ ਜਵਾਬ ਦਿੰਦੇ ਸਨ। ਉਨ੍ਹਾਂ ਨੂੰ ਕਈ ਗੁੰਝਲਦਾਰ ਸਵਾਲ ਵੀ ਪੁੱਛੇ ਜਾਂਦੇ ਤਾਂ ਜਿਸ ਢੰਗ ਨਾਲ ਉਹ ਬੜਾ ਸਾਦਾ ਅਤੇ ਡੂੰਘਾ ਜਵਾਬ ਦਿੰਦੇ ਤਾਂ ਵੱਡੇ-ਵੱਡੇ ਵਿਦਵਾਨ ਵੀ ਅਸਚਰਜ ਰਹਿ ਜਾਂਦੇ, ਹਾਲਾਂਕਿ ਉਹ ਆਪਣੇ ਆਪ ਨੂੰ ਅਨਪੜ੍ਹ ਦੱਸਦੇ ਸਨ। ਪਰ ਉਨ੍ਹਾਂ ਵੱਲੋਂ ਪੁੱਛੇ ਗਏ ਸਵਾਲਾਂ ਦਾ ਉੱਤਰ ਦੇਣ ਤੋਂ ਅਸੀਂ ਅਸਮਰੱਥ ਸਾਂ। ਉਦਾਹਰਨ ਦੇ ਤੌਰ 'ਤੇ ਉਨ੍ਹਾਂ ਨੇ ਸਾਨੂੰ ਪੁੱਛਿਆ ਕਿ ਜਦੋਂ ਪੁਲਿਸ ਮੈਨੂੰ ਫੜਨ ਲਈ ਚੇਦੋਕਲਾਂ ਗਈ ਸੀ ਜੇਕਰ ਮੈਂ ਉਥੇ ਨਹੀਂ ਮਿਲਿਆ ਤਾਂ ਕੀ ਪੁਲਿਸ ਨੂੰ ਗੋਲੀਆਂ ਚਲਾ ਕੇ ਜਾਂ ਅੱਗ ਲਾ ਕੇ ਸਾਡੀਆਂ ਬੱਸਾਂ ਅਤੇ ਧਾਰਮਿਕ ਸਮੱਗਰੀ ਅਤੇ ਪਿੰਡ ਸਾੜਣਾ ਚਾਹੀਦਾ ਸੀ ਜਾ ਨਹੀਂ? ਤਾਂ ਅਸੀਂ ਕਿਹਾ ਅਜਿਹਾ ਤਾਂ ਕੋਈ ਕਾਨੂੰਨ ਨਹੀਂ ਤਾਂ ਉਨ੍ਹਾਂ ਨੇ ਪੁੱਛਿਆ ਫਿਰ ਇਹ ਸਭ ਕੁੱਝ ਕਿਉਂ ਹੋਇਆ? ਜੇ ਗੈਰ ਕਾਨੂੰਨੀ ਹੋਈ ਤਾਂ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਕਿਉਂ ਨਹੀਂ ਹੋਈ? ਹੁਣ ਤੁਸੀਂ ਦੱਸੋ ਜੇ ਮੈਂ ਕਹਿਦਾ ਹਾਂ ਕਿ ਸਿੱਖਾਂ ਲਈ ਕਾਨੂੰਨ ਹੋਰ ਹਨ ਬਹੁ-ਗਿਣਤੀ ਲਈ ਹੋਰ ਤਾਂ ਇਸ ਵਿੱਚ ਕੀ ਗਲਤ ਹੈ? ਜੋਗਮਲਾਨੀ ਨੇ ਕਿਹਾ ਸਾਡੇ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ। ਉਨ੍ਹਾਂ ਨੇ ਹੋਰ ਵੀ ਅਜਿਹੀਆਂ ਕਈ ਉਦਾਹਰਨਾਂ ਦਿੱਤੀਆਂ। ਅਖੀਰ ਵਿੱਚ ਉਨ੍ਹਾਂ ਨੂੰ ਪੁੱਛਿਆ ਗਿਆ ਕੀ ਪੰਜਾਬ ਸਮੱਸਿਆ ਗੱਲਬਾਤ ਰਾਹੀਂ ਹੱਲ ਹੋ ਸਕਦੀ ਹੈ? ਤਾਂ ਉਨ੍ਹਾਂ ਨੇ ਕਿਹਾ ਕਿ ਜੇ ਕੇਂਦਰ ਇਮਾਨਦਾਰੀ ਨਾਲ ਗੱਲ ਕਰੇ ਤਾਂ ਹੋ ਸਕਦੀ ਹੈ। ਇਸ ਲਈ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਆਤੰਕਵਾਦੀ ਕਹਿਣਾ ਉਨ੍ਹਾਂ ਦੀ ਸਖਸ਼ੀਅਤ ਨਾਲ ਬੇਇਨਸਾਫੀ ਤੇ ਡੂੰਘੀ ਸਾਜਿਸ਼ ਹੈ।

ਇਸ ਤਰ੍ਹਾਂ ਹੋਰ ਵੀ ਕਈ ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਭਾਰਤੀ ਨੇਤਾ ਉਨ੍ਹਾਂ ਨੂੰ ਮਿਲਦੇ ਰਹੇ, ਸੰਤਾਂ ਨੇ ਕਦੇ ਵੀ ਗੱਲਬਾਤ ਕਰਨ ਤੋਂ ਇਨਕਾਰ ਨਹੀਂ ਕੀਤਾ, ਸਗੋਂ ਸੰਤਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਸਾਰੇ ਹੀ ਤਸੱਲੀ ਵੀ ਪ੍ਰਗਟਾਉਂਦੇ ਰਹੇ। ਬਾਕੀ ਇਹ ਗੱਲ ਵੀ ਹੈਰਾਨੀਜਨਕ ਹੈ ਕਿ ਧਰਮ ਯੁੱਧ ਮੋਰਚਾ ਆਰੰਭ ਹੋਣ ਤੋਂ ਬਾਅਦ 2 ਜੂਨ 1984 ਨੂੰ ਜਦੋਂ ਇੰਦਰਾ ਗਾਂਧੀ ਨੇ ਰਾਸ਼ਟਰ ਨੂੰ ਸੰਬੋਧਨ ਕੀਤਾ, ਉਸ ਸਮੇਂ ਤੱਕ ਇੱਕ ਵੀ ਸਿੱਖਾਂ ਦੀ ਮੰਗ ਕੇਂਦਰ ਵੱਲੋਂ ਨਹੀਂ ਮੰਨੀ ਗਈ। ਇਸ ਲਈ ਇੰਦਰਾ ਗਾਂਧੀ ਵੱਲੋਂ ਟੈਲੀਵਿਜ਼ਨ 'ਤੇ ਲੈਕਚਰ ਦਾ ਮਕਸਦ ਸਿੱਖਾਂ ਨੂੰ ਅੜੇ ਭਾਰਤ ਸਮੇਤ ਦੁਨੀਆਂ ਵਿੱਚ ਵੱਸਣ ਵਾਲੇ ਇਨਸਾਫ ਪਸੰਦ ਲੋਕਾਂ ਨੂੰ ਹਨੇਰੇ ਵਿੱਚ ਰੱਖਣ ਲਈ ਛਲ ਅਤੇ ਕਪਟ ਭਰਿਡ ਝੂਠ ਦਾ ਸਹਾਰਾ ਲੈ ਕੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਦਾ ਰਾਹ ਪੱਧਰਾ ਕਰਨਾ ਸੀ।

ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ

ਭਾਈ ਗੁਰਦਾਸ ਦੇ ਕਥਨ ਮੁਤਾਬਕ ਮਾਰਿਆ ਸਿਕਾ ਜਗਤ ਵਿਚਿ ਨਾਨਕ ਨਿਰਮਲ ਪੰਥ ਚਲਾਇਆ ਸਤਿਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਨੇ ਹੁਣ ਤੱਕ ਬਹੁਤ ਵੱਡਾ ਵਿਸਥਾਰ ਕਰ ਲਿਆ। ਜਹਾਂਗੀਰ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦਾ ਸੀ ਕਿ ਇਹ ਪੰਥ ਨਾ ਹਿੰਦੂ ਹੈ, ਨਾ ਮੁਸਲਮਾਨ, ਕਿਉਂਕਿ ਇਨ੍ਹਾਂ ਦੇ ਪਹਿਲੇ ਗੁਰੂ ਨੇ ਹੀ ਜਨੇਊ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਿੱਥੇ ਇਹ ਗੁਰੂ ਸਾਹਿਬਾਨ ਆਮ ਦੁਨੀਆਂ ਨੂੰ ਵਹਿਮਾਂ ਭਰਮਾ, ਪਾਖੰਡਾ ਵਿੱਚੋਂ ਕੱਢ ਕੇ ਸੱਚ ਦੇ ਮਾਰਗ ਉਪਰ ਤੋਰਦੇ ਹਨ ਉੱਥੇ ਉਹ ਆਪਣੇ ਵੱਲੋਂ ਲਿਖੀ ਗਈ ਬਾਣੀ ਨੂੰ ਹੀ ਰੱਬੀ ਬਾਣੀ ਮੰਨਦੇ ਹਨ, ਨਾਲ-ਨਾਲ ਲੋਕਾਈ ਦੇ ਭਲੇ ਲਈ ਦਵਾਖਾਨੇ ਵੀ ਚਲਾਉਂਦੇ ਹਨ, ਖੂਹ ਲਵਾਉਂਦੇ ਹਨ ਅਤੇ ਜਿੱਥੇ ਵੀ ਰਹਿੰਦੇ ਹਨ ਮੁਫ਼ਤ ਲੰਗਰ ਚਲਾਉਂਦੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਨੂੰ ਮੰਨਣ ਵਾਲੇ ਕੇਵਲ ਸਿੱਖ ਜਾਂ ਹਿੰਦੂ ਹੀ ਨਹੀਂ ਸਗੋਂ ਬਹੁਤ ਸਾਰੇ ਮੁਸਲਮਾਨ ਵੀ ਹਨ, ਜਿਨ੍ਹਾਂ ਵਿੱਚ ਸਾਧਾਰਨ ਮੁਸਲਮਾਨ ਹੀ ਨਹੀਂ ਬਲਕਿ ਸਾਈਂ ਮੀਆਂਮੀਰ ਵਰਗੇ ਅੱਲਾ ਦੇ ਫਕੀਰ ਵੀ ਹਨ। ਉਹ ਐਸੇ ਫਕੀਰ ਹਨ ਕਿ ਮੈਂ ਵੀ ਉਨ੍ਹਾਂ ਨੂੰ ਮਿਲਣ ਜਾਵਾਂ ਤਾਂ ਕਈ ਵਾਰ ਦਰਵਾਜਾ ਨਹੀਂ ਖੋਲ੍ਹਦੇ ਜੇ ਕਈ ਵਾਰ ਮੇਰਾ ਸੱਦਾ ਵੀ ਪ੍ਰਵਾਨ ਨਹੀਂ ਕਰਦੇ। ਪਰ ਉਹ ਗੁਰੂ ਅਰਜਨ ਸਾਹਿਬ ਦੀ ਪੂਰੀ ਖਿਦਮਤ ਕਰਦੇ ਹਨ। ਉਨ੍ਹਾਂ ਦੇ ਕਹਿਣ 'ਤੇ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਵਿੱਚ ਵੀ ਸ਼ਰੀਕ ਹੁੰਦੇ ਹਨ। ਜੇ ਕਦੇ ਗੁਰੂ ਅਰਜਨ ਸਾਹਿਬ ਲਾਹੌਰ ਆਉਣ ਤਾਂ ਹਮੇਸ਼ਾ ਉਨ੍ਹਾਂ ਦੀ ਖਾਤਿਰਦਾਰੀ ਕਰਦੇ ਹਨ। ਇਸੇ ਤਰ੍ਹਾਂ ਅੱਲ੍ਹਾ ਯਾਰ ਖਾਂ ਵਰਗੇ ਮੁਸਲਮਾਨ ਵੀ ਸਨ ਜੋ ਗੁਰੂ ਅਮਰਦਾਸ ਸਾਹਿਬ ਵੇਲੇ ਤੋਂ ਸਿੱਖ ਬਣੇ, ਕੇਵਲ ਸਿੱਖ ਹੀ ਨਹੀਂ ਬਲਕਿ ਸਿੱਖੀ ਦੇ ਪ੍ਰਚਾਰਕ ਬਣੇ ਜਿਨ੍ਹਾਂ ਨੇ ਦੂਰ-ਦੂਰ ਤੱਕ ਸਿੱਖੀ ਦਾ ਪ੍ਰਚਾਰ ਕੀਤਾ। ਜਹਾਂਗੀਰ ਇਨ੍ਹਾਂ ਕਾਰਨਾਂ ਕਰਕੇ ਅੰਦਰ ਹੀ ਅੰਦਰ ਬਹੁਤ ਅੱਖਾ ਹੈ। ਦੂਜਾ ਸ੍ਰੀ ਗੁਰੂ ਅਰਜਨ ਸਾਹਿਬ ਦੀਆਂ ਕੋਸ਼ਿਸ਼ਾਂ ਸਦਕਾ ਸਿੱਖੀ ਦੇ ਕੀਤੇ ਜਾ ਰਹੇ ਪ੍ਰਚਾਰ ਕਾਰਨ ਦਿਨ-ਬ-ਦਿਨ ਸਿੱਖੀ ਵਿੱਚ ਵਾਧਾ ਹੋ ਰਿਹਾ ਸੀ ਜੋ ਜਹਾਂਗੀਰ ਤੋਂ ਬਰਦਾਸ਼ਤ ਨਹੀਂ ਸੀ ਹੋ ਰਿਹਾ।

Scanned with CamScanner

ਰਾਜਿਆਂ ਨੂੰ ਫ਼ਕੀਰ ਤਾਂ ਚਾਹੀਦੇ ਹਨ ਪਰ ਉਹ ਭੁੱਖੇ, ਨੰਗੇ, ਜੰਗਲਾਂ ਵਿੱਚ ਜਾਂ ਕੁੱਲੀਆਂ ਵਿੱਚ ਰਹਿਣ ਵਾਲੇ ਹੋਣ, ਜੋ ਹਮੇਸ਼ਾ ਦੂਸਰਿਆਂ ਦੇ ਸਹਾਰੇ 'ਤੇ ਜ਼ਿੰਦਗੀ ਬਤੀਤ ਕਰਦੇ ਹੋਣ। ਇਹ ਨਹੀਂ ਕਿ ਐਸੇ ਫਕੀਰ ਧਰਮ ਦੇ ਬਹੁਤੇ ਧਾਰਨੀ ਹੁੰਦੇ ਹਨ। ਕੇਵਲ ਇੱਕ ਗੱਲ ਦਾ ਫਾਇਦਾ ਹੈ ਕਿ ਅਜਿਹੇ ਫਕੀਰ ਰਾਜਸੱਤਾ ਲਈ ਕੋਈ ਖ਼ਤਰਾ ਨਹੀਂ ਹੁੰਦੇ। ਪਰ ਜੋ ਇਹ ਕਹਿੰਦੇ ਹੋਣ:

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥

ਅਜਿਹੀ ਆਵਾਜ਼ ਪੂਰੀ ਤਰ੍ਹਾਂ ਸੱਚੀ ਵੀ ਹੋਵੇ, ਪਰ ਰਾਜੇ ਲੋਕਾਂ ਨੂੰ ਚੰਗੀ ਨਹੀਂ ਲੱਗਦੀ ਬਲਕਿ ਅਜਿਹੀ ਆਵਾਜ਼ ਨੂੰ ਹਮੇਸ਼ਾ ਲਈ ਬੰਦ ਕਰਨਾ ਲੋਚਦੇ ਹਨ। ਇਹੀ ਕਾਰਨ ਸੀ ਕਿ ਸਤਿਗੁਰੂ ਅਰਜਨ ਦੇਵ ਜੀ ਦੇ ਸੱਚੇ ਦਰ ਨੂੰ 'ਝੂਠ ਦੀ ਦੁਕਾਨ' ਕਹਿ ਕੇ ਭੰਡਿਆ ਗਿਆ, ਇਸਲਾਮ ਦੇ ਵਿਰੋਧੀ ਦੱਸ ਕੇ ਹੋਰ ਕਈ ਤਰ੍ਹਾਂ ਦੇ ਇਲਜ਼ਾਮ ਲਗਾਏ ਅਤੇ ਅਖੀਰ ਇਸ ਲਹਿਰ ਨੂੰ ਖਤਮ ਕਰਨ ਵਾਸਤੇ ਸਾਜਿਸ਼ਾਂ ਘੜੀਆਂ ਗਈਆਂ। ਇਨ੍ਹਾਂ ਸਾਜਿਸ਼ਾਂ ਦੇ ਸਲਾਹਕਾਰ ਸ਼ੇਖ ਮੁਰਤਜ਼ਾ ਖ਼ਾਂ, ਸ਼ੇਖ ਅਹਿਮਦ ਸਰਹਿੰਦੀ, ਦੀਵਾਨ ਚੰਦੂ ਲਾਲ ਆਦਿ ਸਨ। ਅਖੀਰ ਦੀਵਾਨ ਚੰਦੂ ਦੀ ਲੜਕੀ ਦਾ ਰਿਸ਼ਤਾ ਗੁਰੂ ਅਰਜਨ ਸਾਹਿਬ ਨੇ ਆਪਣੇ ਸਾਹਿਬਜ਼ਾਦੇ (ਸ੍ਰੀ ਗੁਰੂ) ਹਰਿਗੋਬਿੰਦ ਸਾਹਿਬ ਲਈ ਸਵੀਕਾਰ ਨਾ ਕਰਨਾ ਕਿਉਂਕਿ ਚੰਦੂ ਨੇ ਆਪਣੇ ਆਪ ਨੂੰ ਬਹੁਤ ਉੱਚਾ ਅਤੇ ਗੁਰੂ ਘਰ ਨੂੰ ਨੀਵਾਂ ਦਰਸਾਉਣ ਵਾਲੇ ਅਪਸ਼ਬਦ ਕਹੇ ਸਨ। ਇਸ ਲਈ ਦਿੱਲੀ ਦੀਆਂ ਸੰਗਤਾਂ ਨੇ ਗੁਰੂ ਅਰਜਨ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਇਸਦੀ ਲੜਕੀ ਦਾ ਰਿਸ਼ਤਾ ਸਵੀਕਾਰ ਨਾ ਕੀਤਾ ਜਾਵੇ।

ਹੁਣ ਵੇਖਿਆ ਜਾਵੇ ਤਾਂ ਝਗੜਾ ਕਿਸ ਦਾ ਹੈ? ਸਪੱਸ਼ਟ ਹੈ ਕਿ ਇਕ ਪਾਸੇ ਦੁਨੀਆਂ ਦਾ ਬਾਦਸ਼ਾਹ ਹੈ ਅਤੇ ਦੂਸਰੇ ਪਾਸੇ ਲੋਕ ਪ੍ਰਲੋਕ ਦਾ ਪਾਤਿਸ਼ਾਹ ਹੈ। ਰਾਜੇ ਜਹਾਂਗੀਰ ਕੋਲ ਹਾਥੀ ਤੇ ਘੋੜੇ ਹਨ, ਫੌਜਾਂ ਹਨ, ਧਨ ਹੈ, ਰਾਜਸੱਤਾ ਹੈ, ਜੋ ਸਭ ਬਿਨਸਣਹਾਰ ਹੈ। ਉਸ ਨੂੰ ਡਰ ਹੈ ਕਿ ਮੇਰਾ ਰਾਜ ਭਾਗ ਅਤੇ ਧਨ ਦੌਲਤ ਖੁੱਸ ਜਾਵੇਗਾ। ਸ੍ਰੀ ਗੁਰੂ ਅਰਜਨ ਸਾਹਿਬ ਕੋਲ ਸੱਚ ਦਾ ਰਾਜ ਤੇ ਧਰਮ ਦੀ ਪੂਜਾ ਹੈ। ਸਤਿਗੁਰੂ ਜੀ ਆਪ ਦੀਨ ਦੁਨੀਆਂ ਦੇ ਪਾਤਿਸ਼ਾਹ ਹਨ, ਉਨ੍ਹਾਂ ਕੋਲ ਨਾਮ ਦਾ ਧਨ ਹੈ, ਉਨ੍ਹਾਂ ਨੂੰ ਕੋਈ ਫ਼ਿਕਰ ਨਹੀਂ ਕਿ ਉਨ੍ਹਾਂ ਦੀ ਪਾਤਿਸ਼ਾਹੀ ਜਾਂ ਨਾਮੁ ਪਦਾਰਥ ਖੁੱਸ ਜਾਣਗੇ।

ਰਾਜੁ ਹਮਾਰਾ ਸਚ ਹੀ ਨਿਹਚਲੁ ॥ ਮਾਲੁ ਹਮਾਰਾ ਅਖੂਟ ਅਬੇਚਲੁ ॥ (੧੧੪੧)

ਰੂਹਾਨੀਅਤ ਦੇ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਅਦੁੱਤੀ ਸ਼ਹਾਦਤ ਦੇ ਕੇ ਧਰਮ ਦਾ ਝੰਡਾ ਹੋਰ ਬੁਲੰਦ ਕਰ ਦਿੱਤਾ ਤੇ ਧਰਮ ਦੇ ਆਸਰੇ ਜਿਉਣ ਵਾਲਿਆਂ ਨੂੰ ਇੱਕ ਹੋਰ ਟੇਕ ਮਿਲ ਗਈ ਕਿ ਸੱਚੇ ਧਰਮੀ ਨੂੰ ਮੁਕਾਇਆ ਨਹੀਂ ਜਾ ਸਕਦਾ। ਜਦੋਂ ਵੀ ਕਿਸੇ ਸ਼ਹੀਦ ਦਾ ਕਿਸੇ ਜ਼ੁਲਮੀ ਜੱਲਾਦ ਨਾਲ ਵਾਹ ਪਵੇਗਾ ਤਾਂ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਸਰਾ ਟਿਕਾ ਕੇ ਅਡੋਲ ਹੋ ਜਾਵੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਿੰਨੇ ਤਸੀਹੇ ਦਿੱਤੇ ਜਾ ਸਕਦੇ ਸਨ, ਉਹ ਦਿੱਤੇ। ਇਹ ਜ਼ੁਲਮ ਦੀ ਇੰਤਹਾ ਸੀ ਇਸ ਤੋਂ ਵੱਧ ਹੋਰ ਕੁੱਝ ਨਹੀਂ ਸੀ ਹੋ ਸਕਦਾ। ਪਰ ਕੀ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਿਸ਼ਨ ਰੋਕ ਦਿੱਤਾ? ਕੀ ਸਿੱਖਾਂ ਦਾ ਭਰੋਸਾ ਗੁਰੂ ਤੋਂ ਭੰਗ ਹੋ ਗਿਆ? ਐਸਾ ਕੁੱਝ ਵੀ ਨਹੀਂ ਹੋਇਆ ਬਲਕਿ ਜਹਾਂਗੀਰ ਆਪਣੇ ਸਿਰ 'ਤੇ ਆਪ ਕਲੰਕ ਲਾ ਗਿਆ ਜੋ ਹਮੇਸ਼ਾ ਇਤਿਹਾਸਕ ਪੰਨਿਆਂ 'ਤੇ ਦਰਜ ਰਹੇਗਾ ਅਤੇ ਦੂਸਰੇ ਪਾਸੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮਨਾਉਣ ਲਈ ਦੁਨੀਆਂ ਭਰ ਵਿੱਚ ਸਿੱਖ ਠੰਡੀਆਂ ਛਬੀਲਾਂ ਲਾ ਕੇ ਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਦਾ ਸੰਦੇਸ਼ ਦਿੰਦੇ ਰਹਿਣਗੇ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਰਾਤ ਨੂੰ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਰੈਣ ਸਬਾਈ ਕੀਰਤਨ ਹੋਣਾ ਸੀ। ਇਸ ਲਈ ਸੰਤ ਭਿੰਡਰਾਂਵਾਲਿਆਂ ਨੇ ਸਭ ਸਿੰਘਾਂ ਨੂੰ ਸੰਦੇਸ਼ ਦਿੱਤਾ ਕਿ ਜਦੋਂ ਵੀ ਸਮਾਂ ਮਿਲੇ ਦੀਵਾਨ ਹਾਲ ਵਿਖੇ ਕੀਰਤਨ ਸੁਣਨਾ ਹੈ ਨਾਲ ਹੀ ਜੱਥੇ ਦੇ ਰਾਗੀ ਸਿੰਘਾਂ ਨੂੰ ਵੀ ਕਿਹਾ ਕਿ ਸਮੇਂ-ਸਮੇਂ ਕੀਰਤਨ ਦੀ ਹਾਜਰੀ ਭਰਨੀ ਹੈ ਅਤੇ ਲੰਗਰ ਵਰਤਾਉਣ, ਛਬੀਲਾਂ ਦਾ ਠੰਡਾ ਜਲ ਛਕਾਉਣ, ਜੂਠੇ ਬਰਤਨ ਸਾਫ਼ ਕਰਨੇ ਆਦਿ ਦੀਆਂ ਸੇਵਾਵਾਂ ਵਿੱਚ ਵੀ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨਾ ਹੈ ਅਤੇ ਬਾਊ ਬਾਈ ਬਾਕੀ ਡਿਊਟੀਆਂ 'ਤੇ ਵੀ ਸੁਚੇਤ ਰਹਿਣਾ ਹੈ।

Scanned with CamScanner

3 ਜੂਨ, 1984

2 ਜੂਨ ਨੂੰ ਭਾਵੇਂ ਸਾਰਾ ਦਿਨ ਸ੍ਰੀ ਅੰਮ੍ਰਿਤਸਰ ਸ਼ਹਿਰ ਵਿੱਚ ਕਰਫਿਊ ਰਿਹਾ, ਇਸ ਦੇ ਬਾਵਜੂਦ ਬਹੁਤ ਸਾਰੀਆਂ ਸ਼ਰਧਾਲੂ ਸਿੱਖ ਸੰਗਤਾਂ ਸ਼ਹਿਰ ਦੀ ਸੰਘਣੀ ਅਬਾਦੀ ਵਾਲੇ ਰਸਤਿਆਂ ਵਿੱਚੋਂ ਦੀ ਹੁੰਦੇ ਹੋਏ ਰਾਤ ਤੱਕ ਸ੍ਰੀ ਦਰਬਾਰ ਸਾਹਿਬ ਵਿਖੇ ਪਹੁੰਚ ਗਈਆਂ ਸਨ। ਤਿੰਨ ਜੂਨ ਨੂੰ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹੋਣ ਕਾਰਨ ਸੰਗਤਾਂ ਦਰਬਾਰ ਸਾਹਿਬ ਆਉਣ ਲਈ ਉਤਾਵਲੀਆਂ ਸਨ, ਜਿਵੇਂ ਹੀ ਕਰਫਿਊ ਵਿੱਚ ਢਿੱਲ ਹੋਣ ਦੀ ਖ਼ਬਰ ਦਾ ਪੜਾ ਲੱਗਾ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਪਹੁੰਚੇ। ਇੱਕ ਪਾਸੇ ਸੰਗਤਾਂ ਦੇ ਮਨ ਵਿੱਚ ਪਹਿਲੀ ਜੂਨ ਨੂੰ ਵਾਪਰੀ ਘਟਨਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਤਾਂਘ ਸੀ ਅਤੇ ਦੂਸਰੇ ਪਾਸੇ ਗੁਰਪੁਰਬ ਹੋਣ ਕਾਰਨ ਸੰਗਤ ਪਹੁੰਚ ਰਹੀ ਸੀ। ਕੇਵਲ ਸ਼ਹਿਰ ਦੀਆਂ ਸੰਗਤਾਂ ਹੀ ਨਹੀਂ ਬਲਕਿ ਦੂਰ ਦੁਰੇਡੇ ਤੋਂ ਵੀ ਸੰਗਤ ਪਹੁੰਚੀ। ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਇਸਦੇ ਨਾਲ ਹੀ 1 ਜੂਨ ਨੂੰ ਫੌਜ ਵੱਲੋਂ ਚਲਾਈਆਂ ਗਈਆਂ ਗੋਲੀਆਂ ਦੇ ਨਿਸ਼ਾਨ ਵੀ ਵੇਖੇ। ਇੱਕ ਦੂਸਰੇ ਨਾਲ ਗੱਲਬਾਤ ਕਰਦਿਆਂ ਇਹੀ ਪੁੱਛਿਆ ਜਾ ਰਿਹਾ ਸੀ ਕਿ ਇਹ ਸਭ ਕੁੱਝ ਕਿਉਂ ਵਾਪਰਿਆ? ਪਰ ਕਿਸੇ ਨੂੰ ਕੁੱਝ ਵੀ ਪਤਾ ਨਹੀਂ ਸੀ। ਬੱਸ ਇੱਕ ਦੂਸਰੇ ਦੇ ਚਿਹਰਿਆਂ ਤੋਂ ਇਸ ਵਾਪਰੇ ਕਾਂਡ ਦਾ ਦੁੱਖ ਉਨ੍ਹਾਂ ਦੇ ਹਾਵ-ਭਾਵ ਤੋਂ ਵੇਖਿਆ ਜਾ ਸਕਦਾ ਸੀ। ਇਸੇ ਤਰ੍ਹਾਂ ਦਰਸ਼ਨ ਇਸ਼ਨਾਨ ਤੋਂ ਉਪਰੰਤ ਸੰਗਤਾਂ ਵੱਖ-ਵੱਖ ਥਾਵਾਂ 'ਤੇ ਸੇਵਾ ਵਿੱਚ ਲੱਗ ਗਈਆਂ। ਕੰਪਲੈਕਸ ਦੇ ਅੰਦਰ ਗੁਰਪੁਰਬ ਦੇ ਸੰਬੰਧ ਵਿੱਚ ਛਬੀਲਾਂ ਲੱਗੀਆਂ, ਲੰਗਰ ਹਾਲ ਵਿੱਚ ਲੰਗਰ ਵਰਤਾਏ ਗਏ ਅਤੇ ਗੁਰਬਾਣੀ ਕੀਰਤਨ ਦੇ ਪ੍ਰਵਾਹ ਲਗਾਤਾਰ ਚੱਲ ਰਹੇ ਸਨ।

ਦੂਜੇ ਪਾਸੇ ਭਾਰਤੀ ਫੌਜ ਪਹਿਲਾਂ ਹੀ ਜੰਮੂ-ਕਸ਼ਮੀਰ ਤੋਂ ਲੈ ਕੇ ਸ੍ਰੀ ਗੰਗਾਨਗਰ ਤੱਕ ਦੀ ਅੰਤਰਾਸ਼ਟਰੀ ਸਰਹੱਦ ਨੂੰ ਪੂਰੀ ਤਰ੍ਹਾਂ ਸੀਲ ਕਰ ਚੁੱਕੀ ਸੀ। ਇਸਦੇ ਨਾਲ ਹੀ ਘੱਟੋ-ਘੱਟ 7 ਡਵੀਜ਼ਨਾਂ ਫੌਜ ਦੀਆਂ ਪੰਜਾਬ ਦੇ ਪਿੰਡਾਂ ਅਤੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਅਤੇ ਕਸਬਿਆਂ ਵਿੱਚ ਤਾਇਨਾਤ ਕਰ ਦਿੱਤੀਆਂ ਗਈਆਂ ਸਨ। ਇਸਦੇ ਨਾਲ ਹੀ ਪੰਜਾਬ ਦੇ ਨਾਲ ਲੱਗਦੇ ਦੂਸਰੇ ਪ੍ਰਾਂਤ ਜਿਵੇਂ ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਦੀਆਂ ਹੱਦਾਂ ਵੀ ਫੌਜ ਨੇ ਆਪਣੇ ਕੰਟਰੋਲ ਵਿੱਚ ਲੈ ਲਈਆਂ ਸਨ।

ਅਸਲ ਵਿੱਚ ਇਹ ਸਭ ਕੇਂਦਰ ਸਰਕਾਰ ਦੀ ਪੰਜਾਬ ਅਤੇ ਖਾਸ ਕਰਕੇ ਸਿੱਖਾਂ ਪ੍ਰਤੀ ਮੰਦੀ ਸੋਚ ਕਾਰਨ ਕੀਤਾ ਜਾ ਰਿਹਾ ਸੀ ਜੋ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਪਿਛਲੇ 36-37 ਸਾਲਾਂ ਵਿੱਚ ਸਿੱਖਾਂ ਨੂੰ ਕਦੇ ਜ਼ਰਾਇਮ ਪੇਸ਼ਾ ਕੌਮ ਕਦੇ ਵੱਖਵਾਦੀ ਅਤੇ ਆਤੰਕਵਾਦੀ ਆਦਿ ਦੇ ਨਾਮ ਦੇ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰਦੀ ਆ ਰਹੀ ਸੀ। ਪਰ ਸਿੱਖ ਕੌਮ ਦੇਸ਼ ਦੀ ਆਜ਼ਾਦੀ ਬਦਲੇ ਹਰ ਤਰ੍ਹਾਂ ਦੀ ਬਰਬਾਦੀ ਝੱਲ ਕੇ ਆਪਣੀ ਵੱਖਰੀ ਹੋਂਦ ਦਾ ਪ੍ਰਗਟਾਵਾ ਕਰ ਰਹੀ ਸੀ। ਸਿੱਖਾਂ ਵੱਲੋਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਕਦੇ ਪੰਜਾਬੀ ਸੂਬੇ ਦੇ ਮੋਰਚੇ, ਕਦੇ ਐਮਰਜੈਂਸੀ ਦੇ ਮੋਰਚੇ ਅਤੇ ਅਖੀਰ ਵਿੱਚ ਧਰਮ ਯੁੱਧ ਮੋਰਚੇ ਵਰਗੇ ਅਹਿਮ ਫੈਸਲੇ ਲਏ ਗਏ, ਜਿਸ ਵਿੱਚ ਸਮੁੱਚੀ ਕੌਮ ਨੇ ਏਕਤਾ ਦਾ ਸਬੂਤ ਦਿੰਦਿਆਂ ਕੇਵਲ ਜੇਲ੍ਹਾਂ ਹੀ ਨਹੀਂ ਕੱਟੀਆਂ ਬਲਕਿ ਸ਼ਹੀਦੀਆਂ ਵੀ ਦਿੱਤੀਆਂ। ਅਜਿਹੀ ਮਾਰਸ਼ਲ ਕੌਮ ਨੂੰ ਲੋਕਤੰਤਰ ਦੇ ਢੰਗ ਤਰੀਕਿਆਂ ਦੇ ਬੁਰਕੇ ਹੇਠ ਅਨੇਕਾਂ ਤਰ੍ਹਾਂ ਦੇ ਜ਼ੁਲਮ ਤਸ਼ੱਦਦ ਨਾਲ ਵੀ ਦਬਾਇਆ ਨਾ ਜਾ ਸਕਿਆ ਹੁਣ ਸਿੱਖਾਂ ਦੀਆਂ ਹੱਕੀ ਮੰਗਾਂ ਪੂਰੀਆਂ ਨਾ ਕਰਨ ਬਾਰੇ ਦੁਨੀਆਂ ਨੂੰ ਦੱਸਣ ਲਈ ਕੇਂਦਰ ਕੋਲ ਕੋਈ ਠੋਸ ਬਹਾਨਾ ਨਹੀਂ ਸੀ ਅਤੇ ਸਿੱਖਾਂ ਨੂੰ ਖੱਜਲ ਖੁਆਰੀ ਤੋਂ ਬਿਨ੍ਹਾਂ ਦੇਣਾ ਵੀ ਕੁੱਝ ਨਹੀਂ ਸਨ ਚਾਹੁੰਦੇ। ਸਮੁੱਚੀ ਕੌਮ ਨੂੰ ਸਬਕ ਸਿਖਾਉਣ ਲਈ ਬਹੁਤ ਸੋਚੀ ਸਮਝੀ ਨੀਤੀ ਤਹਿਤ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਦਾ ਫੈਸਲਾ ਲਿਆ ਗਿਆ ਤਾਂ ਕਿ ਭਵਿੱਖ ਵਿੱਚ ਕਦੇ ਵੀ ਸਿੱਖ ਕੌਮ ਸਿਰ ਨਾ ਚੁੱਕ ਸਕੇ। ਇਸੇ ਲਈ ਪੰਜਾਬ ਨੂੰ ਦੇਸ਼ ਅਤੇ ਦੁਨੀਆਂ ਨਾਲੋਂ ਅਲੱਗ ਕਰਕੇ ਇੱਕ ਤਰ੍ਹਾਂ ਨਾਲ ਇੱਕ ਪਿੰਜਰੇ ਦਾ ਰੂਪ ਦਿੱਤਾ ਜਾ ਰਿਹਾ ਸੀ ਤਾਂ ਹੀ ਸਿੱਖਾਂ ਨੂੰ ਹਰ ਪੱਖੋਂ ਮਜ਼ਬੂਰ, ਲਾਚਾਰ ਅਤੇ ਅਲੱਗ-ਥਲੱਗ ਕਰਨ ਦੀਆਂ ਕਾਰਵਾਈਆਂ ਜ਼ੋਰਾਂ 'ਤੇ ਸਨ।

ਕੇਂਦਰ ਸਰਕਾਰ ਨੇ ਲੈਫਟੀਨੈਂਟ ਜਰਨਲ ਕ੍ਰਿਸ਼ਨਾਸਵਾਮੀ ਸੁੰਦਰਜੀ ਨੂੰ 'ਸਾਕਾ ਨੀਲਾ ਤਾਰਾ' ਦਾ ਸਮੁੱਚਾ ਚਾਰਜ ਸੌਂਪਿਆ। ਲੈਫਟੀਨੈਂਟ ਜਰਨਲ ਰਣਜੀਤ ਦਿਆਲ ਨੂੰ ਇਸਦਾ ਸਹਾਇਕ ਲਾਇਆ ਗਿਆ ਜਿਨ੍ਹਾਂ ਨੇ ਰਲ ਕੇ ਫੌਜੀ ਕਾਰਵਾਈ ਨੇਪਰੇ ਚਾੜ੍ਹਣ ਲਈ ਵਿਉਂਤ ਉਲੀਕੀ ਅਤੇ ਹਮਲਾ ਕਰਨ ਦਾ ਨਿਰੀਖਣ ਕਰਨ ਲਈ ਕੋਤਵਾਲੀ ਵਿਖੇ ਹੈੱਡ ਕੁਆਟਰ ਸਥਾਪਿਤ ਕੀਤਾ ਗਿਆ। ਇਵੇਂ ਹੀ ਦਿੱਲੀ ਵਿਖੇ ਇੱਕ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ,

Scanned with CamScanner

ਜਿਥੋਂ ਸਮੁੱਚੇ ਰੂਪ ਵਿੱਚ ਫੌਜੀ ਕਾਰਵਾਈ ਦੀ ਨਿਗਰਾਨੀ ਜਨਰਲ ਵੈਦਿਆ ਕਰ ਰਿਹਾ ਸੀ। ਇਸ ਦੇ ਨਾਲ ਰਾਜੀਵ ਗਾਂਧੀ, ਗਾਂਧੀ ਪਰਿਵਾਰ ਦੇ ਵਿਸ਼ਵਾਸ਼ ਪਾਤਰ ਅਰੁਣ ਕੁਮਾਰ ਅਤੇ ਕੇ. ਪੀ. ਸਿੰਘ ਦਿਓ ਆਦਿ ਨੂੰ ਇਸ ਗਰੁੱਪ ਵਿੱਚ ਸ਼ਾਮਿਲ ਕੀਤਾ ਗਿਆ ਜੋ ਹਰ ਸਮੇਂ ਇੰਦਰਾ ਗਾਂਧੀ ਨੂੰ ਜਾਣਕਾਰੀ ਦਿੰਦੇ ਰਹੇ।

ਦੂਜੇ ਪਾਸੇ ਸ੍ਰੀ ਦਰਬਾਰ ਸਾਹਿਬ ਸਮੂਹ ਦੇ ਆਲੇ ਦੁਆਲੇ ਤਾਇਨਾਤ ਸੀ. ਆਰ. ਪੀ. ਐੱਫ. ਅਤੇ ਬੀ. ਐੱਸ. ਐੱਫ. ਦੀ ਥਾਂ ਸਿੱਧੇ ਤੌਰ 'ਤੇ ਫੌਜ ਨੇ ਕਮਾਂਡ ਸਾਂਭ ਲਈ। ਚੌਕ ਘੰਟਾਘਰ, ਬ੍ਰਹਮ ਬੂਟਾ ਆਰਕਿਟ, ਕੋਤਵਾਲੀ, ਜਲ੍ਹਿਆਂ ਵਾਲੇ ਬਾਗ ਦੇ ਆਸ ਪਾਸ ਅਤੇ ਉੱਚੀਆਂ ਇਮਾਰਤਾਂ ਨੂੰ ਮੋਰਚਿਆਂ ਦਾ ਰੂਪ ਦਿੱਤਾ ਗਿਆ ਅਤੇ ਚੌਕ ਬਾਬਾ ਅਟੱਲ ਸਾਹਿਬ, ਛੱਤੀ ਖੂਹੀ, ਆਟਾ ਮੰਡੀ, ਝੂਠਾ ਬਾਜ਼ਾਰ, ਪ੍ਰਤਾਪ ਬਾਜ਼ਾਰ, ਕਟੜਾ ਆਹਲੂਵਾਲੀਆ ਭਾਵ ਚਾਰ ਚੁਫੇਰੇ ਮੁਕੰਮਲ ਤੌਰ 'ਤੇ ਫੌਜ ਹੀ ਫੌਜ ਸੀ। ਇਸੇ ਦੌਰਾਨ ਪੂਰਬੀ ਘੰਟਾ ਘਰ ਦੇ ਬਾਹਰ ਦੇ ਉੱਚੀਆਂ ਇਮਾਰਤਾਂ ਜੋ ਕਿ ਘੰਟਾ ਘਰ ਤੋਂ ਵੀ ਉੱਚੀਆਂ ਸਨ। ਇਥੇ ਫੌਜ ਦੀ ਭਾਰੀ ਹਲਚਲ ਵੇਖੀ ਗਈ। ਇਸੇ ਘੰਟਾ ਘਰ ਉਪਰ ਬਣੇ ਮੋਰਚੇ ਤੋਂ ਸਿੰਘਾਂ ਨੇ ਵੇਖਿਆ ਕਿ ਇੱਕ ਕਰੇਨ ਰਾਹੀਂ ਫੌਜ ਇਨ੍ਹਾਂ ਬਿਲਡਿੰਗਾਂ 'ਤੇ ਤੋਪਾਂ ਚਾੜ੍ਹ ਕੇ ਫਿੱਟ ਕਰ ਰਹੀ ਹੈ। ਫੌਜੀ ਜਰਨੈਲਾਂ ਦੀ ਮਨਸ਼ਾ ਸੀ ਕਿ ਇੱਥੋਂ ਸਿੱਧਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤੋਪਾਂ ਨਾਲ ਹਮਲਾ ਕੀਤਾ ਜਾਵੇਗਾ ਜਿਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੱਛਮੀ ਪਾਸੇ 'ਤੇ ਬਣੇ ਹੋਏ ਮੋਰਚੇ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਜਿਸ ਨਾਲ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਆਪਣੇ ਆਪ ਨੂੰ ਫੌਜ ਦੇ ਹਵਾਲੇ ਕਰ ਦੇਣਗੇ ਜਾਂ ਡਰਦੇ ਹੋਏ ਆਪਣੇ ਮੋਰਚੇ ਛੱਡ ਕੇ ਚਲੇ ਜਾਣਗੇ।

ਸ਼ਾਮ ਨੂੰ ਕੁੱਝ ਪੱਤਰਕਾਰ ਫਿਰ ਆਏ। ਅੱਜ ਇਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਬੀ. ਬੀ. ਸੀ. ਲੰਡਨ ਦੇ ਨੁਮਾਇੰਦੇ ਵੀ ਮੌਜੂਦ ਸਨ ਜਿਨ੍ਹਾਂ ਨੇ ਪੂਰੇ ਕੰਪਲੈਕਸ ਦੇ ਅੰਦਰ ਵੱਖ-ਵੱਖ ਥਾਵਾਂ 'ਤੇ ਸੰਗਤਾਂ ਤੋਂ ਪ੍ਰਤੀਕਰਮ ਲਿਆ ਫਿਰ ਅਕਾਲੀ ਲੀਡਰਾਂ ਨੂੰ ਵੀ ਪ੍ਰਸ਼ਨ ਕੀਤੇ ਅਤੇ ਇਸੇ ਦੌਰਾਨ ਸਿੰਘ ਸਾਹਿਬ ਗਿ. ਕ੍ਰਿਪਾਲ ਸਿੰਘ ਅਤੇ ਸਿੰਘ ਸਾਹਿਬ ਗਿ. ਸਾਹਿਬ ਸਿੰਘ ਨੂੰ ਵੀ ਮੌਜੂਦਾ ਹਾਲਾਤਾਂ ਬਾਰੇ ਪੁੱਛਿਆ। ਇਨ੍ਹਾਂ ਸਭਨਾਂ ਨੇ ਹੀ ਕਰੜੇ ਸ਼ਬਦਾਂ ਵਿੱਚ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਅਤੇ ਸਖਤ ਚਿਤਾਵਨੀ ਵੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਦਰਬਾਰ ਸਾਹਿਬ ਅੰਦਰ ਫੌਜ ਭੇਜੀ ਤਾਂ ਸਿੱਖ ਕੌਮ ਇਸ ਨੂੰ ਬਰਦਾਸ਼ਤ ਨਹੀਂ ਕਰੇਗੀ ਆਦਿ। ਇਸ ਤੋਂ ਉਪਰੰਤ ਇਹ ਪੱਤਰਕਾਰ ਸੰਤ ਭਿੰਡਰਾਂਵਾਲਿਆਂ ਕੋਲ ਆਏ ਤਾਂ ਖਾਸ ਕਰਕੇ ਬੀ. ਬੀ. ਸੀ. ਲੰਡਨ ਦੇ ਪੱਤਰਕਾਰਾਂ ਨੇ ਸੰਤਾਂ ਨੂੰ ਤਿੱਖੇ ਸਵਾਲ ਕੀਤੇ। ਉਨ੍ਹਾਂ ਇਹ ਵੀ ਦੱਸਿਆ ਕਿ ਦਰਬਾਰ ਸਾਹਿਬ ਕੰਪਲੈਕਸ ਦੇ ਚਾਰ ਚੁਫੇਰੇ ਫੌਜ ਦਾ ਘੇਰਾ ਤੰਗ ਹੋ ਚੁੱਕਾ ਹੈ ਅਤੇ ਸ਼ਹਿਰ ਤੋਂ ਬਾਹਰ ਵੱਡੀ ਗਿਣਤੀ ਵਿੱਚ ਫੌਜ ਦੀ ਆਮਦ ਵੱਧ ਰਹੀ ਹੈ। ਇਵੇਂ ਜਾਪਦਾ ਹੈ ਕਿ ਲੱਖਾਂ ਹੀ ਫੌਜੀਆਂ ਨਾਲ ਦਰਬਾਰ ਸਾਹਿਬ ਦੀ ਘੇਰਾਬੰਦੀ ਕੀਤੀ ਜਾ ਰਹੀ ਹੈ ਅਤੇ ਫੌਜ ਸਖਤ ਕਾਰਵਾਈ ਵੀ ਕਰ ਸਕਦੀ ਹੈ ਇਸ ਬਾਰੇ ਤੁਹਾਡਾ ਕੀ ਪ੍ਰਤੀਕਰਮ ਹੈ? ਸੰਤਾਂ ਨੇ ਆਮ ਵਾਂਗ ਸਹਿਜੇ ਹੀ ਪੱਤਰਕਾਰਾਂ ਨੂੰ ਕਿਹਾ ਕਿ ਮੈਂ ਕਈ ਮਹੀਨੇ ਪਹਿਲਾਂ ਤੋਂ ਇਹੀ ਕਹਿੰਦਾ ਆ ਰਿਹਾ ਹਾਂ ਕਿ ਕੇਂਦਰ ਸਰਕਾਰ ਦਾ ਸਿੱਖਾਂ ਪ੍ਰਤੀ ਰਵੱਈਆ ਬਹੁਤ ਘਟੀਆ ਹੈ, ਇਸ ਲਈ ਸਿੱਖਾਂ ਦੀਆਂ ਹੱਕੀ ਮੰਗਾਂ ਮੰਨਣਾ ਤਾਂ ਦੂਰ ਦੀ ਗੱਲ ਬਲਕਿ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ ਕੀਤਾ ਜਾ ਸਕਦਾ ਹੈ। ਇੱਕ ਵਾਰ ਨਹੀਂ ਸੈਂਕੜੇ ਵਾਰ ਮੈਂ ਇਹ ਗੱਲ ਸੰਗਤਾਂ ਵਿੱਚ ਕਹਿ ਚੁੱਕਾ ਹਾਂ। ਮੈਂ ਪਹਿਲਾਂ ਵੀ ਇਹੀ ਕਿਹਾ ਸੀ ਕਿ ਜੇ ਸਰਕਾਰ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਹਮਲਾਵਰ ਫੌਜਾਂ ਨੂੰ ਅਜਿਹਾ ਸਬਕ ਸਿਖਾਵਾਂਗੇ, ਜਿਸ ਨੂੰ ਯਾਦ ਰੱਖਣਗੇ। ਬੀ. ਬੀ. ਸੀ. ਲੰਡਨ ਦੇ ਪੱਤਰਕਾਰ ਮਾਰਕ ਟੱਲੀ ਨੇ ਸੰਤਾਂ ਨੂੰ ਕਿਹਾ ਕਿ ਫੌਜਾਂ ਲੱਖਾਂ ਦੀ ਗਿਣਤੀ ਵਿੱਚ ਹਨ ਅਤੇ ਤੁਸੀਂ ਮੁੱਠੀ ਭਰ ਸਿੰਘ ਹੋ, ਫਿਰ ਕੀ ਤੁਹਾਨੂੰ ਡਰ ਨਹੀਂ ਲੱਗਦਾ? ਤਾਂ ਸੰਤਾਂ ਨੇ ਕਿਹਾ ਕਿ ਸ਼ੇਰ ਇਕੱਲਾ ਵੀ ਲੱਖਾਂ ਭੇਡਾਂ ਤੋਂ ਨਹੀਂ ਡਰਦਾ। ਉਸ ਨੇ ਫਿਰ ਕਿਹਾ ਕਿ ਫੌਜ ਹੈਲੀਕਾਪਟਰ ਰਾਹੀਂ ਕਮਾਂਡੋ ਭੇਜ ਕੇ ਤੁਹਾਨੂੰ ਫੜ੍ਹ ਸਕਦੀ ਹੈ, ਸੰਤਾਂ ਨੇ ਉਸੇ ਤਰ੍ਹਾਂ ਫੇਰ ਜਵਾਬ ਦਿੱਤਾ ਕਿ ਉਹ ਕਮਾਂਡੋ ਭੇਜ ਸਕਦੇ ਹਨ ਪਰ ਭੇਜੇ ਹੋਏ ਕਮਾਂਡੋ ਵਾਪਸ ਨਹੀਂ ਜਾ ਸਕਣਗੇ। ਜਦੋਂ ਤੱਕ ਸਾਡੇ ਸਰੀਰ ਵਿੱਚ ਸਵਾਸ ਹਨ ਉਦੋਂ ਤੱਕ ਉਨ੍ਹਾਂ ਦੇ ਹਜ਼ਾਰਾਂ ਕਮਾਂਡੋ ਵੀ ਸਾਨੂੰ ਨਹੀਂ ਫੜ੍ਹ ਸਕਦੇ। ਬਾਕੀ ਸਮਾਂ ਦੱਸੇਗਾ ਕਿ ਕੀ ਵਾਪਰਦਾ ਹੈ? ਇਸ ਤਰ੍ਹਾਂ ਦੇ ਸਵਾਲ ਕਰਕੇ ਇਹ ਪੱਤਰਕਾਰ ਇੱਥੋਂ ਚਲੇ ਗਏ, ਪਰ ਜਾਂਦਿਆਂ-ਜਾਂਦਿਆਂ ਵੀ ਆਪਸ ਵਿੱਚ ਉਨ੍ਹਾਂ ਦੀ ਇਹੀ ਚਰਚਾ ਸੀ ਕਿ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਕਿਸੇ ਵੀ ਕੀਮਤ 'ਤੇ ਫੌਜ ਅੱਗੇ ਆਤਮ ਸਮਰਪਣ ਨਹੀਂ ਕਰਨਗੇ।

ਬਹੁਤ ਸਾਰੀਆਂ ਸੰਗਤਾਂ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਉਪਰੰਤ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰ

Scanned with CamScanner

ਰਹੀਆਂ ਸਨ। ਇਸੇ ਤਰ੍ਹਾਂ ਲੰਗਰ ਹਾਲ ਵਿੱਚ ਵੀ ਸੰਗਤਾਂ ਦੀ ਗਹਿਮਾ ਗਹਿਮੀ ਸੀ। ਕੁਲ ਮਿਲਾ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਗੁਰਪੁਰਬ ਮਨਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਵਿੱਚ ਪਹੁੰਚੀਆਂ ਹੋਈਆਂ ਸਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਸਿੱਖ ਵਿਸ਼ੇਸ਼ ਤੌਰ 'ਤੇ ਸੰਤ ਭਿੰਡਰਾਂਵਾਲਿਆਂ ਨੂੰ ਮਿਲ ਕੇ ਹਾਲਾਤ ਬਾਰੇ ਜਾਣਕਾਰੀ ਲੈ ਰਹੇ ਸਨ। ਸਭ ਸੰਗਤਾਂ ਲਈ ਸੰਤਾਂ ਦਾ ਸਿੱਧਾ ਅਤੇ ਸਪੱਸ਼ਟ ਇਹੀ ਉੱਤਰ ਸੀ ਕਿ ਕੇਂਦਰ ਸਰਕਾਰ ਦੀ ਨੀਅਤ ਮਾੜੀ ਹੈ ਅਤੇ ਕਿਸੇ ਸਮੇਂ ਵੀ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਹੋ ਸਕਦਾ ਹੈ। ਜਿਵੇਂ-ਜਿਵੇਂ ਦਿਨ ਢਲਣ ਲੱਗਾ ਤਿਵੇਂ-ਤਿਵੇਂ ਕੁੱਝ ਸੰਗਤਾਂ ਦਰਸ਼ਨ ਦੀਦਾਰੇ ਕਰਕੇ ਵਾਪਸ ਜਾ ਰਹੀਆਂ ਸਨ ਪਰ ਬਹੁਤ ਸਾਰੀਆਂ ਸੰਗਤਾਂ ਇਸੇ ਸ਼ਰਧਾ ਨਾਲ ਇੱਥੇ ਰੁਕ ਗਈਆਂ ਕਿ ਰਾਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਾਣ ਸਮੇਂ ਪਾਲਕੀ ਸਾਹਿਬ ਦੇ ਦਰਸ਼ਨ ਦੀਦਾਰੇ, ਸਵੇਰੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਅਤੇ ਫਿਰ ਪਾਲਕੀ ਸਾਹਿਬ ਨਾਲ ਜਦੋਂ ਸ਼ਤਿਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਰਿਮੰਦਰ ਸਾਹਿਬ ਨੂੰ ਲਿਜਾਏ ਜਾਣਗੇ ਉਸ ਵੇਲੇ ਹਾਜ਼ਰੀ ਭਰਨ ਤੋਂ ਬਾਅਦ ਇੱਥੋਂ ਵਾਪਸ ਜਾਵਾਂਗੇ। ਇਸ ਤਰ੍ਹਾਂ ਸਾਰਾ ਦਿਨ ਸੰਗਤਾਂ ਤੇ ਜਥੇ ਦੇ ਸਿੰਘਾਂ ਨੇ ਵੀ ਸੇਵਾ ਸਿਮਰਨ ਕਰਦਿਆਂ, ਰਾਗੀ ਸਿੰਘਾਂ ਨੇ ਕੀਰਤਨ ਦੀ ਡਿਊਟੀ ਨਿਭਾਉਂਦਿਆਂ, ਸ਼ਤਿਗੁਰੂ ਪੰਚਮ ਪਾਤਿਸ਼ਾਹ ਦਾ ਸ਼ਹੀਦੀ ਗੁਰਪੁਰਬ ਬਹੁਤ ਸ਼ਰਧਾ ਸਹਿਤ ਮਨਾਇਆ। ਹਾਲਾਂਕਿ ਫੌਜ ਦੀ ਘੇਰਾਬੰਦੀ ਕਾਰਨ ਹਾਲਾਤ ਭਾਰੀ ਤਣਾਅਪੂਰਨ ਸਨ ਪਰ ਇਸ ਗੱਲ ਦੀ ਸਿੱਖ ਸ਼ਰਧਾਲੂਆਂ ਨੇ ਕੋਈ ਪ੍ਰਵਾਹ ਨਾ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਚੁਫੇਰੇ ਫੌਜ ਦੀ ਘੇਰਾਬੰਦੀ ਵੇਖ ਕੇ ਹਰ ਇੱਕ ਦੇ ਮਨ ਵਿੱਚ ਅਜੀਬ ਕਿਸਮ ਦਾ ਸੱਕਾ ਬਣਿਆ ਹੋਇਆ ਸੀ ਕਿ ਇੱਥੇ ਕੋਈ ਮਾੜੀ ਘਟਨਾ ਕਿਸੇ ਵੇਲੇ ਵੀ ਵਾਪਰ ਸਕਦੀ। ਲਗਭਗ ਸੂਰਜ ਛਿਪੇ ਦੌਰਾਨ ਜਥੇ ਦੇ ਸਿੰਘਾਂ ਨੇ ਸੰਤਾਂ ਨੂੰ ਦੱਸਿਆ ਕਿ ਘੰਟਾ ਘਰ ਤੋਂ ਜਲ੍ਹਿਆਂਵਾਲੇ ਬਾਗ਼ ਵਾਲੇ ਪਾਸੇ ਫੌਜ ਨੇ ਉੱਚੀਆਂ ਬਿਲਡਿੰਗਾਂ 'ਤੇ ਤੋਪਾਂ ਖੜੀਆਂ ਕਰ ਲਈਆਂ ਹਨ। ਸੰਤਾਂ ਨੇ ਸਿੰਘਾਂ ਦੀ ਗੱਲ ਨੂੰ ਗਹੁ ਨਾਲ ਸੁਣਿਆ, ਜਰਨਲ ਸੁਬੇਗ ਸਿੰਘ ਸਮੇਤ ਪੰਜਾਹ ਕੁ ਹੋਰ ਜ਼ਿੰਮੇਵਾਰ ਸਿੰਘਾਂ ਨੂੰ ਆਪਣੇ ਪਾਸ ਬੁਲਾਇਆ ਅਤੇ ਵੱਖ-ਵੱਖ ਥਾਵਾਂ ਦੇ ਮੋਰਚਿਆਂ ਲਈ ਸਿੰਘਾਂ ਦੀ ਨਿਯੁਕਤੀ ਕੀਤੀ। ਜਿਵੇਂ ਅਕਾਲ ਰੈਸਟ ਹਾਊਸ, ਸਰਾਂ ਗੁਰੂ ਰਾਮਦਾਸ, ਸਪ੍ਰੈਂਦਰੀ ਹਾਲ, ਗੁਰੂ ਨਾਨਕ ਨਿਵਾਸ ਆਦਿ ਫੈਡਰੇਸ਼ਨ ਦੇ ਸਿੰਘਾਂ ਨੂੰ ਸੌਂਪ ਦਿੱਤੇ ਗਏ, ਜਿੱਥੇ ਪਹਿਲਾਂ ਤੋਂ ਹੀ ਕੁੱਝ ਥਾਂਵਾਂ 'ਤੇ ਬੱਬਰ ਖ਼ਾਲਸਾ ਜਥੇਬੰਦੀ ਦੇ ਸਿੰਘ ਵੀ ਮੋਰਚਿਆਂ ਵਿੱਚ ਮੌਜੂਦ ਸਨ।

ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੱਛਮ ਵਾਲੇ ਪਾਸੇ ਅਤੇ ਇਸਦੇ ਨਾਲ ਲਾਲ ਇੱਟਾਂ ਵਾਲੀ ਡਿਊਢੀ ਉੱਪਰ ਬਣੇ ਮੋਰਚੇ ਵਿੱਚ ਹਜ਼ੂਰ ਸਾਹਿਬ ਵਾਲੇ ਜਥੇ ਦੇ ਕੁੱਝ ਸਿੰਘ ਫੌਜੀ ਗੁਰਨਾਮ ਸਿੰਘ, ਭਾਈ ਗੁਰਭਜਨ ਸਿੰਘ ਅਸੰਧ, ਭਾਈ ਤਰਸੇਮ ਸਿੰਘ ਘਣੀਏ ਕੇ ਬਾਂਗਰ, ਭਾਈ ਜਗਦੀਸ਼ ਸਿੰਘ ਬਿੱਲੂ, ਭਾਈ ਸ਼ੇਰ ਸਿੰਘ ਫੌਜੀ, ਭਾਈ ਦਲਬੀਰ ਸਿੰਘ ਭੁਲਵਾਨ, ਭਾਈ ਅਜੈਬ ਸਿੰਘ ਜ਼ਲਵਾਣਾ, ਭਾਈ ਬਲਵਿੰਦਰ ਸਿੰਘ ਬਾਬਾ ਬਕਾਲਾ, ਭਾਈ ਸੁਖਵਿੰਦਰ ਸਿੰਘ ਲਸ਼ਕਰੀ ਨੰਗਲ, ਭਾਈ ਸ਼ਿਗਾਰਾ ਸਿੰਘ ਹਾਮਦਰਦੇ, ਭਾਈ ਕੁਲਬੀਰ ਸਿੰਘ ਬੰਡਾਲਾ, ਭਾਈ ਮੋਹਨ ਸਿੰਘ ਹਾਮਦਰਦੇ, ਭਾਈ ਅਜਾਇਬ ਸਿੰਘ ਰਸੀਦਾਂ ਅਤੇ ਜਥੇਦਾਰ ਭਾਈ ਰਾਮ ਸਿੰਘ ਸੁਲਤਾਨਪੁਰੀ, ਭਾਈ ਸੁਰਜੀਤ ਸਿੰਘ ਭੰਡ ਸਮੇਤ ਟਕਸਾਲ ਦੇ 10 ਕੁ ਸਿੰਘ ਪੂਰੀ ਸੁਚੇਤਤਾ ਨਾਲ ਯੁੱਧ ਦੀਆਂ ਤਿਆਰੀਆਂ ਵਿੱਚ ਸ਼ਨ।

ਇਸੇ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੱਛਮ ਵਾਲੇ ਪਾਸੇ ਲਾਲ ਇੱਟਾ ਵਾਲੀ ਡਿਊਢੀ ਦੇ ਦਰਮਿਆਨ ਬਣੇ ਮੋਰਚੇ 'ਤੇ ਸੰਤਾਂ ਦੇ ਭਤੀਜੇ ਭਾਈ ਹਰਦੀਪ ਸਿੰਘ (ਸਪੁੱਤਰ ਭਾਈ ਵੀਰ ਸਿੰਘ), ਭਾਈ ਜਸਵੰਤ ਸਿੰਘ ਚੰਦ ਨਵਾਂ, ਭਾਈ ਕੁਲਵੰਤ ਸਿੰਘ ਸੰਦਾ ਸਿੰਘ ਵਾਲਾ, ਭਾਈ ਮਨਧੀਰ ਸਿੰਘ, ਭਾਈ ਜੁਗਰਾਜ ਸਿੰਘ ਚੋਗਾਵਾਂ, ਭਾਈ ਗੁਰਤੇਜ ਸਿੰਘ ਚੋਟੀਆਂ, ਭਾਈ ਦਵਿੰਦਰ ਸਿੰਘ, ਭਾਈ ਮੇਜਰ ਸਿੰਘ ਤੇ ਭਾਈ ਨਾਇਬ ਸਿੰਘ ਮਹੋਸ਼ਰੀ ਸੰਧੂਆਂ, ਭਾਈ ਅਜੀਤ ਸਿੰਘ ਫੌਜੀ ਆਦਿ ਇਸੇ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੱਛਮ ਵਾਲੇ ਪਾਸੇ ਨਾਲ ਲੱਗਦੇ ਕਮਰਿਆਂ ਉੱਪਰ ਵੀ ਟਕਸਾਲ ਦੇ ਸਿੰਘ ਪਹਿਰਾ ਦੇ ਰਹੇ ਸਨ ਅਤੇ ਇਸੇ ਪਾਸੇ ਛਬੀਲ ਤੋਂ ਅੱਗੇ ਗਿਆਨੀ ਮੋਹਰ ਸਿੰਘ ਸ਼ੁਰਾਪੱਤਾ, ਭਾਈ ਅਮਰਜੀਤ ਸਿੰਘ ਖੈਮਕਰਨ, ਭਾਈ ਕੁਲਵੰਤ ਸਿੰਘ ਫੌਜੀ ਵਰਪਾਲ, ਭਾਈ ਦਿਲਬਾਗ ਸਿੰਘ ਵਰਪਾਲ, ਭਾਈ ਸੱਤ ਕਰਤਾਰ ਸਿੰਘ ਵਰਪਾਲ, ਭਾਈ ਗੁਰਦੀਪ ਸਿੰਘ ਵਰਪਾਲ, ਭਾਈ ਅਮਰੀਕ ਸਿੰਘ ਵਰਪਾਲ, ਭਾਈ ਗੁਰਚਰਨ ਸਿੰਘ ਖਾਪੜਖੇੜੀ, ਭਾਈ ਕਿਰਪਾਲ ਸਿੰਘ ਚਾਨੀਵਿੰਡ, ਭਾਈ ਹਰੀ ਸਿੰਘ ਮੱਲੀਆਂ, ਭਾਈ ਜੋਗਿੰਦਰ ਸਿੰਘ ਮੱਲੀਆਂ, ਭਾਈ ਬਲਦੇਵ ਸਿੰਘ ਠੱਠੀਆਂ ਬੰਡਾਲਾ, ਭਾਈ ਗੁਰਨਾਮ ਸਿੰਘ ਜੱਬੋਵਾਲ, ਭਾਈ ਸ਼ੀਤਲ ਸਿੰਘ

Scanned with CamScanner

ਦੁਲੱਚੰਗਲ, ਭਾਈ ਸ਼ਮਸ਼ੇਰ ਸਿੰਘ ਸਰਵਾਲੀ ਬਟਾਲਾ, ਭਾਈ ਅਮਰੀਕ ਸਿੰਘ ਪੁੱਲ ਤਿੱਬੜੀ, ਭਾਈ ਬਹਾਦਰ ਸਿੰਘ ਭੈਣੀ ਪਸਵਾਲ, ਭਾਈ ਭਜਨ ਸਿੰਘ ਤਲਵੰਡੀ ਝੋਰਾ, ਭਾਈ ਗੁਰਨਾਮ ਸਿੰਘ ਚੀਮਾਂ ਖੁੱਡੀ, ਭਾਈ ਹਾਕਮ ਸਿੰਘ, ਭਾਈ ਜਗਦੀਸ਼ ਸਿੰਘ ਦੀਨਾਨਗਰ, ਭਾਈ ਬਲਬੀਰ ਸਿੰਘ ਕਲਾਨੌਰ, ਭਾਈ ਭਾਗ ਸਿੰਘ ਕੋਟਲੀ ਹਰਚੋਵਾ, ਭਾਈ ਅਮਰ ਸਿੰਘ ਛਿਛਰੇਵਾਲ, ਭਾਈ ਅਮਰਜੀਤ ਸਿੰਘ ਦਿਆਲਗੜ੍ਹ, ਭਾਈ ਅਵਤਾਰ ਸਿੰਘ ਸ਼ੰਕਰਪੁਰ ਘੋਗਾ ਆਦਿ ਸਿੰਘ ਜੋ ਆਟਾ ਮੰਡੀ ਵਾਲੇ ਪਾਸੇ ਦੀ ਦਰਸ਼ਨੀ ਡਿਉੜੀ ਤੋਂ ਅੱਗੇ ਬੁਰਜ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਉਸ ਤੋਂ ਅਗਲੀ ਛਬੀਲ ਤੱਕ ਡਟੇ ਹੋਏ ਸਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਲੱਗਦੇ ਪੂਰਬੀ ਪਾਸੇ ਮੋਰਚਿਆਂ ਵਿੱਚ ਭਾਈ ਗੁਰਮੇਲ ਸਿੰਘ ਫੌਜੀ, ਭਾਈ ਰਣਜੀਤ ਸਿੰਘ ਰਾਮ ਨਗਰ, ਭਾਈ ਤਰਸੇਮ ਸਿੰਘ, ਭਾਈ ਜਗਤਾਰ ਸਿੰਘ, ਭਾਈ ਦਾਰਾ ਸਿੰਘ ਬਹਾਦਰ ਨਗਰ, ਭਾਈ ਅਜੈਬ ਸਿੰਘ ਪਿੰਡ ਮਹਿਡਾ, ਭਾਈ ਸੰਤੋਖ ਸਿੰਘ ਟੋਪਾਂ ਵਾਲੇ, ਭਾਈ ਤੀਰਥ ਸਿੰਘ ਫੌਜੀ ਖਡੂਰ ਸਾਹਿਬ, ਭਾਈ ਸੁਖਦੇਵ ਸਿੰਘ ਫਤਿਆਬਾਦ, ਭਾਈ ਮੱਖਣ ਸਿੰਘ ਪੱਖੋਪੁਰ, ਭਾਈ ਸੁਰਿੰਦਰ ਸਿੰਘ ਫਤਿਆਬਾਦ (ਖਡੂਰ ਸਾਹਿਬ), ਭਾਈ ਕੁਲਵੰਤ ਸਿੰਘ ਦਾਸੂਵਾਲ, ਭਾਈ ਅਜਾਇਬ ਸਿੰਘ ਮਹਾਂਕਾਲ ਚੋਹਲਾ ਸਾਹਿਬ, ਭਾਈ ਕੁਲਵੰਤ ਸਿੰਘ ਪੰਡੋਰੀ ਗੋਲਾ, ਭਾਈ ਲੱਖਾ ਸਿੰਘ ਭੀਖੀਵਿੰਡ, ਭਾਈ ਹਰਪਾਲ ਸਿੰਘ ਭਰੋਵਾਲ, ਭਾਈ ਜੱਸਾ ਸਿੰਘ ਨਾਗੋਕੇ, ਭਾਈ ਲੱਖਾ ਸਿੰਘ ਨਾਗੋਕੇ, ਭਾਈ ਗਿਆਨ ਸਿੰਘ ਨਾਗੋਕੇ, ਭਾਈ ਜੋਗਿੰਦਰ ਸਿੰਘ ਖਡੂਰ ਸਾਹਿਬ, ਭਾਈ ਮਹਿੰਦਰ ਸਿੰਘ ਖਡੂਰ ਸਾਹਿਬ, ਭਾਈ ਦਰਬਾਰਾ ਸਿੰਘ ਭੂਰੇ ਕਰੀਮ, ਭਾਈ ਬਿਕਰ ਸਿੰਘ ਭੂਰੇ ਕਰੀਮ ਆਦਿ ਸਿੰਘਾਂ ਨੇ ਮੋਰਚਾ ਸੰਭਾਲਿਆ ਹੋਇਆ ਸੀ।

ਗੁਰਦੁਆਰਾ ਸ਼ਹੀਦ ਸਾਹਿਬ ਦੇ ਨਾਲ ਲੱਗਦੇ ਮੋਰਚੇ ਵਿੱਚ ਭਾਈ ਜੋਗਿੰਦਰ ਸਿੰਘ ਰੋਡੇ, ਭਾਈ ਪਰਮਾ ਸਿੰਘ ਰੋਡੇ, ਫੌਜੀ ਤਰਲੋਚਨ ਸਿੰਘ, ਭਾਈ ਜਸਪਾਲ ਸਿੰਘ ਸ੍ਰੀ ਹਰਗੋਬਿੰਦਪੁਰ, ਭਾਈ ਜਗਜੀਤ ਸਿੰਘ ਡੱਲਾ ਹਰਚੋਵਾਲ, ਭਾਈ ਕਰਨੈਲ ਸਿੰਘ ਗੁਰਾਇਆ ਕੋਟ, ਭਾਈ ਨਿਰੰਜਨ ਸਿੰਘ ਗੰਢੇਕੇ, ਭਾਈ ਰਾਮ ਸਿੰਘ ਵਡਾਲਾ ਗ੍ਰੰਥੀਆਂ, ਭਾਈ ਸਾਹਿਬ ਸਿੰਘ ਚੌਧਰੀਵਾਲ, ਭਾਈ ਸਤਨਾਮ ਸਿੰਘ ਕੋਠਾ ਖੁਸ਼ਹਾਲਪੁਰ, ਭਾਈ ਸ਼ਿੰਗਾਰਾ ਸਿੰਘ ਢੇਸੀਆਂ ਫਜਲਾਬਾਦ ਆਦਿ ਸਿੰਘ ਸਨ। ਇਸੇ ਤਰ੍ਹਾਂ ਦੇਵੇਂ ਨਿਸ਼ਾਨ ਸਾਹਿਬਾਂ ਦੇ ਨੇੜੇ ਗੁਰਦੁਆਰਾ ਸ੍ਰੀ ਥੜਾ ਰੁੰਮਾ ਅੱਡੇ ਇਸਦੇ ਨਾਲ ਲੱਗਦੇ ਕਮਰਿਆਂ ਵਿੱਚ ਸੈਂਤਾਂ ਦੇ ਭਰਾਤਾ ਭਾਈ ਜਗੀਰ ਸਿੰਘ, ਭਾਈ ਗੁਰਦੇਵ ਸਿੰਘ ਬਿਸ਼ਨੰਦੀ (ਸੈਂਤਾਂ ਦੇ ਭਰਾ ਭਾਈ ਜਗਜੀਤ ਸਿੰਘ ਦੇ ਕੁੜਮ), ਭਾਈ ਗੁਰਮੁਖ ਸਿੰਘ ਕਿੱਲੀ ਚਾਹਲ (ਸੈਂਤਾਂ ਦੇ ਭਰਾ ਭਾਈ ਵੀਰ ਸਿੰਘ ਦੇ ਕੁੜਮ), ਫੌਜੀ ਬਖਸ਼ੀਸ਼ ਸਿੰਘ, ਭਾਈ ਹਰਚਰਨ ਸਿੰਘ ਮੁਕਤਾ, ਭਾਈ ਮਾਨ ਸਿੰਘ ਹਰਚੋਵਾਲ, ਭਾਈ ਪਿਆਰਾ ਸਿੰਘ ਸ੍ਰੀ ਹਰਗੋਬਿੰਦਪੁਰ, ਭਾਈ ਆਸਾ ਸਿੰਘ ਪੰਡੋਰੀ ਮਹੰਤਾਂ, ਭਾਈ ਬਲਦੇਵ ਸਿੰਘ ਦੀਨਾਨਗਰ, ਭਾਈ ਮੋਹਰ ਸਿੰਘ ਨੌਸ਼ਹਿਰਾ ਮੱਝਾ ਸਿੰਘ, ਭਾਈ ਬਲਵਿੰਦਰ ਸਿੰਘ ਖੈਜਕੀਪੁਰ, ਭਾਈ ਗੁਰਜੀਤ ਸਿੰਘ ਝੰਕ ਹਰੀਹਰ, ਭਾਈ ਸਰਬਜੀਤ ਸਿੰਘ ਚੁੰਘਲ, ਭਾਈ ਮਹਿੰਦਰ ਸਿੰਘ ਦਿਆਲਗੜ੍ਹ, ਭਾਈ ਸੰਤੋਖ ਸਿੰਘ, ਭਾਈ ਮੁਖਤਿਆਰ ਸਿੰਘ ਵੀਲਾ ਭੈਜਾ, ਭਾਈ ਗੁਰਮੀਤ ਸਿੰਘ ਭੁਰਾਲਵਾਲਾ, ਭਾਈ ਦਲਬੀਰ ਸਿੰਘ ਖੁੱਡੀ ਚੀਮਾਂ, ਮਹਿੰਦਰ ਸਿੰਘ ਪੰਜਗਰਾਈਂ, ਭਾਈ ਮਹਿੰਦਰ ਸਿੰਘ ਦੌਲਤਪੁਰ, ਭਾਈ ਰੌਸ਼ਨ ਸਿੰਘ ਬੂਹ, ਭਾਈ ਜਸਬੀਰ ਸਿੰਘ ਭੰਡਾਲ ਬੇਟ, ਭਾਈ ਕਪੂਰ ਸਿੰਘ ਢਿੱਲਵਾਂ ਕਲਾਂ, ਭਾਈ ਮੋਹਨ ਸਿੰਘ ਫੱਤੂਢੀਂਗਾ, ਭਾਈ ਰਸਾਲ ਸਿੰਘ ਬੂਹ, ਭਾਈ ਸਾਧੂ ਸਿੰਘ ਚਹੇੜੂ, ਭਾਈ ਸ਼ੇਰ ਸਿੰਘ ਧਾਰੀਵਾਲ, ਭਾਈ ਕਰਤਾਰ ਸਿੰਘ ਬਰਿਆਰ, ਭਾਈ ਸੰਤਾ ਸਿੰਘ ਭੰਡਾਲ ਬੇਟ ਆਦਿ ਇਹ ਸਾਰੇ ਸਿੰਘ ਇੱਕ ਦੂਸਰੇ ਨਾਲ ਪੂਰੀ ਤਰ੍ਹਾਂ ਤਾਲਮੇਲ ਨਾਲ ਡਟੇ ਹੋਏ ਸਨ।

ਪੂਰਬੀ ਘੰਟਾਘਰ ਤੋਂ ਬੇਰ ਬਾਬਾ ਬੁੱਢਾ ਜੀ ਦੇ ਅਗਲੇ ਮੋੜ ਵਾਲੀ ਛਬੀਲ ਤੱਕ ਭਾਈ ਅਵਤਾਰ ਸਿੰਘ ਅਲਰਾਂ ਕੋਠੀ, ਭਾਈ ਭਿਡਰ ਸਿੰਘ ਅਲਰਾਂ ਕੋਠੀ, ਭਾਈ ਗੱਜਣ ਸਿੰਘ ਅਲਰਾਂ ਕੋਠੀ, ਭਾਈ ਸਵਰਨ ਸਿੰਘ ਅਲਰਾਂ ਕੋਠੀ, ਭਾਈ ਬਲਦੇਵ ਸਿੰਘ ਪੱਟੀ, ਭਾਈ ਬਲਦੇਵ ਸਿੰਘ ਕੈਰੋਂ, ਭਾਈ ਗੁਰਚਰਨ ਸਿੰਘ ਵਾਂ, ਭਾਈ ਗੁਰਨਾਮ ਸਿੰਘ ਵਾਂ, ਭਾਈ ਰਛਪਾਲ ਸਿੰਘ ਪੱਟੀ, ਭਾਈ ਪਰਮਜੀਤ ਸਿੰਘ ਪੱਟੀ, ਭਾਈ ਜਗਜੀਤ ਸਿੰਘ ਹਰਚੋਵਾਲ, ਭਾਈ ਸਰਬਜੀਤ ਸਿੰਘ ਢਿਲੋਂ, ਭਾਈ ਦਰਸ਼ਨ ਸਿੰਘ ਸੋਹਲ ਜਗੀਰ, ਭਾਈ ਦਾਰਾ ਸਿੰਘ ਜਹਾਂਗੀਰ ਦੱਖਣੀ, ਭਾਈ ਮੁਖਤਿਆਰ ਸਿੰਘ ਹੁਸ਼ਿਆਰਪੁਰ, ਭਾਈ ਮਹਿੰਦਰ ਸਿੰਘ ਭੱਠਲ, ਭਾਈ ਅਜੀਤ ਸਿੰਘ ਫਿਰੋਜ਼ਪੁਰ, ਭਾਈ ਯਾਦਵਿੰਦਰ ਸਿੰਘ ਫੱਤੂਢੀਂਗਾ ਆਦਿ ਸਿੰਘਾਂ ਦਾ ਪਹਿਰਾ ਸੀ।

ਇਸ ਤੋਂ ਅੱਗੇ ਮੱਥਾ ਪੂਰਬੀ ਘੰਟਾਘਰ ਦੇ ਉੱਪਰ ਅਤੇ ਹੇਠਾਂ ਅਤੇ ਨਾਲ ਲੱਗਦੇ ਦੋਵੇਂ ਪਾਸੀ ਕਮਰਿਆਂ ਦੇ

Scanned with CamScanner

ਭਹਿਘਾਨੇ ਵਿੱਚ ਵੀ ਯੁੱਧ ਨੀਤੀ ਨਾਲ ਮੋਰਚੇ ਬਣੇ ਹੋਏ ਸਨ ਜਿਥੇ ਭਾਈ ਜੋਗਿੰਦਰ ਸਿੰਘ ਫੌਜੀ ਚੱਕ ਰਾਜੂ (ਸੰਤ ਜਰਨੈਲ ਸਿੰਘ ਜੀ ਦੇ ਕੁਤਮ), ਭਾਈ ਗੁਰਬਖਸ਼ ਸਿੰਘ ਲੰਡੇਆਣਾ, ਭਾਈ ਸੁਰਜੀਤ ਸਿੰਘ ਬੰਬੇ ਵਾਲੇ, ਭਾਈ ਤਰਲੋਚਨ ਸਿੰਘ ਦਹੇੜੂ, ਭਾਈ ਸੁਖਦੇਵ ਸਿੰਘ ਬੰਬੇ ਵਾਲੇ, ਭਾਈ ਜਤਿੰਦਰ ਸਿੰਘ ਠਰੂ, ਭਾਈ ਲਖਵੀਰ ਸਿੰਘ ਭੂਰਾ ਕੋਨਾ, ਭਾਈ ਬਲਜਿੰਦਰ ਸਿੰਘ ਭੂਰਾ ਕੋਨਾ, ਭਾਈ ਬਲਬੀਰ ਸਿੰਘ ਰਾਏਕੋਟ, ਭਾਈ ਰਾਮ ਸਿੰਘ ਜੋਰਪੁਰ ਖੁਰਦ, ਭਾਈ ਰਤਨ ਸਿੰਘ ਕਾਉਕੇ ਕਲਾਂ, ਭਾਈ ਸਾਧੂ ਸਿੰਘ ਜੱਥਾ ਮਨਸੂਰਾਂ, ਸੂਬੇਦਾਰ ਸਾਧੂ ਸਿੰਘ ਬੰਦਸੂਟੀ, ਭਾਈ ਬਲਬੀਰ ਸਿੰਘ ਕਾਲਾ ਪਿੰਡ ਫਿਰੋਜ਼ਪੁਰ ਲੱਲੇ ਜ਼ਿਲ੍ਹਾ ਫਰੀਦਕੋਟ, ਭਾਈ ਗੁਰਦੇਵ ਸਿੰਘ ਜਤਿੰਦਰਾ ਚੱਕ ਫਰੀਦਕੋਟ, ਭਾਈ ਕੰਵਰਤਾਰ ਸਿੰਘ ਦੀਪ ਸਿੰਘ ਵਾਲਾ, ਭਾਈ ਮਲਕੀਤ ਸਿੰਘ ਢੁੱਡੀਕੇ, ਭਾਈ ਗੁਰਦਿਆਲ ਸਿੰਘ ਧਰਮਕੋਟ, ਭਾਈ ਜਗਦੇਵ ਸਿੰਘ ਕੋਟ ਈਸੇ ਖਾਂ, ਭਾਈ ਸੁਖਦੇਵ ਸਿੰਘ ਕੋਟ ਈਸੇ ਖਾਂ, ਭਾਈ ਜੁਗਰਾਜ ਸਿੰਘ ਰੰਡੇ, ਭਾਈ ਇੰਦਰਜੀਤ ਸਿੰਘ ਬੁੱਟਰ, ਭਾਈ ਜਗਤਾਰ ਸਿੰਘ ਤਲਵੰਡੀ ਭੰਗੇਰੀਆਂ, ਭਾਈ ਜੀਤ ਸਿੰਘ ਸੇਖਾਂ ਕਲਾਂ, ਭਾਈ ਕਰਨੈਲ ਸਿੰਘ ਬੁੱਧ ਸਿੰਘ ਵਾਲਾ, ਭਾਈ ਸੁਰਜੀਤ ਸਿੰਘ ਬਾਦਲ, ਭਾਈ ਗੁਰਮੇਲ ਸਿੰਘ ਮੜੀਆਂਵਾਲਾ, ਭਾਈ ਕਸ਼ਮੀਰ ਸਿੰਘ ਹੋਠੀਆ, ਭਾਈ ਜਗਤਾਰ ਸਿੰਘ ਲੋਹਗੜ੍ਹ, ਭਾਈ ਕੁਲਵੰਤ ਸਿੰਘ ਲੰਡੇਆਣਾ, ਭਾਈ ਸੁਆ ਸਿੰਘ, ਭਾਈ ਤਰਲੋਕ ਸਿੰਘ ਲੋਹਗੜ੍ਹ, ਭਾਈ ਮੁਖਤਿਆਰ ਸਿੰਘ ਤੇਜਾ, ਭਾਈ ਅਵਤਾਰ ਸਿੰਘ ਪੰਖੋਂ, ਭਾਈ ਤਰਲੋਚਨ ਸਿੰਘ ਬਿੱਟੂ, ਭਾਈ ਤਰਲੋਚਨ ਸਿੰਘ ਬਾਸਰਕੇ, ਭਾਈ ਮੇਜਰ ਸਿੰਘ ਬਾਸਰਕੇ, ਭਾਈ ਕਸ਼ਮੀਰ ਸਿੰਘ ਧਰਾਣਾ, ਭਾਈ ਮੇਜਰ ਸਿੰਘ ਹੋਠੀਆਂ, ਭਾਈ ਰਾਮ ਸਿੰਘ ਫੱਤਾ ਖੇੜਾ, ਭਾਈ ਪਰਮਜੀਤ ਸਿੰਘ ਚਹੇੜੂ, ਭਾਈ ਅਨੋਖ ਸਿੰਘ, ਭਾਈ ਕਰਨੈਲ ਸਿੰਘ ਫੱਤੂਢੀਂਗਾ, ਭਾਈ ਜਗਜੀਤ ਸਿੰਘ ਬੁੱਲਾ ਆਦਿ ਸਿੰਘ ਇਸ ਮੋਰਚੇ ਤੇ ਪੂਰੀ ਚੜ੍ਹਦੀ ਕਲਾ ਨਾਲ ਡਟੇ ਹੋਏ ਸਨ।

ਲੰਗਰ ਸ੍ਰੀ ਗੁਰੂ ਰਾਮਦਾਸ ਵਿੱਚ ਉੱਪਰੋਂ ਥੱਲੇ ਤੱਕ ਲਗਭਗ 50 ਸਿੰਘਾਂ ਨੇ ਮੋਰਚਾ ਸੰਭਾਲਿਆ ਜਿਨ੍ਹਾਂ ਵਿੱਚ ਭਾਈ ਦਲਬੀਰ ਸਿੰਘ ਅੰਬਿਆਸੀ, ਭਾਈ ਸਵਰਨ ਸਿੰਘ ਰੰਡੇ (ਸੰਤਾ ਦਾ ਭਤੀਜਾ) ਭਾਈ ਸੁਰਜੀਤ ਸਿੰਘ ਰਾਗੀ, ਭਾਈ ਸਾਹਿਬ ਸਿੰਘ, ਭਾਈ ਸੁਰਿੰਦਰ ਸਿੰਘ ਵਲੀਪੁਰ, ਭਾਈ ਸੁਖਵਿੰਦਰ ਸਿੰਘ ਗੁਰੂ ਕਾ ਬਾਗ, ਭਾਈ ਸੁਖਚੈਨ ਸਿੰਘ ਜਲਾਲਾਬਾਦ ਨੇੜੇ ਖੜ੍ਹੂਰ ਸਾਹਿਬ, ਭਾਈ ਹਰਦੇਵ ਸਿੰਘ (ਭੋਲੀ ਪੰਡਤ ਜਲਾਲਾਬਾਦ), ਭਾਈ ਰਾਜ ਸਿੰਘ ਜਲਾਲਾਬਾਦ, ਭਾਈ ਲੱਖਾ ਸਿੰਘ ਜਲਾਲਾਬਾਦ, ਭਾਈ ਰਸਾਲ ਸਿੰਘ ਆਲਿਫਕੇ, ਭਾਈ ਚੰਨਣ ਸਿੰਘ ਜਲਾਲਾਬਾਦ ਇਸੇ ਤਰ੍ਹਾਂ ਹਜ਼ੂਰ ਸਾਹਿਬ ਤੋਂ ਆਏ ਕਾਰ ਸੇਵਾ ਵਾਲੇ ਸਿੰਘਾਂ ਵਿੱਚੋਂ ਭਾਈ ਮਨਜੀਤ ਸਿੰਘ ਰੱਤਾ ਲੁੱਦਾ, ਭਾਈ ਦੁਲਾ ਸਿੰਘ ਪਰਿਤਾੜੀ, ਨਛੱਤਰ ਸਿੰਘ ਕੰਬੋਵਾਹੇ ਵਾਲਾ, ਭਾਈ ਰੋਸ਼ਨ ਸਿੰਘ ਕੰਬੋਵਾਹੇ ਵਾਲਾ, ਭਾਈ ਅਜਾਇਬ ਸਿੰਘ ਪੁੰਨ ਕਲਾਂ, ਭਾਈ ਸੁਰਜਨ ਸਿੰਘ ਪੁੰਨ ਢਾਹੇ, ਭਾਈ ਇੰਦਰ ਸਿੰਘ ਮੋਹਨ ਭੰਡਾਰੀਆ, ਭਾਈ ਸੇਵਾ ਸਿੰਘ ਰੋਸ਼ੀਆਣਾ, ਭਾਈ ਸੁਖਵਿੰਦਰ ਸਿੰਘ ਐਡਵੋਕੇਟ ਬਲਾਹੜ ਮਹਿਮਾ, ਭਾਈ ਦਲਬੀਰ ਸਿੰਘ ਡਾਲਾ, ਭਾਈ ਸਰਮੁਖ ਸਿੰਘ ਬਠਿੰਡਾ, ਭਾਈ ਗੁਰਸੇਵਕ ਸਿੰਘ ਕੋਠੇ ਕੌਰ ਸਿੰਘ, ਭਾਈ ਗੁਰਬਚਨ ਸਿੰਘ ਚੱਕ ਅਤਰ ਸਿੰਘ ਵਾਲਾ, ਭਾਈ ਬੋਹੜ ਸਿੰਘ ਆਕਲੀਆ ਕਲਾਂ, ਭਾਈ ਮੇਜਰ ਸਿੰਘ ਨਰੂਆਣਾ, ਭਾਈ ਭੁਪਿੰਦਰ ਸਿੰਘ ਕਰਾੜ ਵਾਲਾ, ਭਾਈ ਮਹਿੰਦਰ ਸਿੰਘ ਬੱਛੋਆਣਾ, ਭਾਈ ਕਰਨੈਲ ਸਿੰਘ ਪੱਟੀ ਪੰਡੋਰੀ, ਭਾਈ ਤੇਜਾ ਸਿੰਘ ਛੀਨੀਵਾਲ, ਭਾਈ ਗੁਰਮੀਤ ਸਿੰਘ ਮਾਣਕਪੁਰ ਖੇੜਾ, ਭਾਈ ਮਹਿੰਦਰ ਸਿੰਘ ਯੂਪੀ, ਭਾਈ ਪ੍ਰੀਤਮ ਸਿੰਘ ਯੂਪੀ, ਭਾਈ ਸੁਰਜੀਤ ਸਿੰਘ ਗੰਗਾ ਨਗਰ, ਭਾਈ ਸਲਵਿੰਦਰ ਸਿੰਘ ਸਖੀਰਾ, ਭਾਈ ਪਾਖਰ ਸਿੰਘ ਕਪੂਰਥਲਾ, ਭਾਈ ਮੋਹਨ ਸਿੰਘ ਕਪੂਰਥਲਾ, ਭਾਈ ਬੱਗਾ ਸਿੰਘ ਢੋਟੀਆਂ, ਭਾਈ ਬਲਵੰਤ ਸਿੰਘ ਕਾਕਾ, ਭਾਈ ਗੁਰਸ਼ਰਨ ਸਿੰਘ ਕੋਟਭਾਈ, ਭਾਈ ਹਰਜੀਤ ਸਿੰਘ ਫਤਿਹਪੁਰ, ਭਾਈ ਮੇਜਰ ਸਿੰਘ ਅੱਬੂ ਸੈਦ, ਭਾਈ ਬਲਦੇਵ ਸਿੰਘ ਲੱਲੇ, ਭਾਈ ਬਲਦੇਵ ਸਿੰਘ ਸਹੂਰ, ਭਾਈ ਜੋਗਿੰਦਰ ਸਿੰਘ ਚੋਣੇ, ਭਾਈ ਹਰਪਿੰਦਰ ਸਿੰਘ ਅਲਗੋਂ ਕੋਠੀ, ਭਾਈ ਜਗੀਰ ਸਿੰਘ ਮੱਖਣਵਿੰਡੀ, ਭਾਈ ਦਲਬਾਰਾ ਸਿੰਘ ਰਸਾਦਾ ਆਦਿ ਇਸ ਮੋਰਚੇ ਵਿੱਚ ਡਟੇ ਹੋਏ ਸਨ ਜਿਸ ਦੀ ਕਮਾਂਡ ਬਾਬਾ ਠਾਰਾ ਸਿੰਘ ਜੀ ਕਰ ਰਹੇ ਸਨ।

ਇਸੇ ਤਰ੍ਹਾਂ ਅਕਾਲ ਰੈਸਟ ਹਾਊਸ, ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ, ਤੇਜਾ ਸਿੰਘ ਸਮੁੰਦਰੀ ਹਾਲ, ਗੁਰਦੁਆਰਾ ਮੰਜੀ ਦੀਵਾਨ ਸਾਹਿਬ ਹਾਲ, ਗੁਰਦੁਆਰਾ ਬਾਬਾ ਅਟੱਲ ਸਾਹਿਬ ਜੀ ਆਦਿ ਵਾਲੇ ਪਾਸੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਬੱਬਰ ਖਾਲਸਾ ਦੇ ਸਿੰਘ ਸਨ। ਵਿਸ਼ੇਸ਼ ਤੌਰ 'ਤੇ ਹਰ ਮੋਰਚੇ ਵਿੱਚ ਇੱਕ ਜਾਂ ਦੋ ਸਾਬਕਾ ਫੌਜੀ ਸਿੰਘ ਮੌਜੂਦ ਸਨ ਅਤੇ ਜਿਨ੍ਹਾਂ ਸਿੰਘਾਂ ਨੂੰ ਵਿਸ਼ੇਸ਼ ਤੌਰ 'ਤੇ ਜਨਰਲ ਸੁਬੇਗ ਸਿੰਘ ਨੇ ਪਿਛਲੇ ਦਿਨਾਂ ਵਿੱਚ ਯੁੱਧ ਨੀਤੀ ਦੇ ਨੁਕਤੇ ਦੱਸੇ ਸਨ ਉਹ ਵੀ ਹਰ ਮੋਰਚੇ ਵਿੱਚ ਮੌਜੂਦ ਸਨ।

Scanned with CamScanner

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਤਾਂ ਨਾਲ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਭਾਈ ਗੁਰਮੁਖ ਸਿੰਘ ਗੜਵਈ, ਜਨਰਲ ਸ. ਸੁਬੇਗ ਸਿੰਘ, ਭਾਈ ਸੁਜਾਨ ਸਿੰਘ ਮਨਾਵਾਂ, ਭਾਈ ਰਸ਼ਪਾਲ ਸਿੰਘ ਪੀਏ ਤੋਂ ਇਲਾਵਾ 25-30 ਸਿੰਘ ਹੋਰ ਸਨ ਜੋ ਪੂਰੀ ਸੁਚੇਤਤਾ ਨਾਲ ਸਮੁੱਚੇ ਹਾਲਾਤ 'ਤੇ ਨਜ਼ਰ ਰੱਖ ਰਹੇ ਸਨ।

ਰਾਤ ਨੂੰ 9.00 ਵਜੇ ਦੀਆਂ ਖ਼ਬਰਾਂ ਵਿੱਚ ਟੈਲੀਵਿਜ਼ਨ ਅਤੇ ਰੇਡੀਓ ਰਾਹੀਂ ਦੱਸਿਆ ਗਿਆ ਕਿ ਸਾਰੇ ਪੰਜਾਬ ਵਿੱਚ 32 ਘੰਟੇ ਦਾ ਕਰਫਿਊ ਲਗਾ ਦਿੱਤਾ ਗਿਆ ਹੈ। ਇਸ ਸਮੇਂ ਪੰਜਾਬ ਭਰ ਅੰਦਰ ਹਰ ਤਰ੍ਹਾਂ ਦੀਆਂ ਗੱਡੀਆਂ ਬੱਸਾਂ ਇਥੋਂ ਤੱਕ ਕਿ ਬੈਲ ਗੱਡੀਆਂ, ਸਾਈਕਲਾਂ ਦੇ ਚਲਾਉਣ ਉੱਪਰ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਇੱਥੋਂ ਤੱਕ ਇੱਕ ਐਮਰਜੈਂਸੀ ਦੀ ਹਾਲਤ ਵਿੱਚ ਵੀ ਕਿਸੇ ਮਰੀਜ ਨੂੰ ਹਸਪਤਾਲ ਨਹੀਂ ਸੀ ਲਿਜਾਇਆ ਜਾ ਸਕਦਾ। ਹਵਾਈ ਜਹਾਜ਼ ਦੀਆਂ ਉਡਾਨਾਂ ਵੀ ਰੱਦ ਕਰ ਦਿੱਤੀਆਂ ਗਈਆਂ। ਅਖ਼ਬਾਰਾਂ ਉਪਰ ਸੈਂਸਰ ਲਗਾ ਦਿੱਤਾ ਗਿਆ ਅਤੇ ਪੰਜਾਬ ਦੀਆਂ ਅਖ਼ਬਾਰਾਂ ਪੰਜਾਬ ਤੋਂ ਬਾਹਰ ਜਾਣ ਤੋਂ ਰੋਕ ਦਿੱਤੀਆਂ ਗਈਆਂ ਅਤੇ ਦੂਸਰੇ ਸੂਬਿਆਂ ਦੀਆਂ ਅਖ਼ਬਾਰਾਂ, ਰਸਾਲੇ ਅਤੇ ਇਸ ਸਬੰਧੀ ਛਪਣ ਵਾਲੀ ਸਮੁੱਚੀ ਸਮੱਗਰੀ ਨੂੰ ਪੰਜਾਬ ਆਉਣ ਤੋਂ ਰੋਕ ਦਿੱਤਾ ਗਿਆ। ਟੈਲੀਵਿਜ਼ਨ 'ਤੇ ਇਹ ਖ਼ਬਰਾਂ ਆਉਣ ਦੇ ਨਾਲ ਹੀ ਕੰਪਲੈਕਸ ਦੇ ਅੰਦਰ ਆਮ ਚਰਚਾ ਸੀ ਕਿ ਅੱਜ ਰਾਤ ਫ਼ੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਜਾ ਸਕਦਾ ਹੈ।

ਰਾਤ ਦਾ ਕਾਫੀ ਹਨੇਰਾ ਹੋ ਚੁੱਕਾ ਸੀ। ਸ੍ਰੀ ਹਰਿਮੰਦਰ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁੱਖ ਆਸਣ ਲਈ ਪਹੁੰਚ ਚੁੱਕੀ ਸੀ ਅਤੇ ਮਹਾਰਾਜ ਦੀ ਪਾਲਕੀ ਲਿਆਉਣ ਅਤੇ ਪਾਲਕੀ ਦੇ ਨਾਲ-ਨਾਲ ਹਾਜ਼ਰੀ ਭਰਨ ਲਈ ਆਉਣ ਵਾਲੀਆਂ ਸੰਗਤਾਂ ਮਰਿਆਦਾ ਪੂਰਵਕ ਸੇਵਾਵਾਂ ਤੋਂ ਫਾਰਗ ਹੋ ਚੁੱਕੀਆਂ ਸਨ। ਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਜੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲੱਗਦੇ ਆਪਣੇ ਰਿਹਾਇਸ਼ੀ ਕਮਰੇ ਦੇ ਬਾਹਰ ਵੱਡੇ ਹਾਲ ਕਮਰੇ ਵਿੱਚ ਜਥੇ ਦੇ ਸਿੰਘਾਂ, ਫੈਡਰੇਸ਼ਨ ਦੇ ਸਿੰਘਾਂ ਅਤੇ ਹੋਰ ਕੁੱਝ ਕੁ ਸਿੰਘਾਂ ਨਾਲ ਬੈਠੇ ਵਿਚਾਰਾਂ ਕਰ ਰਹੇ ਸਨ। ਉਸ ਸਮੇਂ ਸੰਤਾਂ ਦੇ ਚਿਹਰੇ ਦਾ ਜਾਹੋ ਜਲਾਲ ਅਤੇ ਸੰਤਾਂ ਵੱਲੋਂ ਕੀਤੇ ਜਾ ਰਹੇ ਬਚਨ ਅਨੋਖੀ ਤਰ੍ਹਾਂ ਦੇ ਸਨ। ਸੰਤ ਕਹਿ ਰਹੇ ਸਨ ਕਿ ਸਿੰਘੋ, ਧਰਮ ਲਈ ਆਪਾ ਵਾਰਨ ਦਾ ਸਮਾਂ ਹਰ ਕਿਸੇ ਦੇ ਨਸੀਬਾਂ ਵਿੱਚ ਨਹੀਂ ਹੋ ਸਕਦਾ ਅਤੇ ਇਉਂ ਲੱਗਦਾ ਹੈ ਕਿ ਆਪਣੇ ਲਈ ਸ਼ਹੀਦੀਆਂ ਦਾ ਕੁੰਭ ਲੱਗਣ ਵਾਲਾ ਹੈ। ਇਸ ਲਈ ਇੱਥੇ ਭਾਂ ਬਖਸ਼ਿਸ਼ ਅਵੱਸ਼ ਹੈ ਕਿਉਂਕਿ ਗੁਰਬਾਣੀ ਦਾ ਹੁਕਮ ਹੈ:

ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ॥ (ਪਾਤਸ਼ਾਹੀ ਦਸਵੀਂ)

ਇਸ ਸਮੇਂ ਵੱਖ-ਵੱਖ ਸਿੰਘਾਂ ਨੇ ਬਹੁਤ ਹੀ ਚੜ੍ਹਦੀ ਕਲਾ ਨਾਲ ਜਾਹੋ ਜਲਾਲ ਸਹਿਤ ਆਪੋ ਆਪਣੀਆਂ ਮਨੋਭਾਵਨਾਵਾਂ ਦਾ ਪ੍ਰਗਟਾਵਾ ਕਰਦਿਆਂ ਬੇਨਤੀ ਰੂਪ ਵਿੱਚ ਸੰਤਾਂ ਨੂੰ ਕਿਹਾ ਕਿ ਜਿਸ ਕਾਰਜ ਲਈ ਤੁਸੀਂ ਸਾਨੂੰ ਵਾਰ-ਵਾਰ ਨਸੀਹਤਾਂ ਦਿੰਦਿਆਂ ਕਹਿੰਦੇ ਰਹੇ ਕਿ ਸਿੰਘੋ, ਵੱਧ ਤੋਂ ਵੱਧ ਗੁਰੂ ਕੀ ਬਾਣੀ ਪੜ੍ਹੋ, ਗੁਰਬਾਣੀ ਹੀ ਆਪਣੀ ਸ਼ਕਤੀ ਹੈ ਅਤੇ ਸਿੰਘਾਂ ਨੇ ਰੱਜ-ਰੱਜ ਕੇ ਬਾਣੀ ਦਾ ਆਨੰਦ ਲਿਆ। ਇਸ ਲਈ ਹੁਣ ਮੌਤ ਦਾ ਡਰ ਸਾਡੇ ਨੇੜੇ-ਤੇੜੇ ਵੀ ਨਹੀਂ। ਗੁਰੂ ਛੇਵੇਂ ਪਾਤਿਸ਼ਾਹ ਮੀਰੀ ਪੀਰੀ ਦੇ ਮਾਲਕ ਮਿਹਰ ਕਰਨ, ਸਿੰਘਾਂ ਵਾਲਾ ਸਿਦਕ ਸੁਆਸਾਂ ਨਾਲ ਨਿਭ ਜਾਵੇ, ਆਪਣੇ ਜਿਉਂਦੇ ਜੀਅ ਹਮਲਾਵਰ ਫੌਜਾਂ ਦਾ ਮੂੰਹ ਤੋੜ ਜਵਾਬ ਦੇਵਾਂਗੇ ਅਤੇ ਜਦੋਂ ਤੱਕ ਸੁਆਸ ਹਨ ਉਦੋਂ ਤੱਕ ਉਨ੍ਹਾਂ ਦੇ ਹੱਥ ਨਹੀਂ ਆਉਣ ਲੱਗੇ। ਇਸ ਤਰ੍ਹਾਂ ਦੇ ਖਿਆਲ ਕਈ ਸਿੰਘਾਂ ਨੇ ਪ੍ਰਗਟਾਏ ਅਤੇ ਕਈ ਚੁੱਪ ਚਾਪ ਸੁਣਦੇ ਰਹੇ ਪਰ ਇੱਕ ਤੋਂ ਇੱਕ ਚੜ੍ਹਦੀ ਅਵਸਥਾ ਵਾਲੇ ਸਿੰਘ ਸਨ, ਜੋ ਆਪਾ ਵਾਰਨ ਦੀ ਭਾਵਨਾ ਨਾਲ ਅਖੀਰਲੇ ਸਮੇਂ ਦੇ ਪਲਾਂ ਦੀ ਗਿਣਤੀ ਕਰ ਰਹੇ ਸਨ। ਜਦੋਂ ਜੈਕਾਰਿਆਂ ਦੀ ਗੂੰਜ ਵਿੱਚ ਸੰਤ ਭਿੰਡਰਾਂਵਾਲੇ ਸੰਗਤਾਂ ਤੋਂ ਫਾਰਗ ਹੋਏ ਉਸ ਸਮੇਂ ਤੱਕ ਰਾਤ ਬਹੁਤ ਬੀਤ ਚੁੱਕੀ ਸੀ ਅਤੇ ਸਿੰਘ ਵੀ ਕੰਪਲੈਕਸ ਅੰਦਰ ਥਾਂ ਪੁਰ ਥਾਂ ਆਪੋ-ਆਪਣੇ ਮੋਰਚਿਆਂ ਟਿਕਾਣਿਆਂ 'ਤੇ ਮਨੋ-ਤਨੋ ਦਿੜ੍ਹਤਾ ਨਾਲ ਜਾ ਡਟੇ। ਇਨ੍ਹਾਂ ਸੁਚੇਤ ਸਿੰਘਾਂ ਦੀ ਨਜ਼ਰ ਮੁੱਖ ਪ੍ਰਵੇਸ਼ ਦੁਆਰਾਂ ਵੱਲ ਲੱਗੀ ਹੋਈ ਸੀ ਜਿੱਧਰੋ-ਜਿੱਧਰ ਫੌਜ ਦੀ ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਵਿੱਚ ਦਾਖਲ ਹੋਣ ਦੀ ਸੰਭਾਵਨਾ ਸੀ।

Scanned with CamScanner

4 ਜੂਨ, 1984

ਤਿੰਨ ਜੂਨ ਦੀ ਰਾਤ ਨੂੰ ਫੌਜ ਨੇ ਸਮੁੱਚਾ ਕੰਟਰੋਲ ਆਪਣੇ ਹੱਥ ਵਿੱਚ ਲੈ ਲਿਆ। ਇੱਥੋਂ ਤੱਕ ਕਿ ਸਿਵਲ ਪ੍ਰਸ਼ਾਸਨ ਦੇ ਮੁੱਖ ਅਧਿਕਾਰੀਆਂ ਜਿਨ੍ਹਾਂ ਵਿੱਚ ਡੀ.ਸੀ., ਐੱਸ.ਡੀ.ਐੱਮ., ਐੱਸ.ਐੱਸ.ਪੀ. ਆਦਿ ਸਭ ਦੇ ਟੈਲੀਫੋਨ ਕੁਨੈਕਸ਼ਨ ਕੱਟ ਦਿੱਤੇ। ਇਸ ਲਈ ਸਿਵਲ ਅਧਿਕਾਰੀ ਆਪਣੇ ਆਪ ਨੂੰ ਲਾਚਾਰ ਅਤੇ ਪਿੰਜਰਾ ਬੰਦ ਮਹਿਸੂਸ ਕਰ ਰਹੇ ਸਨ ਕਿਉਂਕਿ ਸ੍ਰੀ ਅੰਮ੍ਰਿਤਸਰ ਦਾ ਐੱਸ.ਐੱਸ.ਪੀ. ਪੰਜਾਬ ਦੇ ਚੀਫ ਸੈਕਟਰੀ ਨਾਲ ਵੀ ਗੱਲਬਾਤ ਕਰਨ ਤੋਂ ਅਸਮਰੱਥ ਸੀ। ਫੌਜ ਦੇ ਵੱਡੇ ਅਫਸਰਾਂ ਨੇ ਵੱਖ-ਵੱਖ ਉੱਚੀਆਂ ਬਿਲਡਿੰਗਾਂ 'ਤੇ ਬਣਾਏ ਗਏ ਮੋਰਚਿਆਂ ਦਾ ਦੁਬਾਰਾ ਤੋਂ ਨਿਰੀਖਣ ਕੀਤਾ ਅਤੇ ਮੁੱਖ ਘੰਟਾ ਘਰ ਦੇ ਸਾਹਮਣੇ ਉੱਚੀਆਂ ਬਿਲਡਿੰਗਾਂ 'ਤੇ ਬੰਨ੍ਹੀਆਂ ਗਈਆਂ ਤੋਪਾਂ ਵਾਲੇ ਮੋਰਚੇ 'ਤੇ ਪਹੁੰਚੇ ਅਤੇ ਇੱਥੋਂ ਹੀ ਤੋਪਾਂ ਰਾਹੀਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲਾ ਕਰਨ ਲਈ ਤਿਆਰੀ ਕੀਤੀ ਗਈ ਸੀ। ਇਸ ਤੋਂ ਬਾਅਦ ਜਨਰਲ ਕੁਲਦੀਪ ਬਰਾੜ, ਜਨਰਲ ਕੇ. ਸੁੰਦਰਜੀ ਨੇ ਹਮਲਾ ਕਰਨ ਦੀ ਯੋਜਨਾ ਬਾਰੇ ਕੁੱਝ ਹੋਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਦੱਸਿਆ ਕਿ ਇੱਕ ਸੰਖੇਪ ਜਿਹਾ ਓਪ੍ਰੇਸ਼ਨ ਹੋਵੇਗਾ ਅਤੇ ਬਤੇ ਸੀਮਿਤ ਸਮੇਂ ਵਿੱਚ ਹੀ ਮੁਕਾ ਦਿੱਤਾ ਜਾਵੇਗਾ। ਇਸ ਗੱਲ 'ਤੇ ਕੁੱਝ ਅਧਿਕਾਰੀਆਂ ਨੇ ਇਤਰਾਜ਼ ਉਠਾਇਆ ਕਿ ਸਾਨੂੰ ਵਿਉਂਤਬੰਦੀ ਵਿੱਚ ਕੁੱਝ ਜ਼ਰੂਰੀ ਤਬਦੀਲੀਆਂ ਕਰ ਲੈਣੀਆਂ ਚਾਹੀਦੀਆਂ ਹਨ, ਘੱਟੋ ਘੱਟ ਲੱਗੇ ਹੋਏ ਕਰਫਿਊ ਵਿੱਚ ਕੁੱਝ ਢਿੱਲ ਦੇ ਕੇ ਉਨ੍ਹਾਂ ਸੰਗਤਾਂ ਨੂੰ ਦਰਬਾਰ ਸਾਹਿਬ ਤੋਂ ਬਾਹਰ ਨਿਕਲਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਜੋ ਗੁਰਪੁਰਬ ਮਨਾਉਣ ਲਈ ਪੁੱਜੀਆਂ ਹੋਈਆਂ ਹਨ ਕਿਉਂਕਿ ਇਹ ਵੀ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਲੜਾਈ ਕਿਹੋ ਜਿਹੀ ਹੋਵੇਗੀ ਅਤੇ ਕਿੰਨੀ ਲੰਬੀ? ਇੱਥੇ ਕੁੱਝ ਸਿਵਲ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਭੁਹਾਨੂੰ ਪਹਿਲਾਂ ਵੀ ਸਲਾਹ ਦਿੱਤੀ ਸੀ ਕਿ ਸਾਨੂੰ ਕਾਹਲੀ ਨਹੀਂ ਕਰਨੀ ਚਾਹੀਦੀ ਤੇ ਅੱਜ ਫਿਰ ਅਸੀਂ ਪਿਛਲੀ ਦਿੱਤੀ ਸਲਾਹ ਹੀ ਤੁਹਾਨੂੰ ਯਾਦ ਕਰਵਾਉਂਦੇ ਹਾਂ ਕਿ ਕਿਸੇ ਤਰ੍ਹਾਂ ਦੀ ਵੀ ਅਜਿਹੀ ਜਲਦਬਾਜੀ ਨਹੀਂ ਕਰਨੀ ਚਾਹੀਦੀ ਜੋ ਸਾਨੂੰ ਪੁੱਠੀ ਪੈ ਸਕਦੀ ਹੋਵੇ। ਇਹ ਸੁਣ ਕੇ ਜਨਰਲ ਬਰਾੜ ਨੇ ਕਿਹਾ ਕਿ ਇਹ ਸਭ ਗੱਲਾਂ ਮੇਰੇ 'ਤੇ ਛੱਡੋ ਅਸੀਂ ਹੋਰ ਇੰਤਜ਼ਾਰ ਨਹੀਂ ਕਰ ਸਕਦੇ। ਕੀ ਤੁਸੀਂ ਨਹੀਂ ਜਾਣਦੇ ਕਿ ਆਮ ਜਨਤਾ ਦੇ ਮੁੱਠੀ ਭਰ ਲੋਕ ਫੌਜ ਨਾਲ ਕਿਵੇਂ ਲੜ ਸਕਦੇ ਹਨ? ਤੁਸੀਂ ਦੇਖੋਗੇ ਤੋਪਾਂ ਦੀ ਗੜਗੜਾਹਟ, ਵੱਡੀ ਗਿਣਤੀ ਵਿੱਚ ਫੌਜ ਦੀ ਘੇਰਾਬੰਦੀ, ਫੌਜ ਵੱਲੋਂ ਬਣਾਏ ਗਏ ਵੱਖ-ਵੱਖ ਮੋਰਚਿਆਂ ਤੋਂ ਕੀਤੀ ਜਾਣ ਵਾਲੀ ਫਾਇਰਿੰਗ ਨੂੰ ਦੇਖਦਿਆਂ ਸੰਤ ਭਿੰਡਰਾਂਵਾਲਿਆਂ ਸਮੇਤ ਉਨ੍ਹਾਂ ਦੇ ਸਭ ਸਾਥੀ ਆਤਮ ਸਮਰਪਣ ਕਰ ਦੇਣਗੇ। ਇਸੇ ਹੀ ਮਨਸ਼ਾ ਨਾਲ ਇਸ ਵਿਉਂਤਬੰਦੀ ਨੂੰ ਅੰਜਾਮ ਦਿੱਤਾ ਗਿਆ ਕਿ ਅੱਧੀ ਰਾਤ ਤੋਂ ਬਾਅਦ ਹਮਲਾ ਕਰ ਦਿੱਤਾ ਜਾਵੇਗਾ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਸ਼ਹੀਦੀ ਪੁਰਬ ਮਨਾਉਣ ਆਈਆਂ ਸੰਗਤਾਂ ਨੇ ਅੰਮ੍ਰਿਤ ਵੇਲੇ 2 ਵਜੇ ਤੋਂ ਹੀ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕੀਤਾ, ਨਿੱਤਨੇਮ ਦੀਆਂ ਬਾਣੀਆਂ ਪੜ੍ਹੀਆਂ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮਰਿਆਦਾ ਅਨੁਸਾਰ ਸਮੇਂ ਸਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਸਿੰਘ ਸਾਹਿਬ ਗਿਆਨੀ ਪ੍ਰੀਤਮ ਸਿੰਘ ਜੀ ਨੇ ਸ੍ਰੀ ਮੁੱਖ ਵਾਕ ਲਿਆ ਅਤੇ ਟਕਸਾਲ ਦੇ ਰਾਗੀ ਸਿੰਘਾਂ ਭਾਈ ਗੁਰਸ਼ਰਨ ਸਿੰਘ, ਭਾਈ ਮੁਖਤਿਆਰ ਸਿੰਘ, ਭਾਈ ਠਾਕੁਰ ਸਿੰਘ ਪਟਿਆਲਾ ਆਦਿ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਇਸੇ ਤਰ੍ਹਾਂ ਦਰਬਾਰ ਸਾਹਿਬ ਵਿਖੇ ਵੀ ਰਾਗੀ ਸਿੰਘ ਸੰਗਤ ਦੇ ਸਹਿਯੋਗ ਨਾਲ ਰੋਜ਼ਾਨਾ ਦੀ ਤਰ੍ਹਾਂ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਸੰਤ ਭਿੰਡਰਾਂਵਾਲਿਆਂ ਸਮੇਤ ਸਭ ਸਿੰਘ ਆਪੋ-ਆਪਣੀ ਥਾਈਂ ਨਿੱਤਨੇਮ ਅਤੇ ਹੋਰ ਬਾਣੀਆਂ ਪੜ੍ਹ ਰਹੇ ਸਨ। ਜਿਉਂ ਹੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸ੍ਰੀ ਹਰਿਮੰਦਰ ਸਾਹਿਬ ਨੂੰ ਰਵਾਨਾ ਹੋਣੀ ਤਾਂ ਇਸ ਨਾਲ ਬਹੁਤ ਸਾਰੀਆਂ ਸਿੱਖ ਸੰਗਤਾਂ ਸ਼ਰਧਾ ਭਾਵਨਾ ਸਹਿਤ ਸ਼ਾਮਿਲ ਹੋਈਆਂ। ਇਨ੍ਹਾਂ ਵਿੱਚ ਹੀ ਜਨਰਲ ਸ. ਸੁਬੇਗ ਸਿੰਘ ਅਤੇ ਜਥੇ ਦੇ ਕੁੱਝ ਸਿੰਘ ਸ਼ਾਮਿਲ ਸਨ। ਮਰਿਆਦਾ ਅਨੁਸਾਰ ਪਾਲਕੀ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਪਹੁੰਚੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ, ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਨੇ ਸ੍ਰੀ ਮੁੱਖ ਵਾਕ ਲਿਆ। ਉਪਰੋਂਤ ਕੁਝ ਕੁ ਸੰਗਤਾਂ ਵਾਪਸ ਦਰਸ਼ਨੀ ਡਿਊਢੀ ਵੱਲ ਪਰਤ ਰਹੀਆਂ ਸਨ ਜਨਰਲ ਸੁਬੇਗ ਸਿੰਘ ਵੀ ਇਨ੍ਹਾਂ ਸੰਗਤਾਂ ਨਾਲ ਵਾਪਸ ਪਰਤ ਰਹੇ ਸਨ ਜਿਉਂ ਹੀ ਉਹ ਦਰਸ਼ਨੀ ਡਿਊਢੀ ਵਿੱਚ ਪਹੁੰਚੇ ਉਸ ਸਮੇਂ ਅੰਮ੍ਰਿਤ ਵੇਲੇ 4:40 ਦਾ ਸਮਾਂ ਹੋ ਚੁੱਕਾ ਸੀ ਤਾਂ ਇਸੇ ਸਮੇਂ ਤੋਪ ਦਾ ਇੱਕ ਗੋਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਪੱਛਮ ਵਾਲੇ ਪਾਸੇ ਗੁੰਬਦ ਵਿੱਚ ਵੱਜਾ ਜਿਸ ਨਾਲ ਜ਼ੋਰਦਾਰ ਧਮਾਕਾ ਹੋਇਆ ਅਤੇ ਗੋਲਾ ਵੱਜਣ

Scanned with CamScanner

ਨਾਲ ਗੁੰਬਦ ਤੋਂ ਡਿੱਗੀਆਂ ਕੰਕਰਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੱਗੇ ਦੂਰ ਤੱਕ ਖਿੱਲਰ ਗਈਆਂ। ਧੂੰਏ ਦੇ ਗੁਬਾਰ ਆਕਾਸ਼ ਵੱਲ ਉਡੇ ਅਤੇ ਪ੍ਰਕਰਮਾ ਵਿੱਚ ਵੀ ਧੂੰਆ ਫੈਲ ਗਿਆ। ਇਹ ਵੇਖਦਿਆਂ ਹੀ ਜਨਰਲ ਸ. ਸੁਬੇਗ ਸਿੰਘ ਨੂੰ ਸਮਝਦਿਆਂ ਦੇਰ ਨਾ ਲੱਗੀ ਕਿ ਫੌਜ ਵੱਲੋਂ ਹਮਲਾ ਸ਼ੁਰੂ ਕਰ ਦਿੱਤਾ ਹੈ। ਉਹ ਕਾਹਲੀ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਹੁੰਚੇ ਜਿੱਥੇ ਉਨ੍ਹਾਂ ਨੇ ਵੇਖਿਆ ਕਿ ਸੰਤ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਬਾਓ-ਬਾਈਂ ਸਭ ਸਿੰਘਾਂ ਨੂੰ ਸੁਚੇਤ ਕਰ ਰਹੇ ਸਨ।

ਥੋੜ੍ਹੇ-ਥੋੜ੍ਹੇ ਚਿਰ ਬਾਅਦ ਤੋਪ ਦੇ ਕਈ ਗੋਲੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵੱਜੇ ਜਿਸ ਨਾਲ ਇਥੇ ਮੋਰਚਿਆਂ 'ਚ ਮੌਜੂਦ ਕੁੱਝ ਸਿੰਘ ਜ਼ਖਮੀ ਵੀ ਹੋਏ। ਇਸਦੇ ਬਾਵਜੂਦ ਸਭ ਮੋਰਚਿਆਂ ਵਿੱਚ ਸਿੰਘਾਂ ਨੇ ਬਿਜਲੀ ਦੀ ਫੁਰਤੀ ਵਾਂਗ ਪੁਜੀਸ਼ਨਾਂ ਸਾਂਭ ਲਈਆਂ। ਫੌਜ ਵੱਲੋਂ ਵੱਖ-ਵੱਖ ਉੱਚੀਆਂ ਥਾਵਾਂ ਦੇ ਮੋਰਚਿਆਂ ਤੋਂ ਭਾਰੀ ਫਾਈਰਿੰਗ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ-ਨਾਲ ਪੂਰਬੀ ਘੰਟਾਘਰ, ਸਿੰਘੀ ਹੋਟਲ, ਰਾਮਗੜ੍ਹੀਆ ਬੁੰਗੇ ਅਤੇ ਲੰਗਰ ਸਾਹਿਬ 'ਤੇ ਵੀ ਭਾਰੀ ਬੰਬਾਰੀ ਅਤੇ ਗੋਲਾਬਾਰੀ ਕੀਤੀ। ਜਵਾਬ ਵਿੱਚ ਸਿੰਘਾਂ ਨੇ ਵੀ ਪੂਰਬੀ ਘੰਟਾਘਰ, ਗੁਰੂ ਰਾਮਦਾਸ ਸਰਾਂ ਵਾਲੀ ਪਾਣੀ ਦੀ ਟੈਂਕੀ, ਲੰਗਰ ਸਾਹਿਬ ਦੇ ਉਪਰਲੇ ਮੋਰਚਿਆਂ ਅਤੇ ਪੱਛਮੀ ਘੰਟਾਘਰ ਦੇ ਆਟਾ ਮੰਡੀ ਵਾਲੇ ਪਾਸੇ ਜਿੱਥੇ ਤਿੰਨ ਉੱਚੀਆਂ ਇਮਾਰਤਾਂ ਉਪਰ ਸਿੰਘਾਂ ਦੇ ਮੋਰਚੇ ਸਨ ਆਦਿ ਤੋਂ ਜਵਾਬੀ ਫਾਇਰਿੰਗ ਕੀਤੀ ਗਈ। ਫੌਜ ਨੇ ਇਨ੍ਹਾਂ ਉੱਚੀਆਂ ਥਾਵਾਂ ਦੇ ਉਪਰਲੇ ਸਭ ਮੋਰਚਿਆਂ 'ਤੇ ਭਾਰੀ ਬੰਬਾਰੀ ਕਰਕੇ ਇਹ ਮੋਰਚੇ ਲਗਭਗ ਖਤਮ ਕਰ ਦਿੱਤੇ। ਦੂਜੇ ਪਾਸੇ ਸੰਤ ਭਿੰਡਰਾਂਵਾਲੇ ਅਤੇ ਜਨਰਲ ਸੁਬੇਗ ਸਿੰਘ ਨੇ 2 ਤਰੀਕ ਨੂੰ ਹੀ ਇਸਦਾ ਬਦਲਵਾਂ ਪ੍ਰਬੰਧ ਕਰਕੇ ਇਨ੍ਹਾਂ ਮੋਰਚਿਆਂ ਨੂੰ ਵਿਚਕਾਰਲੀਆਂ ਮੰਜ਼ਿਲਾਂ ਅਤੇ ਥੱਲੇ ਵਾਲੀਆਂ ਮੰਜ਼ਿਲਾਂ 'ਤੇ ਤਬਦੀਲ ਕਰ ਲਿਆ ਸੀ। ਇਸਦੇ ਬਾਵਜੂਦ ਸਿੰਘਾਂ ਦਾ ਕੁੱਝ ਨੁਕਸਾਨ ਜ਼ਰੂਰ ਹੋਇਆ ਪਰ ਜਿਆਦਾ ਸਿੰਘ ਬਦਲਵੇਂ ਮੋਰਚਿਆਂ ਵਿੱਚ ਪੁਜੀਸ਼ਨਾਂ ਲੈ ਚੁੱਕੇ ਸਨ। ਫੌਜ ਦਾ ਮੁੱਖ ਨਿਸ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਸੀ ਇਸ ਲਈ ਇੱਥੇ ਲਗਾਤਾਰ ਸ਼ਾਮ ਤੱਕ ਬੰਬਾਰੀ ਹੁੰਦੀ ਰਹੀ, ਜਿਸ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸੁਨਿਹਰੀ ਗੁੰਬਦ ਗੋਲੇ ਵੱਜਣ ਨਾਲ ਨੁਕਸਾਨਿਆ ਗਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਵਿੱਚੋਂ ਭਾਰੀ ਮਾਤਰਾ ਵਿੱਚ ਰੋੜੇ ਕੰਕਰਾਂ ਦੀ ਪ੍ਰਕਰਮਾ ਵਿੱਚ ਢੇਰੀ ਲੱਗ ਗਈ। ਤੋਪਾਂ ਦੇ ਗੋਲੇ ਚੱਲਣ ਨਾਲ ਧੂੰਏ ਦਾ ਚੜ੍ਹਿਆ ਗੁਬਾਰ ਦੂਰ ਤੱਕ ਵੇਖਿਆ ਗਿਆ। ਇਸ ਦੇ ਨਾਲ ਤੋਪਾਂ ਅਤੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਨੇ ਸੱਚ ਜ਼ਾਹਿਰ ਕਰ ਦਿੱਤਾ ਸੀ ਕਿ ਭਾਰਤੀ ਫੌਜਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਉੱਪਰ ਹਮਲਾ ਕਰ ਦਿੱਤਾ ਹੈ।

ਬਹੁਤ ਸਾਰੀਆਂ ਸਿੱਖ ਸੰਗਤਾਂ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਸ੍ਰੀ ਦਰਬਾਰ ਸਾਹਿਬ ਪਹੁੰਚੀਆਂ ਹੋਈਆਂ ਸਨ ਅਤੇ ਇਸਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਅਤੇ ਕੁੱਝ ਸ਼ਹਿਰੀ ਸੰਗਤਾਂ ਅੰਦਰ ਹੀ ਘਿਰ ਗਈਆਂ। ਹੁਣ ਇੱਥੇ ਇੱਕ ਗੱਲ ਸਾਫ ਜ਼ਾਹਿਰ ਹੁੰਦੀ ਹੈ ਕਿ ਫੌਜ ਨੇ ਜਾਣਬੁੱਝ ਕੇ ਗੁਰਪੁਰਬ ਦਾ ਦਿਨ ਚੁਣਿਆ ਸੀ ਤਾਂ ਕਿ ਵੱਧ ਤੋਂ ਵੱਧ ਸਿੱਖ ਸੰਗਤਾਂ ਨੂੰ ਫੌਜੀ ਸ਼ਕਤੀ ਰਾਹੀਂ ਮਾਰ ਮੁਕਾਇਆ ਜਾ ਸਕੇ, ਕੀ ਭਾਰਤ ਸਰਕਾਰ ਇਹ ਦੱਸ ਸਕਦੀ ਹੈ ਕਿ ਸ਼ਹੀਦੀ ਗੁਰਪੁਰਬ ਵਾਲੇ ਦਿਨ ਹੀ ਹਮਲਾ ਕਿਉਂ ਕੀਤਾ ਗਿਆ? ਇਸ ਬਾਰੇ ਆਮ ਸਿੱਖ ਸੰਗਤਾਂ ਨੂੰ ਸੂਚਿਤ ਕਿਉਂ ਨਹੀਂ ਕੀਤਾ ਗਿਆ? ਸੰਗਤਾਂ ਨੇ ਵੱਖ-ਵੱਖ ਬਰਾਂਡਿਆਂ ਦੇ ਕਮਰਿਆਂ ਵਿੱਚ ਜਾ ਜਿਥੇ ਵੀ ਸੁਰੱਖਿਅਤ ਜਗ੍ਹਾ ਮਿਲੀ ਉਥੇ ਹੀ ਰੁਕ ਕੇ ਸਮਾਂ ਬਤੀਤ ਕੀਤਾ। ਉੱਪਰ ਸ਼੍ਰੋਮਣੀ ਕਮੇਟੀ ਵੱਲੋਂ ਉਸ ਦਿਨ ਆਰੰਭ ਹੋਣ ਵਾਲੇ ਸ੍ਰੀ ਅਖੰਡ ਪਾਠ ਰੋਕ ਦਿੱਤੇ ਗਏ। ਇਸੇ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦਾ ਸਮੁੱਚਾ ਬਿਜਲੀ ਪਾਣੀ ਦਾ ਕੁਨੈਕਸ਼ਨ ਵੀ ਕੱਟ ਦਿੱਤਾ ਗਿਆ।

ਉਧਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਕੁੱਝ ਹੋਰ ਅਕਾਲੀ ਆਗੂ ਵੀ ਬੇਵੱਸ ਸਥਿਤੀ ਵਿੱਚ ਸਨ ਕਿਉਂਕਿ ਉਨ੍ਹਾਂ ਦੇ ਵੀ ਟੈਲੀਫੋਨ ਕੱਟੇ ਜਾ ਚੁੱਕੇ ਸਨ। ਉਹ ਉੱਝ ਵੀ ਹੁਣ ਸਮਝ ਚੁੱਕੇ ਸਨ ਕਿ ਹੁਣ ਤੱਕ ਸਾਡੇ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਬੇਅਰਥ ਰਹੀਆਂ ਹਨ ਅਤੇ ਕੇਂਦਰ ਵੱਲੋਂ ਸਾਡੇ ਨਾਲ ਕੀਤੀਆਂ ਜਾ ਰਹੀਆਂ ਮੀਟਿੰਗਾਂ ਸਿਰਫ ਫਰੇਬ ਭਰਿਆ ਛਲ ਹੀ ਸੀ ਅਤੇ ਹੁਣ ਕੇਂਦਰ ਸਰਕਾਰ ਨੇ ਇੱਕਤਰਫਾ ਫੈਸਲਾ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਤੋਪਾਂ ਨਾਲ ਹਮਲਾ ਕਰ ਦਿੱਤਾ ਹੈ ਜਿਸਦੇ ਸਰਕਾਰ ਨੂੰ ਭਿਆਨਕ ਨਤੀਜੇ ਭੁਗਤਣੇ ਪੈਣਗੇ।

ਸ਼ਾਮ ਦੇ 4.00 ਕੁ ਵਜੇ ਜਲ੍ਹਿਆਂ ਵਾਲੇ ਬਾਗ ਤੋਂ ਅੱਗੇ ਪੂਰਬੀ ਘੰਟਾਘਰ ਦੇ ਬਾਹਰ ਰੈਂਡ ਕਰਾਸ ਦੀ

Scanned with CamScanner

ਐਬੂਲੈਂਸ ਵੈਨ ਤੋਂ ਸਪੀਕਰ ਰਾਹੀਂ ਅਨਾਊਂਸਮੈਂਟ ਕੀਤੀ ਜਾ ਰਹੀ ਸੀ ਕਿ ਕਰਫਿਊ ਵਿੱਚ ਢਿੱਲ ਦਿੱਤੀ ਜਾ ਚੁੱਕੀ ਹੈ ਇਸ ਲਈ ਕੋਈ ਵੀ ਸ਼ਰਧਾਲੂ ਬਾਹਰ ਆਵੇਗਾ ਉਸ ਉਪਰ ਕਈ ਕਾਰਵਾਈ ਨਹੀਂ ਹੋਵੇਗੀ ਉਸ ਉਪਰ ਗੋਲੀ ਨਹੀਂ ਚਲਾਈ ਜਾਵੇਗੀ ਪਰ ਇਹ ਆਵਾਜ਼ ਇੰਨੀ ਧੀਮੀ ਸੀ ਕਿ ਕੰਪਲੈਕਸ ਦੇ ਅੰਦਰ ਸੁਣੀ ਨਹੀਂ ਜਾ ਸਕਦੀ ਸੀ। ਪਰ ਹੌਲੀ-ਹੌਲੀ ਸੰਗਤਾਂ ਵਿੱਚੋਂ ਅੱਗੇ ਤੋਂ ਅੱਗੇ ਇਸ ਗੱਲ ਦਾ ਪਤਾ ਲੱਗ ਰਿਹਾ ਸੀ ਜਿਸ ਕਾਰਨ ਕੁਝ ਸ਼ਰਧਾਲੂ ਸਿੱਖ ਸੰਗਤਾਂ ਕੰਪਲੈਕਸ ਤੋਂ ਬਾਹਰ ਆਈਆਂ ਪਰ ਉਨ੍ਹਾਂ ਵਿੱਚ ਵੀ ਜੇਕਰ ਕੋਈ ਨੌਜਵਾਨ ਉਮਰ ਦਾ ਵਿਅਕਤੀ ਸੀ ਤਾਂ ਉਸ ਨੂੰ ਗਿ੍ਫ਼ਤਾਰ ਕਰ ਲਿਆ ਗਿਆ। ਪਰ ਜਨਰਲ ਕੁਲਦੀਪ ਬਰਾੜ ਦੀ ਮਨਸ਼ਾ ਪੂਰੀ ਨਾ ਹੋ ਸਕੀ ਕਿਉਂਕਿ ਹਮਲਾਵਰ ਫੌਜ ਨਾਲ ਟੱਕਰ ਲੈਣ ਵਾਲੇ ਸਿੰਘਾਂ ਵਿੱਚੋਂ ਕਿਸੇ ਨੇ ਵੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਨਹੀਂ ਛੱਡਿਆ।

ਸਮੁੱਚੇ ਪੰਜਾਬ ਵਿੱਚ ਮੁੜ ਤੋਂ 36 ਘੰਟੇ ਦਾ ਕਰਫਿਊ ਲਗਾ ਦਿੱਤਾ ਗਿਆ। ਅਖਬਾਰਾਂ ਤੇ ਸੈਂਸਰ ਲਾ ਦਿੱਤੀ ਗਈ, ਹਰ ਤਰ੍ਹਾਂ ਦੇ ਪ੍ਰਸਾਰ ਮੀਡੀਆ 'ਤੇ ਪਾਬੰਦੀ ਲੱਗ ਗਈ, ਵਿਦੇਸ਼ੀ ਨਾਗਰਿਕਾਂ ਅਤੇ ਪੱਤਰਕਾਰਾਂ ਨੂੰ ਪੰਜਾਬ ਛੱਡ ਜਾਣ ਦੇ ਆਦੇਸ਼ ਦਿੱਤੇ ਗਏ। ਹਰ ਤਰ੍ਹਾਂ ਦੀਆਂ ਮੋਟਰ ਗੱਡੀਆਂ, ਸਾਈਕਲ, ਮੋਟਰਸਾਈਕਲ ਆਦਿ ਚੱਲਣ 'ਤੇ ਪਾਬੰਦੀ ਲਗਾ ਦਿੱਤੀ ਗਈ। ਭਾਵ ਕਿ ਪੰਜਾਬ ਨੂੰ ਸਮੁੱਚੀ ਦੁਨੀਆਂ ਨਾਲੋਂ ਕੱਟ ਦਿੱਤਾ ਗਿਆ। ਇਸ ਸਭ ਕੁੱਝ ਨੂੰ ਵੇਖ ਕੇ ਸਿਵਲ ਪ੍ਰਸ਼ਾਸਨ ਅਤੇ ਕੁੱਝ ਫੌਜੀ ਸਿੱਖ ਅਫਸਰ ਹੈਰਾਨ ਅਤੇ ਦੁਖੀ ਸਨ ਜੋ ਪਹਿਲਾਂ ਹੀ ਅਜਿਹਾ ਹਮਲਾ ਨਾ ਕਰਨ ਬਾਰੇ ਕਹਿ ਚੁੱਕੇ ਸਨ ਜਿਨ੍ਹਾਂ ਦਾ ਹਵਾਲਾ ਪਿਛੇ ਦੇ ਚੁੱਕੇ ਹਾਂ। ਡੀ.ਸੀ. ਤੇ ਐੱਸ.ਐੱਸ.ਪੀ. ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਵਿਖੇ ਹੋ ਰਹੀ ਗੋਲਾਬਾਰੀ ਬਾਰੇ ਜਾਣਦੇ ਹੋਏ, ਡਰੇ ਹੋਏ ਸਨ ਪਰ ਉਹ ਇੰਨੇ ਲਾਚਾਰ ਸਨ ਕਿ ਇਸਦੀ ਸੂਚਨਾ ਆਪਣੇ ਕਿਸੇ ਵੱਡੇ ਅਧਿਕਾਰੀ ਨੂੰ ਦੇਣ ਤੋਂ ਅਸਮਰੱਥ ਸਨ। ਫਿਰ ਵੀ ਉਨ੍ਹਾਂ ਨੇ ਕੋਸ਼ਿਸ਼ ਕਰਕੇ ਐੱਸ.ਪੀ. ਹੈੱਡ ਕੁਆਰਟਰ ਦੇ ਵਾਇਰਲੈੱਸ ਰਾਹੀਂ ਚੀਫ ਸੈਕਟਰੀ ਪੰਜਾਬ ਨੂੰ ਸੂਚਿਤ ਕੀਤਾ ਜਿਥੇ ਉਨ੍ਹਾਂ ਦੀ ਗੱਲ ਨੂੰ ਅਨਸੁਣੀ ਕਰ ਦਿੱਤਾ ਗਿਆ।

ਸ਼ਾਮ ਨੂੰ ਰਹਿਰਾਸ ਦੇ ਸਮੇਂ ਸੰਤਾਂ ਨੇ ਰਾਗੀ ਭਾਈ ਮੁਖਤਿਆਰ ਸਿੰਘ ਮੁਖੀ ਨੂੰ ਆਪਣੇ ਕੋਲ ਬੁਲਾ ਕੇ ਕਿਹਾ ਕਿ ਨਿੱਤ ਦੀ ਮਰਿਆਦਾ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਰਹਿਰਾਸ ਦਾ ਪਾਠ ਅਤੇ ਕੀਰਤਨ ਦੀ ਡਿਊਟੀ ਨਿਭਾਉਣੀ ਹੈ, ਨਾਲ ਹੀ ਕਿਹਾ ਕਿ ਕਿਸੇ ਗੱਲੋਂ ਘਬਰਾਉਣਾ ਨਹੀਂ, ਆਪਾਂ ਕਲਗੀਧਰ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਨਾਦੀ ਪੁੱਤਰ ਹਾਂ, ਜਿਨ੍ਹਾਂ ਨੇ ਯੁੱਧ ਦੇ ਸਮੇਂ ਸਰਸਾ ਨਦੀ ਨੂੰ ਪਾਰ ਕਰਦਿਆਂ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਕਰਨ ਲਈ ਕਿਹਾ ਸੀ। ਜਦੋਂ ਸਿੰਘਾਂ ਨੇ ਦੱਸਿਆ ਕਿ ਪਿੱਛੋਂ ਚੜ੍ਹੀਆਂ ਫੌਜਾਂ ਨਾਲ ਸਿੰਘਾਂ ਦਾ ਯੁੱਧ ਹੋ ਰਿਹਾ ਹੈ ਕਿਸੇ ਵੇਲੇ ਵੀ ਫੌਜਾਂ ਇਥੇ ਪਹੁੰਚ ਸਕਦੀਆਂ ਹਨ ਤਾਂ ਸਤਿਗੁਰੂ ਜੀ ਨੇ ਹੁਕਮ ਦਿੱਤਾ ਸੀ ਕਿ ਉਨ੍ਹਾਂ ਨਾਲ ਵੀ ਨਜਿੱਠਿਆ ਜਾਵੇਗਾ ਪਰ ਅੰਮ੍ਰਿਤ ਵੇਲੇ ਦਾ ਨਿਯਮ ਪਾਲਣਾ ਜ਼ਰੂਰੀ ਹੈ। ਸਤਿਗੁਰੂ ਸਾਹਿਬ ਨੇ ਸਿੱਖ ਕੌਮ ਲਈ ਇਨ੍ਹਾਂ ਨਿਯਮਾਂ ਦੇ ਪੂਰਨੇ ਪਾਏ ਹਨ। ਸੰਤਾਂ ਨੇ ਕਿਹਾ ਕਿ ਤੁਸੀਂ ਬੇਫਿਕਰ ਕੀਰਤਨ ਦੀ ਡਿਊਟੀ ਨਿਭਾਉ ਇਸ ਵਿੱਚ ਹੀ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਪ੍ਰਸੰਨਤਾ ਹੋਵੇਗੀ। ਭਾਈ ਮੁਖਤਿਆਰ ਸਿੰਘ ਸੋਚ ਰਿਹਾ ਸੀ ਕਿ ਇੱਕ ਪਾਸੇ ਸ੍ਰੀ ਅਕਾਲ ਤਖਤ ਸਾਹਿਬ ਉਪਰ ਗੋਲੇ ਵੱਜ ਰਹੇ ਹਨ ਦੂਜੇ ਪਾਸੇ ਸੰਤ ਮਹਾਪੁਰਖ ਮਰਿਆਦਾ ਪ੍ਰਤੀ ਇੰਨੇ ਗੰਭੀਰ ਹਨ। ਸੰਤਾਂ ਤੋਂ ਉਪਰੋਕਤ ਬਚਨ ਸੁਣ ਕੇ ਉਸ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਉਸ ਨੇ ਆਪਣੇ ਸਾਥੀ ਰਾਗੀ ਸਿੰਘ ਨਾਲ ਕੀਰਤਨ ਦੀ ਡਿਊਟੀ ਨਿਭਾਈ। ਕੇਵਲ 4 ਜੂਨ ਨੂੰ ਹੀ ਨਹੀਂ ਬਲਕਿ 5 ਜੂਨ ਨੂੰ ਜਦੋਂ ਸਿੰਘਾਂ ਦਾ ਭਾਰਤੀ ਫੌਜਾਂ ਨਾਲ ਆਹਮੋ ਸਾਹਮਣਾ ਤੇ ਗਹਿਗੱਚ ਮੁਕਾਬਲਾ ਹੋ ਰਿਹਾ ਸੀ ਤਾਂ ਵੀ ਨਿੱਤਨੇਮ ਅਤੇ ਕੀਰਤਨ ਦੀ ਡਿਊਟੀ ਨਿਭਾਈ ਗਈ।

ਭਾਵੇਂ ਸਾਰੇ ਸਿੰਘਾਂ ਵੱਲੋਂ ਪਹਿਲਾਂ ਹੀ ਦ੍ਰਿੜ੍ਹਤਾ ਸਹਿਤ ਡਿਊਟੀਆਂ ਸਾਂਭ ਲਈਆਂ ਗਈਆਂ ਸਨ ਪਰ ਫਿਰ ਵੀ ਸੰਤਾਂ ਨੇ ਜਨਰਲ ਸੁਬੇਗ ਸਿੰਘ ਅਤੇ ਬਾਕੀ ਸਿੰਘਾਂ ਨੂੰ ਜੋ ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੌਜੂਦ ਸਨ, ਉਨ੍ਹਾਂ ਸਭ ਨੂੰ ਸਲਾਹ ਦਿੱਤੀ ਕਿ ਭੁਣ ਕਿਸੇ ਵੇਲੇ ਵੀ ਫੌਜ ਕੰਪਲੈਕਸ ਦੇ ਅੰਦਰ ਦਾਖਲ ਹੋ ਸਕਦੀ ਹੈ। ਜਿਸਦਾ ਪੂਰੀ ਦਲੇਰੀ ਅਤੇ ਬਹਾਦਰੀ ਨਾਲ ਮੁਕਾਬਲਾ ਕਰਨਾ ਹੈ ਇੰਨਾ ਸੁਣਦਿਆਂ ਹੀ ਜਨਰਲ ਸੁਬੇਗ ਸਿੰਘ ਨੇ ਸਿੰਘਾਂ ਨੂੰ ਦਸਿਆ ਕਿ ਫੌਜ ਦਾ ਮਨਸੂਬਾ ਹੋਵੇਗਾ ਕਿ ਇੰਨੀ ਭਾਰੀ ਗੋਲਾਬਾਰੀ ਤੋਂ ਡਰਦਿਆਂ ਆਪਣੇ ਸਿੱਖ ਆਤਮ-ਸਮਰਪਣ ਕਰ ਜਾਣਗੇ ਪਰ ਮੈਂ ਪੂਰਾ ਦਿਨ ਵੱਖ-ਵੱਖ ਮੋਰਚਿਆਂ ਦਾ ਚੰਗੀ ਤਰ੍ਹਾਂ ਜਾਇਜ਼ਾ ਲਿਆ ਸਭ ਸਿੰਘ ਪੂਰੀ ਦਲੇਰੀ ਅਤੇ ਬਜ਼ਦੀ ਕਲਾ ਵਿੱਚ ਹਨ ਅਤੇ ਇਨ੍ਹਾਂ ਸਿੰਘਾਂ ਨੇ ਸਮੇਂ ਸਿਰ ਢੁੱਕਵਾਂ ਉੱਤਰ ਵੀ ਦਿੱਤਾ ਹੈ। ਇਸੇ ਦੌਰਾਨ ਸੰਤਾਂ ਨੇ ਤੇ

Scanned with CamScanner

ਭਾਈ ਅਮਰੀਕ ਸਿੰਘ ਨੇ ਵੱਖ-ਵੱਖ ਮੋਰਚੇ ਸੰਭਾਲੀ ਬੈਠੇ ਸਿੰਘਾਂ ਨਾਲ ਇੰਟਰਕੌਮ ਸਿਸਟਮ ਰਾਹੀਂ ਗੱਲਬਾਤ ਕੀਤੀ ਅਤੇ ਸਭ ਨੂੰ ਪੂਰੀ ਦਿਲੇਰੀ ਅਤੇ ਚੜ੍ਹਦੀ ਕਲਾ ਨਾਲ ਡਟ ਜਾਣ ਦਾ ਸੰਦੇਸ਼ ਦਿੱਤਾ।

ਰਹਿਰਾਸ ਤੋਂ ਬਾਅਦ ਸੰਤਾ ਨੇ ਭਾਈ ਅਮਰੀਕ ਸਿੰਘ, ਭਾਈ ਸੁਜਾਨ ਸਿੰਘ, ਭਾਈ ਰਾਮ ਸਿੰਘ ਅਤੇ ਕੁੱਝ ਹੋਰ ਸਿੰਘਾਂ ਨੂੰ ਕਿਹਾ ਕਿ ਜੋ ਸਿੰਘ ਪਰਿਵਾਰਾਂ ਸਮੇਤ ਸਰਾਵਾਂ ਵਿੱਚ ਰਹਿੰਦੇ ਹਨ ਉਨ੍ਹਾਂ ਨੂੰ ਕਹਿ ਕੇ ਬੱਚਿਆਂ ਅਤੇ ਬੀਬੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜ ਦਿੱਤਾ ਜਾਵੇ। ਭਾਈ ਰਸ਼ਪਾਲ ਸਿੰਘ ਪੀਏ ਨੇ ਇਹ ਸੁਨੇਹਾ ਭਾਈ ਹਰਮਿੰਦਰ ਸਿੰਘ ਸੋਪੂ ਨੂੰ ਦਿੱਤਾ ਜਿਨ੍ਹਾਂ ਨੇ ਫੈਡਰੇਸ਼ਨ ਦੇ ਸਿੰਘਾਂ ਨਾਲ ਰਲ ਕੇ ਕੁੱਝ ਬੀਬੀਆਂ ਨੂੰ ਗੁਰਦੁਆਰਾ ਮੰਜੀ ਸਾਹਿਬ ਦੇ ਕਥਾਵਾਚਕ ਗਿਆਨੀ ਦਲੀਪ ਸਿੰਘ, ਸਿੰਘ ਸ਼ਾਹਿਬ ਗਿਆਨੀ ਪੂਰਨ ਸਿੰਘ, ਸਿੰਘ ਸਾਹਿਬ ਗਿਆਨੀ ਪ੍ਰੀਤਮ ਸਿੰਘ ਆਦਿ ਦੇ ਘਰਾਂ ਵਿੱਚ ਭੇਜ ਦਿੱਤਾ। ਕੁੱਝ ਬੀਬੀਆਂ ਇੱਥੇ ਹੀ ਰਹਿ ਕੇ ਯੁੱਧ ਲੜਣ ਲਈ ਬਜ਼ਿੱਦ ਸਨ ਪਰ ਸਿਆਣੇ ਸਿੰਘਾਂ ਦੇ ਸਮਝਾਉਣ 'ਤੇ ਜਿਆਦਾਤਰ ਬੀਬੀਆਂ ਨੂੰ ਇੱਥੋਂ ਭੇਜ ਦਿੱਤਾ ਗਿਆ।

ਸੰਤ ਭਿੰਡਰਾਂਵਾਲਿਆਂ ਨੇ ਦੇਰ ਰਾਤ ਸਭ ਮੁਖੀ ਸਿੰਘਾਂ ਨੂੰ ਸੱਦ ਕੇ ਦੱਸਿਆ ਕਿ ਅੱਜ ਰਾਤ ਫੌਜ ਕਿਸੇ ਪਾਸਿਓਂ ਵੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਦਾਖਲ ਹੋ ਕੇ ਸਿੱਧੀ ਲੜਾਈ ਲੜਨ ਦਾ ਯਤਨ ਕਰਗੀ। ਜਨਰਲ ਸੁਬੇਗ ਸਿੰਘ ਨੇ ਕਿਹਾ ਕਿ ਅੱਜ ਦੀ ਰਾਤ ਦਰਬਾਰ ਸਾਹਿਬ ਨੂੰ ਆਉਣ ਵਾਲੇ ਸਭ ਰਸਤਿਆਂ 'ਤੇ ਤੁਹਾਡੀ ਬਾਜ਼ ਨਿਗ੍ਹਾ ਹੋਣੀ ਚਾਹੀਦੀ ਹੈ। ਮੇਰ ਅਨੁਸਾਰ ਫੌਜ ਪੂਰਬੀ ਘੰਟਾਘਰ ਵੱਲੋਂ ਵੱਡੀ ਗਿਣਤੀ ਵਿੱਚ ਅੰਦਰ ਆਵੇਗੀ। ਅਜਿਹੀ ਹਾਲਤ ਵਿੱਚ ਤੁਹਾਨੂੰ ਦੱਸੇ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੂਰਬੀ ਬਾਹੀ ਦੇ ਥੱਲੇ ਵਾਲੇ ਕਮਰਿਆਂ, ਘੰਟਾਘਰ ਦੇ ਪ੍ਰਵੇਸ਼ ਦਵਾਰ ਦੇ ਦੱਵੇ ਪਾਸੇ ਜ਼ਮੀਨੀ ਸੱਤਾ 'ਤੇ ਬਣੇ ਮੋਰਚਿਆਂ 'ਚ ਫੌਜ ਦਾ ਮੁਕਾਬਲਾ ਕਰਨਾ ਹੈ। ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾਵੇ ਕਿ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਕਰਨ ਲਈ ਪੁਕਰਮਾ ਵਿੱਚ ਵੜ ਚੁੱਕੀ ਫੌਜ ਉੱਪਰ ਜ਼ਮੀਨ ਤੋਂ ਸਿਰਫ ਇੱਕ ਫੁੱਟ ਦੀ ਉਚਾਈ 'ਤੇ ਨਿਸ਼ਾਨਾ ਰੱਖਣਾ ਹੈ। ਇਸੇ ਤਰ੍ਹਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੱਖਣੀ ਬਾਹੀ 'ਤੇ ਬਣੇ ਮੋਰਚੇ ਅਤੇ ਲਾਲ ਡਿਊਢੀ ਤੋਂ ਵੀ ਪੂਰੀ ਸੁਚੇਤਤਾ ਨਾਲ ਧਿਆਨ ਰੱਖਣਾ ਹੈ। ਬਾਕੀ ਸਭ ਢੰਗ ਤਰੀਕੇ ਤੁਹਾਨੂੰ ਚੰਗੀ ਤਰ੍ਹਾ ਸਮਝਾਏ ਜਾ ਚੁੱਕੇ ਹਨ। ਇਸਦੇ ਨਾਲ ਹੀ ਜਨਰਲ ਸੁਬੇਗ ਸਿੰਘ ਨੇ ਕਿਹਾ ਕਿ ਹੁਣ ਥੱਲੇ ਭੋਰਾ ਸਾਹਿਬ ਵਿੱਚ ਚੱਲਦੇ ਹਾਂ ਜਿਥੇ ਸੰਤ ਜੀ ਆਪਣੇ ਹੱਥੀਂ ਲੰਗਰਾਂ ਦਾ ਸਮਾਨ ਵੰਡਣਗੇ। ਇਨਾ ਸੁਣਦਿਆਂ ਹੀ ਸਿੰਘਾਂ ਨੇ ਪੰਜ ਜੈਕਾਰੇ ਬੁਲਾਏ ਅਤੇ ਸਭ ਸੰਤਾਂ ਦੇ ਪਿੱਛੇ-ਪਿੱਛੇ ਥੱਲੇ ਉਤਰ ਆਏ।

ਪ੍ਰਕਾਸ਼ ਅਸਥਾਨ 'ਤੇ ਸੰਤਾਂ ਸਮੇਤ ਸਭ ਨੇ ਮੱਥਾ ਟੇਕਿਆ ਫਿਰ ਥੱਲੇ ਉਤਰ ਜਿੱਥੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ, ਮਹਾਰਾਜਾ ਰਣਜੀਤ ਸਿੰਘ, ਸਿੰਘ ਸਾਹਿਬ ਅਕਾਲੀ ਫੂਲਾ ਸਿੰਘ, ਸ਼ਹੀਦ ਬਾਬਾ ਦੀਪ ਸਿੰਘ, ਸ਼ਹੀਦ ਬਾਬਾ ਗੁਰਬਖਸ਼ ਸਿੰਘ ਆਦਿ ਸਿੰਘਾਂ ਦੇ ਪੁਰਾਤਨ ਸ਼ਸ਼ਤਰਾਂ ਦਾ ਭੰਡਾਰ ਪਿਆ ਸੀ ਜਿਨ੍ਹਾਂ ਵਿੱਚ ਢਾਲਾਂ, ਕ੍ਰਿਪਾਨਾਂ, ਬਰਛੀਆਂ, ਖੰਡੇ ਆਦਿ ਮੌਜੂਦ ਸਨ। ਉੱਥੇ ਰੁਕ ਕੇ ਸੰਤਾਂ ਨੇ ਸਭ ਸਿੰਘਾਂ ਨੂੰ ਸੰਬੋਧਨ ਹੋ ਕੇ ਕਿਹਾ ਕਿ ਆਹ ਸ਼ਸ਼ਤਰ ਸਾਨੂੰ ਆਪਣਾ ਵਿਰਸਾ ਸੰਭਾਲਣ ਲਈ ਸੰਦੇਸ਼ ਦੇਣ ਵਾਸ਼ਤੇ ਵਿਰਾਸਤ ਹੈ। ਇਕੱਲੇ-ਇਕੱਲੇ ਸ਼ਸ਼ਤਰ ਨੂੰ ਵੇਖ ਕੇ ਸਵਾ-ਸਵਾ ਲੱਖ ਨਾਲ ਜੂਝਣ ਵਾਲੇ ਸਿੰਘਾਂ ਦੀ ਯਾਦ ਆਉਂਦੀ ਹੈ ਅਤੇ ਇਸੇ ਹੀ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾਵਰ ਹੋਈਆਂ ਫੌਜਾਂ ਨਾਲ ਲੜਦਿਆਂ ਆਪਣਾ ਸੀਸ ਭਲੀ ਤੇ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾਵਰ ਹੋਈਆਂ ਫੌਜਾਂ ਨਾਲ ਲੜਦਿਆਂ ਆਪਣਾ ਸੀਸ ਭਲੀ ਤੇ ਰੱਖ ਕੇ ਲੜਨ ਵਾਲੇ ਸਾਡੇ ਪੂਰਖੇ ਯੋਧੇ ਸ਼ਹੀਦ ਬਾਬਾ ਦੀਪ ਸਿੰਘ ਜੀ, ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਜਾਂ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਚੈਲੰਜ ਕਰਨ ਵਾਲੇ ਮੱਸੇ ਰੰਗੜ ਦਾ ਸਿਰ ਵੱਢਣ ਵਾਲੇ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਦੀ ਦਾਸਤਾਨ ਸਾਡੇ ਸਾਹਮਣੇ ਹੈ। ਹੁਣ ਸਮਾਂ ਸਾਡੇ 'ਤੇ ਆਣ ਬਣਿਆ ਹੈ ਆਪਾਂ ਵੀ ਮਨਾਂ ਵਿੱਚ ਆਸ ਰੱਖੀਏ ਗੁਰੂ ਸਾਹਿਬ ਸਾਡੇ 'ਤੇ ਵੀ ਅਜਿਹੀ ਕ੍ਰਿਪਾ ਕਰਨਗੇ ਕਿ ਅਸੀਂ ਆਪਣੇ ਵਿਰਸੇ ਮੁਤਾਬਕ ਸਿਰਾਂ ਨਾਲ ਲਿਖਾ ਜਾਈਏ। ਜਿਵੇਂ-ਜਿਵੇਂ ਸੰਤ ਜੀ ਬੋਲ ਰਹੇ ਸਨ ਤਿਵੇਂ-ਤਿਵੇਂ ਪਿੱਛੇ ਖੜ੍ਹੇ ਸਿੰਘਾਂ ਦੇ ਚਿਹਰਿਆਂ 'ਤੇ ਲਾਲੀਆਂ ਚੜ੍ਹ ਰਹੀਆਂ ਸਨ ਉਨ੍ਹਾਂ ਦੇ ਜਾਹੋ ਜਲਾਲ ਇੱਕ ਦੂਜੇ ਨੂੰ ਪੇ੍ਰਰ ਰਹੇ ਸਨ। ਇਸਦੇ ਨਾਲ ਹੀ ਸੰਤ ਜੀ ਭੋਰੇ ਵਿੱਚ ਗਏ ਅਤੇ ਸਭ ਸਿੰਘਾਂ ਨੂੰ ਲੋੜ ਮੁਤਾਬਕ ਜੰਗੀ ਸਮਾਨ ਦਿੱਤਾ ਅਤੇ ਨਾਲ ਹੀ ਕਿਹਾ ਕਿ ਇਸ ਸਮਾਨ ਨੂੰ ਬੜਾ ਨਹੀਂ ਸਮਝਣਾ ਭਾਵੇਂ ਆਪਾਂ ਜਾਣਦੇ ਹਾਂ ਕਿ ਤੋਪਾਂ ਅਤੇ ਟੈਂਕਾਂ ਦਾ ਮੁਕਾਬਲਾ ਇਸ ਸੀਮਿਤ ਸਾਜ਼ੋ-ਸਮਾਨ ਨਾਲ ਨਹੀਂ ਹੋ ਸਕਦਾ ਪਰ ਤੁਸੀਂ ਦੇਖੋਗੇ ਕਿ ਅਕਾਲ ਪੁਰਖ ਦੀ ਅਲੌਕਿਕ ਕਲਾ ਵਰਤੇਗੀ ਤੇ ਗੁਰੂ ਦੀ ਸਮਰੱਥਾ ਭਰੀ ਬਖਸ਼ਿਸ਼ ਨਾਲ ਆਪਾਂ ਚੜ੍ਹੀਆਂ ਫੌਜਾਂ ਦਾ ਮੂੰਹ ਤੋੜ ਜਵਾਬ ਦੇਵਾਂਗੇ। ਇਸ ਤਰ੍ਹਾਂ ਸਿੰਘ ਵਾਰੋ ਵਾਰੀ ਲੋੜ ਮੁਤਾਬਕ ਸਮਾਨ ਲੈ ਕੇ

Scanned with CamScanner

ਵੱਖ-ਵੱਖ ਮੋਰਚਿਆਂ ਵਿੱਚ ਚਲੇ ਗਏ। ਇਹ ਸਭ ਕੁੱਝ ਵੇਖ ਕੇ ਮੋਰਚਿਆਂ ਵਿੱਚ ਪਹਿਲਾਂ ਮੌਜੂਦ ਸਿੰਘਾਂ ਦੇ ਚਿਹਰਿਆਂ 'ਤੇ ਵੀ ਲਾਲੀਆਂ ਚੜ੍ਹ ਗਈਆਂ ਤੇ ਜੈਕਾਰਿਆਂ ਦੀ ਆਵਾਜ ਨਾਲ ਸਮੁੱਚਾ ਕੰਪਲੈਕਸ ਗੂੰਜਿਆ।

5 ਜੂਨ, 1984

4 ਜੂਨ ਦੀ ਗੋਲਾਬਾਰੀ ਦੌਰਾਨ ਕੀਤੀ ਗਈ ਤਬਾਹੀ ਤੇ ਢਾਹੇ ਗਏ ਮੋਰਚਿਆਂ ਤੋਂ ਬਾਅਦ ਜਨਰਲ ਬਰਾੜ ਨੇ ਸੋਚਿਆ ਕਿ ਏਨੀ ਤਬਾਹੀ ਤੋਂ ਬਾਅਦ ਫੌਜ ਨਾਲ ਲੜਨ ਦਾ ਜ਼ੋਖਮ ਭਿੰਡਰਾਂਵਾਲੇ ਅਤੇ ਉਸਦੇ ਸਾਥੀ ਨਹੀਂ ਉਠਾ ਸਕਣਗੇ। ਇਸ ਲਈ ਉਸ ਨੇ ਆਪਣੇ ਜੂਨੀਅਰ-ਸੀਨੀਅਰ ਫੌਜੀ ਅਫਸਰਾਂ ਨਾਲ 4 ਜੂਨ ਦੀ ਦੇਰ ਰਾਤ ਮੀਟਿੰਗ ਕੀਤੀ ਤੇ ਦੱਸਿਆ ਕਿ ਅੱਜ 5 ਜੂਨ ਨੂੰ ਦਿਨ ਚੜ੍ਹਣ ਤੋਂ ਬਹੁਤ ਸਮਾਂ ਪਹਿਲਾਂ ਸੈਂਕੜੇ ਗੋਤਾਖੋਰ ਫੌਜੀ ਕਮਾਂਡੋ ਹਥਿਆਰਾਂ ਸਮੇਤ ਸਰੋਵਰ ਵਿੱਚ ਦੀ ਤੈਰ ਕੇ ਹਰਿਮੰਦਰ ਸਾਹਿਬ ਵਿਖੇ ਪਹੁੰਚ ਜਾਣਗੇ ਅਤੇ ਸਮੁੱਚੇ ਦਰਬਾਰ ਨੂੰ ਆਪਣੇ ਕਬਜੇ ਵਿੱਚ ਲੈ ਲੈਣਗੇ। ਇਸ ਤਰ੍ਹਾਂ ਅਸੀਂ ਦੁਨੀਆ ਨੂੰ ਭੁਲੇਖਾ ਪਾ ਸਕਾਂਗੇ ਕਿ ਇਹ ਹਥਿਆਰ ਭਿੰਡਰਾਂਵਾਲੇ ਸੰਤਾਂ ਦੇ ਸਿੰਘਾਂ ਨੇ ਇਥੇ ਜਮ੍ਹਾਂ ਕੀਤੇ ਹੋਏ ਸਨ। ਦੂਸਰਾ ਜੇਕਰ ਅੰਦਰ ਹਥਿਆਰਬੰਦ ਸਿੰਘ ਹੋਏ ਤਾਂ ਉਨ੍ਹਾਂ ਨੂੰ ਵੀ ਉੱਥੇ ਹੀ ਖਤਮ ਕਰ ਦਿੱਤਾ ਜਾਵੇਗਾ। ਇਸਦੇ ਨਾਲ ਹੀ ਬਹੁਤ ਸਾਰੇ ਕਮਾਂਡੋ ਸੈਨਿਕ ਉੱਤਰੀ ਘੰਟਾਘਰ ਵੱਲੋਂ ਅੰਦਰ ਜਾ ਕੇ ਹੱਥੋ ਹੱਥੀ ਸੰਤ ਭਿੰਡਰਾਂਵਾਲੇ ਅਤੇ ਉਸਦੇ ਸਾਥੀਆਂ ਨੂੰ ਫੜ੍ਹ ਲੈਣਗੇ ਜਾਂ ਮਾਰ ਦੇਣਗੇ। ਇਸੇ ਤਰ੍ਹਾਂ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਤੋਂ ਵੀ ਬਖਤਰ ਬੰਦ ਗੱਡੀਆਂ ਦੇ ਸਹਾਰੇ ਫੌਜ ਅੰਦਰ ਜਾਵੇਗੀ। ਇਹ ਫੌਜੀ ਕਮਾਂਡੋ ਲੰਗਰ ਸਾਹਿਬ, ਸਰਾਂ ਗੁਰੂ ਰਾਮਦਾਸ, ਗੁਰੂ ਨਾਨਕ ਨਿਵਾਸ, ਦੀਵਾਨ ਹਾਲ ਮੰਜੀ ਸਾਹਿਬ ਆਦਿ ਥਾਵਾਂ 'ਤੇ ਕਬਜਾ ਕਰ ਲੈਣਗੇ ਕਿਉਂਕਿ ਸਿੰਘਾਂ ਦੇ ਸਭ ਮੋਰਚੇ ਢਾਹ ਦਿੱਤੇ ਗਏ ਹਨ, ਇਸ ਲਈ ਹੁਣ ਵੱਡੀ ਜੱਦੋ ਜਹਿਦ ਨਹੀਂ ਕਰਨੀ ਪਵੇਗੀ। ਫਿਰ ਜਦੋਂ ਸਭ ਪਾਸਿਆਂ ਤੋਂ ਇੱਕੋ ਹੀ ਸਮੇਂ ਫੌਜ ਕੰਪਲੈਕਸ ਅੰਦਰ ਜਾਵੇਗੀ ਤਾਂ ਫੌਜ ਦੀ ਏਨੀ ਤਾਦਾਦ ਵੇਖ ਕੇ ਫੌਜ ਅੱਗੇ ਕੋਈ ਵੀ ਅੜ ਨਹੀਂ ਸਕੇਗਾ। ਬਾਕੀ ਅਸੀਂ ਵੱਖ-ਵੱਖ ਥਾਵਾਂ 'ਤੇ ਬੀੜੀਆਂ ਗਈਆਂ ਤੋਪਾਂ ਤੇ ਹੈਲੀਕਾਪਟਰਾਂ ਰਾਹੀਂ ਸਮੁੱਚੀ ਕਾਰਵਾਈ 'ਤੇ ਨਜ਼ਰ ਰੱਖਾਂਗੇ। ਜੇ ਲੋੜ ਪਈ ਤਾਂ ਹੋਰ ਫੌਜੀ ਕਮਾਂਡੋ ਵੀ ਮਦਦ ਲਈ ਤਿਆਰ ਰਹਿਣਗੇ।

ਇਸੇ ਤਰ੍ਹਾਂ ਕੀਤਾ ਗਿਆ, 5 ਜੂਨ ਨੂੰ ਦਿਨ ਚੜ੍ਹਣ ਤੋਂ ਪਹਿਲਾਂ ਬਹੁਤ ਹਨ੍ਹੇਰੇ ਹੀ ਸੈਂਕੜੇ ਗੋਤਾਖੋਰ ਅਤੇ ਫੌਜੀ ਕਮਾਂਡੋ ਉੱਤਰੀ ਘੰਟਾਘਰ ਵਾਲੇ ਪਾਸੇ ਤੋਂ ਦਾਖਲ ਹੋਏ ਤੇ ਤੇਜ਼ੀ ਨਾਲ ਸਰੋਵਰ ਵੱਲ ਨੂੰ ਵਧਣੇ ਸ਼ੁਰੂ ਹੋਏ ਤਾਂ ਘੰਟਾਘਰ ਦੇ ਦੱਖਣੇ ਪਾਸੇ ਜ਼ਮੀਨੀ ਸਤਾ 'ਤੇ ਬਣੇ ਮੋਰਚਿਆਂ ਵਿੱਚੋਂ ਪੁਜੀਸ਼ਨਾਂ ਲਈ ਬੈਠੇ ਸਿੰਘਾਂ ਨੇ ਗੋਲੀਆਂ ਦਾ ਅੈਸਾ ਮੀਂਹ ਵਰ੍ਹਾਇਆ ਕਿ ਇਨ੍ਹਾਂ ਕਮਾਂਡੋਆਂ ਵਿੱਚੋਂ ਕੋਈ ਵੀ ਸਰੋਵਰ ਤੱਕ ਨਾ ਪਹੁੰਚ ਸਕਿਆ ਸਾਰੇ ਦੇ ਸਾਰੇ ਉਥੇ ਹੀ ਢਹਿ-ਢੇਰੀ ਕਰ ਦਿੱਤੇ। ਜਿਸ ਨਾਲ ਜਨਰਲ ਕੁਲਦੀਪ ਬਰਾੜ ਦੀ ਆਸ 'ਤੇ ਪਾਣੀ ਫਿਰ ਗਿਆ। ਦੂਜੇ ਪਾਸੇ ਲੰਗਰ ਸਾਹਿਬ ਅਤੇ ਗੁਰੂ ਰਾਮਦਾਸ ਸਰਾਂ ਵਿੱਚ ਪੈਂਦੇ ਗੇਟ ਰਾਹੀਂ ਅੰਦਰ ਜਾਣ ਲਈ ਫੌਜ ਅੱਗੇ ਵਧੀ ਤਾਂ ਇਥੇ ਲੱਗੇ ਦੇ ਦਰਵਾਜੇ 'ਤੇ ਜ਼ਿੰਦਰਾ ਲੱਗਾ ਹੋਇਆ ਸੀ ਜਿਸ ਨੂੰ ਫੌਜ ਨੇ ਟੈਂਕ ਨਾਲ ਇਸ ਗੇਟ ਨੂੰ ਤੋੜ ਦਿੱਤਾ। ਯਾਦ ਰਹੇ ਬਹੁਤ ਸਾਰੇ ਟੈਂਕ ਜਲ੍ਹਿਆਂ ਵਾਲੇ ਬਾਗ ਕੋਲ 4 ਤਰੀਕ ਦੀ ਰਾਤ ਨੂੰ ਖੜ੍ਹੇ ਕੀਤੇ ਗਏ ਸਨ। ਜਿਉਂ ਹੀ ਇਹ ਗੇਟ ਟੁੱਟਾ ਇੱਕ ਬਖਤਰ ਬੰਦ ਗੱਡੀ ਗੇਟ ਅੰਦਰ ਲੰਘੀ ਅਤੇ ਉਸਦੇ ਪਿੱਛੇ ਵੱਡੀ ਗਿਣਤੀ ਵਿੱਚ ਫੌਜੀ ਕਮਾਂਡੋ ਸਨ, ਹਾਲੇ ਥੋੜ੍ਹਾ ਹੀ ਅੱਗੇ ਵਧੇ ਸਨ ਕਿ ਇੱਕ ਪਾਸੇ ਫੈਡਰੇਸ਼ਨ ਦੇ ਸਿੰਘ ਜੋ ਅਕਾਲ ਰੈਸਟ ਹਾਊਸ ਤੋਂ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਸਨ ਅਤੇ ਦੂਜੇ ਪਾਸੇ ਲੰਗਰ ਸਾਹਿਬ ਤੇ ਮੋਰਚਾ ਸਾਂਭੀ ਬੈਠੇ ਸਿੰਘਾਂ ਨੇ ਦੋਨਾਂ ਤਰਫਾਂ ਤੋਂ ਗੋਲੀਆਂ ਦਾ ਅੈਸਾ ਮੀਂਹ ਵਰ੍ਹਾਇਆ ਕਿ ਇਨ੍ਹਾਂ ਕਮਾਂਡੋਆਂ ਦਾ ਵੀ ਥਾਂ 'ਤੇ ਹੀ ਸਫਾਇਆ ਕਰ ਦਿੱਤਾ। ਆਪਣੀ ਵਾਹ ਨਾ ਜਾਂਦੀ ਵੇਖ ਕੇ ਜਨਰਲ ਬਰਾੜ ਨੇ ਇੱਕ ਵਾਰ ਇਸ ਕਾਰਵਾਈ ਨੂੰ ਰੋਕ ਦਿੱਤਾ ਪਰ ਵੱਖ-ਵੱਖ ਥਾਵਾਂ ਤੋਂ ਤੋਪ ਦੇ ਗੋਲਿਆਂ ਨਾਲ ਅਜਿਹੀ ਤਬਾਹੀ ਮਚਾਈ ਜਿਸ ਨਾਲ ਸਾਰੇ ਕੰਪਲੈਕਸ ਵਿੱਚ ਧੂੰਆਂ, ਮਿੱਟੀ-ਘੱਟਾ ਦਾ ਗੁਬਾਰ ਚੜ੍ਹ ਗਿਆ ਜਿਸ ਨਾਲ ਇੱਕ ਤਰ੍ਹਾਂ ਹਨ੍ਹੇਰਾ ਹੀ ਛਾ ਗਿਆ ਸੀ, ਕੁੱਝ ਸਿੰਘਾਂ ਦੀਆਂ ਸ਼ਹੀਦੀਆਂ ਵੀ ਹੋਈਆਂ।

ਜਨਰਲ ਕੁਲਦੀਪ ਬਰਾੜ ਨੇ ਜਨਰਲ ਸੁੰਦਰਜੀ ਅਤੇ ਹੋਰ ਫੌਜੀ ਅਫਸਰਾਂ ਨਾਲ ਰੁਰੰਤ ਮੀਟਿੰਗ ਕੀਤੀ। ਇਸ ਸਮੇਂ ਦੋਵੇਂ ਜਨਰਲਾਂ ਦੀਆਂ ਵਧੀਆਂ ਹੋਈਆਂ ਚਿੰਤਾਵਾਂ ਦੂਸਰੇ ਅਫਸਰਾਂ ਨੂੰ ਸਾਫ ਦਿਖਾਈ ਦੇ ਰਹੀਆਂ ਸਨ। (ਜਿਸਦਾ ਜ਼ਿਕਰ ਕੁੱਝ ਅਫਸਰਾਂ ਨੇ ਪੱਤਰਕਾਰ ਕੰਵਰ ਸੰਧੂ ਦੀ ਇੰਟਰਵਿਊ ਵਿੱਚ ਸਾਂਝਾ ਕੀਤਾ ਹੈ) ਜਨਰਲ ਕੁਲਦੀਪ ਨੇ ਇਸ ਮੀਟਿੰਗ ਵਿੱਚ ਕਿਹਾ ਕਿ ਜੇਕਰ ਸਿੱਧੇ ਤੌਰ 'ਤੇ ਪ੍ਰਕਰਮਾ ਵਿੱਚ ਟੈਂਕ ਭੇਜ ਕੇ ਲੜਾਈ ਨਾ ਲੜੀ ਗਈ ਤਾਂ

Scanned with CamScanner

ਅਸੀਂ ਕਿਸੇ ਵੀ ਹਾਲਤ ਵਿੱਚ ਸਿੰਘਾਂ ਦਾ ਮੁਕਾਬਲਾ ਨਹੀਂ ਕਰ ਸਕਾਂਗੇ। ਇਸ 'ਤੇ ਇੱਕ ਜਨਰਲ ਨੇ ਕਿਹਾ ਕਿ ਤੁਹਾਨੂੰ ਪਹਿਲਾਂ ਵੀ ਕਈ ਵੱਡੇ ਫੌਜੀ ਤੇ ਸਿਵਲ ਅਫਸਰਾਂ ਨੇ ਸਲਾਹ ਦਿੱਤੀ ਸੀ ਕਿ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਲੜਨ ਮਰਨ ਲਈ ਦ੍ਰਿੜ ਸੰਕਲਪ ਹਨ ਉਹ ਕਿਸੇ ਵੀ ਕੀਮਤ 'ਤੇ ਆਤਮ ਸਮਰਪਣ ਨਹੀਂ ਕਰਨਗੇ। ਡਰ-ਭੈਅ ਤਾਂ ਉਨ੍ਹਾਂ ਦੇ ਨੇੜੇ ਤੇੜੇ ਵੀ ਨਹੀਂ, ਫਿਰ ਉਨ੍ਹਾਂ ਦੇ ਲੜਨ ਦੀ ਵਿਉਂਤਬੰਦੀ ਭਿੰਡਰਾਂਵਾਲਿਆਂ ਦੇ ਅਤਿ ਨਜਦੀਕੀ ਜਨਰਲ ਸੁਬੇਗ ਸਿੰਘ ਨੇ ਕੀਤੀ ਹੋਈ ਹੈ। ਜਿਸ ਨੂੰ ਗੁਰੀਲਾ ਯੁੱਧ ਦੀ ਵੱਡੀ ਮੁਹਾਰਤ ਹਾਸਲ ਹੈ। ਇਸੇ ਲਈ ਤੁਹਾਨੂੰ ਯੁੱਧ ਨੀਤੀ ਬਦਲਣ ਲਈ ਮਸ਼ਵਰੇ ਦਿੱਤੇ ਗਏ ਸਨ ਪਰ ਤੁਸੀਂ ਸਿਰਫ ਫੌਜੀ ਸ਼ਕਤੀ ਦਾ ਹਵਾਲਾ ਦੇ ਕੇ ਸਭ ਵੱਲੋਂ ਦਿੱਤੇ ਰਾਇ ਮਸ਼ਵਰੇ ਰੱਦ ਕਰ ਦਿੱਤੇ ਸਨ। ਅਜਿਹੀਆਂ ਗੱਲਾਂ ਸੁਣ ਕੇ ਪਸੀਨੋ-ਪਸੀਨੀ ਹੋਇਆ ਜਨਰਲ ਕੁਲਦੀਪ ਭਾਰੀ ਤੈਸ਼ ਵਿੱਚ ਆ ਗਿਆ ਅਤੇ ਉਸੇ ਤਰ੍ਹਾਂ ਫਿਰ ਬੋਲਿਆ ਹੁਣ ਫੌਜ ਪਿੱਛੇ ਨਹੀਂ ਹਟ ਸਕਦੀ ਤੁਸੀਂ ਅਜਿਹੀਆਂ ਗੱਲਾਂ ਕਰਕੇ ਫੌਜੀ ਅਫਸਰਾਂ ਦਾ ਮਨੋਬਲ ਨਾ ਡੇਗੋ। (ਹਾਲਾਂਕਿ ਉਹ ਆਪ ਬੁਰੀ ਤਰ੍ਹਾਂ ਸਿਰ ਤੋਂ ਪੈਰਾਂ ਤੱਕ ਦਹਿਲਿਆ ਹੋਇਆ ਸੀ) ਉਸ ਨੇ ਸੋਚਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਉੱਚੀਆਂ ਬਿਲਡਿੰਗਾਂ 'ਤੇ ਬੀੜੀਆਂ ਗਈਆਂ ਤੋਪਾਂ ਹੀ ਕਾਫੀ ਹਨ ਪਰ ਇਸ ਸਕੀਮ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਏ ਜਨਰਲ ਬਰਾੜ ਨੇ ਜਨਰਲ ਸੁੰਦਰਜੀ ਨੂੰ ਸਲਾਹ ਦਿੱਤੀ ਕਿ ਉਹ ਫੌਜ ਦੇ ਮੁਖੀ ਜਨਰਲ ਵੈਦਿਆ ਤੋਂ ਇਸ ਗੱਲ ਦੀ ਆਗਿਆ ਲਵੇ ਕਿ ਤੁਰੰਤ ਦਰਜਨਾਂ ਦੀ ਗਿਣਤੀ ਵਿੱਚ ਟੈਂਕ ਕੰਪਲੈਕਸ ਅੰਦਰ ਭੇਜੇ ਜਾਣ ਬਲਕਿ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਵੀ ਟੈਂਕ ਲੈ ਕੇ ਜਾਣ ਦੀ ਆਗਿਆ ਹੋਣੀ ਚਾਹੀਦੀ ਹੈ। ਇਸਦੇ ਉੱਤਰ ਵਿੱਚ ਜਨਰਲ ਸੁੰਦਰਜੀ ਨੇ ਕਿਹਾ ਕਿ ਮੈਂ ਕੋਸ਼ਿਸ਼ ਕਰਕੇ ਅਜਿਹਾ ਪ੍ਰਬੰਧ ਕਰਦਾ ਹਾਂ ਉਦੋਂ ਤੱਕ ਤੁਸੀਂ ਮੌਜੂਦਾ ਸਥਿਤੀ ਨੂੰ ਸੰਭਾਲੋ।

ਜਨਰਲ ਸੁੰਦਰਜੀ ਇੱਕ ਵਿਸ਼ੇਸ਼ ਜਹਾਜ ਰਾਹੀਂ ਦਿੱਲੀ ਪਹੁੰਚੇ, ਉਨ੍ਹਾਂ ਨੇ ਜਨਰਲ ਵੈਦਿਆ ਨਾਲ ਗੱਲਬਾਤ ਕੀਤੀ ਜੋ ਇਸ ਸਮੇਂ ਦਿੱਲੀ ਵਿਖੇ ਸਮੁੱਚੇ ਘਟਨਾਕ੍ਰਮ 'ਤੇ ਨਜ਼ਰ ਰੱਖ ਰਿਹਾ ਸੀ ਤੇ ਪਲ-ਪਲ ਦੀ ਖ਼ਬਰ ਇੰਦਰਾ ਗਾਂਧੀ ਅਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਦੇ ਰਿਹਾ ਸੀ ਉਸ ਨੂੰ ਯੁੱਧ ਦੇ ਹਾਲਾਤ ਤੋਂ ਜਾਣੂ ਕਰਵਾਇਆ ਕਿ ਗੱਲ ਇਨੀ ਆਸਾਨ ਨਹੀਂ ਜਿੰਨੀ ਜਨਰਲ ਕੁਲਦੀਪ ਬਰਾੜ ਸਮਝੀ ਬੈਠਾ ਸੀ। ਹੁਣ ਤੱਕ ਵੱਡੀ ਗਿਣਤੀ ਵਿੱਚ ਫੌਜੀ ਕਮਾਂਡੋ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਕੁੱਝ ਅਫਸਰ ਵੀ ਹਨ। ਇਸਦੇ ਬਾਵਜੂਦ ਕਮਾਂਡੋਆਂ ਦਾ ਕੰਪਲੈਕਸ ਦੇ ਅੰਦਰ ਜਾਣਾ ਅਸੰਭਵ ਹੈ, ਦੂਜੇ ਪਾਸੇ ਭਿੰਡਰਾਂਵਾਲੇ ਅਤੇ ਉਸਦੇ ਸਾਥੀ ਜਨਰਲ ਸੁਬੇਗ ਸਿੰਘ ਦੀ ਗੁਰੀਲਾ ਯੁੱਧ ਨੀਤੀ ਅਨੁਸਾਰ ਡਟੇ ਹੋਏ ਹਨ ਜੋ ਮਰਨ ਤੱਕ ਦੇ ਤਹੱਈਏ ਨਾਲ ਲੜਾਈ ਲੜ ਰਹੇ ਹਨ ਅਤੇ ਅੱਜ ਦੇ ਘਟਨਾਕ੍ਰਮ ਤੋਂ ਬਾਅਦ ਉਨ੍ਹਾਂ ਦੇ ਹੌਸਲੇ ਹੋਰ ਵੀ ਬੁਲੰਦ ਹੋਏ ਹਨ। ਇਸ ਲਈ ਜਨਰਲ ਕੁਲਦੀਪ ਬਰਾੜ ਨੇ ਮੈਨੂੰ ਤੁਹਾਡੇ ਕੋਲ ਭੇਜਿਆ ਹੈ। ਜਨਰਲ ਸੁੰਦਰਜੀ ਨੇ ਕਿਹਾ ਕਿ ਤੋਪਾਂ ਸਮੇਤ ਬਖਤਰ ਬੰਦ ਗੱਡੀਆਂ, ਟੈਂਕ ਅਤੇ ਹੋਰ ਜੰਗੀ ਸਮਾਨ ਕੰਪਲੈਕਸ ਅੰਦਰ ਲਿਜਾਣਾ ਪਵੇਗਾ ਤਾਂ ਹੀ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ। ਜਨਰਲ ਵੈਦਿਆ ਨੇ ਇਹ ਸਭ ਕੁਝ ਪ੍ਰਧਾਨ ਮੰਤਰੀ ਨੂੰ ਦੱਸਿਆ। ਇੰਨਾ ਸੁਣਦਿਆਂ ਹੀ ਇੰਦਰਾ ਗਾਂਧੀ ਨੇ ਕਿਹਾ ਕਿ ਤੁਸੀਂ ਤਾਂ ਕਹਿੰਦੇ ਸੀ ਕੁੱਝ ਘੰਟਿਆਂ ਦਾ ਹੀ ਓਪ੍ਰੇਸ਼ਨ ਹੈ ਅਤੇ ਫੌਜ ਦਾ ਨੁਕਸਾਨ ਕਰਵਾਏ ਬਿਨ੍ਹਾਂ ਹੀ ਇਸਨੂੰ ਮੁਕੰਮਲ ਕਰ ਲਿਆ ਜਾਵੇਗਾ। ਦੂਜੇ ਪਾਸੇ ਇੰਨਾ ਵੱਡਾ ਨੁਕਸਾਨ ਅਤੇ ਇੰਨੇ ਦਿਨ ਬੀਤ ਜਾਣ 'ਤੇ ਵੀ ਤੁਸੀਂ ਆਪਣੀ ਅਸਮਰੱਥਾ ਜ਼ਾਹਿਰ ਕਰ ਰਹੇ ਹੋ। ਇਸ 'ਤੇ ਜਨਰਲ ਵੈਦਿਆ ਨੇ ਕਿਹਾ ਕਿ ਜੋ ਸੰਦੇਸ਼ ਉਥੋਂ ਆ ਰਹੇ ਹਨ ਉਹ ਬਹੁਤ ਜ਼ੋਖਮ ਭਰੇ ਅਤੇ ਖਤਰਨਾਕ ਹਨ ਇਸ ਲਈ ਸਾਨੂੰ ਤੁਰੰਤ ਫੈਸਲਾ ਲੈਣਾ ਪਵੇਗਾ ਕਿ ਕੀ ਕਰਨਾ ਹੈ?

ਉੱਧਰ ਜਨਰਲ ਕੁਲਦੀਪ ਬਰਾੜ ਨੇ ਜਨਰਲ ਰਣਜੀਤ ਦਿਆਲ ਨੂੰ ਲੈ ਕੇ ਇੱਕ ਹੈਲੀਕਾਪਟਰ ਰਾਹੀਂ ਦੁਬਾਰਾ ਸਰਵੇਖਣ ਕੀਤਾ ਕਿ ਕੰਪਲੈਕਸ ਅੰਦਰੋਂ ਲੜਾਈ ਕਿੱਥੋਂ ਲੜੀ ਜਾ ਰਹੀ ਹੈ? ਉਨ੍ਹਾਂ ਨੇ ਵੇਖਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੱਛਮੀ ਬਾਹੀ ਵੱਲ ਆਟਾ ਮੰਡੀ ਵਾਲੇ ਘੰਟਾਘਰ ਦੇ ਬਾਹਰ ਉੱਚੀਆਂ ਦੋ ਪੁਰਾਣੀਆਂ ਇਮਾਰਤਾਂ ਹਨ, ਉਪਰ ਗੁਰੂ ਰਾਮਦਾਸ ਸਰਾਂ ਉਪਰ ਪਾਣੀ ਵਾਲੀ ਟੈਂਕੀ, ਗੁਰੂ ਨਾਨਕ ਨਿਵਾਸ ਉਪਰ ਬਣੀ ਪਾਣੀ ਵਾਲੀ ਟੈਂਕੀ, ਗੁੰਬਦਾਂ, ਲੰਗਰ ਦੇ ਸਾਹਮਣੇ ਵਾਲੀ ਡਿਊਢੀ, ਲੰਗਰ ਹਾਲ ਦੇ ਨਾਲ ਬਣੇ 18ਵੀਂ ਸਦੀ ਦੇ ਰਾਮਗੜ੍ਹੀਏ ਬੁੰਗੇ ਆਦਿ ਥਾਵਾਂ ਹਨ, ਜਿਨ੍ਹਾਂ ਨੂੰ ਖਤਮ ਕਰਨਾ ਜ਼ਰੂਰੀ ਹੈ। ਇਸ ਲਈ ਕੰਪਲੈਕਸ ਤੋਂ ਬਾਹਰ ਉੱਚੀਆਂ ਇਮਾਰਤਾਂ 'ਤੇ ਵੱਖ-ਵੱਖ ਥਾਈਂ ਬੀੜੀਆਂ ਤੋਪਾਂ ਰਾਹੀਂ ਇਨ੍ਹਾਂ ਥਾਵਾਂ 'ਤੇ ਭਾਰੀ ਗੋਲਾਬਾਰੀ ਕੀਤੀ ਗਈ ਜਿਸ ਨਾਲ ਪਾਣੀ ਵਾਲੀ ਟੈਂਕੀ ਤੋੜ ਦਿੱਤੀ ਗਈ, ਆਟਾ ਮੰਡੀ ਵਾਲੇ ਪਾਸੇ ਦੋਵੇਂ ਇਮਾਰਤਾਂ ਢਹਿ-ਢੇਰੀ ਕਰ ਦਿੱਤੀਆਂ ਗਈਆਂ ਅਤੇ ਉਥੇ

Scanned with CamScanner

ਬੁਰਜਿਆਂ 'ਤੇ ਤੋਪਾਂ ਦੇ ਗੋਲੇ ਵਰ੍ਹਾਏ ਗਏ ਜਿਸ ਨਾਲ ਇਨ੍ਹਾਂ ਬੁਰਜਿਆਂ ਵਿੱਚ ਵੱਡੇ ਮਘੋਰੇ ਪੈ ਗਏ ਪਰ ਇਹ ਬੁਰਜ ਇੰਨੇ ਮਜ਼ਬੂਤ ਸਨ ਕਿ ਡਿੱਗੇ ਨਹੀਂ। ਫਿਰ ਦੁਬਾਰਾ ਇਨ੍ਹਾਂ ਬੁਰਜਿਆਂ ਉੱਪਰ ਅਣਗਿਣਤ ਗੋਲੇ ਵਰ੍ਹਾਏ ਗਏ ਜਿਸ ਨਾਲ ਇਨ੍ਹਾਂ ਦੋਵੇਂ ਬੁਰਜਿਆਂ ਨੂੰ ਤਹਿਸ-ਨਹਿਸ ਕਰ ਦਿੱਤਾ ਗਿਆ। ਇਸ ਸਮੇਂ ਤੋਪਾਂ ਦੀਆਂ ਗਰਜ਼ਵੀਆਂ ਆਵਾਜ਼ਾਂ ਅਤੇ ਨਾਲ ਹੀ ਧੂੰਏ ਦੇ ਗੁਬਾਰ, ਅੱਗ ਦੀਆਂ ਲਪਟਾਂ ਨੇ ਕੰਪਲੈਕਸ ਦੇ ਇਸ ਹਿੱਸੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਇਸਦੇ ਨਾਲ ਹੀ 5 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਵੀ ਗੋਲਾਬਾਰੀ ਹੁੰਦੀ ਰਹੀ ਜਿਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਉੱਪਰਲਾ ਹਿੱਸਾ ਢਹਿ ਗਿਆ। ਸ਼ਾਮ ਹੁੰਦਿਆਂ ਤੱਕ ਭਾਰਤ ਸਰਕਾਰ ਦਾ ਫੈਸਲਾ ਜਨਰਲ ਵੈਦਿਆ ਰਾਹੀਂ ਜਨਰਲ ਸੁੰਦਰਜੀ ਨੂੰ ਦੱਸਿਆ ਗਿਆ ਕਿ ਫੌਜ ਟੈਂਕ ਤੋਪਾਂ ਦੀ ਵਰਤੋਂ ਕੰਪਲੈਕਸ ਦੇ ਅੰਦਰ ਜਾ ਕੇ ਵੀ ਕਰ ਸਕਦੀ ਹੈ। ਇਹ ਸੰਦੇਸ਼ ਲੈ ਕੇ ਜਨਰਲ ਸੁੰਦਰਜੀ ਸ਼ਾਮ ਨੂੰ ਅੰਮ੍ਰਿਤਸਰ ਪਹੁੰਚੇ ਤੇ ਉਸਨੇ ਤੁਰੰਤ ਜਨਰਲ ਕੁਲਦੀਪ ਨੂੰ ਇਸਦੀ ਜਾਣਕਾਰੀ ਦਿੱਤੀ ਤੇ ਇਸ ਸਬੰਧ ਵਿੱਚ ਢੁੱਕਵੇਂ ਪ੍ਰਬੰਧ ਕਰਨ ਲਈ ਕਿਹਾ। ਜਨਰਲ ਕੁਲਦੀਪ ਬਰਾੜ, ਜੋ ਹੁਣ ਤੱਕ ਫੌਜੀ ਸ਼ਕਤੀ ਦੇ ਵੱਡੇ ਘੁਮੇਡ ਵਿੱਚ ਸੀ ਪਰ ਸਿੱਖਾਂ ਵੱਲੋਂ ਲੜੀ ਗਈ ਲੜਾਈ ਕਾਰਨ ਉਹ ਜ਼ਮੀਨੀ ਹਕੀਕਤ ਨੂੰ ਸਮਝ ਚੁੱਕਾ ਸੀ ਪਰ ਉਹ ਇਸ ਗੱਲ ਤੋਂ ਚਿੰਤਤ ਸੀ ਕਿ ਮੈਂ ਇਹ ਸਭ ਕੁੱਝ ਸਮਝਣ ਵਿੱਚ ਬਹੁਤ ਦੇਰ ਕਰ ਬੈਠਾ ਹਾਂ।

ਕੁੱਝ ਸਿੱਖ ਸ਼ਰਧਾਲੂ ਬੀਬੀਆਂ ਤੇ ਬੱਚੇ ਜੋ ਫੌਜ ਨੇ ਗ੍ਰਿਫਤਾਰ ਕਰਕੇ ਕੋਤਵਾਲੀ ਵਿਖੇ ਬਿਠਾਏ ਹੋਏ ਸਨ। ਗਰਮੀ ਅਤੇ ਪਿਆਸ ਨਾਲ ਬੱਚੇ, ਔਰਤਾਂ ਵਿਲਕ ਰਹੇ ਸਨ ਇਸੇ ਹੀ ਹਾਲਤ ਵਿੱਚ ਇਨ੍ਹਾਂ ਦੇ ਨਾਮ ਦਰਜ ਕੀਤੇ ਜਾ ਰਹੇ ਸਨ। ਇਸੇ ਦੌਰਾਨ ਕਰਫਿਊ ਵਿੱਚ ਕੁਝ ਸਮੇਂ ਲਈ ਢਿੱਲ ਦੇਣ ਦਾ ਐਲਾਨ ਹੋਇਆ ਤਾਂ ਸ਼ਹਿਰ ਦੀ ਹਿੰਦੂ ਆਬਾਦੀ ਵਿੱਚੋਂ ਕੁੱਝ ਅਖੌਤੀ ਹਿੰਦੂਆਂ ਨੇ ਆਪਣੇ ਘਰਾਂ ਵਿੱਚੋਂ ਪੂੜੀਆਂ ਕੜਾਹ, ਸਬਜੀ ਪਰੌਠੇ ਆਦਿ ਲਿਆ ਕੇ ਫੌਜੀਆਂ ਨੂੰ ਵੰਡਣ ਲੱਗ ਪਏ। ਇਸ 'ਤੇ ਇੱਕ ਸਿੱਖ ਫੌਜੀ ਅਫਸਰ ਨੇ ਆਖਿਆ ਕਿ ਤੁਸੀਂ ਇਹ ਸਮਾਨ ਕੋਤਵਾਲੀ ਵਿੱਚ ਲੈ ਜਾਓ ਉੱਥੇ ਕੁੱਝ ਭੁੱਖੇ ਪਿਆਸੇ ਸ਼ਰਧਾਲੂ ਹਨ ਉਨ੍ਹਾਂ ਨੂੰ ਦਿਉ, ਇਨ੍ਹਾਂ ਫੌਜੀਆਂ ਨੂੰ ਤਾਂ ਲੜਾਈ ਦੌਰਾਨ ਵੀ ਖਾਣ-ਪੀਣ ਦੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਇਸ ਗੱਲ 'ਤੇ ਉਨ੍ਹਾਂ ਲੋਕਾਂ ਨੇ ਇਤਰਾਜ਼ ਉਠਾਉਂਦਿਆਂ ਕਿਹਾ ਕਿ ਅਸੀਂ ਇਹ ਖਾਣ-ਪੀਣ ਦਾ ਸਾਮਾਨ ਕੇਵਲ ਫੌਜੀਆਂ ਲਈ ਲੈ ਕੇ ਆਏ ਹਾਂ ਤਾਂ ਉਸ ਅਫਸਰ ਨੇ ਕਿਹਾ ਕਿ ਜੇਕਰ ਅਜਿਹਾ ਹੈ ਤਾਂ ਸਾਮਾਨ ਚੁਕਾਓ ਅਤੇ ਆਪਣੇ ਘਰਾਂ ਨੂੰ ਚਲੇ ਜਾਓ। ਇਸ ਤੋਂ ਬਾਅਦ ਉਹ ਲੋਕ ਸਾਮਾਨ ਲੈ ਕੇ ਆਪਣੇ ਘਰਾਂ ਨੂੰ ਚਲੇ ਗਏ।

ਉੱਧਰ ਉੱਚੀਆਂ ਥਾਵਾਂ ਦੇ ਮੋਰਚਿਆਂ ਵਿੱਚੋਂ ਕੁੱਝ ਸਿੰਘ ਸ਼ਹੀਦੀਆਂ ਪਾ ਚੁੱਕੇ ਸਨ, ਕੁੱਝ ਜ਼ਖਮੀ ਹੋ ਚੁੱਕੇ ਸਨ ਪਰ ਬਾਕੀ ਸਿੰਘ ਆਪੋ-ਆਪਣੀ ਥਾਈਂ ਪੂਰੀ ਦ੍ਰਿੜ੍ਹਤਾ ਨਾਲ ਡਟੇ ਹੋਏ ਸਨ। ਅੱਤ ਦੀ ਗਰਮੀ, ਤੋਪ ਦੇ ਗੋਲਿਆਂ ਦੀ ਅੱਗ ਵਰ੍ਹਾਉਂਦੀ ਬੰਬਾਰੀ, ਭੁੱਖੇ ਤੇ ਤਿਹਾਏ ਸਿੰਘ ਸੀਮਿਤ ਜੰਗੀ ਸਮਾਨ ਨਾਲ ਵੀ ਬੁਲੰਦ ਹੌਸਲੇ ਸਹਿਤ ਡਟੇ ਹੋਏ ਸਨ ਸਾਰੇ ਹੀ ਸਿੰਘ ਮਾਨਸਿਕ ਤੌਰ 'ਤੇ ਪਹਿਲਾਂ ਹੀ ਪ੍ਰਪੱਕ ਸਨ ਕਿ ਯੁੱਧ ਲੜਨਾ ਹੈ, ਫਿਰ ਸ਼ਹੀਦੀਆਂ ਤਾਂ ਹੋਣੀਆਂ ਹੀ ਹਨ ਤੇ ਇਨ੍ਹਾਂ ਸ਼ਹੀਦੀਆਂ ਦਾ ਮਨਾਂ ਵਿੱਚ ਚਾਅ ਰੱਖ ਕੇ ਤਾਂ ਪਿਛਲੇ ਕਈ ਮਹੀਨਿਆਂ ਤੋਂ ਵਿਸ਼ੇਸ਼ ਜਪ-ਤਪ, ਭਜਨ ਸਿਮਰਨ ਵਿੱਚ ਲੱਗੇ ਹੋਏ ਸਨ ਤੇ ਜਿਨ੍ਹਾਂ ਦੀ ਰਸਨਾ 'ਤੇ ਦਿਨ ਰਾਤ ਹਮੇਸ਼ਾ ਅਜਿਹੇ ਸ਼ਬਦ ਰਹਿੰਦੇ ਸਨ:

ਧੰਨਿ ਜੋਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥
ਦੇਹ ਅਨਿਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ ॥

ਅਥਵਾ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (੧੧੦੫)

ਉੱਧਰ ਜਨਰਲ ਸੁਬੇਗ ਸਿੰਘ ਜਿਸ ਨੇ ਭਾਰਤ ਦੀ ਖਾਤਰ ਦੇਸ਼ ਦੀਆਂ ਸਰਹੱਦਾਂ 'ਤੇ ਛਾਤੀਆਂ ਤਾਣ ਕੇ ਯੁੱਧ ਲੜੇ, ਭਾਰਤ ਦੇ ਦੁਸ਼ਮਣ ਦੇਸ਼ਾਂ ਦੀ ਧਰਤੀ 'ਤੇ ਜਾ ਕੇ ਗੁਰੀਲਾ ਯੁੱਧ ਲੜਦਿਆਂ ਦੇਸ਼ ਲਈ ਵੱਡੀਆਂ ਜਿੱਤਾਂ ਹਾਸਲ ਕਰਵਾਈਆਂ ਪਰ ਇਸਦੇ ਇਵਜ਼ ਵਿੱਚ ਜਨਰਲ ਸੁਬੇਗ ਸਿੰਘ ਨੂੰ ਹਿੰਦੁਸਤਾਨ ਦੇ ਹੁਕਮਰਾਨਾਂ ਵੱਲੋਂ ਜ਼ਲਾਲਤ ਦੇ ਆਲਮ ਵਿੱਚ ਧੱਕ ਦਿੱਤਾ ਗਿਆ ਸੀ ਪਰ ਉਸੇ ਜਨਰਲ ਸੁਬੇਗ ਸਿੰਘ ਨੂੰ ਜਦੋਂ ਇੱਕ ਮਰਦ-ਏ-ਮੁਜਾਹਿਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਪਿਛਲੇ ਕੁੱਝ ਸਾਲਾਂ ਤੋਂ ਮਿਲੀ ਸੰਗਤ ਨੇ ਜਿੱਥੇ ਨਾਮ ਬਾਣੀ ਦੀ ਰੰਗਤ ਚਾੜ੍ਹੀ

Scanned with CamScanner

ਉੱਚੇ ਸ. ਸੁਬੇਗ ਸਿੰਘ ਨੂੰ ਇਸ ਗੱਲ ਤੋਂ ਵੀ ਸੁਚੇਤ ਕੀਤਾ ਕਿ ਕੇਵਲ ਤੁਸੀਂ ਇਕੱਲੇ ਨਹੀਂ ਸਮੁੱਚੀ ਸਿੱਖ ਕੌਮ ਪੂਰੀ ਹੀ ਇਨ੍ਹਾਂ ਹੁਕਮਰਾਨਾਂ ਦਾ ਰਵੱਈਆ ਅਜਿਹਾ ਹੀ ਹੈ। ਸੰਤਾਂ ਨੇ ਬਹੁਤ ਸਮਾਂ ਪਹਿਲਾਂ ਹੀ ਜਨਰਲ ਸਾਹਿਬ ਨੂੰ ਕਿਹਾ ਸੀ ਕਿ ਇੱਕ ਦਿਨ ਆਵੇਗਾ ਇਨ੍ਹਾਂ ਦੀ ਜ਼ਹਿਨੀਅਤ ਜੱਗ ਜ਼ਾਹਿਰ ਹੋਵੇਗੀ ਜਦੋਂ ਇਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਤੋਪਾਂ ਤੇ ਟੈਂਕਾਂ ਨਾਲ ਹਮਲਾ ਕਰਨਾ ਹੈ। ਸਿੱਖਾ ਨਾਲ ਪੈਰ-ਪੈਰ 'ਤੇ ਹੋ ਰਹੇ ਵਿਤਕਰਿਆਂ ਬਾਰੇ ਸੰਤਾਂ ਕੋਲੋਂ ਸੁਣ ਕੇ ਜਨਰਲ ਸੁਬੇਗ ਸਿੰਘ ਨੇ ਦੋ ਟੂਕ ਫੈਸਲਾ ਆਪਣੇ ਹੀ ਮਨ ਵਿੱਚ ਕਰ ਲਿਆ ਸੀ ਕਿ ਸੰਤਾਂ ਦੀ ਅਗਵਾਈ ਵਿੱਚ ਉਪਰੋਕਤ ਹੁਕਮਰਾਨਾਂ ਨਾਲ ਦੋ ਹੱਥ ਕਰਨੇ ਹਨ ਇਸ ਲਈ ਉਹ ਆਮ ਜਥੇ ਦੇ ਸਿੰਘਾਂ ਵਾਂਗ ਨਿੱਤਨੇਮ ਕਰਦਾ, ਬਾਣੀ ਪੜ੍ਹਣ ਤੇ ਵੱਧ ਤੋਂ ਵੱਧ ਸਿਮਰਨ ਭਜਨ ਅਤੇ ਸੇਵਾ ਵਿੱਚ ਲੱਗਾ ਰਹਿੰਦਾ ਨਾਲ-ਨਾਲ ਹੁਣ ਤੱਕ ਦੀ ਮੋਰਚਾਬੰਦੀ ਵਿੱਚ ਵੀ ਉਸ ਨੇ ਸੰਤਾਂ ਦਾ ਪੂਰਾ ਸਾਥ ਨਿਭਾਇਆ ਸੀ ਤੇ ਹੁਣ ਵੀ ਬਿਨ੍ਹਾਂ ਕਿਸੇ ਭੈਅ ਤੋਂ ਨਿਡਰ ਹੋ ਕੇ ਇੱਧਰ ਉੱਧਰ ਮੋਰਚਿਆਂ ਵਿੱਚ ਜਾ-ਜਾ ਕੇ ਸਿੰਘਾਂ ਨੂੰ ਮਿਲਦਾ, ਹੌਸਲਾ ਵਧਾਉਂਦਾ ਤੇ ਉਨ੍ਹਾਂ ਦੇ ਹੌਸਲਿਆਂ ਤੋਂ ਕੁਰਬਾਨ ਜਾਂਦਾ ਤੇ ਇਹ ਸਭ ਕੁੱਝ ਸੰਤਾਂ ਨਾਲ ਤੇ ਉਨ੍ਹਾਂ ਦੇ ਕੁੱਝ ਮੁਖੀ ਸਿੰਘਾਂ ਨਾਲ ਵੀ ਸਾਂਝਾਂ ਕਰਦਾ ਕਿ ਪੁਰਾਤਨ ਸਮੇਂ ਵਿੱਚ ਸਿੰਘਾ ਵੱਲੋਂ ਲੜੇ ਗਏ ਯੁੱਧਾਂ ਦੀ ਦਾਸਤਾਨ ਸੁਣੀ ਸੀ ਪਰ ਅੱਜ ਅੱਖੀਂ ਵੇਖ ਕੇ ਮੇਰੇ ਮਨ ਦੀ ਅਵਸਥਾ ਕਹਿਣ ਤੋਂ ਪਰ੍ਹੇ ਹੈ।

ਜਨਰਲ ਸੁਬੇਗ ਸਿੰਘ ਸੰਤਾ ਦੀ ਇਸ ਸੋਚ ਤੋਂ ਵੀ ਬਹੁਤ ਪ੍ਰਭਾਵਿਤ ਸੀ ਕਿ ਸੰਤਾ ਨਾਲ ਸੇਵਾ ਨਿਭਾਉਣ ਦੀ ਮਨਸ਼ਾ ਨਾਲ ਕੋਈ ਵੀ ਸਿੰਘ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਉਸਦੀ ਜੋਗਤਾ ਪਰਖੀ ਜਾਂਦੀ ਹੈ ਤੇ ਜੋਗਤਾ ਮੁਤਾਬਕ ਹੀ ਉਸਨੂੰ ਡਿਊਟੀ ਦਿੱਤੀ ਜਾਂਦੀ ਹੈ। ਇਸੇ ਲਈ ਸੰਤਾਂ ਵੱਲੋਂ ਸਿੰਘਾ ਨੂੰ ਲਾਈ ਜਾਂਦੀ ਸੇਵਾ ਉਹ ਪੂਰੀ ਨਿਪੁੰਨਤਾ ਨਾਲ ਨਿਭਾਉਂਦੇ ਸਨ। ਜਨਰਲ ਸੁਬੇਗ ਸਿੰਘ ਇਸ ਗੱਲੋਂ ਵੀ ਸੰਤੁਸ਼ਟ ਸੀ ਕਿ ਸੰਤਾਂ ਨੇ ਮੇਰੀ ਯੋਗਤਾ ਅਤੇ ਯੁੱਧ ਦੇ ਤਜ਼ਰਬੇ ਅਨੁਸਾਰ ਹੀ ਮੇਰੀ ਸੇਵਾ ਲਾਈ ਹੈ। ਜਿਸ ਕਰਕੇ ਭਿੰਡਰਾਂਵਾਲੇ ਜੱਥੇ ਦੇ ਕੁੱਝ ਹੋਰ ਸਾਥੀ ਫੌਜੀ ਸਿੰਘਾਂ ਦੇ ਸਹਿਯੋਗ ਸਦਕਾ ਯੁੱਧਬੰਦੀ ਦੀ ਤਿਆਰੀ ਕੀਤੀ ਗਈ ਹੈ, ਉਹ ਪੂਰੀ ਤਸੱਲੀਬਖਸ਼ ਹੈ। ਹੁਣ ਤੱਕ ਸਿੰਘਾਂ ਵੱਲੋਂ ਕੀਤੇ ਗਏ ਮੁਕਾਬਲੇ ਨੇ ਹੈਂਕੜਬਾਜ ਜਨਰਲ ਕੁਲਦੀਪ ਵਰਗਿਆਂ ਦਾ ਦਿਮਾਗ ਟਿਕਾਣੇ ਕੀਤਾ ਹੈ। ਇਸ ਯੁੱਧ ਦੇ ਅੰਤ ਤੱਕ ਸੰਤ ਭਿੰਡਰਾਂਵਾਲਿਆਂ ਦੇ ਸਿੰਘਾਂ ਨੇ ਗੌਰਵਮਈ ਇਤਿਹਾਸ ਸਿਰਜ ਦੇਣਾ ਹੈ। ਇਸੇ ਫ਼ਿਕਰ ਨਾਲ ਜਨਰਲ ਸੁਬੇਗ ਸਿੰਘ ਇੱਕ ਤੋਂ ਦੂਜੇ ਮੋਰਚੇ ਵਿੱਚ ਸਿੰਘਾਂ ਨੂੰ ਮਿਲਦਾ, ਹੱਲਾਸ਼ੇਰੀ ਦਿੰਦਾ ਤੇ ਉਨ੍ਹਾਂ ਦੀਆਂ ਜੰਗੀ ਲੋੜਾਂ ਨੂੰ ਪੂਰਿਆਂ ਕਰਨ ਵਿੱਚ ਰੁੱਝਿਆ ਹੋਇਆ ਸੀ। ਸੰਤਾਂ ਵੱਲੋਂ ਦਿੱਤੇ ਆਦੇਸ਼, ਸਿੰਘਾਂ ਵੱਲੋਂ ਵਿਖਾਈ ਜਾ ਰਹੀ ਬਹਾਦਰੀ ਤੇ ਧਰਮ ਦੀ ਖਾਤਰ ਜੈਕਾਰਿਆਂ ਦੀ ਗੂੰਜ ਵਿੱਚ ਦਿੱਤੀਆਂ ਜਾ ਰਹੀਆਂ ਸ਼ਹੀਦੀਆਂ ਤੇ ਸਿੰਘਾਂ ਦੇ ਬੁਲੰਦ ਹੌਸਲਿਆਂ ਸਦਕਾ 5 ਜੂਨ ਦਾ ਪੂਰਾ ਦਿਨ ਵੀ ਜਨਰਲ ਸੁਬੇਗ ਸਿੰਘ ਨੇ ਭਾਰਤੀ ਫੌਜ ਦੇ ਤਿੰਨ ਜਨਰਲਾਂ ਤੇ ਵੱਖ-ਵੱਖ ਪਲਟਨਾਂ ਦੇ ਹਜ਼ਾਰਾਂ ਕਮਾਂਡੋਆਂ ਦਾ ਮੂੰਹ ਭੁਆਈ ਰੱਖਿਆ, ਜਿਸ ਵੀ ਫੌਜੀ ਅਫਸਰ ਜਾਂ ਕਮਾਂਡੋ ਨੇ ਸ੍ਰੀ ਅਕਾਲ ਤਖ਼ਤ ਵੱਲ ਆਉਣ ਦਾ ਯਤਨ ਕੀਤਾ ਉਸ ਨੂੰ ਉੱਥੇ ਹੀ ਮਾਰ ਮੁਕਾਇਆ। ਜੇਕਰ ਉਨ੍ਹਾਂ ਚੋਂ ਕਿਸੇ ਨੇ ਅੱਗੇ ਲੜਨ ਦੀ ਹਿੰਮਤ ਕੀਤੀ ਤਾਂ ਉਸ ਦਾ ਮੂੰਹ ਤੋੜ ਜਵਾਬ ਦਿੱਤਾ ਗਿਆ। ਇਸੇ ਤਰ੍ਹਾਂ ਸਾਰਾ ਦਿਨ ਬੀਤਿਆ ਤੇ ਹਾਲੇ ਵੀ ਘਮਸਾਨ ਦਾ ਯੁੱਧ ਜਾਰੀ ਸੀ।

ਵਰ੍ਹਦੀਆਂ ਗੋਲੀਆਂ ਵਿੱਚ ਵੀ ਸਿੰਘ ਸਾਹਿਬਾਨਾਂ ਨੇ ਪੂਰੀ ਦ੍ਰਿੜ੍ਹਤਾ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾਈ

5 ਜੂਨ ਨੂੰ ਸ਼ਾਮ 6:00 ਵਜੇ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਸੰਤਾਂ ਕੋਲ ਪਹੁੰਚੇ। ਉਸ ਸਮੇਂ ਸੰਤ ਕੁੱਝ ਕੁ ਸਿੰਘਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਵਿੱਚ ਸਨ ਅਤੇ ਆਪਣੇ ਹੱਥੀਂ ਮੈਗਜ਼ੀਨਾਂ ਵਿੱਚ ਗੋਲੀਆਂ ਭਰ ਰਹੇ ਸਨ। ਸਿੰਘ ਸਾਹਿਬ ਨੇ ਸੰਤਾਂ ਨੂੰ ਦੱਸਿਆ ਕਿ ਕੁਝ ਬੀਬੀਆਂ, ਬੱਚੇ, ਬਜ਼ੁਰਗ ਤੇ ਕੁੱਝ ਸ਼ਰਧਾਲੂ ਸਿੱਖਾਂ ਨੂੰ ਅਸੀਂ ਸੁਰੱਖਿਅਤ ਬਾਹਰ ਭੇਜ ਦਿੱਤਾ ਹੈ। ਸੰਤਾਂ ਨੇ ਪੁੱਛਿਆ ਕਿ ਅੰਦਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਿਰੰਤਰ ਸੇਵਾ ਦੇ ਨਿਯਮ ਨਿਭਾਏ ਜਾ ਰਹੇ ਹਨ? ਤਾਂ ਸਿੰਘ ਸਾਹਿਬ ਨੇ ਕਿਹਾ ਗੁਰੂ ਸਾਹਿਬ ਦੀ ਕ੍ਰਿਪਾ ਨਾਲ ਮਰਿਆਦਾ ਨੂੰ ਪੂਰੀ ਦ੍ਰਿੜ੍ਹਤਾ ਨਾਲ ਨਿਭਾਇਆ ਜਾ ਰਿਹਾ ਹੈ। ਇਸੇ ਦੌਰਾਨ ਕੋਈ-ਕੋਈ ਸਿੰਘ ਭੋਰੇ ਵਿੱਚ ਆਉਂਦਾ ਅਤੇ ਲੋੜ ਅਨੁਸਾਰ ਜੰਗੀ ਸਮਾਨ ਲੈ ਕੇ ਵਾਪਸ ਚਲੇ ਜਾਂਦਾ। ਸ਼ਾਮ ਦੇ 7:30 ਵੱਜ ਚੁੱਕੇ ਸਨ ਤਾਂ ਸੰਤਾਂ ਨੇ ਪੁੱਛਿਆ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਾਮ ਦੇ ਨਿੱਤਨੇਮ ਰਹਿਰਾਸ ਦਾ ਪਾਠ ਕਿਸ ਨੇ ਕਰਨਾ ਹੈ ਤਾਂ ਸਿੰਘ ਸਾਹਿਬ ਨੇ ਕਿਹਾ ਕਿ ਅੱਜ ਸਿੰਘ ਸਾਹਿਬ ਭਾਈ ਮੋਹਣ ਸਿੰਘ ਜੀ ਦੀ ਸੇਵਾ ਹੈ ਤੇ ਮੇਰੀ ਇੱਛਾ ਹੈ ਕਿ ਮੈਂ ਤੁਹਾਡੇ ਨਾਲ ਰਹਿ ਕੇ ਇੱਥੇ ਸੇਵਾ ਨਿਭਾਵਾਂ।

Scanned with CamScanner

ਸੰਤਾਂ ਨੇ ਕਿਹਾ ਇਸ ਯੁੱਧ ਤੋਂ ਬਾਅਦ ਵੀ ਤੁਹਾਡੇ ਵਰਗੇ ਜਿਆਣੇ ਸਿੰਘਾਂ ਦੀ ਜ਼ਰੂਰਤ ਹੈ। ਉਨ੍ਹਾਂ ਇਹ ਵੀ ਕਿਹਾ ਕਿ ਖਿਆਲ ਰੱਖੋ ਸ਼ਾਇਦ ਗੋਲਾਬਾਰੀ ਕਾਰਨ ਸਿੰਘ ਸਾਹਿਬ ਭਾਈ ਮੋਹਣ ਸਿੰਘ ਜੀ ਸਮੇਂ ਸਿਰ ਨਾ ਪਹੁੰਚ ਸਕਣ। ਇਸ ਲਈ ਤੁਸੀਂ ਹਰਿਮੰਦਰ ਸਾਹਿਬ ਜਾਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਤੁਹਾਡੀ ਰੱਖਿਆ ਕਰਨਗੇ। ਇਸ ਤਰ੍ਹਾਂ ਸਿੰਘ ਸਾਹਿਬ ਵਰ੍ਹਦੀਆਂ ਗੋਲੀਆਂ ਵਿੱਚ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਰਿਮੰਦਰ ਸਾਹਿਬ ਗਏ, ਜਾ ਕੇ ਵੇਖਿਆ ਕਿ ਹਾਲੇ ਤੱਕ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਆਰੰਭ ਨਹੀਂ ਹੋਇਆ ਤਾਂ ਉਨ੍ਹਾਂ ਜਾ ਕੇ ਸਤਿਗੁਰੂ ਜੀ ਦੀ ਤਾਬਿਆ ਵਿੱਚ ਰਹਿਰਾਸ ਦਾ ਪਾਠ ਆਰੰਭ ਕੀਤਾ। ਉਦੋਂ ਤੱਕ ਵਰ੍ਹਦੀਆਂ ਗੋਲੀਆਂ ਵਿੱਚ ਹੀ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਵੀ ਪਹੁੰਚ ਗਏ। ਉਸ ਸਮੇਂ ਕੁੱਲ 22 ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਨ। ਅਰਦਾਸ ਤੋਂ ਬਾਅਦ ਕੀਰਤਨ ਦੀ ਸੇਵਾ ਭਾਈ ਅਵਤਾਰ ਸਿੰਘ ਨੇ ਨਿਭਾਈ। ਜੋ ਅਖੰਡ ਕੀਰਤਨੀ ਜਥੇ ਦਾ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁੱਖ ਆਸਣ ਕਰਕੇ ਉੱਪਰ ਜਿਥੇ ਹਰਿ ਕੀ ਪੌੜੀ ਵਾਲੇ ਸਥਾਨ 'ਤੇ ਸ੍ਰੀ ਅਖੰਡ ਪਾਠ ਸਾਹਿਬ ਚੱਲਦੇ ਹਨ ਉੱਥੇ ਸਤਿਗੁਰੂ ਜੀ ਦਾ ਸੁੱਖ ਆਸਣ ਕੀਤਾ ਗਿਆ। ਉੱਪਰ ਜਾਣ 'ਤੇ ਪਤਾ ਲੱਗਾ ਕਿ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਸਿੱਧੀਆਂ ਚਲਾਈਆਂ ਗਈਆਂ ਗੋਲੀਆਂ ਲੱਗਣ ਕਾਰਨ ਹਰਿ ਕੀ ਪੌੜੀ ਵਿਖੇ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਦੀ ਤਾਬਿਆ ਬੈਠਾ ਸਿੰਘ ਵੀ ਜ਼ਖਮੀ ਹੋ ਚੁੱਕਾ ਸੀ। ਇਸ ਲਈ ਇੱਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁੱਖ ਆਸਣ ਕਰ ਦਿੱਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਸਾਰੇ ਬੂਹੇ ਬਾਰੀਆਂ ਬੰਦ ਕਰ ਦਿੱਤੇ ਗਏ ਤੇ ਇਹ ਸਾਰੇ ਸਿੰਘ ਤੇ ਦੋਵੇਂ ਸਿੰਘ ਸਾਹਿਬਾਨ ਸਾਰੀ ਰਾਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੀ ਹਾਜ਼ਰ ਰਹੇ। ਸਾਰੀ ਰਾਤ ਮੀਂਹ ਵਾਂਗ ਗੋਲੀਆਂ ਚੱਲਦੀਆਂ ਰਹੀਆਂ ਤੇ ਬਹੁਤ ਸਾਰੀਆਂ ਗੋਲੀਆਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਵੀ ਵੱਜੀਆਂ। ਪਰ ਇਹ ਸਿੰਘ ਅਡੋਲ ਸਿਮਰਨ ਕਰਦੇ ਰਹੇ। ਧੰਨ ਹਨ ਇਹ ਗੁਰੂ ਪਿਆਰੇ ਜਿਨ੍ਹਾਂ ਨੇ ਮੌਤ ਦੀ ਪ੍ਰਵਾਹ ਕੀਤੇ ਬਿਨ੍ਹਾਂ ਗੁਰਮਰਿਆਦਾ ਨੂੰ ਜਾਗੀ ਰੱਖਿਆ। ਬਾਹਰ ਘਮਸਾਨ ਦਾ ਯੁੱਧ ਹੋ ਰਿਹਾ ਹੈ, ਤੋਪਾਂ ਦੇ ਗੋਲੇ ਚੱਲ ਰਹੇ ਹਨ ਪਰ ਇਹ ਦੋਵੇਂ ਸਿੰਘ ਸਾਹਿਬਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਾਜ਼ਰ ਰਹੇ। ਅੰਮ੍ਰਿਤ ਵੇਲੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਇਸੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਵੀ ਗੋਲੀਆਂ ਵੱਜੀਆਂ। ਭਾਈ ਅਵਤਾਰ ਸਿੰਘ ਨੇ ਬਾਕੀ ਸਿੰਘਾਂ ਦੀ ਮਦਦ ਨਾਲ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸੇਵਾ ਨਿਭਾਈ ਤੇ ਕੀਰਤਨ ਕਰਦਿਆਂ ਹੀ ਇਸ ਨੂੰ ਵੀ ਦੋ ਗੋਲੀਆਂ ਵੱਜੀਆਂ ਤੇ ਜ਼ਖਮੀ ਹਾਲਤ ਵਿੱਚ ਹੀ ਕੀਰਤਨ ਦੀ ਸੇਵਾ ਨਿਭਾਈ।

ਜਨਰਲ ਸ. ਸੁਬੇਗ ਸਿੰਘ ਦੀ ਸ਼ਹੀਦੀ

ਪੰਜ ਜੂਨ ਰਾਤ 8-9 ਵਜੇ ਦੇ ਦਰਮਿਆਨ ਇੱਕ ਮੋਰਚੇ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਨੂੰ ਪਰਤ ਰਹੇ ਜਨਰਲ ਸ. ਸੁਬੇਗ ਸਿੰਘ ਨੂੰ ਗੋਲੀ ਲੱਗ ਗਈ ਜਿਸਦਾ ਪਤਾ ਉਨ੍ਹਾਂ ਨੂੰ ਲੱਗ ਗਿਆ ਸੀ ਕਿ ਲੱਗੀ ਹੋਈ ਗੋਲੀ ਮੇਰੀ ਸ਼ਹੀਦੀ ਦਾ ਕਾਰਨ ਬਣੇਗੀ। ਜੁਝਾਰੂ ਜੋਸ਼ ਵਿੱਚ ਉਸਨੇ ਆਪਣੇ ਰਿਵਾਲਵਰ ਵਿੱਚੋਂ ਪੰਜ ਫਾਇਰ ਕੀਤੇ ਅਤੇ ਨੇੜੇ ਹੀ ਮੋਰਚੇ ਵਿੱਚੋਂ ਇੱਕ ਸਿੰਘ ਨੂੰ ਆਵਾਜ਼ ਮਾਰ ਕੇ ਦੱਸਿਆ ਕਿ ਮੇਰੇ ਗੋਲੀ ਲੱਗ ਚੁੱਕੀ ਹੈ ਮੈਨੂੰ ਆਸਰਾ ਦੇ ਕੇ ਅਕਾਲ ਤਖ਼ਤ 'ਤੇ ਲੈ ਚੱਲੋ। ਉਸ ਸਿੰਘ ਨੇ ਜਨਰਲ ਸੁਬੇਗ ਸਿੰਘ ਨੂੰ ਆਸਰਾ ਦਿੱਤਾ ਅਤੇ ਨਾਲ ਕਿਹਾ ਕਿ ਆਪਣੇ ਹੱਥ ਵਾਲਾ ਰਿਵਾਲਵਰ ਮੈਨੂੰ ਦੇ ਦਿਉ ਉਨ੍ਹਾਂ ਦ੍ਰਿੜ੍ਹਤਾ ਨਾਲ ਕਿਹਾ ਕਿ ਸ਼ਹੀਦੀ ਦਮ ਤੱਕ ਇਹ ਹਥਿਆਰ ਨਹੀਂ ਦੇਵਾਂਗਾ। ਇਸੇ ਹਾਲਤ ਵਿੱਚ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ 'ਤੇ ਸੰਤਾਂ ਕੋਲ ਲੈ ਗਏ ਜਿਥੇ ਉਨ੍ਹਾਂ ਨੂੰ ਲੰਮੇ ਪਾ ਦਿੱਤਾ ਗਿਆ। ਉਨ੍ਹਾਂ ਸੰਤਾਂ ਨੂੰ ਫ਼ਤਿਹ ਬੁਲਾਈ ਤੇ ਕਿਹਾ ਕਿ ਮਹਾਂਪੁਰਖੋ, ਮੈਂ ਆਪਣੀ ਤਨਦੇਹੀ ਨਾਲ ਆਪਣਾ ਫਰਜ਼ ਨਿਭਾਅ ਚੱਲਿਆ ਹਾਂ ਸੰਤਾਂ ਨੇ ਉਸਨੂੰ ਸੰਬੋਧਨ ਹੋ ਕੇ ਕਿਹਾ ਕਿ ਜਨਰਲ ਸਾਹਿਬ, ਜੰਗਾਂ ਤਾਂ ਤੁਸੀਂ ਪਹਿਲਾਂ ਵੀ ਲੜੀਆਂ ਹਨ ਪਰ ਜਿਨ੍ਹਾਂ ਦੀ ਖਾਤਰ ਲੜੀਆਂ ਅੱਜ ਉਨ੍ਹਾਂ ਦੀਆਂ ਕਰਤੂਤਾਂ ਕਾਰਨ ਉਨ੍ਹਾਂ ਖਿਲਾਫ ਹੀ ਯੁੱਧ ਲੜਦਿਆਂ ਧਰਮ ਦੀ ਖਾਤਰ ਸ਼ਹਾਦਤ ਦੇ ਰਹੇ ਹੋ। ਕੌਮ ਨੂੰ ਤੁਹਾਡੀ ਕਰਨੀ ਅਤੇ ਸ਼ਹਾਦਤ 'ਤੇ ਹਮੇਸ਼ਾ ਮਾਣ ਰਹੇਗਾ ਸੂਰਮੇ ਦਾ ਧਰਮ ਆਖਰੀ ਦਮ ਤੱਕ ਜੂਝਣਾ ਹੀ ਹੁੰਦਾ ਹੈ ਤੇ ਤੁਹਾਡੇ ਹੱਥ ਵਿੱਚ ਫੜ੍ਹਿਆ ਹੋਇਆ ਰਿਵਾਲਵਰ ਇਸੇ ਗੱਲ ਦੀ ਮਿਸਾਲ ਹੈ। ਸੰਤਾਂ ਨੇ ਬਹੁਤ ਗੰਭੀਰਤਾ ਨਾਲ ਪੁੱਛਿਆ ਕਿ ਇਸ ਸਮੇਂ ਕੀ ਸੋਚਦੇ ਹੋ? ਤਾਂ ਜਨਰਲ ਸਾਹਿਬ ਕਹਿਣ ਲੱਗੇ ਧਰਮ ਦੀ ਖਾਤਰ ਯੁੱਧ ਲੜਦਿਆਂ ਸ਼ਹਾਦਤ ਹੋ ਰਹੀ ਹੈ ਉਹ ਵੀ ਗੁਰੂ ਕੀ ਬਾਣੀ ਅਨੁਸਾਰ

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥ (੧੩੬੭)

Scanned with CamScanner

ਤੇ ਦੂਸਰੀ ਗੱਲ ਆਪ ਵਰਗੇ ਮਹਾਪੁਰਖਾਂ ਦੀ ਸੰਗਤ ਕਰਦਿਆਂ, ਬਾਣੀ ਦਾ ਅਨੰਦ ਮਾਣਿਆ ਹੈ ਅਤੇ ਅੰਤਿਮ ਸਮੇਂ ਵੀ ਗੁਰੂ ਦੀ ਗੋਦ ਵਿੱਚ ਹਾਂ। ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪਾਵਨ ਅਸਥਾਨ ਹੈ। ਬਾਕੀ ਭਾਰਤੀ ਹਕੂਮਤ ਦੇ ਜਿਨ੍ਹਾਂ ਹਾਕਮਾਂ ਨੇ ਕੋਝੀ ਸਾਜਿਸ਼ ਭਰੀ ਨੀਅਤ ਨਾਲ ਮੈਨੂੰ ਜ਼ਲਾਲਤ ਦੇ ਆਲਮ ਵਿੱਚ ਧੱਕਿਆ ਸੀ ਅੱਜ ਉਹੀ ਭਾਰਤੀ ਹਾਕਮ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਦੇ ਦੋਸ਼ ਅਧੀਨ ਦੁਨੀਆਂ ਦੇ ਸਾਹਮਣੇ ਜ਼ਲੀਲ ਹੋਣਗੇ। ਇਹ ਸਭ ਤੁਹਾਡੀ ਉੱਚੀ ਸੁੱਚੀ, ਮਰਦਾਂ ਬਹਾਦਰਾਂ ਤੇ ਦੂਰ ਦ੍ਰਿਸ਼ਟੀ ਵਾਲੀ ਸੋਚ ਦਾ ਸਦਕਾ ਅਤੇ ਗੁਰੂ ਸਾਹਿਬ ਦੀ ਕ੍ਰਿਪਾ ਨਾਲ ਹੀ ਸੰਭਵ ਹੋ ਸਕਿਆ ਹੈ। ਅਖੀਰ ਵਿੱਚ ਉਸਨੇ ਆਖਿਆ ਕਿ ਮੇਰੀ ਕੋਈ ਨਿੱਜੀ ਤਮੰਨਾ ਨਹੀਂ, ਬਸ ਇੱਕ ਕੌਮੀ ਮੁਰਾਦ ਹੈ ਕਿ ਸਤਿਗੁਰੂ ਕ੍ਰਿਪਾ ਕਰਨ ਖ਼ਾਲਸੇ ਦਾ ਰਾਜ ਹੋਵੇ, ਧਰਮ ਦੀ ਪ੍ਰਫੁੱਲਤਾ ਹੋਵੇ।

'ਰਾਜ ਬਿਨਾ ਨਾ ਧਰਮ ਚਲੈ ਹੈਂ, ਧਰਮ ਬਿਨਾ ਸਭ ਦਲੈ ਮਲੈ ਹੈਂ'

ਜਦੋਂ ਇਹ ਵਾਰਤਾਲਾਪ ਚੱਲ ਰਿਹਾ ਸੀ ਤਾਂ ਜਨਰਲ ਸੁਬੇਗ ਸਿੰਘ ਦੇ ਸਰੀਰ ਵਿੱਚੋਂ ਨਿਰੰਤਰ ਖ਼ੂਨ ਵਹਿ ਰਿਹਾ ਸੀ। ਸੰਤਾਂ ਨੇ ਕਿਹਾ ਕਿ ਧਰਮ ਤੋਂ ਆਪਾ ਵਾਰਨ ਵਾਲੇ ਮਰਦਾਂ ਬਹਾਦਰਾਂ ਵਿੱਚ ਸਤਿਗੁਰੂ ਜੀ ਆਪ ਵਰਤਦੇ ਹਨ ਤੇ ਉਹ ਹੀ ਲੋਕ ਪ੍ਰਲੋਕ ਦੇ ਮਾਲਕ ਹਨ। ਇਸ ਤੋਂ ਬਾਅਦ ਸੰਤਾਂ ਨੇ ਜਨਰਲ ਸੁਬੇਗ ਸਿੰਘ ਦੇ ਸਿਰ ਨੂੰ ਆਪਣੇ ਹੱਥਾਂ ਦਾ ਆਸਰਾ ਦਿੱਤਾ ਅਤੇ ਜਪੁਜੀ ਸਾਹਿਬ ਦਾ ਪਾਠ ਕੀਤਾ। ਇਸੇ ਦੌਰਾਨ ਜਨਰਲ ਸੁਬੇਗ ਸਿੰਘ ਨੇ ਆਖਰੀ ਸਵਾਸ ਲਏ। ਸੰਤਾਂ ਨੇ ਗੱਜ ਕੇ ਜੈਕਾਰਾ ਬੁਲਾਇਆ ਤੇ ਉੱਥੇ ਮੌਜੂਦ ਸਿੰਘਾਂ ਨੇ ਜੈਕਾਰੇ ਦਾ ਗਰਜਵਾਂ ਜਵਾਬ ਦਿੱਤਾ। ਜਨਰਲ ਸੁਬੇਗ ਸਿੰਘ ਸ਼ਹੀਦੀ ਪਾ ਚੁੱਕੇ ਸਨ। ਸੰਤਾਂ ਨੇ ਉਨ੍ਹਾਂ ਦਾ ਸਰੀਰ ਉਥੇ ਹੀ ਇੱਕ ਪਾਸੇ ਰਖਵਾ ਕੇ ਬਸਤਰ ਨਾਲ ਢੱਕ ਦਿੱਤਾ, ਕੀਰਤਨ ਸੋਹਿਲੇ ਦਾ ਪਾਠ ਕੀਤਾ, ਸੰਤਾਂ ਨੇ ਅਰਦਾਸ ਵੀ ਆਪ ਕੀਤੀ। ਬਾਅਦ ਵਿੱਚ ਸਿੰਘਾਂ ਨੂੰ ਸੰਬੋਧਨ ਹੋ ਕੇ ਕਿਹਾ ਕਿ ਇਕੱਲੇ-ਇਕੱਲੇ ਸਿੰਘ ਨੇ ਜਨਰਲ ਸੁਬੇਗ ਸਿੰਘ ਦਾ ਰੂਪ ਧਾਰਨ ਕਰਨਾ ਹੈ ਅਤੇ ਹਮਲਾਵਰ ਫੌਜਾਂ ਨਾਲ ਉਸੇ ਤਰ੍ਹਾਂ ਜੂਝਣਾ ਹੈ। ਹੌਸਲੇ ਬੁਲੰਦ ਰੱਖਣੇ ਹਨ, ਭਰੋਸਾ ਗੁਰੂ 'ਤੇ ਰੱਖਣਾ ਹੈ।

ਉਧਰ ਜਨਰਲ ਕੁਲਦੀਪ ਬਰਾੜ ਦਿੱਲੀ ਤੋਂ ਮਿਲੇ ਸੰਦੇਸ਼ਾਂ ਕਾਰਨ ਫਿਰ ਤੋਂ ਹੌਸਲੇ ਵਿੱਚ ਸੀ। ਉਸ ਨੇ ਇੱਕ ਮੀਟਿੰਗ ਦੌਰਾਨ ਜਨਰਲ ਸੁੰਦਰਜੀ ਸਮੇਤ ਵੱਖ-ਵੱਖ ਫੌਜੀ ਅਫਸਰਾਂ ਨੂੰ ਅੱਜ ਦਿਨ ਭਰ ਦੀ ਕਾਰਵਾਈ ਤੋਂ ਜਾਣੂ ਕਰਵਾਇਆ ਕਿ ਕੰਪਲੈਕਸ ਦੇ ਬਾਹਰਵਾਰ ਸਿੰਘਾਂ ਦੇ ਬਣਾਏ ਮੋਰਚੇ ਪੂਰੀ ਤਰ੍ਹਾਂ ਤਬਾਹ ਕਰ ਦਿੱਤੇ ਗਏ ਹਨ ਜਿਨ੍ਹਾਂ ਵਿੱਚ ਹੋਟਲ ਟੈਂਪਲਵਿਊ ਉੱਤਰੀ ਅਤੇ ਦੱਖਣੀ ਘੰਟਾਘਰ ਦੇ ਬਾਹਰਵਾਰ ਉੱਚੀਆਂ ਇਮਾਰਤਾਂ 'ਤੇ ਬਣੇ ਮੋਰਚੇ, ਅਖਾੜਾ ਬ੍ਰਹਮਬੂਟਾ, ਸਿੰਧੀ ਹੋਟਲ ਅਤੇ ਸ੍ਰੀ ਅਕਾਲ ਰਬਾਬ ਸਾਹਿਬ ਦੇ ਪਿਛਲੇ ਪਾਸੇ ਇੱਕ ਬਹੁਮੰਜ਼ਿਲਾ ਇਮਾਰਤ ਜਿਨ੍ਹਾਂ ਵਿੱਚੋਂ ਸਭ ਮੋਰਚਿਆਂ ਨੂੰ ਖਤਮ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਗੁਰੂ ਰਾਮਦਾਸ ਸਰਾਂ ਉੱਪਰ ਬਣੀ ਪਾਣੀ ਵਾਲੀ ਟੈਂਕੀ, ਗੁਰੂ ਨਾਨਕ ਨਿਵਾਸ ਉੱਪਰ ਬਣੇ ਮੋਰਚੇ, ਦੋਵੇਂ ਪੁਰਾਤਨ ਬੁਰਜ, ਲੰਗਰ ਹਾਲ ਦੇ ਸਾਹਮਣੇ ਵਾਲੇ ਰਸਤੇ 'ਤੇ ਪੈਂਦੀ ਡਿਉਢੀ, ਪੂਰਬੀ ਘੰਟਾ ਘਰ ਉੱਪਰ ਬਣੇ ਮੋਰਚੇ ਆਦਿ ਸਭ ਕੁੱਝ ਢਹਿ-ਢੇਰੀ ਕਰ ਦਿੱਤਾ ਗਿਆ। ਇਸ ਲਈ ਹੁਣ ਇੱਕ ਵੱਡਾ ਹਮਲਾ ਕੀਤਾ ਜਾਵੇਗਾ। ਕੰਪਲੈਕਸ ਦੇ ਚਾਰ ਚੁਫੇਰੇ ਤੋਂ ਫੌਜ ਅੰਦਰ ਦਾਖਲ ਹੋਵੇਗੀ ਤੇ ਹਰ ਪਾਸੇ ਟੈਂਕਾਂ ਉੱਪਰ ਬੀੜੀਆਂ ਤੋਪਾਂ ਅਤੇ ਮਸ਼ੀਨਗੰਨਾਂ ਰਾਹੀਂ ਫੌਜ ਦੇ ਕੰਪਲੈਕਸ ਵਿੱਚ ਦਾਖਲੇ ਨੂੰ ਸੌਖਵ ਬਣਾਇਆ ਜਾਵੇਗਾ। ਇਸ ਲਈ ਉਸੇ 5 ਜੂਨ ਦੀ ਰਾਤ ਨੂੰ 10.30 ਵਜੇ ਇਸ ਹਮਲੇ ਦੀ ਮੁਕੰਮਲ ਤਿਆਰੀ ਕੀਤੀ ਗਈ।

ਹਰ ਪਾਸੇ ਧਾੜਾਂ ਦੀਆਂ ਧਾੜਾਂ ਚੋਣਵੇਂ ਕਮਾਂਡੋ ਤਿਆਰ ਰੱਖੇ ਗਏ ਜਿਨ੍ਹਾਂ ਵਿੱਚੋਂ ਕੁੱਝ ਨੇ ਉੱਤਰੀ ਘੰਟਾਘਰ ਵਾਲੇ ਪਾਸੇ ਚਾਰ ਟੈਂਕਾਂ ਤੇ ਕੁੱਝ ਬਖਤਰਬੰਦ ਗੱਡੀਆਂ ਦੀ ਮਦਦ ਨਾਲ ਹਮਲਾ ਕਰਨਾ ਹੈ। ਕੁੱਝ ਕਮਾਂਡੋਆਂ ਨੇ ਲੰਗਰ ਹਾਲ ਅਤੇ ਗੁਰੂ ਰਾਮਦਾਸ ਸਰਾਂ ਦੇ ਵਿਚਕਾਰ ਵਾਲੇ ਰਸਤੇ ਵਿੱਚੋਂ ਦੀ ਲੰਘ ਕੇ ਚਾਰ ਟੈਂਕ ਤੇ ਦੋ ਬਖਤਰਬੰਦ ਗੱਡੀਆਂ ਰਾਹੀਂ ਹਮਲਾ ਕਰਨਾ ਹੈ। ਉੱਧਰ ਜਲ੍ਹਿਆਂਵਾਲੇ ਬਾਗ਼ ਦੇ ਨੇੜੇ ਟੈਂਕ ਬਖਤਰਬੰਦ ਗੱਡੀਆਂ ਅਤੇ ਵੱਡੀ ਗਿਣਤੀ ਵਿੱਚ ਫੌਜ ਤਿਆਰ ਰੱਖੀ ਗਈ। ਕੁੱਝ ਕਮਾਂਡੋਆਂ ਨੂੰ ਹੈਲੀਕਾਪਟਰ ਰਾਹੀਂ ਦੱਖਣੀ ਘੰਟਾਘਰ ਦੇ ਨਜਦੀਕ ਵਾਲੇ ਕਮਰਿਆਂ ਦੇ ਉਪਰ ਉਤਾਰੇ ਜਾਣ ਦੀ ਸਕੀਮ ਵੀ ਬਣਾਈ। ਦੂਜੇ ਪਾਸੇ ਹੁਣ ਤੱਕ ਵੱਡੀ ਗਿਣਤੀ ਵਿੱਚ ਮਾਰੇ ਜਾ ਚੁਕੇ ਫੌਜੀ ਜਵਾਨਾਂ ਕਾਰਨ ਫੌਜ ਦੇ ਸਿਪਾਹੀ ਤੋਂ ਲੈ ਕੇ ਜਨਰਲਾਂ ਤੱਕ ਸਭ ਅਫਸਰ ਅੰਦਰੋਂ ਅੰਦਰੀ ਭਾਰੀ ਘਬਰਾਹਟ ਵਿੱਚ ਸਨ। ਜਨਰਲ ਕੁਲਦੀਪ ਇਹ ਵੀ ਸੋਚ ਰਿਹਾ ਸੀ ਜੇਕਰ ਪ੍ਰਕਰਮਾ ਦੇ ਅੰਦਰ ਟੈਂਕ ਵਾੜਣ ਤੋਂ ਬਿਨ੍ਹਾਂ ਹੀ ਇਹ ਲੜਾਈ ਜਿੱਤੀ ਜਾ ਸਕੇ ਤਾਂ ਦੁਨੀਆਂ ਸਾਹਮਣੇ ਇਸਦਾ ਦ੍ਰਿਸ਼ ਹੋਰ ਹੋਵੇਗਾ। ਜੇ ਅਜਿਹਾ ਨਾ ਹੋ ਸਕਿਆ ਤੇ

Scanned with CamScanner

ਤੋਪਾਂ ਤੋਂ ਟੈਂਕਾਂ ਨਾਲ ਹੀ ਪ੍ਰਕਰਮਾ ਦੇ ਅੰਦਰ ਜਾ ਕੇ ਯੁੱਧ ਲੜਿਆ ਗਿਆ ਤਾਂ ਇਸਨੂੰ ਅਣਸੁਖਾਵਾਂ ਯੁੱਧ ਸਮਝਿਆ ਜਾਵੇਗਾ। ਇਸ ਲਈ ਉਸਨੇ ਪੂਰੀ ਵਾਹ ਲਾਈ ਕਿ ਇਸ ਵਾਰ ਫੌਜੀ ਕਮਾਂਡੋਆਂ ਰਾਹੀਂ ਭਿੰਡਰਾਂਵਾਲੇ ਦੇ ਸਿੰਘਾਂ ਨੂੰ ਹਰ ਹਾਲਤ ਵਿੱਚ ਮਾਰ ਮੁਕਾਇਆ ਜਾਵੇ ਅਤੇ ਸਮੁੱਚੇ ਕੰਪਲੈਕਸ ਉਪਰ ਕਬਜ਼ਾ ਕਰ ਲਿਆ ਜਾਵੇ। ਰਾਤ 10:30 ਵਜੇ ਵੱਡਾ ਹਮਲਾ ਕਰਨ ਦੀ ਨੀਅਤ ਨਾਲ ਕੰਪਲੈਕਸ ਦੇ ਸਭ ਪਾਸੇ ਫੌਜ ਦੀ ਬਹੁਤ ਵੱਡੀ ਘੇਰਾਬੰਦੀ ਕੀਤੀ।

ਫੌਜੀ ਹੈਲੀਕਾਪਟਰਾਂ ਰਾਹੀਂ ਕੁਝ ਕਮਾਂਡੋਆਂ ਨੂੰ ਪੱਛਮੀ ਘੰਟਾਘਰ ਵਾਲੇ ਪਾਸੇ ਪ੍ਰਕਰਮਾ ਦੇ ਕਮਰਿਆਂ ਉਪਰ ਉਤਾਰਨ ਲਈ ਇਹ ਹੈਲੀਕਾਪਟਰ ਪੱਛਮੀ ਘੰਟਾਘਰ ਦੇ ਆਲੇ-ਦੁਆਲੇ ਚੱਕਰ ਲਾ ਰਹੇ ਸਨ ਜਿਉਂ ਹੀ ਇੱਕ ਹੈਲੀਕਾਪਟਰ ਪੱਛਮੀ ਘੰਟਾਘਰ ਦੇ ਸੱਜੇ ਪਾਸੇ ਆਕਾਸ਼ ਵਿੱਚ ਇੱਕ ਥਾਂ ਰੁਕਿਆ ਤਾਂ ਸਿੰਘਾਂ ਨੂੰ ਇਹ ਸਮਝਦਿਆਂ ਦੇਰ ਨਾ ਲੱਗੀ ਕਿ ਇਸ ਹੈਲੀਕਾਪਟਰ ਤੋਂ ਫੌਜ ਨੂੰ ਇਨ੍ਹਾਂ ਬਿਲਡਿੰਗਾਂ ਉਪਰ ਉਤਾਰਿਆ ਜਾਵੇਗਾ ਤਾਂ ਸਿੰਘਾਂ ਨੇ ਪੂਰੀ ਤਿਆਰੀ ਕਰ ਲਈ, ਜਿਉਂ ਹੀ ਕੁਝ ਕਮਾਂਡੋ ਹੈਲੀਕਾਪਟਰ ਤੋਂ ਪੈਰਾਸ਼ੂਟ ਰਾਹੀਂ ਉਤਾਰੇ ਗਏ ਤਾਂ ਪੱਛਮੀ ਘੰਟਾਘਰ ਵਿੱਚ ਡਟੇ ਹੋਏ ਸਿੰਘਾਂ ਨੇ ਇਨ੍ਹਾਂ ਕਮਾਂਡੋਆਂ ਨੂੰ ਪ੍ਰਕਰਮਾ ਦੇ ਕਮਰਿਆਂ ਉਪਰ ਪੈਰ ਰੱਖਣ ਤੋਂ ਪਹਿਲਾਂ ਹੀ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਸਭ ਦੇ ਸਭ ਭੁੰਨ ਦਿੱਤੇ ਅਤੇ ਉਨ੍ਹਾਂ ਦੇ ਹਥਿਆਰਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਇਸ ਤਰ੍ਹਾਂ ਜਨਰਲ ਬਰਾੜ ਦੀ ਇਹ ਯੋਜਨਾ ਵੀ ਸਿੰਘਾਂ ਨੇ ਕਾਮਯਾਬ ਨਾ ਹੋਣ ਦਿੱਤੀ। ਇਸ ਤੋਂ ਬਾਅਦ ਹੈਲੀਕਾਪਟਰ ਰਾਹੀਂ ਹੋਰ ਕਮਾਂਡੋਆਂ ਨੂੰ ਉਤਾਰਨ ਦਾ ਉਸ ਨੇ ਹੀਆ ਨਹੀਂ ਕੀਤਾ।

ਰਾਤ 11:00 ਵਜੇ ਫੌਜ ਉੱਤਰੀ ਘੰਟਾਘਰ ਤੋਂ ਕੰਪਲੈਕਸ ਅੰਦਰ ਗਈ। ਇਨ੍ਹਾਂ ਕਮਾਂਡੋਆਂ ਨਾਲ ਫਿਰ ਤੋਂ ਸੈਂਕੜੇ ਗੋਤਾਖੋਰ ਵੀ ਸਨ। ਹਾਲਾਂਕਿ 4 ਤਰੀਕ ਨੂੰ ਵੀ ਇਥੇ ਘਮਸਾਨ ਦੇ ਯੁੱਧ ਦੌਰਾਨ ਫੌਜ ਨੂੰ ਮੂੰਹ ਦੀ ਖਾਣੀ ਪਈ ਸੀ ਪਰ ਹੁਣ ਜਨਰਲ ਕੁਲਦੀਪ ਸਮਝਦਾ ਸੀ ਕਿ ਬਹੁਤ ਸਾਰੇ ਮੋਰਚਿਆਂ ਦੀ ਤਬਾਹੀ ਕੀਤੀ ਜਾ ਚੁੱਕੀ ਹੈ ਤੇ ਭਿੰਡਰਾਂਵਾਲੇ ਦੇ ਬਹੁਤ ਸਾਰੇ ਲੜਾਕੂ ਸਿੰਘ ਮਾਰ ਦਿੱਤੇ ਗਏ ਹਨ। ਇਸ ਲਈ ਸ਼ਾਇਦ ਹੁਣ ਬਹੁਤ ਵੱਡਾ ਮੁਕਾਬਲਾ ਨਾ ਹੋਵੇ ਜੇਕਰ ਹੋਵੇ ਤਾਂ ਉਸ ਹਾਲਤ ਵਿੱਚ ਉਨ੍ਹਾਂ ਨੂੰ ਤੋਪਾਂ ਨਾਲ ਢਾਹੀ ਹੀ ਖਤਮ ਕਰ ਦਿੱਤਾ ਜਾਵੇਗਾ ਕਿਉਂਕਿ ਸਿੰਘਾਂ ਪਾਸ ਲੜੀਂਦਾ ਜੰਗੀ ਸਮਾਨ ਵੀ ਬਹੁਤਾ ਨਹੀਂ ਬਚਿਆ ਹੋਵੇਗਾ। ਹਾਲਾਂਕਿ ਉਸ ਪਾਸ ਕੋਈ ਪੁਖਤਾ ਜਾਣਕਾਰੀ ਨਹੀਂ ਸੀ ਫਿਰ ਵੀ ਆਪਣੇ ਤਜਰਬੇ ਅਤੇ ਫੌਜੀ ਸ਼ਕਤੀ ਦੇ ਘੁਮੰਡ ਵਿੱਚ ਹੀ ਫੈਸਲਾ ਲੈ ਲਿਆ।

ਜਨਰਲ ਕੁਲਦੀਪ ਦੀ ਕਮਾਂਡ ਹੇਠ ਭਾਰਤੀ ਫੌਜ ਦੀ ਵੱਡੀ ਗਿਣਤੀ ਤੋਂ ਇਲਾਵਾ ਚੋਣਵੀਆਂ 6 ਡਵੀਜ਼ਨਾਂ ਨੂੰ ਅੱਜ ਦੇ ਹਮਲੇ ਲਈ ਵਿਸ਼ੇਸ਼ ਤੌਰ 'ਤੇ ਚੁਣਿਆ ਗਿਆ ਜਿਨ੍ਹਾਂ ਵਿੱਚ ਜਨਰਲ ਕੁਲਦੀਪ ਦੀ 9ਵੀਂ ਡਵੀਜ਼ਨ, ਮਦਰਾਸੀ, ਬਿਹਾਰੀ, ਡੋਗਰੇ, ਕੁਮਾਊਂ, ਰਾਜਪੂਤ, ਗੜ੍ਹਵਾਲੀਏ ਅਤੇ ਇਸਦੇ ਨਾਲ 10ਵੀਂ ਗਾਰਡ ਬਟਾਲੀਅਨ ਇਨ੍ਹਾਂ ਡਵੀਜ਼ਨਾਂ ਨੂੰ ਅਤਿ ਤਜਰਬੇਕਾਰ ਅਤੇ ਬਹਾਦਰ ਮੰਨਿਆ ਜਾਂਦਾ ਹੈ। ਇਸਦੇ ਨਾਲ ਜੋ ਜੰਗੀ ਸਮਾਨ ਵਰਤੋਂ ਵਿੱਚ ਲਿਆਉਣ ਲਈ ਤਿਆਰ ਕੀਤਾ ਗਿਆ ਉਸ ਵਿੱਚ 105 ਐੱਮ.ਐੱਮ. ਦੀਆਂ ਭਾਰੀ ਤੋਪਾਂ, 38 ਟਨ ਵਿਸੋਜ਼ਾ ਟੈਂਕ, ਭਾਰੀ ਤੋਪਖਾਨਾ ਜਿਸ ਵਿੱਚ 25 ਪਾਊਡਰ ਤੋਪਾਂ, ਹੌਵਿਟਜ਼ਰ ਗੰਨਾਂ, ਮੌਰਟਰ ਗੰਨਾਂ ਅਤੇ 3.7" ਹਾਵਲ ਗੰਨਾਂ, ਬਖਤਰਬੰਦ ਗੱਡੀਆਂ, ਓ. ਟੀ. 64 ਬਖਤਰਬੰਦ ਗੱਡੀਆਂ, ਹੈਲੀਕਾਪਟਰ ਸ਼ਾਮਲ ਸਨ। ਇਸ ਤੋਂ ਇਲਾਵਾ ਪਤਾ ਲੱਗਾ ਹੈ ਕਿ ਦੁਨੀਆਂ ਭਰ ਵਿੱਚ ਜੰਗ ਸਮੇਂ ਵੀ ਨਾ ਵਰਤੀ ਜਾਣ ਵਾਲੀ ਜ਼ਹਿਰੀਲੀ ਗੈਸ ਵੀ ਵਰਤੋਂ ਵਿੱਚ ਲਿਆਂਦੀ ਗਈ।

ਦੂਜੇ ਪਾਸੇ ਸੰਤ ਭਿੰਡਰਾਂਵਾਲਿਆਂ ਦੇ ਸਿੰਘ ਵੀ ਪੂਰੀ ਸੁਚੇਤਤਾ ਨਾਲ ਮੋਰਚਿਆਂ ਵਿੱਚ ਡਟੇ ਹੋਏ ਸਨ ਹਾਲਾਂਕਿ ਉਨ੍ਹਾਂ ਦੇ ਘੰਟਾਘਰ ਦੇ ਉੱਪਰਲੀਆਂ ਦੋ ਮੰਜ਼ਿਲਾਂ ਦੇ ਮੋਰਚੇ ਫੌਜ ਨੇ ਤਬਾਹ ਕਰ ਦਿੱਤੇ ਸਨ। ਉਨ੍ਹਾਂ ਕੋਲ ਇੱਕ ਮੰਜ਼ਿਲ ਅਤੇ ਜ਼ਮੀਨੀ ਮੋਰਚੇ ਹੀ ਬਾਕੀ ਬਚੇ ਸਨ। ਸਿੰਘ ਵੀ ਜਾਣਦੇ ਸਨ ਕਿ ਲੜਾਈ ਹੁਣ ਆਰ-ਪਾਰ ਦੀ ਹੋਵੇਗੀ ਇਸ ਲਈ ਉਨ੍ਹਾਂ ਨੇ ਸੋਚਿਆ ਕਿ ਫੌਜ ਨੂੰ ਵੱਡੀ ਗਿਣਤੀ ਵਿੱਚ ਕੰਪਲੈਕਸ ਵਿੱਚ ਆਉਣ ਦਿੱਤਾ ਜਾਵੇ ਕਿਉਂਕਿ ਘੰਟਾਘਰ ਦੇ ਦੋਵੇਂ ਪਾਸੀ ਹੇਠਲੇ ਕਮਰਿਆਂ ਵਿੱਚ ਦੂਰ ਤੱਕ ਮੋਰਚੇ ਸਨ ਅਤੇ ਸਿਰਫ ਇੱਕ ਮੰਜ਼ਿਲ 'ਤੇ ਬਚੇ ਮੋਰਚੇ ਤੋਂ ਸਰੋਵਰ ਵਿੱਚ ਦਾਖਲ ਹੋਣ ਵਾਲੇ ਹਮਲਾਵਰ ਫੌਜੀਆਂ 'ਤੇ ਸਿੱਧੀ ਫਾਇਰਿੰਗ ਕੀਤੀ ਜਾ ਸਕਦੀ ਸੀ। ਇਸ ਲਈ ਫੌਜ ਘੰਟਾ ਘਰ ਦੀਆਂ ਪੌੜੀਆਂ ਉਤਰ ਕੇ ਪ੍ਰਕਰਮਾ ਵਿੱਚ ਦਾਖਲ ਹੋਈ ਤਾਂ ਉਨ੍ਹਾਂ ਨੇ ਸੋਚਿਆ ਕਿ ਹੁਣ ਸਾਨੂੰ ਬਹੁਤੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਪਰ ਜਿਉਂ ਹੀ ਫੌਜ ਬੇਰ ਬਾਬਾ ਬੁੱਢਾ ਜੀ ਵਾਲੇ ਪਾਸੇ ਨੂੰ ਵਧੀ ਤਾਂ ਸਿੰਘਾਂ ਨੇ ਜ਼ਮੀਨੀ ਮੋਰਚਿਆਂ ਤੋਂ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਇਸ ਮੋਰਚੇ ਦੀ ਕਮਾਂਡ ਫੌਜੀ ਗਿਆਨੀ

Scanned with CamScanner

ਜੋਗਿੰਦਰ ਸਿੰਘ ਚੱਕ ਰਾਜੂ ਸਿੰਘ ਵਾਲਾ ਕਰ ਰਿਹਾ ਸੀ ਜਿਨ੍ਹਾਂ ਦੇ ਨਾਲ ਵਾਲੇ ਸਿੰਘਾਂ ਦਾ ਵੇਰਵਾ ਪਿੱਛੇ ਦੇ ਆਏ ਹਾਂ। ਜੋ ਘੰਟਾਘਰ ਦੇ ਦੋਵੇਂ ਪਾਸੀਂ ਮੋਰਚਿਆਂ ਵਿੱਚ ਡਟੇ ਹੋਏ ਸਨ ਅਤੇ ਇਕੱਲਾ-ਇਕੱਲਾ ਸੌਕੜਿਆਂ 'ਤੇ ਭਾਰੂ ਹੋਣ ਦੀ ਤਮੰਨਾ ਨਾਲ ਜੂਝ ਰਹੇ ਸਨ। ਇਨ੍ਹਾਂ ਸਿੰਘਾਂ ਵੱਲੋਂ ਕੀਤੇ ਗਏ ਜ਼ਬਰਦਸਤ ਮੁਕਾਬਲੇ ਕਾਰਨ ਪ੍ਰਕਰਮਾ ਅੰਦਰ ਦਾਖਲ ਹੋਈ ਫੌਜ ਪੂਰੀ ਦੀ ਪੂਰੀ ਢੇਰ ਕਰ ਦਿੱਤੀ ਗਈ।

ਇਸ ਹਮਲੇ ਦਾ ਮੂੰਹ ਤੋੜ ਜਵਾਬ ਦਿੰਦਿਆਂ ਸਿੰਘਾਂ ਨੇ ਉੱਚੀ ਆਵਾਜ਼ ਵਿੱਚ ਜੈਕਾਰੇ ਗੂੰਜਾਏ ਜਿਸਦੀਆਂ ਗੂੰਜਾਂ ਸਮੁੱਚੇ ਕੰਪਲੈਕਸ ਵਿੱਚ ਪਈਆਂ ਤੇ ਇਸਦੇ ਜਵਾਬ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਇਸਦੇ ਨਾਲ ਵਾਲੀ ਲਾਲ ਇੱਟਾਂ ਦੀ ਡਿਉੜੀ ਵਿੱਚੋਂ ਵੀ ਜੈਕਾਰਿਆਂ ਦੀਆਂ ਗੂੰਜਾਂ ਸੁਣਾਈ ਦਿੱਤੀਆਂ। ਇਥੇ ਇਹ ਗੱਲ ਵਰਨਣਯੋਗ ਹੈ ਕਿ ਜੋ ਪਿਛਲੇ ਕਈ ਮਹੀਨਿਆਂ ਤੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਇਸ ਗੱਲ ਨੂੰ ਕਈ ਵਾਰ ਦੁਹਰਾਇਆ ਸੀ ਕਿ ਜੇਕਰ ਭਾਰਤੀ ਫੌਜ ਹਰਿਮੰਦਰ ਸਾਹਿਬ ਵਿੱਚ ਹਮਲਾਵਰ ਹੋਈ ਤਾਂ ਫੌਜੀ ਲੋਥਾਂ ਦੀਆਂ ਢੇਰੀਆਂ ਲਾ ਦਿੱਤੀਆਂ ਜਾਣਗੀਆਂ ਤੇ ਜ਼ਖਮੀਆਂ ਨੂੰ ਢੋਣ ਵਾਲੇ ਹੈਲੀਕਾਪਟਰਾਂ ਵਿੱਚੋਂ ਖੂਨ ਦੀਆਂ ਧਾਰਾਂ ਚੋਂਦੀਆਂ ਜਾਣਗੀਆਂ। ਇਹ ਗੱਲ ਜਥੇ ਦੇ ਸਿੰਘਾਂ ਨੇ ਸੱਚ ਕਰ ਵਿਖਾਈ ਭਾਵੇਂ ਸਿਰ ਉੱਪਰ ਗੜਗੜਾਉਂਦੀਆਂ ਤੋਪਾਂ ਦਾ ਭਾਰੀ ਸ਼ੋਰ ਸੀ ਪਰ ਗੁਰੂ ਕੇ ਖ਼ਾਲਸੇ ਮੌਤ ਤੋਂ ਬੇਖੌਫ਼ ਯੁੱਧ ਵਿੱਚ ਇਸ ਤਰ੍ਹਾਂ ਡਟੇ ਕਿ ਭਾਰਤੀ ਫੌਜਾਂ ਦੇ ਸੱਥਰ ਵਿਛਾਏ ਤੇ ਖੂਨ ਮਿੱਝ ਦਾ ਘਾਣ ਹੋਇਆ ਜਿਸ ਨੂੰ ਵੇਖ ਕੇ ਫੌਜੀ ਜਰਨੈਲ ਵੀ ਸਿਰ ਤੋਂ ਪੈਰਾਂ ਤੱਕ ਹਿੱਲ ਗਏ। ਇਸੇ ਦੌਰਾਨ ਕਈ ਫੌਜੀ ਅਫ਼ਸਰ ਵੀ ਗੰਭੀਰ ਜ਼ਖਮੀ ਹੋਏ ਜਿਨ੍ਹਾਂ ਨੂੰ ਵਿਸ਼ੇਸ਼ ਹੈਲੀਕਾਪਟਰਾਂ ਰਾਹੀਂ ਜਲੰਧਰ ਛਾਉਣੀ ਹਸਪਤਾਲ ਵਿਖੇ ਐਮਰਜੈਂਸੀ ਹਾਲਤ ਵਿੱਚ ਪਹੁੰਚਾਇਆ ਜਾ ਰਿਹਾ ਸੀ। ਇਨ੍ਹਾਂ ਉੱਡਦੇ ਹੈਲੀਕਾਪਟਰਾਂ ਵਿੱਚੋਂ ਖੂਨ ਦੀਆਂ ਧਰਾਲਾਂ ਵਹਿ ਰਹੀਆਂ ਸਨ।

ਗੁੱਸੇ ਵਿੱਚ ਆਏ ਜਨਰਲ ਕੁਲਦੀਪ ਨੇ ਘੰਟਾਘਰ ਦੇ ਬਾਹਰ ਖੜ੍ਹੇ ਟੈਂਕ ਜਿਨ੍ਹਾਂ ਉਪਰ ਤੋਪਾਂ ਤੇ ਮਸ਼ੀਨਗੰਨਾਂ ਬੀੜੀਆਂ ਹੋਈਆਂ ਸਨ, ਨੂੰ ਹੁਕਮ ਦੇ ਕੇ ਭਾਰੀ ਗੋਲਾਬਾਰੀ ਕੀਤੀ ਜਿਸ ਨਾਲ ਸਮੁੱਚੇ ਕੰਪਲੈਕਸ ਤੇ ਇਸਦੇ ਬਾਹਰ ਵੀ ਧੂੰਏਂ ਦੇ ਬੱਦਲ ਛਾ ਗਏ ਅਤੇ ਕੰਨ ਪਾੜਵੀਆਂ ਆਵਾਜ਼ਾਂ ਨਾਲ ਪੂਰਾ ਸ਼ਹਿਰ ਕੰਬ ਰਿਹਾ ਸੀ। ਕਿਉਂਕਿ ਫੌਜ ਨੇ ਚਾਰ ਚੁਫੇਰੇ ਤੋਂ ਹਮਲਾ ਇੱਕੋ ਸਮੇਂ ਕਰਨਾ ਸੀ ਇਸ ਲਈ ਗੁਰੂ ਰਾਮਦਾਸ ਸਰਾਂ ਅਤੇ ਲੰਗਰ ਵਾਲੇ ਪਾਸੇ ਤੋਂ ਵੀ ਫੌਜ ਬਖਤਰਬੰਦ ਗੱਡੀਆਂ ਅਤੇ ਟੈਂਕਾਂ ਦੀ ਮਦਦ ਨਾਲ ਅੰਦਰ ਆਈ। ਉਹ ਜਿਉਂ ਹੀ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਵਾਲੇ ਰਸਤੇ ਹਰਿਮੰਦਰ ਸਾਹਿਬ ਵਾਲੇ ਪਾਸੇ ਨੂੰ ਮੁੜੇ ਤਾਂ ਲੰਗਰ ਸਾਹਿਬ ਦੇ ਜ਼ਮੀਨੀ ਮੋਰਚਿਆਂ ਜਿਸ ਵਿੱਚ ਬਾਬਾ ਠਾਰਾ ਸਿੰਘ ਦੀ ਕਮਾਂਡ ਹੇਠ ਜੋ ਸਿੰਘ ਮੌਜੂਦ ਸਨ ਜਿਨ੍ਹਾਂ ਦਾ ਵੇਰਵਾ 3 ਜੂਨ ਦੇ ਕਾਂਡ ਵਿੱਚ ਦਿੱਤਾ ਗਿਆ ਹੈ। ਇਸ ਮੋਰਚੇ ਵਿੱਚੋਂ ਭਾਰੀ ਫਾਇਰਿੰਗ ਕਰਕੇ ਇਧਰ ਦਾਖਲ ਹੋਏ ਫੌਜੀਆਂ ਨੂੰ ਥਾਂ 'ਤੇ ਹੀ ਖਤਮ ਕਰ ਦਿੱਤਾ। ਇਸ ਤਰ੍ਹਾਂ ਜਨਰਲ ਕੁਲਦੀਪ ਦੀ ਬਣਾਈ ਹੋਈ ਸਕੀਮ ਇੱਕ ਵਾਰ ਫਿਰ ਧਰੀ ਧਰਾਈ ਰਹਿ ਗਈ। ਇਹ ਲੜਾਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਾਲੇ ਕਾਫੀ ਦੂਰੀ 'ਤੇ ਸੀ। ਹਾਲਾਂਕਿ ਕੰਪਲੈਕਸ ਦੇ ਬਾਹਰ ਉੱਚੀਆਂ ਇਮਾਰਤਾਂ ਉਪਰ ਬੀੜੀਆਂ ਤੋਪਾਂ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਇਸਦੇ ਨਾਲ ਲੱਗਦੇ ਮੋਰਚਿਆਂ ਤੇ ਭਾਰੀ ਬੰਬਾਰੀ ਕਰਕੇ ਵੱਡਾ ਨੁਕਸਾਨ ਕੀਤਾ ਜਾ ਚੁੱਕਾ ਸੀ ਪਰ ਸ੍ਰੀ ਅਕਾਲ ਤਖ਼ਤ ਸਾਹਿਬ, ਇਸਦੇ ਦੋਵੇਂ ਪਾਸੇ ਜ਼ਮੀਨੀ ਮੋਰਚਿਆਂ ਅਤੇ ਨਾਲ ਲੱਗਦੀ ਲਾਲ ਇੱਟਾਂ ਵਾਲੀ ਡਿਉੜੀ ਤੋਂ ਸਿੰਘ ਗਹਿਗੱਡਵਾਂ ਮੁਕਾਬਲਾ ਕਰ ਰਹੇ ਸਨ ਜਿਸ ਕਾਰਨ ਫੌਜ ਦਾ ਭਾਰੀ ਨੁਕਸਾਨ ਹੋ ਰਿਹਾ ਸੀ। ਪੂਰੇ ਘਮਸਾਨ ਦਾ ਯੁੱਧ ਜਾਰੀ ਸੀ।

ਇਸਦੇ ਨਾਲ ਹੀ ਅਖਾੜਾ ਬ੍ਰਹਮਬੂਟਾ ਦੇ ਅੰਦਰਲੀ ਸਾਈਡ ਗੁਰੂ ਰਾਮਦਾਸ ਸਰੋਵਰ ਦੀ ਪਰਕਰਮਾ ਦੇ ਕੰਨੇ ਵਾਲੇ ਕਮਰੇ (ਜਿੱਥੇ ਹੁਣ ਜਲ ਦੀ ਛਬੀਲ ਵੀ ਹੈ) ਇਸ ਥਾਂ 'ਤੇ ਬਣੇ ਮੋਰਚੇ ਵਿੱਚ ਭਾਈ ਅਜੀਤ ਸਿੰਘ ਫੌਜੀ ਦੀ ਕਮਾਂਡ ਹੇਠ ਸਾਰੇ ਸਿੰਘਾਂ ਨੇ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਆਖਰੀ ਦਮ ਤੱਕ ਜੂਝਦੇ ਰਹੇ।

ਮੀਰੀ ਪੀਰੀ ਦੇ ਦੋਵੇਂ ਨਿਸ਼ਾਨ ਸਾਹਿਬਾਂ ਦੇ ਨੇੜੇ ਝੰਡੇ ਬੁੰਗੇ ਵਾਲੇ ਅਸਥਾਨ 'ਤੇ ਬਣੇ ਹੋਏ ਮੋਰਚੇ ਵਿੱਚ ਸੰਤਾਂ ਦੇ ਵੱਡੇ ਭਰਾ ਭਾਈ ਜਗੀਰ ਸਿੰਘ, ਭਾਈ ਗੁਰਦੇਵ ਸਿੰਘ ਸ਼ਿਸ਼ਨੰਦੀ, ਭਾਈ ਹਰਚਰਨ ਸਿੰਘ ਮੁਕਤਾ, ਭਾਈ ਬਲਵਿੰਦਰ ਸਿੰਘ ਖੈਜਕਪੁਰ ਅਤੇ ਹੋਰ ਕਈ ਸਿੰਘ ਇੱਥੋਂ ਪੂਰੀ ਦ੍ਰਿੜਤਾ ਨਾਲ ਮੁਕਾਬਲਾ ਕਰ ਰਹੇ ਸਨ ਤੇ ਇੱਧਰ ਨੂੰ ਵੱਧ ਰਹੀ ਫੌਜ ਦਾ ਹਰ ਵਾਰ ਮੂੰਹ ਤੋੜ ਜਵਾਬ ਦਿੱਤਾ ਜਾ ਰਿਹਾ ਸੀ। ਇਸ ਤੋਂ ਥੋੜ੍ਹਾ ਅੱਗੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬੜ੍ਹਾ ਸਾਹਿਬ ਦੇ ਵਿਚਕਾਰ ਬਣੇ ਮੋਰਚੇ ਵਿੱਚ ਨਾਗੋਕੇ ਵਾਲੇ ਸਿੰਘਾਂ ਦਾ ਜਥਾ ਜਿਨ੍ਹਾਂ ਨਾਲ ਮੋਰੇ

Scanned with CamScanner

ਇਲਾਕੇ ਦੇ ਕੁੱਝ ਸਿੰਘ ਵੀ ਮੌਜੂਦ ਸਨ। ਇਸ ਮੋਰਚੇ ਵਿੱਚੋਂ ਵੀ ਬਹੁਤ ਡਟਵਾਂ ਯੁੱਧ ਲੜਿਆ ਗਿਆ।

ਰਾਤ ਨੂੰ 12:30 ਵਜੇ ਪੱਛਮੀ ਘੰਟਾਘਰ ਆਟਾ ਮੰਡੀ ਵਾਲੇ ਪਾਸੇ ਤੋਂ ਬ੍ਰਿਗੇਡੀਅਰ ਏ. ਕੇ. ਦੀਵਾਨ, ਮਦਰਾਸੀਆ ਅਤੇ ਗੜ੍ਹਵਾਲੀਆ ਦੇ ਕਮਾਂਡੋਆਂ ਦੀ ਕਮਾਂਡ ਕਰਦਾ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਵਧਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਇਥੇ ਦੱਖਣੀ ਘੰਟਾਘਰ ਦੇ ਦੋਵੇਂ ਪਾਸੀਂ ਜ਼ਮੀਨੀ ਮੋਰਚਿਆਂ ਤੋਂ ਸਿੰਘਾਂ ਨੇ ਇਸਦਾ ਮੂੰਹ ਤੋੜ ਜਵਾਬ ਦਿੱਤਾ ਜਿਸ ਕਾਰਨ ਇਸ ਨੂੰ ਜਾਨ ਬਚਾਅ ਕੇ ਪਿੱਛੇ ਹਟਣਾ ਪਿਆ। ਇਸ ਨੇ ਜਨਰਲ ਕੁਲਦੀਪ ਬਰਾੜ ਨੂੰ ਦੱਸਿਆ ਕਿ ਵਾਰ-ਵਾਰ ਫੌਜੀ ਜਵਾਨਾਂ ਨੂੰ ਬਲੀ ਦੇ ਬੱਕਰੇ ਬਣਾਉਣ ਦਾ ਕੋਈ ਲਾਭ ਨਹੀਂ ਕਿਉਂਕਿ ਕਿਸੇ ਵੀ ਤਰੀਕੇ ਨਾਲ ਸਾਡੀ ਫੌਜ ਮੋਰਚਿਆਂ ਵਿੱਚ ਡਟੇ ਹੋਏ ਭਿੰਡਰਾਂਵਾਲਿਆਂ ਦੇ ਸਾਥੀਆਂ ਦਾ ਮੁਕਾਬਲਾ ਨਹੀਂ ਕਰ ਸਕਦੀ ਇਸੇ ਲਈ ਹੁਣ ਤੱਕ ਫੌਜ ਦਾ ਭਾਰੀ ਨੁਕਸਾਨ ਹੋ ਚੁੱਕਾ ਹੈ। ਹਾਲਾਂਕਿ ਅਸੀਂ ਉਨ੍ਹਾਂ ਦੇ ਬਹੁਤ ਸਾਰੇ ਮੋਰਚੇ ਤਬਾਹ ਕਰ ਦਿੱਤੇ ਹਨ ਅਤੇ ਮੁਕਾਬਲਾ ਕਰਨ ਵਾਲੇ ਬਹੁਤ ਸਿੰਘਾਂ ਨੂੰ ਵੀ ਮਾਰ ਮੁਕਾਇਆ ਹੈ। ਇਸਦੇ ਬਾਵਜੂਦ ਸ੍ਰੀ ਅਕਾਲ ਤਖਤ ਸਾਹਿਬ 'ਤੇ ਕਬਜਾ ਕਰਨਾ ਤਾਂ ਦੂਰ ਦੀ ਗੱਲ ਅਸੀਂ ਇਸਦੇ ਆਸੇ ਪਾਸੇ ਵਿਚਲੇ ਕਮਰਿਆਂ ਦੇ ਮੋਰਚਿਆਂ ਉਪਰ ਵੀ ਕਾਬਜ ਨਹੀਂ ਹੋ ਸਕਦੇ।

5 ਜੂਨ ਦੀ ਰਾਤ ਢਲਦਿਆਂ ਹੀ ਭਾਰਤ ਦੇ ਅਖੌਤੀ ਤਜਰਬੇਕਾਰ ਤਿੰਨੇ ਜਨਰੈਲ ਸੁੰਦਰਜੀ, ਬਰਾੜ ਤੇ ਦਿਆਲ ਇਕੱਠੇ ਹੋਏ ਜੋ ਹੁਣ ਤੱਕ ਹੋ ਚੁੱਕੇ ਨੁਕਸਾਨ ਤੋਂ ਭਾਰੀ ਚਿੰਤਾ ਵਿੱਚ ਸਨ। ਦੂਜੇ ਪਾਸੇ ਇੰਦਰਾ ਗਾਂਧੀ ਨਾਲ ਕੀਤੇ ਹੋਏ ਵਾਅਦੇ ਕਿ ਬਹੁਤ ਸੀਮਿਤ ਸਮੇਂ ਵਿੱਚ ਭਿੰਡਰਾਂਵਾਲੇ ਅਤੇ ਉਸਦੇ ਸਾਥੀਆਂ ਨੂੰ ਮਾਰ ਮੁਕਾਇਆ ਜਾਵੇਗਾ ਜਾਂ ਫੜ੍ਹ ਲਿਆ ਜਾਵੇਗਾ ਦੇ ਦਾਅਵਿਆਂ ਦੀ ਵੀ ਫੂਕ ਨਿਕਲ ਚੁੱਕੀ ਸੀ। ਹੁਣ ਇਨ੍ਹਾਂ ਨੇ ਟੈਂਕ ਅਤੇ ਬਖਤਰਬੰਦ ਗੱਡੀਆਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਲਿਆਉਣ ਦਾ ਫੈਸਲਾ ਲਿਆ। ਸਭ ਤੋਂ ਪਹਿਲਾਂ ਇੱਕ ਬਖਤਰਬੰਦ ਗੱਡੀ ਅੱਗੇ ਲਾਦੀ ਗਈ ਅਤੇ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਤੋਂ ਗੁਰੂ ਰਾਮਦਾਸ ਲੰਗਰ ਦੇ ਅੱਗੋਂ ਦੀ ਪਕਰਮਾ ਵਿੱਚ ਦਾਖਲ ਹੋਣ ਲਈ ਇਸ ਪਾਸੇ ਨੂੰ ਮੋੜਿਆ ਗਿਆ। ਇਸਦੇ ਪਿੱਛੇ 4 ਟੈਂਕ ਸਨ ਜਿਉਂ ਹੀ ਲੰਗਰ ਸਾਹਿਬ ਵਾਲੀ ਪਕਰਮਾ ਦੀ ਡਿਉਢੀ ਦੇ ਸਾਹਮਣੇ ਇਹ ਬਖਤਰਬੰਦ ਗੱਡੀ ਪਹੁੰਚੀ ਤਾਂ ਲੰਗਰ ਹਾਲ ਦੇ ਜ਼ਮੀਨੀ ਮੋਰਚੇ ਤੋਂ ਰਾਕਟ ਲਾਂਚਰ ਨਾਲ ਇਸ ਉੱਪਰ ਫਾਇਰ ਕੀਤਾ ਗਿਆ ਜਿਸ ਕਾਰਨ ਇਹ ਗੱਡੀ ਇੱਥੇ ਹੀ ਰੁਕ ਗਈ ਅਤੇ ਕਾਫੀ ਸਮਾਂ ਰੁਕੀ ਰਹੀ ਫਿਰ ਇੱਕ ਟੈਂਕ ਨਾਲ ਇਸ ਨੂੰ ਰਸਤੇ ਤੋਂ ਹਟਾਇਆ ਗਿਆ। ਇਸ ਦੌਰਾਨ ਭਾਰੀ ਗੋਲਾਬਾਰੀ ਹੁੰਦੀ ਰਹੀ, ਜਿਉਂ ਹੀ ਦੋ ਟੈਂਕ ਇਸ ਡਿਉਢੀ ਰਾਹੀਂ ਪਕਰਮਾ ਵਿੱਚ ਦਾਖਲ ਹੋਏ ਤਾਂ ਇਨ੍ਹਾਂ ਨੂੰ ਦੂੱਖ ਭੰਜਨੀ ਬੇਰੀ ਵੱਲ ਨੂੰ ਮੋੜਿਆ ਗਿਆ। ਇਸ ਤੋਂ ਥੋੜ੍ਹਾ ਅੱਗੇ ਰੋਕ ਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਟੈਂਕਾਂ ਦੇ ਮੂੰਹ ਸਿੱਧੇ ਕਰਕੇ ਟੈਂਕ ਦੀਆਂ ਸਰਚ ਲਾਈਟਾਂ ਜਗਾਈਆਂ ਗਈਆਂ। ਇਹ ਇੰਨੀਆਂ ਤੇਜ਼ ਸਨ ਕਿ ਕੀੜੀ ਚੱਲਦੀ ਵੀ ਨਜ਼ਰ ਆ ਸਕਦੀ ਸੀ। ਫੌਜ ਦਾ ਮਕਸਦ ਵੀ ਇਹੀ ਸੀ ਕਿ ਰਾਤ ਦੇ ਹਨ੍ਹੇਰੇ ਵਿੱਚ ਜਿੱਥੇ ਸ੍ਰੀ ਅਕਾਲ ਤਖਤ ਸਾਹਿਬ ਦੇ ਮੋਰਚਿਆਂ ਦਾ ਨਿਰੀਖਣ ਕੀਤਾ ਜਾ ਸਕੇ ਅਤੇ ਨਾਲ ਹੀ ਯੁੱਧ ਲੜਨ ਵਾਲੇ ਸਿੰਘਾਂ ਦੀਆਂ ਅੱਖਾਂ ਚੁੰਧਿਆਈਆਂ ਜਾਣ। ਕੁੱਝ ਹੀ ਪਲਾਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਮੋਰਚੇ ਤੋਂ ਇੱਕ ਜ਼ੋਰਦਾਰ ਧਮਾਕਾ ਹੋਇਆ ਤੇ ਨਾਲ ਹੀ ਟੈਂਕ ਦੀਆਂ ਲਾਈਟਾਂ ਬੰਦ ਹੋ ਗਈਆਂ। (ਜਿਸ ਨੂੰ ਜਨਰਲ ਬਰਾੜ ਨੇ ਸਮਝਿਆ ਕਿ ਇਸਦੇ ਸਰਚ ਲੈਂਪ ਫਿਊਜ਼ ਹੋ ਗਏ) ਅਸਲ ਵਿੱਚ ਸਿੰਘਾਂ ਨੇ ਜਨਰਲ ਸੁਬੇਗ ਸਿੰਘ ਦੀ ਸਿਖਲਾਈ ਸ਼ੁਦਾ ਰਾਕਟ ਲਾਂਚਰ ਰਾਹੀਂ ਟੈਂਕ ਦੀਆਂ ਲਾਈਟਾਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਤੋਂ ਬਾਅਦ ਫੌਜ ਵੱਲੋਂ ਦੂਸਰਾ ਟੈਂਕ ਲਿਆਂਦਾ ਗਿਆ। ਇਸੇ ਤਰ੍ਹਾਂ ਉਸ ਦੀਆਂ ਲਾਈਟਾਂ ਵੀ ਸ੍ਰੀ ਅਕਾਲ ਤਖਤ ਸਾਹਿਬ ਵੱਲ ਸਿੱਧੀਆਂ ਕਰਕੇ ਜਗਾਈਆਂ ਗਈਆਂ ਤਾਂ ਉਸ ਨਾਲ ਵੀ ਇਸ ਤਰ੍ਹਾਂ ਹੀ ਹੋਇਆ ਤੇ ਦੂਸਰੇ ਧਮਾਕੇ ਨਾਲ ਪਲਾਂ ਵਿੱਚ ਹੀ ਉਸਦੀਆਂ ਲਾਈਟਾਂ ਵੀ ਗੁੱਲ ਹੋ ਗਈਆਂ। ਫਿਰ ਤੀਸਰਾ ਟੈਂਕ ਲਿਆਂਦਾ ਪਰ ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲ ਸਿੱਧਿਆਂ ਕਰਨ ਦੀ ਬਜਾਇ ਦੱਖਣੀ ਘੰਟਾਘਰ ਵਾਲੇ ਪਾਸੇ ਨੂੰ ਸਿੱਧਾ ਕਰਕੇ ਲਾਈਟਾਂ ਜਗਾਈਆਂ ਗਈਆਂ। ਪਰ ਪਲਾਂ ਵਿੱਚ ਹੀ ਇਨਾਂ ਕੁੱਝ ਵਾਪਰ ਜਾਣ ਕਾਰਨ ਜਨਰਲ ਬਰਾੜ ਸਮੇਤ ਫੌਜੀ ਅਫਸਰਾਂ ਦੀ ਹੋਸ਼ ਉਡ ਚੁੱਕੀ ਸੀ ਕਿ ਅਗਾਂਹ ਕੀ ਹੋਣ ਵਾਲਾ ਹੈ? ਕਿਉਂਕਿ ਉਨ੍ਹਾਂ ਨੇ ਤਾਂ ਅਜਿਹਾ ਕਦੇ ਵੀ ਸੋਚਿਆ ਨਹੀਂ ਸੀ ਕਿ ਅਜਿਹੇ ਹਥਿਆਰ ਜੁਝਾਰੂ ਸਿੰਘਾਂ ਕੋਲ ਵੀ ਹੋਣਗੇ ਜੋ ਸਿੱਧੇ ਟੈਂਕਾਂ 'ਤੇ ਵੀ ਮਾਰੂ ਸਾਬਤ ਹੋ ਸਕਦੇ ਹਨ।

ਇਧਰ ਹੀ ਫੌਜ ਨੇ ਪੂਰਬੀ ਘੰਟਾਘਰ ਤੋਂ ਅਖਾੜਾ ਬ੍ਰਹਮਬੂਟਾ ਤੱਕ ਦੇ ਸਾਰੇ ਪਕਰਮਾ ਵਿਚਲੇ ਕਮਰਿਆਂ ਵਿੱਚ ਟੈਂਕਾਂ ਰਾਹੀਂ ਜਹਿਰੀਲੀ ਗੈਸ ਦੇ ਗੋਲੇ ਦਾਗੇ ਜਿਸ ਕਾਰਨ ਇਨ੍ਹਾਂ ਕਮਰਿਆਂ ਦੇ ਮੋਰਚਿਆਂ ਵਿਚਲੇ ਸਿੰਘ ਨੀਮ

Scanned with CamScanner

ਬੇਹੋਸ਼ੀ ਦੀ ਹਾਲਤ ਵਿੱਚ ਹੋ ਗਏ। ਇਸ ਤੋਂ ਬਾਅਦ ਇਹ ਤਿੰਨ ਟੈਂਕ ਉੱਤਰੀ ਘੰਟਾਘਰ ਵਾਲੇ ਪਾਸੇ ਅੱਗੇ ਵਧਾਏ ਗਏ। ਇਨ੍ਹਾਂ ਟੈਂਕਾਂ ਦੇ ਪਿੱਛੇ ਬੁਲਟ ਪਰੂਫ ਜੈਕਟਾਂ ਪਹਿਨੇ ਹੋਏ ਕਮਾਂਡੋ ਇਨ੍ਹਾਂ ਕਮਰਿਆਂ ਵਿਚਲੇ ਮੋਰਚਿਆਂ ਦੀ ਤਲਾਸ਼ੀ ਲੈਣ ਲੱਗੇ ਤਾਂ ਉਨ੍ਹਾਂ ਉਪਰ ਵੀ ਸਿੰਘਾਂ ਨੇ ਫਾਇਰਿੰਗ ਕੀਤੀ। ਹਾਲਾਂਕਿ ਇਹ ਕੁੱਝ ਹੀ ਸਿੰਘ ਬੇਹੋਸ਼ੀ ਦੀ ਹਾਲਤ ਵਿੱਚੋਂ ਬਚੇ ਸਨ। ਇਸ ਹਮਲੇ ਕਾਰਨ ਵੀ ਬਹੁਤ ਸਾਰੇ ਕਮਾਂਡੋ ਮਾਰੇ ਗਏ ਤੇ ਕੁੱਝ ਕੁ ਨੇ ਭੱਜ ਕੇ ਜਾਨਾਂ ਬਚਾਈਆਂ। ਫਿਰ ਪੂਰੀ ਤਰ੍ਹਾਂ ਇਨ੍ਹਾਂ ਹੀ ਕਮਰਿਆਂ ਉਪਰ ਜ਼ਹਿਰੀਲੀ ਗੈਸ ਅਤੇ ਮਾਰੂ ਗੋਲਿਆਂ ਤੇ ਬੰਬਾਂ ਦੀ ਵਰਖਾ ਕੀਤੀ ਗਈ। ਜਿਸ ਨਾਲ ਫੌਜ ਨੇ ਇਸ ਪਾਸੇ ਦੇ ਮੋਰਚੇ ਖਤਮ ਕਰ ਦਿੱਤੇ ਅਤੇ ਮੋਰਚਿਆਂ ਵਿਚਲੇ ਸਿਘ ਵੀ ਸ਼ਹੀਦ ਕਰ ਦਿੱਤੇ। ਹਾਲਾਂਕਿ ਉਸੇ ਜ਼ਹਿਰੀਲੀ ਗੈਸ ਨਾਲ ਕੁਝ ਹਮਲਾਵਰ ਫੌਜੀ ਵੀ ਬੇਹੋਸ਼ ਹੋ ਗਏ ਕਿਉਂਕਿ ਜ਼ਹਿਰੀਲੀ ਗੈਸ ਅਤੇ ਧੂੰਏ ਦਾ ਗੁਬਾਰ ਅੰਧਾਧੁੰਦ ਸੀ। ਹੁਣ ਇਥੇ ਕੁੱਝ ਕੁ ਗਿਣਤੀ ਦੇ ਹੀ ਸਿੰਘ ਬਚੇ ਸਨ ਜੋ ਘੰਟਾਘਰ ਦੇ ਖੱਬੇ ਵਾਲੇ ਕਮਰਿਆਂ ਦੇ ਮੋਰਚੇ ਵਿੱਚ ਸਨ।

ਉਧਰ ਤਿੰਨ ਟੈਂਕ, ਦੋ ਬਖਤਰਬੰਦ ਗੱਡੀਆਂ ਅਤੇ ਕੁੱਝ ਪੈਦਲ ਕਮਾਂਡੋ ਗੁਰੂ ਰਾਮਦਾਸ ਸਰਾਂ ਤੋਂ ਗੁਰੂ ਨਾਨਕ ਨਿਵਾਸ ਵਾਲੇ ਪਾਸੇ ਅੱਗੇ ਵਧੇ ਜਿਨ੍ਹਾਂ ਉੱਪਰ ਫੈਡਰੇਸ਼ਨ ਦੇ ਸਿੰਘ ਜਿਨ੍ਹਾਂ ਦੀ ਅਗਵਾਈ ਸ. ਹਰਮਿੰਦਰ ਸਿੰਘ ਸੰਧੂ ਕਰ ਰਹੇ ਸਨ। ਉਨ੍ਹਾਂ ਨਾਲ ਹੋਰ ਬਹੁਤ ਸਾਰੇ ਫੈਡਰੇਸ਼ਨ ਦੇ ਨੌਜਵਾਨ ਸ਼ਾਮਿਲ ਸਨ, ਜਿਨ੍ਹਾਂ ਦਾ ਵਰਨਣ ਪਿੱਛੇ ਕੀਤਾ ਜਾ ਚੁੱਕਾ ਹੈ। ਦੀਵਾਨ ਹਾਲ ਮੰਜੀ ਸਾਹਿਬ ਦੇ ਉਪਰੋਂ ਜਿਥੇ ਵਰਪਾਲਾਂ ਪਿੰਡ ਦੇ ਸਿਘਾਂ ਨਾਲ ਟਕਸਾਲ ਦੇ ਕੁੱਝ ਸਿੰਘ ਸਨ ਇਸ ਪਾਸੇ ਤੋਂ ਫੌਜ ਤੋਂ ਹਮਲਾ ਕੀਤਾ। ਇੱਕ ਵਾਰ ਗੰਹਿਰੱਡਵਾਂ ਮੁਕਾਬਲਾ ਹੋਇਆ ਪਰ ਇਹ ਕੋਈ ਜ਼ਿਆਦਾ ਲੰਬਕਵੇਂ ਮੋਰਚੇ ਨਾ ਹੋਣ ਕਾਰਨ ਫੌਜ ਨਾਲ ਯੁੱਧ ਲੜਦਿਆਂ ਫੈਡਰੇਸ਼ਨ ਦੇ ਨੌਜਵਾਨਾਂ ਨੂੰ ਹੇਠਲਿਆਂ ਕਮਰਿਆਂ ਵਿੱਚ ਆਉਣਾ ਪਿਆ ਤੇ ਦੀਵਾਨ ਹਾਲ ਮੰਜੀ ਸਾਹਿਬ ਵਾਲੇ ਪਾਸੇ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ।

ਇਸ ਤਰ੍ਹਾਂ ਇਸ ਪਾਸੇ ਫੌਜ ਨੇ ਕਬਜਾ ਕਰ ਲਿਆ ਪਰ ਉਸ ਸਮੇਂ ਤੱਕ ਸਮੁੱਚੇ ਕੰਪਲੈਕਸ ਅੰਦਰ ਬਹੁਤ ਗਿਣਤੀ ਵਿੱਚ ਫੌਜ ਦਾ ਮਾਰਿਆ ਜਾਣਾ ਫੌਜੀ ਅਫਸਰਾਂ ਵਿੱਚ ਘਬਰਾਹਟ ਦਾ ਕਾਰਨ ਬਣਿਆ ਹੋਇਆ ਸੀ। ਇਸੇ ਲਈ ਫੌਜ ਨੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਨੇੜੇ ਆਮ ਸੰਗਤ ਅਤੇ ਧਰਮ ਯੁੱਧ ਮੋਰਚੇ ਵਿੱਚ ਗ੍ਰਿਫਤਾਰੀਆਂ ਦੇਣ ਆਏ ਜਥੇ ਦੇ ਸਿੰਘਾਂ ਨੂੰ ਇੱਕ ਥਾਂ ਇਕੱਠਿਆ ਕਰਕੇ ਸੈਂਕੜਿਆਂ ਦੀ ਗਿਣਤੀ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸਦਾ ਖੁਲਾਸਾ ਵੀ ਫੌਜੀ ਅਫਸਰਾਂ ਨੇ ਪੱਤਰਕਾਰ ਕੰਵਰ ਸੰਧੂ ਦੀ ਇੰਟਰਵਿਊ ਵਿੱਚ ਕੀਤਾ। ਫੌਜ ਦੀ ਇਸ ਵਹਿਸ਼ੀਆਨਾ ਕਾਰਵਾਈ ਤੋਂ ਕੁਝ ਫੌਜੀ ਅਫਸਰ ਵੀ ਬਹੁਤ ਖਫਾ ਹੋਏ। ਪਰ ਉਦੋਂ ਤੱਕ ਫੌਜ ਨੇ ਸ਼ਰਧਾਲੂ ਸੰਗਤਾਂ ਦੀਆਂ ਲਾਸ਼ਾਂ ਦਾ ਢੇਰ ਲਾ ਦਿੱਤਾ ਸੀ। ਇਸੇ ਦੌਰਾਨ ਗੁਰੂ ਨਾਨਕ ਨਿਵਾਸ ਅਤੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਵਿਚਕਾਰ ਜਿੱਥੇ ਬਹੁਤ ਸਾਰੇ ਫੌਜੀ ਅਫਸਰ ਤੇ ਸਿਪਾਹੀ ਇਕੱਠੇ ਖੜ੍ਹੇ ਸਨ ਇੱਥੇ ਕਿਸੇ ਸਿੰਘ ਨੇ ਹੱਥ ਗੋਲਾ ਸੁੱਟਿਆ ਜਿਸ ਨਾਲ ਕਈ ਫੌਜੀ ਮੌਕੇ 'ਤੇ ਹੀ ਮਾਰੇ ਗਏ। ਇਸ ਤੋਂ ਬਾਅਦ ਇਸ ਪਾਸੇ ਭਾਰੀ ਨਾਕਾਬੰਦੀ ਕਰਕੇ ਟੈਂਕ ਦੀ ਪਹਿਰੇਦਾਰੀ ਹੇਠ ਫੌਜ ਡਾਇਨਾਮਾਇਟ ਕਰਕੇ ਇਹ ਪਾਸਾ ਪੂਰੀ ਤਰ੍ਹਾਂ ਸੀਲ ਕਰ ਦਿੱਤਾ।

ਫਿਰ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਦੇ ਸਾਹਮਣੇ ਵਾਲੇ ਰਸਤੇ ਤੋਂ ਤਿੰਨ ਟੈਂਕ ਪ੍ਰਕਰਮਾ ਵਿੱਚ ਦਾਖਲ ਹੋਏ ਜਿਨ੍ਹਾਂ ਵਿੱਚੋਂ ਇੱਕ ਦੁੱਖ ਭੰਜਨੀ ਬੇਰੀ ਵੱਲ ਅਤੇ ਦੋ ਟੈਂਕ ਸ਼ਹੀਦ ਬਾਬਾ ਦੀਪ ਸਿੰਘ ਦੇ ਬੁੰਗੇ ਵਾਲੇ ਪਾਸੇ ਚੱਲ ਪਏ। ਇੱਕ ਟੈਂਕ ਦੁੱਖ ਭੰਜਨੀ ਬੇਰੀ ਕੋਲ ਦੀ ਹੁੰਦਾ ਹੋਇਆ ਬੇਰ ਬਾਬਾ ਬੁੱਢਾ ਸਾਹਿਬ ਵਾਲੇ ਪਾਸੇ ਦੀ ਸੀ ਅਕਾਲ ਤਖਤ ਸਾਹਿਬ ਵਾਲੇ ਪਾਸੇ ਗਿਆ। ਦੂਜੇ ਪਾਸੇ ਜੋ ਟੈਂਕ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਬੁੰਗੇ ਵਾਲੇ ਪਾਸੇ ਜਾ ਰਹੇ ਸਨ ਜਿਉਂ ਹੀ ਇਹ ਟੈਂਕ ਬੁੰਗਾ ਸਾਹਿਬ ਦੇ ਨੇੜੇ ਪਹੁੰਚੇ ਤਾਂ ਇੱਥੇ ਹੀ ਜ਼ਮੀਨ ਵਿੱਚ ਧਸ ਗਏ। ਜੋ ਟੈਂਕ ਇਸਦੇ ਪਿੱਛੇ ਆ ਰਿਹਾ ਸੀ ਉਹ ਜਿਉਂ ਹੀ ਇਸ ਅਸਥਾਨ 'ਤੇ ਪਹੁੰਚਿਆ ਤਾਂ ਗਿਆਨੀ ਮੋਹਰ ਸਿੰਘ (ਸੁਰਾਪੱਡਾ) ਨੇ ਆਪਣੀਆਂ ਬੱਚੀਆਂ ਸਤਨਾਮ ਕੌਰ ਅਤੇ ਵਾਹਿਗੁਰੂ ਕੌਰ ਸਮੇਤ ਟੈਂਕ ਉੱਪਰ ਛਾਲ ਮਾਰ ਦਿੱਤੀ। ਇਨ੍ਹਾਂ ਨੇ ਆਪਣੇ ਨਾਲ ਵਿਸਫੋਟਕ ਪਦਾਰਥ ਬੰਨ੍ਹ ਹੋਏ ਸਨ ਜਿਸ ਕਾਰਨ ਜ਼ਬਰਦਸਤ ਧਮਾਕਾ ਹੋਇਆ ਤੇ ਧੂੰਏ ਦੇ ਗੁਬਾਰ ਵੀ ਉੱਡੇ। ਇਸ ਤੋਂ ਬਾਅਦ ਇਸ ਟੈਂਕ ਤੋਂ ਇਥੇ ਹੀ ਪੱਛਮੀ ਘੰਟਾਘਰ ਵਾਲੇ ਪਾਸੇ ਆਟਾ ਮੰਡੀ ਵੱਲ ਸਭ ਕਮਰਿਆਂ ਤੇ ਜ਼ਹਿਰੀਲੀ ਗੈਸ ਦੇ ਗੋਲੇ ਦਾਗੇ ਅਤੇ ਬੰਬਾਰੀ ਕਰਕੇ ਬਹੁਤ ਸਾਰੇ ਕਮਰਿਆਂ ਨੂੰ ਤਹਿਸ-ਨਹਿਸ ਕਰ ਦਿੱਤਾ ਗਿਆ। ਹੁਣ ਚਾਰ ਚੁਫੇਰੇ ਧੂੰਏ ਦੇ ਗੁਬਾਰ ਸਨ ਤੇ ਮੋਰਚਿਆਂ ਵਿਚਲੇ ਬਹੁਤ ਸਾਰੇ ਸਿੰਘ ਜਾਂ ਤਾਂ ਬੇਹੋਸ਼ ਹੋ ਚੁੱਕੇ ਸਨ ਜਾਂ ਸ਼ਹੀਦ

Scanned with CamScanner

ਹੋ ਚੁੱਕੇ ਸਨ। ਇਨੀ ਭਿਆਨਕ ਬੰਬਾਰੀ ਅਤੇ ਜ਼ਹਿਰੀਲੀ ਗੈਸ ਛੱਡਣ ਤੋਂ ਬਾਅਦ ਹੀ ਫੌਜੀ ਦਸਤੇ ਇਸ ਬਾਹੀ 'ਤੇ ਅੱਗੇ ਵੱਧ ਸਕੇ। ਇਸ ਸਭ ਕੁਝ ਦੇ ਬਾਵਜੂਦ ਫੌਜ ਨੂੰ ਅੱਗੇ ਵਧਣ ਤੋਂ ਰੋਕਣ ਲਈ ਹਰ ਕਮਰੇ ਵਿੱਚੋਂ ਸਿੰਘਾਂ ਨੇ ਗਹਿਗੱਡਵੀਂ ਲੜਾਈ ਲੜੀ। ਇੱਧਰ ਹੀ ਭਾਈ ਮੋਹਰ ਸਿੰਘ ਸੁਰਾਪੱਡਾ ਦੀ ਅਗਵਾਈ ਹੇਠ ਜਿਨ੍ਹਾਂ ਸਿੰਘਾਂ ਨੇ ਯੁੱਧ ਲੜਿਆ ਉਨ੍ਹਾਂ ਦਾ ਵੇਰਵਾ ਵੀ ਪਿੱਛੇ ਦਿੱਤਾ ਜਾ ਚੁੱਕਾ ਹੈ। ਇਸੇ ਪਾਸਿਓਂ ਹੀ ਬ੍ਰਿਗੇਡੀਅਰ ਦੀਵਾਨ ਨੇ ਆਪਣੇ ਕਮਾਂਡੋਆਂ ਨਾਲ ਪੱਛਮੀ ਘੰਟਾਘਰ ਰਾਹੀ ਅੱਗੇ ਵੱਧਣਾ ਸੀ। ਜਿਉਂ ਹੀ ਇਸਦੇ ਕਮਾਂਡੋ ਘੰਟਾ ਘਰ ਅੰਦਰ ਵੜੇ ਤਾਂ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਬੁੰਗੇ ਵਾਲੇ ਪਾਸੇ ਤੋਂ ਆ ਰਹੀ ਭਾਰਤੀ ਫੌਜ ਨਾਲ ਹੀ ਇਨ੍ਹਾਂ ਦੀ ਭਿਆਨਕ ਟੱਕਰ ਹੋਈ ਕਿਉਂਕਿ ਰਾਤ ਦਾ ਹਨ੍ਹੇਰਾ ਧੁੰਏ ਦੇ ਗੁਬਾਰ ਅਤੇ ਜ਼ਹਿਰੀਲੀ ਗੈਸ ਦਾ ਪ੍ਰਕਰਮਾ ਵਿੱਚ ਫੈਲ ਜਾਣਾ ਵੱਡਾ ਕਾਰਨ ਬਣਿਆ ਕਿ ਫੌਜ ਸਮਝ ਨਾ ਸਕੀ ਕਿ ਅੱਗੇ ਕਿਸ ਨਾਲ ਮੁਕਾਬਲਾ ਹੋ ਰਿਹਾ ਹੈ। ਇਥੇ ਵੱਡੀ ਗਿਣਤੀ ਵਿੱਚ ਆਪਸ ਵਿੱਚ ਹੀ ਬਹੁਤ ਸਾਰੀ ਫੌਜ ਮਾਰੀ ਗਈ। (ਜਿਸਦਾ ਖੁਲਾਸਾ ਪੱਤਰਕਾਰ ਕੰਵਰ ਸੰਧੂ ਦੀ ਇੰਟਰਵਿਊ ਵਿੱਚ ਬ੍ਰਿਗੇਡੀਅਰ ਦੀਵਾਨ ਨੇ ਦਿੱਤਾ ਹੈ) ਬਹੁਤ ਸਾਰੀ ਫੌਜ ਦੇ ਮਾਰੇ ਜਾਣ ਤੋਂ ਬਾਅਦ ਪਤਾ ਲੱਗਾ ਕਿ ਅਸੀਂ ਆਪਸ ਵਿੱਚ ਹੀ ਲੜ ਕੇ ਮਰ ਰਹੇ ਹਾਂ।

ਸਵੇਰੇ 3:30 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੂਰਬੀ ਪਾਸੇ ਛੇ ਟੈਂਕ ਪਹੁੰਚ ਚੁੱਕੇ ਸਨ ਜਿਨ੍ਹਾਂ ਵਿੱਚੋ ਸਭ ਤੋਂ ਪਹਿਲੇ ਟੈਂਕ ਨੇ ਪੂਰਬੀ ਪਾਸੇ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਮੋੜ ਕੱਟ ਕੇ ਇਥੋਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜ਼ਹਿਰੀਲੀ ਗੈਸ ਦੇ ਗੋਲੇ ਦਾਗਣੇ ਸ਼ੁਰੂ ਕੀਤੇ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਨਾ ਜਾ ਸਕੇ ਕਿਉਂਕਿ ਸਭ ਪਾਸੇ ਰੇਤ ਦੀਆਂ ਬੋਰੀਆਂ ਨਾਲ ਰਸਤੇ ਬੰਦ ਕੀਤੇ ਹੋਏ ਸਨ। ਉਨ੍ਹਾਂ ਰੇਤ ਦੀਆਂ ਬੋਰੀਆਂ ਨਾਲ ਟਕਰਾ ਕੇ ਗੈਸ ਦੇ ਗੋਲੇ ਪ੍ਰਕਰਮਾ ਅਤੇ ਦਰਸ਼ਨੀ ਡਿਉਢੀ ਦੇ ਸਾਹਮਣੇ ਡਿੱਗਣੇ ਸ਼ੁਰੂ ਹੋਏ ਜਿਸ ਨਾਲ ਯੁੱਧ ਲੜ ਰਹੇ ਸਿੰਘਾਂ ਦੇ ਨੁਕਸਾਨ ਦੀ ਬਜਾਇ ਇਸ ਜ਼ਹਿਰੀਲੀ ਗੈਸ ਨੇ ਫੌਜ ਦਾ ਭਾਰੀ ਨੁਕਸਾਨ ਕੀਤਾ ਅਤੇ ਹਵਾ ਦਾ ਰੁੱਖ ਵੀ ਉਲਟ ਹੋਣ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵੱਜ ਰਹੇ ਗੋਲਿਆਂ ਦਾ ਧੂੰਆ ਕੰਪਲੈਕਸ ਵਾਲੇ ਪਾਸੇ ਹੀ ਜਾ ਰਿਹਾ ਸੀ। ਜਿਸ ਨਾਲ ਇਹ ਭੋਜਾ ਵੱਡਾ ਹਮਲਾ ਵੀ ਫੌਜ ਨੂੰ ਪੁੱਠਾ ਪੈਂਦਾ ਨਜ਼ਰ ਆਇਆ। ਇਧਰ ਪੱਛਮੀ ਘੰਟਾਘਰ ਵਾਲੇ ਪਾਸਿਓਂ ਬ੍ਰਿਗੇਡੀਅਰ ਦੀਵਾਨ ਆਪਣੇ ਕਮਾਂਡੋਆਂ ਨੂੰ ਦਰਸ਼ਨੀ ਡਿਉਢੀ ਤੱਕ ਲੈ ਜਾਣ ਲਈ ਅੱਗੇ ਵੱਧ ਰਿਹਾ ਸੀ। ਜਿਸ ਨੇ 200 ਕਮਾਂਡੋ ਅਤੇ ਇੰਨੇ ਹੀ ਗਾਰਡਾਂ ਵੱਲੋਂ ਇੱਕ ਜ਼ੋਰਦਾਰ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦਰਸ਼ਨੀ ਡਿਉਢੀ ਵਿਖੇ ਪਹੁੰਚਣ ਵਿੱਚ ਸਫਲ ਹੋ ਗਏ ਜੋ ਉਨ੍ਹਾਂ ਲਈ ਵੱਡੀ ਪ੍ਰਾਪਤੀ ਸੀ। ਇਹ ਗਾਰੇ ਉਹ ਪੁਜੀਸ਼ਨਾਂ ਲੈ ਹੀ ਰਹੇ ਸਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਜ਼ਮੀਨੀ ਸੜ੍ਹਾ 'ਤੇ ਬਣੇ ਮੋਰਚਿਆਂ ਚੋਂ ਸਿੰਘਾਂ ਨੇ ਜ਼ੋਰਦਾਰ ਹਮਲੇ ਨਾਲ ਇਨ੍ਹਾਂ ਵਿੱਚੋਂ ਬਹੁਤ ਸਾਰੇ ਭੁੰਨ ਸੁੱਟੇ ਅਤੇ ਕੁੱਝ ਨੇ ਭੱਜ ਕੇ ਜਾਨਾਂ ਬਚਾਈਆਂ।

ਘਮਸਾਨ ਦੀ ਲੜਾਈ ਚੱਲਦੀ ਨੂੰ 72 ਘੰਟੇ ਬੀਤ ਚੁੱਕੇ ਸਨ ਜਿਸ ਕਾਰਨ ਤਿੰਨੇ ਹੀ ਜਨਰੈਲ ਕੇ. ਸੁੰਦਰਜੀ, ਰਣਜੀਤ ਦਿਆਲ ਅਤੇ ਕੁਲਦੀਪ ਬਰਾੜ ਬਹੁਤ ਮਾਯੂਸ ਅਤੇ ਨਿਰਾਸ਼ ਹੋ ਉੱਠੇ। ਉੱਧਰ ਇਹੀ ਹਾਲ ਰਾਜੀਵ ਗਾਂਧੀ, ਕੇ. ਪੀ. ਸਿੰਘ ਦਿਓ ਅਤੇ ਅਰੁਣ ਕੁਮਾਰ ਅਤੇ ਜਨਰਲ ਵੈਦਿਆ ਦਾ ਸੀ ਜੋ ਦਿੱਲੀ ਦੇ ਕੰਟਰੋਲ ਰੂਮ ਵਿਖੇ ਆਪਣੇ ਵੱਲੋਂ ਆਪਣੀ ਮਨਸ਼ਾ ਅਨੁਸਾਰ ਸ਼ੁੱਭ ਸਮਾਚਾਰ ਸੁਣਨ ਦੀ ਤੀਬਰਤਾ ਨਾਲ ਉਡੀਕ ਕਰ ਰਹੇ ਸਨ। ਅਜਿਹੀ ਹੀ ਖ਼ਬਰ ਸੁਣਨ ਲਈ ਇੰਦਰਾ ਗਾਂਧੀ ਸਭ ਤੋਂ ਵੱਧ ਬੇਚੈਨ ਸੀ ਕਿਉਂਕਿ ਉਹ ਜਾਣਦੀ ਸੀ ਕਿ ਅੱਜ ਦਾ ਦਿਨ ਚੜ੍ਹਨ ਨਾਲ ਭਾਰਤੀ ਫੌਜ ਵਿੱਚੋ ਸਿੱਖਾਂ ਵੱਲੋਂ ਬਗਾਵਤ ਕਰਨ ਦਾ ਖ਼ਤਰਾ ਖੜ੍ਹਾ ਹੋ ਸਕਦਾ ਹੈ। ਦੂਸਰਾ ਪੰਜਾਬ ਦੇ ਲੋਕ ਵੱਡੀ ਗਿਣਤੀ ਵਿੱਚ ਆਪਣੇ ਆਪ ਨੂੰ ਜ਼ੋਖਮ ਵਿੱਚ ਪਾ ਕੇ ਸ੍ਰੀ ਦਰਬਾਰ ਸਾਹਿਬ ਵੱਲ ਵਹੀਰਾ ਘੱਤ ਦੇਣਗੇ, ਤੀਸਰਾ ਅੰਤਰਰਾਸ਼ਟਰੀ ਪੱਧਰ 'ਤੇ ਜੋ ਹਾਲਾਤ ਉੱਭਰਨ ਵਾਲੇ ਹਨ, ਉਸਦਾ ਸਾਹਮਣਾ ਕਰਨਾ ਔਖਾ ਹੋ ਜਾਵੇਗਾ। ਇਸ ਲਈ ਉਹ ਹਰ ਤਰ੍ਹਾਂ ਦੇ ਮਾਰੂ ਤੋਂ ਮਾਰੂ ਹਥਿਆਰ ਵਰਤ ਕੇ ਇਸ ਯੁੱਧ ਨੂੰ ਆਰ-ਪਾਰ ਕਰ ਦੇਣਾ ਚਾਹੁੰਦੇ ਸਨ।

ਇੱਥੇ ਇੱਕ ਗੱਲ ਧਿਆਨ ਰੱਖਣਯੋਗ ਅਤੇ ਤਰਕਸੰਗਤ ਹੈ ਕਿ ਭਾਰਤੀ ਫੌਜ ਦੇ ਸੈਨਿਕਾਂ ਨੂੰ ਹਰ ਵਾਰ ਨਵੀਆਂ ਫੌਜਾਂ ਨਾਲ ਤਰੋਤਾਜ਼ਾ ਕੀਤਾ ਜਾ ਰਿਹਾ ਸੀ ਜਿਨ੍ਹਾਂ ਨੂੰ ਸਭ-ਜੰਗੀ ਸਹੂਲਤਾਂ ਮੁੱਹਈਆ ਕਰਵਾਈਆਂ ਜਾ ਰਹੀਆਂ ਸਨ ਅਤੇ ਤਿਆਰ ਵਿਚਲੇ ਸਭ ਤੋਂ ਵੱਧ ਨਵੀਨ ਤੇ ਮਾਰੂ ਹਥਿਆਰਾਂ ਨਾਲ ਲੈਸ ਕੀਤਾ ਜਾ ਰਿਹਾ ਸੀ। ਖਾਣ-ਪੀਣ ਦੀਆਂ ਸਭ ਸਹੂਲਤਾਂ ਸਨ, ਗਿਣਤੀ ਪੱਖੋਂ ਕੋਈ ਕਮੀ ਨਹੀਂ ਸੀ ਤਾਂ ਵੀ ਮੁੱਠੀ ਭਰ ਜੁਝਾਰੂ ਬਹਾਦਰ ਸਿੰਘਾਂ ਨੇ ਉਨ੍ਹਾਂ ਨੂੰ ਪੁੱਛੇ ਲਾਈ ਰੱਖਿਆ।

Scanned with CamScanner

ਦੂਜੇ ਪਾਸੇ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਸੰਤ ਭਿੰਡਰਾਂਵਾਲਿਆਂ ਦੇ ਸਾਥੀ ਤਪਸ਼ ਮਾਰਦੀਆਂ ਇਮਾਰਤਾਂ ਅੰਦਰ ਘਿਰੇ ਹੋਏ ਸਨ ਅਤੇ ਉਹ ਵੀ ਅੱਗ ਭੁਲਸਦੀ ਗਰਮੀ ਵਿੱਚ ਜਿਹੜੀ ਕਿ ਜੂਨ ਦੇ ਪਹਿਲੇ ਹਫਤੇ ਵਿੱਚ ਆਪਣੇ ਸਿਖਰਾਂ 'ਤੇ ਸੀ। ਉਨ੍ਹਾਂ ਕੋਲ ਖਾਣ ਲਈ ਭੁੱਜੇ ਛੋਲੇ ਅਤੇ ਪੀਣ ਲਈ ਪਾਣੀ ਸੀ। ਉਨ੍ਹਾਂ ਨੇ ਬਿਨ੍ਹਾਂ ਨੀਂਦ ਅਤੇ ਬਿਨ੍ਹਾਂ ਆਰਾਮ ਕੀਤਿਆਂ ਕਈ ਰਾਤਾਂ ਗੁਜ਼ਾਰੀਆਂ ਸਨ। ਉਨ੍ਹਾਂ ਕੋਲ ਫੌਜ ਵਾਂਗ ਆਪਣੀ ਸੈਨਿਕ ਸ਼ਕਤੀ ਵਧਾਉਣ ਲਈ ਨਵੇਂ ਲੜਾਕੂ ਦਸਤੇ ਨਹੀਂ ਸਨ। ਉਨ੍ਹਾਂ ਕੋਲ ਭਾਰਤੀ ਹਥਿਆਰਬੰਦ ਫੌਜਾਂ ਦੇ ਮੁਕਾਬਲੇ ਲਈ ਕੋਈ ਨਵੀਨਤਮ ਹਥਿਆਰ ਨਹੀਂ ਸਨ। ਅਜਿਹੇ ਹਾਲਾਤਾਂ ਵਿੱਚ ਆਮ ਮਨੁੱਖ ਦਾ ਅੱਕ ਥੱਕ ਜਾਣਾ ਸੁਭਾਵਿਕ ਹੈ। ਪਰ ਉਹ ਆਮ ਮਨੁੱਖ ਨਹੀਂ ਸਨ ਉਹ ਤਾਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਪ੍ਰੇਰਿਤ ਕੀਤੇ ਅਤੇ ਜਨਰਲ ਸੁਬੇਗ ਸਿੰਘ ਵੱਲੋਂ ਸਿੱਖਿਅਤ ਕੀਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਸਨ। ਉਪਰੋਕਤ ਮੁਸ਼ਕਿਲਾਂ ਭਰੇ ਹਾਲਾਤਾਂ ਦੇ ਬਾਵਜੂਦ ਉਹ ਨਿਧੜਕ ਅਤੇ ਬਹਾਦਰ ਯੋਧਿਆਂ ਵਾਂਗ ਨਿਡਰ ਤੇ ਅਡੋਲ ਡਟੇ ਰਹੇ। ਨਿਰੰਤਰ ਭਾਰੀ ਬੰਬਾਰੀ ਉਨ੍ਹਾਂ ਦੇ ਮਨੋਬਲ ਨੂੰ ਡੇਗ ਨਾ ਸਕੀ। ਜੇਕਰ ਉਹ ਵੀ ਭਾਰਤੀ ਫੌਜ ਦੀ ਤਰ੍ਹਾਂ ਵਿਜੈਤਾ ਟੈਂਕਾਂ, ਭਾਰੀ ਫੀਲਡਗੰਨਾਂ ਅਤੇ ਤੋਪਖਾਨੇ ਵਰਗੇ ਹਥਿਆਰਾਂ ਨਾਲ ਲੈਸ ਹੁੰਦੇ ਤਾਂ ਜੰਗ ਦਾ ਨਤੀਜਾ ਕੀ ਹੋਣਾ ਸੀ? ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਅਜਿਹੀ ਸੂਰਤ ਵਿੱਚ ਅਵੱਸ਼ ਹੀ ਜੁਝਾਰੂ ਸਿੰਘਾਂ ਨੇ ਭਾਰਤੀ ਫੌਜ ਨੂੰ ਜਮਨਾ ਨਦੀ ਤੋਂ ਪਾਰ ਭਜਾਉਣ ਤੱਕ ਪਿੱਛਾ ਕਰਨਾ ਸੀ।

ਇੱਧਰ ਸ੍ਰੀ ਅਕਾਲ ਤਖਤ ਸਾਹਿਬ ਦੇ ਪੂਰਬੀ ਪਾਸੇ 105 ਐੱਮ ਐੱਮ. ਦੀਆਂ ਗੰਨਾਂ ਬੀੜੀ ਵਿਜੈਤਾ ਟੈਂਕਾਂ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਸੈਂਕੜੇ ਭਾਰੀ ਵਿਸਫੋਟਕ ਗੋਲੇ ਦਾਗੇ ਜਿਨ੍ਹਾਂ ਵਿੱਚੋਂ ਕੁੱਝ ਗੋਲੇ ਦਰਸ਼ਨੀ ਡਿਊਢੀ ਨੂੰ ਵੀ ਲੱਗੇ ਅਤੇ ਦਰਸ਼ਨੀ ਡਿਊਢੀ ਦਾ ਭਾਰੀ ਨੁਕਸਾਨ ਹੋਇਆ। ਧਰਮ ਨਿਰਪੱਖਤਾ ਦੀ ਦੁਹਾਈ ਦੇਣ ਵਾਲੀ ਇੰਦਰਾ ਗਾਂਧੀ ਦੇ ਹੁਕਮਾਂ ਨਾਲ 6 ਜੂਨ ਦਾ ਦਿਨ ਚੜ੍ਹਣ ਤੋਂ ਪਹਿਲਾਂ ਸਿੱਖ ਪ੍ਰਭੂਸੱਤਾ ਦੇ ਸਰਵ-ਉੱਚ ਕੇਂਦਰ ਅਤੇ ਪਵਿੱਤਰ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਦਾ ਉੱਪਰੀ ਹਿੱਸਾ ਭਾਰਤੀ ਫੌਜ ਵੱਲੋਂ ਪੂਰੀ ਤਰ੍ਹਾਂ ਢਹਿ-ਢੇਰੀ ਕਰ ਦਿੱਤਾ ਗਿਆ। ਇਸਦੇ ਨਾਲ ਲੱਗਦੀਆਂ ਇਮਾਰਤਾਂ 'ਤੇ ਵੀ ਭਾਰੀ ਬੰਬਾਰੀ ਕਰਕੇ ਮਿੱਟੀ ਵਿੱਚ ਮਿਲਾ ਦਿੱਤੀਆਂ ਗਈਆਂ। ਦਰਸ਼ਨੀ ਡਿਊਢੀ ਨੂੰ ਵੀ ਭਾਰੀ ਨੁਕਸਾਨ ਪੁੱਜਾ। ਸ੍ਰੀ ਅਕਾਲ ਤਖਤ ਸਾਹਿਬ ਤੋਂ ਡਿੱਗ ਰਹੇ ਮਲਬੇ ਦਾ ਮੁਹਰਲੇ ਪਾਸੇ ਵੱਡਾ ਢੇਰ ਲੱਗ ਗਿਆ ਜਿਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਤੇ ਨਾਲ ਦੇ ਕਮਰਿਆਂ ਦੇ ਜ਼ਮੀਨੀ ਮੋਰਚਿਆਂ 'ਚੋਂ ਯੁੱਧ ਲੜਨਾ ਅਸੰਭਵ ਹੋ ਗਿਆ। ਸਿਰਫ ਸ੍ਰੀ ਅਕਾਲ ਤਖਤ ਸਾਹਿਬ ਦੇ ਦੱਖਣ ਵਾਲੇ ਪਾਸੇ ਲਾਲ ਡਿਊਢੀ ਤੇ ਵਿਚਕਾਰ ਬਣੇ ਜ਼ਮੀਨੀ ਮੋਰਚੇ ਵਿੱਚੋਂ ਸਿੰਘਾਂ ਨੇ ਘਮਸਾਣ ਦਾ ਯੁੱਧ ਲੜਿਆ।

ਗੁਰਦੁਆਰਾ ਬੇਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਵਿਚਕਾਰ ਬਣੇ ਮੋਰਚੇ ਹਾਲੇ ਵੀ ਕੱਝ ਸੁਰੱਖਿਅਤ ਸਨ ਜਿੱਥੇ ਸਿੰਘ ਡਟੇ ਹੋਏ ਸਨ। ਬਹੁਤ ਸਾਰੇ ਸਿੰਘ ਵੱਖ-ਵੱਖ ਮੋਰਚਿਆਂ ਵਿੱਚ ਜਾ ਕੇ ਸਿੰਘਾਂ ਨੂੰ ਮਿਲਦੇ ਰਹੇ ਅਤੇ ਲੋੜੀਂਦੀ ਸਮੱਗਰੀ ਦਿੰਦੇ ਰਹੇ। ਹੈਰਾਨੀ ਦੀ ਗੱਲ ਹੈ ਕਿ ਵਰ੍ਹਦੀਆਂ ਗੋਲੀਆਂ ਅਤੇ ਚੱਲਦੀਆਂ ਤੋਪਾਂ ਦੌਰਾਨ ਵੀ ਇਹ ਸਿੰਘ ਨਿਰੰਤਰ ਇੱਕ ਤੋਂ ਦੂਸਰੇ ਮੋਰਚਿਆਂ ਵਿੱਚ ਜਾਂਦੇ ਰਹੇ।

6 ਜੂਨ, 1984

6 ਜੂਨ ਨੂੰ ਦਿਨ ਚੜ੍ਹਣ ਤੋਂ ਪਹਿਲਾਂ ਕੰਪਲੈਕਸ ਦੇ ਚੌਗਿਰਦੇ ਵਿੱਚ ਭਾਰਤੀ ਫੌਜ ਵੱਲੋਂ ਤੋਪ ਗੋਲਿਆਂ, ਜ਼ਹਿਰੀਲੀ ਗੈਸ ਦੇ ਗੋਲਿਆਂ ਨਾਲ ਭਾਰੀ ਤਬਾਹੀ ਮਚਾਈ ਜਾ ਚੁੱਕੀ ਸੀ ਬਲਕਿ ਕੰਪਲੈਕਸ ਦੇ ਇਰਦ-ਗਿਰਦ ਦੀਆਂ ਕਈ ਇਮਾਰਤਾਂ ਵੀ ਤੋਪ ਗੋਲਿਆਂ ਨਾਲ ਮਿੱਟੀ ਵਿੱਚ ਮਿਲਾ ਦਿੱਤੀਆਂ ਗਈਆਂ ਸਨ। ਇੱਧਰ ਸਰਾਂ ਗੁਰੂ ਰਾਮਦਾਸ, ਭੋਜਨ ਸਿੰਘ ਸਮੁੰਦਰੀ ਹਾਲ, ਅਕਾਲ ਗੈਸਟ ਹਾਊਸ, ਗੁਰੂ ਨਾਨਕ ਨਿਵਾਸ ਆਦਿ ਇਮਾਰਤਾਂ ਨੂੰ ਪੂਰੀ ਤਰ੍ਹਾਂ ਘੇਰੇ ਵਿੱਚ ਲਿਆ ਹੋਇਆ ਸੀ। ਕਿਉਂਕਿ ਇਥੋਂ ਅਕਾਲੀ ਲੀਡਰਾਂ ਨੂੰ ਜਿਨ੍ਹਾਂ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਬਲਵੰਤ ਸਿੰਘ ਰਾਮੂੰਵਾਲੀਆ, ਦਰਸ਼ਨ ਸਿੰਘ ਈਸਾਪੁਰ, ਦਾਰਾ ਸਿੰਘ ਜੱਜ, ਅਬਨਾਸੀ ਸਿੰਘ ਆਦਿ ਸ਼ਾਮਿਲ ਸਨ ਜਿਨ੍ਹਾਂ ਨੂੰ ਫੌਜ ਵੱਲੋਂ ਗ੍ਰਿਫਤਾਰ ਕਰਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾਣਾ ਸੀ।

Scanned with CamScanner

ਫੌਜ ਵੱਲੋਂ ਅਕਾਲੀ ਲੀਡਰਾਂ ਨੂੰ ਸੁਰੱਖਿਅਤ ਬਾਹਰ ਕੱਢਣਾ

ਫੌਜ ਵੱਲੋਂ ਅਕਾਲੀ ਲੀਡਰਾਂ ਨੂੰ ਸੁਰੱਖਿਅਤ ਕੱਢਣ ਲਈ ਕੁੱਝ ਅਫਸਰਾਂ ਸਮੇਤ ਡਿਵੀਟੀ ਡਵੀਜ਼ਨ ਦੇ ਕਰਨਲ ਆਦਰਸ਼ ਕੁਮਾਰ ਸ਼ਰਮਾ ਨੂੰ ਇਹ ਕੰਮ ਸੌਂਪਿਆ ਗਿਆ। ਜਿਉਂ ਹੀ ਕਰਨਲ ਸ਼ਰਮਾ ਆਪਣੀ ਫੌਜ ਸਮੇਤ ਗੁਰੂ ਨਾਨਕ ਨਿਵਾਸ ਵਿਖੇ ਪਹੁੰਚਿਆ ਤਾਂ ਸਭ ਤੋਂ ਪਹਿਲਾਂ ਇਸ ਨੂੰ ਬਲਵੰਤ ਸਿੰਘ ਰਾਮੂੰਵਾਲੀਆ ਮਿਲਿਆ ਜਿਸ ਨੇ ਆਪਣੀ ਪਛਾਣ ਦਸਦਿਆਂ ਕਿਹਾ ਕਿ ਸਾਨੂੰ ਜਿੰਨਾ ਵੀ ਜਲਦੀ ਹੋ ਸਕੇ ਇੱਥੋਂ ਕੱਢਿਆ ਜਾਵੇ। ਇਸ ਗੱਲ ਤੇ ਕਰਨਲ ਸ਼ਰਮਾ ਨੇ ਰਾਮੂੰਵਾਲੀਆ ਨੂੰ ਝਾੜ ਪਾਉਂਦਿਆਂ ਕਿਹਾ ਕਿ ਆਗੂ ਤੁਹਾਡੇ ਵਰਗੇ ਹੁੰਦੇ ਹਨ? ਕਿਉਂਕਿ ਇੱਥੇ ਇੰਨੀ ਸੰਗਤ ਮਾਰੀ ਜਾ ਚੁੱਕੀ ਹੈ ਅਤੇ ਕੁੱਝ ਜ਼ਖਮੀ ਹਾਲਤ ਵਿੱਚ ਸਹਿਕ ਰਹੇ ਹਨ। ਇਨ੍ਹਾਂ ਨੂੰ ਇਸੇ ਹਾਲਤ ਵਿੱਚ ਛੱਡ ਕੇ ਤੁਹਾਨੂੰ ਇੱਥੋਂ ਜਾਣ ਦੀ ਕਾਹਲੀ ਪਈ ਹੈ ਤਾਂ ਰਾਮੂੰਵਾਲੀਆ ਨੇ ਗੱਲ ਦਾ ਰੁਖ ਬਦਲਣ ਲਈ ਸ਼ਰਮਿੰਦੇ ਹੁੰਦਿਆਂ ਕਿਹਾ ਕਿ ਸੰਤ ਲੌਂਗੋਵਾਲ ਤੁਹਾਡੇ ਨਾਲ ਇਕੱਲਿਆਂ ਗੱਲ ਕਰਨੀ ਚਾਹੁੰਦੇ ਹਨ ਤਾਂ ਜਦੋਂ ਕਰਨਲ ਸ਼ਰਮਾ ਸੰਤ ਲੌਂਗੋਵਾਲ ਨੂੰ ਮਿਲੇ ਤਾਂ ਉਸ ਨੇ ਪੁੱਛਿਆ, "ਕੀ ਉਹ ਮਾਰਿਆ ਗਿਆ ਹੈ?" "ਕੌਣ?" ਕਰਨਲ ਸ਼ਰਮਾ ਨੇ ਪੁੱਛਿਆ, ਤਾਂ ਲੌਂਗੋਵਾਲ ਨੇ ਕਿਹਾ "ਸੰਤ ਭਿੰਡਰਾਂਵਾਲਾ"। ਇਸ 'ਤੇ ਕਰਨਲ ਸ਼ਰਮਾ ਨੇ ਦੱਸਿਆ ਕਿ ਉਸ ਤਰਫ ਮੇਰੀ ਡਿਊਟੀ ਨਹੀਂ ਹੈ। ਉੱਧਰ ਜਨਰਲ ਬਰਾੜ ਦੀ ਕਮਾਂਡ ਹੈ ਇਸ ਲਈ ਮੈਨੂੰ ਉਧਰ ਬਾਰੇ ਕੁੱਝ ਪਤਾ ਨਹੀਂ। ਪਰ ਕਰਨਲ ਸ਼ਰਮਾ ਇਨ੍ਹਾਂ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਬਹੁਤ ਹੈਰਾਨ ਹੋਏ ਕਿਉਂਕਿ ਉਸ ਨੇ ਸੁਣਿਆ ਹੋਇਆ ਸੀ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਕਹਿੰਦੇ ਸਨ ਕਿ ਜੇਕਰ ਫੌਜ ਦਰਬਾਰ ਸਾਹਿਬ ਵਿੱਚ ਆਈ ਤਾਂ ਸਾਡੀਆਂ ਲਾਸ਼ਾਂ ਉੱਪਰੋਂ ਦੀ ਆਵੇਗੀ ਪਰ ਇਹ ਤਾਂ ਖੁਦ ਹੀ ਆਮ ਸੰਗਤਾਂ ਦੀਆਂ ਲਾਸ਼ਾਂ ਉੱਪਰ ਦੀ ਲੰਘ ਕੇ ਫੌਜ ਦੀ ਹਿਫਾਜਤ ਵਿੱਚ ਇੱਥੋਂ ਸੁਰੱਖਿਅਤ ਨਿਕਲਣ ਲਈ ਕਾਹਲੇ ਸਨ। ਫਿਰ ਉਸ ਨੇ ਕਿਹਾ ਕਿ ਮੇਰੇ ਕੋਲ ਸਿਰਫ ਪੰਜ ਬੰਦਿਆਂ ਦੀ ਲਿਸਟ ਹੈ ਜਿਨ੍ਹਾਂ ਨੂੰ ਮੈਂ ਇੱਥੋਂ ਨਾਲ ਲੈ ਕੇ ਜਾਣਾ ਹੈ ਤੇ ਇਸਦੇ ਨਾਲ ਹੀ ਉਹ ਆਪਣੀਆਂ ਗੱਡੀਆਂ ਵਿੱਚ ਬਿਠਾ ਕੇ ਇਨ੍ਹਾਂ ਪੰਜ ਵਿਅਕਤੀਆਂ ਸੰਤ ਲੌਂਗੋਵਾਲ, ਜਥੇਦਾਰ ਟੌਹੜਾ, ਰਾਮੂੰਵਾਲੀਆ, ਦੀਸਾਪੁਰ, ਦਾਦਾ ਸਿੰਘ ਜੱਜ, ਅਬਨਾਸੀ ਸਿੰਘ ਨੂੰ ਸੁਰੱਖਿਅਤ ਫੌਜੀ ਕੈਂਪ ਵਿੱਚ ਲੈ ਗਿਆ ਅਤੇ ਇਸਦੇ ਨਾਲ ਹੀ ਕਰਨਲ ਆਦਰਸ਼ ਸ਼ਰਮਾ ਨੇ ਉੱਥੇ ਮੌਜੂਦ ਫੌਜੀ ਜਰਨੈਲਾਂ ਨੂੰ ਦੱਸਿਆ ਕਿ ਬਹੁਤ ਵੱਡੀ ਗਿਣਤੀ ਵਿੱਚ ਆਮ ਸ਼ਰਧਾਲੂ ਮਾਰੇ ਜਾ ਚੁੱਕੇ ਹਨ ਅਤੇ ਫੌਜ ਦੀ ਭਾਰੀ ਗਿਣਤੀ ਵਿੱਚ ਮਰੀ ਪਈ ਨਜ਼ਰ ਆਉਂਦੀ ਹੈ ਤੇ ਬਹੁਤ ਸਾਰੇ ਲੋਕ ਭੁੱਖੇ ਅਤੇ ਪਿਆਸੇ ਸਹਿਕ ਰਹੇ ਹਨ। ਇਸਦੀਆਂ ਗੱਲਾਂ ਸੁਣ ਕੇ ਜਨਰਲ ਬਰਾੜ ਨੇ ਕਿਹਾ ਕਿ ਤੁਸੀਂ ਆਪਣਾ ਕੰਮ ਕਰੋ, ਬਾਕੀ ਸਭ ਦੇਖ ਲਵਾਂਗੇ। ਤੁਹਾਨੂੰ ਇਸ ਬਾਰੇ ਫਿਕਰ ਕਰਨ ਦੀ ਲੋੜ ਨਹੀਂ।

ਇਸਦੇ ਨਾਲ ਹੀ ਕਈ ਫੈਡਰੇਸ਼ਨ ਆਗੂਆਂ ਅਤੇ ਆਮ ਸ਼ਰਧਾਲੂ ਸਿੱਖ ਸੰਗਤਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਇਨ੍ਹਾਂ ਵਿੱਚ ਹੀ ਪੀਏ ਭਾਈ ਰਸ਼ਪਾਲ ਸਿੰਘ ਦੀ ਸੁਪਤਨੀ ਬੀਬੀ ਪ੍ਰੀਤਮ ਕੌਰ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਜਿਸਦਾ ਕੁੱਝ ਹੀ ਦਿਨਾਂ ਦਾ ਸਪੁੱਤਰ ਸ਼ਹੀਦ ਹੋ ਚੁੱਕਾ ਸੀ ਤੇ ਇਹ ਬੀਬੀ ਖੁਦ ਵੀ ਜ਼ਖਮੀ ਹੋ ਗਈ ਸੀ। ਇਸੇ ਤਰ੍ਹਾਂ ਯੁੱਧ ਲੜਦਿਆਂ ਫੈਡਰੇਸ਼ਨ ਦੇ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਉਪਕਾਰ ਕੌਰ ਤੇ ਬੀਬੀ ਪਰਮਜੀਤ ਕੌਰ (ਪਤਨੀ ਸ. ਹਰਮਿੰਦਰ ਸਿੰਘ ਸੰਧੂ) ਵੀ ਸ਼ਹੀਦ ਹੋ ਚੁੱਕੀਆਂ ਸਨ।

ਕੰਪਲੈਕਸ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਗੋਲਾਬਾਰੀ ਸ਼ਾਂਤ ਹੋ ਚੁੱਕੀ ਸੀ ਪਰ ਗੁਰਦੁਆਰਾ ਝੰਡੇ ਬੁੰਗੇ ਤੋਂ ਲੈ ਕੇ ਗੁਰਦੁਆਰਾ ਥੜ੍ਹਾ ਸਾਹਿਬ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਚਕਾਰ ਬਣੇ ਮੋਰਚੇ, ਸ੍ਰੀ ਅਕਾਲ ਤਖਤ ਸਾਹਿਬ ਦੀ ਪਹਿਲੀ ਅਤੇ ਹੇਠਲੀ ਮੰਜ਼ਿਲ ਇਸਦੇ ਨਾਲ ਹੀ ਪੱਛਮੀ ਪਾਸੇ 'ਤੇ ਬਣੇ ਮੋਰਚੇ ਤੇ ਨਾਲ ਵਾਲੀ ਲਾਲ ਇੱਟਾਂ ਦੀ ਡਿਊਢੀ ਆਦਿ ਥਾਵਾਂ ਤੇ ਹਾਲੇ ਵੀ ਘਮਸਾਨ ਦਾ ਯੁੱਧ ਜਾਰੀ ਸੀ। ਭਾਵ ਦਰਸ਼ਨੀ ਡਿਊਢੀ ਤੇ ਅਕਾਲ ਤਖਤ ਸਾਹਿਬ ਦੀ ਵਿਚਕਾਰਲੀ ਥਾਂ 'ਤੇ ਸਿੰਘਾਂ ਦਾ ਹਾਲੇ ਵੀ ਪੂਰਾ ਦਬਦਬਾ ਸੀ ਜਿਸ ਕਾਰਨ ਫੌਜ ਦਾ ਇਸ ਪਾਸੇ ਅੱਗੇ ਵਧਣਾ ਹਾਲੇ ਵੀ ਮੁਸ਼ਕਿਲ ਸੀ। ਹਾਲਾਂਕਿ ਇਸ ਸਮੇਂ ਪੂਰੀ ਪ੍ਰਕਰਮਾ ਵਿੱਚ ਵੱਖ-ਵੱਖ ਥਾਵਾਂ 'ਤੇ 12 ਟੈਂਕ ਤਾਇਨਾਤ ਸਨ। ਇਸ ਦੌਰਾਨ ਜਨਰਲ ਬਰਾੜ ਨੇ ਇੱਕ ਕੰਪਨੀ ਕਮਾਂਡਰ ਡੀ. ਕੇ. ਮਿਸ਼ਰਾ ਨੂੰ ਹੱਲਾਸ਼ੇਰੀ ਦਿੱਤੀ ਕਿ ਉਹ ਆਪਣੀ ਕੰਪਨੀ ਦੇ ਕਮਾਂਡੋਆਂ ਸਹਿਤ ਸ੍ਰੀ ਅਕਾਲ ਤਖਤ ਸਾਹਿਬ 'ਤੇ ਧਾਵਾ ਬੋਲੇ ਤੇ ਉੱਥੇ ਬਚੇ ਹੋਏ ਸਿੰਘਾਂ ਨੂੰ ਦਬੋਚ ਲਵੇ।

Scanned with CamScanner

ਇਸ ਤਰ੍ਹਾਂ ਸਵੇਰੇ 5:30 ਵਜੇ ਡੀ. ਕੇ. ਮਿਸ਼ਰਾ ਆਪਣੇ ਜਵਾਨਾਂ ਸਹਿਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਿਲਕੁਲ ਸਾਹਮਣੇ ਪਹੁੰਚ ਗਏ। ਜਿਉਂ ਹੀ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪੌੜੀਆਂ ਚੜ੍ਹਣ ਲੱਗੇ ਤਾਂ ਸਿੰਘਾਂ ਨੇ ਮਸ਼ੀਨਗੰਨ ਦੀਆਂ ਗੋਲੀਆਂ ਨਾਲ ਡੀ. ਕੇ. ਮਿਸ਼ਰਾ ਸਮੇਤ ਸਭ ਕਮਾਂਡੋ ਮਾਰ ਮੁਕਾਏ ਤੇ ਇਨ੍ਹਾਂ ਦੀ ਪਿੱਛੋਂ ਮਦਦ ਕਰ ਰਹੇ ਹਮਲਾਵਰ ਫੌਜੀਆਂ ਉੱਪਰ ਸਿੰਘਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਹਿਖਾਨੇ ਅਤੇ ਪਹਿਲੀ ਮੰਜ਼ਿਲ ਤੋਂ ਗੋਲੀਆਂ ਦੀ ਬੁਛਾੜ ਕਰ ਦਿੱਤੀ। ਜਿਸ ਨਾਲ ਬਹੁਤ ਸਾਰੇ ਫੌਜੀ ਮਾਰੇ ਗਏ ਅਤੇ ਕੁੱਝ ਨੇ ਭੱਜ ਕੇ ਜਾਨਾਂ ਬਚਾਈਆਂ। ਜਿਸਦੇ ਨਤੀਜੇ ਵਜੋਂ ਜਨਰਲ ਬਰਾੜ ਨੂੰ ਇਸ ਹਮਲੇ ਵਿੱਚ ਵੀ ਮੂੰਹ ਦੀ ਖਾਣੀ ਪਈ ਤੇ ਸਿੰਘਾਂ ਨੇ ਜ਼ੋਰਦਾਰ ਜੈਕਾਰੇ ਛੱਡੇ।

ਕੁੱਝ ਸਮੇਂ ਬਾਅਦ ਬਦਲਵੀਂ ਤਿਆਰੀ ਨਾਲ ਜਨਰਲ ਬਰਾੜ ਨੇ ਦੋ ਫੌਜੀ ਅਫਸਰਾਂ ਦੀ ਕਮਾਂਡ ਹੇਠ ਫਿਰ ਤੋਂ ਹਮਲਾ ਕੀਤਾ। ਲੈਫਟੀਨੈਂਟ ਸ਼ੰਭੀ ਕੁਮਾਰ ਡਾਂਗ ਤੇ ਸੂਬੇਦਾਰ ਕੇ. ਪੀ. ਰਮਨ ਰਵੀ ਨੂੰ ਹਦਾਇਤਾਂ ਕੀਤੀਆਂ ਗਈਆਂ ਕਿ ਤੁਹਾਡੇ ਇਸ਼ਾਰੇ ਮੁਤਾਬਕ ਤੁਹਾਨੂੰ ਹਰ ਤਰ੍ਹਾਂ ਦੀ ਮਦਦ ਮੁਹੱਈਆ ਕਰਵਾਈ ਜਾਵੇਗੀ ਪਰ ਤੁਸੀਂ ਹਰ ਹੀਲੇ ਮੋਰਚੇ ਅੰਦਰਲੇ ਖਾਤਕੂਆਂ ਨੂੰ ਮਾਰ ਮੁਕਾਉਣਾ ਹੈ ਤੇ ਅਕਾਲ ਤਖ਼ਤ ਉੱਪਰ ਕਬਜਾ ਕਰਨਾ ਹੈ। ਇਨ੍ਹਾਂ ਵਿੱਚੋਂ ਇੱਕ ਟੁਕੜੀ ਨੇ ਸ੍ਰੀ ਅਕਾਲ ਤਖ਼ਤ ਦੇ ਖੱਬੇ ਪਾਸੇ ਬਣੇ ਮੋਰਚੇ ਉੱਪਰ ਧਾਵਾ ਬੋਲਿਆ ਤੇ ਦੂਸਰੀ ਟੁਕੜੀ ਅੱਗੇ ਵਧਣ ਲੱਗੀ ਤਾਂ ਅੱਗੋਂ ਇਸੇ ਮੋਰਚੇ ਵਿੱਚ ਡਟੇ ਸਿੰਘਾਂ ਨੇ ਇਕਦਮ ਫਾਇਰਿੰਗ ਕਰਕੇ ਤਰਥੱਲੀ ਮਚਾ ਦਿੱਤੀ। ਹਾਲਾਂਕਿ ਪਹਿਲੀ ਟੁਕੜੀ ਇਸ ਮੋਰਚੇ 'ਤੇ ਪਹੁੰਚਣ ਵਿੱਚ ਕਾਮਯਾਬ ਹੋ ਗਈ ਸੀ ਪਰ ਕਿਸੇ ਵੀ ਤਰ੍ਹਾਂ ਦੀ ਅਗਲੀ ਕਾਰਵਾਈ ਕਰਨ ਤੋਂ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੱਜੇ ਪਾਸੇ ਲਾਲ ਇੱਟਾਂ ਦੀ ਡਿਉਢੀ ਦੇ ਮੋਰਚੇ ਵਿੱਚੋਂ ਸਿੰਘਾਂ ਵੱਲੋਂ ਚਲਾਈਆਂ ਗਈਆਂ ਤਾਬੜਤੋੜ ਗੋਲੀਆਂ ਦੀ ਮਾਰ ਹੇਠ ਆਉਣ ਕਾਰਨ ਇਹ ਸਾਰੀ ਟੁਕੜੀ ਵੀ ਥਾਏਂ ਹੀ ਮਾਰੀ ਗਈ ਤੇ ਇਸ ਤਰ੍ਹਾਂ ਜਨਰਲ ਬਰਾੜ ਵੱਲੋਂ ਕੀਤਾ ਗਿਆ ਇਹ ਹਮਲਾ ਵੀ ਸਿੰਘਾਂ ਨੇ ਪਛਾੜ ਦਿੱਤਾ ਤੇ ਉਸ ਨੂੰ ਭਾਰੀ ਨਮੋਸ਼ੀ ਦਾ ਮੂੰਹ ਵੇਖਣਾ ਪਿਆ।

ਜਨਰਲ ਕੁਲਦੀਪ ਬਰਾੜ ਇਸ ਗੱਲੋਂ ਹੈਰਾਨ ਤੇ ਪ੍ਰੇਸ਼ਾਨ ਸੀ ਕਿ ਇਨੀ ਤਬਾਹੀ ਹੋ ਜਾਣ ਦੇ ਬਾਵਜੂਦ ਵੀ ਸੰਤ ਭਿੰਡਰਾਂਵਾਲਿਆਂ ਦੇ ਸਾਥੀ ਸਿੰਘ ਪੂਰੇ ਹੌਸਲੇ ਨਾਲ ਡਟੇ ਹੋਏ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਹਿਖਾਨੇ ਦੇ ਮੋਰਚਿਆਂ 'ਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅਗਵਾਈ ਕਰ ਰਹੇ ਸਨ ਤੇ ਉਨ੍ਹਾਂ ਵੱਲੋਂ ਦਿੱਤੀ ਜਾ ਰਹੀ ਹੌਂਸ਼ਲੇ ਕਾਰਨ ਸਿੰਘ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿੱਚ ਸਨ ਤੇ ਇਸਦੇ ਨਾਲ ਸੰਤ ਭਿੰਡਰਾਂਵਾਲੇ ਆਪ ਤਹਿਖਾਨੇ ਵਿੱਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜਲੇ ਬਣੇ ਮੋਰਚਿਆਂ ਵਿਚਲੇ ਸਿੰਘਾਂ ਦੀ ਅਗਵਾਈ ਕਰ ਰਹੇ ਸਨ। ਹਾਲਾਂਕਿ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ ਇਸਦੇ ਬਾਵਜੂਦ ਯੁੱਧ ਲੜ ਰਹੇ ਸਿੰਘ ਸ਼ਹੀਦੀ ਤਰਾਨੇ ਗਾ ਰਹੇ ਸਨ ਜਿਸਦੀਆਂ ਆਵਾਜ਼ਾਂ ਇੱਕ ਮੋਰਚੇ ਤੋਂ ਦੂਸਰੇ ਮੋਰਚੇ ਤੱਕ ਸੁਣਾਈ ਦਿੰਦੀਆਂ ਸਨ ਤੇ ਕਦੇ-ਕਦੇ ਜੈਕਾਰਿਆਂ ਦੀਆਂ ਗੂੰਜਾਂ ਵੀ।

ਸਿੰਘਾਂ ਵੱਲੋਂ ਫੌਜ ਦੇ ਹਮਲੇ ਨੂੰ ਇੱਕ ਵਾਰ ਪਛਾੜ ਦੇਣ ਤੋਂ ਬਾਅਦ ਜਦੋਂ ਕੁੱਝ ਸਮੇਂ ਲਈ ਗੋਲੀਆਂ ਦੀਆਂ ਆਵਾਜ਼ਾਂ ਸ਼ਾਂਤ ਹੋ ਜਾਂਦੀਆਂ ਸਨ ਤਾਂ ਇਸੇ ਸਮੇਂ ਜਨਰਲ ਬਰਾੜ ਤੇ ਹੋਰ ਫੌਜੀ ਜਰਨੈਲ ਅਗਲਾ ਹਮਲਾ ਕਰਨ ਦੀ ਤਿਆਰੀ ਕਰਨ ਲੱਗਦੇ। ਮੋਰਚਿਆਂ ਵਿਚਲੇ ਸਿੰਘ ਇਹ ਸਭ ਕੁੱਝ ਜਾਣਦੇ ਸਨ ਕਿ ਫੌਜ ਨੇ ਮਰ ਚੁੱਕੇ ਫੌਜੀਆਂ ਦੀ ਥਾਂ 'ਤੇ ਤਰੋਤਾਜ਼ਾ ਫੌਜੀ ਜਵਾਨਾਂ ਨਾਲ ਫਿਰ ਕੁੱਝ ਹੀ ਸਿੰਟਾਂ ਬਾਅਦ ਹਮਲਾ ਕਰ ਦੇਣਾ ਹੈ। ਪਰ ਇਸੇ ਸਮੇਂ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੌਜੂਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਨਿਗਰਾਨੀ ਹੇਠ ਕੁੱਝ ਜ਼ਿੰਮੇਵਾਰ ਸਿੰਘ ਭਾਈ ਗੁਰਮੁਖ ਸਿੰਘ ਗੜਵਈ, ਭਾਈ ਸੁਜਾਨ ਸਿੰਘ ਮਨਾਵਾਂ, ਭਾਈ ਰਸ਼ਪਾਲ ਸਿੰਘ ਪੀਏ ਆਦਿ ਹੋਰ ਸਿੰਘਾਂ ਰਾਹੀਂ ਨੇੜਲੇ ਮੋਰਚਿਆਂ ਵਿੱਚ ਲੋੜੀਂਦਾ ਸਮਾਨ ਵੀ ਪਹੁੰਚਾਉਂਦੇ ਅਤੇ ਸਿੰਘਾਂ ਨਾਲ ਤਾਲਮੇਲ ਵੀ ਬਰਕਰਾਰ ਰੱਖਿਆ ਹੋਇਆ ਸੀ। ਇਸੇ ਦੌਰਾਨ ਜਦੋਂ 6 ਜੂਨ ਦਾ ਦਿਨ ਚੜ੍ਹਣ ਤੋਂ ਪਹਿਲਾਂ ਹਨ੍ਹੇਰਾ ਹੀ ਸੀ ਤਾਂ ਭਾਈ ਅਮਰੀਕ ਸਿੰਘ ਆਪਣੇ ਨਾਲ ਫੈਡਰੇਸ਼ਨ ਦੇ ਨੌਜਵਾਨ ਭਾਈ ਚਮਕੌਰ ਸਿੰਘ ਚੰਦ ਨਵਾਂ, ਕੁਲਵੰਤ ਸਿੰਘ ਸੱਦਾਸਿੰਘ ਵਾਲਾ, ਜੁਗਰਾਜ ਸਿੰਘ ਚੋਗਾਵਾਂ, ਗੁਰਤੇਜ ਸਿੰਘ ਚੋਟੀਆਂ ਤੇ ਦਵਿੰਦਰ ਸਿੰਘ ਮਹੋਬਤੀ, ਭਾਈ ਮਨਧੀਰ ਸਿੰਘ ਧੀਰਾ ਮੋਗਾ, ਭਾਈ ਸੁਰਿੰਦਰ ਸਿੰਘ ਵਲੀਪੁਰ, ਭਾਈ ਅਮਰਜੀਤ ਸਿੰਘ ਲਸ਼ਕਰੀ ਨੰਗਲ ਨੂੰ ਨਾਲ ਲੈ ਕੇ ਲੋੜੀਂਦੇ ਸਮਾਨ

Scanned with CamScanner

ਸਹਿਤ ਝੰਡੇ ਬੁਰਜ ਦੇ ਮੋਰਚੇ 'ਤੇ ਪਹੁੰਚ ਗਏ ਜੋ ਮੀਰੀ-ਪੀਰੀ ਦੇ ਦੋ ਨਿਸ਼ਾਨ ਸਾਹਿਬਾ ਦੇ ਨਜਦੀਕ ਹੀ ਹੈ। ਉਸ ਨੇ ਜਾ ਕੇ ਵੇਖਿਆ ਕਿ ਸੰਤਾਂ ਦੇ ਵੱਡੇ ਭਰਾ ਭਾਈ ਜਗੀਰ ਸਿੰਘ ਤੇ ਭਾਈ ਗੁਰਦੇਵ ਸਿੰਘ ਸ਼ਿਸ਼ਨੰਦੀ ਸ਼ਹੀਦ ਹੋ ਚੁੱਕੇ ਹਨ। ਇਸੇ ਹੀ ਮੋਰਚੇ ਵਿੱਚ ਭਾਈ ਹਰਚਰਨ ਸਿੰਘ ਮੁਕਤਾ ਜ਼ਖਮੀ ਹੋ ਚੁੱਕੇ ਸਨ ਪਰ ਪੂਰੀ ਦਿੜ੍ਹਤਾ ਨਾਲ ਮੋਰਚੇ ਵਿੱਚ ਡਟੇ ਹੋਏ ਸਨ। ਜਿਉਂ ਹੀ ਭਾਈ ਅਮਰੀਕ ਸਿੰਘ ਨੇ ਭਾਈ ਮੁਕਤੇ ਨੂੰ ਫ਼ਤਿਹ ਬੁਲਾਈ ਤਾਂ ਉਸ ਨੇ ਵੀ ਚੜ੍ਹਦੀ ਕਲਾ ਨਾਲ ਫ਼ਤਿਹ ਦਾ ਜਵਾਬ ਦਿੱਤਾ। ਹਾਲ-ਚਾਲ ਪੁੱਛਣ ਤੋਂ ਭਾਈ ਮੁਕਤੇ ਨੇ ਦੱਸਿਆ ਕਿ ਕੁੱਝ ਸਿੰਘ ਰਾਤ ਦੀ ਲੜਾਈ ਸਮੇਂ ਸ਼ਹੀਦ ਹੋ ਗਏ ਸਨ ਅਤੇ ਇਹ ਦੋ ਸਿੰਘ ਭਾਈ ਜਗੀਰ ਸਿੰਘ ਤੇ ਭਾਈ ਗੁਰਦੇਵ ਸਿੰਘ ਹੁਣੇ ਸ਼ਹੀਦ ਹੋਏ ਹਨ। ਪਰ ਇਨ੍ਹਾਂ ਸਭ ਸਿੰਘਾਂ ਨੇ ਬਹੁਤ ਘਮਸਾਨ ਦਾ ਯੁੱਧ ਲੜਿਆ ਹੈ ਤੇ ਹੁਣ ਸਿਰਫ ਸਵਾ ਲੱਖ ਫੌਜ (ਭਾਵ ਉਹ ਇਕੱਲਾ ਹੀ) ਹੀ ਇੱਥੇ ਡਟੀ ਹੋਈ ਹੈ। ਪਰ ਤੁਸੀਂ ਫਿਕਰ ਨਾ ਕਰੋ ਅੰਤਮ ਸੁਆਸਾਂ ਤੱਕ ਇਹ ਮੋਰਚਾ ਭਖਦਾ ਰਹੇਗਾ। ਭਾਈ ਅਮਰੀਕ ਸਿੰਘ ਨੇ ਕਿਹਾ ਕਿ ਹੁਣ ਅਸੀਂ ਤੁਹਾਡੇ ਕੋਲ ਇਸੇ ਹੀ ਮੋਰਚੇ ਵਿੱਚ ਰਹਿ ਕੇ ਯੁੱਧ ਲੜਾਂਗੇ ਕਿਉਂਕਿ ਇਹ ਮੋਰਚਾ ਬਹੁਤ ਢੁੱਕਵੀਂ ਥਾਂ 'ਤੇ ਹੈ ਤੁਸੀਂ ਯੋਧੇ ਸ਼ਹਾਦਤਾਂ ਦੀ ਤਰ੍ਹਾਂ ਯੁੱਧ ਲੜਿਆ ਹੈ, ਪਰ ਹੁਣ ਸਾਡੇ ਹੱਥ ਵੀ ਵੇਖਿਓ। ਭਾਈ ਮੁਕਤੇ ਨੇ ਕਿਹਾ ਕਿ ਭਾਈ ਅਮਰੀਕ ਸਿੰਘ ਜੀ ਸਿੰਘਾ ਨੂੰ ਧਰਮ ਯੁੱਧ ਦਾ ਅਜਿਹਾ ਸਰੂਰ ਚੜ੍ਹਿਆ ਹੋਇਆ ਹੈ ਜਿਸਦਾ ਅੰਦਾਜਾ ਤੁਸੀਂ ਇਸ ਗੱਲ ਤੋਂ ਲਾ ਸਕਦੇ ਹੋ ਕਿ 5 ਜੂਨ ਨੂੰ ਸਵੇਰੇ ਹੀ ਸੰਤਾਂ ਦੇ ਭਰਾ ਭਾਈ ਜਗੀਰ ਸਿੰਘ ਨੇ ਨਵਾਂ ਚੋਲਾ ਪਹਿਨ ਕੇ ਨਵੀਂ ਦਸਤਾਰ ਸਜਾਈ ਨਵਾਂ ਕਮਰਕੱਸਾ ਕੀਤਾ ਤਾਂ ਮੈਂ ਪੁੱਛਿਆ ਕਿੱਧਰ ਜਾਣ ਲਈ ਤਿਆਰ ਹੋ ਰਹੇ ਹੋ ਤਾਂ ਉਨ੍ਹਾਂ ਥੋੜ੍ਹਾ ਮੁਸਕਰਾ ਕੇ ਮੈਨੂੰ ਕਿਹਾ ਕਿ ਮੁਕਤਾ ਜੀ, ਧਰਮ ਦੀ ਖਾਤਰ ਯੁੱਧ ਲੜਦਿਆਂ ਸ਼ਹੀਦੀਆਂ ਦੇ ਕੇ ਲਾੜੀ ਮੌਤ ਵਿਆਹੁਣੀ ਹੈ, ਇਸੇ ਲਈ ਤਿਆਰ-ਬਰ-ਤਿਆਰ ਹੋਏ ਹਾਂ। ਇਹ ਕਹਿੰਦਿਆਂ ਉਸ ਨੇ ਆਪਣੀ ਗੰਨ ਉਠਾਈ ਤੇ ਕਿਹਾ ਕਿ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਮੇਰੀ ਇੱਛਾ ਪੂਰੀ ਕਰ ਦੇਣ, ਤੁਸੀਂ ਵੀ ਅਰਦਾਸ ਕਰ ਦਿਉ। ਭਾਈ ਮੁਕਤਾ ਜੀ ਨੇ ਕਿਹਾ ਕਿ ਸਤਿਗੁਰੂ ਜੀ ਨੇ ਉਨ੍ਹਾਂ ਦੀ ਤਮੰਨਾ ਪੂਰੀ ਕਰ ਦਿੱਤੀ ਹੈ। ਇਸ ਉਪਰੰਤ ਭਾਈ ਅਮਰੀਕ ਸਿੰਘ ਨੇ ਫੈਡਰੇਸ਼ਨ ਦੇ ਆਪਣੇ ਸਾਥੀਆਂ ਨੂੰ ਤਿਆਰ-ਬਰ-ਤਿਆਰ ਹੋ ਕੇ ਇਸ ਮੋਰਚੇ ਵਿੱਚ ਡਟ ਜਾਣ ਲਈ ਕਿਹਾ ਤੇ ਇਹ ਸਾਰੇ ਸਿੰਘ ਭਾਈ ਮੁਕਤਾ ਜੀ ਨਾਲ ਇਸ ਮੋਰਚੇ ਵਿੱਚ ਡਟ ਗਏ।

ਦਿਨ ਚੜ੍ਹਦਿਆਂ ਨੂੰ ਚਾਰ ਚੁਫੇਰੇ ਤਬਾਹੀ ਦਾ ਆਲਮ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ, ਸੱਜੇ ਤੇ ਖੱਬੇ ਵਾਲੀਆਂ ਬਹੁਤ ਸਾਰੀਆਂ ਇਮਾਰਤਾਂ ਮਿੱਟੀ ਵਿੱਚ ਮਿਲ ਚੁੱਕੀਆਂ ਸਨ। ਕਈ ਇਮਾਰਤਾਂ 'ਚੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ, ਧੂੰਏ ਦੇ ਗੁਬਾਰ ਕੰਪਲੈਕਸ ਦੇ ਉਪਰ ਦੀ ਕਾਲੀਆਂ ਘਟਾ ਵਾਂਗ ਛਾਏ ਹੋਏ ਸਨ। ਵੱਖ-ਵੱਖ ਮੋਰਚਿਆਂ ਵਿੱਚ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਚੁੱਕੇ ਸਨ। ਕੰਪਲੈਕਸ ਵਿੱਚ ਥਾ-ਥਾਂ 'ਤੇ ਹਮਲਾਵਰ ਫੌਜਾਂ ਦੀਆਂ ਲੋਥਾਂ ਦੇ ਢੇਰ ਲੱਗੇ ਵੀ ਦਿਖਾਈ ਦੇ ਰਹੇ ਸਨ ਤਾਂ ਜਨਰਲ ਬਰਾੜ ਨੇ ਫਿਰ ਤੋਂ ਟੈਂਕਾਂ ਰਾਹੀਂ 105 ਐੱਮ. ਐੱਮ. ਦੇ ਗੋਲਿਆਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਸਦੇ ਆਸ ਪਾਸ ਭਾਰੀ ਹਮਲਾ ਕੀਤਾ ਜਿਸ ਨਾਲ ਬਹੁਤ ਨੁਕਸਾਨ ਹੋਇਆ। ਪਰ ਅਕਾਲ ਤਖ਼ਤ ਤੇ ਇਸਦੇ ਨਾਲ ਲੱਗਦੇ ਕਈ ਮੋਰਚੇ ਤਹਿਖਾਨਿਆਂ ਵਿੱਚ ਬਣੇ ਹੋਣ ਕਾਰਨ ਤੋਪਾਂ ਦੀ ਭਾਰੀ ਬੰਬਾਰੀ ਦੇ ਬਾਵਜੂਦ ਵੀ ਹਾਲੇ ਤੱਕ ਬਚੇ ਹੋਏ ਸਨ ਜਿਸ ਸਮੇਂ ਫੌਜ ਤੋਪ ਦੇ ਗੋਲਿਆਂ ਨੂੰ ਚਲਾਉਣਾ ਬੰਦ ਕਰਕੇ ਅੱਗੇ ਵਧਣ ਦੀ ਕੋਸ਼ਿਸ ਕਰਦੀ ਤਾਂ ਸਿੰਘਾਂ ਵੱਲੋਂ ਉਨ੍ਹਾਂ ਦਾ ਫਿਰ ਤੋਂ ਗੋਲੀਆਂ ਨਾਲ ਹੀ ਸਵਾਗਤ ਕੀਤਾ ਜਾਂਦਾ ਤੇ ਅੱਗੇ ਵਧਣ ਵਾਲੀ ਹਮਲਾਵਰ ਫੌਜ ਨੂੰ ਮੂੰਹ ਦੀ ਖਾਣੀ ਪੈਂਦੀ। ਸਵੇਰੇ 7:30 ਵਜੇ ਫਿਰ ਇਨ੍ਹਾਂ ਸਭ ਮੋਰਚਿਆਂ 'ਤੇ ਟੈਂਕਾਂ ਤੇ ਤੋਪਾਂ ਰਾਹੀਂ ਜ਼ਹਿਰੀਲੀ ਗੈਸ ਦੇ ਗੋਲਿਆਂ ਦੀ ਭਾਰੀ ਬੰਬਾਰੀ ਫੌਜ ਨੇ ਕੀਤੀ ਜਿਸ ਨਾਲ ਕੰਪਲੈਕਸ ਦੇ ਬਹੁਤ ਸਾਰੇ ਹਿੱਸੇ ਵਿੱਚ ਧੂੰਏ ਕਾਰਨ ਹਨ੍ਹੇਰਾ ਛਾ ਗਿਆ। ਗੋਲੀਆਂ ਚੱਲਣ ਦੀ ਆਵਾਜ਼ ਬਹੁਤ ਘਟ ਚੁੱਕੀ ਸੀ। ਇਸਦੇ ਬਾਵਜੂਦ ਵੀ ਫੌਜ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪੌੜੀਆਂ ਚੜ੍ਹਣ ਦੀ ਹਿੰਮਤ ਨਹੀਂ ਪੈ ਰਹੀ ਸੀ।

7:45 ਵਜੇ ਫੌਜ ਨੇ ਬਹੁਤ ਸਾਰੇ ਸਿਵਲ ਦੇ ਸਫਾਈ ਕਰਮਚਾਰੀਆਂ (ਜਮਾਂਦਾਰਾਂ) ਨੂੰ ਜਬਰਦਸਤੀ ਕੰਪਲੈਕਸ ਦੀ ਸਫਾਈ ਦੇ ਬਹਾਨੇ ਲਿਆਂਦਾ ਤੇ ਫੌਜੀਆਂ ਦੀਆਂ ਲਾਸ਼ਾਂ ਚੁੱਕ-ਚੁੱਕ ਕੇ ਟਰੱਕਾਂ ਵਿੱਚ ਲੱਦਣੀਆਂ ਸ਼ੁਰੂ ਕੀਤੀਆਂ। ਜਦੋਂ ਗੁਰੂ ਰਾਮਦਾਸ ਸਰਾਂ ਵੱਲੋਂ ਲੰਗਰ ਹਾਲ ਵੱਲ ਦੀ ਪ੍ਰਕਰਮਾ ਵੱਲ ਇਹ ਸਫਾਈ ਕਰਮਚਾਰੀ ਮੁੜੇ ਤਾਂ ਇਨ੍ਹਾਂ ਦੇ ਪਿੱਛੇ ਫੌਜ ਦੇ ਵੱਡੇ ਦਸਤੇ ਸਨ ਜੋ ਆਪਣੇ ਆਪ ਨੂੰ ਇੱਕ ਤਰ੍ਹਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ

Scanned with CamScanner

ਉਪਰ ਕਾਬਜ ਸਮਝ ਰਹੇ ਸਨ। ਅਚਾਨਕ ਹੀ ਇਨ੍ਹਾਂ ਫੌਜੀ ਦਸਤਿਆਂ ਉਪਰ ਲੰਗਰ ਸਾਹਿਬ ਦੇ ਭੋਰੇ ਵਿਚਲੇ ਮੋਰਚੇ ਵਿੱਚੋਂ ਜ਼ਬਰਦਸਤ ਗੋਲੀਬਾਰੀ ਹੋਣੀ ਜਿਸ ਨਾਲ ਬਹੁਤ ਸਾਰੇ ਫੌਜੀ ਜ਼ਖਮੀ ਹੋ ਗਏ ਤੇ ਕੁੱਝ ਮਾਰੇ ਵੀ ਗਏ। ਫੌਜ ਲਈ ਇਹ ਅਣਕਿਆਸੀ ਘਟਨਾ ਸੀ ਕਿਉਂਕਿ ਉਹ ਆਪਣੇ ਵੱਲੋਂ ਇਸ ਮੋਰਚੇ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਚੁੱਕੇ ਸਨ ਤੇ ਹੁਣ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਨਹੀਂ ਬਲਕਿ ਇਸ ਮੋਰਚੇ ਤੋਂ ਵੀ ਫੌਜ ਦਾ ਹੋਰ ਨੁਕਸਾਨ ਹੋ ਸਕਦਾ ਹੈ।

ਪ੍ਰਕਰਮਾ ਵਿੱਚ ਮੌਜੂਦ ਟੈਂਕਾਂ ਨਾਲ ਲੰਗਰ ਹਾਲ ਉਪਰ ਹੋਰ ਤੋਪ ਦੇ ਗੋਲੇ ਮਾਰੇ ਗਏ ਅਤੇ ਫਰਸ਼ ਦੇ ਬਰਾਬਰ ਰੋਸ਼ਨਦਾਨਾਂ ਵਿੱਚ ਵੱਡੇ ਮਘੋਰੇ ਕਰ ਦਿੱਤੇ ਗਏ ਤੇ ਇਨ੍ਹਾਂ ਮਘੋਰਿਆਂ ਰਾਹੀਂ ਅੱਗ ਲਾਉਣ ਵਾਲੇ ਬੰਬ ਦਾਗੇ ਗਏ ਜਿਸ ਨਾਲ ਸਮੁੱਚੇ ਲੰਗਰ ਦੀ ਇਮਾਰਤ ਨੂੰ ਅੱਗ ਲੱਗ ਗਈ। ਇਹ ਅੱਗ ਲੰਗਰ ਦੇ ਭੋਰੇ ਅੰਦਰ ਵੀ ਚਲੀ ਗਈ। ਫਿਰ ਇੱਥੇ ਵੀ ਮਾਰੂ ਗੈਸ ਦੇ ਬਹੁਤ ਗੋਲੇ ਸੁੱਟੇ ਗਏ ਜਿਸ ਨਾਲ ਲੰਗਰ ਸਾਹਿਬ ਦੀ ਇਮਾਰਤ ਦੇ ਚਾਰ ਚੁਫੇਰੇ ਧੂੰਆਂ ਹੀ ਧੂੰਆਂ ਫੈਲ ਗਿਆ। ਇਸ ਨਾਲ ਇੱਥੇ ਕੁੱਝ ਸਿੰਘ ਹੋਰ ਸ਼ਹੀਦ ਹੋ ਗਏ। ਪਰ ਰਾਮਗੜ੍ਹੀਆ ਬੁੰਗੇ ਦੇ ਭੋਰੇ ਵਿੱਚ ਉਤਰਦੀਆਂ ਪੌੜੀਆਂ ਜੋ ਪਾਣੀ ਦੀ ਸੜ੍ਹਾ ਤੱਕ ਪਹੁੰਚਦੀਆਂ ਸਨ। ਇਸ ਥਾਂ 'ਤੇ ਹੁਣ ਗਿਣਤੀ ਦੇ ਚਾਰ-ਪੰਜ ਸਿੰਘ ਹੀ ਬਚੇ ਹੋਏ ਸਨ ਜੋ ਹਾਲੇ ਵੀ ਮੋਰਚੇ ਵਿੱਚ ਡਟੇ ਹੋਏ ਸਨ।

ਸਵੇਰੇ 8:00 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਪ੍ਰੀਤਮ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲੱਗਦੇ ਕਮਰੇ ਵਿੱਚ ਬੈਠੇ ਸਨ ਜਿਹੜਾ ਕਿ ਹੈੱਡ ਗ੍ਰੰਥੀ ਦੀ ਵਰਤੋਂ ਵਾਸਤੇ ਹੀ ਸੀ। ਯਾਦ ਰਹੇ ਕਿ ਜੂਨ 1984 ਦੇ ਘੱਲੂਘਾਰੇ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਲੇ ਦੁਆਲੇ ਦਾ ਦ੍ਰਿਸ਼ ਹੁਣ ਨਾਲੋਂ ਹੋਰ ਤਰ੍ਹਾਂ ਦਾ ਸੀ। ਇਸਦੇ ਨਾਲ ਜੁੜਵੇਂ ਕਮਰੇ ਦੋਵੇਂ ਪਾਸੀ ਬਣੇ ਹੋਏ ਸਨ। ਬਾਅਦ ਵਿੱਚ ਇਹ ਕਮਰੇ ਢਾਹ ਕੇ ਇਥੇ ਇੱਕ ਵੱਡਾ ਹਾਲ ਬਣਾ ਦਿੱਤਾ ਗਿਆ ਹੈ ਜਿਥੇ ਹੁਣ ਅੰਮ੍ਰਿਤ ਸੰਚਾਰ ਹੁੰਦਾ ਹੈ। ਸਵੇਰੇ 8:00 ਵਜੇ ਗੋਲਾਬਾਰੀ ਕਾਫੀ ਹੱਦ ਤੱਕ ਘਟੀ ਹੋਈ ਸੀ ਤਾਂ ਉਸ ਸਮੇਂ ਭਾਈ ਸੁਜਾਨ ਸਿੰਘ ਅਤੇ ਪੀਏ ਭਾਈ ਰਸ਼ਪਾਲ ਸਿੰਘ, ਗਿਆਨੀ ਪ੍ਰੀਤਮ ਸਿੰਘ ਨੂੰ ਮਿਲੇ ਤੇ ਉਨ੍ਹਾਂ ਨੂੰ ਇੱਥੋਂ ਚਲੇ ਜਾਣ ਲਈ ਕਿਹਾ ਅਤੇ ਦੱਸਿਆ ਕਿ ਹੁਣ ਆਹਮੋ-ਸਾਹਮਣੇ ਲੜਾਈ ਹੋਵੇਗੀ ਜੋ ਜਿਆਦਾ ਸਮਾਂ ਨਹੀਂ ਚੱਲ ਸਕੇਗੀ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਲੇ ਦੁਆਲੇ ਟੈਂਕ ਤਾਇਨਾਤ ਕੀਤੇ ਹੋਏ ਹਨ ਜਿਨ੍ਹਾਂ ਤੋਂ ਲਗਾਤਾਰ ਗੋਲੇ ਵਰ੍ਹ ਰਹੇ ਹਨ। ਗਿਆਨੀ ਪ੍ਰੀਤਮ ਸਿੰਘ ਮੁਤਾਬਕ ਉਨ੍ਹਾਂ ਨੇ ਇਨ੍ਹਾਂ ਸਿੰਘਾਂ ਤੋਂ ਸੰਤਾਂ ਬਾਰੇ ਪੁੱਛਿਆ ਕਿ ਉਨ੍ਹਾਂ ਦੀ ਕੀ ਰਣਨੀਤੀ ਹੈ? ਤਾਂ ਭਾਈ ਸੁਜਾਨ ਸਿੰਘ ਨੇ ਦੱਸਿਆ ਕਿ ਸੰਤ ਜੀ ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਵਿੱਚ ਕੁੱਝ ਸਿੰਘਾਂ ਸਮੇਤ ਡਟੇ ਹੋਏ ਹਨ ਤੇ ਆਉਣ ਵਾਲੇ ਸਮੇਂ ਬਾਰੇ ਵੀ ਉਹੀ ਜਾਣਦੇ ਹਨ। ਫਿਰ ਸੁਜਾਨ ਸਿੰਘ ਨੇ ਕਿਹਾ ਕਿ ਸਿੰਘ ਸਾਹਿਬ ਜੀ, ਹਾਲਾਤ ਤੁਹਾਡੇ ਸਾਹਮਣੇ ਹਨ ਇਸ ਲਈ ਤੁਹਾਨੂੰ ਬਹੁਤਾ ਕੁਝ ਦੱਸਣ ਦੀ ਜ਼ਰੂਰਤ ਨਹੀਂ। ਸਾਡੀ ਬੇਨਤੀ ਹੈ ਕਿ ਤੁਸੀਂ ਇੱਥੋਂ ਚਲੇ ਜਾਓ ਤੇ ਤੁਹਾਡਾ ਕੋਈ ਮੁਲਾਜਮ ਇੱਥੇ ਹੈ ਤਾਂ ਉਸ ਨੂੰ ਵੀ ਲੈ ਜਾਓ। ਗਿਆਨੀ ਪ੍ਰੀਤਮ ਸਿੰਘ ਕੁੱਝ ਸਿੰਘਾਂ ਸਮੇਤ ਇੱਥੋਂ ਅੰਦਰੂਨੀ ਰਸਤੇ ਰਾਹੀਂ ਗੁਰਦੁਆਰਾ ਥੜ੍ਹਾ ਸਾਹਿਬ ਪਹੁੰਚ ਗਏ ਤੇ ਉਥੋਂ ਬੇਹੜ ਵਾਲੀ ਗਲੀ ਵਿੱਚ ਦੀ ਸ਼੍ਰੋਮਣੀ ਕਮੇਟੀ ਦੇ ਮੁਲਾਜਮ ਭਾਈ ਬਲਬੀਰ ਸਿੰਘ ਦੀ ਰਿਹਾਇਸ਼ 'ਤੇ ਪਹੁੰਚ ਗਏ ਜੋ ਗੁਰਦੁਆਰਾ ਥੜ੍ਹਾ ਸਾਹਿਬ ਦੇ ਬਾਹਰਵਾਰ ਬਿਲਕੁੱਲ ਹੀ ਨਜਦੀਕ ਸੀ।

9:00 ਵੱਜਣ ਤੋਂ ਪਹਿਲਾਂ ਹੀ ਫੌਜ ਵੱਲੋਂ ਫਿਰ ਜ਼ੋਰਦਾਰ ਹਮਲਾ ਕੀਤਾ ਗਿਆ ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲੱਗਦੀ ਲਾਲ ਇੱਟਾ ਦੀ ਡਿਉਢੀ ਵਿੱਚ ਬਣੇ ਮੋਰਚੇ 'ਤੇ ਜ਼ਹਿਰੀਲੀ ਗੈਸ ਦੇ ਬਹੁਤ ਗੋਲੇ ਸੁੱਟੇ ਗਏ। ਇਸ ਧੂੰਆਂਧਾਰ ਬੰਬਾਰੀ ਨਾਲ ਫੌਜ ਨੇ ਇਸ ਮੋਰਚੇ ਨੂੰ ਤਹਿਸ-ਨਹਿਸ ਕਰ ਦਿੱਤਾ ਪਰ ਇਸ ਮੋਰਚੇ ਤੋਂ ਯੁੱਧ ਲੜਣ ਵਾਲੇ ਸਿੰਘ ਡਟ ਕੇ ਮੁਕਾਬਲਾ ਕਰਦੇ ਹੋਏ ਜੈਕਾਰਿਆਂ ਦੀ ਗੂੰਜ ਵਿੱਚ ਸ਼ਹੀਦੀਆਂ ਪ੍ਰਾਪਤ ਕਰ ਗਏ। ਇਸ ਤੋਂ ਬਾਅਦ ਫੌਜ ਇਸ ਪਾਸੇ ਤੋਂ ਹੀ ਅੱਗੇ ਵਧੀ ਤੇ ਉਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਖੱਬੇ ਪਾਸੇ ਵਾਲੇ ਮੋਰਚਿਆਂ 'ਤੇ ਵੀ ਬੰਬਾਰੀ ਕੀਤੀ। ਇਸੇ ਦੌਰਾਨ ਫੌਜੀ ਕਮਾਂਡੋ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਅੱਗੇ ਵੱਧਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਝੰਡੇ ਬੁੰਗੇ ਵਾਲੇ ਮੋਰਚੇ ਵਿੱਚੋਂ ਭਾਈ ਅਮਰੀਕ ਸਿੰਘ ਤੇ ਇਨ੍ਹਾਂ ਦੇ ਸਾਥੀ ਸਿੰਘਾਂ ਨੇ ਅੱਗੇ ਵੱਧ ਰਹੇ ਕਮਾਂਡੋਆਂ 'ਤੇ ਧਾਵਾ ਬੋਲ ਦਿੱਤਾ। ਇਹ ਸਾਰੇ ਸਿੰਘ ਇੰਨੇ ਜੋਸ਼ ਵਿੱਚ ਸਨ ਕਿ ਇਹ ਮੋਰਚਿਆਂ ਵਿੱਚੋਂ ਬਾਹਰ ਨਿਕਲ

Scanned with CamScanner

ਕੇ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬਾਂ ਕੋਲ ਪਹੁੰਚ ਚੁੱਕੇ ਸਨ ਤੇ ਇੱਥੇ ਹੀ ਫੌਜ ਦਾ ਮੁਕਾਬਲਾ ਕਰਦਿਆਂ ਕਈਆਂ ਨੂੰ ਸਦਾ ਦੀ ਨੀਂਦ ਸੁਆ ਕੇ ਭਾਰੀ ਜ਼ਖਮੀ ਹਾਲਤ ਵਿੱਚ ਵੀ ਪੂਰੇ ਜੋਸ਼ ਨਾਲ ਨਾਹਰੇ ਲਾਉਂਦਿਆਂ 'ਸਿਰ ਜਾਵੇ ਭਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ' ਗਾਉਂਦਿਆਂ ਧਰਮ ਦੀ ਖਾਤਰ ਜੂਝਦਿਆਂ ਸ਼ਹੀਦੀ ਦਾ ਜਾਮ ਪੀ ਗਏ।

9:30 ਵਜੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਰਿੰਡਰਾਂਵਾਲਿਆਂ ਨੇ ਭਾਈ ਸੁਜਾਨ ਸਿੰਘ ਮਨਾਵਾਂ, ਭਾਈ ਰਸ਼ਪਾਲ ਸਿੰਘ ਪੀਏ, ਭਾਈ ਕਾਬਲ ਸਿੰਘ, ਭਾਈ ਗੁਰਮੁਖ ਸਿੰਘ ਗੜਵਈ, ਭਾਈ ਦਾਰਾ ਸਿੰਘ ਡਰਾਈਵਰ, ਭਾਈ ਮੇਜਰ ਸਿੰਘ ਲਾਗੋਕੇ, ਭਾਈ ਨੰਦ ਸਿੰਘ ਮਹਿਤਾ, ਭਾਈ ਦਰਸ਼ਨ ਸਿੰਘ ਪੱਖੀ ਕਲਾਂ, ਭਾਈ ਗੁਰਭੇਜ ਸਿੰਘ ਠੱਠੀ ਖਾਰਾ, ਭਾਈ ਨਿਰਮਲ ਸਿੰਘ ਤੂੰਬੜਭੰਨ, ਭਾਈ ਨਿਰਮਲ ਸਿੰਘ ਖੁਖਰਾਣਾ, ਭਾਈ ਬਲਦੇਵ ਸਿੰਘ ਉਦੇਨੰਗਲ, ਭਾਈ ਬਲਵਿੰਦਰ ਸਿੰਘ ਬਿੱਲਾ, ਭਾਈ ਬਲਵਿੰਦਰ ਸਿੰਘ ਤੇ ਭਾਈ ਭੁਪਿੰਦਰ ਸਿੰਘ ਪਿੰਡ ਚਮਿਆਰੀ, ਭਾਈ ਕਰਮਜੀਤ ਸਿੰਘ ਪੰਨਾ ਸ਼ਹੀਦ, ਭਾਈ ਮੇਜਰ ਸਿੰਘ ਚੱਕੀਆਂ, ਭਾਈ ਕਪੂਰ ਸਿੰਘ ਹਰਚੋਵਾਲ, ਭਾਈ ਬਲਦੇਵ ਸਿੰਘ ਜੇਠੂਵਾਲ, ਭਾਈ ਪ੍ਰੀਤਮ ਸਿੰਘ ਮਿਆਣੀ, ਭਾਈ ਕੁਲਜੀਤ ਸਿੰਘ ਪਹੁਵਿੰਡ, ਭਾਈ ਜਸਵੀਰ ਸਿੰਘ ਝੋਕ ਹਰੀਹਰ ਸਮੇਤ 40 ਕੁ ਸਿੰਘਾਂ ਨੂੰ ਸੰਬੋਧਨ ਹੋ ਕੇ ਕਿਹਾ ਕਿ ਹੁਣ ਜ਼ਮੀਨੀ ਸੜ੍ਹਾ ਦੇ ਮੋਰਚਿਆਂ ਸਾਹਮਣੇ ਮਲਬੇ ਦੇ ਢੇਰ ਲੱਗ ਚੁਕੇ ਹਨ ਜਿਸ ਕਾਰਨ ਇਸ ਮੋਰਚੇ ਵਿੱਚੋਂ ਹਮਲਾਵਰ ਫੌਜਾਂ ਦੀ ਹਰਕਤ ਨਜ਼ਰ ਨਹੀਂ ਆ ਰਹੀ, ਇਸ ਲਈ ਇੱਥੇ ਲੜਾਈ ਨਹੀਂ ਲੜੀ ਜਾ ਸਕਦੀ। ਹੁਣ ਦੁਸ਼ਮਣ ਨਾਲ ਆਹਮੇ-ਸਾਹਮਣੇ ਦੋ ਹੱਥ ਕਰਨ ਦਾ ਸਮਾਂ ਹੈ ਜਿਸ ਸਮੇਂ ਸੰਤ ਇਹ ਬਚਨ ਕਰ ਰਹੇ ਸਨ ਉਨ੍ਹਾਂ ਦੇ ਸਰੀਰ 'ਤੇ ਸਜੇ ਹੋਏ ਸ਼ਸਤਰ, ਕੀਤਾ ਹੋਇਆ ਕਮਰਕੱਸਾ, ਚਿਹਰੇ ਦਾ ਬੀਰ ਰਸ, ਤੇ ਨੇਤਰਾਂ ਵਿੱਚ ਚੜ੍ਹੀ ਹੋਈ ਖੂਨ ਦੀ ਲਾਲੀ ਵਿੱਚੋਂ ਬਿਨ੍ਹਾਂ ਬੋਲਿਆ ਹੀ ਅਣਬਿਆਨੀ ਗਾਥਾ ਕਹੀ ਜਾ ਰਹੀ ਸੀ। ਸੰਤਾਂ ਨੇ ਅੱਗੇ ਕਿਹਾ ਕਿ ਕਲਗੀਧਰ ਦੀ ਕ੍ਰਿਪਾ ਨਾਲ ਸਿੰਘਾਂ ਨੇ ਪੁਰਾਤਨ ਸੂਰਬੀਰ ਯੋਧਿਆਂ ਦੀ ਦਾਸਤਾਨ ਦੁਹਰਾ ਦਿੱਤੀ ਹੈ, ਜਿਹੜੇ ਹਮਲਾਵਰ ਲੋਕ ਸਾਨੂੰ ਮੁੱਠੀ ਭਰ ਸਮਝ ਕੇ ਦਮਗਜੇ ਮਾਰਦੇ ਸਨ ਕਿ ਚੰਦ ਪਲਾਂ ਵਿੱਚ ਹੀ ਇਨ੍ਹਾਂ ਸਿੰਘਾਂ ਨੂੰ ਤਹਿਸ-ਨਹਿਸ ਕਰ ਦੇਵਾਂਗੇ ਜਾਂ ਫੜ੍ਹ-ਫੜ੍ਹ ਕੇ ਗੱਡੀਆਂ ਵਿੱਚ ਬਿਠਾ ਕੇ ਦਿੱਲੀ ਦਰਬਾਰ ਦੇ ਸਾਹਮਣੇ ਪੇਸ਼ ਕਰਕੇ ਵੱਡੇ ਇਨਾਮ ਪ੍ਰਾਪਤ ਕਰ ਲਵਾਂਗੇ ਉਨ੍ਹਾਂ ਅਖੌਤੀ ਜਰਨੈਲਾਂ ਦਾ ਗੁਰੂ ਕੀਆਂ ਫੌਜਾਂ ਨੇ ਅੱਸੀ ਘੰਟੇ ਮੂੰਹ ਭੁਆਈ ਰੱਖਿਆ ਹੈ। ਦਰਜਨਾਂ ਟੈਂਕਾਂ ਭਾਰੀ ਤੋਪਾਂ ਦੇ ਗੋਲੇ ਵਰ੍ਹਾਉਂਦਿਆਂ ਵੀ ਆਪਣੀ ਵਾਹ ਨਾ ਜਾਦੀ ਵੇਖ ਜ਼ਹਿਰੀਲੀ ਗੈਸ ਦੇ ਹਜ਼ਾਰਾਂ ਗੋਲੇ ਵਰ੍ਹਾਉਣ ਦੇ ਬਾਵਜੂਦ ਅਨੇਕਾਂ ਫੌਜੀ ਅਫਸਰ ਤੇ ਭਾਰੀ ਗਿਣਤੀ ਵਿੱਚ ਫੌਜ ਮਰਵਾਉਣ ਤੋਂ ਬਾਅਦ ਕੀ ਭਾਰਤੀ ਫੌਜ ਆਪਣੀ ਜਿੱਤ ਦਾ ਦਾਅਵਾ ਕਰੇਗੀ?

ਸਾਨੂੰ ਫਖਰ ਹੈ ਉਨ੍ਹਾਂ ਯੋਧਿਆਂ 'ਤੇ, ਜੋ ਆਪਣੀਆਂ ਛਾਤੀਆਂ ਨਾਲ ਵਿਸਫੋਟਕ ਸਮੱਗਰੀ ਬੰਨ੍ਹ ਕੇ ਟੈਂਕਾਂ 'ਤੇ ਕੁੱਦੇ ਤੇ ਹਰ ਮੋਰਚੇ ਵਿੱਚੋਂ ਮਰਦਾਂ ਬਹਾਦਰਾਂ, ਸੂਰਬੀਰ ਯੋਧਿਆਂ ਦੀ ਤਰ੍ਹਾਂ ਯੁੱਧ ਲੜਦਿਆਂ ਸ਼ਹੀਦ ਹੋਏ ਤੇ ਸਭ ਤੋਂ ਵੱਡੀ ਗੱਲ ਯੁੱਧ ਲੜਨ ਵਾਲੇ ਬਹਾਦਰ ਸਿੰਘਾਂ ਵੱਲੋਂ ਕਿਸੇ ਨੇ ਵੀ ਫੌਜ ਅੱਗੇ ਆਤਮ ਸਮਰਪਣ ਨਹੀਂ ਕੀਤਾ। ਇਹ ਸਭ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਕ੍ਰਿਪਾ ਅਤੇ ਜਾਹਰ ਸ਼ਕਤੀ ਸਦਕਾ ਹੀ ਸੰਭਵ ਹੋ ਸਕਿਆ ਹੈ। ਬਾਕੀ ਇੱਕ ਗੱਲ, ਸਿੱਖੋ ਯਾਦ ਰੱਖਿਓ ਕਿ ਇੱਥੇ ਹਮਲਾਵਰ ਹੋਈਆਂ ਫੌਜਾਂ ਦਾ ਹਿਸਾਬ ਬਰਾਬਰ ਕਰਨ ਲਈ ਸੀਮਿਤ ਸਿੰਘਾਂ ਨੇ ਲੋਹੇ ਦੇ ਚਨੇ ਚਬਾਏ ਹਨ। ਜੋ ਭਾਰਤ ਦੀ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਗੁਰਧਾਮਾਂ 'ਤੇ ਹਮਲਾ ਕੀਤਾ ਹੈ ਇਸਦਾ ਹਿਸਾਬ ਬਰਾਬਰ ਕਰਨ ਲਈ ਸ੍ਰੀ ਗੁਰੂ ਕਲਗੀਧਰ ਪਾਤਿਸ਼ਾਹ ਦਾ ਖ਼ਾਲਸਾ ਦੁਨੀਆਂ ਭਰ ਵਿੱਚ ਵਸਿਆ ਹੋਇਆ ਹੈ। ਤੁਸੀਂ ਇਤਿਹਾਸ ਜਾਣਦੇ ਹੋ ਕਿ ਜਿਸ ਵੀ ਹੁਕਮਰਾਨ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਹੈ ਗੁਰੂ ਕੇ ਖ਼ਾਲਸੇ ਨੇ ਉਨ੍ਹਾਂ ਹੰਕਾਰੀ ਹੁਕਮਰਾਨਾਂ ਦਾ ਖਾਤਮਾ ਕਰਕੇ ਉਨ੍ਹਾਂ ਦਾ ਹੰਕਾਰ ਤੋੜਿਆ ਹੈ ਤੇ ਹੁਣ ਵੀ ਪੂਰਨ ਨਿਸ਼ਚਾ ਹੈ ਕਿ ਗੁਰੂ ਕੇ ਖ਼ਾਲਸੇ ਨੇ ਖ਼ਾਲਸਾ ਪੰਥ ਉਪਰ ਚੜ੍ਹੀ ਭਾਜੀ ਉਤਾਰਨ ਲਈ ਕਸਰ ਨਹੀਂ ਛੱਡਣੀ। ਇਹ ਬਚਨ ਸੁਣਦਿਆਂ ਹੀ ਸਿੰਘਾਂ ਨੇ ਜੋਸ਼ ਨਾਲ ਉੱਚੀ ਆਵਾਜ਼ ਵਿੱਚ ਜੈਕਾਰਾ ਲਗਾਇਆ। (ਇਹ ਸਭ ਦੁਨੀਆਂ ਨੇ ਦੇਖ ਹੀ ਲਿਆ ਹੈ ਕਿ ਸੰਤਾ ਦੇ ਕਹੇ ਬਚਨ ਸੱਚ ਸਾਬਤ ਹੋਏ ਜਦੋਂ ਸਿੱਖ ਕੌਮ ਦੇ ਯੋਧਿਆਂ ਨੇ ਭਾਰਤ ਦੀ ਹੁਕਮਰਾਨ ਇੰਦਰਾ ਗਾਂਧੀ, ਜਿਸ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਹੁਕਮ ਦਿੱਤਾ ਸੀ, ਉਸ ਨੂੰ ਸੋਧਿਆ ਅਤੇ ਉਸ ਸਮੇਂ ਦੇ ਭਾਰਤੀ ਫੌਜ ਦੇ ਮੁਖੀ ਜਨਰਲ ਵੈਦਿਆ ਨੂੰ ਵੀ ਸੋਧਿਆ)। ਸੰਤਾ ਨੇ ਅੱਗੇ ਕਿਹਾ ਕਿ ਸਿੱਖੀ ਨੂੰ ਖਤਮ ਕਰਨ ਵਾਲੀਆਂ ਸਿੱਖ ਦੁਸ਼ਮਣ ਤਾਕਤਾਂ ਪਹਿਲਾਂ ਵੀ ਬਹੁਤ ਹੋ ਗੁਜ਼ਰੀਆਂ ਹਨ ਤੇ ਅੱਜ ਵੀ ਸਮੇਂ ਦੀ

Scanned with CamScanner

ਸਰਕਾਰ ਸਿੱਖੀ ਨੂੰ ਖਤਮ ਕਰਨ ਦੇ ਸੁਪਨੇ ਵੇਖ ਰਹੀ ਹੈ ਜਿਸ ਕਾਰਨ ਸਿੱਖੀ ਦੇ ਕੇਂਦਰੀ ਸਥਾਨ 'ਤੇ ਹਮਲਾ ਕੀਤਾ ਗਿਆ ਹੈ। ਮਤਾਂ ਕੋਈ ਸਮਝੇ ਕਿ ਇਹ ਹਮਲਾ ਸੰਤ ਭਿੰਡਰਾਂਵਾਲਿਆਂ ਉੱਪਰ ਕੀਤਾ ਗਿਆ ਹੈ ਬਲਕਿ ਇਹ ਹਮਲਾ ਸਿੱਖੀ ਸੋਚ ਨੂੰ ਤਹਿਸ-ਨਹਿਸ ਕਰਨ ਲਈ ਕੀਤਾ ਗਿਆ ਹੈ। ਪਰ ਦੁਨੀਆਂ ਦੀ ਕੋਈ ਵੀ ਤਾਕਤ ਸਿੱਖੀ ਸੋਚ ਨੂੰ ਖਤਮ ਨਹੀਂ ਕਰ ਸਕੇਗੀ ਬਲਕਿ ਕੇਂਦਰ ਸਰਕਾਰ ਦੀ ਸੌੜੀ ਸੋਚ ਨੂੰ ਸਮਝ ਕੇ ਇਸ ਘਲੂਘਾਰੇ ਉਪਰੰਤ ਦੁਨੀਆਂ ਭਰ ਵਿੱਚ ਵੱਸਦੇ ਸਿੱਖ, ਸਿੱਖੀ ਪ੍ਰਤੀ ਹੋਰ ਸੁਚੇਤ ਹੋਣਗੇ ਤੇ ਧਰਮ ਤੋਂ ਆਪਾ ਕੁਰਬਾਨ ਕਰਨ ਵਾਲੇ ਸਿੰਘਾਂ ਦੀਆਂ ਸ਼ਹਾਦਤਾਂ ਸਦਕਾ ਸਿੱਖੀ ਦੀ ਵਿਰਾਸਤ ਦੁਨੀਆਂ ਭਰ ਵਿੱਚ ਹੋਰ ਚਮਕੇਗੀ।

ਇਸ ਉਪਰੰਤ ਸੰਤਾਂ ਨੇ ਭੋਰੇ ਅਤੇ ਪਹਿਲੀ ਮੰਜ਼ਿਲ ਦੇ ਸਿੰਘਾਂ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਫੌਜ ਨਾਲ ਦੋ ਹੱਥ ਕਰਨ ਦੇ ਤਹੱਈਏ ਨਾਲ ਬਾਹਰ ਨਿਕਲ ਕੇ ਜੂਝਣ ਦਾ ਫੈਸਲਾ ਲਿਆ। ਹਾਲੇ ਇਹ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਦੀਆਂ ਪੌੜੀਆਂ ਵਿੱਚ ਹੀ ਸਨ ਕਿ ਇੱਕ ਜ਼ਬਰਦਸਤ ਧਮਾਕਾ ਹੋਇਆ ਜਿਸ ਨਾਲ ਚਾਰ ਚੁਫੇਰੇ ਧੂੰਆਂ ਹੀ ਧੂੰਆਂ ਛਾ ਗਿਆ ਤੇ ਇਸ ਤਰ੍ਹਾਂ ਦੇ ਕਈ ਹੋਰ ਲਗਾਤਾਰ ਧਮਾਕੇ ਹੋਏ। ਧੂੰਏ ਦੇ ਗੁਬਾਰ ਇੰਨੇ ਸਨ ਕਿ ਆਪਣੇ ਹੀ ਹੱਥ ਦਿਖਾਈ ਨਹੀਂ ਦੇ ਰਹੇ ਸਨ। ਇਸ ਦੌਰਾਨ ਕੁੱਝ ਸਿੰਘ ਅੱਗੇ ਨਿਕਲ ਕੇ ਸ਼ਹੀਦੀ ਪ੍ਰਾਪਤ ਕਰ ਗਏ ਕੁੱਝ ਕੁ ਗੁਰਦੁਆਰਾ ਥੜ੍ਹਾ ਸਾਹਿਬ ਵਿੱਚ ਹੀ ਵਾਪਸ ਪਰਤ ਗਏ। ਪਰ ਇੱਕ ਦੂਜੇ ਬਾਰੇ ਕਿਸੇ ਨੂੰ ਵੀ ਕੁੱਝ ਪਤਾ ਨਹੀਂ ਸੀ। ਇੱਥੋਂ ਬਚ ਕੇ ਨਿਕਲੇ ਸਿੰਘਾਂ ਵਿੱਚੋਂ ਕਿਸੇ ਨੇ ਵੀ ਕਿਸੇ ਹਾਲਤ ਵਿੱਚ ਵੀ ਸੰਤਾਂ ਨੂੰ ਨਹੀਂ ਵੇਖਿਆ ਕਿਉਂਕਿ ਅੱਗੇ ਨਿਕਲਣ ਵਾਲੇ ਸਿੰਘ ਸਭ ਦੇ ਸਭ ਸ਼ਹੀਦ ਹੋ ਚੁੱਕੇ ਸਨ ਤੇ ਪਿੱਛੇ ਬਚ ਜਾਣ ਵਾਲਿਆਂ ਵਿੱਚੋਂ ਕੋਈ ਅੱਗੇ ਜਾ ਕੇ ਨਹੀਂ ਸੀ ਵੇਖ ਸਕਿਆ।

ਗਿਆਰਾਂ ਵਜੇ ਤੱਕ ਗੋਲਿਆਂ ਦੀਆਂ ਆਵਾਜ਼ਾਂ ਰੁਕ ਚੁੱਕੀਆਂ ਸਨ ਤੇ ਫੌਜ ਵਿੱਚ ਵੀ ਕਾਫੀ ਹਫੜਾ-ਦਫੜੀ ਸੀ। ਫੌਜੀ ਅਫਸਰ ਸੰਤ ਭਿੰਡਰਾਂਵਾਲੇ ਦੀ ਮ੍ਰਿਤਕ ਦੇਹ ਨੂੰ ਲੱਭਣ ਵਿੱਚ ਜੁਟੇ ਹੋਏ ਸਨ। ਉਨ੍ਹਾਂ ਨੇ ਸ਼ਹੀਦ ਹੋ ਚੁੱਕੇ ਬਹੁਤ ਸਾਰੇ ਸਿੰਘਾਂ ਦੀਆਂ ਲਾਸ਼ਾਂ ਨੂੰ ਉਲਟਾ-ਪੁਲਟਾ ਕੇ ਵੀ ਵੇਖਿਆ। ਸ਼ਾਮ ਤੱਕ ਇਹੀ ਕੁੱਝ ਚੱਲਦਾ ਰਿਹਾ। ਕੰਪਲੈਕਸ ਅੰਦਰਲਾ ਦ੍ਰਿਸ਼ ਬਹੁਤ ਖੌਫਨਾਕ, ਦਰਦਨਾਕ ਤੇ ਧੂੰਏ ਮਿੱਟੀ ਨਾਲ ਭਰਿਆ ਹੋਇਆ ਸੀ। ਇਸ ਦੇ ਨਾਲ ਹੀ ਕਈ ਪਾਸਿਆਂ ਤੋਂ ਅੱਗ ਤੇ ਧੂੰਏ ਦੇ ਵਰੋਲੇ ਵੀ ਕੰਪਲੈਕਸ ਉਪਰ ਦੀ ਝੁੱਲ ਰਹੇ ਸਨ। ਕੁਲਦੀਪ ਬਰਾੜ ਸਮੇਤ ਫੌਜੀ ਅਫਸਰਾਂ ਨੇ ਸੋਚਿਆ ਕਿ ਸ਼ਾਇਦ ਸੰਤ ਭਿੰਡਰਾਂਵਾਲੇ ਹਰਿਮੰਦਰ ਸਾਹਿਬ ਅੰਦਰ ਨਾ ਚਲੇ ਗਏ ਹੋਣ ਇਸ ਲਈ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੀ ਚੁੱਪ ਚਪੀਤੇ ਹੀ ਆਪਣੇ ਢੰਗ ਨਾਲ ਤਲਾਸ਼ੀ ਲੈਣ ਦੀ ਜੁਰਤ ਬਣਾਈ ਤੇ ਅਨਾਊਂਸਮੈਂਟ ਕੀਤੀ ਕਿ ਜੰਗ ਖਤਮ ਹੋ ਚੁੱਕੀ ਹੈ, ਪੂਰੇ ਕੰਪਲੈਕਸ ਉਪਰ ਫੌਜ ਦਾ ਕਬਜਾ ਹੈ, ਇਸ ਲਈ ਜਿੱਥੇ ਵੀ ਕੋਈ ਵਿਅਕਤੀ ਛੁਪਿਆ ਹੋਇਆ ਹੈ ਜਾਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਮੌਜੂਦ ਹੈ, ਉਹ ਪੰਦਰਾਂ ਮਿੰਟਾਂ ਦੇ ਵਿੱਚ-ਵਿੱਚ ਹੱਥ ਖੜ੍ਹੇ ਕਰਕੇ ਬਾਹਰ ਆ ਜਾਵੇ ਤਾਂ ਉਸ ਉੱਪਰ ਗੋਲੀ ਨਹੀਂ ਚਲਾਈ ਜਾਵੇਗੀ। ਜਦ ਇਹ ਅਨਾਊਂਸਮੈਂਟ ਹਰਿਮੰਦਰ ਸਾਹਿਬ ਅੰਦਰ ਸੁਣਾਈ ਦਿੱਤੀ ਤਾਂ ਸਿੰਘ ਸਾਹਿਬਾਨ ਗਿਆਨੀ ਮੋਹਣ ਸਿੰਘ ਤੇ ਗਿਆਨੀ ਪੂਰਨ ਸਿੰਘ ਨੇ ਇੱਥੇ ਮੌਜੂਦ ਸਿੰਘਾਂ ਨੂੰ ਬਾਹਰ ਜਾਣ ਲਈ ਕਿਹਾ ਤਾਂ ਉਨ੍ਹਾਂ ਸਿੰਘਾਂ ਨੇ ਸਿੰਘ ਸਾਹਿਬਾਨਾਂ ਨੂੰ ਵੀ ਨਾਲ ਚੱਲਣ ਲਈ ਬੇਨਤੀ ਕੀਤੀ। ਪਰ ਸਿੰਘ ਸਾਹਿਬਾਨ ਨੇ ਜਵਾਬ ਦੇ ਦਿੱਤਾ ਕਿ ਅਸੀਂ ਹੱਥ ਖੜ੍ਹੇ ਕਰਕੇ ਬਾਹਰ ਨਹੀਂ ਜਾਵਾਂਗੇ। ਇਸ ਲਈ ਤੁਸੀਂ ਜਾਓ ਤੇ ਫੌਜੀ ਅਫਸਰਾਂ ਨੂੰ ਦੱਸ ਦੇਵੋ ਕਿ ਦੋ ਸਿੰਘ ਸਾਹਿਬਾਨ ਅੰਦਰ ਹਨ ਤੇ ਉਹ ਹੱਥ ਖੜ੍ਹੇ ਕਰਕੇ ਬਾਹਰ ਨਹੀਂ ਆਉਣਗੇ। ਇਸ ਤਰ੍ਹਾਂ ਇਹ ਬਾਕੀ ਦੇ ਸਿੰਘ ਬਾਹਰ ਆ ਗਏ ਜਿਨ੍ਹਾਂ ਨੂੰ ਹਿਰਾਸਤ ਵਿੱਚ ਲੈ ਕੇ ਪੱਛਮੀ ਘੰਟਾ ਘਰ ਦੇ ਨਜਦੀਕ ਬਿਠਾ ਲਿਆ ਗਿਆ ਅਤੇ ਇਨ੍ਹਾਂ ਨੂੰ ਪੁੱਛਿਆ ਗਿਆ ਕਿ ਹੋਰ ਕਿੰਨੇ ਸਿੰਘ ਅੰਦਰ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਦੋ ਸਿੰਘ ਸਾਹਿਬਾਨ ਹੀ ਅੰਦਰ ਹਨ ਜੋ ਹੱਥ ਖੜ੍ਹੇ ਕਰਕੇ ਬਾਹਰ ਨਹੀਂ ਆਉਣਗੇ, ਪਰ ਇਨ੍ਹਾਂ ਦੀ ਗੱਲ ਅਣਸੁਣੀ ਕਰਕੇ ਫੌਜ ਵੱਲੋਂ ਫਿਰ ਪੰਦਰਾਂ ਮਿੰਟ ਦਾ ਸਮਾਂ ਦਿੱਤਾ ਗਿਆ ਤੇ ਇਸ ਨੂੰ ਫਿਰ ਪੰਦਰਾਂ ਮਿੰਟ ਲਈ ਵਧਾ ਦਿੱਤਾ ਗਿਆ ਤੇ ਬਾਰ-ਬਾਰ ਅਨਾਊਂਸਮੈਂਟ ਕੀਤੀ ਗਈ ਕਿ ਹਰਿਮੰਦਰ ਸਾਹਿਬ ਅੰਦਰ ਜੋ ਵੀ ਕੋਈ ਹੈ ਉਹ ਹੱਥ ਖੜ੍ਹੇ ਕਰਕੇ ਬਾਹਰ ਆ ਜਾਣ ਪਰ ਸਿੰਘ ਸਾਹਿਬਾਨ ਅੰਦਰ ਹੀ ਮੋਰਚਾ ਵਿੱਚ ਚੜ੍ਹਦੀਕਲਾ ਨਾਲ ਹਾਜ਼ਰ ਰਹੇ।

ਇਸ ਤੋਂ ਬਾਅਦ ਕੁੱਝ ਫੌਜੀ ਅਫਸਰ ਜਿਨ੍ਹਾਂ ਵਿੱਚ ਇੱਕ ਸਿੱਖ ਵੀ ਸੀ, ਹਰਿਮੰਦਰ ਸਾਹਿਬ ਗਏ ਤਾਂ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਦਰਵਾਜੇ ਕੋਲ ਜਾ ਕੇ ਆਵਾਜ਼ ਮਾਰੀ ਤਾਂ ਗਿਆਨੀ ਪੂਰਨ ਸਿੰਘ ਹੁਰਾਂ ਨੇ ਹਰਿਮੰਦਰ ਸਾਹਿਬ

Scanned with CamScanner



7 ਜੂਨ 1984 ਨੂੰ ਭਾਰਤੀ ਫੌਜ ਵੱਲੋਂ ਲੁੱਟਣ ਤੋਂ ਬਾਅਦ ਸਾੜੀ ਗਈ ਸਿੱਖ ਰੈਫਰੈਂਸ ਲਾਇਬ੍ਰੇਰੀ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਕੋਲੋਂ ਭਾਰਤੀ ਫੌਜ ਦੇ ਚੀਫ਼ ਜਰਨਲ ਵੈਦਿਆ, ਜਰਨਲ ਸੁੰਦਰਜੀ, 'ਕੋਠਾ ਸਾਹਿਬ ਠੀਕ ਠਾਕ ਹੈ' ਕਹਾਉਣ ਦੀ ਤਾਕ ਲਗਾਈ ਬੈਠੇ ਸਪੱਸ਼ਟ ਦਿਖਾਈ ਦੇ ਰਹੇ ਹਨ।

ਸੁਹਿਰਦ ਸੰਤ ਖਾਲਸਾ

Scanned with CamScanner

ਜੂਨ 1984 ਵਿੱਚ ਭਾਰਤੀ ਫੌਜਾਂ ਵੱਲੋਂ ਢਾਹਿਆ ਗਿਆ ਸ੍ਰੀ ਅਕਾਲ ਤਖ਼ਤ ਸਾਹਿਬ।





ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਜਿਨ੍ਹਾਂ ਨੇ ਜੂਨ 1984 ਦੇ ਘੱਲੂਘਾਰੇ ਦੀ ਦੋਸ਼ੀ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੋਧਿਆ।

ਸੁਹਿਰਦ ਸੰਤ ਖ਼ਾਲਸਾ

Scanned with CamScanner



ਜੂਨ 1984 ਵਿੱਚ ਸ੍ਰੀ ਅਕਾਲ ਤਖਤ ਸਾਹਿਬ, ਦਰਸ਼ਨ ਡਿਉਢੀ ਅਤੇ ਲਾਲ ਇੱਟਾਂ ਵਾਲੀ ਡਿਉਢੀ ਵਿੱਚ ਤੋਪਾਂ ਅਤੇ ਟੈਂਕਾਂ ਨਾਲ ਲਾਈ ਗਈ ਅੱਗ ਦਾ ਭਿਆਨਕ ਦ੍ਰਿਸ਼।



ਜੂਨ 1984 ਦੇ ਹਮਲੇ ਸਮੇਂ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅਤੇ ਨੂੰ ਸੌਂਪਣ ਵਾਲੇ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ।

Scanned with CamScanner



ਜੂਨ 1984 ਵਿੱਚ ਵਰ੍ਹਦੀਆਂ ਗੋਲੀਆਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਦ੍ਰਿੜਤਾ ਨਿਰਭੈਤਾ ਅਤੇ ਭਰੋਸੇ ਨਾਲ ਸੇਵਾ ਨਿਭਾਉਣ ਵਾਲੇ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਅਤੇ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ।



ਗੁਰੂ ਰਾਮਦਾਸ ਸਰਾਂ ਨੂੰ ਭਾਰਤੀ ਫੌਜ ਵੱਲੋਂ ਤੋਪਾਂ ਨਾਲ ਲਗਾਈ ਗਈ ਅੱਗ।

Scanned with CamScanner

ਦਾ ਦਰਵਾਜਾ ਖੋਲ੍ਹਿਆ। ਫੌਜੀ ਅਫਸਰਾਂ ਨੇ ਉਨ੍ਹਾਂ ਨੂੰ ਹੱਥ ਖੜ੍ਹੇ ਕਰਕੇ ਨਾਲ ਚੱਲਣ ਲਈ ਕਿਹਾ। ਇਸ 'ਤੇ ਸਿੰਘ ਸਾਹਿਬਾਨਾਂ ਨੇ ਜਵਾਬ ਦੇ ਦਿੱਤਾ ਕਿ ਬੇਸ਼ੱਕ ਸਾਨੂੰ ਇੱਥੇ ਹੀ ਗੋਲੀ ਮਾਰ ਦਿਓ, ਪਰ ਅਸੀਂ ਹੱਥ ਖੜ੍ਹੇ ਨਹੀਂ ਕਰਾਂਗੇ। ਫਿਰ ਹੱਥ ਖੜ੍ਹੇ ਕੀਤੇ ਬਗੈਰ ਹੀ ਸਿੰਘ ਸਾਹਿਬਾਨ ਇਨ੍ਹਾਂ ਫੌਜੀ ਅਫਸਰਾਂ ਨਾਲ ਬਾਹਰ ਆ ਗਏ ਤੇ ਇਨ੍ਹਾਂ ਨੂੰ ਪੱਛਮੀ ਘੰਟਾਘਰ ਕੋਲ ਲਿਜਾਇਆ ਗਿਆ ਜਿੱਥੇ ਪਹਿਲਾਂ ਅੰਦਰੋਂ ਆਏ ਹੋਏ ਸਿੰਘ ਬੈਠੇ ਸਨ। ਆਉਂਦਿਆਂ ਹੀ ਸਿੰਘ ਸਾਹਿਬਾਨਾਂ ਨੇ ਫੌਜੀ ਅਫਸਰਾਂ ਨੂੰ ਕਿਹਾ ਕਿ ਅਸੀਂ 24 ਘੰਟਿਆਂ ਤੋਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਸੀ ਇਸ ਲਈ ਅਸੀਂ ਪਹਿਲਾਂ ਕਿਰਿਆ ਸੋਧ ਕੇ ਪੰਜ ਸ਼ਨਾਨਾ ਕਰਨਾ ਹੈ ਬਾਅਦ ਵਿੱਚ ਕੋਈ ਗੱਲ ਹੋ ਸਕਦੀ ਹੈ। ਇਸ ਤੋਂ ਬਾਅਦ ਜਨਰਲ ਕੁਲਦੀਪ ਬਰਾੜ ਨੇ ਗਿਆਨੀ ਪੂਰਨ ਸਿੰਘ ਤੇ ਗਿਆਨੀ ਮੋਹਣ ਸਿੰਘ ਨੂੰ ਪੁੱਛਿਆ ਕਿ ਸੰਤ ਭਿੰਡਰਾਂਵਾਲੇ ਕਿੱਥੇ ਹਨ? ਤਾਂ ਗਿਆਨੀ ਪੂਰਨ ਸਿੰਘ ਨੇ ਜਵਾਬ ਦਿੱਤਾ ਕਿ ਅਸੀ ਕੱਲ੍ਹ ਤੋਂ ਦਰਸ਼ਨ ਡਿਓਢੀ ਦੇ ਅੰਦਰ ਹੀ ਹਾਂ ਬਾਹਰ ਜੋ ਕੁੱਝ ਵਾਪਰਿਆ ਹੈ ਇਸ ਬਾਰੇ ਤੁਸੀਂ ਜਾਣਦੇ ਹੋ। ਸੰਤਾਂ ਨੂੰ ਤੁਸੀਂ ਸ਼ਹੀਦ ਕਰ ਦਿੱਤਾ ਹੈ ਜਾਂ ਉਹ ਕਿੱਥੇ ਹਨ, ਇਸ ਬਾਰੇ ਸਾਨੂੰ ਕੁੱਝ ਵੀ ਪਤਾ ਨਹੀਂ। ਇਸ ਤੇ ਜਨਰਲ ਬਰਾੜ ਨੇ ਕਿਹਾ ਕਿ ਅਸੀਂ ਹਰਿਮੰਦਰ ਸਾਹਿਬ ਦੀ ਤਲਾਸ਼ੀ ਲੈਣਾ ਚਾਹੁੰਦੇ ਹਾਂ ਕਿਉਂਕਿ ਉਥੋਂ ਬਹੁਤ ਗੋਲੀਆਂ ਚਲਾਈਆਂ ਗਈਆਂ ਹਨ, ਜਿਸ ਨਾਲ ਫੌਜ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ ਤਾਂ ਸਿੰਘ ਸਾਹਿਬ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਕੋਈ ਵੀ ਹਥਿਆਰਬੰਦ ਸਿੰਘ ਨਹੀਂ ਸੀ ਇਸ ਲਈ ਉੱਥੋਂ ਗੋਲੀ ਚੱਲਣ ਦਾ ਸਵਾਲ ਹੀ ਪੈਦਾ ਨਹੀ ਹੁੰਦਾ ਪਰ ਤੁਸੀਂ ਫਿਰ ਵੀ ਤਲਾਸ਼ੀ ਲੈਣੀ ਚਾਹੁੰਦੇ ਹੋ ਤਾਂ ਤੁਹਾਡੀ ਮਰਜ਼ੀ ਹੈ। ਗਿਆਨੀ ਪੂਰਨ ਸਿੰਘ ਹੁਰਾਂ ਨਾਲ ਕੁੱਝ ਫੌਜੀ ਅਫਸਰ ਭੇਜ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਤਲਾਸ਼ੀ ਲੈਣ ਦਾ ਜਨਰਲ ਬਰਾੜ ਨੇ ਹੁਕਮ ਦਿੱਤਾ। ਗਿਆਨੀ ਪੂਰਨ ਸਿੰਘ ਦੇ ਦੱਸੇ ਮੁਤਾਬਕ ਕਿ ਭਾਵੇਂ ਫੌਜੀ ਅਫਸਰਾਂ ਨੇ ਆਪਣੀ ਜ਼ੁਬਾਨੋਂ ਇਹ ਨਹੀਂ ਕਿਹਾ ਕਿ ਅਸੀਂ ਸੰਤ ਭਿੰਡਰਾਂਵਾਲਿਆਂ ਨੂੰ ਵੇਖਣ ਚੱਲੇ ਹਾਂ ਪਰ ਉਨ੍ਹਾਂ ਦੀ ਗੱਲਬਾਤ ਤੋਂ ਇਹੀ ਲੱਗਦਾ ਸੀ। ਫਿਰ ਦੋਵੇਂ ਹੀ ਸਿੰਘ ਸਾਹਿਬਾਨਾਂ ਨੂੰ ਨਾਲ ਲੈ ਕੇ ਇਹ ਫੌਜੀ ਅਫਸਰ ਹਰਿਮੰਦਰ ਸਾਹਿਬ ਵਿੱਚ ਗਏ ਤੇ ਬਹੁਤ ਬਾਰੀਕੀ ਨਾਲ ਹਰ ਮੰਜ਼ਿਲ ਦੀ ਤਲਾਸ਼ੀ ਲਈ ਗਈ, ਇੱਥੇ ਤੱਕ ਕਿ ਮੋਟ ਵੀ ਚੁੱਕ-ਚੁੱਕ ਕੇ ਵੇਖੇ। ਫਿਰ ਸਿੰਘ ਸਾਹਿਬਾਨਾਂ ਨੇ ਕਿਹਾ ਕਿ ਤੁਹਾਨੂੰ ਇੱਥੇ ਇੱਕ ਵੀ ਗੋਲੀ ਚੱਲੀ ਪ੍ਰਤੀਤ ਹੁੰਦੀ ਹੈ ਕਿਉਂਕਿ ਜੇ ਇੱਥੋਂ ਮਸ਼ੀਨਗੰਨਾਂ ਨਾਲ ਗੋਲੀਆਂ ਚਲਾਈਆਂ ਹੁੰਦੀਆਂ ਤਾਂ ਇੱਥੇ ਗੋਲੀਆਂ ਦੇ ਖੋਖਿਆਂ ਦਾ ਢੇਰ ਲੱਗਾ ਹੋਣਾ ਚਾਹੀਦਾ ਸੀ। ਇਸ ਗੱਲ 'ਤੇ ਫੌਜੀ ਅਫਸਰਾਂ ਨੇ ਕਿਹਾ ਕਿ ਸਾਨੂੰ ਅਜਿਹੀ ਕੋਈ ਵੀ ਵਸਤੂ ਇੱਥੋਂ ਪ੍ਰਾਪਤ ਨਹੀਂ ਹੋਈ ਜਿਸ ਤੋਂ ਇਹ ਸਿੱਧ ਹੋ ਸਕੇ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਕੋਈ ਇੱਕ ਵੀ ਗੋਲੀ ਚਲਾਈ ਗਈ ਹੈ।

ਗਿਆਨੀ ਪੂਰਨ ਸਿੰਘ ਨੇ ਇਨ੍ਹਾਂ ਅਫਸਰਾਂ ਨੂੰ ਦੱਸਿਆ ਕਿ ਹਰਿਮੰਦਰ ਸਾਹਿਬ ਦੇ ਅੰਦਰੋਂ ਤਾਂ ਇੱਕ ਵੀ ਗੋਲੀ ਨਹੀਂ ਚਲਾਈ ਗਈ ਪਰ ਬਾਹਰੋਂ ਫੌਜ ਵੱਲੋਂ ਚਲਾਈਆਂ ਗਈਆਂ ਗੋਲੀਆਂ ਦੇ ਦ੍ਰਿਸ਼ ਤੁਹਾਨੂੰ ਵਿਖਾ ਸਕਦੇ ਹਾਂ ਜਿਨ੍ਹਾਂ ਵਿੱਚੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜਿਆਂ ਨੂੰ ਪਾੜ ਕੇ ਪ੍ਰਕਾਸ਼ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਗੋਲੀਆਂ ਲੱਗੀਆਂ ਹਨ ਬਲਕਿ ਇੱਕ ਗੋਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੨੫੦ ਭਾਵ ਬਾਵਨ ਅੱਖਰੀ ਬਾਣੀ ਤੱਕ ਧਸੀ ਹੋਈ ਹੈ। ਇੱਥੇ ਹੀ ਬੱਸ ਨਹੀਂ ਸ੍ਰੀ ਹਰਿਮੰਦਰ ਸਾਹਿਬ ਦੇ ਸਭ ਪਾਸਿਆਂ ਤੋਂ ਗੋਲੀਆਂ ਵੱਜੀਆਂ ਉਪਰਲੀ ਮੰਜ਼ਿਲ ਦੇ ਸ਼ੀਸ਼ੇ ਟੁੱਟੇ, ਗੁਰੂ ਸਾਹਿਬ ਦੀ ਤਾਂਬਿਆ ਬੈਠਾ ਸਿੰਘ ਜ਼ਖਮੀ ਹੋਇਆ, ਥੱਲੇ ਆਸਾ ਜੀ ਦੀ ਵਾਰ ਦਾ ਕੀਰਤਨ ਕਰਦਿਆਂ ਭਾਈ ਅਵਤਾਰ ਸਿੰਘ ਜੀ ਨੂੰ ਗੋਲੀਆਂ ਵੱਜੀਆਂ, ਆਓ ਤੁਹਾਨੂੰ ਦਿਖਾਉਂਦੇ ਹਾਂ। ਜਦੋਂ ਸਿੰਘ ਸਾਹਿਬਾਨ ਫੌਜੀ ਅਫਸਰਾਂ ਨੂੰ ਨਾਲ ਲੈ ਕੇ ਭਾਈ ਅਵਤਾਰ ਸਿੰਘ ਕੋਲ ਪਹੁੰਚੇ ਤਦ ਤੱਕ ਉਹ ਸ਼ਹੀਦੀ ਪਾ ਚੁੱਕਾ ਸੀ। ਹਾਲਾਕਿ ਸਿੰਘ ਸਾਹਿਬਾਨਾਂ ਸਮੇਤ ਅੰਦਰ ਮੌਜੂਦ ਸੰਗਤ ਨੇ ਭਾਈ ਅਵਤਾਰ ਸਿੰਘ ਨੂੰ ਬਚਾਉਣ ਦਾ ਆਪਣੇ ਵੱਲੋਂ ਪੂਰਾ ਯਤਨ ਕੀਤਾ, ਗੋਲੀਆਂ ਦੇ ਜ਼ਖਮਾਂ 'ਤੇ ਪੱਟੀਆਂ ਵੀ ਕੀਤੀਆਂ ਪਰ ੬ ਜੂਨ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਮੇਂ ਲੱਗੀਆਂ ਗੋਲੀਆਂ ਕਾਰਨ ਵਹਿੰਦੇ ਖੂਨ ਨੂੰ ਬਹੁਤ ਦੇਰ ਹੋ ਚੁੱਕੀ ਸੀ। ਪਰ ਗੁਰੂ ਕੇ ਸਿੰਘ ਨੇ ਸਿੱਖੀ ਸਿਦਕ ਨਿਭਾਉਂਦਿਆਂ ਆਸਾ ਜੀ ਦੀ ਵਾਰ ਦਾ ਕੀਰਤਨ ਵੀ ਕੀਤਾ ਤੇ ਅੰਤ ਸ਼ਹੀਦੀ ਪ੍ਰਾਪਤ ਵੀ ਕੀਤੀ।

ਤਲਾਸ਼ੀ ਲੈਣ ਉਪਰੰਤ ਫੌਜੀ ਅਫਸਰ ਸਿੰਘ ਸਾਹਿਬਾਨਾਂ ਨੂੰ ਨਾਲ ਲੈ ਕੇ ਵਾਪਸ ਪਰਤ ਆਏ ਅਤੇ ਆ ਕੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਅੰਦਰੋਂ ਕੋਈ ਵੀ ਅਜਿਹੀ ਵਸਤੂ ਪ੍ਰਾਪਤ ਨਹੀਂ ਹੋਈ ਜਿਸ ਤੋਂ ਪ੍ਰਤੀਤ ਹੋ ਸਕੇ ਕਿ ਅੰਦਰੋਂ ਵੀ ਸਿੰਘਾਂ ਨੇ ਲੜਾਈ ਲੜੀ ਹੈ ਜਾਂ ਕੋਈ ਗੋਲੀ ਚਲਾਈ ਹੈ ਬਲਕਿ ਬਾਹਰੋਂ ਬਹੁਤ ਸਾਰੀਆਂ ਗੋਲੀਆਂ ਹਰਿਮੰਦਰ

Scanned with CamScanner

ਸਾਹਿਬ ਵਿੱਚ ਵੱਜੀਆਂ ਹਨ ਜਿਸ ਨਾਲ ਇੱਕ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਕੁੱਝ ਜ਼ਖਮੀ ਹੋਏ ਹਨ। ਕੁਲਦੀਪ ਬਰਾੜ ਨੇ ਤਸੱਲੀ ਕਰਨ ਲਈ ਆਪਣੇ ਅਫਸਰਾਂ ਨੂੰ ਫਿਰ ਪੁੱਛਿਆ ਕਿ ਇਸ ਸਮੇਂ ਹਰਿਮੰਦਰ ਸਾਹਿਬ ਅੰਦਰ ਕੋਈ ਵਿਅਕਤੀ ਨਹੀਂ ਹੈ? ਤਾਂ ਉਨ੍ਹਾਂ ਕਿਹਾ ਕਿ ਬਿਲਕੁੱਲ ਕੋਈ ਨਹੀਂ ਹੈ। ਉਸ ਸਮੇਂ ਤੱਕ ਸੂਰਜ ਛਿਪ ਚੁੱਕਾ ਸੀ ਤਾਂ ਸਿੰਘ ਸਾਹਿਬ ਨੇ ਕਿਹਾ ਕਿ ਅਸੀਂ ਰਹਿਰਾਸ ਦਾ ਪਾਠ ਹਰਿਮੰਦਰ ਸਾਹਿਬ ਵਿੱਚ ਕਰਨਾ ਹੈ ਇਸ ਲਈ ਸਾਨੂੰ ਤਿੰਨ ਚਾਰ ਸਿੰਘ ਹੋਰ ਅੰਦਰ ਲੈ ਕੇ ਜਾਣ ਦੀ ਆਗਿਆ ਦਿੱਤੀ ਜਾਵੇ। ਸਿੰਘ ਸਾਹਿਬਾਨ ਨੇ 6 ਤਰੀਕ ਸ਼ਾਮ ਨੂੰ ਵੀ ਰਹਿਰਾਸ ਦਾ ਪਾਠ ਕੀਤਾ। ਉਸ ਸਮੇਂ ਤੱਕ ਜਨਰਲ ਕੁਲਦੀਪ ਬਰਾੜ ਸਮੇਤ ਸਭ ਫੌਜੀ ਅਫਸਰਾ ਨੂੰ ਸੰਤ ਭਿੰਡਰਾਂਵਾਲਿਆਂ ਦਾ ਕੋਈ ਅਤਾ ਪਤਾ ਨਹੀਂ ਸੀ ਤੇ ਉਹ ਇਸੇ ਹੀ ਭਾਲ ਵਿੱਚ ਸ੍ਰੀ ਅਕਾਲ ਤਖਤ ਸਾਹਿਬ, ਦਰਸ਼ਨੀ ਡਿਉਢੀ ਆਦਿ ਦੇ ਸਾਹਮਣੇ ਪਈਆ ਲਾਸ਼ਾ ਦੀ ਉਥਲ-ਪੁੱਥਲ ਕਰ ਰਹੇ ਸਨ ਜਿਨ੍ਹਾਂ ਵਿੱਚ ਫੌਜੀਆ ਦੀਆ ਲਾਸ਼ਾਂ ਵੀ ਸਨ ਤੇ ਸਿੰਘਾਂ ਦੀਆਂ ਲਾਸ਼ਾਂ ਵੀ। ਹਨ੍ਹੇਰਾ ਪਸਰ ਗਿਆ ਸੀ ਅੱਤ ਦੀ ਗਰਮੀ ਅਤੇ ਜ਼ਹਿਰੀਲੀ ਗੈਸ ਦੇ ਅਸਰ ਕਾਰਨ ਪ੍ਰਕਰਮਾ ਅੰਦਰ ਵਚੋ ਲਹੂ ਮਿੱਝ ਵਿੱਚੋ ਬਦਬੂ ਫੈਲ ਚੁੱਕੀ ਸੀ, 6 ਜੂਨ ਦੀ ਰਾਤ ਇਨ੍ਹਾਂ ਹੀ ਹਾਲਾਤਾਂ ਵਿੱਚ ਗੁਜ਼ਰੀ। ਜਨਰਲ ਕੁਲਦੀਪ ਬਰਾੜ ਭਾਰੀ ਨਿਰਾਸ਼ਾ ਵਿੱਚ ਸੀ ਤੇ ਉਸ ਕੋਲ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੰਤ ਭਿੰਡਰਾਂਵਾਲਿਆਂ ਬਾਰੇ ਕੁੱਝ ਵੀ ਦੱਸਣ ਦੀ ਹਿੰਮਤ ਨਹੀਂ ਸੀ।

7 ਜੂਨ, 1984

ਸਵੇਰ ਤੋਂ ਹੀ ਭਾਰਤੀ ਫੌਜ, ਮੰਤਰੀ ਸਮੇਤ ਉਨ੍ਹਾਂ ਦੇ ਕੁੱਝ ਪ੍ਰਮੁੱਖ ਨਜ਼ਦੀਕੀ ਵਿਅਕਤੀਆਂ ਦੀਆਂ ਲਾਸ਼ਾਂ ਲੱਭਣ ਵਿੱਚ ਰੁੱਝੀ ਹੋਈ ਸੀ। ਅਖੀਰ ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਸੰਤ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਆਦਿ ਦੀਆਂ ਲਾਸ਼ਾਂ ਮਿਲ ਗਈਆਂ ਹਨ। ਭਾਰਤ ਸਰਕਾਰ ਨੇ ਬਕਾਇਦਾ ਤੌਰ ਤੇ ਆਪਣੇ ਸਰਕਾਰੀ ਨਿਊਜ਼ ਬੁਲੇਟਨ, ਟੈਲੀਵਿਜ਼ਨ ਅਤੇ ਰੇਡੀਉ ਰਾਹੀ ਸਵੇਰੇ 8.00 ਵਜੇ ਖ਼ਬਰ ਦੇ ਦਿੱਤੀ ਕਿ ਇਹ ਤਿੰਨੇ ਲਾਸ਼ਾਂ ਸਾਨੂੰ ਮਿਲ ਚੁੱਕੀਆ ਹਨ ਅਤੇ ਸੰਤ ਭਿੰਡਰਾਂਵਾਲਿਆਂ ਦੇ ਬਾਕੀ ਸਾਥੀ ਵੀ ਮਾਰੇ ਜਾ ਚੁੱਕੇ ਹਨ। ਖ਼ਬਰ ਵਿੱਚ ਇਹ ਵੀ ਦੱਸਿਆ ਗਿਆ ਕਿ ਸੰਤ ਭਿੰਡਰਾਂਵਾਲਿਆਂ ਦੀ ਮ੍ਰਿਤਕ ਦੇਹ ਸ੍ਰੀ ਅਕਾਲ ਤਖਤ ਸਾਹਿਬ ਦੇ ਤਹਿਖਾਨੇ (ਭੋਰੇ ਵਿੱਚੋਂ) ਮਿਲੀ ਹੈ। ਇਸ ਤੋਂ ਬਾਅਦ ਫੌਜ ਨੇ ਇਹ ਤਿੰਨੇ ਸ਼ਰੀਰ ਉੱਤਰੀ ਘੰਟਾਘਰ ਦੀ ਡਿਉਢੀ ਵਿੱਚ ਬਰਫ ਦੀਆਂ ਸਿੱਲਾਂ ਉੱਪਰ ਰੱਖ ਦਿੱਤੇ ਪਰ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਵਿੱਚ ਮੌਜੂਦ ਸਿੰਘ ਸਾਹਿਬਾਨਾਂ ਵਿੱਚੋਂ ਕਿਸੇ ਨੂੰ ਵੀ ਇਹ ਸ਼ਰੀਰ ਨਹੀਂ ਵਿਖਾਏ ਗਏ ਅਤੇ ਇੱਥੇ ਤੱਕ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਜ਼ਿੰਮੇਵਾਰ ਵਿਅਕਤੀ ਤੋਂ ਸ਼ਨਾਖਤ ਨਹੀਂ ਕਰਵਾਈ ਗਈ। ਹਾਲਾਂਕਿ ਪ੍ਰਧਾਨ ਸ਼੍ਰੋਮਣੀ ਕਮੇਟੀ ਸਮੇਤ ਬਹੁਤ ਸਾਰੇ ਅਹੁਦੇਦਾਰ ਫੌਜ ਦੀ ਹਿਰਾਸਤ ਵਿੱਚ ਸਨ। ਇਸ ਤੋਂ ਇਲਾਵਾ ਦਮਦਮੀ ਟਕਸਾਲ ਦਾ ਮੁੱਖ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵੀ ਫੌਜ ਦੇ ਘੇਰੇ ਵਿੱਚ ਸੀ ਤੇ ਉੱਥੇ ਵੀ ਕਿਸੇ ਜ਼ਿੰਮੇਵਾਰ ਸਿੰਘ ਨੂੰ ਲਿਆ ਕੇ ਇਹ ਸਰੀਰ ਨਹੀਂ ਵਿਖਾਏ ਗਏ। ਇਵੇਂ ਹੀ ਸੰਤ ਭਿੰਡਰਾਂਵਾਲਿਆਂ ਦਾ ਘਰ ਪਿੰਡ ਰੋਡੇ (ਜ਼ਿਲ੍ਹਾ ਮੋਗਾ) ਵੀ ਫੌਜ ਦੇ ਘੇਰੇ ਵਿੱਚ ਸੀ। ਪਰ ਕਿਸੇ ਵੀ ਪਰਿਵਾਰਕ ਮੈਂਬਰ ਦੀ ਤਫਤੀਸ਼ ਤੋਂ ਬਿਨ੍ਹਾਂ ਹੀ ਫੌਜ ਤੇ ਭਾਰਤ ਸਰਕਾਰ ਸੰਤ ਭਿੰਡਰਾਂਵਾਲਿਆਂ ਨੂੰ ਮ੍ਰਿਤਕ ਐਲਾਨ ਕਰ ਚੁੱਕੀ ਸੀ। ਆਲ ਇੰਡੀਆ ਰੇਡੀਉ ਤੋਂ ਬਾਅਦ ਬੀ ਬੀ ਸੀ, ਲੰਡਨ ਨੇ ਵੀ ਰੇਡੀਉ ਖ਼ਬਰਾਂ ਰਾਹੀ ਭਾਰਤ ਸਰਕਾਰ ਦੇ ਹਵਾਲੇ ਨਾਲ ਇਸ ਖ਼ਬਰ ਨੂੰ ਦੁਨੀਆਂ ਭਰ ਵਿੱਚ ਨਸ਼ਰ ਕਰ ਦਿੱਤਾ।

ਦੂਜੇ ਪਾਸੇ ਫੌਜ ਨੇ ਆਪਣੇ ਮ੍ਰਿਤਕ ਫੌਜੀਆਂ ਦੀਆਂ ਲਾਸ਼ਾਂ ਚੁੱਕ-ਚੁੱਕ ਕੇ ਫੌਜ ਵੱਲੋ ਬਣਾਏ ਵਿਸ਼ੇਸ਼ ਕੈਂਪ ਵਿੱਚ ਭੇਜਣੀਆਂ ਸ਼ੁਰੂ ਕੀਤੀਆਂ ਤੇ ਨਾਲ-ਨਾਲ ਯੁੱਧ ਲੜਨ ਵਾਲੇ ਸਿੰਘਾ ਦੀਆਂ ਲਾਸ਼ਾਂ ਅਤੇ ਆਮ ਸ਼ਰਧਾਲੂਆਂ ਦੀਆਂ ਲਾਸ਼ਾ ਰੌਂਡ ਕਰਾਸ ਦੇ ਮੁਲਾਜ਼ਮਾਂ, ਜਮਾਂਦਾਰਾਂ ਅਤੇ ਕਿਰਾਏਦਾਰ ਵਿਅਕਤੀਆਂ ਨੂੰ ਅਜਿਹੇ ਲਾਲਚ ਦੇ ਕੇ ਚੁਕਵਾਈਆਂ ਕਿ ਇਨ੍ਹਾਂ ਮ੍ਰਿਤਕ ਦੇਹਾਂ ਤੋਂ ਜੋ ਘੜੀਆਂ, ਗਹਿਣਾ ਅਤੇ ਨਕਦੀ ਪ੍ਰਾਪਤ ਹੋਵੇ ਉਹ ਤੁਹਾਡੀ ਹੋਵੇਗੀ। ਇਸ ਤਰ੍ਹਾ ਉਨ੍ਹਾਂ ਵੱਲੋਂ ਇਹ ਲਾਸ਼ਾ ਟਰਾਲੀਆਂ ਵਿੱਚ ਲੱਕੜਾਂ ਵਾਂਗ ਲੱਦ-ਲੱਦ ਕੇ ਲਿਜਾਈਆਂ ਗਈਆਂ ਅਤੇ ਅਣਮਨੁੱਖੀ ਢੰਗ ਨਾਲ ਬਿਨਾਂ ਪੋਸਟ ਮਾਰਟਮ ਕੀਤਿਆਂ ਵੱਖ-ਵੱਖ ਥਾਵਾਂ ਤੇ ਸਾੜ ਦਿੱਤੀਆਂ ਗਈਆਂ। ਇਸਦੇ ਨਾਲ ਹੀ ਸਰੋਵਰ ਦੀ ਪਰਕਰਮਾ ਜੋ ਖ਼ੂਨ ਨਾਲ ਲੱਥ-ਪੱਥ ਹੋ ਚੁੱਕੀ ਸੀ ਉਸ ਦੀ ਸਫਾਈ ਦਾ ਕੰਮ ਵੀ ਫੌਜ ਅਤੇ ਕੁੱਝ

Scanned with CamScanner

ਹੋਰ ਸਫਾਈ ਮੁਲਾਜ਼ਮਾਂ ਦੀ ਮਦਦ ਨਾਲ ਕੀਤਾ ਅਤੇ ਸਰੋਵਰ ਵਿੱਚ ਤੈਰਦੀਆਂ ਲਾਸ਼ਾਂ ਨੂੰ ਵੀ ਬਾਹਰ ਕੱਢਿਆ ਗਿਆ। ਇਹ ਸਭ ਕੰਮ ਇਨੀ ਜਲਦਬਾਜੀ ਵਿੱਚ ਕੀਤੇ ਗਏ ਕਿ ਸਫਾਈ ਕਰਨ ਦੇ ਬਾਵਜੂਦ ਵੀ ਪਰਕਰਮਾ ਵਿੱਚ ਖੂਨ ਦੇ ਧੱਬਿਆਂ ਦੇ ਨਿਸ਼ਾਨ ਉਸੇ ਤਰ੍ਹਾਂ ਨਜ਼ਰ ਆ ਰਹੇ ਸਨ ਅਤੇ ਕੁੱਝ ਥਾਵਾਂ 'ਤੇ ਖੂਨ ਵਹਿ ਰਿਹਾ ਸੀ।

ਜਨਰਲ ਬਰਾੜ ਆਪਣੀ ਕਿਤਾਬ ਵਿੱਚ ਲਿਖਦਾ ਹੈ ਕਿ ਸੰਤ ਭਿੰਡਰਾਂਵਾਲਿਆਂ ਦੀ ਮ੍ਰਿਤਕ ਦੇਹ ਦੀ ਸ਼ਨਾਖਤ ਪੰਜਾਬ ਪੁਲਿਸ, ਸੀ. ਆਈ. ਡੀ., ਕੁੱਝ ਹੋਰ ਸਰਕਾਰੀ ਅਧਿਕਾਰੀਆਂ ਤੋ ਇਲਾਵਾ ਸੰਤਾਂ ਦੇ ਭਰਾ ਕੈਪਟਨ ਹਰਚਰਨ ਸਿੰਘ ਰੰਡੇ ਨੇ ਵੀ ਕੀਤੀ ਸੀ। ਜਨਰਲ ਬਰਾੜ ਦੀ ਇਹ ਗੱਲ ਬਿਲਕੁਲ ਹੀ ਆਧਾਰਹੀਣ ਹੈ ਜਿਸਦਾ ਖੁਲਾਸਾ ਖੁਦ ਕੈਪਟਨ ਹਰਚਰਨ ਸਿੰਘ ਰੰਡੇ ਨੇ ਕੀਤਾ ਹੈ।

ਕੈਪਟਨ ਹਰਚਰਨ ਸਿੰਘ ਰੰਡੇ ਵੱਲੋਂ ਸ਼ਨਾਖਤੀ ਤੱਥਾਂ ਦਾ ਖੁਲਾਸਾ

ਕੈਪਟਨ ਹਰਚਰਨ ਸਿੰਘ ਰੰਡੇ ਦੇ ਦੱਸਣ ਮੁਤਾਬਕ ਕਿ ਉਸ ਸਮੇਂ ਉਹ ਜਲੰਧਰ ਵਿੱਚ 61 ਇੰਜੀਨੀਅਰ ਰੈਜਮੈਂਟ ਵਿੱਚ ਸੂਬੇਦਾਰ ਮੇਜਰ ਸੀ। ਸਵੇਰ 7 ਜੂਨ 1984 ਨੂੰ ਆਪਣੇ ਕੁਆਰਟਰ ਤੋਂ ਦਫਤਰ ਜਾਣ ਲਈ ਤਿਆਰ ਹੋ ਰਿਹਾ ਸੀ ਤਾਂ 8:00 ਵਜੇ ਦੀ ਖ਼ਬਰੋਂ ਰਿਪੋਰਟ ਵਿੱਚ ਦੱਸਿਆ ਗਿਆ ਕਿ ਸੰਤ ਭਿੰਡਰਾਂਵਾਲਿਆਂ ਦਾ ਸ਼ਵ ਮਿਲ ਗਿਆ ਹੈ। ਇਹ ਖ਼ਬਰ ਸੁਣ ਕੇ ਮੈਂ ਬਹੁਤ ਪ੍ਰੇਸ਼ਾਨ ਤੇ ਜਜ਼ਬਾਤੀ ਹੋ ਗਿਆ। ਮੈਂ ਤੁਰੰਤ ਹੀ ਦਫ਼ਤਰ ਗਿਆ ਤੇ ਰੈਜਮੈਂਟ ਦੇ ਕਮਾਂਡਰ ਕਰਨਲ ਏ. ਕੇ. ਸਰਹੱਟੀ ਨੂੰ ਮਿਲਿਆ ਉਹ ਵੀ ਇਹ ਖ਼ਬਰ ਸੁਣ ਚੁੱਕਾ ਸੀ। ਉਸ ਨੇ ਕਿਹਾ ਕਿ ਅੰਮ੍ਰਿਤਸਰ ਵਿਖੇ ਤੁਹਾਡਾ ਭਰਾ ਮਾਰਿਆ ਜਾ ਚੁੱਕਾ ਹੈ। ਮੈਂ ਉਸ ਨੂੰ ਕਿਹਾ ਕਿ ਮੈਂ ਇਸੇ ਵਕਤ ਸ੍ਰੀ ਅੰਮ੍ਰਿਤਸਰ ਜਾਣਾ ਚਾਹੁੰਦਾ ਹਾਂ ਕਿਉਂਕਿ ਮੇਰੇ ਭਰਾ ਭਤੀਜੇ ਤੇ ਹੋਰ ਕਾਫੀ ਪਰਿਵਾਰਕ ਮੈਂਬਰ ਉੱਥੇ ਸ਼ਹੀਦ ਹੋਏ ਹਨ ਤਾਂ ਕਰਨਲ ਸਰਹੱਟੀ ਨੇ ਕਿਹਾ ਕਿ ਇਸ ਸਬੰਧ ਵਿੱਚ ਕੋਰ ਕਮਾਂਡਰ ਤੋਂ ਪੁੱਛਣਾ ਪਵੇਗਾ, ਸ਼ਾਇਦ ਉਹ ਆਗਿਆ ਨਹੀਂ ਦੇਵੇਗਾ। ਮੈਂ ਕਿਹਾ ਕਿ ਮੈਨੂੰ ਉੱਥੇ ਜਾਣ ਦਿੱਤਾ ਜਾਵੇ, ਲਾਸ਼ਾਂ ਦਾ ਗ੍ਰਿਫਤਾਰ ਕਰ ਲਵੋ। ਮੇਰੇ ਜਜ਼ਬਾਤ ਅਤੇ ਹਾਲਾਤ ਨੂੰ ਵੇਖਦਿਆਂ ਉਸ ਨੇ ਕੋਰ ਕਮਾਂਡਰ ਜੀ.ਐਸ. ਸੰਧੂ ਤੋਂ ਇਜਾਜ਼ਤ ਲੈ ਲਈ ਅਤੇ ਮੇਰੇ ਨਾਲ ਸੂਬੇਦਾਰ ਹੰਸ ਰਾਜ ਤੋਂ ਹੋਰ ਦੋ ਜਵਾਨਾਂ ਦੀ ਡਿਊਟੀ ਲਾ ਕੇ ਸ੍ਰੀ ਅੰਮ੍ਰਿਤਸਰ ਜਾਣ ਦਿੱਤਾ ਗਿਆ। ਉੱਥੇ ਚਾਰ ਚੁਫੇਰੇ ਸੰਨਾਟਾ ਛਾਇਆ ਹੋਇਆ ਸੀ ਤੇ ਪੂਰੀ ਤਰ੍ਹਾਂ ਸੁੰਨ ਵਿਰਾਨ ਪੱਸਰੀ ਹੋਈ ਸੀ। ਅਸੀਂ ਸ਼ਾਮ 3:00 ਵਜੇ ਪੁਰਬੀ ਘੰਟਾਘਰ ਵਿਖੇ ਪਹੁੰਚੇ, ਥੜ੍ਹਾ ਅੱਗੇ ਵੱਧ ਕੇ ਵੇਖਿਆ ਕਿ ਸ੍ਰੀ ਦਰਬਾਰ ਸਾਹਿਬ ਦੇ ਚਾਰ ਚੁਫੇਰੇ ਅੰਦਰਲੇ ਕਮਰਿਆਂ ਅਤੇ ਨੇੜੇ ਦੀਆਂ ਬਿਲਡਿੰਗਾ ਵਿੱਚੋਂ ਧੂੰਆ ਨਿਕਲ ਰਿਹਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿੱਧ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ। ਸਰੋਵਰ ਵਿੱਚ ਲਾਸ਼ਾਂ ਤੈਰ ਰਹੀਆਂ ਸਨ ਅਤੇ ਪਰਕਰਮਾ ਦੇ ਕਮਰਿਆਂ ਵਿੱਚੋਂ ਲਾਸ਼ਾ ਚੁੱਕੀਆ ਜਾ ਰਹੀਆਂ ਸਨ। ਕੁੱਝ ਥਾਵਾਂ 'ਤੇ ਖੂਨ ਅਤੇ ਮਿੱਝ ਦੀਆਂ ਘਰਾਲਾ ਵਰਗੀਆਂ ਹੋਈਆਂ ਸਨ। ਮੇਰਾ ਵਜੂਦ ਪੂਰੀ ਤਰ੍ਹਾਂ ਹਿੱਲ ਗਿਆ ਅਤੇ ਦਿਮਾਗ ਚਕਰਾ ਗਿਆ ਪਰ ਐਸੇ ਹਾਲਾਤ ਵਿੱਚ ਘੰਟਾਘਰ ਵਾਲੀ ਛਤਰੀ ਤੋਂ ਹੀ ਦਰਬਾਰ ਸਾਹਿਬ ਨੂੰ ਮੱਥਾ ਟੇਕਿਆ ਤੇ ਵੇਖਿਆ ਕਿ ਘੰਟਾਘਰ ਦੀ ਡਿਊਢੀ ਵਿੱਚ ਸੱਜੇ ਪਾਸੇ ਮਹਾਪੁਰਖਾਂ ਸਮੇਤ ਤਿੰਨ ਸਰੀਰ ਬਰਫ ਉੱਪਰ ਪਏ ਸਨ।

ਮੇਰੇ ਮਨ ਵਿੱਚ ਕਿਸੇ ਕਿਸਮ ਦੀ ਸ਼ੰਕਾ ਨਹੀਂ ਸੀ ਕਿਉਂਕਿ ਸਵੇਰੇ 8:00 ਵਜੇ ਦੀ ਖਬਰ ਸੁਣਨ ਤੋਂ ਬਾਅਦ ਹੀ ਮੈਂ ਜਲੰਧਰ ਤੋਂ ਚੱਲਿਆ ਸੀ ਕਿ ਸੰਤਾਂ ਦੀ ਮ੍ਰਿਤਕ ਦੇਹ ਮਿਲ ਚੁੱਕੀ ਹੈ। ਫਿਰ ਮੈਂ ਤੇ ਸੂਬੇਦਾਰ ਹੰਸ ਰਾਜ ਇਨ੍ਹਾਂ ਗੱਠੀਆਂ ਹੋਈਆਂ ਲਾਸ਼ਾਂ ਕੋਲ ਪਹੁੰਚੇ। ਸੇਵਾ ਵੱਲੋਂ ਪਹਿਲਾਂ ਹੀ ਐਲਾਨੀਆਂ ਜਾ ਚੁੱਕੀਆਂ ਸਨ ਮੈਂ ਸੰਤਾਂ ਦੀ ਉਸ ਦੇਹ ਕੋਲ ਬੈਠ ਗਿਆ, ਉਨ੍ਹਾਂ ਦੇ ਗੋਡਿਆ ਉੱਤੇ ਹੱਥ ਲਾ ਕੇ ਨਮਸ਼ਕਾਰ ਕਰਕੇ ਛਤਰੀ ਬੁਲਾਈ। ਉਨ੍ਹਾਂ ਦੇ ਸਿਰ ਦੇ ਕੇਸ ਪਿੱਛੇ ਨੂੰ ਪਾਏ ਹੋਏ ਸਨ। ਸਰੀਰ ਉਨ੍ਹਾਂ ਦਾ ਸਪੱਸ਼ਟ ਸਿੱਧਾ ਰੱਖਿਆ ਹੋਇਆ ਸੀ, ਦੋਨਾ ਹੱਥਾਂ ਵਿੱਚ ਸਤਥ ਲੋਹ ਦੇ ਕੜੇ ਸਨ, ਇੱਕ ਅੱਖ ਗੋਲੀਆਂ ਵੱਜਣ ਨਾਲ ਬੈਠੀ ਹੋਈ ਸੀ ਕਿਉਂਕਿ ਮੈਨੂੰ ਜਦੋਂ ਪਹਿਲਾ ਹੀ ਪਤਾ ਲੱਗ ਚੁੱਕਾ ਸੀ ਕਿ ਸੰਤਾਂ ਦੀ ਸ਼ਹੀਦੀ ਹੋ ਗਈ ਹੈ, ਕੋਈ ਸ਼ੱਕ ਨਹੀਂ ਸੀ, ਉਨ੍ਹਾਂ ਦਾ ਚਿਹਰਾ ਮੋਹਰਾ ਮੋਟੇ ਤੌਰ 'ਤੇ ਵੇਖਿਆ ਤਾਂ ਮੇਰਾ ਮਨ ਭਰ ਆਇਆ। ਇਸ ਤੋਂ ਬਾਅਦ ਦਰਬਾਰ ਸਾਹਿਬ ਮੱਥਾ ਟੇਕਿਆ ਉਸ ਸਮੇਂ ਟੈਲੀਵਿਜ਼ਨ ਵਾਲੇ ਫੋਟੋਆਂ ਲੈ ਰਹੇ ਸਨ। ਇਸ ਦੌਰਾਨ ਮੇਰੀ ਵੀ ਫੋਟੋ ਲੈ ਲਈ ਗਈ ਅਤੇ ਇਸ ਆਧਾਰ 'ਤੇ ਕਿਹਾ ਗਿਆ ਕਿ ਸੰਤ ਭਿੰਡਰਾਂਵਾਲਿਆਂ ਦੇ ਭਰਾ ਨੇ ਉਨ੍ਹਾਂ ਦੀ ਸ਼ਨਾਖਤ ਕੀਤੀ ਹੈ। ਪਰ ਮੈਨੂੰ ਬੜਾ ਅਫਸੋਸ ਹੈ ਕਿ ਜਨਰਲ ਬਰਾੜ ਜਿਸ ਨੂੰ ਸਭ ਕੁੱਝ ਪਤਾ ਹੈ ਕਿ

Scanned with CamScanner

ਕੈਪਟਨ ਰੋਡੇ ਕਦੋਂ ਆਇਆ? ਕਿਉਂਕਿ ਮੇਰੇ ਉੱਥੇ ਪਹੁੰਚਣ ਤੋਂ 7 ਘੰਟੇ ਪਹਿਲਾਂ ਹੀ ਸੰਤਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਜਨਰਲ ਬਰਾੜ ਨੇ ਵੀ ਆਪਣੇ ਵੱਲੋਂ ਲਿਖੀ ਕਿਤਾਬ ਵਿੱਚ ਬਿਨ੍ਹਾਂ ਤੱਥਾਂ ਤੋਂ ਹੀ ਲਿਖ ਦਿੱਤਾ ਕਿ ਸੰਤਾਂ ਦੇ ਭਰਾ ਤੋਂ ਸ਼ਨਾਖਤ ਕਰਵਾਈ ਸੀ। ਇਹ ਇਨ੍ਹਾਂ ਦੀਆਂ ਬੜੀਆਂ ਬੇਹਯਾ ਤੇ ਸ਼ਰਮਨਾਕ ਗੱਲਾਂ ਹਨ।

ਜਦੋਂ ਮੈਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੀ ਸਰਕਾਰੀ ਐਲਾਨ ਤੋਂ 7 ਘੰਟੇ ਬਾਅਦ ਪਹੁੰਚਿਆ ਹਾਂ ਤਾਂ ਫਿਰ ਮੇਰੇ ਵੱਲੋਂ ਸ਼ਨਾਖਤ ਕਰਨ ਦੀ ਕੀ ਤੁੱਕ ਬਣਦੀ ਹੈ? ਪਰ ਇਸ ਦਾ ਖੰਡਨ ਮੈਂ ਇਸ ਲਈ ਨਹੀਂ ਕੀਤਾ ਕਿਉਂਕਿ ਭਾਵੇਂ ਮੈਂ ਆਪਣੇ ਤੌਰ 'ਤੇ ਹੀ ਕੋਸ਼ਿਸ਼ ਕਰਕੇ ਸ੍ਰੀ ਅੰਮ੍ਰਿਤਸਰ ਗਿਆ ਸੀ ਅਤੇ ਮੈਨੂੰ ਕਿਸੇ ਨੇ ਸ਼ਨਾਖਤ ਕਰਨ ਲਈ ਨਹੀਂ ਕਿਹਾ ਸੀ, ਪਰ ਮੈਂ ਵੇਖ ਕੇ ਤਾਂ ਆਇਆ ਹੀ ਹਾਂ। ਹਾਲਾਂਕਿ ਕਈ ਤਰ੍ਹਾਂ ਦੇ ਸ਼ੱਕ ਖੜ੍ਹੇ ਹੋ ਰਹੇ ਸਨ।

ਸਾਕਾ ਨੀਲਾ ਤਾਰਾ ਦੌਰਾਨ ਜ਼ਖਮੀ ਹੋਏ ਬਹੁਤ ਸਾਰੇ ਅਫਸਰ ਤੇ ਜਵਾਨ ਜਲੰਧਰ ਦੇ ਮਿਲਟਰੀ ਹਸਪਤਾਲ ਵਿੱਚ ਦਾਖਲ ਸਨ। ਇਨ੍ਹਾਂ ਜ਼ਖਮੀਆਂ ਤੇ ਸਾਕਾ ਨੀਲਾ ਤਾਰਾ ਹਮਲੇ ਬਾਰੇ ਹੋਰ ਜ਼ਿਆਦਾ ਜਾਨਣ ਲਈ ਉਨ੍ਹਾਂ ਦਾ ਪਤਾ ਲੈਣ ਦੇ ਬਹਾਨੇ ਮੈਂ ਉਨ੍ਹਾਂ ਕੋਲ ਜਾਂਦਾ ਸੀ। ਇੱਥੇ ਇੱਕ ਸਿੱਖ ਜਵਾਨ ਜਿਸਦੀ ਗੋਡੇ ਕੋਲੋਂ ਇੱਕ ਲੱਤ ਵੱਢੀ ਹੋਈ ਸੀ। ਮੈਂ ਉਸ ਨੂੰ ਪੁੱਛਿਆ ਕਿ ਤੂੰ ਕਿਹੜੀ ਯੂਨਿਟ ਦਾ ਹੈਂ? ਉਸ ਨੇ ਦੱਸਿਆ ਕਿ ਮੈਂ 10 ਗਾਰਡ ਦਾ ਹਾਂ ਤੇ 6 ਜੂਨ ਦੀ ਰਾਤ ਨੂੰ ਜਦੋਂ ਅਸੀਂ ਸੁਣਿਆ ਕਿ ਸੰਤ ਜਰਨੈਲ ਸਿੰਘ ਨੂੰ ਸ਼ਹੀਦ ਕਰ ਦਿੱਤਾ ਹੈ ਤਾਂ ਅਸੀਂ ਲਾਸ਼ਾਂ ਉੱਪਰ ਦੀ ਲੰਘ ਕੇ ਉੱਥੇ ਗਏ ਕਿਉਂਕਿ ਅਸੀਂ ਸੰਤਾਂ ਨੂੰ ਪਹਿਲਾਂ ਵੀ ਮਿਲਦੇ ਰਹੇ ਹਾਂ, ਇਸ ਲਈ ਮੈਂ ਉਨ੍ਹਾਂ ਨੂੰ ਜਾਣਦਾ ਸੀ। ਮੈਂ ਵੇਖਿਆ ਕਿ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਆਪ ਨਹੀਂ ਸੀ, ਸਗੋਂ ਕੋਈ ਹੋਰ ਸਿੰਘ ਸੀ। ਮੈਂ ਉਸ ਨੂੰ ਕਿਹਾ ਕਿ ਖ਼ਬਰਾਂ ਆਈਆਂ ਹਨ ਕਿ ਸੰਤਾਂ ਦਾ ਭਰਾ ਉਨ੍ਹਾਂ ਨੂੰ ਵੇਖ ਕੇ ਆਇਆ ਹੈ, ਉਹ ਕਹਿੰਦਾ ਕਿ ਪਤਾ ਨਹੀਂ ਇਹ ਕਿਵੇਂ ਹੋਇਆ, ਪਰ ਇਹ ਖ਼ਬਰ ਗਲਤ ਹੈ। ਹਾਲਾਂਕਿ ਮੈਂ ਉਸਨੂੰ ਨਹੀਂ ਦੱਸਿਆ ਸੀ ਕਿ ਮੈਂ ਹੀ ਉਨ੍ਹਾਂ ਦਾ ਭਰਾ ਹਾਂ। ਫਿਰ ਮੈਂ ਉਸਨੂੰ ਪੁੱਛਿਆ ਕਿ ਤੂੰ ਕਿਵੇਂ ਕਹਿ ਸਕਦਾ ਹੈ ਕਿ ਸੰਤ ਸ਼ਹੀਦ ਨਹੀਂ ਹੋਏ ਅਤੇ ਲਾਸ਼ ਕਿਸੇ ਹੋਰ ਸਿੰਘ ਦੀ ਸੀ, ਤੂੰ ਕੀ ਵੇਖਿਆ ਹੈ ਕੋਈ ਨਿਸ਼ਾਨੀ ਤਾਂ ਦੱਸ? ਉਸ ਨੇ ਸੰਤਾਂ ਦੇ ਚਿਹਰੇ-ਮੋਹਰੇ ਅਤੇ ਕੱਦ ਕਾਠ ਬਾਰੇ ਇਨ-ਬਿਨ ਦੱਸਿਆ। ਉਹ ਕਹਿਣ ਲੱਗਾ ਕਿ ਸੰਤਾਂ ਦੀ ਦਾੜ੍ਹੀ ਲੰਬੀ ਸੀ ਪਰ ਜੋ ਮ੍ਰਿਤਕ ਸਿੰਘ ਉੱਥੇ ਵੇਖਿਆ ਉਹ ਸੰਤ ਨਹੀਂ ਸੀ ਸਗੋਂ ਕੋਈ ਹੋਰ ਸਿੰਘ ਸੀ। ਉਸਦੀਆਂ ਇਹ ਗੱਲਾਂ ਸੁਣ ਕੇ ਮੇਰੇ ਮਨ ਵਿੱਚ ਸ਼ੱਕ ਪਿਆ ਕਿ ਮੈਂ ਇਸ ਸਭ ਕਾਸੇ ਦੀ ਚੰਗੀ ਤਰ੍ਹਾਂ ਤਫਸੀਲ ਨਹੀਂ ਕੀਤੀ। ਜੇ ਮੈਂ ਚਾਹੁੰਦਾ ਤਾਂ ਹੋਰ ਵੀ ਬਹੁਤ ਤਫਸੀਲ ਨਾਲ ਤਸੱਲੀ ਕਰ ਸਕਦਾ ਸੀ ਪਰ ਮੇਰੇ ਮਨ ਵਿੱਚ, ਉਸ ਸਮੇਂ ਤਾਂ ਅਜਿਹੀ ਕੋਈ ਸ਼ੰਕਾ ਹੀ ਨਹੀਂ ਸੀ। ਅਜਿਹੀਆਂ ਹੋਰ ਵੀ ਬਹੁਤ ਗੱਲਾਂ ਸੁਣੀਆਂ ਪਰ ਮੈਂ ਆਪਣੇ ਅਕੀਦੇ 'ਤੇ ਹੀ ਦ੍ਰਿੜ੍ਹ ਰਿਹਾ।

ਦੁਨੀਆਂ ਭਰ ਵਿੱਚ ਵੱਸਦੇ ਸਿੱਖਾਂ ਦਾ ਦਰਬਾਰ ਸਾਹਿਬ ਉੱਪਰ ਹਮਲੇ ਦਾ ਦਰਦ

ਕੇਵਲ ਅੰਮ੍ਰਿਤਸਰ ਸ਼ਹਿਰ ਹੀ ਨਹੀਂ, ਪੰਜਾਬ ਜਾਂ ਭਾਰਤ ਹੀ ਨਹੀਂ ਬਲਕਿ ਦੁਨੀਆਂ ਭਰ ਵਿੱਚ ਵੱਸਦੇ ਸਿੱਖ ਮਨਾਂ 'ਤੇ ਗਹਿਰੀ ਸੱਟ ਵੱਜੀ। ਇੱਕ ਜੂਨ ਤੋਂ ਲੈ ਕੇ ਹੀ ਸਿੱਖਾਂ ਦੀਆਂ ਨਜ਼ਰਾਂ ਸ੍ਰੀ ਦਰਬਾਰ ਸਾਹਿਬ ਵਿਖੇ ਚੱਲ ਰਹੇ ਫੌਜੀ ਹਮਲੇ 'ਤੇ ਲੱਗੀਆਂ ਹੋਈਆਂ ਸਨ। ਭਾਵੇਂ ਸਭ ਖ਼ਬਰਾਂ ਦੇ ਵਸੀਲਿਆਂ 'ਤੇ ਮੁਕੰਮਲ ਪਾਬੰਦੀ ਲੱਗੀ ਹੋਈ ਸੀ ਪਰ ਇਸਦੇ ਬਾਵਜੂਦ ਸਵੇਰੇ-ਸ਼ਾਮ ਬੀ. ਬੀ. ਸੀ. ਲੰਡਨ ਤੋਂ ਕੁੱਝ ਨਾ ਕੁੱਝ ਜਾਣਕਾਰੀ ਹਾਸਲ ਹੁੰਦੀ ਸੀ ਤੇ ਜਿਉਂ ਹੀ 7 ਜੂਨ ਨੂੰ ਸਵੇਰ ਦੀਆਂ ਖ਼ਬਰਾਂ ਸੁਣੀਆਂ ਕਿ ਦਰਬਾਰ ਸਾਹਿਬ ਉੱਪਰ ਫੌਜੀ ਕਾਰਵਾਈ ਮੁਕੰਮਲ ਹੋ ਚੁੱਕੀ ਹੈ, ਭਿੰਡਰਾਂਵਾਲੇ ਸੰਤਾਂ ਦੀ ਮ੍ਰਿਤਕ ਦੇਹ ਮਿਲ ਚੁੱਕੀ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਜਾ ਚੁੱਕਾ ਹੈ, ਸ੍ਰੀ ਹਰਿਮੰਦਰ ਸਾਹਿਬ ਦਾ ਵੀ ਨੁਕਸਾਨ ਹੋਇਆ ਹੈ, ਨੇੜੇ-ਤੇੜੇ ਦੀਆਂ ਕਈ ਬਿਲਡਿੰਗਾਂ ਤਹਿਸ-ਨਹਿਸ ਕਰਕੇ ਮਿੱਟੀ ਵਿੱਚ ਮਿਲਾ ਦਿੱਤੀਆਂ ਗਈਆਂ ਹਨ। ਅਜਿਹੇ ਖੌਫ਼ਨਾਕ ਦ੍ਰਿਸ਼ ਦਾ ਜਿਵੇਂ-ਜਿਵੇਂ ਅਤੇ ਜਿੰਨਾ-ਜਿੰਨਾ ਵੀ ਪਤਾ ਲੱਗਾ ਸਿੱਖ ਹਿਰਦੇ ਸੁੰਨ ਹੋ ਕੇ ਰਹਿ ਗਏ। ਬਹੁਤ ਸਾਰੇ ਘਰਾਂ ਵਿੱਚ ਸਿੱਖਾਂ ਨੇ ਚੁੱਲ੍ਹੇ ਅੱਗ ਨਾ ਬਾਲੀ ਤੇ ਭੁੱਖਣ ਭਾਣੇ ਗਹਿਰੇ ਗਮਾਂ ਦੀਆਂ ਸੋਚਾਂ ਵਿੱਚ ਡੁੱਬੇ ਰਹੇ। ਘਰਾਂ, ਗੁਰਦੁਆਰਿਆਂ ਜਾਂ ਜਿੱਥੇ ਵੀ ਸਿੱਖ ਇਕੱਠੇ ਹੁੰਦੇ ਤਾਂ ਇੱਕ ਦੂਜੇ ਨੂੰ ਪੁੱਛਦੇ ਇਹ ਕੀ ਹੋਇਆ? ਕਿਉਂ ਹੋਇਆ ਤੇ ਹੁਣ ਕੀ ਹੋਵੇਗਾ ਆਦਿ-ਆਦਿ? ਪਰ ਕਿਸੇ ਕੋਲ ਵੀ ਇਸਦਾ ਜਵਾਬ ਨਹੀਂ ਸੀ। ਫਿਰ

Scanned with CamScanner

ਵੀ ਗੁਰੂ ਆਸ਼ੇ ਅਨੁਸਾਰ ਇੱਕ ਦੂਸਰੇ ਨੂੰ ਹੌਸਲਾ ਦਿੰਦੇ ਤੇ ਕਹਿੰਦੇ ਕਿ ਧਰਮ ਤੋਂ ਆਪਾ ਵਾਰਨ ਵਾਲੇ ਧਰਮੀ ਜੋਧਿਆਂ ਵੱਲੋਂ ਪਾਈਆਂ ਸ਼ਹਾਦਤਾਂ ਕਾਰਨ ਸਿੱਖ ਜਗਤ ਵਿੱਚ ਉਨ੍ਹਾਂ ਦਾ ਹਮੇਸ਼ਾ ਸਨਮਾਨ ਹੁੰਦਾ ਹੈ ਤੇ ਗੁਰਧਾਮਾਂ 'ਤੇ ਹਮਲਾ ਕਰਨ ਵਾਲੇ ਲੋਕ ਰਾਜਸੱਤਾ ਦੇ ਹੰਕਾਰ ਵਿੱਚ ਹੀ ਅਜਿਹਾ ਪਾਪ ਕਰਦੇ ਹਨ ਪਰ ਪ੍ਰਮਾਤਮਾ ਵੱਲੋਂ ਐਸੇ ਲੋਕਾਂ ਨੂੰ ਅਜਿਹੀ ਸਜ਼ਾ ਮਿਲਦੀ ਹੈ ਕਿ ਲੋਕ ਪ੍ਰਲੋਕ ਵਿੱਚ ਵਿਗਲਾਪ ਹੀ ਇਨ੍ਹਾਂ ਦੇ ਪੱਲੇ ਰਹਿ ਜਾਂਦਾ ਹੈ।

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ॥ (੧੪੨੫)

ਫੌਜ ਵੱਲੋਂ 7 ਜੂਨ ਨੂੰ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਲੁੱਟ ਕੇ ਸਾੜੀ ਗਈ

1 ਜੂਨ ਤੋਂ ਲੈ ਕੇ ਭਾਰਤੀ ਹਮਲਾਵਰ ਫੌਜਾਂ ਨੇ ਤੋਪਾਂ ਤੇ ਟੈਂਕਾਂ ਨਾਲ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਤੇ ਸਮੁੱਚੇ ਕੰਪਲੈਕਸ ਵਿੱਚ ਭਾਰੀ ਤਬਾਹੀ ਮਚਾਈ। ਸ਼ਰਧਾਲੂ ਸਿੱਖ ਬੀਬੀਆਂ, ਬੱਚੇ ਅਤੇ ਬਜ਼ੁਰਗਾਂ ਦਾ ਕਤਲੇਆਮ ਕੀਤਾ ਗਿਆ। ਸੰਤ ਭਿੰਡਰਾਂਵਾਲੇ, ਫੈਡਰੇਸ਼ਨ ਤੇ ਹੋਰ ਸਿੱਖ ਨੌਜਵਾਨਾਂ ਨੇ ਗੁਰਧਾਮਾਂ ਦੀ ਰੱਖਿਆ ਕਰਦਿਆਂ ਭਾਰਤੀ ਫੌਜ ਦਾ ਡਟ ਕੇ ਮੁਕਾਬਲਾ ਕੀਤਾ। ਫੌਜ ਨੇ ਆਪਣਾ ਭਾਰੀ ਜਾਨੀ ਨੁਕਸਾਨ ਕਰਵਾਉਣ ਤੋਂ ਬਾਅਦ 6 ਜੂਨ ਨੂੰ 11:00 ਵਜੇ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਸਮੁੱਚੇ ਕੰਪਲੈਕਸ ਉੱਪਰ ਭਾਰਤੀ ਫੌਜ ਦੇ ਕਬਜ਼ੇ ਦਾ ਐਲਾਨ ਕਰ ਦਿੱਤਾ ਸੀ ਅਤੇ ਦੇਰ ਸ਼ਾਮ ਤੱਕ ਪੂਰੀ ਤਰ੍ਹਾਂ ਜੰਗ ਬੰਦ ਹੋ ਚੁੱਕੀ ਸੀ। ਇਸਦੇ ਬਾਵਜੂਦ ਫੌਜ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ 7 ਜੂਨ ਦੀ ਸਵੇਰ 8:30 ਵਜੇ ਅੱਗ ਲਾ ਕੇ ਸਾੜ ਦਿੱਤਾ ਅਤੇ ਇਸ ਤੋਂ ਪਹਿਲਾ 6 ਤੇ 7 ਦੀ ਦਰਮਿਆਨੀ ਰਾਤ ਨੂੰ ਲਾਇਬ੍ਰੇਰੀ ਵਿੱਚ ਬਹੁਤ ਸਾਰੇ ਕੀਮਤੀ ਦਸਤਾਵੇਜ਼ ਫੌਜ ਵੱਲੋਂ ਚੋਰੀ ਕੀਤੇ ਗਏ। ਜਿਸ ਬਾਰੇ ਉਸ ਸਮੇਂ ਸਿੱਖ ਲਾਇਬ੍ਰੇਰੀ ਦੇ ਇੰਚਾਰਜ ਡਾ. ਦਵਿੰਦਰ ਸਿੰਘ ਦੁੱਗਲ ਦੇ ਸਹਾਇਕ ਸ. ਹਰਦੀਪ ਸਿੰਘ ਨੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜੋ ਕਿ 1 ਜੂਨ ਤੋਂ 6 ਜੂਨ ਤੱਕ ਰੋਜ਼ਾਨਾ ਸਿੱਖ ਲਾਇਬ੍ਰੇਰੀ ਵਿੱਚ ਹੀ ਰਹੇ, ਉਨ੍ਹਾਂ ਨੂੰ 7 ਜੂਨ ਨੂੰ ਗ੍ਰਿਫਤਾਰ ਕੀਤਾ ਗਿਆ ਜਿਸ ਉਪਰੰਤ ਉਹ ਵੀ ਲੰਮਾ ਸਮਾ ਜੋਧਪੁਰ ਜੇਲ੍ਹ ਵਿੱਚ ਬੰਦ ਰਹੇ।

ਭਾਰਤ ਸਰਕਾਰ ਦੀ ਕਿੰਨੀ ਗਿਰੀ ਹੋਈ ਤੇ ਘਟੀ ਬਦਨੀਤ ਹੋਵੇਗੀ ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਕਿਵੇਂ ਸਿੱਖਾਂ ਦੀਆਂ ਪੁਰਾਤਨ ਧਾਰਮਿਕ ਤੇ ਇਤਿਹਾਸਿਕ ਲਿਖਤਾਂ, ਅਣਮੁੱਲੇ ਦਸਤਾਵੇਜ਼ ਅਤੇ ਗੁਰੂ ਸਾਹਿਬ ਦੇ ਸਮੇਂ ਦੀਆਂ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਦੀਆਂ ਬੀੜਾਂ, ਗੁਰੂ ਸਾਹਿਬ ਦੇ ਹੁਕਮਨਾਮੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਲਾਕ ਅਤੇ ਹੋਰ ਕੀਮਤੀ ਸਮਾਨ ਚੁਰਾ ਕੇ ਇਸ ਤੋਂ ਸਿੱਖ ਕੌਮ ਨੂੰ ਵਾਂਝੇ ਕਰ ਦਿੱਤਾ ਗਿਆ।

ਯਾਦ ਰਹੇ ਕਿ ਸਿੱਖ ਰਾਜ ਦੀ ਸਥਾਪਤੀ ਸਮੇਂ ਸ਼ੁਕਰਚੱਕੀਆ ਮਿਸਲ ਨੇ ਰਸੂਲਪੁਰ ਦੇ ਚੱਠੇ ਮੁਸਲਮਾਨਾਂ 'ਤੇ ਹਮਲਾ ਕੀਤਾ ਉਪਰੰਤ ਉਥੋਂ ਹਜ਼ਰਤ ਮੁਹੰਮਦ ਸਾਹਿਬ ਦੀਆਂ ਯਾਦਗਾਰੀ ਵਸਤਾਂ ਮਿਲੀਆਂ ਜਿਨ੍ਹਾਂ ਵਿੱਚ ਉਨ੍ਹਾਂ ਦੇ ਸਿਰ ਦੀ ਟੋਪੀ, ਕਮੀਜ਼, ਪਜਾਮਾ, ਸਿਰ ਦੇ ਵਾਲ, ਜੁੱਤੀ ਅਤੇ ਅਰਬੀ ਵਿੱਚ ਲਿਖੀ ਹੋਈ ਬੰਦਗੀ ਦੀ ਇੱਕ ਕਿਤਾਬ ਆਦਿ। ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਸਤਿਕਾਰ ਨਾਲ ਇਨ੍ਹਾਂ ਵਸਤਾਂ ਨੂੰ ਵੱਖਰੇ ਤੋਸ਼ੇਖਾਨੇ ਵਿੱਚ ਰਾਖਵਾਂ ਰੱਖਿਆ ਤੇ ਇਸਦੀ ਸਾਰ-ਸੰਭਾਲ ਲਈ ਇਕ ਮੌਲਵੀ ਨੂੰ ਤਨਖਾਹ ਦੇ ਕੇ ਸੇਵਾ ਵਿੱਚ ਰੱਖਿਆ। ਇਹ ਚੀਜ਼ਾਂ ਸ਼ਾਹੀ ਮਸਜਿਦ ਲਾਹੌਰ ਵਿੱਚ ਅੱਜ ਵੀ ਮਹਿਫੂਜ਼ ਦੱਸੀਆਂ ਜਾਂਦੀਆਂ ਹਨ। ਇਹ ਸਿੱਖਾਂ ਦੀ ਵਰਾਖਦਿਲੀ ਅਤੇ ਹਰ ਧਰਮ ਲਈ ਸਤਿਕਾਰ ਦੀ ਮਿਸਾਲ ਹੈ।

ਕੀ ਹੈ ਸਿੱਖ ਰੈਫਰੈਂਸ ਲਾਇਬ੍ਰੇਰੀ? - ਇਹ ਸ. ਕਰਮ ਸਿੰਘ ਹਿਸਟੋਰੀਅਨ ਦੀ ਵਡਮੁੱਲੀ ਦੇਣ ਹੈ, ਜਿਨ੍ਹਾਂ ਨੇ ਸਿੱਖ ਇਤਿਹਾਸ, ਧਰਮ, ਸਾਹਿਤ ਦੀ ਖੋਜ ਬੜੇ ਸੁਚੱਜੇ ਢੰਗ ਨਾਲ ਕੀਤੀ। ਸੰਨ 1930 ਵਿੱਚ ਇੱਕ ਹਿਸਟਰੀ ਸੁਸਾਇਟੀ ਦੀ ਸਥਾਪਨਾ ਕੀਤੀ। ਫਿਰ 1945 ਨੂੰ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਖੇ ਸਿੱਖ ਇਤਿਹਾਸਕਾਰਾਂ ਤੇ ਸਾਹਿਤਕਾਰਾਂ ਦਾ ਇਕੱਠ ਹੋਇਆ ਜਿਸ ਵਿੱਚ ਸਿੱਖ ਹਿਸਟਰੀ ਨਾਂ ਦੀ ਸੋਸਾਇਟੀ ਬਣਾਈ ਅਤੇ ਫਿਰ 1945 ਨੂੰ ਹੀ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਉੱਘੇ ਸਿੱਖ ਸਾਹਿਤਕਾਰਾਂ, ਪ੍ਰੋਫੈਸਰ ਬਾਵਾ ਹਰਕ੍ਰਿਸ਼ਨ ਸਿੰਘ, ਬਾਬਾ ਪ੍ਰੇਮ ਸਿੰਘ, ਪ੍ਰੋਫੈਸਰ ਗੰਡਾ ਸਿੰਘ, ਪ੍ਰੋਫੈਸਰ ਤੇਜਾ ਸਿੰਘ ਤੇ ਪ੍ਰੋਫੈਸਰ ਗੁਰਮੁਖ ਨਿਹਾਲ ਸਿੰਘ ਆਦਿ ਸ਼ਾਮਿਲ ਹੋਏ। ਜੋ ਇਸਦੀ

Scanned with CamScanner

ਦੇਖ-ਰੇਖ ਕਰਦੇ ਰਹੇ। ਅਖੀਰ 1946 ਨੂੰ ਇਸਦਾ ਸਮੁੱਚਾ ਕੰਮਕਾਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਇਸ ਨੂੰ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਨਾਮ ਦਿੱਤਾ ਗਿਆ। ਇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਹੱਥ ਲਿਖਤ ਬੀੜਾਂ, ਇਨ੍ਹਾਂ ਵਿੱਚ ਕਰਤਾਰਪੁਰ ਸਾਹਿਬ ਵਾਲੀ ਬੀੜ ਦੇ ਹੱਥ ਲਿਖਤ ਉਤਾਰੇ ਅਤੇ ਹੋਰ ਦੁਰਲੱਭ ਲਿਖਤਾਂ, ਗੁਰੂ ਸਾਹਿਬ ਵੱਲੋਂ ਲਿਖੇ ਗਏ ਹੁਕਮਨਾਮੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵਾਲੇ ਬਲਾਕ ਵੀ ਸ਼ਾਮਿਲ ਸਨ।

ਸ. ਹਰਦੀਪ ਸਿੰਘ ਦੱਸਦੇ ਹਨ ਕਿ ਡਾ. ਦਵਿੰਦਰ ਸਿੰਘ ਦੁੱਗਲ ਬਹੁਤ ਮਿਹਨਤੀ ਸਨ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਅਥਾਹ ਭਰੋਸਾ ਅਤੇ ਸ਼ਰਧਾ ਰੱਖਦੇ ਸਨ। ਜਦੋਂ ਲਿਖਦੇ-ਲਿਖਦੇ ਥੱਕ ਜਾਂਦੇ ਤਾਂ ਉਹ ਕਹਿੰਦੇ ਕਿ ਹਰਦੀਪ ਸਿੰਘ ਗੁਰੂ ਸਾਹਿਬ ਦਾ ਪ੍ਰਕਾਸ਼ ਕਰੋ ਤੇ ਫਿਰ ਕਾਫੀ ਦੇਰ ਉਹ ਦਰਸ਼ਨ ਕਰਦੇ ਝੁਕ-ਝੁਕ ਕੇ ਨਮਸਕਾਰ ਕਰਦੇ ਅਤੇ ਕੁੱਝ ਸ਼ਲੋਕ ਪਾਠ ਕਰਦੇ। ਫਿਰ ਮੱਥਾ ਟੇਕ ਕੇ ਆਖਦੇ ਕਿ ਹੁਣ ਮੇਰੇ ਵਿੱਚ ਫਿਰ ਤਾਕਤ ਆ ਗਈ ਹੈ, ਮੇਰੇ ਵਿੱਚ ਗੁਰੂ ਸਾਹਿਬ ਨੇ ਸ਼ਕਤੀ ਬਖਸ਼ ਦਿੱਤੀ ਹੈ ਤੇ ਹੁਣ ਹੋਰ ਲਿਖਾਂਗਾ।

ਸ. ਹਰਦੀਪ ਸਿੰਘ ਕਹਿੰਦੇ ਹਨ ਕਿ 6 ਜੂਨ ਦੀ ਰਾਤ ਨੂੰ ਸਾਰੇ ਸ਼ਹਿਰ ਦੀਆਂ ਲਾਈਟਾਂ ਬੰਦ ਸਨ ਕੇਵਲ ਤੇ ਕੇਵਲ ਲਾਇਬ੍ਰੇਰੀ ਵਿੱਚ ਲਾਈਟ ਜਗ ਰਹੀ ਸੀ। ਇਹ ਫੌਜ ਨੇ ਆਪਣੀਆਂ ਗੱਡੀਆਂ ਤੋਂ ਤਾਰਾਂ ਲਾ ਕੇ ਲਾਈਟਾਂ ਜਗਾਈਆਂ ਸਨ। ਜਿਵੇਂ ਉਹ ਅਲਮਾਰੀਆਂ ਤੋੜ ਰਹੇ ਸਨ ਇਸਦਾ ਖੜਾਕ ਬਾਹਰ ਆ ਰਿਹਾ ਸੀ। ਮੈਂ ਇੱਥੋਂ ਅੰਦਾਜ਼ਾ ਲਗਾਇਆ ਕਿ ਲਾਇਬ੍ਰੇਰੀ ਵਿੱਚੋਂ ਕੀਮਤੀ ਸਮਾਨ ਚੋਰੀ ਕੀਤਾ ਜਾ ਰਿਹਾ ਹੈ। ਫਿਰ 7 ਜੂਨ ਨੂੰ 8:30 ਵਜੇ ਅੱਗ ਲਾਈ ਗਈ, ਅੱਗ ਇਸ ਤਰ੍ਹਾਂ ਲੱਗੀ ਜਿਵੇਂ ਪੈਟਰੋਲ ਪਾਉਣ ਨਾਲ ਇਕਦਮ ਲੱਗਦੀ ਹੈ ਜਾਂ ਉਨ੍ਹਾਂ ਕੋਲ ਕੋਈ ਹੋਰ ਵੀ ਅਜਿਹਾ ਕੈਮੀਕਲ ਹੋ ਸਕਦਾ ਹੈ, ਜਿਸ ਨਾਲ ਇਕਦਮ ਲਾਇਬ੍ਰੇਰੀ ਦੀ ਇਮਾਰਤ ਨੂੰ ਅੱਗ ਲੱਗ ਗਈ।

ਉਨ੍ਹਾਂ ਨੇ ਦੱਸਿਆ ਕਿ ਜਦੋਂ ਮੈਂ 1988 ਵਿੱਚ ਜੇਲ੍ਹ ਤੋਂ ਰਿਹਾਅ ਹੋ ਕੇ ਵਾਪਸ ਆਇਆ ਤਾਂ ਮੈਂ ਫਿਰ ਆਪਣੀ ਡਿਊਟੀ 'ਤੇ ਹਾਜ਼ਰ ਹੋ ਗਿਆ। ਉਸ ਸਮੇਂ ਸ. ਮਨਜੀਤ ਸਿੰਘ ਕਲਕੱਤਾ ਮੁੱਖ ਸਕੱਤਰ ਸਨ। ਉਨ੍ਹਾਂ ਕੋਲ ਇੱਕ ਆਦਮੀ ਸ. ਰਣਜੀਤ ਸਿੰਘ ਨੰਦਾ ਜੋ ਪੁਲਿਸ ਇੰਸਪੈਕਟਰ ਸੀ, ਆਇਆ ਤੇ ਉਸ ਨੇ ਕੁੱਝ ਕਿਤਾਬਾਂ ਤੇ ਗੁਰੂ ਸਾਹਿਬਾਨ ਦੇ ਹੱਥ ਲਿਖਤ ਕੁੱਝ ਹੁਕਮਨਾਮੇ ਸ. ਮਨਜੀਤ ਸਿੰਘ ਕਲਕੱਤਾ ਨੂੰ ਦਿੱਤੇ। ਸ. ਕਲਕੱਤਾ ਨੇ ਮੈਨੂੰ ਇਹ ਸਭ ਕੁੱਝ ਦੇ ਕੇ ਕਿਹਾ ਕਿ ਇਨ੍ਹਾਂ ਦੇ ਨੰਬਰ ਦਰਜ ਕਰੋ। ਜਦ ਮੈਂ ਜਾ ਕੇ ਲਾਇਬ੍ਰੇਰੀ ਵਿੱਚ ਦੇਖਿਆ ਤਾਂ ਇਨ੍ਹਾਂ ਹੀ ਦਸਤਾਵੇਜਾਂ ਤੋਂ ਪੁਰਾਣੀ ਲਾਇਬ੍ਰੇਰੀ ਦੀ ਨੰਬਰਿੰਗ ਲੱਗੀ ਹੋਈ ਸੀ ਜੋ ਇਸ ਗੱਲ ਦਾ ਸਬੂਤ ਸੀ ਕਿ ਇਹ ਦਸਤਾਵੇਜ ਸਾਡੀ ਹੀ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਚੁਰਾਏ ਗਏ ਸਨ ਤੇ ਜਿਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਅਜਿਹੇ ਹੋਰ ਵੀ ਬਹੁਤ ਸਾਰੇ ਕੀਮਤੀ ਦਸਤਾਵੇਜ ਭਾਰਤੀ ਫੌਜ ਚੋਰੀ ਕਰਕੇ ਲੈ ਗਈ ਅਤੇ ਬਾਕੀ ਅਖਬਾਰਾਂ, ਰਸਾਲਿਆਂ ਦੀ ਰਹਿੰਦ-ਖੂੰਹਦ ਨੂੰ ਇਸ ਲਈ ਸਾੜ ਦਿੱਤਾ ਤਾਂ ਜੋ ਫੌਜ ਵੱਲੋਂ ਇਹ ਸਾਬਤ ਕੀਤਾ ਜਾ ਸਕੇ ਕਿ ਸਮੁੱਚੀ ਲਾਇਬ੍ਰੇਰੀ ਦਾ ਸਾਰਾ ਦਸਤਾਵੇਜ ਹੀ ਅੱਗ ਨਾਲ ਸੜਿਆ ਹੈ। ਯਾਦ ਰਹੇ ਕਿ ਸਿੱਖ ਕੌਮ ਵੱਲੋਂ ਕਈ ਵਾਰ ਕੋਸ਼ਿਸ਼ਾਂ ਕਰਨ, ਪ੍ਰਧਾਨ ਮੰਤਰੀ, ਰਾਸ਼ਟਰਪਤੀ ਆਦਿ ਨੂੰ ਯਾਦ ਪੱਤਰ ਦੇਣ ਦੇ ਬਾਵਜੂਦ ਵੀ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਚੁਰਾਇਆ ਗਿਆ ਸਮਾਨ ਅੱਜ ਤੱਕ ਸ਼੍ਰੋਮਣੀ ਕਮੇਟੀ ਨੂੰ ਪੂਰਾ ਵਾਪਸ ਨਹੀਂ ਦਿੱਤਾ ਗਿਆ।

8, ਜੂਨ 1984

ਰਾਸ਼ਟਰਪਤੀ ਜੈਲ ਸਿੰਘ 'ਤੇ ਚੱਲੀਆਂ ਗੋਲੀਆਂ

ਹਮਲੇ ਤੋਂ ਬਾਅਦ 8 ਜੂਨ ਤੱਕ ਭਾਰਤੀ ਫੌਜ ਨੇ ਹਰਿਮੰਦਰ ਸਾਹਿਬ ਦੇ ਸਮੁੱਚੇ ਕੰਪਲੈਕਸ ਉੱਪਰ ਕਬਜਾ ਕਰ ਲਿਆ ਸੀ ਤੇ ਆਪਣੇ ਵੱਲੋਂ ਫੌਜ ਨਾਲ ਮੁਕਾਬਲਾ ਕਰਨ ਵਾਲੇ ਸਭ ਸਿੰਘਾਂ ਨੂੰ ਖਤਮ ਕਰ ਦਿੱਤਾ ਸੀ। ਇਸਦੀ ਪੂਰੀ ਤਰ੍ਹਾਂ ਤਸੱਲੀ ਕਰਨ ਉਪਰੰਤ ਦੇਸ਼ ਦਾ ਰਾਸ਼ਟਰਪਤੀ ਹਮਲੇ ਦੌਰਾਨ ਹੋਏ ਨੁਕਸਾਨ ਦੇ ਦ੍ਰਿਸ਼ ਨੂੰ ਵੇਖਣ ਲਈ ਸ੍ਰੀ ਅੰਮ੍ਰਿਤਸਰ ਆਇਆ ਸੀ। ਉਹ ਭਾਰੀ ਸੁਰੱਖਿਆ ਤਹਿਤ ਪੂਰਬੀ ਘੰਟਾਘਰ ਤੋਂ ਲੰਘ ਕੇ ਬੁੰਗਾ ਰਾਮਗੜ੍ਹੀਆ ਨੇੜੇ ਪਹੁੰਚਿਆ ਤਾਂ ਇਸੇ ਬੁੰਗੇ ਦੇ ਭੋਰੇ ਵਿੱਚੋਂ ਸਿੰਘਾਂ ਨੇ ਇਸ ਉੱਪਰ ਗੋਲੀ ਚਲਾ ਦਿੱਤੀ ਭਾਵੇਂ ਉਹ ਗੋਲੀ ਲੱਗਣ ਤੋਂ ਬਚ ਗਿਆ ਪਰ ਇਸ ਨਾਲ ਭਾਰੀ ਹਫੜਾ-ਦਫੜੀ ਮੱਚ ਗਈ। ਜਨਰਲ ਕੁਲਦੀਪ ਬਰਾੜ ਸਮੇਤ ਹਮਲਾਵਰ ਫੌਜੀ ਜਨਰੈਲਾਂ

Scanned with CamScanner

ਦੇ ਹੋਸ਼ ਉੱਡ ਗਏ ਕਿ ਅਸੀਂ ਤਾਂ ਸਭ ਮੋਰਚਿਆਂ ਦੀ ਪੂਰੀ ਤਰ੍ਹਾਂ ਤਬਾਹੀ ਕਰ ਚੁੱਕੇ ਹਾਂ ਪਰ ਸਿੰਘ ਹਾਲੇ ਵੀ ਬਚੇ ਹੋਏ ਹਨ। ਇਸ ਉਪਰੰਤ ਵੱਡੀ ਗਿਣਤੀ ਵਿੱਚ ਅੱਗ ਲਾਉਣ ਵਾਲੇ ਗੋਲੇ ਇਸ ਭੋਰੇ ਵਿੱਚ ਦਾਗੇ ਗਏ ਜਿਸ ਨਾਲ ਹੁਣ ਤੱਕ ਬਚੇ ਹੋਏ ਸਿੰਘ ਵੀ ਸ਼ਹੀਦ ਹੋ ਗਏ।

ਸਿੱਖ ਫੌਜੀਆਂ ਵੱਲੋਂ ਫੌਜ ਵਿੱਚੋਂ ਬਗਾਵਤ

ਭਾਰਤੀ ਫੌਜ ਵਿੱਚ ਨੌਕਰੀ ਕਰ ਰਹੇ ਸਿੱਖ ਫੌਜੀਆਂ ਨੇ ਕਦੇ ਸੋਚਿਆ ਤੱਕ ਨਹੀਂ ਸੀ ਕਿ ਸਾਡੀ ਆਪਣੀ ਫੌਜ ਹੀ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਉੱਪਰ ਤੋਪਾਂ ਤੇ ਟੈਂਕਾਂ ਨਾਲ ਹਮਲਾ ਕਰ ਸਕਦੀ ਹੈ। ਉਹ ਇਸ ਘਟਨਾ ਤੋਂ ਬਾਵੇਂ ਬੇਖ਼ਬਰ ਸਨ ਪਰ ਉਨ੍ਹਾਂ ਦੀ ਜਾਣਕਾਰੀ ਦੇ ਸੀਮਿਤ ਸਾਧਨਾਂ ਮੁਤਾਬਕ ਜੋ ਫੌਜੀ ਪੰਜਾਬ ਵਿੱਚੋਂ ਛੁੱਟੀ ਕੱਟ ਕੇ ਜਾਂਦਾ ਉਸ ਤੋਂ ਪੰਜਾਬ ਦੇ ਹਾਲਾਤਾਂ ਬਾਰੇ ਕੁਝ ਖ਼ਬਰਾਂ ਮਿਲਦੀਆਂ ਜਾਂ ਬੀ. ਬੀ. ਸੀ. ਲੰਡਨ ਤੋਂ ਰੇਡੀਓ ਰਾਹੀਂ ਪ੍ਰਸਾਰਿਤ ਹੋਣ ਵਾਲੀਆਂ ਖ਼ਬਰਾਂ ਤੋਂ ਵੀ ਜਾਣਕਾਰੀ ਮਿਲਦੀ। ਜਿਉਂ ਹੀ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਪੰਜਾਬ ਦਾ ਬਾਕੀ ਦੇਸ਼ ਤੇ ਦੁਨੀਆਂ ਨਾਲੋਂ ਸੰਪਰਕ ਕੱਟ ਦਿੱਤਾ ਗਿਆ ਹੈ ਤਾਂ ਸਿੱਖ ਫੌਜੀਆਂ ਦਾ ਵਿਸ਼ੇਸ਼ ਤੌਰ 'ਤੇ ਧਿਆਨ ਇਸ ਤਰਫ਼ ਖਿੱਚਿਆ ਗਿਆ। ਜਦੋਂ ਇਹ ਖ਼ਬਰ ਮਿਲੀ ਕਿ ਫੌਜ ਨੇ ਟੈਂਕਾਂ ਤੇ ਤੋਪਾਂ ਦੇ ਗੋਲਿਆਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਢਾਹ ਦਿੱਤਾ ਹੈ, ਸ੍ਰੀ ਹਰਿਮੰਦਰ ਸਾਹਿਬ ਨੂੰ ਵੀ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਹੈ ਤੇ ਸਮੁੱਚਾ ਕੰਪਲੈਕਸ ਪੂਰੀ ਤਰ੍ਹਾਂ ਨੁਕਸਾਨਿਆ ਗਿਆ ਹੈ ਤਾਂ ਫੌਜੀ ਜਵਾਨਾਂ ਵਿੱਚ ਰੋਸ ਅਤੇ ਵਿਦਰੋਹ ਭੜਕਣਾ ਸੁਭਾਵਿਕ ਸੀ। ਕਿਉਂਕਿ ਉਹ ਸੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਹੁੰ ਖਾ ਕੇ ਹੀ ਤਾਂ ਦੇਸ਼ ਦੀ ਰਾਖੀ ਕਰਦਿਆਂ ਆਪਾ ਵਾਰਨ ਦਾ ਪ੍ਰਣ ਲੈਂਦੇ ਹਨ ਜੇਕਰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਨਾਲ ਉਡਾ ਦਿੱਤਾ ਜਾਵੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਗੋਲੀਆਂ ਮਾਰੀਆਂ ਜਾਣ ਤਾਂ ਅਜਿਹੇ ਹਾਲਾਤ ਵਿੱਚ ਸਿੱਖਾਂ ਦੀ ਮਨੋਦਸ਼ਾ ਨੂੰ ਕੋਈ ਵੀ ਸ਼ਰਧਾਵਾਨ ਸਿੱਖ ਸਹਿਜੇ ਹੀ ਸਮਝ ਸਕਦਾ ਹੈ।

ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉੱਪਰ ਕੀਤੇ ਗਏ ਮਾੜੂ ਹਮਲੇ ਨੂੰ ਨਾ ਸਹਾਰਦਿਆਂ ਅਤਿ ਦੁਖੀ ਹਾਲਤ ਵਿੱਚ ਲਗਭਗ ਪੰਜ ਹਜ਼ਾਰ ਸਿੱਖ ਫੌਜੀਆਂ ਨੇ ਫੌਜ ਵਿੱਚੋਂ ਬਗਾਵਤ ਕਰ ਦਿੱਤੀ। ਬਹੁਤ ਸਾਰੇ ਸਿੱਖ ਫੌਜੀ ਗੱਡੀਆਂ ਤੇ ਅਸਲੇ ਸਮੇਤ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚੱਲ ਪਏ। ਇਨ੍ਹਾਂ ਵਿੱਚੋਂ ਬਹੁਤ ਸਾਰੇ ਫੌਜੀ ਪੰਜਾਬ ਤੋਂ ਦੂਰ ਸਨ ਜਿਨ੍ਹਾਂ ਨੂੰ ਪੰਜਾਬ ਵੱਲ ਆਉਂਦਿਆਂ ਰਸਤੇ ਵਿੱਚ ਵੱਖ-ਵੱਖ ਥਾਵਾਂ 'ਤੇ ਫੌਜ ਨੇ ਘੇਰੇ ਵਿੱਚ ਲੈ ਕੇ ਮਾਰ ਦਿੱਤਾ। ਕਈਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦਾ ਕੋਰਟ ਮਾਰਸ਼ਲ ਹੋਇਆ ਤੇ ਲੰਮਾ ਸਮਾਂ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਰੱਖੇ ਗਏ। ਯਾਦ ਰਹੇ ਕਿ ਬਗਾਵਤ ਕਰਨ ਵਾਲੇ ਧਰਮੀ ਫੌਜੀਆਂ ਕੋਲ ਮਾੜੂ ਹਥਿਆਰ ਸਨ ਪਰ ਉਨ੍ਹਾਂ ਨੇ ਆਮ ਲੋਕਾਂ ਦਾ ਕੋਈ ਨੁਕਸਾਨ ਨਹੀਂ ਕੀਤਾ ਬਲਕਿ ਉਹ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਆਪਣੇ ਧਾਰਮਿਕ ਸਥਾਨਾਂ ਦੀ ਰੱਖਿਆ ਕਰਨਾ ਚਾਹੁੰਦੇ ਸਨ।

ਅਜਿਹਾ ਪਹਿਲੀ ਵਾਰ ਹੋਇਆ ਸੀ ਕਿ ਭਾਰਤੀ ਫੌਜ ਵਿੱਚੋਂ ਇਨੀ ਵੱਡੀ ਪੱਧਰ 'ਤੇ ਬਗਾਵਤ ਹੋਈ ਹੋਵੇ। ਪਰ ਇਸ ਨਾਲ ਜਿਥੇ ਸਮੇਂ ਦੀ ਕਾਂਗਰਸ ਹਕੂਮਤ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕੀ ਉੱਥੇ ਦੁਨੀਆਂ ਭਰ ਦੀਆਂ ਸਰਕਾਰਾਂ ਨੂੰ ਵੀ ਪਤਾ ਲੱਗ ਗਿਆ ਕਿ ਭਾਰਤ ਦੀ ਇੰਦਰਾ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਕਰਨ ਦਾ ਲਿਆ ਗਿਆ ਫੈਸਲਾ ਸਰਾਸਰ ਗਲਤ ਅਤੇ ਸਿੱਖ ਧਰਮ ਉੱਪਰ ਹਮਲਾ ਹੈ। ਇੱਕ ਪਾਸੇ ਤਾਂ ਭਾਰਤ ਸਰਕਾਰ ਧਰਮ ਨਿਰਪੱਖਤਾ ਦਾ ਦਾਅਵੇ ਕਰਦੀ ਹੈ ਪਰ ਦੂਜੇ ਪਾਸੇ ਆਪਣੇ ਹੀ ਦੇਸ਼ ਦੀਆਂ ਫੌਜਾਂ ਨਾਲ ਉਸੇ ਦੇਸ਼ ਵਿੱਚ ਵਸਦੇ ਘੱਟ ਗਿਣਤੀ ਸਿੱਖਾਂ ਦੇ ਧਰਮ ਨੂੰ ਖਤਮ ਕਰਨਾ ਚਾਹੁੰਦੀ ਹੈ। ਇਸ ਲਈ ਇੰਦਰਾ ਗਾਂਧੀ ਵੱਲੋਂ ਧਰਮ ਨਿਰਪੱਖਤਾ ਦੇ ਕੀਤੇ ਜਾ ਰਹੇ ਦਾਅਵੇ ਖੋਖਲੇ ਤੇ ਬੇਬੁਨਿਆਦ ਹਨ।

ਸਿੰਘ ਸਾਹਿਬ ਕ੍ਰਿਪਾਲ ਸਿੰਘ ਦਾ ਬਿਆਨ 'ਕੌਣ ਸਾਹਿਬ ਠੀਕ-ਠਾਕ'

ਸਾਕਾ ਨੀਲਾ ਤਾਰਾ ਦੌਰਾਨ ਤੋਪਾਂ-ਟੈਂਕਾਂ ਨਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਹੋਈ ਤਬਾਹੀ, ਖੰਡਰਾਤ ਕਰ ਦਿੱਤੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਮਾਰ ਦਿੱਤੇ ਗਏ ਬੇਦੋਸ਼ੇ ਸਿੱਖ

Scanned with CamScanner

ਸ਼ਰਧਾਲੂਆ ਆਦਿ ਨਾਲ ਜੋ ਸਿੱਖ ਕੌਮ ਦੇ ਮਨਾਂ ਵਿੱਚ ਪ੍ਰਤੀਰੋਧ ਤੇ ਰੋਸ ਫੈਲ ਰਿਹਾ ਸੀ, ਇਸ ਨੂੰ ਵੇਖਦਿਆਂ ਇੰਦਰਾ ਗਾਂਧੀ ਦੀ ਕਾਂਗਰਸ ਸ਼ਰਕਾਰ ਨੇ ਸਾਕਾ ਨੀਲਾ ਤਾਰਾ ਦੇ ਫੌਜੀ ਜਰਨੈਲਾਂ, ਭਾਰਤੀ ਫੌਜ ਦੇ ਚੀਫ ਜਨਰਲ ਵੈਦਿਆ ਅਤੇ ਜਨਰਲ ਸੁਦਰਜੀ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਢੰਗ ਨਾਲ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਵੱਲੋਂ ਕੋਈ ਅਜਿਹਾ ਬਿਆਨ ਜਾਰੀ ਕਰਵਾਇਆ ਜਾਵੇ ਜਿਸ ਨਾਲ ਸਿੱਖ ਮਨਾਂ ਅੰਦਰ ਭੜਕ ਰਹੀ ਜਵਾਲਾ ਨੂੰ ਸ਼ਾਂਤ ਕੀਤਾ ਜਾ ਸਕੇ। ਇਸ ਸੰਦਰਭ ਵਿੱਚ ਇਨ੍ਹਾਂ ਦੋਹਾਂ ਹੀ ਜਰਨੈਲਾਂ ਨੇ ਆਪਣੀਆਂ ਕੋਸ਼ਿਸ਼ਾਂ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਨੂੰ ਇਕੱਠਿਆਂ ਕੀਤਾ ਅਤੇ ਇਨ੍ਹਾਂ ਉੱਪਰ ਮਾਨਸਿਕ ਦਬਾਅ ਪਾਇਆ ਗਿਆ ਕਿ ਇਸ ਸਮੇਂ ਤੁਹਾਡੇ ਵੱਲੋਂ ਦਿੱਤੇ ਗਏ ਸਾਰਥਕ ਸੰਦੇਸ਼ ਨਾਲ ਕੇਵਲ ਸ੍ਰੀ ਅੰਮ੍ਰਿਤਸਰ ਸਾਹਿਬ ਜਾਂ ਪੰਜਾਬ ਵਿੱਚ ਹੀ ਨਹੀਂ ਬਲਕਿ ਦੁਨੀਆਂ ਭਰ ਵਿੱਚ ਵੱਸਦੇ ਸਿੱਖਾਂ ਦੀਆਂ ਭਾਵਨਾਵਾਂ ਕੁੱਝ ਕੁ ਸ਼ਾਂਤ ਹੋ ਸਕਦੀਆਂ ਹਨ। ਜੇਕਰ ਤੁਸੀਂ ਇਹ ਕਹਿ ਦੇਵੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਬਹੁਤਾ ਨੁਕਸਾਨ ਨਹੀਂ ਹੋਇਆ ਬਸ ਇੰਨਾ ਹੀ ਕਾਫੀ ਹੈ। ਬੇਸ਼ੱਕ ਦੋਵਾਂ ਸਿੰਘ ਸਾਹਿਬਾਨਾਂ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗੁੰਬਦ ਅਤੇ ਹੋਰ ਹਿੱਸੇ ਖੰਡਰਾਤ ਬਣੇ ਨਜ਼ਰ ਆ ਰਹੇ ਸਨ। ਪਰ ਇਸਦੇ ਬਾਵਜੂਦ ਉਪਰੋਕਤ ਦੋਵੇਂ ਜਰਨੈਲਾਂ ਅਤੇ ਦੋਵੇਂ ਜੱਥੇਦਾਰਾਂ ਨੇ ਲੰਮਾ ਸਮਾਂ ਇਕੱਠਿਆਂ ਮੀਟਿੰਗ ਕੀਤੀ ਤੇ ਅਖੀਰ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਵੱਲੋਂ ਇਹ ਬਿਆਨ ਜਾਰੀ ਕਰ ਦਿੱਤਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਕੋਠਾ ਸਾਹਿਬ ਠੀਕ-ਠਾਕ ਹੈ। (ਯਾਦ ਰਹੇ ਕੋਠਾ ਸਾਹਿਬ ਉਹ ਅਸਥਾਨ ਹੈ ਜਿੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਵਾਨ ਹੋਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਆਸਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੁੰਦਾ ਆ ਰਿਹਾ ਹੈ।)

ਇਹ ਠੀਕ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਮੁੱਚੀ ਬਿਲਡਿੰਗ ਦੇ ਮੁਕਾਬਲੇ ਸ੍ਰੀ ਕੋਠਾ ਸਾਹਿਬ ਦਾ ਨੁਕਸਾਨ ਘੱਟ ਹੋਇਆ ਸੀ। ਪਰ ਜੱਥੇਦਾਰ ਕ੍ਰਿਪਾਲ ਸਿੰਘ ਨੇ ਸਮੁੱਚੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਿਆਨਕ ਹਾਲਾਤਾਂ ਨੂੰ ਨਾ-ਬਿਆਨਿਆ ਬਲਕਿ ਕੇਵਲ ਕੋਠਾ ਸਾਹਿਬ ਬਾਰੇ ਹੀ ਬਿਆਨ ਦੇ ਕੇ ਸਿੱਖ ਕੌਮ ਨੂੰ ਹਨ੍ਹੇਰੇ ਵਿੱਚ ਰੱਖਿਆ। ਇਸ ਤਰ੍ਹਾਂ ਫੌਜੀ ਜਨਰਲ ਇਹ ਬਿਆਨ ਦਿਵਾਉਣ ਵਿੱਚ ਤਾਂ ਕਾਮਯਾਬ ਹੋ ਗਏ ਪਰ ਇਸਦਾ ਸਿੱਖ ਸੰਗਤਾਂ 'ਤੇ ਉਲਟਾ ਅਸਰ ਹੋਇਆ ਕਿਉਂਕਿ ਉਹ ਸਮਝਦੇ ਸਨ ਕਿ ਇਨ੍ਹੀ ਭਾਰੀ ਤੋਪਾਂ ਅਤੇ ਟੈਂਕਾਂ ਨਾਲ ਕੀਤੀ ਗਈ ਤਬਾਹੀ ਤੋਂ ਬਾਅਦ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਦਾ ਬਿਆਨ ਮਰੀ ਹੋਈ ਮਾਨਸਿਕਤਾ ਦਾ ਹੀ ਨਤੀਜਾ ਹੈ।

ਜੂਨ 84 ਦੇ ਘੱਲੂਘਾਰੇ ਦਾ ਸਿੱਖਾਂ ਵੱਲੋਂ ਰੋਸ ਅਤੇ ਪ੍ਰਤੀਕਰਮ

ਪੰਜਾਬ ਸਮੇਤ ਦੁਨੀਆਂ ਭਰ ਵਿੱਚ ਵੱਸਦੇ ਸਿੱਖਾਂ ਨੂੰ ਜਿਵੇਂ-ਜਿਵੇਂ ਇਸ ਘੱਲੂਘਾਰੇ ਬਾਰੇ ਪਤਾ ਲੱਗਿਆ ਕਿ ਕਿੰਨੀ ਵੱਡੀ ਪੱਧਰ 'ਤੇ ਤੋਪਾਂ ਤੇ ਟੈਂਕਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਸਮੁੱਚੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਦੇ ਨਾਲ 37 ਹੋਰ ਗੁਰਦੁਆਰਿਆਂ ਦੀ ਘੇਰਾਬੰਦੀ ਕਰਕੇ ਨੁਕਸਾਨ ਵੀ ਕੀਤਾ ਤੇ ਬੇਅਦਬੀ ਵੀ। ਇਸਦੇ ਨਾਲ-ਨਾਲ ਦਸਵੀਂ ਨਕਸਾਲ ਦੇ ਸਬੰ ਸਮੇਤ ਲਗਭਗ 300 ਸਿੰਘਾਂ ਨੇ ਭਾਰਤੀ ਫੌਜਾਂ ਦਾ ਮੁਕਾਬਲਾ ਕਰਦਿਆਂ ਸ਼ਹਾਦਤਾਂ ਦਿੱਤੀਆਂ। ਹਜ਼ਾਰਾਂ ਸਿੱਖ ਸ਼ਰਧਾਲੂ ਜੋ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਪਹੁੰਚੇ ਹੋਏ ਸਨ ਉਨ੍ਹਾਂ ਵਿੱਚੋਂ ਵੀ ਬਹੁਤ ਸਾਰੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਨਿਹੱਥੇ ਹੀ ਮਾਰ ਦਿੱਤੇ ਗਏ। ਜਿਨ੍ਹਾਂ ਨਾਲ ਸਮੁੱਚੇ ਸਿੱਖ ਪੰਥ ਦੀ ਦਿਲੀ ਹਮਦਰਦੀ ਹੈ ਪਰ ਕੰਪਲੈਕਸ ਅੰਦਰ ਨਿਹੱਥੇ ਮਾਰੇ ਜਾਣ ਵਾਲੇ ਸ਼ਰਧਾਲੂਆਂ ਦੇ ਪਰਿਵਾਰਾਂ ਨੇ ਵੀ ਸਬਰ, ਸਿਦਕ ਤੇ ਗੁਰੂ ਉੱਪਰ ਭਰੋਸਾ ਰੱਖਿਆ ਅਤੇ ਗੁਰੂ ਵਰ 'ਤੇ ਲੇਖੇ ਲੱਗਣ ਵਾਲੇ ਆਪੋ ਆਪਣੇ ਪਰਿਵਾਰਕ ਵਿਅਕਤੀਆਂ ਦੀ ਜਿੰਦਗੀ ਨੂੰ ਸਫਲ ਸਮਝਿਆ। ਉਪਰੰਤ ਹਜ਼ਾਰਾਂ ਸਿੱਖਾਂ ਨੂੰ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਲੰਮਾ ਸਮਾਂ ਬੰਦ ਰੱਖਿਆ ਤੇ ਸਾਲਾਂ ਬੱਧੀ ਸਿੱਖ ਪਰਿਵਾਰਾਂ 'ਤੇ ਅਣਮਨੁੱਖੀ ਤਸ਼ੱਦਦ ਦਾ ਦੌਰ ਚੱਲਦਾ ਰਿਹਾ। ਭਾਰਤੀ ਫੌਜ ਵੱਲੋਂ ਦਰਬਾਰ ਸਾਹਿਬ ਉੱਪਰ ਕੀਤੇ ਹਮਲੇ ਨੂੰ ਨਾ ਸਹਾਰਦਿਆ ਫੌਜ ਵਿੱਚੋਂ ਬਗਾਵਤ ਕਰਨ ਵਾਲੇ ਸੈਂਕੜੇ ਹਰਮੀ ਫੌਜੀ ਸ਼ਹੀਦ ਹੋਏ ਅਤੇ ਹਜ਼ਾਰਾਂ ਹੀ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਸੁੱਟ ਦਿੱਤੇ ਗਏ, ਹਜ਼ਾਰਾਂ ਸਿੱਖ ਨੌਜਵਾਨ ਮਾਰ ਕੇ

Scanned with CamScanner

ਅਣਪਛਾਤੇ ਦੱਸਦਿਆਂ ਖਪਾ ਦਿੱਤੇ ਗਏ। ਇਸ ਜ਼ੁਲਮੀ ਕਹਿਰ ਸਦਕਾ ਬਹੁਤ ਸਾਰੇ ਘਰਾਂ ਵਿੱਚ ਦੋ ਟਾਈਮ ਦਾ ਲੰਗਰ ਵੀ ਨਹੀਂ ਸੀ ਨਸੀਬ ਹੁੰਦਾ। ਅਜਿਹੇ ਜ਼ੁਲਮੀ ਦੌਰ ਵਿੱਚ ਵੀ ਸਿੱਦਕੀ ਗੁਰੂ ਪਿਆਰੇ ਸਿੱਖ ਪਰਿਵਾਰਾਂ ਨੇ, ਧਰਮ ਦੀ ਖਾਤਰ ਆਪਾ ਕੁਰਬਾਨ ਕਰਨ ਵਾਲੇ ਆਪਣੇ ਪਰਿਵਾਰਿਕ ਵਿਅਕਤੀਆਂ ਲਈ ਕਦੇ ਵੀ ਅਫਸੋਸ ਦੇ ਅੱਥਰੂ ਨਹੀਂ ਵਹਾਏ ਬਲਕਿ ਭਾਰੀ ਔਕੜਾਂ, ਮੁਸ਼ੀਬਤਾਂ ਭਰੀ ਜਿੰਦਗੀ ਬਤੀਤ ਕਰਦਿਆਂ ਸਬਰ ਤੇ ਸਿਦਕ ਰੱਖਿਆ ਤੇ ਉਨ੍ਹਾਂ ਮਹਾਨ ਯੋਧਿਆਂ ਦੀ ਕੁਰਬਾਨੀ 'ਤੇ ਫਖਰ ਮਹਿਸੂਸ ਕੀਤਾ।

ਪਰ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਧਾਰਮਿਕ ਸਥਾਨਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ, ਅੰਮ੍ਰਿਤ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਹੋਈ ਬੇਅਦਬੀ ਪ੍ਰਤੀ ਹਰ ਸਿੱਖ ਮਾਨਸਿਕ ਪੀੜਾ ਸਹਾਰ ਰਿਹਾ ਸੀ ਅਤੇ ਨਾਲ ਹੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਬਾਰ-ਬਾਰ ਕਹੇ ਹੋਏ ਬਚਨ ਕਿ (ਭਾਰਤ ਸਰਕਾਰ ਕਿਸੇ ਸਮੇਂ ਵੀ ਦਰਬਾਰ ਸਾਹਿਬ ਉੱਪਰ ਹਮਲਾ ਕਰ ਸਕਦੀ ਹੈ) ਮਨ ਨੂੰ ਟੁੰਬ ਰਹੇ ਸਨ ਜਿਸ ਕਾਰਨ ਸਿੱਖਾਂ ਅੰਦਰ ਸੁੱਤੀ ਹੋਈ ਮਾਨਸਿਕਤਾ ਝੰਜੋੜੀ ਗਈ ਤੇ ਸਿੱਖ ਪੰਥ ਆਪਣੇ ਅਸਲੀ ਅਤੀਤ ਵੱਲ ਪਰਤਦਿਆਂ ਗੁਰੂ ਸਾਹਿਬਾਨਾਂ ਵੱਲੋਂ ਦਰਸਾਏ ਗਏ ਮਾਰਗ ਨੂੰ ਧਾਰਨ ਕਰਕੇ ਆਪਣੀ ਵਿਰਾਸਤ ਨੂੰ ਸਾਂਭਣ ਵਿੱਚ ਲੱਗ ਪਿਆ।

ਵਿਦੇਸ਼ਾਂ ਵਿੱਚ ਵੱਸਦੇ ਸਿੱਖ, ਜੋ ਸਿੱਖੀ ਕਕਾਰਾਂ ਅਤੇ ਦਸਤਾਰ ਸਬੰਧੀ ਕਾਨੂੰਨੀ ਹੱਕ ਪ੍ਰਾਪਤ ਕਰਨ ਦੇ ਯਤਨ ਵਿੱਚ ਸਨ। ਉਨ੍ਹਾਂ ਨੂੰ ਹੋਰ ਸਹਿਯੋਗ ਮਿਲਣਾ ਸ਼ੁਰੂ ਹੋਇਆ। ਆਮ ਸਿੱਖ ਆਪਣੀ ਵੱਖਰੀ ਕੌਮੀ ਪਹਿਚਾਣ ਪ੍ਰਤੀ ਸੁਚੇਤ ਹੋਏ ਕਿਉਂਕਿ ਸੰਤਾਂ ਨੇ ਸਿੱਖ ਵੱਖਰੀ ਕੌਮ ਹੋਣ ਪ੍ਰਤੀ ਸਬੂਤਾਂ ਸਹਿਤ ਪ੍ਰਚਾਰ ਕੀਤਾ ਸੀ। ਵੱਖ-ਵੱਖ ਦੇਸ਼ਾਂ ਵਿੱਚ ਸਿੱਖਾਂ ਨੂੰ ਕ੍ਰਿਪਾਨ ਪਹਿਨਣ, ਦਸਤਾਰ ਸਜਾਉਣ ਆਦਿ ਦੇ ਅਧਿਕਾਰ ਪ੍ਰਾਪਤ ਹੋਏ ਜੋ ਇੱਕ ਵੱਡੀ ਸਫਲਤਾ ਸੀ। ਇਸਦੇ ਨਾਲ ਹੀ ਸਿੱਖਾਂ ਨੇ ਮਹਿਸੂਸ ਕੀਤਾ ਕਿ ਵਿਦੇਸ਼ਾਂ ਵਿੱਚ ਰਹਿੰਦਿਆਂ ਹੋਇਆਂ ਸਾਨੂੰ ਆਪਣੇ ਮੂਲ ਵਿਰਸੇ ਨਾਲ ਜੁੜੇ ਰਹਿਣ ਲਈ ਗੁਰਮੁਖੀ ਸਿੱਖਣੀ ਅਤਿ ਜ਼ਰੂਰੀ ਹੈ। ਇਸ ਲਈ ਸਕੂਲਾਂ ਵਿੱਚ ਜਾਂ ਗੁਰਦੁਆਰਿਆਂ ਵਿੱਚ ਗੁਰਮੁਖੀ ਪੜ੍ਹਾਉਣ ਦਾ ਉਚੇਚਾ ਪ੍ਰਬੰਧ ਕੀਤਾ, ਜਿਸ ਸਦਕਾ ਗੁਰਸਿੱਖ ਪਰਿਵਾਰ ਨਿੱਤਨੇਮੀ ਬਣੇ। ਗੁਰਬਾਣੀ ਦੇ ਨਾਲ-ਨਾਲ ਸਿੱਖ ਇਤਿਹਾਸ ਪੜ੍ਹਨ ਲੱਗੇ। ਸਿੱਖਾਂ ਦੀ ਨਵੀਂ ਪੀੜ੍ਹੀ ਨੇ ਵਿਗਿਆਨਕ ਯੁੱਗ ਵਿੱਚ ਮੀਡੀਏ ਰਾਹੀਂ ਸਿੱਖੀ ਪੰਪਰਾ ਦੀ ਖੋਜ ਕਰਕੇ ਸਿੱਖੀ ਧਾਰਨ ਕੀਤੀ, ਦੁਮਾਲੇ ਸਜਾਏ, ਅੰਮ੍ਰਿਤ ਛਕਿਆ ਅਤੇ ਇਸਦੇ ਨਾਲ ਸਾਕਾ ਨੀਲਾ ਤਾਰਾ ਬਾਰੇ ਜਾਣਕਾਰੀ ਹਾਸਲ ਕਰਨ ਲੱਗੇ। ਫਿਰ ਜਿੱਥੋਂ ਵੀ ਸੰਤ ਭਿੰਡਰਾਂਵਾਲਿਆਂ ਦਾ ਆਡੀਓ ਜਾਂ ਵੀਡਿਓ ਵਖਿਆਨ ਪ੍ਰਾਪਤ ਹੋਇਆ ਉਸ ਨੂੰ ਇੱਕ ਦੂਸਰੇ ਨਾਲ ਸਾਂਝਾ ਕੀਤਾ। ਇਸ ਨਾਲ ਜਿੱਥੇ ਨਵੀਂ ਪੀੜ੍ਹੀ ਵਿੱਚ ਸਿੱਖੀ ਪ੍ਰਫੁੱਲਤ ਹੋਣ ਲੱਗੀ ਉੱਥੇ ਸੰਤਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰਨ ਦੀ ਤਾਂਘ ਪੈਦਾ ਹੋਈ।

ਸ੍ਰੀ ਹਰਿਮੰਦਰ ਸਾਹਿਬ ਅਕਾਲ ਪੁਰਖ ਤੋਂ ਵਰੋਸਾਇਆ ਹੋਇਆ ਐਸਾ ਰੱਬੀ ਸਥਾਨ ਹੈ ਜਿਸ ਬਾਰੇ ਗੁਰੂ ਸਾਹਿਬ ਨੇ ਬਾਣੀ ਵਿੱਚ ਲਿਖਿਆ ਹੈ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥

ਇਸ ਪਵਿੱਤਰ ਸਥਾਨ ਦੀ ਜਾਹਿਰਾ ਸ਼ਕਤੀ ਨੂੰ ਕੋਈ ਮਿਟਾ ਨਹੀਂ ਸਕਦਾ ਅਤੇ ਨਾ ਹੀ ਸਿੱਖ ਸ਼ਰਧਾਲੂਆਂ ਦੇ ਮਨਾਂ ਵਿੱਚ ਕਿਸੇ ਕਿਸਮ ਦਾ ਫਰਕ ਪਾਇਆ ਜਾ ਸਕਦਾ ਹੈ। ਇਸੇ ਲਈ ਜੂਨ 84 ਦੇ ਘੱਲੂਘਾਰੇ ਤੋਂ ਬਾਅਦ ਦਰਸ਼ਨ ਇਸ਼ਨਾਨ ਕਰਨ ਵਾਲਿਆਂ ਦੀ ਗਿਣਤੀ ਘਟਣ ਦੀ ਬਜਾਏ ਕਈ ਗੁਣਾ ਵਧੀ ਹੈ। ਇਸੇ ਤਰ੍ਹਾਂ ਅੰਮ੍ਰਿਤ ਅਭਿਲਾਖੀ ਸੰਗਤਾਂ ਵਿੱਚ ਅੰਮ੍ਰਿਤ ਛਕਣ ਦੀ ਗਿਣਤੀ ਵਿੱਚ ਵੀ ਭਾਰੀ ਵਾਧਾ ਹੋਇਆ, ਸਿੱਖੀ ਅਸੂਲਾਂ ਦੀ ਸਵੈ ਰੱਖਿਆ ਲਈ ਆਤਮ ਨਿਰਭਰ ਹੋਣ ਲੱਗੇ। ਇਸ ਸਬੰਧ ਵਿੱਚ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਦੇਸ਼-ਵਿਦੇਸ਼ ਦੇ ਸਿੱਖਾਂ ਦੀ ਭਾਵਨਾ ਵਿੱਚ ਵਾਧਾ ਹੋਇਆ।

ਇਸ ਤਰ੍ਹਾਂ ਭਾਰਤ ਸਰਕਾਰ ਵੱਲੋਂ ਸਿੱਖੀ ਸਰੂਪ ਤੇ ਪਹਿਚਾਣ ਖਤਮ ਕਰਨ ਦੀ ਘਿਨਾਉਣੀ ਸਾਜਿਸ਼ ਕਾਮਯਾਬ ਨਾ ਹੋ ਸਕੀ ਸਗੋਂ ਇਸ ਤੋਂ ਉਲਟ ਦੁਨੀਆਂ ਭਰ ਵਿੱਚ ਵੱਸਦੇ ਸਿੱਖਾਂ ਦੇ ਮਨਾਂ ਵਿੱਚ ਸਿੱਖੀ ਪ੍ਰਤੀ ਨਿਰਯਭਨ ਹੀ ਸ਼ਰਧਾ ਤੇ ਵਿਸ਼ਵਾਸ਼ ਵਧਿਆ ਜਿਸ ਕਾਰਨ ਵੱਖ-ਵੱਖ ਦੇਸ਼ਾਂ ਵਿੱਚ ਸਿੱਖੀ ਸਰੂਪ ਵਿੱਚ ਸਿੱਖ ਮੈਂਬਰ ਪਾਰਲੀਮੈਂਟ ਹਨ ਅਤੇ ਅੰਮ੍ਰਿਤਧਾਰੀ ਗੋਲ ਦੁਮਾਲਿਆਂ ਸਹਿਤ ਸਰਕਾਰਾਂ ਵਿੱਚ ਵੱਡੇ ਵਜ਼ੀਰ ਹਨ। ਇਸਦੇ ਨਾਲ ਹੀ

Scanned with CamScanner

ਨੌਜਵਾਨ ਸਿੱਖ ਅਨੰਦਕਾਰਜ ਦੀ ਰਸਮ ਪ੍ਰਿਕਰਾਰਤ ਢੰਗ ਨਾਲ ਨਿਭਾਉਣ ਲੱਗੇ ਹਨ, ਨੌਜਵਾਨਾਂ ਵਿੱਚ ਗੁਰਬਾਣੀ ਸਿੱਖਣ ਦਾ ਰੁਝਾਨ ਵੱਧ ਰਿਹਾ ਹੈ, ਢਾਡੀ, ਕਵੀਸ਼ਰ, ਰਾਗੀ ਤੇ ਕਥਾਵਾਚਕ ਗਿਆਨੀ ਬਣਨ ਵਿੱਚ ਨੌਜਵਾਨ ਫਖ਼ਰ ਮਹਿਸੂਸ ਕਰ ਰਹੇ ਹਨ।

ਯਾਦ ਰਹੇ ਕਿ ਭਾਰਤ ਦੀ ਆਜ਼ਾਦੀ ਸਮੇਂ ਸਿੱਖ ਕੌਮ ਵੱਲੋਂ ਬੇਮਿਸਾਲ ਕੁਰਬਾਨੀਆਂ ਕਰਨਾ, ਆਜ਼ਾਦ ਭਾਰਤ ਵਿੱਚ ਕਾਂਗਰਸ ਸਰਕਾਰ ਵੱਲੋਂ ਐਮਰਜੈਂਸੀ ਵਰਗੀ ਧੱਕੇਸ਼ਾਹੀ ਵਿਰੁੱਧ ਮੋਰਚਾ ਲਗਾ ਕੇ ਜੇਲ੍ਹਾਂ ਭਰਨੀਆਂ, ਹਾਲਾਂਕਿ ਅਮਰਜੈਂਸੀ ਕੇਵਲ ਸਿੱਖਾਂ ਵਿਰੁੱਧ ਨਹੀਂ ਸੀ ਬਲਕਿ ਸਮੁੱਚੇ ਭਾਰਤ ਵਾਸੀਆਂ ਨਾਲ ਧੱਕੇਸ਼ਾਹੀ ਸੀ ਜਿਸਦਾ ਸਿੱਖ ਕੌਮ ਨੇ ਧਾਰਮਿਕ ਤੇ ਰਾਜਨੀਤਿਕ ਤੌਰ 'ਤੇ ਵੱਡੀ ਪੱਧਰ 'ਤੇ ਵਿਰੋਧ ਕਰਕੇ ਐਮਰਜੈਂਸੀ ਖਤਮ ਕਰਵਾਈ। ਪਰ ਜਦੋਂ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ 'ਤੇ ਉਸੇ ਹੀ ਕਾਂਗਰਸ ਨੇ ਤੋਪਾਂ ਤੇ ਟੈਂਕਾਂ ਨਾਲ ਹਮਲਾ ਕੀਤਾ ਤਾਂ ਭਾਰਤ ਦੀ ਕਿਸੇ ਵੀ ਗੈਰ ਸਿੱਖ ਰਾਜਨੀਤਿਕ ਪਾਰਟੀ ਜਾਂ ਧਾਰਮਿਕ ਸੰਸਥਾ ਨੇ ਵਿਰੋਧ ਨਹੀਂ ਕੀਤਾ ਬਲਕਿ ਕਾਂਗਰਸ ਦੀ ਇਸ ਘਿਨਾਉਣੀ ਸਾਜਿਸ਼ ਨੂੰ ਉਤਸ਼ਾਹਿਤ ਕੀਤਾ ਤੇ ਇੰਦਰਾ ਗਾਂਧੀ ਨੂੰ 'ਦੁਰਗਾ ਦੇਵੀ' ਹੋਣ ਤੱਕ ਦੇ ਖਿਤਾਬ ਦਿੱਤੇ। ਭਾਰਤ ਦੀ ਸਮੁੱਚੀ ਅਬਾਦੀ ਵਿੱਚੋਂ ਕੇਵਲ ਦੋ ਪ੍ਰਤੀਸ਼ਤ ਸਿੱਖਾਂ ਨੂੰ ਜੁਲਮ ਦਾ ਸ਼ਿਕਾਰ ਬਣਾਇਆ ਗਿਆ। ਪਰ ਇਸਦੇ ਬਾਵਜੂਦ ਗੁਰੂ ਕੇ ਸਿੱਖਾਂ ਨੇ ਹਿੰਮਤ ਨਹੀਂ ਹਾਰੀ। ਬਲਕਿ ਅਕਾਲ ਪੁਰਖ 'ਤੇ ਭਰੋਸਾ ਰੱਖ ਕੇ ਜਾਲਮ ਸ਼ਕਤੀਆਂ ਵਿਰੁੱਧ ਜੂਝਣ ਲਈ ਦ੍ਰਿੜ ਸੰਕਲਪ ਰਹੇ।

ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਿਸੇ ਵੀ ਰਾਜਨੀਤਿਕ ਸ਼ਕਤੀ ਵੱਲੋਂ ਨੁਕਸਾਨ ਕੀਤਾ ਗਿਆ ਜਾਂ ਬੇਅਦਬੀ ਕੀਤੀ ਗਈ ਤਾਂ ਸਿੱਖਾਂ ਨੇ ਪ੍ਰਤੀਕਰਮ ਵਜੋਂ ਉਸਦਾ ਬਦਲਾ ਜ਼ਰੂਰ ਲਿਆ ਹੈ, ਜਿਵੇਂ ਕਿ ਮੱਸਾ ਰੰਘੜ, ਯਹੀਆ ਖਾਂ, ਜਹਾਨ ਖਾਨ, ਅਹਿਮਦ ਸ਼ਾਹ ਅਬਦਾਲੀ, ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਭਾਰਤੀ ਫੌਜਾਂ ਦਾ ਜਨਰੈਲ ਜਨਰਲ ਵੈਦਿਆ ਆਦਿ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਕਿਸੇ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕੀਤੀ ਤਾਂ ਸਿੱਖ ਪੰਥ ਦੇ ਸਿਰਲੱਥ ਯੋਧਿਆ ਨੇ ਸਮੇਂ-ਸਮੇਂ ਉਨ੍ਹਾਂ ਨੂੰ ਜਿਉਂਦਿਆਂ ਨਹੀਂ ਛੱਡਿਆ ਬਲਕਿ ਉਨ੍ਹਾਂ ਵੱਲੋਂ ਕੀਤੀ ਕੁਤਾਹੀ ਦੀ ਸਜ਼ਾ ਦਿੱਤੀ ਗਈ। ਇਸੇ ਤਰ੍ਹਾਂ ਜੂਨ 1984 ਦੇ ਘੱਲੂਘਾਰੇ ਲਈ ਜ਼ਿੰਮੇਵਾਰ ਇੰਦਰਾ ਗਾਂਧੀ ਅਤੇ ਜਨਰਲ ਵੈਦਿਆ ਨੂੰ ਵੀ ਸਿੱਖ ਨੌਜਵਾਨਾਂ ਨੇ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਦਿੱਤੀ।

ਭਾਈ ਕੇਹਰ ਸਿੰਘ ਜੋ (ਡੀ.ਜੀ.ਐਸ.ਐਂਡ.ਡੀ.) ਡਿਪਾਰਟਮੈਂਟ ਆਫ ਜਨਰਲ ਸਪਲਾਈ ਐਂਡ ਡਿਸਪੋਜ਼ਲ ਮਹਿਕਮੇ ਵਿੱਚ ਸਹਾਇਕ ਮੈਨੇਜਰ ਦੇ ਤੌਰ 'ਤੇ ਡਿਊਟੀ ਕਰਦੇ ਸਨ। ਉਨ੍ਹਾਂ ਦਾ ਦਫਤਰ ਪਾਰਲੀਮੈਂਟ ਸਟਰੀਟ ਵਿਖੇ ਸੀ ਜੋ ਗੁਰਦੁਆਰਾ ਬੰਗਲਾ ਸਾਹਿਬ ਅਤੇ ਗੁਰਦੁਆਰਾ ਰਕਾਬਗੰਜ ਸਾਹਿਬ ਦੇ ਨਜਦੀਕ ਪੈਂਦਾ ਹੈ। ਇਸ ਮਹਿਕਮੇ ਵੱਲੋਂ ਮਿਲਟਰੀ ਨੂੰ ਨਵਾਂ ਸਮਾਨ ਸਪਲਾਈ ਕੀਤਾ ਜਾਂਦਾ ਹੈ ਤੇ ਪੁਰਾਣਾ ਨਿਲਾਮ ਕੀਤਾ ਜਾਂਦਾ। ਜੇ ਉਹ ਚਾਹੁੰਦੇ ਤਾਂ ਇਸ ਮਹਿਕਮੇ ਵਿੱਚੋਂ ਲੱਖਾਂ ਰੁਪਏ ਪ੍ਰਤੀ ਸਾਲ ਕਮਿਸ਼ਨ ਦੇ ਤੌਰ 'ਤੇ ਕਮਾ ਸਕਦੇ ਸਨ ਜਿਵੇਂ ਕਿ ਬਹੁਤ ਸਾਰੇ ਅਧਿਕਾਰੀ ਕਰਦੇ ਹਨ ਪਰ ਉਹ ਅੰਮ੍ਰਿਤਧਾਰੀ, ਨਿੱਤਨੇਮੀ ਤੇ ਇਮਾਨਦਾਰ ਇਨਸਾਨ ਸਨ। ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਦਾ ਭਾਈ ਕੇਹਰ ਸਿੰਘ ਦੇ ਮਨ ਉੱਪਰ ਡਾਢੀ ਸਦਮਾ ਸੀ। ਘਰ ਵਿੱਚ ਜਾ ਦਫਤਰ ਵਿੱਚ ਜਦੋਂ ਵੀ ਕੋਈ ਸਿੱਖ ਮਿਲਦਾ ਤਾਂ ਕੇਹਰ ਸਿੰਘ ਉਦਾਸ ਮਨ ਨਾਲ ਇਹੀ ਕਹਿੰਦਾ ਕਿ ਸਾਡੀ ਕਾਹਦੀ ਜ਼ਿੰਦਗੀ ਹੈ, ਸਾਡੇ ਜਿਉਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਗਿਆ, ਦਰਬਾਰ ਸਾਹਿਬ ਦੀ ਬੇਅਦਬੀ ਹੋਈ, ਹਜ਼ਾਰਾਂ ਬੇਕਸੂਰ ਸਿੱਖ ਸ਼ਰਧਾਲੂਆਂ ਨੂੰ ਸ਼ਹੀਦ ਕੀਤਾ ਗਿਆ ਪਰ ਅਸੀਂ ਲਾਚਾਰਾਂ ਦੀ ਜ਼ਿੰਦਗੀ ਜਿਉਂ ਰਹੇ ਹਾਂ। ਇਨ੍ਹਾਂ ਨੂੰ ਮਿਲਣ ਵਾਲੇ ਸਿੱਖ ਜਿਆਦਾਤਰ ਇਸਦੇ ਦਫਤਰ ਵਿੱਚ ਹੀ ਕੰਮ ਕਰਨ ਵਾਲੇ ਸਨ ਤੇ ਉਹ ਹੌਸਲਾ ਵੀ ਦਿੰਦੇ ਪਰ ਕੇਹਰ ਸਿੰਘ ਆਪਣੀਆਂ ਹੀ ਸੋਚਾਂ ਵਿੱਚ ਡੁੱਬਿਆ ਰਹਿੰਦਾ। ਕਈ ਸਾਲਾਂ ਤੋਂ ਇਨ੍ਹਾਂ ਦਾ ਨਿਯਮ ਸੀ ਕਿ ਡਿਊਟੀ ਜਾਣ ਤੋਂ ਪਹਿਲਾਂ ਗੁਰਦੁਆਰਾ ਬੰਗਲਾ ਸਾਹਿਬ ਮੱਥਾ ਟੇਕਦੇ ਅਤੇ ਦੁਪਿਹਰ ਦੀ ਛੁੱਟੀ ਸਮੇਂ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦਰਸ਼ਨ ਕਰਕੇ ਆਉਂਦੇ। ਇੱਕ ਦਿਨ ਭਾਈ ਕੇਹਰ ਸਿੰਘ ਗੁਰਦੁਆਰਾ ਬੰਗਲਾ ਸਾਹਿਬ ਗਏ, ਮੱਥਾ ਟੇਕਣ ਤੋਂ ਉਪਰੰਤ ਉਨ੍ਹਾਂ ਦੇਖਿਆ ਕਿ ਨਿਸ਼ਾਨ ਸਾਹਿਬ

Scanned with CamScanner

ਦੇ ਆਲੇ-ਦੁਆਲੇ ਬਹੁਤ ਸਾਰੀ ਸੰਗਤ ਖੜ੍ਹੀ ਹੈ। ਉਹ ਵੀ ਉੱਥੇ ਗਏ, ਵੇਖਿਆ ਕਿ ਇੱਕ ਬਹੁਤ ਸੁੰਦਰ ਬਾਜ਼ ਨਿਸ਼ਾਨ ਸਾਹਿਬ ਦੇ ਬੜ੍ਹਾ ਸਾਹਿਬ 'ਤੇ ਬੈਠਾ ਹੈ। ਭਾਈ ਕੇਹਰ ਸਿੰਘ ਨੇ ਵੀ ਇਸ ਬਾਜ਼ ਨੂੰ ਬਹੁਤ ਗਹੁ ਨਾਲ ਤੱਕਿਆ ਤੇ ਬਾਜ਼ ਵੀ ਭਾਈ ਕੇਹਰ ਸਿੰਘ ਵੱਲ ਦੇਖਦਾ ਰਿਹਾ। ਕੁੱਝ ਸਮੇਂ ਬਾਅਦ ਬਾਜ਼ ਉੱਡ ਗਿਆ ਤੇ ਭਾਈ ਕੇਹਰ ਸਿੰਘ ਵਾਪਸ ਆਪਣੇ ਕੁਆਰਟਰ ਚਲੇ ਗਏ ਤੇ ਮਨ ਹੀ ਮਨ ਵਿੱਚ ਸੋਚਣ ਲੱਗੇ ਕਿ ਇਹ ਬਾਜ਼ ਗੁਰੂ ਕਲਗੀਧਰ ਪਾਤਸ਼ਾਹ ਦਾ ਸੁਨੇਹਾ ਲੈ ਕੇ ਆਇਆ ਹੈ। ਅਗਲੇ ਦਿਨ ਫਿਰ ਉਸੇ ਤਰ੍ਹਾਂ ਹੋਇਆ ਤਾਂ ਭਾਈ ਕੇਹਰ ਸਿੰਘ ਨੇ ਮਨ ਵਿੱਚ ਪੱਕੀ ਧਾਰਨਾ ਬਣਾ ਲਈ ਕਿ ਇਹ ਬਾਜ਼ ਗੁਰੂ ਬਾਜਾਂ ਵਾਲੇ ਦਾ ਹੀ ਹੈ। ਉੱਧਰ ਭਾਈ ਬੇਅੰਤ ਸਿੰਘ ਜੋ ਪ੍ਰਧਾਨ ਮੰਤਰੀ ਦੀ ਸਕਿਉਰਿਟੀ ਦੇ ਇੰਚਾਰਜ ਸਨ ਤੇ ਗਿਸ਼ਤੇ ਵਜੋਂ ਭਾਈ ਕੇਹਰ ਸਿੰਘ, ਭਾਈ ਬੇਅੰਤ ਸਿੰਘ ਦਾ ਡੁੱਬਣ ਲਗਦਾ ਸੀ, ਉਹ ਅਕਸਰ ਹੀ ਆਪਸ ਵਿੱਚ ਮਿਲਦੇ ਰਹਿੰਦੇ ਸਨ। ਉਸ ਦਿਨ ਵੀ ਭਾਈ ਬੇਅੰਤ ਸਿੰਘ ਮਿਲਣ ਲਈ ਆਪਣੇ ਡੁੱਬਣ ਜੀ ਦੇ ਘਰ ਗਏ ਤੇ ਭਾਈ ਕੇਹਰ ਸਿੰਘ ਨੂੰ ਕਹਿਣ ਲੱਗੇ ਡੁੱਬਣ ਜੀ ਤੁਸੀਂ ਬਹੁਤ ਉਦਾਸ ਰਹਿੰਦੇ ਹੋ ਤਾਂ ਉਸ ਨੇ ਕਿਹਾ ਬੇਅੰਤ ਸਿੰਘ ਅੱਜ ਤੇਰੇ ਨਾਲ ਬਹੁਤ ਜ਼ਰੂਰੀ ਗੱਲ ਕਰਨੀ ਹੈ। ਉਹ ਕਹਿਣ ਲੱਗਾ ਦੱਸ ਤਾਂ ਭਾਈ ਕੇਹਰ ਸਿੰਘ ਨੇ ਕਿਹਾ ਕਈ ਦਿਨਾਂ ਤੋਂ ਇੱਕ ਬਾਜ਼ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਆਉਂਦਾ ਹੈ ਤੇ ਕਾਫ਼ੀ ਸਮਾਂ ਨਿਸ਼ਾਨ ਸਾਹਿਬ ਦੇ ਬੜ੍ਹਾ ਸਾਹਿਬ 'ਤੇ ਬੈਠਾ ਰਹਿੰਦਾ ਹੈ। ਉਸ ਬਾਰੇ ਸੰਗਤਾਂ ਵਿੱਚ ਕਈ ਤਰ੍ਹਾਂ ਦੀ ਚਰਚਾ ਹੈ। ਮੇਰਾ ਮੰਨਣਾ ਹੈ ਕਿ ਇਹ ਬਾਜ਼ ਕਲਗੀਧਰ ਦਾ ਸੰਦੇਸ਼ ਲੈ ਕੇ ਆਇਆ ਹੈ। ਮੇਰੀ ਸਮਝ ਮੁਤਾਬਕ ਇਹ ਸੰਦੇਸ਼ ਵੀ ਸਾਡੇ ਲਈ ਹੈ। ਇਹ ਗੱਲ ਸੁਣਦਿਆਂ ਸ. ਬੇਅੰਤ ਸਿੰਘ ਨੇ ਕਿਹਾ ਕਿ ਡੁੱਬਣ ਜੀ, ਛੱਡੋ ਕਿਹੜੇ ਖਿਆਲਾਂ ਵਿੱਚ ਪਏ ਹੋ। ਉਸ ਨੇ ਕਿਹਾ ਕਿ ਤੂੰ ਇਸ ਗੱਲ ਨੂੰ ਸਮਝ ਕਿ ਜਿਸ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਸਾਡੀ ਧਾਰਮਿਕ ਤੌਰ 'ਤੇ ਤਬਾਹੀ ਕੀਤੀ ਹੈ ਤੇ ਤੂੰ ਲਹੂ ਦੀ ਦੀਵਾਰ ਬਣ ਕੇ ਉਸਦੀ ਰੱਖਿਆ ਲਈ ਫ਼ਾਰੀਆਂ ਤਾਣ ਕੇ ਪਹਿਰਾ ਦਿੰਦੇ ਹੋ ਕੀ ਅਸੀਂ ਫਿਰ ਵੀ ਸਿੱਖ ਕਹਾਉਣ ਦੇ ਹੱਕਦਾਰ ਹਾਂ? ਤਾਂ ਭਾਈ ਬੇਅੰਤ ਸਿੰਘ ਨੇ ਕਿਹਾ ਕਿ ਡੁੱਬਣ ਜੀ ਜੇਕਰ ਵਾਕਿਆ ਹੀ ਬਾਜਾਂ ਵਾਲੇ ਗੁਰੂ ਦਾ ਇਹ ਬਾਜ਼ ਹੈ ਤਾਂ ਫਿਰ ਇਹ ਬਾਜ਼ ਸਾਡੀ ਡਿਊਟੀ ਵਾਲੀ ਥਾਂ 'ਤੇ ਆ ਕੇ ਸਾਨੂੰ ਸੰਦੇਸ਼ ਕਿਉਂ ਨਹੀਂ ਦਿੰਦਾ? ਤਾਂ ਕੇਹਰ ਸਿੰਘ ਨੇ ਕਿਹਾ ਕਿ ਜੇ ਕਲਗੀਧਰ ਨੂੰ ਭਾਇਆ ਤਾਂ ਇਹ ਵੀ ਹੋ ਸਕਦਾ ਹੈ। ਕਾਫ਼ੀ ਦੇਰ ਰਾਤ ਤੱਕ ਇਹ ਚਰਚਾ ਹੁੰਦੀ ਰਹੀ ਫਿਰ ਬੇਅੰਤ ਸਿੰਘ ਆਪਣੇ ਕੁਆਰਟਰ ਚਲੇ ਗਏ ਤੇ ਸੋਚਦੇ ਰਹੇ ਕਿ ਡੁੱਬਣ ਜੀ ਠੀਕ ਆਖਦੇ ਹਨ ਪਰ ਮੈਂ ਇਕੱਲਾ ਕੀ ਕਰ ਸਕਦਾ ਹਾਂ? ਹੁਣ ਭਾਈ ਕੇਹਰ ਸਿੰਘ ਹੀ ਨਹੀਂ ਬਲਕਿ ਭਾਈ ਬੇਅੰਤ ਸਿੰਘ ਵੀ ਇਨ੍ਹਾਂ ਹੀ ਸੋਚਾਂ ਵਿੱਚ ਲੱਗੇ ਰਹਿੰਦੇ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ? ਫਿਰ ਇੱਕ ਦਿਨ ਭਾਈ ਬੇਅੰਤ ਸਿੰਘ ਆਪਣੀ ਡਿਊਟੀ 'ਤੇ ਹਾਜ਼ਰ ਸੀ ਤਾਂ ਉਸ ਨੇ ਵੇਖਿਆ ਕਿ ਇੱਕ ਬਾਜ਼ ਇੰਦਰਾ ਗਾਂਧੀ ਦੀ ਕੋਠੀ ਉੱਪਰ ਘੁੰਮ ਰਿਹਾ ਹੈ ਤਾਂ ਉਸ ਨੇ ਮਨ ਵਿੱਚ ਹੀ ਸੋਚਿਆ ਕਿ ਜੇ ਸੱਚੀ ਇਹ ਬਾਜ਼ ਉਹੀ ਹੈ ਤਾਂ ਇਸ ਨੂੰ ਮੇਰੇ ਕੋਲ ਆ ਕੇ ਬੈਠਣਾ ਚਾਹੀਦਾ ਹੈ। ਭਾਈ ਬੇਅੰਤ ਸਿੰਘ ਸਕਿਉਰਿਟੀ ਗਾਰਡਾਂ ਨਾਲ ਕਿਸੇ ਗੱਲਬਾਤ ਵਿੱਚ ਰੁੱਝ ਗਏ ਤਾਂ ਥੋੜ੍ਹੇ ਸਮੇਂ ਬਾਅਦ ਉਹੀ ਬਾਜ਼ ਭਾਈ ਬੇਅੰਤ ਸਿੰਘ ਦੇ ਮੋਢੇ ਉੱਪਰ ਆ ਕੇ ਬੈਠ ਗਿਆ। ਇਹ ਵੇਖ ਕੇ ਭਾਈ ਬੇਅੰਤ ਸਿੰਘ ਦਿਲੋਂ ਪ੍ਰਸੰਨ ਪਰ ਅੰਦਰੋ ਅੰਦਰੀ ਪੂਰੀ ਤਰ੍ਹਾਂ ਝੰਜੋੜਿਆ ਗਿਆ ਤੇ ਮਨ ਵਿੱਚ ਸੋਚਿਆ ਕਿ ਹੁਣ ਤਾਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ। ਫਿਰ ਉਸ ਨੇ ਬੜੇ ਸਾਦੇ ਜਿਹੇ ਢੰਗ ਨਾਲ ਇਹ ਗੱਲ ਆਪਣੇ ਤੋਂ ਜੂਨੀਅਰ ਸਿਪਾਹੀ ਸ. ਸਤਵੰਤ ਸਿੰਘ ਨਾਲ ਸਾਂਝੀ ਕੀਤੀ। ਉਸ ਨੇ ਵੀ ਸਾਧਾਰਣ ਜਿਹਾ ਜਵਾਬ ਦਿੱਤਾ ਕਿ ਸਰਦਾਰ ਜੀ ਗੱਲ ਤਾਂ ਤੁਹਾਡੀ ਠੀਕ ਹੈ, ਪਰ ਕੀ ਹੋ ਸਕਦਾ ਹੈ? "ਇਹੀ ਮੈਂ ਸੋਚਦਾ ਹਾਂ", ਭਾਈ ਬੇਅੰਤ ਸਿੰਘ ਨੇ ਕਿਹਾ। ਇਸ ਤੋਂ ਬਾਅਦ ਭਾਈ ਸਤਵੰਤ ਸਿੰਘ ਵੀ ਦਿਨ ਰਾਤ ਇਹੀ ਸੋਚਣ ਲੱਗਾ ਕਿ ਸਾਨੂੰ ਕੁੱਝ ਕਰਨਾ ਚਾਹੀਦਾ ਹੈ। ਬਲਕਿ ਉਸ ਨੇ ਆਪਣੇ ਵੱਲੋਂ ਭਾਈ ਬੇਅੰਤ ਸਿੰਘ ਨੂੰ ਕਹਿ ਦਿੱਤਾ ਕਿ ਜੋ ਵੀ ਤੁਸੀਂ ਹੁਕਮ ਕਰੋਗੇ ਮੈਂ ਉਸ ਨੂੰ ਪੂਰਾ ਕਰਾਂਗਾ। ਇਹ ਗੱਲ ਭਾਈ ਬੇਅੰਤ ਸਿੰਘ ਨੇ ਭਾਈ ਕੇਹਰ ਸਿੰਘ ਨੂੰ ਦੱਸੀ ਤਾਂ ਉਸ ਨੇ ਕਿਹਾ ਕਿ ਕਿਸੇ ਕਿਸਮ ਦੀ ਜਲਦਬਾਜ਼ੀ ਨਹੀਂ ਕਰਨੀ। ਸਭ ਤੋਂ ਪਹਿਲਾਂ ਤੁਸੀਂ ਦੋਵੇਂ ਪੰਜਾਂ ਪਿਆਰਿਆਂ ਕੋਲੋਂ ਖੰਡੇ ਬਾਟੇ ਦਾ ਅੰਮ੍ਰਿਤ ਛਕੋ ਫਿਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਕੇ ਆਉ। ਉਸ ਤੋਂ ਬਾਅਦ ਅਗਲੀ ਗੱਲ ਸੋਚਾਂਗੇ। ਇਸ ਤਰ੍ਹਾਂ ਭਾਈ ਸਤਵੰਤ ਸਿੰਘ ਤੇ ਭਾਈ ਬੇਅੰਤ ਸਿੰਘ ਨੇ ਗੁਰਦੁਆਰਾ ਆਰ. ਕੇ. ਪੁਰਮ ਸੈਕਟਰ-6, ਦਿੱਲੀ ਵਿਖੇ ਅੰਮ੍ਰਿਤਪਾਨ ਕੀਤਾ ਅਤੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਕੁੱਝ ਦਿਨਾਂ ਬਾਅਦ ਵੱਖਰੇ-ਵੱਖਰੇ ਚੌਕ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗਏ ਤੇ ਉੱਥੇ ਹੋਈ ਬਰਬਾਦੀ ਨੂੰ ਵੇਖ ਕੇ ਸ੍ਰੀ ਅਕਾਲ ਤਖ਼ਤ ਦੇ ਸਨਮੁੱਖ ਫੁੱਟ-

Scanned with CamScanner

ਫੁੱਟ ਕੇ ਰੋਏ ਤੇ ਅਰਦਾਸ ਵੀ ਕੀਤੀ ਕਿ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸਾਨੂੰ ਸ਼ਕਤੀ ਬਖਸ਼ੇ ਕਿ ਅਸੀਂ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਇੰਦਰਾ ਗਾਂਧੀ ਨੂੰ ਸਜ਼ਾ ਦੇ ਸਕੀਏ। ਇਸ ਉਪੰਰਤ ਇਹ ਆਪਣੀ ਡਿਊਟੀ 'ਤੇ ਵਾਪਸ ਚਲੇ ਗਏ ਤਾਂ ਭਾਈ ਸਤਵੰਤ ਸਿੰਘ ਨੇ ਇਸ਼ਾਰੇ ਮਾਤਰ ਹੀ ਪੁੱਛਿਆ ਕਿ ਕੀ ਕਰਨਾ ਹੈ? ਤਾਂ ਉਸ ਨੇ ਕਿਹਾ ਕਿ ਅੱਜ ਰਾਤ ਭਾਈ ਕੇਹਰ ਸਿੰਘ ਦੇ ਘਰ ਇਕੱਠਿਆਂ ਲੰਗਰ ਛਕਣਾ ਹੈ। ਰਾਤ ਨੂੰ ਭਾਈ ਕੇਹਰ ਸਿੰਘ ਦੇ ਘਰੇ ਇਕੱਠੇ ਹੋਏ ਤੇ ਭਾਈ ਬੇਅੰਤ ਸਿੰਘ ਤੇ ਭਾਈ ਸਤਵੰਤ ਸਿੰਘ ਨੇ ਆਪਣੇ ਵੱਲੋਂ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਦੀ ਭਾਵਨਾ ਪ੍ਰਗਟਾਈ ਤਾਂ ਭਾਈ ਕੇਹਰ ਸਿੰਘ ਨੇ ਕਿਹਾ ਕਿ ਸਿੱਖ ਕੌਮ ਦਾ ਇਹ ਕਰਜ਼ ਅਗਰ ਤੁਸੀਂ ਉਤਾਰ ਸਕੋ ਤਾਂ ਤੁਹਾਡੀ ਜ਼ਿੰਦਗੀ ਸਫਲੀ ਹੋਵੇਗੀ ਅਤੇ ਇਤਿਹਾਸ ਵਿੱਚ ਸਤਿਕਾਰਿਆ ਜਾਣ ਵਾਲਾ ਨਾਮ ਲਿਖਿਆ ਜਾਵੇਗਾ।

ਭਾਈ ਬੇਅੰਤ ਸਿੰਘ ਸਕਿਉਰਿਟੀ ਇੰਚਾਰਜ ਹੋਣ ਕਰਕੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਰੋਜ਼ਾਨਾ ਹੋਣ ਵਾਲੇ ਪ੍ਰੋਗਰਾਮਾਂ ਦੀ ਜਾਣਕਾਰੀ ਹੁੰਦੀ ਸੀ। ਅਕਤੂਬਰ 1984 ਦੇ ਅਖੀਰ ਵਿੱਚ ਉਸ ਨੂੰ ਪਤਾ ਲੱਗਾ ਕਿ 31 ਤਾਰੀਕ ਨੂੰ ਕਿਸੇ ਵਿਦੇਸ਼ੀ ਪੱਤਰਕਾਰ ਨਾਲ ਪ੍ਰਧਾਨ ਮੰਤਰੀ ਦੀ ਇੰਟਰਵਿਊ ਹੈ। ਇਸੇ ਦਿਨ ਨੂੰ ਠੀਕ ਮੰਨ ਕੇ ਉਸ ਨੇ ਇੰਟਰਵਿਊ ਸਮੇਂ ਭਾਈ ਸਤਵੰਤ ਸਿੰਘ ਦੀ ਡਿਊਟੀ ਲਗਾ ਦਿੱਤੀ। ਉਹ ਆਪ ਤਾਂ ਹਮੇਸ਼ਾ ਨਾਲ ਹੀ ਹੁੰਦਾ ਸੀ ਤੇ ਸਮੇਂ-ਸਮੇਂ ਗਾਰਦ ਦੀ ਡਿਊਟੀ ਅੱਗੇ ਪਿੱਛੇ ਕਰ ਸਕਦਾ ਸੀ। ਇਸ ਤਰ੍ਹਾਂ ਆਪਸ ਵਿੱਚ ਸਲਾਹ ਪੱਕੀ ਕਰਕੇ ਕਿ ਅੱਜ ਇਸ ਪਾਪਣ ਨੂੰ ਸੋਧ ਦੇਣਾ ਹੈ। ਇਹ ਦੋਵੇਂ ਆਪੋ ਆਪਣੀ ਥਾਂ 'ਤੇ ਖਲ੍ਹ ਗਏ।

ਉੱਪਰ ਇੰਦਰਾ ਗਾਂਧੀ ਇੰਟਰਵਿਊ ਲਈ ਤਿਆਰ ਹੋ ਕੇ ਆਪਣੀ ਕੋਠੀ ਵਿੱਚੋਂ ਖਾਸ ਮਹਿਮਾਨਾਂ ਲਈ ਬਣੇ ਕਮਰੇ ਵੱਲ ਜਾਣ ਲੱਗੀ, ਜੋ ਕੋਠੀ ਦੇ ਅੰਦਰ ਹੀ ਕੁੱਝ ਕਦਮਾਂ 'ਤੇ ਸੀ। ਜਿਉਂ ਹੀ ਕੋਠੀ ਅੰਦਰੋਂ ਗਾਰਦ ਨੂੰ ਸੁਚੇਤ ਕੀਤਾ ਕਿ ਪ੍ਰਧਾਨ ਮੰਤਰੀ ਬਾਹਰ ਆ ਰਹੇ ਹਨ ਤਾਂ ਇਹ ਦੋਵੇਂ ਜਣੇ ਭਾਈ ਬੇਅੰਤ ਸਿੰਘ ਕੋਠੀ 'ਚੋਂ ਨਿਕਲਣ ਵਾਲੇ ਦਰਵਾਜੇ ਦੇ ਬਿਲਕੁਲ ਨਾਲ ਖੜ੍ਹਾ ਸੀ ਅਤੇ ਭਾਈ ਸਤਵੰਤ ਸਿੰਘ ਕੁੱਝ ਕਦਮਾਂ 'ਤੇ ਪਿੱਛੇ ਹਟ ਕੇ ਖੜ੍ਹਾ ਸੀ। ਅੰਦਰਲੇ ਦਰਵਾਜੇ 'ਚੋਂ ਬਾਹਰ ਨਿਕਲਦਿਆਂ ਹੀ ਭਾਈ ਸਤਵੰਤ ਸਿੰਘ ਤੇ ਬੇਅੰਤ ਸਿੰਘ ਨੇ ਇੰਦਰਾ ਗਾਂਧੀ ਨੂੰ ਗੋਲੀਆਂ ਮਾਰ ਕੇ ਛਲਣੀ ਕਰ ਦਿੱਤਾ। ਪੂਰੀ ਕੋਠੀ ਵਿੱਚ ਹਾਲ ਦੁਹਾਈ ਮੱਚ ਗਈ। ਜੇ ਚਾਹੁੰਦੇ ਤਾਂ ਭਾਈ ਸਤਵੰਤ ਸਿੰਘ ਤੇ ਬੇਅੰਤ ਸਿੰਘ ਕੁੱਝ ਹੋਰ ਗਾਰਦ ਵਾਲੇ ਜਵਾਨਾਂ ਨੂੰ ਗੋਲੀਆਂ ਮਾਰ ਕੇ ਉੱਥੋਂ ਬਚ ਕੇ ਨਿਕਲ ਸਕਦੇ ਸਨ। ਪਰ ਉਨ੍ਹਾਂ ਕਿਸੇ ਬੇਕਸੂਰ ਉੱਪਰ ਗੋਲੀ ਨਹੀਂ ਚਲਾਈ ਅਤੇ ਕਿੰਨਾ ਹੀ ਸਮਾਂ ਉਨ੍ਹਾਂ ਦੇ ਨੇੜੇ ਵੀ ਕੋਈ ਨਹੀਂ ਆਇਆ। ਫਿਰ ਇਨ੍ਹਾਂ ਨੇ ਆਪਣੇ ਆਪ ਨੂੰ ਬਾਕੀ ਗਾਰਦ ਦੇ ਹਵਾਲੇ ਕਰ ਦਿੱਤਾ ਅਤੇ ਹਥਿਆਰ ਵੀ ਉਨ੍ਹਾਂ ਨੂੰ ਸੌਂਪ ਦਿੱਤੇ। ਇੰਦਰਾ ਗਾਂਧੀ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ ਤੇ ਇੱਧਰ ਭਾਈ ਬੇਅੰਤ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਅਤੇ ਭਾਈ ਸਤਵੰਤ ਸਿੰਘ ਨੂੰ ਵੀ ਕਈ ਗੋਲੀਆਂ ਮਾਰੀਆਂ ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਏ। ਯਾਦ ਰਹੇ ਕਿ ਜਦੋਂ ਦੋਵਾਂ ਜਣਿਆਂ ਨੇ ਹੀ ਆਪਣੇ ਆਪ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ ਫਿਰ ਉਨ੍ਹਾਂ ਨੂੰ ਗੋਲੀਆਂ ਮਾਰਨ ਦੀ ਕੋਈ ਤੁੱਕ ਨਹੀਂ ਸੀ ਬਣਦੀ।

ਇਸ ਤਰ੍ਹਾਂ ਭਾਈ ਬੇਅੰਤ ਸਿੰਘ ਨੂੰ ਮੌਕੇ 'ਤੇ ਹੀ ਸ਼ਹੀਦ ਕਰ ਦਿੱਤਾ ਅਤੇ ਭਾਈ ਸਤਵੰਤ ਸਿੰਘ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਸਦੇ ਨਾਲ ਹੀ ਭਾਈ ਕੇਹਰ ਸਿੰਘ ਨੂੰ ਵੀ ਗ੍ਰਿਫਤਾਰ ਕਰਕੇ ਭਾਰੀ ਤਸੀਹੇ ਦਿੱਤੇ ਗਏ ਅਤੇ ਉਸ ਨੂੰ ਵੀ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਉਸ ਸਮੇਂ ਮੈਂ ਵੀ (ਲੇਖਕ) 1986 ਵਿੱਚ ਤਿਹਾੜ ਜੇਲ੍ਹ ਵਿੱਚ ਬੰਦ ਸਾਂ ਤੇ ਜੇਲ੍ਹ ਦੇ ਅੰਦਰੋ ਅੰਦਰੀ ਜੋ ਪਤਾ ਲੱਗ ਰਿਹਾ ਸੀ ਉਸ ਮੁਤਾਬਕ ਭਾਈ ਕੇਹਰ ਸਿੰਘ ਤੇ ਸਤਵੰਤ ਸਿੰਘ ਬਹੁਤ ਚੜ੍ਹਦੀ ਕਲਾ ਵਿੱਚ ਰਹਿੰਦੇ ਬਾਣੀ ਪੜ੍ਹਦੇ, ਫਾਂਸੀ ਦੀ ਸਜ਼ਾ ਤੋਂ ਬੇਪ੍ਰਵਾਹ ਬਲਕਿ ਫਾਂਸੀ ਦੇ ਫੰਦੇ ਨੂੰ ਆਪਣੇ ਗਲਾਂ ਵਿੱਚ ਪਾਉਣ ਦੀ ਉਡੀਕ ਵਿੱਚ ਰਹਿੰਦੇ। ਉਹ ਕਹਿੰਦੇ ਰਹਿੰਦੇ ਕਿ ਜਿਵੇਂ-ਜਿਵੇਂ ਫਾਂਸੀ ਦਾ ਸਮਾਂ ਨੇੜੇ ਆ ਰਿਹਾ ਹੈ ਤਿਵੇਂ-ਤਿਵੇਂ ਸਾਡੀ ਜ਼ਿੰਦਗੀ ਦੀ ਅਸਲੀ ਮੰਜ਼ਿਲ ਦਾ ਪੰਧ ਘੱਟ ਰਿਹਾ ਹੈ। ਅਖੀਰ 6 ਜਨਵਰੀ 1989 ਦਿਨ ਸ਼ੁੱਕਰਵਾਰ ਨੂੰ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ। ਇਸ ਤਰ੍ਹਾਂ ਇਨ੍ਹਾਂ ਤਿੰਨਾਂ ਹੀ ਸਿੱਖਾਂ ਨੇ ਆਪਣੀ ਜ਼ਿੰਦਗੀ ਪੰਥ ਦੇ ਲੇਖੇ ਲਾ ਕੇ ਹਮਲਾਵਰ ਇੰਦਰਾ ਗਾਂਧੀ ਨੂੰ ਖਤਮ ਕੀਤਾ ਸੀ।

ਇੰਦਰਾ ਗਾਂਧੀ ਦੇ ਕਤਲ ਨਾਲ ਦੁਨੀਆਂ ਭਰ ਵਿੱਚ ਵੱਸਦੇ ਸਿੱਖਾਂ ਤੇ ਕਈ ਇਨਸਾਫ ਪਸੰਦ ਗੈਰ-ਸਿੱਖਾਂ

Scanned with CamScanner

ਨੇ ਵੀ ਤਸੱਲੀ ਪ੍ਰਗਟਾਈ ਕਿ ਜਿਨ੍ਹਾਂ ਕਿਸੇ ਖਾਸ ਵਜ੍ਹਾ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਬੱਜਰ ਪਾਪ ਕੀਤਾ ਹੈ। ਉਸ ਨੂੰ ਅਜਿਹੀ ਸਜ਼ਾ ਮਿਲਣੀ ਹੀ ਚਾਹੀਦੀ ਸੀ। ਇੱਥੇ ਹੀ ਬੱਸ ਨਹੀਂ ਪੰਜਾਬ ਸਮੇਤ ਦੁਨੀਆਂ ਭਰ ਦੇ ਸਿੱਖਾਂ ਵੱਲੋਂ ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਬੇਅੰਤ ਸਿੰਘ ਦੀਆਂ ਪੁਰਾਤਨ ਸਿੰਘਾਂ ਵਾਂਗ ਸਨਮਾਨ ਨਾਲ ਬਰਸੀਆਂ ਮਨਾਈਆਂ ਜਾਂਦੀਆਂ ਹਨ ਤੇ ਹਰ ਸਾਲ ਸਿੱਖ ਕੌਮ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ। ਦੂਜੇ ਪਾਸੇ ਇੰਦਰਾ ਗਾਂਧੀ ਦਾ ਖ਼ਾਨਦਾਨ, ਕਾਂਗਰਸ ਜਮਾਤ ਇਸ ਬੱਜਰ ਗੁਨਾਹ ਲਈ ਅੱਜ ਵੀ ਦੁਨੀਆਂ ਸਾਹਮਣੇ ਸ਼ਰਮਸਾਰ ਹਨ।

ਭਾਰਤੀ ਫੌਜ ਦੇ ਮੁਖੀ ਜਨਰਲ ਵੈਦਿਆ ਦਾ ਕਤਲ

ਜੂਨ 1984 ਦੇ ਘੱਲੂਘਾਰੇ ਸਮੇਂ ਭਾਰਤੀ ਫੌਜ ਦੇ ਜਨਰੈਲ ਜਨਰਲ ਵੈਦਿਆ ਜਿਸਦੀ ਦੇਖ-ਰੇਖ ਹੇਠ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਕਰਨ ਦੀ ਯੋਜਨਾ ਬਣਾਈ ਗਈ, ਕਈ ਗੁਪਤ ਥਾਵਾਂ 'ਤੇ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਫੌਜ ਦੇ ਕਮਾਂਡੋਆਂ ਨੂੰ ਸਿਖਲਾਈ ਦਿੱਤੀ ਗਈ ਜਿਸਦਾ ਜਿਕਰ ਵਿਸਥਾਰ ਸਹਿਤ ਪਿੱਛੇ ਕਰ ਆਏ ਹਾਂ। ਇਸੇ ਜਨਰਲ ਵੈਦਿਆ ਦੀ ਕਮਾਂਡ ਹੇਠ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਹੋਇਆ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਾਲੇ ਵੀ ਸਿੱਖਾਂ ਦੇ ਮਨਾਂ ਵਿੱਚ ਭਾਰੀ ਰੋਸ ਸੀ ਕਿ ਜਨਰਲ ਵੈਦਿਆ ਨੂੰ ਵੀ ਸਜ਼ਾ ਦੇਣੀ ਚਾਹੀਦੀ ਹੈ। ਇਸ ਕੌਮ ਲਈ ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਨੇ ਆਪਣੇ ਕੁੱਝ ਸਾਥੀਆਂ ਨਾਲ ਯੋਜਨਾ ਬਣਾਈ, ਜਨਰਲ ਵੈਦਿਆ ਦੀ ਭਾਲ ਕੀਤੀ ਫਿਰ ਪਤਾ ਲੱਗਾ ਕਿ ਉਹ ਪੂਨਾ ਵਿਖੇ ਰਹਿ ਰਿਹਾ ਹੈ। ਉਸਦਾ ਪਿੱਛਾ ਕਰਦਿਆਂ ਇਨ੍ਹਾਂ ਸਿੱਖ ਜਵਾਨਾਂ ਨੇ ਪੂਨੇ ਦੇ ਨੇੜੇ ਕਿਰਾਏ 'ਤੇ ਮਕਾਨ ਲੈ ਕੇ ਰਹਿਣਾ ਸ਼ੁਰੂ ਕੀਤਾ ਤੇ ਉਸਦੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲੱਗੇ। ਜਨਰਲ ਵੈਦਿਆ ਸੋਚਦਾ ਸੀ ਕਿ ਪੰਜਾਬ ਤੋਂ ਇਨੀ ਦੂਰ ਮੈਂ ਬਿਲਕੁੱਲ ਸੁਰੱਖਿਅਤ ਹਾਂ ਫਿਰ ਮੈਨੂੰ ਬਹੁਤੇ ਸਿੱਖ ਜਾਣਦੇ ਵੀ ਨਹੀਂ, ਮੇਰੀ ਰਿਹਾਇਸ਼ 'ਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਹਨ। ਇੱਕ ਦਿਨ ਭਾਈ ਹਰਜਿੰਦਰ ਸਿੰਘ ਤੇ ਭਾਈ ਸੁਖਦੇਵ ਸਿੰਘ ਨੇ ਜਨਰਲ ਵੈਦਿਆ ਨੂੰ ਘਰੋਂ ਨਿਕਲਦਿਆਂ ਵੇਖਿਆ ਤੇ ਉਸਦਾ ਪਿੱਛਾ ਕਰਦਿਆਂ ਪੂਨੇ ਦੀ ਸਬਜ਼ੀ ਮਾਰਕੀਟ ਨੇੜੇ ਪੁੱਜ ਗਏ। ਉੱਥੇ ਆਪਣੀ ਕਾਰ ਖੜ੍ਹੀ ਕਰਕੇ ਜਨਰਲ ਵੈਦਿਆ ਨੇ ਸਬਜੀਆਂ ਤੇ ਕੁੱਝ ਫਲ ਫਰੂਟ ਲੈਣ ਲਈ ਦੁਕਾਨਦਾਰ ਨੂੰ ਕਿਹਾ ਤੇ ਆਪ ਗੱਡੀ ਵਿੱਚ ਹੀ ਬੈਠਾ ਰਿਹਾ। ਜਿਉਂ ਹੀ ਇਸਨੇ ਗੱਡੀ ਇੱਥੋਂ ਤੋਰੀ ਤਾਂ ਕੁੱਝ ਦੂਰ 'ਤੇ ਹੀ ਭਾਈ ਸੁਖਦੇਵ ਸਿੰਘ ਅਤੇ ਭਾਈ ਹਰਜਿੰਦਰ ਸਿੰਘ ਨੇ ਮੋਟਰਸਾਈਕਲ ਇਸਦੇ ਬਰਾਬਰ ਲਾ ਲਿਆ ਤੇ ਇਸਨੂੰ ਗੋਲੀਆਂ ਮਾਰ ਕੇ ਥਾਈਂ ਹੀ ਭੁੰਨ ਦਿੱਤਾ। ਪਰ ਉਸੇ ਕਾਰ ਵਿੱਚ ਜਨਰਲ ਵੈਦਿਆ ਦੀ ਘਰਵਾਲੀ ਵੀ ਬੈਠੀ ਸੀ, ਸਿੰਘਾਂ ਨੇ ਉਸ ਨੂੰ ਗੋਲੀ ਨਹੀਂ ਮਾਰੀ ਅਤੇ ਉੱਥੋਂ ਫਰਾਰ ਹੋ ਗਏ ਤੇ ਉਸ ਤੋਂ ਬਾਅਦ ਇਨ੍ਹਾਂ ਨੇ ਕਈ ਹੋਰ ਵੱਡੇ ਪੰਥ ਦੋਖੀ ਸੋਧੇ। ਅਖੀਰ ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਪੂਨੇ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ, ਜਿਥੇ ਇਨ੍ਹਾਂ ਨੇ ਜੱਜ ਦੇ ਸਾਹਮਣੇ ਆਪਣੇ ਆਪ ਸਵੀਕਾਰ ਕੀਤਾ ਕਿ ਅਸੀਂ ਜਨਰਲ ਵੈਦਿਆ ਦਾ ਕਤਲ ਕੀਤਾ ਹੈ ਕਿਉਂਕਿ ਇਸ ਨੇ ਸ੍ਰੀ ਦਰਬਾਰ ਸਾਹਿਬ ਉੱਪਰ ਫੌਜਾਂ ਚਾੜ੍ਹ ਕੇ ਸਾਡਾ ਧਾਰਮਿਕ ਨੁਕਸਾਨ ਤੇ ਬੇਅਦਬੀ ਕੀਤੀ। ਹਾਲਾਂਕਿ ਕੋਈ ਚਸ਼ਮਦੀਦ ਗਵਾਹ ਅਜਿਹਾ ਨਹੀਂ ਸੀ ਜੋ ਭਾਈ ਸੁਖਦੇਵ ਸਿੰਘ ਤੇ ਭਾਈ ਹਰਜਿੰਦਰ ਸਿੰਘ ਦੀ ਸ਼ਨਾਖਤ ਕਰ ਸਕਦਾ। ਪਰ ਇਨ੍ਹਾਂ ਨੇ ਇਕਬਾਲੀਆ ਬਿਆਨ ਦੇ ਕੇ ਫਾਂਸੀ ਦੇ ਫੰਦੇ ਦਾ ਰਸਤਾ ਚੁਣਿਆ ਤਾਂ ਕਿ ਦੁਨੀਆਂ ਨੂੰ ਦੱਸਿਆ ਜਾ ਸਕੇ ਕਿ ਸਿੱਖ, ਧਰਮ ਦੀ ਖਾਤਰ ਹੱਸ-ਹੱਸ ਕੇ ਫਾਂਸੀ ਦੇ ਰੱਸੇ ਚੁੰਮ ਸਕਦੇ ਹਨ। ਅਖੀਰ 9 ਅਕਤੂਬਰ 1992 ਨੂੰ ਪੂਨੇ ਦੀ ਯੇਰਵਾੜਾ ਜੇਲ੍ਹ ਵਿੱਚ ਇਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ। ਅਸਚਰਜ ਗੱਲ ਇਹ ਸੀ ਕਿ ਫਾਂਸੀ ਵਾਲੇ ਦਿਨ ਵੀ ਭਾਈ ਹਰਜਿੰਦਰ ਸਿੰਘ ਤੇ ਭਾਈ ਸੁਖਦੇਵ ਸਿੰਘ ਨੇ ਆਮ ਦਿਨਾਂ ਵਾਂਗ ਇਸ਼ਨਾਨ ਕੀਤਾ, ਨਿੱਤਨੇਮ ਕੀਤਾ ਉਪਰੰਤ ਕੀਰਤਨ ਸੋਹਿਲੇ ਦਾ ਪਾਠ ਵੀ ਆਪ ਕੀਤਾ ਤੇ ਫਿਰ ਪਰਿਵਾਰ ਵੱਲੋਂ ਜੋ ਵਿਸ਼ੇਸ਼ ਤੌਰ 'ਤੇ ਮਠਿਆਈ ਮੰਗਵਾ ਕੇ ਰੱਖੀ ਹੋਈ ਸੀ ਫਾਂਸੀ ਦੇ ਤਖਤੇ 'ਤੇ ਜਾਣ ਸਮੇਂ ਇਨ੍ਹਾਂ ਸਿੱਖ ਜਵਾਨਾਂ ਨੇ ਜੇਲ੍ਹ ਕਰਮਚਾਰੀਆਂ, ਫਾਂਸੀ ਦੇਣ ਵਾਲੇ ਜੱਲਾਦ ਤੇ ਹੋਰ ਸਭ ਨੂੰ ਮਠਿਆਈ ਵੰਡੀ। ਯਾਦ ਰਹੇ ਕਿ ਜਿਸ ਦਿਨ ਅਦਾਲਤ ਵਿੱਚ ਜੱਜ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ ਉਸ ਦਿਨ ਵੀ ਜੱਜ ਸਮੇਤ ਅਦਾਲਤ ਵਿੱਚ ਮੌਜੂਦ ਸਭ ਜਣਿਆਂ ਨੂੰ ਇਨ੍ਹਾਂ ਨੇ ਫਾਂਸੀ ਦਾ ਹੁਕਮ ਮਿਲਣ ਕਰਕੇ ਸਭ ਨੂੰ ਮਠਿਆਈ ਵੰਡੀ ਸੀ। ਇਸ ਤਰ੍ਹਾਂ ਆਪਣੀ ਜ਼ਿੰਦਗੀ ਖਿੜੇ ਮੱਥੇ ਪੰਥ ਦੇ ਲੇਖੇ ਲਾ ਕੇ ਪੰਥ

Scanned with CamScanner

ਦੋਖੀਆਂ ਨੂੰ ਬਣਦੀ ਸਜ਼ਾ ਦੇਣ ਵਿੱਚ ਡਖਰ ਮਹਿਸੂਸ ਕਰਨ ਵਾਲੇ ਗੁਰੂ ਕੇ ਸੂਰਬੀਰ ਯੋਧੇ ਇਸ ਅਵਸਥਾ ਦੇ ਮਾਲਕ ਹੁੰਦੇ ਹਨ। ਇਨ੍ਹਾਂ ਦੇਹਾਂ ਬਹਾਦਰਾਂ ਦੀ ਸਾਲਾਨਾ ਬਰਸੀ ਵੀ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਵੱਲੋਂ ਬਹੁਤ ਉਤਸ਼ਾਹ ਤੇ ਪ੍ਰੇਮ ਨਾਲ ਮਨਾਈ ਜਾਂਦੀ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਜੂਨ 1984 ਦੇ ਘੱਲੂਘਾਰੇ ਦੇ ਸਮੇਂ ਦੌਰਾਨ ਹੀ ਚਣਵੇਂ ਸਿੰਘਾਂ ਨੂੰ ਸੰਬੋਧਨ ਕਰਦਿਆਂ ਇਹ ਬਚਨ ਕਹੇ ਸਨ ਕਿ ਜਿਵੇਂ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਸਿੰਘਾਂ ਨੇ ਭਾਰਤੀ ਫੌਜਾਂ ਦਾ ਮੂੰਹ ਤੋੜ ਜਵਾਬ ਦਿੰਦਿਆਂ ਡੱਟਵਾਂ ਮੁਕਾਬਲਾ ਕੀਤਾ ਹੈ ਇਸੇ ਤਰ੍ਹਾਂ ਬਾਅਦ ਵਿੱਚ ਵੀ ਸਿੱਖ ਕੌਮ ਦੇ ਯੋਧਿਆਂ ਨੇ ਹਮਲਾ ਕਰਨ ਵਾਲੇ ਜੁਲਮਗਾਨਾਂ ਨੂੰ ਬਣਦੀ ਸਜ਼ਾ ਅਵੱਸ਼ ਦੇਣੀ ਹੈ। ਮਹਾਂਪੁਰਖਾਂ ਵੱਲੋਂ ਕੀਤੇ ਹੋਏ ਬਚਨ ਸੱਚ ਸਾਬਤ ਹੋਏ। ਇਸ ਤੋਂ ਇਲਾਵਾ ਮਹਾਂਪੁਰਖਾਂ ਦੇ ਬਚਨਾਂ ਸਦਕਾ ਕਈ ਸਾਲ ਖਾੜਕੂ ਸਰਗਰਮੀਆਂ ਚੱਲਦੀਆਂ ਰਹੀਆਂ, ਜਿਸ ਦੌਰਾਨ ਜੁਝਾਰੂਆਂ ਵੱਲੋਂ ਬਹੁਤ ਸਾਰੇ ਪੰਥ ਦੋਖੀ ਸੋਧੇ ਗਏ ਤੇ ਸਿੱਖ ਮਨਾਂ ਵਿੱਚ ਰੋਸ ਤੇ ਗੁੱਸੇ ਦੀ ਲਹਿਰ ਉਬਾਲੇ ਖਾਂਦੀ ਰਹੀ ਕਿਉਂਕਿ ਭਾਰਤ ਸਰਕਾਰ ਵੱਲੋਂ ਦਰਬਾਰ ਸਾਹਿਬ ਉੱਪਰ ਕੀਤਾ ਗਿਆ ਹਮਲਾ ਸਿੱਖ ਕੌਮ ਨੂੰ ਕਦੇ ਵੀ ਨਾ ਭੁੱਲਣ ਵਾਲਾ ਸਾਕਾ ਹੈ।

ਬੁੱਢਾ ਦਲ ਦੇ ਮੁਖੀ ਨਿਹੰਗ ਬਾਬਾ ਸੰਤਾ ਸਿੰਘ ਨੂੰ ਪੰਥ 'ਚੋਂ ਛੇਕਿਆ

ਭਾਰਤੀ ਫੌਜਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਉੱਪਰ ਕੀਤੇ ਹਮਲੇ ਦੌਰਾਨ ਢਾਹੇ ਗਏ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਊਢੀ ਵਿੱਚ ਤੋਪਾਂ ਦੇ ਗੋਲਿਆਂ ਨਾਲ ਹੋਏ ਮਘੋਰੇ ਅਤੇ ਆਲੇ ਦੁਆਲੇ ਦੀਆਂ ਮਲੀਆਮੇਟ ਹੋਈਆਂ ਬਿਲਡਿੰਗਾਂ ਦਾ ਦ੍ਰਿਸ਼ ਬਹੁਤ ਖੌਫਨਾਕ ਸੀ, 6 ਜੂਨ 1984 ਤੋਂ ਬਾਅਦ ਜਿਵੇਂ-ਜਿਵੇਂ ਸਮਾਂ ਬੀਤ ਰਿਹਾ ਸੀ ਤਿਵੇਂ-ਤਿਵੇਂ ਸਿੱਖ ਸੰਗਤਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦੀ ਖਿੱਚ ਪ੍ਰਬਲ ਹੋ ਰਹੀ ਸੀ, ਪਰ ਕੇਂਦਰ ਸਰਕਾਰ ਵੱਲੋਂ ਆਮ ਸੰਗਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿੱਚ ਜਾਣ ਤੋਂ ਪਾਬੰਦੀ ਲਗਾਈ ਗਈ ਸੀ। ਪਰ ਇਸਦੇ ਬਾਵਜੂਦ ਸ੍ਰੀ ਹਰਿਮੰਦਰ ਸਾਹਿਬ ਦੇ ਕੰਪਲੈਕਸ ਅੰਦਰ ਹੋਈ ਬਰਬਾਦੀ ਦੀਆਂ ਖ਼ਬਰਾਂ, ਫੋਟੋਆਂ ਅਤੇ ਅੰਦਰ ਦੀ ਸੱਚਾਈ ਬਾਹਰ ਆਉਣ ਲੱਗ ਪਈ, ਜਿਸ ਤੋਂ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬਹੁਤ ਚਿੰਤਤ ਸੀ ਕਿ ਅੰਦਰ ਦੇ ਦ੍ਰਿਸ਼ ਨੂੰ ਜਿੰਨੇ ਵੱਧ ਸਿੱਖ ਦੇਖਣਗੇ ਉਨੇ ਹੀ ਹਾਲਾਤ ਵਿਗੜਣ ਦਾ ਖਤਰਾ ਬਣਿਆ ਰਹੇਗਾ। ਕਿਉਂਕਿ ਜਿਹੜਾ ਵੀ ਸਿੱਖ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਜਾਂਦਾ ਤਾਂ ਅੰਦਰ ਦਾ ਦ੍ਰਿਸ਼ ਦੇਖ ਕੇ ਅਤੇ ਢੱਠੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਜਾਂਦਿਆਂ ਹੀ ਉਸਦੀ ਰੂਹ ਤੱਕ ਕੰਬ ਜਾਂਦੀ ਅਤੇ ਅੱਥਰੂਆਂ ਭਰੀ ਦਾਸਤਾਨ ਲੈ ਕੇ ਵਾਪਸ ਪਰਤਦਾ। ਦੂਸਰੇ ਪਾਸੇ ਸਿੱਖ ਪੰਥ ਨੇ ਕੋਈ ਫੈਸਲਾ ਹਾਲੇ ਨਹੀਂ ਸੀ ਲਿਆ ਕਿ ਢੱਠੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੀ ਨਵਉਸਾਰੀ ਕਦੋਂ ਤੇ ਕਿਵੇਂ ਕਰਨੀ ਹੈ ਜੋ ਇੱਕ ਭੇਦਭਰਿਆ ਪੱਖ ਸੀ। ਇਸੇ ਦੌਰਾਨ ਇੰਦਰਾ ਗਾਂਧੀ ਨੇ ਦੇਸ਼ ਦੇ ਗ੍ਰਹਿ ਮੰਤਰੀ ਬੂਟਾ ਸਿੰਘ ਦੀ ਡਿਊਟੀ ਲਗਾਈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੀ ਲਿੱਪਾ-ਪੋਚੀ ਲਈ ਕਿਸੇ ਵੀ ਕਾਰਸੇਵਾ ਵਾਲੇ ਸੰਤਾਂ ਤੋਂ ਮੁਰੰਮਤ ਕਰਵਾ ਲਵੇ। ਇਸੇ ਤਹਿਤ ਬੂਟਾ ਸਿੰਘ ਨੇ ਸ੍ਰੀਮਾਨ ਬਾਬਾ ਖੜਕ ਸਿੰਘ ਜੀ ਕਾਰਸੇਵਾ ਵਾਲਿਆਂ ਸਮੇਤ ਕਈ ਸੰਤਾਂ ਪਾਸ ਇਹ ਤਜਵੀਜ਼ ਰੱਖੀ, ਜਿਸ ਨੂੰ ਬਾਬਾ ਖੜਕ ਸਿੰਘ ਜੀ ਨੇ ਕਰੜੇ ਸ਼ਬਦਾਂ ਵਿੱਚ ਰੱਦ ਕਰ ਦਿੱਤਾ ਤੇ ਬੂਟਾ ਸਿੰਘ ਨੂੰ ਖਰੀਆਂ-ਖਰੀਆਂ ਵੀ ਸੁਣਾਈਆਂ। ਫਿਰ ਬੂਟਾ ਸਿੰਘ ਨੇ ਆਪਣੇ ਪੁਰਾਣੇ ਸਬੰਧਾਂ ਕਾਰਨ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਬੁੱਢਾ ਦਲ ਨੂੰ ਇਹ ਸੇਵਾ ਸੌਂਪ ਦਿੱਤੀ। ਯਾਦ ਰਹੇ ਕਿ ਧਰਮ ਯੁੱਧ ਮੋਰਚੇ ਦੌਰਾਨ ਸਿੱਖ ਪੰਥ ਦੀਆਂ ਸਮੂਹ ਸਥਬੈਦੀਆਂ, ਸੰਪ੍ਰਦਾਵਾਂ, ਨਿਹੰਗ ਸਿੰਘ ਦਲਾਂ ਨੇ ਆਪਣੀ-ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਇਆ ਪਰ ਬਾਬਾ ਸੰਤਾ ਸਿੰਘ ਮੁਖੀ ਬੁੱਢਾ ਦਲ ਨੇ ਧਰਮ ਯੁੱਧ ਮੋਰਚੇ ਵਿੱਚ ਕਿਸੇ ਕਿਸਮ ਦਾ ਸਾਥ ਨਹੀਂ ਦਿੱਤਾ ਸੀ। (ਸੰਤ ਭਿੰਡਰਾਂਵਾਲਿਆਂ ਨੇ ਆਪਣੇ ਭਾਸ਼ਣ ਵਿੱਚ ਇਸ ਗੱਲ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਹੈ ਜਿਸਦੀ ਆਡੀਉ ਰਿਕਾਰਡਿੰਗ ਮੌਜੂਦ ਹੈ)

ਇਸੇ ਲਈ ਇਸ ਨੂੰ ਇਹ ਸੇਵਾ ਸੌਂਪੀ ਗਈ ਜਿਸ ਨੇ ਆਪਣੇ ਕੁੱਝ ਹੋਰ ਨਜ਼ਦੀਕੀਆਂ ਨੂੰ ਨਾਲ ਲੈ ਕੇ ਢੱਠੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੀ ਮੁਰੰਮਤ ਕੀਤੀ। ਇਸ ਗੱਲ ਦਾ ਸ਼ਮੁੱਚੇ ਖਾਲਸਾ ਪੰਥ ਵੱਲੋਂ ਭਾਰੀ ਵਿਰੋਧ ਕੀਤਾ

Scanned with CamScanner

ਗਿਆ ਪਰ ਬਾਬਾ ਸੰਤਾ ਸਿੰਘ ਟੱਸ ਤੋਂ ਮੱਸ ਨਾ ਹੋਏ। ਸੰਗਤਾਂ ਨੇ ਇਸ ਨੂੰ 'ਸਰਕਾਰੀ ਸੇਵਾ' ਕਹਿ ਕੇ ਰੱਦ ਕਰ ਦਿੱਤਾ। ਇਸੇ ਦੌਰਾਨ ਪੰਜ ਸਿੰਘ ਸਾਹਿਬਾਨਾਂ ਨੇ ਬਾਬਾ ਸੰਤਾ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੋਂ ਤਲਬ ਕਰ ਲਿਆ ਕਿ ਉਸ ਨੇ ਪੰਥ ਦੀ ਆਗਿਆ ਤੋਂ ਬਿਨ੍ਹਾਂ ਹੀ ਸਿਰਫ ਸਰਕਾਰ ਦੇ ਕਹਿਣ 'ਤੇ ਅਜਿਹਾ ਕਿਉਂ ਕੀਤਾ? ਪਰ ਬਾਬਾ ਸੰਤਾ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਲਬ ਕੀਤੇ ਹੁਕਮ ਨੂੰ ਮੰਨਣ ਤੋਂ ਵੀ ਇਨਕਾਰੀ ਹੋ ਗਿਆ ਤੇ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੀ ਨਾ ਹੋਇਆ। ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜ ਸਿੰਘ ਸਾਹਿਬਾਨਾਂ ਨੇ ਪੰਥ ਵਿੱਚੋਂ ਛੇਕ ਦਿੱਤਾ। ਜਿਸ ਕਾਰਨ ਜਥੇ ਨਿਹੰਗ ਸੰਤਾ ਸਿੰਘ ਪੰਥ ਵੱਲੋਂ ਦੁਰਕਾਰਿਆ ਗਿਆ ਉਥੇ ਜਥੇਬੰਦੀ ਬੁੱਢਾ ਦਲ ਨੂੰ ਵੀ ਭਾਰੀ ਢਾਹ ਲੱਗੀ।

1973 ਵਿੱਚ ਪਾਸ ਕੀਤਾ ਅਨੰਦਪੁਰ ਦਾ ਮਤਾ

10 ਸਤੰਬਰ 1972 ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਲਿਸੀ ਪ੍ਰੋਗਰਾਮ ਤਹਿਤ ਨੀਤੀਆਂ ਘੜਣ ਲਈ ਇੱਕ 12 ਮੈਂਬਰੀ ਕਮੇਟੀ ਬਣਾਈ ਗਈ ਜਿਸ ਵਿੱਚ ਸ. ਗੁਰਚਰਨ ਸਿੰਘ ਟੋਹੜਾ, ਸ. ਸੁਰਜੀਤ ਸਿੰਘ ਬਰਨਾਲਾ, ਸ. ਸੀਵਨ ਸਿੰਘ ਉਮਰਾਨੰਗਲ, ਸ. ਗੁਰਮੀਤ ਸਿੰਘ ਬਰਾੜ, ਡਾ. ਭਗਤ ਸਿੰਘ, ਸ. ਬਲਵੰਤ ਸਿੰਘ, ਸ. ਗਿਆਨ ਸਿੰਘ ਰਾੜੇਵਾਲਾ, ਸ. ਅਮਰ ਸਿੰਘ ਅੰਬਾਲਵੀ, ਸ. ਪ੍ਰੇਮ ਸਿੰਘ ਲਾਲਪੁਰਾ, ਸ. ਜਸਵਿੰਦਰ ਸਿੰਘ ਬਰਾੜ, ਸ. ਭਾਗ ਸਿੰਘ ਅਤੇ ਮੇਜਰ ਜਨਰਲ ਸ. ਗੁਰਬਖਸ਼ ਸਿੰਘ ਮੈਂਬਰ ਲਏ ਗਏ ਅਤੇ ਇਨ੍ਹਾਂ ਦੇ ਮੁੱਖ ਸਲਾਹਕਾਰ ਪ੍ਰਸਿੱਧ ਸਿੱਖ ਵਿਦਵਾਨ ਸਰਦਾਰ ਕਪੂਰ ਸਿੰਘ ਆਈ.ਸੀ.ਐਸ. ਸਨ। ਸ੍ਰੀ ਅੰਮ੍ਰਿਤਸਰ, ਚੰਡੀਗੜ੍ਹ ਆਦਿ ਥਾਵਾਂ 'ਤੇ 10 ਮੀਟਿੰਗਾਂ ਹੋਈਆਂ। ਅਧੀਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਪਵਿੱਤਰ ਸ਼ਹਿਰ ਅਤੇ ਖ਼ਾਲਸੇ ਦਾ ਸਾਜਨਾ ਅਸਥਾਨ ਹੋਣ ਕਰਕੇ ਸਿੱਖ ਕੌਮ ਵੱਲੋਂ ਸੰਤਿਕਾਰੇ ਜਾਂਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਸ ਖਰੜੇ ਦੀ ਸੰਪੂਰਨਤਾ ਹੋਈ ਅਤੇ 17 ਅਕਤੂਬਰ, 1973 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਕਰਨੀ ਕਮੇਟੀ ਦੀ ਬੈਠਕ ਵਿੱਚ ਇਸ ਖਰੜੇ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਇਸ ਕਰਕੇ ਇਸ ਨੂੰ "ਅਨੰਦਪੁਰ ਸਾਹਿਬ ਦਾ ਮਤਾ" ਕਿਹਾ ਜਾਣ ਲੱਗਾ।

ਜਿਸਦਾ ਉਲੱਖ ਇਸ ਤਰ੍ਹਾਂ ਹੈ:

(ੳ) ਸਿਧਾਂਤ

1. ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਸ਼ਮੁੱਚੀ ਮਰਜ਼ੀ ਦਾ ਇੱਕੋ-ਇੱਕ ਪ੍ਰਗਟਾਉ ਹੈ ਤੇ ਪੰਥ ਦੀ ਪ੍ਰਤੀਨਿਧਤਾ ਕਰਨ ਲਈ ਪੂਰਾ ਅਧਿਕਾਰ ਰਖਦਾ ਹੈ। ਇਸ ਜਥੇਬੰਦੀ ਦੀ ਬੁਨਿਆਦ ਮਨੁੱਖਾਂ ਦੇ ਆਪਸੀ ਸਬੰਧ, ਮਨੁੱਖੀ ਗਤੀ ਅਤੇ ਮਨੁੱਖ ਦੇ ਪਰਮ-ਤੱਤ ਨਾਲ ਸਬੰਧਾਂ ਉੱਤੇ ਰੱਖੀ ਗਈ ਹੈ।

2. ਇਹ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਤ੍ਰੈ ਉਪਦੇਸ਼ "ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ" ਦੀਆਂ ਲੀਹਾਂ ਉੱਤੇ ਅਧਾਰਿਤ ਹਨ।

(ਅ) ਮਨੋਰਥ

ਸ਼੍ਰੋਮਣੀ ਅਕਾਲੀ ਦਲ ਹੇਠ ਲਿਖੇ ਮੰਤਵਾਂ ਦੀ ਪੂਰਤੀ ਲਈ ਸਦਾ ਤਤਪਰ ਰਹੇਗਾ।

1. ਗੁਰਮਤਿ ਤੇ ਰਹਿਤ ਮਰਯਾਦਾ ਦਾ ਪ੍ਰਚਾਰ ਅਤੇ ਨਾਸਤਿਕਤਾ ਤੇ ਮਨਮੱਤ ਦਾ ਪ੍ਰਹਾਰ।

2. ਸਿੱਖਾਂ ਵਿੱਚ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣਾ ਅਤੇ ਅਜਿਹਾ ਦੇਸ਼-ਕਾਲ ਘੜਨਾ, ਜਿਸ ਵਿੱਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਉ ਪੂਰਨ ਤੌਰ 'ਤੇ ਮੁਰਤੀਮਾਨ ਤੇ ਪ੍ਰਫੁਲਿਤ ਹੋ ਸਕੇ।

3. ਕੰਗਾਲੀ, ਭੁੱਖ-ਨੰਗ ਤੇ ਥੁੜ੍ਹ ਨੂੰ ਦੂਰ ਕਰਨਾ, ਨਿਆਂਕਾਰ ਤੇ ਚੰਗੇ ਨਿਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਤੇ ਉਪਜ ਨੂੰ ਵਧਾਉਣਾ ਤੇ ਮੌਜੂਦਾ ਕਾਣੀ-ਵੰਡ ਤੇ ਲੁੱਟ-ਘਸੁੱਟ (ਔਕਸ-ਪਲਾਇਟੇਸ਼ਨ) ਨੂੰ ਦੂਰ ਕਰਨਾ।

4. ਗੁਰਮਤਿ ਆਸ਼ੇ ਅਨੁਸਾਰ ਅਨਪੜ੍ਹਤਾ, ਛੂਤ-ਛਾਤ ਤੇ ਜਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ।

5. ਮੰਦੀ ਸਿਹਤ ਤੇ ਬੀਮਾਰੀ ਨੂੰ ਦੂਰ ਕਰਨ ਦੇ ਉਪਾਉ, ਨਸ਼ਿਆਂ ਦੀ ਨਿਖੇਧੀ ਅਤੇ ਬੰਦਸ਼, ਤੇ ਸਰੀਰਕ ਅੰਗਹੀਣਤਾ ਦਾ ਵਾਧਾ, ਜਿਸ ਨਾਲ ਕੌਮ ਵਿੱਚ ਉਤਸ਼ਾਹ ਜਾਗੇ ਤੇ ਉਹ ਕੌਮੀ ਬਚਾਉ ਲਈ ਤਿਆਰ ਹੋ ਸਕੇ।

Scanned with CamScanner

ਅੰਕ ਪਹਿਲਾ

ਅਕਾਲੀ ਦਲ, ਸਿੱਖਾਂ ਵਿੱਚ ਧਰਮ-ਭਾਵ ਪੈਦਾ ਕਰਨਾ ਤੇ ਉਹਨਾਂ ਵਿੱਚ ਸਿੱਖ ਹੋਣ ਉੱਤੇ ਫ਼ਖਰ ਪੈਦਾ ਕਰਨਾ ਆਪਣਾ ਮੁੱਖ ਮਨੋਰਥ ਸਮਝਦਾ ਹੈ, ਜਿਸ ਦੀ ਪੂਰਤੀ ਲਈ ਅਕਾਲੀ ਦਲ ਹੇਠ ਲਿਖਿਆ ਪ੍ਰੋਗਰਾਮ ਵਰਤੋਂ ਵਿੱਚ ਲਿਆਏਗਾ:

(ੳ) ਵਾਹਿਗੁਰੂ ਦੀ ਵਾਹਿਦ ਹਸਤੀ ਦਾ ਪ੍ਰਚਾਰ ਕਰਨਾ, ਨਾਮ ਸਿਮਰਨ ਤੇ ਗੁਰਬਾਣੀ ਦਾ ਪ੍ਰਵਾਹ ਚਲਾਉਣਾ, ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਦ੍ਰਿੜ੍ਹ ਨਿਸਚਾ ਕਰਾਉਣਾ ਤੇ ਉਹਨਾਂ ਉਪਦੇਸ਼ਾਂ ਦੀ ਵਾਕਫੀ ਤੇ ਉਨ੍ਹਾਂ ਉੱਤੇ ਅਮਲ ਕਰਾਉਣ ਲਈ ਯਤਨ ਕਰਨਾ।

(ਅ) ਗੁਰਮਤਿ, ਸਿੱਖ ਫ਼ਲਸਫਾ, ਰਹਿਤ ਮਰਯਾਦਾ ਤੇ ਕੀਰਤਨ ਆਦਿ ਦੇ ਪ੍ਰਚਾਰ ਨੂੰ ਕਾਮਯਾਬੀ ਨਾਲ ਚਲਾਉਣ ਲਈ ਸਿੱਖ ਮਿਸ਼ਨਰੀ ਕਾਲਜ ਵਿੱਚੋਂ ਪ੍ਰਚਾਰਕ ਤੇ ਚੰਗੇ ਰਾਗੀ, ਢਾਡੀ, ਕਵੀਸ਼ਰ ਪੈਦਾ ਕਰਨੇ ਤਾਂ ਕਿ ਦੇਸ਼ ਤੇ ਪ੍ਰਦੇਸ਼ ਵਿੱਚ ਕਾਲਜਾਂ ਤੇ ਸਕੂਲਾਂ ਵਿੱਚ, ਪਿੰਡਾਂ ਤੇ ਸ਼ਹਿਰਾਂ ਵਿੱਚ, ਗੋਇਆ ਕਿ ਹਰ ਥਾਂ ਲਈ ਪ੍ਰਚਾਰ ਦੀ ਜੋਗਤਾ ਰੱਖਣ ਵਾਲੇ ਸੱਜਣ ਤਿਆਰ ਕੀਤੇ ਜਾ ਸਕਣ।

(ੲ) ਵੱਡੇ ਪੈਮਾਨੇ ਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਬੰਧ ਕਰਨਾ, ਕਾਲਜਾਂ ਅਤੇ ਸਕੂਲਾਂ ਵਿਖੇ ਇਸ ਸਬੰਧ ਵਿੱਚ ਪੂਰਾ ਤਾਣ ਲਾਉਣਾ ਅਤੇ ਇਸ ਮਨੋਰਥ ਨੂੰ ਸਾਹਮਣੇ ਰੱਖ ਕੇ ਕਾਲਜਾਂ ਦੇ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੇ ਬਾਕਾਇਦਾ ਸਟੱਡੀ ਸਰਕਲ ਲਾਉਣ ਦਾ ਪ੍ਰਬੰਧ ਕਰਨਾ।

(ਸ) ਸਿੱਖਾਂ ਵਿੱਚ ਦਸਵੰਧ ਦਾ ਰਿਵਾਜ ਮੁੜ ਸੁਰਜੀਤ ਕਰਨਾ।

(ਹ) ਸਿੱਖ ਧਰਮ ਤੇ ਇਤਿਹਾਸ ਦੇ ਵਿਦਵਾਨਾਂ, ਲਿਖਾਰੀਆਂ, ਪ੍ਰਚਾਰਕਾਂ, ਗ੍ਰੰਥੀ ਆਦਿ ਦਾ ਕੌਮ ਵੱਲੋਂ ਵੱਧ ਤੋਂ ਵੱਧ ਆਦਰ ਕਰਨ ਲਈ ਪ੍ਰਚਾਰ ਕਰਨਾ ਅਤੇ ਉਨ੍ਹਾਂ ਦੇ ਰੁਤਬੇ, ਸਿਖਲਾਈ ਅਤੇ ਰਹਿਣੀ ਦਾ ਮਿਆਰ ਉੱਚਾ ਕਰਨ ਲਈ ਯਤਨ ਕਰਨਾ।

(ਕ) ਗੁਰਦੁਆਰਾ ਪ੍ਰਬੰਧ ਨੂੰ ਵਧੇਰੇ ਸੋਹਣਾ ਬਨਾਉਣ ਲਈ ਯਤਨ ਕਰਨਾ ਤੇ ਗੁਰਦੁਆਰਾ ਕਰਮਚਾਰੀਆਂ ਦੀ ਸਿਖਲਾਈ ਲਈ ਪ੍ਰਬੰਧ ਕਰਨਾ, ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੰਭਾਲ ਕਰਾਉਣੀ। ਇਸ ਸਬੰਧ ਵਿੱਚ ਸਮੇਂ-ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਕਮੇਟੀਆਂ ਵਿੱਚ ਆਪਣੇ ਪ੍ਰਤੀਨਿਧਾਂ ਨੂੰ ਯੋਗ ਹਦਾਇਤਾਂ ਭੇਜਦੇ ਰਹਿਣਾ।

(ਖ) ਗੁਰਬਾਣੀ ਦੀ ਸ਼ੁੱਧ ਛਪਾਈ, ਪੁਰਾਣੇ ਤੇ ਨਵੀਨ ਸਿੱਖ ਇਤਿਹਾਸ ਦੀ ਖੋਜ, ਸੰਭਾਲ ਤੇ ਪ੍ਰਕਾਸ਼ਨਾ, ਗੁਰਬਾਣੀ ਦਾ ਹੋਰ ਬੋਲੀਆਂ ਵਿੱਚ ਉਲੱਥਾ, ਸਿੱਖ ਸਿਧਾਂਤ ਬਾਰੇ ਵਧੀਆ ਸਾਹਿਤ ਤਿਆਰ ਕਰਨ ਲਈ ਪ੍ਰਬੰਧ ਕਰਨਾ।

(ਗ) ਇੱਕ ਨਵਾਂ ਸਰਬ-ਹਿੰਦ ਗੁਰਦੁਆਰਾ ਕਾਨੂੰਨ ਬਨਾਉਣ ਦੇ ਯਾਨ੍ਹ ਬੰਨ੍ਹਣਾ, ਜਿਸ ਨਾਲ ਕਿ ਦੇਸ਼ ਭਰ ਦੇ ਗੁਰਦੁਆਰਿਆਂ ਦਾ ਪ੍ਰਬੰਧ ਵਧੇਰੇ ਸੁਚੱਜਾ ਤੇ ਸ਼ੋਭਾ-ਜਨਕ ਹੋ ਸਕੇ ਅਤੇ ਜਿਸ ਨਾਲ ਸਿੱਖ ਪੰਥ ਪ੍ਰਾਚੀਨ ਪ੍ਰਚਾਰ ਕਰਨ ਵਾਲੀਆਂ ਸੰਪ੍ਰਦਾਵਾਂ, ਜਿਹਾ ਕਿ ਉਦਾਸੀ, ਨਿਰਮਲੇ ਆਦਿ ਮੁੜ ਸਮੁੱਚੇ ਸਿੱਖ ਸਮਾਜ ਦਾ ਅਨਿੱਖੜਵਾਂ ਅੰਗ ਬਣ ਜਾਣ, ਪੰਰਤੂ ਉਨ੍ਹਾਂ ਡੇਰਿਆਂ ਦੀਆਂ ਜਾਇਦਾਦਾਂ ਇਨ੍ਹਾਂ ਸੰਪ੍ਰਦਾਵਾਂ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਰਹਿਣ।

(ਘ) ਸਾਰੇ ਸੰਸਾਰ ਦੇ ਸਮੂਹ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਇੱਕ ਲੜੀ ਵਿੱਚ ਪ੍ਰੋ ਕੇ ਸਾਰੇ ਖ਼ਾਲਸਾ ਪੰਥ ਦੇ ਧਰਮ ਅਸਥਾਨਾਂ ਦੀ ਰਹੁ-ਰੀਤ ਨੂੰ ਇਕ ਸਾਰ ਕਰਨ ਅਤੇ ਪ੍ਰਚਾਰ ਦੇ ਸਾਧਨਾਂ ਨੂੰ ਜ਼ੁਰਵਾਂ ਤੇ ਅਸਰ ਭਰਪੂਰ ਬਨਾਉਣ ਦਾ ਪ੍ਰਬੰਧ ਕਰਨਾ।

(ਙ) ਸ੍ਰੀ ਨਨਕਾਣਾ ਸਾਹਿਬ ਅਤੇ ਉਨ੍ਹਾਂ ਹੋਰ ਸਮੂਹ ਗੁਰਦੁਆਰਿਆਂ ਤੇ ਗੁਰਧਾਮਾਂ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਪ੍ਰਬੰਧ ਸਮੂਹ ਸਿੱਖਾਂ ਲਈ ਹਾਸਲ ਕਰਨ ਦੇ ਯਤਨ ਕਰਨਾ।

ਰਾਜਸੀ ਨਿਸ਼ਾਨਾ

ਪੰਥਕ ਰਾਜਸੀ ਨਿਸ਼ਾਨਾ ਨਿਸਚੇ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ ਸਿੱਖ ਇਤਿਹਾਸ ਦੀ

Scanned with CamScanner



ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜ ਚੜ੍ਹਾਉਣ ਵਾਲੇ ਤਿੰਨੇ ਫੌਜੀ ਜਰਨੈਲ ਏ.ਐਸ. ਵੈਦਿਆ, ਕੁਲਦੀਪ ਬਰਾੜ ਆਦਿ।



ਜੂਨ 1984 ਵਿੱਚ ਭਾਰਤ ਫੌਜ ਦੀ ਅਗਵਾਈ ਕਰਨ ਵਾਲੇ ਜਰਨਲ ਏ.ਐੱਸ.ਵੈਦਿਆ ਨੂੰ ਸੋਧਣ ਵਾਲੇ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ।

ਸ਼ੁਹਿਰਦ ਸੰਤ ਖ਼ਾਲਸਾ


Scanned with CamScanner



ਜੂਨ 1984 ਦੌਰਾਨ ਹਮਲਾਵਰ ਭਾਰਤੀ ਫੌਜਾਂ ਦਾ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਮੁਕਾਬਲਾ ਕਰਦੇ ਹੋਏ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਬਣਾਈ ਗਈ ਯਾਦਗਾਰ।

ਸੁਹਿਰਦ ਸੰਤ ਖ਼ਾਲਸਾ

Scanned with CamScanner



ਦਮਦਮੀ ਟਕਸਾਲ ਦਾ ਕੇਂਦਰੀ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ।



ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ, ਮੁਖੀ ਦਮਦਮੀ ਟਕਸਾਲ

Scanned with CamScanner



ਸ਼ਹੀਦ ਭਾਈ ਦਲਬੀਰ ਸਿੰਘ ਅਭਿਆਸੀ



ਸ਼ਹੀਦ ਭਾਈ ਸੁਰਿੰਦਰ ਸਿੰਘ ਸੋਢੀ



ਸ਼ਹੀਦ ਭਾਈ ਜੁਗਿੰਦਰ ਸਿੰਘ
ਚੱਕ ਰਾਜੂ



ਸ਼ਹੀਦ ਭਾਈ ਗੁਰਮੁਖ ਸਿੰਘ ਗੜਵਈ

Scanned with CamScanner

ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ ਮੰਦਰ' ਵਿੱਚ ਉੱਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਕਸਦ "ਖ਼ਾਲਸਾ ਜੀ ਦੇ ਬੋਲ ਬਾਲੇ" ਹੈ।

ਖ਼ਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼-ਕਾਲ ਤੇ ਰਾਜਸੀ ਵਿਧਾਨ ਦੀ ਸਿਰਜਣਾ ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।

ਇਸ ਪ੍ਰਯੋਜਨ ਦੀ ਪੂਰਤੀ ਲਈ

1. ਸ਼੍ਰੋਮਣੀ ਅਕਾਲੀ ਦਲ ਹਰ ਸੰਭਵ ਤਰੀਕੇ ਨਾਲ ਯਤਨ ਤੇ ਜੱਦੋ-ਜਹਿਦ ਕਰੇਗਾ ਕਿ:

(ੳ) ਜਿਹੜੇ ਰਕਬੇ ਤੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਤੇ ਜਾਣ ਬੁੱਝ ਕੇ ਪੰਜਾਬੋਂ ਬਾਹਰ ਰੱਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਵਿਚੋਂ ਡਲਹੌਜ਼ੀ, ਅੰਬਾਲਾ ਜਿਲ੍ਹੇ ਦਾ ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿਕ ਹੁਸ਼ਿਆਰਪੁਰ ਜਿਲ੍ਹੇ ਦੀ ਸਾਰੀ ਊਨਾ ਤਹਿਸੀਲ ਨਾਲਾਗੜ੍ਹ ਦਾ 'ਦੇਸ਼' ਨਾਮੀ ਇਲਾਕਾ, ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਗੂਹਲਾ ਬਲਾਕ ਤੇ ਹਿਸਾਰ ਜ਼ਿਲ੍ਹੇ ਦੀ ਟੋਹਾਨਾ ਸਬ-ਤਹਿਸੀਲਾਂ, ਰਤੀਆ ਬਲਾਕ ਤੇ ਸਰਸੇ ਦੀ ਤਹਿਸੀਲ ਅਤੇ ਇਹਨਾਂ ਦੇ ਨਾਲ ਲਗਦੇ ਪੰਜਾਬੀ ਬੋਲਦੇ ਤੇ ਸਿੱਖ ਵਸੋਂ ਦੇ ਹੋਰ ਸਾਰੇ ਇਲਾਕੇ ਤੁਰੰਤ ਪੰਜਾਬ ਵਿੱਚ ਆ ਜਾਣ ਅਤੇ ਇੱਕੋ ਇੰਤਜ਼ਾਮੀਆ ਇਕਾਈ ਬਣ ਜਾਣ, ਜਿਸ ਵਿੱਚ ਸਿੱਖੀ ਦੇ ਹਿਤ ਵਿਸ਼ੇਸ਼ ਸੁਰੱਖਿਅਤ ਰਹਿਣ।

(ਅ) ਇਸ ਨਵੇਂ ਪੰਜਾਬ ਤੋਂ ਦੇਸ਼ ਦੇ ਹੋਰ ਸੂਬਿਆਂ ਵਿੱਚ ਕੇਂਦਰ ਦਾ ਦਖਲ ਕੇਵਲ ਦੇਸ਼ ਦੇ ਡੀਫੈਂਸ, ਪ੍ਰਦੇਸੀ ਮਾਮਲਿਆਂ, ਤਾਰ, ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੀਕ ਸੀਮਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿੱਚ ਹੋਣ, ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨ ਆਪ ਬਨਾਉਣ ਦਾ ਪੂਰਨ ਅਧਿਕਾਰ ਹੋਵੇ। ਇਹਨਾਂ ਕੇਂਦਰੀ ਮਹਿਕਮਿਆਂ ਲਈ ਲੋੜੀਂਦੇ ਫਾਈਨੈਂਨਸ ਵੀ ਪੰਜਾਬ ਆਪਣਾ ਕੋਟਾ, ਪਾਰਲੀਮੈਂਟ ਵਿੱਚ ਆਪਣੇ ਨੁਮਾਇੰਦਿਆਂ ਦੀ ਗਿਣਤੀ ਤੇ ਤਨਾਸਬ ਅਨੁਸਾਰ ਖੁਦ ਆਪ ਹੀ ਅਦਾ ਕੀਤਾ ਕਰੇ।

(ਏ) ਪੰਜਾਬੋਂ ਬਾਹਰ ਵਸਣ ਵਾਲੀ ਸਿੱਖ ਵਸੋਂ ਅਤੇ ਹੋਰ ਧਾਰਮਕ ਘੱਟ ਗਿਣਤੀਆਂ ਦੀ ਮੁਅਸਰ ਤਹੱਫ਼ਜ਼ਾਤ (ਸੁਰੱਖਿਆ) ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ।

2. ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿੱਚ ਫੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿੱਚ ਬਰਾਬਰ ਦਾ ਅਧਿਕਾਰ ਤੇ ਨੁਮਾਇੰਦਗੀ ਹੋਵੇ।

3. ਸ਼੍ਰੋਮਣੀ ਅਕਾਲੀ ਦਲ, ਕਾਂਗਰਸੀ ਸਰਕਾਰ ਦੀ ਉਲੀਕੀ ਹੋਈ ਭਾਰਤ ਦੀ ਮੌਜੂਦਾ ਵਿਦੇਸ਼ੀ ਪਾਲਿਸੀ ਨੂੰ ਸਖਤ ਨਖਿੱਧ, ਨਿਕੰਮੀ ਅਤੇ ਦੇਸ਼, ਕੌਮ ਤੇ ਇਨਸਾਨੀਅਤ ਲਈ ਹਾਨੀਕਾਰਕ ਸਮਝਦਾ ਹੈ। ਸ਼੍ਰੋਮਣੀ ਅਕਾਲੀ ਦਲ ਭਾਰਤ ਦੀ ਅਜਿਹੀ ਵਿਦੇਸ਼ੀ ਨੀਤੀ ਦੀ ਹਮਾਇਤ ਕਰੇਗਾ ਜੋ ਅਮਨ ਪਸੰਦੀ ਉਤੇ ਅਧਾਰਿਤ ਅਤੇ ਕੌਮੀ ਮੁਫ਼ਾਦ ਦੇ ਅਨੁਕੂਲ ਹੋਵੇ ਅਤੇ ਖਾਸ ਕਰਕੇ ਭਾਰਤ ਦੇ ਸਾਰੇ ਗਵਾਂਢੀ ਦੇਸ਼ਾਂ ਨਾਲ ਤੇ ਸਿੱਖ ਵਸੋਂ ਵਾਲੇ ਤੇ ਸਿੱਖ ਗੁਰਧਾਮਾਂ ਵਾਲੇ ਦੇਸ਼ਾਂ ਨਾਲ ਪ੍ਰੇਮ ਤੇ ਸਦ-ਭਾਵਨਾ ਵਾਲੀ ਹੋਵੇ। ਸ਼੍ਰੋਮਣੀ ਅਕਾਲੀ ਦਲ ਦੀ ਇਹ ਨੀਤੀ ਹੈ ਕਿ ਸਾਡੀ ਵਿਦੇਸ਼ ਨੀਤੀ ਕਿਸੇ ਹੋਰ ਦੇਸ਼ ਦੀ ਨੀਤੀ ਨਾਲ ਗਲਜੋਟੀ ਹੋਈ ਨਾ ਹੋਵੇ।

4. ਕੇਂਦਰੀ ਤੇ ਸੂਬਾ ਸਰਕਾਰਾਂ ਦੇ ਸਾਰੇ ਸਿੱਖ ਤੇ ਹੋਰ ਮੁਲਾਜ਼ਮਾਂ ਨੂੰ ਹਰ ਇਨਸਾਫ ਦਿਵਾਉਣਾ ਅਤੇ ਉਹਨਾਂ ਵਿੱਚੋਂ ਕਿਸੇ ਨਾਲ ਵੀ ਕੋਈ ਧੱਕਾ ਜਾਂ ਬੇਇਨਸਾਫੀ ਹੋਵੇ ਉਸ ਵਿਰੁੱਧ ਪੁਰ-ਅਸਰ ਆਵਾਜ਼ ਉਠਾਉਣਾ ਅਤੇ ਜੱਦੋ-ਜਹਿਦ ਕਰਨਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਦਾ ਇਕ ਖਾਸ ਅੰਗ ਹੈ। ਸ਼੍ਰੋਮਣੀ ਅਕਾਲੀ ਦਲ ਖਾਸ ਕਰਕੇ ਮਹਿਕਮਾ ਡੀਫੈਂਸ ਦੀ ਹਰ ਬਾਹੀ ਵਿੱਚ ਸਿੱਖਾਂ ਦੀ ਰਿਵਾਇਤੀ ਪੋਜ਼ੀਸ਼ਨ ਕਾਇਮ ਰੱਖਣ ਲਈ ਯਤਨ ਕਰੇਗਾ ਅਤੇ ਫੌਜੀ ਸਿੱਖਾਂ ਦੀਆਂ ਲੋੜਾਂ ਪੰਥ ਦੇ ਵੱਧ ਤੋਂ ਵੱਧ ਧਿਆਨ ਵਿੱਚ ਰਹਿਣ। ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ 'ਕ੍ਰਿਪਾਨ' ਸਿੱਖ ਫੌਜੀਆਂ ਦੀ ਵਰਦੀ ਦਾ ਇਕ ਹਿੱਸਾ ਬਣ ਜਾਵੇ।

5. ਮਹਿਕਮਾ ਡੀਫੈਂਸ ਦੇ ਸਾਬਕਾ ਕਰਮਚਾਰੀਆਂ ਨੂੰ ਸਿਵਲ ਜ਼ਿੰਦਗੀ ਵਿੱਚ ਮੁੜ ਸ਼ਾਮਲ ਹੋਣ ਲਈ ਬਿਹਤਰ ਹਾਲਾਤ ਪੈਦਾ ਕਰਨੇ ਤੇ ਮਾਕੂਲ ਰਿਆਇਤਾਂ ਅਤੇ ਮੁਨਾਸਬ ਤਹੱਫ਼ਜ਼ਾਤ ਦਿਵਾਉਣਾ ਅਤੇ ਉਹਨਾਂ ਦੇ ਹੱਕਾਂ, ਸਵੈ-ਸਤਿਕਾਰ ਅਤੇ ਸਵੈ-ਅਭਿਮਾਨ ਦੀ ਰਾਖੀ ਲਈ ਉਹਨਾਂ ਨੂੰ ਜਥੇਬੰਦ ਕਰਨਾ ਅਤੇ ਉਹਨਾਂ ਦੀ ਆਪਣੀ

Scanned with CamScanner

ਅਵਾਜ਼ ਨੂੰ ਪੁਰ-ਅਸਰ ਬਨਾਉਣ ਲਈ ਯਤਨ ਕਰਨਾ, ਸ਼੍ਰੋਮਣੀ ਅਕਾਲੀ ਦਲ ਆਪਣਾ ਪਰਮ ਕਰਤੱਵ ਸਮਝਦਾ ਹੈ।

6. ਸ਼੍ਰੋਮਣੀ ਅਕਾਲੀ ਦਲ ਦਾ ਵਿਚਾਰ ਹੈ ਕਿ ਹਰ ਇਸਤਰੀ ਪੁਰਸ਼ ਲਈ ਜਿਸ ਨੂੰ ਕਿਸੇ ਇਖਲਾਕੀ ਜੁਰਮ ਵਿੱਚ ਅਦਾਲਤ ਵਲੋਂ ਕੋਈ ਸਜ਼ਾ ਨਾ ਦਿੱਤੀ ਗਈ ਹੋਵੇ, ਛੋਟੇ ਸ਼ਸਤਰ ਰਿਵਾਲਵਰ, ਬੰਦੂਕ ਤਥਾ ਪਿਸਤੌਲ, ਰਾਈਫਲ ਤੇ ਕਾਰਬਾਈਨ ਤੇ (ਸਮਾਲ ਆਰਮਜ਼) ਆਦਿਕ ਰੱਖਣ ਦੀ ਪੂਰੀ ਖੁੱਲ੍ਹ ਹੋਵੇ ਤੇ ਕੋਈ ਲਾਇਸੈਂਸ ਲੈਣ ਦੀ ਲੋੜ ਨਾ ਹੋਵੇ, ਕੇਵਲ ਰਜਿਸਟਰੇਸ਼ਨ ਕਾਫੀ ਸਮਝੀ ਜਾਵੇ।

7. ਸ਼੍ਰੋਮਣੀ ਅਕਾਲੀ ਦਲ ਸ਼ਰਾਬ ਤੇ ਹੋਰ ਨਸ਼ਿਆਂ ਦੀ ਮਨਾਹੀ ਚਾਹੁੰਦਾ ਹੈ ਅਤੇ ਪਬਲਿਕ ਥਾਵਾਂ ਤੇ ਨਸ਼ਿਆਂ ਦੀ ਵਰਤੋਂ ਤੇ ਤਮਾਕੂ ਪੀਣ ਦੀ ਮਨਾਹੀ ਦਾ ਮੁਦੱਈ ਹੈ ਅਤੇ ਇਸ ਤੇ ਪਾਬੰਦੀ ਲਈ ਯਤਨ ਕਰੇਗਾ।

ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਨੇ ਆਰਥਕ ਪਾਲਿਸੀ, ਖੇਤੀਬਾੜੀ ਖੇਤਰ, ਉਦਯੋਗ ਨੀਤੀ, ਬੇਰੁਜ਼ਗਾਰੀ, ਵਿੱਦਿਅਕ ਤੇ ਸੱਭਿਆਚਾਰ ਆਦਿ ਦਾ ਵਿਸਥਾਰ ਸਹਿਤ ਖੁਦ ਮੁਖਤਿਆਰ ਏਜੰਡਾ ਤਿਆਰ ਕੀਤਾ। ਜਿਸ ਦੀ ਪ੍ਰਾਪਤੀ ਲਈ ਧਰਮ ਯੁੱਧ ਮੋਰਚਾ ਲਾਇਆ ਗਿਆ ਸੀ।

ਕੋਈ ਵੀ ਨਿਰਪੱਖ ਵਿਦਵਾਨ ਅਨੰਦਪੁਰ ਦੇ ਮਤੇ ਦੀ ਸਮੁੱਚੀ ਘੋਖ ਕਰਕੇ ਵੇਖ ਲਵੇ ਇਸ ਵਿੱਚ ਕਿਸੇ ਵੀ ਕਿਸਮ ਦੀ ਅਲੱਗਾਵਾਦ ਜਾਂ ਦੇਸ਼ ਨੂੰ ਤੋੜਨ ਦੀ ਕਿਧਰੇ ਵੀ ਝਲਕ ਨਹੀਂ ਪਵੇਗੀ ਬਲਕਿ ਸਮੁੱਚੇ ਦੇਸ਼ ਦੇ ਸੂਬਿਆਂ ਲਈ ਵੱਧ ਅਧਿਕਾਰਾਂ ਅਤੇ ਖੁਦ ਮੁਖਤਿਆਰੀ ਸਿਸਟਮ ਦੀ ਵਕਾਲਤ ਕੀਤੀ ਗਈ ਹੈ।

ਬਾਬਾ ਠਾਕੁਰ ਸਿੰਘ ਜੀ ਨੇ ਟਕਸਾਲ ਨੂੰ ਫਿਰ ਤੋਂ ਸੰਗਠਤ ਤੇ ਸਰਗਰਮ ਕੀਤਾ

ਕੌਮ 'ਤੇ ਜਦੋਂ ਵੀ ਕੋਈ ਵੱਡਾ ਘੱਲੂਘਾਰਾ ਵਾਪਰਦਾ ਹੈ ਤਾਂ ਉਸ ਨੂੰ ਫਿਰ ਤੋਂ ਸੰਭਲਣ ਲਈ ਸਮਾਂ ਲੱਗਦਾ ਹੈ। ਸਿੱਖ ਕੌਮ ਨੇ ਕੁੱਪ ਰੋਹੀੜਾ ਤੇ ਕਾਹਨੂੰਵਾਨ ਛੰਭ-ਦੇ ਘੱਲੂਘਾਰੇ ਪਹਿਲਾਂ ਵੀ ਹੰਢਾਏ ਹਨ ਜਿਨ੍ਹਾਂ ਵਿੱਚੋਂ ਉਭਰਨ ਲਈ ਕਾਫੀ ਸਮਾਂ ਲੱਗਾ ਸੀ। ਇਹ ਤੀਜਾ ਘੱਲੂਘਾਰਾ ਸਮੁੱਚੀ ਸਿੱਖ ਕੌਮ ਦੀ ਸੋਚ ਨੂੰ ਖਤਮ ਕਰਨ ਦੇ ਨਾਲ-ਨਾਲ ਦਮਦਮੀ ਟਕਸਾਲ ਦੀ ਹੋਂਦ ਨੂੰ ਖਤਮ ਕਰਨ ਦਾ ਹਿੰਦ ਸਰਕਾਰ ਵੱਲੋਂ ਕੀਤਾ ਗਿਆ ਕੋਝਾ ਤਹੱਈਆ ਸੀ ਜਿਸ ਕਾਰਨ ਭਾਵੇਂ ਬਾਬਾ ਠਾਕੁਰ ਸਿੰਘ ਜੀ ਨੂੰ ਵੀ ਕੁੱਝ ਸਮਾਂ ਗੁਪਤਵਾਸ ਰਹਿਣਾ ਪਿਆ। ਟਕਸਾਲ ਦੇ ਬਹੁਤ ਸਾਰੇ ਜ਼ਿੰਮੇਵਾਰ ਸਿੰਘ ਇਸ ਘੱਲੂਘਾਰੇ ਵਿੱਚ ਸ਼ਹਾਦਤਾਂ ਪਾ ਗਏ, ਕੁੱਝ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਸਨ ਤੇ ਕੁੱਝ ਗੁਪਤਵਾਸ ਵੀ ਸਨ। ਇੱਕ ਤਰ੍ਹਾਂ ਦਮਦਮੀ ਟਕਸਾਲ ਦੇ ਕੇਂਦਰ ਨੂੰ ਸੁੰਨ ਵਿਰਾਨ ਬਣਾ ਦਿੱਤਾ ਗਿਆ ਸੀ। ਪਰ ਬਾਬਾ ਠਾਕੁਰ ਸਿੰਘ ਜੀ ਦੀ ਭਾਉ ਭਗਤੀ, ਕਰਨੀ, ਕਮਾਈ ਤੇ ਦਮਦਮੀ ਟਕਸਾਲ ਦੇ ਮੁਖੀ ਮਹਾਂਪੁਰਖਾਂ ਨਾਲ ਨਿਭਾਈ ਗਈ ਸੇਵਾ ਨੂੰ ਮੁੱਖ ਰਖਦਿਆਂ ਹੀ ਇੱਕ ਵਾਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਐਮਰਜੈਂਸੀ ਦੌਰਾਨ ਸਿੱਖੀ ਪ੍ਰਚਾਰ ਕਰਦਿਆਂ ਇਸ ਖਿਆਲ ਅਧੀਨ ਕਿ ਸਰਕਾਰ ਸਾਨੂੰ ਕਿਸੇ ਵੀ ਸਮੇਂ ਗ੍ਰਿਫਤਾਰ ਕਰ ਸਕਦੀ ਹੈ ਤਾਂ ਸੰਗਤਾਂ ਵਿੱਚ ਸੰਤਾਂ ਨੇ ਸਟੇਜ 'ਤੇ ਬੋਲਦਿਆਂ ਐਲਾਨ ਕਰ ਦਿੱਤਾ ਕਿ ਜੇ ਸਰਕਾਰ ਸਾਨੂੰ ਹੱਥ ਪਾਵੇ, ਗ੍ਰਿਫਤਾਰ ਕਰੇ ਤਾਂ ਸਾਡੇ ਪਿੱਛੋਂ ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਦੇ ਜ਼ਿੰਮੇਵਾਰ ਹਨ, ਉਹ ਜਿਨ੍ਹਾਂ ਨੂੰ ਮਰਜ਼ੀ ਅੱਗੇ ਸੇਵਾ ਸੰਭਾਲ ਦੇਣ। ਇਸੇ ਤਰ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਦੀ ਕੁਟਿਲ ਨੀਤੀ ਨੂੰ ਸਮਝਦਿਆਂ ਹੋਇਆਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਜਥਾ ਸੰਗਤ ਨੂੰ ਵੀ ਅਜਿਹੇ ਹੀ ਬਚਨ ਕਰਦਿਆਂ ਸੁਚੇਤ ਕੀਤਾ ਸੀ ਕਿ ਭਵਿੱਖ ਵਿੱਚ ਕਦੇ ਵੀ ਔਕੜਾਂ ਭਰਿਆ ਅਜਿਹਾ ਸਮਾਂ ਬਣੇ ਤਾਂ ਸਭ ਸਿੰਘਾਂ ਨੇ ਬਾਬਾ ਠਾਕੁਰ ਸਿੰਘ ਜੀ ਦੀ ਆਗਿਆ ਵਿੱਚ ਰਹਿਣਾ ਹੈ ਤੇ ਬਾਬਾ ਜੀ ਹੀ ਮੁੱਖ ਤੌਰ 'ਤੇ ਟਕਸਾਲ ਦੇ ਜ਼ਿੰਮੇਵਾਰ ਹੋਣਗੇ। ਉਹ ਜਿਸ ਨੂੰ ਚਾਹੁਣ ਅੱਗੇ ਤੋਂ ਟਕਸਾਲ ਦੀ ਸੇਵਾ ਸੰਭਾਲ ਸਕਦੇ ਹਨ। ਜਥਾ ਸੰਗਤ ਜਿੰਨਾ ਵੱਧ ਬਾਬਾ ਜੀ ਦੇ ਹੁਕਮ ਵਿੱਚ ਰਹੇਗੇ ਉਨੀ ਹੀ ਵੱਧ ਚੜ੍ਹਦੀ ਕਲਾ ਹੋਵੇਗੀ। ਇਸ ਕਾਰਨ ਜਥੇ ਦੇ ਸਿੰਘਾਂ ਤੇ ਟਕਸਾਲ ਨਾਲ ਸਬੰਧਤ ਸੰਗਤਾਂ ਦੇ ਮਨਾਂ ਵਿੱਚ ਬਾਬਾ ਠਾਕੁਰ ਸਿੰਘ ਜੀ ਪ੍ਰਤੀ ਬਹੁਤ ਸਤਿਕਾਰਤ ਭਾਵਨਾ ਬਣੀ ਹੋਈ ਸੀ। ਇਸ ਤਰ੍ਹਾਂ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਉਨ੍ਹਾਂ ਨੇ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਟਕਸਾਲ ਦੇ ਬਚੇ ਹੋਏ ਵਿਦਿਆਰਥੀਆਂ ਨੂੰ ਇਕੱਤਰ ਕੀਤਾ, ਵਿੱਦਿਆ ਦਾ ਪ੍ਰਬੰਧ ਕੀਤਾ, ਧਰਮ ਪ੍ਰਚਾਰ ਆਰੰਭਿਆ, ਸ਼ਹੀਦ ਪਰਿਵਾਰਾਂ ਦੇ ਘਰਾਂ ਵਿੱਚ ਜਾ-ਜਾ ਕੇ ਉਨ੍ਹਾਂ ਨੂੰ ਦਿਲਾਸਾ ਦਿੱਤਾ, ਜੇਲ੍ਹਾਂ ਵਿੱਚ ਬੰਦ

Scanned with CamScanner

ਸਿੰਘਾਂ ਦੇ ਕੇਸਾਂ ਦੀ ਪੈਰਵਾਈ ਕੀਤੀ ਤੇ ਸੰਤਾਂ ਦੇ ਸਤਿਕਾਰਯੋਗ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਦੀ ਸਲਾਹ ਤੇ ਸਹਿਯੋਗ ਨਾਲ ਸਿੱਖ ਸੰਗਤਾਂ ਵਿੱਚ ਉਤਸ਼ਾਹ ਭਰਨ ਲਈ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮੰਹਿਤਾ ਵਿਖੇ ਇੱਕ ਵੱਡੀ ਸ਼ਹੀਦੀ ਕਾਨਫਰੰਸ ਕੀਤੀ ਤੇ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ ਜਿਸ ਨਾਲ ਸਿੱਖ ਸੰਗਤਾਂ ਵਿੱਚ ਭਾਰੀ ਉਤਸ਼ਾਹ ਪੈਦਾ ਹੋਇਆ।

ਸੰਗਤਾਂ ਵਿੱਚੋਂ ਕੁੱਝ ਗੁਰਸਿੱਖਾਂ ਨੇ ਬਾਬਾ ਜੀ ਨੂੰ ਇਹ ਕਿਹਾ ਕਿ ਅਸੀਂ ਘੱਲੂਘਾਰੇ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਜਾਣਾ ਚਾਹੁੰਦੇ ਸਾਂ ਪਰ ਸਾਨੂੰ ਫੌਜ ਨੇ ਰਸਤੇ ਵਿੱਚ ਹੀ ਰੋਕ ਲਿਆ। ਇਸ ਤਰ੍ਹਾਂ ਅਸੀਂ ਇਸ ਸੇਵਾ ਵਿੱਚ ਕੋਈ ਹਿੱਸਾ ਨਹੀਂ ਪਾ ਸਕੇ। ਉਨ੍ਹਾਂ ਸਭ ਸੰਗਤਾਂ ਨੂੰ ਬਾਬਾ ਜੀ ਦਿਲਾਸਾ ਵੀ ਦਿੰਦੇ ਕਿ ਇਹ ਅਕਾਲ ਪੁਰਖ ਦੇ ਹੁਕਮ ਵਿੱਚ ਹੀ ਹੈ। ਤੁਸੀਂ ਵੱਧ ਤੋਂ ਵੱਧ ਬਾਣੀ ਪੜ੍ਹੋ, ਨਾਮ ਜਪੋ, ਰਹਿਤ ਵਿੱਚ ਤਿਆਰ-ਬਰ-ਤਿਆਰ ਰਹੋ, ਵਾਹਿਗੁਰੂ ਨੂੰ ਜਿਸ ਤਰ੍ਹਾਂ ਭਾਵੇਗਾ ਉਹ ਆਪੇ ਹੀ ਸੇਵਾ ਲੈ ਲੈਣਗੇ। ਬਾਬਾ ਜੀ ਆਪ ਵੀ ਹਮੇਸ਼ਾ ਬਾਣੀ ਪੜ੍ਹਦੇ ਰਹਿੰਦੇ ਜਾਂ ਸੇਵਾਦਾਰ ਸਿੰਘਾਂ ਕੋਲੋਂ ਬਾਣੀ ਸੁਣਦੇ ਰਹਿੰਦੇ। ਉਹ ਬਹੁਤ ਘੱਟ ਸੌਂਦੇ ਤੇ ਬਾਹਰੋਂ ਆਈਆਂ ਸੰਗਤਾਂ ਦੀ ਆਪਣੇ ਹੱਥੀਂ ਸੇਵਾ ਕਰਦੇ।

ਭਾਰਤ ਸਰਕਾਰ ਵੱਲੋਂ ਢਾਹੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਦੀ ਕਾਰਸੇਵਾ ਸਰਕਾਰੀ ਤੌਰ 'ਤੇ ਨਹਿੰਗ ਸਿੰਘ ਬਾਬਾ ਸੰਤਾ ਸਿੰਘ ਬੁੱਢਾ ਦਲ ਤੋਂ ਕਰਵਾ ਲਈ ਗਈ ਸੀ। ਜਿਸ ਨੂੰ ਸਿੱਖ ਪੰਥ ਨੇ ਪਰਵਾਨ ਨਾ ਕੀਤਾ। ਸਰੀਂ ਸਮੁੱਚੇ ਪੰਥ ਨੇ ਮਿਲ ਕੇ ਇਹ ਸੇਵਾ ਵੀ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਨੂੰ ਸੌਂਪੀ। ਬਾਬਾ ਜੀ ਨੇ ਕੁੱਝ ਹੋਰ ਕਾਰਸੇਵਾ ਵਾਲੇ ਸੰਤ ਮਹਾਂਪੁਰਖਾਂ ਨੂੰ ਨਾਲ ਲੈ ਕੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਦੀ ਕਾਰਸੇਵਾ ਕਰਵਾਈ। ਯਾਦ ਰਹੇ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਸਮੇਂ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਸਮੇਤ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖ ਕੇ ਜੋ ਛੋਟੀਆਂ ਇੱਟਾਂ ਦਾ ਬੜ੍ਹਾ ਬਣਾਇਆ ਸੀ ਉਸ ਨੂੰ ਜਿਉਂ ਦਾ ਤਿਉਂ ਹੀ ਰੱਖਿਆ ਗਿਆ ਅਤੇ ਉਸਦੇ ਉੱਪਰ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਦੀ ਕਾਰਸੇਵਾ ਸੰਪੂਰਨ ਕੀਤੀ। ਧਰਮ ਪ੍ਰਚਾਰ ਹਿੱਤ ਬਾਬਾ ਜੀ ਨੇ ਵੱਖ-ਵੱਖ ਦੇਸ਼ਾਂ ਵਿੱਚ ਜਾ ਕੇ ਸਿੱਖੀ ਪ੍ਰਚਾਰ ਲਈ ਹੰਭਲਾ ਮਾਰਿਆ ਜਿਸ ਦਾ ਵਿਦੇਸ਼ੀ ਸਿੱਖਾਂ 'ਤੇ ਖਾਸ ਕਰਕੇ ਨੌਜਵਾਨ ਪੀੜ੍ਹੀ 'ਤੇ ਬਹੁਤ ਅਸਰ ਹੋਇਆ। ਵੱਡੀ ਗਿਣਤੀ ਵਿੱਚ ਸਿੱਖ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਫਿਰ ਬਾਬਾ ਜੀ ਨੇ ਪੂਰੇ ਹਿੰਦੁਸਤਾਨ ਵਿੱਚ ਸੰਤ ਸਮਾਜ ਨੂੰ ਸੰਗਠਿਤ ਕਰਕੇ 8 ਅਗਸਤ 1993 ਨੂੰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਨਾਂ ਦੀ ਧਾਰਮਿਕ ਸੰਸਥਾ ਕਾਇਮ ਕੀਤੀ ਅਤੇ ਸੰਤ ਸਮਾਜ ਵੱਲੋਂ ਸਾਂਝੇ ਰੂਪ ਵਿੱਚ ਕਈ ਵੱਡੇ ਧਾਰਮਿਕ ਸਮਾਗਮ ਕਰਵਾਏ। ਬਾਬਾ ਠਾਕੁਰ ਸਿੰਘ ਜੀ, ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਸਰੀਰਕ ਤੌਰ 'ਤੇ ਚੜ੍ਹਦੀ ਕਲਾ ਵਿੱਚ ਮੰਨਦੇ ਸਨ ਅਤੇ ਇਹ ਵੀ ਕਹਿੰਦੇ ਸਨ ਕਿ ਸੰਤਾਂ ਵੱਲੋਂ ਆਰੰਭ ਕੀਤਾ ਧਰਮ ਯੁੱਧ ਮੋਰਚਾ ਵੀ ਉਹੀ ਮਹਾਨ ਤਪਸੱਵੀ ਆਤਮਾ, ਕਹਿਣੀ ਕਥਨੀ ਦੇ ਪੂਰੇ, ਗੁਰੂ ਕਲਗੀਧਰ ਪਾਤਿਸ਼ਾਹ ਦਾ ਸੁਹਿਰਦ ਸੰਤ ਖ਼ਾਲਸਾ ਹੀ ਇਸ ਨੂੰ ਸਿਰੇ ਲਾ ਸਕਦੇ ਹਨ। ਇਸ ਭੇਦ ਦੀਆਂ ਅੰਗਮੀ ਗਮਜਾਂ ਨੂੰ ਉਹ ਆਪ ਹੀ ਜਾਣਦੇ ਸਨ।

ਬਿਖੜੇ ਸਮੇਂ ਵਿੱਚ ਸਿੱਖ ਪੰਥ ਲਈ ਬਹੁਤ ਵੱਡੀ ਘਾਲਣਾ ਘਾਲਣ ਤੋਂ ਬਾਅਦ ਅਖੀਰ ਸੰਨ 24 ਦਸੰਬਰ 2004 ਵਿੱਚ ਬਾਬਾ ਠਾਕੁਰ ਸਿੰਘ ਜੀ ਸਦੀਵੀ ਸਰੀਰਕ ਵਿਛੋੜਾ ਦੇ ਕੇ ਪ੍ਰਲੋਕ ਸਿਧਾਰ ਗਏ। ਉਨ੍ਹਾਂ ਵੱਲੋਂ ਕੀਤੀ ਗਈ ਸੇਵਾ, ਸਿਮਰਨ ਅਤੇ ਧਰਮ ਪ੍ਰਚਾਰ ਜਿਥੇ ਦਮਦਮੀ ਟਕਸਾਲ ਲਈ ਇੱਕ ਮੀਲ ਪੱਥਰ ਦੀ ਤਰ੍ਹਾਂ ਹੈ ਉੱਥੇ ਸਮੁੱਚੇ ਪੰਥ ਨੂੰ ਵੀ ਇਸ ਵਿਲੱਖਣ ਸਖਸ਼ੀਅਤ 'ਤੇ ਹਮੇਸ਼ਾ ਮਾਣ ਰਹੇਗਾ। ਬਾਬਾ ਜੀ ਦੀ ਬਹੁਪੱਖੀ ਸ਼ਖਸੀਅਤ ਬਾਰੇ ਉਨ੍ਹਾਂ ਦਾ ਵਿਸਥਾਰ ਸਹਿਤ ਜੀਵਨ ਜਾਨਣ ਲਈ ਇੱਕ ਵੱਖਰੀ ਕਿਤਾਬ ਲਿਖੇ ਜਾਣ ਦੀ ਜ਼ਰੂਰਤ ਹੈ।

ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਦੀਆਂ ਸੇਵਾਵਾਂ

ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਦੇ ਸੱਚਖੰਡ ਪਿਆਨਾ ਕਰਨ ਤੋਂ ਬਾਅਦ ਸਮੁੱਚੇ ਜਥੇ ਦਮਦਮੀ ਟਕਸਾਲ ਨੇ ਸਰਬ ਸੰਮਤੀ ਨਾਲ ਲੰਮੇ ਸਮੇਂ ਤੋਂ ਟਕਸਾਲ ਵਿੱਚ ਰਹਿ ਰਹੇ ਵਿਦਿਆਰਥੀ (ਸੰਤ) ਭਾਈ ਹਰਨਾਮ ਸਿੰਘ ਨੂੰ ਬਾਬਾ ਠਾਕੁਰ ਸਿੰਘ ਜੀ ਦੀ ਥਾਂ 'ਤੇ ਟਕਸਾਲ ਦਾ ਮੁਖੀ ਚੁਣ ਲਿਆ। ਬਾਬਾ ਠਾਕੁਰ ਸਿੰਘ ਜੀ ਦੇ ਦੁਸਹਿਰੇ ਦੇ ਭੋਗ

Scanned with CamScanner

ਸਮੇਂ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਸੰਸਥਾ ਵੱਲੋਂ ਬਾਬਾ ਠਾਕੁਰ ਸਿੰਘ ਜੀ ਦੀ ਥਾਂ 'ਤੇ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਨੂੰ ਸੰਤ ਸਮਾਜ ਦੇ ਚੇਅਰਮੈਨ ਦੀ ਸੇਵਾ ਸੌਂਪ ਦਿੱਤੀ। ਬਾਅਦ ਵਿੱਚ ਸੰਤ ਸਮਾਜ ਵੱਲੋਂ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ ਨੂੰ ਸੰਤ ਸਮਾਜ ਦਾ ਪ੍ਰਧਾਨ ਥਾਪ ਦਿੱਤਾ ਅਤੇ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ, ਸੰਪਰਦਾਵਾਂ ਦੇ ਮੁਖੀਆਂ, ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਆਦਿ ਨੇ ਬਾਬਾ ਹਰਨਾਮ ਸਿੰਘ ਖ਼ਾਲਸਾ ਨੂੰ ਟਕਸਾਲ ਦੇ ਮੁਖੀ ਵਜੋਂ ਜ਼ਿੰਮੇਵਾਰੀ ਦੀਆਂ ਦਸਤਾਰਾਂ ਸਜਾਈਆਂ। ਉਨ੍ਹਾਂ ਨੇ ਦਮਦਮੀ ਟਕਸਾਲ ਦੀ ਸੇਵਾ ਸੰਭਾਲਦਿਆਂ ਹੀ ਸਮੁੱਚੇ ਜਥੇ ਸਮੇਤ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸਵਾ ਮਹੀਨੇ ਦਾ ਵਿਸ਼ੇਸ਼ ਸਿਮਰਨ ਰੱਖਿਆ। ਇਸ ਉਪਰੰਤ ਟਕਸਾਲ ਦੇ ਵੱਖ-ਵੱਖ ਸਥਾਨਾਂ, ਵਿੱਦਿਅਕ ਅਦਾਰਿਆਂ ਨੂੰ ਸੰਭਾਲਦਿਆ ਧਰਮ ਪ੍ਰਚਾਰ ਆਰੰਭਿਆ।

ਕੁੱਝ ਸਮੇਂ ਬਾਅਦ ਉਨ੍ਹਾਂ ਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਸ਼ਹੀਦ ਐਲਾਨ ਦਿੱਤਾ। ਇਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਦਾ ਜਪ-ਤਪ, ਸੇਵਾ-ਸਿਮਰਨ ਅਤੇ ਜਥਾ ਸੰਗਤ ਲਈ ਪਿਛਲੀਆਂ ਤਿੰਨ ਪੀੜ੍ਹੀਆਂ ਤੋਂ ਮਹਾਨ ਘਾਲਣਾ ਹੈ। ਉਨ੍ਹਾਂ ਪਾਸ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਸਰੀਰਕ ਤੌਰ 'ਤੇ ਚੜ੍ਹਦੀ ਕਲਾ ਵਿੱਚ ਮੰਨਣ ਲਈ ਕੋਈ ਅੰਦਰੂਨੀ ਭੇਦ ਹੋ ਸਕਦੇ ਹਨ ਜਿਨ੍ਹਾਂ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਹੈ ਜਿਸ ਕਾਰਨ ਸੰਗਤਾਂ ਨੂੰ ਤਸੱਲੀਬਖਸ਼ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ। ਇਸ ਲਈ ਉਨ੍ਹਾਂ ਨੂੰ ਸ਼ਹੀਦ ਕਰਾਰ ਦੇਣਾ ਹੀ ਉਚਿਤ ਹੈ। ਫਿਰ ਸੰਤ ਹਰਨਾਮ ਸਿੰਘ ਜੀ ਖ਼ਾਲਸਾ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਖੇ ਸਥਾਪਿਤ ਕਰਵਾਈ।

ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਜਦੀਕ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਤੇ ਉਨ੍ਹਾਂ ਦੀ ਅਗਵਾਈ ਵਿੱਚ ਗੁਰਧਾਮਾਂ ਦੀ ਰੱਖਿਆ ਕਰਦਿਆਂ ਸ਼ਹਾਦਤਾਂ ਦੇਣ ਵਾਲੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ, ਜਨਰਲ ਸ. ਸੁਬੇਗ ਸਿੰਘ, ਬਾਬਾ ਠਾਰਾ ਸਿੰਘ ਸਮੇਤ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਅਸਥਾਨ "ਗੁਰਦੁਆਰਾ ਯਾਦਗਾਰ ਸ਼ਹੀਦਾਂ" ਦੀ ਉਸਾਰੀ ਕੀਤੀ। ਇਸ ਕਾਰਜ ਵਿੱਚ ਉਨ੍ਹਾਂ ਮਹਾਨ ਘਾਲਣਾ ਘਾਲੀ, ਹੱਥੀਂ ਸੇਵਾ ਕੀਤੀ ਤੇ ਸੰਪੂਰਨ ਉਸਾਰੀ ਤੋਂ ਤਿਆਰੀ ਤੱਕ ਉਪਰੰਤ ਇਸ ਸਥਾਨ ਦੀ ਸੇਵਾ ਸੰਭਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤੀ। ਇਸੇ ਹੀ ਯਾਦਗਾਰੀ ਅਸਥਾਨ ਗੁਰਦੁਆਰਾ ਯਾਦਗਾਰ ਸ਼ਹੀਦਾਂ ਦੇ ਤਹਿਖਾਨੇ ਵਿੱਚ ਉਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਗੈਲਰੀ ਬਣਾਈ ਜਾ ਰਹੀ ਹੈ ਜਿਨ੍ਹਾਂ ਨੇ ਜੂਨ 1984 ਵਿੱਚ ਗੁਰਧਾਮਾਂ ਦੀ ਰੱਖਿਆ ਕਰਦਿਆਂ ਭਾਰਤੀ ਫੌਜਾਂ ਨਾਲ ਜੂਝਦਿਆਂ ਹੋਇਆਂ ਸ਼ਹਾਦਤਾਂ ਪ੍ਰਾਪਤ ਕੀਤੀਆਂ ਸਨ।

ਇਸੇ ਤਰ੍ਹਾਂ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਜਨਮ ਨਗਰ ਪਿੰਡ ਰੋਡੇ (ਮੋਗਾ) ਵਿਖੇ ਸੰਤਾਂ ਦੀ ਯਾਦ ਵਿੱਚ ਉਨ੍ਹਾਂ ਦੇ ਜਨਮ ਅਸਥਾਨ 'ਤੇ "ਗੁਰਦੁਆਰਾ ਸੰਤ ਖ਼ਾਲਸਾ" ਦੀ ਉਸਾਰੀ ਕੀਤੀ ਜਿਥੇ ਹਰ ਸਾਲ ਉਨ੍ਹਾਂ ਦੀ ਜਨਮ ਤਰੀਕ ਮੁਤਾਬਕ 2 ਜੂਨ ਨੂੰ ਸੰਤਾਂ ਦਾ ਜਨਮ ਦਿਹਾੜਾ ਮਨਾਇਆ ਜਾਂਦਾ ਹੈ। ਇੱਥੇ ਟਕਸਾਲ ਵੱਲੋਂ ਗੁਰਮਤਿ ਵਿਦਿਆਲਾ ਬਣਾਇਆ ਗਿਆ ਹੈ ਜਿਥੇ ਅਨੇਕਾਂ ਵਿਦਿਆਰਥੀ ਗੁਰਮਤਿ ਵਿੱਦਿਆ ਪ੍ਰਾਪਤ ਕਰ ਰਹੇ ਹਨ। ਇਸ ਅਸਥਾਨ 'ਤੇ ਹਰ ਸੰਗਰਾਂਦ ਨੂੰ ਪੰਜਾਂ ਪਿਆਰਿਆਂ ਵੱਲੋਂ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ।

ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਨੇ ਵਿੱਦਿਆ ਦੇ ਪਸਾਰ ਲਈ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪ੍ਰੋਫੈਸ਼ਨਲ ਕਾਲਜ ਆਫ਼ ਗੁਰਮੱਤ ਦੀ ਸਥਾਪਨਾ ਕੀਤੀ ਜਿਥੇ ਦਸਵੀਂ ਜਾਂ 10+2 ਪਾਸ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਗੁਰਬਾਣੀ ਦੀ ਸੰਥਿਆ, ਵਿਆਖਿਆ ਤੇ ਕੀਰਤਨ ਦੇ ਨਾਲ-ਨਾਲ ਐਮ ਏ., ਪੀ. ਐੱਚ. ਡੀ. ਤੱਕ ਦੀ ਵਿੱਦਿਆ ਪੜ੍ਹਾਈ ਜਾਂਦੀ ਹੈ। ਟਕਸਾਲ ਨਾਲ ਸਬੰਧਤ ਵੱਖ-ਵੱਖ ਜ਼ਿਲ੍ਹਿਆਂ 'ਚ ਲਗਭਗ ਦੋ ਦਰਜਨ ਅਸਥਾਨ ਹਨ ਜਿਥੇ ਗੁਰਮਤਿ ਵਿੱਦਿਆ, ਅੰਮ੍ਰਿਤ ਸੰਚਾਰ ਅਤੇ ਕਥਾ ਕੀਰਤਨ ਦੇ ਪ੍ਰਬੰਧ ਚੱਲ ਰਹੇ ਹਨ। ਇਸੇ ਤਰ੍ਹਾਂ ਫਰਵਰੀ 2006 ਵਿੱਚ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਵਿਰਸਾ ਸੰਭਾਲ ਵਿਸ਼ਵ ਸਿੱਖ ਸੰਮੇਲਨ ਕਰਵਾਇਆ। ਅਗਸਤ 2006 ਵਿੱਚ ਦਮਦਮੀ ਟਕਸਾਲ ਦੀ 300 ਸਾਲਾ ਸ਼ਤਾਬਦੀ ਤਖੜ ਸ੍ਰੀ

Scanned with CamScanner

ਦਮਦਮਾ ਸਾਹਿਬ ਵਿਖੇ ਮਨਾਈ ਜਿਥੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦਸਵੀਂ ਟਕਸਾਲ ਆਰੰਭ ਕੀਤੀ ਸੀ।

ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਵੱਖ-ਵੱਖ ਗੁਰਧਾਮਾਂ ਦੀ ਸੇਵਾ ਸੰਭਾਲ ਅਤੇ ਗੁਰਮਤਿ ਪ੍ਰਚਾਰ ਦੀ ਸੇਵਾ ਚੱਲ ਰਹੀ ਹੈ ਜਿਵੇਂ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜਨੋ ਕੈਲੀਫੋਰਨੀਆ (ਅਮਰੀਕਾ), ਗੁਰਦੁਆਰਾ ਨਾਨਕ ਪ੍ਰਕਾਸ਼ ਟਰੇਸੀ ਕੈਲੀਫੋਨੀਆ ਅਮਰੀਕਾ, ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਬੈਲਿਗਹੈਮ (ਅਮਰੀਕਾ), ਸ੍ਰੀ ਅੰਮ੍ਰਿਤ ਪ੍ਰਕਾਸ਼ ਸਰੀ ਕਨੇਡਾ, ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਐਲਡਰ ਗਰੋਵ ਲੈਂਗਲੀ ਐਬਸਟਫੋਰਡ ਕਨੇਡਾ, ਗੁਰਦੁਆਰਾ ਸ੍ਰੀ ਅਕਾਲ ਪ੍ਰਕਾਸ਼ ਬਰੈਂਪਟਨ ਟਰਾਂਟੋ ਕਨੇਡਾ ਆਦਿ।

ਇਸਦੇ ਨਾਲ-ਨਾਲ ਧਰਮ ਪ੍ਰਚਾਰ, ਅੰਮ੍ਰਿਤ ਸੰਚਾਰ ਦੀ ਸੇਵਾ ਨਿਰੰਤਰ ਚੱਲਦੀ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਗੁਰਬਾਣੀ ਦਾ ਸ਼ੁੱਧ ਉਚਾਰਣ ਸਿਖਾਉਣ ਲਈ ਵੱਖ-ਵੱਖ ਥਾਵਾਂ 'ਤੇ ਗੁਰਬਾਣੀ ਪਾਠ ਬੋਧ ਸਮਾਗਮ ਕੀਤੇ ਹਨ ਜਿੱਥੇ ਹਜ਼ਾਰਾਂ ਹੀ ਪ੍ਰਾਣੀਆਂ ਨੇ ਇਨ੍ਹਾਂ ਸਮਾਗਮਾਂ ਤੋਂ ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਦਾ ਲਾਹਾ ਪ੍ਰਾਪਤ ਕੀਤਾ। ਗੁਰਮਤਿ ਵਿਸ਼ਿਆਂ 'ਤੇ ਅਨੇਕਾਂ ਸੈਮੀਨਾਰ ਕਰਵਾਏ ਮੌਜੂਦਾ ਸਮੇਂ ਵਿੱਚ ਵੀ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਦੇ ਉੱਦਮ ਨਾਲ ਦਮਦਮੀ ਟਕਸਾਲ ਲਗਾਤਾਰ ਇਨ੍ਹਾਂ ਪੰਥਕ ਸੇਵਾਵਾਂ ਲਈ ਯਤਨਸ਼ੀਲ ਹੈ।

ਭਾਰਤ ਦੀ ਇੰਦਰਾ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਿਉਂ?

ਸਾਕਾ ਨੀਲਾ ਤਾਰਾ ਘੱਲੂਘਾਰਾ ਤੋਂ ਲੈ ਕੇ ਹੀ ਸਿੱਖ ਪੰਥ ਵਿੱਚ ਇਸ ਗੱਲ ਦਾ ਰੋਸ ਹੈ ਕਿ ਆਖ਼ਰ ਭਾਰਤ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਤੋਪਾਂ ਤੇ ਟੈਂਕਾਂ ਨਾਲ ਹਮਲਾ ਕਿਉਂ ਕੀਤਾ? ਜਦੋਂ ਕਿ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਹਰ ਵਿਅਕਤੀ ਉਹ ਭਾਵੇਂ ਰਾਜਨੀਤਿਕ ਹੋਵੇ, ਪੱਤਰਕਾਰ ਹੋਵੇ ਜਾਂ ਕਿਸੇ ਵੀ ਫਿਰਕੇ ਨਾਲ ਸਬੰਧਤ ਹੋਵੇ, ਹਰ ਇੱਕ ਨਾਲ ਖੁੱਲ੍ਹੇ ਤੌਰ 'ਤੇ ਵਿਚਾਰ-ਵਟਾਂਦਰਾ ਕਰਦੇ ਸਨ। ਉਨ੍ਹਾਂ ਨੇ ਕਦੇ ਵੀ ਗੱਲਬਾਤ ਕਰਨ ਤੋਂ ਇਨਕਾਰ ਨਹੀਂ ਕੀਤਾ। ਇਸ ਬਾਰੇ ਪਿੱਛੇ ਵਿਸਥਾਰ ਸਹਿਤ ਦੇ ਆਏ ਹਾਂ ਕਿ ਭਾਰਤ ਅਤੇ ਵਿਦੇਸ਼ ਦੇ ਵੱਖ-ਵੱਖ ਆਗੂਆਂ ਨੇ ਸੰਤਾਂ ਨਾਲ ਖੁੱਲ੍ਹੀਆਂ ਵਿਚਾਰਾਂ ਕੀਤੀਆਂ ਅਤੇ ਸੰਤਾਂ ਦੀਆਂ ਦਲੀਲਾਂ ਭਰਪੂਰ ਅਤੇ ਠ-ਦਲੀਲ ਵਿਚਾਰਾਂ ਤੋਂ ਬਾਅਦ ਉਨ੍ਹਾਂ ਨਾਲ ਆਪਣੀ ਸਹਿਮਤੀ ਵੀ ਪ੍ਰਗਟਾਈ। ਸੰਤ ਜੀ ਹਮੇਸ਼ਾ ਗੱਲਬਾਤ ਕਰਨ ਨੂੰ ਤਰਜੀਹ ਦਿੰਦੇ ਸਨ ਪਰ ਉਨ੍ਹਾਂ ਦਾ ਕਹਿਣਾ ਸੀ ਕਿ ਗੱਲਬਾਤ ਪਾਰਦਰਸ਼ੀ ਤੇ ਫੈਸਲਾਕੁੰਨ ਹੋਣੀ ਚਾਹੀਦੀ ਹੈ ਨਾ ਕਿ ਗੱਲਬਾਤ ਰਾਹੀਂ ਕਿਸੇ ਕਿਸਮ ਦੀ ਸੌਦੇਬਾਜ਼ੀ ਹੋਵੇ।

ਹੈਰਾਨੀ ਦੀ ਗੱਲ ਹੈ ਕਿ ਇੱਕ ਪਾਸੇ ਭਾਰਤ ਸਰਕਾਰ ਡੈਮੋਕਰੇਸੀ ਤੇ ਧਰਮ ਨਿਰਪੱਖਤਾ ਦਾ ਢੰਡੋਰਾ ਪਿੱਟਦਿਆਂ ਨਹੀਂ ਥੱਕਦੀ ਕਿ ਭਾਰਤ ਇਕ ਬਹੁ-ਧਰਮੀ ਤੇ ਬਹੁ ਕੌਮੀ ਵਿਰਾਸਤ ਦਾ ਦੇਸ਼ ਹੈ ਤੇ ਹਰ ਕੌਮ ਨੂੰ ਆਪਣੇ ਧਰਮ ਪ੍ਰਤੀ, ਆਪਣੀ ਕੌਮ ਪ੍ਰਤੀ ਸਮਾਜਿਕ, ਧਾਰਮਿਕ ਤੇ ਆਰਥਿਕ ਮਸਲਿਆਂ ਤੇ ਖੁੱਲ੍ਹ ਕੇ ਵਿਚਾਰਾਂ ਕਰਨ ਦਾ ਹੱਕ ਹੈ ਤੇ ਭਾਰਤ ਸਰਕਾਰ ਹਰ ਮਸਲੇ ਦਾ ਹੱਲ ਗੱਲਬਾਤ ਰਾਹੀਂ ਕਰਨ ਲਈ ਵਚਨਬੱਧ ਹੈ। ਪਰ ਸਿੱਖ ਕੌਮ ਵੱਲੋਂ ਸਿੱਖ ਮਸਲਿਆਂ ਪ੍ਰਤੀ ਕੇਂਦਰ ਸਰਕਾਰ ਵੱਲੋਂ ਸਿੱਖ ਆਗੂਆਂ ਨਾਲ ਭਾਰਤ ਦੀ ਆਜ਼ਾਦੀ ਸਮੇਂ ਕੀਤੇ ਗਏ ਵਾਅਦਿਆਂ ਨੂੰ ਪੂਰਾ ਨਾ ਕਰਨ ਕਰਕੇ ਇਸੇ ਸਬੰਧ ਵਿੱਚ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਦਾ ਮੋਰਚਾ ਲਾਇਆ ਗਿਆ ਸੀ ਇਸ ਨੂੰ ਗੱਲਬਾਤ ਦੀ ਬਜਾਇ ਤੋਪਾਂ ਤੇ ਟੈਂਕਾਂ ਨਾਲ ਸਿੱਖ ਮਸਲੇ ਨੂੰ ਦਬਾਉਣ ਤੇ ਖਤਮ ਕਰਨ ਨੂੰ ਸ਼ਰੇਆਮ ਤਰਜੀਹ ਦਿੱਤੀ ਗਈ। ਅਸਲ ਵਿੱਚ ਭਾਰਤ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਕਈ ਮਹੀਨਿਆਂ ਤੋਂ ਕੀਤੀ ਜਾ ਰਹੀ ਤਿਆਰੀ ਇਹ ਦਰਸਾਉਂਦੀ ਹੈ ਕਿ ਜਿੱਥੇ ਭਾਰਤ ਸਰਕਾਰ ਨੇ ਬਹੁ-ਗਿਣਤੀ ਨੂੰ ਖੁਸ਼ ਕਰਨ ਲਈ ਘੱਟ ਗਿਣਤੀ ਸਿੱਖਾਂ ਨੂੰ ਸਬਕ ਸਿਖਾਉਣ ਖਾਤਿਰ ਇਹ ਰਸਤਾ ਅਖ਼ਤਿਆਰ ਕੀਤਾ ਉੱਥੇ ਦਮਦਮੀ ਟਕਸਾਲ ਨੂੰ ਹਮੇਸ਼ਾ ਲਈ ਖਤਮ ਕਰਨ ਦਾ ਮਨਸੂਬਾ ਸੀ, ਜੋ ਦਮਦਮੀ ਟਕਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਸਿੱਖ ਪੰਥ ਵਿੱਚ ਗੁਰਧਾਮਾਂ ਦੀ ਰੱਖਿਆ, ਗੁਰਮਤਿ ਵਿੱਦਿਆ ਦੇ ਪ੍ਰਚਾਰ ਸੰਚਾਰ ਲਈ ਪ੍ਰਸਿੱਧ ਸੰਸਥਾ ਹੈ।

ਜਿੱਥੇ ਅਸੀਂ ਪਹਿਲਾਂ ਲਿਖ ਚੁੱਕੇ ਹਾਂ ਕਿ ਭਾਰਤ ਸਰਕਾਰ ਨੇ ਇਸ ਹਮਲੇ ਸਬੰਧੀ ਨਾ ਸ਼੍ਰੋਮਣੀ ਗੁਰਦੁਆਰਾ

Scanned with CamScanner

ਪ੍ਰਬੰਧਕ ਕਮੇਟੀ ਨੂੰ ਕੋਈ ਨੋਟਿਸ ਦਿੱਤਾ ਅਤੇ ਨਾ ਹੀ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਨੋਟਿਸ ਦਿੱਤਾ। ਇੱਥੋਂ ਤੱਕ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡੀ. ਸੀ. ਨੂੰ ਵੀ ਇਸ ਬਾਰੇ ਕੋਈ ਸੂਚਨਾ ਨਾ ਦਿੱਤੀ ਗਈ ਇਸ ਲਈ ਕੇਵਲ ਸਿੱਖ ਕੌਮ ਹੀ ਨਹੀਂ ਬਲਕਿ ਕੇਂਦਰ ਸਰਕਾਰ ਨੇ ਜ਼ਿੰਮੇਵਾਰ ਸਰਕਾਰੀ ਅਧਿਕਾਰੀਆਂ ਨੂੰ ਵੀ ਇਸ ਗੱਲ ਤੋਂ ਹਨ੍ਹੇਰੇ ਵਿੱਚ ਰੱਖਿਆ ਤੇ ਹੁਣ ਪੰਜਾਬ ਦੇ ਕੁੱਝ ਉੱਘੇ ਵਕੀਲਾਂ ਨੇ ਦੁਨੀਆਂ ਭਰ ਵਿੱਚ ਵਸਦੇ ਇਨਸਾਫ਼ ਪਸੰਦ ਲੋਕਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਉਣ ਲਈ ਕੇਂਦਰ ਸਰਕਾਰ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਸਿੱਖਾਂ ਨਾਲ ਸ਼ਰੇਆਮ ਬੇਇਨਸਾਫ਼ੀ ਕੀਤੀ ਹੈ ਤੇ ਧਾਰਮਿਕ ਸ਼ਬਾਨਾਂ ਅਤੇ ਧਾਰਮਿਕ ਗ੍ਰੰਥਾਂ ਅਤੇ ਗੁਰਬਾਣੀ ਦਾ ਅਪਮਾਨ ਕਰਕੇ ਬੱਜਰ ਪਾਪ ਕੀਤਾ ਹੈ। ਇਸ ਲਈ ਉੱਘੇ ਕਾਨੂੰਨਦਾਨਾਂ ਨੇ ਭਾਰਤੀ ਕਾਨੂੰਨ ਮੁਤਾਬਕ ਆਰ. ਟੀ. ਆਈ. (ਜਾਣਕਾਰੀ ਦੇ ਅਧਿਕਾਰ) ਰਾਹੀਂ ਭਾਰਤ ਸਰਕਾਰ ਤੋਂ ਇਸ ਸਬੰਧੀ ਜਵਾਬ ਤਲਬੀ ਕੀਤੀ ਹੈ ਕਿ ਕੀ ਜੂਨ 1984 ਤੱਕ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਉੱਪਰ ਕੋਈ ਮੁਕੱਦਮਾ ਦਰਜ ਸੀ ਜਾਂ ਕੋਈ ਵੀ ਐਫ. ਆਈ. ਆਰ. ਦਰਜ ਸੀ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਜੁਰਮ ਦਾ ਕੇਸ ਸੀ? ਤਾਂ ਇਸ ਸਬੰਧ ਵਿੱਚ ਲੁਧਿਆਣਾ ਦੇ ਉੱਘੇ ਵਕੀਲ ਅਤੇ ਇੰਟਰਨੈਸ਼ਨਲ ਹਿਊਮਨ ਰਾਈਟਸ ਆਰਗਨਾਈਜੇਸ਼ਨ ਦੇ ਮੁਖੀ ਸ੍ਰੀ ਦਲਬਾਰਾ ਸਿੰਘ ਗਿੱਲ ਅਤੇ ਚੰਡੀਗੜ੍ਹ ਤੋਂ ਜਸਟਿਸ ਫਾਊਂਡੇਸ਼ਨ ਦੇ ਮੈਂਬਰ ਸ੍ਰੀ ਨਵਦੀਪ ਗੁਪਤਾ ਨੇ ਵੱਖ-ਵੱਖ ਆਰ. ਟੀ. ਆਈਜ਼ ਦਾਖ਼ਲ ਕਰਕੇ ਜਵਾਬ ਹਾਸਲ ਕੀਤੇ ਹਨ ਜਿਸ ਵਿੱਚ ਕਿਹਾ ਗਿਆ ਹੈ ਕਿ ਜੂਨ 1984 ਤੱਕ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਉੱਪਰ ਕੋਈ ਇੱਕ ਵੀ ਐਫ. ਆਈ. ਆਰ. ਦਰਜ ਨਹੀਂ ਸੀ ਅਤੇ ਨਾ ਹੀ ਕਿਸੇ ਹੋਰ ਕੇਸ ਵਿੱਚ ਕਾਨੂੰਨੀ ਤੌਰ 'ਤੇ ਪੁਲਿਸ ਨੂੰ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਕੋਈ ਇਤਰਾਜ਼ ਸੀ। ਸਰਕਾਰੀ ਤੌਰ 'ਤੇ ਮਿਲੇ ਜਵਾਬ ਦੀਆਂ ਕਾਪੀਆਂ ਹੂ-ਬ-ਹੂ ਦੇ ਰਹੇ ਹਾਂ।

ਇਸ ਜਵਾਬ ਵਿੱਚ ਸਰਕਾਰੀ ਅਧਿਕਾਰੀਆਂ ਨੇ ਮੰਨਿਆ ਹੈ ਕਿ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਉੱਪਰ ਜੂਨ 1984 ਤੱਕ ਕੋਈ ਅਜਿਹੀ ਐਫ.ਆਈ.ਆਰ. ਦਰਜ ਨਹੀਂ ਸੀ ਜਿਸ ਤਹਿਤ ਉਨ੍ਹਾਂ ਦੀ ਭਾਰਤ ਸਰਕਾਰ ਨੂੰ ਲੋੜ ਹੋਵੇ। ਤਾਂ ਫਿਰ ਅਕਾਰਨ ਹੀ ਕੇਂਦਰ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਕਿਉਂ ਕੀਤਾ ਗਿਆ? ਸ਼ਾਇਦ ਇਸ ਦਾ ਜਵਾਬ ਸਿੱਖ ਕੌਮ ਨੂੰ ਕਦੇ ਵੀ ਨਹੀਂ ਮਿਲੇਗਾ। ਪਰ ਪੜ੍ਹੋ ਸਰਕਾਰੀ ਅਧਿਕਾਰੀਆਂ ਦੀ ਰਿਪੋਰਟ।

Scanned with CamScanner

OFFICE OF THE COMMISSIONER
OF POLICE, AMRITSAR CITY.
Email:ccamritsar@gmail.com

Anti-Extremist Cell

ਦਫ਼ਤਰ ਪੁਲਿਸ ਕਮਿਸ਼ਨਰ,
ਅੰਮ੍ਰਿਤਸਰ ਸ਼ਹਿਰ।
ਫੋਨ ਨੰਬਰ 0183-2402962

ਵੱਲ,

ਇੰਚਾਰਜ ਐਂਟੀ-ਐਕਸਟਰੀਮਸ੍ਟ ਸੈਲ,
ਅੰਮ੍ਰਿਤਸਰ ਸ਼ਹਿਰ।

ਵੱਲ,

ਇੰਚਾਰਜ ਆਰ.ਟੀ.ਆਈ ਸੈਲ,
ਅੰਮ੍ਰਿਤਸਰ ਸ਼ਹਿਰ।

ਨੰਬਰ 2011/ ਮਿਤੀ, 12-04-2017

ਵਿਸ਼ਾ:- ਆਰ.ਟੀ.ਆਈ.ਐਕਟ 2005 ਦੇ ਅਧੀਨ ਮੰਗੀ ਗਈ ਸੂਚਨਾ ਵੱਲੋ ਸ਼੍ਰੀ ਨਵਦੀਪ ਗੁਪਤਾ, ਵਾਸੀ ਕੋਠੀ ਨੰਬਰ 455, ਗਿਲਵੇ ਵੈਲੀ ਖਰਡ, ਜਿਲਾ ਐਸ.ਏ.ਐਸ ਨਗਰ।

ਯਾਦ ਪੱਤਰ

ਉਕਤ ਆਰ.ਟੀ.ਆਈ ਦੇ ਦਫ਼ਤਰ ਦੇ ਪੱਤਰ ਨੰਬਰ 1571-73/ਆਰ.ਟੀ.ਆਈ ਮਿਤੀ 01.03.2017 ਵਿਸ਼ਾ ਡਿਕਤ ਦੇ ਸਾਥ ਵਿਚ।

ਹਵਾਲਾ ਅਧੀਨ ਪੱਤਰ ਰਾਹੀ ਪ੍ਰਮੱਦਿਟ ਨੰਬਰ 3 ਅਤੇ 4 ਸਬੰਧੀ ਮੰਗੀ ਗਈ ਸੂਚਨਾ ਸਮੂਹ ਮੁੱਖ ਅਫ਼ਸਰਾਨ ਥਾਣਾ ਜਾਤ, ਅੰਮ੍ਰਿਤਸਰ ਸ਼ਹਿਰ ਪਾਸੋ ਹਾਸਲ ਕੀਤੀ ਗਈ ਹੈ, ਜੋ ਹੇਠ ਦਿਖੇ ਅਨੁਸਾਰ ਹੈ।

Point No. 3	How many different FIR's (First Information Reports) were pending against Sant Jarnail Singh Ji Bhindrenwala as on June 6, 1984 (the day when he killed in operation Blue Star).	As per the reports of all SHOs PS Amritsar City, Nil Report may kindly be considered in this regard. (Reports attached)
Point No. 4	Information as to the Status of Sant Jarnail Singh Ji Bhindrenwala in Government records (Govt Books) "a common man" or "a religious preacher" or "a Criminal" or "a terrorist" or "other"	As per the report of all SHOs PS Amritsar City, nothing can be commented upon as there is no record available against him. (Reports attached)

ਵਧੀਕ ਡਿਪਟੀ ਕਮਿਸ਼ਨਰ ਪੁਲਿਸ
ਐਂਟੀ ਟਰਰਰਿਸਟ (ਆਰ.ਟੀ.ਆਈ.)

ਇੰਚਾਰਜ
ਐਂਟੀ-ਐਕਸਟਰੀਮਸ੍ਟ ਸੈਲ
ਅੰਮ੍ਰਿਤਸਰ ਸ਼ਹਿਰ।

True copy.

ਸੁਹਿਰਦ ਸੇਤ ਖ਼ਾਲਸਾ

Scanned with CamScanner

ਬੇਨਤੀ

ਸਤਿਗੁਰੂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਕਰ ਕਮਲਾਂ ਤੋਂ ਦਮਦਮੀ ਟਕਸਾਲ ਦੀ ਸਥਾਪਨਾ ਕੀਤੀ ਤੇ ਖ਼ਾਲਸਾਈ ਗੁਣਾਂ ਦੇ ਸਮੱਗਰ ਖਜ਼ਾਨੇ ਦੀਆਂ ਬਖਸ਼ਿਸ਼ਾਂ ਕੀਤੀਆਂ ਜਿਸ ਸਦਕਾ ਅਕਾਲ ਪੁਰਖ ਦੀ ਬਖਸ਼ਿਸ਼ ਨਾਲ ਟਕਸਾਲ ਦੇ ਮੁਖੀ ਮਹਾਂਪੁਰਖਾਂ ਨੇ ਸਮੇਂ-ਸਮੇਂ ਸਿੱਖ ਪੰਥ ਲਈ ਅਣਮੋਲ ਸੇਵਾਵਾਂ ਨਿਭਾਈਆਂ ਅਤੇ ਗੁਰਧਾਮਾਂ ਦੀ ਰੱਖਿਆ ਕਰਦਿਆਂ ਆਪਾ ਕੁਰਬਾਨ ਕੀਤਾ। ਉਸੇ ਕੜੀ ਤਹਿਤ ਹੀ ਸੰਤ ਗਿਆਨੀ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦਾ ਜੀਵਨ ਹੈ। ਜਿਨ੍ਹਾਂ ਨੇ ਪ੍ਰਭੂ ਸਿਮਰਨ, ਖ਼ਾਲਸਾਈ ਗੁਣਾਂ ਦੀ ਪ੍ਰਪੱਕਤਾ ਦੇ ਨਾਲ ਨਾਲ ਧਰਮ ਪ੍ਰਚਾਰ ਕਰਦਿਆਂ ਸਿੱਖ ਕੌਮ ਪ੍ਰਤੀ ਕੇਂਦਰ ਸਰਕਾਰ ਦੇ ਵਿਤਕਰੇ ਭਰੇ ਰਵੱਈਏ ਕਾਰਨ ਸਮੇਂ ਦੇ ਹਾਕਮਾਂ ਨੂੰ ਵੰਗਾਰਿਆ। ਸਿੱਖ ਹੱਕਾਂ ਦੀ ਪ੍ਰਾਪਤੀ ਅਤੇ ਗੁਰਧਾਮਾਂ ਦੀ ਰੱਖਿਆ ਖਾਤਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਮਲਾਵਰ ਭਾਰਤੀ ਹਕੂਮਤ ਨਾਲ ਟੱਕਰ ਲੈ ਕੇ ਘਮਸਾਨ ਦਾ ਯੁੱਧ ਲੜਿਆ। ਇਸ ਪੁਸਤਕ ਰਾਹੀਂ ਉਹਨਾਂ ਦੇ ਜੀਵਨ ਦੇ ਕੁਝ ਪਹਿਲੂਆਂ ਨੂੰ ਲਿਖਣ ਦਾ ਯਤਨ ਕੀਤਾ ਹੈ। ਕਿਉਂਕਿ ਸਮਾਂ ਬੀਤਣ ਨਾਲ ਕਈ ਤਰ੍ਹਾਂ ਦੇ ਭਰਮ ਭੁਲੇਖੇ ਪੈਦਾ ਹੋ ਜਾਇਆ ਕਰਦੇ ਹਨ। ਇਸ ਲਈ ਆਪਣੀ ਨਿੱਜੀ ਸਾਂਝ ਅਤੇ ਸੰਤ ਮਹਾਂਪੁਰਖਾਂ ਨਾਲ ਧਰਮ ਯੁੱਧ ਦੌਰਾਨ ਹਮਸਫ਼ਰ ਗੁਰਸਿੱਖਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ ਤੇ ਕਿਤਾਬ ਵਿਚਲੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ।

ਸੂਝਵਾਨ ਪਾਠਕਾਂ ਦੇ ਧਿਆਨ ਚਿੱਤ ਨਿਮਰਤਾ ਸਹਿਤ ਬੇਨਤੀ ਹੈ ਕਿ ਕਈ ਵਾਰ ਅਸੀਂ ਆਪਣੀ ਬੁੱਧੀ ਅਨੁਸਾਰ ਵਿਗਿਆਨਕ ਕਸੌਟੀਆਂ ਤੇ ਮਹਾਂਪੁਰਖਾਂ ਦੀਆਂ ਜੀਵਨ ਘਟਨਾਵਾਂ ਨੂੰ ਪਰਖਣ ਦਾ ਯਤਨ ਕਰਦੇ ਹਾਂ। ਪਰ ਸੱਚਾਈ ਇਹ ਹੈ ਕਿ ਦੁਨਿਆਵੀ ਵਿਗਿਆਨ ਨਾਲੋਂ ਨਾਮ ਸਿਮਰਨ ਦੁਆਰਾ ਪ੍ਰਾਪਤ ਹੋਏ ਗਿਆਨ ਦੀ ਪਹੁੰਚ ਬਹੁਤ ਅੱਗੇ ਹੈ। ਇਸੇ ਆਸ਼ੇ ਨੂੰ ਧਿਆਨ ਵਿੱਚ ਰੱਖਦਿਆਂ ਉਮੀਦ ਕਰਦੇ ਹਾਂ ਕਿ ਮਹਾਂਪੁਰਖਾਂ ਦੇ ਜੀਵਨ ਨੂੰ ਪੜ੍ਹਕੇ ਸੰਗਤਾਂ ਲਾਭ ਪ੍ਰਾਪਤ ਕਰਨਗੀਆਂ। ਕਿਸੇ ਸੱਜਣ ਨੇ ਪੁਸਤਕ ਸਬੰਧੀ ਕੋਈ ਉਸਾਰੂ ਸੁਝਾਅ ਜਾਂ ਮਹਾਂਪੁਰਖਾਂ ਨਾਲ ਸਬੰਧਤ ਕਿਸੇ ਵਿਸ਼ੇਸ਼ ਘਟਨਾ ਦੀ ਜਾਣਕਾਰੀ ਦੇਣੀ ਹੋਵੇ ਤਾਂ ਉਸ ਨੂੰ ਵਿਚਾਰਨ ਤੋਂ ਬਾਅਦ ਅਗਲੇ ਅਡੀਸ਼ਨ ਵਿੱਚ ਵਰਣਨ ਕਰ ਦਿੱਤਾ ਜਾਵੇਗਾ।

ਜਸਵੀਰ ਸਿੰਘ ਖ਼ਾਲਸਾ

Scanned with CamScanner

ਲੇਖਕ ਬਾਰੇ



20ਵੀਂ ਸਦੀ ਦੇ ਮਹਾਨ ਸਿੱਖ ਜਰਨੈਲ, ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਜੀਵਨ ਦੀਆਂ ਘਟਨਾਵਾਂ ਨੂੰ ਬਚਪਨ ਤੋਂ ਲੈ ਕੇ 6 ਜੂਨ 1984 ਤੱਕ ਵਿਸਥਾਰ ਸਹਿਤ ਕਲਮਬੱਧ ਕਰਕੇ ਸੰਗਤਾਂ ਤੱਕ "ਸੁਹਿਰਦ ਸੰਤ ਖ਼ਾਲਸਾ" ਕਿਤਾਬ ਦੇ ਰੂਪ ਵਿੱਚ ਪਹੁੰਚਾਉਣ ਵਾਲੇ ਲੇਖਕ ਭਾਈ ਜਸਵੀਰ ਸਿੰਘ ਖ਼ਾਲਸਾ ਜੋ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਰਹੇ ਅਤੇ ਜਿਨ੍ਹਾਂ ਨੂੰ ਪੰਥ ਦੀਆਂ ਮਹਾਨ ਸਟੇਜਾਂ ਤੋਂ ਕਥਾ ਵਿਚਾਰ ਕਰਦਿਆਂ ਵੀ ਸੰਗਤਾਂ ਨੇ ਬਹੁਤ ਵਾਰ ਸੁਣਿਆ ਹੈ। ਉਨ੍ਹਾਂ ਦਾ ਜਨਮ ਜੂਨ 1954 ਵਿੱਚ ਸੰਤਾਂ ਦੇ ਵੱਡੇ ਭਰਾਤਾ ਸ਼ਹੀਦ ਭਾਈ ਜਗੀਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਗੁਰਦੇਵ ਕੌਰ ਦੀ ਕੁਖੋਂ ਹੋਇਆ। ਆਪ ਦੇ ਦਾਦਾ ਸਤਿਕਾਰਯੋਗ ਜਥੇਦਾਰ ਬਾਬਾ ਜੋਗਿੰਦਰ ਸਿੰਘ ਮਹਾਨ ਪੰਥਕ ਵਿਦਵਾਨ ਅਤੇ ਸ਼ਰਧਾਵਾਨ ਗੁਰਸਿੱਖ ਸਨ ਜਿਨ੍ਹਾਂ ਦੇ ਦਮਦਮੀ ਟਕਸਾਲ ਪ੍ਰਤੀ ਸਮਰਪਣ ਅਤੇ ਨਜ਼ਦੀਕੀ ਸਬੰਧ ਸਨ ਜਿਸ ਕਾਰਨ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਾ ਟਕਸਾਲ ਵਿੱਚ ਰਹਿ ਕੇ ਵਿੱਦਿਆ ਪ੍ਰਾਪਤ ਕਰਨ ਦਾ ਰੱਬੀ ਸਬੱਬ ਬਣਿਆ। ਭਾਈ ਜਸਵੀਰ ਸਿੰਘ ਦੀ ਬਚਪਨ ਤੋਂ ਹੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨਾਲ ਸਨੇਹ ਭਰੀ ਨੇੜਤਾ ਸੀ। ਇਸ ਲਈ 10ਵੀਂ ਜਮਾਤ ਪੜ੍ਹਣ ਤੋਂ ਬਾਅਦ ਉਨ੍ਹਾਂ ਨੂੰ ਵੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਮਦਮੀ ਟਕਸਾਲ ਵਿੱਚ ਲੈ ਗਏ ਜਿਥੇ ਲਗਾਤਾਰ ਚਾਰ ਸਾਲ ਸ੍ਰੀਮਾਨ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਕੋਲ ਜਥੇ ਵਿੱਚ ਰਹਿ ਕੇ ਗੁਰਮਤਿ ਵਿੱਦਿਆ ਪ੍ਰਾਪਤ ਕਰਨ ਉਪਰੰਤ ਦੇਸ਼ ਅਤੇ ਵਿਦੇਸ਼ਾਂ ਵਿੱਚ ਗੁਰਮਤਿ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੀ ਸਮੇਂ-ਸਮੇਂ ਸੇਵਾ ਨਿਭਾਉਂਦੇ ਰਹੇ। ਆਪ ਦਾ ਵਿਆਹ ਬੀਬੀ ਜਗਦੇਵ ਕੌਰ ਪੁੱਤਰੀ ਸ. ਦਲਵਾਰਾ ਸਿੰਘ ਪਿੰਡ ਭਿੰਡਰ ਕਲਾਂ (ਮੋਗਾ) ਨਿਵਾਸੀ ਨਾਲ 1981 ਵਿੱਚ ਹੋਇਆ ਅਤੇ ਅਨੰਦ ਕਾਰਜ ਦੀਆਂ ਰਸਮਾਂ ਵੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੇ ਆਪ ਨਿਭਾਈਆਂ। ਸਾਕਾ ਨੀਲਾ ਤਾਰਾ ਸਮੇਂ ਸ੍ਰੀ ਦਰਬਾਰ ਸਾਹਿਬ 'ਤੇ ਹਮਲਾਵਰ ਭਾਰਤੀ ਫੌਜਾਂ ਨਾਲ ਯੁੱਧ ਲੜਦਿਆਂ ਬਹੁਤ ਸਾਰੇ ਸਿੰਘਾਂ ਵਾਂਗ ਆਪ ਜੀ ਦੇ ਪਿਤਾ ਭਾਈ ਜਗੀਰ ਸਿੰਘ ਤੇ ਭਰਾਤਾ ਭਾਈ ਸਵਰਨ ਸਿੰਘ ਵੀ ਸ਼ਹੀਦ ਹੋ ਗਏ। ਬਾਅਦ ਵਿੱਚ ਆਪ ਨੂੰ ਛਿਲਪਾਈਨ ਤੋਂ ਗ੍ਰਿਫਤਾਰ ਕਰਕੇ ਮੱਧ ਪ੍ਰਦੇਸ਼ ਦੀ ਸਾਗਰ ਜੇਲ੍ਹ, ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਚਾਰ ਸਾਲ ਬੰਦ ਰੱਖਿਆ ਗਿਆ। ਇਸੇ ਦੌਰਾਨ ਸਰਬੱਤ ਖ਼ਾਲਸਾ ਸੰਮੇਲਨ ਵਿੱਚ ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਐਲਾਨਿਆ ਗਿਆ। ਜੇਲ੍ਹ ਤੋਂ ਰਿਹਾਈ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਿੱਖ ਪੰਥ ਵੱਲੋਂ ਰਸਮੀ ਤੌਰ 'ਤੇ ਸਿਰੋਪਾਓ ਦੇ ਕੇ ਆਪ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ। ਇਸ ਤੋਂ ਬਾਅਦ ਵੀ ਸੰਘਰਸ਼ਮਈ ਸਮੇਂ ਦੌਰਾਨ ਆਪ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਲਗਭਗ ਚਾਰ ਸਾਲ ਨਜ਼ਰਬੰਦ ਰਹੇ। ਉਸ ਤੋਂ ਉਪਰੰਤ ਵੀ ਆਪਣੇ ਢੰਗ ਅਤੇ ਵਿੱਤ ਅਨੁਸਾਰ ਪੰਥਕ ਕਾਰਜ ਕਰ ਰਹੇ ਹਨ।

ਬਚਪਨ ਸਮੇਂ ਤੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨਾਲ ਪਰਿਵਾਰ ਵਿੱਚ ਰਹਿੰਦਿਆਂ ਅਤੇ ਟਕਸਾਲ ਵਿੱਚ ਮਹਾਂਪੁਰਖਾਂ ਦੀ ਸੰਗਤ ਕਰਦਿਆਂ ਆਪ ਨੇ ਜੋ ਉਨ੍ਹਾਂ ਬਾਰੇ ਵੇਖਿਆ ਸੁਣਿਆ ਅਤੇ ਅਨੁਭਵ ਕੀਤਾ ਕਿ ਉਹ ਸਹੀ ਅਰਥਾਂ ਵਿੱਚ ਕਲਗੀਧਰ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਵਰੋਸਾਏ ਸੁਹਿਰਦ ਖ਼ਾਲਸਾ ਸੰਤ ਰੂਪ ਅਤੇ ਅਣਖੀਲੇ ਗੁਣਾਂ ਦੇ ਧਾਰਨੀ ਯੋਧੇ ਜਰਨੈਲ ਹਨ ਜੋ ਉਨ੍ਹਾਂ ਦੇ ਨਾਮ ਅਤੇ ਤਖ਼ੱਲਸ ਦਾ ਅੱਖਰ-ਅੱਖਰ ਉਨ੍ਹਾਂ ਦੇ ਸੱਚੇ ਜੀਵਨ ਨਾਲ ਪੂਰਨ ਤੌਰ 'ਤੇ ਮੇਲ ਖਾਂਦਾ ਹੈ। ਉਸੇ ਆਧਾਰ 'ਤੇ ਭਾਈ ਜਸਵੀਰ ਸਿੰਘ ਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਜੀਵਨ ਇਸ 'ਸੁਹਿਰਦ ਸੰਤ ਖ਼ਾਲਸਾ' ਨਾਮੀ ਪੁਸਤਕ ਵਿੱਚ ਕਲਮਬੱਧ ਕਰਨ ਦਾ ਸ਼ਲਾਘਾਯੋਗ ਉੱਦਮ ਕਰਕੇ ਸੰਤ ਮਹਾਂਪੁਰਖਾਂ ਦੀ ਸ਼ਖਸੀਅਤ ਦੇ ਬਹੁਤ ਸਾਰੇ ਪੱਖਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣ ਦਾ ਯਤਨ ਕੀਤਾ ਹੈ ਜਿਸ ਦੀ ਘਾਟ ਹੁਣ ਤੱਕ ਉਨ੍ਹਾਂ ਬਾਰੇ ਛਪੀਆਂ ਪੁਸਤਕਾਂ ਵਿੱਚ ਮਹਿਸੂਸ ਹੁੰਦੀ ਰਹੀ। ਉਮੀਦ ਹੈ ਸੰਗਤਾਂ ਇਸ ਪੁਸਤਕ ਤੋਂ ਤੱਥਾਂ 'ਤੇ ਆਧਾਰਤ ਜਾਣਕਾਰੀ ਪ੍ਰਾਪਤ ਕਰ ਸਕਣਗੀਆਂ।

ਦਲਜੀਤ ਸਿੰਘ ਨਾਰੰਗਵਾਲ

Scanned with CamScanner